

# ਸ੍ਰੀ ਦਸ਼ਮੇਸ਼ ਦਰਸ਼ਨ



ਵਿਧਾਤਾ ਸਿੰਘ 'ਤੀਰ'


ਸ੍ਰੀ ਦਸ਼ਮੇਸ਼ ਦਰਸ਼ਨ
ਵਿਧਾਤਾ ਸਿੰਘ 'ਤੀਰ'

## *ਸਿਰਜਨਹਾਰ ਦੇ ਚਰਨਾਂ ਵਿਚ ਪ੍ਰਾਰਥਨਾ (ਵੱਲੋਂ ਕਵੀ)*

### ਛਪੈ ਛੰਦ

ਮੈਂ ਮੂਰਖ ਅਣਜਾਣ, ਅਕਲ ਨਹੀਂ ਮਾਸਾ ਭੋਰਾ।
ਕੇਵਲ ਤੇਰੀ ਓਟ, ਕਾਵਿ ਤੋਂ ਉੱਕ ਹਾਂ ਕੋਰਾ।
ਤੂੰ ਹੈਂ ਇੱਕ ਮਲਾਹ, ਪਾਰ ਜੇ ਕਰ ਦਏਂ ਮੈਨੂੰ।
ਹੇ ਸ਼ਾਹਾਂ ਦੇ ਸ਼ਾਹ! ਬਰਕਤਾਂ ਸੱਭੋ ਤੈਨੂੰ।

ਹਾਂ 'ਤੀਰ' ਨਿਮਾਣਾ ਤੁੱਧ ਦਾ, ਤੂੰ ਬਾਣ ਸੰਭਾਲੀਂ ਆਪਣੀ।
ਮੈਂ ਹੁਕਮ ਤੇਰੇ ਵਿਚ ਚੱਲਣਾ, ਤੂੰ ਲਜਿਆ ਪਾਲੀਂ ਆਪਣੀ।

# ਭੂਮਿਕਾ

ਵਿਧਾਤਾ ਸਿੰਘ ਤੀਰ (1901-1973) ਪੰਜਾਬੀ ਦੇ ਪ੍ਰਸਿੱਧ ਕਵੀ ਸਨ ਜਿਹਨਾਂ ਨੇ ਸਾਰਾ ਜੀਵਨ ਕਾਵਿ-ਰਚਨਾ ਨੂੰ ਸਮਰਪਿਤ ਕੀਤਾ ਹੋਇਆ ਸੀ। ਆਪ ਨੇ ਕਵੀ ਦਰਬਾਰਾਂ ਵਿਚ ਕਵਿਤਾ ਪੜ੍ਹ ਕੇ ਲੱਖਾਂ ਪੰਜਾਬੀਆਂ ਦਾ ਮਨੋਰੰਜਨ ਹੀ ਨਹੀਂ ਕੀਤਾ, ਬਲਕਿ ਉਹਨਾਂ ਦੀ ਸੋਚਣੀ ਤੇ ਜੀਵਨ-ਸ਼ੈਲੀ ਨੂੰ ਬਦਲਣ ਵਿਚ ਵੀ ਕਮਾਲ ਦਾ ਰੋਲ ਅਦਾ ਕੀਤਾ। ਆਪ ਨੇ ਦੇਸ਼-ਭਗਤੀ, ਸਮਾਜਕ-ਸੁਧਾਰ ਤੇ ਗੁਰੂ-ਭਗਤੀ ਵਿਸ਼ੇ ਲਏ ਤੇ ਇੰਨੀ ਸ਼ਿੱਦਤ ਨਾਲ ਲਿਖਿਆ ਕਿ ਹਰ ਪੜ੍ਹਨ-ਸੁਣਨ ਵਾਲਾ ਪ੍ਰਭਾਵਿਤ ਹੋਇਆ। ਆਪ ਨੇ ਸਮਕਾਲੀ ਰਾਜਨੀਤਿਕ-ਸਮਾਜਕ-ਧਾਰਮਕ ਹਾਲਤਾਂ ਵਿਚ ਸੱਚ ਦਾ ਰਾਹ ਦੱਸਣ ਲਈ ਬਹੁਤ ਹੀ ਖੁੱਲ੍ਹ ਕੇ ਲਿਖਿਆ। ਆਪ ਆਪਣੇ ਜ਼ਮਾਨੇ ਦੇ ਹਰਮਨ ਪਿਆਰੇ ਕਵੀ ਸਨ ਜਿਹਨਾਂ ਨੇ ਲੋਕਾਂ ਦਾ ਮਾਰਗ ਦਰਸ਼ਨ ਕੀਤਾ।

ਰਾਸ਼ਟਰ ਨਾਇਕ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਦੀ ਅਗਵਾਈ ਕਰਦਿਆਂ ਆਪਣਾ ਦ੍ਰਿਸ਼ਟੀਕੋਣ ਵਿਆਪਕ ਰੱਖਿਆ ਤੇ ਦੇਸ਼ ਤੇ ਮਾਨਵਤਾ ਦੀ ਬਿਹਤਰੀ ਲਈ ਸਾਰਾ ਜੀਵਨ ਸੰਘਰਸ਼ ਕੀਤਾ। ਦੇਸ਼ ਦੀ ਮਜ਼ਲੂਮ ਜਨਤਾ ਨੂੰ ਸ਼ਸਤਰਬੱਧ ਇਨਕਲਾਬ ਕਰਨ ਲਈ ਪ੍ਰੇਰਨਾ ਦਿਤੀ। ਉਹਨਾਂ ਨੂੰ ਯੁੱਧ ਕਲਾ ਵਿਚ ਪ੍ਰਬੀਨ ਹੋਣ ਦਾ ਸੱਦਾ ਦਿਤਾ। ਮੁਗਲਾਂ ਤੋਂ ਤ੍ਰਾਹ-ਤ੍ਰਾਹ ਕਰਨ ਵਾਲਿਆਂ ਨੂੰ ਬੀਰ ਤੇ ਬਲਵਾਨ ਯੋਧੇ ਬਣਾ ਕੇ ਉਹਨਾਂ ਨਾਲ ਲੋਹਾ ਲੈਣ ਲਈ ਤਿਆਰ ਕੀਤਾ। ਉਹਨਾਂ ਨੇ ਸਿਰ ਧੜ ਦੀ ਬਾਜ਼ੀ ਲਗਾ ਕੇ ਅਜਿਹਾ ਸੰਘਰਸ਼ ਅਰੰਭਿਆ ਕਿ ਉਹ ਸਮਾਂ ਪਾ ਕੇ ਦੇਸ਼ ਦੇ ਰਾਜੇ ਮਹਾਰਾਜੇ ਬਣੇ ਤੇ ਮੁਗਲ ਪਤਨ ਮੁਖੀ ਹੋ ਕੇ ਆਖ਼ਰ ਖ਼ਤਮ ਹੋ ਗਏ। ਇਸ ਸਾਰੇ ਵਰਤਾਰੇ ਪਿੱਛੇ ਗੁਰੂ-ਜੋਤ ਦੁਆਰਾ ਸਵੈਮਾਨ ਕਾਇਮ ਰੱਖਣ, ਭੈਅ ਨਾ ਸਹਿਣ ਤੇ ਨਾ ਦੇਣ ਦੀ ਨੀਤੀ ਦਾ ਹੱਥ ਸੀ। ਅਜਿਹੇ ਸਤਿਗੁਰੂ ਤੋਂ ਵਿਧਾਤਾ ਸਿੰਘ ਤੀਰ ਜੀ ਪੂਰੀ ਤਰ੍ਹਾਂ ਪ੍ਰਭਾਵਿਤ ਹੋਏ ਤੇ ਗੁਰੂ-ਜੀਵਨ, ਗੁਰੂ-ਉਪਕਾਰ, ਗੁਰੂ-ਸੰਘਰਸ਼, ਗੁਰੂ-ਬਲਿਦਾਨ ਤੇ ਗੁਰੂ-ਜੀਵਨ-ਜਾਚ ਬਾਰੇ ਇਹ ਮਹਾਕਾਵਿ-ਦਸਮੇਸ਼ ਦਰਸ਼ਨ-ਲਿਖ ਕੇ ਧਰਮ ਤੇ ਸਾਹਿਤ ਦੀ ਨਿੱਗਰ ਸੇਵਾ ਕੀਤੀ।

'ਦਸਮੇਸ਼ ਦਰਸ਼ਨ' ਦੀ ਰਚਨਾ ਆਪ ਨੇ 1941 ਵਿਚ ਕੀਤੀ। ਆਪ ਨੇ ਲਿਖਿਆ ਹੈ :

*ਦਿਨ ਨੌਂ ਅਗਸਤ ਦਾ ਭਾਗ ਭਰਿਆ ਅਤੇ ਵਾਰ ਉੱਘਾ ਛਨਛਨ ਵਾਰ ਹੋਇਆ।*
*ਉਨੀ ਸੌ ਇਕਤਾਲੀਆ ਈਸਵੀ ਸੀ ਬਣ ਛਪ ਕੇ ਗ੍ਰੰਥ ਤਿਆਰ ਹੋਇਆ॥*

ਕਵੀ ਜੀ ਨੇ ਇਸ ਮਹਾਨ ਕਾਵਿ ਨੂੰ ਦਸ ਖੰਡਾਂ ਜਾਂ ਸਰਗਾਂ ਵਿਚ ਵੰਡਿਆ ਹੈ ਤੇ ਸਮੁੱਚੀ ਕਥਾ ਨੂੰ ਸਮੇਟਣ ਦਾ ਯਤਨ ਕੀਤਾ ਹੈ।

ਪਹਿਲੇ ਭਾਗ ਦਾ ਅਰੰਭ ਮੰਗਲਾਚਰਣ ਨਾਲ ਹੁੰਦਾ ਹੈ। ਆਪ ਨੇ ਪਹਿਲਾਂ ਸਰਬ-ਸ਼ਕਤੀਮਾਨ ਅਕਾਲ-ਪੁਰਖ ਦੀ ਮਹਿਮਾ ਦੀ ਉਸਤਤ ਕੀਤੀ ਹੈ। ਆਪਣੇ ਮਨੋਰਥ ਦੀ ਸਫਲਤਾ ਲਈ ਅਰਦਾਸ ਕੀਤੀ ਹੈ। ਫਿਰ ਆਪ ਨੇ ਆਪਣੇ ਸ਼ਰਧਾ ਪਾਤਰ ਗੁਰੂ ਸਾਹਿਬਾਨ ਦੀ ਉਪਮਾ ਕਰਦਿਆਂ ਦਸਾਂ ਪਾਤਸ਼ਾਹੀਆਂ ਦਾ ਮੰਗਲ ਗਾਨ ਕੀਤਾ ਹੈ। ਫਿਰ ਖਾਲਸਾ ਪੰਥ ਨੂੰ ਸ਼ਰਧਾ ਸਹਿਤ ਬੰਦਨਾ ਕੀਤੀ ਹੈ ਤੇ ਹਰ ਕਦਮ 'ਤੇ ਮਦਦ ਲਈ ਬੇਨਤੀ ਕੀਤੀ ਹੈ। ਇਸ ਉਪਰੰਤ ਮਾਤਰੀ ਭੂਮੀ-ਭਾਰਤ ਮਾਤਾ ਦਾ ਮੰਗਲ ਕੀਤਾ ਹੈ ਤੇ ਭਾਰਤ ਵਾਸੀਆਂ ਨੂੰ ਵੰਗਾਰਿਆ ਹੈ ਦੇਸ਼ ਨੂੰ ਆਜ਼ਾਦ ਕਰਵਾਉਣ ਲਈ। ਇਸ ਖੰਡ ਵਿਚ ਗੁਰੂ-ਆਗਮਨ ਤੋਂ ਪੂਰਬਲੇ ਭਾਰਤ ਦੀ ਮੰਦੀ ਦਸ਼ਾ, ਮੁਗਲਾਂ ਦੇ ਜ਼ੁਲਮ 'ਤੇ ਲੋਕਾਂ ਦੀ ਦੀਨ ਦਸ਼ਾ ਦਾ ਜ਼ਿਕਰ ਸੁਚੱਜੇ ਢੰਗ ਨਾਲ ਕੀਤਾ। ਔਰੰਗਜ਼ੇਬ ਦੇ ਰਾਜ-ਭਾਗ ਹੜਪਣ ਲਈ ਕੀਤੇ ਕਾਲੇ ਕਾਰਨਾਮਿਆਂ ਦਾ ਆਪ ਨੇ ਬਾਖੂਬੀ ਜ਼ਿਕਰ ਕੀਤਾ ਹੈ ਤੇ ਉਸਦੀ ਧਾਰਮਿਕ ਅਸਹਿਣਸ਼ੀਲਤਾ ਦਾ ਜ਼ਿਕਰ ਕਰਦਿਆਂ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਜ਼ਿਕਰ ਕਰਨ ਤੋਂ ਪਹਿਲਾਂ ਸਤਿਗੁਰੂ ਦੇ ਪਟਨਾ ਜਾਣ ਤੇ ਉਥੋਂ ਬੰਗਾਲ ਵੱਲ ਜਾਣ ਦੀ ਕਥਾ ਆਖੀ ਹੈ। ਕਲਗੀਧਰ ਦੇ ਪ੍ਰਕਾਸ਼ ਦਾ ਜ਼ਿਕਰ ਕੀਤਾ ਹੈ। ਸਤਿਗੁਰੂ ਦੇ ਬਾਲ-ਕਾਲ ਦੇ ਕਾਰਨਾਮਿਆਂ ਦਾ ਜ਼ਿਕਰ ਬਹੁਤ ਸੁੰਦਰ ਢੰਗ ਨਾਲ ਕੀਤਾ ਹੈ।

ਜਦੋਂ ਆਪ ਜੀ ਪਟਨਾ ਤੋਂ ਆਨੰਦਪੁਰ ਸਾਹਿਬ ਆਉਣ ਲਈ ਤੁਰਨ ਲੱਗਦੇ ਹਨ ਤਾਂ ਪਟਨਾ ਵਾਸੀਆਂ ਦੀਆਂ ਭਾਵਨਾਵਾਂ ਤੇ ਵਿਛੋੜੇ ਕਾਰਨ ਬਹਿਬਲ ਹੋਣ ਦੀ ਸਥਿਤੀ ਦਾ ਕਾਵਿਕ ਬਿਰਤਾਂਤ ਕਮਾਲ ਦਾ ਹੈ। ਦਸਮ ਗੁਰੂ ਬਾਲਾਂ ਨਾਲ ਤੋਤਲੀ ਜ਼ਬਾਨ ਵਿਚ ਬੜੀਆਂ ਮਧੁਰ ਗੱਲਾਂ ਕਰਦੇ ਹਨ ਤੇ ਉਹਨਾਂ ਨੂੰ ਧੀਰਜ ਦਿੰਦੇ ਹਨ। ਗੁਰੂ ਜੀ ਮਾਰਗ ਵਿਚ ਕਈ ਥਾਈਂ ਵਿਸ਼ਰਾਮ ਕਰਦੇ ਹਨ। ਲਖਨੌਰ ਦਾ ਜ਼ਿਕਰ ਦੇਖਣਯੋਗ ਹੈ ਤੇ ਸੱਯਦ ਭੀਖਮਸ਼ਾਹ ਦੇ ਸਿਦਕ ਤੇ ਪਿਆਰ ਦਾ ਸੁੰਦਰ ਬਿਆਨ ਕੀਤਾ ਗਿਆ ਹੈ।

ਦੂਸਰੇ ਖੰਡ ਵਿਚ ਆਨੰਦਪੁਰ ਸਾਹਿਬ ਪੁੱਜਣ ਤੇ ਇਥੋਂ ਦੀਆਂ ਰੌਣਕਾਂ, ਲੋਕਾਂ ਦੇ ਪਿਆਰ, ਉਮਾਹ ਤੇ ਚਾਅ ਦਾ ਬਿਆਨ ਕੀਤਾ ਹੈ। ਸਤਿਗੁਰੂ ਜੀ ਪੜ੍ਹਾਈ ਕਿਸ ਤਰ੍ਹਾਂ ਕਰਦੇ ਹਨ ? ਉਹਨਾਂ ਦੀ ਸ਼ਾਦੀ ਦੀ ਰੌਣਕ ਕਿਸ ਤਰ੍ਹਾਂ ਦੀ ਸੀ ? ਕੈਸਾ ਆਨੰਦ ਸੀ ? ਇਸ ਬਾਰੇ ਕਵੀ ਨੇ ਵਿਸਥਾਰ ਸਹਿਤ ਲਿਖਦਿਆਂ ਨਜ਼ਾਰੇ ਨੂੰ ਸਜੀਵ ਕਰ ਵਿਖਾਇਆ ਹੈ। ਹੁਣ ਹਾਲਾਤ ਅਜਿਹੇ ਵਿਗੜ ਗਏ ਸਨ ਕਿ ਔਰੰਗਜ਼ੇਬ ਨੇ ਹਿੰਦੂਆਂ 'ਤੇ ਅਸਹਿ ਤੇ ਅਕਹਿ ਜ਼ੁਲਮ ਕਰਨੇ ਸ਼ੁਰੂ ਕਰ ਦਿਤੇ ਸਨ। ਕਸ਼ਮੀਰੀ ਪੰਡਿਤ ਆਪਣੇ ਬਚਾਓ

ਲਈ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਰਨ ਵਿਚ ਆਏ ਤਾਂ ਬਾਲ ਗੋਬਿੰਦ ਸਿੰਘ ਨੇ ਪਿਤਾ ਗੁਰੂ ਜੀ ਨੂੰ ਇਹਨਾਂ ਮਜ਼ਲੂਮਾਂ ਦੀ ਖ਼ਾਤਰ ਕੁਰਬਾਨੀ ਕਰਨ ਲਈ ਆਖਿਆ ਤਾਂ ਸਾਹਿਬ ਪ੍ਰਸੰਨ ਹੋਏ। ਦਿੱਲੀ ਜਾ ਕੇ ਔਰੰਗਜ਼ੇਬ ਦੇ ਦਰਬਾਰ ਵਿਚ ਪੇਸ਼ ਹੋ ਕੇ ਤੇ ਬਾਦਸ਼ਾਹ ਨਾਲ ਲੰਮੀ ਗੱਲਬਾਤ ਕੀਤੀ ਕਿ ਉਹ ਜ਼ੁਲਮ ਨਾ ਕਰੇ। ਸਭ ਨੂੰ ਆਪਣੇ ਧਰਮ ਦੀ ਮਰਿਆਦਾ ਵਿਚ ਵਿਚਰਨ ਦੇਵੇ ਪਰ ਉਹ ਹੱਠਧਰਮੀ ਕਾਰਨ ਨਾ ਮੰਨਿਆ ਤਾਂ ਸਾਹਿਬ ਨੇ 'ਦਿਲੀਸ ਸਿਰ' 'ਠੀਕਰ ਫੋੜ' ਦਿਤਾ। ਧਰਮ ਦੀ ਮਰਿਆਦਾ ਰੱਖ ਲਈ। ਗੁਰੂ ਤੇਗ ਬਹਾਦਰ ਸਾਹਿਬ ਦੇ ਸਸਕਾਰ ਤੇ ਸੀਸ ਨੂੰ ਆਨੰਦਪੁਰ ਸਾਹਿਬ ਲਿਆਉਣ ਦੀ ਸਾਖੀ ਕਵੀ ਜੀ ਨੇ ਬੜੇ ਵਿਸਥਾਰ-ਸਹਿਤ ਬਿਆਨ ਕੀਤੀ ਹੈ।

ਬਾਲ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦੀ ਵਾਗਡੋਰ ਸੰਭਾਲੀ ਤੇ ਪੰਥ ਨੂੰ ਪੱਕੇ ਪੈਰੀਂ ਖੜ੍ਹਾ ਕਰਨ, ਸ਼ਾਹੀ ਜਬਰ ਜ਼ੁਲਮ ਦਾ ਮੁਕਾਬਲਾ ਕਰਨ ਲਈ ਨੀਤੀ ਤਿਆਰ ਕਰਨ, ਮਸੰਦਾਂ ਦੀ ਭ੍ਰਿਸ਼ਟ ਪ੍ਰਥਾ ਨੂੰ ਖ਼ਤਮ ਕਰਨ ਤੇ ਅਜਿਹੀ ਕੌਮ ਦੀ ਸਿਰਜਣਾ ਕਰਨ ਲਈ ਸੋਚਦੇ ਹਨ ਜਿਹੜੀ ਮੌਤ ਨੂੰ ਮਖ਼ੌਲ ਕਰਦਿਆਂ ਸ਼ਹੀਦੀਆਂ ਪਾਉਣ ਲਈ ਤਤਪਰ ਹੋਵੇ। ਆਪ ਨੂੰ ਮਹਾਤਮਾ ਗਾਂਧੀ ਨੇ 'ਭੁੱਲੜ ਦੇਸ਼ ਭਗਤ' ਆਖਿਆ ਸੀ ਤੇ ਕਵੀ ਨੇ ਇਸ ਦਾ ਜੁਆਬ ਬਾਦਲੀਲ ਦਿੰਦਿਆਂ ਮਹਾਤਮਾ ਗਾਂਧੀ ਦੀ ਸੋਚ ਨੂੰ ਗ਼ਲਤ ਸਿੱਧ ਕੀਤਾ ਹੈ। ਕਵੀ ਨੇ ਆਨੰਦਪੁਰ ਸਾਹਿਬ ਵਿਚ ਰੋਜ਼ਾਨਾ ਦਰਬਾਰ ਵਿਚ ਕੌਤਕ ਕਰਨ ਦੀ ਕਥਾ ਸੁਣਾਈ ਜਿਸ ਤੋਂ ਗੁਰੂ ਜੀ ਦੀ ਸ਼ਖ਼ਸੀਅਤ ਦਾ ਗਿਆਨ ਹੁੰਦਾ ਹੈ। ਦਰਬਾਰ ਵਿਚ ਸਿੱਖ-ਸ਼ਰਧਾਲੂ, ਰਾਜੇ, ਪੀਰ ਫ਼ਕੀਰ ਆਦਿ ਆਉਂਦੇ ਰਹਿੰਦੇ ਨੇ। ਕਵੀ ਨੇ ਪ੍ਰਸਾਦੀ ਹਾਥੀ, ਰਣਜੀਤ ਨਗਾਰਾ, ਪਹਾੜੀ ਰਾਜਿਆਂ ਦੀ ਈਰਖਾ, ਭੀਮ ਚੰਦ ਦੀ ਬਦਨੀਤੀ, ਪੀਰ ਬੁੱਧੂ ਸ਼ਾਹ ਦੀ ਸਾਖੀ ਆਦਿ ਬਾਰੇ ਬਿਰਤਾਂਤ ਪ੍ਰਸਤੁਤ ਕੀਤਾ ਹੈ।

ਤੀਸਰੇ ਖੰਡ ਵਿਚ ਸਤਿਗੁਰੂ ਤੇ ਪਹਾੜੀ ਰਾਜਿਆਂ ਦੀ ਟੱਕਰ ਨੂੰ ਵਿਸਥਾਰ-ਸਹਿਤ ਵਰਣਨ ਕਰਦਿਆਂ ਭੰਗਾਣੀ ਦੇ ਯੁੱਧ ਬਾਰੇ ਕਵੀ ਨੇ ਇਕ ਯਾਦਗਾਰੀ ਵਾਰ ਲਿਖੀ ਹੈ। ਸਤਿਗੁਰੂ ਦੀ ਯੁੱਧ ਨੀਤੀ, ਬਹਾਦਰੀ, ਸ਼ਸਤਰ ਕਲਾ ਤੇ ਸਿੱਖਾਂ ਦੇ ਹੌਸਲਿਆਂ ਦੀ ਗਾਥਾ ਕਹਿਣ ਵਿਚ ਕਵੀ ਨੇ ਕਮਾਲ ਕੀਤੀ ਹੈ। ਫਿਰ ਕੁਝ ਸ਼ਰਧਾਲੂ ਪਹਾੜੀ ਰਾਜੇ-ਰਾਣੀਆਂ ਬਾਰੇ ਦੱਸਿਆ ਗਿਆ ਹੈ। ਚੋਜੀ ਪ੍ਰੀਤਮ ਦੇ ਚੋਜਾਂ ਬਾਰੇ ਕਵੀ ਨੇ ਕਾਫੀ ਸਾਖੀਆਂ ਲਿਖੀਆਂ ਹਨ। ਦਰਬਾਰ ਵਿਚ ਕਾਵਿ ਚਮਤਕਾਰ ਵਿਖਾਉਣ ਵਾਲੇ ਕਵੀਆਂ ਦਾ ਜ਼ਿਕਰ ਕਰਦਿਆਂ ਕਵੀ ਹੰਸ ਰਾਜ ਦੇ ਅਹੰਕਾਰ ਨੂੰ ਤੋੜਨ ਲਈ ਭਾਈ ਧੰਨੇ ਘਾਹੀ ਵਾਲੇ ਪ੍ਰਸੰਗ ਨੂੰ ਰੌਚਕ ਢੰਗ ਨਾਲ ਪ੍ਰਸਤੁਤ ਕੀਤਾ ਗਿਆ ਹੈ। ਨਿਰਮਲ ਪੰਥ ਦੀ ਸਿਰਜਣਾ, ਭਾਈ ਨੰਦ ਲਾਲ ਦਾ ਗੁਰ ਦਰਬਾਰ ਵਿਚ ਆਉਣਾ, ਲੰਗਰ ਦੀ ਪ੍ਰੀਖਿਆ, ਸੰਨਿਆਸੀਆਂ ਦੇ ਪਾਜ ਉਘਾੜਨ ਆਦਿ ਨਾਲ ਸੰਬੰਧਤ ਸਾਖੀਆਂ ਨੂੰ ਕਵੀ ਜੀ ਨੇ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਬਿਆਨ ਕੀਤਾ ਹੈ।

ਚੌਥੇ ਖੰਡ ਵਿਚ ਕਵੀ ਨੇ ਇਕ ਪ੍ਰਸੰਗ ਦੀ ਪ੍ਰੀਖਿਆ ਕੀਤੀ ਹੈ ਕਿ ਕੀ ਗੁਰੂ ਗੋਬਿੰਦ ਸਿੰਘ ਨੇ ਦੇਵੀ ਪੂਜਾ ਕੀਤੀ ? ਆਪ ਨੇ ਬਹੁਤ ਦਲੀਲਾਂ ਦੇ ਕੇ ਇਸ ਨੂੰ ਗ਼ਲਤ ਮੰਨਿਆ ਹੈ ਤੇ ਗੁਰੂ ਜੀ ਨੂੰ ਦੇਵੀ ਪੂਜਕ ਨਹੀਂ ਕਹਿਣਾ ਚਾਹੀਦਾ, ਇਸ ਨੂੰ ਸਿੱਧ ਕਰਨ ਲਈ ਸਮਕਾਲੀ ਇਤਿਹਾਸਕ ਸ੍ਰੋਤਾਂ ਵਿਚੋਂ ਉਦਾਹਰਣਾਂ ਦਿੱਤੀਆਂ ਹਨ, ਜਿਹਨਾਂ ਗ੍ਰੰਥਾਂ ਵਿਚ ਦੇਵੀ ਪੂਜਾ ਦਾ ਪ੍ਰਸੰਗ ਆਇਆ ਹੈ ਉਹਨਾਂ ਦੀ ਚੀਰ ਪਾੜ ਕਰਦਿਆਂ ਉਹਨਾਂ ਨੂੰ ਗ਼ਲਤ ਸਿੱਧ ਕੀਤਾ ਹੈ।

ਪੰਜਵੇਂ ਖੰਡ ਵਿਚ ਕਵੀ ਨੇ ਆਨੰਦਪੁਰ ਸਾਹਿਬ ਦੀ ਗਹਿਮਾ-ਗਹਿਮੀ ਦਾ ਜ਼ਿਕਰ ਕਰਦਿਆਂ ਖਾਲਸਾ ਸਾਜਣ ਵਾਲੀ ਸਾਖੀ ਨੂੰ ਮੁੱਖ ਰੂਪ ਵਿਚ ਬਿਆਨ ਕੀਤਾ ਹੈ ਕਿ ਕਿਵੇਂ ਸਤਿਗੁਰੂ ਨੇ ਸਿੱਖਾਂ ਤੋਂ ਸੀਸ ਮੰਗੇ ਤੇ ਇਕ ਨਵਾਂ ਅਮਰ ਖਾਲਸਾ ਸਾਜਿਆ। ਕਵੀ ਨੇ ਇਸ ਘਟਨਾ ਦਾ ਬਹੁਤ ਸੁੰਦਰ ਬਿਰਤਾਂਤ ਸਿਰਜਿਆ ਹੈ। ਇਸ ਉਪਰੰਤ ਸਿੱਖ ਰਹਿਤ ਮਰਿਆਦਾ ਕੁ ਰਹਿਤਾ, ਕੁਕਰਮਾਂ, ਪੰਜ ਕੱਕਿਆਂ ਦੀ ਮਹਤੱਤਾ ਬਾਰੇ ਇੰਨੇ ਵਿਸਥਾਰ ਨਾਲ ਲਿਖਿਆ ਹੈ ਤੇ ਇੰਨੇ ਸਰਲ ਢੰਗ ਨਾਲ ਬਿਆਨ ਕੀਤਾ ਹੈ ਕਿ ਅਤਿ ਸਾਧਾਰਨ ਸਿੱਖ ਵੀ ਇਹਨਾਂ ਦੀ ਅਹਿਮੀਅਤ ਤੇ ਇਹਨਾਂ ਵਿਚ ਛੁਪੇ ਰਹੱਸ ਨੂੰ ਆਸਾਨੀ ਨਾਲ ਸਮਝ ਸਕਦਾ ਹੈ। ਦਸਮ ਪਾਤਸ਼ਾਹ ਨੇ ਸਿੱਖਾਂ ਨੂੰ ਮਾਣ ਦੇਣ ਲਈ ਉਹਨਾਂ ਹੱਥੋਂ ਅੰਮ੍ਰਿਤਪਾਨ ਕੀਤਾ। ਸਤਿਗੁਰੂ ਨੇ ਸਿੱਖਾਂ ਨੂੰ ਸੱਚਾ ਸੁੱਚਾ, ਈਮਾਨਦਾਰ, ਦਸਾਂ ਨੌਂਹਾਂ ਦੀ ਕਿਰਤ ਕਰਨ ਵਾਲਾ, ਦਾਨ ਦੇਣ ਵਾਲਾ, ਗਊ ਗਰੀਬ ਦੀ ਰੱਖਿਆ ਵਾਲਾ, ਦੇਸ਼-ਕੌਮ ਦੀ ਬਿਹਤਰੀ ਲਈ ਕੁਰਬਾਨੀ ਕਰਨ ਵਾਲਾ ਮਰਦ-ਏ-ਕਾਮਲ ਬਣਨ ਲਈ ਉਪਦੇਸ਼ ਦਿਤਾ। ਸਮਾਂ ਪਾ ਕੇ ਸਿੱਖਾਂ ਵਿਚ ਕਾਫੀ ਮਤਭੇਦ ਆ ਗਏ। ਇਸ ਬਾਰੇ ਕਵੀ ਦਾ ਕਹਿਣਾ ਹੈ :

*ਜਿਨ੍ਹਾਂ ਮਿਲ ਕੇ ਬੈਠਣਾ ਦੱਸਣਾ ਸੀ ਉਹੋ ਛਿਤਰੀ ਦਾਲ ਪਏ ਵੰਡਦੇ ਨੇ।*
*ਜਿਨ੍ਹਾਂ ਮਾਣ ਭਰਾਵਾਂ ਦਾ ਰਖਣਾ ਸੀ ਇਕ ਦੂਸਰੇ ਨੂੰ ਪਏ ਭੰਡਦੇ ਨੇ।*
*ਪੂਜਾ-ਧਾਨ ਜੋ ਜ਼ਹਿਰ ਦੀ ਪੁੜੀ ਹੈਸੀ ਕਈਆ ਲਈ ਹੋਏ ਗੱਢੇ ਖੰਡ ਦੇ ਨੇ।*

ਤੇ ਕਵੀ ਪੰਥ ਅੱਗੇ ਅਰਦਾਸ ਕਰਦਾ ਹੈ

*ਹੈ ਅਰਦਾਸ ਮੇਰੀ ਮੇਰੇ ਪੰਥ ਅੰਦਰ ਕਿਸੇ ਸਮੇਂ ਨਾ ਫੁੱਟ ਦਾ ਰਲਾ ਹੋਵੇ।*
*ਇਦ੍ਹੇ ਨਾਮ ਦੇ ਪਏ ਨਿਸ਼ਾਨ ਝੂਲਣ ਏਦ੍ਹੀ ਹਰ ਵੇਲੇ ਚੜ੍ਹਦੀ ਕਲਾ ਹੋਵੇ।*

ਛੇਵੇਂ ਖੰਡ ਵਿਚ ਕਵੀ ਨੇ ਲਿਖਿਆ ਹੈ ਕਿ ਆਨੰਦਪੁਰ ਸਾਹਿਬ ਨੂੰ ਪਹਾੜੀ ਰਾਜਿਆਂ ਤੇ ਮੁਗ਼ਲਾਂ ਦੀਆਂ ਫ਼ੌਜਾਂ ਘੇਰਾ ਪਾ ਲੈਂਦੀਆਂ ਹਨ। ਘਮਸਾਣ ਦਾ ਜੰਗ ਹੁੰਦਾ ਹੈ। ਸਿੱਖ ਜੂਝਦੇ ਹਨ। ਸਾਹਿਬਜ਼ਾਦੇ ਤੇਗ਼ ਦੇ ਜੌਹਰ ਵਿਖਾਲਦੇ ਹਨ। ਸਤਿਗੁਰੂ ਤੀਰਾਂ ਦੀ ਬਰਖਾ ਕਰਦੇ ਹਨ। ਆਖ਼ਰ ਰਾਜੇ ਗੁਰੂ ਜੀ ਨੂੰ ਆਨੰਦਪੁਰ ਸਾਹਿਬ ਛੱਡਣ ਲਈ ਆਖਦੇ ਹਨ ਪਰ ਸਤਿਗੁਰੂ ਜੀ ਇਨਕਾਰ ਕਰ ਦਿੰਦੇ ਹਨ। ਕਵੀ ਨੇ ਭਾਈ ਜੋਗਾ ਸਿੰਘ ਦੀ ਸਾਖੀ ਦਾ ਬਹੁਤ ਸੁੰਦਰ ਬਿਆਨ ਕੀਤਾ ਹੈ। ਇਸ ਉਪਰੰਤ ਕਵੀ ਨੇ ਕੁਝ ਹੋਰ ਸਾਖੀਆਂ ਜਿਵੇਂ ਭਾਈ ਘਨਈਏ ਦੀ ਸਾਖੀ ਆਦਿ ਦਾ ਬਿਆਨ ਕੀਤਾ ਹੈ ਤੇ ਹਿੰਦੂ ਤੇ ਮੁਗ਼ਲ ਫ਼ੌਜਾਂ ਨਾਲ ਹੋਈਆਂ ਨਿੱਕੀਆਂ-ਮੋਟੀਆਂ ਜੰਗਾਂ ਦਾ ਬਿਆਨ ਕੀਤਾ ਹੈ। ਆਖ਼ਰ ਪੇਸ਼ ਨਾ ਜਾਂਦੀ ਦੇਖ ਕੇ ਗੁਰੂ ਵਿਰੋਧੀ ਫ਼ੌਜਾਂ ਨੇ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਤੇ ਸੰਪਰਕ ਸਭ ਪਾਸਿਓਂ ਤੋੜ ਦਿੱਤਾ। ਰਾਸ਼ਨ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਗਈ। ਕਈ ਸਿੱਖ ਘਬਰਾ ਗਏ।

ਸੱਤਵੇਂ ਖੰਡ ਵਿਚ ਕਵੀ ਨੇ ਮੁਗ਼ਲ-ਪਹਾੜੀ ਰਾਜਿਆਂ ਦੀ ਸੈਨਾ ਵੱਲੋਂ ਘੇਰਾ ਪਾਏ ਜਾਣ ਕਾਰਨ ਅੰਦਰ ਆਈਆਂ ਮੁਸ਼ਕਲਾਂ ਦਾ ਵਿਸਤਾਰ ਸਹਿਤ ਵਰਣਨ ਕੀਤਾ ਹੈ। ਦੁਸ਼ਮਣਾਂ ਦੇ ਏਲਚੀ ਗਊ ਤੇ ਕੁਰਾਨ ਦੀਆਂ ਕਸਮਾਂ ਖਾ ਕੇ ਆਖਦੇ ਹਨ ਤੁਸੀਂ ਇਕ ਵਾਰੀ ਕਿਲ੍ਹਾ ਖ਼ਾਲੀ ਕਰ ਦਿਓ, ਫ਼ੌਜ ਆਪ ਨੂੰ ਬਾਇੱਜ਼ਤ ਜਾਣ ਦੇਵੇਗੀ ਮਗਰੋਂ ਫਿਰ ਆ ਕੇ ਇਥੇ ਕਬਜ਼ਾ ਕਰ ਲੈਣਾ। ਇਸ ਨਾਲ ਸ਼ਾਹੀ ਸੈਨਾ ਦਾ ਵਕਾਰ ਕਾਇਮ ਰਹਿ ਸਕੇਗਾ। ਇਹ ਸੁਣ ਕੇ ਕੁਝ ਸਿੱਖ ਵੀ ਸਤਿਗੁਰੂ ਜੀ ਨੂੰ ਕਿਲ੍ਹਾ ਖ਼ਾਲੀ ਕਰਨ ਲਈ ਆਖਦੇ ਹਨ ਪਰ ਸਤਿਗੁਰੂ ਉਹਨਾਂ ਨੂੰ ਦੱਸਦੇ ਹਨ, ਇਹ ਮੱਕਾਰ ਹਨ ਤੇ ਹਮਲਾ ਕਰਨਗੇ। ਫਿਰ ਉਹ ਔਰੰਗਜ਼ੇਬ ਦੀ ਚਿੱਠੀ ਪੇਸ਼ ਕੀਤੀ ਜਿਸ ਵਿਚ ਕੁਰਾਨ ਦੀਆਂ ਕਸਮਾਂ ਖਾ ਕੇ ਆਖਿਆ ਸੀ ਮੈਂ ਆਪ ਨਾਲ ਸੁਲਾਹ ਕਰਨੀ ਚਾਹੁੰਦਾ ਹਾਂ ਤੇ ਆਪ ਇਕ ਵਾਰ ਆਨੰਦਪੁਰ ਛੱਡ ਜਾਓ ਪਰ ਸਤਿਗੁਰੂ ਨਹੀਂ ਮੰਨਦੇ। ਸਿੱਖ ਵੀ ਹੁਣ ਕਾਹਲੇ ਪਏ ਹੋਏ ਨੇ। ਮਾਤਾ ਜੀ ਵੀ ਚਾਹੁੰਦੇ ਹਨ ਸਮਝੌਤਾ ਕਰ ਲਿਆ ਜਾਵੇ। ਕਈ ਸਿੱਖ ਬੇਦਾਵਾ ਲਿਖ ਕੇ ਚਲੇ ਜਾਂਦੇ ਹਨ। ਆਖ਼ਰ ਸਿੱਖਾਂ ਦੇ ਜ਼ੋਰ ਦੇਣ 'ਤੇ ਸਤਿਗੁਰੂ ਕਿਲ੍ਹਾ ਛੱਡ ਕੇ ਨਿਕਲ ਤੁਰਦੇ ਹਨ ਤੇ ਬਾਈ ਧਾਰ ਤੇ ਮੁਗ਼ਲ ਰਾਜੇ ਹਮਲਾ ਕਰ ਦਿੰਦੇ ਹਨ। ਸਰਸਾ ਕਿਨਾਰੇ ਘੋਰ ਸੰਗਰਾਮ ਹੁੰਦਾ ਹੈ। ਸਤਿਗੁਰੂ ਦਾ ਪਰਿਵਾਰ ਵਿਛੜ ਜਾਂਦਾ ਹੈ। ਸਤਿਗੁਰੂ ਦੋ ਸਾਹਿਬਜ਼ਾਦਿਆਂ ਸਮੇਤ ਚਮਕੌਰ ਸਾਹਿਬ ਵੱਲ ਚਲ ਪੈਂਦੇ ਨੇ।

ਅੱਠਵੇਂ ਖੰਡ ਵਿਚ ਕਵੀ ਨੇ ਸਤਿਗੁਰੂ ਜੀ ਦੇ ਚਮਕੌਰ ਪਹੁੰਚਣ ਬਾਰੇ ਲਿਖਦਿਆਂ ਉਹਨਾਂ ਦਾ ਗੜ੍ਹੀ ਵਿਚ ਪੁੱਜ ਕੇ ਮੋਰਚੇ ਸੰਭਾਲਣ ਦਾ ਬਿਆਨ ਕੀਤਾ। ਮੁਗ਼ਲਾਂ ਦੀਆਂ ਫ਼ੌਜਾਂ ਨੇ ਗੜ੍ਹੀ ਨੂੰ ਆ ਘੇਰਿਆ। ਅੰਦਰ ਕੇਵਲ 40 ਭੁੱਖੇ ਨਿਤਾਣੇ ਤੇ ਥੱਕ ਕੇ ਚੂਰ ਹੋਏ ਸਿੰਘ ਹਨ। ਸਾਹਿਬ ਤੇ ਉਹਨਾਂ ਦੇ ਦੋ ਸਾਹਿਬਜ਼ਾਦੇ ਹਨ। ਯੁੱਧ ਸ਼ੁਰੂ ਹੁੰਦਾ ਹੈ। ਸਿੰਘ ਕਮਾਲ ਕਰਦੇ ਹਨ। ਸਾਹਿਬਜ਼ਾਦੇ ਤੇਗ਼ ਦੇ ਜੌਹਰ ਵਿਖਾਉਂਦਿਆਂ ਆਖ਼ਰ ਸ਼ਹੀਦੀਆਂ ਪਾ ਜਾਂਦੇ ਹਨ। ਸਿੱਖ ਗੁਰੂ ਸਾਹਿਬ ਨੂੰ ਗੜ੍ਹੀ ਛੱਡ ਕੇ ਸੁਰੱਖਿਅਤ ਸਥਾਨ 'ਤੇ ਜਾਣ ਲਈ ਬੇਨਤੀ ਕਰਦੇ ਹਨ ਪਰ ਸਾਹਿਬ ਯੁੱਧ ਵਿਚ ਸ਼ਹੀਦੀ ਪਾਉਣ ਲਈ ਦ੍ਰਿੜ੍ਹ ਸਨ। ਆਖ਼ਰ ਸਿੱਖਾਂ ਨੇ ਪੰਥ ਰੂਪ ਵਿਚ ਹੁਕਮ ਦਿੱਤਾ ਕਿ ਗੜ੍ਹੀ ਛੱਡ ਜਾਓ। ਸਾਹਿਬ ਮੰਨ ਗਏ ਤੇ ਲਲਕਾਰ ਕੇ ਫ਼ੌਜਾਂ ਵਿਚੋਂ ਨਿਕਲ ਗਏ। ਲੱਖੀ ਜੰਗਲ ਵਿਚ ਜਾ ਆਰਾਮ ਕੀਤਾ। ਸਤਿਗੁਰੂ ਚੜ੍ਹਦੀ ਕਲਾ ਵਿਚ ਹਨ ਭਾਵੇਂ ਦੁਨਿਆਵੀ ਨਜ਼ਰੋਂ ਫਟੇ ਹਾਲ ਹਨ। ਇਥੇ ਕਈ ਸਿੰਘ, ਪਿਆਰੇ, ਕਵੀ ਆ ਕੇ ਸਤਿਗੁਰੂ ਨੂੰ ਮਿਲੇ। ਇਥੋਂ ਫ਼ੌਜ ਤੋਂ ਬਚਾਉਣ ਲਈ ਗਨੀ ਖਾਂ ਤੇ ਨਬੀ ਖਾਂ ਉਹਨਾਂ ਨੂੰ ਉੱਚ ਦਾ ਪੀਰ ਬਣਾ ਕੇ ਲੈ ਜਾਂਦੇ ਹਨ।

ਨੌਵੇਂ ਖੰਡ ਵਿਚ ਕਵੀ ਨੇ ਬਹੁਤ ਹੀ ਦਰਦ ਭਰੀ ਕਵਿਤਾ ਵਿਚ ਸਾਹਿਬ ਦੇ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਦਸ਼ਾ ਦਾ ਬਿਆਨ ਕਰਦਿਆਂ ਗੰਗੂ ਦੀ ਕਮੀਨਗੀ ਤੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਦੀ ਸ਼ਹੀਦੀ ਬਾਰੇ ਬੜੀ ਦਰਦ ਭਰੀ ਕਵਿਤਾ ਲਿਖ ਕੇ ਆਪਣੀ ਕਾਵਿ-ਕਲਾ ਦੀ ਸਮਰੱਥਾ ਦਾ ਪਰਿਚੈ ਦਿੱਤਾ ਹੈ।

ਦਸਵੇਂ ਖੰਡ ਵਿਚ ਕਵੀ ਨੇ ਬੇਦਾਵਾ ਲਿਖਣ ਵਾਲਿਆਂ ਦੀ ਮਾੜੀ ਦਸ਼ਾ ਤੇ ਮੁਕਤਸਰ ਦੀ ਜੰਗ ਵਿਚ ਸ਼ਹੀਦੀਆਂ ਪਾਉਣ ਤੇ ਕਲਗੀਧਰ ਵੱਲੋਂ ਦਿੱਤੇ ਪਿਆਰ ਦਾ ਬੜਾ ਮਾਰਮਿਕ ਵਰਣਨ ਕੀਤਾ ਹੈ। ਮਾਈ ਭਾਗੋ ਦੀ ਦਲੇਰੀ ਤੇ ਮੁਕਤਸਰ ਦੇ ਯੁੱਧ ਦਾ ਨਜ਼ਾਰਾ ਪੇਸ਼ ਕਰਦਿਆਂ ਕਵੀ ਨੇ ਸਿੱਖਾਂ ਦੀ ਦਲੇਰੀ ਤੇ ਮੁਗ਼ਲਾਂ ਦੀ ਹਾਰ ਦਾ ਜ਼ਿਕਰ ਬਹੁਤ ਸੁੰਦਰ ਢੰਗ ਨਾਲ ਕੀਤਾ ਹੈ। ਇਸ ਉਪਰੰਤ ਲੱਖੀ ਜੰਗਲ, ਤਲਵੰਡੀ ਸਾਬੋ, ਡੱਲੇ ਦੀ ਦਲੇਰੀ ਤੇ ਗੁਰੂ-ਸੇਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ, ਸਤਿਗੁਰੂ ਜੀ ਵੱਲੋਂ ਮਾਲਵੇ ਨੂੰ ਵਰ ਅਤੇ ਅਸੀਸਾਂ, ਦੱਖਣ ਵੱਲ ਨੂੰ ਤਿਆਰੀ, ਬਾਬਾ ਬੰਦਾ ਸਿੰਘ ਬਹਾਦਰ ਨਾਲ ਮਿਲਾਪ ਤੇ ਉਸ ਨੂੰ ਪੰਜਾਬ ਵੱਲ ਰਵਾਨਾ ਕਰਨ ਦਾ ਹਾਲ ਕਵੀ ਨੇ ਬੜੇ ਵਿਸਤਾਰ ਸਹਿਤ ਲਿਖਿਆ ਹੈ। ਭਾਰਤ ਵਿਚ ਰਾਜਗਰਦੀ, ਔਰੰਗਜ਼ੇਬ ਦੀ ਮੌਤ, ਸਤਿਗੁਰੂ ਤੇ ਮੁਅਜ਼ਮ ਦੀ ਦੋਸਤੀ, ਉਸਦੀ ਮਦਦ ਤੇ ਕਲਗੀਧਰ ਜੀ ਦਾ ਸੱਚਖੰਡ ਨੂੰ ਧਿਆਨਾ ਕਰਨ ਬਾਰੇ ਕਵੀ ਨੇ ਬਹੁਤ ਸੁੰਦਰ ਢੰਗ ਨਾਲ ਲਿਖਿਆ ਹੈ। ਇਤਿਹਾਸ ਤੇ ਕਵਿਤਾ ਦਾ ਸੁੰਦਰ ਸੁਮੇਲ ਇਥੇ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਉਪਰੰਤ ਕਵੀ ਨੇ ਗੁਰੂ ਜੀ ਦੀ ਮਹਾਨ ਸ਼ਖ਼ਸੀਅਤ ਬਾਰੇ ਲਿਖਿਆ ਹੈ ਤੇ ਭਾਰਤ ਵਾਸੀਆਂ ਨੂੰ ਉਹਨਾਂ ਤੋਂ ਪ੍ਰੇਰਨਾ ਲੈਣ ਲਈ ਆਖਿਆ ਹੈ। ਕਵੀ ਦਾ ਵਿਚਾਰ ਹੈ ਕਿ ਗੁਰੂ ਸਾਹਿਬ ਮਹਾਨ ਦੇਸ਼ ਭਗਤ ਸਨ। ਉਹਨਾਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਭਾਰਤ ਨੂੰ ਅੰਗ੍ਰੇਜ਼ਾਂ ਤੋਂ ਆਜ਼ਾਦ ਕਰਵਾਇਆ ਜਾ ਸਕਦਾ ਹੈ। ਕਵੀ ਦੇ ਬੋਲ ਹਨ :

*ਦੇਸ਼ ਭਗਤ ਦਸਮੇਸ਼ ਦੇ ਵਾਂਗ ਜੇਕਰ ਤੁਸੀਂ ਸਮਾਂ ਲੰਘਾ ਲਵੋ ਦੇਸ਼ ਭਗਤੋ।*
*'ਤੀਰ' ਗੁਰੂ ਦਸਮੇਸ਼ ਜੇ ਗੁਰੂ ਮੰਨੋ ਬੱਧਾ ਹਿੰਦ ਛੁੜਾ ਲਵੋ ਦੇਸ਼ ਭਗਤੋ।*

ਅੰਤ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਬਿਨਾਂ ਸਰਾਪ ਦੇ ਡਰ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਯਾਦਗਾਰ ਹਜ਼ੂਰ ਸਾਹਿਬ ਕਾਇਮ ਕੀਤੀ। ਇਸ ਬਾਰੇ ਕਵੀ ਨੇ ਬਹੁਤ ਭਾਵਪੂਰਤ ਢੰਗ ਨਾਲ ਲਿਖਿਆ ਹੈ।

ਇਉਂ ਕਵੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ-ਕਥਾ ਵਿਸਤਾਰ ਸਹਿਤ ਮਹਾਕਾਵਿ ਦੇ ਰੂਪ ਵਿਚ ਪ੍ਰਸਤੁਤ ਕੀਤੀ ਹੈ।

ਮਹਾਕਾਵਿ ਪੱਖੋਂ ਇਹ ਰਚਨਾ ਉਚ ਪਾਏ ਦੀ ਹੈ। ਇਸ ਦੇ ਨਾਇਕ ਮਹਾਨ ਤਪੱਸਵੀ, ਯੋਧੇ, ਬੀਰ, ਕਵੀ, ਪੈਗੰਬਰ, ਰਾਸ਼ਟਰ ਨਾਇਕ ਗੁਰੂ ਗੋਬਿੰਦ ਸਿੰਘ ਜੀ ਹਨ ਜਿਹਨਾਂ ਦੀ ਸ਼ਖ਼ਸੀਅਤ ਮਹਾਨ ਹੈ ਤੇ ਇਸ ਮਹਾਬਲੀ ਮਰਦ-ਏ-ਕਾਮਿਲ ਨੇ ਭਾਰਤ ਵਿਚ ਮਜ਼ਲੂਮਾਂ ਨੂੰ ਸ਼ੇਰ ਬਣਾ ਕੇ ਜ਼ਾਲਿਮ ਤੇ ਜਾਬਿਰ ਮੁਗ਼ਲਾਂ ਦੇ ਰਾਜ ਭਾਗ ਦਾ ਖ਼ਾਤਮਾ ਕਰ ਦਿੱਤਾ। ਗੁਰੂ ਜੀ ਮਹਾਨ ਰਾਸ਼ਟਰ ਬੀਰ ਤੇ ਪੈਗੰਬਰ ਸਨ। ਅਜਿਹੇ ਨਾਇਕ ਦੀ ਕਲਪਨਾ ਸਾਹਿਤਾਚਾਰੀਆ ਨੇ ਕੀਤੀ ਹੈ।

ਜੋ ਬਿਆਨ ਕਵੀ ਨੇ ਦਿੱਤਾ ਹੈ, ਉਸ ਅਨੁਸਾਰ ਹੀ ਸਾਰੇ ਮਹਾਕਾਵਿ ਦੀ ਭਾਸ਼ਾ ਹੈ। ਸਰਲ ਸਿੱਧੀ ਸਾਦੀ ਤੇ ਗੁਰ-ਇਤਿਹਾਸ, ਗੁਰ-ਸ਼ਖ਼ਸੀਅਤ ਤੇ ਗੁਰ-ਵਿਚਾਰ ਨੂੰ ਬੜੇ ਹੀ ਸਰਲ ਸ਼ਬਦਾਂ ਵਿਚ ਚਿਤਰਿਆ ਹੈ। ਪਾਠਕ ਨੂੰ ਕਿਧਰੇ ਵੀ ਇਸ ਨੂੰ ਸਮਝਣ ਵਿਚ ਕਠਿਨਾਈ ਨਹੀਂ ਆਉਂਦੀ।

ਮਹਾਕਾਵਿ ਮੁਖ ਰੂਪ ਵਿਚ ਬਿਰਤਾਂਤਕ ਰਚਨਾ ਹੈ ਕਿਉਂਕਿ ਕਵੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ-ਕਥਾ ਲਿਖੀ ਹੈ ਪਰ ਫਿਰ ਵੀ ਸਥਿਤੀ ਜਾਂ ਲੋੜ ਮੁਤਾਬਿਕ ਸੰਬੋਧਨੀ ਸ਼ੈਲੀ, ਦਾਰਸ਼ਨਿਕ ਸ਼ੈਲੀ, ਕਾਵਿ-ਸ਼ੈਲੀ ਆਦਿ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਕਵੀ ਨੇ ਅਜਿਹਾ ਰੋਚਕਤਾ ਪੈਦਾ ਕਰਨ ਤੇ ਸਥਿਤੀ ਮੁਤਾਬਿਕ ਬਿਆਨ ਕਰਨ ਲਈ ਕੀਤਾ ਹੈ। ਸੱਚ ਦੇ ਨੇੜੇ ਰਹਿਣ ਲਈ ਕਈ ਪ੍ਰਸੰਗ ਬੜੇ ਭਾਵ ਪੂਰਤ ਢੰਗ ਨਾਲ ਪ੍ਰਸਤੁਤ ਕੀਤੇ ਹਨ। ਜਿਵੇਂ ਬਾਲ ਗੋਬਿੰਦ ਜਦੋਂ ਪਟਨਾ ਸਾਹਿਬ ਤੋਂ ਵਿਦਾ ਹੋਣ ਲੱਗਦੇ ਹਨ ਤਾਂ ਬਾਲਾਂ ਨਾਲ ਤੋਤਲੀ ਜ਼ੁਬਾਨ ਵਿਚ ਇਉਂ ਗੱਲਾਂ ਕਰਦੇ ਹਨ :

*ਅੱਛਾਂ ਤਿਛ ਦੇ ਲਾਲ ਫਿਲ ਖੇਦਨਾ ਏ ਛਾਨੂੰ ਦੱਛ ਕੇ ਦੱਲ ਛਲਕਾਲ ਦਾਓ।*
*ਇੱਤੇ ਲਹਵੋਂ ਲਹੀਂ ਤੇ ਲਾਲੇ ਲੈ ਦਾਓ ਧਤਾ ਵਿਚ ਦੰਦਾ ਲਹੀ ਤੇ ਮਾਲ ਦਾਓ।*

ਯੁੱਧ ਦਾ ਚਿਤਰਣ ਕਰਦਿਆਂ ਕਵੀ ਨੇ ਓਜਪੂਰਨ ਸ਼ੈਲੀ ਦਾ ਪ੍ਰਯੋਗ ਕਰਕੇ ਕਾਵਿ-ਕਲਾ ਨੂੰ ਚਮਕਾਇਆ ਹੈ। ਉਦਾਹਰਣ ਦੇਖੋ :

*— ਉਹ ਲਾੜੇ ਲਾੜੀ ਮੌਤ ਦੇ ਬਣ ਠਣ ਕੇ ਲੱਥੇ।*
*ਉਹ ਗੁਥ-ਮ-ਗੁੱਥਾ ਹੋ ਗਏ ਸ਼ੇਰਾਂ ਦੇ ਜੱਥੇ।*
*ਵਾਹ ਫੁਰਤੀ ਕਰਦੇ ਲੋੜ ਦੀ ਦਾ ਪੇਚ ਪਲੱਥੇ।*
*ਪਏ ਵੈਰੀ ਵੱਢ ਵੱਢ ਰਖਦੇ ਦੱਬਿਆ ਦੇ ਦੱਥੇ।*
*ਝੱਟ ਕਈਆਂ ਦੇ ਸਿਰ ਲਹਿ ਗਏ ਕਈਆਂ ਦੇ ਮੱਥੇ।*

ਰਸ ਕਵਿਤਾ ਨੂੰ ਆਨੰਦਮਈ ਬਣਾਉਂਦਾ ਹੈ ਤੇ ਰਸਹੀਣ ਕਵਿਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮਹਾਕਾਵਿ ਵਿਚ ਆਮ ਤੌਰ 'ਤੇ ਸ਼ਿੰਗਾਰ ਤੇ ਬੀਰ-ਰਸ ਪ੍ਰਧਾਨ ਰਸ ਹੁੰਦੇ ਹਨ ਤੇ ਬਾਕੀ ਰਸ ਗੌਣ ਰੂਪ ਵਿਚ ਆਉਂਦੇ ਹਨ। ਵਿਧਾਤਾ ਸਿੰਘ ਤੀਰ ਨੇ ਇਸ ਮਹਾਕਾਵਿ ਵਿਚ ਬੀਰ ਤੇ ਕਰੁਣਾ ਰਸ ਨੂੰ ਮੁੱਖ ਰੂਪ ਵਿਚ ਵਰਤਿਆ ਹੈ ਤੇ ਬਾਕੀ ਰਸ ਗੌਣ ਰੂਪ ਵਿਚ ਆਏ ਹਨ। ਯੁੱਧਾਂ-ਜੰਗਾਂ ਦਾ ਬਿਆਨ ਕਰਦਿਆਂ ਬੀਰ ਤੇ ਵਿਭਤਸ ਰਸ ਬਾਖ਼ੂਬੀ ਪ੍ਰਗਟ ਕੀਤਾ ਹੈ ਤੇ ਜਿਥੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦਾਸਤਾਂ ਆਖੀ ਹੈ ਉਥੇ ਕਰੁਣਾ ਰਸ ਪ੍ਰਧਾਨ ਹੈ। ਵੈਸੇ ਸ਼ਾਂਤ, ਸ਼ਿੰਗਾਰ, ਅਦਭੁਤ ਰਸ ਆਦਿ ਵੀ ਇਸ ਮਹਾਕਾਵਿ ਵਿਚ ਮਿਲਦੇ ਹਨ।

ਮਹਾਕਾਵਿ—ਦਸਮੇਸ਼ ਦਰਸ਼ਨ—ਪੰਜਾਬੀ ਕਾਵਿ-ਖੇਤਰ ਦੀ ਇਕ ਉਪਲਬਧੀ ਮੰਨੀ ਜਾ ਸਕਦੀ ਹੈ ਕਿਉਂਕਿ ਕਵੀ ਨੇ ਸਤਿਗੁਰੂ ਜੀ ਦੀ ਜੀਵਨ ਕਥਾ ਨੂੰ ਵਿਸ਼ਾਲ ਕੈਨਵਸ 'ਤੇ ਚਿਤਰਨ ਦਾ ਸਫ਼ਲ ਯਤਨ ਕੀਤਾ ਹੈ। ਇਤਿਹਾਸ ਨੂੰ ਕਾਵਿ-ਰੰਗ ਵਿਚ ਪ੍ਰਸਤੁਤ ਕੀਤਾ ਹੈ। ਆਪ ਮਗਰੋਂ ਕਵੀ ਅਵਤਾਰ ਸਿੰਘ ਆਜ਼ਾਦ, ਇੰਦਰਜੀਤ ਸਿੰਘ ਤੁਲਸੀ ਤੇ ਕੁਝ ਹੋਰ ਕਵੀਆਂ ਨੇ ਦਸਮ ਸਤਿਗੁਰੂ ਬਾਰੇ ਮਹਾਕਾਵਿ ਲਿਖੇ ਹਨ। ਇਹਨਾਂ ਵਿਚ ਤੀਰ ਜੀ ਦੇ ਮਹਾਕਾਵਿ—ਦਸਮੇਸ਼ ਦਰਸ਼ਨ—ਦਾ ਨਿਵੇਕਲਾ ਤੇ ਵਿਸ਼ੇਸ਼ ਸਥਾਨ ਹੈ। ਤੀਰ ਜੀ ਉਸਤਾਦ ਕਵੀ ਸਨ ਤੇ ਇਹ ਰਚਨਾ ਇਕ ਉਸਤਾਦ ਕਵੀ ਦੀ ਉਤਮ ਰਚਨਾ ਹੈ।

—ਗੁਰਮੁਖ ਸਿੰਘ (ਡਾ.)

8 ਦਸਮੇਸ਼ ਨਗਰ,
ਪੁਲਿਸ ਲਾਇਨ ਰੋਡ,
ਪਟਿਆਲਾ।

ੴ ਸ੍ਰੀ ਅਕਾਲ ਜੀ ਸਹਾਇ॥

# ਖੰਡ ਪਹਿਲਾ

## *ਸਿਰਜਨਹਾਰ ਦੇ ਚਰਨਾਂ ਵਿਚ ਪ੍ਰਾਰਥਨਾ (ਵੱਲੋਂ ਕਵੀ)*

### ਛਪੈ ਛੰਦ

ਮੈਂ ਮੂਰਖ ਅਣਜਾਣ, ਅਕਲ ਨਹੀਂ ਮਾਸਾ ਭੋਰਾ।
ਕੇਵਲ ਤੇਰੀ ਓਟ, ਕਾਵਿ ਤੋਂ ਉੱਕ ਹਾਂ ਕੋਰਾ।
ਤੂੰ ਹੈਂ ਇੱਕ ਮਲਾਹ, ਪਾਰ ਜੇ ਕਰ ਦਏਂ ਮੈਨੂੰ।
ਹੇ ਸ਼ਾਹਾਂ ਦੇ ਸ਼ਾਹ! ਬਰਕਤਾਂ ਸੱਭੋ ਤੈਨੂੰ।

ਹਾਂ 'ਤੀਰ' ਨਿਮਾਣਾ ਤੁੱਧ ਦਾ, ਤੂੰ ਬਾਣ ਸੰਭਾਲੀਂ ਆਪਣੀ।
ਮੈਂ ਹੁਕਮ ਤੇਰੇ ਵਿਚ ਚੱਲਣਾ, ਤੂੰ ਲਜਿਆ ਪਾਲੀਂ ਆਪਣੀ।

ਬੈਂਤ—ਹੇ ਅਕਾਰ ਤੋਂ ਰਹਿਤ ਅਰੂਪ ਸਾਈਂ! ਤੇਰੀ ਹੋਂਵਦੀ ਨਹੀਂ ਸ਼ੁਮਾਰ ਲੀਲ੍ਹਾ
ਇੱਕ ਹੁੰਦਿਆਂ ਜਿਹਾ ਅਨੇਕ ਹੋਇਓਂ, ਵੰਨੋਂ ਵੰਨ ਦੀ ਆਪ ਖਿਲਾਰ ਲੀਲ੍ਹਾ
ਲੀਲ੍ਹਾ-ਰੂਪ ਹੈਂ ਵਸਿਆ ਹਰ ਪਾਸੇ, ਤੇਰੀ ਲਖੀ ਨਾ ਜਾਇ ਸੰਸਾਰ-ਲੀਲ੍ਹਾ
ਅੰਗ ਅੰਗ ਅੰਦਰ ਨਵਾਂ ਰੰਗ ਦੱਸੇ, ਤੇਰੀ ਇਹ ਜੋ ਰਚੀ ਪਿਆਰ-ਲੀਲ੍ਹਾ
ਧੀਰ ਧਰਤ ਅੰਦਰ, ਨੀਵਣ ਵਿੱਚ ਪਾਣੀ, ਉੱਚੇ ਪਰਬਤਾਂ ਦਾ ਬਣੀ ਭਾਰ ਲੀਲ੍ਹਾ
ਆਸਮਾਨ ਅੰਦਰ ਵੱਸੇ ਰੰਗ ਹੋ ਕੇ, ਪਵੇ ਚੰਨ ਦੇ ਗਿਰਦ ਪਰਵਾਰ ਲੀਲ੍ਹਾ
ਅੱਖਾਂ ਮਾਰਦੀ ਤਾਰਿਆਂ ਵਿੱਚ ਬਹਿ ਕੇ, ਸੋਹਣੇ ਰੂਪ ਵਾਲੀ ਤੇਰੀ ਨਾਰ ਲੀਲ੍ਹਾ
ਫੁੱਲਾਂ-ਭਰੀ ਬਨਾਸਪਤ ਖਿੜੀ ਮੌਲੀ, ਜਾਪੇ ਕਰੀ ਬੈਠੀ ਏ ਸ਼ਿੰਗਾਰ ਲੀਲ੍ਹਾ
ਵਿੱਚ ਭਾਨ ਦੇ ਚਮਕਦੀ ਤੇਜ ਬਣ ਕੇ, ਬਣੀ ਜੱਗ ਅੰਦਰ ਚਮਤਕਾਰ ਲੀਲ੍ਹਾ

ਮਸਤ ਚਾਲ ਦਰਿਆਂ ਦੇ ਵਹਿਣ ਹੋਕੇ, ਰਹੀ ਥਾਂ ਥਾਂ ਤੇ ਠਾਠਾਂ ਮਾਰ ਲੀਲ੍ਹਾ
ਬੱਧੀ ਨੇਮ ਅੰਦਰ ਤੇਰਾ ਭਰੇ ਪਾਣੀ, ਡੂੰਘੇ ਸਾਗਰਾਂ ਦੀ ਡੂੰਘੀ ਧਾਰ ਲੀਲ੍ਹਾ
ਚਾਰੇ ਚੱਕ ਲੀਲ੍ਹਾ, ਦਸੇ ਦਿਸਾ ਲੀਲ੍ਹਾ, ਚਾਰੇ ਖਾਣੀਆਂ ਬਣੀ ਕਰਤਾਰ ਲੀਲ੍ਹਾ
ਘੜੀ ਪੱਲ ਲੀਲ੍ਹਾ, ਮਿੱਟੀ ਜੱਲ ਲੀਲ੍ਹਾ, ਮਾਰੂ ਥੱਲ ਲੀਲ੍ਹਾ, ਫੁੱਲ ਖ਼ਾਰ ਲੀਲ੍ਹਾ
ਘੜੀ ਪਹਿਰ ਲੀਲ੍ਹਾ, ਮੇਰੂ ਕਹਿਰ ਲੀਲ੍ਹਾ, ਪਿੰਡ ਸ਼ਹਿਰ ਲੀਲ੍ਹਾ, ਮਿਤ੍ਰਯਾਰ ਲੀਲ੍ਹਾ
ਬਾਗ਼ ਫੁੱਲ ਲੀਲ੍ਹਾ, ਵਸੋਂ ਕੁੱਲ ਲੀਲ੍ਹਾ, ਜੁੱਧ ਜੰਗ ਲੀਲ੍ਹਾ, ਜਿੱਤ ਹਾਰ ਲੀਲ੍ਹਾ
ਖਿੜੀ ਕਲੀ ਅੰਦਰ ਵੱਸੇ ਮਹਿਕ ਲੀਲ੍ਹਾ, ਫੁੱਲਾਂ ਉਤੇ ਤ੍ਰੇਲ-ਫੁਹਾਰ ਲੀਲ੍ਹਾ
ਭਜਨ ਸਾਧ ਅੰਦਰ, ਚੋਰੀ ਚੋਰ ਅੰਦਰ, ਵਿੱਚ ਗ੍ਰਸਤ ਦੇ ਮੋਹ ਦੀ ਕਾਰ ਲੀਲ੍ਹਾ
ਕਿਤੇ ਪਈ ਪ੍ਰੀਤ ਦੇ ਗੀਤ ਗਾਵੇ, ਕਿਤੇ ਵੈਰ ਦਾ ਫੜੇ ਵਿਹਾਰ ਲੀਲ੍ਹਾ
ਕਿਤੇ ਸਿਮਰਨਾ ਭਗਤ ਦੇ ਹੱਥ ਅੰਦਰ, ਕਿਤੇ ਸੂਰਮੇ ਹੱਥ ਤਲਵਾਰ ਲੀਲ੍ਹਾ
ਸਾਧ ਸੰਗ ਦਾ ਕਿਤੇ ਹੈ ਰੰਗ ਲੀਲ੍ਹਾ, ਖ਼ੂਨੀ ਜੰਗ ਦਾ ਕਿਤੇ ਹਥਿਆਰ ਲੀਲ੍ਹਾ
ਤੇਰੀ ਇੱਕ ਲੀਲ੍ਹਾ ਵਿੱਚੋਂ ਰੱਬ ਮੇਰੇ! ਲੱਖਾਂ ਰੂਪ ਹੋ ਕਰੇ ਵਿਸਥਾਰ ਲੀਲ੍ਹਾ
ਲੀਲ੍ਹਾ ਏਸਦਾ ਪਾਤਸ਼ਾਹ ਆਪ ਹੈਂ ਤੂੰ, ਮਾਯਾ-ਰੂਪ ਤੇਰਾ ਹੈ ਦਰਬਾਰ ਲੀਲ੍ਹਾ
ਮੈਨੂੰ ਦਿੱਸਦੀ ਤੇਰਾ ਲਿਬਾਸ ਲੀਲ੍ਹਾ, ਤੇਰੀ ਹੋਂਦ ਨੂੰ ਰਹੀ ਨਿਖਾਰ ਲੀਲ੍ਹਾ
ਆਪੇ ਰੱਚਦਾ ਆਪ ਸਮੇਟਦਾ ਏਂ, ਤੇਰੀ ਦਿਲੋਂ ਹੈ ਤਾਬਿਆਦਾਰ ਲੀਲ੍ਹਾ
ਲੀਲ੍ਹਾ ਲਾਈ ਰੱਖੇਂ ਹੱਰ ਯੁੱਗ ਅੰਦਰ, ਅਲੋਕਾਰ ਤੇਰੀ ਸ਼ਾਹ-ਮਦਾਰ ਲੀਲ੍ਹਾ
ਕਦੇ ਰੂਪ ਬਾਵਨ, ਕਦੇ ਰਾਮ ਲੀਲ੍ਹਾ, ਕਦੇ ਗੋਪੀਆਂ ਨਾਲ ਮੁਰਾਰ-ਲੀਲ੍ਹਾ
ਕਦੇ ਗੁਰੂ-ਲੀਲ੍ਹਾ, ਕਦੇ ਭਗਤ-ਲੀਲ੍ਹਾ, ਕਦੇ ਰੱਚ ਕੇ ਬਹੇਂ ਅਵਤਾਰ-ਲੀਲ੍ਹਾ
'ਤੀਰ' ਜੱਗ ਤੇ ਜਿਵੇਂ ਬੇਅੰਤ ਹੈਂ ਤੂੰ, ਤੇਰੀ ਤਿਵੇਂ ਅਪਾਰ ਅਪਾਰ ਲੀਲ੍ਹਾ

## ਮੇਰੀ ਬੇਨਤੀ

ਸੱਚੇ ਸਾਹਿਬਾ! ਦਯਾ ਦਾ ਪੁੰਜ ਹੈਂ ਤੂੰ, ਮੈਨੂੰ ਆਸ ਹੈ ਦਯਾ ਕਮਾਇੰਗਾ ਤੂੰ
ਮੇਰੀ ਬੁੱਧ ਤਾਈਂ ਸੋਨਾ ਸੁੱਧ ਕਰਕੇ, ਮਿਹਰ ਆਪਣੀ ਨਾਲ ਚਮਕਾਇੰਗਾ ਤੂੰ
ਮੇਰੇ ਸ਼ਿਅਰ ਚਮਕਾਇੰਗਾ ਚੰਦ ਵਾਂਙੂ, ਕੋਈ ਆਪਣੀ ਕਲਾ ਵਿਖਾਇੰਗਾ ਤੂੰ
ਏਸ ਪਿੰਗਲੇ ਨੂੰ ਕਾਵਿ ਪਰਬਤਾਂ ਤੇ, ਮੋਢੇ ਆਪਣੇ ਚੁੱਕ ਚੜ੍ਹਾਇੰਗਾ ਤੂੰ
ਅੰਨ੍ਹੇ ਕਵੀ ਨੂੰ ਅਕਲ ਦੀ ਅੱਖ ਦੇ ਕੇ, ਜਾਣੀ ਜਾਣ! ਸਿੱਧੇ ਰਾਹੇ ਪਾਇੰਗਾ ਤੂੰ
ਏਸ ਗੂੰਗੇ ਨੂੰ ਟੇਕ ਹੈ ਦਿਲੋਂ ਤੇਰੀ, ਬੋਲੀ ਬੋਲਣੀ ਆਪ ਸਿਖਾਇੰਗਾ ਤੂੰ
ਮੂੜ੍ਹ ਅਕਲ ਹੀਣਾ ਤੇ ਜ਼ਬਾਨ ਮੋਟੀ, ਤਿਵੇਂ ਬੋਲਸੀ ਜਿਵੇਂ ਬੁਲਾਇੰਗਾ ਤੂੰ
ਤੈਨੂੰ ਆਖਦੇ 'ਓਟ ਨਿਓਟਿਆਂ ਦੀ', ਜਾਣੀ ਜਾਣ ਨਾ ਬਾਣ ਭੁਲਾਇੰਗਾ ਤੂੰ
ਰਿਹੋਂ ਬਖ਼ਸ਼ਦਾ ਮਾਣ ਨਿਮਾਣਿਆਂ ਨੂੰ, ਡਿੱਗਾ ਆਣ ਮੈਂ ਮਾਣ ਦਿਵਾਇੰਗਾ ਤੂੰ
ਮੈਂ ਨਾ ਲਿੱਖਣਾ ਜਾਣਦਾ ਸ਼ੁੱਧ ਅੱਖਰ, ਤਿਵੇਂ ਲਿੱਖਸਾਂ ਜਿਵੇਂ ਲਿਖਾਇੰਗਾ ਤੂੰ

ਤਦੇ ਚਾਨਣਾ ਹੋਇਗਾ ਦਿਲ ਅੰਦਰ, ਜੇਕਰ ਸੂਝ ਦੀ ਜੋਤ ਜਗਾਇੰਗਾ ਤੂੰ
'ਤੀਰ' ਤਦੋਂ ਨਿਸ਼ਾਨੇ 'ਤੇ ਵੱਜਣਾ ਏਂ, ਹੱਥੀਂ ਆਪਣੀ ਜਦੋਂ ਚਲਾਇੰਗਾ ਤੂੰ

### ਦਸਾਂ ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ (ਵੱਲੋਂ ਕਵੀ)

ਸ੍ਰੀ ਗੁਰੂ ਨਾਨਕ! ਤੁਸਾਂ ਜੱਗ ਅੰਦਰ, ਲੱਖਾਂ ਡੁੱਬੀਆਂ ਬੇੜੀਆਂ ਤਾਰੀਆਂ ਨੇ
ਬੇੜਾ 'ਤੀਰ' ਦਾ ਵੀ ਤੁਸਾਂ ਤਾਰਨਾ ਏਂ, ਆਸਾਂ ਆਪ 'ਤੇ ਹੀ ਦਿੱਲੋਂ ਧਾਰੀਆਂ ਨੇ
ਸ੍ਰੀ ਗੁਰੂ ਅੰਗਦ! ਸਿੱਖੀ ਸਿਦਕ ਦੀਆਂ, ਤੁਸਾਂ ਜੱਗ ਅੰਦਰ ਤੇਗ਼ਾਂ ਮਾਰੀਆਂ ਨੇ
ਦਾਨ ਬਖ਼ਸ਼ਣਾ ਮੰਗਤੇ 'ਤੀਰ' ਤਾਈਂ, ਵੇਖੋ! ਆਪਨੂੰ ਹੀ ਲਾਜਾਂ ਸਾਰੀਆਂ ਨੇ
ਅਮਰ ਦੇਵ ਸਤਿਗੁਰੂ ਜੀ! ਪ੍ਰੇਮ ਅੰਦਰ, ਤੁਸਾਂ ਆਣ ਕੇ ਸੰਗਤਾਂ ਠਾਰੀਆਂ ਨੇ
ਕਵੀ 'ਤੀਰ' ਨੂੰ ਟਹਿਲ ਦਾ ਬਲ ਦੇਣਾ, ਸੇਵਾ ਵਾਸਤੇ ਅੱਜ ਤਿਆਰੀਆਂ ਨੇ
ਰਾਮਦਾਸ ਗੁਰ ਜੀ! ਦਇਆ-ਪੁੰਜ ਹੋ ਕੇ, ਤੁਸਾਂ ਗੁੰਝਲਾਂ ਲੱਖ ਸਵਾਰੀਆਂ ਨੇ
ਤੁਸਾਂ ਤਾਰਨਾ 'ਤੀਰ' ਦੀ ਸ਼ਾਇਰੀ ਨੂੰ, ਰੂਹਾਂ ਜਿਵੇਂ ਬਿਅੰਤ ਉਧਾਰੀਆਂ ਨੇ
ਮੇਰੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ! ਅੱਗਾਂ ਆਪ ਨੇ ਖ਼ੂਬ ਸਹਾਰੀਆਂ ਨੇ
'ਤੀਰ' ਮੰਗਤੇ ਨੂੰ ਕਾਵਿ ਦਾਨ ਦੇਣਾ, ਤੁਸਾਂ ਬਾਣੀਆਂ-ਉੱਚ ਉਚਾਰੀਆਂ ਨੇ
ਛੇਵੇਂ ਪਾਤਸ਼ਾਹ ਜੀ! ਤੁਸਾਂ ਦੋ ਤੇਗ਼ਾਂ, ਸੁੰਦਰ ਤਨ 'ਤੇ ਸਦਾ ਸ਼ਿੰਗਾਰੀਆਂ ਨੇ
ਬੀਰ-ਰੱਸ ਦੇਣਾ 'ਤੀਰ' ਆਪਣੇ ਨੂੰ, ਫ਼ੌਜਾਂ ਆਪ ਦੇ ਸਾਮ੍ਹਣੇ ਹਾਰੀਆਂ ਨੇ
ਸੱਚੇ ਪਾਤਸ਼ਾਹ ਸਤਿਗੁਰ ਹਰੀ ਰਾਏ, ਤੁਸਾਂ ਸਿੰਜੀਆਂ ਫੂਲ-ਕਿਆਰੀਆਂ ਨੇ
ਮੀਂਹ ਮਿਹਰ ਦਾ ਹੋ ਕੇ ਵਰ੍ਹੋ ਛੇਤੀ, ਅਰਜ਼ਾਂ 'ਤੀਰ' ਨੇ ਦਿਲੋਂ ਗੁਜ਼ਾਰੀਆਂ ਨੇ
ਹਰੀ ਕ੍ਰਿਸ਼ਨ ਗੁਰ ਅਠਵੇਂ ਪਾਤਸ਼ਾਹ ਜੀ, ਤੁਸਾਂ ਜਿਨ੍ਹਾਂ ਉਤੇ ਨਿਗ੍ਹਾਂ ਮਾਰੀਆਂ ਨੇ
ਗੀਤਾ ਗੁੰਗਿਆਂ ਉਨ੍ਹਾਂ ਉਚਾਰ ਦਿੱਤੀ, ਮੰਨੀ ਈਨ ਸਾਹਿੱਤਯਾਚਾਰੀਆਂ ਨੇ
ਨੌਵੇਂ ਸਤਿਗੁਰੂ! ਪੁੰਜ ਕੁਰਬਾਨੀਆਂ ਦੇ, ਕੌਮਾਂ ਢਹਿੰਦੀਆਂ ਤੁਸਾਂ ਖਲ੍ਹਾਰੀਆਂ ਨੇ
ਦੇਣਾ 'ਤੀਰ' ਨੂੰ ਤਾਣ ਕੁਰਬਾਨੀਆਂ ਦਾ, ਡੀਂਗਾਂ ਆਪਦੇ ਬਿਨਾਂ ਨਿਕਾਰੀਆਂ ਨੇ
ਤਾਜ ਬਾਜ ਵਾਲੇ ਮੇਰੇ ਪਾਤਸ਼ਾਹ ਜੀ! ਤੁਸਾਂ ਬੋਟੀਆਂ ਸੀਨਿਓਂ ਵਾਰੀਆਂ ਨੇ
'ਤੀਰ' ਆਪਣੇ ਨੂੰ ਰੱਖੋ ਹੱਥ ਅੰਦਰ, ਏਦਾਂ ਲੈਣੀਆਂ ਕਾਵਿ-ਉਡਾਰੀਆਂ ਨੇ
ਜੋਤ ਜਾਗਦੀ ਗੁਰੂ ਗ੍ਰੰਥ ਸਾਹਿਬ! ਤੁਸਾਂ ਆਣ ਚੁਰਾਸੀਆਂ ਟਾਰੀਆਂ ਨੇ
'ਤੀਰ' ਮੰਗਦਾ ਦਾਤ ਕਵੀਸ਼ਰੀ ਦੀ, ਪਾਉ ਖ਼ੈਰ ਤੂਠੇ, ਲੋੜਾਂ ਭਾਰੀਆਂ ਨੇ

### ਦਸਮੇਸ਼ ਪਿਤਾ ਜੀ ਤੋਂ ਮੰਗ (ਵੱਲੋਂ ਕਵੀ)

ਇਹੋ ਪਿਤਾ ਦਸਮੇਸ਼ ਜੀ ਮੰਗ ਮੇਰੀ, ਮਿਹਰ ਰੱਖਣੀ ਤੇ ਮਿਹਰਬਾਨ ਹੋਣਾ
ਸਦਾ 'ਤੀਰ' ਚਲਾਉਣਾ ਹੁਕਮ ਅੰਦਰ, ਇਹਨੂੰ ਭਾਂਵਦਾ ਨਾ ਬੇ-ਕਮਾਨ ਹੋਣਾ
ਨਿਗ੍ਹਾ ਰੱਖਣੀ ਆਪਣੀ ਵਸਤ ਉਤੇ, ਪਿਤਾ! ਕਦੇ ਵੀ ਨਾ ਬੇ-ਧਿਆਨ ਹੋਣਾ

ਦੇਸ਼ ਵਾਸਤੇ ਸਦਾ ਈ ਮੰਗਦਾ ਹਾਂ, ਮੈਂ ਵੀ ਆਪ ਵਾਂਗੂੰ ਬੇ-ਨਿਸ਼ਾਨ ਹੋਣਾ
ਦੇਸ਼ ਵੱਸ ਜਾਵੇ ਜੇ ਆਜ਼ਾਦ ਹੋ ਕੇ, ਮੈਨੂੰ ਦਿਲੋਂ ਪਰਵਾਨ ਵੇਰਾਨ ਹੋਣਾ
ਦੇਸ਼ ਵਾਸਤੇ 'ਤੀਰ' ਜੀ ਦਿਲ ਮੇਰਾ, ਸਦਾ ਮੰਗਦਾ ਰਹੇ ਕੁਰਬਾਨ ਹੋਣਾ

### *ਪਿਆਰੇ ਪੰਥ ਨੂੰ (ਵੱਲੋਂ ਕਵੀ)*

ਸੂਰਬੀਰ ਸ਼ਹੀਦਾਂ ਦੇ ਪੰਥ ਸੁੱਚੇ! ਤੇਰੇ ਦਰ ਮੈਂ ਖਲ੍ਹਾ ਫ਼ਕੀਰ ਬਣ ਕੇ
ਪਾਵੀਂ ਖ਼ੈਰ ਠੂਠੇ ਕਦਰਦਾਨੀਆਂ ਦਾ, ਰੂਪ ਗੁਰੂ ਦਾ ਗਹਿਰ ਗੰਭੀਰ ਬਣ ਕੇ
ਮੈਂ ਭੀ ਵਿੱਚ ਤੇਰੇ ਹਾਂ ਸ਼ੁਮਾਰ ਹੁੰਦਾ, ਚਾਲੀ ਲੱਖ ਦੀ ਇੱਕ ਲਕੀਰ ਬਣ ਕੇ
ਮੇਰੀ ਚਾਹ ਤੇਰੇ ਨੈਣੀਂ ਵੱਸਣੇ ਦੀ, ਕੌਮੀ-ਦਰਦ ਪਿਆਰ ਦਾ ਨੀਰ ਬਣ ਕੇ
ਤੂੰ ਹੀ ਹੁਕਮ ਅਨੁਸਾਰ ਚਲਾਉਣਾ ਏਂ, ਮੈਨੂੰ ਜੱਗ ਦੇ ਵਿੱਚ ਤਕਦੀਰ ਬਣ ਕੇ
ਤੂੰ ਹੀ ਦੁੱਖ ਅਨਾਥਾਂ ਦੇ ਕੱਟਣੇ ਨੇ, ਏਸ ਦੇਸ਼ ਦੀ ਕੋਈ ਤਦਬੀਰ ਬਣ ਕੇ
ਤੈਨੂੰ ਵਾਸਤਾ ਈ! ਧੁੰਮਾਂ ਤੇਰੀਆਂ ਦਾ, ਰਹੀਂ ਘਰ ਅੰਦਰ ਖੰਡ ਖੀਰ ਬਣ ਕੇ
ਨਹੀਂ ਚੁੱਭਣਾ ਕਿਸੇ ਨੂੰ ਮੂਲ ਚੰਗਾ, ਵੀਰ ਹੁੰਦਿਆਂ ਸੂਲ ਕਰੀਰ ਬਣ ਕੇ
ਮੈਂ ਹਾਂ 'ਤੀਰ' ਤੇਰਾ, ਤੇਰੇ ਲਈ ਚੱਲਾਂ, ਮਰਾਂ ਦੇਸ਼ ਦੇ ਵਾਸਤੇ ਮੀਰ ਬਣ ਕੇ
ਤੇਰੇ ਹੱਥ ਵਿਚ ਰਹੇ ਕਮਾਨ ਮੇਰੀ, ਚੱਲਾਂ ਮੈਂ ਪੰਥਾ! ਤੇਰਾ 'ਤੀਰ' ਬਣ ਕੇ

### *ਭਾਰਤ ਮਾਤਾ ਦੇ ਚਰਨਾਂ ਵਿਚ (ਵੱਲੋਂ ਕਵੀ)*

ਸੋਹਣੇ ਜਲਾਂ ਵਾਲੀ ਸੋਹਣੇ ਥਲਾਂ ਵਾਲੀ, ਤੈਨੂੰ 'ਤੀਰ' ਦੀ ਏ ਨਿਮਸ਼ਕਾਰ ਮਾਤਾ
ਤੇਰੇ ਹੈਣ ਦਰਿਆ ਪਹਾੜ ਸੋਹਣੇ, ਤੂੰ ਹੈਂ ਜੱਗ ਦੀ ਜੀਵਨ-ਅਧਾਰ ਮਾਤਾ
ਖ਼ੁਸ਼ੀ ਖ਼ੁਸ਼ੀ ਸਾਗਰ ਤੇਰਾ ਭਰਨ ਪਾਣੀ, ਤੇ ਹਿਮਾਲੀਆ ਹੈ ਪਹਿਰੇਦਾਰ ਮਾਤਾ
ਤੇਰੀ ਗੋਦ ਅੰਦਰ ਜੰਮੇ ਪਲੇ ਖੇਡੇ, ਰਿਖੀ ਮੁਨੀ ਤੇ ਗੁਰੂ, ਅਵਤਾਰ ਮਾਤਾ
ਪਈ ਤੇਰੀ ਦਨਾਈ ਦੀ ਧੁੰਮ ਸਾਰੇ, ਤੈਥੋਂ ਸਿੱਖਿਆ ਸਭ ਸੰਸਾਰ ਮਾਤਾ
ਰਾਣੀ ਕੁੱਲ ਬ੍ਰਹਿਮੰਡ ਦੀ ਜ਼ਾਤ ਤੇਰੀ, ਉੱਚਾ ਜੱਗ ਤੇ ਤੇਰਾ ਅਚਾਰ ਮਾਤਾ
ਇਹ ਤਾਂ ਠੀਕ ਹੈ ਤੇਰੀਆਂ ਕਰਨੀਆਂ ਦੀ, ਭਾਵੇਂ ਗੇਣਤੀ ਬੇਸ਼ੁਮਾਰ ਮਾਤਾ
ਹੈਸੀ ਫੇਰ ਤਕਦੀਰ ਦਾ ਪਿਆ ਪੁੱਠਾ, ਭਾਗਾਂ ਸੀ ਦਿੱਤੀ ਤੈਨੂੰ ਹਾਰ ਮਾਤਾ
ਤਖ਼ਤ ਸਾਂਭਿਆ ਸੀ ਤੇਰਾ ਗੋਲੀਆਂ ਨੇ, ਬਣ ਗਈ ਸੈਂ ਤੂੰ ਪਨਿਹਾਰ ਮਾਤਾ
ਹਾਏ! ਰਾਣੀਓਂ ਰਹੀ ਹੈਂ ਬਣੀ ਗੋਲੀ, ਝੱਲੀ ਤੂੰ ਗ਼ੁਲਾਮੀ ਦੀ ਮਾਰ ਮਾਤਾ
ਰੋਟੀ ਕੱਪੜਾ ਭੁੱਖਿਆਂ ਨੰਗਿਆਂ ਨੂੰ, ਸਦਾ ਤੂੰ ਦਿੱਤਾ ਦਇਆ ਧਾਰ ਮਾਤਾ
ਕਰਾਂ ਕਿਸ ਤਰ੍ਹਾਂ ਨਾਲ ਬਿਆਨ ਸਾਰੇ, ਦੁੱਖ ਸਹੇ ਨੀ ਢੇਰ ਦੁਖਿਆਰ ਮਾਤਾ
ਕਾਤੀ ਵਿੱਚ ਕਲੇਜੜੇ ਖਾ ਖਾ ਕੇ, ਕੀਤੀ ਰੋ ਰੋ ਤੂੰ ਪੁਕਾਰ ਮਾਤਾ
ਅੰਤ ਰੱਬ ਤੇਰੀ ਹੋਣੀ ਬਦਲ ਦਿੱਤੀ, ਜਾਗੇ ਜਦ ਤੇਰੇ ਬਰਖ਼ੁਰਦਾਰ ਮਾਤਾ

ਉਨ੍ਹਾਂ ਭੁੱਲਿਆਂ ਨੂੰ ਅੰਤ ਹੋਸ਼ ਆਈ, ਛੱਡੀ ਦਿਲੋਂ ਸੀ ਜਿਨ੍ਹਾਂ ਵਿਸਾਰ ਮਾਤਾ
ਤੇਰੇ ਭਾਗ ਸੁੱਤੇ ਫੇਰ ਜਾਗ ਪਏ ਨੇ, ਤੇਰਾ ਜਾਗਿਆ ਮੋਹ ਪਿਆਰ ਮਾਤਾ
ਤੇਰੇ ਨਾਮ ਉਤੋਂ ਤੇਰੇ ਭਲੇ ਖ਼ਾਤਰ, ਹਿੰਦੀ ਗਏ ਜਵਾਨੀਆਂ ਵਾਰ ਮਾਤਾ
ਮੈਂ ਵੀ ਪੁੱਤ ਤੇਰਾ, ਦੇਹ ਅਸੀਸ ਮੈਨੂੰ, ਚੁੱਕਾਂ ਸੀਸ ਤੇ ਫ਼ਰਜ਼ ਦਾ ਭਾਰ ਮਾਤਾ
ਦਿਨਾਂ ਵਿੱਚ ਤੇਰੀ ਸ਼ਾਨ ਚਮਕ ਉੱਠੇ, ਐਸਾ ਕਲਮ ਦਾ ਕਰਾਂ ਪਰਚਾਰ ਮਾਤਾ
ਵਧੇ ਸ਼ਾਨ ਜਹਾਨ 'ਤੇ ਹਿੰਦੀਆਂ ਦੀ, ਨਾਲੇ ਤੂੰ ਹੋ ਜਾਏਂ ਸੁਖਿਆਰ ਮਾਤਾ
ਮੈਨੂੰ ਆਪਣੀ ਗੋਦ ਦੀ ਪ੍ਰੀਤ ਬਖਸ਼ੀਂ, ਤੇਰਾ ਪੁੱਤ ਬਣ ਕੇ ਕਰਾਂ ਕਾਰ ਮਾਤਾ
ਮਰਨ ਬਾਦ ਵੀ 'ਤੀਰ' ਮੈਂ ਕਹੀ ਜਾਵਾਂ, ਨਿਮਸ਼ਕਾਰ ਮਾਤਾ ਨਿਮਸ਼ਕਾਰ ਮਾਤਾ

## ਮੇਰਾ ਪ੍ਰਣ

ਕੱਟਣ ਵਾਸਤੇ ਅੰਮੀਏ ਦੁੱਖ ਤੇਰੇ, ਸਾਰਾ ਆਪਣਾ ਟਿੱਲ ਮੈਂ ਲਾ ਦਿਆਂਗਾ
ਨੀਂਦ-ਗ਼ਾਫਲੀ ਸੁੱਤਿਆਂ ਹਿੰਦੀਆਂ ਨੂੰ, ਝੂਣ ਝੂਣ ਕੇ ਸਿਰੋਂ ਜਗਾ ਦਿਆਂਗਾ
ਦੇਸ਼ ਭਗਤ ਸਿਰਤਾਜ ਦਸਮੇਸ਼ ਜੀ ਦੀ, ਮੋਹਨ-ਮੂਰਤੀ ਜਿਹੀ ਦਿਖਾ ਦਿਆਂਗਾ
ਹਿੰਦੀ ਮੌਤ ਕੋਲੋਂ ਮੂਲ ਡਰਨਗੇ ਨਾ, ਰੁੱਠੀ ਹੋਈ ਕੁਰਬਾਨੀ ਮਨਾ ਦਿਆਂਗਾ
ਲਾ ਕੇ ਅੱਗ ਦਸਮੇਸ਼ ਦੇ ਦਿਲ ਵਾਲੀ, ਦੇਸ਼ ਪ੍ਰੇਮ ਦੀ ਅੱਗ ਮਘਾ ਦਿਆਂਗਾ
ਓਸ ਅੱਗ ਅੰਦਰ ਦੁੱਖਾਂ ਤੇਰਿਆਂ ਦੀ, ਸਾੜ ਫੂਕ ਸੁਆਹ ਉਡਾ ਦਿਆਂਗਾ
ਜਦੋਂ ਸ੍ਰੀ ਦਸਮੇਸ਼ ਦੇ ਪਿਤਾ ਜੀ ਨੂੰ, ਦੁਖੀ ਹਿੰਦ ਦੀ ਬਾਂਹ ਫੜਾ ਦਿਆਂਗਾ
ਵੇਖੀਂ ਚਾਂਦਨੀ ਚੌਕ ਦੇ ਵਿੱਚ ਓਦੋਂ, ਸ਼ਾਂਤਮਈ ਦਾ ਰੰਗ ਨਿਖਰਾ ਦਿਆਂਗਾ
ਵਾਰ ਸ੍ਰੀ ਦਸਮੇਸ਼ ਦੇ ਬੱਚਿਆਂ ਦੀ, ਜਦੋਂ ਜੋਸ਼ ਦੇ ਨਾਲ ਮੈਂ ਗਾ ਦਿਆਂਗਾ
ਪੱਥਰ ਚਿੱਤ ਤੇਰੇ ਵੱਲੋਂ ਹੋਏ ਜਿਹੜੇ, ਵੇਖੀਂ ਉਨ੍ਹਾਂ ਦੇ ਦਿਲ ਪੰਘਰਾ ਦਿਆਂਗਾ
ਦੋਵੇਂ ਲਾਲ ਚਮਕੌਰ ਦੀ ਗੜ੍ਹੀ ਵਿਚੋਂ, ਜਦੋਂ ਜੂਝਦੇ ਝਾਤ ਪੁਆ ਦਿਆਂਗਾ
ਤੇਰੇ ਲਾਡਲੇ ਲਾਡਲੇ ਪੁੱਤਰਾਂ ਨੂੰ, ਵੇਖੀਂ ਮੌਤ ਦੇ ਲਾੜੇ ਬਣਾ ਦਿਆਂਗਾ
ਜ਼ੋਰਾਵਰ ਤੇ ਫਤਹਿ ਸਰੂੰਦ ਅੰਦਰ, ਕੰਧ ਵਿੱਚ ਜਾਂ ਚਿਣੇ ਦਰਸਾ ਦਿਆਂਗਾ
ਸ਼ਾਂਤਮਈ ਦਾ ਸਬਕ ਵੀ ਅੰਮੀਏ ਨੀ, ਤੇਰੇ ਪੁੱਤਰਾਂ ਤਾਈਂ ਪੜ੍ਹਾ ਦਿਆਂਗਾ
'ਮਾਛੀਵਾੜੇ' ਦੇ ਵਣ ਦੇ ਵਿੱਚ ਮਾਤਾ, ਜਦੋਂ ਸ੍ਰੀ ਦਸਮੇਸ਼ ਸੁਵਾ ਦਿਆਂਗਾ
ਦੇਸ਼ ਵਾਸਤੇ ਦੇਸ਼ ਦੇ ਵਾਸੀਆਂ ਨੂੰ, ਕਸ਼ਟ ਸਹਿਣ ਦਾ ਵੱਲ ਸਿਖਾ ਦਿਆਂਗਾ
ਨੀਲੇ ਵੇਸ ਦੇ ਵਿਚ ਦਸਮੇਸ਼ ਜੀ ਨੂੰ, ਜਦੋਂ ਉੱਚ ਦਾ ਪੀਰ ਬਣਾ ਦਿਆਂਗਾ
ਆਸਮਾਨ ਨੀਲੇ ਹੇਠ ਸੱਚ ਆਖਾਂ, ਤੇਰੇ ਪ੍ਰੇਮ ਦੀ ਅੱਗ ਭੜਕਾ ਦਿਆਂਗਾ
ਦੇਸ਼-ਭਗਤ ਦਸਮੇਸ਼ ਦੀ ਜੀਵਨੀ ਨੂੰ, ਜਦੋਂ ਕਾਵਿ ਦਾ ਰੰਗ ਚੜ੍ਹਾ ਦਿਆਂਗਾ
ਦੇਸ਼-ਪ੍ਰੇਮ ਦੀ ਲਾਟ ਦੇ ਭੰਬਟਾਂ ਨੂੰ, ਕਿਵੇਂ ਸੜੀਦਾ? ਭੇਤ ਸਮਝਾ ਦਿਆਂਗਾ

ਮੇਰੀ ਅੰਬੜੀ! ਮੈਂ ਤੇਰੇ ਭਲੇ ਖ਼ਾਤਰ, ਤੇਰੇ ਵਾਸਤੇ ਝੁੱਗਾ ਲੁਟਾ ਦਿਆਂਗਾ
'ਤੀਰ' ਪਿਤਾ ਦਸਮੇਸ਼ ਦੀ ਓਟ ਲੈ ਕੇ, ਝੰਡਾ ਨਾਮ ਤੇਰੇ ਦਾ ਝੁਲਾ ਦਿਆਂਗਾ

### ਸ੍ਰੀ ਦਸਮੇਸ਼ ਪਿਤਾ ਜੀ ਦੇ ਜੀਵਨ ਬਾਬਤ ਖ਼ਿਆਲ (ਵੱਲੋਂ ਕਵੀ)

ਮੇਰੇ ਸੂਰਮੇ ਗੁਰੂ ਦਸਮੇਸ਼ ਜੀ ਦੀ, ਕੀਤੀ ਰੱਜ ਕੇ ਖ਼ੂਬ, ਵਡਿਆਈ ਕਈਆਂ
ਆਪੋ ਆਪਣੀ ਕਲਮ ਦਾ ਜ਼ੋਰ ਲਾ ਕੇ, ਪ੍ਰੇਮ-ਮੂਰਤੀ ਚਿਤ੍ਰ ਵਿਖਾਈ ਕਈਆਂ
ਕੀਤਾ ਰੱਜ ਕੇ ਜਸ ਕੁਰਬਾਨੀਆਂ ਦਾ, ਖ਼ੂਬ ਰੱਜ ਕੇ ਕਲਮ ਚਲਾਈ ਕਈਆਂ
ਕਈਆਂ ਖੋਜੀਆਂ ਨੇ ਨਵੀਂ ਖੋਜ ਕੀਤੀ, ਅਤੇ ਹਾਂ ਵਿਚ ਹਾਂ ਮਿਲਾਈ ਕਈਆਂ
ਕਿਸੇ ਕਿਹਾ ਦਸਮੇਸ਼ ਨਿਰਪੱਖ ਹੋਏ, ਨਾਲ ਅੱਤ ਦੇ ਕਹੀ ਲੜਾਈ ਕਈਆਂ
ਦੇਸ਼-ਭਗਤ ਦਸਮੇਸ਼ ਦੀ ਦੇਸ਼-ਭਗਤੀ, ਪਤਾ ਹੁੰਦਿਆਂ ਫੇਰ ਲੁਕਾਈ ਕਈਆਂ
ਕੁੱਝ ਭੁੱਲੜਾਂ ਆਖਿਆ ਤੁਰਕ-ਵੈਰੀ, ਗੱਲ ਗੁੰਝਲਾਂ ਵਿੱਚ ਹੀ ਪਾਈ ਕਈਆਂ
ਦੇਸ਼-ਪ੍ਰੇਮ ਦਸਮੇਸ਼ ਦਾ ਦੱਸਣੇ ਨੂੰ, ਮਾਸਾ ਰੱਤੀ ਹੀ ਗੱਲ ਹਿਲਾਈ ਕਈਆਂ
ਮੇਰੇ ਸ੍ਰੀ ਦਸਮੇਸ਼ ਸਨ ਦੇਸ਼-ਦਰਦੀ, ਦਿੱਤੀ ਹੋਰ ਦੀ ਹੋਰ ਦੁਹਾਈ ਕਈਆਂ
'ਤੀਰ' ਗੁਰੂ ਦਸਮੇਸ਼ ਦੀ ਦੇਸ਼-ਸੇਵਾ, ਗੱਲ ਗੱਲ ਦੇ ਵਿੱਚ ਗਵਾਈ ਕਈਆਂ

### ਮੇਰੀ ਖ਼ਾਹਿਸ਼—(ਵੱਲੋਂ ਕਵੀ)

ਮੇਰੀ ਰੀਝ ਸੀ ਚਿਰਾਂ ਦੀ ਦਿੱਲ ਅੰਦਰ, ਐਸੀ ਚਿੱਤਰੀ ਇੱਕ ਤਸਵੀਰ ਹੋਵੇ
ਚੜ੍ਹੇ ਪੱਟਨੇ 'ਚੋਂ ਚੰਦ ਚੌਧਵੀਂ ਦਾ, ਪਿੱਛੇ ਚੱਲਦੀ ਬਾਲ-ਵਹੀਰ ਹੋਵੇ
ਨਿੱਕੀ ਉੱਮਰੇ ਵੱਡੇ ਖ਼ਿਆਲ ਹੋਵਣ, ਬਾਲ-ਪਾਤਸ਼ਾਹ ਗਹਿਰ ਗੰਭੀਰ ਹੋਵੇ
ਅੱਖਾਂ ਹੋਣ ਭਰੀਆਂ ਦੇਸ਼-ਦਰਦ ਅੰਦਰ, ਦੇਸ਼-ਪ੍ਰੇਮ ਦਾ ਕਾਲਜੇ ਚੀਰ ਹੋਵੇ
ਪਿਤਾ ਆਪਣਾ ਦੇਸ਼ ਲਈ ਦੇਣ ਵੇਲੇ, ਉਦ੍ਹੀ ਅੱਖ ਦੇ ਵਿੱਚ ਨਾ ਨੀਰ ਹੋਵੇ
ਐਪਰ ਸੁਣ ਕੇ ਕੂਕ ਦੁਖਿਆਰਿਆਂ ਦੀ, ਵੱਸੇ ਅੱਖ ਤੋਂ ਦਿਲੋਂ ਦਿਲਗੀਰ ਹੋਵੇ
ਉਧਰ ਪੁਰੀ ਅਨੰਦ ਦੇ ਵਾਸੀਆਂ ਦੀ, ਖੁੱਸ ਰਹੀ ਕਲੇਜਿਓਂ ਧੀਰ ਹੋਵੇ
ਇਧਰ ਦੇਸ਼ ਦੇ ਲਈ ਦਸਮੇਸ਼ ਮੇਰਾ, ਸਦਾ ਲਈ ਹੋ ਰਿਹਾ ਫ਼ਕੀਰ ਹੋਵੇ
ਫੇਰ ਉੱਛਲਦੇ ਸਰਸਾ ਦੇ ਕੰਢਿਆਂ 'ਤੇ, ਟੁੱਟ ਮੋਹ ਦੀ ਰਹੀ ਜ਼ੰਜੀਰ ਹੋਵੇ
ਲਾਲ ਵਿਛੜਦੇ ਹੋਣ ਘਮਸਾਣ ਅੰਦਰ, ਵੱਖ ਵੀਰ ਨਾਲੋਂ ਹੁੰਦਾ ਵੀਰ ਹੋਵੇ
ਖ਼ੂਨ-ਭਰੀ ਚਮਕੌਰ ਦੀ ਗੜ੍ਹੀ ਗਿਰਦੇ, ਲਹੂ-ਮਿੱਝ ਦੀ ਰਿੱਝਦੀ ਖੀਰ ਹੋਵੇ
ਹੋਵੇ ਤੇਗ਼ 'ਅਜੀਤ' ਦੇ ਹੱਥ ਅੰਦਰ, ਰਿਹਾ ਜ਼ਾਲਮਾਂ ਦੇ ਸੀਨੇ ਚੀਰ ਹੋਵੇ
ਸਿਹਰਾ ਬੰਨ੍ਹ ਕੇ ਲਾਲ 'ਜੁਝਾਰ' ਜੂਝੇ, ਵੱਡਾ ਹੌਸਲਾ ਨਿੱਕਾ ਸਰੀਰ ਹੋਵੇ
ਹੱਲਾ ਸ਼ੇਰੀਆਂ ਹੋਣ ਦਸਮੇਸ਼ ਦੇਂਦੇ, ਨਿਕਾ ਚੰਦ ਨਾ ਕਿਤੇ ਅਧੀਰ ਹੋਵੇ
ਪਾਪੀ ਜ਼ਾਲਮਾਂ ਨੂੰ 'ਤੀਰ' ਕਰਨ ਖ਼ਾਤਰ, ਪਿਆ ਚੱਲਦਾ ਤੀਰ ਤੇ ਤੀਰ ਹੋਵੇ

ਸੁੱਤਾ ਸੱਥਰਾਂ 'ਤੇ ਫੇਰ ਦੇਸ਼ ਖ਼ਾਤਰ, ਮੇਰਾ ਗੁਰੂ ਦਸਮੇਸ਼ ਰਣਧੀਰ ਹੋਵੇ
ਨੀਲੇ ਕੱਪੜੇ ਹੋਣ ਸਰੀਰ ਉੱਤੇ, ਚਲਾ ਜਾਂਵਦਾ 'ਉੱਚ ਦਾ ਪੀਰ' ਹੋਵੇ
'ਮਾਹੀ' ਹਾਲ ਕਹਿੰਦਾ ਹੋਵੇ ਬੱਚਿਆਂ ਦਾ, ਓਹਨੂੰ ਦਿਲੋਂ ਨਾ ਰਤਾ ਖੁਲ੍ਹੀਰ ਹੋਵੇ
ਤਦੋਂ ਤੀਰ ਦੇ ਨਾਲ ਦਸਮੇਸ਼ ਮੇਰਾ, ਪਲਟ ਰਾਜ ਦੀ ਰਿਹਾ ਤਕਦੀਰ ਹੋਵੇ
ਮਹਾਂ ਸਿੰਘ ਵਰਗੇ ਦੇਸ਼-ਸੇਵਕਾਂ ਦਾ, ਮੂੰਹ ਚੁੰਮਦਾ ਮੀਰਾਂ ਦਾ ਮੀਰ ਹੋਵੇ
ਬਣੇ ਇਸ ਤਰ੍ਹਾਂ ਇੱਕ ਤਸਵੀਰ ਮੈਥੋਂ, ਜੱਗ ਵਿਚ ਨਾ ਜਿਦ੍ਹੀ ਨਜ਼ੀਰ ਹੋਵੇ
'ਤੀਰ' ਹੱਰ ਹਿੰਦੀ ਤੱਕ ਓਸ ਵੱਲੇ, ਦੇਸ਼ ਲਈ ਰਣਧੀਰ ਬਲਬੀਰ ਹੋਵੇ

### ਕਵੀ ਵੱਲੋਂ ਕਵੀਆਂ ਅੱਗੇ ਬੇਨਤੀ

ਜਿਨ੍ਹਾਂ ਜਿਨ੍ਹਾਂ ਕਵੀਆਂ ਅੱਗੇ ਕਲਮ ਚੁੱਕੀ, 'ਤੀਰ' ਸਭ ਦਾ ਹੈ ਸਤਿਕਾਰ ਕਰਦਾ
ਜਿਹੜਾ ਕਵੀ ਦੱਨਾ ਅਤੇ ਸੁਘੜ ਹੋਵੇ, ਕਦੇ ਮੂਲ ਨਹੀਂ ਕਿਸੇ 'ਤੇ ਵਾਰ ਕਰਦਾ
ਲੋਕੀਂ ਓਸ ਨੂੰ ਦਿਲੋਂ ਵਡਿਆਂਵਦੇ ਨੇ, ਜਿਹੜਾ ਨਵੀਂ ਹੈ ਕੋਈ ਵਿਚਾਰ ਕਰਦਾ
ਆਪੋ ਆਪਣੀ ਸੂਝ ਅਨੁਸਾਰ ਕਹਿੰਦੇ, ਬੰਦਾ ਆਪਣਾ ਰਾਹ ਤਿਆਰ ਕਰਦਾ
ਡੁੱਬ ਜਾਂਵਦਾ ਓਹ ਮੰਝਧਾਰ ਅੰਦਰ, ਜਿਹੜਾ ਭੁੱਲ ਕੇ ਮਾਣ ਹੰਕਾਰ ਕਰਦਾ
ਸਦਾ ਰੱਬ ਦੇ ਆਸਰੇ ਠਿੱਲ੍ਹਦਾ ਜੋ, ਬੇੜਾ ਓਸਦਾ ਆਪ ਓਹ ਪਾਰ ਕਰਦਾ
ਹੈਣ, ਹੋਏ ਜਿਹੜੇ, ਅੱਗੋਂ ਹੋਵਣੇ ਨੇ, ਕਵੀ ਸਾਰਿਆਂ ਨੂੰ ਨਿਮਸ਼ਕਾਰ ਕਰਦਾ
'ਤੀਰ' ਆਦਮੀ ਦਾ ਨਹੀਂ ਤਾਣ ਕੋਈ, ਹੁੰਦਾ ਸੋ ਜੋ ਆਪ ਦਾਤਾਰ ਕਰਦਾ

### ਅਰੰਭ ਵੱਲੋਂ ਕਵੀ

ਜਦੋਂ ਧਰਤ ਤੇ ਵੱਧ ਅਨਿਆਂ ਜਾਵੇ, ਜਦੋਂ ਹਰ ਪਾਸੇ ਜ਼ੁਲਮ ਛਾਣ ਲੱਗੇ
ਜਦੋਂ ਧਰਮ ਨੂੰ ਆਨ ਕੇ ਬਣੇ ਔਖੀ, ਜਦੋਂ ਪਾਪ ਸਾਰੇ ਸਾਇਆ ਪਾਣ ਲੱਗੇ
ਜਦੋਂ ਆਜਜ਼ਾਂ ਅਤੇ ਬੇਦੋਸ਼ਿਆਂ ਦੀ, ਜਾਨ ਵਿਚ ਸ਼ਕੰਜੇ ਦੇ ਆਣ ਲੱਗੇ
ਜਦੋਂ ਤੇਗ਼ ਬੇਦੋਸ਼ 'ਤੇ ਜਾਏ ਵਾਹੀ, ਜਦੋਂ ਜਬਰ ਗ਼ਰੀਬ ਸਤਾਣ ਲੱਗੇ
ਜਦੋਂ ਰਾਜ ਹੋਵੇ ਧੱਕੇਸ਼ਾਹੀਆਂ ਦਾ, ਅਕਲ ਜਦੋਂ ਉਡਾਰੀਆਂ ਲਾਣ ਲੱਗੇ
ਜਦੋਂ ਥਾਂ ਥਾਂ ਬਦੀ ਦਾ ਨਾਚ ਹੋਵੇ, ਨੇਕੀ ਸ਼ਰਮ ਵਿਚ ਮੂੰਹ ਲੁਕਾਣ ਲੱਗੇ
ਜਦੋਂ ਜ਼ੁਲਮ ਵਾਲੀ ਪਵੇ ਰਾਤ ਕਾਲੀ, ਜਦੋਂ ਜੱਗ ਦੀ ਜਾਨ ਘਬਰਾਣ ਲੱਗੇ
ਜਦੋਂ ਜ਼ਿੰਦਗੀ ਰੱਬ ਦੇ ਬੰਦਿਆਂ ਦੀ, ਰੋਲੀ ਰੜੇ ਉੱਤੇ ਐਵੇਂ ਜਾਣ ਲੱਗੇ
ਜਦੋਂ ਆਜਜ਼ਾਂ ਅਤੇ ਨਿਮਾਣਿਆਂ ਦੀ, ਜਿੰਦ ਕਹਿਰ ਦੇ ਵਿਚ ਕੁਰਲਾਣ ਲੱਗੇ
'ਤੀਰ' ਤਦੋਂ ਓਹ ਆਪ ਅਵਤਾਰ ਲੈਂਦਾ, ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗੇ

### ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਦਾ ਸਮਾਂ (ਵੱਲੋਂ ਕਵੀ)

ਕਹਿਰੀ ਸਮਾਂ ਸੀ ਵਰਤਿਆ ਹਿੰਦ ਉੱਤੇ, ਸ਼ੁਰੂ ਜ਼ੋਰ ਤੇ ਜ਼ੁਲਮ ਦੀ ਵਾਰ ਹੈਸੀ
ਔਰੰਗਜ਼ੇਬ ਸੀ ਹਿੰਦ 'ਤੇ ਰਾਜ ਕਰਦਾ, ਉਦ੍ਹੀ ਚੱਲਦੀ ਤੇਜ਼ ਤਲਵਾਰ ਹੈਸੀ

ਓਸ *ਵੀਰ ਕੋਹਿਆ ਪੱਥਰ-ਚਿੱਤ ਹੋ ਕੇ, ਕੱਢੀ ਸਦਾ ਦੇ ਵਾਸਤੇ ਖ਼ਾਰ ਹੈਸੀ
ਬਾਪ ਸ਼ਾਹਜਹਾਨ ਨੂੰ ਕੈਦ ਕਰਕੇ, ਕੀਤੀ ਓਸਦੀ ਮਿੱਟੀ ਖਵਾਰ ਹੈਸੀ
ਫੇਰ ਕੜਕਿਆ ਸੂਫ਼ੀਆਂ ਫੱਕਰਾਂ 'ਤੇ, ਚੁੱਣ ਚੁੱਣ ਦਿੱਤੇ ਉਹਨੇ ਮਾਰ ਹੈਸੀ
ਏਨਾ ਕੁੱਝ ਕਰਕੇ ਉਹਦੇ ਦਿਲ ਅੰਦਰ, ਆਈ ਜ਼ੁਲਮ ਦੀ ਹੋਰ ਵਿਚਾਰ ਹੈਸੀ
ਉਹਨੇ ਮੱਜ਼੍ਹਬੀ ਮੁੱਲਾਂ ਮੁਲਾਣਿਆਂ ਨੂੰ, ਦੇ ਕੇ ਲੋਭ ਬਣਾ ਲਿਆ ਯਾਰ ਹੈਸੀ
'ਮੇਰਾ ਰਾਜ ਤੇ ਸ਼ਰ੍ਹਾ ਦਾ ਹੁਕਮ ਹੋਸੀ', ਕੀਤਾ ਕਾਜ਼ੀਆਂ ਨਾਲ ਇਕਰਾਰ ਹੈਸੀ
ਰੋਜ਼ ਲੁੱਟਣਾ ਮਾਰਨਾ ਹਿੰਦੂਆਂ ਨੂੰ, ਓਹਦੇ ਲਈ ਸਵਾਬ ਦੀ ਕਾਰ ਹੈਸੀ
ਜਿਹੜਾ ਦੀਨ ਮੰਨੇ ਬਚੇ ਜਾਨ ਉਸਦੀ, ਦੂਜੇ ਵਾਸਤੇ ਤੇਗ਼ ਤਿਆਰ ਹੈਸੀ
ਮੌਤ ਨੱਚਦੀ ਪਈ ਸੀ ਦੇਸ਼ ਅੰਦਰ, ਦੁੱਖਾਂ ਵਿਚ ਫਾਥੇ ਨੱਰ ਨਾਰ ਹੈਸੀ
ਨਵੇਂ ਜ਼ੁਲਮ ਦਾ ਨਿੱਤ ਐਲਾਨ ਹੁੰਦਾ, ਜਦੋਂ ਲੱਗਦਾ ਰਾਜ-ਦਰਬਾਰ ਹੈਸੀ
ਔਰੰਗਜ਼ੇਬ ਨੂੰ ਵੱਡ ਵਡੇਰਿਆਂ ਦਾ, ਸਾਰਾ ਭੁੱਲਿਆ ਚੱਜ ਅਚਾਰ ਹੈਸੀ
'ਤੀਰ' ਦੇਸ਼ ਅੰਦਰ ਥਾਂ ਥਾਂ ਓਸ ਵੇਲੇ, ਡਾਢੀ ਮੱਚੀ ਹੋਈ ਹਾਹਾਕਾਰ ਹੈਸੀ

## ਸ਼ਾਹੀ ਫ਼ਰਮਾਨ ਹਕੂਮਤ ਵੱਲੋਂ

ਉਹਨੇ ਕੱਢਿਆ ਇਉਂ ਫ਼ੁਰਮਾਨ ਸ਼ਾਹੀ, 'ਮੇਰੀ ਗੱਲ 'ਤੇ ਫੁਲ ਚੜ੍ਹਾਏ ਜਾਵਣ
ਹਿੰਦੂ ਜੇਜ਼ੀਆ ਭਰਨ ਗ਼ੁਲਾਮ ਹੋ ਕੇ, ਸਭ ਕੋਲੋਂ ਹਥਿਆਰ ਸੁਟਾਏ ਜਾਵਣ
ਨਾ ਜਲੂਸ ਕੱਢਣ ਨਾਹੀਂ ਕਰਨ ਜਲਸੇ, ਮੰਦਰ ਮੂਲ ਨਾ ਨਵੇਂ ਬਣਾਏ ਜਾਵਣ
ਹਿੰਦੂ ਕੋਈ ਨਾ ਘੋੜ-ਸਵਾਰ ਹੋਵੇ, ਬਣੇ ਹੋਏ ਸ਼ਿਵਾਲੇ ਗਿਰਾਏ ਜਾਵਣ
ਕਰੋ ਬੰਦ ਰਿਵਾਜ ਸਭ ਕਾਫ਼ਰਾਂ ਦੇ, ਸਾਰੇ ਸ਼ਰ੍ਹਾ ਦੇ ਹੁਕਮ ਵਜਾਏ ਜਾਵਣ
ਰੱਖੇ ਹਰ ਹਿੰਦੂ ਵੇਸ ਕੰਗਲੇ ਦਾ, ਲੀੜੇ ਕੀਮਤੀ ਕਿਤੇ ਨਾ ਪਾਏ ਜਾਵਣ
ਹੁਕਮ ਬੰਦ ਹੈ ਗਾਇੱਤਰੀ ਸੰਧਿਆ ਦਾ, ਕਿਸੇ ਥਾਂ 'ਤੇ ਨਾ ਭਜਨ ਗਾਏ ਜਾਵਣ
ਦਿੱਸੇ ਮੂਰਤੀ ਕੋਈ ਨਾ ਦੇਸ਼ ਅੰਦਰ, ਤੋੜ ਤੋੜ ਠਾਕੁਰ ਢੇਰ ਲਾਏ ਜਾਵਣ
ਜੰਞੂ ਲਾਹ ਲਾਹ ਕਾਫ਼ਰਾਂ ਸਾਰਿਆਂ ਦੇ, ਪਾਤਸ਼ਾਹ ਦੇ ਪਾਸ ਪੁਚਾਏ ਜਾਵਣ
ਮੇਰਾ ਕਰਨਗੇ ਹੁਕਮ ਅਦੂਲ ਜਿਹੜੇ, 'ਤੀਰ' ਤੇਗ਼ ਦੇ ਘਾਟ ਲੰਘਾਏ ਜਾਵਣ'

## ਵੱਲੋਂ ਕਵੀ

ਓਦੋਂ ਏਸ ਫ਼ੁਰਮਾਨ ਦੇ ਪੁੜਾਂ ਅੰਦਰ, ਹਿੰਦੂ ਕੌਮ ਡਾਢੀ ਪੀਠੀ ਜਾ ਰਹੀ ਸੀ
ਰਾਖੇ ਪਏ ਸੰਨ੍ਹਾਂ ਰਾਤੀਂ ਲਾਂਵਦੇ ਸੀ, ਜਾਣੋ ਵਾੜ ਹੀ ਖੇਤ ਨੂੰ ਖਾ ਰਹੀ ਸੀ
ਲੋਕੀਂ ਪਏ ਸੀ ਮੌਤ ਦੇ ਮੂੰਹ ਅੰਦਰ, ਮੌਤ ਜ਼ੁਲਮ ਦਾ ਰੂਪ ਬਣਾ ਰਹੀ ਸੀ
ਨਵੇਂ ਦਿਨ ਹੈਸੀ ਨਵਾਂ ਜ਼ੁਲਮ ਹੁੰਦਾ, ਵਿਚ ਦੁੱਖਾਂ ਦੇ ਹਿੰਦ ਕੁਰਲਾ ਰਹੀ ਸੀ

* ਦਾਰਾ ਔਰੰਗਜ਼ੇਬ ਦਾ ਭਰਾ ਸੀ ਅਤੇ ਉਸਨੇ ਦਾਰਾ ਨੂੰ ਕਤਲ ਕੀਤਾ ਸੀ।

ਪਰਲੈ ਕਾਲ ਦਾ ਰੰਗ ਸੀ ਦੇਸ਼ ਅੰਦਰ, ਸਾਰੇ ਮੂੰਹਾਂ 'ਤੇ ਮੁਰਦਨੀ ਛਾ ਰਹੀ ਸੀ
ਨਾਲ ਨਾਲ ਚਾਤੁਰ ਔਰੰਗਜ਼ੇਬ ਵੱਲੋਂ, ਚਾਲ ਲੋਭ ਦੀ ਰੰਗ ਵਿਖਾ ਰਹੀ ਸੀ
ਜਿਹੜਾ ਲੋਭ ਬੱਧਾ ਦੀਨ ਮੰਨ ਜਾਵੇ, ਜ਼ਾਤ ਓਸਦੀ ਮਰਤਬੇ ਪਾ ਰਹੀ ਸੀ
ਜਿਹੜਾ ਕਰੇ ਇਨਕਾਰ ਉਹ ਕਤਲ ਹੋਵੇ, ਤੇਗ਼ ਮੌਤ ਦੇ ਘਾਟ ਲੰਘਾ ਰਹੀ ਸੀ
ਨਾਮ ਸ਼ਰ੍ਹਾ ਦਾ ਤੇ ਕਾਰ ਜ਼ੁਲਮ ਵਾਲੀ, ਰੋਜ਼ ਜ਼ੁਲਮ ਦੇ ਮੀਂਹ ਵਸਾ ਰਹੀ ਸੀ
'ਤੀਰ' ਰੋਂਵਦੀ ਕੂਕਦੀ ਹਿੰਦ ਸਾਰੀ, ਭਾੜੇ ਭੰਗ ਦੇ ਜਾਨ ਗਵਾ ਰਹੀ ਸੀ

### *ਔਰੰਗਜ਼ੇਬ ਆਪਣੇ ਫ਼ਰਜ਼ ਤੇ ਅਸਲੀ ਮੁਸਲਮਾਨ-ਪੁਣੇ ਨੂੰ ਵਿਸਾਰ ਬੈਠਾ—(ਵੱਲੋਂ ਕਵੀ)*

ਸਿਰ ਹਿੰਦੂਆਂ ਦੇ ਉਡਣ ਰੂੰ ਵਾਂਗੂੰ, ਐਸਾ ਜ਼ੁਲਮ ਵਾਲਾ ਝਖੜ ਝੁੱਲ ਗਿਆ
ਰਾਖਾ ਹੋਵਣਾ ਸੀ ਜਿਨ੍ਹੇ ਦੇਸ਼ ਅੰਦਰ, ਓਹੋ ਜ਼ੁਲਮ ਦੀ ਕਾਰ 'ਤੇ ਤੁੱਲ ਗਿਆ
ਔਰੰਗਜ਼ੇਬ ਹੰਕਾਰ ਦੇ ਵਸ ਹੋ ਕੇ, ਜਦੋਂ ਹੁਕਮ ਮੁਹੰਮਦੀ ਭੁੱਲ ਗਿਆ
'ਤੀਰ' ਹਿੰਦ ਵਿਚੋਂ ਮੁਗ਼ਲ ਰਾਜ ਵਾਲਾ, ਦੀਵਾ ਹੋ ਓਸੇ ਘੜੀ ਗੁੱਲ ਗਿਆ

### *ਹਜ਼ਰਤ ਦਾ ਹੁਕਮ ਕੀ ਸੀ (ਖ਼ਿਆਲ ਵੱਲੋਂ ਕਵੀ) ਨਵੀਨ ਬੈਂਤ*

ਜਦੋਂ ਆਣ ਰਸੂਲ ਨੇ ਜੱਗ ਅੰਦਰ, ਪਹਿਲੇ ਦੀਨ ਇਸਲਾਮ ਚਲਾਇਆ ਸੀ
ਹੋਣ ਵਾਸਤੇ ਆਪਦਾ ਪ੍ਰੇਮ-ਪਾਤਰ, ਜਦੋਂ ਕੋਈ ਪਹਿਲਾ ਬੰਦਾ ਆਇਆ ਸੀ
ਜਦੋਂ ਓਸ ਨੇ ਸਨ ਅਸੂਲ ਪੁੱਛੇ, ਜਦੋਂ ਆਣ ਕੇ ਸੀਸ ਨਿਵਾਇਆ ਸੀ
'ਤੀਰ' ਓਸ ਵੇਲੇ ਸੋਹਣੇ ਮੁੱਖੜੇ ਤੋਂ, ਹਜ਼ਰਤ ਜੀ ਨੇ ਇਉਂ ਫੁਰਮਾਇਆ ਸੀ
ਮੇਰੇ ਸਾਦਕਾ! ਬੰਨ੍ਹ ਲੈ ਗੱਲ ਪੱਲੇ, ਤੈਨੂੰ ਅੱਜ ਮੈਂ ਜੋ ਸਮਝਾਂਵਦਾ ਹਾਂ
ਜਣੇ ਖਣੇ ਨੂੰ ਪਿਆ ਸੁਣਾਈਂ ਜਾ ਕੇ, ਤੈਨੂੰ ਸ਼ਰ੍ਹਾ ਦੇ ਫ਼ਰਜ਼ ਸੁਣਾਂਵਦਾ ਹਾਂ

✪✪✪

ਨੈਣਾਂ ਵਿੱਚ ਹਰ-ਥਾਵੇਂ ਦਾ ਨੂਰ ਦੇਖੀਂ, ਨਿਗ੍ਹਾ ਆਪਣੀ ਵਿੱਚ ਈਮਾਨ ਰੱਖੀਂ
ਹੱਥਾਂ ਵਿੱਚ ਰੱਖੀਂ ਸਖ਼ੀ-ਪੁਣੇ ਤਾਈਂ, ਅੰਦਰ ਦਿਲ ਦੇ ਨੇਕੀ ਦੀ ਜਾਨ ਰੱਖੀਂ
ਸੀਨਾ ਸਾਫ਼ ਰੱਖੀਂ ਆਸਮਾਨ ਵਾਂਗੂੰ, ਭਿੰਨੀ ਬੰਦਗੀ ਵਿੱਚ ਜ਼ਬਾਨ ਰੱਖੀਂ
ਜੱਗ ਵਿੱਚ ਸਚਾਈ ਦੀ ਰੂਹ ਹੋਵੀਂ, ਸਦਾ ਰੂਹ ਦੇ ਨਾਲ ਕੁਰਾਨ ਰੱਖੀਂ
ਕੱਢੀਂ ਡਾਢਿਆਂ ਦੇ ਵਲ ਵਿੰਗ ਬੱਚਾ!, ਅਤੇ ਲਿੱਸਿਆਂ ਲਈ ਕੁਰਬਾਨ ਹੋਵੀਂ
ਮੇਰੇ ਦਰ 'ਤੇ ਜੇ ਮਨਜ਼ੂਰ ਹੋਣਾ, ਕਿਬਰ ਮਾਨ ਛੱਡੀਂ ਮੁਸਲਮਾਨ ਹੋਵੀਂ

✪✪✪

ਤੈਨੂੰ ਪੁੱਤ ਬਣਾ ਕੇ ਆਖਦਾ ਹਾਂ, ਮੇਰੀ ਗੱਲ ਭੁਲਾਈਂ ਨਾ ਮੱਖਣਾ ਤੂੰ
ਹੱਕ ਵਾਸਤੇ ਜਿੰਦੜੀ ਵਾਰਨੀ ਊ, ਨਹੀਂ ਹੱਕ ਪਰਾਏ ਨੂੰ ਚੱਖਣਾ ਤੂੰ
ਲੋੜਵੰਦ ਜੇ ਬੂਹੇ 'ਤੇ ਆਨ ਬੈਠੇ, ਮੋੜੀਂ ਓਸ ਨੂੰ ਕਦੇ ਨਾ ਸੱਖਣਾ ਤੂੰ

ਬਿਨਾਂ ਰੱਬ ਦੇ ਮੇਰਿਆ ਪ੍ਰੀਤਵਾਨਾ! ਨਹੀਂ ਆਸਰਾ ਕਿਸੇ 'ਤੇ ਰੱਖਣਾ ਤੂੰ
ਵੇਖੇਂ ਜਿੱਸ ਪਾਸੇ ਕੰਮ ਨੇਕੀਆਂ ਦਾ, ਲੱਕ ਬੰਨ੍ਹ ਓਸੇ ਪਾਸੇ ਵੱਗ ਜਾਵੀਂ
ਦਰਦ-ਵੰਦ ਜੇਕਰ ਤੇਰੇ ਕੋਲ ਆਵੇ, ਫਹਿਆ ਦਰਦ ਦਾ ਹੋ ਕੇ ਲੱਗ ਜਾਵੀਂ

✪✪✪

ਤੈਨੂੰ ਸੱਚ ਦੇ ਰਾਹ 'ਤੇ ਟੋਰਿਆ ਮੈਂ, ਕਦੇ ਕੂੜ ਦੇ ਰਾਹ 'ਤੇ ਜਾਈਂ ਨਾ ਤੂੰ
ਤੈਨੂੰ ਰੱਬ ਦਾ ਬੰਦਾ ਬਣਾ ਦਿੱਤਾ, ਕਿਸੇ ਹੋਰ ਨੂੰ ਸੀਸ ਨਿਵਾਈਂ ਨਾ ਤੂੰ
ਸੱਚ ਵਾਸਤੇ ਕਰੀਂ ਕਬੂਲ ਸੂਲੀ, ਮਰੀਂ ਹੱਸ ਕੇ ਮੂਲ ਘਬਰਾਈਂ ਨਾ ਤੂੰ
ਰਹੀਂ ਆਪ ਅਜ਼ਾਦ ਪਰ ਹੋਰ ਕੋਈ, ਵੇਖੀਂ ਭੁੱਲ ਗ਼ੁਲਾਮ ਬਣਾਈਂ ਨਾ ਤੂੰ
ਜੇਕਰ ਦਿਲ ਤੂੰ ਤੋੜਿਆ ਬੰਦਿਆਂ ਦਾ, ਸੱਟ ਕਾਲਜੇ ਮੇਰੇ 'ਤੇ ਲੱਗਣੀ ਏਂ
ਜੇ ਤੂੰ ਕਿਸੇ ਹਮਸਾਏ 'ਤੇ ਵਾਰ ਕੀਤਾ, ਮੇਰੇ ਦਿਲ ਵਿੱਚੋਂ ਰੱਤ ਵੱਗਣੀ ਏਂ

✪✪✪

ਕੰਡੇ ਰਾਹ ਦੇ ਅੱਜ ਤੋਂ ਹੂੰਝਣੇ ਨੀ, ਵੇਖੀਂ ਭੁੱਲ ਕੇ ਕਿਤੇ ਖਿਲਾਰਨੇ ਨਹੀਂ
ਮਰਨ ਲਗਿਆਂ ਦੀ ਜਿੰਦ ਰੱਖਣੀ ਊ, ਸਗੋਂ ਜੀਂਵਦੇ ਉੱਠ ਕੇ ਮਾਰਨੇ ਨਹੀਂ
ਨੇਕੀ ਲਈ ਖ਼ੁਦਾ ਨੇ ਦੱਮ ਦਿੱਤੇ, ਜੂਆ ਬਦੀ ਦਾ ਖੇਡ ਕੇ ਹਾਰਨੇ ਨਹੀਂ
ਜੇ ਤੂੰ ਮੂੰਹ ਫਿਟਕਾਰਿਆ ਆਦਮੀ ਦਾ, ਤੈਨੂੰ ਲਾਵਣਾ ਮੂੰਹ ਗੁਫ਼ਾਰ ਨੇ ਨਹੀਂ
ਜੇ ਨਿਮਾਣਿਆਂ ਨੂੰ ਛਾਤੀ ਲਾਏਂਗਾ ਤੂੰ, ਸੀਨੇ ਮੋਮਨਾ ਮੈਂ ਤੈਨੂੰ ਲਾ ਲਵਾਂਗਾ
'ਤੀਰ' ਕਿਸੇ ਨੂੰ ਬਖ਼ਸ਼ਿਆ ਤੂੰ ਜੇਕਰ, ਤੈਨੂੰ ਵਿੱਚ ਦਰਗਾਹ ਬਖ਼ਸ਼ਾ ਲਵਾਂਗਾ

### ਵੱਲੋਂ ਕਵੀ

ਐਪਰ ਦਿਨ ਪੁੱਠੇ ਔਰੰਗਜ਼ੇਬ ਦੇ ਸੀ, ਫੜੀ ਹਿੰਦ ਵਿਚ ਓਸ ਨੇ ਕਾਰ ਉਲਟੀ
ਜਿਨ੍ਹੇ ਆਜਜ਼ਾਂ ਤਾਂਈਂ ਬਚਾਵਣਾ ਸੀ, ਧੂਹੀ ਆਜਜ਼ਾਂ ਉਤੇ ਤਲਵਾਰ ਉਲਟੀ
ਹੁਕਮ ਹਜ਼ਰਤੀ ਦਿਲੋਂ ਉਹ ਭੁੱਲ ਗਿਆ, ਕਰੇ ਜੋ, ਉਹ ਕਰੇ ਵਿਚਾਰ ਉਲਟੀ
'ਤੀਰ' ਓਸ ਦੇ ਇਨ੍ਹਾਂ ਹੀ ਕਾਰਿਆਂ ਨੇ, ਵਿੱਚ ਦਿਨਾਂ ਦੇ ਮੁਗ਼ਲ-ਸਰਕਾਰ ਉਲਟੀ

### ਸ੍ਰੀ ਗੁਰੂ ਤੇਗ਼ ਬਹਾਦਰ ਜੀ-(ਵੱਲੋਂ ਕਵੀ)

ਨੌਵੇਂ ਗੁਰੂ ਜੀ ਦੇਸ਼ ਵਿਚ ਏਸ ਵੇਲੇ, ਧਰਮ ਸੱਚ ਦਾ ਝੰਡਾ ਝੁਲਾ ਰਹੇ ਸੀ
ਮਿਹਰ ਨਾਲ ਚੁਰਾਸੀਆਂ ਕੱਟ ਰਹੇ ਸੀ, ਸੱਚੇ ਸਾਈਂ ਦਾ ਨਾਮ ਜਪਾ ਰਹੇ ਸੀ
ਭਾਵੇਂ ਆਪ ਮਹਾਰਾਜ ਨਿਰਵੈਰ ਹੋ ਕੇ, ਸ਼ਾਂਤ ਧਾਰ ਕੇ ਸਮਾਂ ਲੰਘਾ ਰਹੇ ਸੀ
ਤਾਂ ਵੀ ਈਰਖੀ ਨਹੀਂ ਸੀ ਘੱਟ ਕਰਦੇ, ਸਗੋਂ ਦਿਲਾਂ ਦਾ ਵੈਰ ਵਧਾ ਰਹੇ ਸੀ
ਵੇਲਾ ਤਾੜਦੇ ਸੀ ਚੋਭਾਂ ਲਾਂਵਦੇ ਸੀ, ਰੋਜ਼ ਸੁੱਤੀਆਂ ਕਲਾਂ ਜਗਾ ਰਹੇ ਸੀ
ਛੇੜ ਛੇੜ ਕੇ ਨਵੀਂ ਹੀ ਛੇੜ ਖਾਨੀ, ਜਾਣੀ ਜਾਣ ਨੂੰ ਉਲਝਣਾਂ ਪਾ ਰਹੇ ਸੀ

ਰੋਜ਼ ਜਾ ਜਾ ਕੇ ਕੋਲ ਹਾਕਮਾਂ ਦੇ, ਸੱਕੇ ਸਾਕ ਹੀ ਲੂਤੀਆਂ ਲਾ ਰਹੇ ਸੀ
ਸਾੜ ਦਿਲਾਂ ਦੇ ਕੱਢਣੇ ਲਈ ਸਾਰੇ, ਦੰਦ ਪੀਹ ਕਚੀਚੀਆਂ ਖਾ ਰਹੇ ਸੀ
ਧੀਰ ਮੱਲ ਹੋਰੀਂ ਚੱਲ ਚੱਲ ਚਾਲਾਂ, ਰੋਜ਼ ਈਰਖਾ ਅੱਗ ਚਮਕਾ ਰਹੇ ਸੀ
ਵਾਰ ਦੂਤੀਆਂ ਦੇ, ਜਾਨੀ ਜਾਣ ਗੁਰ ਜੀ, ਨਾਲ ਪ੍ਰੇਮ ਦੇ ਸਦਾ ਘੁਸਾ ਰਹੇ ਸੀ
ਤਾਂ ਵੀ ਆਪਦੇ ਚਾਰ ਚੁਫੇਰ ਓਦੋਂ, 'ਗੁੱਝੇ ਸਾਜਸ਼ੀ', ਜਾਲ ਵਿਛਾ ਰਹੇ ਸੀ
ਮੁਸਲਮਾਨ ਹਾਕਮ ਵਿੱਚੋ ਵਿੱਚ ਓਧਰ, ਸਿੱਖੀ ਵੱਧਦੀ ਵੇਖ ਘਬਰਾ ਰਹੇ ਸੀ
ਕਿਵੇਂ ਇਹ ਸਿੱਖੀ ਮਲੀਆ ਮੇਟ ਹੋਵੇ, ਦਿਨੇ ਰਾਤ ਦਲੀਲ ਦੁੜਾ ਰਹੇ ਸੀ
ਹਿੰਦ ਵਾਸਤੇ ਸਮੇਂ ਕੁਰਬਾਨੀਆਂ ਦੇ, ਵਾਹੋ ਦਾਹ ਦੌੜੇ 'ਤੀਰ' ਆ ਰਹੇ ਸੀ

### ਕੀਰਤਪੁਰ ਤੋਂ ਅਨੰਦਪੁਰ

ਮਾਤਾ ਨਾਨਕੀ ਨੇ ਲੰਮੀ ਸੋਚ ਕੀਤੀ, ਨੌਂਵੇਂ ਗੁਰਾਂ ਨੂੰ ਪਾਸ ਬੁਲਾ ਲੀਤਾ
ਲੱਗੇ ਕਹਿਣ ਵੇਖੋ! ਸਾਕਾਂ ਸੱਕਿਆਂ ਨੇ, ਸਾਡੇ ਨਾਲ ਹੈ ਵੈਰ ਵਧਾ ਲੀਤਾ
ਓਸ ਥਾਂ ਦਾ ਵੱਸਣਾ ਨਰਕ-ਵਾਸੀ, ਜਿਥੇ ਹੋਇ ਚਾਲਾਂ ਘੇਰਾ ਪਾ ਲੀਤਾ
ਕੀਰਤਪੁਰ ਰਹਿਣਾ ਸਾਡਾ ਬੱਸ ਜਾਣੋ, ਬੀਤ ਗਿਆ ਜੋ ਸਮਾਂ ਬਿਤਾ ਲੀਤਾ
ਏਸੇ ਵਾਸਤੇ ਅਸਾਂ ਨੇ ਏਸ ਥਾਓਂ, ਬੇਟਾ ਆਪਣਾ ਚਿੱਤ ਹੈ ਚਾ ਲੀਤਾ
ਅੰਤ ਇਉਂ ਕਹਿ ਕੇ ਮਾਤ ਨਾਨਕੀ ਨੇ, ਨੌਂਵੇਂ ਗੁਰਾਂ ਨੂੰ 'ਤੀਰ' ਮਨਾ ਲੀਤਾ

### ਮਾਤਾ ਨਾਨਕੀ ਜੀ ਨੇ ਕਹਿਣਾ ਨੌਂਵੇਂ ਸਤਿਗੁਰਾਂ ਨੂੰ

ਮਹਾਰਾਜ! ਭਾਵੇਂ ਤੁਸੀਂ ਪੁੱਤ ਮੇਰੇ, ਤਾਂ ਵੀ ਗੁਰੂ ਕਰਕੇ ਨਿਮਸ਼ਕਾਰ ਹੋਵੇ
ਓਸ ਥਾਂ ਦਾ ਵੱਸਣਾ ਨਹੀਂ ਚੰਗਾ, ਜਿਥੇ ਵੱਧਦੀ ਦਿਲਾਂ ਵਿਚ ਖ਼ਾਰ ਹੋਵੇ
ਉਥੇ ਅਮਨ ਨਾ ਕਦੇ ਵੀ ਕੈਮ ਹੁੰਦਾ, ਉੱਡ ਚੁੱਕਿਆ ਜਿੱਥੋਂ ਪਿਆਰ ਹੋਵੇ
ਭੌਰ ਪੱਲ ਵੀ ਵੱਸਦੇ ਨਹੀਂ ਉੱਥੇ, ਫੁੱਲਾਂ ਵਿੱਚ ਨਾ ਜਿਥੇ ਮਹਿਕਾਰ ਹੋਵੇ
ਕਰੋ ਢੰਗ ਐਸਾ ਏਥੋਂ ਅੱਡ ਹੋਈਏ, ਦੱਸੋ ਆਪਣੀ ਜਿਹੜੀ ਵਿਚਾਰ ਹੋਵੇ
ਰੋਜ਼ ਰੋਜ਼ ਦੀ ਕਲਪਣਾ ਹਟ ਜਾਵੇ, ਨਾਲੇ ਜੱਗ ਦਾ 'ਤੀਰ' ਉਧਾਰ ਹੋਵੇ

### ਗੁਰੂ ਤੇਗ ਬਹਾਦਰ ਜੀ ਨੇ ਕਹਿਣਾ, ਮਾਤਾ ਨਾਨਕੀ ਜੀ ਨੂੰ

ਬੋਲੇ ਨਾਲ ਸਤਿਕਾਰ ਦੇ ਗੁਰੂ ਨੌਂਵੇਂ, ਮਾਤਾ! ਆਪਦਾ ਹੁਕਮ ਵਜਾਵਣਾ ਏਂ
ਜਿਥੇ ਹੋਇਗਾ ਸਦਾ ਅਨੰਦ ਸੱਚਾ, ਅਸਾਂ 'ਪੁਰ ਅਨੰਦ' ਵਸਾਵਣਾ ਏਂ
ਕਰੋ ਕੂਚ ਤਿਆਰੀਆਂ ਤੁਸੀਂ ਸਾਰੇ, ਕੁਝ ਦਿਨਾਂ ਤੀਕਰ ਚਲੇ ਜਾਵਣਾ ਏਂ
'ਤੀਰ' ਹੋਇਗਾ ਓਹੋ ਜਹਾਨ ਉੱਤੇ, ਜਿਹੜਾ ਕੰਮ ਕਰਤਾਰ ਨੂੰ ਭਾਵਣਾ ਏਂ

## ਕੀਰਤਪੁਰ ਤੋਂ ਚਾਲੇ

ਇੱਕ ਰਾਤ ਪ੍ਰਭਾਤ ਦੇ ਸਮੇਂ ਵੇਖੋ! ਨੌਵੇਂ ਪਾਤਸ਼ਾਹ ਰੂਪ-ਪਿਆਰ ਨਿਕਲੇ
'ਰਾਮਸੱਤਿ' ਆਖੀ ਕੀਰਤਪੁਰ ਤਾਈਂ, ਕੋਈ ਧਾਰਨਾ ਨਵੀਂ ਹੀ ਧਾਰ ਨਿਕਲੇ
ਪਾਪੀ ਤਾਰਦੇ ਪੁੱਜ ਪਏ ਪਰਬਤਾਂ 'ਤੇ, ਕਰਨ ਵਾਸਤੇ ਧਰਮ-ਪਰਚਾਰ ਨਿਕਲੇ
ਵੇਖ ਵੇਖ ਹਰਿਆਵਲਾ ਦੇਸ਼ ਸੋਹਣਾ, 'ਤੀਰ' ਮੂੰਹ ਤੋਂ ਪਈ ਬਲਿਹਾਰ ਨਿਕਲੇ

## ਅਨੰਦਪੁਰ ਦੀ ਰਚਨਾ

ਚੁੱਪ ਚਾਪ ਨਿਰਵੈਰ ਮਹਾਰਾਜ ਜੀ ਨੇ, ਖਹਿੜਾ ਦੂਤੀਆਂ ਕੋਲੋਂ ਛੁਡਾ ਲੀਤਾ
ਧਾਰਾ ਵੇਖ ਸੁਹਾਵਣੇ ਪਰਬਤਾਂ ਦੀ, ਡੇਰਾ ਇੱਕ ਟਿਕਾਣੇ 'ਤੇ ਲਾ ਲੀਤਾ
ਗਿਰਦ ਗੁਰਾਂ ਦੇ ਆਣ ਕੇ ਸੰਗਤਾਂ ਨੇ, ਵਾਂਗ ਭੌਰਿਆਂ ਦੇ ਝੁਰਮਟ ਪਾ ਲੀਤਾ
ਵੱਸੋਂ ਲਈ ਜ਼ਮੀਨ ਖ਼ਰੀਦ ਲੀਤੀ, ਜੰਗਲ ਵਿਚ ਹੀ ਮੰਗਲ ਬਣਾ ਲੀਤਾ
ਆਖ ਆਪਣੇ ਸਾਰਿਆਂ ਸੇਵਕਾਂ ਨੂੰ, ਲੋੜ ਲਈ ਸਾਮਾਨ ਮੰਗਵਾ ਲੀਤਾ
ਉਥੇ 'ਸ੍ਰੀ ਅਨੰਦ ਪੁਰ' ਨਾਮ ਧਰ ਕੇ, ਇੱਕ ਸ਼ਹਿਰ ਰਮਣੀਕ ਵਸਾ ਲੀਤਾ
ਦਿਨਾਂ ਵਿੱਚ ਰੌਣਕ ਉਥੇ ਖ਼ੂਬ ਹੋਈ, ਬੀਆਬਾਨ ਨੇ ਰੰਗ ਵਟਾ ਲੀਤਾ
ਭਜਨ ਬੰਦਗੀ ਦੀ ਖ਼ੂਬ ਲਹਿਰ ਚੱਲੀ, ਗੁਰਾਂ ਖ਼ੂਬ ਸਤਿਸੰਗ ਸਜਾ ਲੀਤਾ
ਕੀਰਤ ਪੁਰ ਵਿੱਚੋਂ ਥੋੜੇ ਦਿਨਾਂ ਪਿੱਛੋਂ, ਫੇਰ ਸਭ ਪਰਵਾਰ ਮੰਗਵਾ ਲੀਤਾ
ਮਾਤਾ ਗੁੱਜਰੀ ਤੇ ਮਾਤਾ ਨਾਨਕੀ ਨੇ, 'ਤੀਰ' ਦਿਲ ਦਾ ਫ਼ਿਕਰ ਭੁਲਾ ਲੀਤਾ

## ਈਰਖੀ ਫੇਰ ਵੀ ਨਾ ਟਲੇ

ਟਲੇ ਫੇਰ ਵੀ ਈਰਖੀ ਮੂਲ ਨਾਹੀਂ, ਰਹੇ ਲੁੱਕ ਕੇ ਵਾਰ 'ਤੇ ਵਾਰ ਕਰਦੇ
ਬੇੜੀ ਜਿਨ੍ਹਾਂ ਨੇ ਜੱਗ ਦੀ ਤਾਰਨੀ ਸੀ, ਰਹੇ ਉਨ੍ਹਾਂ ਦੇ ਨਾਲ ਵੀ ਖ਼ਾਰ ਕਰਦੇ
ਜਿਵੇਂ ਤੰਗ ਹੋਵਣ ਜਾਣੀ ਜਾਣ ਬਹੁਤੇ, ਏਸ ਤਰ੍ਹਾਂ ਦੀ ਰਹਿਣ ਵਿਚਾਰ ਕਰਦੇ
ਪ੍ਰੇਮ ਦਇਆ ਦੀ ਮੂਰਤੀ ਗੁਰੂ ਨੌਵੇਂ, ਤਾਂ ਵੀ ਉਨ੍ਹਾਂ ਦੇ ਨਾਲ ਪਿਆਰ ਕਰਦੇ
ਅੰਨ ਧੰਨ ਦੇਂਦੇ ਤਰਸਵਾਨ ਹੋ ਕੇ, ਘਰ ਆਏ ਦਾ ਬੜਾ ਸਤਿਕਾਰ ਕਰਦੇ
ਕੰਡੇ ਚੋਭਦੇ ਸੀ ਜਿਹੜੇ ਨੀਚ ਪਾਪੀ, ਉਨ੍ਹਾਂ ਵਿੱਚ ਵੀ ਪੈਦਾ ਮਹਿਕਾਰ ਕਰਦੇ
ਹੌਲਾ ਜੱਗ ਦੇ ਭਾਰ ਨੂੰ ਕਰਨ ਵਾਲੇ, ਸਦਾ ਉਨ੍ਹਾਂ ਦਾ ਸੀ ਹੌਲਾ ਭਾਰ ਕਰਦੇ
'ਤੀਰ' ਭਲੇ ਭਲਾਈਆਂ ਕਰਨ ਲੱਖਾਂ, ਤਾਂ ਵੀ ਬਦੀ ਨੇ ਸਦਾ ਬੁਰਿਆਰ ਕਰਦੇ

## ਗੁਰੂ ਜੀ ਨੇ ਤੀਰਥਾਂ ਦੀ ਯਾਤਰਾ ਕਰਦੇ ਪਟਨੇ ਪਹੁੰਚਣਾ ਤੇ ਸੰਗਤਾਂ ਵਿਚ ਉਮਾਹ

ਆਖ਼ਰ ਟੁਰ ਪਏ ਪੁਰੀ ਅਨੰਦ ਵਿੱਚੋਂ, ਨੌਵੇਂ ਸਤਿਗੁਰੂ ਜੀ ਤੰਗ ਆ ਆ ਕੇ
ਕੀਤੀ ਥਾਂ ਥਾਂ ਯਾਤਰਾ ਤੀਰਥਾਂ ਦੀ, ਗੀਤ ਦਿਲੋਂ ਗੋਬਿੰਦ ਦੇ ਗਾ ਗਾ ਕੇ

ਜਦੋਂ ਪੱਟਨੇ ਸ਼ਹਿਰ ਦੇ ਵਿੱਚ ਪਹੁੰਚੇ, ਲੋਕੀਂ ਲੈਣ ਆਏ ਅੱਗੋਂ ਧਾ ਧਾ ਕੇ
ਕਰਨ ਬੰਦਨਾ ਹੋ ਪ੍ਰੇਮ-ਭੌਰੇ, ਚੁੰਮਣ ਚਰਨ-ਧੂੜੀ ਮੱਥੇ ਲਾ ਲਾ ਕੇ
ਜਿਹੜੇ ਦਰਸ਼ਨਾਂ ਨਾਲ ਨਿਹਾਲ ਹੋਵਣ, ਦੱਸਣ ਦੂਜਿਆਂ ਨੂੰ ਘਰੀਂ ਜਾ ਜਾ ਕੇ
ਸਾਰਾ ਪੱਟਨਾ ਦੀਦ ਨੂੰ ਚੱਲ ਆਯਾ, 'ਤੀਰ' ਸਭ ਆਏ ਖ਼ਬਰ ਪਾ ਪਾ ਕੇ

## ਸਤਿਗੁਰਾਂ ਦਾ ਮਾਤਾ ਨਾਨਕੀ ਤੇ ਮਹਿਲ ਗੁਜਰੀ ਜੀ ਨੂੰ ਪਟਨੇ ਛੱਡ ਕੇ ਬੰਗਾਲ ਵੱਲ ਜਾਣਾ

ਹੋਈ ਖ਼ਬਰ ਰਾਜੇ ਬਿਸ਼ਨ ਸਿੰਘ ਤਾਈਂ, ਜੋਧ ਪੁਰ ਤੋਂ ਚੱਲਿਆ ਧਾ ਕੇ ਤੇ
ਨੌਵੇਂ ਗੁਰਾਂ ਦੇ ਆਣ ਹਜ਼ੂਰ ਪੁੱਜਾ, ਪੱਲਾ ਆਪਣੇ ਗਲੇ ਵਿਚ ਪਾ ਕੇ ਤੇ
ਭਰੀ ਭਰੀ ਅੱਖੀਂ ਡਿੱਗਾ ਆਣ ਚਰਨੀਂ, ਬੋਲ ਬੋਲਿਆ ਬੜਾ ਘਿਘਿਆ ਕੇ ਤੇ
ਪਕੜ ਚਰਨ ਲੀਤੇ ਰੋਂਦਾ ਕਹੀ ਜਾਵੇ, ਨਾਲ ਨਿਮਰਤਾ ਸੀਸ ਨਿਵਾ ਕੇ ਤੇ
'ਸੱਚੇ ਪਾਤਸ਼ਾਹ ਕਾਮਰੂ ਦੇਸ ਤਾਈਂ, ਤਾਰੋ ਆਪਣੇ ਚਰਨ ਛੁਹਾ ਕੇ ਤੇ
ਰਾਜ ਤਾਜ ਮੈਂ ਆਪਣਾ ਸਫਲ ਜਾਣਾਂ, ਸੀਸ ਆਪ ਦੇ ਛਤਰ ਝੁਲਾ ਕੇ ਤੇ
ਕਰੋ ਮਹਿਲ ਸਫਲੇ ਚੱਲੋ ਚਰਨ ਪਾਓ, ਖ਼ੁਸ਼ੀ ਹੋਇਗੀ ਟਹਿਲ ਕਮਾ ਕੇ ਤੇ'
ਮਹਾਰਾਜ ਨੇ ਮੰਨ ਅਰਦਾਸ ਲੀਤੀ, ਮਿਹਰ ਦਇਆ ਦੇ ਰੰਗ ਵਿਚ ਆ ਕੇ ਤੇ
ਮਾਤਾ ਨਾਨਕੀ ਤੇ ਮਹਿਲ ਰਹੇ ਪਿੱਛੇ, ਗਏ ਗੁਰੂ ਜੀ ਧੀਰ ਬੰਨ੍ਹਵਾ ਕੇ ਤੇ
ਕੀਤਾ ਬਚਨ ਕਿ ਝੱਬ ਹੀ ਪਰਤਣਾ ਏਂ, ਅਸਾਂ ਨਾਮ ਦੀ ਗੂੰਜ ਗੁੰਜਾ ਕੇ ਤੇ
ਚੰਗੀ ਨਹੀਂ ਵਧਾਵਣੀ ਗੱਲ ਏਥੇ, ਲੈਣਾ ਕੀ ਹੈ ਲੇਖ ਵਧਾ ਕੇ ਤੇ
ਸਿੱਧਾ 'ਤੀਰ' ਨਿਸ਼ਾਨੇ 'ਤੇ ਮਾਰਦੇ ਤਾਂ, ਜਿਹੜਾ ਵੱਜੇ ਨਿਸ਼ਾਨੇ 'ਤੇ ਜਾ ਕੇ ਤੇ

## ਪਟਨੇ ਵਿਚ ਸ੍ਰੀ ਦਸਮੇਸ਼-ਜਨਮ

ਜੇੜ੍ਹੀ ਆਜਜ਼ਾਂ ਦੇ ਦਿਲੋਂ ਉੱਠਦੀ ਸੀ, ਸੁਣੀ ਗਈ ਉਹ ਕੂਕ ਪੁਕਾਰ ਪਟਨੇ
ਜਿਨ੍ਹੇ ਗਲੇ ਗ਼ਰੀਬਾਂ ਨੂੰ ਲਾਵਣਾ ਸੀ, ਉਹੋ ਜਾਗਿਆ ਰੱਬੀ-ਪਿਆਰ ਪਟਨੇ
ਜੇੜ੍ਹੀ ਹਿੰਦ ਸੀ ਅੱਗ ਦਾ ਰੂਪ ਹੋਈ, ਦਿੱਤੀ ਪਲ ਦੇ ਵਿਚ ਉਹ ਠਾਰ ਪਟਨੇ
ਜਿਨ੍ਹੇ ਸ਼ਾਹ-ਸਵਾਰ ਸਦਾਵਣਾ ਸੀ, ਆਇਆ ਗੁੱਜਰੀ ਦਾ ਹੋਣਹਾਰ ਪਟਨੇ
ਜਿਨ੍ਹੇ ਕਲਗੀਆਂ ਤਾਜ ਨਿਵਾਵਣੇ ਸੀ, ਪੈਦਾ ਹੋ ਗਿਆ ਉਹ ਸਰਦਾਰ ਪਟਨੇ
ਉਹਦੇ ਰੂਪ ਵਾਲੀ ਝੱਲਕ ਪੈਂਦਿਆਂ ਈ, ਅਲੋਕਾਰ ਹੋਏ ਚਮਤਕਾਰ ਪਟਨੇ
ਫੁੱਲਾਂ ਵਿਚ ਆਇਆ ਰੱਬੀ ਖ਼ੁਸ਼ੀ ਖੇੜਾ, ਨਿਮਸ਼ਕਾਰ ਕੀਤੀ ਲੱਖਾਂ ਵਾਰ ਪਟਨੇ
'ਤੀਰ' ਜੜ੍ਹੋਂ ਜਿਸ ਨੇ ਪਾਪ ਪੁੱਟਣਾ ਸੀ, ਉਹਨੇ ਆਣ ਕੇ ਲਿਆ ਅਵਤਾਰ ਪਟਨੇ

### ਵੱਲੋਂ ਕਵੀ

ਸੁਦੀ ਪੋਹ ਦੀ ਸਪਤਮੀ ਤਿੱਥ ਹੈਸੀ, ਐਤਵਾਰ ਦੇ ਦਿੱਨ ਕਮਾਲ ਹੋਇਆ
ਸੋਲਾਂ ਸੌ ਛਿਆਹਠ ਸੀ ਈਸਵੀ ਦਾ, ਪੈਦਾ ਪਟਨੇ ਵਿਚ ਸੁੱਚਾ ਲਾਲ ਹੋਇਆ
ਧੁੰਮੀ ਖ਼ੁਸ਼ੀ ਦੀ ਸੋਅ ਜਾ ਹਰ ਪਾਸੇ, ਜਿਨ੍ਹੇ ਸੁਣੀ ਉਹ ਦਿਲੋਂ ਨਿਹਾਲ ਹੋਇਆ
ਭੋਇੰ ਡੋਲਦੀ ਨੇ ਸੁੱਖੀ ਸਾਹ ਲੀਤਾ, ਉਦ੍ਹੇ ਦਿਲ ਦਾ ਮੱਠਾ ਭੁਚਾਲ ਹੋਇਆ
ਮਾਤਾ ਨਾਨਕੀ ਨੇ ਬੜੀ ਖ਼ੁਸ਼ੀ ਕੀਤੀ, ਮੇਹ੍ਰਵਾਨ ਜਾਂ ਦੀਨ ਦਿਆਲ ਹੋਇਆ
ਗਈ ਗੁਜ਼ਰੀ ਹਿੰਦ ਵਿਚ ਜਿੰਦ ਆਈ, 'ਤੀਰ' ਗੁੱਜਰੀ ਨੂੰ ਐਸਾ ਬਾਲ ਹੋਇਆ

### ਉਸ ਸਮੇਂ ਦੀ ਹਵਾ ਵਿਚ ਕੀ ਗੂੰਜ ਸੀ (ਖ਼ਿਆਲ ਕਵੀ ਵੱਲੋਂ)

ਹਵਾ ਗੂੰਜਦੀ ਆਖਦੀ ਜਾਂਵਦੀ ਸੀ, ਇਹੋ! ਜੱਗ ਤੋਂ ਪਾਪ ਮਿਟਾਇਗਾ ਜੇ
ਲੋਕੋ ਅੱਜ ਜੋ ਪੱਟਨੇ ਵਿਚ ਆਇਆ, ਰੰਗ ਆਪਣੇ ਖ਼ੂਬ ਵਿਖਾਇਗਾ ਜੇ
ਲੋਕੀਂ ਜਿਨ੍ਹਾਂ ਨੂੰ ਛੋਣ੍ਹ ਵੀ ਨਹੀਂ ਦੇਂਦੇ, ਗੱਲ ਚੁੱਕ ਕੇ ਉਨ੍ਹਾਂ ਨੂੰ ਲਾਇਗਾ ਜੇ
ਜੇੜ੍ਹੀ ਏਕਤਾ ਮੂਲ ਨਾ ਹੋਣ ਦੇਂਦੀ, ਜਾਤ ਪਾਤ ਦੀ ਹੱਦ ਮਿਟਾਇਗਾ ਜੇ
ਤਾਜਾਂ ਏਸਦੇ ਹੀ ਚਰਨ ਚੁੰਮਣੇ ਨੇ, ਜਾਣੀ ਜਾਣ ਸਤਿਗੁਰੂ ਸਦਵਾਇਗਾ ਜੇ
ਹਿੰਦ ਦੇਸ਼ ਦੇ ਪਿਤਾ ਬਚਾਣ ਖ਼ਾਤਰ, ਪਿਤਾ ਆਪਣਾ ਘੋਲ ਘੁਮਾਇਗਾ ਜੇ
ਭਾਰਤ ਮਾਂ ਦੀ ਬੰਦ ਛੁਡਾਣ ਖ਼ਾਤਰ, ਅੰਮਾਂ ਆਪਣੀ ਕੈਦ ਵਿਚ ਪਾਇਗਾ ਜੇ
ਦੇਸ਼ ਕੌਮ ਦੀ ਕੰਧ ਬਣਾਣ ਖ਼ਾਤਰ, ਪੁੱਤ ਨੀਂਹਾਂ ਦੇ ਵਿਚ ਚਿਣਾਇਗਾ ਜੇ
ਲੱਗੀ ਜ਼ੁਲਮ ਦੀ ਅੱਗ ਬੁਝਾਣ ਖ਼ਾਤਰ, ਰੱਤ ਆਪਣੀ ਬੰਸ ਦੀ ਪਾਇਗਾ ਜੇ
ਜਿਹਨੂੰ ਕਾਲ ਦਾ ਹੋਇਗਾ ਭੈ ਨਾਹੀਂ, ਐਸਾ ਆਪਣਾ ਪੰਥ ਚਲਾਇਗਾ ਜੇ
ਨਵੇਂ ਕਰੇਗਾ ਜੱਗ 'ਤੇ ਕਾਰਨਾਮੇ, ਜ਼ੋਰ ਜ਼ੁਲਮ ਨੂੰ ਜੜ੍ਹੋਂ ਹਿਲਾਇਗਾ ਜੇ
ਚਿੜੀ ਏਸਦੀ ਸ਼ੇਰ ਦਾ ਕਰੂ ਧਾਮਾ, ਐਸੀ ਓਸ ਨੂੰ ਚਿੜ੍ਹ ਚੜ੍ਹਾਇਗਾ ਜੇ
ਕੀੜੀ ਏਸ ਦੀ ਨੇ ਹਾਥੀ ਜਿੱਤਣੇ ਨੇ, ਡਰੂ ਗਿੱਦੜੋਂ ਸ਼ੇਰ ਬਣਾਇਗਾ ਜੇ
ਜਿਹੜੇ ਅੱਜ ਗ਼ਰੀਬਾਂ ਨੂੰ ਚੱਬਦੇ ਨੇ, ਉਨ੍ਹਾਂ ਜ਼ਾਲਮਾਂ ਦੀ ਜਾਨ ਖਾਇਗਾ ਜੇ
ਪਾਨ ਖਾਂਦਿਆਂ ਜਾਬਰਾਂ ਜ਼ਾਲਮਾਂ ਨੂੰ, ਖ਼ੂਬ ਲੋਹੇ ਦੇ ਚਣੇ ਚਬਾਇਗਾ ਜੇ
ਫਾਹੀ ਕੱਟ ਕੇ ਗਲੋਂ ਗ਼ੁਲਾਮੀਆਂ ਦੀ, ਬੱਝੇ ਦੇਸ਼ ਦੀ ਜਿੰਦ ਛੁਡਾਇਗਾ ਜੇ
ਇਹੋ ਗੁਰੂ, ਸੂਰਾ, ਦੇਸ਼-ਭਗਤ ਹੋ ਕੇ, ਤੀਰ ਜੱਗ 'ਤੇ ਪੂਜਿਆ ਜਾਇਗਾ ਜੇ

### (ਖ਼ਿਆਲ) ਪੋਹ ਸੁਦੀ ਸਪਤਮੀ ਬਾਬਤ (ਵੱਲੋਂ ਕਵੀ) ਨਵੀਨ ਬੈਂਤ :–

ਪਾ ਕੇ ਗਲੇ ਅੰਦਰ ਹਾਰ ਤਾਰਿਆਂ ਦਾ, ਮੰਨਮੋਹਣ ਵਾਲੀ ਰਾਣੀ ਰਾਤ ਆਈ
ਰਾਣੀ ਰਾਤ ਦੇ ਮੁੱਖ ਦੀ ਚਾਨਣੀ 'ਚੋਂ, ਫੁੱਲਾਂ ਵਾਂਗਰਾਂ ਖਿੜੀ ਪਰਭਾਤ ਆਈ

ਓਸ ਖਿੜੀ ਪ੍ਰਭਾਤ ਦੀ ਖ਼ੁਸ਼ੀ ਅੰਦਰ, ਸੱਤੇ ਸੁਰਾਂ ਆਸਾ ਰਾਗ ਗਾਣ ਲੱਗੀਆਂ
ਬਣੀ ਸੱਤਾਂ ਦੀ ਸੱਤਵੀਂ ਆਸ ਪੂਰਨ, ਉਦ੍ਹੇ ਰਾਜ ਅੰਦਰ ਰੱਬੀ ਜ਼ਾਤ ਆਈ
ਆ ਕੇ ਗੁੱਜਰੀ ਦੀ ਗੋਦ ਵਿੱਚ ਖੇਡੀ, ਖਿੜੀ ਕਲੀ ਵਾਂਙੂ ਮੁਸਕਰਾਣ ਲੱਗੀ
ਜਗਦੀ ਜੋਤ ਤੱਕਕੇ ਹਰ ਚੀਜ਼ ਜਗ ਦੀ, ਉਹਨੂੰ ਆਤਮਾ ਭੇਟ ਚੜ੍ਹਾਣ ਲੱਗੀ

✪✪✪

ਚੰਨਣ ਝੂਮ ਕੇ ਬੋਲਿਆ ਖ਼ੁਸ਼ੀ ਅੰਦਰ, ਓ! ਮੈਂ ਆਪਣਾ ਆਪ ਗਵਾ ਲਵਾਂਗਾ
ਮੈਨੂੰ ਜਿਨ੍ਹੇਂ ਜਹਾਨ 'ਤੇ ਮਹਿਕ ਦਿੱਤੀ, ਨਾਲ ਪ੍ਰੇਮ ਦੇ ਉਹਨੂੰ ਰੀਝਾ ਲਵਾਂਗਾ
ਉਦ੍ਹੇ ਵਾਸਤੇ ਚੜ੍ਹਾਂਗਾ ਚਰਖ਼ੀਆਂ 'ਤੇ, ਛਾਤੀ ਛੇਕ ਕਰਵਾ ਕੇ ਸੂਲੀਆਂ ਤੋਂ
ਭੁੱਲ ਜਾਣਗੇ ਦੁੱਖ ਤੇ ਦਰਦ ਸਾਰੇ, ਜਦੋਂ ਦੀਦ ਦਿਲਦਾਰ ਦਾ ਪਾ ਲਵਾਂਗਾ
ਚਾਈਂ ਚਾਈਂ ਪੰਘੂੜੇ ਦਾ ਰੂਪ ਹੋ ਕੇ, ਸ਼ਹਿਰ ਪੱਟਨੇ ਫਿਰਾਂਗਾ ਭਾਲਦਾ ਮੈਂ
ਓ! ਮੈਂ ਪੂਜਿਆ ਜਾਂਗਾ ਜੱਗ ਅੰਦਰ, ਝੂਲਾ ਹੋ ਕੇ ਗੁੱਜਰੀ ਦੇ ਲਾਲ ਦਾ ਮੈਂ

✪✪✪

ਪਿਆ ਹੈ ਸੀ ਲੋਹਾ ਬਿਸੁੱਧ ਕਿਧਰੇ, ਪੱਥਰ ਹਿੱਕ 'ਤੇ ਰੱਖ ਕੇ ਖਾਣ ਅੰਦਰ
ਜਦੋਂ ਪਟਨਿਓਂ ਨੂਰ ਦੀ ਝਲਕ ਵੱਜੀ, ਚਮਕ ਖਾ ਕੇ ਬੋਲਿਆ ਮਾਣ ਅੰਦਰ
ਵੀਰਾ ਚੰਨਣਾ! ਮੇਰੇ ਵੀ ਭਾਗ ਜਾਗੇ, ਭੱਠੀ ਪੈ ਪੈ ਸਵ੍ਹਾਂਗਾ ਕੁੱਟ ਮੈਂ ਵੀ
ਮਿੱਠੇ ਦੀਦ ਖ਼ਾਤਰ ਮੈਂ ਵੀ ਜ਼ਹਿਰ ਖਾ ਕੇ, ਜਗੀ ਜੋਤ ਲਈ ਬੱਝਣਾਂ ਪਾਣ ਅੰਦਰ
ਚੰਦ ਦੂਜ ਦਾ ਚੁੰਮਸੀ ਪੈਰ ਮੇਰੇ, ਜਦੋਂ ਕੱਢਸੀ ਮੈਨੂੰ ਮਿਆਨ ਵਿੱਚੋਂ
ਸ਼ੇਸ਼ ਨਾਗ ਵੀ ਸ਼ੂਕਣਾ ਛੱਡ ਦੇਸੀ, ਜਾਂ ਮੈਂ ਚੱਲਸਾਂ ਉਹਦੀ ਕਮਾਨ ਵਿੱਚੋਂ

✪✪✪

ਸੋਨਾ ਕੋਲੋਂ ਹੀ ਬੋਲਿਆ ਵੇਖ ਵੀਰਾ! ਤੈਥੋਂ ਵੱਧ ਕੇ ਘਾਲ ਮੈਂ ਘਾਲਣੀ ਏਂ
ਇੱਕ ਵਾਰ ਕੀ ਹੱਸ ਕੇ ਸੌ ਵਾਰੀ, ਜਾਨ ਵਿਚ ਕੁਠਾਲੀ ਦੇ ਗਾਲਣੀ ਏਂ
ਉਦ੍ਹੀ ਸਿੱਕ ਦੇ ਸੱਜਰੇ ਸੇਕ ਅੰਦਰ, ਫੂਕ ਸੁੱਟਣੀ ਏਂ ਖੋਟ ਦਿੱਲ ਵਾਲੀ
ਸੋਨਾ ਹੁੰਦਿਆਂ ਹੋ ਕੇ ਮਨੋਂ ਮਿੱਟੀ, ਸੁੱਚੀ ਪ੍ਰੀਤ ਮੈਂ ਓਸਦੀ ਪਾਲਣੀ ਏਂ
ਉਹਦੀ ਅੱਖ ਦੇ ਵਿਚ ਮਨਜ਼ੂਰ ਹੋ ਕੇ, ਮੈਂ ਹੀ ਜਾਣਦਾ ਹਾਂ ਜਿੰਨਾ ਸੁਖੀ ਹੋਸਾਂ
ਮੇਰੀ ਮੁੱਠ ਅੰਦਰ ਹੋਸੀ ਜਾਨ ਤੇਰੀ, ਜੇ ਤੂੰ 'ਤੀਰ' ਬਣਸੇਂ ਤਾਂ ਮੈਂ ਮੁਖੀ ਹੋਸਾਂ

✪✪✪

ਜੱਲਵਾ ਪੀਆ ਦਾ ਰੱਖ ਕੇ ਦਿੱਲ ਅੰਦਰ, ਮੋਤੀ ਪੇਟ 'ਚੋਂ ਸਿੱਪ ਨੂੰ ਕਹਿਣ ਲੱਗਾ
ਮੈਨੂੰ ਇਸੇ ਵੇਲੇ ਮਾਏ! ਜਨਮ ਦੇ ਦੇ, ਮੇਰਾ ਚਿਰਾਂ ਦਾ ਚਾ ਹੈ ਲਹਿਣ ਲੱਗਾ
ਜੱਗ ਮੋਤੀਆਂ ਵਾਲੀ ਸਰਕਾਰ ਆਈ, ਮੋਤੀ ਆ ਆ ਚੜ੍ਹਨਗੇ ਭੇਟ ਉਸਦੀ
ਜਿਹੜਾ ਓਸ ਦੇ ਗਲੇ ਦਾ ਹਾਰ ਹੋਸੀ, ਸੱਲ ਨਹੀਂ ਜੁਦਾਈ ਦੇ ਸਹਿਣ ਲੱਗਾ

ਸਾਰਾ ਜੱਗ ਨਿਵਾਂਵਦਾ ਸੀਸ ਜਿਸਨੂੰ, ਮੈਂ ਵੀ ਓਸ ਨੂੰ ਸੀਸ ਨਿਵਾਵਣਾ ਏਂ
ਮੈਂ ਤੇ ਗੁਜਰੀ ਦੇ ਲਾਲ ਕੋਲ ਜਾ ਕੇ, ਵੇਖੀਂ ਵਿੱਚ ਕਲਗੀ ਜੜਿਆ ਜਾਵਣਾ ਏਂ

✪✪✪

ਕਿਸੇ ਸੂਰਮੇ ਰਾਜੇ ਦੀ ਰੂਹ ਬੋਲੀ, "ਖ਼ੁਸ਼ੀ ਖ਼ੁਸ਼ੀ ਮੈਂ ਛੱਡਿਆ ਰਾਜ ਆਪਣਾ
ਮੈਨੂੰ ਲਟਕ ਲੱਗੀ ਤੇਰੇ ਦਰਸ਼ਨਾਂ ਦੀ, ਤੈਥੋਂ ਵਾਰਿਆ ਏ ਤਖ਼ਤ ਤਾਜ ਆਪਣਾ
ਨਹੀਂ ਦੇਹ ਮਨੁੱਖ ਦੀ ਲੋੜ ਮੈਨੂੰ, ਕਾਇਆਂ ਪਲਟ ਮੇਰੀ ਲਾਲ-ਗੁਜਰੀ ਦੇ
ਸਾਰੇ ਉੱਡਦਾ ਫਿਰਾਂਗਾ ਖ਼ੁਸ਼ੀ ਅੰਦਰ, ਵੱਡਾ ਹੋ ਬਣਾਏਂ ਜੇ ਬਾਜ ਆਪਣਾ
ਮੇਰੇ ਰੱਬ ਜੀ! ਤੈਨੂੰ ਰੀਝਾਣ ਖ਼ਾਤਰ, ਤੇਰੇ ਹੁਕਮ ਅੰਦਰ ਕਾਰ ਕਰਾਂਗਾ ਮੈਂ
ਜੇ ਜੀਵਾਇੰਗਾ ਤੂੰ ਤਾਂ ਜੀ ਪਵਾਂਗਾ, ਜੇ ਤੂੰ ਚਾਹੇਂਗਾ ਚਿੜੀ ਤੋਂ ਮਰਾਂਗਾ ਮੈਂ"

✪✪✪

ਕੋਈ ਸਿਦਕ ਅੰਦਰ ਭਿੱਜੀ ਰੂਹ ਬੋਲੀ, "ਦਿਲੋਂ ਚਾਹੁੰਦੀ ਹਾਂ ਤੇਰਾ ਸੰਗ ਮੈਂ ਵੀ
ਦੇਹੀ ਲਈ ਮੈਨੂੰ ਚਰਨ-ਧੂੜ ਦੇਵੀਂ, ਨਾਲ ਤਰਲਿਆਂ ਦੇ ਕਰਾਂ ਮੰਗ ਮੈਂ ਵੀ
ਰੰਗ ਦੁੱਧ ਤੋਂ ਪੂਛ ਲਈ ਮੰਗ ਲਾਂ ਗੀ, ਚਾਲ ਲਵਾਂਗੀ ਚੰਚਲੇ ਮੰਨ ਕੋਲੋਂ
ਆਸ-ਮਾਨ ਛਡ ਕੇ ਆਸਮਾਨ ਕੋਲੋਂ, ਨੀਲਾ ਮੰਗ ਕੇ ਲਵਾਂਗੀ ਰੰਗ ਮੈਂ ਵੀ
ਤੇਰੀ ਭੇਟ ਚੜ੍ਹਸਾਂ ਲਾਲ ਗੁਜਰੀ ਦੇ, ਲਾਡ ਨਾਲ ਆਖੀਂ ਦਲ-ਸ਼ਿੰਗਾਰ ਮੈਨੂੰ
'ਤੀਰ' ਵਾਗ ਮੇਰੀ ਤੇਰੇ ਹੱਥ ਹੋਸੀ, ਕਰੀਂ ਤੁੱਠ ਕੇ ਭਵਜਲੋਂ ਪਾਰ ਮੈਨੂੰ"

### *ਸਭ ਦਿਲਾਂ ਵਿਚ ਖ਼ੁਸ਼ੀ ਦੀ ਲਹਿਰ (ਵੱਲੋਂ ਕਵੀ)*

ਮਾਤਾ ਨਾਨਕੀ ਨੇ ਬੜੀ ਖ਼ੁਸ਼ੀ ਕੀਤੀ, ਦਿਲੀ ਸੱਧਰਾਂ ਰੱਬ ਵਿਖਾਲੀਆਂ ਨੇ
ਬੂਹੇ ਆ ਵਧਾਈ ਦੇ ਗੀਤ ਗਾਂਵੇਂ, ਭੈਣਾਂ ਖ਼ੁਸ਼ੀ ਅੰਦਰ ਵੀਰਾਂ ਵਾਲੀਆਂ ਨੇ
ਜਿਹੜੇ ਮਾਂਗਤਾਂ ਆਣ ਅਸੀਸ ਕੀਤੀ, ਭੱਰ ਉਨ੍ਹਾਂ ਨੇ ਲੀਤੀਆਂ ਥਾਲੀਆਂ ਨੇ
ਆ ਕੇ ਖ਼ੁਸ਼ੀ ਅੰਦਰ ਕੀਤੇ ਫੁੱਲ ਭੇਟਾ, ਨਿਕੇ ਬਾਲ ਗੁਪਾਲ ਨੂੰ ਮਾਲੀਆਂ ਨੇ
ਝੁੱਕ ਝੁੱਕ ਕੇ ਦਿਲੋਂ ਡੰਡੌਤ ਕੀਤੀ, ਫੁੱਲਾਂ ਲੱਦੀਆਂ ਮਹਿਕੀਆਂ ਡਾਲੀਆਂ ਨੇ
ਅੱਜ ਲਾਲ ਆਇਆ ਗੋਦੀ ਗੁਜਰੀ ਦੀ, ਹੱਲ ਖੋਲ੍ਹ ਛੱਡੇ ਸੁਣ ਕੇ ਹਾਲੀਆਂ ਨੇ
ਵਿਚ ਪ੍ਰੇਮ ਦੇ ਭੰਗੜਾ ਸ਼ੁਰੂ ਕੀਤਾ, ਵੱਗ ਚਾਰਦੇ ਚਾਰਦੇ ਪਾਲੀਆਂ ਨੇ
ਆਸਮਾਨ ਨੇ ਰਾਤ ਨੂੰ ਖ਼ੁਸ਼ੀ ਅੰਦਰ, ਤਾਰੇ ਚਾੜ੍ਹ ਦੀਵਾਲੀਆਂ ਬਾਲੀਆਂ ਨੇ
ਖ਼ੁਸ਼ੀ ਅੰਦਰੋਂ ਫੁੱਟ ਕੇ ਬਾਹਰ ਆਈ, ਤਦੇ ਫੁੱਲਾਂ ਦੇ ਮੂੰਹ ਤੇ ਲਾਲੀਆਂ ਨੇ
ਲਹਿਰ ਗਈ ਉਤਸ਼ਾਹ ਦੀ ਦੌੜ ਸਾਰੇ, ਸੁਣੀ ਗੱਲ ਜਾਂ ਇਹ ਬੰਗਾਲੀਆਂ ਨੇ
ਭਾਰਤ ਮਾਂ ਬੋਲੀ! ਆ ਕੇ ਖ਼ੁਸ਼ੀ ਅੰਦਰ, ਰੱਬ ਆਣ ਮੁਸੀਬਤਾਂ ਟਾਲੀਆਂ ਨੇ
ਦਿੱਨ ਚਾਨਣੇ ਦੇ ਚੰਦ ਨਾਲ ਆਏ, ਹੁਣ ਰਹਿਣੀਆਂ ਨਾ ਰਾਤਾਂ ਕਾਲੀਆਂ ਨੇ
ਖਿੜੇ ਦਿੱਲ ਸੰਸਾਰ ਦੇ ਖ਼ੁਸ਼ੀ ਅੰਦਰ, ਖੋਲ੍ਹੀ ਜਿਵੇਂ ਹੜਤਾਲ ਹੜਤਾਲੀਆਂ ਨੇ

ਝਲਕ ਪਟਨਿਓਂ ਪਈ ਜਾਂ ਨੂਰ ਵਾਲੀ, ਅੱਖਾਂ ਮੀਟੀਆਂ ਝੱਟ ਪਲਾਲੀਆਂ ਨੇ
ਘਰ ਗੁੱਜਰੀ ਦੇ ਐਸਾ ਲਾਲ ਆਯਾ, ਸ਼ਾਨਾਂ ਜਿਦ੍ਹੀਆਂ 'ਤੀਰ' ਨਿਰਾਲੀਆਂ ਨੇ

### ਸਾਹਿਬਜ਼ਾਦੇ ਦਾ ਨਾਮ ਰੱਖਣਾ

ਸੂਰਤ ਲਾਲ ਦੀ ਵੇਖ ਕੇ ਮਨ-ਮੋਹਣੀ, ਜਾਮੇ ਵਿੱਚ ਨਾ ਫੁੱਲੀ ਸਮਾਏ ਮਾਤਾ
ਕਦੇ ਮੂੰਹ ਚੁੰਮੇ ਕਦੇ ਹੱਥ ਚੁੰਮੇ, ਘੁੱਟ ਘੁੱਟ ਛਾਤੀ ਨਾਲ ਲਾਏ ਮਾਤਾ
ਭਿੱਜੀ ਮੋਹ ਅੰਦਰ ਪ੍ਰੀਤ-ਰੂਪ ਹੋਈ, ਸਦਾ ਸ਼ੁਕਰ ਦੇ ਹੀ ਗੀਤ ਗਾਏ ਮਾਤਾ
ਲਾਲ ਬੁੱਲ੍ਹੀਆਂ ਵਿੱਚ ਜਾਂ ਕਦੇ ਹੱਸੇ, ਫੁੱਲਾਂ ਵਾਂਗ ਨਾਲੇ ਖਿੜੀ ਜਾਏ ਮਾਤਾ
ਨੂਰ ਵੇਖ ਕੇ ਲਾਲ ਦੇ ਮੁੱਖੜੇ 'ਤੇ, ਪਈ ਆਪਣੇ ਭਾਗ ਵਡਿਆਏ ਮਾਤਾ
ਨੌਵੇਂ ਪਾਤਸ਼ਾਹ ਦੇ 'ਤੀਰ' ਹੁਕਮ ਅੰਦਰ, ਨਾਮ ਰੱਖ ਦਿੱਤਾ 'ਗੋਬਿੰਦਰਾਏ' ਮਾਤਾ

### ਗੁਰੂ ਤੇਗ਼ ਬਹਾਦਰ ਜੀ ਦੀ ਵਾਪਸੀ ਬੰਗਾਲ ਅਸਾਮ ਤੋਂ ਪਟਨੇ ਵਿਚ (ਵੱਲੋਂ ਕਵੀ)

ਨੌਵੇਂ ਗੁਰੂ ਜੀ ਪੱਟਨੇ ਪਰਤ ਆਏ, ਉਹ ਬੰਗਾਲ ਅਸਾਮ ਨੂੰ ਤਾਰ ਆਏ
ਜੀਆ ਦਾਨ ਸੰਸਾਰ ਨੂੰ ਦੇ ਆਏ, ਕਈ ਲੂਸੀਆਂ ਆਤਮਾਂ ਠਾਰ ਆਏ
ਬਿਸ਼ਨ ਸਿੰਘ ਰਾਜੇ ਨੂੰ ਨਿਵਾਜ ਆਏ, ਉਦ੍ਹਾ ਰਾਜਸੀ ਕੰਮ ਸਵਾਰ ਆਏ
ਜਦੋਂ ਪਤਾ ਲੱਗਾ ਸ਼ਹਿਰ ਵਾਸੀਆਂ ਨੂੰ, ਭੱਜੇ ਦਰਸ਼ਨਾਂ ਨੂੰ ਨਰ ਨਾਰ ਆਏ
ਆ ਆ ਦੇਣ ਵਧਾਈਆਂ ਲਾਲ ਦੀਆਂ, ਕਹਿਣ ਜੋਤ ਰੱਬੀ 'ਹੋਣਹਾਰ' ਆਏ
ਲਾਲ ਆਪਣੇ ਨੂੰ ਝੋਲੀ ਵਿੱਚ ਲੈ ਕੇ, ਡਾਢੇ ਖ਼ੁਸ਼ੀ ਦੇ ਵਿੱਚ ਦਾਤਾਰ ਆਏ
ਧੰਨ ਵੰਡਿਆ ਭੁੱਖਿਆਂ ਨੰਗਿਆਂ ਨੂੰ, ਗਏ ਰੱਜ ਕੇ ਜਿਹੜੇ ਦਵਾਰ ਆਏ
ਮੁੱਖੋਂ ਬਚਨ ਕੀਤਾ ਕਿ 'ਗੋਬਿੰਦ ਰਾਇ', ਹੌਲਾ ਕਰਨ ਨੇ ਹਿੰਦ ਦਾ ਭਾਰ ਆਏ
ਗਲੇ ਲਾ ਕੇ ਡਿੱਗਿਆਂ ਢੱਠਿਆਂ ਨੂੰ, ਉਨ੍ਹਾਂ ਨਾਲ ਨੇ ਕਰਨ ਪਿਆਰ ਆਏ
'ਤੀਰ' ਭਾਜੜਾਂ ਪਾਣਗੇ ਜ਼ਾਲਮਾਂ ਨੂੰ, ਸੁਣ ਕੇ ਆਜਜ਼ਾਂ ਦੀ ਹਾਹਾਕਾਰ ਆਏ

### ਕੁਝ ਸਮੇਂ ਬਾਅਦ ਨੌਵੇਂ ਗੁਰਾਂ ਨੇ ਮੁੜ ਅਨੰਦਪੁਰ ਆ ਜਾਣਾ, ਸਾਹਿਬਜ਼ਾਦੇ ਨੇ ਪਟਨੇ ਹੀ ਰਹਿਣਾ (ਵੱਲੋਂ ਕਵੀ)

ਪਏ ਆਪਣੇ ਲਾਲ ਨੂੰ ਗੁਰੂ ਨੌਵੇਂ, ਰਹਿਕੇ ਪੱਟਨੇ ਲਾਡ ਲਡਾਂਵਦੇ ਸੀ
ਐਪਰ ਰੋਜ਼ ਦੇ ਰੋਜ਼ ਅਨੰਦ ਪੁਰੀਓਂ, ਲੱਖਾਂ ਪ੍ਰੇਮ-ਸੰਦੇਸੜੇ ਆਂਵਦੇ ਸੀ
ਸਿਦਕਵਾਨ ਭੌਰੇ ਤਾਂਘੀ ਦਰਸ਼ਨਾਂ ਦੇ, ਦੀਦ ਵਾਸਤੇ ਨਿੱਤ ਬੁਲਾਂਵਦੇ ਸੀ
ਆ ਕੇ ਉਨ੍ਹਾਂ ਦੇ ਪ੍ਰੇਮ ਨੇ ਖਿੱਚ ਪਾਈ, ਦਿਲੀ ਵਲਵਲੇ ਪ੍ਰੇਮ ਵਧਾਂਵਦੇ ਸੀ
ਮਹਾਰਾਜ ਜਾਂ ਟੁਰੇ ਅਨੰਦ ਪੁਰ ਨੂੰ, ਲੋਕ ਵਾਸਤੇ ਪਾ ਅਟਕਾਂਵਦੇ ਸੀ
ਆਖ਼ਰ ਗੁਰੂ ਰਜ਼ਾ ਨੂੰ ਮੰਨ ਸਿਰ 'ਤੇ, ਤੋਰਨ ਲੱਗਿਆਂ ਨੀਰ ਵਹਾਂਵਦੇ ਸੀ

ਦਾਦੀ, ਪੋਤਰਾ, ਅੰਮੜੀ ਰਹੇ ਪਟਨੇ, ਲੋਕੀਂ ਉਨ੍ਹਾਂ ਤੋਂ ਵਾਰੀਆਂ ਜਾਂਵਦੇ ਸੀ
'ਤੀਰ' ਪੱਟਨੇ ਵਿਚ ਗੋਬਿੰਦਰਾਇ, ਸੁਣੋ ਕੀ ਕੀ ਚੋਜ ਵਿਖਾਂਵਦੇ ਸੀ

### ਬਾਲ ਲੀਲ੍ਹਾ

ਦੋ ਸਾਲ ਬੀਤੇ ਮਾਤ ਗੋਦ ਅੰਦਰ, ਫੇਰ ਰਿੜ੍ਹਦਿਆਂ ਤੁਰਦਿਆਂ ਨਸਦਿਆਂ ਈਂ
ਚੋਜ ਕਰਦਿਆਂ ਬਾਲ ਅੰਜਾਣਿਆਂ ਦੇ, ਕਦੇ ਰੋਂਦਿਆਂ ਤੇ ਕਦੇ ਹਸਦਿਆਂ ਈਂ
ਸਦਾ ਤੋਤਲੀ ਜਿਹੀ ਜ਼ਬਾਨ ਬੋਲਣ, ਦੂਰ ਦੌੜ ਜਾਵਣ ਗੱਲ ਦਸਦਿਆਂ ਈਂ
'ਤੀਰ' ਸਾਰਿਆਂ ਦਾ ਮਨ ਮੋਹ ਲੈਂਦੇ, ਨੈਣਾਂ ਵਿੱਚ ਇੱਕੋ ਵਾਰ ਵਸਦਿਆਂ ਈਂ

### ਅਗਲੇਰੇ ਸਾਲ

ਜਦੋਂ ਪੰਜ ਛੇ ਸਾਲ ਦੀ ਉਮਰ ਹੋਈ, ਚੰਦ ਗੁੱਜਰੀ ਦਾ ਵਾਹ ਕਮਾਲ ਸੋਭੇ
ਅੱਖਾਂ ਸਭ ਉਸਦੇ ਚਰਨੀਂ ਛਹਿਣ ਪਈਆਂ, ਮੰਨ-ਮੋਹਿਣੀ ਓਸ ਦੀ ਚਾਲ ਸੋਭੇ
ਮਹਿਕ ਉਛਲੇ ਪਈ ਖੀਵੀ ਹੋ ਹੋ ਕੇ, ਜਦੋਂ ਚਾ ਵਿਚ ਮਾਰ ਕੇ ਛਾਲ ਸੋਭੇ
ਫ਼ੌਜ ਹਾਣੀਆਂ ਦੀ ਟੁਰੀ ਜਾਏ ਪਿੱਛੇ, ਅਜਬ ਰੰਗ ਅੰਦਰ ਆਗੂ-ਬਾਲ ਸੋਭੇ
ਕਰੇ ਹੁਕਮ ਉਹ ਸਦਾ ਜਰਨੈਲ ਵਾਂਙੂ, ਨਾਲ ਫ਼ੌਜ ਦੀ ਪਾਲ ਦੀ ਪਾਲ ਸੋਭੇ
ਇਕ ਹੱਥ ਅੰਦਰ ਫੜੀ ਤੇਗ਼ ਸੋਭੇ, ਦੂਜੇ ਹੱਥ ਦੇ ਵਿਚ ਪਈ ਢਾਲ ਸੋਭੇ
ਕਦੇ ਤੀਰ ਕਮਾਨ ਦੀ ਖੇਡ ਖੇਡੇ, ਅਜਬ ਗੁੱਜਰੀ ਮਾਤ ਦਾ ਲਾਲ ਸੋਭੇ
ਸੂਰਜ ਚੰਦ ਨੂੰ ਚਾਨਣਾ ਦੇਣ ਵਾਲਾ, ਉਦ੍ਹਾ ਨੂਰ ਭਰਿਆ ਨੂਰੀ ਭਾਲ ਸੋਭੇ
ਬਾਲਾਂ ਤਾਰਿਆਂ ਦੇ ਵਿੱਚ ਚੰਦ ਵਾਂਗੂੰ, ਨੌਵੇਂ ਗੁਰੂ ਜੀ ਦਾ ਨੌਨਿਹਾਲ ਸੋਭੇ
ਸੋਭੇ ਸੀਸ ਕਲਗੀ ਤੇ ਪੁਸ਼ਾਕ ਸੁੱਚੀ, ਗਲੇ ਮੋਤੀਆਂ ਦੀ ਪਈ ਮਾਲ ਸੋਭੇ
'ਤੀਰ' ਪੱਟਨੇ ਸੋਭਦਾ ਸਾਹਿਬਜ਼ਾਦਾ, ਪਿਆ ਪੱਟਨਾ ਲਾਲ ਦੇ ਨਾਲ ਸੋਭੇ

### ਹੋਰ ਮਿੱਠੇ ਮਿੱਠੇ ਚੋਜ

ਬਾਲਪੱਨ ਵਿਚ ਸ੍ਰੀ ਦਸਮੇਸ਼ ਮੇਰੇ, ਨਿੱਤ ਨਵਾਂ ਹੈਸਨ ਜੀਵਨ ਦਾਨ ਕਰਦੇ
ਭੋਲੀ ਨਿਗ੍ਹਾ ਸੀ ਸੁੱਟਦੇ ਜਿਸ ਉੱਤੇ, ਉਦ੍ਹੀ ਪਲ ਦੇ ਵਿਚ ਕਲਿਆਨ ਕਰਦੇ
ਕਦੇ ਬੰਨ੍ਹ ਜੱਥੇ ਬਾਲ-ਸਾਥੀਆਂ ਦੇ, ਯੁੱਧ ਜੰਗ ਦਾ ਗਰਮ ਮੈਦਾਨ ਕਰਦੇ
ਕਦੇ ਵਿੱਚ ਗੰਗਾ ਲਾਣ ਜਾ ਛਾਲਾਂ, ਕੁੱਦ ਕੁੱਦ ਕੇ ਖ਼ੂਬ ਇਸ਼ਨਾਨ ਕਰਦੇ
ਕਰਨ ਗੱਲ ਤਾਂ ਭੇਤ ਦੀ ਭਰੀ ਹੋਈ, ਬਾਲ-ਰੂਪ ਵਿਚ ਬ੍ਰਹਮ-ਗਿਆਨ ਕਰਦੇ
ਛੱਟੇ ਮਾਰਦੇ ਜੱਲ ਦੇ ਬਾਮ੍ਹਣਾਂ ਨੂੰ, ਜੋ ਸੀ ਠਾਕਰਾਂ ਵੱਲ ਧਿਆਨ ਕਰਦੇ
ਭਾਵੇਂ ਹੱਰ ਵੇਹੜੇ ਹੱਰ ਗਲੀ ਅੰਦਰ, ਸੀ ਖ਼ਰੂਦ ਦਾ ਨਵਾਂ ਸਾਮਾਨ ਕਰਦੇ
ਤਾਂ ਵੀ ਪੱਟਨੇ ਦੇ ਵਾਸੀ ਆਪ ਉੱਤੋਂ, ਜਿੰਦ ਜਾਨ ਸੀ ਪਏ ਕੁਰਬਾਨ ਕਰਦੇ

ਭੋਲੇ ਮੁੱਖ 'ਚੋਂ ਕੱਢਦੇ ਗੱਲ ਜੇੜ੍ਹੀ, ਧੰਨ ਭਾਗ ਕਹਿ ਸਭ ਪਰਵਾਨ ਕਰਦੇ
ਮੇਲ ਰੱਬ ਦਾ ਹੋ ਗਿਆ ਜਾਣਦੇ ਸੀ, ਜਿਦ੍ਹੇ ਨਾਲ ਸੀ ਸਾਂਝੀ ਜ਼ਬਾਨ ਕਰਦੇ
ਜਿਹਨੂੰ ਕੰਡ ਦੇ ਕੇ ਕਦੇ ਲੰਘਦੇ ਸੀ, ਡਾਢਾ ਓਸਦਾ ਦਿੱਲ ਹੈਰਾਨ ਕਰਦੇ
ਦਿੱਲਾਂ ਸਾਰਿਆਂ ਨੂੰ ਐਸਾ ਜਿੱਤ ਲੀਤਾ, ਲੋਕੀਂ ਹੱਸ ਕੇ ਸੀ ਵਾਰੇ ਜਾਨ ਕਰਦੇ
ਖ਼ੁਸ਼ੀ ਵਿਚ ਨਾ ਫੁੱਲਾ ਸਮਾਂਵਦਾ ਸੀ, ਹੈਸਨ ਜਿੱਸ ਹੱਥੋਂ ਭੋਜਨ ਪਾਨ ਕਰਦੇ
ਹੱਰ ਘਰ ਅੰਦਰ ਹੱਰ ਪਰ੍ਹੇ ਅੰਦਰ, ਲੋਕੀਂ ਆਪ ਦਾ ਰਹਿਣ ਬਿਆਨ ਕਰਦੇ
ਬਾਲਪੱਨ ਅੰਦਰ ਬਾਲੇ ਪਾਤਸ਼ਾਹ ਜੀ, ਸਦਾ ਸਾਦਕਾਂ ਦਾ ਇਮਤਿਹਾਨ ਕਰਦੇ
'ਤੀਰ' ਗੁਜਰੀ ਦੇ ਸੋਹਣੇ ਚੰਦ ਉੱਤੇ, ਹੈ ਸਨ ਪੱਟਨੇ ਦੇ ਵਾਸੀ ਮਾਨ ਕਰਦੇ

## ਹੋਰ

ਰੋਜ਼ ਕੌਤਕਾਂ ਦੀ ਝੜੀ ਲੱਗਦੀ ਸੀ, ਮੀਂਹ ਮਿਹਰ ਵਾਲੇ ਰੋਜ਼ ਵੱਸਦੇ ਸੀ
ਮਹਾਰਾਜ ਜੀ ਆਪਣੇ ਸਾਥੀਆਂ ਨੂੰ, ਨਵੀਂ ਛੇੜ ਖਾਨੀ ਰੋਜ਼ ਦੱਸਦੇ ਸੀ
ਜਿਹੜੇ ਭਗਤ ਸਮਾਧੀਆਂ ਲਾਂਵਦੇ ਸੀ, ਦਿੱਲ ਉਨ੍ਹਾਂ ਦਾ ਇਸ ਤਰ੍ਹਾਂ ਖੱਸਦੇ ਸੀ
ਛੱਟੇ ਜੱਲ ਦੇ ਮਾਰ ਕੇ ਬੈਠਿਆਂ ਨੂੰ, ਆਪ ਸਾਥੀਆਂ ਦੇ ਸਣੇ ਹੱਸਦੇ ਸੀ
ਪਿੱਛੇ ਉੱਠ ਕੇ ਜਦੋਂ ਉਹ ਦੌੜਦੇ ਸੀ, ਆਪ ਨਾਲ ਲੈ ਕੇ ਬਾਲ ਨੱਸਦੇ ਸੀ
ਕਈ ਵਾਰ ਬਿਨ ਸੱਦਿਓਂ ਕੋਲ ਜਾਂਦੇ, ਕਦੇ ਸੱਦਿਆਂ ਵੀ ਤੋੜੇ ਕੱਸਦੇ ਸੀ
ਸੁਣਨ ਲਈ ਉਤਾਵਲੇ ਹੋਣ ਲੋਕੀਂ, ਬੋਲ ਆਪ ਜੀ ਦੇ ਭਰੇ ਰੱਸ ਦੇ ਸੀ
'ਸਾਡੇ ਵੱਲ ਵੇਖੇ ਲਾਲ ਗੁਜਰੀ ਦਾ', ਏਸ ਗੱਲ ਤਾਈਂ ਸਾਰੇ ਤੱਸਦੇ ਸੀ
ਚਰਨ-ਛੋਹ ਲੈ ਕੇ ਲੋਕੀਂ ਫਿਰਨ ਫੁੱਲੇ, ਜਦੋਂ ਦਾਅ ਲੱਗੇ ਚਰਨ ਝੱਸਦੇ ਸੀ
ਬੋਲ ਤੋਤਲੇ ਸਭ ਦੇ ਦਿਲਾਂ ਅੰਦਰ, ਬਦੋ ਬਦੀ ਹੀ ਜਾਂਵਦੇ ਧੱਸਦੇ ਸੀ
ਪ੍ਰੇਮੀ ਪੰਛੀਆਂ ਦੇ ਵਾਂਙ ਆਪ ਆ ਕੇ, ਪਏ ਪ੍ਰੇਮ ਦੇ ਜਾਲ ਵਿਚ ਫੱਸਦੇ ਸੀ
'ਤੀਰ' ਗੁੱਜਰੀ ਦੇ ਲਾਲ ਵਿੱਚ ਪਟਨੇ, ਹੋ ਕੇ ਦਿਲਾਂ ਦੇ ਚੰਦ੍ਰਮੇ ਵੱਸਦੇ ਸੀ

## ਬਾਲ ਦਸਮੇਸ਼ ਜੀ ਦੀ ਪਹਿਲੀ ਦਲੇਰੀ

ਵੱਡਾ ਇਕ ਨਵਾਬ ਸੀ ਪੱਟਨੇ ਦਾ, ਕਿੱਸੇ ਕੰਮ ਖ਼ਾਤਰ ਕਿੱਤੇ ਜਾ ਰਿਹਾ ਸੀ
ਅਹਿਲਕਾਰ ਅਮੀਰ ਵੀ ਨਾਲ ਸਾਰੇ, ਰੋਬ੍ਹ ਦਰਸ਼ਕਾਂ ਦੇ ਉੱਤੇ ਛਾ ਰਿਹਾ ਸੀ
ਜਾਂਦੇ ਹੋਏ ਨਵਾਬ ਨੂੰ ਰਾਹ ਅੰਦਰ, ਹਰ ਇੱਕ ਹੀ ਸੀਸ ਝੁਕਾ ਰਿਹਾ ਸੀ
'ਉਠੋ ਕਰੋ ਸਲਾਮ ਨਵਾਬ ਜੀ ਨੂੰ', ਅੱਗੇ ਅਰਦਲੀ ਇੱਕ ਸੁਣਾ ਰਿਹਾ ਸੀ
ਜੱਥਾ ਬਾਲ-ਦਸਮੇਸ਼ ਦੇ ਸਾਥੀਆਂ ਦਾ, ਮਸਤ ਹਾਲ ਹੋ ਕੇ ਅੱਗੋਂ ਆ ਰਿਹਾ ਸੀ
'ਤੀਰ' ਗੁੱਜਰੀ ਦਾ ਲਾਲ ਚੋਜ ਕਰਕੇ, ਵੇਖੋ ਦਿੱਲ ਦੀ ਗੱਲ ਸਮਝਾ ਰਿਹਾ ਸੀ

### ਬਾਲ-ਦਸਮੇਸ਼ ਦੀ ਗੰਭੀਰ ਸੋਚ

ਮਹਾਰਾਜ ਨੇ ਸੋਚਿਆ ਇਹੋ ਈ ਨੇ, ਜਿਹੜੇ ਦੇਸ਼ ਨੂੰ ਹੈਣ ਗ਼ੁਲਾਮ ਕਰਦੇ
ਪਏ ਰਾਤ ਦਿਨ ਅੱਤਿਆਚਾਰ ਕਰਦੇ, ਅਤੇ ਆਜਜ਼ਾਂ ਨੂੰ ਬੇ-ਅਰਾਮ ਕਰਦੇ
ਧੀਆਂ ਹਿੰਦ ਦੀਆਂ ਇਹੋ ਚੁੱਕ ਖੜਦੇ, ਟੱਕੇ ਟਕੇ ਤੋਂ ਜਾ ਨੀਲਾਮ ਕਰਦੇ
'ਤੀਰ' ਏਤਨਾ ਸੋਚਕੇ ਬੋਲ ਉੱਠੇ, 'ਭਾਈ ਅਸੀਂ ਤਾਂ ਨਹੀਂ ਸਲਾਮ ਕਰਦੇ'

### ਬਾਲਕਾਂ ਨੂੰ ਹੁਕਮ

ਬਾਲ ਸਾਥੀਆਂ ਨੂੰ ਫੇਰ ਆਖ ਦਿੱਤਾ, 'ਕਿਸੇ ਇਨ੍ਹਾਂ ਦੇ ਰੋਬ ਵਿਚ ਆਵਣਾ ਨਹੀਂ'
ਉੱਚੀ ਆਖ ਦਿਓ ਉੱਚੇ ਮੂੰਹ ਕਰਕੇ, 'ਅਸਾਂ ਕਿਸੇ ਨੂੰ ਸੀਸ ਨਿਵਾਵਣਾ ਨਹੀਂ'
ਸਗੋਂ ਰਲ ਕੇ ਮੂੰਹ ਚਿੜਾਓ ਸਾਰੇ, ਫਾਹੇ ਅਸਾਂ ਨੂੰ ਕਿਸੇ ਵੀ ਲਾਵਣਾ ਨਹੀਂ
'ਤੀਰ' ਡਰੇ ਉਹ ਕਦੋਂ ਨਵਾਬ ਕੋਲੋਂ, ਜਿਨ੍ਹਾਂ ਕਦੇ ਵੀ ਚਿੱਤ ਡੁਲਾਵਣਾ ਨਹੀਂ

### ਹੁਕਮ ਦੀ ਪਾਲਣਾ ਕੀਤੀ ਗਈ

ਬਾਲਾਂ ਸਾਰਿਆਂ ਬੰਨ੍ਹ ਕਤਾਰ ਲੀਤੀ, ਸਾਰੇ ਆਪਣੀ ਆਈ ਤੇ ਆ ਗਏ
'ਅਈਂ ਅਈਂ' ਨਵਾਬ ਦੇ ਵੱਲ ਕਰਕੇ, ਸਾਰੇ ਰੱਲ ਕੇ ਮੂੰਹ ਚਿੜਾ ਗਏ
ਪਿੱਛੇ ਇੱਕ ਵੀ ਰਿਹਾ ਨਾ ਏਸ ਗੱਲੋਂ, ਸਾਰੇ ਹੱਸ ਕੇ ਹੁਕਮ ਵਜਾ ਗਏ
'ਤੀਰ' ਖਿੱਝਿਆ ਜਦੋਂ ਨਵਾਬ ਬਹੁਤਾ, ਛਾਲਾਂ ਮਾਰਦੇ ਹੋ ਹਵਾ ਗਏ

### ਵੱਲੋਂ ਕਵੀ

ਏਸੇ ਤਰ੍ਹਾਂ ਹੀ ਸ੍ਰੀ ਦਸਮੇਸ਼ ਬਾਲੇ, ਭਾਂਤੋ ਭਾਂਤ ਦੇ ਚੋਜ ਵਿਖਾਂਵਦੇ ਸੀ
ਕਦੇ ਵਿੱਚ ਗੰਗਾ ਜਾ ਕੇ ਨ੍ਹਾਂਵਦੇ ਸੀ, ਕਦੇ ਰੱਲ ਦੁੜੰਗੀਆਂ ਲਾਂਵਦੇ ਸੀ
ਪਾਲਾਂ ਬੰਨ੍ਹ ਕੇ ਇੱਕ ਥਾਂ ਹੋ ਕੇ 'ਕੱਠੇ, ਛੋਲੇ ਪੂੜੀਆਂ ਵੰਡ ਕੇ ਖਾਂਵਦੇ ਸੀ
ਜਿਨ੍ਹਾਂ ਅੱਖੀਆਂ ਦੇ ਅੱਗੋਂ ਲੰਘਦੇ ਸੀ, ਮੋਹ ਸਦਾ ਲਈ ਉਨ੍ਹਾਂ ਨੂੰ ਜਾਂਵਦੇ ਸੀ
'ਲਾਲ ਗੁੱਜਰੀ ਦਾ ਰਹੇ ਪਾਸ ਸਾਡੇ', ਲੋਕੀਂ ਦਿਲਾਂ ਦੀ ਸੇਜ ਵਿਛਾਂਵਦੇ ਸੀ
ਰਾਜੇ ਰਾਣੀਆਂ ਛੁਹ ਨੂੰ ਲੋਚਦੇ ਸੀ, ਪੱਲ ਪੱਲ ਪਏ ਨਾਮ ਧਿਆਂਵਦੇ ਸੀ
ਜਾਮੇ ਫੁੱਲਿਆ ਨਹੀਂ ਸੀ ਮੇਂਵਦਾ ਉਹ, ਜਿਹਨੂੰ ਸ੍ਰੀ ਦਸਮੇਸ਼ ਬੁਲਾਂਵਦੇ ਸੀ
'ਤੀਰ' ਸਾਰਿਆਂ ਪੱਟਨੇ ਵਾਸੀਆਂ ਨੂੰ, ਰੱਬ-ਰੂਪ ਹੋ ਕੇ ਨਿਗ੍ਹਾ ਆਂਵਦੇ ਸੀ

### ਪੰਡਤ ਸ਼ਿਵਦੱਤ ਨੂੰ ਦਰਸ਼ਨ

ਸ਼ਿਵਦੱਤ ਪੰਡਾ ਵਾਸੀ ਪੱਟਨੇ ਦਾ, ਭਲਾ-ਲੋਕ ਸੀ ਭਗਤ ਸਦਾਂਵਦਾ ਸੀ
ਨੇਮ ਨਾਲ ਜਾ ਕੇ ਗੰਗਾ ਵਿਚ ਨ੍ਹਾਵੇ, ਅੱਖ ਮੀਟ ਸਮਾਧੀਆਂ ਲਾਂਵਦਾ ਸੀ

ਕਰੇ ਦਿੱਲ ਲਾ ਕੇ ਪੂਜਾ ਠਾਕਰਾਂ ਦੀ, ਨਿੱਤ ਨੇਮ ਨਾ ਕਦੇ ਘੁਸਾਂਵਦਾ ਸੀ
ਉਹਦੀ ਪੱਤ ਸੀ ਪੱਟਨੇ ਸ਼ਹਿਰ ਅੰਦਰ, ਉਨੂੰ ਹੱਰ ਇਕ ਸੀਸ ਝੁਕਾਂਵਦਾ ਸੀ
ਪੂਜਾ ਕਰਦਿਆਂ ਓਸਦੀ ਉਮਰ ਬੀਤੀ, ਦਿੱਲ ਵਿਚ ਸੰਤੋਖ ਨਾ ਆਂਵਦਾ ਸੀ
ਕੋਈ ਥੋੜ ਸੀ ਜਾਪਦੀ ਦਿੱਲ ਅੰਦਰ, ਪਿਆ ਸੱਖਣਾ ਰਿਦਾ ਡੁਲਾਂਵਦਾ ਸੀ
'ਆ ਕੇ ਸ਼ਾਮ ਸੁੰਦਰ ਮੈਨੂੰ ਦੇ ਦਰਸ਼ਨ', ਆਖ ਆਖ ਕੇ ਨੀਰ ਵਹਾਂਵਦਾ ਸੀ
'ਬੰਸੀ ਵਾਲਿਆ' ਆਖ ਕੇ ਡੁੱਲ੍ਹ ਪੈਂਦਾ, ਰੋਂਦਾ ਫੇਰ ਨਾ ਠੱਲ੍ਹਿਆ ਜਾਂਵਦਾ ਸੀ
ਸੁਰਤ ਜੋੜ ਕੇ ਸਦਾ ਹੀ ਠਾਕਰਾਂ 'ਤੇ, ਪਿਆ ਨੇਤਰੋਂ ਨੀਰ ਵਹਾਂਵਦਾ ਸੀ
'ਤੀਰ' ਦੀਦ ਵੱਲੋਂ ਸੁੰਵਾ ਹੋਣ ਕਰਕੇ, ਮੱਲ ਮੱਲ ਤਲੀਆਂ ਪੱਛੋਤਾਂਵਦਾ ਸੀ

### ਅਨੋਖੇ ਦਰਸ਼ਨਾਂ ਲਈ ਹਾੜੇ

ਇਕ ਰੋਜ਼ ਉਸ ਠੀਕ ਸਵੇਰ ਵੇਲੇ, ਗੰਗਾ ਜੱਲ ਦੇ ਵਿੱਚ 'ਸ਼ਨਾਨ ਕਰਕੇ
ਦਿਲ ਲਾ ਲਿਆ ਰੱਬ ਦੇ ਰੂਪ ਅੰਦਰ, ਸੁਰਤ ਗੱਡ ਲਈ ਖ਼ੂਬ ਧਿਆਨ ਕਰਕੇ
ਦਿਲੀ ਤਰਲਿਆਂ ਦੇ ਨਾਲ ਰੋਣ ਲੱਗਾ, ਵਿਚ ਪ੍ਰੇਮ ਦੇ ਦਿੱਲ ਨਿਰਮਾਨ ਕਰਕੇ
'ਬੰਸੀ ਵਾਲਿਆ! ਦੀਦ ਨਾ ਮੂਲ ਹੋਯਾ', ਹੱਫ ਗਿਆ ਹਾਂ ਜਿੰਦ ਕੁਰਬਾਨ ਕਰਕੇ
ਕਿਸੇ ਰੂਪ ਦੇ ਵਿਚ ਜੇ ਵੱਸਦਾ ਹੈਂ, ਆ ਜਾ ਸਾਮ੍ਹਣੇ ਬਿਨੈ ਪਰਵਾਨ ਕਰਕੇ
'ਤੀਰ' ਬਾਲ-ਦਸਮੇਸ਼ ਨੇ 'ਝਾਤ' ਆਖੀ, ਏਨੇ ਵਿੱਚ ਪਿਛੋਕੜੋਂ ਆਨ ਕਰਕੇ

### ਸ਼ਿਵਦੱਤ ਦੀ ਰੀਝ ਪੂਰੀ ਹੋ ਗਈ

ਸ਼ਿਵਦੱਤ ਨੇ ਵੇਖਿਆ ਦਿੱਲ ਅੰਦਰ, ਕੋਈ ਨਵਾਂ ਹੀ ਰੰਗ ਸੁਹਾ ਰਿਹਾ ਹੈ
ਉਹਦੇ ਦਿਲ ਨੇ ਆਖਿਆ ਵੇਖ ਭਗਤਾ! ਤੈਨੂੰ ਕ੍ਰਿਸ਼ਨ ਭਗਵਾਨ ਬੁਲਾ ਰਿਹਾ ਹੈ
ਇੱਕ ਹੱਥ ਮੁਰਲੀ ਇੱਕ ਹੱਥ ਮੱਖਣ, ਤੇਰੇ ਸਾਹਮਣੇ ਹੱਸ ਕੇ ਖਾ ਰਿਹਾ ਹੈ
ਵੇਖ ਵੇਖ ਔਹ ਬੰਸਰੀ ਛੇੜ ਬੈਠਾ, ਮੰਨ-ਮੋਹਣ ਵਾਲਾ ਰਾਗ ਗਾ ਰਿਹਾ ਹੈ
ਬਾਲ ਨਹੀਂ ਨੇ ਨਾਲ ਇਹ ਗੋਪੀਆਂ ਨੀ, ਮੁਕਟ ਸ਼ਾਮ ਦੇ ਸੀਸ ਸੁਹਾ ਰਿਹਾ ਹੈ
ਕੈਸਾ ਨੱਚਦਾ ਹੈ ਕਾਲੀ ਨਾਗ ਉੱਤੇ, ਮਿੱਠੀ ਬੰਸਰੀ ਖ਼ੂਬ ਵਜਾ ਰਿਹਾ ਹੈ
ਵੇਖ ਕਿਵੇਂ ਗੁਵੱਰਧਨ ਨੂੰ ਚੁੱਕਿਆ ਸੂ, ਉਨੂੰ ਚੀਚਲੀ ਉਤੇ ਨਚਾ ਰਿਹਾ ਹੈ
ਅੱਧੇ ਬਾਲ ਓਧਰ ਅੱਧੇ ਬਾਲ ਏਧਰ, ਮਹਾਂਭਾਰਤੀ ਯੁੱਧ ਮਚਾ ਰਿਹਾ ਹੈ
ਵੇਖ! ਕਾਨ੍ਹ ਦੇ ਨਾਲ ਨੇ ਬਾਲ-ਸਈਆਂ, ਕਿਵੇਂ ਪ੍ਰੇਮ ਦੀ ਰਾਸ ਰਚਾ ਰਿਹਾ ਹੈ
ਪ੍ਰੇਮ ਅੰਦਰੋਂ ਬੋਲਿਆ, ਸ਼ਾਮ ਈਹੋ, ਪੱਤ ਪੱਤ ਦੇ ਵਿੱਚ ਸਮਾ ਰਿਹਾ ਹੈ
ਹੁਕਮ ਏਸ ਦਾ ਸਭ ਬ੍ਰਹਿਮੰਡ ਉੱਤੇ, ਇਹੋ ਜੱਗ ਦੀ ਕਾਰ ਚਲਾ ਰਿਹਾ ਹੈ
'ਤੀਰ' ਲੋਚਦਾ ਸੈਂ ਜਿਦ੍ਹੇ ਦੀਦ ਤਾਈਂ, ਵੇਖ ਦਿੱਲ ਅੰਦਰ ਮੁਸਕਰਾ ਰਿਹਾ ਹੈ

### ਸ਼ਿਵਦੱਤ ਦੀ ਸਮਾਧੀ ਖੁੱਲ੍ਹ ਗਈ

ਸੁਰਤ ਉੱਖੜੀ ਤੇ ਜਦੋਂ ਨੈਣ ਖੁੱਲ੍ਹੇ, ਸ਼ਿਵਦੱਤ ਨੇ ਇੱਕ ਕਮਾਲ ਡਿੱਠਾ
'ਝਾਤ' 'ਝਾਤ' ਪਿਛੋਕੜੋਂ ਪਿਆ ਕਹਿੰਦਾ, ਅੱਖੀਂ ਗੁੱਜਰੀ ਮਾਂ ਦਾ ਲਾਲ ਡਿੱਠਾ
ਉਦ੍ਹੇ ਰੂਪ ਨੂੰ ਰਾਮ ਦਾ ਰੂਪ ਡਿੱਠਾ, ਉਦ੍ਹੀ ਅੱਖ ਵਿੱਚ ਕ੍ਰਿਸ਼ਨ ਗੁਪਾਲ ਡਿੱਠਾ
'ਤੀਰ' ਇਸ ਤਰ੍ਹਾਂ ਪ੍ਰੇਮ ਵਿਚ ਕਹਿਣ ਲੱਗਾ, ਜਦੋਂ ਸਾਮ੍ਹਣੇ ਦੀਨ ਦਿਆਲ ਡਿੱਠਾ

### ਸ਼ਿਵਦੱਤ ਦੀ ਅਰਜ਼ੋਈ

ਬੁੱਢੀ ਉਮਰ ਮੇਰੀ ਤਾਂ ਵੀ ਤੂੰ ਵੱਡਾ, ਤੈਨੂੰ ਸੋਹਣਿਆ! ਸੀਸ ਨਿਵਾਂਵਦਾ ਹਾਂ
ਮੇਰੇ ਸਾਹਮਣੇ ਰਹੀਂ ਪਰਤੱਖ ਏਦਾਂ, ਤੈਨੂੰ ਪ੍ਰੇਮ ਦਾ ਵਾਸਤਾ ਪਾਂਵਦਾ ਹਾਂ
ਹੋਈਆਂ ਮੁੱਦਤਾਂ ਤੇਰਾ ਧਿਆਨ ਧਰਦੇ, ਤੈਨੂੰ ਰਿਹਾ ਮੈਂ ਦਿਲੋਂ ਧਿਆਂਵਦਾ ਹਾਂ
ਮੇਰੇ ਬਾਲਿਆ ਪ੍ਰੀਤਮਾ! ਚੌਖਨੇ ਮੈਂ, ਤੈਥੋਂ ਵਾਰਨੇ ਘੋਲੀਆਂ ਜਾਂਵਦਾ ਹਾਂ
ਮੈਨੂੰ ਦੀਦ ਤੇਰਾ ਏਦਾਂ ਨਿੱਤ ਹੋਵੇ, ਤੂੰ ਵੀ ਰੋਜ਼ ਆਵੀਂ ਮੈਂ ਵੀ ਆਂਵਦਾ ਹਾਂ
ਮੈਨੂੰ ਨਿੱਤ ਤੇਰੀ ਚਰਨ-ਧੂੜ ਲੱਭੇ, ਬੱਸ ਇਹੋ ਹੀ 'ਤੀਰ' ਮੈਂ ਚਾਂਹ੍ਵਦਾ ਹਾਂ

### ਫੇਰ

ਨਿੱਤ ਆਉਣ ਗੋਬਿੰਦ ਜੀ ਸਣੇ ਬਾਲਾਂ, ਦੂਹਾਂ ਦਿਲਾਂ ਦਾ ਜਿਹਾ ਪਿਆਰ ਹੋਇਆ
ਸ਼ਿਵਦੱਤ 'ਸੁਦਾਮੇ' ਦਾ ਰੂਪ ਹੋਇਆ, ਇਧਰ ਬਾਲ ਗੋਬਿੰਦ 'ਮੁਰਾਰ' ਹੋਇਆ
ਸਿੱਦਕਵਾਨ ਪੰਡਾ ਰੋਜ਼ ਸੁੱਖ ਮਾਣੇ, ਆਖੇ ਸ਼ੁਕਰ ਹੈ ਤੇਰਾ ਦਿਦਾਰ ਹੋਇਆ
ਜਨਮ ਸਫਲ ਤੇ ਨੈਣ ਵੀ ਸਫਲ ਹੋਏ, ਹੌਲਾ ਸਿੱਕਦੇ ਜੀ ਦਾ ਭਾਰ ਹੋਇਆ
ਜਾਣੀ ਜਾਣ ਉਸਦੀ ਰੀਝ ਕਰਨ ਪੂਰੀ, ਦੀਦ ਦੇਣ ਦਾ ਰੋਜ਼ ਵਿਹਾਰ ਹੋਇਆ
'ਤੀਰ' ਏਸ ਸਰੂਪ ਤੋਂ ਲੱਖ ਵਾਰੀ, ਸ਼ਿਵਦੱਤ ਬਲਿਹਾਰ ਬਲਿਹਾਰ ਹੋਇਆ

### ਸ਼ਿਵਦੱਤ ਪੰਡਤ ਨੂੰ ਹੋਰ ਪੰਡਤਾਂ ਨੇ ਮਖ਼ੌਲ ਕਰਨੇ

ਵੇਖ ਵੇਖ ਕੇ ਆਖਦੇ ਹੋਰ ਪੰਡੇ, ਵੇਖੋ ਰੰਗ 'ਸ਼ਿਵਦੱਤ' ਵਿਖਾ ਰਿਹਾ ਏ
ਹੋ ਕੇ ਬਿਰਧ ਬਾਬਾ ਇੱਕ ਬਾਲ ਅੱਗੇ, ਰੋਜ਼ ਆਪਣਾ ਸੀਸ ਝੁਕਾ ਰਿਹਾ ਏ
ਕਹਿਣ ਵੇਖ ਲੌ ਸੱਤ੍ਰਰੇ ਬੱਤ੍ਰਰੇ ਤੋਂ, ਅੱਜ ਸਮਾਂ ਕਰਤੂਤ ਕਰਵਾ ਰਿਹਾ ਏ
ਅੱਗੋਂ ਉਹ ਆਖੇ ਤੁਸੀਂ ਕੀ ਜਾਣੋ, ਜਿਹੜਾ ਰੱਸ ਮੈਨੂੰ ਏਦਾਂ ਆ ਰਿਹਾ ਏ
ਜਦੋਂ ਇਹ ਮੈਨੂੰ ਜੱਫੀ ਪਾਂਵਦਾ ਏ, ਜਾਪੇ ਕਾਨ੍ਹ ਗਲਵੱਕੜੀ ਪਾ ਰਿਹਾ ਏ
ਜਦੋਂ ਇਹ ਬੁਲਾਂਵਦਾ ਆਣ ਮੈਨੂੰ, ਜਾਪੇ ਬੰਸਰੀ ਸ਼ਾਮ ਵਜਾ ਰਿਹਾ ਏ
ਜਦੋਂ ਚੱਲ ਕੇ ਆਂਵਦਾ ਕੋਲ ਮੇਰੇ, ਜਾਣਾਂ ਭਾਗ ਸੁਦਾਮੇ ਨੂੰ ਲਾ ਰਿਹਾ ਏ
ਜਦੋਂ ਇਹ ਲੈ ਕੇ ਖਾਵੇ ਕੁੱਝ ਮੈਥੋਂ, ਜਾਪੇ ਬਿਦਰ ਕੋਲੋਂ ਸਾਗ ਖਾ ਰਿਹਾ ਏ

ਜਦੋਂ ਨੱਚਦਾ ਕੁਦਦਾ ਨਿਗ੍ਹਾ ਆਵੇ, ਜਾਪੇ ਸਾਂਵਲਾ ਰਾਸ ਰਚਾ ਰਿਹਾ ਏ
'ਤੀਰ' ਤੁਸੀਂ ਜਿਸ ਨੂੰ ਬਾਲ ਜਾਣਦੇ ਹੋ, ਉਹ ਤੇ ਸ਼ਾਮ ਹੋ ਸਾਰੇ ਸਮਾ ਰਿਹਾ ਏ

### ਵੱਲੋਂ ਕਵੀ

ਏਦਾਂ ਰੋਜ਼ ਦਰਸ਼ਨ ਕਰੇ ਚਾਹ ਕਰਕੇ, ਗਿਆ ਜਿੱਤਿਆ ਭੁੱਖਾ ਪਿਆਰ ਦਾ ਉਹ
ਮੋਹਨ-ਰੂਪ ਦਸਮੇਸ਼ ਦੀ ਮੂਰਤੀ 'ਚੋਂ, ਰੂਪ ਵੇਖਦਾ ਕ੍ਰਿਸ਼ਨ ਮੁਰਾਰ ਦਾ ਉਹ
ਰੱਤਾ ਦੇਰ ਹੋਇਆਂ ਮੱਛੀ ਵਾਂਙ ਤੜਫੇ, ਨੈਣ ਦਰਸ਼ਨਾਂ ਦੇ ਨਾਲ ਠਾਰਦਾ ਉਹ
ਜਿੱਥੇ ਬਹੇ ਓਥੇ ਸੁਰਤ ਜੋੜ ਬਹਿੰਦਾ, ਸਦਾ ਚਿੱਤ ਗੋਬਿੰਦ ਨੂੰ ਧਾਰਦਾ ਉਹ
ਮੇਰਾ ਆਂਵਦਾ ਪਿਆ ਗੋਬਿੰਦ ਕਿਧਰੋਂ! ਉੱਠ ਉੱਠ ਕੇ ਝਾਤੀਆਂ ਮਾਰਦਾ ਉਹ
ਸੋਹਣੇ ਬਾਲ ਗੁਪਾਲ ਦੀ ਸਿੱਕ ਅੰਦਰ, ਮੋਤੀ ਹੰਝੂਆਂ ਦੇ ਰਹੇ ਵਾਰਦਾ ਉਹ
ਆਖੇ 'ਹੁਣ ਤਾਰੇ ਬੁੱਢੇ ਕੁੱਬਿਆਂ ਨੂੰ', ਓਦੋਂ ਕੁੱਬੀਆਂ ਨੂੰ ਹੈਸੀ ਤਾਰਦਾ ਉਹ
ਘੜੀ ਪੱਲ ਜੇਕਰ 'ਤੀਰ' ਦੇਰ ਲੱਗੇ, ਜੁੱਗ ਜਾਣਕੇ ਸਮਾਂ ਗੁਜ਼ਾਰਦਾ ਉਹ

### ਰਾਜਾ ਫਤਹਿ ਚੰਦ ਤੇ ਉਸਦੀ ਰਾਣੀ ਦਾ ਸਿਦਕ

ਫਤਹਿ ਚੰਦ ਅਤੇ ਰਾਣੀ ਓਸ ਦੀ ਨੂੰ, ਰਾਤ ਦਿਨ ਚਿੰਤਾ ਇੱਕੋ ਖਾ ਰਹੀ ਸੀ
ਉਨ੍ਹਾਂ ਲਈ ਸੀ ਪਿਆ ਅਨ੍ਹੇਰ ਡਾਢਾ, ਕੁੱਖ ਜੱਗ 'ਚੋਂ ਔਂਤਰੀ ਜਾ ਰਹੀ ਸੀ
ਇੱਕੋ ਇੱਕ ਸੰਤਾਨ ਦੀ ਲੋੜ ਬਦਲੇ, ਜੋੜੀ ਥਾਂ ਥਾਂ ਵਾਸਤੇ ਪਾ ਰਹੀ ਸੀ
ਪਿੱਛੇ ਨਹੀਂ ਕੋਈ ਪਾਣੀ ਦੇਣ ਵਾਲਾ, ਸੋਚਾਂ ਸੋਚ ਕੇ ਨੀਰ ਵਹਾ ਰਹੀ ਸੀ
ਠਾਕਰ ਪੂਜਦੀ ਸੀ ਭੇਟਾਂ ਚਾੜ੍ਹਦੀ ਸੀ, ਜੋਤਾਂ ਥਾਂ ਥਾਂ ਜਾਹ ਜਗਾ ਰਹੀ ਸੀ
ਲੱਗਾ ਫੱਲ ਨਾ ਕਿਤੋਂ ਵੀ ਅੱਫਲੀ ਨੂੰ, ਮੁਰਦਿਹਾਣ ਮੂੰਹਾਂ ਉੱਤੇ ਛਾ ਰਹੀ ਸੀ
'ਤੁਸਾਂ ਮੂੰਹ ਸੰਤਾਨ ਦਾ ਵੇਖਣਾ ਨਹੀਂ', ਹੋਣੀ ਹੱਸ ਕੇ ਇਹੋ ਸੁਣਾ ਰਹੀ ਸੀ
'ਤੀਰ' ਇਉਂ ਸੰਤਾਨ ਵਿਹੂਣਿਆਂ ਦੀ, ਝੂਰ ਝੂਰ ਕੇ ਉਮਰ ਵਿਹਾ ਰਹੀ ਸੀ

### ਰਾਜੇ ਰਾਣੀ ਦੀ ਪੰਡਤ ਸ਼ਿਵਦੱਤ ਅੱਗੇ ਬੇਨਤੀ

ਹੱਥ ਜੋੜ ਸ਼ਿਵਦੱਤ ਨੂੰ ਕਿਹਾ ਦੋਹਾਂ, 'ਆਵੇ ਠੱਲ੍ਹ ਨਾ ਨੀਰ ਵਹਾਂਦਿਆਂ ਨੂੰ'
ਮਹਾਰਾਜ ਜੀ! ਬਣੋ ਮਲਾਹ ਸਾਡੇ, ਤੁੱਠੋ! ਲਾਓ ਕੰਢੇ ਰੁੜ੍ਹੇ ਜਾਂਦਿਆਂ ਨੂੰ
ਦਿਓ ਹੌਸਲਾ, ਰੇਖ ਵਿਚ ਮੇਖ ਮਾਰੋ, ਦਿਓ ਠੁੰਮ੍ਹਣਾ ਥੱਕਿਆਂ ਮਾਂਦਿਆਂ ਨੂੰ
'ਤੀਰ' ਜੱਗ ਵਿਚੋਂ ਚੱਲੇ ਅਸੀਂ ਵਾਂਝੇ, ਰਤਾ ਵੇਖਣਾ ਵਾਸਤੇ ਪਾਂਦਿਆਂ ਨੂੰ

### ਫੇਰ ਕਹਿੰਦੇ ਹਨ

ਸਾਈਂ ਜਾਨ ਕੇ ਬਰਕਤਾਂ ਕਰਨੀਆਂ ਦਾ, ਚੱਲ ਆਏ ਹਾਂ ਆਪ ਦੇ ਪਾਸ ਦੋਵੇਂ
ਮਹਿਲ ਮਾੜੀਆਂ ਹੁੰਦਿਆਂ ਜੱਗ ਅੰਦਰ, ਪਏ ਵੱਸਦੇ ਹਾਂ ਮੜ੍ਹੀ-ਵਾਸ ਦੋਵੇਂ

ਰੁੜ੍ਹੇ ਜਾਂਵਦੇ ਹਾਂ ਸੋਚ-ਵਹਿਣ ਅੰਦਰ, ਆਸੋਂ ਸੱਖਣੇ ਹੋਇ ਬਿ-ਆਸ ਦੋਵੇਂ
ਧੰਨ ਹੁੰਦਿਆਂ ਸੁੰਦਿਆਂ ਕੰਗਲੇ ਹਾਂ, ਪਏ ਲੱਭੀਏ ਅੰਸ ਦੀ ਰਾਸ ਦੋਵੇਂ
ਸਾਨੂੰ ਪੁੱਤ ਦਾ ਖ਼ੈਰ ਪੁਆਓ ਝੋਲੀ, ਨਾ ਵਿਰੋਲੀਏ ਇਸ ਤਰ੍ਹਾਂ ਸਾਸ ਦੋਵੇਂ
ਪੂਰੀ ਹੋਈ ਨਾ 'ਤੀਰ' ਮੁਰਾਦ ਜੇਕਰ, ਲੈ ਲਵਾਂਗੇ ਫੇਰ ਬਨਬਾਸ ਦੋਵੇਂ

### ਪੰਡਤ ਸ਼ਿਵਦੱਤ ਦਾ ਕਹਿਣਾ

ਸ਼ਿਵਦੱਤ ਨੇ ਆਖਿਆ ਘਾਬਰੋ ਨਾ, ਦਿਲੀ ਆਸ ਪੁਗਾਇਗਾ ਉਹ ਦਾਤਾ
ਆਯਾ ਧਾਰ ਕੇ ਰੂਪ ਹੈ ਆਦਮੀ ਦਾ, ਸਾਰੇ ਸਾੜ ਮਿਟਾਇਗਾ ਉਹ ਦਾਤਾ
ਮੈਨੂੰ ਜਿੱਤਿਆ ਜਿਸ ਨੇ ਨਿਗ੍ਹਾ ਅੰਦਰ, ਬੁੱਝੀ ਜੋਤ ਜਗਾਇਗਾ ਉਹ ਦਾਤਾ
ਲੋਕੀਂ ਆਖਦੇ ਹੈਣ ਗੋਬਿੰਦ ਜਿਸ ਨੂੰ, ਮੋਏ ਕਰਮ ਜੀਵਾਇਗਾ ਉਹ ਦਾਤਾ
ਤੁਸੀਂ ਓਸ ਦਾ ਦਿਲੋਂ ਧਿਆਨ ਧਾਰੋ, ਆਪੇ ਖਿੱਚਿਆ ਆਇਗਾ ਉਹ ਦਾਤਾ
ਉੱਡ ਜਾਵਣਾ ਦੁੱਖ ਦਲਿੱਦਰਾਂ ਨੇ, ਜਦੋਂ ਮੁੱਖ ਵਿਖਾਇਗਾ ਉਹ ਦਾਤਾ
ਧੋਤੀ ਆਤਮਾ ਜਾਇਗੀ ਪੱਲ ਅੰਦਰ, ਮਿਹਰ ਮੀਂਹ ਵਰ੍ਹਾਇਗਾ ਉਹ ਦਾਤਾ
ਜਾਗ ਪੈਣਗੇ ਭਾਗ ਅਭਾਗਿਆਂ ਦੇ, ਜਦੋਂ ਆਣ ਬੁਲਾਇਗਾ ਉਹ ਦਾਤਾ
ਜੋ ਨੇ ਡੋਲੀਆਂ ਬੇੜੀਆਂ ਜੱਗ ਦੀਆਂ, 'ਤੀਰ' ਪਾਰ ਲੰਘਾਇਗਾ ਉਹ ਦਾਤਾ

### ਰਾਜੇ ਤੇ ਰਾਣੀ ਦੀ ਧਿਆਨ-ਮਗ਼ਨਤਾ

ਬਚਨ ਮੰਨ ਸ਼ਿਵਦੱਤ ਦਾ ਸਿਰ ਮੱਥੇ, ਲੱਗੇ ਚੋਟ ਪ੍ਰੇਮ ਦੀ ਜਰਨ ਦੋਵੇਂ
ਆਪਾ ਭੁੱਲ ਕੇ ਸੁਰਤ ਨੂੰ ਰੱਖ ਸਿੱਧਾ, ਬੈਠੇ ਫੜ ਗੋਬਿੰਦ ਦੇ ਚਰਨ ਦੋਵੇਂ
ਸਿੱਕਾਂ ਸਿੱਕਦੇ ਦੀਦ ਦੀ ਤਾਂਘ ਅੰਦਰ, ਵਿੱਚ ਦੁੱਖ ਦੇ ਹਾਉਕੇ ਭਰਨ ਦੋਵੇਂ
ਪਏ ਹੋਏ ਪ੍ਰੇਮ-ਬਿਆਸ ਅੰਦਰ, ਕਦੇ ਡੁੱਬ ਜਾਂਦੇ ਕਦੇ ਤਰਨ ਦੋਵੇਂ
ਕਦੇ ਆਣ ਕੇ ਦਿਲੀ ਵੈਰਾਗ ਅੰਦਰ, ਚਵ੍ਹਾਂ ਅਖੀਆਂ 'ਚੋਂ ਖ਼ੂਬ ਵਰ੍ਹਨ ਦੋਵੇਂ
ਕਦੇ ਥੋੜ੍ਹ ਨੂੰ ਵੇਖ ਕੇ ਹੋਣ ਕੋਲੇ, ਜਾਣੀ ਜਾਣ ਫਿਰ ਜਾਣ ਕੇ ਠਰਨ ਦੋਵੇਂ
ਕਦੋਂ ਆਂਵਦਾ ਏ, ਕਿਵੇਂ ਆਂਵਦਾ ਏ? ਅੱਖਾਂ ਪਏ ਦਲ੍ਹੀਜ 'ਤੇ ਧਰਨ ਦੋਵੇਂ
ਜੁਟੇ ਜ਼ਿੰਦਗੀ ਮੌਤ ਦੇ ਘੋਲ ਅੰਦਰ, ਕਦੇ ਜੀ ਪੈਂਦੇ ਕਦੇ ਮਰਨ ਦੋਵੇਂ
'ਕਹਿਣ ਆਓਗੇ ਕਦੋਂ ਗੋਬਿੰਦ ਜੀਓ', ਪਏ ਨੀਰ ਡੋਲ੍ਹਣ ਫਰਨ ਫਰਨ ਦੋਵੇਂ
'ਤੀਰ' ਰੋ ਰੋ ਜਦੋਂ ਨਢਾਲ ਹੋਵਣ, ਪ੍ਰੇਮ-ਜੋਦੜੀ ਰੱਲ ਕੇ ਕਰਨ ਦੋਵੇਂ

### ਰਾਣੀ ਦੀ ਬਿਹਬਲਤਾ

ਰਾਣੀ ਲੀਨ ਹੋਈ ਐਸੀ ਪ੍ਰੀਤ ਅੰਦਰ, ਆਖੀ ਜਾਏ ਗੋਬਿੰਦ ਜੀ ਆਓ ਛੇਤੀ
ਤਾਂਘ ਦਿਲ ਨੂੰ ਹੈ ਡਾਢੀ ਦਰਸ਼ਨਾਂ ਦੀ, ਚੰਦ ਮੁੱਖੜਾ ਆਣ ਵਿਖਾਓ ਛੇਤੀ

ਮਛੀ-ਜਿੰਦੜੀ ਬ੍ਰਿਹੋਂ ਨੇ ਲੂਹ ਘੱਤੀ, ਪਾਣੀ ਦਰਸ਼ਨਾਂ ਦਾ ਆਣ ਪਾਓ ਛੇਤੀ
ਗਮ ਸੋਚ ਦੇ ਵਹਿਣ ਵਿਚ ਡੁਬਦੀ ਨੂੰ, ਕਿਸੇ ਕੰਢੜੇ ਆਣ ਕੇ ਲਾਓ ਛੇਤੀ
ਜਾਣੀ ਜਾਣ ਹੋ ਦਿਲਾਂ ਦੀ ਜਾਣਦੇ ਹੋ, ਮੇਰੇ ਦਿਲ ਦੀ ਆਸ ਪੁਗਾਓ ਛੇਤੀ
ਜਿਵੇਂ ਦਿਲ ਦਾ ਅੰਙਣਾ ਮੱਲਿਆ ਜੇ, ਤਿਵੇਂ ਬਾਹਰ ਵੀ ਖੇਡ ਮਚਾਓ ਛੇਤੀ
ਦਾਰੂ ਜਾਣਦੇ ਹੋ ਰੋਗਾਂ ਸਾਰਿਆਂ ਦਾ, ਮੋਈ ਹੋਈ ਨੂੰ ਆਣ ਜੀਵਾਓ ਛੇਤੀ
ਛੋਲੇ ਪੂਰੀਆਂ ਆਪ ਲਈ ਰੱਖੀਆਂ ਨੇ, ਭੋਗ ਲਾ ਕੇ ਠੰਢ ਵਰਤਾਓ ਛੇਤੀ
ਕਰਾਂ ਆਪ ਦੀ ਆਰਤੀ ਦਿਨੇ ਰਾਤੀਂ, ਮੇਰੇ ਮੰਨ ਦੀ ਜੋਤ ਜਗਾਓ ਛੇਤੀ
ਏਸ ਕਰਮ-ਲੂਠੀ ਵੇਲ ਅੱਫਲੀ 'ਤੇ, ਆ ਕੇ ਮਿਹਰ ਦਾ ਮੀਂਹ ਵਰ੍ਹਾਓ ਛੇਤੀ
ਤੁਸੀਂ ਚੰਦ ਹੋ ਜੱਗ ਦੇ ਹਿਰਦਿਆਂ ਦੇ, ਆਸਮਾਨ ਮੇਰੇ ਨੂੰ ਵਸਾਓ ਛੇਤੀ
ਮੇਰੇ ਕੰਨ ਉਤਾਵਲੇ ਹੋ ਰਹੇ ਜੇ, ਮਿੱਠੀ ਭਿੰਨੜੀ ਤਾਨ ਸੁਣਾਓ ਛੇਤੀ
ਕਲਮ ਆਪਦੀ ਜੱਗ ਦੇ ਲੇਖ ਲਿੱਖੇ, ਤੱਤੀ ਏਸ ਦੇ ਕਰਮ ਪਲਟਾਓ ਛੇਤੀ
ਬਾਲ-ਸਾਥੀਆਂ ਨੂੰ ਹੁਣੇ ਨਾਲ ਲੈ ਕੇ, ਮੇਰੇ ਸਾਹਮਣੇ ਜੰਗ ਮਚਾਓ ਛੇਤੀ
ਵੇਖੋ ਸਿੱਕਦੇ ਸਿੱਕਦੇ ਜਾਨ ਚੱਲੀ, ਜਾਣੀ ਜਾਣ ਜੀ ਆਣ ਬਚਾਓ ਛੇਤੀ
ਰੁੜ੍ਹੇ ਜਾਂਦਿਆਂ ਨੂੰ ਗੋਤੇ ਖਾਂਦਿਆਂ ਨੂੰ, ਬਾਹੋਂ ਫੜੋ ਦਾਤਾ! ਕੰਢੇ ਲਾਓ ਛੇਤੀ
'ਗੋਬਿੰਦ ਝੱਬ ਆਓ', ਗੋਬਿੰਦ ਝੱਬ ਆਓ, ਪ੍ਰੇਮ-ਭਰਿਆਂ ਨੂੰ ਵੇਖ ਜਾਓ ਛੇਤੀ
ਫੱਲ ਅੰਸ ਵਾਲਾ ਪਵੇ ਵਿਚ ਝੋਲੀ, ਕੋਈ ਮਿਹਰ ਦਾ ਡਾਲ ਝੁਕਾਓ ਛੇਤੀ
ਰਾਣੀ ਹੁੰਦਿਆਂ ਉੱਜੜੀ ਪੁੱਜੜੀ ਨੂੰ, ਏਸ ਜੱਗ ਦੇ ਵਿਚ ਵਸਾਓ ਛੇਤੀ
'ਤੀਰ' ਮੇਹਰ ਕਰਕੇ ਏਸ ਔਂਤਰੀ ਨੂੰ, ਇਕ ਪੁੱਤ ਦੀ ਮਾਂ ਬਣਾਓ ਛੇਤੀ

## ਰਾਣੀ ਦੀ ਅਟੁੱਟ ਸਮਾਧੀ ਤੇ ਮਹਾਰਾਜ ਦੇ ਦਰਸ਼ਨ

ਰਾਣੀ ਇਉਂ ਪ੍ਰੇਮ ਦੇ ਰੰਗ ਅੰਦਰ, ਰੰਗੀ ਗਈ ਤੇ ਰੂਪ ਪਿਆਰ ਹੋਈ
ਲਗਨ ਮਗਨ ਹੋਈ ਪ੍ਰੀਤ ਰੂਪ ਅੰਦਰ, ਮੰਗ ਪੁੱਤ ਦੀ ਤੋਂ ਪਰਲੇ ਪਾਰ ਹੋਈ
ਪੁੱਤਰ-ਭਾਵਨਾ ਰਹੀ ਨਾ ਮੰਨ ਅੰਦਰ, ਉਹਨੂੰ ਆਪਣੇ ਆਪ ਦੀ ਸਾਰ ਹੋਈ
ਕਰੇ ਦਿੱਲ ਅੰਦਰ ਦੀਦ ਦਿਨੇ ਰਾਤੀਂ, ਪ੍ਰੇਮ ਧਾਰ ਬਲਿਹਾਰ ਬਲਿਹਾਰ ਹੋਈ
ਸੱਚੇ ਦਿੱਲ ਦੀ ਦਿੱਲ ਦੇ ਵਿੱਚ ਏਧਰ, ਸਾਂਝੀ ਸਿੱਕ ਪ੍ਰੇਮ ਦੀ ਤਾਰ ਹੋਈ
ਜਾਣੀ ਜਾਣ ਗੋਬਿੰਦ ਦੀ ਜਿੰਦੜੀ ਵੀ, ਕੋਈ ਖਿੱਚ ਖਾ ਬੇ-ਕਰਾਰ ਹੋਈ
ਆਏ ਨੱਚਦੇ ਭੱਜਦੇ ਘੜੀ ਓਸੇ, ਨਿਰਾਕਾਰ ਦੀ ਜੋਤ ਸਾਕਾਰ ਹੋਈ
ਛੇਤੀ ਨਾਲ ਆ ਕੇ ਗੋਦੀ ਵਿਚ ਬੈਠੇ, ਰਾਣੀ ਮਗਨਤਾ ਵਿੱਚ ਸੁਖਿਆਰ ਹੋਈ
'ਮਾਂ ਜੀ ਆ ਗਿਆ ਮੈਂ ਤੁਸੀਂ ਨੈਣ ਖੋਲ੍ਹੋ, ਡਾਵਾਂ ਡੋਲ ਜੇ ਕਿਉਂ ਨੁਹਾਰ ਹੋਈ
ਰਾਣੀ ਅੱਖ ਖੋਲ੍ਹੀ ਡਿੱਠਾ ਲਾਲ ਝੋਲੀ, ਦਿਲੋਂ ਵੇਖਦੇ ਸਾਰ ਨਸਾਰ ਹੋਈ
ਕੋਈ ਆਣ ਕੇ ਮੁਝ ਨੂੰ ਮਾਂ ਆਖੇ, ਪੂਰੀ ਦਿਲ ਦੀ ਰੀਝ ਦਾਤਾਰ ਹੋਈ

ਲੱਗੀ ਕਹਿਣ 'ਜੀ ਲਾਲ ਜੀ ਕੁਝ ਖਾਓ', ਸ਼ੁਰੂ ਇਉਂ ਪ੍ਰੇਮ ਦੀ ਵਾਰ ਹੋਈ
ਧੰਨ ਭਾਗ ਮੇਰੇ ਤੁਸਾਂ ਪਾਏ ਫੇਰੇ, ਮੂੰਹੋਂ ਆਖਦੀ ਰੂਪ-ਮਲ੍ਹਾਰ ਹੋਈ
'ਤੀਰ' ਜਾਗਦੀ ਜੋਤ ਦਾ ਦੀਦ ਕਰਕੇ, ਦਿਲੋਂ ਮਨੋ ਰਾਣੀ ਠੰਢੀ ਠਾਰ ਹੋਈ

## ਰਾਣੀ ਦੀ ਦੁਬਾਰਾ ਬੇਨਤੀ ਤੇ ਦਸਮੇਸ਼ ਜੀ ਦੇ ਬਚਨ

ਬੋਲੀ ਫੇਰ ਮਲ੍ਹਾਰ ਦੇ ਨਾਲ ਰਾਣੀ, ਕਿਉਂ ਲਾਲ ਜੀ ਦੇਰ ਪਏ ਲਾਂਵਦੇ ਹੋ
ਸੋਹਣੀ ਇਹ ਮਠਿਆਈ ਹੈ ਆਪ ਜੋਗੀ, ਤੁਸੀਂ ਖਾਣ ਤੋਂ ਕਿਉਂ ਸ਼ਰਮਾਂਵਦੇ ਹੋ
ਬੋਲੇ ਬਾਲ-ਗੋਬਿੰਦ ਜੀ ਵਾਂਙ ਬਾਲਾਂ, ਕਾਹਨੂੰ ਮਾਂ ਦੀ ਗੱਲ ਲੁਕਾਂਵਦੇ ਹੋ
ਪੂਰੀ ਦੁੱਧ ਦੀ ਤੇ ਤੱਲੇ ਹੋਏ ਛੋਲੇ, ਅੰਦਰ ਰੱਖ ਕੇ ਕਿਉਂ ਤਰਸਾਂਵਦੇ ਹੋ
ਰਾਣੀ ਆਖਿਆ, 'ਲਾਲ ਜੀ ਨਾਲ ਗੱਲਾਂ, ਤੁਸੀਂ ਮੰਨ ਮੇਰਾ ਮੋਹੀ ਜਾਂਵਦੇ ਹੋ
ਵੱਸੋ ਸਦਾ ਹੀ ਸਾਹਮਣੇ ਅੱਖੀਆਂ ਦੇ, ਪਏ ਠੰਢ ਕਲੇਜੇ ਨੂੰ ਪਾਂਵਦੇ ਹੋ'
ਬੋਲੇ ਸ੍ਰੀ ਗੁਬਿੰਦ ਜੀ ਲਾਡ ਅੰਦਰ, ਕਾਹਨੂੰ ਅੰਬੜੀ ਦਿਲੋਂ ਭੁਲਾਂਵਦੇ ਹੋ
ਪੁੱਤਰ ਆਪਦਾ ਆਗਿਆਕਾਰ ਹਾਂ ਮੈਂ, 'ਤੀਰ' ਤਿਵੇਂ ਹੋਸੀ ਜਿਵੇਂ ਚਾਂਵ੍ਹਦੇ ਹੋ

## ਨਿੱਤ ਦਰਸ਼ਨ

ਬੱਧੇ ਹੋਏ ਪ੍ਰੇਮ ਦੀ ਤੰਦ ਅੰਦਰ, ਰੋਜ਼ ਸਾਥੀਆਂ ਦੇ ਨਾਲ ਆ ਜਾਵਣ
ਛੋਲੇ ਪੂਰੀਆਂ ਰਾਣੀ ਤਿਆਰ ਰੱਖੇ, ਚੋਜੀ ਨਿੱਤ ਆ ਕੇ ਭੋਗ ਲਾ ਜਾਵਣ
ਰਾਣੀ ਰਹੇ ਪ੍ਰੇਮ ਦੇ ਵਿੱਚ ਖੀਵੀ, ਉਹਨੂੰ ਆਣ ਸਰੂਰ ਚੜ੍ਹਾ ਜਾਵਣ
ਆ ਕੇ ਨੱਚਦੇ ਕੁੱਦਦੇ ਗੀਤ ਗਾਂਦੇ, ਉਹਦੇ ਦਿਲ ਨੂੰ ਖ਼ੂਬ ਹਸਾ ਜਾਵਣ
ਖ਼ੁਸ਼ੀ ਵਿਚ ਨੱਚਣ ਰਾਜਾ ਅਤੇ ਰਾਣੀ, ਜਦੋਂ ਆਣ ਕੇ ਭੰਗੜਾ ਪਾ ਜਾਵਣ
ਰੱਜ ਜਾਣ ਦੋਵੇਂ ਮਿਠਾ ਦੀਦ ਕਰਕੇ, ਛੋਲੇ ਪੂਰੀਆਂ ਆਣ ਜਾਂ ਖਾ ਜਾਵਣ
ਖਿੜਨ ਪਏ ਦੋਵੇਂ ਕਲੀ ਫੁੱਲ ਵਾਂਙੂ, ਜਦੋਂ ਆਣ ਪ੍ਰੇਮ ਖਿੜਾ ਜਾਵਣ
ਘੜੀ ਪੱਲ ਦੀ ਦੇਰ ਜੇ 'ਤੀਰ' ਲੱਗੇ, ਝੱਟ ਦੋਹਾਂ ਦੇ ਦਿੱਲ ਕੁਮਲਾ ਜਾਵਣ

## ਵੱਲੋਂ ਕਵੀ

ਪ੍ਰੇਮ-ਭਾਵਨਾ ਦੋਹਾਂ ਦੀ ਹੋਈ ਐਸੀ, ਰਹੀ ਬੁਝ ਸੰਤਾਨ ਦੀ ਯਾਦ ਨਾਹੀਂ
ਸਿੱਕ ਦਰਸ਼ਨਾਂ ਦੀ ਵੱਸੀ ਦਿੱਲ ਅੰਦਰ, ਯਾਦ ਮੱਨ ਦੀ ਰਹੀ ਮੁਰਾਦ ਨਾਹੀਂ
ਦੋਵੇਂ ਦਰਸ਼ਨਾਂ ਦੇ ਦਿਲੋਂ ਭੌਰ ਹੋਏ! ਬਾਝ ਦੀਦ ਦੇ ਹੋਰ ਫਰਿਆਦ ਨਾਹੀਂ
'ਤੀਰ' ਦੀਦ ਦੇ ਬਣੇ ਚਕੋਰ ਦੋਵੇਂ! ਹੋਰ ਮੰਗਦੇ ਹੁਣ ਔਲਾਦ ਨਾਹੀਂ

## ਹਰਮਨ ਪਿਆਰੇ ਸਾਹਿਬਜ਼ਾਦਾ ਜੀ (ਵੱਲੋਂ ਕਵੀ)

ਹਿੰਦੂ ਨਿਰੇ ਨਾ ਆਪ ਨੂੰ ਪੂਜਦੇ ਸੀ, ਮੁਸਲਮਾਨ ਵੀ ਦਿਲੋਂ ਪਿਆਰਦੇ ਸੀ

ਕੋਲ ਸੱਦ ਕੇ ਸਦਕੇ ਹੋਂਵਦੇ ਸੀ, ਵੇਖ ਵੇਖ ਕੇ ਅੱਖੀਆਂ ਠਾਰਦੇ ਸੀ
ਉਘੇ ਸਨ 'ਰਹੀਮ' 'ਕਰੀਮ' ਭਾਈ, ਜਿਹੜੇ ਜਿੰਦ ਮਹਾਰਾਜ ਤੋਂ ਵਾਰਦੇ ਸੀ
'ਤੀਰ' ਵਿੱਚ ਪਟਨੇ ਲਾਲ ਗੁੱਜਰੀ ਦੇ, ਖ਼ੁਸ਼ੀ ਵਿਚ ਪਏ ਦਿੱਨ ਗੁਜ਼ਾਰਦੇ ਸੀ

### ਸ੍ਰੀ ਅਨੰਦਪੁਰ ਜਾਣ ਦੀਆਂ ਤਿਆਰੀਆਂ

ਹੁਕਮ ਘੱਲਿਆ ਗੁਰਾਂ ਅਨੰਦ ਪੁਰੀਓਂ, ਛੇਤੀ ਚੱਲ ਕੇ ਮੇਰਾ ਪਰਵਾਰ ਆਵੇ
ਲੱਗੀ ਦੀਦ ਦੀ ਲੋਚਨਾ ਸੰਗਤਾਂ ਨੂੰ, ਕਰੇ ਆਪ ਪੂਰਨ 'ਹੋਣਹਾਰ' ਆਵੇ
ਜੱਥਾ ਸੇਵਕਾਂ ਦਾ ਮਹਿਲਾਂ ਨਾਲ ਆਵੇ, ਛੇਤੀ ਲੰਮੀਆਂ ਮੰਜ਼ਲਾਂ ਮਾਰ ਆਵੇ
'ਤੀਰ' ਪੁਰੀ ਅਨੰਦ ਅਨੰਦ ਹੋਵੇ, ਸਿੱਖੀ, ਲਾਲ ਦਾ ਕਰਨ ਦੀਦਾਰ ਆਵੇ

### ਪਟਨੇ ਵਾਸੀਆਂ ਉੱਤੇ ਇਸ ਸੰਦੇਸ਼ ਦਾ ਅਸਰ

ਜਦੋਂ ਪੱਟਨੇ ਵਿੱਚ ਇਹ ਗੱਲ ਫੈਲੀ, ਸੋਹਣੇ ਸਾਹਿਬਜ਼ਾਦੇ ਚਲੇ ਜਾਵਣਾ ਏਂ
ਲੋਕੀਂ ਤੜਫ਼ ਉੱਠੇ ਮੱਛੀ ਵਾਂਗ ਸਾਰੇ, ਕਹਿਣ 'ਮੌਜ ਮੇਲਾ ਕਿਨ੍ਹੇ ਲਾਵਣਾ ਏਂ
ਜਿਨ੍ਹੂੰ ਵੇਖ ਕੇ ਰੱਜਦੇ ਦਿਲ ਨਹੀਂ ਸੀ, ਉਹਨੇ ਫੇਰ ਖ਼ਬਰੇ ਕਦੋਂ ਆਵਣਾ ਏਂ
'ਤੀਰ' ਜਿੰਦ ਗੋਬਿੰਦ ਨੂੰ ਯਾਦ ਕਰਕੇ, ਅਸਾਂ ਸਾਰਿਆਂ ਨੀਰ ਵਹਾਵਣਾ ਏਂ'

### ਪਟਨੇ ਤੋਂ ਵਿਦਾਇਗੀ ਦਾ ਦਿਨ

ਅੰਤ ਜਦੋਂ ਤਿਆਰੀਆਂ ਹੋ ਗਈਆਂ, ਘੜੀ ਪਹੁੰਚ ਪਈ ਪ੍ਰੇਮ-ਹੁਲਾਰਿਆਂ ਦੀ
ਅੱਖਾਂ ਵਸੀਆਂ ਵਲਵਲੇ ਵਿੱਚ ਆ ਕੇ, ਝਾਕੀ ਸਾਮ੍ਹਣੇ ਦਿਸੀ ਫੁਹਾਰਿਆਂ ਦੀ
ਡਾਵਾਂ ਡੋਲ ਹੋਏ ਖਲੇ ਕੋਲ ਆ ਕੇ, ਵੇਖੀ ਜਾਏ ਨਾ ਸ਼ਕਲ ਪਿਆਰਿਆਂ ਦੀ
'ਤੀਰ' ਦਰਦ ਵਿਛੋੜੇ ਦੇ ਗੀਤ ਗਾਵੇ, ਵਿਦਾ ਕਰਨ ਵੇਲੇ ਜੀਭ ਸਾਰਿਆਂ ਦੀ

### ਪਟਨੇ ਵਾਸੀਆਂ ਦੇ ਵਲਵਲੇ

ਦਿੱਲੋਂ ਪੱਟਨੇ ਦੀ ਵਾਸੀ ਕੂਕ ਉਠੀ, ਲੋਕੋ ਅੱਜ ਮੇਰਾ ਹੈ ਸ਼ਿੰਗਾਰ ਚੱਲਿਆ
ਨੈਣੀ ਨੀਰ ਭਰ ਕੇ ਗੰਗਾ ਜੱਲ ਕੂਕੇ, ਕਰਾਂ ਮੈਂ ਕੀ ਟੁਰ ਦਿਲਦਾਰ ਚੱਲਿਆ
ਗੰਗਾ-ਘਾਟ ਆਖੇ ਦਿਲੋਂ ਦੁਖੀ ਹੋ ਕੇ, ਆਪ ਚੱਲਿਆ ਤੇ ਮੈਨੂੰ ਮਾਰ ਚੱਲਿਆ
ਫਤ੍ਹੇ ਚੰਦ ਰਾਜਾ ਰਾਣੀ ਰੋਣ ਦੋਵੇਂ, ਰੱਬਾ ਸਾਡਿਆ ਸਾਡਾ ਪਿਆਰ ਚੱਲਿਆ
ਅੱਖਾਂ ਭਰ ਕੇ ਕਹੇ ਸ਼ਿਵਦੱਤ ਪੰਡਾ, ਮੇਰਾ ਬੰਸਰੀ ਵਾਲਾ ਮੁਰਾਰ ਚੱਲਿਆ
ਰੋਣ ਪਏ 'ਰਹੀਮ ਕਰੀਮ' ਭਾਈ, ਸਾਡਾ ਲੁੱਟਿਆ ਪ੍ਰੀਤ-ਸੰਸਾਰ ਚੱਲਿਆ
ਜੱਥਾ ਬੱਚਿਆਂ ਦਾ ਫੁੱਟ ਫੁੱਟ ਰੋਵੇ, ਸਾਨੂੰ ਛੱਡ ਏਥੇ ਜੱਥੇਦਾਰ ਚੱਲਿਆ
'ਤੀਰ' ਰੋਣ ਸਾਰੇ ਮਾਰ ਮਾਰ ਭੁੱਬਾਂ, ਕ੍ਹੇਣ ਅੱਜ ਸਾਥੋਂ 'ਗੋਬਿੰਦ ਯਾਰ' ਚੱਲਿਆ

### *ਨਿੱਕੇ ਨਿੱਕੇ ਬਾਲਾਂ ਦੀ ਬੇਨਤੀ ਦਸਮੇਸ਼ ਜੀ ਅੱਗੇ (ਤੋਤਲੀ ਜ਼ਬਾਨ ਵਿਚ)

ਅੱਛਾਂ ਤਿੱਛ ਦੇ ਲਾਲ ਫਿਲ ਥੇਦਨਾ ਏਂ, ਸਾਨੂੰ ਦੱਛ ਦੇ ਦੱਲ ਛਲਕਾਲ ਦਾਓ
ਇੱਤੇ ਲਹਵੋ ਲਹੀਂ, ਤੇ ਲਾਲੇ ਲੈ ਦਾਓ, ਧਤਾ ਵਿਤ ਦੰਦਾ ਲਹੀਂ ਤੇ ਮਾਲ ਦਾਓ
ਵੇਥੋ ਫੋਦ ਥਾਲੀ ਤਿਦਾਂ ਲੋਂਵਦੀਏ, ਥਾਦਾ ਤੋਲ ਨਾਂਹ ਅੱਦ ਪਿਆਲ ਦਾਓ
ਦੱਥਾ ਦੋਧਿਆਂ ਦਾ ਤੁੱਤ ਦਾਵਣਾ ਏਂ, ਤੁਤੀ ਪਤਨਿਓਂ ਨਾ ਦੱਥੇਦਾਲ ਦਾਓ
ਹੁਤਮ ਆਪਦਾ ਮੰਨਾਂ ਦੇ ਅਛੀ ਛਾਲੇ, ਤੁਤੀ ਤੋਲ ਨਾ ਲਾਲਾਂ ਦਾ ਹਾਲ ਦਾਓ
ਲੋ ਲੋ ਮੱਲ ਦਾਂਗੇ ਅੱਛੀ ਤੁਛਾਂ ਦਾਝੋਂ, ਏਦਾਂ ਦਾਲ ਜੀ ਤੋਲ ਨ ਤਾਲ ਦਾਓ
ਪਾਓ ਥੰਧ ਛਾਨੂੰ ਲਵੋ ਤੋਲ ਛਾਦੇ, ਬੰਨ ਕੇ ਓਪਲੇ ਨਾਹ ਵਿਛਾਲ ਦਾਓ
'ਤੀਰ' ਮਾਲ ਦਾਓ ਤਲੇ ਦਾਵਣਾ ਤਾਂ, ਨਾਂ ਨਾਂ ਪੱਤਨੇ ਤੋਂ ਦੋਬਿੰਦ ਦਾਲ ਦਾਓ

### ਵੱਲੋਂ ਕਵੀ

ਬੋਲੀ ਤੋਤਲੀ ਸੁਣੀ ਜਾਂ ਸਾਥੀਆਂ ਦੀ, ਜਾਣੀ ਜਾਣ ਜੀ ਦਾ ਗਲਾ ਭਰ ਆਯਾ
ਆਯਾ ਮੋਹ ਦਾ ਜ਼ਲਜ਼ਲਾ ਦਿੱਲ ਅੰਦਰ, ਉਛਲ ਅੱਖੀਆਂ 'ਚੋਂ ਪ੍ਰੇਮ-ਸਰ ਆਯਾ
ਔਖਾ ਟੁੱਟਣਾ ਜਾਪਿਆ ਸਾਥੀਆਂ ਤੋਂ, ਐਪਰ ਪਿਤਾ ਦੇ ਹੁਕਮ ਤੋਂ ਡਰ ਆਯਾ
'ਤੀਰ' ਸਾਥੀਆਂ ਤੋਂ ਵਿਦਾ ਹੋਣ ਵੇਲੇ, ਏਦਾਂ ਲਾਡ ਅੰਦਰ ਕਲਗੀਧੱਰ ਆਯਾ

### ਸਭ ਨੂੰ ਧੀਰਜ

ਬੋਲੇ ਨੈਣ ਉਛਾਲ ਗੋਬਿੰਦ ਰਾਏ, ਮੇਰੇ ਸਾਥੀਓ! ਹੌਸਲਾ ਹਾਰਿਓ ਨਾ
ਮੈਨੂੰ ਯਾਦ ਨਾ ਆਪਦੀ ਭੁੱਲਣੀ ਏਂ, ਵੇਖੋ ਤੁਸੀਂ ਵੀ ਕਦੇ ਵਿਸਾਰਿਓ ਨਾ
ਮੇਰੀ ਆਤਮਾ ਨੂੰ ਪੀੜ ਹੋਂਵਦੀ ਏ, ਤੁਸੀਂ ਦਿੱਲ ਭੁਲਾਓ ਪਿਆਰਿਓ ਨਾ
ਮੇਰੇ ਦਿੱਲ ਉੱਤੇ ਚੋਟ ਵੱਜਣੀ ਏਂ, ਕੋਈ ਦਰਦ ਦਾ ਹਾਉਕਾ ਮਾਰਿਓ ਨਾ
ਇੱਕ ਇੱਕ ਨੂੰ ਰੱਖਸਾਂ ਦਿੱਲ ਅੰਦਰ, ਕਦੇ ਤੁਸੀਂ ਵੀ ਦਿਲੋਂ ਉਤਾਰਿਓ ਨਾ
'ਤੀਰ' ਵੇਖ ਮੇਰੇ ਮੈਨੂੰ ਵੇਖ ਲੈਣਾ, ਰੋ ਰੋ ਅੱਖੀਆਂ 'ਚੋਂ ਮੋਤੀ ਵਾਰਿਓ ਨਾ

---

* ਸਾਫ ਜ਼ਬਾਨ ਵਿਚ
ਅਸਾਂ ਕਿਸ ਦੇ ਨਾਲ ਫਿਰ ਖੇਡਣਾ ਏ, ਸਾਨੂੰ ਦੱਸ ਕੇ ਗੱਲ ਸਰਕਾਰ ਜਾਓ
ਇਥੇ ਰਹਵੋ ਨਹੀਂ ਤੇ ਨਾਲੇ ਲੈ ਜਾਓ, ਧੱਕਾ ਵਿਚ ਗੰਗਾ ਨਹੀਂ ਤੇ ਮਾਰ ਜਾਓ
ਵੇਖੋ ਫ਼ੌਜ ਸਾਰੀ ਪਈ ਰੋਂਵਦੀ ਜੇ, ਸਾਡਾ ਤੋੜ ਨਾ ਪ੍ਰੇਮ ਪਿਆਰ ਜਾਓ
ਜੱਥਾ ਜੋਧਿਆਂ ਦਾ ਟੁੱਟ ਜਾਵਣਾ ਏਂ, ਤੁਸੀ ਪਟਨਿਓਂ ਨਾ ਜਥੇਦਾਰ ਜਾਓ
ਹੁਕਮ ਆਪ ਦਾ ਮੰਨਾਂਗੇ ਅਸੀਂ ਸਾਰੇ, ਤੁਸੀਂ ਤੋੜ ਨਾ ਲਾਲਾਂ ਦਾ ਹਾਰ ਜਾਓ
ਰੋ ਰੋ ਮਰ ਜਾਂਗੇ ਅਸੀਂ ਆਪ ਬਾਝੋਂ, ਏਦਾਂ ਯਾਰ ਜੀ! ਤੋੜ ਨਾ ਤਾਰ ਜਾਓ
ਠੰਡ ਪਾਓ ਸਾਨੂੰ ਰਹਵੋ ਕੋਲ ਸਾਡੇ, ਬਣ ਕੇ ਓਪਰੇ ਨਾ ਵਿਸਾਰ ਜਾਓ
'ਤੀਰ' ਮਾਰ ਕੇ ਜਾਓ ਤਾਂ ਚਲੇ ਜਾਓ, ਐਵੇਂ ਪਟਨਿਓਂ ਨਾ ਗੋਬਿੰਦ ਯਾਰ ਜਾਓ

## ਫੇਰ

ਸੱਦਾ ਪਿਤਾ ਜੀ ਦਾ ਜਾਏ ਟਾਲਿਆ ਨਾ, ਅੱਗੇ ਹੁਕਮ ਦੇ ਸੀਸ ਨਿਵਾਵਣਾ ਮੈਂ
ਦਿਲੋਂ ਵੱਸਸਾਂ ਆਪ ਦੇ ਦਿਲ ਅੰਦਰ, ਭਾਵੇਂ ਦੇਹ ਕਰਕੇ ਦੂਰ ਜਾਵਣਾ ਮੈਂ
ਜੱਥਾ ਆਪ ਦਾ ਵੇਖ ਕੇ ਰਿਦੇ ਅੰਦਰ, ਸਦਾ ਮਾਣਸਾਂ ਰੰਗ ਸੁਹਾਵਣਾ ਮੈਂ
'ਤੀਰ' ਆਪ ਦੀ ਖੇਡ ਨੂੰ ਅੰਤ ਤੀਕਰ, ਮੇਰੇ ਸਾਥੀਓ! ਨਹੀਂ ਭੁਲਾਵਣਾ ਮੈਂ

## ਸਭ ਨੂੰ ਧੀਰਜ

ਤੁਰੇ ਸੱਭ ਨੂੰ ਇਉਂ ਧਰਵਾਸ ਦੇ ਕੇ, ਰਾਖਾ ਸੱਭ ਦਾ ਆਪ ਕਰਤਾਰ ਹੋਸੀ
'ਰਾਣੀ ਮਾਂ' ਏਨ੍ਹਾਂ ਭੋਲੇ ਬੱਚਿਆਂ 'ਚੋਂ, ਤੇਰੇ ਪੁੱਤ ਦਾ ਤੈਨੂੰ ਦੀਦਾਰ ਹੋਸੀ
'ਸ਼ਿਵਦੱਤ ਜੀ ਹੌਸਲਾ ਹਾਰਨਾ ਨਾ', ਮੇਰਾ ਆਪਦਾ ਪੱਕਾ ਪਿਆਰ ਹੋਸੀ
ਜਦੋਂ ਵੇਖਸੋ ਆਪਣੇ ਆਪ ਅੰਦਰ, ਅੰਦਰ ਆਪ ਦੇ ਇਹੋ ਮੁਰਾਰ ਹੋਸੀ
'ਮੇਰੇ ਹਾਣ ਦੇ ਸਾਥੀਓ! ਤੁਸਾਂ ਖ਼ਾਤਰ, ਮੇਰਾ ਝੂਲਨਾ ਇਹ ਯਾਦਗਾਰ ਹੋਸੀ
ਜਦੋਂ ਏਸਨੂੰ ਵੇਖਸੋ ਨੈਣ ਭਰ ਕੇ, ਪਿਆ ਏਸ ਅੰਦਰ 'ਗੋਬਿੰਦ ਯਾਰ' ਹੋਸੀ
ਰਾਜ਼ੀ ਰਹੋ 'ਰਹੀਮ ਕਰੀਮ' ਭਾਈ, ਮੇਰਾ ਸੱਚ ਇਹ ਸਦਾ ਇਕਰਾਰ ਹੋਸੀ
ਜਪੁ ਪੜ੍ਹੋਗੇ ਜਦੋਂ ਨਿਮਾਜ਼ ਪੜ੍ਹ ਕੇ, ਪਾਠ ਕਰਦਿਆਂ ਦੀਦ-ਬਹਾਰ ਹੋਸੀ
ਰਾਣੀ ਅੰਮੀਏ! ਛੋਲਿਆਂ ਪੂਰੀਆਂ ਦਾ, ਲੰਗਰ ਪੱਕ ਕੇ ਜਦੋਂ ਤਿਆਰ ਹੋਸੀ
ਜਦੋਂ ਵੰਡਸੇ ਮੇਰਿਆਂ ਹਾਣੀਆਂ ਨੂੰ, ਉਹਨਾਂ ਵਿਚ 'ਤੇਰਾ ਹੋਣਹਾਰ' ਹੋਸੀ
ਸੁਰਤ ਜੋੜਸੀ 'ਪ੍ਰੇਮ' ਵਿਚ ਦਿੱਲ ਜਿਹੜਾ, ਮੇਰੀ ਆਤਮਾ ਉਦ੍ਹਾ ਸ਼ਿੰਗਾਰ ਹੋਸੀ
'ਤੀਰ' ਓਸਦੇ ਸਾਹਮਣੇ ਰਵ੍ਹਾਂਗਾ ਮੈਂ, ਪੂਰਾ ਓਸਦਾ ਸਦਾ ਮਲ੍ਹਾਰ ਹੋਸੀ'

## ਮਹਾਰਾਜ ਦੇ ਟੁਰਨ ਸਮੇਂ ਪਿਆਰਿਆਂ ਦੀ ਹਾਲਤ

ਜਦੋਂ ਸੇਵਕਾਂ ਸਣੇ ਮਹਾਰਾਜ ਚੱਲੇ, ਪਏ ਨੈਣ ਭਰਕੇ ਨੱਰ ਨਾਰ ਵੇਖਣ
ਜਿਵੇਂ ਰਾਤ ਵੇਲੇ ਚੜ੍ਹੇ ਚੰਦ ਤਾਈਂ, ਟਿੱਕ ਬੰਨ੍ਹ ਚਕੋਰ ਲਾਚਾਰ ਵੇਖਣ
ਕੌਲ ਫੁੱਲ ਨੂੰ ਜਿਸ ਤਰ੍ਹਾਂ ਭੌਰ ਵੇਖੇ, ਜਿਵੇਂ ਚਕਵੀਆਂ ਭਾਨ ਦਿਲਦਾਰ ਵੇਖਣ
ਜਿਵੇਂ ਚਾਤ੍ਰਿਕ ਬੱਦਲਾਂ ਵੱਲ ਵੇਖੇ, ਜਿਵੇਂ ਮੱਛੀਆਂ ਨੀਰ ਦੀ ਧਾਰ ਵੇਖਣ
ਜੋਤ ਜਾਗਦੀ ਜਿਵੇਂ ਪਤੰਗ ਵੇਖਣ, ਮੋਰ ਵੱਸਦੀ ਜਿਵੇਂ ਫੁਹਾਰ ਵੇਖਣ
ਫਤਹਿ ਚੰਦ ਵੇਖੇ ਉਦ੍ਹੀ ਨਾਰ ਵੇਖੇ, ਰੋਂਦੇ ਬਾਲ 'ਗੋਬਿੰਦ ਦੇ ਯਾਰ' ਵੇਖਣ
'ਸ਼ਿਵਦੱਤ' ਵੇਖੇ ਬਾਲੇ ਪਾਤਸ਼ਾਹ ਨੂੰ, ਹੋ ਉਦਾਸ ਸਭ ਗਲੀ ਬਜ਼ਾਰ ਵੇਖਣ
'ਤੀਰ' ਟੁਰੇ ਜਾਂਦੇ ਲਾਲ ਗੁੱਜਰੀ ਦੇ, ਪਰਤ ਪਰਤ ਪਿੱਛੇ ਝਾਤੀ ਮਾਰ ਵੇਖਣ

### ਵੱਲੋਂ ਕਵੀ

ਚੁੰਬਕ ਵਾਂਙ ਗੋਬਿੰਦ ਦੀ ਖਿੱਚ ਖਾ ਕੇ, ਸਿਦਕ ਵਾਨ ਸੈਆਂ ਵੇਖੋ! ਨਾਲ ਚੱਲੇ
ਬੁੱਢੇ ਬੁੱਢੀਆਂ ਅਤੇ ਜਵਾਨ ਚੱਲੇ, ਬਾਲ ਸਾਥੀਆਂ 'ਚੋਂ ਕਈ ਬਾਲ ਚੱਲੇ
ਕਈ ਰਾਹ ਵਿਚੋਂ ਹੋਰ ਆਣ ਰੱਲੇ, ਮਾਰੇ ਪ੍ਰੇਮ ਦੇ ਹੋ ਬਿਹਾਲ ਚੱਲੇ
ਕਹਿਣ! ਅਸਾਂ ਬਣਾਵਣਾ ਕੀ ਏਥੇ, ਜਦੋਂ ਆਪ ਨੇ ਦੀਨ ਦਿਆਲ ਚੱਲੇ
ਉਦੋਂ ਰੁੱਤ ਬਸੰਤ ਸੀ ਜੋਬਨਾਂ 'ਤੇ, ਜਦੋਂ ਪਟਨਿਓਂ ਗੁਰੂ ਕ੍ਰਿਪਾਲ ਚੱਲੇ
'ਤੀਰ' ਸਮੇਂ ਨੇ ਆਖਿਆ ਸੁਣੋ ਲੋਕੋ! ਕਰਨ ਲਈ ਨੇ ਜਗਤ ਨਿਹਾਲ ਚੱਲੇ

### ਫੇਰ ਵੱਲੋਂ ਕਵੀ

ਲੈਣ ਲੱਗਿਆਂ ਵਿਦਾ ਪਿਆਰਿਆਂ ਤੋਂ, ਸ਼ਾਮ ਹੋ ਗਈ ਪੱਟਨੇ ਸ਼ਹਿਰ ਅੰਦਰ
ਹੋਇਆ ਪੰਧ ਥੋੜਾ, ਏਸ ਰੋਕ ਕਰਕੇ, ਆਯਾ ਹੜ੍ਹ ਸੀ ਪ੍ਰੇਮ ਦੇ ਬਹਿਰ ਅੰਦਰ
'ਦਾਨਾਪੁਰ' ਪਹੁੰਚੇ ਸੱਚੇ ਪਾਤਸ਼ਾਹ ਜੀ, ਨਾਲ ਅੰਮੀਆਂ ਦੇ ਇੱਕੋ ਪਹਿਰ ਅੰਦਰ
'ਤੀਰ' ਤਾਂਘਦੀ ਸੀ ਉਥੇ ਇੱਕ ਮਾਈ, ਡੁੱਬੀ ਹੋਈ ਪ੍ਰੇਮ ਦੀ ਲਹਿਰ ਅੰਦਰ

### ਦਾਨਾਪੁਰ ਵਿਚ ਡੇਰਾ ਅਤੇ ਸੰਗਤਾਂ ਦਾ ਆਉਣਾ

ਸਿੱਖਾਂ ਸੇਵਕਾਂ ਨੇ ਡੇਰਾ ਲਾ ਦਿੱਤਾ, ਨਾਲ ਖ਼ੁਸ਼ੀ ਦੇ ਸੇਵ ਕਮਾਣ ਲੱਗੇ
ਕਈ ਜੱਲ ਪਾਣੀ ਕਰਨ ਵਿਚ ਰੁੱਝੇ, ਕਈ ਲੱਕੜਾਂ ਆਦਿ ਲਿਆਣ ਲੱਗੇ
ਕਈ ਪਏ ਬਣਾਉਂਦੇ ਦਾਲ ਭਾਜੀ, ਲੰਗਰ ਰੀਝ ਦੇ ਨਾਲ ਬਣਾਣ ਲੱਗੇ
ਸੇਠ ਜੱਗਤੇ ਦੇ ਬੰਦੇ ਟਹਿਲ ਕਰਦੇ, ਨਾਲ ਹੋਰ ਵੀ ਹੱਥ ਵਟਾਣ ਲੱਗੇ
ਪ੍ਰੀਤਵਾਨ ਸੇਵਕ ਖ਼ੁਸ਼ੀ ਖ਼ੁਸ਼ੀ ਆ ਕੇ, ਲੰਗਰ ਵਿੱਚ ਚੀਜ਼ਾਂ ਵਸਤਾਂ ਪਾਣ ਲੱਗੇ
ਦੱਨਾਪੁਰੀ ਸੰਗਤ ਖ਼ੂਬ ਕਰੇ ਸੇਵਾ, ਜਿਹੜਾ ਸੁਣੇ ਉਹੋ ਚਰਨੀਂ ਆਣ ਲੱਗੇ
ਵੰਨੋਂ ਵੰਨ ਦੇ ਹੋਣ ਤਿਆਰ ਭੋਜਨ, ਜ਼ੋਰ ਆਪਣਾ ਲਾਂਗਰੀ ਲਾਣ ਲੱਗੇ
'ਤੀਰ' ਗੁਰੂ ਗ਼ਰੀਬ ਨਿਵਾਜ਼ ਐਪਰ, ਵੇਖ ਹੋਰ ਈ ਚੋਜ ਵਿਖਾਣ ਲੱਗੇ

### ਮਾਈ ਦੀ ਖਿਚੜੀ

ਦੱਨਾਪੁਰ ਦੇ ਵਿਚ ਹੀ ਰਹਿਣ ਵਾਲੀ, ਇਕ ਬੁੱਢੜੀ ਨੀਮ ਸ਼ੁਦਾਈ ਹੈਸੀ
ਕੁੱਬਾ ਲੱਕ ਉਸ ਦਾ, ਨੈਣੋਂ ਨੀਰ ਵੱਗੇ, ਸਾਰੇ ਸ਼ਹਿਰ ਅੰਦਰ ਉੱਘੀ ਮਾਈ ਹੈਸੀ
ਘਰੋਂ ਅੱਤ ਗ਼ਰੀਬਣੀ, ਖ਼ੁਰੀ ਹੋਈ, ਕੋਲ ਰੱਖਦੀ ਨਾ ਇੱਕ ਪਾਈ ਹੈਸੀ
ਇੱਕ ਜਿੰਦੜੀ ਹੋਰ ਨਾ ਪੁੱਤ ਪੋਤਾ, ਤੱਤੀ ਮੌਤ ਦੀ ਮਾਰ ਨੇ ਤਾਈ ਹੈਸੀ
ਸੁਣੀ ਓਸ ਨੇ ਸੋਅ ਜਾਂ ਗੁਰੂ ਜੀ ਦੀ, ਦਿੱਲ ਵਿੱਚ ਨਾ ਫੁੱਲੀ ਸਮਾਈ ਹੈਸੀ
ਅੰਗ ਅੰਗ ਉਸਦੇ ਅੰਦਰ ਪ੍ਰੇਮ ਆਯਾ, ਮਾਈ ਪ੍ਰੇਮ ਦੇ ਰੰਗ ਵਿਚ ਆਈ ਹੈਸੀ

'ਲੋਕੀਂ ਭੋਗ ਲਵਾਣਗੇ ਗੁਰੂ ਜੀ ਨੂੰ', ਓਸ ਦਿੱਲ ਤੋਂ ਸੋਚ ਦੁੜਾਈ ਹੈਸੀ
'ਮੈਂ ਗ਼ਰੀਬਣੀ ਕਰਾਂਗੀ ਕੀ ਭੇਟਾ', ਹੱਥੋਂ ਸੱਖਣੀ ਜਾਣ ਘਬਰਾਈ ਹੈਸੀ
ਸੋਚ ਸੋਚ ਕੇ ਵੇਹੜਿਓਂ ਗਈ ਅੰਦਰ, ਕੱਢ ਪੋਟਲੀ ਇੱਕ ਲਿਆਈ ਹੈਸੀ
ਵੇਖੀ ਖੋਲ੍ਹ ਤਾਂ ਓਸ ਵਿਚ ਖਿੱਚੜੀ ਸੀ, ਵੇਖ ਵੇਖ ਕੇ ਦਿਲੋਂ ਹਰਖਾਈ ਹੈਸੀ
ਫੇਰ ਇੱਕ ਹਾਂਡੀ ਕਾਲੀ-ਕਿੱਟ ਲੈ ਕੇ, ਪਾਣੀ ਵਾਸਤੇ ਖੂਹ ਨੂੰ ਧਾਈ ਹੈਸੀ
ਪਹੁੰਚੀ ਡਿੱਗਦੀ ਢੱਠਦੀ ਖੂਹ ਉਤੇ, ਘਾਲ ਓਸ ਦੀ ਰੱਬ ਪੁਗਾਈ ਹੈਸੀ
ਪਾਣੀ ਤਰਲਿਆਂ ਦੇ ਨਾਲ ਲੈ ਆਈ, ਡਾਢੀ ਪ੍ਰੀਤ ਦੀ ਦਿਲੋਂ ਸਧਰਾਈ ਹੈਸੀ
ਘਰ ਪਹੁੰਚ ਕੇ ਬਾਲ ਕੇ ਅੱਗ ਚੁੱਲ੍ਹੇ, ਹਾਂਡੀ ਪ੍ਰੀਤ ਦੀ ਓਸ ਚੜ੍ਹਾਈ ਹੈਸੀ
ਇਧਰ ਖਿੱਚੜੀ ਨੂੰ ਫੇਰੇ ਪਈ ਕੜਛੀ, ਉਧਰ ਓਸ ਨੇ ਸੁਰਤ ਟਿਕਾਈ ਹੈਸੀ
ਜਿਦ੍ਹੇ ਵਾਸਤੇ ਖਿੱਚੜੀ ਰਿੰਨ੍ਹਦੀ ਸੀ, ਦਿਲੋਂ ਓਸ ਦੇ ਵਿੱਚ ਸਮਾਈ ਹੈਸੀ
ਏਦਾਂ ਰਿੱਝਦੀ ਖਿੱਚੜੀ ਵਿਚ ਰੋ ਰੋ, ਪ੍ਰੀਤ ਆਪਣੀ ਉਹਨੇਂ ਰਲਾਈ ਹੈਸੀ
ਛਮਾ ਛਮ ਰੋਵੇ ਮਾਨੋਂ ਚਰਨ ਧੋਵੇ, ਅੱਖੋਂ ਪ੍ਰੇਮ ਦੀ ਘਟਾ ਉਮਡਾਈ ਹੈਸੀ
ਉਹਨੇਂ ਰਿੱਝਦੀ ਖਿੱਚੜੀ ਵਿਚ ਏਦਾਂ, ਪ੍ਰੀਤ ਆਪਣੀ ਖ਼ੂਬ ਪਕਾਈ ਹੈਸੀ
ਹਾਂਡੀ ਸਣੇ ਹੀ ਚੁੱਕ ਕੇ ਲੈ ਆਈ, ਦਿਲੋਂ ਦੇਂਵਦੀ ਪ੍ਰੇਮ ਦੁਹਾਈ ਹੈਸੀ
ਜਦੋਂ ਗੁਰਾਂ ਦੇ ਤੰਬੂ ਦੇ ਪਾਸ ਪਹੁੰਚੀ, ਨਿਗ੍ਹਾ ਓਸ ਚੁਫੇਰ ਦੁੜਾਈ ਹੈਸੀ
ਬਾਲੇ ਪਾਤਸ਼ਾਹ ਨੂੰ ਵੇਖ ਖ਼ੁਸ਼ ਹੋਈ, ਐਪਰ ਦਿਲ ਅੰਦਰ ਪੱਛੋਤਾਈ ਹੈਸੀ
'ਲੱਗੇ ਢੇਰ ਸੀ ਛੱਤੀ ਪਦਾਰਥਾਂ ਦੇ', ਮਾਇਆ ਸੰਗਤਾਂ ਆਣ ਲੁਟਾਈ ਹੈਸੀ
ਤੇਰੀ ਖਿੱਚੜੀ ਖਾਏਗਾ ਕੌਣ ਮਾਈ, ਪਈ ਆਖਦੀ ਸੋਚ ਦਨਾਈ ਹੈਸੀ
ਦਿਲ ਆਖਦਾ ਸੀ ਹਾਂਡੀ ਮੋੜ ਲੈ ਜਾਂ, ਇਥੇ ਪੇਸ਼ ਨਾ ਜਾਪਦੀ ਕਾਈ ਹੈਸੀ
'ਤੀਰ' ਦਿਲ ਵਿਚੋਂ ਪ੍ਰੇਮ ਬੋਲਦਾ ਸੀ, ਨੈਣੋਂ ਪ੍ਰੇਮ ਦੀ ਘਟਾ ਉਮਡਾਈ ਹੈਸੀ

## ਜਾਣੀ ਜਾਣ ਜੀ ਦਾ ਕੌਤਕ

ਜਾਣੀ ਜਾਣ ਨੇ ਵੇਖਿਆ ਏਤਨੇ ਨੂੰ, ਕਿਸੇ ਸੋਚ ਨੇ ਦੂਰ ਅਟਕਾਈ ਮਾਈ
ਸਿੱਖ ਭੇਜ ਕੇ ਆਪ ਨੇ ਉਸੇ ਵੇਲੇ, ਝੱਟ ਆਪਣੇ ਕੋਲ ਬੁਲਾਈ ਮਾਈ
ਨਾਲੇ ਪੁੱਛਿਆ ਤੋਤਲੀ ਬੋਲ ਬੋਲੀ, ਲੈ ਕੇ ਕੀ ਪੁੱਤਰ ਕੋਲ ਆਈ ਮਾਈ
ਬਚਨ ਸੁਣਦਿਆਂ ਈ ਡੁੱਲ੍ਹੀ ਅੱਖੀਆਂ 'ਚੋਂ, ਵਹਿਣ ਪ੍ਰੇਮ ਦੇ ਜਾਏ ਵਹਾਈ ਮਾਈ
'ਜਾਣੀ ਜਾਣ! ਮੈਂ ਅੱਤ ਗ਼ਰੀਬਣੀ ਹਾਂ', ਏਨਾ ਆਖ ਕੇ ਧੌਣ ਨਿਵਾਈ ਮਾਈ
ਮੇਰੀ ਖਿੱਚੜੀ ਦਾ ਲੱਗੇ ਭੋਗ ਜੇਕਰ, ਜਾਵੇ ਜੱਗ ਦੇ ਵਿਚ ਵਡਿਆਈ ਮਾਈ
ਮਹਾਰਾਜ ਬੋਲੇ 'ਡਾਢੀ ਭੁੱਖ ਲੱਗੀ', ਸੁਣਨ ਸਾਰ ਬੇਹੱਦ ਹਰਖਾਈ ਮਾਈ
ਥਾਲੀ ਵਿੱਚ ਪਾ ਕੇ ਆਪ ਖਾਣ ਲੱਗੇ, ਗੁਰਾਂ ਰੀਝ ਕੇ ਇਉਂ ਰੀਝਾਈ ਮਾਈ
ਮੂੰਹੋਂ ਕਹਿਣ ਸਵਾਦਲੀ ਬਣੀ ਡਾਢੀ, ਪੁੱਛਣ 'ਪਾ ਕੇ ਕੀ ਬਣਾਈ ਮਾਈ'

ਇਹ ਸੁਾਦ ਹੈ ਛੱਤੀ ਪਦਾਰਥਾਂ ਤੋਂ, ਆਖ ਅੰਬਰਾਂ ਉੱਤੇ ਪੁਚਾਈ ਮਾਈ
ਚੋਜੀ ਰੱਜ ਕੇ ਜਦੋਂ ਪਰਸੰਨ ਹੋਏ, ਹੱਥ ਜੋੜ ਫਿਰ ਅਰਜ਼ ਸੁਣਾਈ ਮਾਈ
ਮਹਾਰਾਜ ਮੈਨੂੰ ਦੀਦ ਨਿੱਤ ਹੋਵੇ, ਮਾਈ ਆਖ ਨਾ ਜਾਇ ਭੁਲਾਈ ਮਾਈ
ਜਾਨੀ ਜਾਣ ਬੋਲੇ ਦਿਲੋਂ ਰੱਖ ਨਿਸਚਾ, ਤੇਰਾ ਆਪ ਮਹਾਰਾਜ ਸਹਾਈ ਮਾਈ
ਏਦਾਂ ਖਿੱਚੜੀ ਰਿੰਨ੍ਹ ਕੇ ਵਿਚ ਹਾਂਡੀ, ਜਾਵੀਂ ਸੰਗਤਾਂ ਤਾਈਂ ਛਕਾਈ ਮਾਈ
ਉਨ੍ਹਾਂ ਵਿੱਚ ਮੇਰਾ ਦੀਦ ਨਿੱਤ ਹੋਸੀ, ਸੰਗਤ ਆਪਣੀ ਰਖੀਂ ਜਮਾਈ ਮਾਈ
ਏਦਾਂ ਮੇਹਰ ਦੇ ਰੰਗ ਦੇ ਵਿਚ ਆ ਕੇ, ਗੁਰਾਂ ਡੁੱਬਦੀ ਪਾਰ ਲੰਘਾਈ ਮਾਈ
ਪ੍ਰੀਤ-ਡੋਰ ਵਧਾ ਕੇ ਪਲਾਂ ਅੰਦਰ, ਮਹਾਰਾਜ ਨੇ ਅਰਸ਼ ਚੜ੍ਹਾਈ ਮਾਈ
'ਤੀਰ' ਅੱਜ ਓਥੇ 'ਹਾਂਡੀ ਸਾਹਿਬ' ਕਾਇਮ, ਗੁਰਾਂ ਸਦਾ ਦੇ ਲਈ ਜੀਵਾਈ ਮਾਈ

### ਦਾਨਾਪੁਰ ਤੋਂ ਮਿਰਜ਼ਾਪੁਰ

ਦੂਜੇ ਦਿਨ ਸਵੇਰ ਨੂੰ ਦੋ ਦਾਤਾਂ, ਦਾਨ ਪੁੱਰ ਵਿਚੋਂ ਜਾਨੀ ਜਾਣ ਚੱਲੇ
ਸੈਆਂ ਰੁੜ੍ਹਦਿਆਂ ਤਾਂਈ ਤਰਾਣ ਚੱਲੇ, ਸੈਆਂ ਮਰਦਿਆਂ ਤਾਂਈ ਬਚਾਣ ਚੱਲੇ
ਪਹੁੰਚੇ ਬੱਕਸਰ, ਆਗਰੇ ਛੱਪਰੇ ਵੀ, ਫੇਰ ਡੰਮਰੇ, ਨਾਮ ਜਪਾਣ ਚੱਲੇ
ਮਿਰਜ਼ਾਪੁਰ ਅੰਦਰ ਤਿੰਨ ਦਿੱਨ ਠਹਿਰੇ, ਕਾਂਸ਼ੀਪੁਰੀ ਨੂੰ 'ਤੀਰ' ਵਡਿਆਣ ਚੱਲੇ

### ਕਾਂਸ਼ੀ ਵਿਚ ਦਰਸ਼ਨ

ਵਾ ਖ਼ੁਸ਼ੀ ਦੀ ਫਿਰੀ ਆ ਵਿੱਚ ਕਾਂਸ਼ੀ, ਜਦੋਂ ਸ਼ਹਿਰ ਦੇ ਵਿੱਚ ਸੁਲਤਾਨ ਆਏ
ਜਿਥੇ ਜਾਂਦਿਆਂ ਉੱਤਰੇ ਗੁਰੂ ਨੌਵੇਂ, ਪੂਜਾ ਵਾਸਤੇ ਓਸ ਅਸਥਾਨ ਆਏ
ਮਹਿਮਾ ਖਿੱਲਰੀ ਆਪ ਦੀ ਸੱਭ ਪਾਸੀਂ, ਨਰ ਨਾਰੀਆਂ ਹੋਣ ਕੁਰਬਾਨ ਆਏ
ਦਾਤਾਂ ਜਿਨ੍ਹਾਂ ਨੇ ਮੰਗ ਕੇ ਲੈਣੀਆਂ ਸੀ, ਪੱਲੇ ਗਲ ਪਾ ਹੋ ਨਿਰਮਾਨ ਆਏ
ਸ਼ੰਕੇ ਜਿਨ੍ਹਾਂ ਨੇ ਕਈ ਨਿਵਾਰਨੇ ਸੀ, ਕਰਨ ਓਹ ਪੰਡੇ ਚੁੰਚਗਯਾਨ ਆਏ
ਜਿਹੜੇ ਮੰਗਤੇ ਸੀ ਓਹ ਵੀ ਬੰਨ੍ਹ ਜੱਥੇ, ਲੈਣ ਲਈ ਮਹਾਰਾਜ ਤੋਂ ਦਾਨ ਆਏ
ਕਈ ਪ੍ਰੀਤ ਵਾਲੇ ਦਿਲੋਂ ਜਾਣਦੇ ਸੀ, ਕਰਨ ਜੱਗ ਦੀ ਇਹ ਕਲਯਾਨ ਆਏ
'ਤੀਰ' ਬਹੁਤਿਆਂ 'ਚੋਂ ਥੋੜੇ ਜਾਣੇ ਸੀ, ਰੂਪ ਧਾਰ ਕੇ ਆਪ ਭਗਵਾਨ ਆਏ

### ਹਿੰਦੂ ਮੰਦਰਾਂ ਦੇ ਦਰਸ਼ਨ

ਦਿਨ ਦੂਸਰੇ ਦਿਲ ਪ੍ਰਚਾਣ ਖ਼ਾਤਰ, ਹਿੰਦੂ-ਮੰਦਰਾਂ ਦਾ ਜਾ ਦੀਦਾਰ ਕੀਤਾ
ਕੱਢੇ ਭਰਮ ਦੇ ਭੂਤ ਬ੍ਰਾਹਮਣਾਂ ਦੇ, ਸਿੱਖ ਧਰਮ ਦਾ ਖ਼ੂਬ ਪਰਚਾਰ ਕੀਤਾ
ਭਾਵ ਪੂਜਾ ਦਾ ਦੱਸਿਆ ਪੰਡਤਾਂ ਨੂੰ, ਜਿਨ੍ਹਾਂ ਜ਼ਾਤ ਦਾ ਦਿਲੋਂ ਹੰਕਾਰ ਕੀਤਾ
'ਤੀਰ' ਇਸ ਤਰ੍ਹਾਂ ਤਾਰਕੇ ਪੁਰੀ ਕਾਂਸ਼ੀ, ਅੱਗੇ ਤੁਰਨ ਦਾ ਫੇਰ ਵਿਚਾਰ ਕੀਤਾ

### ਅਗਲਾ ਪੰਧ

ਕਾਸ਼ੀ ਪੁਰੀ ਤੋਂ ਆਪ ਪਰਯਾਗ ਪਹੁੰਚੇ, ਤੇ ਅਯੁੱਧਿਆ ਵੀ ਚਰਨ ਪਾ ਆਏ
ਓਥੋਂ ਚੱਲ ਕੇ ਫੇਰ ਲਖਨਊ ਆਏ, ਨਾਨਕ-ਮਤੇ ਨੂੰ ਸੀਸ ਨਿਵਾ ਆਏ
ਫ਼ਰੁਖਾਬਾਦ ਬਰੇਲੀ ਤੇ ਭੀਤਪੀਲੀ, ਸੈਆਂ ਜੀਆਂ ਦੀ ਜੋਤ ਜਗਾ ਆਏ
ਦੇਵ ਨਗਰ ਆਏ, ਓਥੋਂ ਫੇਰ ਮਥਰਾ, ਕੰਖਲ, ਦਾਮਲੇ, ਕਰ ਪੜਾ ਆਏ
ਜਾਨੀ ਜਾਨ ਜੀ ਤੁੱਠਕੇ ਮਿਹਰ ਕਰਕੇ, ਜੀਵਾਂ ਡੁੱਬਿਆਂ ਨੂੰ ਕੰਢੇ ਲਾ ਆਏ
'ਤੀਰ' ਆਨ ਕੇ ਜਦੋਂ ਲਖਨੌਰ ਪਹੁੰਚੇ, ਲੋਕੀਂ ਦਰਸ਼ਨਾਂ ਵਾਸਤੇ ਧਾ ਆਏ

### ਲਖਨੌਰ ਵਿਚ ਰੌਣਕਾਂ

ਧੁੰਮੀ ਗੱਲ ਇਹ ਪੱਲ ਦੇ ਵਿਚ ਥਾਂ ਥਾਂ, ਨਾਵੇਂ ਗੁਰਾਂ ਦੇ ਲਾਲ ਲਖਨੌਰ ਆਏ
ਮਾਨੋਂ ਮਹਿਕਿਆ ਫੁੱਲ ਪ੍ਰੇਮ ਵਾਲਾ, ਜੱਥੇ ਬੰਨ੍ਹਕੇ ਗਾਂਵਦੇ ਭੌਰ ਆਏ
ਆਸ ਧਾਰ ਕੇ ਅੱਖੀਆਂ ਠਾਰਨੇ ਦੀ, ਪ੍ਰੀਤਵਾਨ ਸਭ ਪ੍ਰੀਤ ਦੇ ਤੌਰ ਆਏ
'ਤੀਰ' ਆਪਣੇ ਦਿਲਾਂ ਦੇ ਪਾਤਸ਼ਾਹ ਤੇ, ਦਿਲੋਂ ਧਾਰ ਸ਼ਰਧਾ ਕਰਨ ਚੌਰ ਆਏ

### ਲਖਨੌਰ ਵਿਚ ਕੌਤਕ

ਬਾਲੇ ਪੀਅ ਜੀ ਨਿੱਤ ਲਖਨੌਰ ਅੰਦਰ, ਚੋਜ ਨਵੇਂ ਤੋਂ ਨਵੇਂ ਹੀ ਕਰਨ ਲੱਗੇ
ਦਿਲੋਂ ਤੁੱਠ ਪਏ ਆਪਣੇ ਸੇਵਕਾਂ ਤੇ, ਸਾਰੇ ਉਹਨਾਂ ਦੇ ਦੁੱਖੜੇ ਹਰਨ ਲੱਗੇ
ਚੜ੍ਹ ਰੋਜ਼ ਹੀ ਨਾਮ-ਜਹਾਜ਼ ਉਤੇ, ਸੱਤਿਗੁਰਾਂ ਦੇ ਆਸਰੇ ਤਰਨ ਲੱਗੇ
'ਤੀਰ' ਗੁਰੂ ਨੌਵੇਂ ਜਾਨੀ ਜਾਨ ਓਧਰ, ਨਵੇਂ ਕੌਤਕਾਂ ਦੀ ਨੀਂਹ ਧਰਨ ਲੱਗੇ

### ਅਨੰਦਪੁਰ ਤੋਂ ਨੌਵੇਂ ਸਤਿਗੁਰੂ ਜੀ ਦਾ ਹੁਕਮ

ਪੁੱਜਾ ਗੁਰਾਂ ਦਾ ਹੁਕਮ ਅਨੰਦ ਪੁਰੀਓਂ, ਡੇਰੇ ਲਾਲ ਜੀਓ ਉਥੇ ਲਾਈ ਰੱਖੋ
ਤਾਰੋ ਸੰਗਤਾਂ ਨੂੰ ਠਾਰੋ ਸੇਵਕਾਂ ਨੂੰ, ਸੱਤਿਨਾਮ ਦਾ ਝੰਡਾ ਝੁਲਾਈ ਰੱਖੋ
ਸੱਦ ਲਵਾਂਗੇ ਸਮੇਂ ਸਿਰ ਆਪ ਜੀ ਨੂੰ, ਹਾਲਾਂ ਉਥੇ ਦਰਬਾਰ ਸਜਾਈ ਰੱਖੋ
ਜਿੰਨੇ ਚਿੱਰ ਤੋੜੀ 'ਤੀਰ' ਸੱਦੀਏ ਨਾ, ਤੁਸੀਂ ਮੰਨ ਲਖਨੌਰ ਪਰਚਾਈ ਰੱਖੋ

### ਇਸ ਹੁਕਮ ਦਾ ਅਸਰ ਦਸਮੇਸ਼ ਜੀ 'ਤੇ

ਹੁਕਮ ਸੁਣ ਇਹ ਆਪਣੇ ਪਿਤਾ ਜੀ ਦਾ, ਪਹਿਲੇ ਸ੍ਰੀ ਦਸਮੇਸ਼ ਘਬਰਾਣ ਲੱਗੇ
ਦਿਲ ਉੱਤੇ ਵਿਛੋੜੇ ਨੇ ਚੋਟ ਲਾਈ, ਪਿਤਾ ਯਾਦ ਕਰਕੇ ਤਿਲਮਲਾਣ ਲੱਗੇ
ਐਪਰ ਹੁਕਮ ਅੰਦਰ ਜਾਣ ਖੇਡ ਸਾਰੀ, ਫੇਰ ਗੀਤ ਗੋਬਿੰਦ ਦੇ ਗਾਣ ਲੱਗੇ
'ਤੀਰ' ਪੱਟਨੇ ਵਾਂਗ ਲਖਨੌਰ ਅੰਦਰ, ਜੱਥੇ ਬੰਨ੍ਹ ਕੇ ਰੰਗ ਵਿਖਾਣ ਲੱਗੇ

### ਵੱਲੋਂ ਕਵੀ

ਖ਼ੂਬ ਫ਼ੌਜ ਬਣਾ ਕੇ ਗਸ਼ਤ ਕਰਦੇ, ਪਿੱਛੇ ਤੁਰੇ ਜੱਥਾ ਜੱਥੇਦਾਰ ਅੱਗੇ
'ਹੋਣਹਾਰ ਪਲਟਨ' ਪਿੱਛੇ ਕਰੇ ਮਾਰਚ, ਤੁਰੇ ਗੁੱਜਰੀ ਦਾ ਹੋਣਹਾਰ ਅੱਗੇ
ਕੋਈ ਅਰਦਲੀ ਕੋਈ ਵਜ਼ੀਰ ਬਣਦਾ, ਨਾਲ ਰੋਬ੍ਹ ਦੇ ਟੁਰੇ ਸਰਕਾਰ ਅੱਗੇ
'ਤੀਰ' ਵੇਖ ਕੇ ਆਪ ਦਾ ਰੋਹਬ-ਰੱਬੀ, ਝੁਕੇ ਆਣ ਕੇ ਪਿਆ ਸੰਸਾਰ ਅੱਗੇ

### ਪੀਰ ਆਰਫ਼ਦੀਨ ਨੂੰ ਦਸਮੇਸ਼ ਜੀ ਵਿਚ ਅਲ੍ਹਾ ਦਾ ਨੂਰ ਦਿੱਸਿਆ

ਇੱਕ ਦਿੱਨ ਦਸਮੇਸ਼ ਜੀ ਨਾਲ ਬਾਲਾਂ, ਖ਼ੂਬ ਆਪਣੀ ਖੇਡ ਮਚਾ ਰਹੇ ਸੀ
ਮੱਥੇ ਨੂਰ, ਕਲਗ਼ੀ ਸੋਹੇ ਸੀਸ ਉੱਤੇ, ਰਾਹੇ ਜਾਂਦਿਆਂ ਨੂੰ ਖਿੱਚਾਂ ਪਾ ਰਹੇ ਸੀ
ਉੱਘੇ ਪੀਰ ਉਥੋਂ ਆਰਫ਼ਦੀਨ ਹੋਰੀਂ, ਟੁਰੇ ਨਾਲ ਮੁਰੀਦਾਂ ਦੇ ਜਾ ਰਹੇ ਸੀ
'ਤੀਰ' ਨੂਰ ਅਲਾਹ ਦਾ ਜਾਂਦਿਆਂ ਨੂੰ, ਨਿਗ੍ਹਾ ਸ੍ਰੀ ਦਸਮੇਸ਼ ਜੀ ਆ ਰਹੇ ਸੀ

### ਪੀਰ ਆਰਫ਼ਦੀਨ ਵੱਲੋਂ ਦਸਮੇਸ਼ ਜੀ ਨੂੰ ਨਿਉਂ ਕੇ ਸਲਾਮ ਕਰਨੀ

ਨਿਗ੍ਹਾ ਪੈਂਦਿਆਂ ਹੀ ਉੱਤਰ ਪਾਲਕੀ 'ਚੋਂ, ਆਰਫ਼ਦੀਨ ਨੇ ਝੁੱਕ ਸਲਾਮ ਕੀਤੀ
ਫੇਰ ਨਾਲ ਦਸਮੇਸ਼ ਦੇ ਵੱਖ ਹੋ ਕੇ, ਕੋਈ ਭੇਤ ਦੀ ਭਰੀ ਕਲਾਮ ਕੀਤੀ
ਦੂਜੀ ਵੇਰ ਨਿਉਂ ਕੇ ਨਾਲ ਆਦਰ, ਜਾਂ ਸਲਾਮ ਉਸਨੇ ਸ਼ਰੇ-ਆਮ ਕੀਤੀ
'ਤੀਰ' ਵੇਖ ਮੁਰੀਦ ਹੈਰਾਨ ਹੋਏ, ਜੀਭ ਸਾਰਿਆਂ ਬੇ-ਲਗਾਮ ਕੀਤੀ

### ਪੀਰ ਆਰਫ਼ਦੀਨ ਉਤੇ ਮੁਰੀਦਾਂ ਦਾ ਇਤਰਾਜ਼

ਡਾਢੇ ਹੋ ਹੈਰਾਨ ਮੁਰੀਦ ਬੋਲੇ, ਰਤਾ ਪੀਰ ਜੀ ਭੇਦ ਸਮਝਾਵਣਾ ਜੀ
ਸੱਚੇ ਮੋਮਨਾਂ ਨੂੰ, ਅੱਗੇ ਕਾਫ਼ਰਾਂ ਦੇ, ਕਿੱਥੇ ਲਿੱਖਿਆ, ਸੀਸ ਨਿਵਾਵਣਾ ਜੀ
ਜੇਕਰ ਆਪ ਹੀ ਸ਼ਰ੍ਹਾ ਤੋਂ ਬਾਹਰ ਹੋਏ, ਜਿਨ੍ਹਾਂ ਜੱਗ ਤਾਈਂ ਰਾਹੇ ਪਾਵਣਾ ਜੀ
ਦੱਸੋ ਫੇਰ ਇਸਲਾਮ ਦਾ ਕੀ ਬਣਸੀ, ਦਿਲੋਂ ਬੁਰਾ ਨਾ ਤੁਸੀਂ ਮਨਾਵਣਾ ਜੀ
ਨਾਲੇ ਤੁਸੀਂ ਜ਼ਈਫ ਤੇ ਉਹ ਬੱਚਾ, ਉਹਨੂੰ ਚਾਹੀਦਾ ਸਿਰ ਝੁਕਾਵਣਾ ਜੀ
'ਤੀਰ' ਸੱਭ ਨੂੰ ਪਿਆ ਹੈਰਾਨ ਕਰਦਾ, ਨਾਲ ਆਪ ਜੀ ਦਾ ਪੈਦਲ ਜਾਵਣਾ ਜੀ

### ਕਹਿਣਾ ਪੀਰ ਆਰਫ਼ਦੀਨ ਦਾ ਮੁਰੀਦਾਂ ਨੂੰ

ਕਿਹਾ ਪੀਰ ਨੇ ਭੋਲਿਓ ਦਿੱਲ ਅੰਦਰ, ਕੀਤੀ ਕਿਉਂ ਇਹ ਕੱਚੀ ਵਿਚਾਰ ਹੈ ਜੇ
ਕੀਤੀ ਝੁੱਕ ਕੇ ਜਿਨ੍ਹੂੰ ਸਲਾਮ ਭਾਈਓ! ਅਲ੍ਹਾ ਪਾਕ ਹੈ ਜੇ ਪ੍ਰਵਦਗਾਰ ਹੈ ਜੇ
ਕਾਫ਼ਰ ਆਖ ਕੇ ਲਾਓ ਨਾ ਪੱਛ ਮੈਨੂੰ, ਇਹ ਤੇ ਨੂਰਿ-ਖ਼ੁਦਾ ਸਰਕਾਰ ਹੈ ਜੇ
'ਤੀਰ' ਏਸ ਲਈ ਏਸ ਨੂੰ ਸਿਰ ਮੇਰਾ, ਸਿੱਦਕ ਨਾਲ ਨਿੰਵਦਾ ਵਾਰ ਵਾਰ ਹੈ ਜੇ

### ਪੀਰ ਫੇਰ ਕਹਿੰਦਾ ਹੈ

ਮੈਨੂੰ ਜਾਤ ਅੱਲਾਹ ਦੀ ਨਿਗ੍ਹਾ ਆਈ, ਅੱਲਾ ਪਾਕ ਹਾਜ਼ਰ ਤੇ ਹਜ਼ੂਰ ਦਿੱਸਿਆ
ਨੇੜੇ ਅੱਖੀਆਂ ਨਾਲ ਮੈਂ ਅੱਜ ਡਿੱਠਾ, ਸਾਰੇ ਜੱਗ ਨੂੰ ਹੈ ਜਿਹੜਾ ਦੂਰ ਦਿੱਸਿਆ
ਰੱਬੀ ਨੈਣ ਉਸਦੇ ਧੱਸੇ ਦਿੱਲ ਅੰਦਰ, ਮੈਨੂੰ ਆਂਵਦਾ ਇੱਕ ਸਰੂਰ ਦਿੱਸਿਆ
ਕਰੇ ਵੇਖਦੇ ਸਾਰ ਹੀ ਮਸਤ ਖੀਵਾ, ਐਸਾ ਹੁਸਨ ਦੇ ਵਿੱਚ ਮਖ਼ਮੂਰ ਦਿੱਸਿਆ
ਮਿੱਤਰ ਆਜਜ਼ਾਂ ਦਾ, ਵੈਰੀ ਜ਼ਾਲਮਾਂ ਦਾ, ਮੈਨੂੰ ਏਸ ਦਾ ਠੀਕ ਦਸਤੂਰ ਦਿੱਸਿਆ
ਤੁਸੀਂ ਭੁੱਲਦੇ ਹੋ, ਠੀਕ ਵੇਖਦੇ ਨਾ, ਇਸੇ ਲਈ ਜੇ ਮੇਰਾ ਕਸੂਰ ਦਿੱਸਿਆ
ਤੁਸੀਂ ਬਾਲ-ਕਾਫ਼ਰ ਜਿਹਨੂੰ ਆਖਦੇ ਹੋ, ਮੈਨੂੰ ਸੱਭ ਦੇ ਵਿੱਚ ਭਰਪੂਰ ਦਿੱਸਿਆ
'ਤੀਰ' ਏਸ ਕਰਕੇ ਏਥੇ ਝੁੱਕਿਆ ਮੈਂ, ਮੈਨੂੰ ਅੱਜ ਹੈ ਅੱਲਾ ਦਾ ਨੂਰ ਦਿੱਸਿਆ

### ਵੱਲੋਂ ਕਵੀ

ਏਸ ਤਰ੍ਹਾਂ ਮੁਰੀਦਾਂ ਨੂੰ ਪੀਰ ਸੱਚਾ, ਅਸਲ ਗੱਲ ਸਮਝਾਂਵਦਾ ਚਲਾ ਗਿਆ
ਜਿੰਨਾ ਚਿਰ ਮਹਾਰਾਜ ਜੀ ਰਹੇ ਸਾਹਵੇਂ, ਦਿਲੋਂ ਸੀਸ ਝੁਕਾਂਵਦਾ ਚਲਾ ਗਿਆ
ਬੈਠਾ ਪਾਲਕੀ ਵਿੱਚ ਵੀ ਮੂਲ ਨਾਹੀਂ, ਪੈਰੀਂ ਪੰਧ ਮੁਕਾਂਵਦਾ ਚਲਾ ਗਿਆ
ਸਚੇ ਪ੍ਰੇਮ ਦੇ ਵਿੱਚ ਅਲਮਸਤ ਹੋ ਕੇ, 'ਤੀਰ' ਨੈਣ ਵਹਾਂਵਦਾ ਚਲਾ ਗਿਆ

### ਸੱਯਦ ਭੀਖਮ ਸ਼ਾਹ ਦਾ ਸਿਦਕ

ਭੀਖਮ ਸ਼ਾਹ ਘੁੜਾਮ ਦੇ ਰਹਿਣ ਵਾਲਾ, ਉਹਨੂੰ ਰੱਬ ਦੇ ਪ੍ਰੇਮ ਦੀ ਸਾਰ ਹੈਸੀ
ਉੱਘਾ ਉਹ ਹੈਸੀ, ਸਾਰੇ ਦੇਸ਼ ਅੰਦਰ, ਉਦ੍ਹੇ ਸੈਂਕੜੇ ਤਾਬਿਆਦਾਰ ਹੈਸੀ
ਕਿਤੇ ਜਾ ਰਿਹਾ ਸੀ ਦਿਲੀ ਮੌਜ ਅੰਦਰ, ਉਦ੍ਹਾ ਫ਼ੱਕਰਾਂ ਨਾਲ ਪਿਆਰ ਹੈਸੀ
ਨਾਲ ਸੈਂਕੜੇ ਉਦ੍ਹੇ ਮੁਰੀਦ ਵੀ ਸੀ, ਵਿੱਚ ਜਿਨ੍ਹਾਂ ਦੇ ਉਦ੍ਹਾ ਸਤਿਕਾਰ ਹੈਸੀ
ਉਹਨੇ ਸਿਫ਼ਤ ਦਸਮੇਸ਼ ਦੀ ਸੁਣੀ ਕੰਨੀਂ, ਉਹ ਵੀ ਲੋਚਦਾ ਦਿਲੋਂ ਦੀਦਾਰ ਹੈਸੀ
ਦਿਲੋਂ ਖਿੱਚਿਆ ਓਧਰੇ ਜਾ ਰਿਹਾ ਸੀ, ਅੰਦਰ ਭੇਦ ਦੀ ਖੜਕਦੀ ਤਾਰ ਹੈਸੀ
ਜਦੋਂ ਪੈਰ ਅੱਗੇ ਅੱਗੇ ਪੁੱਟਦਾ ਸੀ, ਪਿਆ ਦਿੱਲ ਹੁੰਦਾ ਠੰਢਾ ਠਾਰ ਹੈਸੀ
'ਤੀਰ' ਨਾਲ ਲੈ ਕੇ ਬਾਲ-ਸਾਥੀਆਂ ਨੂੰ, ਅੱਗੇ ਖੇਡਦੀ ਪਈ ਸਰਕਾਰ ਹੈਸੀ

### ਭੀਖਮ ਸ਼ਾਹ ਨੇ ਝੁਕ ਕੇ ਮਹਾਰਾਜ ਨੂੰ ਸੱਤ ਸਲਾਮਾਂ ਕਰਨੀਆਂ

ਪਈ ਨਿਗ੍ਹਾ ਜਾਂ ਰੱਬ ਦੇ ਨੂਰ ਉੱਤੇ, ਭੀਖਮ ਸ਼ਾਹ ਜੀ ਦਾ ਕਦਮ ਰੁੱਕਿਆ ਏ
ਗਿਆ ਗੱਡਿਆ ਜਿਵੇਂ ਜ਼ਮੀਨ ਅੰਦਰ, ਮਾਨੋ ਪੰਧ ਇਥੇ ਆ ਕੇ ਮੁੱਕਿਆ ਏ
ਨੀਰ ਅੱਖੀਆਂ ਦੋਹਾਂ 'ਚੋਂ ਵੱਗ ਤੁਰਿਆ, ਪੀਰ ਹੋਵਣੇ ਦਾ ਮਾਣ ਲੁੱਕਿਆ ਏ
'ਤੀਰ' ਨਿਉਂ ਕੇ ਸੱਤ ਸਲਾਮ ਕੀਤੇ, ਦੀਦ-ਫੱਲ ਪਾ ਕੇ ਦਿਲੋਂ ਝੁੱਕਿਆ ਏ

## ਮੁਰੀਦਾਂ ਦਾ ਸਵਾਲ ਪੀਰ ਜੀ 'ਤੇ

ਬੜੇ ਰੰਜ ਦੇ ਨਾਲ ਮੁਰੀਦ ਬੋਲੇ, 'ਤੁਸਾਂ ਇਹ ਕੀ ਕਰ ਵਿਖਾਈ ਏ ਜੀ
ਜਿਹਨੂੰ ਚਾਹੀਦਾ ਸੀ ਨਿਵੇਂ ਆਪ ਆ ਕੇ, ਤੁਸਾਂ ਓਸ ਨੂੰ ਧੌਣ ਨਿਵਾਈ ਏ ਜੀ
ਹੁਕਮ ਸ਼ਰ੍ਹਾ ਦਾ ਅੱਜ ਅਦੂਲਿਆ ਜੇ, ਨਵੀਂ ਜੱਗ 'ਤੇ ਰੀਤ ਚਲਾਈ ਏ ਜੀ
'ਤੀਰ' ਉਮਰ ਦੀ ਵੀ ਗੱਲ ਭੁੱਲ ਬੈਠੇ, ਰੱਖੀ ਬਾਲ ਦੀ ਸਗੋਂ ਵਡਿਆਈ ਏ ਜੀ'

## ਪੀਰ ਨੇ ਮੁਰੀਦਾਂ ਦੀ ਤਸੱਲੀ ਕਰਨੀ

ਏਨਾ ਸੁਣਦਿਆਂ ਪੀਰ ਨੇ ਉਸੇ ਵੇਲੇ, ਬੰਦੇ ਆਪਣੇ ਝੱਟ ਦੁੜਾਏ ਵੇਖੋ
ਕੂੰਨੇ ਦੋ ਮਠਿਆਈ ਦੇ ਭਰੇ ਹੋਏ, ਦੋਹਾਂ ਹੱਟੀਆਂ ਉਤੋਂ ਮੰਗਾਏ ਵੇਖੋ
ਲੈ ਕੇ ਪੀਰ ਨੇ ਸਾਹਮਣੇ ਸਾਰਿਆਂ ਦੇ, ਅੱਗੇ ਸਾਹਿਬਜ਼ਾਦੇ ਦੇ ਰਖਾਏ ਵੇਖੋ
ਜਾਣੀ ਜਾਣ ਜੀ ਨੇ ਉਨ੍ਹਾਂ ਭੁਲੜਾਂ ਨੂੰ, ਅਜਬ ਤਰ੍ਹਾਂ ਹੀ ਭੇਦ ਸਮਝਾਏ ਵੇਖੋ
ਦੋਹਾਂ ਕੂੰਨਿਆਂ ਤੇ ਦੋਵੇਂ ਹੱਥ ਰੱਖੇ, ਫੇਰ ਝੱਟ ਹੀ ਹੱਥ ਉਠਾਏ ਵੇਖੋ
ਕੂੰਨਾ ਤੀਸਰਾ ਹੋਰ ਮੰਗਵਾ ਧਰਿਆ, ਉੱਤੇ ਓਸ ਦੇ ਹੱਥ ਟਿਕਾਏ ਵੇਖੋ
ਦੱਸੀ ਪੀਰ ਨੇ ਗੱਲ ਇਹ ਖੋਲ੍ਹ ਏਦਾਂ, ਟੁਰ ਪੀਰ ਮੁਰੀਦ-ਜਾਂ ਆਏ ਵੇਖੋ
'ਤੀਰ' ਸਿਦਕ ਆਇਆ ਸੁਣਕੇ ਸਾਰਿਆਂ ਨੂੰ, ਮੁਸਲਮਾਨ ਹਿੰਦੂ ਗਲੇ ਲਾਏ ਵੇਖੋ

## ਪੀਰ ਦਾ ਕਹਿਣਾ ਮੁਰੀਦਾਂ ਨੂੰ

ਭੀਖਮ ਸ਼ਾਹ ਨੇ ਆਖਿਆ ਸੁਣੋ ਯਾਰੋ! ਇਹ ਤਾਂ ਜੱਗ ਨੂੰ ਚੋਜ ਵਿਖਾਇਗਾ ਜੇ
ਦੋਹਾਂ ਕੂੰਨਿਆਂ 'ਤੇ ਧਰੇ ਹੱਥ ਦੋਵੇਂ, ਮੋਮਨ ਹਿੰਦੂਆਂ ਨੂੰ ਗਲੇ ਲਾਇਗਾ ਜੇ
ਕੂੰਨਾ ਤੀਸਰਾ ਏਸ ਦਾ ਦੱਸਦਾ ਏ, ਕੋਈ ਤੀਸਰਾ ਮਜ਼੍ਹਬ ਚਲਾਇਗਾ ਜੇ
ਮੈਨੂੰ ਇਹਦੇ ਜਲਾਲ ਤੋਂ ਜਾਪਦਾ ਏ, ਦੁਖੀ ਮਰਦਿਆਂ ਤਾਈਂ ਬਚਾਇਗਾ ਜੇ
ਮੇਟ ਦਏਗਾ ਹਿੰਦ 'ਚੋਂ ਜ਼ਾਲਮਾਂ ਨੂੰ, ਨਾਲ ਜ਼ੁਲਮ ਦੇ ਜਾਨ ਲੜਾਇਗਾ ਜੇ
'ਤੀਰ' ਕਿਸੇ ਵੀ ਜੱਗ 'ਤੇ ਨਹੀਂ ਕਰਨੇ, ਐਸੇ ਭਲੇ ਦੇ ਕੰਮ ਕਮਾਇਗਾ ਜੇ

## ਪੀਰ ਜੀ ਫਿਰ ਕਹਿੰਦੇ ਹਨ

ਦੂਜੀ ਇਹ ਵੀ ਗੱਲ ਨਾ ਭੁੱਲ ਜਾਣਾ, ਦਾਨਾ ਕਦੇ ਵੀ ਸਮਾਂ ਖੁੰਝਾਂਵਦਾ ਨਾ
ਲਾਲ ਪਿਆ ਹੋਵੇ ਕਿਸੇ ਥਾਂ ਭਾਵੇਂ, ਕੋਈ ਓਸ ਨੂੰ ਛੱਡ ਕੇ ਜਾਂਵਦਾ ਨਾ
ਸੋਨਾ ਕਈ ਧਾਤਾਂ ਅੰਦਰ ਵੇਖ ਕੇ ਵੀ, ਕੰਨੀ ਲੈਣ ਤੋਂ ਕੋਈ ਕਤਰਾਂਵਦਾ ਨਾ
ਦਏ ਦੁੱਧ ਗੋਰੀ ਕਾਲੀ ਗਾਂ ਜਿਹੜਾ, ਚਤਰ ਕਿਸੇ ਨੂੰ ਛਡਣਾ ਚਾਂਹਵਦਾ ਨਾ
ਏਦਾਂ ਜ਼ਾਤ ਖ਼ੁਦਾ ਦੀ ਹੋਏ ਜਿੱਥੇ, ਕਾਫ਼ਰ ਉਹ ਜੋ ਸੀਸ ਝੁਕਾਂਵਦਾ ਨਾ
ਨਹੀਂ ਬਖ਼ਸ਼ਿਆ ਜਾਂਵਦਾ ਉਹ ਅੱਗੇ, ਜਿਹੜਾ ਝੁਕ ਗੁਨਾਹ ਬਖ਼ਸ਼ਾਂਵਦਾ ਨਾ

ਉਹਨੂੰ ਰੱਬ ਦੇ ਘਰ ਨਾ ਮਿਲੇ ਢੋਈ, ਜਿਹੜਾ ਓਸ ਦੇ ਸਿਦਕ ਵਿਚ ਆਂਵਦਾ ਨਾ
ਤੁਸੀਂ, ਵੱਢਣੇ ਯੋਗ ਉਹ 'ਤੀਰ' ਜਾਣੋ, ਜਿਹੜਾ ਰੱਬ ਨੂੰ ਸੀਸ ਨਿਵਾਂਵਦਾ ਨਾ

### ਵੱਲੋਂ ਕਵੀ

ਵੇਖੋ ! ਘੱਟਨਾ ਪਈ ਇਹ ਦੱਸਦੀ ਏ, ਭਾਵੇਂ ਸ੍ਰੀ ਦਸਮੇਸ਼ ਜੀ ਬਾਲ ਹੈਸਨ
ਸਮਾਂ ਫੇਰ ਵੀ ਕਿਵੇਂ ਵਿਚਾਰਦੇ ਸੀ, ਉੱਚੇ ਕਿਤਨੇ ਦਿਲੀ-ਖ਼ਿਆਲ ਹੈਸਨ
ਕਿਵੇਂ ਹੋਣੀਆਂ ਸਾਰੀਆਂ ਜਾਣਦੇ ਸੀ, ਕਿਵੇਂ ਜਾਣਦੇ ਸਮੇਂ ਦੀ ਚਾਲ ਹੈਸਨ
ਸੋਚੀ ਹੋਈ ਸੀ ਕਿੱਡੀ ਸਕੀਮ ਸੋਹਣੀ, ਕਿਵੇਂ ਸੋਚਦੇ ਸੂਝ ਦੇ ਨਾਲ ਹੈਸਨ
ਕਿਵੇਂ ਦਿਲਾਂ ਦਾ ਭਰਮ ਉਡਾਂਵਦੇ ਸੀ, ਔਖੇ ਕੱਢਦੇ ਕਿਵੇਂ ਸਵਾਲ ਹੈਸਨ
ਜਿਨ੍ਹਾਂ ਪਿਤਾ ਜੀ ਦੀ ਗੱਦੀ ਸਾਂਭਣੀ ਸੀ, ਕਿਵੇਂ ਆਪ ਨੂੰ ਰਹੇ ਸੰਭਾਲ ਹੈਸਨ
ਕਿਵੇਂ ਹਿੰਦ 'ਚੋਂ ਜ਼ੁਲਮ ਮਿਟਾਵਣੇ ਦਾ, ਮੁੱਢ ਬੰਨ੍ਹਦੇ ਦੀਨ ਦਿਆਲ ਹੈਸਨ
'ਤੀਰ' ਲਾਣ ਲਈ ਝੜੀ ਕੁਰਬਾਨੀਆਂ ਦੀ, ਰਹੇ ਕਿਵੇਂ ਸਰੀਰ ਨੂੰ ਪਾਲ ਹੈਸਨ

### ਅਨੰਦਪੁਰ ਦੇ ਦਰਸ਼ਨਾਂ ਦੀ ਖਿੱਚ ਤੇ ਪਿਤਾ-ਪ੍ਰੇਮ ਦੇ ਹੁਲਾਰੇ

ਸੱਤ ਮਾਂਹ ਬੀਤੇ ਇਥੇ ਰਹਿੰਦਿਆਂ ਨੂੰ, ਲੋਕੀਂ ਸਦਾ ਹੀ ਰਹਿਣ ਸਤਿਕਾਰ ਕਰਦੇ
ਕਰਨ ਚੋਜ, ਖੇਡਣ ਨਾਲ ਸਾਥੀਆਂ ਦੇ, ਪ੍ਰੇਮ ਪ੍ਰੀਤ ਦੇ ਰਹਿਣ ਵਿਹਾਰ ਕਰਦੇ
ਭਾਵੇਂ ਉਮਰ ਛੋਟੀ ਤਾਂਵੀਂ ਗੱਲ ਦਾਨੀ, ਮੰਨ ਠੱਗਦੇ ਜਦੋਂ ਵਿਚਾਰ ਕਰਦੇ
ਕਈ ਵਾਰ ਬਣਾ ਕੇ ਤਖ਼ਤ ਬਹਿੰਦੇ, ਬਾਲ ਸੱਦ ਕੇ ਖ਼ਾਸ ਦਰਬਾਰ ਕਰਦੇ
ਕਈ ਵਾਰ ਮਾਮੇ ਜੀ ਨੂੰ ਨਾਲ ਲੈ ਕੇ, ਜਾ ਕੇ ਜੰਗਲਾਂ ਵਿਚ ਸ਼ਿਕਾਰ ਕਰਦੇ
ਕਈ ਵਾਰ ਜੱਥਾ ਅੱਧੋ ਅੱਧ ਕਰ ਕੇ, ਜੰਗ ਲਈ ਸਨ ਫ਼ੌਜ ਤਿਆਰ ਕਰਦੇ
ਕਈ ਵਾਰ ਮਾਤਾ ਜੀ ਦੇ ਕੋਲ ਆ ਕੇ, ਗੋਦੀ ਬੈਠ ਇਉਂ ਲਾਡ ਪਿਆਰ ਕਰਦੇ
ਰੋ ਰੋ ਕੇ ਆਖਦੇ ਕਈ ਵਾਰੀ, ਅੰਮੀ ਕਿਉਂ ਨਹੀਂ ਤੁਸੀਂ ਇਕਰਾਰ ਕਰਦੇ
ਕਦੋਂ ਪੁਰੀ ਅਨੰਦ ਨੂੰ ਚੱਲਣਾ ਜੇ, ਮੈਨੂੰ ਕਿਉਂ ਨਹੀਂ ਰੱਥ-ਅਸਵਾਰ ਕਰਦੇ
ਦੱਸੋ ਪਿਤਾ ਜੀ ਨੇ ਕਦੋਂ ਸੱਦਣਾ ਏਂ, ਇਹ ਚੋਜ ਕੀ ਨੇ ਸਿਰਜਣਹਾਰ ਕਰਦੇ
ਮੇਰਾ ਰਤਾ ਨਹੀਂ ਲੱਗਦਾ ਜੀਅ ਏਥੇ, ਬੜੀ ਦੇਰ ਹੋਈ ਇੰਤਜ਼ਾਰ ਕਰਦੇ
ਜਦੋਂ ਛਿੜ ਪੈਂਦੇ ਕਾਬੂ ਆਂਵਦੇ ਨਾ, ਚੱਲਣ ਵਾਸਤੇ ਨਿੱਤ ਤਕਰਾਰ ਕਰਦੇ
'ਤੀਰ' ਦਿਨ ਅੰਦਰ ਕਈ ਕਈ ਵਾਰੀ, ਚੇਤੇ ਪਿਤਾ ਜੀ ਨੂੰ ਪ੍ਰੇਮ-ਧਾਰ ਕਰਦੇ

### ਨੌਵੇਂ ਗੁਰਾਂ ਦਾ ਹੁਕਮਨਾਮਾ ਅਨੰਦਪੁਰ ਆਉਣ ਲਈ ਪੁੱਜ ਗਿਆ

ਇੱਥੇ ਇਸ ਤਰ੍ਹਾਂ ਦਿਲਾਂ 'ਤੇ ਬੀਤਦੀ ਸੀ, ਹੁਕਮ ਉੱਧਰੋਂ ਲੈ ਕੇ ਦਾਸ ਆਏ
ਨੌਵੇਂ ਗੁਰਾਂ ਨੇ ਲਿੱਖਿਆ ਲਾਲ ਸਾਡਾ, ਚਿੱਠੀ ਪੜ੍ਹਦਿਆਂ ਈ ਸਾਡੇ ਪਾਸ ਆਏ

ਹੁਕਮ ਸੁਣਦਿਆਂ ਸਭ ਪ੍ਰਸੰਨ ਹੋਏ, ਮਨਾਂ ਸਾਰਿਆਂ ਵਿਚ ਹੁਲਾਸ ਆਏ
'ਤੀਰ' ਪਿਤਾ ਜੀ ਦੀ ਵੇਖ ਮਿਹਰ ਹੋਈ, ਡੋਲੇ ਦਿਲਾਂ ਨੂੰ ਧੀਰ ਧਰਵਾਸ ਆਏ

### ਲਖਨੌਰ ਤੋਂ ਅਨੰਦਪੁਰ ਨੂੰ ਕੂਚ

ਜਦੋਂ ਵਿਦਾ ਲਖਨੌਰ ਤੋਂ ਹੋਣ ਲੱਗੇ, ਆਏ ਸ਼ਹਿਰ ਵਾਸੀ ਨੱਰ ਨਾਰ ਸਾਰੇ
ਘੱਟਾ ਬੰਨ ਕੇ ਜਿਵੇਂ ਬਰਸਾਤ ਆਈ, ਵੱਸਣ ਅੱਖੀਆਂ 'ਚੋਂ ਮੋਲ੍ਹੇਧਾਰ ਸਾਰੇ
ਭੇਟਾ ਦੇਣ ਆ ਆ ਮਾਤਾ ਗੁੱਜਰੀ ਨੂੰ, ਝੁਕਣ ਪ੍ਰੇਮ ਅੰਦਰ ਵਾਰੋ ਵਾਰ ਸਾਰੇ
ਵਾਰੋ ਵਾਰ ਮਹਾਰਾਜ ਨੇ ਗਲੇ ਲਾਏ, ਤੁਰਨ ਲੱਗਿਆਂ ਆਪਣੇ ਯਾਰ ਸਾਰੇ
ਇਕੋ ਗੁੱਜਰੀ ਦਾ ਲਾਲ ਤੁਰਦਿਆਂ ਈਂ, ਦਰਦ ਵਿੱਚ ਹੋਏ ਬੇਕਰਾਰ ਸਾਰੇ
ਨਿਗ੍ਹਾ ਰਹੇ ਪੈਂਦੇ ਜਿੰਨਾ ਚਿਰ ਜਾਂਦੇ, ਕਰੀ ਗੁਰਾਂ ਦਾ ਗਏ ਦੀਦਾਰ ਸਾਰੇ
ਨਾਲੇ ਕਰਨ ਚਰਚਾ ਬਾਲੇ ਪਾਤਸ਼ਾਹ ਦੀ, ਨਾਲੇ ਝੁੱਕਦੇ ਸੀ ਛਾਤੀ ਮਾਰ ਸਾਰੇ
'ਤੀਰ' ਦੇ ਵਿਦਾਇਗੀ ਭਰੇ ਨੈਣੀਂ, ਘਰੀਂ ਪਰਤ ਆਏ ਆਖ਼ਰਕਾਰ ਸਾਰੇ

### ਦਸਮੇਸ਼ ਜੀ ਕੀਰਤਪੁਰ ਆਣ ਪੁੱਜੇ

ਅੰਤ ਇਉਂ ਲਖਨੌਰ ਤੋਂ ਕੂਚ ਕਰਕੇ, ਕੀਰਤਪੁਰ ਆ ਕੇ ਸ਼ਹਿਨਸ਼ਾਹ ਪੁੱਜੇ
ਨਾਮ ਦਾਨ ਦੇਂਦੇ ਜੀਆਂ ਭੁੱਲਿਆਂ ਨੂੰ, ਮਸਤ ਰੰਗ ਵਿਚ ਬੇ-ਪਰਵਾਹ ਪੁੱਜੇ
ਜਿਨ੍ਹਾਂ ਜਿਨ੍ਹਾਂ ਸੁਣਿਆ ਚਰਨ ਛੋਹਣ ਆਏ, ਲੈਣ ਲਈ ਦੀਦਾਰ ਦਾ ਲਾਹ ਪੁੱਜੇ
ਲੈਣ ਵਾਸਤੇ 'ਤੀਰ' ਅਨੰਦ ਪੁਰੀਓਂ, ਅਗੋਂ ਸਤਿਗੁਰਾਂ ਦੇ ਸਰਬਰਾਹ ਪੁੱਜੇ

# ਖੰਡ ਦੂਜਾ

## ਅਨੰਦਪੁਰੀ ਦੀਆਂ ਅਨੰਦ-ਮਈ ਰੌਣਕਾਂ (ਕਵੀ ਵੱਲੋਂ ਖ਼ਿਆਲ)

ਵਿੱਚ ਸੁਖਾਂ ਦੇ ਪੁਰੀ ਅਨੰਦ ਵੱਸੀ, ਵੱਸੇ ਓਸ ਅੰਦਰ ਖ਼ੂਬ ਆਣ ਲੋਕੀਂ
ਲੱਗਾ ਰਹੇ ਮੇਲਾ, ਚੱਲੇ ਵਣਜ ਵਾਹਵਾ, ਰੰਗ ਵਿਚ ਰੱਤੇ ਖੱਟਣ ਖਾਣ ਲੋਕੀਂ
ਚਹਿਲ ਪਹਿਲ ਚੁਫੇਰ ਈ ਨਿਗ੍ਹਾ ਆਵੇ, ਨਵੇਂ ਮਾੜੀਆਂ ਮਹਿਲ ਬਣਾਨ ਲੋਕੀਂ
ਖੇੜੇ ਖ਼ੁਸ਼ੀ ਵਿਚ ਵੱਸ ਕੇ ਖ਼ੁਸ਼ੀ ਵੰਡਣ, ਫੁੱਲਾਂ ਵਾਂਗਰਾਂ ਪਏ ਮਹਿਕਾਣ ਲੋਕੀਂ
ਬਣੇ ਸਭ ਹੀ ਰੂਪ ਹਮਦਰਦੀਆਂ ਦਾ, ਹਰ ਕਿਸੇ ਦਾ ਦਰਦ ਵੰਡਾਣ ਲੋਕੀਂ
ਘਰ ਰੱਬ ਦਾ ਜਾਣ ਕੇ ਦਿੱਲ ਅੰਦਰ, ਕਦੇ ਦਿੱਲ ਨਾ ਕੋਈ ਦੁਖਾਣ ਲੋਕੀਂ
ਲੋੜਵੰਦ ਜੇ ਕੋਈ ਵੀ ਨਿਗ੍ਹਾ ਆਵੇ, ਕੰਮ ਓਸ ਦਾ ਸਿਰੇ ਚੜ੍ਹਾਣ ਲੋਕੀਂ
ਕੰਡਾ ਕਿਸੇ ਨੂੰ ਕਿਤੇ ਜੇ ਲੱਗ ਜਾਵੇ, ਹੱਥੀਂ ਕੱਢ ਕੇ ਨੀਰ ਵਹਾਣ ਲੋਕੀਂ
ਜਦੋਂ ਭੁੱਲ ਕੇ ਵੀ ਕੋਈ ਭੁੱਲ ਹੋਵੇ, ਮੱਲ ਮੱਲ ਤਲੀਆਂ ਪੱਛੋਤਾਣ ਲੋਕੀਂ
ਮੇਲ ਮੋਹ ਪਿਆਰ ਦੇ ਵਿੱਚ ਵੱਸਣ, ਕਦੇ ਰਾਹ ਨਾ ਵੈਰ ਦੇ ਜਾਣ ਲੋਕੀਂ
ਰੋਜ਼ ਗੁਰਾਂ ਦਾ ਧਰਮ-ਦਰਬਾਰ ਲੱਗੇ, ਪਏ ਗੀਤ ਗੋਬਿੰਦ ਦੇ ਗਾਣ ਲੋਕੀਂ
ਲੈਣ ਸੱਚ-ਉਪਦੇਸ਼ ਦੀਵਾਨ ਅੰਦਰ, ਰੱਬੀ ਜੋਤ ਦੀ ਕਰਨ ਪਛਾਣ ਲੋਕੀਂ
ਨੌਵੇਂ ਸਤਿਗੁਰਾਂ ਦੀ ਚਰਨ-ਧੂੜ ਲੈ ਕੇ, ਨਿੱਤ ਮੱਥਿਆਂ 'ਤੇ ਪਏ ਲਾਣ ਲੋਕੀਂ
ਭੋਗ ਜੱਗ ਦੇ ਭੋਗਦੇ ਕੰਵਲ ਹੋ ਕੇ, ਨਾਲੇ ਜੀਂਵਦੇ ਈ ਮੁਕਤ ਪਾਣ ਲੋਕੀਂ
'ਨਾਲੇ ਸ਼ਹਿਰ ਤੇ ਤੀਰਥ ਮਹਾਨ ਨਾਲੇ', ਇਉਂ ਪੁਰੀ ਅਨੰਦ ਵਡਿਆਣ ਲੋਕੀਂ
ਸੋਮਾ ਅੰਮ੍ਰਿਤੀ ਹੋ ਗਿਆ ਸ਼ਹਿਰ ਮਾਨੋ, ਆ ਆ ਦਿਲਾਂ ਦੀ ਡੰਝ ਮਿਟਾਣ ਲੋਕੀਂ
ਜੋਤ ਜਾਗਦੀ ਗੁਰਾਂ ਦੀ ਵਿੱਚ ਇਹਦੇ, ਜੋਤਾਂ ਬੁੱਝੀਆਂ ਪਏ ਜਗਾਣ ਲੋਕੀਂ
ਰੱਬੀ ਠੰਡ ਅਨੰਦ ਦੀ ਪੁਰੀ ਸਮਝੋ, ਤਪੇ ਦਿਲਾਂ ਦੀ ਤਪਸ਼ ਮਿਟਾਣ ਲੋਕੀਂ
ਜਦੋਂ ਆਣ ਕੇ ਵੱਸਦੇ ਏਸ ਅੰਦਰ, ਲੱਖ ਰੱਬ ਦਾ ਸ਼ੁਕਰ ਮਨਾਣ ਲੋਕੀਂ

ਧਰਮ ਰੂਪ-ਨਗਰੀ ਧਰਮ-ਪੁੰਜ ਰਾਜਾ, ਪੱਲੋ ਪੱਲ ਪਏ ਧਰਮ ਕਮਾਣ ਲੋਕੀਂ
ਇੱਥੇ ਮੁੱਕਦਾ ਗੇੜ ਚੁਰਾਸੀਆਂ ਦਾ, ਦਿਲੋਂ ਰੱਬ ਨੂੰ ਪਏ ਧਿਆਣ ਲੋਕੀਂ
ਲੱਭੇ ਲੋੜਿਆਂ ਬਦੀ ਦਾ ਬੀ ਨਾਹੀਂ, ਚੋਰੀ ਪਾਪ ਤੋਂ ਚਿੱਤ ਚੁਰਾਣ ਲੋਕੀਂ
ਮਾਰੀ ਈਰਖਾ ਪ੍ਰੇਮੀਆਂ ਮੇਲ ਕਰਕੇ, ਬੈਠੇ ਧਾਰ ਕੇ ਏਕਤਾ ਬਾਣ ਲੋਕੀਂ
ਸਚਖੰਡ ਜਾਣੋ ਆਇਆ ਭੌਂ ਉੱਤੇ, ਸੱਚ ਖੰਡ ਵਿਚ ਦਿਨ ਲੰਘਾਣ ਲੋਕੀਂ
ਜੇਹੜਾ ਜੱਮ ਡਰਾਉਂਦਾ ਜੱਗ ਤਾਈਂ, ਏਥੇ ਓਸ ਨੂੰ ਪਏ ਡਰਾਣ ਲੋਕੀਂ
ਮੁਕਤ ਏਸ ਦਰਬਾਰ ਦਾ ਭਰੇ ਪਾਣੀ, ਉਦ੍ਹੋ ਵੱਲ ਨਾ ਨਿਗ੍ਹਾ ਦੁੜਾਣ ਲੋਕੀਂ
ਸਦਾ ਵੱਸੀਏ ਪੁਰੀ ਅਨੰਦ ਅੰਦਰ, ਬਿਨੈ ਰੱਬ ਨੂੰ ਪਏ ਸੁਣਾਣ ਲੋਕੀਂ
ਵਾਸੀ ਏਸ ਥਾਂ ਦੀ ਚੰਗੀ ਮੁਕਤ ਨਾਲੋਂ, ਕਰਨ ਪੁਰੀ ਅਨੰਦ 'ਤੇ ਮਾਣ ਲੋਕੀਂ
ਰੱਬੀ ਫੁੱਲ ਸਤਿਗੁਰੂ ਜੀ ਰਹਿਣ ਜਿੱਥੇ, ਭੌਰ ਵਾਂਗ ਨ ਕਿਉਂ ਗੁੰਜਾਣ ਲੋਕੀਂ
'ਤੀਰ' ਦੇਵਤੇ ਵੀ ਦਿਲੋਂ ਚਾਹਣ ਇਹੋ, ਸਾਨੂੰ ਪੁਰੀ ਦੇ ਵਿੱਚ ਵਸਾਣ ਲੋਕੀਂ

### ਅਨੰਦਪੁਰ ਦੀ ਕੁਦਰਤੀ ਖ਼ੂਬਸੂਰਤੀ (ਵੱਲੋਂ ਕਵੀ)

ਏਸ ਪੁਰੀ ਅਨੰਦ ਦੇ ਦੁਹੀਂ ਪਾਸੀਂ, ਰੰਗ ਬੰਨ੍ਹਿਆ ਖ਼ੂਬ ਪਹਾੜੀਆਂ ਨੇ
ਛਾਈ ਹੋਈ ਹਰਿਆਉਲੀ ਸੋਹਣੀਆਂ 'ਤੇ, ਜਿਵੇਂ ਸੱਜ ਖਲੋਤੀਆਂ ਲਾੜੀਆਂ ਨੇ
ਹਰੇ ਘਾਹ ਲਹਿਰਾਉਂਦੇ ਵਾ ਛੋਹਿਆਂ, ਜਿਵੇਂ ਸ਼ਹਿਰਨਾਂ ਬੱਧੀਆਂ ਸਾੜ੍ਹੀਆਂ ਨੇ
ਨਾਲ ਰੇਲ ਦੇ ਪੇਲਦੇ ਨਿਗ੍ਹਾ ਆਵਣ, ਜੋ ਪਹਾੜੀਆਂ ਡੰਡੀਆਂ ਪਾੜੀਆਂ ਨੇ
ਰੂਪ 'ਭੀਲਣੀ' ਦਾ ਕਿਸੇ 'ਰਾਮ' ਖ਼ਾਤਰ, ਬੇਰ ਲਈ ਖਲੋਤੀਆਂ ਝਾੜੀਆਂ ਨੇ
ਵੰਨੋ ਵੰਨ ਦੇ ਜੰਗਲੀਂ ਫੁੱਲ ਟਹਿਕੇ, ਮਾਤ ਕੀਤੀਆਂ ਉਨ੍ਹਾਂ ਫੁਲਵਾੜੀਆਂ ਨੇ
ਹਰ ਇਕ ਦੇ ਮਹਿਕਦੇ ਦਿਲ ਅੰਦਰ, ਵਾਂਵਾਂ ਕੱਢੀਆਂ ਕੁੱਤ ਕੁਤਾੜੀਆਂ ਨੇ
'ਤੀਰ' ਚੰਦ ਗੋਬਿੰਦ ਦੇ ਦੀਦ ਖ਼ਾਤਰ, ਅੱਖਾਂ ਸੁੰਦਰਤਾ ਜਿਵੇਂ ਉਘਾੜੀਆਂ ਨੇ

### ਸ੍ਰੀ ਦਸਮੇਸ਼ ਜੀ ਦੀ ਆਓਭਗਤ ਦੇ ਸਮਾਨ

ਫੈਲੀ ਸੋਅ ਸੁਲੱਖਣੀ ਪਲਕ ਅੰਦਰ, ਏਥੇ ਕੱਲ੍ਹ ਹੈ ਆਵਣਾ ਮਾਈਆਂ ਨੇ
ਨਾਲੇ ਸ੍ਰੀ ਗੋਬਿੰਦ ਨੇ ਆਵਣਾ ਹੈ, ਜਿਦ੍ਹੇ ਬਾਲ ਚੋਜਾਂ ਧੁੰਮਾਂ ਪਾਈਆਂ ਨੇ
ਸ਼ਹਿਰ ਵਿਚ ਉਤਸ਼ਾਹ ਤਾਂ ਹੋਵਣਾ ਸੀ, ਦੂਰੋਂ ਢੁੱਕੀਆਂ ਆਣ ਲੁਕਾਈਆਂ ਨੇ
ਲਾੜੀ ਵਾਂਗਰਾਂ ਪੁਰੀ ਅਨੰਦ ਸੱਜੀ, ਰੀਝਾਂ ਉਡ ਕੇ ਬਾਹਰ ਨੂੰ ਆਈਆਂ ਨੇ
ਭਾਂਤ ਭਾਂਤ ਦੇ ਆਣ ਬਾਜ਼ਾਰ ਲੱਗੇ, ਲੋਕਾਂ ਹੱਟੀਆਂ ਖ਼ੂਬ ਸਜਾਈਆਂ ਨੇ
ਮਹਿਲ ਉੱਸਰੇ ਥਾਲੀਆਂ ਵਿਚ ਵੇਖੋ, ਦਿਤੀ ਹੱਦ ਮੁਕਾ ਹਲਵਾਈਆਂ ਨੇ
ਸਾਨੂੰ ਗੁਜਰੀ ਦਾ ਲਾਲ ਮੂੰਹ ਲਾਵੇ, ਏਸੇ ਤਾਂਘ ਦੇ ਵਿੱਚ ਮਠਿਆਈਆਂ ਨੇ
ਵਿੱਚ ਰਾਹਾਂ ਦੇ ਝੰਡੀਆਂ ਦੇਣ ਸੋਭਾ, ਡਾਰਾਂ ਬੰਨ੍ਹੀਆਂ ਜਿਵੇਂ ਮੁਰਗਾਈਆਂ ਨੇ

ਫਲਾਂ ਫੁੱਲਾਂ ਦੇ ਸੋਭਦੇ ਖ਼ੂਬ ਬੂਹੇ, ਮਹਿਕਾਂ ਸੱਭ ਨੇ ਖ਼ੂਬ ਵਿਖਾਈਆਂ ਨੇ
ਵਾਜੇ ਵੱਜਦੇ ਕਿਸੇ ਦੀ ਤਾਂਘ ਅੰਦਰ, ਗੀਤ ਗਾਂਦੀਆਂ ਨਾਲ ਸ਼ਹਿਨਾਈਆਂ ਨੇ
ਖੇਡਾਂ ਹੁੰਦੀਆਂ ਖ਼ੂਬ ਜਵਾਨ ਖੇਡਣ, ਹੱਦਾਂ ਕਰਤਬਾਂ ਖ਼ੂਬ ਮੁਕਾਈਆਂ ਨੇ
ਨੌਵੇਂ ਗੁਰਾਂ ਦੀ ਜਿੰਦ ਗੋਬਿੰਦ ਦੀਆਂ, ਜੋਤਾਂ ਸਭ ਨੇ ਦਿਲੀਂ ਜਗਾਈਆਂ ਨੇ
ਲੋਕਾਂ ਚੱੜ੍ਹ ਕੇ ਉੱਚੇ ਚੁਬਾਰਿਆਂ 'ਤੇ, ਕੀਰਤਪੁਰ ਵੱਲੇ ਅੱਖਾਂ ਲਾਈਆਂ ਨੇ
ਏਸ ਖ਼ੁਸ਼ੀ ਅੰਦਰ ਆ ਕੇ ਉੱਡ ਗਈਆਂ, ਚੜ੍ਹੇ ਚੰਦ ਦੇ ਮੂੰਹ ਤੋਂ ਛਾਈਆਂ ਨੇ
ਸੋਹਣੇ ਸਾਹਿਬਜ਼ਾਦੇ ਦੀ ਉਡੀਕ ਅੰਦਰ, ਲੋਕਾਂ ਜਾਗ ਕੇ ਰਾਤਾਂ ਬਿਤਾਈਆਂ ਨੇ
ਕਈ ਹਾਰ ਲੈ ਕੇ ਖਲੇ ਰਾਹ ਉੱਤੇ, ਘਟਾਂ ਪ੍ਰੇਮ ਵਿਚ ਜਿਉਂ ਉਮਡਾਈਆਂ ਨੇ
ਕਈਆਂ ਫੁੱਲਾਂ ਦੇ ਟੋਕਰੇ ਸੀਸ ਚੁੱਕੇ, ਦੇਂਦੇ ਇੱਕ ਦੂਜੇ ਨੂੰ ਵਧਾਈਆਂ ਨੇ
ਉੱਠ ਉੱਠ ਕੇ ਵੇਖਦੇ ਕਈ ਵਾਰੀ, ਜਿਵੇਂ ਅੱਖੀਆਂ ਪ੍ਰੇਮ-ਤ੍ਰਿਹਾਈਆਂ ਨੇ
ਦਿਲੀਂ ਚਾਹ ਉਮਾਹ ਤੇ ਪ੍ਰੇਮ ਅੱਖੀਂ, ਸਿਹਰੇ ਮਾਲਣਾਂ ਗੁੰਦ ਲਿਆਈਆਂ ਨੇ
ਮਾਨੋ ਅੱਖੀਆਂ ਪੁਰੀ ਅਨੰਦ ਹੋਈ, ਸਮੇਂ ਸੱਧਰਾਂ ਸਭ ਜਗਾਈਆਂ ਨੇ
ਆ ਕੇ ਗੁਰੂ ਮਹਾਰਾਜ ਦੇ ਦਰ ਉੱਤੇ, ਲੋਰੀ ਲਾਲ ਦੀ ਗਾਈ ਭਰਾਈਆਂ ਨੇ
'ਤੀਰ' ਵੇਖ ਲਈਏ ਚੰਦ ਗੁੱਜਰੀ ਦਾ, ਰੀਝਾਂ ਸਾਰਿਆਂ ਨੂੰ ਇਹੋ ਭਾਈਆਂ ਨੇ

## ਅਨੰਦਪੁਰ ਵਿਚ ਪ੍ਰਵੇਸ਼

ਅੰਤ ਦਿਲਾਂ ਦੀ ਰੀਝ ਹੋ ਗਈ ਪੂਰੀ, ਬਾਲ-ਰੂਪ ਨਜ਼ਰੀਂ ਸਿਰਜਣਹਾਰ ਆਏ
ਦੀਦ ਵਾਸਤੇ ਖ਼ਲਕਤਾਂ ਦੌੜ ਪਈਆਂ, ਉੱਛਲ ਅੱਖੀਓਂ ਦਿਲੀ ਪਿਆਰ ਆਏ
ਓਸ ਰਾਹ ਦੀ ਗਰਦ ਨੂੰ ਕਈ ਚੁੰਮਣ, ਤੁਰੇ ਜਿੱਸ 'ਤੇ ਬਾਲ-ਅਵਤਾਰ ਆਏ
ਲੋਕੀਂ ਫੁੱਲ ਵਾਰਨ ਅੱਖਾਂ ਵੇਖ ਠਾਰਨ, ਪਾਣ ਲਈ ਪ੍ਰੇਮ ਦੇ ਹਾਰ ਆਏ
ਅਰਘੇ ਅੱਖੀਆਂ ਦੇ, ਪਾਣੀ ਹੰਝੂਆਂ ਦਾ, ਖ਼ੁਸ਼ੀ ਵਿਚ ਪੂਜਨ ਨੱਰ ਨਰ ਆਏ
ਸਾਰੇ ਕਰਨ ਗੱਲਾਂ ਵੇਖ ਮੁੱਖ ਸੁੰਦਰ, 'ਹੌਲਾ' ਕਰਨ ਨੇ ਜੱਗ ਦਾ ਭਾਰ ਆਏ
ਖੇਡਾਂ ਖੇਡਦੇ ਗੱਤਕੇ ਬਾਜ਼ ਆਏ, ਸਿੱਦਕ ਨਾਲ ਕਰਦੇ ਨਿਮਸ਼ਕਾਰ ਆਏ
ਸੂਰਬੀਰ ਸਲਾਮੀਆਂ ਦੇਣ ਆਏ, ਭੇਟਾ ਵਾਸਤੇ ਲੈ ਹੱਥਿਆਰ ਆਏ
ਵਾਜੇ ਵਾਲਿਆਂ ਘੁੰਮਰਾਂ ਆਣ ਪਾਈਆਂ, ਢਾਡੀ ਜੱਸ ਦੀ ਗਾਂਵਦੇ ਵਾਰ ਆਏ
'ਤੀਰ' ਵੱਸਦੇ ਫੁੱਲਾਂ ਦੇ ਮੀਂਹ ਅੰਦਰ, ਮਾਤਾ ਗੁੱਜਰੀ ਦੇ ਹੋਣਹਾਰ ਆਏ

## ਮਿਲਾਪ

ਮਾਤਾ ਨਾਨਕੀ ਨੂੰ ਵੇਖ ਗੁਰੂ ਨੌਵੇਂ, ਮਾਤ-ਮੋਹ ਦੇ ਵਿਚ ਗ਼ਲਤਾਨ ਹੋਏ
ਚਰਨ ਬੰਦਨਾ ਆਣ ਕੇ ਝੱਟ ਕੀਤੀ, ਦਿਲੋਂ ਪੁੱਤਰਾਂ ਵਾਂਗ ਕੁਰਬਾਨ ਹੋਏ

ਮਾਤਾ ਗੁਜਰੀ ਜੀ ਪਤੀ ਦੇਵ ਅੱਗੇ, ਨਿਵੇਂ ਆਣ ਕੇ ਮਣੋਂ ਨਿਰਮਾਨ ਹੋਏ
'ਤੀਰ' ਏਸ ਮਿਲਾਪ ਦੀ ਘੜੀ ਵੇਲੇ, ਸਾਰੇ ਪਾਸਿਓਂ ਖ਼ੂਬ ਸਨਮਾਨ ਹੋਏ

### ਪਿਤਾ ਪੁੱਤਰ ਦਾ ਮਿਲਾਪ

ਚੁੰਮੇ ਚਰਨ ਦਸਮੇਸ਼ ਨੇ ਪਿਤਾ ਜੀ ਦੇ, ਭੋਲੇ ਬਾਲ ਵਾਂਗੂ ਨਿਮਸ਼ਕਾਰ ਕਰਕੇ
ਨੌਵੇਂ ਗੁਰਾਂ ਨੇ ਲੈ ਕੇ ਲਾਲ ਕੁੱਛੜ, ਮੂੰਹ ਚੁੰਮਿਆ ਲਾਡ ਪਿਆਰ ਕਰਕੇ
ਦੋਵੇਂ ਖ਼ੁਸ਼ੀ ਅੰਦਰ ਮਿਲੇ ਭਰੇ-ਨੈਣੀਂ, ਰੱਜੇ ਦਿੱਲ ਨਾ ਲਾਡ ਮਲ੍ਹਾਰ ਕਰਕੇ
'ਤੀਰ' ਦਰਸ ਕਰਵਾਇਆ ਸੰਗਤਾਂ ਨੂੰ, ਸੁੱਚੇ ਲਾਲ ਦਾ ਖ਼ਾਸ ਦਰਬਾਰ ਕਰਕੇ

### ਦਸਮੇਸ਼ ਜੀ ਦੇ ਅਨੰਦਪੁਰ ਪੁੱਜਣ 'ਤੇ ਪ੍ਰਸੰਨਤਾ ਦੀ ਲਹਿਰ (ਵੱਲੋਂ ਕਵੀ)

ਪੁਰੀ ਵਿੱਚ ਦਸਮੇਸ਼ ਦੇ ਚਰਨ ਪਾਇਆਂ, ਚੜ੍ਹੇ ਹੋਰ ਵੀ ਚਾਅ ਖੁਸ਼ਾਲੀਆਂ ਨੂੰ
ਬੂਹੇ ਬੂਹੇ 'ਤੇ ਜਾ ਕੇ ਮੰਗਣੇ ਦੀ, ਰਹੀ ਲੋੜ ਨਾ ਮੂਲ ਸਵਾਲੀਆਂ ਨੂੰ
ਗਾਣ ਗੀਤ ਮਿਲਾਪ ਦੇ ਅੰਬੀਆਂ 'ਤੇ, ਬ੍ਰਿਹੋਂ ਭੁੱਲਿਆ ਕੋਇਲਾਂ ਕਾਲੀਆਂ ਨੂੰ
ਪਾਣ ਬੋਲੀਆਂ ਪਏ ਗੋਬਿੰਦ ਦੀਆਂ, ਹੋਰ ਗਾਵਣਾ ਭੁੱਲਿਆਂ ਪਾਲੀਆਂ ਨੂੰ
ਇਕੋ ਨਿਗ੍ਹਾ ਦੇ ਨਾਲ ਖਿੜਾ ਦਿੱਤਾ, ਰੱਬੀ ਮਿਹਰ ਨੇ ਬਾਗ਼ ਤੇ ਮਾਲੀਆਂ ਨੂੰ
ਫੁੱਲਾਂ ਭੇਟ ਦਸਮੇਸ਼ ਦੀ ਚੜ੍ਹਨ ਖ਼ਾਤਰ, ਮੱਥਾ ਟੇਕਿਆ ਬੂਟਿਆਂ ਡਾਲੀਆਂ ਨੂੰ
ਰਹਿਣ ਵਾਸਤੇ ਪੁਰੀ ਅਨੰਦ ਅੰਦਰ, ਮਿਲੀ ਥਾਂ ਨਾ ਕਿਤੇ ਕੰਗਾਲੀਆਂ ਨੂੰ
ਰੂਪ ਸੱਚ ਦਾ ਵੇਖ ਕੇ ਹੋਏ ਖੀਵੇ, 'ਤੀਰ' ਭੁੱਲੇ ਪਲਾਲ ਪਲਾਲੀਆਂ ਨੂੰ

### ਸੁਖਾਂ ਦਾ ਸਮਾਂ ਤੇ ਸ੍ਰੀ ਦਸਮੇਸ਼ ਜੀ ਦੀ ਪੜ੍ਹਾਈ-ਸਿਖਲਾਈ

ਸੁੱਖੀ ਵੱਸਦੀ ਪੁਰੀ ਅਨੰਦ ਅੰਦਰ, ਕੋਈ ਗੱਲ ਨਾ ਕਦੇ ਦੁਖਦਾਈ ਹੋਵੇ
ਜਿੱਥੇ ਜਾਣ ਦਸਮੇਸ਼ ਜੀ ਚੋਜ ਕਰਦੇ, ਉਥੇ ਆਪਦੀ ਪਈ ਵਡਿਆਈ ਹੋਵੇ
ਪੜ੍ਹਨ ਫਾਰਸੀ ਤੇ ਅਰਬੀ ਸੰਸਕਿਰਤੀ, ਰੋਜ਼ ਸ਼ਸਤਰਾਂ ਦੀ ਸਿੱਖਲਾਈ ਹੋਵੇ
ਵੇਖ ਵੇਖ ਕੇ 'ਤੀਰ' ਵਿਹਾਰ ਖੇਡਾਂ, ਖ਼ੁਸ਼ੀ ਰਾਤ ਦਿਨ ਗੁੱਜਰੀ ਮਾਈ ਹੋਵੇ

### ਸ੍ਰੀ ਦਸਮੇਸ਼ ਜੀ ਦੀ ਸ਼ਾਦੀ

ਹਰਜੱਸ ਲਾਹੌਰ ਦੇ ਰਹਿਣ ਵਾਲਾ, ਸਿੱਦਕ ਜਿੱਸ ਦੇ ਰਿਦੇ ਸਮਾਇਆ ਏ
ਨੌਵੇਂ ਗੁਰਾਂ ਦੇ ਦਰਸ ਦੀਦਾਰ ਖ਼ਾਤਰ, ਵੇਖੋ ਪੁਰੀ ਅਨੰਦ ਵਿਚ ਆਇਆ ਏ
ਸੰਗਤ ਵਿੱਚ ਆ ਕੇ, ਸੁਣੀ ਗੁਰੂ ਬਾਣੀ, ਕਿਸੇ ਰੰਗ ਦੇ ਵਿੱਚ ਹਰਖਾਇਆ ਏ
ਮੋਹ ਲਿਆ ਦਸਮੇਸ਼ ਦੀ ਮੂਰਤੀ ਨੇ, ਕਈ ਵਾਰ ਉਸ ਸੀਸ ਨਿਵਾਇਆ ਏ
ਹੱਥ ਜੋੜ ਦੋਵੇਂ ਨੌਵੇਂ ਗੁਰਾਂ ਅੱਗੇ, ਉਹਨੇ ਇਸ ਤਰ੍ਹਾਂ ਹਾਲ ਸੁਣਾਇਆ ਏ

ਸੱਚੇ ਪਾਤਸ਼ਾਹ! ਆਪ ਦਾ ਇਹ ਗੋਲਾ, ਕੁਝ ਚਾਂਵ੍ਹਦਾ ਭੇਟ ਚੜ੍ਹਾਇਆ ਏ
'ਜੀਤੋ ਪੁੱਤਰੀ' ਦਾਸ ਦੀ ਰੂਪਵੰਤੀ, ਉਦ੍ਹੇ ਸਾਕ ਨੂੰ ਜੀ ਹੁਲਸਾਇਆ ਏ
ਜਾਣੀ ਜਾਣ ਜੀ! ਆਪ ਦਾ ਸਾਹਿਬਜ਼ਾਦਾ, ਏਸੇ ਵਾਸਤੇ ਦਾਸ ਨੂੰ ਭਾਇਆ ਏ
ਮੇਰੀ ਭਾਵਨਾ ਤੁੱਠਕੇ ਕਰੋ ਪੂਰੀ, ਸਮੇਂ ਆਪ ਈ ਢੋ ਢੁਕਾਇਆ ਏ
'ਤੀਰ' ਵਾਜਿਆਂ ਨਾਲ ਵਿਆਹ ਹੋਵੇ, ਰੀਝ ਦਾਸ ਇਹ ਨਾਲ ਲਿਆਇਆ ਏ

### ਨੌਵੇਂ ਸਤਿਗੁਰਾਂ ਦੇ ਬਚਨ

ਨੌਵੇਂ ਸਤਿਗੁਰਾਂ ਆਖਿਆ ਵੇਖ ਸਿੱਖਾ! ਹੈਣ ਵੱਰ ਤੇ ਕੁੜੀ ਅਨਜਾਣ ਦੋਵੇਂ
ਗ੍ਰਸਤ, ਫਰਜ਼ ਦੀ ਪੰਡ ਹੈ ਬੜੀ ਭਾਰੀ, ਫ਼ਰਜ਼ ਸੱਕਦੇ ਨਹੀਂ ਪਛਾਣ ਦੋਵੇਂ
ਉਹ ਵੀ ਬਾਲੜੀ ਇਹ ਵੀ ਬਾਲ ਭੋਲਾ, ਇਹ ਤਾਂ ਠੀਕ ਹੈ ਕਿ ਹੈਣ ਹਾਣ ਦੋਵੇਂ
'ਤੀਰ' ਭਾਵਨਾ ਜਾਏਗੀ ਪੁੱਗ ਤੇਰੀ, ਜਾਂ ਜਵਾਨ ਹੋਏ ਪੂਰੇ ਆਣ ਦੋਵੇਂ

### ਹਰਜੱਸ ਦੀ ਅਰਜ਼ੋਈ

ਕਿਹਾ ਫੇਰ ਹਰਜੱਸ ਨੇ ਨੈਣ ਭਰ ਕੇ, ਮੈਨੂੰ ਦਰੋਂ ਨਿਰਾਸ ਨਾ ਕਰੋ ਦਾਤਾ
ਹੋ ਕੇ ਮੰਗਤਾ ਭਿੱਖਿਆ ਮੰਗਦਾ ਹਾਂ, ਦਇਆਵਾਨ ਹੋ ਕੇ ਝੋਲੀ ਭਰੋ ਦਾਤਾ
ਸਭੋ ਕੁੱਝ ਹੋ ਜਾਇਗਾ ਠੀਕ ਆਪੇ, ਤੁਸੀਂ ਸੀਸ ਉੱਤੇ ਹੱਥ ਧਰੋ ਦਾਤਾ
'ਤੀਰ' ਮਿਹਰ ਸਾਗਰ ਤੁਸੀਂ ਜੱਗ ਉੱਤੇ, ਏਸ ਦਾਸ ਦੀ ਵੀ ਚਿੰਤਾ ਹਰੋ ਦਾਤਾ

### ਸ਼ਾਦੀ ਦੀ ਪਰਵਾਨਗੀ

ਗੁਰਾਂ ਆਖਿਆ ਹੋਈ ਪ੍ਰਵਾਨ ਸਿੱਖਾ, ਤੇਰੀ ਜਿਸ ਤਰ੍ਹਾਂ ਦੀ ਪ੍ਰੇਮ-ਭਾਵਨਾ ਏਂ
ਹਰਜੱਸ ਨੇ ਆਖਿਆ ਪਾਤਸ਼ਾਹ ਜੀ, ਤੁਸਾਂ ਭਾਗ ਲਾਹੌਰ ਨੂੰ ਲਾਵਣਾ ਏਂ
ਗੁਰਾਂ ਆਖਿਆ ਤੇਰੇ ਵਿਆਹ ਖ਼ਾਤਰ, ਅਸਾਂ ਨਵਾਂ ਲਾਹੌਰ ਬਣਾਵਣਾ ਏਂ
ਤੂੰ ਵੀ ਆ ਓਥੇ, ਅਸੀਂ ਆਪ ਓਥੇ, ਚੰਦ ਪੁੱਤ ਦਾ ਕਾਜ ਰਚਾਵਣਾ ਏਂ
ਹਰਜੱਸ ਨੇ ਆਖਿਆ 'ਜੀ ਸਦਕੇ', ਜਿਵੇਂ ਚਾਹੋਗੇ, ਹੁਕਮ ਵਜਾਵਣਾ ਏਂ
'ਤੀਰ' ਮੈਂ ਤਾਂ ਆਪ ਦਾ ਸਾਹਿਬਜ਼ਾਦਾ, ਸਦਾ ਅੱਖ ਦੇ ਵਿੱਚ ਵਸਾਵਣਾ ਏਂ

### ਵੱਲੋਂ ਕਵੀ

ਹੁਕਮ ਸਤਿਗੁਰਾਂ ਚਾੜ੍ਹਿਆ ਉਸੇ ਵੇਲੇ, ਨਵਾਂ ਝੱਟ ਲਾਹੌਰ ਤਿਆਰ ਹੋਇਆ
ਥੋੜੇ ਦਿਨਾਂ ਅੰਦਰ ਉੱਸਰ ਗਿਆ ਸਾਰਾ, ਸੁਣ ਸੁਣ ਕੇ ਖ਼ੁਸ਼ੀ ਪਰਵਾਰ ਹੋਇਆ
ਧੂਮ ਧਾਮ ਦੇ ਨਾਲ ਵਿਆਹ ਹੋਯਾ, ਵਿਤੋਂ ਵੱਧ ਕੇ ਚਾ ਮਲ੍ਹਾਰ ਹੋਇਆ
'ਤੀਰ' ਇਸ ਤਰ੍ਹਾਂ ਮਿਹਰ ਦੀ ਦਾਤ ਪਾ ਕੇ, ਹਰਜੱਸ ਜੀ ਦਾ ਬੇੜਾ ਪਾਰ ਹੋਇਆ

## ਮਹਿਲ ਜੀਤੋ ਜੀ ਤੇ ਸੁੰਦਰੀ

ਜੀਤੋ ਜੀ ਜਾਂ ਡੋਲਿਓਂ ਬਾਹਰ ਨਿਕਲੇ, ਮਾਤਾ ਗੁਜਰੀ ਨੇ ਪਾਣੀ ਵਾਰਿਆ ਏ
ਮੇਰੀ 'ਸੁੰਦਰੀ' ਆਖ ਕੇ ਮਾਣ ਕੀਤਾ, ਧੀਆਂ ਸੱਕੀਆਂ ਵਾਂਗ ਪਿਆਰਿਆ ਏ
ਓਸ ਦਿਨ ਤੋਂ ਸੁੰਦਰੀ ਆਪ ਜੀ ਨੂੰ, ਗਿਆ ਸਾਹੁਰੇ ਘੱਰ ਪੁਕਾਰਿਆ ਏ
'ਤੀਰ' ਸੁੰਦਰੀ ਤੇ 'ਜੀਤੋ' ਦੋ ਕਹਿ ਕੇ, ਕਈ ਲੇਖਕਾਂ ਨੇ ਲੋੜ੍ਹਾ ਮਾਰਿਆ ਏ

✪✪✪

ਜੀਤੋ ਉਹੋ ਤੇ ਉਹੋ ਹੀ ਸੁੰਦਰੀ ਸੀ, ਪੇਕੇ ਸਾਹੁਰੇ ਨਾਮ ਦੋ ਪਏ ਵੇਖੋ
ਕੋਈ ਸੁੰਦਰੀ ਕਹੇ ਤੇ ਕੋਈ 'ਜੀਤੋ', ਏਦਾਂ ਨਾਮ ਦੋਵੇਂ ਪੱਕ ਗਏ ਵੇਖ
ਐਪਰ ਸਿੱਖ ਇਤਿਹਾਸ ਦੇ ਲੇਖਕਾਂ ਨੇ, ਦੋ ਮਹਿਲ ਗੁਰ ਦੇ ਸਮਝ ਲਏ ਵੇਖੋ
ਏਸ ਗੱਲ ਵੱਲੇ 'ਤੀਰ' ਅਜੇ ਤੋੜੀ, ਐਪਰ ਕੋਈ ਧਿਆਨ ਨ ਦਏ ਵੇਖੋ

## ਇਕ ਹੋਰ ਦਲੀਲ (ਵੱਲੋਂ ਕਵੀ)

ਪਹਿਲੇ ਸਤਿਗੁਰੂ ਵੀ ਸਾਰੇ ਹੋਏ ਗ੍ਰਸਤੀ, ਕਿਸੇ ਦੋ ਵਿਆਹ ਕਰਾਏ ਨਾਹੀਂ
*ਵਾਕ ਭਾਈ ਗੁਰਦਾਸ ਦੇ, ਏਸ ਬਾਬਤ, ਏਦਾਂ ਜਾਪਦਾ ਕਿਸੇ ਭੁਲਾਏ ਨਾਹੀਂ
ਗੁਰੂ ਮੱਤ ਵਿਚ ਇਕ ਪਰਵਾਨ ਨਾਰੀ, ਏਸ ਰਾਹ ਉਤੇ ਲੇਖਕ ਆਏ ਨਾਹੀਂ
'ਤੀਰ' ਸ੍ਰੀ ਦਸਮੇਸ਼ ਨੇ ਅਸਲ ਅੰਦਰ, ਨਵੀਂ ਰੀਤ ਦੇ ਪੂਰਨੇ ਪਾਏ ਨਾਹੀਂ

## ਅਨੰਦਪੁਰੀ ਦੇ ਅਨੰਦ ਵਿਚ ਰੋਕ

ਨੌਵੇਂ ਗੁਰੂ ਜੀ ਬੈਠ ਇਕਾਂਤ ਏਧਰ, ਏਸ ਸਮੇਂ ਕਰਤਾਰ ਧਿਆਂਵਦੇ ਸੀ
ਉਧਰ ਜ਼ੁਲਮ ਤੋਂ ਹੋ ਦੁਖਿਆਰ ਹਿੰਦੂ, ਬਹੁੜੀ ਵਾਸਤੇ, ਵਾਸਤੇ ਪਾਂਵਦੇ ਸੀ
ਸੁਰਤ ਜੋੜ ਕੁਰਬਾਨੀਆਂ ਲਈ ਏਧਰ, ਜਾਣੀ ਜਾਣ ਜੀ ਜ਼ੋਹਦ ਕਮਾਂਵਦੇ ਸੀ
ਮਾਰੇ ਜ਼ੁਲਮ ਦੀ ਤੇ.ਗ ਦੇ ਦੁਖੀ ਓਧਰ, ਪਏ ਠਾਕਰਾਂ ਕੋਲ ਕੁਰਲਾਂਵਦੇ ਸੀ
ਦੀਨ ਰੱਖਿਆ ਵਾਸਤੇ ਗੁਰੂ ਦਾਤੇ, ਇਧਰ ਦਿਲ ਫੌਲਾਦ ਬਣਾਂਵਦੇ ਸੀ
ਵਾਂਡ ਦਾਣਿਆਂ ਦੇ ਦੁਖੀ ਦਿੱਲ ਓਧਰ, ਜ਼ੁਲਮ-ਪੁੜਾਂ ਹੇਠਾਂ ਪੀਠੇ ਜਾਂਵਦੇ ਸੀ
ਦਇਆ ਪੁੰਜ ਏਧਰ ਦਿੱਲ ਆਪਣੇ ਨੂੰ, ਪਏ ਪਾਣ ਦਾਦੇ ਵਾਲੀ ਲਾਂਵਦੇ ਸੀ
ਏਧਰ ਦੌੜਦੇ ਸਮੇਂ ਕੁਰਬਾਨੀਆਂ ਦੇ, ਦਿਨੋ ਦਿੱਨ ਦਿਸਦੇ ਨੇੜੇ ਆਂਵਦੇ ਸੀ
ਉਧਰ ਤੇ.ਗ ਅਨਿਆਂ ਦੀ ਚੱਲ ਰਹੀ ਸੀ, ਜਾਨਾਂ ਪਏ ਬੇਦੋਸ਼ ਗਵਾਂਵਦੇ ਸੀ

---

* ਏਕਾ ਨਾਰੀ ਜਤੀ ਹੋਏ, ਪਰ ਨਾਰੀ ਧੀ ਭੈਣ ਵਖਾਣੈ।
ਦਸਮੇਸ਼ ਜੀ ਦਾ ਆਪਣਾ ਵੀ ਵਾਕ ਹੈ—
ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢੱਈਓ ॥ ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜਈਓ ॥
ਨਿਜ ਨਾਰੀ ਦਾ ਅਰਥ ਹੈ ਆਪਣੀ ਨਾਰੀ, ਆਪਣੀਆਂ ਨਾਰੀਆਂ ਨਹੀਂ। (ਲੇਖਕ)

ਇਧਰ ਸ਼ਾਂਤਮਈ ਤੇਗ਼-ਬਹਾਦਰੀ ਦੀ, ਜਾਣੀ ਜਾਣ ਜੀ ਧਾਰ ਚਮਕਾਂਵਦੇ ਸੀ
ਜ਼ਾਲਮ ਉਸਿ ਪਾਸੇ ਧੱਕਾ ਜ਼ੋਰ ਕਰਕੇ, ਪਏ ਦੀਨ ਦੀ ਈਨ ਮਨਾਂਵਦੇ ਸੀ
ਦੀਨਾਨਾਥ ਏਧਰ ਦੀਨ-ਰੱਖਿਆ ਦੀ, ਦਿਨੇ ਰਾਤ ਹੀ ਸੋਚ ਦੁੜਾਂਵਦੇ ਸੀ
ਨਿੱਤ ਨਵੇਂ ਸੂਰਜ ਦੁਖੀ ਹਿੰਦੂਆਂ ਨੂੰ, ਉਧਰ ਤੌਕ ਗ਼ੁਲਾਮੀ ਦੇ ਪਾਂਵਦੇ ਸੀ
ਇਧਰ ਗਲੋਂ ਗ਼ੁਲਾਮੀਆਂ ਲਾਣ੍ਹ ਖ਼ਾਤਰ, ਸੱਚੇ ਪਾਤਸ਼ਾਹ ਲਾਡ ਲਡਾਂਵਦੇ ਸੀ
ਉਧਰ ਦੇਸ਼ ਉੱਤੇ ਪਰਾਧੀਨਤਾ ਦੇ, ਬੱਦਲ ਕਹਿਰ-ਰੰਗੇ ਛਾਈ ਜਾਂਵਦੇ ਸੀ
ਸੂਰਜ ਸੱਚ ਦੇ ਐਸਿਆਂ ਬੱਦਲਾਂ ਨੂੰ, ਸਦਾ ਲਈ ਉਡਾਵਣਾ ਚਾਂਵ੍ਹਦੇ ਸੀ
ਜਦੋਂ ਵਿੱਚ ਧਿਆਨ ਦੇ ਬੈਠਿਆਂ ਨੂੰ, ਦੁੱਖੀ ਦਿੱਸਦੇ ਨੀਰ ਵਹਾਂਵਦੇ ਸੀ
'ਤੀਰ' ਗੁਰੂ ਨੌਵੇਂ ਓਦੋਂ ਦਰਦ ਅੰਦਰ, ਏਦਾਂ ਦਰਦ ਭਿੱਜੇ ਗੀਤ ਗਾਂਵਦੇ ਸੀ

### *ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਨਿਤ-ਪ੍ਰਾਰਥਨਾ, ਵਾਹਿਗੁਰੂ ਜੀ ਦੇ ਦਰ ਉਤੇ*

ਸਾਰੇ ਜੱਗ ਦੇ ਮਾਲਕਾ! ਬਹੁੜ ਛੇਤੀ, ਦੁਖੀ ਆਜਜ਼ਾਂ ਦਾ ਬੇੜਾ ਪਾਰ ਕਰ ਦੇ
ਜ਼ੁਲਮ-ਪਾਪ-ਲੱਦੀ ਭਾਰਤ ਕੂਕਦੀ ਏ, ਹੌਲਾ ਏਸ ਨਿਮਾਣੀ ਦਾ ਭਾਰ ਕਰ ਦੇ
ਅੱਗ ਜ਼ੁਲਮ ਅਨਿਆਂ ਦੀ ਬੁਝ ਜਾਵੇ, ਮੀਂਹ ਮਿਹਰ ਪਾ ਕੇ ਠੰਢਾ ਠਾਰ ਕਰ ਦੇ
ਜੜ੍ਹ ਜੱਗ ਤੋਂ ਪੁੱਟ ਜਰਵਾਣਿਆਂ ਦੀ, ਖੁੰਢੀ ਜਬਰ ਦੀ ਝੱਬ ਤਲਵਾਰ ਕਰ ਦੇ
ਜਿਹੜੇ ਰਾਜ ਵਿਚ ਰਿਹਾ ਨਿਆਂ ਨਾਹੀਂ, ਬੰਦ ਓਸ ਦੀ ਕਾਰ ਸਰਕਾਰ ਕਰ ਦੇ
ਜਿਥੋਂ ਜ਼ੁਲਮ ਦੇ ਹੈਣ ਫੁਰਮਾਨ ਹੁੰਦੇ, ਸੁੰਞਾ ਸਾਹਿਬਾ! ਓਹ ਦਰਬਾਰ ਕਰ ਦੇ
ਜਿਹੜਾ ਰਿਹਾ ਨਿਰਪੱਖ ਨਾ ਸ਼ਾਹ ਹੋ ਕੇ, ਖਾਕਸ਼ਾਹ ਐਸਾ ਤਾਜਦਾਰ ਕਰ ਦੇ
ਜਿਵੇਂ ਜਾਣਦਾ ਏਂ ਪੁੱਜ ਬਣੀ ਵੇਲੇ, ਜ਼ੋਰ ਜ਼ੁਲਮ ਦਾ ਝੱਟ ਸੁਧਾਰ ਕਰ ਦੇ
ਦਰਦਾਂ ਵਾਲਿਆਂ ਤੋਂ ਡਿੱਠਾ ਜਾਂਵਦਾ ਨਾ, ਬੰਦ ਦੇਸ਼ 'ਚੋਂ ਅੱਤਿਆਚਾਰ ਕਰ ਦੇ
ਪਾਵੇ ਭਾਜੜਾਂ ਜੋ ਦੇਸ਼-ਵੈਰੀਆਂ ਨੂੰ, ਐਸਾ ਆਪਣਾ ਦਲ ਤਿਆਰ ਕਰ ਦੇ
ਕਿਸੇ ਢੰਗ ਆ ਜਾ, ਕਿਸੇ ਰੰਗ ਅੰਦਰ, ਤਾਣੀ ਜ਼ੁਲਮ ਵਾਲੀ ਤਾਰ ਤਾਰ ਕਰ ਦੇ
ਅੰਗ ਪਾਲ ਦਾਤਾ! ਅੰਗ ਪਾਲ ਆ ਕੇ, ਦੁਖੀ ਰੋਂਵਦੇ ਆਣ ਸੁਖਿਆਰ ਕਰ ਦੇ
ਜਿਨ੍ਹਾਂ ਜ਼ਾਲਮਾਂ ਦੇਸ਼ ਵਿਚ ਅੱਤ ਚਾਈ, ਆ ਕੇ ਉਨ੍ਹਾਂ ਦਾ ਦੂਰ ਹੰਕਾਰ ਕਰ ਦੇ
'ਤੀਰ' ਜਾਣ ਗ਼ੁਲਾਮੀ ਦੇ ਟੁੱਟ ਸੰਗਲ, ਦੁਖੀ ਹਿੰਦ ਦਾ ਝੱਬ ਉਧਾਰ ਕਰ ਦੇ

### *ਔਰੰਗਜ਼ੇਬੀ ਜ਼ੁਲਮ ਦਾ ਹੱਦੋਂ ਵਧ ਜਾਣਾ ਅਤੇ ਹਿੰਦੂਆਂ ਦੀ ਘਬਰਾਹਟ (ਵੱਲੋਂ ਕਵੀ)*

ਔਰੰਗਜ਼ੇਬ ਦੇ ਜ਼ੁਲਮ ਦੀ ਚੁੱਕ ਹੇਠਾਂ, ਹੱਦੋਂ ਵੱਧਿਆ ਜ਼ੋਰ ਜਰਵਾਣਿਆਂ ਦਾ
ਹੱਥ ਤੱਸਬੀ ਸੱਭ ਨੇ ਫੜੀ ਹੈਸੀ, ਸੀ ਸੁਭਾਅ ਐਪਰ ਬੰਦੇ ਖਾਣਿਆਂ ਦਾ
ਸਿਰ ਹਿੰਦੂਆਂ ਦੇ ਐਵੇਂ ਰੁੱਲਦੇ ਸੀ, ਪੈਂਦਾ ਮੁੱਲ ਸੀ ਸਗੋਂ ਹਦਵਾਣਿਆਂ ਦਾ
ਪੱਤ ਮਾਲ ਦਾ ਡੱਰ ਸੀ ਦਿਨੇ ਰਾਤੀਂ, ਬੁਰਾ ਹਾਲ ਸੀ ਦੁਖੀ ਨਿਮਾਣਿਆਂ ਦਾ

ਹਿੰਦੂ ਰੋਜ਼ ਫੜਨੇ ਸ਼ਾਹੀ ਹੁਕਮ ਕਹਿ ਕੇ, ਰੋਜ਼ ਰੋਜ਼ ਦਾ ਕੰਮ ਸੀ ਥਾਣਿਆਂ ਦਾ
'ਮਾਰੋ ਫੜੋ' ਦੀ ਮਾਰੂ ਅਵਾਜ਼ ਸੁਣ ਕੇ, ਜਾਂਦਾ ਛੁੱਟ ਸੀ ਦੁੱਧ ਅੰਞਾਣਿਆਂ ਦਾ
ਹਿੰਦੂ ਨਹੀਂ ਸੀ ਸੱਕਦਾ ਰੱਖ ਅੰਦਰ, ਖਾਣ ਵਾਸਤੇ ਸੇਰ ਪਾ ਦਾਣਿਆਂ ਦਾ
ਕੋਈ ਆਸਰਾ ਜੱਗ ਦੇ ਵਿੱਚ ਨਾ ਸੀ, ਦੁਖੀ ਆਜਜ਼ਾਂ ਜੀ-ਭਿਆਣਿਆਂ ਦਾ
ਕਹਿਰ ਟੁੱਟਿਆ ਵੇਖ ਕੇ ਸਿਰਾਂ ਉੱਤੇ, ਟੁੱਟ ਗਿਆ ਸੀ ਲੱਕ ਨਿਤਾਣਿਆਂ ਦਾ
'ਤੀਰ' ਹਿੰਦੂਆਂ ਦੀ ਬੇੜੀ ਡੁੱਬ ਰਹੀ ਸੀ, ਛੁੱਪ ਗਿਆ ਸੀ ਪੂਰ ਮਹਾਣਿਆਂ ਦਾ

### *ਹਿੰਦੂ ਸਾਰੇ ਬੂਹਿਆਂ 'ਤੇ ਵਾਸਤੇ ਪਾ ਥੱਕੇ*

ਕੋਈ ਦੱਰ ਨਾ ਛੱਡਿਆ ਮਰਦਿਆਂ ਨੇ, ਹਰ ਇਕ ਨੂੰ ਵਾਸਤੇ ਪਾ ਥੱਕੇ
'ਦੇਵੀ' ਕੋਲ ਦੁਹਾਈਆਂ ਦੇ ਥੱਕੇ, ਰੋ ਰੋ 'ਠਾਕਰਾਂ' ਕੋਲ ਕੁਰਲਾ ਥੱਕੇ
'ਭੋਲੇ ਨਾਥ' ਨੇ ਵੀ ਐਸੀ ਮਸ਼ਟ ਮਾਰੀ, ਨਾਹੀਂ ਬੋਲਿਆ ਬੜਾ ਬੁਲਾ ਥੱਕੇ
ਕੂਕ ਵੱਲ ਨਾ 'ਰਾਮ' ਨੇ ਕੰਨ ਕੀਤੇ, ਉਦ੍ਹੇ ਸਾਹਮਣੇ ਨੈਣ ਵਹਾ ਥੱਕੇ
ਨਾਹੀਂ 'ਕ੍ਰਿਸ਼ਨ ਭਗਵਾਨ' ਨੂੰ ਦਯਾ ਆਈ, ਗਊ ਵਾਂਗਰਾਂ ਦੁਖੀ ਅੜਾ ਥੱਕੇ
ਬ੍ਰਹਮਾ, ਵਿਸ਼ਨੂੰ, ਇੰਦਰ ਅਲੋਪ ਹੋਏ, ਲੋੜਵੰਦ ਸਾਰੇ ਟਿੱਲ ਲਾ ਥੱਕੇ
ਕੋਈ 'ਤੇਤੀ ਕਰੋੜ' 'ਚੋਂ ਬਹੁੜਿਆ ਨਾ, ਹਰ ਇੱਕ ਨੂੰ ਦਿਲੋਂ ਧਿਆ ਥੱਕੇ
'ਤੀਰ' ਕਿਸੇ ਨਾ ਦੂਰ ਅੰਨ੍ਹੇਰ ਕੀਤਾ, ਹਿੰਦੂ ਥਾਂ ਥਾਂ ਜੋਤਾਂ ਜਗਾ ਥੱਕੇ

### *ਵੈਰੀਆਂ ਵੱਲੋਂ ਵੈਰੀ ਦੀ ਛਾਤੀ ਵਿਚ ਸੱਪ ਮਾਰਨ ਦੀ ਚਾਲ ਚਲਣੀ (ਵੱਲੋਂ ਕਵੀ)*

ਭਾਵੇਂ ਗੁਰੂ ਜੀ ਆਪਣੀ ਦਯਾ ਕਰਕੇ, ਸਦਾ ਹਿੰਦੂਆਂ ਨੂੰ ਗਲੇ ਲਾਂਵਦੇ ਸੀ
ਤਾਂ ਵੀ ਕਈ ਅਕ੍ਰਿਤਘਨ ਸੱਨ ਐਸੇ, ਨਾਲ ਗੁਰਾਂ ਦੇ ਵੈਰ ਵਧਾਂਵਦੇ ਸੀ
ਵੇਖ ਵੱਧਦੀ ਪ੍ਰੱਭਤਾ ਗੁਰੂ ਜੀ ਦੀ, ਖ਼ਾਰ ਫੁੱਲ ਦੇ ਨਾਲ ਪਏ ਖਾਂਵਦੇ ਸੀ
'ਤੀਰ' ਸਿੱਖੀ ਨੂੰ ਕਿਸ ਤਰਾਂ ਢਾਹ ਲੱਗੇ, ਰਾਤ ਦਿਨ ਹੀ ਸੋਚ ਦੁੜਾਂਵਦੇ ਸੀ

### *ਚਲਾਕਾਂ ਦੀ ਚਲਾਕੀ*

ਸੱਦ ਕੁੱਝ ਕਸ਼ਮੀਰੀਆਂ ਪੰਡਤਾਂ ਨੂੰ, ਨਾਲ ਉਨ੍ਹਾਂ ਦੇ ਇਸ ਤਰਾਂ ਗੱਲ ਕਰਦੇ
'ਅਸੀਂ ਦੱਸਦੇ ਹਾਂ' ਤੁਸਾਂ ਢੰਗ ਐਸੇ, ਕਿਉਂ ਨਹੀਂ ਸਵਾਲ ਇਹ ਹੱਲ ਕਰਦੇ
ਨਾਨਕ ਗੁਰੂ ਦੀ ਗੱਦੀ ਨਸ਼ੀਨ ਨੌਵੇਂ, ਨਿਗ੍ਹਾ ਨਾਲ ਨੇ ਥੱਲ ਤੋਂ ਜੱਲ ਕਰਦੇ
ਤੁਸੀਂ ਉਨ੍ਹਾਂ ਦੀ ਚੱਲ ਕੇ ਸ਼ਰਨ ਜਾਓ, ਉਹੋ ਨਿਰਬਲਾਂ ਤਾਈਂ ਪ੍ਰਬੱਲ ਕਰਦੇ
ਮਲ੍ਹਮ ਮੇਲ ਦੀ ਲਾਂਵਦੇ ਫੱਟੜਾਂ ਨੂੰ, ਸਾਰੇ ਦੂਰ ਨੇ ਦਿਲਾਂ ਦੇ ਸੱਲ ਕਰਦੇ
'ਤੀਰ' ਸੋਚ ਇਹ ਸੋਚ ਚਾਲਾਕ ਹਿੰਦੂ, ਨਾਲ ਸਤਿਗੁਰਾਂ ਦੇ ਵੇਖੋ ਛੱਲ ਕਰਦੇ

## ਉਹਨਾਂ ਦੀ ਚਲਾਕੀ ਦਾ ਭੇਦ

ਉਨ੍ਹਾਂ ਸੋਚਿਆ ਕਰਨਗੇ ਨਾਂਹ ਜੇਕਰ, ਭੰਡੀ ਹੋਇਗੀ ਸਭ ਜਹਾਨ ਵਿੱਚੋਂ
ਕੀਤੀ 'ਹਾਂ' ਤਾਂ ਜਾਣਗੇ ਕਤਲ ਕੀਤੇ, ਲੋੜੇ ਲਭਣੇ ਨਹੀਂ ਸ਼ਮਸ਼ਾਨ ਵਿੱਚੋਂ
ਸੁਲ੍ਹਾ ਹੋਈ ਤਾਂ ਜਾਣਗੇ ਬੱਚ ਹਿੰਦੂ, ਮਾਰੇ ਗਏ ਤਾਂ ਮਰੇਗੀ ਆਨ ਵਿੱਚੋਂ
ਏਦਾਂ ਤਿੰਨ ਚਲਾਕਾਂ ਨੇ ਤੀਰ ਛੱਡੇ, ਇੱਕੋ ਵਾਰ ਤੇ ਇੱਕੋ ਕਮਾਨ ਵਿੱਚੋਂ

## ਨੌਵੇਂ ਸਤਿਗੁਰਾਂ ਦੀ ਹਜ਼ੂਰੀ ਵਿਚ ਹਿੰਦੂਆਂ ਦੀ ਦੁਹਾਈ

ਚਾਲ ਚੱਲ ਗਈ ਵੈਰੀਆਂ ਚਾਤਰਾਂ ਦੀ, ਫੱਸ ਚਾਲ ਵਿਚ ਗਏ ਅਨਜਾਣ ਹਿੰਦੂ
ਜੱਥਾ ਬੰਨ੍ਹ ਕੇ, ਮਾਤਮੀ ਵੇਸ ਕਰਕੇ, ਪੁੱਜੇ ਪੁਰੀ ਅਨੰਦ ਵਿਚ ਆਣ ਹਿੰਦੂ
ਝੱਟ ਗੁਰਾਂ ਦੇ ਆਣ ਹਜ਼ੂਰ ਪਹੁੰਚੇ, ਲਗੇ ਰੱਲ ਕੇ ਰੋਣ ਕੁਰਲਾਣ ਹਿੰਦੂ
'ਤੀਰ' ਜਦੋਂ ਮਹਾਰਾਜ ਨੇ ਪੁੱਛ ਕੀਤੀ, ਲੱਗੇ ਦੁਖੜੇ ਇਉਂ ਸੁਨਾਣ ਹਿੰਦੂ

## ਹਿੰਦੂਆਂ ਦੀ ਪੁਕਾਰ

ਮਹਾਰਾਜ! ਭਗਵਾਨ ਦਾ ਰੂਪ ਹੋ ਜੀ, ਅਗੇ ਆਪ ਦੇ ਅੱਜ ਦੁਹਾਈ ਸਾਡੀ
ਸਾਡਾ ਲਹੂ ਜਰਵਾਣਿਆਂ ਪੀ ਲੀਤਾ, ਰੋਜ਼ ਲਾਂਹਦੇ ਖੱਲ ਕਸਾਈ ਸਾਡੀ
ਅਸੀਂ ਸਭ ਥਾਂ ਟੱਕਰਾਂ ਮਾਰ ਆਏ, ਆਸ ਕਿਸੇ ਨਾ ਮੂਲ ਪੁਗਾਈ ਸਾਡੀ
ਪੱਤ ਪੱਤ ਅੱਗੇ ਪੱਤਿ ਰੋਲ ਚੁੱਕੇ, ਲੱਜ ਪੱਤ ਨਾ ਕਿਸੇ ਬਚਾਈ ਸਾਡੀ
ਸ਼ਾਹੀ ਜ਼ੁਲਮ ਨੇ ਗੁਰੂ ਜੀ ਹਿੰਦ ਅੰਦਰ, ਕੱਖਾਂ ਵਾਂਗਰਾਂ ਕੌਮ ਰੁਲਾਈ ਸਾਡੀ
ਠੇਡੇ ਖਾ ਖਾ ਕੇ ਇਥੇ ਅੱਪੜੇ ਹਾਂ, ਏਥੇ ਤੀਕ ਸੀ ਦੁਖਾਂ ਦੀ ਦਾਈ ਸਾਡੀ
ਜੰਞੂ ਟੁੱਟ ਰਹੇ ਨੇ, ਮੰਦਰ ਢੱਠ ਰਹੇ ਨੇ, ਵੇਖੋ ਨੱਕ ਤੇ ਹੈ ਜਾਨ ਆਈ ਸਾਡੀ
ਦਰ ਢੱਠਿਆਂ ਦੀ 'ਤੀਰ' ਲਾਜ ਰੱਖੋ, ਜਾਤ ਆਪ ਦੀ ਹੋਵੇ ਸਹਾਈ ਸਾਡੀ

## ਕਸ਼ਮੀਰੀ ਪੰਡਤਾਂ ਦੀ ਨੌਵੇਂ ਸਤਿਗੁਰਾਂ ਦੇ ਚਰਨਾਂ ਵਿਚ ਦਰਦ ਭਰੀ ਬੇਨਤੀ

ਛੁਰੀ ਪਈ ਬੇਦੋਸ 'ਤੇ ਚੱਲਦੀ ਏ, ਹੋਇਆ ਰੂਪ ਕਸਾਈ ਦਾ ਸ਼ਾਹ ਹੁਣ ਤੇ
ਹਿੰਦ ਦੇਸ਼ ਨਾ ਵੱਸਦਾ ਦੇਸ਼ ਜਾਪੇ, ਬਣੀ ਜਾਪਦੀ ਏ ਕਤਲਗਾਹ ਹੁਣ ਤੇ
ਪਈ ਦਾਤਰੀ ਜ਼ੁਲਮ ਦੀ ਕਰੇ ਵਾਢੀ, ਹਿੰਦੂ ਬਣੇ ਨੇ ਗੁਰੂ ਜੀ ਘਾਹ ਹੁਣ ਤੇ
ਪਿਆ ਉੱਛਲੇ ਸ਼ਰ੍ਹਾ ਦਾ ਵਹਿਣ ਮਾਰੂ, ਗ਼ੈਰ ਮੋਮਨਾਂ ਨੂੰ ਲੱਗੀ ਢਾਹ ਹੁਣ ਤੇ
ਹਿੰਦੂ ਕੌਮ ਖਲਵਾੜੇ ਦਾ ਥਾਂ ਹੋ ਗਈ, ਪੈਂਦੇ ਏਸ ਦੇ ਸੀਸ ਤੇ ਗਾਹ ਹੁਣ ਤੇ
ਸੜੇ ਜਿੰਦ ਬੇਦੋਸ ਨਿਮਾਣਿਆਂ ਦੀ, ਪਈ ਭੜਕਦੀ ਜ਼ੁਲਮ ਦੀ ਭਾ ਹੁਣ ਤੇ
ਰਾਤ ਦਿਨ ਲੰਘੇ ਵਿਚ ਹੌਕਿਆਂ ਦੇ, ਨਹੀਂ ਲੱਭਦਾ ਸੁੱਖ ਦਾ ਸਾਹ ਹੁਣ ਤੇ
ਸਾਡੀ 'ਸੰਧਿਆ ਗਾਇਤ੍ਰੀ' ਬੰਦ ਹੋਈ, ਪੂਰੀ ਹੋਇ ਨਾ ਭਜਨ ਦੀ ਚਾਹ ਹੁਣ ਤੇ

ਕਦੇ ਪਾਤਸ਼ਾਹ ਸਾਂ ਏਸ ਦੇਸ ਅੰਦਰ, ਪਏ ਪੀਣ ਨੂੰ ਤਰਸੀਏ ਛਾਹ ਹੁਣ ਤੇ
ਗਏ ਲੱਦ ਵੇਲੇ ਸੁੱਖਾਂ ਸਾਡਿਆਂ ਦੇ, ਅੱਠੇ ਪਹਿਰ ਹੈ ਜਾਨ ਨੂੰ ਦਾਹ ਹੁਣ ਤੇ
ਪਈ ਪੱਤ ਰੁੱਲੇ ਬਹੂ ਬੇਟੀਆਂ ਦੀ, ਅੱਧ ਵਿੱਚ ਹੀ ਰਹੇ ਵਿਆਹ ਹੁਣ ਤੇ
ਸਾਡਾ ਰੋਜ਼ ਹੀ ਧਰਮ ਭ੍ਰਿਸ਼ਟ ਕਰਕੇ, ਬਦੋ ਬਦੀ ਦੇ ਹੋਣ ਨਿਕਾਹ ਹੁਣ ਤੇ
ਵੇਖੋ ਪੱਤ ਤੇ ਸੱਤਿ ਬਚਾਣ ਖ਼ਾਤਰ, ਧੀਆਂ ਸਾਡੀਆਂ ਲੈਂਦੀਆਂ ਫਾਹ ਹੁਣ ਤੇ
ਸਾਡਾ ਬੀ ਸੰਸਾਰ ਤੋਂ ਮੇਟਣੇ ਦੀ, ਕੀਤੀ ਜ਼ਾਲਮਾਂ ਬੈਠ ਸਲਾਹ ਹੁਣ ਤੇ
ਵੱਢ ਰਹੀਆਂ ਕੁਹਾੜੀਆਂ ਜਬਰ ਦੀਆਂ, ਸਾਡੀ ਕੌਮ ਹੈ ਬਣੀ ਫੁਲਾਹ ਹੋਣ ਤੇ
ਅਸੀਂ ਸੱਭ ਨੂੰ ਵਾਸਤੇ ਪਾ ਥੱਕੇ, ਬਿਨਾਂ ਆਪ ਦੇ ਹੋਰ ਨਾ ਵਾਹ ਹੁਣ ਤੇ
ਕਤਲ ਹੋਵਣਾ ਜਾਂ ਮੁਸਲਮਾਨ ਹੋਣਾ, ਸਾਡੇ ਵਾਸਤੇ ਨੇ ਦੋਵੇਂ ਰਾਹ ਹੁਣ ਤੇ
ਤੁਸੀਂ ਬਾਹੁੜੀ ਕਰੋ ਮਹਾਰਾਜ! ਸਾਡੀ, ਦੇਵੀ ਦੇਵਤਾ ਸੁਣੇ ਨਾ ਆਹ ਹੁਣ ਤੇ
ਹਿੰਦੂ ਕੌਮ ਢੁੱਟੀ, ਢੁੱਟੀ ਪਈ ਮਰਦੀ, ਚੁਗੀ ਜਾਇਗੀ ਵਾਂਙ ਕਪਾਹ ਹੁਣ ਤੇ
ਹਾਰ ਹੁੱਟ ਕੇ ਆਪ ਦੇ ਦੱਰ ਆਏ, ਦਿਓ ਰੁਲਦਿਆਂ ਤਾਈਂ ਪਨਾਹ ਹੁਣ ਤੇ
ਘੁੰਮਣ ਘੇਰ ਅੰਦਰ ਸਾਡੀ ਪਈ ਬੇੜੀ, ਸੱਚੇ ਪਾਤਸ਼ਾਹ ਬਣੋਂ ਮਲਾਹ ਹੁਣ ਤੇ
'ਤੀਰ' ਡੁੱਬਦੀ ਹਿੰਦ ਬਚਾਣ ਵਾਲੀ, ਦਿੱਸੇ ਆਪ ਦੀ ਇਕੋ ਦਰਗਾਹ ਹੁਣ ਤੇ

### *ਨੌਂਵੇਂ ਸਤਿਗੁਰਾਂ ਨੇ ਸੰਜੀਦਗੀ ਨਾਲ ਸਾਰੇ ਮਾਮਲੇ ਨੂੰ ਸੋਚਣਾ*

ਜਾਣੀ ਜਾਣ ਸਤਿਗੁਰੂ ਜੀ ਕਰਨ ਸੋਚਾਂ, ਕੀਤਾ ਕੀ ਜਾਵੇ ਕਿਹੜੀ ਕਾਰ ਹੋਵੇ
ਜ਼ੁਲਮ ਹਿੰਦ ਵਿਚੋਂ ਕਿਵੇਂ ਦੂਰ ਹੋਵੇ, ਦੂਰ ਕਿਸ ਤਰ੍ਹਾਂ ਪਾਪ ਦਾ ਭਾਰ ਹੋਵੇ
ਕਿਵੇਂ ਖੁੱਲ੍ਹ ਹੋਵੇ ਹਿੰਦੂ ਧਰਮੀਆਂ ਨੂੰ, ਬੰਦ ਕਿਸ ਤਰ੍ਹਾਂ ਅੱਤਿਆਚਾਰ ਹੋਵੇ
ਰੱਤ ਕਿਵੇਂ ਬਿਦੋਸ਼ਾਂ ਦੀ ਬੱਚ ਜਾਵੇ, ਖੁੰਢੀ ਜ਼ੁਲਮ ਦੀ ਕਿਵੇਂ ਤਲਵਾਰ ਹੋਵੇ
ਕਿਵੇਂ ਗਲੋਂ ਗ਼ੁਲਾਮੀ ਦਾ ਤੌਂਕ ਲੱਥੇ, ਕਿਵੇਂ ਜ਼ੁਲਮ ਨੂੰ ਹਿੰਦ 'ਚੋਂ ਹਾਰ ਹੋਵੇ
'ਤੀਰ' ਢੰਗ ਕੀ ਵਰਤਿਆ ਅੱਜ ਜਾਵੇ, ਬੇੜਾ ਆਜਜ਼ਾਂ ਦਾ ਕਿਵੇਂ ਪਾਰ ਹੋਵੇ

### *ਵੱਲੋਂ ਕਵੀ*

ਏਧਰ ਵਾਰਤਾ ਇਹ ਸੀ ਛਿੜੀ ਹੋਈ, ਰੋਂਦੇ ਪਏ ਸੀ ਵਾਸਤੇ ਪਾਣ ਆਏ
ਕਿਤੋਂ ਖੇਡਦੇ ਖੇਡਦੇ ਉਸੇ ਵੇਲੇ, ਦੁਖੀ ਦੀਨ ਦਸਮੇਸ਼ ਬਚਾਣ ਆਏ
ਜਿਵੇਂ ਗੱਜ-ਅਨਾਥ ਨੂੰ ਤੰਦੂਏ ਤੋਂ, ਹੈਸਨ 'ਲੱਛਮੀ'-ਪਤੀ ਛੁਡਾਣ ਆਏ
ਜਿਵੇਂ ਦ੍ਰੋਪਤੀ ਦਾ ਭਰੀ ਸਭਾ ਅੰਦਰ, ਰੱਖਣ ਸ੍ਰੀ ਕ੍ਰਿਸ਼ਨ ਜੀ ਮਾਣ ਆਏ
ਨਾਮ ਦੇਵ ਦੀ ਜਿਸ ਤਰ੍ਹਾਂ ਗਊ ਮੋਈ, ਚੱਲ ਆਪ ਭਗਵਾਨ ਜਿਵਾਣ ਆਏ
ਜਿਵੇਂ ਭਗਤ ਕਬੀਰ ਦੀ ਕੂਕ ਸੁਣ ਕੇ, ਗੰਗਾ ਜੱਲ ਨੂੰ ਥੱਲ ਬਣਾਨ ਆਏ
ਜਿਵੇਂ ਭਗਤ ਪ੍ਰਹਿਲਾਦ ਨੂੰ ਪ੍ਰੇਮ-ਬੱਧੇ, ਤੱਤੇ ਥੰਮ੍ਹ ਵਿਚੋਂ ਗਲੇ ਲਾਣ ਆਏ
'ਤੀਰ' ਇਉਂ ਈ ਭਰੇ ਦਰਬਾਰ ਅੰਦਰ, ਦੁਖੀ ਹਿੰਦ ਖ਼ਾਤਰ ਜਾਣੀ ਜਾਣ ਆਏ

### ਸ੍ਰੀ ਦਸਮੇਸ਼ ਜੀ ਕੀ ਵੇਖਦੇ ਹਨ ?

ਆ ਕੇ ਕੀ ਵੇਖਣ ਕਰੁਣਾ-ਰੱਸ ਛਾਇਆ, ਦੁਖੀ ਦੀਨ ਪਏ ਨੈਣ ਵਹਾਂਵਦੇ ਨੇ
ਜਾਨੀ ਜਾਣ ਸਤਿਗੁਰੂ ਜੀ ਏਸ ਵੇਲੇ, ਡੂੰਘੀ ਸੋਚ ਅੰਦਰ ਨਿਗ੍ਹਾ ਆਂਵਦੇ ਨੇ
ਹਿੰਦੂ ਘਾਬਰੇ ਹੋਏ ਤੇ ਸਹਿਮ-ਮਾਰੇ, ਢਾਹਾਂ ਮਾਰ ਸਾਰੇ ਰੋਈ ਜਾਂਵਦੇ ਨੇ
ਪੱਲੇ ਗੱਲ ਪਾਏ ਡਾਵਾਂ ਡੋਲ ਹੋਏ, ਪਏ ਹੰਝੂਆਂ ਵਿੱਚ ਨਹਾਂਵਦੇ ਨੇ
ਨੌਵੇਂ ਗੁਰੂ ਜੀ ਕਿਸੇ ਖ਼ਿਆਲ ਅੰਦਰ, ਸੱਚ-ਰੂਪ ਨੂੰ ਪਏ ਧਿਆਂਵਦੇ ਨੇ
ਏਨੇ ਵਿੱਚ ਹੀ 'ਤੀਰ' ਦਸਮੇਸ਼ ਆ ਕੇ, ਜੱਫੀ ਲਾਡ ਵਿਚ ਆਪ ਨੂੰ ਪਾਂਵਦੇ ਨੇ

### ਦਸਮੇਸ਼ ਜੀ ਪਿਤਾ ਜੀ ਨੂੰ ਪੁੱਛਦੇ ਹਨ

ਲਾਡ ਵਿੱਚ ਆ ਕੇ ਵੇਖੋ ਪੁੱਛਦੇ ਨੇ ! ਜੀ ਇਹ ਕੌਣ ਨੇ ਨੀਰ ਵਹਾਣ ਵਾਲੇ ?
ਕਿਥੋਂ ਹੈਣ ਆਏ ? ਕੀ ਆਖਦੇ ਨੇ ? ਕੇੜ੍ਹੇ ਦੇਸ਼ ਨੂੰ ਅਗ੍ਹਾਂ ਨੇ ਜਾਣ ਵਾਲੇ ?
ਕਿਵੇਂ ਦੁਖੀ ਹੋਏ ? ਕਿਉਂ ਰੋਂਵਦੇ ਨੇ ? ਕੌਣ ਇਨ੍ਹਾਂ ਨੂੰ ਹੈਣ ਦੁਖਾਣ ਵਾਲੇ ?
'ਤੀਰ' ਅੱਜ ਆ ਪਏ ਖ਼ਿਆਲ ਕੇੜ੍ਹੇ, ਡੂੰਘੀ ਸੋਚ ਵਿਚ ਆਪ ਨੂੰ ਪਾਨ ਵਾਲੇ ?

### ਨੌਵੇਂ ਸਤਿਗੁਰਾਂ ਨੇ ਦਸਮੇਸ਼ ਜੀ ਨੂੰ ਸਾਰੀ ਹਕੀਕਤ ਦੱਸਣੀ

ਨੌਵੇਂ ਸਤਿਗੁਰਾਂ ਆਖਿਆ ਲਾਲ ਜੀਓ, ਇਹ ਨੇ ਸਾਮ੍ਹਣੇ ਅੱਜ ਜੋ ਆਏ ਹੋਏ
ਪੀਸੇ ਦਾਣਿਆਂ ਦੇ ਵਾਂਗ ਜਾ ਰਹੇ ਨੇ, ਚੱਕੀ ਜ਼ੁਲਮ ਦੀ ਵਿੱਚ ਫਸਾਏ ਹੋਏ
ਏਹ ਨੇ ! ਜ਼ਾਲਮਾਂ ਵੱਲੋਂ ਡਰਾਏ ਹੋਏ, ਜ਼ੋਰ ਜ਼ੁਲਮ ਦੇ ਦੁਖੀ ਸਤਾਏ ਹੋਏ
ਐਵੇਂ ਜੀਂਵਦੇ ਜਾਪਦੇ ਨਾਮ ਮਾਤਰ, ਧੱਕੇ ਸ਼ਾਹੀ ਨੇ ਮਾਰ ਮੁਕਾਏ ਹੋਏ
ਹਿੰਦੂ ਕੌਮ ਦੇ ਲਾਲ ਇਹ ਚੋਣਵੇਂ ਨੇ, ਮਿੱਟੀ ਘੱਟਿਆਂ ਵਿੱਚ ਰੁਲਾਏ ਹੋਏ
ਰੋਂਦੇ ਪਏ ਨੇ ਆਣ ਕੇ ਕੋਲ ਸਾਡੇ, ਮਾਰ ਜ਼ੁਲਮ ਦੀ ਨਾਲ ਰੁਵਾਏ ਹੋਏ
ਨਿੱਤ ਨਵੇਂ ਸੂਰਜ ਢਾਹੇ ਜਾ ਰਹੇ ਨੇ, ਮੰਦਰ ਇਨ੍ਹਾਂ ਦੇ ਕਈ ਬਣਾਏ ਹੋਏ
ਹਿੰਦ ਦੇਸ਼ ਵਿਚ ਸਮੇਂ ਦੇ ਪਾਤਸ਼ਾਹ ਨੇ, ਚਾਲੇ ਅੱਜ ਉਲਟੇ ਹੈਣ ਚਾਏ ਹੋਏ
ਉਦ੍ਹੇ ਕਰਮਚਾਰੀ ਅਦਲ ਭੁੱਲ ਬੈਠੇ, ਰੱਤ ਪੀਂਵਦੇ ਰੱਤ-ਤਿਹਾਏ ਹੋਏ
ਹਿੰਦ ਦੇਸ਼ ਗੁਲਾਮੀਆਂ ਵਿੱਚ ਫਾਥਾ, ਬੱਦਲ ਕਹਿਰ ਦੇ ਨੇ ਸਿਰੀਂ ਛਾਏ ਹੋਏ
ਬੋਲ ਸੱਕਦੇ ਨਹੀਂ ਇਹ ਜ਼ੁਲਮ ਅੱਗੇ, ਦੁੱਖ-ਪਰਬਤਾਂ ਹੇਠ ਦਬਾਏ ਹੋਏ
'ਤੀਰ' ਬਾਹੁੜੀ ਵਾਸਤੇ ਆਖਦੇ ਨੇ, ਡਾਢੇ ਓਦਰੇ ਅਤੇ ਘਬਰਾਏ ਹੋਏ

### ਨੌਵੇਂ ਸਤਿਗੁਰੂ ਜੀ ਫੇਰ ਕਹਿੰਦੇ ਹਨ

ਹਿੰਦੂ ਕੌਮ ਦੀ ਬੱਚਦੀ ਹੋਂਦ ਤਾਹੀਏਂ, ਜੇਕਰ ਆਪਣੀ ਹੋਂਦ ਗਵਾਏ ਕੋਈ
ਕਸ਼ਟ ਦੇਸ਼ ਤੋਂ ਨੇ ਤਦੇ ਦੂਰ ਹੁੰਦੇ, ਸੀਸ ਡਾਹ ਜੇ ਕਸ਼ਟ ਉਠਾਏ ਕੋਈ

ਕੱਟੇ ਜਾਂਵਦੇ ਫੰਧ ਗ਼ੁਲਾਮੀਆਂ ਦੇ, ਜਾਨ ਪਿੰਜਰੇ ਵਿੱਚ ਜੇ ਪਾਏ ਕੋਈ
ਜੀਅ-ਦਾਨ ਮਿਲਦਾ ਤਦੇ ਹਿੰਦੂਆਂ ਨੂੰ, ਜੀਵਨ ਦਾਨ ਦੇ ਜੇ ਜੀਵਾਏ ਕੋਈ
ਤਦੇ ਇਨ੍ਹਾਂ ਦੇ ਸਿਰੋਂ ਬਲਾ ਟਲਦੀ, ਜੇਕਰ ਆਪਣਾ ਸੀਸ ਕਟਾਏ ਕੋਈ
ਹੰਝੂ ਤਦ ਨੇ ਇਨ੍ਹਾਂ ਦੇ ਬੰਦ ਹੁੰਦੇ, ਜੇਕਰ ਆਪਣਾ ਲਹੂ ਵਹਾਏ ਕੋਈ
ਜੰਞੂ ਤਦ ਨੇ ਇਨ੍ਹਾਂ ਦੇ ਕੋਲ ਰਹਿੰਦੇ, ਜੇਕਰ ਸਿਦਕ ਦਾ ਸੂਤ ਕਤਾਏ ਕੋਈ
ਚੋਟੀ ਇਨ੍ਹਾਂ ਦੀ ਸਿਰਾਂ 'ਤੇ ਤਾਂ ਰਹਿੰਦੀ, ਜੇਕਰ ਸਿਦਕ-ਚੋਟੀ ਉੱਤੇ ਜਾਏ ਕੋਈ
ਠਾਕਰ ਇਨ੍ਹਾਂ ਦੇ ਟੁੱਟਣੋਂ ਬਚਦੇ ਤਾਂ, ਦੇਹ ਠੀਕਰੇ ਵਾਂਗ ਤੁੜਵਾਏ ਕੋਈ
ਮੰਦਰ ਢਹਿਣ ਤੋਂ ਇਨ੍ਹਾਂ ਦੇ ਜਾਣ ਠੱਲ੍ਹੇ, ਮਹਾਂ ਆਤਮਾ ਸੀਸ ਜੇ ਲਾਏ ਕੋਈ
ਖੁੱਲ੍ਹ ਹੋਂਵਦੀ ਸੰਧਿਆ ਗਾਇਤ੍ਰੀ ਦੀ, ਜੇਕਰ ਮੌਤ ਦੇ ਸੋਹਿਲੇ ਗਾਏ ਕੋਈ
'ਤੀਰ' ਪੁਰਸ਼ ਜਹਾਨ ਦੇ ਵਿੱਚ ਐਸਾ, ਐਪਰ ਕਿਤੇ ਵੀ ਨਜ਼ਰ ਨ ਆਏ ਕੋਈ

### *ਸ੍ਰੀ ਦਸਮੇਸ਼ ਜੀ ਨੇ ਕਹਿਣਾ ਆਪਣੇ ਪਿਤਾ ਜੀ ਨੂੰ*

ਆਦਰ ਨਾਲ ਦਸਮੇਸ਼ ਜੀ ਬੋਲ ਉੱਠੇ, 'ਇਨ੍ਹਾਂ ਵਾਸਤੇ ਆਇਗਾ ਕੌਣ ਦੱਸੋ
ਇਨ੍ਹਾਂ ਰੋਂਦਿਆਂ ਨੈਣ ਵਹਾਂਦਿਆਂ ਨੂੰ, ਆ ਕੇ ਚੁੱਪ ਕਰਾਇਗਾ ਕੌਣ ਦੱਸੋ
ਇਨ੍ਹਾਂ ਰੁੜ੍ਹਦਿਆਂ ਤੇ ਗੋਤੇ ਖਾਂਦਿਆਂ ਨੂੰ, ਹੋ ਮਲਾਹ ਬਚਾਇਗਾ ਕੌਣ ਦੱਸੋ
ਇਨ੍ਹਾਂ ਡਿੱਗਿਆਂ ਢੱਠਿਆਂ ਆਜਜ਼ਾਂ ਨੂੰ, ਬਾਹੋਂ ਫੜ ਉਠਾਇਗਾ ਕੌਣ ਦੱਸੋ
ਛਾਏ ਹਿੰਦ ਉਤੇ ਕਹਿਰੀ-ਬੱਦਲਾਂ ਨੂੰ, ਹਵਾ ਹੋ ਉਡਾਇਗਾ ਕੌਣ ਦੱਸੋ
ਅੱਜ ਆਪਣੇ ਲਹੂ ਦੀ ਧਾਰ ਅੰਦਰ, ਜ਼ੋਰ ਜ਼ੁਲਮ ਰੁੜ੍ਹਾਇਗਾ ਕੌਣ ਦੱਸੋ
ਰਾਹਾਂ ਵਿਚ ਮਾਸੂਮ ਕੁਰਲਾਂਦਿਆਂ ਨੂੰ, ਗਲੇ ਚੁੱਕ ਕੇ ਲਾਇਗਾ ਕੌਣ ਦੱਸੋ
ਏਸ ਜ਼ੁਲਮ ਦੇ ਪਏ ਅਨ੍ਹੇਰ ਅੰਦਰ, ਰੱਬੀ ਜੋਤ ਜਗਾਇਗਾ ਕੌਣ ਦੱਸੋ
ਧੱਕੇ ਜੋਰ ਦੇ ਉੱਛਲਦੇ ਹੜ੍ਹ ਤਾਈਂ, ਡੱਕਾ ਪਿਤਾ ਜੀ ਪਾਇਗਾ ਕੌਣ ਦੱਸੋ
ਕਤਲ ਰੋਕਣੇ ਲਈ ਬੇਦੋਸਿਆਂ ਦੇ, ਤਨੋ ਖ਼ੂਨ ਵਹਾਇਗਾ ਕੌਣ ਦੱਸੋ
ਬਿਨਾਂ ਆਪ ਦੀ ਤੇਗ਼-ਬਹਾਦਰੀ ਦੇ, ਐਸੇ ਜੌਹਰ ਵਿਖਾਇਗਾ ਕੌਣ ਦੱਸੋ
ਮਹਾਂ ਪੁਰਸ਼ ਵੱਡਾ 'ਤੀਰ' ਆਪ ਨਾਲੋਂ, ਇਨ੍ਹਾਂ ਵਾਸਤੇ ਆਇਗਾ ਕੌਣ ਦੱਸੋ'

### *ਸ੍ਰੀ ਦਸਮੇਸ਼ ਜੀ ਫਿਰ ਬੇਨਤੀ ਕਰਦੇ ਹਨ*

ਦੁਖੀ ਹਿੰਦ ਦੇ ਆਪ ਹੀ ਬਣੋਂ ਰਾਖੇ, ਫੜੋ ਆਪ ਹੀ ਬਾਂਹ ਦੁਖਿਆਰਿਆਂ ਦੀ
ਤੁਸੀਂ ਪਿਤਾ ਜੀ ਵਾਰ ਕੇ ਸੀਸ ਤਾਈਂ, ਪੁੱਟੋ ਹਿੰਦ 'ਚੋਂ ਜੜ੍ਹ ਹਤਿਆਰਿਆਂ ਦੀ
ਕਰੋ ਕਰਮ ਨਿਕੱਰਮਿਆਂ ਆਜਜ਼ਾਂ 'ਤੇ, ਦਿਲੋਂ ਓਟ ਹੋਵੋ ਕਰਮ-ਮਾਰਿਆਂ ਦੀ
ਦਿੱਤਾ ਕਿਸੇ ਧਰਵਾਸ ਨਾ ਰੋਂਦਿਆਂ ਨੂੰ, ਡਾਵਾਂ-ਡੋਲ ਹੈ ਜਿੰਦ ਵਿਚਾਰਿਆਂ ਦੀ
ਨਿਗ੍ਹਾ ਮਿਹਰ ਦੀ ਆਪ ਹੀ ਕਰੋ ਦਾਤਾ, ਟਿੱਕੀ ਆਪ 'ਤੇ ਅੱਖ ਹੈ ਸਾਰਿਆਂ ਦੀ
ਜੜ੍ਹ ਆਪ ਨੇ ਹੀ ਇਥੋਂ ਪੁੱਟਣੀ ਏਂ, ਏਸ ਹਿੰਦ 'ਚੋਂ ਜ਼ਾਲਮਾਂ ਭਾਰਿਆਂ ਦੀ

ਝੱਲੋ ਦੁੱਖੜੇ ਆਪਣੀ ਜਾਨ ਉੱਤੇ, ਤਾਂ ਕਿ ਜਿੱਤ ਹੋਵੇ ਏਨ੍ਹਾਂ ਹਾਰਿਆਂ ਦੀ
ਲੱਗੇ ਆਪ ਦਾ 'ਤੀਰ' ਸਰੀਰ ਭਾਵੇਂ, ਹੋਵੇ ਮੌਤ ਐਪਰ ਜ਼ੁਲਮੀ ਕਾਰਿਆਂ ਦੀ

### ਵੱਲੋਂ ਕਵੀ

ਮਾਤਾ ਗੁੱਜਰੀ ਦੇ ਲਾਲ ਧੰਨ ਹੈਂ ਤੂੰ, ਹੋਇਆ ਕੀ ਜੇਕਰ ਅਜੇ ਬਾਲ ਹੈਂ ਤੂੰ
ਦੀਨਾਂ ਆਜਜ਼ਾਂ ਦੀ ਸੱਚੀ ਟੇਕ ਹੈਂ ਤੂੰ, ਤੇ ਨਿਮਾਣਿਆਂ ਦਾ ਅੰਗਪਾਲ ਹੈਂ ਤੂੰ
ਦੁਖੀ ਦੀਨ ਮਜ਼ਲੂਮ ਦੀ ਜ਼ਿੰਦਗੀ ਹੈਂ, ਧੁਰੋ ਜ਼ਾਲਮਾਂ ਦਾ ਆਯਾ ਕਾਲ ਹੈਂ ਤੂੰ
ਹੈਂ ਤੂੰ ਆਸਰਾ ਓਟ ਨਿਓਟਿਆਂ ਦੀ, ਜਿਸ 'ਤੇ ਵਾਰ ਹੋਵੇ ਉਦ੍ਹੀ ਢਾਲ ਹੈਂ ਤੂੰ
ਤੇਰੇ ਜਿਹੀ ਨਾ ਕਿਸੇ ਨੇ ਮੂਲ ਕਰਨੀ, ਕਰਨੀ ਆਪਣੀ ਵਿੱਚ ਕਮਾਲ ਹੈਂ ਤੂੰ
ਬਾਲੀ ਉਮਰ ਅੰਦਰ 'ਤੀਰ' ਆਜਜ਼ਾਂ ਦਾ, ਸਦਾ ਦੁੱਖ ਵੇਲੇ ਭਾਈਵਾਲ ਹੈਂ ਤੂੰ

### ਨੌਵੇਂ ਸਤਿਗੁਰਾਂ ਦਾ ਸਾਹਿਬਜ਼ਾਦੇ ਤੋਂ ਇਹ ਸ਼ਬਦ ਸੁਣ ਕੇ ਪ੍ਰਸੰਨ ਹੋਣਾ

ਨੌਵੇਂ ਗੁਰਾਂ ਦਸਮੇਸ਼ ਦੀ ਗੱਲ ਸੁਣ ਕੇ, ਮੂੰਹੋਂ ਆਖਿਆ ਮੈਂ ਬਲਿਹਾਰ ਬੇਟਾ
ਮੇਰਾ ਲੂੰ ਲੂੰ ਅੱਜ ਹੈ ਖ਼ੁਸ਼ ਹੋਇਆ, ਤੇਰੀ ਵੇਖ ਕੇ ਸੁਘੜ-ਵਿਚਾਰ ਬੇਟਾ
ਤੇਰੀ ਅੱਜ ਦੀ ਗੱਲ ਨੇ ਅੱਜ ਮੇਰੇ, ਦਿੱਤੇ ਦਿਲ ਦੇ ਭਰਮ ਨਿਵਾਰ ਬੇਟਾ
ਮੈਂ ਨਚਿੰਤ ਹਾਂ ਅੱਜ ਤੋਂ ਜੱਗ ਅੰਦਰ, ਮੇਰਾ ਚੁੱਕ ਲਏਂਗਾ ਸਾਰਾ ਭਾਰ ਬੇਟਾ
ਤੇਰੀ ਮੰਨ ਕੇ, ਲਿਆ ਹੈ ਧਾਰ ਨਿਸਚਾ, ਪਾਲ ਦਿਆਂਗਾ ਦੇਸ਼ ਪਿਆਰ ਬੇਟਾ
ਤੇਰੀ ਗੱਲ 'ਤੇ ਫੁੱਲ ਚੜ੍ਹਾਣ ਖ਼ਾਤਰ, ਜਾਨ ਆਪਣੀ ਦਿਆਂਗਾ ਵਾਰ ਬੇਟਾ
ਦਾਦੇ ਗੁਰੂ, ਵਾਂਙੂ ਮੈਂ ਵੀ ਤੱਨ ਉੱਤੇ, ਝੱਲ ਲਵਾਂਗਾ ਜ਼ੁਲਮ ਦੀ ਕਾਰ ਬੇਟਾ
ਆਪ ਡੁੱਬ ਕੇ ਆਪਣੀ ਰੱਤ ਅੰਦਰ, ਬੇੜਾ ਹਿੰਦ ਦਾ ਕਰਾਂਗਾ ਪਾਰ ਬੇਟਾ
ਗਲੇ ਆਪਣੇ ਉਤੇ ਫਿਰਾ ਕੇ ਤੇ, ਖੁੰਢੀ ਜ਼ੁਲਮ ਦੀ ਕਰਾਂਗਾ ਧਾਰ ਬੇਟਾ
ਗੁਰੂ ਘਰ ਦੀ ਇਹੋ ਈ ਰਹੀ ਰੀਤੀ, ਕਰੀ ਜਾਓ ਨਿਸ਼ਕਾਮ ਉਪਕਾਰ ਬੇਟਾ
ਨੀਵਾਂ ਮਨ ਅਤੇ ਉੱਚੀ ਮੱਤ ਰੱਖੋ, ਏਦਾਂ ਸਾਧਨੇ ਸੱਭ ਵਿਹਾਰ ਬੇਟਾ
ਮੇਰੇ ਧੜ 'ਤੇ ਸੀਸ ਨਾ ਰਹੇ ਭਾਵੇਂ, ਬੱਦਲ ਜ਼ੁਲਮ ਦੇ ਦਿਆਂਗਾ ਟਾਰ ਬੇਟਾ
ਨਾਹੀਂ ਰਹਿਣਗੇ ਜ਼ੁਲਮ ਕਮੌਣ ਵਾਲੇ, ਨਾਹੀਂ ਰੋਣਗੇ ਮੂਲ ਦੁਖਿਆਰ ਬੇਟਾ
ਤੇਰੇ ਬੋਲ ਉਤਸ਼ਾਹ ਦੇ ਭਰੇ ਹੋਏ, ਮੇਰੀ ਆਤਮਾ ਗਏ ਨੇ ਠਾਰ ਬੇਟਾ
ਮੈਥੋਂ ਅੱਜ ਅੱਖੀਂ ਡਿਠੇ ਜਾਂਵਦੇ ਨਾ, ਦੁਖੀ ਦੀਨ ਰੋਂਦੇ ਜ਼ਾਰੋ ਜ਼ਾਰ ਬੇਟਾ
'ਤੀਰ' ਜੋ ਕਰਤਾਰ ਦੀ ਭਾਵਨੀ ਏ, ਅਸੀਂ ਓਸ ਦੇ ਲਈ ਤਿਆਰ ਬੇਟਾ

### ਮਹਾਰਾਜ ਫੇਰ ਕਹਿੰਦੇ ਹਨ

ਬੇਟਾ! ਤੁਸਾਂ ਨਿਭਾਵਣਾ ਫਰਜ਼ ਏਦਾਂ, ਸਦਾ ਗੀਤ ਗੋਬਿੰਦ ਦੇ ਗਾਈ ਜਾਣਾ
ਊਚ ਨੀਚ ਦਾ ਕੱਢ ਖ਼ਿਆਲ ਦਿਲ ਤੋਂ, ਹਰ ਇੱਕ ਨੂੰ ਗਲੇ ਲਗਾਈ ਜਾਣਾ

ਦਿਨੇ ਰਾਤ ਹੀ ਧਰਮ ਪ੍ਰਚਾਰ ਕਰਨਾ, ਝੰਡਾ ਨਾਨਕੀ ਖ਼ੂਬ ਝੁਲਾਈ ਜਾਣਾ
ਨੌਂਵੇਂ ਗੁਰਾਂ ਜੋ ਧਰਮ ਦਾ ਬਾਗ਼ ਲਾਯਾ, ਤੁਸਾਂ ਓਸ ਤਾਈਂ ਪਾਣੀ ਪਾਈ ਜਾਣਾ
ਏਸ 'ਕੂੜ ਦੇ ਘਰ' ਸੰਸਾਰ ਅੰਦਰ, ਤੁਸਾਂ ਸੱਚ ਦੀ ਜੋਤ ਜਗਾਈ ਜਾਣਾ
'ਤੀਰ' ਹਰ ਵੇਲੇ ਹਰ ਰੰਗ ਅੰਦਰ, ਹਰੀ ਨਾਮ ਨੂੰ ਦਿਲੋਂ ਧਿਆਈ ਜਾਣਾ

### ਕਸ਼ਮੀਰੀ ਪੰਡਤਾਂ ਨੂੰ ਨੌਵੇਂ ਸਤਿਗੁਰਾਂ ਦਾ ਕਹਿਣਾ

ਫੇਰ ਕਿਹਾ ਸਤਿਗੁਰਾਂ ਨੇ ਪੰਡਤਾਂ ਨੂੰ, ਸੁਣੋ ਕਰਕੇ ਤੁਸੀਂ ਧਿਆਨ ਸਾਰੇ
ਅਸੀਂ ਫੜਾਂਗੇ ਬਾਂਹ ਦੁਖਿਆਰਿਆਂ ਦੀ, ਧਰੋ ਧੀਰ, ਨਾ ਹੋ ਹੈਰਾਨ ਸਾਰੇ
ਤੁਸੀਂ ਆਪਣੇ ਹਾਕਮਾਂ ਕੋਲ ਜਾ ਕੇ, ਦਿਓ ਰੱਲ ਕੇ ਇਹ ਬਿਆਨ ਸਾਰੇ
'ਨਾਨਕ ਗੁਰੂ ਦੀ ਥਾਂ ਨੇ ਗੁਰੂ ਨੌਂਵੇਂ', ਹਿੰਦੂ ਉਨ੍ਹਾਂ 'ਤੇ ਰੱਖਦੇ ਮਾਨ ਸਾਰੇ
ਆਗੂ ਉਹ ਸਾਡੇ ਉਨ੍ਹਾਂ ਆਖਿਆ ਏ, ਸੁਣਨ ਕੰਨ ਧਰ ਕੇ ਹੁਕਮਰਾਨ ਸਾਰੇ
'ਮੁਸਲਮਾਨ ਜੇ ਸਾਨੂੰ ਬਣਾ ਸਕੋ, ਹਿੰਦੂ ਹੋ ਜਾਸਨ ਮੁਸਲਮਾਨ ਸਾਰੇ'
ਉਨ੍ਹਾਂ ਜੇ ਕਦੇ ਗੱਲ ਪਰਵਾਨ ਕੀਤੀ, ਹੋ ਜਾਇਗਾ ਹੁਕਮ ਪਰਵਾਨ ਸਾਰੇ
'ਤੀਰ' ਪੰਡਤਾਂ ਨੇ ਜਦੋਂ ਵਾਕ ਸੁਣਿਆ, ਹੋਏ ਹਿਰਦਿਓਂ ਖ਼ੁਸ਼ੀ ਮਹਾਨ ਸਾਰੇ

### ਵੱਲੋਂ ਕਵੀ

ਮੱਥਾ ਟੇਕ ਕੇ ਗੁਰੂ ਦਰਬਾਰ ਵਿਚੋਂ, ਬਾਮ੍ਹਣ-ਦੇਵਤੇ ਝੱਟ ਰਵਾਨ ਹੋਏ
ਪਹੁੰਚੇ ਸੱਭ ਆ ਕੇ ਕੋਲ ਹਾਕਮਾਂ ਦੇ, ਹਾਜ਼ਰ ਵਿਚ ਕਚੈਹਰੀ ਦੇ ਆਨ ਹੋਏ
ਉੱਚੀ ਆਖਿਆ 'ਕਰਨ ਹਾਂ ਅਰਜ਼ ਆਏ, ਸਾਡੇ ਵੱਲ ਵੀ ਰਤਾ ਧਿਆਨ ਹੋਏ
ਮੁਸਲਮਾਨ ਹੋਵਣ ਖ਼ਾਤਰ ਹਿੰਦ ਅੰਦਰ, ਜਾਰੀ ਕਦੇ ਦੇ ਸ਼ਾਹੀ ਫ਼ਰਮਾਨ ਹੋਏ
ਕਈ ਗਏ ਮਾਰੇ, ਕਈ ਕੈਦ ਹੋਏ, ਮਾਲ ਜਾਨ ਦੇ ਬੜੇ ਨੁਕਸਾਨ ਹੋਏ
ਹਾਕਮ ਵੱਖ ਨੇ ਦਿਲੋਂ ਹੈਰਾਨ ਹੋਏ, ਹਿੰਦੂ ਵੱਖ ਏਧਰ ਪਸ਼ੇਮਾਨ ਹੋਏ
ਬੰਦੇ ਕਈ ਐਵੇਂ ਕਤਲ ਗਏ ਕੀਤੇ, ਝੁੱਗੇ ਕਈ ਨੇ ਵੱਖ ਵੈਰਾਨ ਹੋਏ
ਅਰਜ਼ ਕਰਨ ਆਏ ਅਸੀਂ ਆਪ ਅੱਗੇ, ਲੱਖ ਵੱਟੀਏ ਜੇ ਪਰਵਾਨ ਹੋਏ
ਨਾਨਕ ਗੁਰੂ ਦੀ ਗੱਦੀ 'ਤੇ ਗੁਰੂ ਨੌਂਵੇਂ, ਸਾਰੇ ਜੱਗ 'ਤੇ ਜਿਨ੍ਹਾਂ ਦਾ ਮਾਨ ਹੋਏ
ਆਗੂ ਉਹ ਸਾਡੇ ਏਸ ਜੱਗ ਅੰਦਰ, ਆਗੂ ਆਪਦੇ ਜਿਵੇਂ ਸੁਲਤਾਨ ਹੋਏ
ਜੇਕਰ ਉਹ ਮੰਨਣ ਦੀਨ ਆਪ ਦੇ ਨੂੰ, ਮੋਮਨ ਦਿਨਾਂ ਅੰਦਰ ਹਿੰਦਵਾਨ ਹੋਏ'
'ਤੀਰ' ਪਰਖ ਵੇਲੇ ਕੋਈ ਨਿਭੇ ਪੂਰਾ, ਜਦੋਂ ਆਣ ਕਰੜਾ ਇਮਤਿਹਾਨ ਹੋਏ

### ਪੰਡਤਾਂ ਦੀ ਅਰਜ਼ੀ ਔਰੰਗਜ਼ੇਬ ਪਾਸ

ਜਦੋਂ ਪੰਡਤਾਂ ਨੇ ਅੱਗੇ ਹਾਕਮਾਂ ਦੇ, ਸਾਰੀ ਆਪਣੀ ਗੱਲ ਸੁਣਾ ਦਿੱਤੀ
ਉਨ੍ਹਾਂ ਖ਼ੁਸ਼ ਹੋ ਲਈ ਲਿਖਾ ਅਰਜ਼ੀ, ਉੱਤੇ ਮੋਹਰ ਮਨਜ਼ੂਰੀ ਦੀ ਲਾ ਦਿੱਤੀ

ਨਾਲ ਆਪਣੀ ਵੱਲੋਂ ਵੀ ਪਾਤਸ਼ਾਹ ਨੂੰ, ਸਾਰੀ ਵਿੱਚਲੀ ਰਮਜ਼ ਸਮਝਾ ਦਿੱਤੀ
'ਤੀਰ' ਪਿੱਛੋਂ ਹਲਕਾਰੇ ਦੇ ਹੱਥ ਦਿੱਤੀ, ਪਹਿਲਾਂ ਇਸ ਤਰ੍ਹਾਂ ਰੰਗਣ ਚੜ੍ਹਾ ਦਿੱਤੀ

### ਕਸ਼ਮੀਰੀ ਸੂਬੇ ਦਾ ਨੋਟ ਅਰਜ਼ੀ ਉੱਤੇ

"ਆਲੀ ਜਾਹ ਹਜ਼ੂਰ ਦੀ ਵਿਚ ਪੇਸ਼ੀ, ਹਿੰਦੂ ਹਿੰਦ ਦੇ ਅਰਜ਼ ਪੁਚਾਂਵਦੇ ਨੇ
ਕਹਿੰਦੇ ਗੁਰੂ ਨੌਵਾਂ ਸਾਡਾ ਹੈ ਆਗੂ, ਅੱਗੇ ਓਸ ਦੇ ਸੀਸ ਨਿਵਾਂਵਦੇ ਨੇ
ਕਰੋ ਓਸ ਤਾਈਂ ਮੁਸਲਮਾਨ ਜੇਕਰ, ਹਿੰਦੂ ਸਭ ਸਿੱਧੇ ਰਾਹੇ ਆਂਵਦੇ ਨੇ
ਮੇਰੀ ਨਿਗ੍ਹਾ ਦੇ ਵਿਚ ਵੀ ਠੀਕ ਜਾਪੇ, ਕੰਮ ਸੱਭ ਏਦਾਂ ਸੌਰ ਜਾਂਵਦੇ ਨੇ
ਹੈਣ ਤੌਖ਼ਲਾ ਰਾਜ ਦੇ ਵਾਸਤੇ ਵੀ, ਇਹ ਜੋ ਆਪਣੀ ਸਿੱਖੀ ਬਣਾਂਵਦੇ ਨੇ
ਠਾਠ ਬਾਠ ਸਭ ਇਨ੍ਹਾਂ ਦੇ ਰਾਜਸੀ ਨੇ, ਸਾਨੂੰ ਦਿੱਲ ਤੋਂ ਮੂਲ ਨ ਭਾਂਵਦੇ ਨੇ
ਜੇਕਰ ਹਿੰਦੂਆਂ ਦਾ ਗੁਰੂ ਦੀਨ ਮੰਨੇ, ਤਾਂ ਇਹ ਓਸ ਦਾ ਹੁਕਮ ਵਜਾਂਵਦੇ ਨੇ
ਆਪੇ ਸਭ ਕਾਫ਼ਰ ਦੀਨ ਵਿਚ ਆਵਣ, ਜਿਹੜੇ ਸੰਧਿਆ ਗਾਇਤ੍ਰੀ ਗਾਂਵਦੇ ਨੇ
ਜੇਕਰ ਗੁਰੂ ਕੀਤਾ ਜਾਵੇ ਕਤਲ ਤਾਂ ਵੀ, ਟੱਟੇ ਮੁੱਕਦੇ, ਦਿੱਲ ਜੋ ਤਾਂਵਦੇ ਨੇ
'ਤੀਰ' ਵੇਖ ਲੌ ਕਿਵੇਂ ਨਾਦਾਨ ਹਾਕਮ, ਪੈਰ ਮੌਤ ਦੇ ਰਾਹ 'ਤੇ ਪਾਂਵਦੇ ਨੇ

### ਔਰੰਗਜ਼ੇਬ ਨੇ ਪੰਡਤਾਂ ਦੀ ਅਰਜ਼ੀ ਪਰਵਾਨ ਕਰ ਲਈ

ਪੁੱਜੀ ਪਾਤਸ਼ਾਹ ਦੇ ਪਾਸ ਜਦੋਂ ਅਰਜ਼ੀ, ਝੱਟ ਮੋਹਰ ਪਰਵਾਨਗੀ ਲਾਈ ਉਸ ਨੇ
ਮੋਹਰ ਨਹੀਂ ਸੀ ਆਪਣੇ ਰਾਜ ਵਾਲੀ, ਜੜ੍ਹ ਸਮਝ ਲੌ ਆਪ ਪੁਟਾਈ ਉਸ ਨੇ
ਗੁਰਾਂ ਵਾਸਤੇ ਫੜਨ ਦਾ ਹੁਕਮ ਦਿੱਤਾ, ਜਾਣੀ ਇਸ ਦੇ ਵਿਚ ਭਲਾਈ ਉਸ ਨੇ
ਘੱਲੀ ਦਿੱਲੀਓਂ ਧਾੜ ਸਿਪਾਹੀਆਂ ਦੀ, ਕੀ ਕਰੋਗੇ ? ਗੱਲ ਸਮਝਾਈ ਉਸ ਨੇ
ਹੁੰਦੀ ਰੱਬ ਫ਼ਕੀਰ ਦੀ ਜਾਤ ਇੱਕੋ, ਐਪਰ ਗੱਲ ਇਹ ਦਿਲੋਂ ਭੁਲਾਈ ਉਸ ਨੇ
ਧੱਕੇ ਨਾਲ ਇਸਲਾਮ ਫੈਲਾਵਨੇ ਦੀ, ਖ਼ੁਸ਼ ਹੋ ਕੇ ਬਣਤ ਬਣਾਈ ਉਸ ਨੇ
ਜਾ ਕੇ ਮੂੰਹ ਪਰਨੇ ਜਿਥੇ ਡਿੱਗਣਾ ਸੂ, ਖੋਦੀ ਜਾਣ ਲੌ ਪਾਪ ਦੀ ਖਾਈ ਉਸ ਨੇ
ਜਿਦ੍ਹੇ ਨਾਲ ਹੈ ਸਦਾ ਦੀ ਮੌਤ ਹੁੰਦੀ, ਲੱਭੀ ਆਪਣੇ ਲਈ ਦਵਾਈ ਉਸ ਨੇ
ਹੋ ਕੇ ਪਾਤਸ਼ਾਹ ਅਦਲ ਨੂੰ ਭੁੱਲ ਬੈਠਾ, ਵੱਸ ਈਰਖਾ ਅਕਲ ਗਵਾਈ ਉਸ ਨੇ
'ਤੀਰ' ਦਿੱਲੀ ਬੁਲਾਏ ਨਾ ਗੁਰੂ ਨੌਵੇਂ, ਜਾਣੋ ਆਪਣੀ ਮੌਤ ਬਲਾਈ ਉਸ ਨੇ

### ਸਤਿਗੁਰਾਂ ਦੀ ਤਿਆਰੀ ਦਿੱਲੀ ਨੂੰ

ਪਹਿਲੇ ਪੁਲਿਸ ਦੀ ਧਾੜ ਦੇ ਪੁੱਜਣੇ ਤੋਂ, ਜਾਣ ਗਏ ਹੋਣੀ ਜਾਣੀ ਜਾਣ ਵੇਖੋ
ਸਿੱਖ ਸੰਗਤਾਂ ਨੀਰ ਵਹਾਂਦੀਆਂ ਨੂੰ, ਏਦਾਂ ਆਖ ਕੇ ਧੀਰ ਬੰਨ੍ਹਵਾਣ ਵੇਖੋ
ਹੁਕਮ ਵਰਤਦਾ ਸਦਾ ਸੰਸਾਰ ਉੱਤੇ, ਟੱਲੇ ਟਾਲਿਆਂ ਨਾ ਲਾ ਲਾ ਤਾਣ ਵੇਖੋ

ਸਿੱਖੋ! ਸਬਰ ਦੀ ਹੋਂਵਦੀ ਜਿੱਤ ਵੇਖੋ, ਅਤੇ ਜਬਰ ਦਾ ਟੁੱਟਦਾ ਮਾਣ ਵੇਖੋ
ਸ਼ਾਂਤਮਈ ਤੇ ਜ਼ੁਲਮ ਦਾ ਹਿੰਦ ਅੰਦਰ, ਨਵੇਂ ਰੰਗ ਦਾ ਨਵਾਂ ਘਮਸਾਣ ਵੇਖੋ
'ਤੀਰ' ਜ਼ੁਲਮ ਦੀ ਤੇਗ਼ ਦੇ ਤੋੜਨੇ ਨੂੰ, ਕਿਵੇਂ ਵੱਜਦਾ ਸਿਦਕ-ਵਦਾਣ ਵੇਖੋ

### ਮਹਾਰਾਜ ਫੇਰ ਕਹਿੰਦੇ ਹਨ

ਸਾਡੇ ਬਾਅਦ ਸਿੱਖੋ! ਸਾਡਾ ਰੂਪ ਜਾਣੋ, ਕਲਗੀਧਰ ਹੈ ਜੋ ਬਰਖ਼ੁਰਦਾਰ ਸਾਡਾ
ਅਸੀਂ ਦਿਲੋਂ ਹਾਂ ਪਏ ਅਸੀਸ ਦੇਂਦੇ, ਵਧੇ ਫੁੱਲੇ ਇਹ ਬਾਗ਼ ਪਰਵਾਰ ਸਾਡਾ
ਸਿੱਖ ਸੰਗਤਾਂ ਤੇ ਗੋਬਿੰਦ ਰਾਇ ਜੀ ਨੂੰ, ਲਵੋ! ਅੰਤਲਾ ਅੱਜ ਪਿਆਰ ਸਾਡਾ
'ਤੀਰ' ਕਰੇ ਦਰਸ਼ਨ ਗੋਬਿੰਦ ਰਾਇ ਜੀ ਦੇ, ਜਿਹੜਾ ਚਾਂਹਵਦਾ ਹੋਏ ਦੀਦਾਰ ਸਾਡਾ

### ਵਿਦਾਇਗੀ (ਵੱਲੋਂ ਕਵੀ)

ਜਦੋਂ ਗੁਰੂ ਜੀ ਟੁਰੇ ਅਨੰਦ ਪੁਰੀਓਂ, ਕਰਨ ਵਿੱਦਿਆ ਨੱਰ ਤੇ ਨਾਰ ਚੱਲੇ
ਛਾਈਆਂ ਆਣ ਉਦਾਸੀਆਂ ਚਿਹਰਿਆਂ 'ਤੇ, ਪਈ ਅੱਖੀਓਂ ਪ੍ਰੇਮ-ਫੁਹਾਰ ਚੱਲੇ
ਲੋਕੀਂ ਕਰਨ ਗੱਲਾਂ ਦਿੱਲੀ ਰੰਜ ਅੰਦਰ, ਵੇਖੋ! ਛੱਡ ਸਾਨੂੰ ਸਿਰਜਨਹਾਰ ਚੱਲੇ
ਕੋਈ ਆਖਦਾ ਦੀਨਾਂ ਦੇ ਨਾਥ ਬਣ ਕੇ, ਕਰਨ ਵਾਸਤੇ ਹੈਣ ਉਪਕਾਰ ਚੱਲੇ
ਕੋਈ ਆਖਦਾ ਤੇਗ਼-ਬਹਾਦਰੀ ਦੀ, ਧੁੰਮ ਪਾਣ ਨੇ ਵਿਚ ਸੰਸਾਰ ਚੱਲੇ
ਕੋਈ ਆਖਦਾ ਦੇਸ਼ ਜੀਵਾਣ ਖ਼ਾਤਰ, ਬ੍ਰਿਹੋਂ-ਕਾਤੀਆਂ ਨੇ ਸਾਨੂੰ ਮਾਰ ਚੱਲੇ
ਕੋਈ ਆਖਦਾ ਕੂਕਦੀ ਧਰਤ ਉੱਤੋਂ, ਹੌਲਾ ਕਰਨ ਨੇ ਪਾਪ ਦਾ ਭਾਰ ਚੱਲੇ
ਕੋਈ ਆਖਦਾ ਹਿੰਦ ਦੇ ਮੁਰਦਿਆਂ ਨੂੰ, ਜੀਆ ਦਾਨ ਨੇ ਦੇਣ ਦਾਤਾਰ ਚੱਲੇ
ਕੋਈ ਆਖਦਾ ਲਹੂ ਦੀ ਧਾਰ ਅੰਦਰ, ਰੋੜ੍ਹਨ ਵਾਸਤੇ ਮੁਗ਼ਲ-ਸਰਕਾਰ ਚੱਲੇ
ਕੋਈ ਕਹੇ ਫਿਰਵਾ ਕੇ ਗਲੇ ਉੱਤੇ, ਖੁੰਢੀ ਜ਼ੁਲਮ ਦੀ ਕਰਨ ਤਲਵਾਰ ਚੱਲੇ
ਕੋਈ ਆਖਦਾ ਸੀਸ ਦਾ ਲਾ ਚੱਪੂ, ਬੇੜਾ ਹਿੰਦੀਆਂ ਦਾ ਕਰਨ ਪਾਰ ਚੱਲੇ
ਕੋਈ ਆਖਦਾ ਸਬਰ-ਹਥਿਆਰ ਫੜ ਕੇ, ਦੇਣ ਵਾਸਤੇ ਜਬਰ ਨੂੰ ਹਾਰ ਚੱਲੇ
ਕੋਈ ਆਖਦਾ ਪੰਜਵੇਂ ਗੁਰੂ ਵਾਂਗਰ, ਅੱਜ ਪਾਲਣੇ ਲਈ ਇਕਰਾਰ ਚੱਲੇ
ਕੋਈ ਆਖਦਾ ਅੱਜ ਅਨੰਦ ਪੁਰੀਓਂ, ਨੇਕੀ ਵਾਸਤੇ ਹੋ ਤਿਆਰ ਚੱਲੇ
ਕੋਈ ਆਖਦਾ ਜ਼ੁਲਮ ਦੇ ਰਾਜ ਵਾਲੀ, ਜਾਣੀ ਜਾਣ ਉਡਾਣ ਨੇ ਛਾਰ ਚੱਲੇ
'ਤੀਰ' ਕੱਟਣ ਗ਼ੁਲਾਮੀ ਦੇ ਸੰਗਲਾਂ ਨੂੰ, ਨੌਵੇਂ ਸਤਿਗੁਰੂ ਹੌਸਲਾ ਧਾਰ ਚੱਲੇ

### ਨੌਵੇਂ ਸਤਿਗੁਰਾਂ ਦੀ ਪ੍ਰਤਿੱਗਿਆ (ਵੱਲੋਂ ਕਵੀ)

ਨੌਵੇਂ ਗੁਰਾਂ ਨੇ ਸੋਚਿਆ ਮਨ ਅੰਦਰ, ਚਲੋ ਬਚਨ ਨਿਭਾ ਕੇ ਵੇਖ ਲਈਏ
ਹੜ੍ਹ ਜ਼ੁਲਮ ਦਾ ਹਿੰਦ ਦੇ ਵਿੱਚ ਆਇਆ, ਬੰਨ੍ਹ ਸੀਸ ਦਾ ਲਾ ਕੇ ਵੇਖ ਲਈਏ

ਬੂਟਾ ਧਰਮ ਦਾ ਭਲਾ ਜੇ ਹਰਾ ਹੋਵੇ, ਲਹੂ ਆਪਣਾ ਪਾ ਕੇ ਵੇਖ ਲਈਏ
ਏਸ ਅੱਤ ਦੇ ਪਏ ਅਨ੍ਹੇਰ ਅੰਦਰ, ਸੱਤਿ-ਜੋਤ ਜਗਾ ਕੇ ਵੇਖ ਲਈਏ
ਮਰੇ ਬਿਨਾਂ ਨਾ ਜੀਂਵਦੀ ਕੌਮ ਮੋਈ, ਮੋਈ ਕੌਮ ਜਿਵਾ ਕੇ ਵੇਖ ਲਈਏ
ਅੱਜ ਆਪਣੇ ਲਹੂ ਦਾ ਤਿਲਕ ਲਾ ਕੇ, ਹਿੰਦੂ ਕੌਮ ਬਚਾ ਕੇ ਵੇਖ ਲਈਏ
ਲਾਵੇ ਰੰਗ ਕੀ ਬਲੀ ਬੇਦੋਸਿਆਂ ਦੀ, ਸ਼ਰੇ-ਆਮ ਅਜ਼ਮਾ ਕੇ ਵੇਖ ਲਈਏ
ਸਥਰ-ਸ਼ਰਾ ਉੱਤੇ ਘੂਕ ਸੁੱਤਿਆਂ ਨੂੰ, ਢੰਗ ਨਾਲ ਜਗਾ ਕੇ ਵੇਖ ਲਈਏ
ਰਾਹੋਂ ਘੁੱਥਿਆਂ ਰੱਬ ਤੋਂ ਭੁੱਲਿਆਂ ਨੂੰ, ਸਿੱਧੇ ਰਾਹ 'ਤੇ ਪਾ ਕੇ ਵੇਖ ਲਈਏ
ਰੋਕਣ ਲਈ ਹੰਝੂ ਹਿੰਦ-ਵਾਸੀਆਂ ਦੇ, ਚੱਲੋ ਲਹੂ ਵਹਾ ਕੇ ਵੇਖ ਲਈਏ
ਰੱਖਣ ਲਈ ਜੰਞੂ ਬੋਦੀ ਪੰਡਤਾਂ ਦਾ, ਗਲੇ ਤੇਗ਼ ਫਿਰਵਾ ਕੇ ਵੇਖ ਲਈਏ
ਕਰ ਆਪਣੇ ਲਈ ਮਨਜ਼ੂਰ ਤਖ਼ਤਾ, ਜ਼ੁਲਮ-ਤਖ਼ਤ ਉਲਟਾ ਕੇ ਵੇਖ ਲਈਏ
ਦਿੱਲੀ ਚਾਂਦਨੀ-ਚੌਕ ਦੇ ਵਿਚ ਚੱਲੋ, ਇਹ ਅਨ੍ਹੇਰ ਹਟਾ ਕੇ ਵੇਖ ਲਈਏ
ਬਾਂਹ ਫੜ ਕੇ ਛੱਡੀਏ ਮੂਲ ਨਾਹੀਂ, ਚੱਲੋ ਮਿੱਤਰ ਸਦਵਾ ਕੇ ਵੇਖ ਲਈਏ
ਕਹਿੰਦੇ ਅੱਫਲ ਕੁਰਬਾਨੀਆਂ ਜਾਂਦੀਆਂ ਨਾ, ਸਮਾਂ ਹੈ ਪਰਤਾ ਕੇ ਵੇਖ ਲਈਏ
ਜ਼ੁਲਮ-ਰਾਜ ਦੇ ਪੈਰ ਉਖੇੜਨੇ ਨੂੰ, ਢੱਠੀ ਕੌਮ ਉਠਾ ਕੇ ਵੇਖ ਲਈਏ
ਕੱਟਣ ਵਾਸਤੇ ਫੰਧ ਗ਼ੁਲਾਮੀਆਂ ਦੇ, ਸ਼ਾਹਿਰੱਗ ਕਟਵਾ ਕੇ ਵੇਖ ਲਈਏ
ਕੱਢਣ ਵਾਸਤੇ ਕੈਦ 'ਚੋਂ ਕੈਦੀਆਂ ਨੂੰ, ਕੈਦੀ ਆਪ ਸਦਵਾ ਕੇ ਵੇਖ ਲਈਏ
ਔਰੰਗਜ਼ੇਬ ਨੂੰ ਜ਼ੁਲਮ ਨ ਜ਼ੇਬ ਦੇਵੇ, ਢੰਗ ਨਾਲ ਸਮਝਾ ਕੇ ਵੇਖ ਲਈਏ
ਮਤੇ ਜ਼ੁਲਮ ਦੀ ਬੁੱਝ ਪਿਆਸ ਜਾਵੇ, ਉਹਨੂੰ ਲਹੂ ਪਿਲਾ ਕੇ ਵੇਖ ਲਈਏ
ਮਤੇ ਸ਼ਰ੍ਹਾ ਸ਼ਰਾਰਤੋਂ ਬਾਜ਼ ਆਵੇ, ਘੋੜਾ ਅਕਲ ਭਜਾ ਕੇ ਵੇਖ ਲਈਏ
ਚੱਲੋ ਅੱਤਿਆਚਾਰ ਨੂੰ ਅੱਤ ਵੱਲੋਂ, ਤੋਬਾ ਦਿਲੋਂ ਕਰਵਾ ਕੇ ਵੇਖ ਲਈਏ
ਕਿੱਦਾਂ ਫਤਵ੍ਹਿਆਂ 'ਤੇ ਫ਼ਤਹਿ ਪਾਈਦੀ ਏ, ਨਵਾਂ ਜੰਗ ਮਚਾ ਕੇ ਵੇਖ ਲਈਏ
ਲੋਕੀਂ ਸੋਹਣੀਆਂ ਨਾਲ ਵਿਆਹ ਕਰਦੇ, ਅਸੀਂ ਮੌਤ ਪਰਣਾ ਕੇ ਵੇਖ ਲਈਏ
ਲੋਕੀਂ ਜਾਨ ਬਚਾਂਵਦੇ ਲੁੱਕ ਲੁੱਕ ਕੇ, ਅਸੀਂ ਜਾਨ ਘੁਮਾ ਕੇ ਵੇਖ ਲਈਏ
ਲੋਕੀਂ ਰੱਬ ਭੁਲਾਂਵਦੇ ਮਾਨ-ਮੱਤੇ, ਅਸੀਂ ਜਗਤ ਭੁਲਾ ਕੇ ਵੇਖ ਲਈਏ
'ਤੀਰ' ਤੇਗ਼, ਅਜ਼ਮਾ ਕੇ ਕੋਈ ਵੇਖੇ, ਅਸੀਂ ਗਲਾ ਅਜ਼ਮਾ ਕੇ ਵੇਖ ਲਈਏ

## *ਅਨੰਦਪੁਰ ਤੋਂ ਦਿੱਲੀ ਤਕ ਪੰਧ (ਵੱਲੋਂ ਕਵੀ)*

ਜਾਨੀ ਜਾਨ ਸਤਿਗੁਰੂ ਜੀ ਜਾਣ ਚੱਲੇ, ਸੱਤ ਧਰਮ ਦੀ ਸਦਾ ਵਿਚਾਰ ਕਰਦੇ
ਮਿਹਰ ਨਾਲ ਚੁਰਾਸੀ ਦੇ ਗੇੜ ਕੱਟਣ, ਲੱਖਾਂ ਪਾਪੀਆਂ 'ਤੇ ਉਪਕਾਰ ਕਰਦੇ
ਸ਼ੈਹਨਸ਼ਾਹ ਸੱਚੇ, ਉਹ ਮਲਾਹ ਪੂਰੇ, ਬੇੜੇ ਭਉਜਲੋਂ ਸੈਆਂ ਦੇ ਪਾਰ ਕਰਦੇ
ਮੁਕਤ ਆਉਂਦੀ ਉਨ੍ਹਾਂ ਦੀ ਮੁੱਠ ਅੰਦਰ, ਇਕ ਵਾਰ ਜਿਹੜੇ ਨਿਮਸ਼ਕਾਰ ਕਰਦੇ

ਧਰਮ ਰਾਜ ਦਾ ਲੈਣ ਚੁਕਾ ਲੇਖਾ, ਪ੍ਰੇਮ ਨਾਲ ਜੋ ਆਣ ਦੀਦਾਰ ਕਰਦੇ
ਨੌਵੇਂ ਪਾਤਸ਼ਾਹ ਦਇਆ ਦੇ ਪੁੰਜ ਪੂਰੇ, ਮਿਹਰ ਆਜਜ਼ਾਂ 'ਤੇ ਵਾਰ ਵਾਰ ਕਰਦੇ
ਦਿਲੋਂ ਮਨੋਂ ਨਿਵਾਜਦੇ ਉਨ੍ਹਾਂ ਤਾਈਂ, ਦਿਲੋਂ ਮਨੋਂ ਜੋ ਪ੍ਰੇਮ ਪਿਆਰ ਕਰਦੇ
ਦੇ ਕੇ ਨਾਮ ਬਾਣੀ ਤਾਰਨ ਉਨ੍ਹਾਂ ਨੂੰ ਵੀ, ਜਾਤ ਜਨਮ ਦਾ ਜੋ ਹੰਕਾਰ ਕਰਦੇ
ਉਨ੍ਹਾਂ ਨਾਲ ਵੀ ਬੋਲਦੇ ਸਦਾ ਮਿੱਠਾ, ਜੇਹੜੇ ਈਰਖੀ ਅੰਦਰੋਂ ਖ਼ਾਰ ਕਰਦੇ
ਗੁਰੂ ਕਰਨ ਕਾਰਨ ਤਾਰਨ ਸੰਗਤਾਂ ਨੂੰ, ਪੰਧ ਕੱਟਦੇ ਜਾਣ ਸੁਧਾਰ ਕਰਦੇ
ਛੁਹਣ ਚਰਨ ਜਿਹੜੇ ਆ ਕੇ ਸਤਿਗੁਰਾਂ ਦੇ, ਅੱਗੋਂ ਵਾਸਤੇ ਸੱਚ-ਵਿਹਾਰ ਕਰਦੇ
ਠੱਗ, ਚੋਰ ਵੀ ਸਿੱਖ ਤੇ ਸੰਤ ਬਣਦੇ, ਸਾਸ ਸਾਸ ਫਿਰ ਯਾਦ ਕਰਤਾਰ ਕਰਦੇ
ਸੋਮੇ ਅੰਮ੍ਰਿਤੀ ਜਾਣ ਲੌ ਗੁਰੂ ਸੱਚੇ, ਜਾਣ ਤਪਦਿਆਂ ਨੂੰ ਠੰਢਾ ਠਾਰ ਕਰਦੇ
ਜੋਤ ਜਾਗਦੀ ਧਰਮ ਦੀ ਕਹਿਣ ਲੋਕੀਂ, ਦੂਰ ਦਿਲਾਂ ਦੇ ਧੁੰਦ ਗੁਬਾਰ ਕਰਦੇ
ਜਦੋਂ ਟੁਰਨ ਮਹਾਰਾਜ ਜੀ ਵੱਲ ਦਿੱਲੀ, ਲੋਕੀਂ ਨਾਲ ਟੁਰ ਪੈਣ ਪੁਕਾਰ ਕਰਦੇ
ਮਹਾਰਾਜ! ਜੀ ਅਸੀਂ ਹਾਂ ਦਾਸ ਹਾਜ਼ਰ, ਕਿਉਂ ਆਪ ਹੋ ਸੀਸ ਨਸਾਰ ਕਰਦੇ
ਜਾਣੀ ਜਾਣ ਜੀ ਕਹਿਣ ਪਿਆਰਿਆਂ ਨੂੰ, ਪੂਰਾ ਅਸੀਂ ਹਾਂ ਪਏ ਇਕਰਾਰ ਕਰਦੇ
ਅਸਾਂ ਉਨ੍ਹਾਂ ਦਾ ਤਖ਼ਤ ਉਲਟਾਵਣਾ ਏਂ, ਹਿੰਦ ਉੱਤੇ ਜੋ ਅੱਤਿਆਚਾਰ ਕਰਦੇ
ਮਿੱਟੀ ਉਨ੍ਹਾਂ ਦੀ ਅਸਾਂ ਖ੍ਵਾਰ ਕਰਨੀ, ਜਿਹੜੇ ਧਰਮ ਦੀ ਮਿੱਟੀ ਖਵਾਰ ਕਰਦੇ
ਅੱਜ ਲੋੜ ਹੈ ਤੇਗ਼-ਬਹਾਦਰੀ ਦੀ, ਸ਼ਾਂਤ-ਮਈ ਦੀ ਤੇਜ਼ ਹਾਂ ਧਾਰ ਕਰਦੇ
ਅਸਾਂ ਉਨ੍ਹਾਂ ਨੂੰ ਨੱਕ ਨਕੇਲ ਪਾਣੀ, ਜਿਹੜੇ ਖ਼ੂਨ ਵਿਚ ਤਰ ਤਲਵਾਰ ਕਰਦੇ
ਏਦਾਂ ਹੁਕਮ ਸੁਣਾਂਵਦੇ ਸੰਗਤਾਂ ਨੂੰ, ਕੌਤਕ ਜਾਣ ਸੈਆਂ ਕਰਨਹਾਰ ਕਰਦੇ
ਜਿੰਨੇ ਕਦਮ ਰੱਖਣ ਜਾਣੋ ਵੱਲ ਦਿੱਲੀ, ਜਾਣ ਜ਼ੁਲਮ ਦੇ ਰਾਜ ਨੂੰ ਛਾਰ ਕਰਦੇ
'ਤੀਰ' ਵਿੱਚ ਦਿੱਲੀ ਪੁੱਜੇ ਜਾ ਏਦਾਂ, ਹੌਲਾ ਧਰਤੀਓਂ ਪਾਪ ਦਾ ਭਾਰ ਕਰਦੇ

## ਗੁਰੂ ਤੇਗ਼ ਬਹਾਦਰ ਜੀ ਦਿੱਲੀ ਵਿਚ

ਜਾਣੀ ਜਾਣ ਪੁੱਜੇ ਜਦੋਂ ਵਿਚ ਦਿੱਲੀ, ਲੋਕੀਂ ਬੰਨ੍ਹ ਜੱਥੇ ਦੀਦ ਪਾਣ ਆਏ
ਕਈ ਲੈਣ ਆਏ ਚਰਨ-ਧੂੜ ਘਰ ਤੋਂ, ਕਈ ਪ੍ਰੇਮ ਵਿਚ ਸੀਸ ਨਿਵਾਣ ਆਏ
ਔਰੰਗਜ਼ੇਬ ਦੇ ਈਰਖੀ ਦਿੱਲ ਦੀਆਂ, ਗੱਲਾਂ ਚੱਲ ਕੇ ਕਈ ਸਮਝਾਣ ਆਏ
ਕਈ ਦਰਦ ਦੇ ਭਰੇ ਹੈਰਾਨ ਹੋ ਕੇ, ਹੋਣੀ ਸੋਚ ਕੇ ਨੀਰ ਵਹਾਣ ਆਏ
ਕਈ ਜਾਗਦੀ ਜੋਤ ਤੋਂ ਜੋਤ ਲੈ ਕੇ, ਬੁੱਝੀ ਦਿੱਲ ਦੀ ਜੋਤ ਜਗਾਣ ਆਏ
ਕਈ ਆਏ ਵੇਖਣ ਰੂਪ ਸਾਦਗੀ ਦਾ, ਅਤੇ ਹਿਰਦਿਆਂ ਵਿਚ ਵਸਾਣ ਆਏ
ਕਈ ਮੁਖ਼ਬਰੀ ਦੀ ਕਾਰ ਕਰਨ ਆਏ, ਕਈ ਰਾਜ ਦਾ ਫ਼ਰਜ਼ ਨਿਭਾਣ ਆਏ
ਪੁੱਜੇ ਸਭ ਓਥੇ ਕੋਈ ਖਿੱਚ ਖਾ ਕੇ, ਜਿਨ੍ਹੇ ਜਿਨ੍ਹੇ ਸੁਣਿਆ ਜਾਣੀ ਜਾਣ ਆਏ

ਦਿੱਲੀ ਦਿਲ ਤੋਂ ਰੋ ਰੋ ਪਈ ਆਖੇ, ਜਾਪੇ ਖ਼ੂਨ ਮੇਰੇ ਮੱਥੇ ਲਾਣ ਆਏ
ਕੰਧਾਂ ਡੋਲੀਆਂ ਵਰਤਦਾ ਵੇਖ ਭਾਣਾ, ਬਾਗ਼ ਰੋਂਦਿਆਂ ਫੁੱਲ ਚੜ੍ਹਾਣ ਆਏ
ਰੋਏ ਰੱਤ ਦੇ ਅੱਥਰੂ ਰੁੱਖ ਬੂਟੇ, ਆਖਣ 'ਅਸਾਂ ਨੂੰ ਰੱਤ ਪਿਆਣ ਆਏ'
ਮਹਾਰਾਜ ਹੀ ਰਹੇ ਅਡੋਲ ਕਿਉਂਕਿ, ਹੈਸਨ ਡੁਬਦਿਆਂ ਤਾਈਂ ਤਰਾਣ ਆਏ
ਆਸਮਾਨ ਤੋਂ ਹੋਈ ਅਕਾਸ਼ ਬਾਣੀ, "ਏਹ ਤਾਂ ਮਰਦਿਆਂ ਤਾਈਂ ਬਚਾਣ ਆਏ
ਇਹਨਾਂ ਰੱਖਣੀ ਏ ਲਾਜ ਆਜਜ਼ਾਂ ਦੀ, ਹੈਣ ਦੀਨ ਅਨਾਥ ਦੇ ਮਾਣ ਆਏ
ਇਨ੍ਹਾਂ ਸੰਗਲ ਗ਼ੁਲਾਮੀ ਦੇ ਕੱਟਣੇ ਨੇ, ਭਾਰਤ ਮਾਤਾ ਦੀ ਬੰਦ ਛੁਡਾਣ ਆਏ
'ਤੀਰ' ਦਿਲਾਂ ਦੀ ਦਿੱਲੀ ਦੇ ਹੈਣ ਵਾਲੀ, ਦਿੱਲੀ ਵਿਚ ਨੇ ਦਿਲ ਲੁਟਾਣ ਆਏ"

## ਨੌਵੇਂ ਗੁਰਾਂ ਦਾ ਔਰੰਗਜ਼ੇਬ ਨਾਲ ਮਿਲਾਪ

ਔਰੰਗਜ਼ੇਬ ਨੂੰ ਗੁਰੂ ਜੀ ਮਿਲੇ ਜਾ ਕੇ, ਵੇਖੋ ਆਪ ਹੀ ਸ਼ਾਹੀ ਦਰਬਾਰ ਅੰਦਰ
ਉਹਨੂੰ, ਲੱਖ ਸਮਝਾਉਣੀ ਦੇਣ ਲੱਗੇ, 'ਸ਼ਾਹਾ! ਜ਼ੁਲਮ ਭਾਰਾ ਤੇਰੀ ਕਾਰ ਅੰਦਰ
ਜੇ ਤੂੰ ਕਿਸੇ ਖ਼ੁਦਾ ਨੂੰ ਮੰਨਦਾ ਏਂ, ਫੇਰ ਵੱਸ ਖ਼ੁਦਾਈ ਦੇ ਪਿਆਰ ਅੰਦਰ
ਚਾਰ ਦਿਨਾਂ ਦੀ ਜ਼ਿੰਦਗੀ ਹੱਥ ਆਈ, ਜੱਸ ਖੱਟ ਲੈ ਕੋਈ ਸੰਸਾਰ ਅੰਦਰ
ਬੜਾ ਦੁੱਖ ਹੈ ਜ਼ੁਲਮ ਦੀ ਜਿੱਤ ਅੰਦਰ, ਬੜਾ ਸੁੱਖ ਨਿਆਂ ਦੀ ਹਾਰ ਅੰਦਰ
'ਤੀਰ' ਰੱਯਤਾਂ ਵਾਸਤੇ ਤਰਸ ਚਾਹੀਏ, ਪਾਤਸ਼ਾਹ ਦੀ ਤੇਜ਼ ਤਲਵਾਰ ਅੰਦਰ

## ਔਰੰਗਜ਼ੇਬ ਦਾ ਕਹਿਣਾ ਮਹਾਰਾਜ ਨੂੰ

ਔਰੰਗਜ਼ੇਬ ਨੇ ਆਖਿਆ ਗੁਰਾਂ ਤਾਈਂ, ਆਓ ਜੀ ਆਏ ਮੈਨੂੰ ਭਾਂਵਦੇ ਓ
ਰਾਤ ਦਿਨ ਖ਼ੁਦਾ ਦੇ ਇਸ਼ਕ ਅੰਦਰ, ਪਏ ਪ੍ਰੀਤ ਦਾ ਜ਼ੋਹਦ ਕਮਾਂਵਦੇ ਓ
ਤੁਸੀਂ ਰੱਬ ਦੇ ਲੋਕ ਫ਼ਕੀਰ ਸੱਚੇ, ਰੱਬ ਦਿਲੋਂ ਨਾ ਕਦੇ ਭੁਲਾਂਵਦੇ ਓ
ਸੁੱਤੇ ਜਾਗਦੇ ਉੱਠਦੇ ਬੈਠਦੇ ਵੀ, ਨਾਹਰਾ ਰੱਬ ਦੇ ਨਾਮ ਦਾ ਲਾਂਵਦੇ ਓ
ਜਿਦ੍ਹੇ ਹੁਕਮ ਅੰਦਰ ਹੈਣ ਤਬਕ ਚੌਦਾਂ, ਦਿਨੇ ਰਾਤ ਉਸ ਦੇ ਗੀਤ ਗਾਂਵਦੇ ਓ
ਜਾਵਾਂ ਮੈਂ ਵਾਰੇ ਓਸ ਧਰਤ ਉਤੋਂ, ਕਦਮ ਪਾਕ ਜਿਸ ਥਾਂ ਟਿਕਾਂਵਦੇ ਓ
ਐਪਰ ਬੜੀ ਹੈਰਾਨਗੀ ਇਹੋ ਮੈਨੂੰ, ਤੁਸੀਂ ਔਝੜੇ ਪਏ ਕਿਉਂ ਜਾਂਵਦੇ ਓ
ਕਾਹਨੂੰ ਕਰੋ ਸਹਾਇਤਾ ਕਾਫ਼ਰਾਂ ਦੀ, ਕਾਹਨੂੰ ਉਨ੍ਹਾਂ ਦੀ ਜਾਨ ਬਚਾਂਵਦੇ ਓ
ਸੱਚਾ ਦੀਨ ਮੁਹੰਮਦੀ ਜੱਗ ਅੰਦਰ, ਮੰਨ ਜਾਓ ਤਾਂ ਸ਼ਾਨ ਵਧਾਂਵਦੇ ਓ
ਗੱਲਾਂ ਠੀਕ ਨੇ ਸਾਰੀਆਂ ਆਪ ਦੀਆਂ, ਮੈਨੂੰ ਆਪ ਜੋ ਪਏ ਸਮਝਾਂਵਦੇ ਓ
ਐਪਰ ਚਾਹੀਦਾ ਏ ਇੱਕੋ ਮਜ਼੍ਹਬ ਹੋਣਾ, ਤੁਸੀਂ ਦੂਸਰੇ ਨੂੰ ਪਾਣੀ ਪਾਂਵਦੇ ਓ
ਮੱਦਦਗਾਰ ਹੋ ਕੇ 'ਤੀਰ' ਕਾਫ਼ਰਾਂ ਦੇ, ਕਾਹਨੂੰ ਆਪਣਾ ਮਾਣ ਗਵਾਂਵਦੇ ਓ

## ਨੌਵੇਂ ਸਤਿਗੁਰਾਂ ਦਾ ਫ਼ੁਰਮਾਨ

ਗੁਰਾਂ ਆਖਿਆ ਇਉਂ ਨਿਡੱਕ ਹੋ ਕੇ, ਜ਼ੋਰ ਜ਼ੁਲਮ ਵਾਲੀ ਤੇਰੀ ਕਾਰ ਸ਼ਾਹਾ
ਏਸ ਕਾਰ ਉੱਤੇ ਹੁੰਦਾ ਨਹੀਂ ਰਾਜ਼ੀ, ਸਗੋਂ ਰੰਜ ਹੁੰਦਾ ਸਿਰਜਨਹਾਰ ਸ਼ਾਹਾ
ਸੱਟ ਰੱਬ ਦੇ ਕਾਲਜੇ ਲੱਗਦੀ ਏ, ਜਦੋਂ ਕੂਕਦੇ ਦੀਨ ਦੁਖਿਆਰ ਸ਼ਾਹਾ
ਕਹਿੰਦੇ ਅੱਤ ਖ਼ੁਦਾ ਦਾ ਵੈਰ ਹੁੰਦਾ, ਉਹਨੂੰ ਭਾਏ ਨ ਅੱਤਿਆਚਾਰ ਸ਼ਾਹਾ
ਤੈਨੂੰ ਦੋਜ਼ਖਾਂ ਦੇ ਰਾਹੇ ਪਾ ਰਹੀ ਏ, ਤੇਰੀ ਰੱਤ ਦੀ ਭਰੀ ਤਲਵਾਰ ਸ਼ਾਹਾ
ਭੁੱਲ ਗਿਓਂ ਤੂੰ ਅੱਜ ਨਿਆਂ ਕਰਨਾ, ਭੁੱਲੀ ਜਾਪਦੀ ਸੋਚ ਵਿਚਾਰ ਸ਼ਾਹਾ
ਖ਼ੁਦੀ ਵਿੱਚ ਖ਼ੁਦਾਈ ਦੀ ਰੱਤ ਪੀਵੇਂ, ਭੁੱਲ ਗਿਓਂ ਖ਼ੁਦਾ ਦਾ ਪਿਆਰ ਸ਼ਾਹਾ
ਘਾਟੇ ਵਿੱਚ ਉਹ ਰਿਹਾ ਅਖ਼ੀਰ ਤੋੜੀ, ਕੀਤਾ ਜਿਸ ਵੀ ਇਹ ਵਾਪਾਰ ਸ਼ਾਹਾ
ਦੀਨ ਫੈਲਦਾ ਕਦੇ ਨ ਜੱਗ ਅੰਦਰ, ਦੁਖੀ ਦੀਨ ਆਜਜ਼ ਮਾਰ ਮਾਰ ਸ਼ਾਹਾ
ਆਹ ਇਨ੍ਹਾਂ ਦੀ ਬਣੇਗੀ ਅੱਜ ਕਹਿਰੀ, ਹੰਝੂ ਬਣਨਗੇ ਲਾਲ ਅੰਗਾਰ ਸ਼ਾਹਾ
ਅਜਰਾਈਲ ਫੜ ਕੇ ਤੈਨੂੰ ਏਸ ਉੱਤੇ, ਫੇਰ ਟੋਰਸੀ ਪੱਬਾਂ ਦੇ ਭਾਰ ਸ਼ਾਹਾ
ਕੂਕ ਇਨ੍ਹਾਂ ਦੀ ਮੌਤ ਦੀ ਕੂਕ ਬਣਸੀ, ਕਹਿਰਵਾਨ ਹੋਸੀ ਬੇਸ਼ੁਮਾਰ ਸ਼ਾਹਾ
ਨਾ ਹੀ ਰਹਿਣਗੇ ਮਹਿਲ ਮਕਾਨ ਤੇਰੇ, ਨਾ ਹੀ ਰਹੇਗਾ ਰਾਜ-ਦਰਬਾਰ ਸ਼ਾਹਾ
ਨਾ ਹੀ ਰਾਣੀਆਂ ਗੋਲੀਆਂ ਰਹਿਣ ਗੀਆਂ, ਨਾ ਹੀ ਰਹੇਗਾ ਬਾਗ਼ ਪ੍ਵਾਰ ਸ਼ਾਹਾ
ਨਾ ਹੀ ਲਾਓ ਲਸ਼ਕਰ ਨਿਗ੍ਹਾ ਆਵਣੇ ਨੇ, ਨਾ ਵਜ਼ੀਰ ਅਮੀਰ ਸਰਦਾਰ ਸ਼ਾਹਾ
ਖਲੀ ਮੌਤ ਸੰਸਾਰ ਦੇ ਸਿਰ ਉੱਤੇ, ਉਹਨੇ ਝੱਪ ਲੈਣੇ ਨੱਰ ਨਾਰ ਸ਼ਾਹਾ
ਚਾਰ ਦਿਨਾਂ ਦੀ ਜ਼ਿੰਦਗੀ ਮੌਜ ਮੇਲਾ, ਫੇਰ ਕਬਰ ਦੇ ਨਾਲ ਵਿਹਾਰ ਸ਼ਾਹਾ
ਏਸ ਵਾਸਤੇ ਸੋਚਣਾ ਚਾਹੀਦਾ ਏ, ਦਿਲੋਂ ਛੱਡੀਏ ਈਰਖਾ ਖ਼ਾਰ ਸ਼ਾਹਾ
ਵੇਖ! ਛੱਡ ਦੇ ਤੂੰ ਜ਼ੁਲਮ ਜ਼ੋਰ ਕਰਨਾ, ਦਿਲੋਂ ਰਹਿਮ ਦੀ ਧਾਰਨਾ ਧਾਰ ਸ਼ਾਹਾ
ਦਰਦ ਵੰਡਣਾ ਚਾਹੀਏ ਆਜਜ਼ਾਂ ਦਾ, ਹੋਣਾ ਚਾਹੀਏ ਜੱਗ ਸੁਖਿਆਰ ਸ਼ਾਹਾ
ਨੇਕੀ ਖੱਟੀਏ ਏਸ ਜਹਾਨ ਵਿੱਚੋਂ, ਏਥੇ ਆਵਣਾ ਨਾ ਵਾਰ ਵਾਰ ਸ਼ਾਹਾ
ਇੱਕੋ ਜਿਹੇ ਨੇ ਓਸ ਨੂੰ ਮੱਤ ਸਾਰੇ, ਨਿਰਾ ਮੋਮਨਾਂ ਦਾ ਨਹੀਂ ਯਾਰ ਸ਼ਾਹਾ
ਕਰੇਂ ਓਸ ਦਾ ਹੁਕਮ ਅਦੂਲ ਤੂੰ ਤੇ, ਜਿਦ੍ਹੀ ਸਭ ਤੋਂ ਸਖ਼ਤ ਸਰਕਾਰ ਸ਼ਾਹਾ
ਮੁਸਲਮਾਨ ਜੇਕਰ ਹੈਣ ਪੁੱਤ ਉਸ ਦੇ, ਹਿੰਦੂ ਓਸ ਦੇ ਹੀ ਬਰਖ਼ੁਰਦਾਰ ਸ਼ਾਹਾ
ਪਾਤਸ਼ਾਹ ਹੁੰਦੇ ਸਾਂਝੇ ਰਈਅਤਾਂ ਦੇ, ਸਾਂਝਾ ਹੋ ਕੇ ਦਿੱਨ ਗੁਜ਼ਾਰ ਸ਼ਾਹਾ
ਕਾਹਨੂੰ ਦਿਲ ਖ਼ੁਦਾਈ ਦਾ ਸਾੜਨਾ ਏਂ, ਸਗੋਂ ਪ੍ਰੇਮ-ਪਾਣੀ ਪਾ ਕੇ ਠਾਰ ਸ਼ਾਹਾ
ਕਾਹਨੂੰ ਅੱਗ ਹੋ ਕੇ ਪਿਆ ਵੱਸਨਾ ਏਂ, ਸਗੋਂ ਪ੍ਰੇਮ ਦੀ ਬਣ ਫਵ੍ਹਾਰ ਸ਼ਾਹਾ
ਜੱਗ-ਸਾਗਰੋਂ 'ਤੀਰ' ਦੀ ਮੱਤ ਲੈ ਕੇ, ਬੇੜੀ ਨਾਲ ਨਿਆਂ ਦੇ ਤਾਰ ਸ਼ਾਹਾ

## ਔਰੰਗਜ਼ੇਬ ਦਾ ਕਹਿਣਾ

ਔਰੰਗਜ਼ੇਬ ਨੇ ਆਖਿਆ ਝੱਟ ਅੱਗੋਂ, ਸੁਣੀ ਆਪ ਦੀ ਸਭ ਸਮਝਾਵਣੀ ਏਂ
ਇੱਕੋ ਦੀਨ ਮੈਂ ਦੇਸ਼ ਦੇ ਵਿੱਚ ਕਰਨਾ, ਦੂਈ ਕੌਮ ਦੀ ਹੋਂਦ ਗਵਾਵਣੀ ਏਂ
ਮੇਰੇ ਹੱਥ ਹੈ ਹੁਕਮ ਦੀ ਅੱਜ ਡੋਰੀ, ਨੱਕ ਨੱਥ ਮੈਂ ਸਭ ਨੂੰ ਪਾਵਣੀ ਏਂ
ਮੇਰੇ ਰਾਜ ਅੰਦਰ ਇਕੋ ਦੀਨ ਹੋਵੇ, ਮੇਰੀ ਦਿਲ ਤੋਂ ਇਹੋ ਹੀ ਭਾਵਣੀ ਏਂ
ਦਿਲ ਵਿੱਚ ਮੈਂ ਪੱਕੀਆਂ ਧਾਰੀਆਂ ਨੇ, ਕਾਰ ਇਹੋ ਹੀ ਮੈਂ ਕਮਾਵਣੀ ਏਂ
ਏਸ ਹਿੰਦ ਦੀ ਗੁਰੂ ਜੀ ਹੱਦ ਵਿਚੋਂ, ਦੇਣੀ ਹਿੰਦੂਆਂ ਦੀ ਪੁੱਟ ਛਾਵਣੀ ਏਂ
ਜਿਹੜੇ ਦੀਨ ਕਬੂਲਦੇ ਨਹੀਂ ਏਥੇ, ਮੈਂ ਤੇ ਉਨ੍ਹਾਂ ਨੂੰ ਈਨ ਮਨਾਵਣੀ ਏਂ
ਏਸ ਹਿੰਦ ’ਚੋਂ ਮਾਰ ਨਾਪਾਕ ਕਾਫ਼ਰ, ਪਾਕ ਦੁਨੀਆ ਨਵੀਂ ਵਸਾਵਣੀ ਏਂ
ਏਸ ਹਿੰਦ ’ਚੋਂ ਕੱਢ ਕੇ ਸੂਲ ਹਿੰਦੂ, ਗੁੱਲਜ਼ਾਰ-ਮੁਹੰਮਦੀ ਲਾਵਣੀ ਏਂ
ਇਥੋਂ ਬੋ ਨਾ ਮਿਲੇਗੀ ਹਿੰਦੂਆਂ ਦੀ, ਸਾਰੇ ਮੋਮਨੀ ਮਹਿਕ ਮਹਿਕਾਵਣੀ ਏਂ
ਜਿਨ੍ਹਾਂ ਦੀਨ ਕਬੂਲਿਆ ਖ਼ੁਸ਼ ਹੋ ਕੇ, ਖ਼ੁਸ਼ੀ ਉਨ੍ਹਾਂ ਦੀ ਖ਼ੂਬ ਵਧਾਵਣੀ ਏਂ
ਦੇਸਾਂ ਉਨ੍ਹਾਂ ਨੂੰ ਮਰਤਬੇ ਬਹੁਤ ਉੱਚੇ, ਗੁੱਡੀ ਉਨ੍ਹਾਂ ਦੀ ਜੱਗ ਚੜ੍ਹਾਵਣੀ ਏਂ
ਜਿਨ੍ਹਾਂ ਹੁਕਮ ਅਦੂਲਿਆ ਰਤਾ ਮੇਰਾ, ਮੌਤ ਸਾਰਿਆਂ ਉਨ੍ਹਾਂ ਦੀ ਆਵਣੀ ਏਂ
ਧਾਰ ਤੇਗ਼ ਦੀ ਚੱਖ ਕੇ ਪੱਲ ਅੰਦਰ, ਉਨ੍ਹਾਂ ਆਪਣੀ ਜਾਣ ਗਵਾਵਣੀ ਏਂ
ਖੁੱਸ ਜਾਇਗੀ ਜ਼ਰ ਜ਼ਮੀਨ ਸਾਰੀ, ਜੋਰੂ ਭੰਗ ਭਾੜੇ ਮਾਰੀ ਜਾਵਣੀ ਏਂ
ਉਨ੍ਹਾਂ ਰੋਂਦਿਆਂ ਮੌਤ ਦੇ ਮੂੰਹ ਪੈਣਾ, ਤੇਗ਼ ਜਿਨ੍ਹਾਂ ਨੂੰ ਮੈਂ ਵਿਖਾਵਣੀ ਏਂ
ਪਾਤਸ਼ਾਹ ਹਾਂ ਰੱਬ ਦਾ ਹੁਕਮ ਮੈਨੂੰ, ਨਾ ਮੈਂ ਓਸ ਦੀ ਕਾਰ ਭੁਲਾਵਣੀ ਏਂ
ਏਸ ਹਿੰਦ ਦੀ ਮਿੱਟੀਓਂ ਹਿੰਦੂਆਂ ਦੀ, ਦਿਨਾਂ ਵਿੱਚ ਮੈਂ ਮਿੱਟੀ ਉਡਾਵਣੀ ਏਂ
ਜਦੋਂ ਚਮਕਣੀ ਏਂ ਤੇਜ਼ ਤੇਗ਼ ਮੇਰੀ, ਫੇਰ ਕਿਸੇ ਨਾ ਜੋਤ ਜਗਾਵਣੀ ਏਂ
ਚੱਕਰ ਲਾਣ ਲੱਗੀ ਜਦੋਂ ਫ਼ੌਜ ਗ਼ਸ਼ਤੀ, ਉਹਨੇ ਆਰਤੀ ਕਿਤੇ ਨਠਾਵਣੀ ਏਂ
ਜਦੋਂ ਉੱਡ ਗਏ ਠੀਕਰੇ ਠਾਕਰਾਂ ਦੇ, ਫੇਰ ਧੌਣ ਨਾ ਕਿਸੇ ਨਿਵਾਵਣੀ ਏਂ
ਫੂਕ ਮਾਰ ਮੈਂ ਜ਼ੋਰ ਦੀ ਮੰਦਰਾਂ ’ਚੋਂ, ਜਦੋਂ ਅੰਦਰੋਂ ਜੋਤ ਬੁਝਾਵਣੀ ਏਂ
ਰਾਧੇ ਸ਼ਾਮ, ਸੀਤਾ ਰਾਮ, ਭੁੱਲ ਕੇ ਭੀ, ਡਰ ਨਾਲ ਨਾ ਕਿਸੇ ਬੁਲਾਵਣੀ ਏਂ
ਮੈਨੂੰ ਸ਼ਰ੍ਹਾ ਦਾ ਹੈ ਫ਼ੁਰਮਾਨ ਇਹੋ, ਕੌਮ ਹਿੰਦ ਦੀ ਇੱਕ ਬਣਾਵਣੀ ਏਂ
ਮੇਰੇ ਲਈ ਵੇਲਾ ਬੜਾ ਕੀਮਤੀ ਏ, ਘੜੀ ਇੱਕ ਨਾ ਮੂਲ ਖੁੰਝਾਵਣੀ ਏਂ
ਏਦਾਂ ਦੀਨ ਦੀ ਰੋਜ਼ ਵਧਾ ਗਿਣਤੀ, ਰੋਟੀ ਫੇਰ ਹੀ ਮੈਂ ‘ਤੀਰ’ ਖਾਵਣੀ ਏਂ

## ਔਰੰਗਜ਼ੇਬ ਫੇਰ ਸਤਿਗੁਰਾਂ ਨੂੰ ਕਹਿੰਦਾ ਹੈ

ਸਗੋਂ ਤੁਸੀਂ ਵੀ ਜੇ ਕਦੇ ਗੱਲ ਮੰਨੋ, ਸੁਖੀ ਫੇਰ ਸਾਰਾ ਹਿੰਦੁਸਤਾਨ ਹੋਵੇ
ਜੇਕਰ ਦੀਨ ਕਬੂਲ ਲੌ ਤੁਸੀਂ ਸਾਡਾ, ਸਾਡਾ ਜੱਗ ਅੰਦਰ ਉੱਚਾ ਮਾਨ ਹੋਵੇ

ਨਾਲੇ ਨਿੱਤ ਦਾ ਰੇੜਕਾ ਮੁੱਕ ਜਾਵੇ, ਨਾਲੇ ਆਪ ਜੀ ਦੀ ਉੱਘੀ ਸ਼ਾਨ ਹੋਵੇ
ਮੈਂ ਤੇ ਚਾਹੁੰਦਾ ਹਾਂ ਤੁਸੀਂ ਦੀਨ ਮੰਨੋ, ਜਾਰੀ ਆਪ ਵੱਲੋਂ ਇਹ ਬਿਆਨ ਹੋਵੇ
"ਸਾਰੇ ਦੀਨ ਮੁਹੰਮਦੀ ਵਿਚ ਆਵਣ" ਐਵੇਂ ਕੋਈ ਨਾ ਜਾਨ ਨੁਕਸਾਨ ਹੋਵੇ
ਰਾਜ਼ੀ ਓਸ ਵਿਚ ਹੋਵਣਾ ਚਾਹੀਦਾ ਏ, ਰਾਜ਼ੀ ਜਿਸ ਦੇ ਵਿਚ ਸੁਲਤਾਨ ਹੋਵੇ
ਕੋਈ ਹੁਕਮ ਉਲਟਾਏ ਨਾ ਪਾਤਸ਼ਾਹ ਦਾ, ਖਾਹ ਮਖਾਹ ਨਾ ਕੋਈ ਵੈਰਾਨ ਹੋਵੇ
'ਤੀਰ' ਆਪਦਾ ਫਿਰੇ ਜੇ ਇਹ ਹੋਕਾ, ਝੱਟ ਹਿੰਦ ਸਾਰੀ ਮੁਸਲਮਾਨ ਹੋਵੇ

## ਨੌਂਵੇਂ ਸਤਿਗੁਰਾਂ ਦਾ ਫ਼ੁਰਮਾਨ

ਅੱਗੋਂ ਸਤਿਗੁਰਾਂ ਆਖਿਆ ਪਾਤਸ਼ਾਹ ਨੂੰ, ਅਸੀਂ ਰੱਬ ਦੇ ਜੀਵ ਮਸਕੀਨ ਸ਼ਾਹਾ
ਸਾਨੂੰ ਕਿਸੇ ਦੀ ਨਹੀਂ ਪਰਵਾਹ ਕੋਈ, ਦਿਲ ਵਿਚ ਤੂੰ ਰੱਖ ਯਕੀਨ ਸ਼ਾਹਾ
ਸਾਡੀ ਅੱਖ ਦੇ ਵਿੱਚ ਨਾ ਚੀਜ਼ ਕੋਈ, ਇਹ ਜੋ ਜ਼ਰ ਜ਼ੋਰੂ ਤੇ ਜ਼ਮੀਨ ਸ਼ਾਹਾ
ਅਸਾਂ ਦੁੱਖ ਦਾਰੂ, ਸੁੱਖ ਰੋਗ ਸਮਝੇ, ਅਸੀਂ ਐਸ਼ ਦੇ ਨਹੀਂ ਸ਼ੁਕੀਨ ਸ਼ਾਹਾ
ਰੱਬੀ-ਧਰਮ ਹੈ ਅਸਾਂ ਨੇ ਧਾਰ ਲੀਤਾ, ਹੋਰ ਧਾਰੀਏ ਕਾਸਨੂੰ ਦੀਨ ਸ਼ਾਹਾ
ਦੀਨ ਮੰਨ, ਜੇ ਫੇਰ ਵੀ ਅੰਤ ਮਰਨਾ, ਫੇਰ ਕਿਉਂ ਹੋਈਏ ਧਰਮ-ਹੀਨ ਸ਼ਾਹਾ
ਘੋੜੇ ਜ਼ੁਲਮ ਦੇ ਤੂੰ ਸਵਾਰ ਹੋਇਓਂ, ਉੱਤੇ ਸੁੱਟ ਕੇ ਪਾਪ ਦੀ ਜ਼ੀਨ ਸ਼ਾਹਾ
ਅੱਖਾਂ ਤੇਰੀਆਂ ਸਾਮ੍ਹਣੇ ਨਿੱਤ ਫਿਰਦੇ, ਖ਼ੂਨੀ ਜ਼ੁਲਮ ਤੇ ਸਿਤਮ ਦੇ ਸੀਨ ਸ਼ਾਹਾ
ਵੇਚੇਂ ਪਿਆ ਕਹਿ ਕੇ ਸੋਨਾ ਜਿਸ ਤਾਈਂ, ਅਸਲ ਵਿਚ ਹੈ ਅੰਦਰੋਂ ਟੀਨ ਸ਼ਾਹਾ
ਸਾਡੇ ਕੰਨ ਨੂੰ ਭਾਂਵਦੀ ਰਤਾ ਨਾਹੀਂ, ਤੇਰੀ ਜ਼ੁਲਮ ਅਨਿਆਂ ਦੀ ਬੀਨ ਸ਼ਾਹਾ
ਸਾਨੂੰ ਮੌਤ ਦਾ ਮੂਲ ਨਾ ਭੈ ਮਾਸਾ, ਹੁੰਦੇ ਮਰਨ ਤੋਂ ਨਹੀਂ ਗ਼ਮਗ਼ੀਨ ਸ਼ਾਹਾ
'ਤੀਰ' ਹੋਏ ਹਾਂ ਜਿਦ੍ਹੇ ਤੋਂ ਆਦ ਪੈਦਾ, ਅੰਤ ਓਸ ਵਿਚ ਹੋਵਣਾ ਲੀਨ ਸ਼ਾਹਾ

## ਸਵਾਲ ਜਵਾਬ ਸਤਿਗੁਰੂ ਜੀ ਤੇ ਔਰੰਗਜ਼ੇਬ ਦੇ

ਔਰੰਗਜ਼ੇਬ ਨੇ ਆਖਿਆ ਵੇਖ ਲੈਣਾ, 'ਝੰਡਾ ਦੀਨ ਦਾ ਅਸੀਂ ਝੁਲਾ ਦਿਆਂਗੇ'
ਗੁਰਾਂ ਆਖਿਆ ਦੀਨ ਅਨਾਥ ਖ਼ਾਤਰ, 'ਅਸੀਂ ਆਪਣੀ ਜਾਨ ਗਵਾ ਦਿਆਂਗੇ'
ਔਰੰਗਜ਼ੇਬ ਨੇ ਆਖਿਆ ਹਿੰਦ ਵਿਚੋਂ, 'ਹਿੰਦੂ ਪੁਣੇ ਨੂੰ ਅਸੀਂ ਉਡਾ ਦਿਆਂਗੇ'
ਗੁਰਾਂ ਆਖਿਆ ਆਪਣਾ ਸੀਸ ਲਾ ਕੇ, ਅਸੀਂ ਓਸ ਦੇ ਪੈਰ ਜਮਾ ਦਿਆਂਗੇ
ਔਰੰਗਜ਼ੇਬ ਨੇ ਆਖਿਆ ਦਿਨਾਂ ਅੰਦਰ, ਅਸੀਂ ਸਭ ਦੇ ਜੰਞੂ ਲੁਹਾ ਦਿਆਂਗੇ
ਗੁਰਾਂ ਆਖਿਆ ਕਿ ਅਸੀਂ ਆਂਦਰਾਂ ਦਾ, ਵੇਖੀਂ ਫੇਰ ਪੱਕਾ ਜੰਞੂ ਪਾ ਦਿਆਂਗੇ
ਔਰੰਗਜ਼ੇਬ ਨੇ ਆਖਿਆ ਵੇਖ ਲੈਣਾ, ਅਸੀਂ ਕੰਨਾਂ ਨੂੰ ਹੱਥ ਲੁਆ ਦਿਆਂਗੇ
ਗੁਰਾਂ ਆਖਿਆ ਰੱਬ ਦੇ ਘਰ ਅੰਦਰ, ਅਸੀਂ ਸ਼ਾਹਾਂ ਨੂੰ ਕੰਨ ਫੜਵਾ ਦਿਆਂਗੇ
ਔਰੰਗਜ਼ੇਬ ਨੇ ਆਖਿਆ ਮੰਦਰਾਂ 'ਚੋਂ, ਅਸੀਂ ਇੱਕ ਇੱਕ ਜੋਤ ਬੁਝਾ ਦਿਆਂਗੇ

ਗੁਰਾਂ ਆਖਿਆ ਆਪਣੀ ਜੋਤ ਵਿੱਚੋਂ, ਸਦਾ ਵਾਸਤੇ ਅਸੀਂ ਜਗਾ ਦਿਆਂਗੇ
ਔਰੰਗਜ਼ੇਬ ਨੇ ਆਖਿਆ ਆਰਤੀ ਦੇ, ਅਸੀਂ ਗੁਰੂ ਜੀ ਥਾਲ ਤੁੜਵਾ ਦਿਆਂਗੇ
ਗੁਰਾਂ ਆਖਿਆ ਆਪਣੀ ਖੋਪਰੀ ਦਾ, ਅਸੀਂ ਨਵਾਂ ਹੀ ਥਾਲ ਬਣਾ ਦਿਆਂਗੇ
ਔਰੰਗਜ਼ੇਬ ਨੇ ਆਖਿਆ ਹਿੰਦੂਆਂ ਨੂੰ, ਅਸੀਂ ਤੇਗ਼ ਦੇ ਜ਼ੋਰ ਮਿਟਾ ਦਿਆਂਗੇ
ਗੁਰਾਂ ਆਖਿਆ ਤੇਗ਼-ਬਹਾਦਰੀ ਦੀ, ਅਸੀਂ ਜੱਗ 'ਤੇ ਧੁੰਮ ਮਚਾ ਦਿਆਂਗੇ
ਔਰੰਗਜ਼ੇਬ ਨੇ ਆਖਿਆ ਹਿੰਦੂਆਂ ਦਾ, ਅਸੀਂ ਹਿੰਦ 'ਚੋਂ ਬਾਗ਼ ਸੁਕਾ ਦਿਆਂਗੇ
ਗੁਰਾਂ ਆਖਿਆ ਆਪਣੇ ਖ਼ੂਨ ਵਿਚੋਂ, ਅਸੀਂ ਨਵੀਂ ਗੁਲਜ਼ਾਰ ਖਿੜਾ ਦਿਆਂਗੇ
ਔਰੰਗਜ਼ੇਬ ਨੇ ਆਖਿਆ ਹਿੰਦੂਆਂ ਨੂੰ, ਅਸੀਂ ਤੇਗ਼ 'ਤੇ ਨਾਚ ਨਚਾ ਦਿਆਂਗੇ
ਗੁਰਾਂ ਆਖਿਆ ਕਿ ਅਸੀਂ ਤੇਗ਼ ਐਸੀ, ਲਹੂ ਆਪਣੇ ਵਿੱਚ ਰੁੜ੍ਹਾ ਦਿਆਂਗੇ
ਔਰੰਗਜ਼ੇਬ ਨੇ ਆਖਿਆ ਹਿੰਦੂਆਂ ਨੂੰ, ਅਸੀਂ ਤੌਕ ਗ਼ੁਲਾਮੀ ਦੇ ਪਾ ਦਿਆਂਗੇ
ਗੁਰਾਂ ਆਖਿਆ ਅਸੀਂ ਕੁਰਬਾਨ ਹੋ ਕੇ, ਨਵੀਂ ਲਗਨ ਅਜ਼ਾਦੀ ਦੀ ਲਾ ਦਿਆਂਗੇ
ਔਰੰਗਜ਼ੇਬ ਨੇ ਆਖਿਆ ਹਿੰਦੂਆਂ ਨੂੰ, ਅਸੀਂ ਰੱਤ ਦੇ ਹੰਝੂ ਰੁਵਾ ਦਿਆਂਗੇ
ਗੁਰਾਂ ਆਖਿਆ ਡੋਲ੍ਹ ਕੇ ਰੱਤ ਸ਼ਾਹਾ, ਅਸੀਂ ਹਿੰਦ 'ਤੇ ਰੰਗ ਚੜ੍ਹਾ ਦਿਆਂਗੇ
ਔਰੰਗਜ਼ੇਬ ਨੇ ਆਖਿਆ ਹਿੰਦ ਉੱਤੇ, ਸਦਾ ਵਾਸਤੇ ਮੌਤ ਬਿਠਾ ਦਿਆਂਗੇ
ਗੁਰਾਂ ਆਖਿਆ ਮੌਤ ਦਾ ਭੈ ਲਾਹ ਕੇ, ਅਸੀਂ ਜੀਣ ਦਾ ਵੱਲ ਸਿਖਾ ਦਿਆਂਗੇ
ਔਰੰਗਜ਼ੇਬ ਨੇ ਆਖਿਆ ਸਿਰਾਂ ਉੱਤੋਂ, ਅਸੀਂ ਚੋਟੀਆਂ ਕੁੱਲ ਕਟਵਾ ਦਿਆਂਗੇ
ਗੁਰਾਂ ਆਖਿਆ ਉੱਚੀ ਹਿਮਾਲੀਆ ਤੋਂ, ਅਸੀਂ ਉਨ੍ਹਾਂ ਦੀ ਚੋਟੀ ਵਧਾ ਦਿਆਂਗੇ
ਔਰੰਗਜ਼ੇਬ ਨੇ ਆਖਿਆ ਦਿਨਾਂ ਅੰਦਰ, ਅਸੀਂ ਸ਼ਰ੍ਹਾ ਹੀ ਸ਼ਰ੍ਹਾ ਫੈਲਾ ਦਿਆਂਗੇ
ਗੁਰਾਂ ਆਖਿਆ ਤਖ਼ਤ ਅਨਿਆਂ ਵਾਲਾ, ਟੱਕਰ ਸੀਸ ਦੀ ਮਾਰ ਉਲਟਾ ਦਿਆਂਗੇ
ਔਰੰਗਜ਼ੇਬ ਨੇ ਆਖਿਆ ਵੇਖ ਲੌਂ ਗੇ, ਕੰਮ ਕਰ ਕੇ ਇਹ ਵਿਖਾ ਦਿਆਂਗੇ
ਗੁਰਾਂ ਆਖਿਆ ਅਸੀਂ ਵੀ ਸੀਸ ਲਾ ਕੇ, ਏਸ ਕੰਮ ਵਿਚ ਰੋੜਾ ਅੜਾ ਦਿਆਂਗੇ
ਔਰੰਗਜ਼ੇਬ ਨੇ ਆਖਿਆ ਤੇਗ਼ ਫੜ ਕੇ, ਅਸੀਂ ਏਸ ਰੋੜੇ ਨੂੰ ਹਟਾ ਦਿਆਂਗੇ
ਗੁਰਾਂ ਆਖਿਆ ਵੇਖ ਲਈਂ 'ਤੀਰ' ਤੂੰ ਵੀ, ਨਾਲ ਸਬਰ ਦੇ ਜਬਰ ਹਰਾ ਦਿਆਂਗੇ

## ਵੱਲੋਂ ਕਵੀ

ਅਮਰ ਵੇਲ ਨੂੰ ਲੱਗਦੇ ਫੱਲ ਨਾਹੀਂ, ਬੂਟੇ ਸੜੇ ਨਾ ਕਦੀ ਵੀ ਛਾਂ ਕਰਦੇ
ਸੱਪ ਕਦੇ ਨ ਉਗਲਦੇ ਸ਼ਹਿਦ ਮੂੰਹੋਂ, ਕਾਰ ਹੰਸ ਦੀ ਕਦੇ ਨਾ ਕਾਂ ਕਰਦੇ
ਨਹੀਂ ਨਾਰ ਕੁਲੱਛਣੀ ਸਤੀ ਹੁੰਦੀ, ਉੱਘਾ ਕਦੇ ਕਪੁੱਤ ਨਹੀਂ ਨਾਂ ਕਰਦੇ
ਪਾਪੀ ਕਦੇ ਨਾ ਧਰਮ ਦੀ ਕਾਰ ਕਰਦੇ, ਸੁੱਖੀ ਕਦੇ ਵੀ ਚੋਰ ਨਾ ਮਾਂ ਕਰਦੇ
ਸ਼ੋਹਦੇ ਲੜਨ ਤੋਂ ਆਂਵਦੇ ਬਾਜ਼ ਨਹੀਂ, ਨੇਕੀ ਬੱਦ ਨਾ ਕਿਸੇ ਵੀ ਥਾਂ ਕਰਦੇ
ਵਾਂਸ ਅੱਗ ਉਗਾਲਣੋਂ ਨਹੀਂ ਟਲਦੇ, ਕਦੇ ਨਿਮਰਤਾ ਨਾ ਆਕੜ ਖਾਂ ਕਰਦੇ

ਸਿਰ ਵਾਰ ਕੇ ਵੀ ਕਰਨ ਧਰਮ ਧਰਮੀ, ਪਾਪੀ ਪਾਪ ਦੀ ਹੀ ਲੰਮੀ ਲਾਂ ਕਰਦੇ
'ਤੀਰ' ਜ਼ੁਲਮ ਉਤੇ ਬੱਧਾ ਲੱਕ ਜਿਨ੍ਹਾਂ, ਪਾਤਸ਼ਾਹ ਨਹੀਂ ਉਹ ਨਿਆਂ ਕਰਦੇ

### ਫਿਰ ਵੱਲੋਂ ਕਵੀ

ਜਿਵੇਂ ਤੇਲ ਬਲਦੀ ਉੱਤੇ ਪਏ ਉਲਟਾ, ਤਿਵੇਂ ਸ਼ਾਹ 'ਤੇ ਪਈ ਵਿਚਾਰ ਉਲਟੀ
ਧੱਕੇ ਪਾਪ ਵੱਲੋਂ ਰਤਾ ਉਲਟਿਆ ਨਾ, ਸਗੋਂ ਦਿਲ ਅੰਦਰ ਧਾਰੀ ਕਾਰ ਉਲਟੀ
ਜਿਹੜੇ ਤੇਗ਼ ਨੂੰ ਠੱਲ੍ਹ ਸੀ ਪਾਣ ਆਏ, ਲਈ ਉਨ੍ਹਾਂ 'ਤੇ ਚੁੱਕ ਤਲਵਾਰ ਉਲਟੀ
ਜਾਨੀ ਜਾਨ ਜੋ ਮੱਤ ਸਿਖਾਣ ਆਏ, ਦੇਣੀ ਉਨ੍ਹਾਂ ਨੂੰ ਚਾਂਹੁਦਾ ਹਾਰ ਉਲਟੀ
ਮਿੱਠੀ ਗੱਲ ਜਿਨ੍ਹਾਂ ਇਦ੍ਹੇ ਨਾਲ ਕੀਤੀ, ਧਾਰੀ ਉਨ੍ਹਾਂ ਦੇ ਨਾਲ ਵੀ ਖ਼ਾਰ ਉਲਟੀ
ਰੂਪ ਰੱਬ ਦਾ ਜੱਗ ਨੂੰ ਜਾਪਦੇ ਜੋ, ਡਿੱਠੀ ਉਨ੍ਹਾਂ ਦੀ ਏਸ ਨੁਹਾਰ ਉਲਟੀ
ਖੜਕੀ ਹੋਰ ਪਾਸੇ ਜਾਨੀ ਜਾਨ ਵੱਲੋਂ, ਜ਼ਿੱਦੀ ਪਾਤਸ਼ਾਹ ਨੇ ਪੜ੍ਹੀ ਤਾਰ ਉਲਟੀ
ਚਿੱਤ ਫੇਰਿਆ ਨਾ ਜ਼ੋਰ ਜ਼ੁਲਮ ਵੱਲੋਂ, ਲੀਤੀ ਦਿੱਲ 'ਤੇ ਧਾਰਨਾ ਧਾਰ ਉਲਟੀ
ਵੈਰ ਨਾਲ ਨਿਰਵੈਰ ਦੇ ਕਰਨ ਲੱਗਾ! ਇਹੋ ਜਾਪਦਾ ਖਾਏਗਾ ਮਾਰ ਉਲਟੀ
'ਤੀਰ' ਸੱਚਿਆਂ ਨੂੰ ਜਿਨ੍ਹੇ ਦੁਖੀ ਕੀਤਾ, ਦਿਨਾਂ ਵਿਚ ਉਹ ਸਮੇਂ ਸਰਕਾਰ ਉਲਟੀ

### ਵੱਲੋਂ ਕਵੀ

ਜਿਹੜੇ ਆਏ ਸੀ ਗੱਲ ਸਮਝਾਣ ਸੱਚੀ, ਅੱਗੋਂ ਉਨ੍ਹਾਂ ਨੂੰ ਪਿਆ ਸਮਝਾਏ ਵੇਖੋ
ਮਾਇਆ ਜਿਨ੍ਹਾਂ ਦਾ ਸਦਾ ਈ ਭਰੇ ਪਾਣੀ, ਪਿਆ ਉਨ੍ਹਾਂ ਨੂੰ ਲੋਭ ਵਿਖਾਏ ਵੇਖ
ਬਾਣੀ ਜਿਨ੍ਹਾਂ ਦੀ ਨਿਰਾ ਪ੍ਰੇਮ-ਜਾਦੂ, ਜਾਦੂ ਚਾਲ ਦਾ ਉਨ੍ਹਾਂ 'ਤੇ ਪਾਏ ਵੇਖੋ
ਕਦੇ ਬਣੇ ਮਿੱਠਾ ਕਦੇ ਰੋਬ ਦੱਸੇ, ਭਾਂਤ ਭਾਂਤ ਦੇ ਜਾਲ ਵਿਛਾਏ ਵੇਖੋ
ਕਦੇ ਮਾਣ ਦੇ ਨਾਲ ਵਿਚਾਰ ਕਰਦਾ, ਲਾਲ ਅੱਖੀਆਂ ਕਦੇ ਵਖਾਏ ਵੇਖੋ
ਜਿਹੜੇ ਗੁਰੂ ਨਿਰਵੈਰ ਜਹਾਨ ਅੰਦਰ, ਉਨ੍ਹਾਂ ਨਾਲ ਵੀ ਵੈਰ ਕਮਾਏ ਵੇਖੋ
ਜਿਹੜਾ ਦਿਲ ਨਿਰਭਉ ਨਿਰਛੱਲ ਸੁੱਚਾ, ਗੱਲ ਗੱਲ ਵਿਚ ਉਨੂੰ ਡਰਾਏ ਵੇਖੋ
ਕਦੇ ਅੱਖੀਆਂ ਦੱਸਦਾ ਰੋਹ ਅੰਦਰ, ਕਦੇ ਅੱਖੀਆਂ ਉੱਤੇ ਬਿਠਾਏ ਵੇਖੋ
ਕਦੇ ਹੱਥ ਜੋੜੇ, ਕਦੇ ਹੱਥ ਖੇਡੇ, ਕਦੇ ਹੱਥ ਪੈਰੀਂ ਆਣ ਲਾਏ ਵੇਖੋ
ਕਦੇ ਸਿਰ ਫੇਰੇ ਅਸਲ ਗੱਲ ਵੱਲੋਂ, ਕਦੇ ਚਾਲ ਵਿੱਚ ਸੀਸ ਨਿਵਾਏ ਵੇਖੋ
ਕਦੇ ਦੱਸਦਾ ਮਾਣ ਹਕੂਮਤਾਂ ਦਾ, ਕਦੇ ਰੱਬ ਦੇ ਵਾਸਤੇ ਪਾਏ ਵੇਖੋ
'ਤੀਰ' ਜਾਣਦੇ ਨੇ ਜਾਨੀ-ਜਾਣ ਭਾਵੇਂ, ਤਾਂ ਵੀ ਪੱਜ ਪਾ ਨੀਤ ਲੁਕਾਏ ਵੇਖੋ

### ਮਹਾਰਾਜ ਦੇ ਆਖ਼ਰੀ ਬਚਨ

ਅੰਤ ਗੁਰੂ ਨੌਵੇਂ ਏਸ ਤਰ੍ਹਾਂ ਬੋਲੇ, 'ਇਨ੍ਹਾਂ ਤਿਲਾਂ ਅੰਦਰ ਨਹੀਂ ਤੇਲ ਸ਼ਾਹ ਜੀ
ਪਏ ਮੂੰਹ 'ਤੇ ਆਪ ਨੂੰ ਆਖਦੇ ਹਾਂ, ਅਸਾਂ ਜਾਨ 'ਤੇ ਜਾਵਣਾ ਖੇਲ ਸ਼ਾਹ ਜੀ

ਜਦੋਂ ਦੀਨ ਅਨਾਥ ਕੁਰਲਾਂਵਦੇ ਨੇ, ਸਾਡੇ ਕਾਲਜੇ ਵੱਜਦੀ ਸੇਲ ਸ਼ਾਹ ਜੀ
ਕੈਦ ਮੌਤ ਦਾ ਡਰ ਨਾ ਦਿਓ ਸਾਨੂੰ, ਸਾਨੂੰ ਨਹੀਂ ਡਰਾਂਵਦੀ ਜੇਲ੍ਹ ਸ਼ਾਹ ਜੀ
ਅਸਾਂ ਧਰਮ ਤੇ ਸੱਚ ਦਾ ਭਰ ਬੇੜਾ, ਦਿੱਤਾ ਰੱਬ ਦੇ ਆਸਰੇ ਠੇਲ੍ਹ ਸ਼ਾਹ ਜੀ
ਕਦੇ ਜ਼ੁਲਮ ਮਜ਼ਲੂਮ ਦਾ ਜੱਗ ਅੰਦਰ, ਹੁੰਦਾ ਭੁੱਲ ਕੇ ਮੂਲ ਨਾ ਮੇਲ ਸ਼ਾਹ ਜੀ
ਤੁਸੀਂ ਆਪਣੀ ਤੇਗ਼ ਨੂੰ ਤੇਜ਼ ਕਰ ਲੌ, ਅਸਾਂ ਸੀਸ ਨੂੰ ਲਿਆ ਹੈ ਪੇਲ ਸ਼ਾਹ ਜੀ
'ਤੀਰ' ਪੱਕ ਜਾਣੋ ਏਸ ਪਰਖ ਅੰਦਰ, ਹੋਣਾ ਪਾਸ ਅਸਾਂ ਤੁਸਾਂ ਫੇਲ੍ਹ ਸ਼ਾਹ ਜੀ

## ਨੌਵੇਂ ਸਤਿਗੁਰਾਂ ਦਾ ਬਲੀਦਾਨ ਹਿੰਦ ਖ਼ਾਤਰ (ਵੱਲੋਂ ਕਵੀ)

ਦਿੱਲੀ ਚਾਂਦਨੀ ਚੌਕ ਦੇ ਵਿਚ ਆਖ਼ਰ, ਜੱਗ ਜਾਣਦਾ ਏ ਜੇੜ੍ਹੀ ਕਾਰ ਹੋਈ
ਇਧਰ ਚੌਕ ਦੇ ਵਿਚ ਸਰਕਾਰ ਬੈਠੀ, ਉਧਰ ਸਾਹਮਣੇ ਤੇਜ਼ ਤਲਵਾਰ ਹੋਈ
ਇਧਰ ਗਲੇ 'ਚੋਂ ਰੱਤ ਦੀ ਧਾਰ ਨਿਕਲੀ, ਖੁੰਢੀ ਉਧਰ ਅਨਿਆਂ ਦੀ ਧਾਰ ਹੋਈ
ਇਧਰ ਸਬਰ ਸੰਤੋਖ ਦੀ ਜਿੱਤ ਹੋਈ, ਉਧਰ ਜ਼ੋਰ ਤੇ ਜ਼ੁਲਮ ਦੀ ਹਾਰ ਹੋਈ
ਡੁੱਬੀ ਜ਼ੁਲਮ ਵਾਲੀ ਬੇੜੀ ਰੱਤ ਅੰਦਰ, ਬੇੜੀ ਹਿੰਦ ਦੀ ਡੁੱਬਦੀ ਪਾਰ ਹੋਈ
ਗੜਾ ਗੁਰਾਂ ਦੇ ਸੀਸ ਦਾ ਪਿਆ ਐਸਾ, ਖੇਤੀ ਪਾਪ ਦੀ 'ਤੇ ਗੜੇ-ਮਾਰ ਹੋਈ
ਅੱਗ ਹਉਕਿਆਂ ਦੀ ਹੋ ਕੇ ਤੇਜ਼ ਉਠੀ, ਸ਼ਾਹੀ ਜਿਸ ਅੰਦਰ ਪੈ ਕੇ ਛਾਰ ਹੋਈ
ਸੁੱਚੇ ਲਹੂ ਨੇ ਚਾਂਦਨੀ-ਚੌਕ ਧੋਤਾ, ਦਿੱਲੀ ਰੱਤ-ਪੀਣੀ ਠੰਢੀ ਠਾਰ ਹੋਈ
ਮਾਤ-ਲੋਕ ਅੰਦਰ 'ਹਾਹਾਕਾਰ' ਹੋਈ, ਦੇਵ-ਲੋਕ ਅੰਦਰ 'ਜੈ ਜੈਕਾਰ' ਹੋਈ
ਨੌਵੇਂ ਗੁਰਾਂ ਨੇ ਸੀਸ ਕੁਰਬਾਨ ਕੀਤਾ, 'ਹਿੰਦ' ਸੁਣਦਿਆਂ ਗੋਡਿਆਂ ਭਾਰ ਹੋਈ
ਉਹਨੇ ਲੱਖ ਵਾਰੀ ਨਿਮਸ਼ਕਾਰ ਕੀਤੀ, ਆਖੇ "ਮੈਂ ਬਲਿਹਾਰ ਬਲਿਹਾਰ ਹੋਈ"
ਆਇਆ ਵਿੱਚ ਦਿੱਲੀ ਹੜ੍ਹ ਹੰਝੂਆਂ ਦਾ, ਜਦੋਂ ਕਾਰ ਇਹ ਸਰੇ-ਬਾਜ਼ਾਰ ਹੋਈ
ਦਿਲੋਂ ਹਿੰਦੂਆਂ ਆਖਿਆ, 'ਅੱਜ ਤੋਂ ਹੀ, ਸਾਡੇ ਲਈ ਦਿੱਲੀ ਹਰਦੁਆਰ ਹੋਈ'
ਸਿਰ ਧੜੋਂ ਲੱਥਾ, ਗੁਰ ਨੂੰ ਟੇਕ ਮੱਥਾ, ਸੁੱਚੀ ਆਤਮਾ ਝੱਟ ਉਡਾਰ ਹੋਈ
ਲੋਕਾਂ ਵੇਖਿਆ ਜਿੰਦੜੀ ਧਰਮ ਵਾਲੀ, ਧਰਮ ਵਾਸਤੇ ਕਿਵੇਂ ਨਸਾਰ ਹੋਈ
'ਤੀਰ' ਦਿੱਲੀਓਂ ਅੱਜ ਕੁਰਬਾਨੀਆਂ ਦੀ, ਲੋਕੀਂ ਆਖਦੇ ਨੇ ਸ਼ੁਰੂ ਵਾਰ ਹੋਈ

## ਵੱਲੋਂ ਕਵੀ

ਤੇਰਾਂ ਮੱਘਰੋਂ ਐਤ ਦੇ ਦਿੱਨ ਸਮਝੋ, ਦਿੱਲੀ ਵਿੱਚ ਹੋਈ ਲੋਕੋ! ਕਾਰ ਖ਼ੂਨੀ
ਨੌਵੇਂ ਗੁਰੂ ਜੀ ਦੇ ਸੋਹਣੇ ਗਲੇ ਉੱਤੇ, ਔਰੰਗਜ਼ੇਬ ਦੀ ਫਿਰੀ ਤਲਵਾਰ ਖ਼ੂਨੀ
ਬੇੜਾ ਜ਼ੁਲਮ ਦਾ ਹਿੰਦ 'ਚੋਂ ਡੋਬਣੇ ਨੂੰ, ਵਗੀ ਚਾਂਦਨੀ ਚੌਕ ਵਿਚ ਧਾਰ ਖ਼ੂਨੀ
ਦਿੱਲੀ ਓਸ ਦਿਨ ਡੈਣ ਦਾ ਰੂਪ ਹੋਈ, ਓਦ੍ਹੇ ਹੋ ਗਏ ਗਲੀ ਬਜ਼ਾਰ ਖ਼ੂਨੀ
ਮਿੱਟੀ ਮੁਗ਼ਲ ਦੀ ਖ਼ੂਬ ਉਡਾਣ ਖ਼ਾਤਰ, ਫਿਰੇ ਉੱਡਦੀ ਗ਼ਰਦ-ਗ਼ੁਬਾਰ ਖ਼ੂਨੀ

ਆਸਮਾਨ ਨੇ ਖ਼ੂਨ ਦੀ ਹੰਝ ਕੇਰੀ, ਪਾਤਸ਼ਾਹ ਦਾ ਵੇਖ ਵਿਹਾਰ ਖ਼ੂਨੀ
'ਲੋਕੋ! ਦਰਦ ਦੇ ਪੁੰਜ ਨੇ ਕਤਲ ਹੋਏ', ਫਿਰੀ ਹਿੰਦ ਦੇ ਵਿਚ ਇਹ ਤਾਰ ਖ਼ੂਨੀ
ਸਾਰੇ ਫਿਟਕ ਔਰੰਗੇ ਨੂੰ ਪਾਣ ਲੱਗੇ, ਆਖਣ ਨਿਕਲਿਆ ਨਿਰਾ ਗ੍ਵਾਰ ਖ਼ੂਨੀ
ਲੋਕੀਂ ਦਿਲਾਂ ਅੰਦਰ ਰਿੱਝਣ ਰੋਣ ਸਾਰੇ, ਐਪਰ ਆਕੜੇ ਫਿਰਨ ਸਵਾਰ ਖ਼ੂਨੀ
'ਤੀਰ' ਘਰਾਂ ਅੰਦਰ ਚਰਚਾ ਹੋਣ ਲੱਗੀ, ਹੋ ਗਈ ਜੇ ਮੁਗ਼ਲ-ਸਰਕਾਰ ਖ਼ੂਨੀ

### ਧੜ ਦਾ ਸਸਕਾਰ (ਵੱਲੋਂ ਕਵੀ)

ਜਦੋਂ ਗੁਰੂ ਨੌਵੇਂ ਗਏ ਕਤਲ ਕੀਤੇ, ਏਦਾਂ ਚਾਂਦਨੀ ਚੌਕ ਮੈਦਾਨ ਅੰਦਰ
ਲਖੀ ਸ਼ਾਹ ਦਾ ਫੱਬਿਆ ਦਾਅ ਐਸਾ, ਧੜ ਲੈ ਗਿਆ ਆਨ ਦੀ ਆਨ ਅੰਦਰ
ਪਹਿਲੇ ਚਰਨ ਚੁੰਮੇ ਓਸ ਕਈ ਵਾਰੀ, ਫੇਰ ਰੱਖਿਆ ਆਣ ਮਕਾਨ ਅੰਦਰ
ਹੱਥੀਂ ਘਰ ਨੂੰ ਓਸ ਨੇ ਅੱਗ ਲਾਈ, ਦਾਹ ਕਰਮ ਕੀਤਾ ਨਵੀਂ ਸ਼ਾਨ ਅੰਦਰ
ਡਿੱਠਾ ਆਪਣਾ ਜਦੋਂ ਮਕਾਨ ਸੜਦਾ, ਗੁਰੂ ਰੱਖਿਆ ਤਦੋਂ ਧਿਆਨ ਅੰਦਰ
ਰਿਹਾ ਆਖਦਾ 'ਹੋ ਗਿਓਂ ਸਫਲ ਲੱਖੀ, ਲੱਖ ਵੱਟਿਆ ਜਾਣ ਜਹਾਨ ਅੰਦਰ
ਤੇਰੀ ਰਹੇਗੀ ਯਾਦ ਸੰਸਾਰ ਉੱਤੇ, ਪੂਜਾ ਹੋਇਗੀ ਏਸ ਅਸਥਾਨ ਅੰਦਰ'
ਹੱਥੀਂ ਆਪਣੀ 'ਤੀਰ' ਜੀ ਫੂਕ ਝੁੱਗਾ, ਪੂਰਾ ਸਿੱਖ ਲੱਥਾ ਇਮਤਿਹਾਨ ਅੰਦਰ

### ਇਕ ਹੋਰ ਸਿਦਕਵਾਨ ਸਤਿਗੁਰਾਂ ਦਾ ਸੀਸ ਚੁੱਕ ਲੈ ਗਿਆ

'ਜੈਤਾ' ਨਾਮ ਸਤਿਗੁਰਾਂ ਦਾ ਸਿੱਖ ਮਜ਼੍ਹਬੀ, ਵਿਚ ਚਾਂਦਨੀ ਚੌਕ ਦੇ ਆਂਵਦਾ ਜੇ
ਵੇਖ ਸਾਮ੍ਹਣੇ ਸੀਸ ਮਹਾਰਾਜ ਜੀ ਦਾ, ਪਹਿਲੇ ਸੀਸ ਨੂੰ ਸੀਸ ਨਿਵਾਂਵਦਾ ਜੇ
ਖ਼ੂਨੋ ਖ਼ੂਨ ਹੋਇਆ ਵੇਖ ਮੂੰਹ ਮੱਥਾ, ਫੇਰ ਅੱਖੀਓਂ ਨੀਰ ਵਹਾਂਵਦਾ ਜੇ
ਫੇਰ ਨਾਲ ਸਤਿਕਾਰ ਦੇ ਰੱਤ-ਰੰਗੀ, ਚਰਨ ਧੂੜ ਲੈ ਕੇ ਮੱਥੇ ਲਾਂਵਦਾ ਜੇ
ਢੰਗ ਨਾਲ ਫਿਰ ਆਂਵਦੇ ਜਾਂਵਦੇ ਤੋਂ, ਵੇਖੋ ਆਪਣਾ ਆਪ ਬਚਾਂਵਦਾ ਜੇ
ਝਟਾ ਪੱਟ ਫਿਰ ਜੋੜ ਕੇ ਹੱਥ ਦੋਵੇਂ, ਸੋਹਣੇ ਸੀਸ ਨੂੰ ਸੀਸ 'ਤੇ ਚਾਂਵਦਾ ਜੇ
ਵਿਚ ਪੱਲ ਦੇ ਦਿੱਲੀਓਂ ਦੌੜ ਤੁਰਿਆ, ਵਾ ਵਾਂਗ ਤਿੱਖੇ ਪੈਰ ਪਾਂਵਦਾ ਜੇ
ਦਿਲੀ ਤਾਂਘ ਅੰਦਰ ਪੰਧ ਕੱਟਦਾ ਜੇ, ਪ੍ਰੇਮ-ਖਿੱਚਿਆ ਦੌੜਿਆ ਜਾਂਵਦਾ ਜੇ
ਕਿਸੇ ਦਿਲੀ-ਵੈਰਾਗ ਦੇ ਵਿਚ ਆ ਕੇ, ਨੈਣੀਂ ਨੀਰ ਨਾ ਉਦ੍ਹੀ ਸਮਾਂਵਦਾ ਜੇ
ਭਿੱਜਾ ਗੁਰੂ ਦੇ ਸਿੱਦਕ ਪ੍ਰੇਮ ਅੰਦਰ, ਕਦੇ ਰੋਂਵਦਾ ਤੇ ਕਦੇ ਗਾਂਵਦਾ ਜੇ
ਉਹਨੂੰ ਕਿਸੇ ਦੀ ਖਿੱਚ ਦੇ ਖੰਭ ਲੱਗੇ, ਪਿਆ ਆਪਣੀ ਰੂਹ ਉਡਾਂਵਦਾ ਜੇ
ਧੂਹਾਂ ਪੈਂਦੀਆਂ ਸੂ ਜੋਰੋ ਜੋਰ ਦਿਲ ਨੂੰ, ਪਿਆ ਪੁਰੀ ਅਨੰਦ ਨੂੰ ਧਾਂਵਦਾ ਜੇ
ਅੰਦਰ ਦਿੱਲ ਦੇ 'ਪੁਰੀ ਅਨੰਦ' ਦੀਆਂ, ਕਈ ਮੂਰਤਾਂ ਪਿਆ ਬਣਾਂਵਦਾ ਜੇ
ਦੇਸ਼-ਭਗਤ ਦਸਮੇਸ਼ ਦੀ ਮੂਰਤੀ ਨੂੰ, ਜਾਂਦਾ ਆਤਮਾ ਵਿੱਚ ਬਿਠਾਂਵਦਾ ਜੇ

ਉਹਨੂੰ ਵੇਖਦਾ ਆਪਣੇ ਆਪ ਅੰਦਰ, ਉਦ੍ਹੇ ਰੂਪ ਤੇ ਸੁਰਤ ਜਮਾਂਵਦਾ ਜੇ
ਕਦੇ ਆ ਆ ਕੇ ਕਿਸੇ ਖ਼ੁਸ਼ੀ ਅੰਦਰ, ਆਪੇ ਵਿਚ ਨਾ ਮੂਲ ਸਮਾਂਵਦਾ ਜੇ
ਕਦੇ ਪ੍ਰੇਮ ਪਿਆਰ ਦੀ ਚੋਟ ਖਾ ਕੇ, ਡਾਢਾ ਹੋ ਬਿਹਬਲ ਚੋਟ ਖਾਂਵਦਾ ਜੇ
ਅੰਤ 'ਪੁਰੀ ਅਨੰਦ' ਦੇ ਵਿੱਚ ਪੁੱਜਾ, ਨਿਗ੍ਹਾ ਚਾਰ ਚੁਫੇਰ ਦੁੜਾਂਵਦਾ ਜੇ
ਲੱਗੇ ਸ਼ਾਮਿਆਨੇ ਡਿੱਠੇ ਇਕ ਪਾਸੇ, ਪਿਆ ਗੁਰੂ ਦਸਮੇਸ਼ ਸੁਹਾਂਵਦਾ ਜੇ
ਸਿੱਖ ਆਂਵਦਾ ਵੇਖਿਆ ਸੰਗਤਾਂ ਨੇ, ਨੀਰ ਨੇਤਰੋਂ ਪਿਆ ਉਮਡਾਂਵਦਾ ਜੇ
ਆਦਰ ਵਾਸਤੇ ਉਠ ਖਲੋਏ ਸੱਭੇ, ਨੌਵੇਂ ਗੁਰਾਂ ਦਾ ਪ੍ਰੇਮ ਤੜਫਾਂਵਦਾ ਜੇ
ਮੱਥਾ ਟੇਕ ਦਸਮੇਸ਼ ਨੂੰ 'ਮਰਦ ਜੈਤਾ', ਫੇਰ ਸੀਸ ਦੀ ਭੇਟ ਚੜ੍ਹਾਂਵਦਾ ਜੇ
ਸੀਸ ਚੁੱਕ ਕੇ ਲਾਡਲਾ ਗੁੱਜਰੀ ਦਾ, ਛਾਤੀ ਲਾ ਲਾ ਦਿਲ ਠੰਢਿਆਂਵਦਾ ਜੇ
ਫੇਰ ਸੀਸ ਨਿਵਾ ਕੇ ਸੀਸ ਤਾਈਂ, 'ਚੌਂਕੀ ਚੰਦਨੀ, ਉੱਤੇ ਟਿਕਾਂਵਦਾ ਜੇ
ਜੈਤੇ ਵੱਲ ਫਿਰ ਵੇਖ ਦਸਮੇਸ਼ ਮੇਰਾ, ਮੂੰਹੋਂ ਇਸ ਤਰ੍ਹਾਂ ਆਖ ਵਡਿਆਂਵਦਾ ਜੇ
ਇਹ ਹੈ 'ਰੰਗਰੇਟਾ' ਬੇਟਾ ਗੁਰੂ ਘਰ ਦਾ, ਮੈਨੂੰ ਜਿੰਦੜੀ ਤੋਂ ਵੱਧ ਭਾਂਵਦਾ ਜੇ
ਮੈਂ ਹਾਂ ਨੈਣ ਵਿਛਾਂਵਦਾ ਓਸ ਥਾਂ 'ਤੇ, ਜਿਥੇ ਸਿੱਖ ਇਹ ਪੈਰ ਛੁਹਾਂਵਦਾ ਜੇ
ਤੇਰ ਮੇਰ ਇਸਦੇ ਮੇਰੇ ਵਿੱਚ ਨਾਹੀਂ, ਇਦ੍ਹਾ ਮੈਂ, ਮੇਰਾ ਇਹ ਸਦਾਂਵਦਾ ਜੇ
ਇਦ੍ਹੀ ਆਰਤੀ ਹੈ ਮੇਰਾ ਦਿਲ ਕਰਦਾ, ਮੇਰੀ ਜੋਤ ਇਹ ਰਿਦੇ ਜਗਾਂਵਦਾ ਜੇ
'ਮੇਰੀ ਜਿੰਦ ਜੈਤਾ' 'ਮੇਰੀ ਜਾਨ ਜੈਤਾ', ਮੇਰੇ ਵਾਸਤੇ ਜਾਨ ਲੜਾਂਵਦਾ ਜੇ
ਐਸਾ ਸਿੱਖ ਸਿੱਖੋ ਮੇਰਾ ਰੂਪ ਜਾਣੋ, ਐਸੇ ਸਿੱਖ ਨੂੰ ਗੁਰੂ ਧਿਆਂਵਦਾ ਜੇ
'ਤੀਰ' ਇਸ ਤਰ੍ਹਾਂ ਆਖ ਦਸਮੇਸ਼ ਉਸ ਨੂੰ, ਵੇਖੋ ਨਾਲ ਕਲੇਜੇ ਦੇ ਲਾਂਵਦਾ ਜੇ

### ਵੱਲੋਂ ਕਵੀ

ਪੁੱਜਾ ਦਿੱਲੀਓਂ ਸੀਸ ਜਾਂ ਗੁਰੂ ਜੀ ਦਾ, ਸੁਣ ਸੁਣ ਲੋਕੀਂ ਬੇਸ਼ੁਮਾਰ ਆਏ
ਜਿਹੜੇ ਸੀਸ ਨੇ ਰੱਖਿਆ ਹਿੰਦ ਤਾਈਂ, ਲੋਕੀਂ ਓਸ ਦਾ ਕਰਨ ਦੀਦਾਰ ਆਏ
ਬੁੱਢੇ ਬਾਲ ਆਏ, ਭਰੇ ਭਰੇ ਨੈਣੀਂ, ਖਿੱਚਾਂ ਖਾ ਖਾ ਸਭ ਪਰਿਵਾਰ ਆਏ
ਗੁਰੂ-ਮਹਿਲ ਆਏ, ਮਿੱਠਾ ਮੰਨ ਭਾਣਾ, ਕਰਨ ਅੰਤ ਦੀ ਉਹ ਨਿਮਸ਼ਕਾਰ ਆਏ
ਜਿਹੜੇ ਸੀਸ ਨੇ ਰੱਖ ਲਏ ਸੀਸ ਲੱਖਾਂ, ਓਸ ਸੀਸ ਦਾ ਕਰਨ ਸਤਿਕਾਰ ਆਏ
ਜਿਹੜੇ ਸੀਸ ਨੇ ਜ਼ੁਲਮ ਨੂੰ ਹਾਰ ਦਿੱਤੀ, ਉਹਨੂੰ ਭੇਟ ਚੜ੍ਹਾਣ ਲਈ ਹਾਰ ਆਏ
ਜਿਹੜੇ ਸੀਸ ਨੇ ਰੱਖਿਆ ਤਿਲਕ ਜੰਞੂ, ਤਿਲਕ ਓਸ ਨੂੰ ਲਾਣ ਨਰ ਨਾਰ ਆਏ
'ਤੀਰ' ਦਰਦ ਅੰਦਰ ਭਰੇ ਨੈਣ ਲੱਖਾਂ, ਵੇਖਣ ਸਬਰ ਤੇ ਜਬਰ ਦੀ ਕਾਰ ਆਏ

### ਦਸਮੇਸ਼ ਜੀ ਨੇ ਸੰਗਤਾਂ ਵੱਲ ਵੇਖਣਾ (ਵੱਲੋਂ ਕਵੀ)

ਡਿੱਠੇ ਸ੍ਰੀ ਦਸਮੇਸ਼ ਨੇ ਜਦੋਂ ਅੱਖੀਂ, ਹੰਝੂ ਅੱਖੀਆਂ ਦੇ ਅੰਦਰ ਆਏ ਹੋਏ
ਦਿੱਲ ਭਰੇ ਹੋਏ, ਗਲੇ ਭਰੇ ਹੋਏ, ਭਾਵ ਦਰਦ ਦੇ ਸੱਭ 'ਤੇ ਛਾਏ ਹੋਏ

ਨੌਵੇਂ ਸਤਿਗੁਰਾਂ ਦੇ ਸੋਹਣੇ ਸੀਸ ਅੱਗੇ, ਵੇਖੇ ਸੱਭ ਦੇ ਸੀਸ ਨਿਵਾਏ ਹੋਏ
ਉਠੇ ਸਹਿਜ ਦੇ ਨਾਲ ਗੰਭੀਰ ਦਾਤੇ, ਅੰਦਰ ਕਈ ਖ਼ਿਆਲ ਸਮਾਏ ਹੋਏ
ਪਹਿਲੇ ਸੀਸ ਨੂੰ ਸੀਸ ਨਿਵਾਇਓ ਨੇ, ਹੈਸਨ ਖ਼ੂਬ ਸ਼ਸਤ੍ਰ ਬਸਤ੍ਰ ਲਾਏ ਹੋਏ
'ਤੀਰ' ਵੇਖ ਕੇ ਸਹਿਮੀਆਂ ਸੰਗਤਾਂ ਨੂੰ, ਬੋਲੇ ਇਸ ਤਰ੍ਹਾਂ ਫੇਰ ਹਰਖਾਏ ਹੋਏ

## ਦਸਮੇਸ਼ ਜੀ ਦੇ ਬਚਨ

ਰੱਖੋ ਹੌਸਲਾ ਸੱਚਿਓ ਸਿਦਕਵਾਨੋ! ਸਮਾਂ ਆ ਗਿਆ ਏ ਜਿਹੜਾ ਆਵਣਾ ਏਂ
ਏਸ ਸਮੇਂ ਅੰਦਰ ਸਾਈਂ ਜਾਣਦਾ ਏ, ਰੰਗ ਓਸ ਨੇ ਕਿਵੇਂ ਪਲਟਾਵਣਾ ਏਂ
ਐਪਰ ਸੀਸ ਇਹ ਸਾਮ੍ਹਣੇ ਪਿਆ ਸ਼ੀਸ਼ਾ, ਜੋ ਵੀ ਏਸ 'ਚੋਂ ਵੇਖਿਆ ਜਾਵਣਾ ਏਂ
ਸਾਰਾ ਆਪ ਨੂੰ ਵੇਖ ਕੇ ਦੱਸਦਾ ਹਾਂ, ਤੁਸਾਂ ਦਿੱਲ ਨਾ ਰਤਾ ਡੁਲਾਵਣਾ ਏਂ
ਏਸ ਸੀਸ ਵਿਚੋਂ ਮੈਂ ਤੇ ਵੇਖਦਾ ਹਾਂ, ਸਮੇਂ ਨਵਾਂ ਹੀ ਜੌਹਰ ਵਿਖਾਵਣਾ ਏਂ
ਜਿੱਤ ਅੱਜ ਤੋਂ ਹੋਇਗੀ ਆਜਜ਼ਾਂ ਦੀ, ਉਨ੍ਹਾਂ ਜ਼ਾਲਮਾਂ ਤਾਈਂ ਹਰਾਵਣਾ ਏਂ
ਤਖ਼ਤਾ ਮਿਲੇਗਾ ਨਾ ਤਖ਼ਤ ਵਾਲਿਆਂ ਨੂੰ, ਵਖ਼ਤ ਪਿਆਂ ਨੇ ਰਾਜ ਕਮਾਵਣਾ ਏਂ
ਚਿੜੀ ਬਾਜ਼ ਤੋਂ ਲਏਗੀ ਜਿੱਤ ਬਾਜ਼ੀ, ਉਦ੍ਹਾ ਰੱਬ ਨੇ ਰੋਅਬ੍ਹ ਵਧਾਵਣਾ ਏਂ
ਇਸੇ ਸੀਸ ਨੇ ਆਪਣਾ ਲਹੂ ਲੈ ਕੇ, ਦੁਖੀ ਹਿੰਦੂਆਂ ਨੂੰ ਤਿਲਕ ਲਾਵਣਾ ਏਂ
ਇਸੇ ਸੀਸ ਨੇ ਧੱੜ 'ਚੋਂ ਨਾੜੀਆਂ ਦਾ, ਦੁਖੀ ਪੰਡਤਾਂ ਨੂੰ ਜੰਞੂ ਪਾਵਣਾ ਏਂ
ਇਸੇ ਸੀਸ ਨੇ ਚਾਨਣੀ-ਲਾਟ ਹੋ ਕੇ, ਸਾਨੂੰ ਸੱਚ ਦਾ ਰਾਹ ਸਮਝਾਵਣਾ ਏਂ
ਇਸੇ ਸੀਸ ਦੀ ਬਲੀ ਨੂੰ ਯਾਦ ਕਰਕੇ, ਅਸਾਂ ਆਪਣਾ ਸੀਸ ਘੁਮਾਵਣਾ ਏਂ
ਇਸੇ ਸੀਸ ਨੂੰ ਰੱਖ ਕੇ ਦਿੱਲ ਅੰਦਰ, ਅਸਾਂ ਦਿੱਲ ਵਿਚ ਦਰਦ ਵਧਾਵਣਾ ਏਂ
ਇਸੇ ਸੀਸ ਨੇ ਮੀਂਹ ਕੁਰਬਾਨੀਆਂ ਦਾ, ਦੀਨਾਂ ਆਜਜ਼ਾਂ ਲਈ ਵਸਾਵਣਾ ਏਂ
ਇਸੇ ਸੀਸ ਨੂੰ ਸੀਸ ਨਿਵਾਇਕੇ ਹੀ, ਅਸਾਂ ਜ਼ੁਲਮ ਦਾ ਸੀਸ ਉਡਾਵਣਾ ਏਂ
ਇਸੇ ਸੀਸ ਦੇ ਬੱਝਕੇ ਸਿਦਕ ਅੰਦਰ, ਅਸਾਂ ਬੱਝਿਆ ਦੇਸ਼ ਛੁਡਾਵਣਾ ਏਂ
ਇਸੇ ਸੀਸ ਦੇ ਲਹੂ ਨੇ ਜ਼ਾਲਮਾਂ ਦਾ, ਸੱਚ ਜਾਣਿਓਂ ਲਹੂ ਸੁਕਾਵਣਾ ਏਂ
ਇਸੇ ਸੀਸ ਦੇ ਲਹੂ ਨੇ ਮੁਰਦਿਆਂ ਦਾ, ਜੀਆ ਦਾਨ ਦੇ ਲਹੂ ਗਰਮਾਵਣਾ ਏਂ
ਇਸੇ ਸੀਸ ਨੇ ਜ਼ੁਲਮ ਦੇ ਸਿਰ ਚੜ੍ਹ ਕੇ, ਪੈਰੋਂ ਪਾਪ ਦਾ ਰਾਜ ਹਿਲਾਵਣਾ ਏਂ
ਇਸੇ ਸੀਸ ਨੇ ਰੰਗ ਕੁਰਬਾਨੀਆਂ ਦਾ, ਮੇਰੀ ਕੌਮ ਦੇ ਉੱਤੇ ਚੜ੍ਹਾਵਣਾ ਏਂ
ਇਸੇ ਸੀਸ ਦੀ ਬਲੀ ਨੇ ਵੇਖ ਲੈਣਾ, ਭਾਰਤ ਮਾਂ ਦਾ ਦੁੱਖ ਗਵਾਵਣਾ ਏਂ
ਇਸੇ ਸੀਸ ਨੇ 'ਤੀਰ' ਅਜ਼ਾਦੀਆਂ ਦਾ, ਥੋੜ੍ਹੇ ਦਿਨੀਂ ਨਿਸ਼ਾਨ ਝੁਲਾਵਣਾ ਏਂ

## ਸੀਸ ਦਾ ਸਸਕਾਰ (ਵੱਲੋਂ ਕਵੀ)

ਫੇਰ ਸ੍ਰੀ ਦਸਮੇਸ਼ ਦੇ ਹੁਕਮ ਅੰਦਰ, ਸੋਹਣਾ ਪੁਸ਼ਪ-ਬਿਬਾਣ ਤਿਆਰ ਹੋਇਆ
ਗਿਆ ਓਸ ਵਿਚ ਰੱਖਿਆ ਸੀਸ ਵੇਖੋ!, ਵਿੱਤੋਂ ਵੱਧ ਕੇ ਮਾਣ ਸਤਕਾਰ ਹੋਇਆ

ਬਾਨੀ ਪੜ੍ਹਦਿਆਂ ਰੱਬ ਦਾ ਮੰਨ ਭਾਣਾ, ਨਾਲ ਯਾਤਰਾ ਲਈ ਪਰਵਾਰ ਹੋਇਆ
ਲੋਕਾਂ ਗੁਰਾਂ ਦੇ ਸੀਸ ਨੂੰ ਫੁੱਲ ਚਾੜ੍ਹੇ, ਪੂਰਾ ਇਸ ਤਰ੍ਹਾਂ ਪ੍ਰੇਮ ਪਿਆਰ ਹੋਇਆ
ਚੰਦਨ-ਚਿਖਾ ਉੱਤੇ ਫੇਰ ਰੱਖਿਓ ਨੇ, ਅੱਗੇ ਗੁੱਜਰੀ ਦਾ ਹੋਣਹਾਰ ਹੋਇਆ
ਲੱਗਾ ਸੋਲ੍ਹ ਹੱਥਾਂ ਨਾਲ 'ਤੀਰ' ਲੰਬੂ, ਗੁਰੂ-ਸੀਸ ਦਾ ਇਉਂ ਸਸਕਾਰ ਹੋਇਆ

### *ਇਕ ਮਨਘੜਤ ਅਗੰਮ ਵਾਕ ਬਾਬਤ (ਵੱਲੋਂ ਕਵੀ ਵਿਚਾਰ)*

ਇੱਕ ਗ਼ਲਤ ਖ਼ਿਆਲ ਪ੍ਰਚਾਰ ਦਿੱਤਾ, ਕਈਆਂ ਭੋਲਿਆਂ ਸਿੱਧੇ ਲਿਖਾਰੀਆਂ ਨੇ
ਪਿੱਛੋਂ ਹੋਰਨਾਂ ਉਨ੍ਹਾਂ ਦੀ ਰੀਸ ਕਰਕੇ, ਉਤੇ ਮੱਖੀਆਂ, ਮੱਖੀਆਂ ਮਾਰੀਆਂ ਨੇ
ਅਸਲ ਭੇਦ ਨਾ ਕਿਸੇ ਨੇ ਮੂਲ ਲੱਭਾ, ਕੀਤਾ ਕਿਵੇਂ ਸ਼ਿਕਾਰ ਸ਼ਿਕਾਰੀਆਂ ਨੇ
ਫਾਹੁਣ ਵਾਸਤੇ ਭੋਲਿਆਂ ਹਿੰਦੀਆਂ ਨੂੰ, ਚੋਗਾਂ ਚਾਤਰਾਂ ਖ਼ੂਬ ਖਿਲਾਰੀਆਂ ਨੇ
ਆ ਕੇ ਬਹੁਤਿਆਂ ਨੇ ਏਸ ਚਾਲ ਅੰਦਰ, ਸੋਚਾਂ ਸਾਰੀਆਂ ਦਿਲੋਂ ਵਿਸਾਰੀਆਂ ਨੇ
ਕਿਸੇ ਹੱਦ ਤੀਕਰ ਉਦ੍ਹਾ ਅਸਰ ਹੋਇਆ, ਜਾਦੂ ਧੂੜਿਆ ਜਿਹੜਾ ਮਦਾਰੀਆਂ ਨੇ
ਹਿੰਦ ਵਾਸੀਆਂ ਉਦ੍ਹੇ ਪ੍ਰਭਾਵ ਹੇਠਾਂ, ਕਈ ਜਿੱਤੀਆਂ ਬਾਜ਼ੀਆਂ ਹਾਰੀਆਂ ਨੇ
ਗਲਾਂ ਵਿੱਚ ਗ਼ੁਲਾਮੀਆਂ ਪਾ ਲਈਆਂ, ਘੁੱਟੇ ਗਲ ਜਿਨ੍ਹਾਂ ਹੈਂਸਿਆਰੀਆਂ ਨੇ
ਭਾਰਤ ਮਾਂ ਦੇ ਗਲੇ ਜ਼ੰਜੀਰ ਪਾਏ, ਕਈ ਭਾੜੇ ਦੇ ਟੱਟੂ ਵਗਾਰੀਆਂ ਨੇ
'ਤੀਰ' ਸੌਰੀਆਂ ਅਸੀਂ ਵਿਗਾੜ ਬੈਠੇ, ਲੋਕਾਂ ਵਿਗੜੀਆਂ ਆਣ ਸਵਾਰੀਆਂ ਨੇ

### *ਖ਼ਿਆਲ ਇਹ ਸੀ ਜੋ ਪਰਚਾਰਿਆ ਗਿਆ*

ਕਹਿੰਦੇ ਇਕ ਦਿਨ ਉੱਤਲੀ ਛੱਤ ਉੱਤੇ, ਨੌਂਵੇਂ ਪਾਤਸ਼ਾਹ ਜੀ ਹਵਾ ਖਾ ਰਹੇ ਸੀ
ਲਹਿੰਦੇ ਵੱਲ ਸੀ ਵੇਖਦੇ ਮੁੜ ਮੁੜ ਕੇ, ਜਿਵੇਂ ਕਿਸੇ ਨੂੰ ਕਿਤੋਂ ਬੁਲਾ ਰਹੇ ਸੀ
ਔਰੰਗਜ਼ੇਬ ਦੇ ਮਹਿਲ ਸੀ ਓਸ ਪਾਸੇ, ਨਿਗ੍ਹਾ ਉਤੋਂ ਖਲੋਤਿਆਂ ਆ ਰਹੇ ਸੀ
ਜਾਣੀ ਜਾਣ ਜੀ ਜਾਣ ਕੇ ਹਾਲ ਸਾਰਾ, ਕਹਿੰਦੇ ਦਿਲ ਅੰਦਰ ਮੁਸਕਰਾ ਰਹੇ ਸੀ
ਪਤਾ ਨਹੀਂ ਸੀ ਲੱਗਦਾ ਕਿਸੇ ਤਾਈਂ, ਸੱਚੇ ਪਾਤਸ਼ਾਹ ਸਾਂਗ ਵਰਤਾ ਰਹੇ ਸੀ
'ਤੀਰ' ਆਪ ਹੀ ਗੁਰੂ ਜੀ ਜਾਣਦੇ ਸੀ, ਜੋ ਜੋ ਅਜਬ ਬੁਝਾਰਤਾਂ ਪਾ ਰਹੇ ਸੀ

### *ਹੋਰ ਕੀ ਲਿਖ ਮਾਰਿਆ*

ਫੇਰ ਉਹਨਾਂ ਹੀ ਲੇਖਕਾਂ ਲਿੱਖਿਆ ਏ, ਸੁਣੋ ਆਪ ਨੂੰ ਗੱਲ ਸੁਣਾਂਵਦੇ ਹਾਂ
ਔਰੰਗਜ਼ੇਬ ਕਹਿੰਦਾ ਸਤਰ ਵੇਖਦੇ ਹੋ, ਗੁਰਾਂ ਆਖਿਆ ਸੁਣ ਸਮਝਾਂਵਦੇ ਹਾਂ
'ਸਾਡਾ ਸਿੱਖ 'ਟੋਪੀ ਵਾਲਾ' ਆ ਰਿਹਾ ਏ', ਅਸੀਂ ਓਸ ਨੂੰ ਪਏ ਬੁਲਾਂਵਦੇ ਹਾਂ
ਖ਼ਬਰ ਲਏਗਾ ਆਨ ਜਰਵਾਨਿਆਂ ਦੀ, ਤੈਨੂੰ ਵਾਕ ਭਵਿੱਖ ਸੁਣਾਂਵਦੇ ਹਾਂ
ਉਹਨੇ ਲਹਿੰਦਿਓ ਹਿੰਦ ਵਿਚ ਆਵਣਾ ਏਂ, ਉਦ੍ਹੇ ਉਤੇ ਧਿਆਨ ਜਮਾਂਵਦੇ ਹਾਂ
'ਤੀਰ' ਕਰੇਗਾ ਆਣ ਓਹ ਜ਼ਾਲਮਾਂ ਨੂੰ, ਅਸੀਂ ਓਸ 'ਤੇ ਆਸ ਰਖਾਂਵਦੇ ਹਾਂ

## ਇਸ ਉੱਤੇ ਕਵੀ ਵੱਲੋਂ ਵਿਚਾਰ

ਜ਼ਰਾ ਸੋਚਣਾ! ਸੱਜਣੋ ਦਿਲ ਅੰਦਰ, ਸਖ਼ਤ ਕੈਦ ਮਹਾਰਾਜ ਦੀ ਬੜੀ ਹੈਸੀ
ਪਈ ਪਿੰਜਰੇ ਵਿੱਚ ਸੀ ਜੋਤ-ਰੱਬੀ, ਪੁਲਿਸ ਬਾਹਰ ਪਹਿਰੇ ਉੱਤੇ ਖੜੀ ਹੈਸੀ
ਸੰਗਲ ਖੜਕਦੇ ਪਏ ਸੀ ਚੌਹੀਂ ਪਾਸੀਂ, ਡਾਢੀ ਕਹਿਰ ਕਹਾਰ ਦੀ ਘੜੀ ਹੈਸੀ
ਅੱਖ ਝਮਕਦੇ ਨਹੀਂ ਸੀ ਪੈਹਰੂਏ ਵੀ, ਪਈ ਤੁੱਲਦੀ ਜਬਰ ਦੀ ਧੜੀ ਹੈਸੀ
ਲੱਗੇ ਜੰਦਰੇ ਸੀ ਪੱਕੇ ਪਿੰਜਰੇ ਨੂੰ, ਕਾਹਦਾ ਪਿੰਜਰਾ ਸੀ! ਕੈਦ-ਗੜ੍ਹੀ ਹੈਸੀ
ਜਾਨੀਜਾਨ ਸਨ ਵਾਂਗ ਹਿਮਾਲੀਆ ਦੇ, ਉੱਤੋਂ ਵੱਸਦੀ ਜ਼ੁਲਮ ਦੀ ਝੜੀ ਹੈਸੀ
ਰਤਾ ਹਿੱਲਿਆਂ ਵੀ ਸੰਗਲ ਖੜਕਦੇ ਸੀ, ਸਾਰੇ ਪਤਾ ਦੇਂਦੀ ਕੜੀ ਕੜੀ ਹੈਸੀ
'ਤੀਰ' ਓਸ ਵੇਲੇ ਸ਼ਾਹੀ ਹਾਕਮਾਂ ਨੂੰ, ਖ਼ੂਬ ਸ਼ਰ੍ਹਾ ਵਾਲੀ ਪਾਣ ਚੜ੍ਹੀ ਹੈਸੀ

## ਅਣਹੋਣੀ ਗੱਲ

ਐਹੋ ਜਿਹੇ ਵੇਲੇ ਕੌਣ ਖੁੱਲ੍ਹ ਦੇਂਦਾ, ਭਲਾ ਕੈਦੀਆਂ ਤਾਈਂ ਨਜ਼ਾਰਿਆਂ ਦੀ
ਕਿਸੇ ਪਿੰਜਰੇ ਦੇ ਅੰਦਰ ਜੱਕੜੇ ਨੂੰ, ਕਦੋਂ ਲੱਭਦੀ ਛੱਤ ਚੁਬਾਰਿਆਂ ਦੀ
ਕਿਵੇਂ ਅੱਖ-ਬਚਾਅ ਹੋ ਸੱਕਦਾ ਸੀ, ਮੈਲੀ ਅੱਖ ਸੀ ਜਦ ਹਤਿਆਰਿਆਂ ਦੀ
ਹੈਸੀ ਅਸਲ ਅੰਦਰ 'ਤੀਰ' ਚਾਲ ਕੋਈ, ਗੌਂ ਗਰਜ਼ ਦੇ ਚਤਰ ਵਣਜਾਰਿਆਂ ਦੀ

## ਕਵੀ ਦੀ ਦਲੀਲ

ਹੈ ਤਾਂ ਠੀਕ ਚੋਜੀ ਜਾਨੀ ਜਾਨ ਹੈਸਨ, ਤ੍ਰਾਂਵੀਂ ਛੱਤ 'ਤੇ ਜਾਣ ਦੀ ਲੋੜ ਕੀ ਸੀ
ਕਰਾਮਾਤ ਨੂੰ ਕਹਿਰ ਜਾਂ ਦੱਸਦੇ ਸੀ, ਫੇਰ ਕਲਾ ਵਿਖਾਣ ਦੀ ਲੋੜ ਕੀ ਸੀ
ਨਿਗ੍ਹਾ ਨਾਲ ਹੀ ਰਾਜ ਉਲਟਾ ਦੇਂਦੇ, ਭਲਾ ਫੇਰ ਘਬਰਾਣ ਦੀ ਲੋੜ ਕੀ ਸੀ
ਜਦੋਂ ਸਰਬ-ਸ਼ਕਤੀਮਾਨ ਆਪ ਹੈਸਨ, ਫੇਰ ਮਦਦ ਬੁਲਾਣ ਦੀ ਲੋੜ ਕੀ ਸੀ
ਜਦੋਂ ਆਪ ਹੈਸਨ ਪੁੰਜ ਤਾਕਤਾਂ ਦੇ, ਫੇਰ ਕਿਸੇ ਦੇ ਤਾਣ ਦੀ ਲੋੜ ਕੀ ਸੀ
ਜਦੋਂ ਘਰੋਂ ਸੀ ਹੋਣ ਕੁਰਬਾਨ ਆਏ, ਫੇਰ ਡਰਨ ਡਰਾਣ ਦੀ ਲੋੜ ਕੀ ਸੀ
ਜਦੋਂ ਰੱਬ ਸੀ ਆਪ ਦੀ ਅੱਖ ਅੰਦਰ, ਫੇਰ ਅੱਖ ਬਚਾਣ ਦੀ ਲੋੜ ਕੀ ਸੀ
'ਤੀਰ' ਸਾਬਰਾਂ ਜਿੱਤ ਦੇ ਮਾਲਕਾਂ ਨੂੰ, 'ਟੋਪੀਵਾਲਾ' ਮੰਗਾਣ ਦੀ ਲੋੜ ਕੀ ਸੀ

## ਇਹ ਨਿਰਾ ਗਪੌੜਾ ਹੈ (ਵੱਲੋਂ ਕਵੀ)

ਅਸਲ ਵਿੱਚ ਇਹ ਕਿਸੇ ਨੇ ਗੱਪ ਮਾਰੀ, ਸਿੱਖ ਕੌਮ ਨੂੰ ਮੂੜ੍ਹ ਬਣਾਨ ਖ਼ਾਤਰ
ਕੂੜ ਲਿੱਖਿਆ ਕਿਸੇ ਦੀ ਚੁੱਕ ਅੰਦਰ, ਲੋਕਾਂ ਭੋਲਿਆਂ ਤਾਈਂ ਫਸਾਣ ਖ਼ਾਤਰ
ਫਾਹੀ ਲਾਈ 'ਅਗੰਮ ਦਾ ਵਾਕ' ਕਹਿ ਕੇ, ਸਿੰਘ ਸ਼ੇਰ ਨੂੰ ਪਿੰਜਰੇ ਪਾਣ ਖ਼ਾਤਰ
ਚਾਲ ਚੱਲ ਗਿਆ ਚਾਲ ਬਾਜ਼ ਕੋਈ, ਅਸਲ ਰਾਹ ਤੋਂ ਕੌਮ ਖੁੰਝਾਣ ਖ਼ਾਤਰ

ਕੋਈ ਹੋਇਗਾ ਚੰਦਰਾ ਗੌਂ ਭਰਿਆ, ਮੋਇਆ ਆਪਣੀ ਗਰਜ਼ ਬਚਾਣ ਖ਼ਾਤਰ
ਕੁਫ਼ਰ ਤੋਲ ਗਿਆ ਝੂਠ ਬੋਲ ਗਿਆ, ਦਿਲੋਂ ਡੋਲ ਗਿਆ ਜ਼ਾਤੀ ਮਾਣ ਖ਼ਾਤਰ
ਉਹਨੇ ਕਿਸੇ ਇਤਿਹਾਸ ਵਿਚ ਲਿਖ ਦਿੱਤਾ, ਸਿੱਖ ਕੌਮ ਤਾਈਂ ਧੋਖਾ ਲਾਣ ਖ਼ਾਤਰ
'ਤੀਰ' ਕੋਈ ਭੁੱਖਾ ਚਾਰ ਟੁੱਕਰਾਂ ਦਾ, ਲੂਣ ਗੁੰਨ੍ਹ ਗਿਆ ਟੁੱਕਰ ਖਾਣ ਖ਼ਾਤਰ

## ਵੱਲੋਂ ਕਵੀ

ਸੁਣੋ ਖਾਲਸਾ ਜੀ! ਇਹੋ ਚਾਹੀਦਾ ਏ, ਏਸ ਗੱਲ ਨੂੰ ਮਨੋ ਭੁਲਾ ਦਈਏ
ਆਏ ਪੱਛਮੋਂ ਏਸ ਖ਼ਿਆਲ ਤਾਈਂ, ਪੱਛੋਂ ਵੱਲ ਹੀ ਫੇਰ ਪਰਤਾ ਦਈਏ
ਪਏ ਏਸ ਅਨ੍ਹੇਰ ਵਿਚ ਭਟਕੀਏ ਨਾ, ਦੀਵੇ ਸੱਚ ਦੇ ਖ਼ੂਬ ਜਗਾ ਦਈਏ
ਇਹ ਜੋ ਚਾਲ ਸਮੁੰਦਰੋਂ ਪਾਰ ਦੀ ਸੀ, ਇਹਨੂੰ ਸਾਗਰਾਂ ਵਿਚ ਵਹਾ ਦਈਏ
ਕੋਈ ਏਸ ਖ਼ਿਆਲ 'ਤੇ ਟੁਰੇ ਨਾਹੀਂ, ਅੱਗੋਂ ਸਾਰਿਆਂ ਤਾਈਂ ਸਮਝਾ ਦਈਏ
'ਤੀਰ' ਕੂੜ ਦੇ ਇਨ੍ਹਾਂ ਗਪੌੜਿਆਂ ਨੂੰ, ਡੂੰਘੇ ਖਾਤਿਆਂ ਵਿੱਚ ਦਬਾ ਦਈਏ

## ਸ੍ਰੀ ਦਸਮੇਸ਼ ਜੀ ਦੀਆਂ ਔਖਿਆਈਆਂ (ਵੱਲੋਂ ਕਵੀ)

ਪਹਿਲੀ ਬਾਲ ਦਸਮੇਸ਼ ਨੇ ਬਲੀ ਦੇ ਕੇ, ਕੀਤੀ ਨਵੀਂ ਹੀ ਕਾਇਮ ਨਜ਼ੀਰ ਵੇਖੋ
ਰੱਤ ਪਿਤਾ ਦੀ ਸਿੰਜ ਕੇ ਹਿੰਦ ਖ਼ਾਤਰ, ਨੈਣੋਂ ਰਤਾ ਨਾ ਡੋਲ੍ਹਿਆ ਨੀਰ ਵੇਖੋ
ਬਾਲ ਉਮਰ ਦੇ ਵਿਚ ਕਮਾਲ ਕੀਤਾ, ਵੱਧ ਦਾਨਿਓਂ ਰੱਖਿਆ ਧੀਰ ਵੇਖੋ
ਓਦ੍ਹੇ ਮੂੰਹ 'ਤੇ ਰਤਾ ਨਾ ਸਹਿਮ ਆਇਆ, ਸੱਟ ਝੱਲ ਕੇ ਰਿਹਾ ਗੰਭੀਰ ਵੇਖੋ
ਪਿਆ ਟਾਕਰਾ ਨਾਲ ਹਕੂਮਤਾਂ ਦੇ, ਉਧਰ ਪਾਤਸ਼ਾਹ, ਇਧਰ ਫ਼ਕੀਰ ਵੇਖੋ
ਇਧਰ ਗੁਰੂ ਸੂਰਾ, ਉੱਧਰ ਫ਼ੌਜ ਸ਼ਾਹੀ, ਇੱਧਰ ਸਿੱਖ, ਤੇ ਉਧਰ ਵਜ਼ੀਰ ਵੇਖੋ
ਉਧਰ ਦਲ ਗੱਜੇ ਮਾਰ-ਖੋਰਿਆਂ ਦਾ, ਇਧਰ ਬਾਲ-ਦਸਮੇਸ਼ ਬਲਬੀਰ ਵੇਖੋ
ਤੇਗ਼ ਗਾਤਰੇ ਤੀਰ ਕਮਾਨ ਹੱਥੀਂ, ਦੇਸ਼-ਭਗਤ ਦੀ ਰਤਾ ਤਸਵੀਰ ਵੇਖੋ
ਜੜ੍ਹ ਜ਼ੁਲਮ ਦੀ ਕਿਸ ਤਰ੍ਹਾਂ ਜਾਏ ਪੁੱਟੀ, ਬਾਲੇ ਗੁਰੂ ਦੀ ਸੋਚ ਤਦਬੀਰ ਵੇਖੋ
ਭਾਰਤ ਮਾਂ ਕੁਰਲਾਂਵਦੀ ਕੂਕਦੀ ਸੀ, ਦਿਲੋਂ ਪਲਟਣੀ ਚਾਹੇ ਤਕਦੀਰ ਵੇਖੋ
ਬਹੁਤਾ ਬੋਲਦਾ ਨਾ, ਰਤਾ ਡੋਲਦਾ ਨਾ, ਐਪਰ ਸੋਚਦਾ ਪੀਰਾਂ ਦਾ ਪੀਰ ਵੇਖੋ
ਸਹਿਮ ਡਰ ਨਾ ਜਿਸ ਨੂੰ ਛੋਹ ਸੱਕੇ, ਸਾਈਂ ਸਾਜਿਆ' ਜਿਹਾ ਸਰੀਰ ਵੇਖੋ
ਨਿੱਕੀ ਜਿੰਦ, ਪਹਾੜ ਮੁਸੀਬਤਾਂ ਦੇ, ਤਾਂ ਭੀ ਰਤਾ ਨਾ ਦਿਲੋਂ ਦਿਲਗੀਰ ਵੇਖੋ
ਏਸ ਦੇਸ਼ ਦੇ ਗਲੋਂ ਗ਼ੁਲਾਮੀਆਂ ਦੇ, ਚਾਹਵੇ ਤੋੜਨੇ ਕੁੱਲ ਜ਼ੰਜੀਰ ਵੇਖੋ
ਨਾਲ ਤੇਗ਼ ਦੇ ਪੁੱਟਣਾ ਚਾਹੁੰਦਾ ਏ, ਉੱਗੇ ਹਿੰਦ ਵਿਚ ਜ਼ੁਲਮ ਕਰੀਰ ਵੇਖੋ
ਕਿਵੇਂ, ਏਸ ਕੁਰਬਾਨੀਆਂ ਦੇਣੀਆਂ ਨੇ, ਕਿਵੇਂ ਚਲਦੇ ਏਸਦੇ 'ਤੀਰ' ਵੇਖੋ

### ਮਾਤਾ ਗੁਜਰੀ ਜੀ ਦੀ ਸਿਆਣਪ ਤੇ ਉੱਦਮ (ਵੱਲੋਂ ਕਵੀ)

ਨੌਵੇਂ ਗੁਰੂ ਜਾਂ ਇਉਂ ਸ਼ਹੀਦ ਹੋਏ, ਦਿਲੇ ਸੋਚ ਖ਼ਿਆਲ ਦੁੜਾ ਮਾਤਾ
ਵਰਤ ਗਏ ਭਾਣੇ ਅੱਗੇ ਮੰਨ ਭਾਣਾ, ਦਿੱਤਾ ਆਪਣਾ ਸੀਸ ਨਿਵਾ ਮਾਤਾ
ਕਲਗੀਧਰ ਦਾ ਸੀ ਕ੍ਰਿਪਾਲ ਮਾਮਾ, ਸਿੱਖ ਭੇਜ ਕੇ ਲਿਆ ਸਦਵਾ ਮਾਤਾ
ਅੱਗੋਂ ਕਿਵੇਂ ਹੋਣਾ ਅਤੇ ਕੀ ਕਰਨਾ, ਕਹੇ ਵੀਰ ਨੂੰ ਗੱਲ ਸਮਝਾ ਮਾਤਾ
ਸੱਦੇ ਫੇਰ ਮਸੰਦ ਮਸਾਹਿਬ ਸਾਰੇ, ਮਤਾ ਉਨ੍ਹਾਂ ਦੇ ਨਾਲ ਪਕਾ ਮਾਤਾ
ਨੌਵੇਂ ਗੁਰੂ ਜੀ ਦੀ ਅੰਤਿਮ ਰੀਤ ਕੀਤੀ, ਏਦਾਂ ਆਪਣੇ ਫ਼ਰਜ਼ ਨਿਭਾ ਮਾਤਾ
'ਛੇਤੀ ਗੱਦੀ ਬਿਠਾਲੀਏ ਸਾਹਿਬਜ਼ਾਦਾ', ਕਰੇ ਸੋਚ ਹਰ ਘੜੀ ਦਨਾ ਮਾਤਾ
ਦਿੱਨ ਮਿੱਥਿਆ ਗਿਆ ਵੈਸਾਖ ਪਹਿਲੀ, ਦਿੱਤੇ ਹਰ ਥਾਂ ਦੂਤ ਦੁੜਾ ਮਾਤਾ
ਉਨ੍ਹਾਂ ਥਾਂ ਥਾਂ ਦੱਸਿਆ ਹੁਕਮਨਾਮਾ, ਸਿੱਖੋ ਸੇਵਕੋ! ਰਹੀ ਬੁਲਾ ਮਾਤਾ
'ਤੀਰ' ਗੁਰੂ ਹੁਣ ਬਹੇਗਾ ਉਹ ਗੱਦੀ, ਜਿਹੜਾ ਦੇਸ਼ ਲਈ ਦਏ ਘੁਮਾ ਮਾਤਾ

### ਸਿੱਖ ਸੰਗਤਾਂ ਦੀਆਂ ਵਹੀਰਾਂ ਅਨੰਦਪੁਰੀ ਨੂੰ (ਵੱਲੋਂ ਕਵੀ)

ਖ਼ਬਰ ਖ਼ੁਸ਼ੀ ਦੀ ਇਹ ਥਾਂ ਥਾਂ ਫੈਲੀ, ਲੋਕੀਂ ਨਵਾਂ ਵਿਸਾਖ ਮਨਾਣ ਆਏ
ਪੜ੍ਹਦੇ ਆਉਣ ਬਾਣੀ ਜਥੇਬੰਦ ਹੋ ਕੇ, ਦਿਲੋਂ ਦੀਦ ਦਸਮੇਸ਼ ਦਾ ਪਾਣ ਆਏ
ਜੇੜ੍ਹੀ ਧੂੜ ਨੇ ਗੁਰਾਂ ਦੇ ਚਰਨ ਛੋਹੇ, ਧੂੜੀ ਉਹ ਮੱਥੇ ਉੱਤੇ ਲਾਣ ਆਏ
ਚੀਜ਼ਾਂ ਵੰਨ ਸੁਵੰਨੀਆਂ ਲੈ ਲੈ ਕੇ, ਜਾਨੀ ਜਾਣ ਨੂੰ ਭੇਟ ਚੜ੍ਹਾਣ ਆਏ
ਹਸੂੰ ਹਸੂੰ ਕਰਦੇ ਸਾਰੇ ਖਿੜੇ ਮੱਥੇ, ਮਾਨੋਂ ਪੁਰੀ ਅਨੰਦ ਮਹਿਕਾਣ ਆਏ
ਪ੍ਰੇਮ-ਰੀਤ ਬੱਧੇ ਉਹ ਪਤੰਗ ਵਾਂਙੂ, ਜੋਤ ਸੱਚ ਦੀ ਦਾ ਦੀਦ ਪਾਣ ਆਏ
ਜਿਨ੍ਹੇ ਪਿਤਾ ਦਾ ਸੀਸ ਕੁਰਬਾਨ ਕੀਤਾ, ਲੋਕੀਂ ਓਸ ਨੂੰ ਸੀਸ ਨਿਵਾਣ ਆਏ
ਮਾਨੋ ਜਾਗਦੀ ਜੋਤ ਦੇ ਨਾਲ ਛੁਹਕੇ, ਬੁੱਝੇ ਦਿਲਾਂ ਦੀ ਜੋਤ ਜਗਾਣ ਆਏ
ਜਿਹੜੇ ਦਿਲੋਂ ਤਿਹਾਏ ਸੀ ਦਰਸ਼ਨਾਂ ਦੇ, ਏਥੇ ਦਿਲੀ-ਪਿਆਸ ਮਿਟਾਣ ਆਏ
ਜਿਨ੍ਹੇ ਗੱਦੀ ਗ਼ੁਲਾਮੀ ਦੀ ਸਾੜਨੀ ਏਂ, 'ਤੀਰ' ਓਸ ਨੂੰ ਗੱਦੀ ਬਿਠਾਣ ਆਏ

### ਲੋਕੀਂ ਕਿੱਥੋਂ ਕਿੱਥੋਂ ਆਏ?

ਮਾਝਾ ਮਾਲਵਾ ਮੈਣ ਦੁਆਬ ਨੱਕਾ, ਕੰਢੀ ਬੇਟ ਰਲ ਕੇ ਪੁਠੋਹਾਰ ਪੁੱਜਾ
ਪੁੱਜੇ ਬਲਖ਼ ਬੁਖ਼ਾਰੀਏ ਗਜ਼ਨੀਓਂ ਵੀ, ਰਾਹ ਅਟਕ ਦੇ ਕਾਬਲ ਕੰਧਾਰ ਪੁੱਜਾ
ਲੰਮਾ ਦੇਸ ਪਸ਼ੌਰ ਕਸ਼ਮੀਰ ਆਇਆ, ਤੇ ਬੰਗਾਲ ਵੀ ਕਰਨ ਦੀਦਾਰ ਪੁੱਜਾ
ਪੁੱਜਾ ਸਿੰਧ ਮੁਲਤਾਨੀਆਂ ਨਾਲ ਵੇਖੋ, ਘਟਾ ਬੰਨ੍ਹ ਕੇ ਖ਼ੂਬ ਪਿਆਰ ਪੁੱਜਾ
ਜਿਵੇਂ ਪ੍ਰੇਮ ਦੀ ਚੜ੍ਹ ਬਰਸਾਤ ਆਈ, ਮੈਂਙੂ ਪ੍ਰੇਮ ਵਾਲਾ ਠਾਠਾਂ ਮਾਰ ਪੁੱਜਾ
'ਤੀਰ' ਮਾਂਹ ਵਸਾਖ ਦਾ ਭਾਗ ਭਰਿਆ, ਸਿੱਕਾਂ ਸਿੱਕਦੇ ਆਣ ਦਿਹਾਰ ਪੁੱਜਾ

### ਮਾਤਾ ਗੁਜਰੀ ਜੀ ਵੱਲੋਂ ਸ੍ਰੀ ਦਸਮੇਸ਼ ਜੀ ਨੂੰ ਸ਼ਸਤਰ ਸਜਾ ਕੇ ਦੀਵਾਨ ਵਿਚ ਭੇਜਣਾ

ਮਾਤਾ ਗੁੱਜਰੀ ਪਾ ਪੁਸ਼ਾਕ ਸੋਹਣੀ, ਰੀਝਾਂ ਨਾਲ ਸਵਾਰਿਆ ਲਾਲ ਵੇਖੋ
ਖ਼ੂਬ ਢੰਗ ਦੇ ਨਾਲ ਦਸਤਾਰ ਬੱਧੀ, ਦਿੱਤੀ ਜਿਗ੍ਹਾ ਸਜਾ ਕਮਾਲ ਵੇਖੋ
ਤੇਗ਼ ਗਾਤਰੇ ਵਿਚ ਸਜਾ ਸੋਹਣੀ, ਬੱਧੀ ਮੋਢਿਆਂ ਦੇ ਪਿੱਛੇ ਢਾਲ ਵੇਖੋ
ਮੋਤੀ-ਜੜੀ ਕਲਗੀ ਲਿਸ਼ਕਾਂ ਪਈ ਮਾਰੇ, ਪਏ ਲੋਕ ਆਖਣ ਬੇ-ਮਿਸਾਲ ਵੇਖੋ
ਵੇਖ ਘੋੜ-ਸਵਾਰ ਸਰਕਾਰ ਤਾਈਂ, ਲੋਕੀਂ ਝੁੱਕਦੇ ਪ੍ਰੇਮ ਦੇ ਨਾਲ ਵੇਖੋ
ਘੋੜੇ ਦੂਸਰੇ ਉੱਤੇ ਕ੍ਰਿਪਾਲ ਚੜ੍ਹਿਆ, ਰਿਹਾ ਦਿੱਲ ਦੀ ਖ਼ੁਸ਼ੀ ਉਛਾਲ ਵੇਖੋ
ਮਹਾਰਾਜ ਨੂੰ ਵੇਖ ਕੇ ਖ਼ੁਸ਼ ਹੋ ਕੇ, ਵਿੱਚ ਖ਼ੁਸ਼ੀ ਦੇ ਨੱਚਦੇ ਬਾਲ ਵੇਖੋ
'ਤੀਰ' ਜਾਂਵਦੇ ਮਿਹਰ ਦੀ ਨਿਗ੍ਹਾ ਪਾਂਦੇ, ਤੁੱਠ ਤੁੱਠ ਕੇ ਦੀਨ ਦਿਆਲ ਵੇਖੋ

### ਮਾਤਾ ਗੁਜਰੀ ਜੀ ਦੀ ਪ੍ਰਸੰਨਤਾ

ਏਸ ਖ਼ੁਸ਼ੀ ਅੰਦਰ ਮਾਤਾ ਗੁੱਜਰੀ ਨੇ, ਭੁੱਖੇ ਅਤੇ ਕੰਗਾਲ ਰਜਾ ਦਿੱਤੇ
ਗਹਿਣੇ ਕੱਪੜੇ ਬੇਸ਼ੁਮਾਰ ਵੰਡੇ, ਨੰਗੇ ਢੱਕ ਦਿੱਤੇ ਤੇ ਸਜਾ ਦਿੱਤੇ
ਦਿੱਤਾ ਦਾਨ ਏਨਾ ਘਰੋਂ ਮਾਗਤਾਂ ਨੂੰ, ਦਾਨੀ ਸਦਾ ਦੇ ਲਈ ਬਣਾ ਦਿੱਤੇ
'ਤੀਰ' ਆਪਣੇ ਲਾਲ ਦੀ ਖ਼ੁਸ਼ੀ ਉੱਤੋਂ, ਮਾਤਾ ਮਾਇਆ ਦੇ ਮੀਂਹ ਵਰਸਾ ਦਿੱਤੇ

### ਗੁਰ-ਗੱਦੀ ਦੀ ਰਸਮ

ਮੋਹਨ-ਮੂਰਤੀ ਸ੍ਰੀ ਦਸਮੇਸ਼ ਚੋਜੀ, ਬੈਠੇ ਤਖ਼ਤ ਉੱਤੇ ਸਾਵਧਾਨ ਹੋ ਕੇ
ਫੇਰ ਪ੍ਰੇਮ ਵਿਚ ਉਨ੍ਹਾਂ ਨੇ ਸੰਗਤਾਂ ਨੂੰ, ਮੱਥਾ ਟੇਕਿਆ ਦਿਲੋਂ ਨਿਰਮਾਨ ਹੋ ਕੇ
ਕਿਵੇਂ ਬਾਲ ਸਤਿਗੁਰੂ ਜੀ ਸੋਭਦੇ ਨੇ, ਅੰਦਰ ਸੰਗਤਾਂ ਦੇ ਆਲੀਸ਼ਾਨ ਹੋ ਕੇ
ਕਲਮ ਕਵੀ ਦੀ ਥਿੜਕਦੀ ਦੱਸਣੇ ਤੋਂ, ਅਟਕ ਜਾਂਵਦੀ ਬੜੀ ਹੈਰਾਨ ਹੋ ਕੇ
ਜਿਵੇਂ ਤਾਰਿਆਂ ਵਿਚ ਸੁਹਾਂਵਦਾ ਏ, ਸੋਲ੍ਹਾਂ ਕਲਾ ਦਾ ਚੰਦ ਪਰਵਾਨ ਹੋ ਕੇ
ਬੱਤੀ ਦੰਦਾਂ ਦੀ ਬੱਝਵੀਂ ਪਾਲ ਅੰਦਰ, ਜਿਵੇਂ ਸੋਭਦੀ ਸ਼ਾਨ ਜ਼ੁਬਾਨ ਹੋ ਕੇ
ਜਿਵੇਂ ਭਗਤ ਨਿਰਲੋਭ ਦੇ ਦਿੱਲ ਅੰਦਰ, ਜੋਤ ਵੱਸਦੀ ਆਪ ਭਗਵਾਨ ਹੋ ਕੇ
ਆਸਮਾਨ ਅੰਦਰ ਜਿਵੇਂ ਨੂਰ ਰੱਬੀ, ਰੋਜ਼ ਤੇਜ ਪ੍ਰਕਾਸ਼ਦਾ ਭਾਨ ਹੋ ਕੇ
'ਤੀਰ' ਸੋਭਦੇ ਤਿਵੇਂ ਦਸਮੇਸ਼ ਬੈਠੇ, ਜੇਕਰ ਵੇਖੀਏ ਅੰਤਰ-ਧਿਆਨ ਹੋ ਕੇ

### ਵੱਲੋਂ ਕਵੀ

ਬੈਠੇ ਵੇਖ ਦਸਮੇਸ਼ ਜੀ ਤਖ਼ਤ ਉੱਤੇ, ਹੱਦੋਂ ਵੱਧ ਕੇ ਖ਼ੁਸ਼ੀ ਮਨਾਈ ਸਿੱਖਾਂ
ਕੀਤੀ ਫੁੱਲ-ਬਰਖਾ ਜਾਨੀ ਜਾਨ ਉੱਤੇ, ਖ਼ੁਸ਼ੀ-ਭਰੀ ਬਸੰਤ ਬਣਾਈ ਸਿੱਖਾਂ
ਬਾਬੇ ਬੁੱਢੇ ਦੀ ਬੰਸ 'ਚੋਂ 'ਗੁਰਾਂ ਦਿੱਤਾ', ਦਿੱਤੀ ਓਸ ਨੂੰ ਇਹ ਵਡਿਆਈ ਸਿੱਖਾਂ

ਉਸੇ ਤਿਲਕ ਲਾਯਾ, ਤੇ ਨਰੇਲ ਧਰਿਆ, ਨਾਲ ਨਿਮਰਤਾ ਧੌਣ ਨਿਵਾਈ ਸਿੱਖਾਂ
ਸੋਢੀ ਪਾਤਸ਼ਾਹ ਦੱਸਵਾਂ ਗੁਰੂ ਬਣਿਆ, ਕੀਤੀ ਰੱਜ ਕੇ ਖ਼ੁਸ਼ੀ ਗੁਰ-ਭਾਈ ਸਿੱਖਾਂ
'ਤੀਰ' ਏਸ ਉਤਸ਼ਾਹ ਦੀ ਦਿਲੋਂ ਦਿੱਤੀ, ਇੱਕ ਦੂਸਰੇ ਤਾਈਂ ਵਧਾਈ ਸਿੱਖਾਂ

### ਸੰਗਤਾਂ ਵੱਲੋਂ ਸੁਗਾਤਾਂ

ਲੱਗਾ ਤਿਲਕ ਤਾਂ ਗੁਰਾਂ ਨੂੰ ਵੇਖਦੇ ਹੀ, ਨਿਵੇਂ ਲੋਕ ਸਭ ਮਾਣ ਸਤਿਕਾਰ ਕਰਕੇ
ਬੇਦੀ, ਤ੍ਰੇਹਣ, ਭੱਲੇ, ਸੋਢੀ, ਪਏ ਚਰਨੀਂ, ਭੇਟਾਂ ਦਿੱਤੀਆਂ ਦਿਲੋਂ ਪਿਆਰ ਕਰਕੇ
ਮਾਮੇ ਪੰਜ ਸ਼ਸਤਰ ਅਤੇ ਇੱਕ ਘੋੜਾ, ਭੇਟਾ ਚਾੜ੍ਹਿਆ ਖ਼ਾਸ ਦੀਦਾਰ ਕਰਕੇ
ਖ਼ੁਸ਼ੀ ਵਿੱਚ ਹਰਖਾਈ ਸਮਾਈ ਨਾਹੀਂ, ਮੁਹਰਾਂ ਵੰਡੀਆਂ ਮਾਂ ਮਲ੍ਹਾਰ ਕਰਕੇ
ਹਰ ਇੱਕ ਨੇ ਕੁੱਝ ਨਾ ਕੁੱਝ ਦਿੱਤਾ, ਲੈਣਾ ਕਵੀ ਨੇ ਕੀ ਵਿਸਥਾਰ ਕਰਕੇ
'ਤੀਰ' ਖ਼ੁਸ਼ੀ ਦੀ ਅੰਤ ਅਰਦਾਸ ਹੋਈ, ਕਾਜ ਸੌਰਿਆ ਯਾਦ ਕਰਤਾਰ ਕਰਕੇ

### ਵੱਲੋਂ ਕਵੀ

ਲੋਕਾਂ ਵੇਖਿਆ ਸਾਮ੍ਹਣੇ ਤਖ਼ਤ ਉੱਤੇ, ਬੀਰ-ਸਤਿਗੁਰੂ ਧਰਮ ਕਮਾਣ ਵਾਲਾ
ਦੇਸ਼-ਭਗਤ ਹਮਦਰਦ ਤੇ ਮਰਦ ਪੂਰਾ, ਬਚਨ ਆਖ ਕੇ ਤੋੜ ਨਿਭਾਣ ਵਾਲਾ
ਝੱਟ ਤਾਰ ਖੜਕੀ ਸਾਰੇ ਦਿਲਾਂ ਅੰਦਰ, ਕੋਈ ਆ ਗਿਆ ਏ ਅਣਖ ਆਨ ਵਾਲਾ
ਸੁਣੀ ਜਾਇਗੀ ਹਿੰਦ ਦੇ ਆਜਜ਼ਾਂ ਦੀ, ਪੁੱਜਾ ਰੋਂਦਿਆਂ ਤਾਈਂ ਹਸਾਣ ਵਾਲਾ
ਆਸਮਾਨ ਵਿੱਚੋਂ ਏਦਾਂ ਸੱਦ ਆਈ, 'ਰਹਿਣਾ ਹੁਣ ਨਾ ਕੋਈ ਡਰਾਣ ਵਾਲਾ'
ਉਠੋ ਹਿੰਦ ਦੇ ਮੁਰਦਿਓ! ਜੀਓ ਜਾਗੋ! ਗੁਰੂ ਆ ਗਿਆ ਮੋਏ ਜੀਵਾਣ ਵਾਲਾ
ਏਸ ਓਹ ਕੁਰਬਾਨੀਆਂ ਕਰਨੀਆਂ ਨੇ, ਕਰ ਸਕੇਗਾ ਕੋਈ ਨਾ ਤਾਣ ਵਾਲਾ
'ਤੀਰ' ਪੁਰੀ ਅਨੰਦ ਦੇ ਵਿਚ ਬੈਠਾ, ਭਾਰਤ ਮਾਤਾ ਦੀ ਬੰਦ ਛੁਡਾਣ ਵਾਲਾ

### ਦੁਲਚੇ ਮਸੰਦ ਦਾ ਕਪਟ

ਸਦਾ ਵਾਂਗਰਾਂ ਹੀ ਦੀਪਮਾਲ ਉੱਤੇ, ਦੁਲਚੇ ਨਾਂ ਦਾ ਇਕ ਮਸੰਦ ਆਇਆ
ਆਂਦੀ ਕਾਰ ਭੇਟਾ ਜਾਣੀ ਜਾਂਣ ਖ਼ਾਤਰ, ਵਿਚੋਂ ਹੋ ਲੋਭੀ ਮੱਤਿ ਮੰਦ ਆਇਆ
ਕਾਰ-ਭੇਟ ਦੇ ਕੜੇ ਚੁਰਾ ਲੀਤੇ, ਜੋੜਾ ਓਸ ਨੂੰ ਇਕ ਪਸੰਦ ਆਇਆ
ਚੋਰੀ ਗੁਰਾਂ ਦੇ ਨਾਲ ਵੀ ਕਰਨ ਲੱਗਾ, ਸਿੱਖੀ ਸਿਦਕ ਦੀ ਤੋੜ ਕੇ ਤੰਦ ਆਇਆ
ਘਰੋਂ ਚੱਲਿਆ ਸੀ ਲੋਭ ਮਾਰਿਆ ਉਹ, ਹੋਰ ਰਾਹ ਅੰਦਰ ਚਾੜ੍ਹ ਚੰਦ ਆਇਆ
ਪਹਿਲਾਂ ਏਸ ਤੋਂ ਵੀ ਕੀਤੀ ਜੋ ਚੋਰੀ, ਕਰ ਵਿੱਚ ਸੰਦੂਕ ਦੇ ਬੰਦ ਆਇਆ
ਦੂਜੀ ਕਾਰ ਇਹ ਲੋਭ ਦੇ ਵੱਸ ਕੀਤੀ, ਹੋ ਕੇ ਲਾਲਸਾ ਨਾਲ ਪੈਵੰਦ ਆਇਆ
'ਤੀਰ' ਨਾਲ ਮੁਲਤਾਨ ਤੋਂ ਲੈ ਸਿੱਖੀ, ਵੇਖਣ ਵਾਸਤੇ ਪੁਰੀ ਅਨੰਦ ਆਇਆ

## ਦੁਲਚੇ ਨੂੰ ਮਹਾਰਾਜ ਨੇ ਪਰਖਣਾ

ਪੁੱਜਾ ਸਤਿਗੁਰਾਂ ਦੇ ਪਾਸ ਆਨ ਦੁਲਚਾ, ਛੱਲ ਕੱਪਟ ਫ਼ਰੇਬ ਕਮਾਣ ਵਾਲਾ
ਮੱਥਾ ਟੇਕਿਓ ਸੂ ਕਾਰ ਭੇਟ ਧਰ ਕੇ, ਦਿੱਲ ਜਾਣ ਗਿਆ ਜਾਨੀ ਜਾਣ ਵਾਲਾ
ਗੁਰਾਂ ਪੁੱਛਿਆ ਬੜਾ ਹੈਂ ਸਿੱਖ ਸਿਦਕੀ, ਪੂਰੀ ਗੁਰਾਂ ਦੀ ਕਾਰ ਪੁਚਾਣ ਵਾਲਾ
ਕੁੱਝ ਰਹਿ ਤੇ ਗਿਆ ਨਹੀਂ ਕੋਲ ਤੇਰੇ, ਕੌਡੀ ਨਹੀਂ ਤੂੰ ਕਿਸੇ ਦੀ ਖਾਣ ਵਾਲਾ
ਸੁਣਨ ਸਾਰ 'ਹੰਕਾਰਿਆ' ਬੋਲ ਪਿਆ, ਜਾਨੀ ਜਾਣ ਮੈਂ ਹਾਂ ਅਣਖ ਆਨ ਵਾਲਾ
'ਤੀਰ' ਧੰਨ ਪਰਾਏ ਨੂੰ ਭੁੱਲ ਕੇ ਵੀ, ਕਦੇ ਨਹੀਂ ਮੈਂ ਹੱਥ ਲਗਾਣ ਵਾਲਾ

## ਹੋਰ ਕਹਿਣਾ ਦੁਲਚੇ ਦਾ

ਮੈਂ ਤੇ ਕੁੱਝ ਵੀ ਰੱਖਿਆ ਕੋਲ ਨਾਹੀਂ, ਤੁਸੀਂ ਗੁਰੂ ਜੀ ਮੇਰੀ ਸਚਾਈ ਵੇਖੋ
ਜਿਨੀ ਕਾਰ ਭੇਟਾ ਭੇਜੀ ਸੇਵਕਾਂ ਨੇ, ਅੱਗੇ ਆਪ ਦੇ ਆਨ ਟਿਕਾਈ ਵੇਖ
ਚੀਜ਼ ਗੁਰੂ ਦੀ ਆਪਣੇ ਕੋਲ ਰੱਖਾਂ, ਕਿਤੇ ਹਾਂ ਮੈਂ ਮੂੜ੍ਹ ਸ਼ੁਦਾਈ ਵੇਖੋ
'ਤੀਰ' ਡੰਨ ਦੇਣਾ ਮੈਨੂੰ ਉਸੇ ਵੇਲੇ, ਗੁਰੂ ਘਰ ਦਾ ਜੇ ਪੈਸਾ ਪਾਈ ਵੇਖ

## ਫੇਰ ਦਸਮੇਸ਼ ਜੀ ਦਾ ਕਹਿਣਾ

ਗੁਰਾਂ ਆਖਿਆ ਰਿਹਾ ਨਾ ਕੁੱਝ ਹੋਵੇ, ਜ਼ਰਾ ਆਪਣਾ ਆਪ ਵਿਚਾਰ ਲੈ ਤੂੰ
ਭੁੱਲੀ ਕਿਸੇ ਦੀ ਹੋਏ ਜੇ ਕਾਰ ਭੇਟਾ, ਝਾਤੀ ਆਪਣੇ ਆਪ ਵਿਚ ਮਾਰ ਲੈ ਤੂੰ
ਵੱਡੀ ਗੱਲ ਨਹੀਂ ਭੁੱਲ ਦਾ ਹੋ ਜਾਣਾ, ਕੋਈ ਹੋਏ ਤਾਂ ਹੁਣੇ ਸੁਧਾਰ ਲੈ ਤੂੰ
ਪੂਜਾ-ਧਾਨ ਨਹੀਂ ਹੋਂਵਦਾ ਹਜ਼ਮ ਸਿੱਖਾ, ਐਵੇਂ ਸਿਰ 'ਤੇ ਨਾ ਵਾਧੂ ਭਾਰ ਲੈ ਤੂੰ

## ਦੁਲਚਾ ਕਹਿਣ ਲੱਗਾ

ਸੇਵਕ ਆਪਦਾ ਹਾਂ ਦੁਲਚਾ ਨਾਮ ਮੇਰਾ, ਅੱਜ ਹੋ ਗਿਆ ਗੁਰੂ ਜੀ ਹੋਰ ਨਾਹੀਂ
ਐਵੇਂ ਮੁੜ ਮੁੜ ਕੇ ਕਾਹਨੂੰ ਪੁੱਛਦੇ ਹੋ, ਸਿੱਖ ਆਪਦਾ ਹਾਂ ਕੋਈ ਚੋਰ ਨਾਹੀਂ
ਰੱਖਾਂ ਕਿਸੇ ਦੀ ਭੇਟ ਮੈਂ ਮਾਰ ਠੱਗੀ, ਹੋਰ ਪਾਪ ਕੋਈ ਏਸ ਤੋਂ ਘੋਰ ਨਾਹੀਂ
'ਤੀਰ' ਜਿਵੇਂ ਚਾਹੋ ਤਿਵੇਂ ਕਰੋ ਬੇਸ਼ੱਕ, ਕੋਈ ਏਸ ਨਿਮਾਣੇ ਦਾ ਜ਼ੋਰ ਨਾਹੀਂ

## ਦੁਲਚੇ ਦਾ ਪਾਜ ਖੁੱਲ੍ਹ ਗਿਆ (ਵੱਲੋਂ ਕਵੀ)

ਨਾਲ ਗੁਰਾਂ ਦੇ ਟਾਕਰਾ ਲਾ ਬੈਠਾ, ਮੱਤ ਲੋਭ ਨੇ ਮੂੜ੍ਹ ਦੀ ਮਾਰ ਦਿੱਤੀ
ਉਦ੍ਹੀ ਸਤਿਗੁਰਾਂ ਹਸਦਿਆਂ ਹਸਦਿਆਂ ਈ, ਧੱਪਾ ਮਾਰ ਕੇ ਪੱਗ ਉਤਾਰ ਦਿੱਤੀ
ਡਿਗੀ ਛਣੰ ਕਰਕੇ ਜੋੜੀ ਕੰਗਣਾਂ ਦੀ, ਭਾਗਾਂ ਮੂੜ੍ਹ ਮਸੰਦ ਨੂੰ ਹਾਰ ਦਿੱਤੀ
'ਤੀਰ' ਘੜੀ ਦੀ ਘੜੀ ਦੇ ਵਿਚ ਵੇਖੋ, ਗੁਰਾਂ ਦੱਸ ਮਸੰਦ ਦੀ ਕਾਰ ਦਿੱਤੀ

ਦੋਹਰਾ— ਝੂਠੇ ਲੋਭੀ ਮੂੜ੍ਹ ਦਾ, ਟੁੱਟਿਆ ਜਿਸ ਪਲ ਮਾਣ।
ਏਦਾਂ ਕਹਿ ਕੇ ਤੀਰ ਜੀ, ਲੱਗਾ ਭੁੱਲ ਬਖ਼ਸ਼ਾਣ॥

### ਦੁਲਚੇ ਨੇ ਸਤਿਗੁਰਾਂ ਪਾਸੋਂ ਮਾਫ਼ੀ ਮੰਗਣੀ

ਮਹਾਰਾਜ! ਮੈਨੂੰ ਲੋਭ ਠੱਗ ਲੀਤਾ, ਨਾਲ ਆਪ ਦੇ ਦਗ਼ਾ ਕਮਾਇਆ ਮੈਂ
ਰੂਪਾ ਸਿੱਖ, ਮੁਲਤਾਨ ਦੇ ਰਹਿਣ ਵਾਲਾ, ਭੇਟਾ ਓਸ ਦੇ ਘਰੋਂ ਲਿਆਇਆ ਮੈਂ
ਖ਼ੂਬਸੂਰਤੀ ਇਨ੍ਹਾਂ ਦੀ ਵੇਖਦੇ ਹੀ, ਡਾਢਾ ਦਿੱਲ ਦੇ ਵਿਚ ਲਲਚਾਇਆ ਮੈਂ
ਕਾਰ ਭੇਟ 'ਚੋਂ ਕੱਢ ਕੇ ਤਦੋਂ ਦਾਤਾ, ਪੱਗ ਵਿੱਚ ਇਹਨਾਂ ਨੂੰ ਲੁਕਾਇਆ ਮੈਂ
ਐਸੀ ਲੋਭ ਨੇ ਆਣ ਕੇ ਮੱਤ ਮਾਰੀ, ਜਾਣੀ ਜਾਣ ਨੂੰ ਦਿਲੋਂ ਭੁਲਾਇਆ ਮੈਂ
ਨਾਲੇ ਚੀਜ਼ ਵੀ ਰਹੀ ਨਾ ਕੋਲ ਮੇਰੇ, ਨਾਲੇ 'ਗੁਰੂ ਦਾ ਚੋਰ' ਸਦਵਾਇਆ ਮੈਂ
ਮੈਨੂੰ ਰੱਜ ਕੇ ਹੋਈ ਸ਼ਰਮਿੰਦਗੀ ਏ, ਕੀਤਾ ਆਪਣਾ ਜਾਣ ਲੌ ਪਾਇਆ ਮੈਂ
ਅੰਨ੍ਹਾ ਹੋ ਗਿਆ ਸਾਂ, ਗੁਰੂ ਦਿੱਸਿਆ ਨਾ, ਐਸਾ ਵਿਚ ਹੰਕਾਰ ਦੇ ਆਇਆ ਮੈਂ
ਮਾਫ਼ੀ ਦਿਓ ਤਾਂ, ਫੇਰ ਹੈ ਲੱਥ ਜਾਂਦਾ, ਧੱਬਾ ਇਹ ਜੋ ਸਿਦਕ ਨੂੰ ਲਾਇਆ ਮੈਂ
'ਤੀਰ' ਆਪਣੇ ਬਿਰਦ ਦੀ ਲਾਜ ਰੱਖੋ, ਕੀਤੀ ਕਾਰ 'ਤੇ ਹਾਂ ਪਛੋਤਾਇਆ ਮੈਂ

### ਸ੍ਰੀ ਦਸਮੇਸ਼ ਜੀ ਦੇ ਬਚਨ

ਜਾਣੀ ਜਾਣ ਦਸਮੇਸ਼ ਜੀ ਇਉਂ ਬੋਲੇ, ਸਾਡੀ ਕਦੇ ਵੀ ਗੱਲ ਭੁਲਾਈਂ ਨਾ ਤੂੰ
ਪੂਜਾ ਗੁਰਾਂ ਦੀ ਵੇਖ ਕੇ ਘੱਰ ਆਈ, ਅੱਗੋਂ ਵਾਸਤੇ ਚਿੱਤ ਡੁਲਾਈਂ ਨਾ ਤੂੰ
ਗੁਰੂ ਜਾਣਦੇ ਨੇ ਸੱਭੋ ਦਿਲ ਦੀਆਂ, ਕੋਈ ਗੁਰਾਂ ਤੋਂ ਭੇਦ ਲੁਕਾਈਂ ਨਾ ਤੂੰ
'ਤੀਰ' ਆਪਣੇ ਆਪ ਨੂੰ ਦੇ ਧੋਖਾ, ਦਗ਼ਾ ਕਾਰ ਦੇ ਵਿਚ ਕਮਾਈਂ ਨਾ ਤੂੰ

### ਵੱਲੋਂ ਕਵੀ

ਰੋਜ਼ ਇਸ ਤਰ੍ਹਾਂ ਦੇ ਰਹਿਣ ਚੋਜ ਹੁੰਦੇ, ਰੋਜ਼ ਸੱਜਦੇ ਖ਼ੂਬ ਦੀਵਾਨ ਹੈਸਨ
ਰੋਜ਼ ਆਂਵਦੇ ਚੱਲਕੇ ਸਿੱਖ ਪ੍ਰੇਮੀ, ਰੋਜ਼ ਪਾਂਵਦੇ ਗੁਰਾਂ ਤੋਂ ਮਾਨ ਹੈਸਨ
ਰੋਜ਼ ਕੀਰਤਨ ਦੀ ਝੜੀ ਲੱਗਦੀ ਸੀ, ਰੋਜ਼ ਰੱਸ ਲੈਂਦੇ ਸਿਦਕਵਾਨ ਹੈਸਨ
'ਤੀਰ' ਗੁਰੂ ਦਸਮੇਸ਼ ਜੀ ਦੇਸ਼-ਦਰਦੀ, ਰੋਜ਼ ਬਖ਼ਸ਼ਦੇ ਬ੍ਰਹਮ-ਗਿਆਨ ਹੈਸਨ

### ਸ੍ਰੀ ਦਸਮੇਸ਼ ਜੀ ਉੱਤੇ ਸਮੇਂ ਦੇ ਹਾਲਾਤ ਦਾ ਅਸਰ (ਵੱਲੋਂ ਕਵੀ)

ਨਿਗ੍ਹਾ ਦੂਰ ਦੀ ਸੁੱਟ ਕੇ ਸਮੇਂ ਉੱਤੇ, ਜਾਣੀ ਜਾਣ ਜੀ ਸਦਾ ਵਿਚਾਰਦੇ ਸੀ
ਦੇਸ਼ ਦੁਖੀ ਸੀ ਜ਼ੁਲਮ ਦੇ ਵਿਚ ਪੰਜੇ, ਥਾਉਂ ਥਾਂ ਆਜਜ਼ ਢਾਹਾਂ ਮਾਰਦੇ ਸੀ
ਪਈ ਹੋਈ ਸੀ ਛੱਟ ਗ਼ੁਲਾਮੀਆਂ ਦੀ, ਚਾਲੇ ਚੰਦਰੇ ਮੁਗ਼ਲ-ਸਰਕਾਰ ਦੇ ਸੀ
ਸੋਨ-ਚਿੜੀ ਸੀ ਪਿੰਜਰੇ ਵਿੱਚ ਫਾਥੀ, ਦਿਨ ਹਿੰਦ ਲਈ ਅੱਤਿਆਚਾਰ ਦੇ ਸੀ

ਕਿਵੇਂ ਦੇਸ਼ ਦੀ ਕਸ਼ਟਨੀ ਦੂਰ ਹੁੰਦੀ, ਹਿੰਦੂ ਰਹੇ ਨਾ ਧਨੀ ਤਲਵਾਰ ਦੇ ਸੀ
'ਤੀਰ' ਲੋੜ ਹੈ ਅੱਜ ਕੁਰਬਾਨੀਆਂ ਦੀ, ਇਹ ਖ਼ਿਆਲ ਦਸਮੇਸ਼ ਦਾਤਾਰ ਦੇ ਸੀ

### *ਮਹਾਰਾਜ ਜੀ ਦੀ ਸੋਚ*

ਰਹਿਣ ਸੋਚਦੇ ਸਦਾ ਹੀ ਦਿਲ ਅੰਦਰ, ਕੋਈ ਬਣਤ ਬਣਾਵਣੀ ਚਾਹੀਦੀ ਏ
ਬੂਟਾ ਹਰਾ ਹੋ ਜਾਏ ਅਜ਼ਾਦੀਆਂ ਦਾ, ਇਹਨੂੰ ਰੱਤ ਪਿਲਾਵਣੀ ਚਾਹੀਦੀ ਏ
ਧਰਤ ਕੱਲਰੀ ਹਿੰਦ ਦੀ ਸਿੰਜਣੇ ਨੂੰ, ਨਵੀਂ ਰੁੱਤ ਲਿਆਵਣੀ ਚਾਹੀਦੀ ਏ
ਉੱਤੇ ਦੇਸ਼ ਦੇ ਝੜੀ ਕੁਰਬਾਨੀਆਂ ਦੀ, ਗੱਜ ਵੱਜ ਕੇ ਲਾਵਣੀ ਚਾਹੀਦੀ ਏ
ਜਿਹੜੇ ਰਾਜ ਵਿਚ ਅੱਤਿਆਚਾਰ ਹੋਵੇ, ਉਦ੍ਹੀ ਜੜ੍ਹ ਗਵਾਵਣੀ ਚਾਹੀਦੀ ਏ
ਕਦੇ ਸੋਚ ਕਰਦੇ ਸ਼ਾਂਤ-ਮਈ ਵਾਲੀ, ਗੁੱਡੀ ਹੋਰ ਵਧਾਵਣੀ ਚਾਹੀਦੀ ਏ
ਫੇਰ ਕਹਿਣ ਨਹੀਂ ਅੱਜ ਤੋਂ ਕੌਮ ਹਿੰਦੀ, ਨਵੇਂ ਰਾਹ ਤੁਰਾਵਣੀ ਚਾਹੀਦੀ ਏ
ਰਹੇ ਸਿਮਰਨਾ ਵੀ ਇਕ ਹੱਥ ਅੰਦਰ, ਦੂਜੇ ਤੇਗ ਫੜਾਵਣੀ ਚਾਹੀਦੀ ਏ
ਬਾਣੀ ਪੜ੍ਹਦਿਆਂ ਹੋਇ ਸ਼ਹੀਦ ਜੇੜ੍ਹੀ, ਐਸੀ ਫ਼ੌਜ ਜੀਵਾਵਣੀ ਚਾਹੀਦੀ ਏ
ਬਾਜ, ਬਾਜ਼ ਨਹੀਂ ਆਂਵਦਾ ਹੈਂਕੜਾਂ ਤੋਂ, ਉਦ੍ਹੀ ਟੈਂ ਮਿਟਾਵਣੀ ਚਾਹੀਦੀ ਏ
ਉਹਨੂੰ ਵਿਚ ਮੈਦਾਨ ਮਰੋੜ ਛੱਡੇ, ਐਸੀ ਚਿੜੀ ਚਿੜਾਵਣੀ ਚਾਹੀਦੀ ਏ
ਡਰ ਮੌਤ ਦਾ ਮਨੋਂ ਭੁਲਾ ਛੱਡੇ, ਮੋਈ ਵਿੱਚ ਰੂਹ ਪਾਵਣੀ ਚਾਹੀਦੀ ਏ
ਇਨ੍ਹਾਂ ਪੱਖੀਆਂ ਜੀਂਵਦੇ ਜ਼ਾਲਮਾਂ ਤੋਂ, ਦੁਖੀ ਹਿੰਦ ਛੁਡਾਵਣੀ ਚਾਹੀਦੀ ਏ
ਗੁੱਡੀ ਚੜ੍ਹੀ ਅਸਮਾਨ ਹਤਿਆਰਿਆਂ ਦੀ, ਡੋਰ ਕੱਟ ਵਿਖਾਵਣੀ ਚਾਹੀਦੀ ਏ
ਬੁੱਝੇ ਦਿਲਾਂ ਅੰਦਰ ਸੂਰਬੀਰਤਾ ਦੀ, ਨਵੀਂ ਜੋਤ ਜਗਾਵਣੀ ਚਾਹੀਦੀ ਏ
ਇੱਕੋ ਓਟ ਅਕਾਲ ਦੀ ਚਾਹੀਦੀ ਏ, ਹੋਰ ਕਿਲ੍ਹਾ ਨਾ ਛਾਵਣੀ ਚਾਹੀਦੀ ਏ
ਗਾਨੇ ਬੰਨ੍ਹ ਕੇ ਮੌਤ ਨੂੰ ਵਰੇ ਜੇੜ੍ਹੀ, ਐਸੀ ਕੌਮ ਉਪਜਾਵਣੀ ਚਾਹੀਦੀ ਏ
'ਤੀਰ' ਸ਼ਾਂਤਮਈ ਨੂੰ ਫੱਲ ਲਾਣ ਖ਼ਾਤਰ, ਸਾਨੂੰ ਤੇਗ ਚਲਾਵਣੀ ਚਾਹੀਦੀ ਏ

### *ਮਨ ਵਿਚ ਫੇਰ ਸੋਚਦੇ ਹਨ, ਤੇ ਫ਼ੈਸਲਾ ਕਰਦੇ ਹਨ*

ਓਹੋ ਗੁਰੂ ਨਾਨਕ ਮਾਣ ਤਾਣ ਮੇਰਾ, ਜਿਨ੍ਹੇ ਰੁਲਦਿਆਂ ਤਾਈਂ ਸੰਭਾਲਿਆ ਏ
ਓਸੇ ਗੁਰੂ ਅੰਗਦ ਜੀ ਦਾ ਦਾਸ ਹਾਂ ਮੈਂ, ਜਿਨ੍ਹਾਂ ਪ੍ਰੇਮ ਅੰਦਰ ਆਪਾ ਗਾਲਿਆ ਏ
ਓਸੇ ਅਮਰ ਸਤਿਗੁਰੂ ਤੇ ਸਿਦਕ ਮੇਰਾ, ਜਿਨ੍ਹੇ ਫ਼ਰਜ਼ ਸੇਵਾ ਵਾਲਾ ਪਾਲਿਆ ਏ
ਰਾਮਦਾਸ ਸਤਿਗੁਰੂ ਹਨ ਰੂਹ ਮੇਰੀ, ਜਿਨ੍ਹਾਂ ਪ੍ਰੇਮ ਖ਼ਾਤਰ ਜ਼ਫ਼ਰ ਜਾਲਿਆ ਏ
ਅਰਜਨ ਗੁਰੂ ਜੀ ਦਾ ਸੁੱਚਾ ਖ਼ੂਨ ਹਾਂ ਮੈਂ, ਜਿਨ੍ਹਾਂ ਆਪਣਾ ਆਪ ਜਲਾ ਲਿਆ ਏ
ਗੁਰੂ ਹਰਿ ਗੋਬਿੰਦ ਨੇ ਜਿੰਦ ਮੇਰੀ, ਜਿਨ੍ਹਾਂ ਤੇਗ ਦਾ ਜੌਹਰ ਵਿਖਾਲਿਆ ਏ
ਰੂਪ ਹਰੀ ਦਾ ਗੁਰੂ 'ਹਰਿ ਰਾਇ' ਮੇਰੇ, ਜਿਨ੍ਹਾਂ ਪ੍ਰੇਮ ਹੀ ਪ੍ਰੇਮ ਨੂੰ ਭਾਲਿਆ ਏ

ਮੇਰੀ ਉਮਰ ਦੇ ਅੱਠਵੇਂ ਗੁਰੂ ਪੂਰੇ, ਇਲਮ ਗੁੰਗਿਆਂ ਤਾਈਂ ਸਿਖਾਲਿਆ ਏ
ਪਰਮ-ਪੂਜ ਮੇਰੇ ਗੁਰੂ ਪਿਤਾ ਜੀ ਨੇ, ਦਿੱਲ ਆਜਜ਼ਾਂ ਲਈ ਉਛਾਲਿਆ ਏ
ਮੈਨੂੰ ਮੇਰਿਆਂ ਨਵਾਂ ਹੀ ਜਾਮਿਆਂ ਨੇ, ਸਾਵ੍ਹੇਂ ਸਮੇਂ ਨੂੰ ਰੱਖ ਕੇ ਢਾਲਿਆ ਏ
ਕਦੇ ਮੈਂ ਰਜ਼ਾ ਵਿਚ ਰਹਿ ਰਾਜ਼ੀ, ਸ਼ਾਂਤਮਈ ਦੇ ਅੰਗ ਨੂੰ ਪਾਲਿਆ ਏ
ਕਦੇ ਸਮੇਂ ਨੂੰ ਵੇਖ ਕੇ, ਆਪ ਕਹਿ ਕੇ, ਮੀਰੀ ਪੀਰੀ ਦਾ ਰੂਪ ਸਜਾ ਲਿਆ ਏ
ਗਲੇ ਲਾਣ ਲਈ ਕਦੇ ਨਿਮਾਣਿਆਂ ਨੂੰ, ਹੱਸ ਹੱਸ ਕੇ ਗਲਾ ਕਟਵਾ ਲਿਆ ਏ
ਕਦੇ ਤੇਗ਼ ਦੀ ਧਾਰ ਦੇ ਵਿਚ ਪੈ ਕੇ, ਜ਼ੋਰ ਜ਼ੁਲਮ ਨੂੰ ਖ਼ੂਬ ਹੰਗਾਲਿਆ ਏ
ਕਦੇ ਸ਼ਾਂਤ-ਮਈ ਦਾ ਰੰਗ ਦੇਣ ਖ਼ਾਤਰ, ਆਪਾ ਦੇਗ਼ ਦੇ ਵਿੱਚ ਨੁਹਾਲਿਆ ਏ
ਵੱਖੋ ਵੱਖਰੇ ਕੰਮ ਮੈਂ ਆਪ ਕੀਤੇ, ਨੌਆਂ ਜਾਮਿਆਂ ਤਾਈਂ ਨਿਭਾ ਲਿਆ ਏ
ਕੰਮ ਹੁਣ ਵੀ ਸਮੇਂ ਅਨੁਕੂਲ ਕਰਨਾ, ਮਨ ਵਿਚ ਮੈਂ ਪੱਕ ਪਕਾ ਲਿਆ ਏ
'ਤੀਰ' ਤੇਗ਼ ਦੀ ਅੱਜ ਤੋਂ ਰੁੱਤ ਆਈ, ਮੈਂ ਵੀ ਅੱਜ ਤੋਂ ਖੰਡਾ ਉਠਾ ਲਿਆ ਏ

### *ਸ੍ਰੀ ਦਸਮੇਸ਼ ਜੀ ਦੇ ਸਾਹਮਣੇ ਦੋ ਰਾਹ ਸਨ (ਵੱਲੋਂ ਕਵੀ)*

ਦੋਇ ਰਾਹ ਹੈਸਨ ਕਲਗੀਧਰ ਅੱਗੇ, ਇੱਕੇ ਚੁੱਪ ਹੋ ਕੇ ਮੋਨ ਧਾਰ ਲੈਂਦੇ
ਆਪ ਜ਼ੁਲਮ ਦਾ ਹੋ ਸ਼ਿਕਾਰ ਜਾਂਦੇ, ਵਾਂਗ ਹਿੰਦੂਆਂ ਮੰਨ ਨੂੰ ਮਾਰ ਲੈਂਦੇ
ਦੂਜਾ ਰਾਹ ਸੀ ਵਾਸਤੇ ਟਾਕਰੇ ਦੇ, ਵਾਂਗ ਸੂਰਮੇ ਫੜ ਤਲਵਾਰ ਲੈਂਦੇ
'ਤੀਰ' ਦੇਸ਼ ਦੇ ਆਪ ਮਲਾਹ ਹੈਸਨ, ਜਿਵੇਂ ਚਾਹੁੰਦੇ ਦੇਸ਼ ਨੂੰ ਤਾਰ ਲੈਂਦੇ

### *ਦੋਹਾਂ ਵਿਚੋਂ ਇਕ ਰਾਹ ਦਾ ਫੈਸਲਾ ਹੋ ਗਿਆ (ਵੱਲੋਂ ਕਵੀ)*

ਲੰਮੀ ਦੇਰ ਦੀ ਸੋਚ ਵਿਚਾਰ ਪਿੱਛੋਂ, ਜਾਣੀ ਜਾਣ ਨੇ ਪੱਕ ਪਕਾ ਲੀਤਾ
ਦੋਹਾਂ ਰਾਹਾਂ 'ਚੋਂ ਸੋਚ ਕੇ ਤੇਗ਼ ਵਾਲਾ, ਰਾਹ ਆਪਣੇ ਲਈ ਅਪਣਾ ਲੀਤਾ
ਅੱਗੋਂ ਚੱਲਣਾ ਤੇਗ਼ ਦੀ ਧਾਰ ਉਤੇ, ਮੰਨ ਆਤਮਾ ਤਾਈਂ ਸਮਝਾ ਲੀਤਾ
'ਕੱਲੀ ਜਿੰਦੜੀ ਨੇ ਜ਼ੁਲਮ ਮੇਟਣੇ ਦਾ, ਬੀੜਾ ਆਪਣੇ ਆਪ ਉਠਾ ਲੀਤਾ
ਕਿਵੇਂ ਕੌਮ ਨੂੰ ਤੇਗ਼ ਫੜਾਵਣੀ ਏਂ, ਕੌਮੀ-ਜੰਗ ਦਾ ਢੰਗ ਬਣਾ ਲੀਤਾ
ਦਿੱਲ ਆਪਣੇ ਅੰਦਰੋਂ ਦਰਦ ਸਾਰਾ, ਭਾਰਤ ਮਾਂ ਦੇ ਲਈ ਜਗਾ ਲੀਤਾ
'ਮੀਰੀ ਪੀਰੀ' ਦੀ ਤੇਗ਼ ਨੂੰ ਯਾਦ ਕਰਕੇ, ਬੀਰ-ਰਸ ਨੂੰ ਖ਼ੂਬ ਚਮਕਾ ਲੀਤਾ
'ਦੇਸ਼ ਵਿਚੋਂ ਗ਼ੁਲਾਮੀਆਂ ਕੱਟੀਆਂ ਤਾਂ', ਜਾਣੋ ਫੱਲ ਕੁਰਬਾਨੀ ਦਾ ਪਾ ਲੀਤਾ
"ਭਾਵੇਂ ਉੱਜੜਾਂ ਮੈਂ ਦੇਸ਼ ਵੱਸ ਜਾਵੇ", ਏਨਾ ਆਖ ਕੇ ਦਿੱਲ ਗਰਮਾ ਲੀਤਾ
'ਤੀਰ' ਦ੍ਰਿੜ੍ਹ ਹੋ ਕੇ ਲਾਲ ਗੁੱਜਰੀ ਦੇ, ਮੱਥਾ ਜ਼ਾਲਮਾਂ ਦੇ ਨਾਲ ਲਾ ਲੀਤਾ

## ਸ੍ਰੀ ਦਸਮੇਸ਼ ਜੀ ਦਿਲ ਵਿਚ ਏਦਾਂ ਪ੍ਰਣ ਕਰਦੇ ਹਨ

ਭਾਰਤ ਮਾਤ ਮੇਰੀ! ਹੈ ਪ੍ਰਣ ਮੇਰਾ, ਤੇਰੀ ਉੱਜੜੀ ਬਾਰ ਵਸਾ ਦਿਆਂਗਾ
ਤੇਰੀ ਗੋਦ ਦੇ ਫੁੱਲ ਖਿੜਾਣ ਖ਼ਾਤਰ, ਲਹੂ ਆਪਣੀ ਬੰਸ ਦਾ ਪਾ ਦਿਆਂਗਾ
ਤੇਰੀ ਹਿੱਕ 'ਤੇ ਭੰਗੜੇ ਪਾਂਦਿਆਂ ਨੂੰ, ਤੇਗ਼ ਧਾਰ 'ਤੇ ਖ਼ੂਬ ਨਚਾ ਦਿਆਂਗਾ
ਮੇਰੀ ਜੋਤ ਹੋ ਜਾਏਗੀ ਲੀਨ ਭਾਵੇਂ, ਤੇਰੀ ਪੱਤ ਦੀ ਜੋਤ ਜਗਾ ਦਿਆਂਗਾ
ਸੱਤਿ ਮੰਨ ਮਾਤਾ! ਤੇਰੇ ਸੱਤਿ ਤਾਈਂ, ਬੱਚਾ ਬਣ ਜ਼ਰੂਰ ਬਚਾ ਦਿਆਂਗਾ
ਜਿਹੜੇ ਤਖ਼ਤ ਪਾਏ ਤੈਨੂੰ ਵਖ਼ਤ ਮਾਤਾ, ਥੋੜ੍ਹੇ ਦਿਨਾਂ ਦੇ ਵਿਚ ਉਲਟਾ ਦਿਆਂਗਾ
ਤੇਰੇ ਪੁੱਤ ਜੋ ਜੀਂਵਦੇ ਹੈਣ ਮੋਏ, ਐਸਾ ਉਨ੍ਹਾਂ ਨੂੰ ਕੁੱਝ ਪਿਲਾ ਦਿਆਂਗਾ
ਮੌਤ ਉਨ੍ਹਾਂ ਤੋਂ ਡਰੇਗੀ ਸਹਿਮ ਖਾ ਕੇ, ਸੂਰਬੀਰ ਵਰਿਆਮ ਬਣਾ ਦਿਆਂਗਾ
ਤੇਰੀ ਪੱਤਿ ਦਾ ਮਹਿਲ ਬਣਾਨ ਵੇਲੇ, ਲੋੜ ਪਈ ਤਾਂ ਪੁੱਤ ਚਿਣਵਾ ਦਿਆਂਗਾ
ਤੈਨੂੰ ਜਿਨ੍ਹੇ ਗ਼ੁਲਾਮੀ ਦੇ ਤੌਕ ਪਾਏ, ਓਸ ਜ਼ੁਲਮ ਦਾ ਮੂੰਹ ਭੁਆ ਦਿਆਂਗਾ
ਫੇਰ ਸਵੀਂ ਤੂੰ ਸੁਖਾਂ ਦੀ ਨੀਂਦ ਅੰਮਾਂ, ਸੁੱਤੇ ਪੁੱਤ ਤੇਰੇ ਜਾਂ ਜਗਾ ਦਿਆਂਗਾ
ਦੁੱਖ ਝੱਲ ਕੇ ਆਪਣੀ ਜਾਨ ਉੱਤੇ, ਤੇਰੇ ਚਿਰਾਂ ਦੇ! ਦੁੱਖ ਗਵਾ ਦਿਆਂਗਾ
ਗਈ ਗੁੱਜ਼ਰੀ ਹੋਈਂ ਏਂ ਅੱਜ ਭਾਵੇਂ, ਵੇਖੀਂ ਕੱਲ੍ਹ ਮੈਂ ਤੈਨੂੰ ਵਿਖਾ ਦਿਆਂਗਾ
ਮੈਂ ਵੀ ਲਾਡਲਾ ਹਾਂ ਮਾਤਾ ਗੁੱਜਰੀ ਦਾ, ਰਾਣੀ ਗੋਲੀਓਂ ਤੈਨੂੰ ਬਣਾ ਦਿਆਂਗਾ
ਤੇਰੇ ਰੋਂਦਿਆਂ ਰੁਲਦਿਆਂ ਪੁੱਤਰਾਂ ਨੂੰ, ਫੁੱਲਾਂ ਵਾਂਗ ਹਸਾ ਖਿੜਾ ਦਿਆਂਗਾ
ਲੋਕੀਂ ਸਿੱਕਦੇ ਫਿਰਨਗੇ ਮਹਿਕ ਤੇਰੀ, ਤੇਰੀ ਏਤਨੀ ਮਹਿਕ ਵਧਾ ਦਿਆਂਗਾ
ਤੇਰੀ ਪੱਤਿ ਦੀ ਰਾਸ ਬਚਾਣ ਵੇਲੇ, ਸਾਰੀ ਆਪਣੀ ਰਾਸ ਲੁਟਾ ਦਿਆਂਗਾ
ਤੇਰੇ ਵੱਲ ਜੋ ਕਰੇਗਾ ਅੱਖ ਮੈਲੀ, ਵੇਖੀਂ! ਓਸ ਦੀ ਅੱਖ ਕਢਵਾ ਦਿਆਂਗਾ
ਤੇਰੇ ਸੁੱਤੜੇ ਭਾਗ ਜਗਾਣ ਖ਼ਾਤਰ, ਜ਼ਾਲਮ ਸੁਸਰੀ ਵਾਂਗ ਸੁਵਾ ਦਿਆਂਗਾ
ਝੰਡਾ ਅੱਤਿਆਚਾਰ ਦਾ ਹਿੰਦ ਵਿਚੋਂ, ਮਾਤਾ! ਦਿਨਾਂ ਦੇ ਵਿਚ ਪੁਟਾ ਦਿਆਂਗਾ
ਤੇਰੇ ਉੱਚੇ ਅਜ਼ਾਦੀ ਦੇ ਮਹਿਲ ਉੱਤੇ, ਤੇਰਾ ਕੌਮੀ ਨਿਸ਼ਾਨ ਝੁਲਾ ਦਿਆਂਗਾ
ਅੱਜ ਬੇ-ਇਨਸਾਫ਼ ਨੇ ਲੋਕ ਜਿਹੜੇ, ਮੈਂ ਨਿਆਂ ਉਨ੍ਹਾਂ ਨੂੰ ਸਿਖਾ ਦਿਆਂਗਾ
ਲੈ ਅਕਾਲ ਦੀ ਓਟ ਅਸੀਸ ਤੇਰੀ, ਧਰਮ ਵਾਸਤੇ ਜਾਨ ਲੜਾ ਦਿਆਂਗਾ
'ਤੀਰ' ਪਾਤਸ਼ਾਹਾਂ ਧੱਕਾ ਖੋਰਿਆਂ ਦੀ, ਖਾਕ-ਸ਼ਾਹ ਕਰ ਮਿੱਟੀ ਉਡਾ ਦਿਆਂਗਾ

## ਮਹਾਰਾਜ ਫਿਰ ਕਹਿੰਦੇ ਹਨ

ਸਾਸ ਸਾਸ ਮੇਰਾ, ਤੇਰੀ ਭੇਟ ਹੋਸੀ, ਜਦੋਂ ਤੀਕ ਮਾਤਾ! ਜ਼ਿੰਦਾ ਰਵ੍ਹਾਂਗਾ ਮੈਂ
ਜਦੋਂ ਤੀਕ ਤੇਰੇ ਗਲੇ ਹੈਣ ਸੰਗਲ, ਨਾਲ ਚੈਨ ਦੇ ਕਦੇ ਨਾ ਬਵ੍ਹਾਂਗਾ ਮੈਂ
ਤੇਰੇ ਨਿੱਤ ਦੇ ਕਸ਼ਟ ਮਿਟਾਣ ਖ਼ਾਤਰ, ਕਸ਼ਟ ਜ਼ਿੰਦੜੀ 'ਤੇ ਲੱਖਾਂ ਸਵ੍ਹਾਂਗਾ ਮੈਂ
'ਜੈ ਜੈ ਦੇਸ਼-ਮਾਤਾ ਜੈ ਜੈ ਦੇਸ਼-ਮਾਤਾ!' 'ਤੀਰ' ਮਰਨ ਉਪਰੰਤ ਵੀ ਕਵ੍ਹਾਂਗਾ ਮੈਂ

## ਮਹਾਤਮਾ ਗਾਂਧੀ ਜੀ ਦੀ ਇਕ ਗੱਲ ਦਾ ਜਵਾਬ (ਕਵੀ ਵੱਲੋਂ)

ਹਿੰਦ ਵਿੱਚ ਮਹਾਤਮਾ ਹੋਏ 'ਗਾਂਧੀ', ਹੋਏ ਜੱਗ ਦੇ ਵਿਚ ਮਸ਼ਹੂਰ ਲੋਕੋ
ਇਹ ਵੀ ਮੰਨਿਆ ਕਿ ਬਣੇ ਹੋਏ ਹੈਸਨ, ਸਾਰੇ ਜੱਗ ਦੀ ਅੱਖ ਦਾ ਨੂਰ ਲੋਕੋ
ਤਨੋਂ ਮਨੋਂ 'ਅਹਿੰਸਾ' ਦੇ ਸੱਨ ਹਾਮੀ, ਗੁਣ ਅਕਲ ਦੇ ਵਿੱਚ ਭਰਪੂਰ ਲੋਕੋ
ਬਹੁਤੀ ਥਾਈਂ ਅਵਤਾਰ ਵੀ ਗਏ ਮੰਨੇ, ਕੀਤੀ ਸ਼ਾਂਤਮਈ ਉਨ੍ਹਾਂ ਮਨਜ਼ੂਰ ਲੋਕੋ
ਦਿਲੋਂ ਕਵੀ ਵੀ ਉਨ੍ਹਾਂ ਦਾ ਮਾਣ ਕਰਦਾ, ਮਹਾਂ ਪੁਰਸ਼ ਮੰਨੇ ਬੇ-ਗ਼ਰੂਰ ਲੋਕੋ
ਐਪਰ ਤੇਗ਼ ਦਸਮੇਸ਼ ਦੀ ਨਿੰਦ ਉਹਨਾਂ, ਸਾਫ ਜਲ 'ਤੇ ਪਾ ਲਿਆ ਬੂਰ ਲੋਕੋ
'ਭੁੱਲੜ ਦੇਸ਼-ਪ੍ਰੇਮੀ' ਕਿਹਾ ਗੁਰੂ ਜੀ ਨੂੰ, ਕੱਚੀ-ਸੋਚ ਦਾ ਹੈ ਇਹ ਕਸੂਰ ਲੋਕੋ
ਸਕੇ ਪੁੱਜ ਨਾ ਸ੍ਰੀ ਦਸਮੇਸ਼ ਤਾਈਂ, ਰਹੇ ਉਨ੍ਹਾਂ ਤੋਂ ਬਹੁਤ ਹੀ ਦੂਰ ਲੋਕੋ
ਇਧਰ ਜ਼ਿੰਦਗੀ ਗਾਂਧੀ ਮਹਾਤਮਾ ਦੀ, ਵੇਖੋ ਪੜ੍ਹ ਕੇ ਤੁਸੀਂ ਜ਼ਰੂਰ ਲੋਕੋ
'ਗੀਤਾ-ਭਗਤ ਗਾਂਧੀ' ਗੀਤਾ ਰਿਹਾ ਪੜ੍ਹਦਾ, ਰਿਹਾ ਝੂਮਦਾ ਵਿੱਚ ਸਰੂਰ ਲੋਕੋ
ਜੰਗੀ ਸਿੱਖਿਆ ਓਸ ਵਿਚ ਕ੍ਰਿਸ਼ਨ ਦਿੱਤੀ, ਪਾਂਡੋ-ਪੁੱਤ* ਜਾਂ ਰਿਹਾ ਸੀ ਝੂਰ ਲੋਕੋ
ਭੁੱਲੇ ਨਹੀਂ ਓਹ, ਪਰ ਦਸਮੇਸ਼ ਭੁੱਲੇ, ਇਹ ਦਲੀਲ ਕੱਚੀ ਚੱਕਨਾਚੂਰ ਲੋਕੋ
ਅਸਲ ਵਿੱਚ ਨੇ ਡਿੱਗੇ ਮਹਾਤਮਾ ਜੀ, ਚੜ੍ਹੀ ਗਈ ਨਾ ਸੋਚ-ਖਜੂਰ ਲੋਕੋ
'ਤੀਰ' ਸਮਝਦੇ ਗੁਰੂ ਦਸਮੇਸ਼ ਤਾਈਂ, ਏਦਾਂ ਖੱਪ ਗਏ ਪੂਰਾਂ ਦੇ ਪੂਰ ਲੋਕੋ

## ਵੱਲੋਂ ਕਵੀ

ਮੈਂ ਤਾਂ ਗੁੱਜਰੀ ਮਾਤ ਦੇ ਲਾਲ ਤਾਈਂ, ਪੂਰਨ ਸੂਰਮਾ ਸੰਤ-ਸਿਪਾਹੀ ਆਖਾਂ
ਰੋਮ ਰੋਮ ਉਸ ਦਾ ਪ੍ਰੀਤ ਵਿਚ ਬੱਝਾ, ਉਹਨੂੰ ਪ੍ਰੀਤ ਦੇ ਪੰਧ ਦਾ ਰਾਹੀ ਆਖਾਂ
ਝੜੀ ਉਸ ਨੇ ਲਾਈ ਸ਼ਹੀਦੀਆਂ ਦੀ, ਸਿਦਕ ਸੱਚ ਦੀ ਉਨੂੰ ਗਵਾਹੀ ਆਖਾਂ
ਹੱਥੀਂ ਮੇਟ ਦਿੱਤੀ ਜਿਨ੍ਹੇ ਕੂੜ ਸ਼ਾਹੀ, ਉਨੂੰ ਦਿਲੋਂ ਸੱਚੀ ਪਾਤਸ਼ਾਹੀ ਆਖਾਂ
ਉਦ੍ਹੀ ਤੇਗ਼ ਨੂੰ ਚੰਡਕਾ ਜਾਣ ਪੂਜਾਂ, ਉਦ੍ਹੇ ਤੀਰ ਨੂੰ ਦੀਨਾਂ ਦਾ ਮਾਹੀ ਆਖਾਂ
ਕਦੇ ਤੇਗ਼ ਫੜਦਾ ਕਦੇ ਕਸ਼ਟ ਜਰਦਾ, ਉਦ੍ਹੇ ਰੰਗ, ਓਦ੍ਹੀ ਬੇ-ਪ੍ਰਵਾਹੀ ਆਖਾਂ
ਸਦਾ ਲਈ ਜੋ ਸ਼ਾਂਤਮਈ ਵਿੱਚ ਬੰਨ੍ਹੇ, ਉਨੂੰ ਆਪਣੇ ਵਾਸਤੇ ਫਾਹੀ ਆਖਾਂ
'ਤੀਰ' ਸਮੇਂ ਅਨੁਸਾਰ ਜੋ ਢੰਗ ਵਰਤੇ, ਸੱਤਿ ਲਈ ਉਨੂੰ ਸਤਿਗ੍ਰਾਹੀ ਆਖਾਂ

## ਮਹਾਤਮਾ ਗਾਂਧੀ ਤੋਂ ਕਵੀ ਦੀ ਇਕ ਪੁੱਛ

ਆਓ ਪੁੱਛੀਏ ਗਾਂਧੀ ਮਹਾਤਮਾ ਤੋਂ, ਭੁੱਲ ਗਏ ਜੇ ਤੇਗ਼ ਉਠਾਣ ਵਾਲੇ
ਹੋਏ ਫੇਰ ਕੀ 'ਕ੍ਰਿਸ਼ਨ ਮਹਾਰਾਜ' ਹੋਰੀਂ, ਜੋ ਸਨ ਪਾਂਡਵਾਂ ਤਾਈਂ ਲੜਾਣ ਵਾਲੇ

---

* ਮਹਾਂ ਬਲੀ ਅਰਜਨ ਪਾਂਡਵਾਂ ਦੇ ਭਰਾ ਨੂੰ ਕ੍ਰਿਸ਼ਨ ਜੀ ਨੇ ਗੀਤਾ ਰਾਹੀਂ ਲੜਨ ਦਾ ਉਪਦੇਸ਼ ਦਿੱਤਾ।

ਸ੍ਰੀ ਰਾਮ ਜੀ ਗਏ ਅਵਤਾਰ ਮੰਨੇ, ਸੀਤਾ ਵਾਸਤੇ ਜੰਗ ਮਚਾਣ ਵਾਲੇ
ਬੀਰ 'ਸ਼ਿਵਾ ਜੀ' ਅਤੇ 'ਪ੍ਰਤਾਪ ਰਾਣਾ', ਫੇਰ ਕੀ ਹੋਏ ਜੂਝ ਜਾਣ ਵਾਲੇ
ਅਸਲ ਵਿੱਚ ਸੀ ਆਪ ਮਹਾਤਮਾ ਜੀ, ਜੱਗ ਵਿਚ ਭੁਲੇਖੇ ਦੇ ਪਾਨ ਵਾਲੇ
ਦੇਸ਼-ਭਗਤ ਪੂਰਨ ਗੁਰੂ ਜੋਤ-ਰੱਬੀ, ਹੈਸਨ ਸ੍ਰੀ ਦਸਮੇਸ਼ ਪਛਾਣ ਵਾਲੇ
ਭੁੱਲ ਗਏ ਨੇ ਆਪ ਮਹਾਤਮਾ ਜੀ, ਕਲਗੀਧਰ ਨੂੰ ਭੁੱਲੜ ਬਣਾਨ ਵਾਲੇ
'ਤੀਰ' ਸੂਰਮੇ ਸ੍ਰੀ ਦਸਮੇਸ਼ ਹੈਸਨ, ਭਾਰਤ ਮਾਂ ਦੀ ਬੰਧ ਛੁਡਾਣ ਵਾਲੇ

### *ਸ੍ਰੀ ਦਸਮੇਸ਼ ਜੀ ਦੀ ਸਿਖਾਈ ਪੜ੍ਹਾਈ ਤੇ ਇਕਾਂਤ-ਰਹਿਣੀ (ਵੱਲੋਂ ਕਵੀ)*

ਪੱਕੀ ਦਿਲ ਅੰਦਰ ਵੇਖੋ ਨੀਤ ਧਾਰੀ, ਰਹਿਣ ਇਸੇ 'ਤੇ ਸਦਾ ਵਿਚਾਰ ਕਰਦੇ
ਅਰਬੀ ਫ਼ਾਰਸੀ ਪੜ੍ਹਨ ਚੇਤੰਨ ਹੋ ਕੇ, ਨਾਲੇ ਸਾਥੀਆਂ ਤਾਈਂ ਹੁਸ਼ਿਆਰ ਕਰਦੇ
ਐਸੇ ਬਣੇ ਮਹਾਰਾਜ ਸਾਹਿੱਤ-ਪ੍ਰੇਮੀ, ਗ੍ਰੰਥ ਨਵੇਂ ਤੋਂ ਨਵੇਂ ਤਿਆਰ ਕਰਦੇ
ਮਹਾਂ ਕਵੀ ਹੋਏ ਥੋੜੇ ਦਿਨਾਂ ਅੰਦਰ, ਕਵੀ ਆ ਆ ਕੇ ਨਿਮਸ਼ਕਾਰ ਕਰਦੇ
ਕਾਵਿ ਕਰਨ ਹਿੰਦੀ ਖ਼ੂਬ ਰਸ ਦਿੰਦੀ, ਲੋਕੀਂ ਪਏ ਬਲਿਹਾਰ ਬਲਿਹਾਰ ਕਰਦੇ
ਕਦੇ ਖ਼ੂਬ ਸਜਾਣ ਦਰਬਾਰ ਸ਼ਾਹੀ, ਕਦੇ ਸੱਦ ਕੇ ਕਵੀ-ਦਰਬਾਰ ਕਰਦੇ
ਕਦੇ ਬੰਨ੍ਹ ਕੇ ਜੱਥੇ ਕਵੈਦ ਕਰਦੇ, ਹੋਵੇ ਜੰਗ ਝੂਠਾ, ਮਾਰੋ ਮਾਰ ਕਰਦੇ
ਮਾਤ ਗੁੱਜਰੀ ਜੀ ਵੇਖ ਰੰਗ ਅੱਖੀਂ, ਫ਼ਿਕਰ ਮਨ ਅੰਦਰ ਬੇਸ਼ੁਮਾਰ ਕਰਦੇ
ਦਿਲੋਂ ਮਨੋਂ ਸਮਝਾਉਣੀ ਲੱਖ ਦਿੰਦੇ, ਕੋਲ ਬੈਠ ਕੇ ਜਦੋਂ ਪਿਆਰ ਕਰਦੇ
ਹਰ ਸਿੱਖ ਸਿੱਖੇ ਸ਼ਸਤ੍ਰ ਵਿੱਦਿਆ ਵੀ, ਐਪਰ ਗੁਰੂ ਜੀ ਸਦਾ ਪ੍ਰਚਾਰ ਕਰਦੇ
ਕਦੇ ਢਾਡੀਆਂ ਤੋਂ ਸੁਣਨ ਬੀਰ-ਵਾਰਾਂ, ਬੀਰ-ਰੱਸ ਸੀ ਇਉਂ ਤਿਆਰ ਕਰਦੇ
ਖ਼ਬਰ ਫੈਲ ਗਈ ਦੇਸ ਪ੍ਰਦੇਸ ਸਾਰੇ, ਗੁਰੂ ਸ਼ਸਤਰਾਂ ਨਾਲ ਵਿਹਾਰ ਕਰਦੇ
ਰੀਝ ਰੀਝ ਕੇ ਸਿੱਖ ਬਣਵਾਣ ਤੇਗ਼ਾਂ, ਸ਼ਰਧਾ ਨਾਲ ਤਿਆਰ ਲੁਹਾਰ ਕਰਦੇ
ਖ਼ੁਸ਼ੀ ਉਨ੍ਹਾਂ ਉੱਤੇ ਬੇਸ਼ੁਮਾਰ ਹੁੰਦੀ, ਭੇਟਾ ਆਣ ਕੇ ਜੋ ਹਥਿਆਰ ਕਰਦੇ
ਵੇਖ ਵੇਖ ਕੇ ਆਪ ਦੇ ਕੌਤਕਾਂ ਨੂੰ, ਨੁਕਤਾ-ਚੀਨੀਆਂ ਕਈ ਗਵਾਰ ਕਰਦੇ
ਕਈ ਦੇਸ਼-ਧ੍ਰੋਹੀ ਰੱਖ ਨੀਤ ਖੋਟੀ, ਦਿਲੋਂ ਸਤਿਗੁਰਾਂ ਦੇ ਨਾਲ ਖ਼ਾਰ ਕਰਦੇ
ਦਿਨੋ ਦਿਨ ਦਸਮੇਸ਼ ਜੀ ਨਾਲ ਢੰਗਾਂ, ਭਾਰਤ ਮਾਂ ਦਾ ਸੀ ਹੌਲਾ ਭਾਰ ਕਰਦੇ
'ਤੀਰ' ਵੰਡਦੇ ਮੋਖ ਤੇ ਭੋਗ ਦੋਵੇਂ, ਬੇੜੇ ਪਾਪੀਆਂ ਜੀਆਂ ਦੇ ਪਾਰ ਕਰਦੇ

### *ਅਨੰਦਪੁਰੀ ਚੜ੍ਹਦੀਆਂ ਕਲਾਂ ਵਿਚ (ਵੱਲੋਂ ਕਵੀ)*

ਏਨ੍ਹੀਂ ਦਿਨੀ ਹੀ ਪੁਰੀ ਅਨੰਦ ਅੰਦਰ, ਖੇੜਾ ਆ ਗਿਆ ਸਭ ਨਜ਼ਾਰਿਆਂ ਨੂੰ
ਨਾਲ ਮਹਿਕ ਦੇ ਰਾਤ ਤੇ ਦਿਨ ਖੇਡਣ, ਚਾਅ ਕੁੱਦਿਆ ਫੁੱਲਾਂ ਕਵਾਰਿਆਂ ਨੂੰ
ਲੋਕੀਂ ਘਰਾਂ ਤੋਂ ਵਿੱਦਿਆ ਹੋ ਆਏ, ਪਈ ਖਿੱਚ ਕੋਈ ਦਿਲੋਂ ਸਾਰਿਆਂ ਨੂੰ

ਚੋਜੀ ਸ੍ਰੀ ਦਸਮੇਸ਼ ਜੀ ਰੰਗ-ਰੱਤੇ, ਅੱਗੋਂ ਲੈਣ ਲਈ ਜਾਣ ਪਿਆਰਿਆਂ ਨੂੰ
ਗਲੇ ਲਾਂਵਦੇ ਆਪਣੀ ਜਿੰਦ ਕਹਿ ਕੇ, ਨੀਚ ਨੀਚ ਕਹਿ ਜੱਗ-ਦੁਰਕਾਰਿਆਂ ਨੂੰ
ਹੋਈ ਫ਼ੌਜ ਮਹਾਰਾਜ ਦੇ ਪਾਸ 'ਕੱਠੀ, ਖ਼ੁਸ਼ੀ ਚੜ੍ਹੀ ਸੁਣ ਕੇ ਬੀਰਾਂ ਭਾਰਿਆਂ ਨੂੰ
ਆ ਕੇ ਗੁਰੂ ਜੀ ਫ਼ੌਜ ਦੇ ਵਿਚ ਰੱਲੇ, ਦੱਸਣ ਇਉਂ ਇਰਾਦਿਆਂ ਧਾਰਿਆਂ ਨੂੰ
ਮਹਾਰਾਜ ਜੀ! ਥਾਪੜਾ ਦਿਓ ਜੇਕਰ, ਨਵਾਂ ਬੱਲ ਆਵੇ ਕਰਮ-ਮਾਰਿਆਂ ਨੂੰ
ਮਿਹਰ ਆਪ ਦੀ ਨਾਲ ਸਜ਼ਾ ਦੇਈਏ, ਅਸੀਂ ਜ਼ਾਲਮਾਂ ਨੀਚ ਹੱਤਿਆਰਿਆਂ ਨੂੰ
ਸਾਨੂੰ ਭੁੱਖਿਆਂ ਰਹਿਣ ਮਨਜ਼ੂਰ ਏਥੇ, ਮੱਥਾ ਟੇਕ ਆਏ ਹਾਂ ਗੁਜ਼ਾਰਿਆਂ ਨੂੰ
ਐਸੀ ਤੇਗ਼ ਚਮਕਾਵਣੀ ਰੱਣ ਅੰਦਰ, ਭੁੱਲ ਜਾਣ ਲੋਕੀਂ ਘੱਲੂਘਾਰਿਆਂ ਨੂੰ
ਅਸੀਂ ਨੀਂਹ ਤੋਂ ਛੱਡਾਂਗੇ ਪੁੱਟ ਦਾਤਾ, ਜ਼ੁਲਮ ਜ਼ੋਰ ਦੇ ਚੜ੍ਹੇ ਚੁਬਾਰਿਆਂ ਨੂੰ
ਆਖਣ ਆਣ ਕੇ ਨਾਈ ਚੁਮਾਰ ਛੀਂਬੇ, ਛੱਡ ਆਏ ਹਾਂ ਹੋਰ ਦੁਵਾਰਿਆਂ ਨੂੰ
ਸਾਨੂੰ ਸਤਿਗੁਰੋ! ਤੁਸਾਂ ਨਿਵਾਜਣਾ ਏਂ, ਏਸ ਜੱਗ ਅੰਦਰ ਭਾਗ ਹਾਰਿਆਂ ਨੂੰ
ਆਉਣ ਝੁੰਡਾਂ ਦੇ ਝੁੰਡ ਪ੍ਰੇਮੀਆਂ ਦੇ, ਮਾਣਨ ਵਾਸਤੇ ਪ੍ਰੇਮ-ਹੁਲਾਰਿਆਂ ਨੂੰ
ਗਹਿਮਾ ਗਹਿਮ ਹੋ ਪੁਰੀ ਅਨੰਦ ਵੱਸੀ, ਖ਼ੂਬ ਭਾਗ ਲੱਗੇ ਛੰਨਾਂ ਢਾਰਿਆਂ ਨੂੰ
ਜਾਨੀ ਜਾਣ ਜੀ ਵੰਡਦੇ ਪ੍ਰੇਮ ਰਹਿੰਦੇ, ਸਿੱਖਾਂ ਸਿਦਕੀਆਂ ਫੁੱਲਾਂ ਹਜ਼ਾਰਿਆਂ ਨੂੰ
'ਤੀਰ' ਕਹਿਣ ਲੋਕੀਂ ਧੰਨ ਧੰਨ ਸਾਰੇ, ਬੀਰ ਗੁਰੂ ਤੇ ਗੁਰੂ-ਸਵਾਰਿਆਂ ਨੂੰ

### ਪ੍ਰਸੰਗ ਰਿੱਛ ਦਾ

ਇਕ ਦਿੱਨ ਕੀ ਆਣ ਕੇ ਖੇਡ ਵਰਤੀ, ਜਾਣੀ ਜਾਣ ਨੇ ਰੰਗ ਵਿਖਾਏ ਵਾਹ ਵਾਹ
ਸੱਜ ਰਿਹਾ ਸੀ ਖ਼ੂਬ ਦਰਬਾਰ-ਰੱਬੀ, ਬੈਠੇ ਸਿੱਖ ਧਿਆਨ ਜਮਾਏ ਵਾਹ ਵਾਹ
ਕਿਤੋਂ ਆ ਗਿਆ ਓਸ ਥਾਂ ਰਿੱਛ ਵਾਲਾ, ਸੋਟੇ ਮਾਰ ਕੇ ਖ਼ੂਬ ਨਚਾਏ ਵਾਹ ਵਾਹ
ਕਦੇ ਰਿੱਛ ਮੋਢੇ ਉਤੇ ਡਾਂਗ ਧਰ ਕੇ, ਨੌਕਰ ਬਣੇ ਤੇ ਨੌਕਰੀ ਜਾਏ ਵਾਹ ਵਾਹ
ਕਦੇ ਰਿੱਛ ਕਲੰਦਰ ਦੀ ਛਿੰਝ ਪੈਂਦੀ, ਰਿੱਛ ਹੇਠ ਢਾਹੇ ਪਿੱਠ ਲਾਏ ਵਾਹ ਵਾਹ
ਰਿੱਛ ਬੱਣ ਪੇਂਜਾ, ਕਦੇ ਰੂੰ ਪਿੰਜੇ, ਲੋਕੀਂ ਵੇਖ ਕੇ ਦਿਲੋਂ ਹਰਖਾਏ ਵਾਹ ਵਾਹ
ਕਦੇ ਛੜੇ ਚੀਨਾ, ਲੰਮੀਂ ਡਾਂਗ ਫੜ ਕੇ, ਸਣੇ ਗੁਰਾਂ ਦੇ ਸਿੱਖ ਹਸਾਏ ਵਾਹ ਵਾਹ
'ਤੀਰ' ਘੜੀ ਦੀ ਘੜੀ ਤਾਂ ਰਿੱਛ ਹੋਰਾਂ, ਲੋਕੀਂ ਆਣ ਕੇ ਖ਼ੂਬ ਪ੍ਰਚਾਏ ਵਾਹ ਵਾਹ

### ਭਾਈ ਕੀਰਤੀਆ ਬਹੁਤ ਹੱਸਦਾ ਹੈ

ਭਾਈ ਕੀਰਤੀ ਸਿੱਖ ਸੀ ਗੁਰੂ ਜੀ ਦਾ, ਹਾਸਾ ਓਸ ਤੋਂ ਠੱਲ੍ਹਿਆ ਜਾਏ ਨਾਹੀਂ
ਲੋਟ ਪੋਟ ਹੋਵੇ ਵੇਖ ਰਿੱਛ ਤਾਈਂ, ਜਾਮੇ ਆਪਣੇ ਵਿੱਚ ਸਮਾਏ ਨਾਹੀਂ
ਹੱਸੇ, ਫੇਰ ਹੱਸੇ, ਫੇਰ ਫੜੇ ਵੱਖੀ, ਰਤੀ ਰਿੱਛ ਤੋਂ ਨਿਗ੍ਹਾ ਹਟਾਏ ਨਾਹੀਂ
'ਤੀਰ' ਦਿੱਲ ਦੇ ਵਿਚ ਓਹ ਪਿਆ ਆਖੇ, ਮੈਥੋਂ ਰਿੱਛ ਇਹ ਰੂਪ ਛੁਪਾਏ ਨਾਹੀਂ

### ਵੱਲੋਂ ਕਵੀ

ਹੈਸੀ ਚੌਰ-ਬਰਦਾਰ ਇਹ ਗੁਰੂ ਜੀ ਦਾ, ਪਿਆ ਸੀਸ 'ਤੇ ਚੌਰ ਝੁਲਾਂਵਦਾ ਸੀ
ਪ੍ਰੇਮ ਵਿਚ ਭਿੱਜਾ ਰਹਿੰਦਾ ਦਿਨੇ ਰਾਤੀਂ, ਨਾਲ ਨੇਮ ਦੇ ਸੇਵ ਕਮਾਂਵਦਾ ਸੀ
ਚੌਰ ਸਣੇ ਸੀ ਝੂਮਦਾ ਪ੍ਰੇਮ ਅੰਦਰ, ਨਾਲੇ ਗੀਤ ਗੋਬਿੰਦ ਦੇ ਗਾਂਵਦਾ ਸੀ
'ਤੀਰ' ਅੱਜ ਪਰ ਓਸ ਨੂੰ ਰਿੱਛ-ਨਾਚਾ, ਹੱਦੋਂ ਵੱਧ ਕੇ ਪਿਆ ਹਸਾਂਵਦਾ ਸੀ

### ਸਤਿਗੁਰੂ ਜੀ ਨੇ ਭਾਈ ਕੀਰਤੀਏ ਤੋਂ ਪੁੱਛਣਾ

ਜਾਨੀ ਜਾਣ ਨੇ ਆਖਿਆ ਵੇਖ ਸਿੱਖਾ, ਜਿਸ ਰਿੱਛ ਨੇ ਤੈਨੂੰ ਹਸਾਇਆ ਏ
ਦੱਸ ਸਕਦਾ ਏਂ? ਸਾਨੂੰ ਕੌਣ ਹੈ ਵੇ, ਕੀ ਤੇਰੀ ਪਛਾਣ ਵਿੱਚ ਆਇਆ ਏ
ਅੱਗੋਂ ਸਿੱਖ ਨੇ ਆਖਿਆ 'ਪਾਤਸ਼ਾਹ ਜੀ, ਰਿੱਛ ਰੱਬ ਨੇ ਪਸ਼ੂ ਬਣਾਇਆ ਏ
ਏਦੂੰ ਵੱਧ ਕੀ ਦੱਸ ਮੈਂ ਸੱਕਦਾ ਹਾਂ, ਡਿੱਠਾ ਉਹ ਜੋ ਤੁਸਾਂ ਵਿਖਾਇਆ ਏ'
ਫੇਰ ਸਤਿਗੁਰਾਂ ਆਖਿਆ ਨਹੀਂ ਸਿੱਖਾ! ਤੇਰਾ ਪਿਤਾ ਜੋ ਸਿੱਖ ਸਦਵਾਇਆ ਏ
ਉਹੋ ਆ ਗਿਆ ਰਿੱਛ ਦੀ ਜੂਨ ਅੰਦਰ, ਕੀਤਾ ਆਪਣਾ ਓਸ ਨੇ ਪਾਇਆ ਏ
ਕਰਮ-ਗਤੀ ਨਾ ਟਾਲਿਆਂ ਜਾਏ ਟਾਲੀ, ਕੀਤੇ ਕਰਮ ਨੇ ਉਨੂੰ ਨਚਾਇਆ ਏ
ਭਾਈ ਕੀਰਤੀ ਨੇ ਸੁਣ ਕੇ ਗੱਲ ਸਾਰੀ, ਰੰਜ ਏਤਨਾ ਦਿਲੋਂ ਮਨਾਇਆ ਏ
ਹੱਥੋਂ ਚੌਰ ਜ਼ਮੀਨ 'ਤੇ ਰੱਖ ਦਿੱਤਾ, ਉਹਨੇ ਗੁਰਾਂ ਨੂੰ ਇਓਂ ਸੁਣਾਇਆ ਏ
ਮਹਾਰਾਜ! ਜਿੰਨੀ ਨ੍ਹਾਤੀ ਪੁੰਨ ਓਨਾ, ਅੱਗੋਂ ਵਾਸਤੇ ਪੱਲਾ ਛੁਡਾਇਆ ਏ
ਜਿਨ੍ਹੇ ਏਸ ਘਰ ਦੀ ਸਦਾ ਟਹਿਲ ਕੀਤੀ, ਗਿਆ ਉਹ ਜੇ ਰਿੱਛ ਬਣਾਇਆ ਏ
ਫੇਰ ਹਾਲ ਕੀ ਹੋਵੇਗਾ ਬਾਕੀਆਂ ਦਾ, ਏਸ ਗੱਲ ਨੇ ਮੈਨੂੰ ਡਰਾਇਆ ਏ
ਪਿਉ ਰਿੱਛ ਬਣਿਆ, ਬਣੂ ਪੁੱਤ ਬਾਂਦਰ, ਚੰਗਾ ਟਹਿਲ ਤੋਂ ਨਫ਼ਾ ਕਮਾਇਆ ਏ
ਮੈਨੂੰ ਅੱਜ ਹੈ ਆਣ ਕੇ ਪਤਾ ਲੱਗਾ, ਅਸਾਂ ਭੁੱਲ ਕੇ ਜਨਮ ਗਵਾਇਆ ਏ
ਤੁਸਾਂ ਓਸ ਦੀ ਰੱਖਿਆ ਨਹੀਂ ਕੀਤੀ, ਉਮਰ ਭਰ ਜੋ ਸਿੱਖ ਸਦਾਇਆ ਏ
'ਤੀਰ' ਪੁੱਤ ਤਾਈਂ ਤੁਸਾਂ ਤਾਰਨਾ ਕੀ, ਏਦਾਂ ਪਿਉ ਵੀ ਜਦੋਂ ਡੁਬਾਇਆ ਏ

### ਜਾਨੀ ਜਾਣ ਜੀ ਨੇ ਕਹਿਣਾ

ਅੱਗੋਂ ਹੱਸ ਕੇ ਕਿਹਾ ਦਸਮੇਸ਼ ਜੀ ਨੇ, ਜੀਵ ਕਰੇਗਾ ਜੋ ਸੋ ਪਾਇਗਾ ਈ
ਉਹੋ ਵੱਢਸੀ ਬੀਜਸੀ ਬੀਜ ਜਿਹੜਾ, ਜੋ ਪਕਾਇਗਾ ਅੰਤ ਨੂੰ ਖਾਇਗਾ ਈ
ਕਾਮ-ਵਾਸ਼ਨਾ ਦਾ ਕੁੱਤਾ ਜੋ ਹੋਸੀ, ਕੁੱਤੀ ਜੂਨ ਵਿੱਚ ਜਾਣ ਲੈ ਜਾਇਗਾ ਈ
ਜਿਹੜਾ ਤੱਕਸੀ ਲੁੱਕ ਬਿਗਾਨੀਆਂ ਨੂੰ, ਰੱਬ ਵੇਸਵਾ ਉਹਨੂੰ ਬਣਾਇਗਾ ਈ
ਵੱਢੀ ਲਵੇਗਾ ਜੋ ਵੀ ਜੱਜ ਬਣ ਕੇ, ਕੋੜ੍ਹਾ ਬਣੇਗਾ ਹੱਥ ਵਢਾਇਗਾ ਈ
ਜਿਹੜਾ ਚੁੱਗਲੀ ਕਰੇਗਾ ਦੂਜਿਆਂ ਦੀ, ਗੂੰਗਾ ਹੋਇਗਾ ਜੀਭ ਗਵਾਇਗਾ ਈ

ਜਿਹੜਾ ਸੁਣੇਗਾ ਨਿੰਦਿਆ ਸੱਚਿਆਂ ਦੀ, ਬੋਲਾ ਹੋ ਕੇ ਕੰਨ ਮੁੰਦਾਇਗਾ ਈ
ਜਿਹੜਾ ਜੀਵ ਕੁ-ਧਰਮ ਦੇ ਰਾਹ ਪੈਸੀ, ਲੂਲ੍ਹਾ ਲੰਗੜਾ ਉਹਨੂੰ ਉਪਾਇਗਾ ਈ
ਜਿਹੜਾ ਹੱਦ ਤੋਂ ਵੱਧ ਕੇ ਲੋਭ ਕਰਸੀ, ਹੋ ਕੇ ਰਿੱਛ ਬਾਂਦਰ ਏਥੇ ਆਇਗਾ ਈ
'ਤੀਰ' ਭੁੱਲ ਕਰਕੇ ਪੱਛੋਤਾਏ ਜਿਹੜਾ, ਰੱਬੀ ਜੋਤ ਵਿਚ ਉਹੋ ਸਮਾਇਗਾ ਈ

## ਸਿੱਖ ਸੰਗਤਾਂ ਦੀ ਹੈਰਾਨਗੀ

ਸਿੱਖ ਸੰਗਤਾਂ ਆਖਿਆ ਸਤਿਗੁਰਾਂ ਨੂੰ, ਏਸ ਗੱਲ ਨੇ ਕੀਤਾ ਹੈਰਾਨ ਸਾਨੂੰ
ਸਿਦਕਵਾਨ ਕਾਹਨੂੰ ਪਿਆ ਰਿੱਛ ਜੂਨੀ, ਪਰਤ ਪਰਤ ਕੇ ਆਏ ਧਿਆਨ ਸਾਨੂੰ
ਜਾਣੀ ਜਾਣ ਜੀ ਭੇਦ ਸਮਝਾਓ ਸਾਰਾ, ਏਸ ਗੱਲ ਦਾ ਹੋਇ ਗਿਆਨ ਸਾਨੂੰ
ਕੇੜ੍ਹੀ ਏਸ ਤੋਂ ਏਤਨੀ ਭੁੱਲ ਹੋਈ, ਦੱਸੋ ਖੋਲ੍ਹ ਕੇ ਸਭ ਬਿਆਨ ਸਾਨੂੰ
ਭੇਦ ਆਪ ਨੇ ਜੇ ਕਦੇ ਖੋਲ੍ਹਿਆ ਨਾ, ਰਹਿਸੀ ਦਿਲਾਂ ਦੇ ਵਿੱਚ ਅਰਮਾਨ ਸਾਨੂੰ
'ਤੀਰ' ਆਪ ਜੀ ਦੇ ਚਰਨ ਕੰਵਲ ਛੂਹ ਕੇ, ਮਿਲੇ ਕਿਉਂ ਨਾ ਅੰਤ ਕਲਿਆਣ ਸਾਨੂੰ

## ਸਤਿਗੁਰਾਂ ਨੇ ਸਾਰੀ ਗੱਲ ਦੱਸਣੀ

ਕਿਹਾ ਗੁਰੂ ਜੀ ਨੇ ਸੁਣੋ ਕੰਨ ਦੇ ਕੇ, ਸੋਭਾ ਰਾਮ ਜੋ ਸਿੱਖ ਸਦਾਂਵਦਾ ਸੀ
ਥੰਮ੍ਹ ਧਰਮ ਦੇ ਸਤਿਗੁਰੂ ਪਿਤਾ ਸਾਡੇ, ਸਦਾ ਉਨ੍ਹਾਂ ਦੀ ਟਹਿਲ ਕਮਾਂਵਦਾ ਸੀ
ਆਸ ਪਾਸ ਓਦ੍ਹੀ ਸੋਭਾ ਖਿੱਲਰੀ ਸੀ, ਗੁਰੂ ਘੱਰ ਵੀ ਓਹ ਸੋਭਾ ਪਾਂਵਦਾ ਸੀ
ਇਕ ਰੋਜ਼ ਦੀਵਾਨ ਦੇ ਵਿੱਚ ਸਿੱਖੋ, ਪਿਆ ਓਹ ਪ੍ਰਸ਼ਾਦਿ ਵਰਤਾਂਵਦਾ ਸੀ
ਧੰਨਾ ਜੱਟ ਇੱਕ ਸਿੱਖ ਸੀ ਗੁਰੂ ਜੀ ਦਾ, ਜਿਹੜਾ ਗੁਰਾਂ ਨੂੰ ਸਦਾ ਧਿਆਂਵਦਾ ਸੀ
ਨਾਲੇ ਕਾਰ ਕਰਦਾ ਨਾਲੇ ਜਾਪ ਕਰਦਾ, ਮਹਾਰਾਜ ਨੂੰ ਇਉਂ ਮਨਾਂਵਦਾ ਸੀ
ਉਦ੍ਹਾ ਗੁਰੂ ਈ ਜੀਵਨ-ਅਧਾਰ ਹੈਸੀ, ਉਹ ਵੀ ਗੁਰੂ ਨੂੰ ਰੱਜ ਕੇ ਭਾਂਵਦਾ ਸੀ
ਗੱਡਾ ਲੱਦ ਅਨਾਜ ਦਾ ਵੱਲ ਮੰਡੀ, ਵਣਜ ਵਾਸਤੇ ਪਿਆ ਲਿਜਾਂਵਦਾ ਸੀ
ਇਕ ਹੱਥ ਛਾਂਟਾ, ਦੂਜੇ ਹੱਥ ਗੁਟਕਾ, ਢੱਗੇ ਤੋਰਦਾ ਸੀ ਬਾਣੀ ਗਾਂਵਦਾ ਸੀ
ਜਦੋਂ ਲੰਘਿਆ ਆਣ ਦੀਵਾਨ ਕੋਲੋਂ, ਇਧਰ ਪ੍ਰੇਮ ਦਾ ਖਿੱਚਿਆ ਆਂਵਦਾ ਸੀ
ਗੱਡਾ ਛੱਡ ਦੀਵਾਨ ਦੇ ਵਿਚ ਪੁੱਜਾ, ਪ੍ਰੇਮ ਰੰਗਿਆ ਸੀਸ ਨਿਵਾਂਵਦਾ ਸੀ
ਉਹਨੇ ਆਣ ਸੋਭੇ ਅੱਗੇ ਅਰਜ਼ ਕੀਤੀ, ਬੜੇ ਪ੍ਰੇਮ ਦੇ ਨਾਲ ਬੁਲਾਂਵਦਾ ਸੀ
"ਮੈਨੂੰ ਭਾਈ ਜੀ ਝੱਟ ਪ੍ਰਸ਼ਾਦਿ ਦੇਣਾ", ਘੱਟੇ ਲਿੱਬੜਿਆ ਰੂਪ ਦਿਖਾਂਵਦਾ ਸੀ
ਸੋਭਾ ਰਾਮ ਓਹਨੂੰ ਵੇਖ ਖਿੱਝਦਾ ਸੀ, ਝਾੜ ਝਾੜ ਕੇ ਪਰ੍ਹੇ ਹਟਾਂਵਦਾ ਸੀ
ਧੰਨਾ ਫੇਰ ਮੰਗੇ, ਸੋਭਾ ਫੇਰ ਝਾੜੇ, ਧੰਨਾ ਫੇਰ ਅੱਗੇ ਹੱਥ ਡ੍ਹਾਂਵਦਾ ਸੀ
ਗੁਰੂ-ਘਰ ਦੇ ਦਾਸ ਨੂੰ ਦਿਓ ਕਿਣਕਾ, ਫੇਰ ਫੇਰ ਉਹ ਪਿਆ ਸੁਣਾਂਵਦਾ ਸੀ
ਮੇਰਾ ਗਿਆ ਗੱਡਾ, ਮੇਰੀ ਜੋਗ ਸੁੰਞੀ, ਕਹਿ ਕੇ ਆਪਣਾ ਸੀਸ ਝੁਕਾਂਵਦਾ ਸੀ

ਭਾਵੇਂ ਮੰਗਦਾ ਮੰਗਦਾ ਥੱਕ ਗਿਆ, ਕੌੜਾ ਵਾਕ ਨਾ ਮੂਲ ਅਲਾਂਵਦਾ ਸੀ
ਦਿਲੀ ਹਾੜਿਆਂ ਦੇ ਨਾਲ ਮੰਗਦਾ ਸੀ, ਸਾਰੀ ਆਜਜ਼ੀ ਨਾਲ ਰਲਾਂਵਦਾ ਸੀ
ਸੋਭਾ ਰਾਮ ਐਪਰ ਘੜੀ ਮੁੜੀ ਓਹਨੂੰ, ਆਖ ਆਖ ਕੇ ਰਿੱਛ ਖਿਝਾਂਵਦਾ ਸੀ
'ਚੱਲ ਹਟ ਪਿੱਛੇ, ਚੱਲ ਹਟ ਪਿੱਛੇ', ਸਿਦਕਵਾਨ ਨੂੰ ਆਖ ਅਕਾਂਵਦਾ ਸੀ
ਧੰਨਾ ਫੇਰ ਆਖੇ ਮੈਨੂੰ ਦਿਓ ਕਿਣਕਾ, ਨਾਲੇ ਅੱਖੀਓਂ ਨੀਰ ਵਹਾਂਵਦਾ ਸੀ
ਕਾਹਨੂੰ ਰਿੱਛ ਵਾਂਗੂੰ ਬਹੁਤਾ ਨੱਚਦਾ ਏਂ ? ਸੋਭਾ ਓਸਨੂੰ ਆਖ ਦੁਖਾਂਵਦਾ ਸੀ
ਅੰਤ ਭੋਂ-ਡਿੱਗਾ ਕਿਣਕਾ ਚੁੱਕ ਹੱਥੀਂ, ਧੰਨਾ ਮੂੰਹ ਪਾ ਪ੍ਰੇਮ ਨਿਭਾਂਵਦਾ ਸੀ
ਨਾਲੇ ਰੋਂਵਦਾ ਜਾਏ ਗਰੀਬੜਾ ਉਹ, ਏਦਾਂ ਆਖਦਾ ਕਦਮ ਉਠਾਂਵਦਾ ਸੀ
"ਮੈਂ ਤੇ ਹਾਂ ਕੂਕਰ ਏਸ ਗੁਰੂ ਘਰ ਦਾ", ਤੂੰਹੇਂ ਰਿੱਛ ਬਣ, ਇਹੋ ਤੂੰ ਚਾਂਹਵਦਾ ਸੀ
ਓਸ ਸਿੱਖ ਦੀ ਗੱਲ ਨਾ ਗਈ ਖਾਲੀ, ਕਿਉਂਕਿ ਉਸ ਵਿੱਚ ਗੁਰੂ ਸਮਾਂਵਦਾ ਸੀ
ਭਲਾ ਆਪਣੇ ਭਗਤ ਦੀ ਕਹੀ ਹੋਈ, ਗੱਲ ਕਦੋਂ ਭਗਵਾਨ ਉਲਟਾਂਵਦਾ ਸੀ
ਓਸੇ ਰਿੱਛ ਜੂਨੀ ਪਾਇਆ ਸਿੱਖ ਸੋਭਾ, ਜਿਹੜਾ ਆਪਣਾ ਆਪ ਜਤਾਂਵਦਾ ਸੀ
ਉੱਤਰ-ਕਾਂਸ਼ੀਓਂ ਪਰਬਤੋਂ ਏਸ ਫੜਿਆ, ਮੰਨ ਗਿਆ ਜੋ ਰਿੱਛ ਨਚਾਂਵਦਾ ਸੀ
ਸਿੱਖ ਬੁੱਤ ਬਣ ਕੇ ਰਹੇ ਹਾਲ ਸੁਣਦੇ, ਸੱਚਾ ਸਤਿਗੁਰੂ ਜਦੋਂ ਫੁਰਮਾਂਵਦਾ ਸੀ
'ਤੀਰ' ਗੁਰੂ ਦੇ ਭੇਤ ਨੂੰ ਗੁਰੂ ਜਾਣੇ, ਆਪੇ ਮਾਰਦਾ ਆਪ ਜੀਵਾਂਵਦਾ ਸੀ

## ਭਾਈ ਕੀਰਤੀਏ ਦੀ ਬੇਨਤੀ

ਹੱਥ ਜੋੜ ਕਿਹਾ ਭਾਈ ਕੀਰਤੀ ਨੇ, ਤੁਸਾਂ ਇਹ ਜੋ ਖੇਡ ਵਰਤਾਈ ਏ ਜੀ
ਏਸ ਖੇਡ ਨੇ ਘੜੀ ਦੀ ਘੜੀ ਅੰਦਰ, ਏਸ ਦਾਸ ਦੀ ਜਿੰਦ ਤੜਫ਼ਾਈ ਏ ਜੀ
ਦਾਤਾ! ਬਖ਼ਸ਼ਸ਼ਾਂ ਦੇ ਤੁਸੀਂ ਆਪ ਸਾਈਂ, ਤਦੇ ਮੰਨਦੀ ਸਭ ਲੁਕਾਈ ਏ ਜੀ
ਤੁਸਾਂ ਲੋਹੇ ਨੂੰ ਸੋਨਾ ਬਣਾ ਦਿੱਤਾ, ਨਿਗ੍ਹਾ ਮਿਹਰ ਦੀ ਜੇ ਕਦੀ ਪਾਈ ਏ ਜੀ
ਤੁਸਾਂ ਮੁਰਦਿਆਂ ਨੂੰ ਜੀਆ ਦਾਨ ਦਿੱਤੇ, ਜਦੋਂ ਆਪਣੀ ਕਲਾ ਵਰਤਾਈ ਏ ਜੀ
ਮੇਰੇ ਪਿਤਾ ਦੀ ਆਪਣੇ ਕਰਮ ਨੇ ਹੀ, ਰਿੱਛ ਜੂਨ ਵਿਚ ਜਾਨ ਫਸਾਈ ਏ ਜੀ
ਇਦ੍ਹੀ ਭੁੱਲ ਨੇ ਏਸ ਨੂੰ ਇਉਂ ਕਰਕੇ, ਭਾਣੇ ਵਿੱਚ ਸਜ਼ਾ ਭੁਗਤਾਈ ਏ ਜੀ
ਪੁੱਤਰ ਦੁੱਖ ਪਰ ਪਿਤਾ ਦਾ ਕਿਵੇਂ ਵੇਖੇ, ਮੇਰੀ ਜਿੰਦ ਡਾਢੀ ਤਲ-ਮਲਾਈ ਏ ਜੀ
ਜਾਣੀ ਜਾਣ! ਬਖ਼ਸ਼ੋ ਮੈਥੋਂ ਭੁੱਲ ਹੋਈ, ਮੇਰੀ ਮੋਹ ਨੇ ਹੋਸ਼ ਭੁਲਾਈ ਏ ਜੀ
ਅਕਲ ਬੁੱਧ ਨਹੀਂ ਰਤੀ ਵੀ ਰਹਿਣ ਦੇਂਦਾ, ਲੋਕਾਂ ਆਖਿਆ ਕ੍ਰੋਧ ਕਸਾਈ ਏ ਜੀ
ਮੇਰੇ ਪਿਤਾ ਜੀ ਨੂੰ ਮੋਖ ਦਾਨ ਬਖ਼ਸ਼ੋ, ਜਾਣੋ ਆਪ ਦੀ ਇਹ ਵਡਿਆਈ ਏ ਜੀ
ਭੁਲਣਹਾਰ 'ਤੇ ਮਿਹਰ ਦੀ ਨਿਗ੍ਹਾ ਮਾਰੋ, ਇਹਨੂੰ ਮਿਲਦੀ ਤਦੇ ਰਿਹਾਈ ਏ ਜੀ
ਮਾਣ ਰੜੇ ਤੇ ਮਾਰਦਾ ਆਦਮੀ ਨੂੰ, ਸਿੱਖੀ ਹੈਂਕੜੋਂ ਏਸ ਗਵਾਈ ਏ ਜੀ
ਨਵਾਂ ਕੋਈ ਤਕਦੀਰ ਦਾ 'ਤੀਰ' ਮਾਰੋ, 'ਜੀ ਦੁਹਾਈ ਏ ਜੀ' ਜੀ ਦੁਹਾਈ ਏ ਜੀ

## ਮਹਾਰਾਜ ਦੀ ਮਿਹਰ

ਜਾਣੀ ਜਾਣ ਜੀ ਨੇ ਜਦੋਂ ਸਿੱਖ ਤਾਈਂ, ਡਿੱਠਾ ਦੁੱਖ ਦੇ ਵਿੱਚ ਲਾਚਾਰ ਹੋਇਆ
ਨੈਣੋਂ ਨੀਰ ਵੱਗੇ ਸੀਨੇ ਤੀਰ ਲੱਗੇ, ਭਾਰੂ ਪਿਤਾ ਦਾ ਆਣ ਪਿਆਰ ਹੋਇਆ
ਉਹਨੇ ਧਾਰ ਲੀਤਾ ਰੂਪ ਬੇਨਤੀ ਦਾ, ਜ਼ਾਰੋ ਜ਼ਾਰ ਰੋਇਆ ਅਵਾਜ਼ਾਰ ਹੋਇਆ
ਮਿਹਰ-ਪੁੰਜ ਆਏ ਝੱਟ ਮਿਹਰ ਅੰਦਰ, ਰਿੱਛ ਜੂਨ 'ਤੇ ਝੱਟ ਉਪਕਾਰ ਹੋਇਆ
ਦਿੱਤਾ ਆਪਣਾ ਸੀਤ-ਪ੍ਰਸ਼ਾਦਿ ਉਸਨੂੰ, ਖਾਣ ਸਾਰ ਹੀ ਭੌਜਲੋਂ ਪਾਰ ਹੋਇਆ
ਕਰਮ-ਰੇਖ ਸਤਿਗੁਰਾਂ ਨੇ ਇਉਂ ਟਾਰੀ, ਹੌਲਾ ਕੀਰਤੀ ਦੇ ਦਿਲੋਂ ਭਾਰ ਹੋਇਆ
ਹੱਥ ਜੋੜ ਰੋਂਦਾ ਚਰਨੀਂ ਆਣ ਡਿੱਗਾ, ਦਿਲੋਂ ਚੌਖਨੇ ਉਹ ਵਾਰ ਵਾਰ ਹੋਇਆ
'ਤੀਰ' ਪਾਪੀਆਂ ਨੂੰ ਮੋਖ ਦਾਨ ਦੇਣਾ, ਜਾਣੀ ਜਾਣ ਦਾ ਨਿੱਤ ਵਿਹਾਰ ਹੋਇਆ

## ਅਨੰਦਪੁਰ ਵਿਚ ਦਸਮੇਸ਼ ਲੀਲ੍ਹਾ (ਵੱਲੋਂ ਕਵੀ)

ਨਿੱਤ ਨਵਾਂ ਹੀ 'ਪੁਰੀ-ਅਨੰਦ' ਅੰਦਰ, ਜੱਸ ਸ੍ਰੀ ਦਸਮੇਸ਼ ਜੀ ਖੱਟਦੇ ਸੀ
ਨਿਗ੍ਹਾ ਨਾਲ ਸੀ ਤਾਰਦੇ ਪਾਪੀਆਂ ਨੂੰ, ਦਯਾ ਧਾਰ ਚੁਰਾਸੀਆਂ ਕੱਟਦੇ ਸੀ
ਜਿਹੜੇ ਆਪਦਾ ਆਣ ਦੀਦਾਰ ਕਰਦੇ, ਛੌੜ ਦੂਈ ਦੇ ਉਨ੍ਹਾਂ ਦੇ ਫੱਟਦੇ ਸੀ
ਹੋਣ ਕਾਂ ਹੰਸੋਂ, ਸ਼ੇਰ ਗਿੱਦੜਾਂ ਤੋਂ, ਪਲਾਂ ਵਿੱਚ ਸੁਭਾ ਪਏ ਵੱਟਦੇ ਸੀ
ਜਿਹੜੇ ਆਣ ਇੱਕ ਵਾਰ ਸੀ ਚਰਨ ਛੋਂਹਦੇ, ਬਦੀ ਪਾਪ ਵਿਕਾਰ ਤੋਂ ਹੱਟਦੇ ਸੀ
ਜਿੰਨੇ ਬਚਨ ਸੀ ਕਿਸੇ ਦੇ ਨਾਲ ਕਰਦੇ, ਓਨੇ ਪਾਪ ਉਸ ਸਿੱਖ ਦੇ ਘੱਟਦੇ ਸੀ
ਸੂਰਬੀਰਾਂ ਦੀ ਫ਼ੌਜ ਬਣਾਂਵਦੇ ਸੀ, ਠਾਟ ਜੰਗ ਦੇ ਵਾਸਤੇ ਠੱਟਦੇ ਸੀ
'ਤੀਰ' ਰੋਜ਼ ਬਿਅੰਤ ਹੀ ਸਿੱਖ ਬਣ ਕੇ, ਜੂਲਾ ਜ਼ਾਤ ਵਾਲਾ ਲਾਹ ਕੇ ਸੱਟਦੇ ਸੀ

## ਕਾਬਲੀ ਤੰਬੂ (ਵੱਲੋਂ ਕਵੀ)

ਏਸ ਸਮੇਂ ਈ ਦੇਸ ਪ੍ਰਦੇਸ ਵਿੱਚੋਂ, ਆਈਆਂ ਸੰਗਤਾਂ ਗੁਰੂ-ਪਿਆਰੀਆਂ ਨੇ
ਚੀਜ਼ਾਂ ਕੀਮਤਾਂ ਕੀਮਤੀ ਗੁਰਾਂ ਖ਼ਾਤਰ, ਭੇਟਾ ਕੀਤੀਆਂ ਉਨ੍ਹਾਂ ਨਿਆਰੀਆਂ ਨੇ
ਧੁੱਸੇ, ਚਾਦਰਾਂ, ਕੀਮਤੀ ਪੋਸਤੀਨਾਂ, ਕਾਰੀਗਰੀ ਦੇ ਨਾਲ ਸਵਾਰੀਆਂ ਨੇ
ਸ਼ਾਨ ਵੱਧ ਤੋਂ ਵੱਧ ਗਲੀਚਿਆਂ ਦੀ, ਉੱਤੇ ਲੱਗੀਆਂ ਕੀਮਤਾਂ ਭਾਰੀਆਂ ਨੇ
ਮੇਵੇ ਆਣ ਕੇ ਢੇਰਾਂ ਦੇ ਢੇਰ ਲਾਏ, ਅੱਗੇ ਗੁਰਾਂ ਦੇ ਬਲਖ਼ ਬੁਖਾਰੀਆਂ ਨੇ
ਦੂਨੀ ਚੰਦ ਪ੍ਰੇਮੀ ਨਾਲ ਰੱਲ ਮਿਲ ਕੇ, ਤੰਬੂ ਚਾੜ੍ਹਿਆ ਭੇਟ ਕੰਧਾਰੀਆਂ ਨੇ
ਉਹਦੀ ਸ਼ਾਨ ਨਾ ਮੂਲ ਬਿਆਨ ਹੁੰਦੀ, ਵੰਨੋਂ ਵੰਨ ਦੀਆਂ ਚਿੱਤਰਕਾਰੀਆਂ ਨੇ
ਝਾਲ ਝਾਲਰਾਂ ਦੀ ਝੱਲੀ ਜਾਏ ਨਾਹੀਂ, ਚਿੱਤਰ-ਕਾਰੀਆਂ ਵੇਖ ਕੇ ਹਾਰੀਆਂ ਨੇ
ਸੱਚੇ ਜਾਪਦੇ ਅੱਖ ਨੂੰ ਵੇਲ-ਬੂਟੇ, ਭੁੱਲ ਜਾਂਦੀਆਂ ਬਾਗ਼-ਕਿਆਰੀਆਂ ਨੇ
ਪਾਲ ਘੋੜਿਆਂ ਦੀ, ਝੁੰਡ ਹਾਥੀਆਂ ਦੇ, ਭਾਂਤੋ ਭਾਂਤ ਹੀ ਕਈ ਗੁਲਕਾਰੀਆਂ ਨੇ

ਚੋਬਾਂ ਖ਼ੂਬ ਚਮਕੀਲੀਆਂ ਦੇਣ ਚਮਕਾਂ, ਸੋਨੇ-ਰੰਗੀਆਂ ਉਨ੍ਹਾਂ 'ਤੇ ਧਾਰੀਆਂ ਨੇ
ਛੱਬਾ ਸੋਭਦਾ ਸੋਨੇ ਦਾ ਵਿਚ ਓਹਦੇ, ਹੋਰ ਖ਼ੂਬੀਆਂ ਓਸ ਵਿਚ ਸਾਰੀਆਂ ਨੇ
ਹੈ ਸੀ ਪੱਟ ਪਸ਼ਮੀਨੇ ਦਾ ਕੰਮ ਸਾਰਾ, ਕੀਤੀ ਉੱਪਮਾ ਖ਼ੂਬ ਦਰਬਾਰੀਆਂ ਨੇ
ਸਤਿਗੁਰਾਂ ਨੇ ਖ਼ਾਸ ਲਗਵਾ ਡਿੱਠਾ, ਹੇਠ ਬੈਠ ਕੇ ਸੰਗਤਾਂ ਤਾਰੀਆਂ ਨੇ
ਦੁਨੀਚੰਦ ਦੀ ਬੜੀ ਹੀ ਸਿਫ਼ਤ ਕੀਤੀ, ਤੰਬੂ ਵੇਖਦੇ ਹੀ ਨਰਾਂ ਨਾਰੀਆਂ ਨੇ
ਸਤਿਗੁਰਾਂ ਦਾ ਦਰਸ ਦੀਦਾਰ ਕਰਕੇ, ਦੁਨੀ ਚੰਦ ਨੇ ਅੱਖੀਆਂ ਠਾਰੀਆਂ ਨੇ
ਤੰਬੂ ਓਸ ਦੀ ਥਾਂ ਥਾਂ ਧੂਮ ਮੱਚੀ, ਡਿੱਠਾ ਆਣ ਕੇ ਸੈਆਂ ਵਪਾਰੀਆਂ ਨੇ
'ਤੀਰ' ਪੂਜਣੇ ਯੋਗ ਹੋ ਗਿਆ ਤੰਬੂ, ਜਾਣੀ ਜਾਣ ਨੇ ਜਾਂ ਮਿਹਰਾਂ ਧਾਰੀਆਂ ਨੇ

## ਆਸਾਮ ਦਾ ਰਾਜਾ (ਵੱਲੋਂ ਕਵੀ)

ਨਾਵੇਂ ਗੁਰਾਂ ਨੇ ਜਗਤ ਉਧਾਰ ਖ਼ਾਤਰ, ਜਦੋਂ ਭਾਗ ਆਸਾਮ ਨੂੰ ਲਾਏ ਹੈ ਸਨ
ਮੋਖ ਭੋਗ ਦੇ ਖੋਲ੍ਹ ਭੰਡਾਰ ਦਿੱਤੇ, ਦਰਸ ਕਰਨ ਆਏ ਵਰੋਸਾਏ ਹੈ ਸਨ
ਕੋਈ ਰਿਹਾ ਨਾ ਸੀ ਆਸਵੰਦ ਖਾਲੀ, ਲੋਕਾਂ ਮਨ-ਚਿੰਦੇ ਫੱਲ ਪਾਏ ਹੈ ਸਨ
ਓਸ ਸਮੇਂ ਆਸਾਮ ਦੇ ਮਹਾਰਾਜਾ, ਨੇਮ ਪ੍ਰੇਮ ਵਾਲੇ 'ਰਾਮਰਾਏ' ਹੈ ਸਨ
ਉਨ੍ਹਾਂ ਪੁੱਤ ਦਾ ਵੇਖਿਆ ਮੂੰਹ ਨਾ ਸੀ, ਦਿਲੋਂ ਓਦਰੇ ਅਤੇ ਭੁਲਾਏ ਹੈ ਸਨ
ਰੂਪ ਧਾਰ ਕੇ ਹਾੜ੍ਹਿਆਂ ਤਰਲਿਆਂ ਦਾ, ਅੱਖੋਂ ਅੱਥਰੂ ਉਨ੍ਹਾਂ ਵਗਾਏ ਹੈ ਸਨ
ਪ੍ਰੇਮ-ਧਾਰ ਰਾਜਾ-ਰਾਣੀ ਓਸ ਵੇਲੇ, ਅੰਤ ਕੋਲ ਮਹਾਰਾਜ ਦੇ ਆਏ ਹੈ ਸਨ
"ਅਸੀਂ ਔਂਤਰੇ ਜੱਗ ਤੋਂ ਜਾ ਰਹੇ ਹਾਂ", ਉਨ੍ਹਾਂ ਰੋ ਰੋ ਦੁੱਖ ਸੁਣਾਏ ਹੈ ਸਨ
ਨਾਵੇਂ ਗੁਰਾਂ ਨੇ ਦਰਦ ਦੇ ਪੁੰਜ ਹੋ ਕੇ, ਸੁੱਤੇ ਉਨ੍ਹਾਂ ਦੇ ਭਾਗ ਜਗਾਏ ਹੈ ਸਨ
ਉਨ੍ਹਾਂ ਵਾਸਤੇ ਸੀ ਅਰਦਾਸ ਕੀਤੀ, ਧੀਰ ਰੋਂਦਿਆਂ ਤਾਈਂ ਬੰਨ੍ਹਾਏ ਹੈ ਸਨ
ਰਾਮਰਾਏ ਹੋਰੀਂ ਥੋੜ੍ਹੇ ਚਿਰ੍ਹ ਪਿੱਛੋਂ, ਸੱਚੇ ਰੱਬ ਨੇ ਕੋਲ ਬੁਲਾਏ ਹੈ ਸਨ
ਮਰਨ ਲੱਗਿਆਂ ਰਾਣੀ ਨੂੰ ਆਪ ਉਨ੍ਹਾਂ, ਬਚਨ ਗੁਰਾਂ ਦੇ ਯਾਦ ਕਰਾਏ ਹੈ ਸਨ
"ਪੁੱਤ ਰਾਣੀਏ ਸਿੱਖ ਬਣਾਵਣਾ ਈ", ਏਨੀ ਆਖ ਪ੍ਰਲੋਕ ਸਿਧਾਏ ਹੈ ਸਨ
ਪਿਤਾ ਮਰਨ ਉੱਤੇ ਪਿੱਛੋਂ ਪੁੱਤ ਹੋਇਆ, ਰਾਣੀ ਦਿੱਲ ਤੋਂ ਗੁਰੂ ਧਿਆਏ ਹੈ ਸਨ
ਰਤਨ ਰਾਇ ਸੀ ਉਸ ਦਾ ਨਾਮ ਧਰਿਆ, ਲੱਖ ਰੱਬ ਦੇ ਸ਼ੁਕਰ ਮਨਾਏ ਹੈ ਸਨ
ਬਾਰਾਂ ਸਾਲ ਦਾ ਜਾਂ ਰਤਨਰਾਇ ਹੋਇਆ, ਰਾਣੀ-ਮਾਂ ਨੇ ਫ਼ਰਜ਼ ਨਿਭਾਏ ਹੈ ਸਨ
ਜਨਮ-ਕਥਾ ਸਾਰੀ ਦੱਸੀ ਪੁੱਤ ਤਾਈਂ, ਜਿਵੇਂ ਗੁਰਾਂ ਨੇ ਵਾਕ ਫੁਰਮਾਏ ਹੈ ਸਨ
ਗੱਲ ਸੁਣਦਿਆਂ ਈ 'ਰਤਨਰਾਇ' ਜੀ ਨੇ, ਵਿਚ ਪ੍ਰੇਮ ਦੇ ਨੈਣ ਵਹਾਏ ਹੈ ਸਨ
ਸਿੱਕ ਦਰਸ਼ਨਾਂ ਦੀ ਦਿਲੋਂ ਜਾਗ ਉੱਠੀ, ਜਿਨ੍ਹੇ ਮੰਨ ਦੇ ਚੈਨ ਮਿਟਾਏ ਹੈ ਸਨ
ਲੱਗੇ ਕਹਿਣ ਨੀ ਅੰਮੀਏ, ਹੈਣ ਕਿੱਥੇ, ਜਿਨ੍ਹਾਂ ਗੁਰਾਂ ਨੇ ਪ੍ਰੇਮ ਕਮਾਏ ਹੈ ਸਨ
ਮੈਨੂੰ ਸਿੱਕ ਹੈ ਉਨ੍ਹਾਂ ਦੇ ਦਰਸ਼ਨਾਂ ਦੀ, ਮੇਰੇ ਮਾਂ ਪਿਓ ਜਿਨ੍ਹਾਂ ਬਚਾਏ ਹੈ ਸਨ

ਰਾਣੀ ਆਖਿਆ : ਬੱਚਿਆ ਉਹ ਦਾਤੇ, ਤੈਨੂੰ ਜੱਗ ਉਤੇ ਜੋ ਲਿਆਏ ਹੈ ਸਨ
ਹਿੰਦ ਵਾਸਤੇ ਹੈਣ ਕੁਰਬਾਨ ਹੋਏ, ਕਿਉਂਕਿ ਜ਼ਾਲਮਾਂ ਲੋਕ ਸਤਾਏ ਹੈ ਸਨ
'ਤੀਰ' ਉਨ੍ਹਾਂ ਦੀ ਥਾਂ ਦਸਮੇਸ਼ ਬੈਠੇ, ਜੋਤੀ ਜੋਤ ਉਹ ਦਿੱਲੀ ਸਮਾਏ ਹੈ ਸਨ

### ਰਾਣੀ ਨੇ ਪੁੱਤਰ ਨੂੰ ਦਸਮੇਸ਼ ਜੀ ਬਾਬਤ ਦੱਸਣਾ

ਰਾਣੀ ਆਖਿਆ :—ਰੋਵੋ ਨਾ ਧੀਰ ਧਾਰੋ, ਹੋ ਜਾਇਗਾ ਲਾਲ ਦੀਦਾਰ ਓਹੋ
ਰੱਬੀ-ਜੋਤ ਓਹੋ ਤੇ ਪ੍ਰਕਾਸ਼ ਓਹੋ, ਨਾਵੇਂ ਗੁਰਾਂ ਦਾ ਪ੍ਰੇਮ ਪਿਆਰ ਓਹੋ
ਲਾਲ ਉਨ੍ਹਾਂ ਦੇ ਉਨ੍ਹਾਂ ਦਾ ਰੂਪ ਹੀ ਨੇ, ਓਹੋ ਜੋਤ ਸਰੂਪ-ਅਵਤਾਰ ਓਹੋ
ਦਿਲੋਂ ਪ੍ਰੀਤ ਪਾਲੋ ਤੁਸੀਂ ਓਦਰੋ ਨਾ, ਹੈਣ ਜਾਣਦੇ ਪ੍ਰੇਮ ਦੀ ਤਾਰ ਓਹੋ
ਭਾਗ ਲਾਣ ਪਏ ਪੁਰੀ ਅਨੰਦ ਤਾਈਂ, ਨਿਰਾਕਾਰ ਓਹੋ ਤੇ ਸਾਕਾਰ ਓਹੋ
ਸਾਰੇ ਜੱਗ ਨੂੰ ਪਏ ਜੋ ਤਾਰਦੇ ਨੇ, ਬੇੜਾ ਕਰਨਗੇ ਅਸਾਂ ਦਾ ਪਾਰ ਓਹੋ
ਛੇਤੀ ਚੱਲਾਂਗੇ ਉਨ੍ਹਾਂ ਦੇ ਦਰਸ਼ਨਾਂ ਨੂੰ, ਤਪੀ ਆਤਮਾ ਦੇਣਗੇ ਠਾਰ ਓਹੋ
'ਤੀਰ' ਪ੍ਰੇਮੀਆਂ-ਦਿਲਾਂ ਦੇ ਪ੍ਰੇਮ ਵਾਲੀ, ਜਾਣੀ ਜਾਣ ਨੇ ਜਾਣਦੇ ਸਾਰ ਓਹੋ

### ਸਤਿਗੁਰਾਂ ਦੇ ਦਰਸ਼ਨਾਂ ਦੀ ਸਿੱਕ (ਵੱਲੋਂ ਕਵੀ)

ਰਤਨਰਾਇ ਨੇ ਸੁਣੀ ਜਾਂ ਗੱਲ ਸਾਰੀ, ਦਿਲੋਂ ਸ੍ਰੀ ਦਸਮੇਸ਼ 'ਤੇ ਵਿੱਕ ਬੈਠਾ
ਸੁਰਤ ਜੋੜ ਕੇ ਆਪਦੇ ਰੂਪ ਅੰਦਰ, ਜੋਗੀ ਵਾਂਗ ਧਿਆਨ ਵਿਚ ਟਿੱਕ ਬੈਠਾ
ਸਿੱਕਾਂ ਸਿੱਕਦਾ ਸਿੱਕਦਾ ਪ੍ਰੇਮ-ਭਰਿਆ, ਬਣ ਆਪਣੇ ਆਪ ਵਿਚ ਸਿੱਕ ਬੈਠਾ
'ਤੀਰ' ਦਿਲ ਦੀ ਦੂਈ ਗਵਾ ਸਾਰੀ, ਹੋ ਨਾਲ ਦਸਮੇਸ਼ ਦੇ ਇੱਕ ਬੈਠਾ

### ਦਰਸ਼ਨਾਂ ਲਈ ਤਿਆਰੀ (ਵੱਲੋਂ ਕਵੀ)

ਸਿੱਕ ਸਿਦਕ ਅੰਦਰ ਰਤਨਰਾਇ ਹੋਰਾਂ, ਅੱਖਾਂ ਤਾਂਘ ਦਾ ਰੂਪ ਬਣਾ ਲਈਆਂ
ਖ਼ੁਸ਼ੀ ਖ਼ੁਸ਼ੀ ਦਸਮੇਸ਼ ਦੀ ਭੇਟ ਖ਼ਾਤਰ, ਚੀਜ਼ਾਂ ਕੀਮਤੀ ਕਈ ਮੰਗਾ ਲਈਆਂ
ਉਨ੍ਹਾਂ ਢਾਲ-ਸੰਜੋਅ ਫੌਲਾਦ ਦੀਆਂ, ਗੁਰਾਂ ਵਾਸਤੇ ਖ਼ਾਸ ਢਲਵਾ ਲਈਆਂ
ਤੋੜਾ ਜਿਗ੍ਹਾ ਜੜਾਊ ਤੇ ਹੋਰ ਚੀਜ਼ਾਂ, ਭੇਟਾ ਲਈ ਸੰਦੂਕ ਵਿਚ ਪਾ ਲਈਆਂ
ਕਰਨ ਵਾਸਤੇ ਆਰਤੀ ਗੁਰੂ ਜੀ ਦੀ, ਜੋਤਾਂ ਦਿੱਲ ਦੇ ਵਿੱਚ ਜਗਾ ਲਈਆਂ
ਧੋਣ ਵਾਸਤੇ ਚਰਨ ਦਸਮੇਸ਼ ਜੀ ਦੇ, ਕਾਂਗਾਂ ਅੱਖੀਆਂ ਵਿੱਚ ਅਟਕਾ ਲਈਆਂ
ਜਾਣ ਵਾਸਤੇ ਪੁਰੀ ਅਨੰਦ ਅੰਦਰ, ਆਸਾਂ ਸਾਰੀਆਂ ਦਿਲੋਂ ਉਕਸਾ ਲਈਆਂ
ਜਾਵੇ ਖਿੱਚਿਆ ਦਿਲ ਦਸਮੇਸ਼ ਵੱਲੇ, ਖਿੱਚਾਂ ਪ੍ਰੇਮ ਦੀਆਂ ਖ਼ੂਬ ਖਾ ਲਈਆਂ
ਲਗਨ ਪ੍ਰੇਮ ਦਾ ਹੋ ਗਿਆ ਰੂਪ ਰਾਜਾ, ਹੋਸ਼ਾਂ ਸਾਰੀਆਂ ਹੋਰ ਭੁਲਾ ਲਈਆਂ
'ਤੀਰ' ਰੌਣਕਾਂ ਪੁਰੀ ਅਨੰਦ ਦੀਆਂ, ਏਦਾਂ ਅੱਖੀਆਂ ਵਿਚ ਵਸਾ ਲਈਆਂ

## ਤਿੰਨ ਤੋਹਫ਼ੇ (ਵੱਲੋਂ ਕਵੀ)

ਲਈ ਇਕ ਕਰਵਾ ਤਿਆਰ ਚੌਂਕੀ, ਵੇਖਣ ਲੋਕ ਤਾਂ ਪਏ ਕਮਾਲ ਵੇਖਣ
ਜਦੋਂ ਕਲਾ ਦਬਾਣ ਸ਼ਤਰੰਜ ਨਿਕਲੇ, ਚਾਰ ਪੁਤਲੀਆਂ ਬੈਠੀਆਂ ਨਾਲ ਵੇਖਣ
ਘੋੜੇ, ਫੀਲ੍ਹ, ਵਜ਼ੀਰ ਤੇ ਖੜ੍ਹੇ ਪੈਦਲ, ਪਾਤਸ਼ਾਹ ਦੀ ਆਪਣੀ ਚਾਲ ਵੇਖਣ
'ਤੀਰ' ਕਿਸੇ ਕੀਤੀ ਕਾਰੀਗਰੀ ਐਸੀ, ਲੋਕੀਂ ਆ ਆ ਕੇ ਬੇਮਿਸਾਲ ਵੇਖਣ

## ਪੰਜ-ਕਲਾ ਸ਼ਸਤਰ

ਤੋਹਫ਼ਾ ਦੂਸਰਾ ਸੀ ਪੰਜ-ਕਲਾ ਸ਼ਸਤਰ, ਬੁੱਤ ਵੇਖਦੇ ਸਾਰ ਬਣਾਂਵਦਾ ਸੀ
ਜਦੋਂ ਕਲਾ ਫੇਰੋ ਕਰਾਮਾਤ ਹੁੰਦੀ, ਪੰਜ ਤਰ੍ਹਾਂ ਦੇ ਰੰਗ ਵਿਖਾਂਵਦਾ ਸੀ
ਪੇਸ਼-ਕਬਜ ਬਣ ਕੇ ਫੇਰ ਗੁਰਜ ਬਣਦਾ, ਕਦੇ ਝੱਟ ਤਲਵਾਰ ਹੋ ਜਾਂਵਦਾ ਸੀ
ਕਦੇ ਨਾਗਣੀ ਦਾ ਰੂਪ ਬਣੇ ਬਰਛੀ, ਬਿਨਾਂ ਸ਼ੂਕਣੋ ਪਿਆ ਡਰਾਂਵਦਾ ਸੀ
ਕਦੇ ਰੂਪ ਤਮੰਚੇ ਦਾ ਧਾਰ ਲੈਂਦਾ, ਰੰਗ ਵੱਟਦਾ ਪੱਲ ਨਾ ਲਾਂਵਦਾ ਸੀ
'ਤੀਰ' ਗੁਰੂ ਦੀ ਭੇਟ ਇਹ ਜਾਣ ਤੋਹਫ਼ਾ, ਰਾਜਾ ਓਸਨੂੰ ਸੀਸ ਨਿਵਾਂਵਦਾ ਸੀ

## ਪ੍ਰਸਾਦੀ ਹਾਥੀ

ਤੋਹਫ਼ਾ ਤੀਸਰਾ ਹੋਰ ਤਿਆਰ ਹੋਇਆ, ਜਾਣੋ ਜਗ ਅੰਦਰ ਬੇਮਿਸਾਲ ਹਾਥੀ
ਨਿੱਕਾ ਕੱਦ ਤੇ ਹੱਦ ਤੋਂ ਵੱਧ ਸੋਹਣਾ, ਖ਼ੂਬਸੂਰਤੀ ਵਿੱਚ ਕਮਾਲ ਹਾਥੀ
ਧਾਰੀ ਇੱਕ ਚਿੱਟੀ ਸੁੰਡੋਂ ਪੂਛ ਤੀਕਰ, ਬਾਕੀ ਸੀ ਕਾਲਾ ਵਾਲ ਵਾਲ ਹਾਥੀ
ਖ਼ੂਬ ਸਿੱਖਿਆ ਸਮਝਿਆ ਤਾਕ ਹੋਇਆ, ਬਾਂਕੀ ਚੱਲਦਾ ਝੂਲਣੀ ਚਾਲ ਹਾਥੀ
ਕਦੇ ਸੁੰਡ ਵਿੱਚ ਫੜ ਤਲਵਾਰ ਲੈਂਦਾ, ਤੇਗ਼ ਛੱਡ ਫੜਦਾ ਕਦੇ ਢਾਲ ਹਾਥੀ
ਅਜਬ ਤਰ੍ਹਾਂ ਉਹ ਚੁੱਕਦਾ ਪੈਰ ਚਾਰੇ, ਅਜਬ ਤਰ੍ਹਾਂ ਦੀ ਮਾਰਦਾ ਛਾਲ ਹਾਥੀ
ਮੱਥਾ ਟੇਕਦਾ ਝੱਲਦਾ ਚੌਰ ਫੜ ਕੇ, ਭੇਟਾ ਰੱਖਦਾ ਪ੍ਰੇਮ ਦੇ ਨਾਲ ਹਾਥੀ
'ਤੀਰ' ਨਾਮ ਪ੍ਰਸਾਦੀ ਤੇ ਬਹੁਤ ਸੋਹਣਾ, ਕੋਈ ਮਿਚੇ ਨਾ ਓਸ ਦੇ ਨਾਲ ਹਾਥੀ

## ਮਾਤਾ ਰਾਣੀ ਤੇ ਅਮੀਰਾਂ ਵਜ਼ੀਰਾਂ ਸਣੇ ਰਤਨ ਰਾਇ ਨੇ ਦਰਸ਼ਨ ਲਈ ਆਉਣਾ (ਵੱਲੋਂ ਕਵੀ)

ਲੈ ਕੇ ਸਾਰੀਆਂ ਇਹ ਪ੍ਰੇਮ-ਭੇਟਾ, ਰਤਨ ਰਾਇ ਹੋਰੀਂ ਚੱਲ ਆਂਵਦੇ ਨੇ
ਜਦੋਂ ਗੁਰੂ ਮਹਾਰਾਜ ਨੂੰ ਖ਼ਬਰ ਹੋਈ, ਸਿੱਖ ਸੇਵਕਾਂ ਤਾਈਂ ਘਲਾਂਵਦੇ ਨੇ
'ਆਦਰ ਨਾਲ ਮਹਾਰਾਜੇ ਨੂੰ ਲੈ ਆਓ' ਪ੍ਰੇਮ ਭਿੰਨੜੇ ਬਚਨ ਫ਼ੁਰਮਾਂਵਦੇ ਨੇ
ਮੰਨ ਆਗਿਆ ਗੁਰਾਂ ਦੀ ਸਿੱਖ ਪ੍ਰੇਮੀ, ਅੱਗੋਂ ਲੈਣ ਦੇ ਵਾਸਤੇ ਜਾਂਵਦੇ ਨੇ

ਜਾਨੀ ਜਾਣ ਜੀ ਵੀ ਰਤਨ ਰਾਇ ਖ਼ਾਤਰ, ਤੰਬੂ ਕਾਬਲੀ ਖ਼ਾਸ ਲਗਾਂਵਦੇ ਨੇ
ਪਹਿਲੇ ਰਾਣੀਆਂ ਨੂੰ ਨਾਲ ਸਿੱਖ ਦੇ ਕੇ, ਮਹਲੀਂ ਅੰਬੜੀ ਪਾਸ ਪੁਚਾਂਵਦੇ ਨੇ
ਫੇਰ ਕਾਬਲੀ ਤੰਬੂ ਦੇ ਵਿਚ ਡੇਰਾ, ਰਤਨਰਾਇ ਦਾ ਆਪ ਕਰਵਾਂਵਦੇ ਨੇ
ਤੜਕਸਾਰ ਦੀਵਾਨ ਦੇ ਵਿੱਚ ਬੈਠੇ, ਖ਼ੂਬ ਸ੍ਰੀ ਦਸਮੇਸ਼ ਸੁਹਾਂਵਦੇ ਨੇ
ਰਤਨਰਾਇ ਤੇ ਨਾਲ ਹੀ ਮਾਂ-ਰਾਣੀ, ਆ ਕੇ ਦੀਦ ਮਹਾਰਾਜ ਦਾ ਪਾਂਵਦੇ ਨੇ
ਭੇਟਾ ਵੰਨ ਸਵੰਨੀਆਂ ਧਰ ਅੱਗੇ, ਦੋਵੇਂ ਪ੍ਰੇਮ ਵਿਚ ਨੀਰ ਵਹਾਂਵਦੇ ਨੇ
ਚਰਨ-ਧੂੜ ਮੱਥੇ ਉਤੇ ਲਾ ਲਾ ਕੇ, ਕਰਮ-ਰੇਖ ਨੂੰ ਪਏ ਮਿਟਾਂਵਦੇ ਨੇ
ਮਹਾਰਾਜ ਦੀ ਵੇਖ ਕੇ ਸ਼ਾਨ-ਰੱਬੀ, ਦਿਲੋਂ ਆਪਣੀ ਸ਼ਾਨ ਭੁਲਾਂਵਦੇ ਨੇ
ਕੀਤੀ ਮੇਵੜੇ ਉੱਠ ਅਰਦਾਸ ਆਖ਼ਰ, ਵੇਖ ਵੇਖ ਕੇ ਸਿੱਖ ਵਡਿਆਂਵਦੇ ਨੇ
ਸੱਚੇ ਪਾਤਸ਼ਾਹ ਵੀ ਵੇਖ ਤੋਹਫ਼ਿਆਂ ਨੂੰ, ਪਏ ਪ੍ਰੇਮ ਦੇ ਵਿਚ ਸਲ੍ਹਾਂਵਦੇ ਨੇ
ਰਤਨਰਾਇ ਰਾਣੀ-ਮਾਤਾ ਪ੍ਰੇਮ-ਭਿੰਨੇ, ਗੀਤ ਪਏ ਗੋਬਿੰਦ ਦੇ ਗਾਂਵਦੇ ਨੇ
ਵੇਖ ਰੌਣਕਾਂ ਪੁਰੀ ਅਨੰਦ ਦੀਆਂ, ਸਾਰੇ ਆਪਣਾ ਆਪ ਮਹਿਕਾਂਵਦੇ ਨੇ
ਐਸਾ ਕੋਈ ਅਚੱਰਜ ਸਵਾਦ ਆਵੇ, ਰੋਟੀ ਰੋਜ਼ ਹੀ ਲੰਗਰੋਂ ਖਾਂਵਦੇ ਨੇ
'ਤੀਰ' ਇਉਂ ਪ੍ਰੇਮ ਦਾ ਰੱਸ ਲੈਂਦੇ, ਕਈ ਮਾਂਹ ਓਥੇ ਲੰਘ ਜਾਂਵਦੇ ਨੇ

## ਸ੍ਰੀ ਦਸਮੇਸ਼ ਜੀ ਦਾ ਰੋਜ਼ਾਨਾ ਪ੍ਰੋਗਰਾਮ (ਵੱਲੋਂ ਕਵੀ)

ਜਿਸ ਲਈ ਸੀ ਸ੍ਰੀ ਦਸਮੇਸ਼ ਆਏ, ਨੇਮ ਨਾਲ ਹੈਸਨ ਉਹੋ ਕਾਰ ਕਰਦੇ
ਉੱਠ ਬੈਠਦੇ ਸਦਾ ਪ੍ਰਭਾਤ ਵੇਲੇ, ਰੋਜ਼ ਉੱਠ ਕੇ ਯਾਦ ਕਰਤਾਰ ਕਰਦੇ
ਫੇਰ ਸੱਜਦੇ ਆਣ ਦੀਵਾਨ ਅੰਦਰ, ਸਿੱਖਾਂ ਸੇਵਕਾਂ ਵਿਚ ਪਰਚਾਰ ਕਰਦੇ
ਪੈਂਦਾ ਭੋਗ ਤਾਂ ਬੀਰ ਵਰਿਆਮ ਚੁਣ ਕੇ, ਬੀਰ-ਖ਼ਾਲਸਾ-ਫ਼ੌਜ ਤਿਆਰ ਕਰਦੇ
ਨਾਲੇ ਦੱਸਦੇ ਆਪਣੇ ਸੂਰਿਆਂ ਨੂੰ, ਹੈਣ ਕੀ ਕੀ ਕੰਮ ਹਥਿਆਰ ਕਰਦੇ
ਤੰਬੂ ਕਾਬਲੀ ਕਦੀ ਲਵਾ ਬਹਿੰਦੇ, ਸ਼ਹਿਨਸ਼ਾਹਾਂ ਤੋਂ ਵੱਧ ਦਰਬਾਰ ਕਰਦੇ
ਚੌਂਕੀ ਕਲਾ ਵਾਲੀ, ਪੰਜ-ਕਲਾ ਸ਼ਸਤਰ, ਨਿਤ ਇਨ੍ਹਾਂ ਦੀ ਮਸ਼ਕ ਸਰਕਾਰ ਕਰਦੇ
ਕਦੇ ਕੋਲ 'ਪ੍ਰਸਾਦੀ' ਖਲ੍ਹਾਰ ਲੈਂਦੇ, ਬੜਾ ਓਸ ਦੇ ਨਾਲ ਪਿਆਰ ਕਰਦੇ
ਸੁੰਡ ਵਿਚ ਉਹ ਫੜ ਕੇ ਚੌਰ ਕਰਦਾ, ਨੈਣ ਓਸ ਦੇ ਗੁਰੂ ਦੀਦਾਰ ਕਰਦੇ
ਮੱਥਾ ਟੇਕਦਾ ਤੇ ਚਰਨੀਂ ਸੁੰਡ ਧਰਦਾ, ਪ੍ਰੀਤਵਾਨ ਜਿਵੇਂ ਨਿਮਸ਼ਕਾਰ ਕਰਦੇ
ਨੇਮ ਨਾਲ ਮਹਾਰਾਜ ਜੀ ਸੰਗਤਾਂ ਨੂੰ, ਸਦਾ ਸਮੇਂ ਵੱਲੋਂ ਖ਼ਬਰਦਾਰ ਕਰਦੇ
ਖ਼ੂਬ ਖੋਲ੍ਹ ਕੇ ਦੱਸਦੇ ਹਾਲ ਸਾਰਾ, ਹਾਕਮ ਕਿਵੇਂ ਨੇ ਅੱਤਿਆਚਾਰ ਕਰਦੇ
ਕਿਵੇਂ ਆਜਜ਼ਾਂ 'ਤੇ ਤੇਗ ਚਲਦੀ ਏ, ਹੈਣ ਕਿਵੇਂ ਮਜ਼ਲੂਮ ਪੁਕਾਰ ਕਰਦੇ
'ਤੀਰ' ਆਖਦੇ :—ਆਏ ਨਾ ਚੈਨ ਸਾਨੂੰ, ਜਿੰਨਾ ਚਿਰ ਨਹੀਂ ਸੁਖੀ ਸੰਸਾਰ ਕਰਦੇ

### ਆਪ ਦਾ ਲੰਗਰ (ਵੱਲੋਂ ਕਵੀ)

ਲੰਗਰ ਆਪਦਾ ਆਪਣੀ ਸ਼ਾਨ ਦਾ ਸੀ, ਭੁੱਖਾ ਕੋਈ ਵੀ ਕਦੇ ਨਾ ਜਾਂਵਦਾ ਸੀ
ਹਰ ਜ਼ਾਤ ਦੇ ਜੀਅ ਨੂੰ ਖੁੱਲ੍ਹ ਹੈਸੀ, ਪੰਗਤ ਵਿਚ ਬਹਿ ਕੇ ਰੋਟੀ ਖਾਂਵਦਾ ਸੀ
ਹੈ ਸੀ ਸਭ ਦੇ ਨਾਲ ਸਲੂਕ ਇਕੋ, ਹਰ ਇੱਕ ਸ਼ਰਧਾ ਨਾਲ ਆਂਵਦਾ ਸੀ
'ਤੀਰ' ਪਾਤਸ਼ਾਹ ਵੀ ਘਰੋਂ ਖਾਏ ਨਾਹੀਂ, ਜੇਕਰ ਇੱਕ ਵੇਰਾਂ ਬੁਰਕੀ ਪਾਂਵਦਾ ਸੀ

### ਸਤਿਗੁਰਾਂ ਦੀ ਚੜ੍ਹਦੀ ਕਲਾ (ਵੱਲੋਂ ਕਵੀ)

ਜੱਸ ਫੈਲਿਆ ਸ੍ਰੀ ਦਸਮੇਸ਼ ਜੀ ਦਾ, ਸਿੱਖ ਸੰਗਤਾਂ ਹੋ ਨਿਰਮਾਨ ਆਉਣ
ਚੋਜੀ ਗੁਰੂ ਦਸਮੇਸ਼ ਦੀ ਦੀਦ ਖ਼ਾਤਰ, ਪ੍ਰੇਮ ਧਾਰ ਕੇ ਖ਼ਾਨ ਸੁਲਤਾਨ ਆਉਣ
ਵੇਖ ਸ੍ਰੀ ਦਸਮੇਸ਼ ਤੋਂ ਮਾਣ ਮਿਲਦਾ, ਫ਼ੌਜੀ-ਭਰਤੀਆਂ ਲਈ ਜਵਾਨ ਆਉਣ
ਭੇਟਾ ਸ਼ਸਤਰਾਂ ਦੀ ਵੇਖ ਰੋਜ਼ ਚੜ੍ਹਦੀ, ਦਿਲੋਂ ਛੱਡ ਕੇ ਸੂਰਮੇ ਮਾਨ ਆਉਣ
ਹਰ ਰੋਜ਼ ਤਿਆਰੀਆਂ ਹੋਣ ਪਈਆਂ, ਵੇਖਣ ਲਈ ਲੋਕੀਂ ਨਵੀਂ ਸ਼ਾਨ ਆਉਣ
'ਤੀਰ' ਕੰਗਲੇ ਵੀ ਪਾਤਸ਼ਾਹ ਬਣਦੇ, ਮੰਗਣ ਗੁਰੂ ਜੀ ਤੋਂ ਜਿਹੜੇ ਦਾਨ ਆਉਣ

### ਰਣਜੀਤ ਨਗਾਰੇ ਦਾ ਬਣਨਾ

ਅਚਨਚੇਤ ਸਤਿਗੁਰਾਂ ਨੇ ਹੁਕਮ ਕੀਤਾ, ਕਾਰੀਗਰ ਹੁਸ਼ਿਆਰ ਬੁਲਾਉ ਛੇਤੀ
ਮਾਰੂ ਗੂੰਜ ਜਿਸ ਦੀ ਪਵੇ ਚਵ੍ਹੀਂ ਪਾਸੀਂ, ਇਹੋ ਜਿਹਾ ਨਗਾਰਾ ਬਣਵਾਉ ਛੇਤੀ
ਜਿਹੋ ਜਿਹਾ ਲੋਹਾ ਉਹਨੂੰ ਲੱਗਦਾ ਏ, ਨੰਦ ਚੰਦ ਜੀ ਆਪ ਮੰਗਵਾਓ ਛੇਤੀ
'ਤੀਰ' ਓਸ ਬਾਝੋਂ ਫ਼ੌਜ ਸੋਭਦੀ ਨਾ, ਕੌਮੀ-ਫ਼ੌਜ ਦੀ ਸ਼ਾਨ ਵਧਾਓ ਛੇਤੀ

### ਦੀਵਾਨ ਨੰਦ ਚੰਦ ਨੇ ਹੁਕਮ ਦੀ ਪਾਲਣਾ ਕਰ ਦਿੱਤੀ

ਨੰਦ ਚੰਦ ਦੀਵਾਨ ਨੇ ਉਸੇ ਵੇਲੇ, ਮੰਨ ਆਗਿਆ ਸੀਸ ਨਿਵਾ ਦਿੱਤਾ
ਕਾਰੀਗਰ ਮੰਗਾ ਕੇ ਉਸੇ ਵੇਲੇ, ਲੋਹਾ ਉਹਨਾਂ ਨੂੰ ਝੱਟ ਮੰਗਾ ਦਿੱਤਾ
ਭੱਠੀ ਰਲ ਕੇ ਉਨ੍ਹਾਂ ਮਘਾ ਦਿੱਤੀ, ਜਿੰਨਾ ਲੱਗਦਾ ਸੀ ਜ਼ੋਰ ਲਾ ਦਿੱਤਾ
ਕੁੱਟ ਘੜ ਕੇ ਖ਼ੂਬ ਤਿਆਰ ਕੀਤਾ, ਉਨ੍ਹਾਂ ਆਪਣਾ ਫ਼ਰਜ਼ ਨਿਭਾ ਦਿੱਤਾ
ਸੋਹਣਾ ਗੋਲ ਇੱਕ ਦੌਰ ਤਿਆਰ ਕਰਕੇ, ਨਾਲ ਖੱਲ ਦੇ ਉਨ੍ਹੂੰ ਮੜ੍ਹਾ ਦਿੱਤਾ
ਜਦੋਂ ਗੁਰਾਂ ਦੇ ਆਨ ਹਜ਼ੂਰ ਧਰਿਆ, ਉਨ੍ਹਾਂ ਆਖ ਕੇ ਝੱਟ ਵਜਵਾ ਦਿੱਤਾ
ਉਦ੍ਹੀ ਗੂੰਜ ਦੇ ਨਾਲ ਪਹਾੜ ਗੂੰਜੇ, ਉਦ੍ਹੀ ਧਮਕ ਨੇ ਜੱਗ ਧਮਕਾ ਦਿੱਤਾ
ਵੇਖ ਸਤਿਗੁਰੂ ਬੜੇ ਪ੍ਰਸੰਨ ਹੋਏ, ਘੜਨ ਵਾਲਿਆਂ ਤਾਈਂ ਰਜਾ ਦਿੱਤਾ
ਅਤੇ ਕਿਹਾ 'ਰਣਜੀਤ' ਹੈ ਨਾਮ ਇਸਦਾ, 'ਰੱਣ ਜਿੱਤਸੀ' ਮੂੰਹੋਂ ਫੁਰਮਾ ਦਿੱਤਾ
'ਤੀਰ' ਝੱਟ ਚੁਕਵਾ ਕੇ ਸੇਵਕਾਂ ਤੋਂ, ਸਿੱਖ ਫ਼ੌਜ ਦੇ ਵਿਚ ਪੁਚਾ ਦਿੱਤਾ

## ਸਿਫ਼ਤ ਰਣਜੀਤ ਨਗਾਰੇ ਦੀ (ਵੱਲੋਂ ਕਵੀ)

ਲੋਹਾ ਓਸਦਾ ਸਬਰ ਸੀ ਆਜਜ਼ਾਂ ਦਾ, ਉਨੂੰ ਆਹਾਂ ਦੀ ਅੱਗ ਨੇ ਤਾਇਆ ਸੀ
ਭੱਠੀ ਨਹੀਂ ਸੀ, ਦਿੱਲ ਬੇਦੋਸ਼ ਦਾ ਸੀ, ਕਾਰੀਗਰਾਂ ਨੇ ਜਿਦ੍ਹੇ ਵਿਚ ਪਾਇਆ ਸੀ
ਬਣੀ ਹਾਉਕੇ ਦੀ ਉੱਥੇ ਧੌਕਣੀ ਸੀ, ਜਿਹੜਾ ਦੁਖੀ ਗ਼ਰੀਬ ਨੂੰ ਆਇਆ ਸੀ
ਉਨੂੰ ਪਈ ਸੀ ਸੱਟ ਕੁਰਬਾਨੀਆਂ ਦੀ, ਐਰਣ ਦੁੱਖ 'ਤੇ ਗਿਆ ਟਿਕਾਇਆ ਸੀ
ਉਨੂੰ ਪਾਨ ਚਾੜ੍ਹੀ ਗਈ ਹੰਝੂਆਂ ਦੀ, ਜਿਹੜਾ ਆਜਜ਼ਾਂ ਨੀਰ ਵਹਾਇਆ ਸੀ
ਉਨੂੰ ਓਸ ਮਿੱਟੀ ਖ਼ੂਬ ਮਾਂਜਿਆਂ ਸੀ, ਨੌਵੇਂ ਗੁਰਾਂ ਜਿਸ ਨੂੰ ਚਰਨ ਲਾਇਆ ਸੀ
ਉਦ੍ਹੀ ਖੱਲ ਸੀ ਖੱਲ ਨਿਮਾਣਿਆਂ ਦੀ, ਜਿਦ੍ਹੇ ਵਿੱਚ ਓਹ ਗਿਆ ਮੜ੍ਹਾਇਆ ਸੀ
ਲਾਸਾਂ ਦੁਖੀ ਦੀਆਂ ਜਾਣੋ ਆਂਦ੍ਰਾਂ ਸੀ, ਜਿਨੂੰ ਜ਼ਾਲਮਾਂ ਕਦੇ ਮਰਵਾਇਆ ਸੀ
ਡੰਡੇ ਓਦ੍ਹੇ ਸੀ ਹੱਡੀਆਂ ਓਸ ਦੀਆਂ, ਭੰਗ ਭਾ ਜੋ ਗਿਆ ਕਤਲਾਇਆ ਸੀ
ਓਦ੍ਹੀ ਚੋਟ ਆਜ਼ਾਦੀ ਦੀ ਚੋਟ ਹੈਸੀ, ਜਿਨ੍ਹੇ ਜ਼ਾਲਮਾਂ ਤਾਈਂ ਡਰਾਇਆ ਸੀ
ਓਦ੍ਹੀ ਗੂੰਜ ਆਜ਼ਾਦੀ ਦੀ ਗੂੰਜ ਹੈਸੀ, ਜਿਨ੍ਹੇ ਪਰਬਤਾਂ ਤਾਈਂ ਗੁੰਜਾਇਆ ਸੀ
ਉਦ੍ਹੇ ਵਿਚ ਅਵਾਜ਼ ਸੀ ਆਜਜ਼ਾਂ ਦੀ, ਦਰਦ ਓਸ ਵਿਚ ਗਿਆ ਲੁਕਾਇਆ ਸੀ
ਸੀਨੇ ਓਸ ਦੇ ਜੋਸ਼ ਦਸਮੇਸ਼ ਦਾ ਸੀ, ਕਿਉਂਕਿ ਆਪ ਨੇ ਉਹ ਬਣਵਾਇਆ ਸੀ
ਗੱਜ ਪਾ ਉਹ ਜਦੋਂ ਘੁਰਲਾਇਆ ਸੀ, ਡੱਰ ਵਿੱਚ ਪਾਤਾਲ ਦੇ ਛਾਇਆ ਸੀ
ਐਪਰ ਹਿੰਦ ਨੂੰ ਉਹਦੀ ਅਵਾਜ਼ ਵਿੱਚੋਂ, ਸੱਚੇ ਰੱਬ ਨੇ ਧੀਰ ਵਿਖਾਇਆ ਸੀ
ਆਹ ਦੁਖੀ ਦੀ ਜਿੱਤਦੀ ਜ਼ਾਲਮਾਂ ਨੂੰ, ਓਸੇ ਆਹ ਇਹ ਰੂਪ ਵਟਾਇਆ ਸੀ
ਅੱਗ ਵਿੱਚ ਗ਼ੁਲਾਮੀਆਂ ਸਾੜ ਆਇਆ, ਹਿੰਦ ਲਈ ਸੁਰਾਜ ਲਿਆਇਆ ਸੀ
'ਤੀਰ' ਪਾਪ ਦੇ ਮਾਂ ਪਿਓ ਮੋਏ ਓਦੋਂ, ਪਹਿਲੀ ਵਾਰ ਜਾਂ ਗਿਆ ਵਜਾਇਆ ਸੀ

## ਰਣਜੀਤ ਨਗਾਰੇ ਦੀਆਂ ਧੁੰਮਾਂ (ਵੱਲੋਂ ਕਵੀ)

ਦਿਲੋਂ ਬੇ-ਪਰਵਾਹ ਨਿਡੱਰ ਹੋ ਕੇ, ਖੇਡ ਨਵੀਂ ਸੀ ਨਿੱਤ ਦਾਤਾਰ ਕਰਦੇ
ਘਰੋਂ ਕਰਨ ਮਾਰਚ ਫ਼ੌਜਾਂ ਨਾਲ ਲੈ ਕੇ, ਚੋਜ ਕਈ ਸੀ ਘੋੜ-ਸਵਾਰ ਕਰਦੇ
ਪਵੇ ਨਾਲ ਰਣਜੀਤ ਦੀ ਗੂੰਜ ਮਾਰੂ, ਜਦੋਂ ਜੰਗਲਾਂ ਵਿੱਚ ਸ਼ਿਕਾਰ ਕਰਦੇ
ਕੰਬੇ ਜਾਨ ਪਹਾੜੀਆਂ ਰਾਜਿਆਂ ਦੀ, ਬਹਿ ਕੇ ਅੰਦਰੀਂ ਬੜੀ ਵਿਚਾਰ ਕਰਦੇ
ਧੌਂਸਾ ਕਿੱਸਦਾ? ਕੌਣ ਵਜਾਂਵਦਾ ਏ? ਪੁੱਛ ਨੌਕਰਾਂ ਤੋਂ ਵਾਰ ਵਾਰ ਕਰਦੇ
ਕਹਿਣ ਉਹ ਅੱਗੋਂ ਗੁਰੂ ਦੱਸਵੇਂ ਨੇ, ਜਿਹੜੇ ਪਾਪੀਆਂ ਦੇ ਬੇੜੇ ਪਾਰ ਕਰਦੇ
ਹੈਣ ਖੇਡਦੇ ਨਿੱਤ ਸ਼ਿਕਾਰ ਆ ਕੇ, ਜੀਵ ਜੰਤ ਦਾ ਪਏ ਉਧਾਰ ਕਰਦੇ
ਸੁਣ ਚੁੱਪ ਹੋ ਜਾਂਵਦੇ ਕਈ ਰਾਜੇ, ਕਈ ਈਰਖਾ ਵੱਸ ਹੋ ਖ਼ਾਰ ਕਰਦੇ
ਸਾਡੇ ਹੁੰਦਿਆਂ ਕੌਣ ਵਜਾਏ ਧੌਂਸਾ, ਕਈ ਰਾਜ ਦਾ ਬੜਾ ਹੰਕਾਰ ਕਰਦੇ
'ਤੀਰ' ਦਿੱਲ ਤੋਂ ਸੀ ਹਾਮੀ ਜ਼ਾਲਮਾਂ ਦੇ, ਕਿਵੇਂ ਗੁਰਾਂ ਦੇ ਨਾਲ ਪਿਆਰ ਕਰਦੇ

### ਪਹਾੜੀ ਰਾਜਿਆਂ ਦਾ ਸਰਦਾਰ ਰਾਜਾ ਭੀਮ ਚੰਦ (ਵੱਲੋਂ ਕਵੀ)

ਭੀਮ ਚੰਦ ਰਾਜਾ ਵਾਲੀ ਪਰਬਤਾਂ ਦਾ, ਸਾਰੇ ਰਾਜਿਆਂ ਵਿੱਚ ਸਰਦਾਰ ਹੈ ਸੀ
ਉਹਦੀ ਚੱਲਦੀ ਸੀ ਹਰ ਗੱਲ ਅੰਦਰ, ਉਹਦੇ ਹੱਥ ਹੇਠਾਂ ਬਾਈਧਾਰ ਹੈ ਸੀ
ਉਹਨੂੰ ਗੁਰੂ ਜੀ ਮੂਲ ਨਾ ਭਾਂਵਦੇ ਸੀ, ਬੜਾ ਓਸ ਦੇ ਵਿਚ ਹੰਕਾਰ ਹੈ ਸੀ
'ਤੀਰ' ਜਦੋਂ ਵੀ ਕਦੇ ਰਣਜੀਤ ਵੱਜੇ, ਉਹਨੂੰ ਆਂਵਦੀ ਬੜੀ ਹੀ ਖ਼ਾਰ ਹੈ ਸੀ

### (ਵੱਲੋਂ ਕਵੀ)

ਦੋਹਰਾ— ਇਕ ਦਿਨ ਧੌਂਸਾ ਵੱਜਿਆ, ਜਦੋਂ ਪਈ ਗੁੰਜਾਰ।
ਭੀਮੇਂ ਇਹ ਸੁਨੇਹੜਾ, ਘੱਲਿਆ ਖਾ ਕੇ ਖ਼ਾਰ।

### ਭੀਮ ਚੰਦ ਪਹਾੜੀ ਰਾਜੇ ਦਾ ਮਸੰਦਾਂ ਹੱਥ ਸੁਨੇਹਾ

ਓ ਮਸੰਦ ਭਾਈਓ! ਕਹਿਣਾ ਗੁਰੂ ਤਾਈਂ, ਜ਼ੱਰ ਸੱਕਦਾ ਇਹ ਭੀਮਚੰਦ ਨਾਹੀਂ
ਧੌਂਸੇ ਗੁਰੂ ਵਜਾਂਵਦਾ ਫਿਰੇ ਏਥੇ, ਬਾਈਧਾਰ ਨੂੰ ਗੱਲ ਪਸੰਦ ਨਾਹੀਂ
ਤੁਸੀਂ ਠਾਕ ਛਡੋ ਗੁਰੂ ਆਪਣੇ ਨੂੰ, ਰਹਿਣੀ ਨਹੀਂ ਤਾਂ ਪੁਰੀ ਅਨੰਦ ਨਾਹੀਂ
ਅਸੀਂ ਹਾਂ ਰਾਜੇ ਅਣਖ ਆਨ ਵਾਲੇ, ਮੂੰਹ ਸੱਪ ਦੇ ਛੱਡੀਏ ਦੰਦ ਨਾਹੀਂ
ਅਸੀਂ ਬਹੁਕਰਾਂ ਮਾਰ ਕੇ ਹੂੰਝ ਦੇਈਏ, ਰਹਿਣ ਦੇਂਵਦੇ ਰਾਜ ਵਿਚ ਗੰਦ ਨਾਹੀਂ
ਜਿਹੜਾ ਧੌਂਸਿਆਂ ਦੇ ਨਾਲ ਟੁੱਟ ਜਾਵੇ, ਸਾਡਾ ਮਾਨ ਇਹ ਸੂਤ ਦੀ ਤੰਦ ਨਾਹੀਂ
ਲੋੜ ਪਿਆਂ ਰਜਪੂਤ ਦਾ ਧਰਮ ਲੜਨਾ, ਸੁਲ੍ਹਾ ਵਾਸਤੇ ਸਦਾ ਸੁਗੰਦ ਨਾਹੀਂ
'ਤੀਰ' ਬੱਝਿਆ ਜੰਗ ਦਾ ਮੁੱਢ ਜਾਣੋ, ਧੌਂਸਾ ਗੁਰਾਂ ਜੇਕਰ ਕੀਤਾ ਬੰਦ ਨਾਹੀਂ

### ਮਸੰਦ ਡਰ ਗਏ (ਵੱਲੋਂ ਕਵੀ)

ਬੜੇ ਡਰੇ ਮਸੰਦ ਇਹ ਗੱਲ ਸੁਣ ਕੇ, ਭੁੱਲਾ ਉਨ੍ਹਾਂ ਨੂੰ ਪੀਵਣਾ ਖਾਵਣਾ ਏਂ
ਕੱਠੇ ਹੋ ਕੇ ਆਖਦੇ ਜਾਪਦਾ ਏ, ਅਸਾਂ ਭੰਗ ਭਾੜੇ ਮਾਰੇ ਜਾਵਣਾ ਏਂ
ਨਵੇਂ ਗੁਰੂ ਦੇ ਨਵੇਂ ਹੀ ਪੈਂਤੜੇ ਨੇ, ਜਾਣੇ ਰੱਬ ਕੀ ਗ਼ੁੱਲ ਖਿੜਾਵਣਾ ਏਂ
ਭਲਾ ਰਾਜਿਆਂ ਨਾਲ ਬਰਾਬਰੀ ਕੀ, ਜਿਨ੍ਹਾਂ ਅਸਾਂ 'ਤੇ ਰਾਜ ਕਮਾਵਣਾ ਏਂ
ਗੁਰਾਂ ਚਾਲ ਫ਼ਕੀਰੀ ਦੀ ਛੱਡ ਦਿੱਤੀ, ਨਵੇਂ ਰੰਗ ਨੇ ਜੰਗ ਮਚਾਵਣਾ ਏਂ
ਛੇਵੇਂ ਗੁਰਾਂ ਨੇ ਕੀ ਸੀ ਫੱਲ ਪਾਇਆ, ਹੱਥ ਇਨ੍ਹਾਂ ਦੇ ਭਲਾ ਕੀ ਆਵਣਾ ਏਂ
ਅਸੀਂ ਖੁੱਲ੍ਹੀਆਂ ਲੁੱਟਦੇ ਰਹੇ ਮੌਜਾਂ, ਇਨ੍ਹਾਂ ਉਹ ਵੀ ਸੁਖ ਗੁਵਾਵਣਾ ਏਂ
ਖ਼ੌਰੇ ਕੱਲ੍ਹ ਨੂੰ ਹੀ ਚੰਦ ਗੁੱਜਰੀ ਦੇ, ਹੋਰ ਨਵਾਂ ਕੀ ਚੰਦ ਚੜ੍ਹਾਵਣਾ ਏਂ
ਗੁਰੂ ਬਾਲ ਨੇ ਅਜੇ ਕੀ ਜਾਣਦੇ ਨੇ, ਸਿੱਖ ਕੌਮ ਨੂੰ ਕਿਵੇਂ ਵਧਾਵਣਾ ਏਂ
ਸਾਡੇ ਨਾਲ ਹੈ ਇਨ੍ਹਾਂ ਦੀ ਸ਼ਾਨ ਬੱਝੀ, ਸਾਡੇ ਨਾਲ ਇਹ ਠਾਠ ਸੁਹਾਵਣਾ ਏਂ

ਜੇਕਰ ਆਏ ਨਗਾਰੇ ਤੋਂ ਬਾਜ਼ ਨਾਹੀਂ, ਭੀਮ ਚੰਦ ਨੇ ਜੰਗ ਰਚਾਵਣਾ ਏਂ
ਸਾਡੇ ਬਿਨਾਂ ਭਾਈਓ ਬਾਲ ਗੁਰੂ ਤਾਈਂ, ਕਿਨ੍ਹੇ ਆਣ ਕੇ ਹੋਰ ਸਮਝਾਵਣਾ ਏਂ
ਛਾਏ ਸਹਿਮ ਮਸੰਦਾਂ ਦੇ ਮਨ ਅੰਦਰ, ਸਮਾਂ ਆ ਗਿਆ ਅੱਗੋਂ ਡਰਾਵਣਾ ਏਂ
ਆਖੀ ਜਾਣ 'ਇਹ ਖੁੰਝ ਜੇ ਗਿਆ ਵੇਲਾ, ਪੈਣਾ ਫੇਰ ਪਿੱਛੋਂ ਪੱਛੋਤਾਵਣਾ ਏਂ'
ਪਤਾ ਕੀ ਸੀ ਪਰ ਅੰਜਾਣਿਆਂ ਨੂੰ, ਏਨ੍ਹਾਂ ਸਤਿਗੁਰਾਂ ਜੌਹਰ ਵਿਖਾਵਣਾ ਏਂ
ਅੰਨ੍ਹੇ ਅਕਲ ਦੇ ਉਹ ਕੀ ਜਾਣਦੇ ਸੀ, ਏਨ੍ਹਾਂ ਰਾਜਿਆਂ ਤਾਈਂ ਨਿਵਾਵਣਾ ਏਂ
ਬੀਰ-ਗੁਰਾਂ ਦੀ ਉਨ੍ਹਾਂ ਨੂੰ ਸਾਰ ਕੀ ਸੀ, ਜਿਨ੍ਹਾਂ ਹਿੰਦ ਦਾ ਰੰਗ ਵਟਾਵਣਾ ਏਂ
'ਤੀਰ' ਉਹ ਕੀ ਗੁਰੂ ਦਾ ਭੇਦ ਜਾਣਨ, ਜਿਨ੍ਹਾਂ ਨਿਰਾ ਕੜਾਹ ਈ ਖਾਵਣਾ ਏਂ

### *ਮਸੰਦ ਮਾਤਾ ਜੀ ਨੂੰ ਆਣ ਕੇ ਖ਼ਤਰਾ ਦਸਦੇ ਤੇ ਡਰਾਉਂਦੇ ਹਨ*

ਦੌੜੇ ਗੁੱਜਰੀ ਮਾਤ ਦੇ ਕੋਲ ਆਏ, ਆ ਕੇ ਕਹਿਣ ਲੱਗੇ ਨਿਮਸ਼ਕਾਰ ਮਾਤਾ
ਅਸੀਂ ਆਪਦੇ ਦਿਲੋਂ ਨਿਰਮਾਣ ਗੋਲੇ, ਹੁਕਮ-ਪਾਲ ਤੇ ਆਗਿਆਕਾਰ ਮਾਤਾ
ਐਪਰ ਅੱਜ ਸਾਡੇ ਮਨਾਂ ਵਿੱਚ ਆਈ, ਬੜੀ ਦੂਰ ਦੀ ਇੱਕ ਵਿਚਾਰ ਮਾਤਾ
ਮਹਾਰਾਜ ਜੀ ਰੋਜ਼ ਹੀ ਜਾਂਵਦੇ ਨੇ, ਨਾਲ ਫ਼ੌਜ ਲੈ ਕਰਨ ਸ਼ਿਕਾਰ ਮਾਤਾ
ਡਊਂ ਡਊਂ ਰਣਜੀਤ ਵਜਾਂਵਦੇ ਨੇ, ਪਾਂਦਾ ਜਾਂਵਦਾ ਉਹ ਗੂੰਜਾਰ ਮਾਤਾ
ਭੀਮ ਚੰਦ ਰਾਜਾ ਉਹਨੂੰ ਸੁਣ ਸੜਦਾ, ਨਾਲ ਗੁਰਾਂ ਦੇ ਰੱਖਦਾ ਖ਼ਾਰ ਮਾਤਾ
ਸਾਨੂੰ ਤੌਖ਼ਲਾ ਹੈ ਕਿਸੇ ਘੜੀ ਐਵੇਂ, ਕਿਤੇ ਹੋ ਨਾ ਜਾਏ ਤਕਰਾਰ ਮਾਤਾ
ਇਦ੍ਹੀ ਗੂੰਜ 'ਚੋਂ ਨਿਤ ਦੀ ਕਲਹਿ ਬਣ ਕੇ, ਕਿਤੇ ਚੱਲ ਨਾ ਪਏ ਤਲਵਾਰ ਮਾਤਾ
ਅਸਾਂ ਕੱਢਣਾ ਕੀ ਬਖੇੜਿਆਂ ਤੋਂ, ਸਾਡਾ ਧਰਮ ਦਾ ਹੈ ਦਰਬਾਰ ਮਾਤਾ
ਤੁਸੀਂ ਲਵੋ ਸਮਝਾ ਮਹਾਰਾਜ ਤਾਈਂ, ਅੱਗੋਂ ਕਰਨ ਨਾਹੀਂ ਐਸੀ ਕਾਰ ਮਾਤਾ
ਨਾਨਕ ਗੁਰੂ ਦਾ ਘਰ ਹੈ ਫੱਕਰਾਂ ਦਾ, ਭਗਤ ਰੱਬ ਦੇ ਸਿੱਖ-ਪਰਵਾਰ ਮਾਤਾ
ਫ਼ੌਜਾਂ ਧੌਂਸਿਆਂ ਦੀ ਭਲਾ ਲੋੜ ਕੀ ਏ, ਚਾਹੀਏ ਸਭ ਦੇ ਨਾਲ ਪਿਆਰ ਮਾਤਾ
ਕਦੇ ਨਹੀਂ ਫ਼ਕੀਰ ਤਲਵਾਰ ਫੜਦੇ, ਹਰ ਇੱਕ ਤੋਂ ਮੰਨਦੇ ਹਾਰ ਮਾਤਾ
ਹੱਥ ਆਪ ਦੇ ਹੁਣ ਹੈ ਗੱਲ ਸਾਰੀ, ਵੇਲੇ ਸਿਰ ਜੇ ਕਰੋ ਸੁਧਾਰ ਮਾਤਾ
ਭਜਨ ਕਰਨ ਤੇ ਰਹਿਣ ਇਕਾਂਤ-ਵਾਸੀ, ਸਤਿਗੁਰਾਂ ਤੋਂ ਲਵੋ ਇਕਰਾਰ ਮਾਤਾ
'ਤੀਰ' ਡਰੀ ਮਸੰਦਾਂ ਦੀ ਗੱਲ ਸੁਣ ਕੇ, ਗਈ ਗ਼ਮ ਅੰਦਰ ਗੋਤਾ ਮਾਰ ਮਾਤਾ

### *ਗੁਰੂ ਜੀ ਨਾਲ ਵਿਰੋਧ ਦੇ ਹੋਰ ਕਾਰਨ (ਵੱਲੋਂ ਕਵੀ)*

ਗੁਰੂ ਇੱਕ ਅਕਾਲ ਨੂੰ ਪੂਜਦੇ ਸੀ, ਦੇਵੀ ਦੇਵਤੇ ਹੋਰ ਭੁਲਾ ਕੇ ਤੇ
ਠਾਕਰ-ਪੂਜ ਤੋਂ ਰੱਬ ਪੁਜਾਂਵਦੇ ਸੀ, ਬਸ ਗਿਆਨ ਦੇ ਨਾਲ ਸਮਝਾ ਕੇ ਤੇ
ਸਿੱਖ-ਪੰਥ ਦੀ ਨੀਂਹ ਵੀ ਰੱਖ ਰਹੇ ਸੀ, ਜ਼ਾਤ ਪਾਤ ਦਾ ਭੇਦ ਮਿਟਾ ਕੇ ਤੇ

ਨਾ ਸੀ ਭਾਂਵਦੀ ਇਹ ਪਹਾੜੀਆਂ ਨੂੰ, ਸਾਡੇ ਰਾਜ ਅੰਦਰ ਕੋਈ ਆ ਕੇ ਤੇ
ਸਾਡੇ ਮਜ਼ੁਬ ਵਿਸ਼ਵਾਸ ਨੂੰ ਸੱਟ ਮਾਰੇ, ਨਵਾਂ ਆਪਣਾ ਪੰਥ ਚਲਾ ਕੇ ਤੇ
ਉੱਚਾ ਰੱਬ ਤੇ ਗੁਰੂ ਬਣਾਈ ਜਾਵੇ, ਸਾਡੇ ਠਾਕਰਾਂ ਤਾਈਂ ਨਿਵਾ ਕੇ ਤੇ
ਬੱਝੀ ਇਹ ਬੁਨਿਆਦ ਸੀ ਈਰਖਾ ਦੀ, ਫੈਲ ਰਹੀ ਸੀ ਵਿਹੁ ਵਧਾ ਕੇ ਤੇ
ਦੂਜਾ ਗੁਰਾਂ ਦੇ ਚੁੱਕ ਵਿਰੁੱਧ ਕੀਤਾ, ਔਰੰਗਜ਼ੇਬ ਨੂੰ ਇਹਨਾਂ ਉਕਸਾ ਕੇ ਤੇ
ਬਾਲੀ ਉਮਰ ਅੰਦਰ ਸ਼ਾਂਤ-ਰੂਪ ਗੁਰ ਜੀ, ਕੱਟਣ ਦਿੱਲ ਦਰਿਆ ਬਣਾ ਕੇ ਤੇ
ਤਾਂ ਵੀ ਦਿਲ ਅੰਦਰ ਰਹਿੰਦੇ ਸੋਚਦੇ ਸੀ, ਨਿਤ ਅਕਲ ਦੇ ਘੋੜੇ ਦੁੜਾ ਕੇ ਤੇ
ਕਿਵੇਂ ਹਿੰਦ 'ਚੋਂ ਹਿੰਸਾ ਜ਼ੁਲਮ ਵਾਲਾ, ਅਸਾਂ ਮੇਟਣਾ ਏ ਲਹੂ ਪਾ ਕੇ ਤੇ
ਇੱਕ ਰਾਤ ਜਾਂ ਸ੍ਰੀ ਦਸਮੇਸ਼ ਬੈਠੇ, ਕੋਲ ਅੰਮੀਆਂ ਦੇ ਰੋਟੀ ਖਾ ਕੇ ਤੇ
'ਤੀਰ' ਇਸ ਤਰ੍ਹਾਂ ਉਨ੍ਹਾਂ ਨੇ ਗੱਲ ਛੇੜੀ, ਵਾਰੋ ਵਾਰ ਕਲੇਜੜੇ ਲਾ ਕੇ ਤੇ

### *ਮਾਤਾ ਨਾਨਕੀ ਤੇ ਮਾਤਾ ਗੁਜਰੀ ਜੀ ਸਮਝਾਉਂਦੇ ਹਨ*

ਜੀਓ ਚੰਦ ਜੀ! ਅਸੀਂ ਕੁਰਬਾਨ ਜਾਈਏ, ਸੂਰਤ ਆਪ ਦੀ ਬਣੀ ਪਿਆਰ ਦੀ ਏ
ਕਲਗੀ ਆਪ ਦੀ ਨੈਣਾਂ ਨੂੰ ਠੰਢ ਦੇਂਦੀ, ਤੇਗ ਆਪ ਦੀ ਕਾਲਜਾ ਠਾਰਦੀ ਏ
ਚਾਲ ਆਪ ਦੀ ਮੋਹਣੀ ਮੰਨ ਮੋਹਦੀ, ਬੋਲੀ ਆਪ ਦੀ ਪ੍ਰੇਮ-ਫੁਹਾਰ ਦੀ ਏ
ਪੁੱਤਰ ਜੀਓ! ਪਰ ਦੋਹਾਂ ਹੀ ਅੰਮੀਆਂ ਨੂੰ, ਚਿੰਤਾ ਇੱਕ ਹੀ ਰਾਤ ਦਿਨ ਮਾਰਦੀ ਏ
ਤੁਸੀਂ ਫ਼ੌਜ ਲੈ ਨਿੱਤ ਸ਼ਿਕਾਰ ਜਾਓ, ਗੱਲ ਰਾਜਿਆਂ ਲਈ ਇਹ ਖ਼ਾਰਦੀ ਏ
ਜਿਹੜੀ ਨਿੱਤ ਰਣਜੀਤ 'ਤੇ ਚੋਟ ਪੈਂਦੀ, ਪਈ ਉਨ੍ਹਾਂ ਦੇ ਜੋਸ਼ ਉਭਾਰਦੀ ਏ
ਸਾਡੇ ਤੀਕ ਡਰਾਉਣੀ ਖ਼ਬਰ ਪੁੱਜੀ, ਬਾਈਧਾਰ ਖੋਟੀ ਨੀਤ ਧਾਰਦੀ ਏ
ਕਿਤੇ ਬੱਝ ਨਾ ਜੰਗ ਦਾ ਮੁੱਢ ਜਾਵੇ, ਉੱਡੀ ਏਸ ਲਈ ਹੋਸ਼ ਪਰਵਾਰ ਦੀ ਏ
ਤੁਸੀਂ ਦਲਾਂ ਨੂੰ ਰੁਖ਼ਸਤਾਂ ਦੇ ਛੱਡੋ, ਸਾਡਾ ਫ਼ੌਜ ਕੀ ਭਲਾ ਸਵਾਰਦੀ ਏ
ਮੇਰੀ ਮੰਨ ਰਣਜੀਤ ਨੂੰ ਭੰਨ ਸੁੱਟੋ, ਦੱਸੋ ਚੀਜ਼ ਸਾਡੀ ਕਿਹੜੀ ਕਾਰ ਦੀ ਏ
ਸਾਡੀ ਰੀਤ ਹੈ ਰਾਤ ਦਿਨ ਜਾਪ ਕਰਨਾ, ਸਾਡੇ ਵਾਸਤੇ ਓਟ ਕਰਤਾਰ ਦੀ ਏ
ਖਾਓ ਪੀਓ ਹੰਢਾਓ ਤੇ ਸੁੱਖ ਮਾਣੋ, ਆਪ ਲਈ ਹਰ ਚੀਜ਼ ਸੰਸਾਰ ਦੀ ਏ
ਠਾਠ ਬਾਠ ਇਹ ਰਾਜਸੀ ਲੋੜ ਨਾਹੀਂ, ਸਾਨੂੰ ਲੋੜ ਨਾ ਜਿੱਤ ਜਾਂ ਹਾਰ ਦੀ ਏ
ਨਾਨਕ ਗੁਰੂ ਦੇ ਘਰ ਪਰਧਾਨ ਮਾਲਾ, ਏਥੇ ਲੋੜ ਨਾ 'ਤੀਰ' ਤਲਵਾਰ ਦੀ ਏ

### *ਦਸਮੇਸ਼ ਜੀ ਵੱਲੋਂ ਮਾਤਾ ਗੁਜਰੀ ਜੀ ਤੇ ਮਾਤਾ ਨਾਨਕੀ ਜੀ ਨੂੰ ਕਹਿਣਾ*

ਹੱਥ ਜੋੜ ਕੇ ਸ੍ਰੀ ਦਸਮੇਸ਼ ਬੋਲੇ—"ਮਾਤਾ ਕੰਮ ਇਹ ਬੜੀ ਵਿਚਾਰ ਦਾ ਏ
ਨਾਨਕ ਗੁਰੂ ਅਤੇ ਪੂਜ ਪਿਤਾ ਜੀ ਦਾ, ਮੈਨੂੰ ਧਰਮ ਹੀ ਪਿਆ ਵੰਗਾਰਦਾ ਏ
ਸੱਚ ਆਖਦਾ ਹਾਂ ਅੰਮੀ ਕੋਲ ਤੇਰੇ, ਮੇਰੇ ਕੋਲ ਕਿਣਕਾ ਤੇਰੇ ਪਿਆਰ ਦਾ ਏ

ਓਸ ਪਿਆਰ ਅੰਦਰ ਜਦੋਂ ਵੇਖਦਾ ਹਾਂ, ਬੁਰਾ ਜਾਪਦਾ ਹਾਲ ਸੰਸਾਰ ਦਾ ਏ
ਮੇਰਾ ਦੇਸ਼ ਸਾਰਾ ਖ਼ੂਨੋ ਖ਼ੂਨ ਜਾਪੇ, ਜ਼ਾਲਮ ਪਿਆ ਮਜ਼ਲੂਮ ਨੂੰ ਮਾਰਦਾ ਏ
ਮੈਂ ਇਕਾਂਤ ਜਾ ਕੇ ਜਦੋਂ ਬੈਠਦਾ ਹਾਂ, ਸੁਣ ਕੇ ਦਿੱਲ ਮੇਰਾ ਨਾ ਸਹਾਰਦਾ ਏ
ਮੇਰੇ ਕੰਨ ਅੰਦਰ ਕੂਕਾਂ ਪੈਂਦੀਆਂ ਨੇ, ਰੌਲਾ ਹਰ ਪਾਸੇ ਹਾਹਾ ਕਾਰ ਦਾ ਏ
ਵੇਲਾ ਸ਼ਾਂਨਤੀ ਦਾ ਗਿਆ ਲੰਘ ਅੰਮੀ, ਅਗੋਂ ਆ ਗਿਆ ਤੀਰ ਤਲਵਾਰ ਦਾ ਏ
ਤੁਸੀਂ ਵੇਖਦੇ ਜਾਓ ਨਿਡੱਰ ਹੋ ਕੇ, ਨੱਕ ਦੰਮ ਹੋਣਾ ਬਾਈਧਾਰ ਦਾ ਏ
ਭੀਮ ਚੰਦ ਦੇ ਦੰਦ ਮੈਂ ਭੰਨਣੇ ਨੇ, ਕੁੱਪਾ ਭਰ ਇਹ ਗਿਆ ਹੰਕਾਰ ਦਾ ਏ
ਵੇਖੋ ਕਰਾਂਗਾ ਅੱਜ ਤੋਂ ਕੰਮ ਉਹੋ, ਮੇਰੇ ਲਈ ਜੋ ਹੁਕਮ ਕਰਤਾਰ ਦਾ ਏ
ਭਾਰਤ ਮਾਂ ਦੀ ਦੁੱਖਦੀ ਹਿੱਕ ਉਤੋਂ, ਬੂਟਾ ਪੁੱਟਣਾ ਅੱਤਿਆਚਾਰ ਦਾ ਏ
ਦੁਸ਼ਟ ਮਾਰਨੇ, ਸੰਤ ਉਬਾਰਨੇ ਨੇ, ਮੇਰੇ ਲਈ ਫ਼ੁਰਮਾਨ ਦਾਤਾਰ ਦਾ ਏ
ਸਿਰ ਓਸਦਾ ਮਾਂ ਜੀ ਤੋੜਨਾ ਮੈਂ, ਨਵ੍ਹਾਂ ਤੀਕ ਭਰਿਆ ਜਿਹੜਾ ਖ਼ਾਰ ਦਾ ਏ
ਅੱਗੋਂ ਵਾਸਤੇ ਹੋਣ ਨਿਡੱਰ ਲੋਕੀਂ, ਸਿੱਟਾ ਇਹੋ ਹੀ ਮੇਰੇ ਪਰਚਾਰ ਦਾ ਏ
ਜਿਹੜਾ ਆਸਰਾ ਰੱਬ ਦਾ ਰੱਖਦਾ ਏ, ਰੱਬ ਓਸਦੇ ਕਾਜ ਸਵਾਰਦਾ ਏ
ਜਿਹੜਾ ਕਰੇ ਧੱਕਾ ਨਾਲ ਆਜਜ਼ਾਂ ਦੇ, ਸਾਈਂ ਓਸਨੂੰ ਸਦਾ ਨਿਘਾਰਦਾ ਏ
'ਤੀਰ' ਰੱਬ ਜਾਣੇ ਏਸ ਖੇਡ ਅੰਦਰ, ਕੌਣ ਜਿੱਤਦਾ ਏ, ਕੌਣ ਹਾਰਦਾ ਏ

### ਦਸਮੇਸ਼ ਜੀ ਫੇਰ ਕਹਿੰਦੇ ਹਨ ਤੇ ਆਪਣਾ ਆਦਰਸ਼ ਦੱਸਦੇ ਹਨ

ਅੰਮੀ ਜੀਓ! ਹੈ ਇਹ ਆਦਰਸ਼ ਮੇਰਾ, ਜਿਹਦੇ ਲਈ ਮੈਂ ਕਸ਼ਟ ਉਠਾਵਣੇ ਨੇ
ਹੈਣ ਹਿੰਦ ਦੇ ਲਈ ਕਲੰਕ ਜਿਹੜੇ, ਮੈਂ ਉਹ ਛੂਤ ਦੇ ਭੂਤ ਉਡਾਵਣੇ ਨੇ
ਉੱਚਾ ਚੁੱਕਣਾ ਜੱਗ 'ਤੇ ਨੀਂਵਿਆਂ ਨੂੰ, ਉੱਚੇ ਨੀਂਵਿਆਂ ਨਾਲ ਬਿਠਾਵਣੇ ਨੇ
ਧੱਕੇ ਖੋਰਿਆਂ ਰਾਜਿਆਂ-ਰਾਣਿਆਂ ਨੂੰ, ਅਦਲ ਕਰਨ ਦੇ ਢੰਗ ਸਿਖਾਵਣੇ ਨੇ
ਜਿਹੜੇ ਅੜਨਗੇ ਝੜਨਗੇ ਪੱਤ ਵਾਂਗੂ, ਕਿਤੇ ਉੱਡਦੇ ਨਿਗ੍ਹਾ ਨਾ ਆਵਣੇ ਨੇ
ਜੰਗ ਨਿੱਤ ਦਾ ਦੇਸ਼ 'ਚੋਂ ਮੇਟਣਾ ਏਂ, ਅੰਮਾਂ-ਜਾਏ ਹਮਸਾਏ ਬਣਾਵਣੇ ਨੇ
ਸੰਤ ਸੂਰਮੇਂ ਹੋਣਗੇ ਦੇਸ਼ ਅੰਦਰ, ਐਹੋ ਜਿਹੇ ਮੈਂ ਸਿੱਖ ਸਜਾਵਣੇ ਨੇ
ਭਾਰਤ ਮਾਂ ਨੂੰ ਜਿਨ੍ਹਾਂ ਗ਼ੁਲਾਮ ਕੀਤਾ, ਮੇਰੇ ਸਿਦਕੀਆਂ ਮਾਰ ਮੁਕਾਵਣੇ ਨੇ
ਹੱਥ ਤੇਗ਼, ਜ਼ਬਾਨ ਤੇ ਜਾਪ ਹੋਸੀ, ਐਸੇ ਸੂਰਿਆਂ ਯੁੱਧ ਮਚਾਵਣੇ ਨੇ
ਰੱਣ ਵਿੱਚ ਸ਼ਹੀਦੀਆਂ ਪਾਨ ਵੇਲੇ, ਉਨ੍ਹਾਂ ਗੀਤ ਪ੍ਰੇਮ ਦੇ ਗਾਵਣੇ ਨੇ
ਨਾ ਮੈਂ ਆਪ ਡਰਨਾ ਕਿਸੇ ਸ਼ਾਹ ਪਾਸੋਂ, ਨਾ ਹੀ ਪਾਤਸ਼ਾਹ ਮੂਲ ਡਰਾਵਣੇ ਨੇ
ਐਪਰ ਜ਼ੁਲਮ ਦੇ ਰਾਹ ਤੇ ਟੁਰੇ ਜਿਹੜੇ, ਤੇਗ਼ ਨਾਲ ਸਿੱਧੇ ਰਾਹ ਪਾਵਣੇ ਨੇ
ਪਏ ਦੇਸ਼ ਨੂੰ ਤੌਕ ਗ਼ੁਲਾਮੀਆਂ ਦੇ, ਦਿਨਾਂ ਵਿੱਚ ਮੈਂ ਤੋੜ ਗਵਾਵਣੇ ਨੇ
ਬੂਟਾ ਹਰਾ ਅਜ਼ਾਦੀ ਦਾ ਕਰਨ ਖ਼ਾਤਰ, ਸਿੱਖਾਂ, ਪੁੱਤਰਾਂ ਦੇ ਲਹੂ ਪਾਵਣੇ ਨੇ

ਸਦਾ ਜਿਨ੍ਹਾਂ ਨੂੰ ਮੌਤ ਦਾ ਭੈ ਰਹਿੰਦਾ, ਮੈਂ ਉਹ ਗਿੱਦੜੋਂ ਸ਼ੇਰ ਬਣਾਵਣੇ ਨੇ
'ਤੀਰ' ਇਸ ਤਰ੍ਹਾਂ ਕਰਦਿਆਂ ਦੇਸ਼-ਸੇਵਾ, ਮੈਂ ਵੀ ਅੰਤ ਪ੍ਰਾਣ ਘੁਮਾਵਣੇ ਨੇ

### ਮਾਤਾ ਜੀ ਸਪੁੱਤਰ ਦੀ ਦਲੇਰੀ ਤੇ ਪ੍ਰਸੰਨ ਹੋਏ (ਵੱਲੋਂ ਕਵੀ)

ਵੇਖ ਰੀਝ ਇਹ ਸ੍ਰੀ ਦਸਮੇਸ਼ ਜੀ ਦੀ, ਮਾਤਾ ਗੁੱਜਰੀ ਪਈ ਬਲਿਹਾਰ ਹੋਵੇ
ਨਾਲ ਖ਼ੁਸ਼ੀ ਦੇ ਇਹ ਅਸੀਸ ਦਿੱਤੀ:—ਬੱਚਾ ਰੱਬ ਤੇਰਾ ਮਦਦਗਾਰ ਹੋਵੇ
ਸਦਾ ਜੰਗ ਤੂੰ ਜਿੱਤੇਂ ਅਜ਼ਾਦੀਆਂ ਦੇ, ਤੇਰੀ ਕਿਸੇ ਥਾਂ ਕਦੇ ਨਾ ਹਾਰ ਹੋਵੇ
'ਤੀਰ' ਸੁਖੀ ਹੋਵੇ ਭਾਰਤ ਮਾਂ ਤੇਰੀ, ਬੇੜਾ ਦੀਨ, ਅਨਾਥ ਦਾ ਪਾਰ ਹੋਵੇ

### ਆਜ਼ਾਦੀ ਦੇ ਜੰਗ ਦਾ ਮੁੱਢ ਬੱਝਣ ਲੱਗਾ (ਵੱਲੋਂ ਕਵੀ)

ਇੱਕ ਰੋਜ਼ ਦਸਮੇਸ਼ ਜੀ ਬੱਣ ਅੰਦਰ, ਸਣੇ ਜੋਧਿਆਂ ਰੌਣਕਾਂ ਲਾ ਰਹੇ ਸੀ
ਖੇਡ ਰਹੇ ਸੀ ਆਪ ਸ਼ਿਕਾਰ ਓਥੇ, ਨਾਲੋ-ਨਾਲ ਰਣਜੀਤ ਵਜਵਾ ਰਹੇ ਸੀ
ਪਰਬਤ ਗੂੰਜਦੇ ਪਏ ਸੀ ਗੂੰਜ ਅੰਦਰ, ਸੁਣ ਕੇ ਸ਼ੇਰ, ਚੀਤੇ ਨੱਠੇ ਜਾ ਰਹੇ ਸੀ
'ਤੀਰ' ਹੋਣੀਆਂ ਦੇ ਸਮੇਂ ਲਾ ਦੌੜਾਂ, ਏਦਾਂ ਜਾਪਦਾ ਸੀ ਨੇੜੇ ਆ ਰਹੇ ਸੀ

### ਭੀਮ ਚੰਦ (ਵੱਲੋਂ ਕਵੀ)

ਭੀਮ ਚੰਦ ਪਹਾੜੀਆ ਅਣਖ ਵਾਲਾ, ਸਿਰ ਕੱਢ ਸਿਰਤਾਜ ਸਦਾਂਵਦਾ ਸੀ
ਜੰਗਲ ਵਿੱਚ ਹੀ ਓਸ ਦਿਨ ਇੱਕ ਥਾਂਵੇਂ, ਡੇਰਾ ਲਾ ਕੇ ਮਨ ਪਰਚਾਂਵਦਾ ਸੀ
ਪਈ ਓਸ ਦੇ ਕੰਨ ਸੀ ਗੂੰਜ ਪੈਂਦੀ, ਜਦੋਂ ਸਿੱਖ ਰਣਜੀਤ ਵਜਾਂਵਦਾ ਸੀ
'ਤੀਰ' ਸੁਣ ਸੁਣ ਕੇ ਭੀਮ ਚੰਦ ਰਾਜਾ, ਦਿਲੋਂ ਪਿਆ ਕਰੀਚੀਆਂ ਖਾਂਵਦਾ ਸੀ

### ਭੀਮ ਚੰਦ ਨੇ ਪੁੱਛਣਾ

ਗੁੱਸਾ ਖਾ ਵਜ਼ੀਰ ਨੂੰ ਕਹਿਣ ਲੱਗਾ, ਅੱਜ ਫੇਰ ਕਿੱਸਦਾ ਧੌਂਸਾ ਵੱਜਦਾ ਏ
ਭੱਬਕ ਸ਼ੇਰ ਦੀ ਵਾਂਗ ਘੁਰਲਾਉਂਦਾ ਏ, ਕਾਲੇ ਬੱਦਲਾਂ ਵਾਂਗਰਾਂ ਗੱਜਦਾ ਏ
ਉਹਦੀ ਗੂੰਜ ਅਨੋਖੜੀ ਗੂੰਜ ਜਾਪੇ, ਉਹਦੇ ਸੁਣਦਿਆਂ ਧੀਰ ਨਾ ਬੱਝਦਾ ਏ
'ਤੀਰ' ਕੌਣ ਫਿਰਦਾ ਸਾਡੀ ਜੂਹ ਅੰਦਰ, ਹਰਨ, ਸ਼ੇਰ, ਚੀਤਾ ਡਰ ਡਰ ਭੱਜਦਾ ਏ

### ਵਜ਼ੀਰ ਦੱਸਦਾ ਹੈ

ਹੱਥ ਜੋੜ ਵਜ਼ੀਰ ਨੇ ਗੱਲ ਦੱਸੀ, ਉਹੋ ਹੈਣ ਦਸਮੇਸ਼ ਅਵਤਾਰ ਰਾਜਨ
ਵੈਰ ਭਾਵ ਨਹੀਂ ਰੱਖਦੇ ਮੂਲ ਜਿਹੜੇ, ਸਾਖਿਆਤ ਨੇ ਪ੍ਰੇਮ-ਪਿਆਰ ਰਾਜਨ
ਉੱਥੇ ਕੂੜ ਦੀ ਮੂਲ ਨਾ ਚੱਲਦੀ ਏ, ਸੱਚਾ ਉਨ੍ਹਾਂ ਦਾ ਖ਼ਾਸ ਦਰਬਾਰ ਰਾਜਨ
ਹੋਏ ਗੁਰੂ ਨਾਨਕ ਸਾਂਝੇ ਸਾਰਿਆਂ ਦੇ, ਗੱਦੀ ਉਨ੍ਹਾਂ ਦੀ ਏ ਯਾਦਗਾਰ ਰਾਜਨ

ਗੱਦੀ ਓਸ ਉਤੇ ਗੁਰੂ ਦੱਸਵੇਂ ਨੇ, ਨਾਨਕ ਗੁਰੂ ਦੇ ਵਾਂਗ ਹੀ ਕਾਰ ਰਾਜਨ
ਅਜੇ ਕੱਲ੍ਹ ਦੀ ਗੱਲ ਹੈ ਹਿੰਦੂਆਂ ਤੋਂ, ਪਿਤਾ ਆਪਣਾ ਚੁਕੇ ਨੇ ਵਾਰ ਰਾਜਨ
ਦੀਨਾਂ ਨਾਲ ਪਿਆਰ ਵਧਾਂਵਦੇ ਨੇ, ਰੱਖਣ ਜ਼ਾਲਮਾਂ ਦੇ ਨਾਲ ਖ਼ਾਰ ਰਾਜਨ
ਨਾਲ ਉਨ੍ਹਾਂ ਦੇ ਮੇਲ ਮਿਲਾਪ ਕਰਨਾ, ਸਾਡੇ ਲਈ ਹੈ ਖਰਾ ਵਿਹਾਰ ਰਾਜਨ
ਨਾਲੇ ਵੱਧਦਾ ਰੋਹਬ ਰਸੂਖ਼ ਸਾਡਾ, ਨਾਲੇ ਭੌਂਜਲੋਂ ਵੀ ਬੇੜਾ ਪਾਰ ਰਾਜਨ
ਨਵੇਂ ਰੰਗ ਦੀ ਰਹੇ ਰਚਾ ਲੀਲ੍ਹਾ, ਨਵੇਂ ਰੂਪ ਵਿੱਚ ਜਿਵੇਂ ਮੁਰਾਰ ਰਾਜਨ
ਜਿਹੜੇ ਰਾਤ ਦਿਨ ਨਿੰਦਿਆ ਕਰਨ ਐਵੇਂ, ਨਹੀਂ ਉਨ੍ਹਾਂ ਨੂੰ ਗੁਰਾਂ ਦੀ ਸਾਰ ਰਾਜਨ
ਧੁਰੋਂ ਰੱਬ ਦਾ ਰੂਪ ਨੇ ਜੱਗ ਆਏ, ਐਪਰ ਪਹਿਣਦੇ 'ਤੀਰ' ਤਲਵਾਰ ਰਾਜਨ

### ਵੱਲੋਂ ਕਵੀ

ਅਕਲਮੰਦ ਵਜ਼ੀਰ ਨੇ ਸੱਚ ਕਹਿ ਕੇ, ਕਰਾਮਾਤ ਹੀ ਜਿਵੇਂ ਵਿਖਾ ਦਿੱਤੀ
ਭੀਮਚੰਦ ਦੀ ਨੀਤ ਸੀ ਖ਼ਾਰ ਵਾਲੀ, ਐਪਰ ਘੜੀ ਦੀ ਘੜੀ ਪਲਟਾ ਦਿੱਤੀ
ਦਿੱਸੇ ਦਿਲੋਂ ਨਿਰਵੈਰ ਦਸਮੇਸ਼ ਉਸਨੂੰ, ਜਾਗ ਜਿਹੀ ਵਜ਼ੀਰ ਨੇ ਲਾ ਦਿੱਤੀ
'ਤੀਰ' ਜਿਸ ਤਰ੍ਹਾਂ ਕਿਸੇ ਨੇ ਵਿਚ ਤੂੰਮੇ, ਹੋਵੇ ਖੰਡ ਬੇਓੜਕੀ ਪਾ ਦਿੱਤੀ

### ਭੀਮ ਚੰਦ ਨੇ ਵਜ਼ੀਰ ਨੂੰ ਕਹਿਣਾ

ਲੱਗਾ ਕਹਿਣ ਰਾਜਾ, ਓ ਵਜ਼ੀਰ ਦਾਨੇ! ਕੋਈ ਗੱਲ ਨਾ ਰਹੀ ਹੁਣ ਖ਼ਾਰ ਦੀ ਏ
ਤੈਥੋਂ ਸਿਫ਼ਤ ਸੁਣ ਕੇ ਪ੍ਰੇਮ ਜਾਗਿਆ ਏ, ਚਾਹ ਜਾਗ ਪਈ ਦਿਲੋਂ ਦੀਦਾਰ ਦੀ ਏ
ਕੋਈ ਢੰਗ ਬਣਾ, ਕਿ ਦੀਦ ਹੋਵੇ, ਵੇਖਾਂ ਕਿਸ ਤਰ੍ਹਾਂ ਛੱਬ ਦਰਬਾਰ ਦੀ ਏ
'ਤੀਰ' ਨਾਲ ਨਿਰਵੈਰ ਦੇ ਵੈਰ ਕਾਹਦਾ, ਉਥੇ ਹੋਂਵਦੀ ਲੋੜ ਪਿਆਰ ਦੀ ਏ

### ਵਜ਼ੀਰ ਫੇਰ ਕਹਿੰਦਾ ਹੈ

ਹੱਥ ਜੋੜ ਵਜ਼ੀਰ ਨੇ ਅਰਜ਼ ਕੀਤੀ, ਜੀ ਇਹ ਪੋਤਰਾ ਓਸ ਸਰਕਾਰ ਦਾ ਏ
ਸ਼ਾਨ ਨਾਲ ਮੀਰੀ ਪੀਰੀ ਜਿਨ੍ਹੇ ਧਾਰੀ, ਸਾਰਾ ਜੱਗ ਜਿਸ ਤੋਂ ਜਾਨ ਵਾਰਦਾ ਏ
'ਬੰਦੀ ਛੋੜ' ਜਿਸਨੂੰ ਲੋਕੀਂ ਆਖਦੇ ਨੇ, ਕੀਤਾ ਕੰਮ ਜਿਸ ਦੇਸ਼-ਸੁਧਾਰ ਦਾ ਏ
'ਤੀਰ' ਉਸਦਾ ਪੋਤਰਾ ਬੀਰ-ਬਾਂਕਾ, ਮੰਨੋਂ ਸੱਚ ਕਿ ਭੁੱਖਾ ਪਿਆਰ ਦਾ ਏ

### ਫੇਰ ਕਹਿੰਦਾ ਹੈ

ਨਾਮ ਉਨ੍ਹਾਂ ਦਾ ਹਰਗੋਬਿੰਦ ਹੈਸੀ, ਉਨ੍ਹਾਂ ਬੜਾ ਉਪਕਾਰ ਕਮਾਇਆ ਏ
ਭਲੇ ਵਾਸਤੇ ਵਿੱਚ ਗਵਾਲੀਅਰ ਦੇ, ਵੇਖੋ ਕੈਦ ਵਿਚ ਆਪ ਨੂੰ ਪਾਇਆ ਏ
ਉਮਰ-ਕੈਦੀਆਂ ਸੜਦਿਆਂ ਰਾਜਿਆਂ ਨੂੰ, ਫੇਰ ਢੰਗ ਦੇ ਨਾਲ ਛੁਡਾਇਆ ਏ
ਦਾਦਾ ਆਪਦਾ ਵੀ ਉਨ੍ਹਾਂ ਵਿੱਚ ਹੈਸੀ, ਤਾਰਾ ਚੰਦ ਜੋ ਨਾਮ ਸਦਵਾਇਆ ਏ

ਪੁੱਤਰ ਓਸ ਦੇ ਈ ਦਿੱਲੀ ਵਿਚ ਜਾ ਕੇ, ਸੀਸ ਹਿੰਦ ਦੇ ਵਾਸਤੇ ਲਾਇਆ ਏ
ਓਹਦੇ ਪੋਤਰੇ ਦਾ ਧੌਂਸਾ ਵੱਜਦਾ ਏ, ਬੰਣ ਵਿੱਚ ਸ਼ਿਕਾਰ ਓਹ ਆਇਆ ਏ
ਮੇਰੀ ਅਰਜ਼ ਮਹਾਰਾਜ ਮਨਜ਼ੂਰ ਕਰਨੀ, ਦਿਲੋਂ ਚਾਹੀਦਾ ਪ੍ਰੇਮ ਵਧਾਇਆ ਏ
ਏਸੇ ਵਿਚ ਹੈ ਲਾਭ ਤੇ ਸੁੱਖ ਸਾਰਾ, ਸੱਚੋ ਸੱਚ ਮੈਂ ਆਖ ਸੁਣਾਇਆ ਏ
ਸਾਂਝੇ ਹੈਣ ਇਹ ਗੁਰੂ ਜੀ ਸਾਰਿਆਂ ਦੇ, ਪ੍ਰੇਮ ਇਨ੍ਹਾਂ ਨੇ ਚਿੱਤ ਵਸਾਇਆ ਏ
'ਤੀਰ' ਉਨ੍ਹਾਂ ਦੀ ਪਏ ਜਹਾਨ ਪੈਰੀਂ, ਜਿਨ੍ਹਾਂ ਗੁਰਾਂ ਨੂੰ ਸੀਸ ਨਿਵਾਇਆ ਏ

### ਭੀਮ ਚੰਦ ਕਹਿੰਦਾ ਹੈ

ਰਾਜੇ ਆਖਿਆ ਮਿੱਤਰਾ! ਭਲੀ ਆਖੀ, ਚੰਗੀ ਗੱਲ ਹੈ ਮੇਲ-ਮਿਲਾਪ ਕਰੀਏ
ਐਸੇ ਗੁਰੂ ਦੀ ਟਹਿਲ ਕਮਾ ਕੋਈ, ਸਫ਼ਲ ਜੱਗ 'ਤੇ ਆਪਣਾ ਆਪ ਕਰੀਏ
ਨਾਲੇ ਪੁੰਨ ਹੋਵੇ ਨਾਲੇ ਹੋਣ ਫਲੀਆਂ, ਪਾ ਕੇ ਦੋਸਤੀ ਦੂਰ ਸਭ ਪਾਪ ਕਰੀਏ
'ਤੀਰ' ਗੁਰਾਂ ਦੇ ਨਾਲ ਮਿਲਾਏਂ ਜੇਕਰ, ਕੀਤੇ ਆਪਣੇ 'ਤੇ ਪਸਚਾਤਾਪ ਕਰੀਏ

### ਕੁਝ ਦਿਨਾਂ ਬਾਅਦ ਵਜ਼ੀਰ ਅਨੰਦਪੁਰ ਵਿਚ ਆਇਆ (ਵੱਲੋਂ ਕਵੀ)

ਕੁੱਝ ਦਿਨਾਂ ਪਿੱਛੋਂ ਉਹ ਵਜ਼ੀਰ ਦਾਨਾ, ਆਪ ਚੱਲ ਕੇ ਪੁਰੀ ਅਨੰਦ ਆਇਆ
ਕੀਤਾ ਓਸਦਾ ਰੱਜ ਕੇ ਗਿਆ ਆਦਰ, ਉਹਨੂੰ ਗੁਰਾਂ ਦਾ ਪ੍ਰੇਮ ਪਸੰਦ ਆਇਆ
ਹੱਥ ਜੋੜ ਕੇ ਓਸਨੇ ਅਰਜ਼ ਕੀਤੀ, ਸੱਚੇ ਪਾਤਸ਼ਾਹ ਮੈਂ ਆਸਵੰਦ ਆਇਆ
'ਤੀਰ' ਦਰਸ਼ਨਾਂ ਦੀ ਖੁੱਲ੍ਹ ਦਿਓ ਜੇਕਰ, ਸ਼ਰਨ ਚਾਹੁੰਦਾ ਹੈ ਭੀਮ ਚੰਦ ਆਇਆ

### ਮਹਾਰਾਜ ਦੇ ਬਚਨ

ਮਹਾਰਾਜ ਨੇ ਆਖਿਆ ਖ਼ੁਸ਼ੀ ਸਾਨੂੰ, ਭੀਮ ਚੰਦ ਮਿਲਾਪ ਨੂੰ ਆਏ ਜੇਕਰ
ਸਾਡੇ ਪ੍ਰੇਮ ਦੀ ਹੱਦ ਨ ਮੂਲ ਕੋਈ, ਓਹ ਵੀ ਆਣ ਕੇ ਪ੍ਰੇਮ ਵਧਾਏ ਜੇਕਰ
ਅਸੀਂ ਉਹਨੂੰ ਗਲਵੱਕੜੀ ਪਾਂਵਦੇ ਹਾਂ, ਸਾਂਝ ਦਿਲਾਂ ਦੀ ਆਣ ਕੇ ਪਾਏ ਜੇਕਰ
ਉਹਨੂੰ ਅੱਖੀਆਂ ਅਸਾਂ ਵਿਖਾਣੀਆਂ ਨੇ, 'ਤੀਰ' ਅੱਖੀਆਂ ਕੋਈ ਦਿਖਾਏ ਜੇਕਰ

### ਭੀਮ ਚੰਦ ਦਾ ਦਰਸ਼ਨਾਂ ਲਈ ਆਉਣਾ (ਵੱਲੋਂ ਕਵੀ)

ਲੈ ਕੇ ਆਗਿਆ ਗਿਆ ਵਜ਼ੀਰ ਦਾਨਾ, ਦੋਹਾਂ ਪਾਸਿਆਂ ਦਾ ਅੰਗ-ਪਾਲ ਹੋਇਆ
ਭੀਮਚੰਦ ਨੂੰ ਖ਼ੁਸ਼ੀ ਦੀ ਖ਼ਬਰ ਦੱਸੀ, ਅਤੇ ਕਿਹਾ 'ਸਤਿਗੁਰੂ' ਦਿਆਲ ਹੋਇਆ
ਰਾਜੇ ਝੱਟ ਤਿਆਰੀਆਂ ਕਰ ਲਈਆਂ, ਜੰਗੀ ਲਾਓ ਲਸ਼ਕਰ ਉਹਦੇ ਨਾਲ ਹੋਇਆ
ਕੀਤੇ ਆਣ ਦਰਸ਼ਨ ਸੱਚੇ ਪਾਤਸ਼ਾਹ ਦੇ, ਜੋਤ ਜਾਗਦੀ ਵੇਖ ਨਿਹਾਲ ਹੋਇਆ
ਵੇਖ ਬੀਰਤਾ ਬੰਦਗੀ ਗੁਰੂ ਜੀ ਦੀ, ਲੱਗਾ ਕਹਿਣ ਇਹ ਖ਼ੂਬ ਕਮਾਲ ਹੋਇਆ
ਕਥਾ ਵਾਰਤਾ ਪ੍ਰੇਮ ਪ੍ਰੀਤ ਵੇਖੀ, ਦਿਲੋਂ ਖ਼ੁਸ਼ੀ ਉਸਦਾ ਵਾਲ-ਵਾਲ ਹੋਇਆ

ਸੁੱਤੀ ਪ੍ਰੀਤ ਜਾਗੀ ਇਕੋ ਝਲਕ ਅੰਦਰ, ਵੈਰ ਭਾਵ ਦਾ ਦੂਰ ਖ਼ਿਆਲ ਹੋਇਆ
ਦਿਲੋਂ ਕਹੇ ਮੈਂ ਮਾਣਸਾਂ ਸੁੱਖ ਬਹੁਤੇ, ਜੇਕਰ ਸਤਿਗੁਰੂ ਮੇਰਾ ਖ਼ਿਆਲ ਹੋਇਆ
ਤੱਤੀ ਵਾ ਨਾ ਲੱਗਣੀ ਮੂਲ ਮੈਨੂੰ, ਸਾਈਂ ਕਰਨੀਆਂ ਦਾ ਮੇਰੀ ਢਾਲ ਹੋਇਆ
'ਤੀਰ' ਦਿੱਲ ਦੇ ਵਿਚ ਖ਼ਿਆਲ ਕਰਕੇ, ਭੀਮ ਚੰਦ ਵਿੱਚ ਖ਼ੁਸ਼ੀ ਦੇ ਲਾਲ ਹੋਇਆ

### ਦੂਜੇ ਦਿਨ ਦੇ ਦਰਸ਼ਨ (ਵੱਲੋਂ ਕਵੀ)

ਦੂਜੇ ਦਿਨ ਦਸਮੇਸ਼ ਨੇ ਹੁਕਮ ਕੀਤਾ, ਸਿੱਖੋ ਅੱਜ ਦਰਬਾਰ ਸਜਾਵਣਾ ਜੇ
ਤੰਬੂ ਕਾਬਲੀ ਖੁੱਲ੍ਹੇ ਮੈਦਾਨ ਅੰਦਰ, ਸੋਹਣੇ ਢੰਗ ਦੇ ਨਾਲ ਲਗਾਵਣਾ ਜੇ
ਅੰਦਰ ਓਸਦਾ ਖ਼ੂਬ ਸਜਾਵਣਾ ਜੇ, ਹੇਠਾਂ ਮਖ਼ਮਲੀ ਫਰਸ਼ ਵਿਛਾਵਣਾ ਜੇ
ਪੰਜ-ਕਲਾ ਸ਼ਸਤਰ ਸ਼ਸਤ੍ਰ-ਖਾਨਿਓਂ ਵੀ, ਅੰਦਰ ਓਸਦੇ ਆਣ ਟਿਕਾਵਣਾ ਜੇ
ਚੌਕੀ ਕਲਾ ਵਾਲੀ ਐਨ ਵਿੱਚ ਧਰਨੀ, ਉਹਨੇ ਖ਼ੂਬ ਵਿਚਕਾਰ ਸੁਹਾਵਣਾ ਜੇ
ਨਾਲੇ ਖ਼ੂਬ ਪਰਸਾਦੀ ਸ਼ਿੰਗਾਰ ਕੇ ਤੇ, ਬਾਹਰ ਬੂਹੇ ਦੇ ਆਣ ਖਲ੍ਹਾਵਣਾ ਜੇ
ਜੰਗੀ ਜੋਧਿਆਂ ਤਾਈਂ ਫ਼ੁਰਮਾਨ ਹੋਇਆ, ਤੁਸਾਂ ਖ਼ੂਬ ਲਿਬਾਸ ਫ਼ਬਾਵਣਾ ਜੇ
ਤੇਗ਼ਾਂ, ਗਾਤਰੇ ਹੋਣ ਤੇ ਤੀਰ ਹੱਥੀਂ, ਮੋਢੀਂ ਚਾੜ੍ਹ ਕਮਾਨ ਲਟਕਾਵਣਾ ਜੇ
ਫੇਰ ਆਗਿਆ ਮਿਲੀ ਇਹ ਢਾਡੀਆਂ ਨੂੰ, ਸਾਕਾ ਬੀਰਤਾ ਦਾ ਕੋਈ ਗਾਵਣਾ ਜੇ
'ਤੀਰ' ਅੱਜ ਰਾਜੇ ਭੀਮ ਚੰਦ ਹੋਰਾਂ, ਦੀਦ ਵਾਸਤੇ ਚੱਲ ਕੇ ਆਵਣਾ ਜੇ

### ਦਸਮੇਸ਼ ਦਰਬਾਰ (ਵੱਲੋਂ ਕਵੀ)

ਰੱਬੀ-ਜੋਤ ਦਾ ਸੱਜ ਦਰਬਾਰ ਗਿਆ, ਤਰ੍ਹਾਂ-ਤਰ੍ਹਾਂ ਦੇ ਪਏ ਸ਼ਿੰਗਾਰ ਸੋਭਣ
ਤੰਬੂ ਕਾਬਲੀ ਦੇ ਚਿੱਤਰ ਮੂੰਹੋਂ ਬੋਲਣ, ਗਲੇ ਚਿੱਤਰਾਂ ਦੇ ਪਏ ਹਾਰ ਸੋਭਣ
ਬੈਠੇ ਸੂਰਮੇ ਬੰਨ੍ਹ ਕੇ ਖ਼ੂਬ ਪਾਲਾਂ, ਵਾਹਵਾ ਉਨ੍ਹਾਂ ਨੂੰ ਪਏ ਹਥਿਆਰ ਸੋਭਣ
ਢਾਡੀ ਢੱਡਾਂ ਵਜਾਂਵਦੇ ਗਾਣ ਵਾਰਾਂ, ਰੱਤੇ ਰੰਗ ਅੰਦਰ ਅਲੋਕਾਰ ਸੋਭਣ
ਕਲਗੀ ਜਿਗ੍ਹਾ ਲਾ ਕੇ ਸੋਹਣੀ ਸੀਸ ਉਤੇ, ਵਿਚ ਗੁਰੂ ਦਸਮੇਸ਼ ਅਵਤਾਰ ਸੋਭਣ
ਚੰਦ ਤਾਰਿਆਂ ਵਿਚ ਜਿਉਂ 'ਤੀਰ' ਸੋਭੇ, ਕਲਗੀਧਰ ਏਦਾਂ ਕਲਗੀਧਾਰ ਸੋਭਣ

### ਭੀਮ ਚੰਦ ਦਾ ਆਉਣਾ (ਵੱਲੋਂ ਕਵੀ)

ਏਨੇਂ ਚਿਰ ਤਾਈਂ ਭੀਮ ਚੰਦ ਆ ਕੇ, ਸਤਿਗੁਰਾਂ ਨੂੰ ਸੀਸ ਨਿਵਾਂਵਦਾ ਏ
ਅਜਬ ਵੇਖ ਕੇ ਗੁਰਾਂ ਦੀ ਸ਼ਾਨ ਸ਼ਾਹੀ, ਆਸ-ਪਾਸ ਨਿਗਾਹ ਦੁੜਾਂਵਦਾ ਏ
ਥੋੜ੍ਹਾ ਚਿਰ ਤਾਂ ਵੇਖ ਪਰਸੰਨ ਰਿਹਾ, ਐਪਰ ਅੰਤ ਨੂੰ ਨੀਤ ਡੁਲਾਂਵਦਾ ਏ
ਆਖੇ ਦਿਲ ਅੰਦਰ ਏਸ ਸ਼ਾਨ ਅੱਗੇ, ਮੇਰਾ ਠਾਠ ਨਾ ਮੂਲ ਕੁਝ ਪਾਂਵਦਾ ਏ
ਝੱਟ ਭੜਕ ਉੱਠੀ ਅੱਗ ਈਰਖਾ ਦੀ, ਰਾਜਾ ਦਿਲੋਂ ਉਬਾਲੀਆਂ ਖਾਂਵਦਾ ਏ

ਵਿੱਚੋਂ ਆਪਣੀ ਨੀਤ ਬਦਲਾ ਬੈਠਾ, ਉੱਤੋਂ-ਉੱਤੋਂ ਈ ਪ੍ਰੇਮ ਜਤਾਂਵਦਾ ਏ
ਉਹਨੂੰ ਦਿੱਸਦੀ ਆਪਣੀ ਸ਼ਾਨ ਨਾਹੀਂ, ਜਦੋਂ ਗੁਰਾਂ ਦੇ ਨਾਲ ਮਿਲਾਂਵਦਾ ਏ
ਸੋਚੇ ਅਸੀਂ ਕਾਹਦੇ ਹੋਏ ਮਹਾਰਾਜੇ, ਮਹਾਰਾਜ ਤਾਂ ਇਹ ਸਦਾਂਵਦਾ ਏ
ਏਨੇ ਤਾਈਂ ਆ ਪੁੱਜਿਆ ਚੜ੍ਹ ਹਾਥੀ, ਖ਼ੂਬ ਆਪਣੇ ਰੰਗ ਵਿਖਾਂਵਦਾ ਏ
ਪਹਿਲੇ ਗੁਰਾਂ ਨੂੰ ਟੇਕਿਆ ਓਸ ਮੱਥਾ, ਫੇਰ ਸੀਸ ਤੇ ਚੌਰ ਝੁਲਾਂਵਦਾ ਏ
ਵੇਖ ਕੱਦ ਸੂਰਤ ਰਾਜਾ ਬੁੱਤ ਬਣਿਆ, ਉੱਤੇ ਓਸ ਦੇ ਅੱਖ ਟਿਕਾਂਵਦਾ ਏ
ਰਹੇ ਗੁਰਾਂ ਦੇ ਪਾਸ ਨਾ ਇਹ ਹਾਥੀ, ਭੀਮ ਚੰਦ ਇਹ ਪੱਕ ਪਕਾਂਵਦਾ ਏ
ਜਿਹੜਾ ਜਾਗਿਆ ਦਿਲੋਂ ਪ੍ਰੇਮ ਹੈਸੀ, ਕਿਸੇ ਨੁੱਕਰੇ ਉਹਨੂੰ ਸੁਵਾਂਵਦਾ ਏ
ਜਿਹੜੀ ਈਰਖਾ ਸੀ ਸੁੱਤੀ ਦਿੱਲ ਅੰਦਰ, ਕੱਚੀ ਨੀਂਦਰੋਂ ਫੇਰ ਜਗਾਂਵਦਾ ਏ
ਵੈਰ ਭਾਵ ਦਾ ਫੇਰ ਖ਼ਿਆਲ ਮੁੜ ਕੇ, ਭੀਮ ਚੰਦ ਦੇ ਦਿੱਲ 'ਤੇ ਛਾਂਵਦਾ ਏ
ਹਾਥੀ ਲੈਣ ਦਾ 'ਤੀਰ' ਖ਼ਿਆਲ ਲੈ ਕੇ, ਰਾਜਾ ਗੁਰਾਂ ਤੋਂ ਵਿਦਾ ਹੋ ਜਾਂਵਦਾ ਏ

### ਚੰਦਰੀ ਹਿਰਸ (ਵੱਲੋਂ ਕਵੀ)

ਹਿਰਸ ਚੰਦਰੀ ਜਿਸ ਥਾਂ ਵੱਧ ਜਾਵੇ, ਸਦਾ ਚੰਦਰੀ, ਚੰਦਰੀ ਕਾਰ ਕਰਦੀ
ਦਿਲਾਂ ਵਿੱਚ ਖ਼ੁਦਗਰਜ਼ੀਆਂ ਹੋਣ ਪੈਦਾ, ਕਲੀ ਫੁੱਲ ਵਿਚੋਂ ਪੈਦਾ ਖ਼ਾਰ ਕਰਦੀ
ਵਿੱਚੋਂ ਆਪਣੀ ਕਾਮਨਾ ਵੱਲ ਵੇਖੇ, ਕੂੜੇ ਉੱਪਰੋਂ ਪਈ ਪਿਆਰ ਕਰਦੀ
'ਤੀਰ' ਹਿਰਸ ਵੇਖੋ ਭੀਮ ਚੰਦ ਦੀ ਵੀ, ਕਿਵੇਂ ਜੱਗ 'ਤੇ ਮਿੱਟੀ ਖਵਾਰ ਕਰਦੀ

### ਭੀਮਚੰਦ ਨੇ ਇਕ ਦਿਨ ਵਜ਼ੀਰਾਂ ਨੂੰ ਕਹਿਣਾ

ਭੀਮ ਚੰਦ ਨੇ ਆਖਿਆ ਪਾਸ ਸਦ ਕੇ, ਮੇਰੇ ਦਿਲ ਦੀ ਸੁਣੋ ਵਜ਼ੀਰ ਭਾਈਓ
ਦੁੱਖ ਸੁੱਖ ਦੇ ਤੁਸੀਂ ਖ਼ਿਆਲ ਮੇਰੇ, ਜਿਵੇਂ ਮਾਂ-ਜਾਏ ਹੋਣ ਵੀਰ ਭਾਈਓ
ਮੇਰੇ ਕਾਲਜੇ ਵਿਚ ਹੈ ਖੁੱਭ ਚੁਕਾ, ਅਚਨਚੇਤ ਹੀ ਤਿੱਖੜਾ ਤੀਰ ਭਾਈਓ
ਅਸੀਂ ਹੋਏ ਸਵਾਹ ਤੇ ਖੇਹ ਰਾਜੇ, ਸਾਥੋਂ ਵੱਧ ਗਏ ਹੈਣ ਫ਼ਕੀਰ ਭਾਈਓ
ਲੋਕੀਂ ਆਖਦੇ ਹੈਣ ਦਸਮੇਸ਼ ਜਿਸਨੂੰ, ਜੋ ਹੈ ਬਣੀ ਬੈਠਾ ਗੁਰੂ ਪੀਰ ਭਾਈਓ
ਉਹਦਾ ਠਾਠ ਮੈਂ ਵੇਖਿਆ ਆਪ ਅੱਖੀਂ, ਜਿਹਦੀ ਲੱਭਦੀ ਨਹੀਂ ਨਜ਼ੀਰ ਭਾਈਓ
ਭਾਰੂ ਸੌ ਉੱਤੇ ਉਸਦਾ ਇੱਕ ਯੋਧਾ, ਉਹਦੇ ਕੋਲ ਨੇ ਚੋਣਵੇਂ ਬੀਰ ਭਾਈਓ
ਅੱਖਾਂ ਮੇਰੀਆਂ ਨੂੰ ਇਵੇਂ ਜਾਪਦੇ ਸੀ, ਜਿਵੇਂ ਲੋਹੇ ਦੇ ਹੈਣ ਸਰੀਰ ਭਾਈਓ
ਤੰਬੂ ਕਾਬਲੀ ਓਸਦਾ ਜਿਹਾ ਡਿੱਠਾ, ਮੇਰੀ ਅੰਦਰੋਂ ਛੁੱਟ ਗਈ ਧੀਰ ਭਾਈਓ
ਵੱਧ ਇੱਕ ਤੋਂ ਇੱਕ ਨੇ ਹੋਰ ਵਸਤਾਂ, ਸ਼ਾਨ ਆਪਣੀ ਵਿੱਚ ਜੋ ਮੀਰ ਭਾਈਓ
ਔਪਰ ਇੱਕ ਹਾਥੀ ਗੁਰੂ ਕੋਲ ਡਿੱਠਾ, ਨਵੀਂ ਤਰ੍ਹਾਂ ਦੀ ਉਹਦੀ ਤਸਵੀਰ ਭਾਈਓ
ਹੌਦਾ ਓਸਦਾ ਮੋਤੀਆਂ ਨਾਲ ਜੜਿਆ, ਸੋਨੇ ਘੜੀ ਹੈ ਉਹਦੀ ਜ਼ੰਜੀਰ ਭਾਈਓ

ਮੱਥਾ ਟੇਕਦਾ ਚੌਰ ਝੁਲਾਂਵਦਾ ਏ, ਕੀਤਾ ਓਸ ਨੇ ਦਿੱਲ ਦਿਲਗੀਰ ਭਾਈਓ
ਕਿਵੇਂ ਉਹ ਹਾਥੀ ਮੇਰੇ ਹੱਥ ਆਵੇ, ਦੱਸੋ 'ਤੀਰ' ਨੂੰ ਕੋਈ ਤਦਬੀਰ ਭਾਈਓ

### ਫੇਰ ਕਹਿੰਦਾ ਹੈ

ਜਿਹੜੀ ਠੀਕ ਸਮਝੋ ਉਹੋ ਗੱਲ ਦੱਸੋ, ਜਿਹੜਾ ਲੋੜ ਹੋਵੇ ਉਹੋ ਢੰਗ ਕਰੀਏ
ਜਾਪੇ ਸੁਲ੍ਹਾ ਦੀ ਲੋੜ ਤਾਂ ਸੁਲ੍ਹਾ ਕਰੀਏ, ਪਵੇ ਜੰਗ ਦੀ ਲੋੜ ਤਾਂ ਜੰਗ ਕਰੀਏ
ਰਾਜਨੀਤ ਵਿੱਚ ਸਫ਼ਲ ਹੋ ਜਾਏ ਜਿਹੜਾ, ਸ਼ੁਰੂ ਗੁਰੂ ਦੇ ਨਾਲ ਉਹ ਅੰਗ ਕਰੀਏ
'ਤੀਰ' ਜਿਵੇਂ ਕਿਵੇਂ ਆਵੇ ਹੱਥ ਹਾਥੀ, ਦੱਸੋ ਕਿਸ ਤਰ੍ਹਾਂ ਪੂਰੀ ਉਮੰਗ ਕਰੀਏ

### ਵਜ਼ੀਰਾਂ ਦੀ ਸਲਾਹ

ਹੱਥ ਜੋੜ ਕੇ ਸੱਭੇ ਵਜ਼ੀਰ ਬੋਲੇ, ਸਦਾ ਵੇਖਣਾ ਸਮੇਂ ਦਾ ਰੰਗ ਚਾਹੀਏ
ਮਿੱਠਤ ਬਾਝ ਨਾ ਬੋਲਣਾ ਬੋਲ ਚਾਹੀਏ, ਕਾਰਨ ਬਾਝ ਨਾ ਛੇੜਨੀ ਜੰਗ ਚਾਹੀਏ
ਯਾਰ ਬਿਨਾਂ ਨਾ ਦੱਸਣਾ ਭੇਤ ਚਾਹੀਏ, ਕਰਨਾ ਸੰਤ ਦੇ ਬਿਨਾਂ ਨਾ ਸੰਗ ਚਾਹੀਏ
ਭੁੱਖ ਬਿਨਾਂ ਨਾ ਖਾਵਣਾ ਅੰਨ ਚਾਹੀਏ, ਪੈਸੇ ਬਿਨਾਂ ਨਾ ਵਿੱਢਣਾ ਢੰਗ ਚਾਹੀਏ
ਲੋੜ ਬਿਨਾਂ ਨਾ ਰੱਖੀਏ ਕਦੇ ਕਾਮਾ, ਮੁਫ਼ਤ ਵਿਚ ਨਾ ਪਾਵਣੀ ਕੰਗ ਚਾਹੀਏ
ਬਦੋ ਬਦੀ ਨਾ ਕਦੇ ਵਕੀਲ ਬਣੀਏ, ਕਰਨਾ ਕਿਸੇ ਨੂੰ ਨਾ ਐਵੇਂ ਤੰਗ ਚਾਹੀਏ
ਗੱਲ ਗੱਲ ਉੱਤੇ ਛਿੱਥੇ ਹੋਵੀਏ ਨਾ, ਪੂੰਜੀ ਰੋੜ੍ਹ ਨਾ ਹੋਵਣਾ ਨੰਗ ਚਾਹੀਏ
ਕੁੱਤੇ ਵਾਂਗਰਾਂ ਕਦੇ ਵੀ ਭੌਂਕੀਏ ਨਾ, ਸੱਪ ਵਾਂਗ ਨਾ ਮਾਰਨਾ ਡੰਗ ਚਾਹੀਏ
ਪੱਰ ਨਾਰ ਨਾ ਵੇਖੀਏ ਅੱਖ-ਮੈਲੀ, ਰੰਗ ਵਿੱਚ ਨਾ ਪਾਵਣੀ ਭੰਗ ਚਾਹੀਏ
ਅੱਗੋਂ ਸ਼ੇਰ ਦੇ ਕਦੇ ਵੀ ਲੰਘੀਏ ਨਾ, ਸੁੱਤਾ ਛੇੜਨਾ ਨਹੀਂ ਭੁਯੰਗ ਚਾਹੀਏ
ਕੰਮ ਕਿਸੇ ਦੇ ਵਿੱਚ ਨਾ ਰੋਕ ਬਣੀਏਂ, ਐਵੇਂ ਨਹੀਂ ਅੜਾਉਣੀ ਟੰਗ ਚਾਹੀਏ
'ਤੀਰ' ਲਾਲ ਅਜਮੇਰ ਦੀ ਮੰਗਣੀ 'ਤੇ, ਐਸੀ ਗੁਰੂ ਤੋਂ ਮੰਗਣੀ ਮੰਗ ਚਾਹੀਏ

### ਵੱਲੋਂ ਕਵੀ

ਦੋਹਰਾ— ਭੀਮ ਚੰਦ ਨੇ ਮੰਨ ਕੇ, ਖੇਡੀ ਆਖ਼ਰ ਚਾਲ।
ਮੰਗਣੀ ਤੇ ਮੰਗ ਭੇਜਿਆ, ਹਾਥੀ ਧੋਖੇ ਨਾਲ।

### ਹਾਥੀ ਮੰਗਣ ਲਈ ਇਕ ਵਜ਼ੀਰ ਦਾ ਸਤਿਗੁਰਾਂ ਪਾਸ ਆਉਣਾ (ਵੱਲੋਂ ਕਵੀ)

ਥੋੜ੍ਹੇ ਦਿਨਾਂ ਨੂੰ ਇੱਕ ਵਜ਼ੀਰ ਆਇਆ, ਖੇਡੀ ਆਨ ਕੇ ਖ਼ੂਬ ਚਤਰਾਈ ਉਸਨੇ
ਮੱਥਾ ਟੇਕਿਆ ਤੇ ਨਾਲੇ ਧਰੀ ਭੇਟਾ, ਕੀਤੀ ਮੀਸਣਾ ਹੋ ਵਡਿਆਈ ਉਸਨੇ
ਮੂਹੋਂ ਆਖਿਆ ਗੁਰੂ ਜੀ ਮਿਹਰ ਕਰਨੀ, ਕਾਲੋਂ ਦਿੱਲ ਦੀ ਪੱਰ ਲੁਕਾਈ ਉਸਨੇ
ਭੀਮ ਚੰਦ ਮਹਾਰਾਜ ਸਿਰਤਾਜ ਸਾਡਾ, ਕੀਤੀ ਵੇਖ ਲਓ ਅੱਜ ਦਨਾਈ ਉਸਨੇ

ਦਿਲੋਂ ਆਪਦੇ ਨਾਲ ਹੈ ਪ੍ਰੇਮ ਪਾਇਆ, ਗੱਲੋਂ ਗੱਲ ਨਾ ਮੂਲ ਵਧਾਈ ਉਸਨੇ
ਭੌਰ ਆਪ ਦੀ ਮਹਿਕ ਦਾ ਹੋ ਗਿਆ ਏ, ਪੱਕੀ ਪ੍ਰੀਤ ਚਰਨਾਂ ਨਾਲ ਪਾਈ ਉਸਨੇ
ਗਿਆ ਆਪਦਾ ਜਦ ਤੋਂ ਵੇਖ ਜਲਵਾ, ਹੱਦੋਂ ਵੱਧ ਕੇ ਖ਼ੁਸ਼ੀ ਮਨਾਈ ਉਸਨੇ
ਖ਼ੁਸ਼ੀ ਵਿਚ ਪੂਜੀ, ਦੇਵੀ ਕਈ ਵਾਰੀ, ਬੜੀ ਆਪਦੀ ਸਿਫ਼ਤ ਸੁਣਾਈ ਉਸਨੇ
ਸੱਚੇ ਪਾਤਸ਼ਾਹ ਟਿੱਕੇ ਅਜਮੇਰ ਜੀ ਦੀ, ਅੱਜ ਕੱਲ੍ਹ ਕਰਨੀ ਕੁੜਮਾਈ ਉਸਨੇ
ਹੱਥ ਜੋੜ ਕੇ ਆਪਦੀ ਵਿਚ ਸੇਵਾ, ਇੱਕ ਦਿੱਲ ਦੀ ਰੀਝ ਜਤਾਈ ਉਸਨੇ
ਓਸ ਦਿਨ ਉਥੇ ਆਪ ਦਿਓ ਦਰਸ਼ਨ, ਹੈ ਜੇ ਦਿਲ ਦੀ ਸੇਜ ਵਿਛਾਈ ਉਸਨੇ
ਨਾਲੇ ਹਾਥੀ 'ਪ੍ਰਸਾਦੀ' ਦੀ ਚਾਹ ਰੱਖੇ, ਚਾਰ ਦਿਨਾਂ ਦੀ ਮੰਗ ਹੈ ਪਾਈ ਉਸਨੇ
ਮੈਨੂੰ ਭੇਜ ਕੇ ਬੇਨਤੀ ਆਪਣੀ ਜੀ, ਅੱਜ ਆਪ ਦੇ ਪਾਸ ਪੁਚਾਈ ਉਸਨੇ
'ਤੀਰ' ਚਤੁਰ ਵਜ਼ੀਰ ਨੇ ਟਿੱਲ ਲਾਇਆ, ਗੱਲਾਂ ਕਰਦਿਆਂ ਹੱਦ ਮੁਕਾਈ ਉਸਨੇ

### ਸਤਿਗੁਰਾਂ ਦੀ ਦੂਰ ਅੰਦੇਸ਼ੀ (ਵੱਲੋਂ ਕਵੀ)

ਜਾਣੀ ਜਾਣ ਦਸਮੇਸ਼ ਜੀ ਰਹੇ ਸੁਣਦੇ, ਜੋ ਜੋ ਗੱਲ ਵਜ਼ੀਰ ਸੁਣਾਈ ਗਿਆ
ਗੱਲ ਓਸਦੀ 'ਚੋਂ ਕਪਟ ਛੱਲ ਸਾਰਾ, ਮਹਾਰਾਜ ਦੇ ਸਾਹਮਣੇ ਆਈ ਗਿਆ
ਤਿੰਨ ਕਾਲ ਦੀ ਜਿਨ੍ਹਾਂ ਨੂੰ ਸੂਝ ਪੂਰੀ, ਉਨ੍ਹਾਂ ਸਾਹਮਣੇ ਵੀ ਪਰਦੇ ਪਾਈ ਗਿਆ
ਚਾੜ੍ਹ ਚਾੜ੍ਹ ਕੇ ਚਾਸ਼ਨੀ ਚਾਤਰੀ ਦੀ, ਭਾਵੇਂ ਭੇਦ ਉਹ ਖ਼ੂਬ ਲੁਕਾਈ ਗਿਆ
ਸਮਝ ਗਏ ਪਰ ਚਾਲ ਦਸਮੇਸ਼ ਸਾਰੀ, ਭੀਮ ਚੰਦ ਹੈ ਹੋ ਸ਼ੁਦਾਈ ਗਿਆ
'ਤੀਰ' ਤਾੜਿਆ ਸੀ ਗੁਰਾਂ ਉਸੇ ਵੇਲੇ, ਜਦੋਂ ਉਹ ਸੀ ਨਿਗ੍ਹਾ ਲਲਚਾਈ ਗਿਆ

### ਮਹਾਰਾਜ ਨੇ ਵਜ਼ੀਰ ਨੂੰ ਕਹਿਣਾ

ਗੱਲੀਂ ਲਾ ਵਜ਼ੀਰ ਨੂੰ ਕਹਿਣ ਲੱਗੇ, ਹਾਥੀ ਭੇਜਣਾ ਤਾਂ ਵੱਡੀ ਗੱਲ ਨਾਹੀਂ
ਰੱਤਨ ਰਾਇ ਦੀ ਪਰ ਨਿਰਾਦਰੀ ਨੂੰ, ਸਾਡੀ ਆਤਮਾ ਸੱਕਦੀ ਝੱਲ ਨਾਹੀਂ
ਉਹਦੀ ਸਿੱਕ ਸੀ ਰਹੇ ਹਜ਼ੂਰ ਹਾਥੀ, ਕਿਸੇ ਸਮੇਂ ਜਾਵੇ ਕਿਸੇ ਵੱਲ ਨਾਹੀਂ
ਨਾਲੇ ਸੰਗਤਾਂ ਏਸ ਦਰਬਾਰ ਦੀਆਂ, ਬ੍ਰਿਹੋਂ ਓਸਦਾ ਸਹਿੰਦੀਆਂ ਪੱਲ ਨਾਹੀਂ
ਹੋਰ ਅਸਾਂ ਵੀ ਏਸ ਨੂੰ ਰੱਖ ਏਥੇ, ਲੈਣੀ ਕੋਈ ਵਜ਼ੀਰ ਜੀ ਭੱਲ ਨਾਹੀਂ
ਬੱਧੇ ਸੰਗਤਾਂ ਸਿਦਕੀਆਂ ਪ੍ਰੇਮੀਆਂ ਦੇ, 'ਤੀਰ' ਕਿਤੇ ਵੀ ਸੱਕਦੇ ਘੱਲ ਨਾਹੀਂ

### ਮਹਾਰਾਜ ਫੇਰ ਕਹਿੰਦੇ ਹਨ

ਭੀਮ ਚੰਦ ਜੀ ਨੂੰ ਸਗਨ ਸਮੇਂ ਉੱਤੇ, ਹੋਰ ਜਿਤਨੇ ਹੋਣ ਦਰਕਾਰ ਹਾਥੀ
ਏਥੋਂ ਬਿਨਾਂ ਪ੍ਰਸਾਦੀਓਂ ਲੈ ਜਾਵੇ, ਗੁਰੂ ਘਰ ਬੱਧੇ ਬੇ-ਸ਼ੁਮਾਰ ਹਾਥੀ
ਜਦੋਂ ਕਹੇਗਾ ਘਰ ਪੁਚਾ ਦਿਆਂਗੇ, ਸੋਹਣੇ ਹੌਦਿਆਂ ਨਾਲ ਸ਼ਿੰਗਾਰ ਹਾਥੀ
'ਤੀਰ' ਅਸੀਂ ਵੀ ਓਸ ਨੂੰ ਮੋੜਦੇ ਨਹੀਂ, ਲੱਖਾਂ ਓਸ ਤੋਂ ਸੁੱਟੀਏ ਵਾਰ ਹਾਥੀ

ਦੋਹਰਾ— ਲੈ ਉੱਤਰ ਮਹਾਰਾਜ ਤੋਂ, ਮੁੜਿਆ ਚਤੁਰ ਵਜ਼ੀਰ।
ਛਲਿਆ ਉਸਤੋਂ ਨਾ ਗਿਆ, ਗੁਰ ਪੀਰਾਂ ਦਾ ਪੀਰ।

### ਹਾਥੀ ਵੱਲੋਂ ਨਾਂਹ ਸੁਣ ਕੇ ਭੀਮ ਚੰਦ ਦਾ ਸੜ ਉਠਣਾ

ਦੱਸੀ ਜਦੋਂ ਵਜ਼ੀਰ ਨੇ ਨਾਂਹ ਹੋਈ, ਭੀਮ ਚੰਦ ਹੋ ਗਿਆ ਅੰਗਿਆਰ ਵੇਖੋ
ਲੱਗਾ ਕਹਿਣ ਅੜਦਾ ਨਾਲ ਰਾਜਿਆਂ ਦੇ, ਪਰਜਾ ਹੋ ਕੇ ਗੁਰੂ ਦੀ ਕਾਰ ਵੇਖੋ
ਨਿੱਕੀ ਗੱਲ ਨੂੰ ਬਹੁਤ ਵਧਾਣ ਲੱਗਾ, ਐਵੇਂ ਪਿਆ ਖ਼ਰੀਦ ਦਾ ਖ਼ਾਰ ਵੇਖੋ
ਚੂਹੇ ਤਾਈਂ ਇਹ ਸੁੰਢ ਦੀ ਮਿਲੀ ਗੰਢੀ, ਮਾਸਾ ਦੇਣ ਤੋਂ ਪਾਂਵਦਾ ਭਾਰ ਵੇਖੋ
ਹਾਥੀ ਚੀਜ਼ ਕੀ ਸੀ ਜੇਕਰ ਮੰਗਿਆ ਸੀ, ਘੱਲ ਸੱਕਿਆ ਨਾ ਰੋਜ਼ ਚਾਰ ਵੇਖੋ
ਛੋਟੀ ਚੀਜ਼ ਅੰਦਰ ਵੱਡੀ ਮੇਂਵਦੀ ਨਾ, ਬਾਲ-ਗੁਰੂ ਦਾ ਤੁਸੀਂ ਟੰਗਾਰ ਵੇਖੋ
ਭੋਲਾ ਜਿਹਾ ਅਨਜਾਣ ਫ਼ਕੀਰ ਭੁੱਖਾ, ਰਿਹਾ ਪਰਬਤਾਂ ਨੂੰ ਮੱਥਾ ਮਾਰ ਵੇਖੋ
'ਤੀਰ' ਗੁਰਾਂ ਨੂੰ ਬੋਲਦਾ ਬੋਲ ਮੰਦੇ, ਭੀਮ ਚੰਦ ਦੇ ਭਾਗ ਗਏ ਹਾਰ ਵੇਖੋ

### ਵਜ਼ੀਰ ਨੇ ਭੀਮ ਚੰਦ ਨੂੰ ਸਮਝਾਣਾ

ਭੀਮ ਚੰਦ ਨੂੰ ਫੇਰ ਵਜ਼ੀਰ ਕਹਿੰਦਾ, ਮਹਾਰਾਜ ਜੀ ਮਨ ਕਲਪਾਓ ਨਾਹੀਂ
ਨਾਨਕ ਗੁਰੂ ਦੀ ਗੱਦੀ ਏ ਸੱਤ ਵਾਲੀ, ਨਾਲ ਓਸਦੇ ਵੈਰ ਵਧਾਓ ਨਾਹੀਂ
ਗੱਲ ਰਾਸਤੀ ਨਾਲ ਨਜਿੱਠ ਵੇਖੋ, ਆਢਾ ਨਾਲ ਫ਼ਕੀਰ ਦੇ ਲਾਓ ਨਾਹੀਂ
'ਤੀਰ' ਸੱਪ ਬਖੀਲ ਤੇ ਮਾਨਧਾਰੀ, ਐਪਰ ਛੱਡਦੇ ਕਦੇ ਸੁਭਾਓ ਨਾਹੀਂ

### ਭੀਮ ਚੰਦ ਵਜ਼ੀਰ ਨੂੰ ਕਹਿੰਦਾ ਹੈ

ਭੀਮ ਚੰਦ ਨੇ ਕਿਹਾ ਵਜ਼ੀਰ ਸੁਣ ਲੈ, ਮੈਂ ਤੇ ਗੁਰੂ ਨੂੰ ਹੱਥ ਵਿਖਾਵਣਾ ਏਂ
ਹਾਥੀ ਰਹੇਗਾ ਮੂਲ ਨਾ ਕੋਲ ਉਸਦੇ, ਜ਼ੋਰ ਨਾਲ ਮੈਂ ਜਿੱਤ ਲੈ ਆਵਣਾ ਏਂ
ਸਾਡੀ ਓਸ ਨਿਰਾਦਰੀ ਬੜੀ ਕੀਤੀ, ਉਹਨੂੰ ਏਸ ਦਾ ਮਜ਼ਾ ਚਖਾਵਣਾ ਏਂ
ਜੇਕਰ ਅੱਜ ਅਸੀਂ ਦੱੜ ਵੱਟ ਬਹੀਏ, ਉਹਨੇ ਕੱਲ੍ਹ ਨੂੰ ਹੋਰ ਡਰਾਵਣਾ ਏਂ
ਉਹ ਫ਼ਕੀਰ ਤੇ ਅਸੀਂ ਹਾਂ ਮਹਾਰਾਜੇ, ਭਲਾ ਓਸ ਕੀ ਯੁੱਧ ਮਚਾਵਣਾ ਏਂ
ਜਦੋਂ ਅਸਾਂ ਨੇ ਜੰਗ ਦਾ ਨਾਮ ਲੀਤਾ, ਉਹਦਾ ਕਾਫੀਆ ਤੰਗ ਹੋ ਜਾਵਣਾ ਏਂ
ਭਲਾ ਇੱਕ ਕੀ, ਓਸ ਨੇ ਹੱਥ-ਬੱਧੀ, ਸਾਰੇ ਹਾਥੀਆਂ ਦੇ ਸਣੇ ਆਵਣਾ ਏਂ
ਅਸਾਂ ਪਹੁੰਚ ਕੇ ਪੁਰੀ ਅਨੰਦ ਅੰਦਰ, ਖੌਰੂ ਜਦੋਂ ਤਲਵਾਰ ਦਾ ਪਾਵਣਾ ਏਂ
ਉਹਦਾ ਸੱਭ ਅਨੰਦ ਗਵਾ ਦਿਆਂਗੇ, ਓਸ ਫੇਰ ਪਿੱਛੋਂ ਪੱਛੋਤਾਵਣਾ ਏਂ
ਸਾਡੇ ਸੂਰਮੇ ਮੌਤ 'ਤੇ ਹੈਣ ਭਾਰੂ, ਉਹਨਾਂ ਗੁਰੂ ਨੂੰ ਝੱਟ ਹਰਾਵਣਾ ਏਂ
ਮੇਰੇ ਸੁਘੜ ਵਜ਼ੀਰ! ਤੂੰ ਵੇਖ ਲਵੇਂਗਾ, ਅਸਾਂ ਬੰਨ੍ਹ ਦਸਮੇਸ਼ ਮੰਗਾਵਣਾ ਏਂ

ਅਸਾਂ ਇੱਕ ਵੀ ਮੰਨਣੀ ਨਹੀਂ ਓਹਦੀ, ਉਹਨੇ ਵਾਸਤੇ ਪਾ ਮਨਾਵਣਾ ਏਂ
ਭੀਮ ਚੰਦ ਦੀ ਸਾਰ ਕੀ ਜਾਣਦਾ ਏ, ਖੰਡਾ ਏਸ ਨੇ ਜਦੋਂ ਖੜਕਾਵਣਾ ਏਂ
ਭੇਡਾਂ ਵਾਂਗਰਾਂ ਕੰਮੀਆਂ ਕਾਂਦੂਆਂ ਨੇ, 'ਤੀਰ' ਦੌੜਦੇ ਪੱਲ ਨਾ ਲਾਵਣਾ ਏਂ

### ਵਜ਼ੀਰ ਫਿਰ ਸਮਝਾਂਵਦਾ ਹੈ

ਕਿਹਾ ਫੇਰ ਵਜ਼ੀਰ ਨੇ ਨਾਲ ਆਤਰ, ਤੁਸੀਂ ਓਹਨਾਂ ਦੇ ਪਾਸ ਜਾਓ ਜੇਕਰ
ਬਖ਼ਸ਼ ਦੇਣਗੇ ਆਪ ਨੂੰ ਉਹ ਹਾਥੀ, ਸਿਦਕ ਧਾਰ ਕੇ ਖੋਟ ਗੁਵਾਓ ਜੇਕਰ
ਉਥੋਂ ਫਲ ਪਾਵੇ ਪ੍ਰੇਮ ਸਿਦਕ ਵਾਲਾ, ਵਧੇ ਦੋਸਤੀ ਪ੍ਰੇਮ ਵਧਾਓ ਜੇਕਰ
'ਤੀਰ' ਖ਼ੈਰ ਨਾ ਜਾਪਦੀ ਫੇਰ ਮੈਨੂੰ, ਨਾਲ ਗੁਰਾਂ ਦੇ ਜੰਗ ਮਚਾਓ ਜੇਕਰ

### ਭੀਮ ਚੰਦ ਦੋ ਟੂੱਕ ਗੱਲ ਕਰਦਾ ਹੈ

ਭੀਮ ਚੰਦ ਨੇ ਆਖਿਆ ਬੱਸ ਭਾਈ, ਕੋਲ ਗੁਰੂ ਦੇ ਕਦੇ ਮੈਂ ਜਾਵਣਾ ਨਹੀਂ
ਪ੍ਰੀਤਵਾਨ ਹੋ ਕੇ ਦੇਵੀ ਠਾਕਰਾਂ ਦਾ, ਹੋਰ ਕਿਸੇ ਨੂੰ ਸੀਸ ਨਿਵਾਵਣਾ ਨਹੀਂ
ਉੱਚੀ ਕੁੱਲ ਦਾ ਹਾਂ ਨਾਲ ਸ਼ੂਦਰਾਂ ਦੇ, ਕੱਠਾ ਬੈਠ ਮੈਂ ਕਦੇ ਵੀ ਖਾਵਣਾ ਨਹੀਂ
'ਤੀਰ' ਤੇਗ਼ ਦੀ ਗੁਰੂ ਦੇ ਨਾਲ ਭਾਜੀ, ਛੇਤੀ ਵੰਡਣੀ ਏਂ ਬਾਜ਼ ਆਵਣਾ ਨਹੀਂ

### ਭੀਮ ਚੰਦ ਨੂੰ ਰਾਣੀ ਆ ਕੇ ਸਮਝਾਉਂਦੀ ਹੈ

ਭੀਮ ਚੰਦ ਦੀ ਰਾਣੀ ਨੂੰ ਪਤਾ ਲੱਗਾ, ਰਾਜੇ ਝੱਬ ਹੈ ਜੰਗ ਰਚਾ ਲੈਣਾ
ਆ ਕੇ ਆਖਦੀ ਸੁਣੋ ਸਿਰਤਾਜ ਮੇਰੇ, ਭੰਗ ਰੰਗ ਦੇ ਵਿਚ ਨਾ ਪਾ ਲੈਣਾ
ਮੈਂ ਹੈ ਚਾਨ੍ਹਣੀ ਚੰਦ ਦੀ ਜੱਵ ਸੋਹਣੀ, ਕਿਤੇ ਹੋਰ ਨਾ ਚੰਦ ਚੜ੍ਹਾ ਲੈਣਾ
ਪਹਿਲੇ, ਵਿਆਹ ਕੁੜਮਾਈ ਨਿਭਾ ਲੈਣਾ, ਪਿੱਛੋਂ ਚਾਹੇ ਤਾਂ ਜੰਗ ਮਚਾ ਲੈਣਾ
ਬੰਦੀ ਹੋਰ ਤਾਂ ਕੁਝ ਵੀ ਜਾਣਦੀ ਨਹੀਂ, ਮੇਰੇ ਲਾਲ ਨੂੰ ਪਹਿਲੇ ਪਰਣਾ ਲੈਣਾ
'ਤੀਰ' ਜੰਗ ਜ਼ਰੂਰ ਜੇ ਵਿੱਢਣਾ ਜੇ, ਪਿੱਛੋਂ ਆਪਣਾ ਟਿੱਲ ਵੀ ਲਾ ਲੈਣਾ

### ਕੇਸਰੀ ਸਿੰਘ ਜਸਵਾਲੀਏ ਰਾਣੀ ਦੇ ਭਰਾ ਦੀ ਸਲਾਹ

ਫੇਰ ਬੋਲਿਆ ਕੇਸਰੀ ਸਿੰਘ ਏਦਾਂ, ਉਹਨੂੰ ਫੇਰ ਅਜ਼ਮਾ ਕੇ ਵੇਖ ਲਈਏ
ਫੇਰ ਆਦਮੀ ਭੇਜੀਏ ਪਾਸ ਉਸਦੇ, ਦੂਜੀ ਵਾਰ ਸਮਝਾ ਕੇ ਵੇਖ ਲਈਏ
ਸ਼ਾਇਦ ਮੰਨ ਜਾਵੇ, ਦੇਵੇ ਭੇਜ ਹਾਥੀ, ਆਪ ਚੱਲ ਕੇ ਜਾ ਕੇ ਵੇਖ ਲਈਏ
'ਤੀਰ' ਜੰਗ ਦੀ ਗੱਲ ਤਾਂ ਹੱਥ ਸਾਡੇ, ਪਹਿਲੇ ਅਕਲ ਦੁੜਾ ਕੇ ਵੇਖ ਲਈਏ

### ਚਤਰੂ ਵਜ਼ੀਰ ਭੇਜਿਆ ਗਿਆ (ਵੱਲੋਂ ਕਵੀ)

ਚਤੁਰ ਆਦਮੀ ਚੱਤਰੂ ਨਾਮ ਜਿਸਦਾ, ਗਿਆ ਘੱਲਿਆ ਗੁਰਾਂ ਦੇ ਵੱਲ ਵੇਖੋ
ਉਹਨੇ ਪਹੁੰਚ ਕੇ ਪੁਰੀ ਅਨੰਦ ਅੰਦਰ, ਕੀਤੀ ਚਾਤਰੀ ਦੀ ਭਾਵੇਂ ਗੱਲ ਵੇਖੋ

ਜਾਨੀ ਜਾਣ ਜੀ ਤਾੜ ਗਏ ਗੱਲ ਸਾਰੀ, ਭੀਮ ਚੰਦ ਦਾ ਜਾਣ ਗਏ ਛੱਲ ਵੇਖੋ
ਢੀਠ ਚੱਤਰੂ ਆਪਣਾ ਮੂੰਹ ਲੈ ਕੇ, ਖਾਲੀ ਪਰਤ ਆਇਆ ਸੜ ਬੱਲ ਵੇਖੋ
ਬੂਟਾ ਚੰਦਰੀ ਚਾਲ ਦਾ ਉੱਗਿਆ ਜੋ, ਲੱਗਾ ਓਸਨੂੰ ਮੂਲ ਨਾ ਫੱਲ ਵੇਖੋ
'ਤੀਰ' ਪਿਆ ਸਵਾਲ ਪਹਾੜੀਆਂ ਨੂੰ, ਕਰ ਸੱਕਿਆ ਕੋਈ ਨਾ ਹੱਲ ਵੇਖੋ

### ਤੀਜੀ ਵਾਰ ਕੇਸਰੀ ਸਿੰਘ ਆਪ ਆਇਆ

ਤੀਜੀ ਵੇਰ ਫਿਰ ਕੇਸਰੀ ਸਿੰਘ ਪੁੱਜਾ, ਬੈਠਾ ਗੁਰਾਂ ਤਾਈਂ ਨਿਮਸ਼ਕਾਰ ਕਰਕੇ
ਮੂੰਹੋਂ ਬੋਲਿਆ—ਜੀ ਐਵੇਂ ਮੰਗਿਆ ਸੀ, ਭੀਮ ਚੰਦ ਨੇ ਹਾਥੀ ਪਿਆਰ ਕਰਕੇ
ਅਸੀਂ ਹਾਂ ਰਾਜੇ ਅਣਖ ਆਣ ਵਾਲੇ, ਪਿੱਛੇ ਹੱਟਦੇ ਨਹੀਂ ਇਕਰਾਰ ਕਰਕੇ
'ਤੀਰ' ਕਰੋ ਕਿਰਪਾ ਹਾਥੀ ਭੇਜ ਛੱਡੋ, ਪਰਤ ਆਏਗਾ ਝੱਬ ਵਿਹਾਰ ਕਰਕੇ

### ਸ੍ਰੀ ਦਸਮੇਸ਼ ਜੀ ਕਹਿੰਦੇ ਹਨ

ਜਾਨੀ ਜਾਣ ਨੇ ਆਖਿਆ ਫੇਰ ਅੱਗੋਂ, ਏਸ ਥਾਂ ਦਾ ਇਹ ਦਸਤੂਰ ਰਾਜਾ
ਕੋਈ ਚੀਜ਼ ਨਾ ਜਾਂਵਦੀ ਕਿਤੇ ਘੱਲੀ, ਸਿੱਖੀ ਕਰੇ ਨਾ ਜੇ ਮਨਜ਼ੂਰ ਰਾਜਾ
ਦੱਸ ਨੇਮ ਉਲੰਘੀਏ ਕਿਵੇਂ ਬੱਧੇ, ਏਸੇ ਲਈ ਹਾਂ ਅਸੀਂ ਮਜਬੂਰ ਰਾਜਾ
'ਤੀਰ' ਅੱਜ ਦੀ ਨਾਂਹ ਵਿੱਚ ਏਸ ਵੇਲੇ, ਜਾਣੋਂ ਤੁਸੀਂ ਸਾਨੂੰ ਬੇ-ਕਸੂਰ ਰਾਜਾ

### ਕੇਸਰੀ ਸਿੰਘ ਦਾ ਕ੍ਰੋਧ (ਵੱਲੋਂ ਕਵੀ)

ਖਾਲੀ ਕੇਸਰੀ ਸਿੰਘ ਵੀ ਪਰਤਿਆ ਜਾਂ, ਗੁੱਸਾ ਅੱਤ ਦਾ ਓਸਨੂੰ ਆਂਵਦਾ ਏ
ਬੁਲ੍ਹ ਟੁੱਕਦਾ ਕੱਢਦਾ ਲਾਲ ਅੱਖਾਂ, ਅਰਲ-ਬਰਲ ਮੂੰਹੋਂ ਬੱਕੀ ਜਾਂਵਦਾ ਏ
"ਵੇਖੋ ਨੰਗ ਮਲੰਗ ਫ਼ਕੀਰ ਸਾਨੂੰ, ਨਿਗ੍ਹਾ ਹੇਠ ਨਾ ਮੂਲ ਲਿਆਂਵਦਾ ਏ
ਸਾਡੀ ਉਹਨੇ ਬੇਇੱਜ਼ਤੀ ਰੱਜ ਕੀਤੀ, ਉਹਨੂੰ ਜਾਪਦਾ ਕਾਲ ਬੁਲਾਂਵਦਾ ਏ
ਸਾਡੇ ਨਾਲ ਚਲਾਕੀਆਂ ਪਿਆ ਕਰਦਾ, ਸਾਡਾ ਜਲ ਪੀਂਦਾ ਸਾਡਾ ਖਾਂਵਦਾ ਏ
'ਤੀਰ' ਜੂਹ ਸਾਡੀ ਅੰਦਰ ਵਾਸ ਕਰਕੇ, ਸਾਨੂੰ ਉੱਠ ਕੇ ਠੁੱਠ ਵਿਖਾਂਵਦਾ ਏ"

### ਗੁੱਸੇ ਵਿਚ ਫੇਰ ਕਹਿੰਦਾ ਹੈ

ਮੇਰੇ ਨਾਲ ਜੋ ਗੁਰੂ ਨੇ ਅੱਜ ਕੀਤੀ, ਕਦੇ ਜੀਉਂਦੇ ਜੀ ਭੁਲਾਵਣੀ ਨਹੀਂ
ਉਦੋਂ ਤੀਕ ਨਹੀਂ ਆਵਣਾ ਚੈਨ ਮੈਨੂੰ, ਪੂਰੀ ਜਦ ਤੋੜੀ ਹੋਣੀ ਭਾਵਣੀ ਨਹੀਂ
ਜਦੋਂ ਤੀਕ ਪ੍ਰਸਾਦੀ ਤੇ ਗੁਰੂ ਫੜ ਕੇ, ਉਹਨੂੰ ਆਪਣੀ ਈਨ ਮਨਾਵਣੀ ਨਹੀਂ
'ਤੀਰ' ਪੱਗ ਨਹੀਂ ਰੱਖਣੀ ਸਿਰ ਉਤੇ, ਰੋਟੀ ਹੱਥ ਸੱਜੇ ਨਾਲ ਖਾਵਣੀ ਨਹੀਂ

### ਕੇਸਰੀ ਸਿੰਘ ਤੇ ਭੀਮ ਚੰਦ ਨੇ ਆਪਣੇ ਭਾਈਚਾਰੇ ਨੂੰ ਜੰਗ ਲਈ ਵੰਗਾਰਨਾ

ਭੀਮ ਚੰਦ ਤੇ ਕੇਸਰੀ ਸਿੰਘ ਦੋਹਾਂ, ਝੱਟ ਸਭਾ ਲਾ ਕੇ ਇਹ ਐਲਾਨ ਕੀਤਾ
ਗੁਰੂ ਹੋਰ ਵੀ ਚੜ੍ਹੇਗਾ ਸਿਰ ਭਾਈਓ, ਜੇਕਰ ਮੂਲ ਨਾ ਅਸਾਂ ਧਿਆਨ ਕੀਤਾ
ਬਾਈਧਾਰ ਸਾਡੀ ਉਹਨੇ ਗਾਹ ਮਾਰੀ, ਜਾਨ-ਵਰਾਂ ਦਾ ਬੜਾ ਨੁਕਸਾਨ ਕੀਤਾ
ਉਹਦੇ ਕੋਲ ਹਾਥੀ ਹੈਸੀ ਇੱਕ ਜਿਹੜਾ, ਰਤਨ ਰਾਇ ਅਸਾਮ ਤੋਂ ਦਾਨ ਕੀਤਾ
ਹਾਥੀ ਓਸ ਤੋਂ ਮੰਗਿਆ ਮੰਗਣੀ ਤੇ, ਏਸ ਗੱਲ ਦਾ ਬੜਾ ਸੂ ਮਾਨ ਕੀਤਾ
ਟਕੇ ਜਿਹਾ ਜਵਾਬ ਦੇ ਘੱਲਿਆ ਸੂ, ਸਾਡਾ ਹੁਕਮ ਨਾ ਓਸ ਪਰਵਾਨ ਕੀਤਾ
ਐਪਰ ਚੁੱਪ ਕਰਕੇ ਅਸੀਂ ਰਹੇ ਬੈਠੇ, ਉਹਨੇ ਸੱਰ ਸਮਝੇ ਹਿੰਦੁਸਤਾਨ ਕੀਤਾ
ਉਠੋ ਫੜੋ ਤੇਗਾਂ ਉਹਨੂੰ ਮੱਤ ਦਈਏ! ਹੁਣੇ ਚਾਹੀਦਾ ਏ ਬੇ-ਨਿਸ਼ਾਨ ਕੀਤਾ
ਹਾਥੀ ਜਿੱਤਿਆ ਤਾਂ ਜਿੱਤੀ ਗੱਲ ਸਮਝੋ, ਗੁਰੂ ਮਾਰਿਆਂ ਗੰਗਾ ਸ਼ਨਾਨ ਕੀਤਾ
'ਤੀਰ' ਰਾਜਿਆਂ ਅਕਲ ਦੇ ਅੰਨ੍ਹਿਆਂ ਨੇ, ਚਿੱਠੀ ਲਿੱਖ ਕੇ ਇਉਂ ਬਿਆਨ ਕੀਤਾ

### ਗੁਰੂ ਜੀ ਨੂੰ ਰਾਜਿਆਂ ਨੇ ਚਿੱਠੀ ਲਿਖ ਕੇ ਘੱਲਣੀ

ਅਸਾਂ ਸੱਭ ਸਹਾਰੀਆਂ ਅੱਜ ਤੋੜੀ, ਹੋਰ ਸੱਕਦੇ ਨਹੀਂ ਸਹਾਰ ਅੱਗੋਂ
ਤੁਸੀਂ ਨਿੱਤ ਹੀ ਕੋਰੀਆਂ ਕਰੋ ਗੱਲਾਂ, ਬੱਝੇ ਆਪਦਾ ਕਿਵੇਂ ਇਤਬਾਰ ਅੱਗੋਂ
ਸਾਡੀ ਗੱਲ ਇਹ ਲੀਕ ਜੇ ਪੱਥਰਾਂ 'ਤੇ, ਕਰਨਾ ਆਪ ਨੇ ਨਹੀਂ ਸ਼ਿਕਾਰ ਅੱਗੋਂ
ਲੱਕੜ ਜੰਗਲੋਂ ਇੱਕ ਵੀ ਕੱਟਣੀ ਨਾ, ਐਸਾ ਵਰਤਣਾ ਸਾਫ ਵਿਹਾਰ ਅੱਗੋਂ
ਸਾਡੀ ਜੂਹ ਦੇ ਵਿੱਚ ਨਾ ਨਿਗ੍ਹਾ ਆਵੇ, ਕਿਸੇ ਥਾਂ 'ਤੇ ਸਿੱਖ ਸਵਾਰ ਅੱਗੋਂ
ਕਰੋ ਮਿਹਰਬਾਨੀ ਸਾਡਾ ਦੇਸ਼ ਛੱਡੋ, ਅਸੀਂ ਚੁੱਕ ਨਹੀਂ ਸੱਕਦੇ ਭਾਰ ਅੱਗੋਂ
ਜੇਕਰ ਪੁਰੀ ਅਨੰਦ ਵਿਚ ਵੱਸਣਾ ਜੇ, ਚੰਗੇ ਰਹਿਣ ਦਾ ਕਰੋ ਇਕਰਾਰ ਅੱਗੋਂ
ਰਈਅਤ ਹੋ ਵੱਸੋ ਮੰਨੋ ਈਨ ਸਾਡੀ, ਪਿੱਛੇ ਵਾਂਙ ਨਾ ਕਰੋ ਹੰਕਾਰ ਅੱਗੋਂ
ਮਾਫੀ ਲਿੱਖ ਘੱਲੋ ਪਿੱਛੇ ਕੀਤੀਆਂ ਦੀ, ਲਵੋ ਨਿਮਰਤਾ ਦੀ ਨੀਤ ਧਾਰ ਅੱਗੋਂ
ਅਸੀਂ ਮੰਗੀਏ ਜੋ ਸੋ ਕਰੋ ਹਾਜ਼ਰ, ਸਦਾ ਵਾਸਤੇ ਮੰਨ ਲਓ ਹਾਰ ਅੱਗੋਂ
ਜੰਗ ਨਹੀਂ ਤਾਂ ਜਿੰਦ 'ਤੇ ਕੂਕਦੀ ਜੇ, ਅਸੀਂ ਆਏ ਜੇ ਰਵ੍ਹੋ ਤਿਆਰ ਅੱਗੋਂ
ਅਸਾਂ 'ਤੀਰ' ਤੇ ਤੇਗ ਦੀ ਵੰਡ ਭਾਜੀ, ਕਰਨੀ ਫੇਰ ਕੋਈ ਹੋਰ ਕਾਰ ਅੱਗੋਂ

### ਪਹਾੜੀ ਰਾਜਿਆਂ ਦੀ ਚਿੱਠੀ ਦਾ ਵੱਖੋ ਵੱਖ ਅਸਰ

ਚਿੱਠੀ ਆਣ ਜਾਂ ਗੁਰਾਂ ਦੇ ਪਾਸ ਪੁੱਜੀ, ਪੜ੍ਹਨ ਸੁਣਨ ਪਿੱਛੋਂ ਏਦਾਂ ਹਾਲ ਹੋਇਆ
ਫਿਰਨ ਘਾਬਰੇ ਦਿਲੋਂ ਮਸੰਦ ਸਾਰੇ, ਆਖਣ ਬੱਸ ਜਾਣੋ ਸਾਡਾ ਕਾਲ ਹੋਇਆ
ਊਂਧੀ ਕਾਇਰਾਂ ਪਾਜੀਆਂ ਪਾ ਲੀਤੀ, ਨੱਠ ਜਾਣ ਦਾ ਦਿਲੋਂ ਖ਼ਿਆਲ ਹੋਇਆ
ਚਾ ਖ਼ੂਬ ਚੜ੍ਹਿਆ ਸਿੱਖਾਂ ਸੂਰਿਆਂ ਨੂੰ, ਰੰਗ ਸੱਭ ਦਾ ਭੱਖ ਕੇ ਲਾਲ ਹੋਇਆ

ਕਹਿਣ ਸਮਾਂ ਤਲਵਾਰ ਦਾ ਹੱਥ ਲੱਗਾ, ਮਿਹਰਬਾਨ ਹੈ ਦੀਨ ਦਿਆਲ ਹੋਇਆ
ਭੀਮ ਚੰਦ ਦਾ ਲਾਹਵਣਾ ਸਿਰ ਫੜ ਕੇ, ਲੱਭ ਲਵਾਂਗੇ ਜਿੱਥੇ ਚੰਡਾਲ ਹੋਇਆ
ਭੰਨ ਕੇਸਰੀ ਸਿੰਘ ਦਾ ਸਿਰ ਮਾਨੀ, ਵਿਚੋਂ ਕੱਢਣਾ ਜਿਹੜਾ ਗ਼ੁਲਾਲ ਹੋਇਆ
ਚਿੱਠੀ ਪੜ੍ਹਦਿਆਂ ਗੁਰਾਂ ਦੇ ਮੁੱਖ ਉਤੇ, ਸਗੋਂ ਚੌਗਣਾ ਹੋਰ ਜਲਾਲ ਹੋਇਆ
ਏਦਾਂ ਵੇਖ ਕੇ ਸੇਵਕਾਂ ਵੱਲ ਬੋਲੇ, ਸਾਈਂ ਸੱਜਣੋਂ ਅੱਜ ਕ੍ਰਿਪਾਲ ਹੋਇਆ
ਧਰਮ-ਯੁੱਧ ਦੇ ਲਈ ਹਾਂ ਅਸੀਂ ਆਏ, ਸਾਨੂੰ ਇਹੋ ਹੀ ਹੁਕਮ ਅਕਾਲ ਹੋਇਆ
ਦੀਨ ਰੱਖਣੇ ਭੱਖਣੇ ਦੁਸ਼ਟ ਪਾਪੀ, ਦੇਣਾ ਤੋੜ ਜੋ ਇਨ੍ਹਾਂ ਦਾ ਜਾਲ ਹੋਇਆ
ਪਹਿਲ ਯੁੱਧ ਦੀ ਉਨ੍ਹਾਂ ਨੇ ਆਪ ਕੀਤੀ, ਸਾਡੇ ਲਈ ਇਹ ਵੀ ਨੇਕ ਫ਼ਾਲ ਹੋਇਆ
ਫੇਰ ਕਹਿਣ ਲੱਗੇ ਬੀਰਾਂ ਯੋਧਿਆਂ ਨੂੰ, ਸ਼ੁਰੂ ਅੱਜ ਤੋਂ ਜੇ ਜੰਗੀ ਸਾਲ ਹੋਇਆ
ਤੇਗ ਨੱਚਸੀ ਨਾਚ ਹੁਣ ਸਿਰਾਂ ਉੱਤੇ, ਪੈਦਾ ਜਾਣ ਲਓ ਢਾਲ ਤੋਂ ਤਾਲ ਹੋਇਆ
ਖੰਡੇ ਧਰਮ ਦੇ ਨੇ ਉਦੋਂ ਚਮਕਣਾ ਏਂ, ਜਦੋਂ ਪਾਪ ਦਾ ਦੂਰ ਜੰਗਾਲ ਹੋਇਆ
'ਤੀਰ' ਜ਼ੁਲਮ ਦੇ ਛੱਕੇ ਛੁਡਾ ਦਿਆਂਗਾ, ਮਾਤਾ ਗੁੱਜਰੀ ਦਾ ਜੇ ਮੈਂ ਲਾਲ ਹੋਇਆ

*(ਵੱਲੋਂ ਕਵੀ)*

ਦੋਹਰਾ— ਫੜ ਕੇ ਕਲਮ ਸੁਹਾਵਣੀ, ਕਰਕੇ ਯਾਦ ਅਕਾਲ।
ਉੱਤਰ ਏਦਾਂ ਲਿੱਖਿਆ, ਕਲਗੀਧਰ ਕਿਰਪਾਲ॥

*ਮਹਾਰਾਜ ਨੇ ਰਾਜਿਆਂ ਨੂੰ ਚਿੱਠੀ ਦਾ ਉੱਤਰ ਇਉਂ ਲਿਖ ਘੱਲਿਆ*

ਭੋਇੰ ਇਹ ਹੈ ਖ਼ਰਚ ਕੇ ਮੁੱਲ ਲੀਤੀ, ਐਵੇਂ ਏਸ 'ਤੇ ਸਮਾਂ ਬਿਤਾਂਵਦੇ ਨਹੀਂ
ਸਾਨੂੰ ਆਸਰਾ ਇੱਕ ਅਕਾਲ ਦਾ ਹੈ, ਦਿੱਤਾ ਕਿਸੇ ਮਨੁੱਖ ਦਾ ਖਾਂਵਦੇ ਨਹੀਂ
ਸਾਡਾ ਪਾਤਸ਼ਾਹ ਹੈ ਓਹੋ ਰੱਬ ਸੱਚਾ, ਅੱਡੇ ਕਿਸੇ ਦੇ ਹੋਰ ਸਦਾਂਵਦੇ ਨਹੀਂ
ਅਸੀਂ ਪੂਜੀਏ ਸਦਾ ਸਰਬੱਗ ਤਾਂਈਂ, ਦੇਵੀ ਦੇਵਤਾ ਕੋਈ ਧਿਆਂਵਦੇ ਨਹੀਂ
ਡਰ ਕਿਸੇ ਦਾ ਜੱਗ 'ਤੇ ਨਹੀਂ ਸਾਨੂੰ, ਅਤੇ ਕਿਸੇ ਨੂੰ ਆਪ ਡਰਾਂਵਦੇ ਨਹੀਂ
ਸਾਡਾ ਘਰ ਹੈ ਸੁਲ੍ਹਾ-ਸਫਾਈਆਂ ਦਾ, ਪਹਿਲੇ ਕਿਸੇ ਤੇ ਹੱਥ ਉਠਾਂਵਦੇ ਨਹੀਂ
ਬਦੋ-ਬਦੀ ਜੇਕਰ ਕੋਈ ਛੇੜ ਛੇੜੇ, ਫੇਰ ਆਪਣਾ ਆਪ ਲੁਕਾਂਵਦੇ ਨਹੀਂ
ਪੱਕੀ ਗੱਲ ਜਾਣੋ ਅਸੀਂ ਕਿਸੇ ਉੱਤੇ, ਕਦੇ ਭੁੱਲ ਕੇ ਰੋਅਬ ਜਮਾਂਵਦੇ ਨਹੀਂ
ਜਿਹੜਾ ਰੋਅਬ ਜਮਾਇਗਾ ਅਸਾਂ ਉਤੇ, ਉਹਦੀ ਧੌਂਸ ਹੇਠਾਂ ਮੂਲ ਆਂਵਦੇ ਨਹੀਂ
ਤੁਸੀਂ ਦਿਲ ਅੰਦਰ ਖ਼ਾਤਰ ਜਮ੍ਹਾ ਰੱਖੋ, ਭਲੇ ਕਿਸੇ ਦਾ ਦਿੱਲ ਦੁਖਾਂਵਦੇ ਨਹੀਂ
ਔਪਰ ਦਿੱਲ ਦੁਖਾਣ ਜੋ ਆਜਜ਼ਾਂ ਦੇ, ਐਹੋ ਜਿਹੇ ਬੰਦੇ ਸਾਨੂੰ ਭਾਂਵਦੇ ਨਹੀਂ
ਕਰੋ ਤੁਸੀਂ ਪ੍ਰੇਮ ਤਾਂ ਅਸੀਂ ਪ੍ਰੇਮੀ, ਜਾਣ ਬੁੱਝ ਕੇ ਵੈਰ ਵਧਾਂਵਦੇ ਨਹੀਂ
ਚੁੱਕੋ ਤੇਗ਼ ਤਾਂ ਚੁੱਕਣੀ ਤੇਗ਼ ਅੱਗੋਂ, ਸੱਚ ਜਾਣ ਲਓ ਝੂਠ ਸੁਣਾਂਵਦੇ ਨਹੀਂ

ਜੇਕਰ ਆਪ ਦੇ ਕੋਲ ਵੀ ਸੂਰਮੇ ਨੇ, ਸਾਡੇ ਕੋਲ ਵੀ ਬੀਰ ਸਮਾਂਵਦੇ ਨਹੀਂ
ਚਾਹੋ ਵੰਡਣੀ ਤਾਂ ਲਵੋ ਵੰਡ ਭਾਜੀ, ਏਸ ਗੱਲ ਤੋਂ ਮੂਲ ਘਬਰਾਂਵਦੇ ਨਹੀਂ
'ਤੀਰ' ਜੱਗ ਤੇ ਹੋਣ ਨਿਰਵੈਰ ਜਿਹੜੇ, ਪਹਿਲੇ ਪੈਰ ਲੜਾਈ ਵਿਚ ਪਾਂਵਦੇ ਨਹੀਂ

### *ਭੀਮ ਚੰਦ ਨੂੰ ਕਰਾਰਾ ਜਵਾਬ ਤੇ ਉਸਦਾ ਗੁੱਸਾ*

ਜਦੋਂ ਇਸ ਤਰ੍ਹਾਂ ਗੁਰਾਂ ਜਵਾਬ ਦਿੱਤਾ, ਭੀਮ ਚੰਦ ਸੜ ਕੇ ਏਦਾਂ ਬੋਲਿਆ ਏ
ਵੇਖੋ ਗੁਰੂ ਨੂੰ ਅੱਤ ਨੇ ਚੁੱਕਿਆ ਏ, ਉਹਨੇ ਮਾਣ ਸਾਡਾ ਮਿੱਟੀ ਰੋਲਿਆ ਏ
ਸਾਡੀ ਲੱਖ ਦੀ ਕੱਖ ਦੇ ਵਾਂਗ ਜਾਣੀ, ਸਾਨੂੰ ਆਪਣੇ ਨਾਲ ਉਸ ਤੋਲਿਆ ਏ
'ਤੀਰ' ਇਸ ਤਰ੍ਹਾਂ ਆਖ ਕੇ ਦਿੱਲ ਕਾਲਾ, ਉਹਨੇ ਰਾਜਿਆਂ ਦੇ ਅੱਗੇ ਫੋਲਿਆ ਏ

### *ਭੀਮ ਚੰਦ ਦਾ ਬਾਕੀ ਪਹਾੜੀ ਰਾਜਿਆਂ ਨੂੰ ਕਹਿਣਾ*

ਸੁਣ ਲਵੋ ਭਾਈ! ਮੇਰਾ ਫੈਸਲਾ ਏ, ਮੈਂ ਤਾਂ ਦਿਲ ਦਾ ਦੂਰ ਜੇ ਦਾਹ ਕਰਨਾ
ਪਹਿਲੇ ਗੁਰੂ ਨੂੰ ਕੱਢ ਕੇ ਦੇਸ਼ ਵਿਚੋਂ, ਬਾਈਧਾਰ ਦਾ ਸਾਫ਼ ਹੈ ਰਾਹ ਕਰਨਾ
ਜਿਨਾ ਚਿਰ ਵੈਰੀ ਦਿੱਸੇ ਅੱਖ ਅੱਗੇ, ਫਿੱਟੇ ਮੂੰਹ ਹੈ ਕੋਈ ਉਤਸ਼ਾਹ ਕਰਨਾ
ਗੁਰੂ ਮੂੰਗ ਦੱਲੇ ਸਾਡੀ ਹਿੱਕ ਉੱਤੇ, ਜੰਗ ਚਾਂਹੁਦਾ ਹੈ ਖਾਹ-ਮਖਾਹ ਕਰਨਾ
ਮੈਨੂੰ ਨਹੀਂ ਜੇ ਭਾਂਵਦਾ ਸਾਹ ਲੈਣਾ, ਹੋਰ ਢਿੱਲ ਕਰਨੀ ਜਾਂ ਸਲਾਹ ਕਰਨਾ
'ਤੀਰ' ਬੱਦਲਾ ਲੈਣ ਤੋਂ ਹੁਣ ਪਹਿਲੇ, ਨਾ ਮੈਂ ਮੰਗਣੀ ਨਾਹੀਂ ਵਿਆਹ ਕਰਨਾ

### *ਰਾਜਾ ਕਿਰਪਾਲ ਚੰਦ ਕਟੋਚੀਆ (ਵੱਲੋਂ ਕਵੀ)*

ਪਿੱਠੂ ਮੁਗਲ-ਸਰਕਾਰ ਦਾ ਦੇਸ-ਵੈਰੀ, ਧੋਖਾ ਮਿੱਤਰਾਂ ਨਾਲ ਕਮਾਣ ਵਾਲਾ
ਛੱਲੀ ਛੱਲ ਕਰਕੇ ਲਾਂਭੇ ਰਹਿਣ ਵਾਲਾ, ਚਾਲਾਂ ਨਾਲ ਵੀਰਾਂ ਨੂੰ ਲੜਾਣ ਵਾਲਾ
ਔਰੰਗਜ਼ੇਬ ਦਾ ਜਾਣ ਲਓ ਹੱਥ ਠੋਕਾ, ਉਹਦੇ ਚੰਮ ਦੇ ਦੱਮ ਚਲਾਣ ਵਾਲਾ
ਜਿਥੇ ਤੌਖ਼ਲਾ ਓਸਨੂੰ ਨਜ਼ਰ ਆਵੇ, ਉਥੋਂ ਆਪਣਾ ਆਪ ਬਚਾਣ ਵਾਲਾ
ਇਧਰ ਗੁਰੂ ਓਧਰ ਭੀਮ ਚੰਦ ਤਾਈਂ, ਜੰਗ ਵਾਸਤੇ ਖ਼ੂਬ ਉਕਸਾਣ ਵਾਲਾ
ਚੁਗ਼ਲ ਚਤੁਰ ਚਲਾਕ ਚੰਡਾਲ ਛਲੀਆ, ਦਿਲੀ ਖੋਟ ਦਾ ਖੱਟਿਆ ਖਾਣ ਵਾਲਾ
ਉਹਦੀ ਚਾਤਰੀ ਦੀ ਕੀ ਮਿਸਾਲ ਦੇਣੀ, ਹੈਸੀ ਲਾਣ ਵਾਲਾ ਤੇ ਬੁਝਾਣ ਵਾਲਾ
ਏਧਰ ਚੋਰ ਨੂੰ ਆਖਦਾ ਸੰਨ੍ਹ ਲਾ ਲੈ, ਉਧਰ ਘਰਦਿਆਂ ਤਾਈਂ ਜਗਾਣ ਵਾਲਾ
ਤੱਤੀ ਥਾਂ ਤੇ ਆਪ ਨਾ ਪੈਰ ਧਰਦਾ, ਐਪਰ ਤੇਲ ਬਲਦੀ ਉੱਤੇ ਪਾਣ ਵਾਲਾ
ਘੱਟਾ ਮਿੱਤਰਾਂ ਦੀ ਅੱਖੀਂ ਪਾਣ ਵਾਲਾ, ਲੋੜ ਬਣੀ ਤੋਂ ਅੱਖ ਚੁਰਾਣ ਵਾਲਾ
ਗੱਲ ਖ਼ਤਰੇ ਦੀ ਕੰਨੀਂ ਪੈਂਦਿਆਂ ਹੀ, ਕੰਨੀ ਚਾਲ ਦੇ ਨਾਲ ਖਿਸਕਾਣ ਵਾਲਾ
'ਤੀਰ' ਅੱਜ ਵੇਖੋ ਭੀਮ ਚੰਦ ਤਾਈਂ, ਬਣ ਗਿਆ ਹਮਦਰਦ ਸਮਝਾਣ ਵਾਲਾ

### ਕਟੋਚੀਏ ਕਿਰਪਾਲ ਚੰਦ ਨੇ ਆਖਿਆ

ਮੇਰੇ ਵੀਰ ਮਹਾਰਾਜਿਓ ਗੱਲ ਸੁਣਨੀ, ਲੋੜ ਜਾਪਦੀ ਅੱਜ ਵਿਚਾਰ ਦੀ ਏ
ਹੋਵੇ ਜੰਗ ਤਾਂ ਸੂਰਮੇ ਯੋਧਿਆਂ ਦੀ, ਤੇਗ਼ ਮੂਲ ਨਾ ਲੜਦਿਆਂ ਹਾਰਦੀ ਏ
ਮੈਨੂੰ ਜਾਪਦਾ ਏ ਏਸ ਸਮੇਂ ਭਾਈਓ, ਚੰਗੀ ਖੇਡ ਨਾ ਤੀਰ ਤਲਵਾਰ ਦੀ ਏ
ਲੇਖਾ ਬੀ ਦਾ ਕਰੇ ਵਿਆਹ ਅੰਦਰ, ਮੂੜ੍ਹ-ਪੁਣਾ ਹੈ ਗੱਲ ਨਾ ਕਾਰ ਦੀ ਏ
ਆਓ ਰੱਲ ਸਾਰੇ ਪਹਿਲੇ ਮਾਣ ਲਈਏ, ਖ਼ੁਸ਼ੀ ਜੋ ਆਈ ਹੋਣ-ਹਾਰ ਦੀ ਏ
'ਤੀਰ' ਲੜਨ ਦੇ ਵਾਸਤੇ ਫੇਰ ਪਿੱਛੋਂ, ਇੱਕੋ ਗੱਲ ਹੋਣੀ ਬਾਈਧਾਰ ਦੀ ਏ

### ਲੜਾਈ ਅੱਗੇ ਪਾਉਣ ਦੀ ਸਲਾਹ ਮੰਨੀ ਗਈ (ਵੱਲੋਂ ਕਵੀ)

ਮੰਨੀ ਗਈ ਸਲਾਹ ਕਟੋਚੀਏ ਦੀ, ਤਾਕਿ ਗੱਲ ਨਾ ਕੋਈ ਦੁਖਦਾਈ ਹੋਵੇ
ਖ਼ੂਬ ਵਾਜਿਆਂ ਗਾਜਿਆਂ ਨਾਲ ਪਹਿਲੇ, ਸਗਨ ਸਾਰਥਾਂ ਨਾਲ ਕੁੜਮਾਈ ਹੋਵੇ
ਪੂਰਾ ਅਮਨ ਦੇ ਨਾਲ ਵਿਆਹ ਹੋਵੇ, ਵੇਖ ਵੇਖ ਪ੍ਰਸੰਨ ਲੁਕਾਈ ਹੋਵੇ
'ਤੀਰ' ਤੇਗ਼ ਦੀ ਨਾਲ ਦਸਮੇਸ਼ ਜੀ ਦੇ, ਸਮਾਂ ਤਾੜ ਕੇ ਫੇਰ ਲੜਾਈ ਹੋਵੇ

### ਵੱਲੋਂ ਕਵੀ

ਕਿਉਂ ਗੁਰਾਂ ਦੇ ਉਲਟ ਪਹਾੜੀਏ ਸੀ, ਭੇਦ ਕਵੀ ਨੂੰ ਖੋਲ੍ਹਣਾ ਪੈ ਗਿਆ ਏ
ਪਾਨੀ ਦੁੱਧ ਨਿਤਾਰਨੇ ਲਈ ਏਥੇ, ਮੋਤੀ ਸੁਖਨ ਦਾ ਰੋਲਣਾ ਪੈ ਗਿਆ ਏ
ਬਾਈਧਾਰ ਦੇ ਪਰਬਤੀ ਰਾਜਿਆਂ ਨੂੰ, ਕੰਡੇ ਰੱਖ ਕੇ ਤੋਲਣਾ ਪੈ ਗਿਆ ਏ
'ਤੀਰ' ਹੋਂਵਦਾ ਏ ਭਾਵੇਂ ਠੀਕ ਕੌੜਾ, ਐਪਰ ਸੱਚ ਇਹ ਬੋਲਣਾ ਪੈ ਗਿਆ ਏ

### ਫੇਰ (ਕਵੀ ਵੱਲੋਂ)

ਵਿੱਚ ਹਿੰਦ ਦੇ ਮੁਗ਼ਲ-ਸਰਕਾਰ ਹੈਸੀ, ਤੇ ਗ਼ੁਲਾਮ ਰਾਜੇ ਬਾਈਧਾਰ ਦੇ ਸੀ
ਸਦਾ ਉਹਦੇ ਇਸ਼ਾਰੇ 'ਤੇ ਨੱਚਦੇ ਸੀ, ਉਹਦੀ ਈਨ ਵਿਚ ਸਮਾਂ ਗੁਜ਼ਾਰਦੇ ਸੀ
ਪਾਤਸ਼ਾਹ ਨਾ ਗੁਰਾਂ ਨੂੰ ਚਾਂਹਵਦਾ ਸੀ, ਏਸੇ ਲਈ ਰਾਜੇ ਭਰੇ ਖ਼ਾਰ ਦੇ ਸੀ
ਬਿਨਾਂ ਏਸ ਦੇ ਹੋਰ ਸਬੱਬ ਹੈ ਸਨ, ਜੰਗ ਲਈ ਜੋ ਸਦਾ ਵੰਗਾਰਦੇ ਸੀ
ਜ਼ਾਤ ਪਾਤ ਸੀ ਮੰਨਦੇ ਸੱਭ ਰਾਜੇ, ਨੀਚ-ਊਚ ਨੂੰ ਗੁਰੂ ਪਿਆਰਦੇ ਸੀ
ਰਾਜੇ ਦੇਵੀਆਂ ਦੇਵਤੇ ਮੰਨਦੇ ਸੀ, ਮੰਨਣਹਾਰ ਦਸਮੇਸ਼ ਕਰਤਾਰ ਦੇ ਸੀ
ਉਹ ਅਨੇਕ ਨੂੰ ਸਿਰ ਨਿਵਾਂਵਦੇ ਸੀ, ਗੁਰੂ 'ਏਕ ਨੂੰ ਨਿਵੋਂ' ਪਰਚਾਰਦੇ ਸੀ
ਉਨ੍ਹਾਂ ਕਿਹਾ ਗ਼ੁਲਾਮੀ ਨੂੰ ਜੀ ਆਇਆਂ, ਗੁਰੂ ਦੇਸ਼ 'ਚੋਂ ਇਨੂੰ ਦੁਰਕਾਰ ਦੇ ਸੀ
ਇਹ ਵੀ ਤੌਖ਼ਲਾ ਸੀ ਵਿਚੋਂ ਰਾਜਿਆਂ ਨੂੰ, ਜਾਣੀ ਜਾਣ ਜੀ ਧਨੀ ਤਲਵਾਰ ਦੇ ਸੀ
'ਤੀਰ' ਪੀੜ ਪੈਂਦੀ ਸੀ ਪਹਾੜੀਆਂ ਨੂੰ, ਜਦੋਂ ਚੋਟ ਰਣਜੀਤ ਨੂੰ ਮਾਰਦੇ ਸੀ

### ਮੂਰਖ ਰਾਜੇ (ਵੱਲੋਂ ਕਵੀ)

ਏਨਾ ਸੋਚਿਆ ਨਾ ਬਾਈਧਾਰੀਆਂ ਨੇ, ਏਸੇ ਗੁਰੂ ਨੇ ਕਰਮ ਕਮਾਵਣਾ ਏਂ
ਨੀਵੇਂ ਨੀਚ ਨਿਮਾਣਿਆਂ ਰੋਂਦਿਆਂ ਨੂੰ, ਏਸੇ ਗੁਰੂ ਨੇ ਹੀ ਗੱਲੇ ਲਾਵਣਾ ਏਂ
ਵਿੱਚ ਦੇਸ ਦੇ ਸਮਾਂ ਅਜ਼ਾਦੀਆਂ ਦਾ, ਏਸੇ ਗੁਰੂ ਦਸਮੇਸ਼ ਲਿਆਵਣਾ ਏਂ
ਭਰਮ ਵਹਿਮ 'ਚੋਂ ਕੱਢ ਕੇ ਭੁੱਲਿਆਂ ਨੂੰ, ਇਸੇ ਰੱਬ ਦੇ ਰਾਹ ਟੁਰਾਵਣਾ ਏਂ
ਨਾਸ ਕਰਨ ਦੇ ਵਾਸਤੇ ਜ਼ਾਲਮਾਂ ਦਾ, ਇਸੇ ਬੀਰ ਨੇ ਬੀੜਾ ਉਠਾਵਣਾ ਏਂ
ਏਸੇ ਪੱਤ ਬਚਾਉਣੀ ਆਜਜ਼ਾਂ ਦੀ, ਏਸੇ ਸਤੀ ਦਾ ਸੱਤ ਬਚਾਵਣਾ ਏਂ
ਏਸੇ ਹਿੰਦ ਦੀ ਕੱਲਰੀ ਭੋਇੰ ਅੰਦਰ, ਖ਼ੂਨ ਆਪਣੀ ਬੰਸ ਦਾ ਪਾਵਣਾ ਏਂ
ਏਸੇ ਬਖ਼ਸ਼ਣਾ ਬੱਲ ਡਰਾਕਲਾਂ ਨੂੰ, ਏਸੇ ਚਿੜੀ ਤੋਂ ਬਾਜ ਤੁੜਾਵਣਾ ਏਂ
ਏਸੇ ਨੱਥਣਾ ਜ਼ੁਲਮ ਦੇ ਝੋਟਿਆਂ ਨੂੰ, ਏਸੇ ਧਰਮ ਦਾ ਯੁੱਧ ਮਚਾਵਣਾ ਏਂ
ਏਸੇ ਅੱਤਿਆਚਾਰ ਦੀ ਮੌਤ ਕਰਨੀ, ਉੱਜੜ ਆਪ, ਇਸ ਦੇਸ਼ ਵਸਾਵਣਾ ਏਂ
ਕਰ ਆਪਣੇ ਲਈ ਪਰਵਾਨ ਤਖ਼ਤਾ, ਏਸੇ ਜ਼ੁਲਮ ਦਾ ਤਖ਼ਤ ਉਲਟਾਵਣਾ ਏਂ
'ਤੀਰ' ਇਹ ਨਾ ਉਹਨਾਂ ਖ਼ਿਆਲ ਕੀਤਾ, ਇਹਨੇ ਧਰਮ-ਨਿਸ਼ਾਨ ਝੁਲਾਵਣਾ ਏਂ

### ਸਤਿਗੁਰਾਂ ਨਾਹਣ ਨੂੰ ਭਾਗ ਲਾਏ (ਵੱਲੋਂ ਕਵੀ)

ਰਾਜਾ ਨਾਹਣ ਦਾ ਤੇ ਫਤਹਿ ਸ਼ਾਹ ਰਾਜਾ, ਆਪੋ ਵਿਚ ਸੀ ਰੰਜ ਤੇ ਲੜੇ ਹੋਏ
ਆਪੋ ਆਪਣੀ ਥਾਂ 'ਤੇ ਦੁਹਾਂ ਨੂੰ ਹੀ, ਹੈਸਨ ਵੱਟ ਵਿਰੋਧ ਦੇ ਚੜ੍ਹੇ ਹੋਏ
ਸੁਲ੍ਹਾ ਹੋਈ ਨਾ ਦੋਹਾਂ ਦੀ ਅਜੇ ਤੋੜੀ, ਭਾਵੇਂ ਏਸ ਖ਼ਾਤਰ ਹੀਲੇ ਬੜੇ ਹੋਏ
'ਤੀਰ' ਨਿੱਤ ਦਾ ਤੌਖ਼ਲਾ ਰਹਿਣ ਲੱਗਾ, ਵੈਰ ਵਿੱਚ ਬੈਠੇ ਪੱਕੇ ਧੜੇ ਹੋਏ

### ਵਿਰੋਧ ਦਾ ਕਾਰਨ (ਵੱਲੋਂ ਕਵੀ)

ਵਿਚੋਂ ਨਾਹਣ ਦੇ ਰਾਜ ਦਾ ਕੁਝ ਹਿੱਸਾ, ਫਤਹਿ ਸ਼ਾਹ ਨੇ ਨਾਲ ਰਲਾ ਲਿਆ ਸੀ
ਜਦੋਂ ਓਸ ਦੀ ਗੱਲ 'ਤੇ ਰੋਸ ਹੋਇਆ, ਉਹਨਾਂ ਹੋਰ ਵੀ ਮੂੰਹ ਸੁਜਾ ਲਿਆ ਸੀ
ਨਾਹਣ ਪਤੀ ਕਮਜ਼ੋਰ ਸੀ ਏਸ ਕਰਕੇ, ਫਤਹਿ ਸ਼ਾਹ ਨੇ ਝੱਟ ਦਬਾ ਲਿਆ ਸੀ
'ਤੀਰ' ਜਾਣ ਲਓ ਹਿੱਕ ਦਾ ਜ਼ੋਰ ਕਰਕੇ, ਵੱਡੇ ਮੱਛ ਨੇ ਛੋਟੇ ਨੂੰ ਖਾ ਲਿਆ ਸੀ

### ਸਹਾਇਤਾ ਦਾ ਮੁਥਾਜ ਮੇਦਨੀ ਪ੍ਰਕਾਸ਼ ਨਾਹਣ ਪਤੀ

ਨਾਹਣ ਪਤੀ ਕਮਜ਼ੋਰ ਸੀ ਫਤਹਿ ਸ਼ਾਹ ਤੋਂ, ਏਸੇ ਵਾਸਤੇ ਦਿਲੋਂ ਲਾਚਾਰ ਹੈਸੀ
ਨਾਲੇ ਰਾਜ ਸੀ ਕੁਝ ਖੁਹਾ ਬੈਠਾ, ਨਾਲੇ ਡੱਰ ਕੀਤਾ ਆਵਾਜ਼ਾਰ ਹੈਸੀ
ਕਿਵੇਂ ਤੌਖ਼ਲਾ ਦਿਲੋਂ ਇਹ ਦੂਰ ਹੋਵੇ, ਰਹਿੰਦੀ ਓਸਨੂੰ ਇਹੋ ਵਿਚਾਰ ਹੈਸੀ
'ਤੀਰ' ਹੱਰ ਵੇਲੇ ਉਹਦੇ ਦਿੱਲ ਅੰਦਰ, ਏਸੇ ਸੋਚ ਦਾ ਪੈ ਰਿਹਾ ਭਾਰ ਹੈਸੀ

## ਫਤਹਿ ਸ਼ਾਹ ਕਿਉਂ ਜ਼ੋਰਾਵਰ ਸੀ (ਵੱਲੋਂ ਕਵੀ)

ਫਤਹਿ ਸ਼ਾਹ ਦੀ ਆਕੜੀ ਧੌਣ ਹੈਸੀ, ਏਸ ਵਾਸਤੇ ਮਾਣ ਹੰਕਾਰ ਅੰਦਰ
ਰਾਮ ਰਾਇ ਤੇ ਓਸਦੀ ਸੀ ਯਾਰੀ, ਸਨ ਵੱਸਦੇ ਦੋਇ ਪਿਆਰ ਅੰਦਰ
ਕਰਾਮਾਤ ਓਦੋਂ ਰਾਮਰਾਇ ਜੀ ਦੀ, ਉੱਘੀ ਖ਼ੂਬ ਸੀ ਰਾਜ-ਦਰਬਾਰ ਅੰਦਰ
ਉਹਦੀ ਪੁੱਤਰੀ ਦਾ ਹੈ ਸੀ ਸਾਕ ਹੋਇਆ, ਭੀਮ ਚੰਦ ਦੇ ਖ਼ਾਸ ਪਰਵਾਰ ਅੰਦਰ
ਨਾਹਣ-ਪਤੀ ਨੂੰ ਕਦੇ ਵੀ ਏਸ ਕਰਕੇ, ਨਾ ਸੀ ਰੱਖਦਾ ਰਤਾ ਵਿਚਾਰ ਅੰਦਰ
'ਤੀਰ' ਹਿੱਕ ਦਾ ਜ਼ੋਰ ਜਤਾਂਵਦਾ ਸੀ, ਵੱਡਾ ਆਪ ਨੂੰ ਜਾਣ ਸੰਸਾਰ ਅੰਦਰ

## ਮੇਦਨੀ ਪ੍ਰਕਾਸ਼ ਦੀ ਚਾਹ (ਵੱਲੋਂ ਕਵੀ)

ਰਾਜਾ ਨਾਹਣ ਦਾ ਏਸ ਲਈ ਚਾਂਵ੍ਹਦਾ ਸੀ, ਬਣੇ ਜ਼ੋਰ ਵਾਲਾ ਮੇਰਾ ਯਾਰ ਕੋਈ
ਮੇਰਾ ਰਾਜ ਖੁੱਸਾ ਮੈਨੂੰ ਲੱਭ ਜਾਵੇ, ਮਦਦ ਕਰੇ ਮੇਰੀ ਮਦਦਗਾਰ ਕੋਈ
ਮੈਂ ਹਾਂ ਦੱਬਿਆ ਦੁੱਖ ਕਲੇਸ਼ ਹੇਠਾਂ, ਤਕ੍ਹੀ ਬਣੇ ਤੇ ਵੰਡ ਲਏ ਭਾਰ ਕੋਈ
'ਤੀਰ' ਉਹ ਰਾਤੀ-ਦਿਨੇ ਚਾਂਹਵਦਾ ਸੀ, ਮੇਰੀ ਵਿੱਗੜੀ ਦਏ ਸਵਾਰ ਕੋਈ

## ਦਰਬਾਰੀਆਂ ਨੇ ਇਉਂ ਸਲਾਹ ਦਿੱਤੀ

ਇਕ ਰੋਜ਼ ਦਰਬਾਰੀਆਂ ਅਰਜ਼ ਕੀਤੀ, ਤੁਸੀਂ ਆਪ ਮਹਾਰਾਜ ਪਛਾਣ ਵਾਲੇ
ਹੈਣ ਸ੍ਰੀ ਦਸਮੇਸ਼ ਜੀ ਗੁਰੂ ਸੱਚੇ, ਦੀਨਾਂ ਵਾਸਤੇ ਧਰਮ ਕਮਾਣ ਵਾਲੇ
ਜੋ ਵੀ ਚੱਲ ਆਵੇ ਉਹਨੂੰ ਗਲੇ ਲਾਵਣ, ਬਿਰਦਪਾਲ ਨੇ ਬਿਰਦ ਨਿਭਾਣ ਵਾਲੇ
'ਤੀਰ' ਆਪਦਾ ਵੀ ਬੇੜਾ ਪਾਰ ਹੋਵੇ, ਜੇਕਰ ਉਹ ਹੋਵਣ ਚੱਪੂ ਲਾਣ ਵਾਲੇ

## ਫੇਰ ਕਹਿੰਦੇ ਹਨ

ਸੱਚੇ ਸਤਿਗੁਰੂ ਹੋਏ ਜੋ ਗੁਰੂ ਨਾਨਕ, ਰਹੇ ਉਨ੍ਹਾਂ ਦੀ ਗੱਦੀ ਬਿਰਾਜ ਸਮਝੋ
ਰਾਮ ਰਾਇ ਨੇ ਚੀਜ਼ ਕੀ ਉਨ੍ਹਾਂ ਅੱਗੇ, ਕਲਗੀਧੱਰ ਦੇ ਸਦਾ ਮੁਥਾਜ ਸਮਝੋ
ਮੋਤੀ ਇੱਕ ਜਾਣੋ ਤਾਜੋਂ ਡਿੱਗ ਚੁੱਕਾ, ਐਪਰ ਇਕ ਨੂੰ ਸੀਸ ਦਾ ਤਾਜ ਸਮਝੋ
'ਤੀਰ' ਆਪਦੀ ਪੱਤ ਹੈ ਬੱਚ ਜਾਂਦੀ, ਜੇਕਰ ਗੁਰਾਂ ਨੂੰ ਆਪਣੀ ਲਾਜ ਸਮਝੋ

## ਫੇਰ ਕਹਿੰਦੇ ਹਨ

ਸਿੱਖਾਂ ਸੇਵਕਾਂ ਦੀ ਲੱਗੀ ਭੀੜ ਰਹਿੰਦੀ, ਸਾਰੇ ਸਤਿਗੁਰਾਂ ਨਾਲ ਪਿਆਰ ਕਰਦੇ
ਮਾਝਾ ਮਾਲਵਾ ਆਪਦੀ ਸ਼ਰਨ ਆਵੇ, ਨਿਮਸ਼ਕਾਰ ਧੰਨੀ-ਪੁੱਠੋਹਾਰ ਕਰਦੇ
ਸਦਾ ਗਜ਼ਨੀਓਂ ਕਾਬਲੋਂ ਆਣ ਲੋਕੀਂ, ਰੱਬ ਵਾਂਗਰਾਂ ਦਿਲੋਂ ਸਤਕਾਰ ਕਰਦੇ
'ਤੀਰ' ਜਿਨ੍ਹਾਂ ਦੇ ਵੱਲ ਦਸਮੇਸ਼ ਹੋਵੇ, ਨਹੀਂ ਜੱਮ ਵੀ ਉਨ੍ਹਾਂ 'ਤੇ ਵਾਰ ਕਰਦੇ

### ਵਜ਼ੀਰ ਹੋਰ ਦੱਸਦੇ ਹਨ

ਭੀਮ ਚੰਦ ਨੂੰ ਦਿਲੋਂ ਹੈ ਖਿਝ ਹੋਈ, ਉਹਦੀ ਮੰਗ ਨੂੰ ਗੁਰਾਂ ਠੁਕਰਾਇਆ ਏ
ਹਾਥੀ ਮੰਗਿਆ ਉਨ੍ਹਾਂ ਨਾ ਮੂਲ ਦਿੱਤਾ, ਏਸ ਲਈ ਡਾਢਾ ਤਲ-ਮਲਾਇਆ ਏ
ਜੰਗ ਚਾਂਹੁਦਾ ਨਾਲ ਹੈ ਸਤਿਗੁਰਾਂ ਦੇ, ਦਿਲੋਂ ਖ਼ਾਰ ਦੇ ਵਿਚ ਉਹ ਆਇਆ ਏ
'ਤੀਰ' ਗੁਰੂ ਦਸਮੇਸ਼ ਨੇ ਬੀਰ ਸੂਰੇ, ਭੀਮ ਚੰਦ ਨਾ ਆਪ ਦਾ ਸਾਇਆ ਏ

### ਵਧੀਆ ਸਲਾਹ ਦੇਂਦੇ ਹਨ

ਮਹਾਰਾਜ ਜੀ ਅੱਜ ਹੈ ਹੱਥ ਸਾਡੇ, ਵੇਲਾ ਅਸੀਂ ਜੇ ਹੁਣੇ ਸੰਭਾਲ ਲਈਏ
ਕਰ ਭੇਜੀਏ ਬੇਨਤੀ ਗੁਰੂ ਜੀ ਨੂੰ, ਦਿਲੋਂ ਸਿੱਕ ਪ੍ਰੇਮ ਉਛਾਲ ਲਈਏ
ਨਾਲੇ ਸ੍ਰੀ ਦਸਮੇਸ਼ ਦੇ ਦੀਦ ਕਰੀਏ, ਨਾਲੇ ਜੰਗ ਦਾ ਸਮਾਂ ਵੀ ਟਾਲ ਲਈਏ
'ਤੀਰ' ਗੁਰੂ ਜੀ ਨੇ ਦਯਾ ਦ੍ਰਿਸ਼ਟ ਵਾਲੇ, ਅਸੀਂ ਕਰ ਜੇ ਦਿਲੋਂ ਖ਼ਿਆਲ ਲਈਏ

### ਮੇਦਨੀ ਪ੍ਰਕਾਸ਼ ਨੂੰ ਸਹਾਰਾ ਦਿੱਸ ਪਿਆ (ਵੱਲੋਂ ਕਵੀ)

ਗੱਲ ਸੁਣਦਿਆਂ ਸਾਰ ਹਿਤੈਸ਼ੀਆਂ ਤੋਂ, ਹੜ੍ਹ ਖ਼ੁਸ਼ੀ ਦਾ ਆ ਗਿਆ ਦਿੱਲ ਅੰਦਰ
ਪ੍ਰੇਮ ਗੁਰੂ ਦਸਮੇਸ਼ ਦਾ ਓਟ ਹੋ ਕੇ, ਪਲੋ ਪਲੀ ਸਮਾ ਗਿਆ ਦਿੱਲ ਅੰਦਰ
'ਧੰਨ ਗੁਰੂ' ਦੀ ਦਿਲੋਂ ਅਵਾਜ਼ ਨਿਕਲੀ, ਸਮਾਂ ਖੇਡ ਰਚਾ ਗਿਆ ਦਿੱਲ ਅੰਦਰ
'ਤੀਰ' ਗੁਰੂ ਦਸਮੇਸ਼ ਨੂੰ ਸੱਦਦੇ ਹਾਂ, ਨਾਹਣ ਪਤੀ ਨੂੰ ਭਾ ਗਿਆ ਦਿੱਲ ਅੰਦਰ

### ਮੇਦਨੀ ਪ੍ਰਕਾਸ਼ ਨੇ ਆਪਣੇ ਵਜ਼ੀਰ ਨੂੰ ਸਤਿਗੁਰਾਂ ਪਾਸ ਭੇਜਣਾ (ਵੱਲੋਂ ਕਵੀ)

ਝੱਟ ਪੱਟ ਵਜ਼ੀਰ ਤਿਆਰ ਕੀਤਾ, ਕਿਹਾ—ਜਾ ਕੇ ਅਰਜ਼ ਗੁਜ਼ਾਰ ਛੇਤੀ
ਰਾਜਾ ਨਾਹਣ ਦਾ ਨਿੱਤ ਹੀ ਸਿੱਕਦਾ ਏ, ਆਖੀਂ ਪਾਤਸ਼ਾਹ! ਦਿਓ ਦੀਦਾਰ ਛੇਤੀ
ਰੱਖੀ ਆਪ 'ਤੇ ਟੇਕ ਨਿਰਮਾਣ ਹੋ ਕੇ, ਲਵੋ ਆਣ ਅਨਾਥ ਦੀ ਸਾਰ ਛੇਤੀ
'ਤੀਰ' ਨਾਹਣ ਅੰਦਰ ਆਣ ਚਰਨ ਪਾਓ, ਏਸ ਦੇਸ ਨੂੰ ਵੀ ਜਾਓ ਤਾਰ ਛੇਤੀ

### ਵਜ਼ੀਰ ਮਹਾਰਾਜ ਜੀ ਪਾਸ ਅਨੰਦਪੁਰ ਪੁੱਜ ਗਿਆ (ਵੱਲੋਂ ਕਵੀ)

ਪਾਸ ਗੁਰਾਂ ਦੇ ਆਣ ਵਜ਼ੀਰ ਪੁੱਜਾ, ਉਹਨੇ ਆਣ ਕੇ ਗੁਰੂ ਦਾ ਘਰ ਡਿੱਠਾ
ਵਰੋਸਾਂਵਦੇ ਲੋਕ ਅਨਾਥ ਡਿੱਠੇ, ਮੂੰਹੋਂ ਮੰਗਿਆ ਲੱਭਦਾ ਵੱਰ ਡਿੱਠਾ
ਜਨਮ ਮਰਨ ਦੀ ਟੁੱਟਦੀ ਫਾਸ ਡਿੱਠੀ, ਮਾਸਾ ਰੱਤੀ ਨਾ ਜਮਾਂ ਦਾ ਡੱਰ ਡਿੱਠਾ
'ਤੀਰ' ਖ਼ੁਸ਼ੀ ਵਿਚ ਅੱਖੀਆਂ ਭਰ ਲਈਆਂ, ਜਦੋਂ ਗੁਰਾਂ ਨੂੰ ਅੱਖੀਆਂ ਭੱਰ ਡਿੱਠਾ

### ਨਿਮਸ਼ਕਾਰ ਕਰਕੇ ਅਰਜ਼ ਕਰਦਾ ਹੈ

ਸਮਾਂ ਵੇਖ ਸਤਿਗੁਰਾਂ ਦੇ ਕੋਲ ਜਾ ਕੇ, ਜੋੜ ਹੱਥ ਵੇਖੋ ਨਿਮਸ਼ਕਾਰ ਦਾ ਏ
ਮੂੰਹੋਂ ਆਖਦਾ ਜੱਗ-ਅਧਾਰ ਦਾਤਾ, ਨਾਹਣ-ਪਤੀ ਵੀ ਭੌਰ ਦੀਦਾਰ ਦਾ ਏ

ਨਾਲ ਆਜਜ਼ੀ ਦੇ ਪੱਲਾ ਗੱਲ ਪਾ ਕੇ, ਅੱਗੇ ਆਪ ਦੇ ਅਰਜ਼ ਗੁਜ਼ਾਰਦਾ ਏ
ਸੱਚੇ ਪਾਤਸ਼ਾਹ ਦੀਦ ਦਾ ਦਿਓ ਦਾਰੂ, ਹਾਲ ਬੁਰਾ ਲਾਚਾਰ ਬੀਮਾਰ ਦਾ ਏ
ਨਾਲੇ ਫੁੱਲ ਪਏ ਨਾਹਣ ਦੇ ਜੂਹ ਜੰਗਲ, ਪਿਆ ਨੱਚਦਾ ਰੂਪ ਬਹਾਰ ਦਾ ਏ
ਬੇਸ਼ੁਮਾਰ ਨੇ ਕੁਦਰਤੀ ਫੁੱਲ ਮਹਿਕੇ, ਸਮਾਂ ਮਹਿਕਿਆ ਅੱਖੀਆਂ ਠਾਰਦਾ ਏ
ਦਾਤਾ ਵਧ ਗਏ ਸ਼ੇਰ ਬਘਿਆੜ ਬਹੁਤੇ, ਅਤੇ ਆਪ ਨੂੰ ਸ਼ੌਕ ਸ਼ਿਕਾਰ ਦਾ ਏ
ਨਾਲੇ ਆਪ ਦਾ ਦੇਵਣਾ ਦੀਦ ਏਥੇ, ਸਾਡੇ ਵਾਸਤੇ ਚੰਦ ਪਰਵਾਰ ਦਾ ਏ
ਭੋਇੰ ਨਾਹਣ ਦੀ ਆਪ ਨੂੰ ਸਿੱਕਦੀ ਏ, ਜਾਗ ਉੱਠਿਆ ਰੰਗ ਪਿਆਰ ਦਾ ਏ
ਚਰਨ-ਛੋਹ ਮੰਗੇ ਚਰਨ-ਛੋਹ ਬਖ਼ਸ਼ੋ, ਰਾਜ ਭਾਗ ਇਹ ਸੱਭ ਦਾਤਾਰ ਦਾ ਏ
ਮੇਰੇ ਰਾਜ ਅੰਦਰ ਪ੍ਰੇਮ ਆਪ ਦੇ ਦਾ, ਸ਼ਹੁ ਦਿਨੇ ਰਾਤੀਂ ਠਾਠਾਂ ਮਾਰਦਾ ਏ
ਆ ਕੇ ਦਿਓ ਦਰਸ਼ਨ ਨਾਲੇ ਜੱਗ ਤਾਰੋ, ਸਮਾਂ ਇਹ ਵੀ ਇੱਕ ਪ੍ਰਚਾਰ ਦਾ ਏ
ਤਾਰੋ ਸੱਭ ਜਹਾਨ ਦੇ ਪਾਪੀਆਂ ਨੂੰ, ਭਾਰ ਆਪ 'ਤੇ ਸਭ ਸੰਸਾਰ ਦਾ ਏ
'ਤੀਰ' ਆਣ ਕੇ ਝਲਕ ਵਿਖਾਓ ਸਾਨੂੰ, ਕੰਮ ਇੱਕ ਇਹ ਵੀ ਉੱਪਕਾਰ ਦਾ ਏ

### ਦਸਮੇਸ਼ ਜੀ ਨਾਹਣ ਜਾਣ ਦੀ ਪ੍ਰਵਾਨਗੀ ਦੇਂਦੇ ਹਨ

ਪਾਈ ਖਿੱਚ ਕੁਝ ਸ਼ੌਕ ਸ਼ਿਕਾਰ ਦੇ ਨੇ, ਕੁਝ ਖਿੱਚਿਆ ਖਿੜੇ ਨਜ਼ਾਰਿਆਂ ਨੇ
ਨਾਹਣ-ਪਤੀ ਦੇ ਪ੍ਰੇਮ ਦੀ ਜਿੱਤ ਹੋਈ, ਦਿੱਤੀ ਕੁੱਝ ਸਲਾਹ ਪਿਆਰਿਆਂ ਨੇ
ਕੁਝ ਘੁੱਟ ਕੇ ਫੜੇ ਆ ਚਰਨ ਐਸੇ, ਦੋਹਾਂ ਹੱਥਾਂ ਵਜ਼ੀਰ ਦੇ ਹਾਰਿਆਂ ਨੇ
ਜਾਣ ਲਈ ਮਸੰਦਾਂ ਨੇ ਜ਼ੋਰ ਪਾਇਆ, ਕੁੱਝ ਜੰਗ ਤੋਂ ਡਰਦਿਆਂ ਮਾਰਿਆਂ ਨੇ
ਕੁੱਝ ਸਮਾਂ ਤਿਆਰੀ ਦਾ ਲੱਭ ਲੀਤਾ, ਗੁਰਾਂ ਦਿਆਂ ਇਰਾਦਿਆਂ ਧਾਰਿਆਂ ਨੇ
ਚਲੋ ਨਾਹਣ ਦੀ ਸੈਰ ਜ਼ਰੂਰ ਕਰੀਏ, ਦਿੱਤੀ ਇਹੋ ਸਲਾਹ ਈ ਸਾਰਿਆਂ ਨੇ
ਬਹੁਤਾ ਆਪਦੇ ਤਾਈਂ ਵਹਾ ਦਿਤਾ, ਦੋ ਵਜ਼ੀਰ ਦੇ ਨੈਣ-ਫੁਹਾਰਿਆਂ ਨੇ
'ਤੀਰ' ਜਾਣ ਲਈ ਤੁੱਠਕੇ ਹਾਂ ਕੀਤੀ, ਸੱਚੇ ਸਤਿਗੁਰਾਂ ਪ੍ਰੇਮ-ਵਣਜਾਰਿਆਂ ਨੇ

### ਵਜ਼ੀਰ ਫੇਰ ਅਰਜ਼ੋਈ ਕਰਦਾ ਹੈ

ਮਹਾਰਾਜ ਜੀ! ਵੇਖਣਾ ਝੱਬ ਚਾਹੀਏ, ਚੱਲ ਰਿਹਾ ਪ੍ਰੇਮ ਦਾ ਦੌਰ ਓਥੇ
ਕਿਸੇ ਤਰ੍ਹਾਂ ਵੀ ਗੱਲ ਇਹ ਸੋਭਦੀ ਨਾ, ਖਿੜੇ ਫੁੱਲ ਏਥੇ, ਸਿੱਕੇ ਭੌਰ ਓਥੇ
ਬਣੀ ਠਣੀ ਸਿਰਮੌਰ ਦੀ ਧਰਤ ਬੈਠੀ, ਭਾਗ ਚੱਲ ਕੇ ਲਾਓ ਸਿਰਮੌਰ ਓਥੇ
'ਤੀਰ' ਸਜੋਗੇ ਨੈਣਾਂ ਦੇ ਤਖ਼ਤ ਉਤੇ, ਨਾਹਣ-ਪਤੀ ਝੁਲਾਏਗਾ ਚੌਰ ਓਥੇ

### ਨਾਹਣ ਪ੍ਰਵੇਸ਼ (ਵੱਲੋਂ ਕਵੀ)

ਸਿੱਖਾਂ ਸੇਵਕਾਂ ਨਾਲ ਸਲਾਹ ਕਰਕੇ, ਦਾਤੇ, ਨਾਹਣ ਦੇ ਵੱਲ ਤਿਆਰ ਹੋਏ
ਜਾਨੀ ਜਾਣ ਨੂੰ ਤੁਰਦਿਆਂ ਵੇਖਦੇ ਈ, ਪੁਰ ਦਰਦ ਸਾਰੇ ਨੱਰ ਨਾਰ ਹੋਏ

ਤੁਰਨ ਲੱਗਿਆਂ ਇਉਂ ਅਰਦਾਸ ਕੀਤੀ, ਰਾਖਾ ਸੱਭ ਦਾ ਆਪ ਕਰਤਾਰ ਹੋਏ
ਸੁੱਖੀ ਵੱਸ ਤੂੰ ਪਈ ਅਨੰਦ-ਪੁਰੀਏ, ਏਨੀ ਆਖ ਰਵਾਨ ਦਾਤਾਰ ਹੋਏ
ਜੋਧੇ ਚੋਣਵੇਂ ਆਪਣੇ ਨਾਲ ਲੀਤੇ, ਸੱਜੇ ਸਭ ਨੂੰ ਖ਼ੂਬ ਹਥਿਆਰ ਹੋਏ
ਕੀਰਤ ਪੁਰੇ ਹੁੰਦੇ ਨਿਮਸ਼ਕਾਰ ਕਰਦੇ, ਰੋਪੜ ਵੱਲ ਅੱਗੋਂ ਸਿਰਜਨਹਾਰ ਹੋਏ
ਏਸੇ ਰਾਹ ਪੁੱਜੇ ਆਖ਼ਰ ਨਾਹਣ ਆ ਕੇ, ਲੋਕੀਂ ਵੇਖ ਵਾਰੇ ਸੌ ਸੌ ਵਾਰ ਹੋਏ
ਰਾਜੇ 'ਜੀਓ ਆਏ' ਆਖੀ ਨਾਲ ਸ਼ਰਧਾ, ਦਾਸ ਦਾਸੀਆਂ ਦਿਲੋਂ ਨਿਸਾਰ ਹੋਏ
ਹੱਥ ਜੋੜ ਕੇ ਆਖਿਆ ਸਾਰਿਆਂ ਨੇ, "ਧੰਨ ਭਾਗ ਸਾਡੇ ਜੇ ਦੀਦਾਰ ਹੋਏ"
ਸਿਰਾਂ ਅੱਖੀਆਂ 'ਤੇ ਜਾਣੀ ਜਾਣ ਆਓ, ਅਸੀਂ ਆਪ ਦੇ ਤਾਬਿਆਦਾਰ ਹੋਏ
ਲਹਿਰਾਂ ਵਿੱਚ ਆ ਕੇ ਲੱਗੀ ਗਾਣ ਜਮਨਾ, ਚਰਨ-ਛੁਹ ਦੇ ਕੇ ਜਦੋਂ ਪਾਰ ਹੋਏ
ਮਿੱਟੀ ਨਾਹਣ ਦੀ ਅੱਜ ਹੋ ਗਈ ਸੋਨਾ, ਚਰਨ-ਛੁਹ ਲੱਭੀ ਹੌਲੇ ਭਾਰ ਹੋਏ
ਗੁਰਾਂ ਆਖਿਆ ਦਿਲੋਂ ਪ੍ਰਸੰਨ ਹੋ ਕੇ, "ਸੁੱਖੀ ਸਦਾ ਇਹ ਰਾਜ-ਪਰਵਾਰ ਹੋਏ
ਸੁਖੀ ਹੋਏ ਵੱਸੇ, ਸਦਾ ਰਹੇ ਸ਼ਾਂਤੀ, ਖਾਲੀ ਮੂਲ ਨਾ ਕਦੇ ਭੰਡਾਰ ਹੋਏ
ਜਿਹੜਾ ਏਸ ਪਾਸੇ ਕਰੇ ਅੱਖ ਮੈਲੀ, ਉਹਨੂੰ ਧੁਰ ਦਰਗਾਹ 'ਚੋਂ ਹਾਰ ਹੋਏ"
'ਤੀਰ' ਇਹ ਦਾਤਾਰ ਦੇ ਵਾਕ ਸੁਣ ਕੇ, ਸਾਰੇ ਦਿਲੋਂ ਬਲਿਹਾਰ ਬਲਿਹਾਰ ਹੋਏ

## *ਨਾਹਣ ਦੇ ਕੌਤਕ (ਵੱਲੋਂ ਕਵੀ)*

ਦਇਆ ਧਾਰ ਕੇ ਨਾਹਣ ਦੀ ਭੋਂ ਤਾਂਈ, ਆਣ ਬਖ਼ਸ਼ਿਆ ਮਾਣ ਦਸਮੇਸ਼ ਮੇਰੇ
ਨਾਹਣ ਪਤੀ ਦੀ ਵੀ ਕੀਤੀ ਸਿੱਕ ਪੂਰੀ, ਉਹਦੇ ਦਿੱਲ ਦੀ ਜਾਣ ਦਸਮੇਸ਼ ਮੇਰੇ
ਕਦੇ ਸੈਰ ਕਰਦੇ ਸੋਹਣੇ ਪਰਬਤਾਂ ਦੀ, ਪਏ ਮੰਨ ਪਰਚਾਣ ਦਸਮੇਸ਼ ਮੇਰੇ
ਕਦੇ ਕਦੇ ਸ਼ਿਕਾਰ ਨੂੰ ਪਾਨ ਚਾਲੇ, ਵਾਹ ਵਾਹ ਰੰਗ ਦਿਖਾਣ ਦਸਮੇਸ਼ ਮੇਰੇ
ਚੰਨ ਸੂਰ ਝੁਕਣ ਚਰਨ-ਧੂੜ ਖ਼ਾਤਰ, ਘੋੜਾ ਜਦੋਂ ਭਜਾਣ ਦਸਮੇਸ਼ ਮੇਰੇ
ਦੇਵੀ ਦੇਵਤੇ ਉੱਡ ਕੇ ਲਾਣ ਮੱਥੇ, ਜਦੋਂ ਧੂੜ ਉਡਾਣ ਦਸਮੇਸ਼ ਮੇਰੇ
ਉਨ੍ਹਾਂ ਜੀਆਂ ਦੀ ਝੱਟ ਹੋ ਮੁਕਤ ਜਾਂਦੀ, ਨਿਗ੍ਹਾ ਜਿਨ੍ਹਾਂ 'ਤੇ ਪਾਣ ਦਸਮੇਸ਼ ਮੇਰੇ
ਤਾਜ ਕਲਗੀਆਂ ਵੀ ਆ ਕੇ ਪੈਣ ਚਰਨੀਂ, ਜਿਗ੍ਹਾ ਜਦੋਂ ਸਜਾਣ ਦਸਮੇਸ਼ ਮੇਰੇ
ਰਾਜ-ਨੀਤ ਦੀ ਸੋਚਦੇ ਸੋਚ ਰਹਿੰਦੇ, ਤੇ ਅਕਾਲ ਮਨਾਣ ਦਸਮੇਸ਼ ਮੇਰੇ
ਹਿੱਕਾਂ ਡਾਂਹਵਦੇ ਸ਼ੇਰ ਬਘਿਆੜ ਚੀਤੇ, ਜਦੋਂ ਬਾਣ ਚਲਾਣ ਦਸਮੇਸ਼ ਮੇਰੇ
ਹਰ ਇੱਕ ਜਨੌਰ ਇਹ ਦਿਲੋਂ ਚਾਹੇ, ਮੇਰੇ ਲੈਣ ਪ੍ਰਾਣ ਦਸਮੇਸ਼ ਮੇਰੇ
ਮੁਕਤ ਮਿਲੇ ਮੈਨੂੰ ਸਿੱਧਾ ਸੁਰਗ ਜਾਵਾਂ, ਮੇਰੇ ਕੋਲ ਜੇ ਆਣ ਦਸਮੇਸ਼ ਮੇਰੇ
ਫੁੱਲੀ ਫਲੀ ਹਰਿਆਵਲੀ ਭੇਟ ਹੁੰਦੀ, ਪਏ ਮਨ ਮਹਿਕਾਣ ਦਸਮੇਸ਼ ਮੇਰੇ
ਚੁੰਮੇ ਚਰਨ ਜਮਨਾ ਆਖ ਆਖ ਏਦਾਂ, ਆਏ ਮੈਨੂੰ ਜੀਵਾਣ ਦਸਮੇਸ਼ ਮੇਰੇ
ਸਦਾ ਖਲੇ ਪਹਾੜ ਅਰਦਾਸ ਕਰਦੇ, ਫੇਰੀ ਆਣ ਕੇ ਪਾਣ ਦਸਮੇਸ਼ ਮੇਰੇ

ਰੋਜ਼ ਢਹਿਣ ਕਿਰਨਾਂ ਆਣ ਆਣ ਚਰਨੀਂ, ਠੰਢ ਪਏ ਪੁਚਾਣ ਦਸਮੇਸ਼ ਮੇਰੇ
ਗੱਲ ਮੁੱਕਦੀ ਪਿਆਰ ਸਰੂਪ ਹੋ ਕੇ, ਵੱਸੇ ਆਣ ਕੇ ਨਾਹਣ ਦਸਮੇਸ਼ ਮੇਰੇ
ਗੋਤੇ ਖਾਂਦਿਆਂ ਨੂੰ ਰੁੜ੍ਹੇ ਜਾਂਦਿਆਂ ਨੂੰ, ਕੰਢੇ ਭੌਜਲੋਂ ਲਾਣ ਦਸਮੇਸ਼ ਮੇਰੇ
'ਤੀਰ' ਸੱਭ ਦੀ ਇਹੋ ਹੀ ਚਾਹ ਰਹਿੰਦੀ, ਅੱਖਾਂ ਵਿੱਚ ਸਮਾਣ ਦਸਮੇਸ਼ ਮੇਰੇ

### *ਰਾਜਾ ਫਤਹਿ ਚੰਦ ਨੇ ਮੇਦਨੀ ਪ੍ਰਕਾਸ਼ ਦਾ ਇਲਾਕਾ ਵਾਪਸ ਕਰ ਦੇਣਾ (ਵੱਲੋਂ ਕਵੀ)*

ਆਏ ਸ੍ਰੀ ਦਸਮੇਸ਼ ਜਾਂ ਨਾਹਣ ਅੰਦਰ, ਪੂਰੇ ਦੇਗ ਦੇ ਤੇਗ ਦੇ ਧਨੀ ਵੇਖੋ
ਫਤਿਹਚੰਦ ਨੂੰ ਘੇਰਿਆ ਤੌਖ਼ਲੇ ਨੇ, ਲੱਗਾ ਕਹਿਣ ਡਾਢੀ ਔਖੀ ਬਣੀ ਵੇਖੋ
ਨਾਹਣ ਪਤੀ ਦੇ ਪਰਗਣੇ ਛੱਡ ਦਿੱਤੇ, ਨਿਕਲ ਗਈ ਹੰਕਾਰ ਦੀ ਕਣੀ ਵੇਖੋ
'ਤੀਰ' 'ਗਰੜ' ਦੇ ਭੈ ਨੂੰ ਯਾਦ ਕਰਕੇ, 'ਨਾਗ' ਉੱਗਲੀ ਏ ਮਾਨੋਂ ਮਣੀ ਵੇਖੋ

### *ਮੇਦਨੀ ਪ੍ਰਕਾਸ਼ ਦੀ ਪ੍ਰਸੰਨਤਾ (ਵੱਲੋਂ ਕਵੀ)*

ਰਾਜਾ ਨਾਹਣ ਦਾ ਬੜਾ ਹੀ ਖ਼ੁਸ਼ ਹੋਇਆ, ਆਖੇ ਗੁਰੂ ਪੂਰਾ ਕਾਰ-ਸਾਜ ਹੋਇਆ
ਮਾਸਾ ਮੈਂ ਨਾ ਮੂਲ ਮੁਥਾਜ ਹੋਇਆ, ਮੇਰਾ ਆਪਣੇ ਆਪ ਹੀ ਕਾਜ ਹੋਇਆ
ਮੇਰੀ ਵਸਤ ਆਪੇ ਮੇਰੇ ਘਰ ਆਈ, ਗੁਰਾਂ ਮਿਹਰ ਕੀਤੀ ਪੂਰਾ ਰਾਜ ਹੋਇਆ
'ਤੀਰ' ਓਸਨੂੰ ਭੈ ਕੀ ਹੋਵਣਾ ਏ, ਜਿਹਦੀ ਆਪ ਰੱਖਣ ਵਾਲਾ ਲਾਜ ਹੋਇਆ

### *ਨਾਹਣ-ਪਤੀ ਦੀ ਅਰਜ਼ੋਈ*

ਨਾਹਣ-ਪਤੀ ਨੇ ਇੱਕ ਦਿਨ ਬਿਨੈ ਕੀਤੀ, ਮੇਰੀ ਚਾਹ ਇਹੋ ਕਾਰਨ ਕਰਨ ਦਾਤਾ
ਤੁਸੀਂ ਜੱਗ ਦੀ ਆਸ ਪੁਜਾਣ ਵਾਲੇ, ਨਿਗ੍ਹਾ ਨਾਲ ਕਰਦੇ ਹਰਨ ਭਰਨ ਦਾਤਾ
ਮੈਨੂੰ ਏਸ ਸੰਸਾਰ ਦੇ ਵਿੱਚ ਕੋਈ, ਆਪ ਬਾਝ ਨਾ ਦਿੱਸਦੀ ਸ਼ਰਨ ਦਾਤਾ
ਚਾਹੇ ਆਖਣਾ ਕੁੱਝ ਜ਼ਬਾਨ ਮੇਰੀ, ਐਪਰ ਦਿੱਲ ਦੇ ਵਲਵਲੇ ਡਰਨ ਦਾਤਾ
ਮੇਰਾ ਮੰਨ ਚਾਹੇ ਹੋਵੇ ਕਿਲ੍ਹਾ ਐਸਾ, ਪਾਓ ਆਪ ਜਿਥੇ ਸੋਹਣੇ ਚਰਨ ਦਾਤਾ
ਯਾਦਗਾਰ ਓਹ ਆਪ ਦੀ ਰਹੇ ਏਥੇ, ਵੇਖ ਵੇਖ ਕੇ ਅੱਖੀਆਂ ਠਰਨ ਦਾਤਾ
ਸਦਾ ਸੰਗਤਾਂ ਪਾਣ ਦੀਦਾਰ ਆ ਕੇ, ਮਿਟੇ ਦੀਦ ਪਾ ਕੇ ਜਨਮ ਮਰਨ ਦਾਤਾ
'ਤੀਰ' ਆਗਿਆ ਦਿਓ ਤਾਂ ਕਿਸੇ ਥਾਵੇਂ, ਨੀਂਹ ਰਾਜ ਮੇਰੇ ਕਿਤੇ ਧਰਨ ਦਾਤਾ

### *ਮਹਾਰਾਜ ਨੇ ਬੇਨਤੀ ਮੰਨ ਲਈ*

ਮਹਾਰਾਜ ਨੇ ਆਖਿਆ ਸਿਦਕਵਾਨਾ! ਪੱਕੀ ਤੇਰੇ ਪ੍ਰੇਮ ਦੀ ਤਾਰ ਰਹਿਸੀ
ਕਿਲ੍ਹਾ ਜੱਮਨਾ ਕੰਢੇ ਬਣਵਾ ਦੇ ਤੂੰ, ਸਾਡੀ ਓਹ ਏਥੇ ਯਾਦਗਾਰ ਰਹਿਸੀ
ਗੜ੍ਹ ਪਾਉਂਟਾ ਹੋਇਗਾ ਨਾਮ ਉਸਦਾ, ਉਹਨੂੰ ਪੂਜਦਾ ਸਦਾ ਸੰਸਾਰ ਰਹਿਸੀ
'ਤੀਰ' ਚੱਲ ਕੇ ਏਸਦੇ ਦਰਸ਼ਨਾਂ ਨੂੰ, ਸਾਡਾ ਆਂਵਦਾ ਪੰਥ-ਪਰਵਾਰ ਰਹਿਸੀ

### ਵੱਲੋਂ ਕਵੀ

ਨਾਹਣ-ਪਤੀ ਨੇ ਰਾਜ ਮਜ਼ਦੂਰ ਲਾਏ, ਸਮੇਂ ਸਿਰ ਉਹ ਘਾਲਣਾ ਘਾਲ ਬਣਿਆ
ਗੜ੍ਹ ਪਾਉਂਟਾ ਗੁਰਾਂ ਨੇ ਨਾਮ ਧਰਿਆ, ਰੱਜ ਰੱਜ ਕੇ ਸੱਧਰਾਂ ਨਾਲ ਬਣਿਆ
ਕਾਰੀਗਰਾਂ ਕਮਾਲ ਵਿਖਾ ਦਿੱਤਾ, ਲੋਕਾਂ ਵੇਖ ਕੇ ਕਿਹਾ 'ਕਮਾਲ' ਬਣਿਆ
ਮਹਿਲ ਗੁਰਾਂ ਦੇ ਵਾਸਤੇ ਵਿੱਚ ਬਣਿਆ, ਸੋਹਜ-ਰੂਪ ਜਾਪੇ ਬੇਮਿਸਾਲ ਬਣਿਆ
ਜਾਨੀ ਜਾਨ ਜੀ ਰੀਝ ਗਏ ਓਸ ਉੱਤੇ, ਭਾਗ ਲਾਣ ਦਾ ਉਹਨੂੰ ਖ਼ਿਆਲ ਬਣਿਆ
'ਤੀਰ' ਓਸ ਸੁਹਾਵਣੀ ਥਾਂ ਉਤੇ, ਕਵੀ ਗੁੱਜਰੀ ਮਾਤ ਦਾ ਲਾਲ ਬਣਿਆ

### ਗੜ੍ਹ ਪਾਉਂਟੇ ਦੀ ਰੌਣਕ (ਵੱਲੋਂ ਕਵੀ)

ਗੜ੍ਹ ਪਾਉਂਟਾ ਸਤਿਗੁਰਾਂ ਰੱਚਿਆ ਤਾਂ, ਵਾਂਗ ਵਾਸ਼ਨਾ ਫੈਲਿਆ ਜੱਸ ਸਾਰੇ
ਸ਼ਾਂਤੀ ਬੀਰਤਾ ਦਾ ਅੰਦਰ ਵਾਸ ਹੋਇਆ, ਰਹਿਣ ਲਈ ਆਏ ਹੋਰ ਰੱਸ ਸਾਰੇ
ਸੋਮਾ ਭੋਗ ਤੇ ਮੋਖ ਦਾ ਜਾਣ ਓਹਨੂੰ, ਲੋਕ ਆਣ ਪੁੱਜੇ ਨੱਸ ਨੱਸ ਸਾਰੇ
'ਤੀਰ' ਚੰਦ ਪਰਵਾਰ ਵਿਚ ਜਿਵੇਂ ਵੱਸੇ, ਤਿਵੇਂ ਗਏ ਸਿਦਕੀ ਆ ਕੇ ਵੱਸ ਸਾਰੇ

### ਪਾਉਂਟੇ ਨੂੰ ਕਵੀ ਵੱਲੋਂ ਸ਼ਰਧਾ ਦੇ ਫੁੱਲ

ਭਾਗਾਂ ਵਾਲਿਆ ਪੌਂਟਿਆ! ਦਿੱਲ ਚਾਹੇ, ਤੇਰੀ ਭੋਂ ਨੂੰ ਨਾਲ ਪਿਆਰ ਚੁੰਮਾਂ
ਤੇਰੀ ਧੂੜ ਨੂੰ ਅੱਖੀਆਂ ਵਿੱਚ ਪਾਵਾਂ, ਤੇਰੇ ਪੱਥਰਾਂ ਨੂੰ ਸੌ ਸੌ ਵਾਰ ਚੁੰਮਾਂ
ਜਿਨ੍ਹਾਂ ਸ੍ਰੀ ਦਸਮੇਸ਼ ਦੇ ਹੱਥ ਛੋਹੇ, ਉਹ ਮੈਂ ਦਰ ਚੁੰਮਾਂ ਤੇ ਦੀਵਾਰ ਚੁੰਮਾਂ
ਤੇਰੀ ਨਿੱਤ ਤਸਵੀਰ ਉਤਾਰਦੀ ਜੋ, ਵਗੀ ਜਾਂਵਦੀ ਜਮਨਾ ਦੀ ਧਾਰ ਚੁੰਮਾਂ
ਤੇਰੇ ਫੁੱਲ ਚੁੰਮਾਂ ਤੇਰੇ ਫੱਲ ਚੁੰਮਾਂ, ਤੇਰੀ ਮਹਿਕ ਦੀ ਭਰੀ ਗੁਲਜ਼ਾਰ ਚੁੰਮਾਂ
ਜਿਹਨੂੰ ਸ੍ਰੀ ਦਸਮੇਸ਼ ਨੇ ਛੋਹ ਬਖ਼ਸ਼ੀ, ਤੇਰਾ ਥਾਨ ਉਹ ਕਵੀ-ਦਰਬਾਰ ਚੁੰਮਾਂ
ਤੇਰੀ ਹਵਾ ਬਣਾ ਲਵਾਂ ਸਾਸ ਅਪਣੇ, ਲੱਖ ਵਾਰ ਮੈਂ ਤੇਰੀ ਨੁਹਾਰ ਚੁੰਮਾਂ
'ਤੀਰ' ਤੇਰੀਆਂ ਪਰਬਤੀ ਘਾਟੀਆਂ ਨੂੰ, ਕਰਦਾ ਜੀ ਕਰ ਕਰ ਨਿਮਸ਼ਕਾਰ ਚੁੰਮਾਂ

ooo

ਤੈਨੂੰ ਵੇਖ ਕੇ ਵਲਵਲਾ ਜਾਗ ਪੈਂਦਾ, ਰੱਬੀ ਜੋਤ ਦੀ ਪਈ ਨੁਹਾਰ ਦਿਸਦੀ
ਤੇਰੇ ਕਵੀ-ਦਰਬਾਰ ਅਸਥਾਨ ਉੱਤੇ, ਬੈਠੀ ਸਾਮ੍ਹਣੇ ਆਪ ਸਰਕਾਰ ਦਿਸਦੀ
ਝੂਲਣ ਜਦੋਂ ਸ਼ਾਖਾਂ ਤੇਰੇ ਬੂਟਿਆਂ 'ਤੇ, ਤੋੜੇ ਜਿਗ੍ਹਾ ਦੀ ਪਈ ਝਲਕਾਰ ਦਿਸਦੀ
ਤੇਗ ਸ੍ਰੀ ਦਸਮੇਸ਼ ਦੀ ਨਿਗ੍ਹਾ ਆਵੇ, ਜਦੋਂ ਅੱਖ ਨੂੰ ਜੱਮਨਾ-ਧਾਰ ਦਿਸਦੀ
ਪ੍ਰੀਤ ਗੁੱਜਰੀ ਦੀ ਸੋਹਣੇ ਮਛੂਏ 'ਤੇ, ਹੁੰਦੀ ਸਦਾ ਹੀ ਪਾਰ-ਉਰਾਰ ਦਿਸਦੀ
ਹਵਾ ਲੰਘਦੀ ਨੀਲੇ ਦੀ ਟਾਪ ਬਣ ਕੇ, ਸ਼ਾਂ-ਸ਼ਾਂ ਸ਼ੂਕਦੀ ਤੇਜ਼-ਤਰਾਰ ਦਿਸਦੀ

ਤੇਰੇ ਜੰਗਲਾਂ ਵਿੱਚ ਉਤਸ਼ਾਹ ਅੰਦਰ, ਚੜ੍ਹੀ ਹੋਈ ਸਰਕਾਰ ਸ਼ਿਕਾਰ ਦਿਸਦੀ
'ਤੀਰ' ਰੁੱਖ ਬੂਟੇ ਖੜ੍ਹੀ ਫ਼ੌਜ ਜਾਪੇ, ਹੁਕਮ ਲਈ ਕਰਦੀ ਇੰਤਜ਼ਾਰ ਦਿਸਦੀ

✿✿✿

ਤੇਰੀ ਟਹਿਲ ਕਮਾਇਗਾ ਸਿੱਖ ਜਿਹੜਾ, ਤੁੱਠਾ ਓਸ 'ਤੇ ਆਪ ਦਾਤਾਰ ਰਹਿਸੀ
ਜਿਹੜਾ ਰਾਜ ਆ ਕੇ ਲਾਊ ਇੱਟ ਏਥੇ, ਉਹਦਾ ਸਦਾ ਹੀ ਰਾਜ ਸੰਸਾਰ ਰਹਿਸੀ
ਜਿਹੜੇ ਫੁੱਲ ਹੋ ਜਾਣਗੇ ਭੇਟ ਤੇਰੀ, ਉਨ੍ਹਾਂ ਫੁੱਲਾਂ 'ਤੇ ਸਦਾ ਬਹਾਰ ਰਹਿਸੀ
ਜਿਹੜਾ ਤੇਰੇ ਤੋਂ ਵਾਰਸੀ ਧੰਨ ਆ ਕੇ, 'ਲੱਛੋ' ਸਦਾ ਉਸਦੀ ਤਾਬੇਦਾਰ ਰਹਿਸੀ
ਤੈਨੂੰ ਨਿਵੇਂਗਾ ਕੁੱਲ ਜਹਾਨ ਆ ਕੇ, ਜਦੋਂ ਤੀਕ ਤੇਰੀ ਇਹ ਦੀਵਾਰ ਰਹਿਸੀ
ਤੇਰੀ ਸ਼ਾਨ ਦੀ ਚੜ੍ਹੇਗੀ ਖ਼ੂਬ ਗੁੱਡੀ, ਤੇਰਾ ਸੱਜਦਾ ਕਵੀ-ਦਰਬਾਰ ਰਹਿਸੀ
ਤੇਰੇ ਵਿਚ ਦਸਮੇਸ਼ ਦਾ ਦਿੱਲ ਰਹਿਸੀ, 'ਤੀਰ' ਸਦਾ ਪੱਕੀ ਯਾਦਗਾਰ ਰਹਿਸੀ

### ਰਾਮ ਰਾਇ ਜੀ ਨੇ ਫਤਹਿ ਚੰਦ ਨੂੰ ਸਤਿਗੁਰਾਂ ਅੱਗੇ ਨਿਵ ਜਾਣ ਲਈ ਕਹਿਣਾ

ਰਾਮਰਾਇ ਜੀ ਨੂੰ ਜਦੋਂ ਪਤਾ ਲੱਗਾ, ਨਾਹਣ ਵਿਚ ਦਾਤੇ ਕਲਗੀਧੱਰ ਆਏ
ਫਤਹਿ ਚੰਦ ਤਾਈਂ ਰਾਮਰਾਇ ਕਿਹਾ, ਜਾਣੀ ਜਾਣ ਮਹਾਰਾਜ ਨੀਂ ਘੱਰ ਆਏ
ਚੰਗੀ ਗੱਲ ਓਹਨਾਂ ਨਾਲ ਮੇਲ ਕਰਨਾ, ਜਾ ਕੇ ਧੱਰ ਭੇਟਾ ਜਿਹੜੀ ਸੱਰ ਆਏ
'ਤੀਰ' ਹੈਣ ਏਥੇ ਵੀ ਉਧਾਰ ਕਰਦੇ, ਪਿੱਛੇ ਮੁਕਤ ਨੇ ਜੀਆਂ ਦੀ ਕੱਰ ਆਏ

### ਫਤਹਿ ਚੰਦ ਨੇ ਸਤਿਗੁਰਾਂ ਪਾਸ ਆਪਣਾ ਵਜ਼ੀਰ ਭੇਜਣਾ

ਰਾਮਰਾਇ ਜੀ ਦੀ ਗੱਲ ਮੰਨ ਲੀਤੀ, ਫਤਹਿ ਚੰਦ ਨੇ ਪੱਲ ਨਾ ਲਾਇਆ ਏ
ਉਹਨੇ ਆਪਣਾ ਇੱਕ ਵਜ਼ੀਰ ਦਾਨਾ, ਸਤਿਗੁਰਾਂ ਦੇ ਪਾਸ ਘਲਵਾਇਆ ਏ
ਆਖ ਘੱਲਿਆ ਗੁਰੂ ਜੀ ਮਿਹਰ ਕਰਨੀ, ਸਾਰੀ ਜੱਗ 'ਤੇ ਆਪ ਦੀ ਮਾਇਆ ਏ
ਦਿਲੋਂ ਦਰਸ਼ਨਾਂ ਦੀ ਹੋਈ ਸਿੱਕ ਮੈਨੂੰ, ਰਿਦੇ ਆਪ ਦਾ ਪ੍ਰੇਮ ਸਮਾਇਆ ਏ
ਦਮਾਂ ਬਿਨਾਂ ਗ਼ੁਲਾਮ ਮੈਂ ਆਪ ਦਾ ਹਾਂ, ਮੇਰੇ ਸੀਸ 'ਤੇ ਆਪ ਦਾ ਸਾਇਆ ਏ
ਤੁੱਠੋ ਦਾਸ ਉੱਤੇ ਦਯਾਵਾਨ ਹੋ ਕੇ, ਸ਼ਰਨ ਆਪਦੀ ਦਿਲ ਟਿਕਾਇਆ ਏ
ਤਾਰੋ ਆਪਣੀ ਉਵੇਂ ਹੀ ਮਿਹਰ ਕਰਕੇ, ਨਾਹਣ-ਪਤੀ ਨੂੰ ਜਿਵੇਂ ਤਰਾਇਆ ਏ
ਸੋਹਣੇ ਦਰਸ਼ਨਾਂ ਬਿਨਾਂ ਮੈਂ ਜਾਣਦਾ ਹਾਂ, ਅੱਗੇ ਆਪਣਾ ਸਮਾਂ ਗਵਾਇਆ ਏ
ਕਰੋ ਆਗਿਆ ਦਾਸ ਵੀ ਹੋਏ ਹਾਜ਼ਰ, ਪ੍ਰੇਮ ਪ੍ਰੀਤ ਦਾ ਵਲਵਲਾ ਆਇਆ ਏ
'ਤੀਰ' ਅੱਜ ਤੋਂ ਤਾਜ ਤੇ ਤਖ਼ਤ ਮੈਂ ਵੀ, ਦਾਤਾ! ਆਪ ਤੋਂ ਘੋਲ ਘੁਮਾਇਆ ਏ

### ਵਜ਼ੀਰ ਨੇ ਆਣ ਕੇ ਅਰਜ਼ ਕਰਨੀ

ਆਣ ਗੁਰਾਂ ਦੇ ਪਾਸ ਵਜ਼ੀਰ ਪੁੱਜਾ, ਬੋਲ ਬੋਲਦਾ ਬੜੇ ਪਿਆਰ ਦਾ ਏ
ਜਾਣੀ ਜਾਣ ਜੀਓ! ਫਤਹਿ ਚੰਦ ਰਾਜਾ, ਭੁੱਖਾ ਆਪ ਦੇ ਪ੍ਰੇਮ ਦੀਦਾਰ ਦਾ ਏ

ਦਾਤਾ ਓਸਦੀ ਭੇਟ ਪਰਵਾਨ ਕਰਨੀ, ਹੱਥ ਜੋੜਦਾ ਅਰਜ਼ ਗੁਜ਼ਾਰਦਾ ਏ
ਕਰੋ ਆਗਿਆ ਤਾਂ ਹੋਵੇ ਆਣ ਹਾਜ਼ਰ, ਹੋਇਆ ਦਿੱਲ ਤੋਂ ਦਾਸ ਸਰਕਾਰ ਦਾ ਏ
ਤੁੱਠੋ ਓਸਦਾ ਵੀ ਜਨਮ ਮਰਨ ਮੇਟੋ, ਉਹਨੂੰ ਤੌਖ਼ਲਾ ਮੌਤ ਦੀ ਮਾਰ ਦਾ ਏ
'ਤੀਰ' ਓਸਨੂੰ ਦੀਦ ਦੀ ਲਗਨ ਲੱਗੀ, ਭੁੱਖਾ ਭੌਰ ਦੇ ਵਾਂਗ ਮਹਿਕਾਰ ਦਾ ਏ

### *ਸ੍ਰੀ ਦਸਮੇਸ਼ ਜੀ ਦਾ ਵਜ਼ੀਰ ਨੂੰ ਉੱਤਰ*

ਜਾਣੀ ਜਾਣ ਸਤਿਗੁਰੂ ਦਿਆਲ ਹੋਏ, ਬੋਲੇ ਏਸ ਤੋਂ ਨਹੀਂ ਇਨਕਾਰ ਸਾਨੂੰ
ਅਸੀਂ ਖ਼ੁਸ਼ ਹਾਂ ਓਸਦੇ ਦਰਸ ਕਰਕੇ, ਆਵੇ ਆਣ ਕੇ ਦਏ ਦੀਦਾਰ ਸਾਨੂੰ
ਭੁੱਖੇ ਅਸੀਂ ਵੀ ਪ੍ਰੇਮ ਪਿਆਰ ਦੇ ਹਾਂ, ਨਾ ਵਜ਼ੀਰ ਜੀ ਭਾਂਵਦੀ ਖ਼ਾਰ ਸਾਨੂੰ
ਸਦਾ ਪ੍ਰੇਮ ਦਾ ਰੂਪ ਹੀ ਜਾਪਦਾ ਏ, 'ਤੀਰ' ਜਗ ਕਰਤਾ ਰਚਣਹਾਰ ਸਾਨੂੰ

### *ਸ੍ਰੀ ਦਸਮੇਸ਼ ਜੀ ਨੇ ਮਾਮੇ ਕਿਰਪਾਲ ਚੰਦ ਨੂੰ ਫਤਹਿ ਚੰਦ ਕੋਲ ਭੇਜਣਾ*

ਫੇਰ ਮਾਮੇ ਕਿਰਪਾਲ ਨੂੰ ਕਿਹਾ ਦਾਤੇ, ਤੁਸਾਂ ਨਾਲ ਵਜ਼ੀਰ ਦੇ ਜਾਵਣਾ ਏਂ
ਫਤਹਿ ਚੰਦ ਨੂੰ ਸਾਡੇ ਇਰਾਦਿਆਂ ਦਾ, ਖ਼ੂਬ ਖੋਲ੍ਹ ਕੇ ਭੇਤ ਸਮਝਾਵਣਾ ਏਂ
ਉਹਦੀ ਪੱਤ ਦੇ ਵਿਚ ਨਾ ਫ਼ਰਕ ਆਵੇ, ਉਹਨੂੰ ਮਾਣ ਦੇ ਨਾਲ ਲਿਆਵਣਾ ਏਂ
'ਤੀਰ' ਇਸ ਤਰ੍ਹਾਂ ਪਾਟਿਆਂ ਦਿਲਾਂ ਤਾਈਂ, ਅਸਾਂ ਏਸ ਥਾਵੇਂ ਟਾਂਕਾ ਲਾਵਣਾ ਏਂ

### *ਮਾਮਾ ਕਿਰਪਾਲ ਚੰਦ ਤੇ ਵਜ਼ੀਰ ਦਾ ਫਤਹਿ ਚੰਦ ਕੋਲ ਪੁੱਜਣਾ*

ਦੋਵੇਂ ਟੁਰੇ ਵਜ਼ੀਰ ਕਿਰਪਾਲ ਮਾਮਾ, ਮੱਥਾ ਟੇਕ ਕੇ ਦਿਲੀ ਅਰਦਾਸ ਕਰਕੇ
ਮਹਾਰਾਜ ਦੇ ਪ੍ਰੇਮ ਦਾ ਰੰਗ ਚੜ੍ਹਿਆ, ਪਲਾਂ ਵਿੱਚ ਵਜ਼ੀਰ 'ਤੇ ਖ਼ਾਸ ਕਰਕੇ
ਜਿਹੜੇ ਕੰਮ ਖ਼ਾਤਰ ਘਰੋਂ ਚੱਲਿਆ ਸੀ, ਗਿਆ ਨਾਲ ਦਨਾਈ ਦੇ ਰਾਸ ਕਰਕੇ
'ਤੀਰ' ਦੱਸਿਆ ਜਾ ਫਤਹਿ ਚੰਦ ਤਾਈਂ, ਗੁਰਾਂ ਮੰਨਿਆ ਬਚਨ-ਬਿਲਾਸ ਕਰਕੇ

### *ਮਾਮਾ ਕਿਰਪਾਲ ਚੰਦ ਜੀ ਨੇ ਫਤਹਿ ਚੰਦ ਨੂੰ ਸਤਿਗੁਰਾਂ ਬਾਬਤ ਦੱਸਣਾ*

ਫਤਹਿ ਚੰਦ ਨੂੰ ਕਿਹਾ ਕਿਰਪਾਲ ਮਾਮੇ, ਤੁਸੀਂ ਚੱਲ ਕੇ ਗੁਰਾਂ ਦੀ ਕਾਰ ਵੇਖੋ
ਨਾਲ ਕਿਸੇ ਦੇ ਵੀ ਵੈਰ ਭਾਵ ਨਾਹੀਂ, ਪਾਇਆ ਸੱਭ ਦੇ ਨਾਲ ਪਿਆਰ ਵੇਖੋ
ਜਿਹੜਾ ਸ਼ਰਨ ਆਵੇ ਉਹਨੂੰ ਕੰਠ ਲਾਂਦੇ, ਕਰਨ ਜੱਗ ਦਾ ਨਿੱਤ ਉਧਾਰ ਵੇਖੋ
ਭਾਰਤ ਮਾਂ ਦੇ ਦੁੱਖ ਤੋਂ ਦੁਖੀ ਹੋ ਕੇ, ਪਿਤਾ ਆਪਣਾ ਦਿੱਤਾ ਨੇ ਵਾਰ ਵੇਖੋ
ਕਾਹਦੇ ਤੁਸੀਂ ਰਾਜੇ ਹਿੰਦ ਦੇਸ਼ ਅੰਦਰ, ਝਾਤੀ ਆਪਣੇ ਆਪ ਵਿਚ ਮਾਰ ਵੇਖੋ
ਹੋਇਆ ਦੇਸ਼ ਗ਼ੁਲਾਮ ਪ੍ਰਦੇਸੀਆਂ ਦਾ, ਹੋਣ ਥਾਂ ਥਾਂ ਅੱਤਿਆਚਾਰ ਵੇਖੋ
ਬਹੂ ਬੇਟੀਆਂ ਦੀ ਪੱਤ ਪਈ ਲਹਿੰਦੀ, ਧਾਹਾਂ ਮਾਰਦੇ ਨੇ ਨੱਰ ਨਾਰ ਵੇਖੋ
ਦੁੱਖ ਸਤਿਗੁਰਾਂ ਨੂੰ ਏਸ ਗੱਲ ਦਾ ਏ, ਰਾਜੇ ਦੁੱਖ ਨੇ ਰਹੇ ਸਹਾਰ ਵੇਖੋ

ਏਸ ਹਿੰਦ ਨਿਮਾਣੀ ਦੇ ਲਾਡਲੇ ਈ, ਬਣੇ ਹੋਏ ਨੇ ਕਈ ਗ਼ਦਾਰ ਵੇਖੋ
ਜਾ ਜਾ ਝੂਠੀਆਂ ਲੂਤੀਆਂ ਲਾਂਵਦੇ ਨੇ, ਦਿਲੋਂ ਜ਼ਾਲਮਾਂ ਦੇ ਬਣੇ ਯਾਰ ਵੇਖੋ
ਦੇਸ਼-ਵੈਰੀਆਂ ਦੇ ਨਾਲ ਮੇਲ ਕੀਤਾ, ਵੀਰਾਂ ਨਾਲ ਵਧਾ ਲਈ ਖ਼ਾਰ ਵੇਖੋ
ਏਸ ਹਾਲ ਨੇ ਹੀ ਇਹਨਾਂ ਹਿੰਦੀਆਂ ਦਾ, ਸਾੜ ਫੂਕ ਕੀਤਾ ਝੁੱਗਾ ਛਾਰ ਵੇਖੋ
ਅਸੀਂ ਕਿਸੇ ਦੇ ਹੋ ਗ਼ੁਲਾਮ ਬੈਠੇ, ਮੂਲ ਰਹੀ ਨਾ ਏਤਨੀ ਸਾਰ ਵੇਖੋ
ਗਲ ਪਈਆਂ ਗ਼ੁਲਾਮੀਆਂ ਕੱਟਣੇ ਨੂੰ, ਹੋ ਰਹੇ ਸਤਿਗੁਰੂ ਤਿਆਰ ਵੇਖੋ
ਚੱਲੋ ਜੀ ਸਦਕੇ ਸਿਰਾਂ ਅੱਖੀਆਂ 'ਤੇ, ਪ੍ਰੀਤ ਸੱਚ ਦਾ ਚੱਲ ਦਰਬਾਰ ਵੇਖੋ
'ਤੀਰ' ਗੁਰੂ ਜੀ ਦਿਲਾਂ ਵਿਚ ਵਸਦੇ ਨੇ, ਤੁਸੀਂ ਪ੍ਰੀਤ ਦੇ ਮਹਿਲ ਉਸਾਰ ਵੇਖੋ

### ਫੇਰ ਕਹਿੰਦਾ ਹੈ

ਸਦਾ ਇਹੋ ਹੀ ਹੈਣ ਦਸਮੇਸ਼ ਕਹਿੰਦੇ, ਅਸੀਂ ਵੈਰ ਵਧਾਵਣਾ ਚਾਹੁੰਦੇ ਨਹੀਂ
ਸਾਡੀ ਆਤਮਾ ਪ੍ਰੇਮ ਪਿਆਰ ਦੀ ਏ, ਕੋਈ ਦਿੱਲ ਦੁਖਾਵਣਾ ਚਾਹੁੰਦੇ ਨਹੀਂ
ਜਿਹੜਾ ਪ੍ਰੇਮ ਕਰਦਾ ਉਹਨੂੰ ਪ੍ਰੇਮ ਕਰਦੇ, ਕਦੇ ਕੋਈ ਰੁਸਾਵਣਾ ਚਾਹੁੰਦੇ ਨਹੀਂ
ਐਪਰ ਦੇਸ਼ ਜੇ ਰੱਜ ਕੇ ਦੁਖੀ ਹੋਵੇ, ਸਮਾਂ ਲੁੱਕ ਲੰਘਾਵਣਾ ਚਾਹੁੰਦੇ ਨਹੀਂ
ਵੀਰਾਂ ਤਾਈਂ ਮਿਲਾਂਵਦੇ ਗਲੇ ਲਾ ਕੇ, ਆਪੋ ਵਿੱਚ ਲੜਾਵਣਾ ਚਾਹੁੰਦੇ ਨਹੀਂ
'ਤੀਰ' ਬੇੜੀਆਂ ਕੱਟਦੇ ਦੇਸ਼ ਦੀਆਂ, ਸੰਗਲ ਹੋਰ ਉਹ ਪਾਵਣਾ ਚਾਹੁੰਦੇ ਨਹੀਂ

### ਮਿਲਾਪ ਦੀ ਹੋਰ ਪ੍ਰੇਰਨਾ ਕਰਦਾ ਹੈ

ਫ਼ਤਹਿ ਚੰਦ ਜੀ ਦੇਸ਼ ਅਜ਼ਾਦ ਹੁੰਦਾ, ਆਪੋ ਵਿੱਚ ਜੇ ਮੇਲ ਮਿਲਾਪ ਕਰੀਏ
ਅੱਗੋਂ ਵਾਸਤੇ ਦੇਸ਼ ਦੇ ਤਕ੍ਹੀ ਬਣੀਏ, ਪਿੱਛੇ ਕੀਤੀਆਂ 'ਤੇ ਪਸਚਾਤਾਪ ਕਰੀਏ
ਫੁੱਟ, ਸੁੱਖ ਦਾ ਸੱਤਿਆਨਾਸ ਕਰਦੀ, ਫੁੱਟ ਪਾਣ ਜਹੇ ਕਦੇ ਨਾ ਪਾਪ ਕਰੀਏ
ਭਾਰਤ ਮਾਂ ਦੇ ਲਾਡਲੇ ਪੁੱਤ ਹੋ ਕੇ, ਇੱਕੋ ਦੇਸ਼-ਆਜ਼ਾਦੀ ਦਾ ਜਾਪ ਕਰੀਏ
ਮੇਲ ਹੋ ਜਾਏ ਜੇ ਮਹਾਰਾਜਿਆਂ ਦਾ, ਘੋਲੀ ਦੇਸ਼ ਲਈ ਆਪਣਾ ਆਪ ਕਰੀਏ
'ਤੀਰ' ਸਦਾ ਲਈ ਸੁਰਖ਼ਰੂ ਹੋ ਜਾਈਏ, ਜੇਕਰ ਦੂਰ ਇਹ ਜ਼ੁਲਮ ਸਰਾਪ ਕਰੀਏ

### ਫ਼ਤਹਿ ਚੰਦ ਨੇ ਮਾਮੇ ਕਿਰਪਾਲ ਚੰਦ ਦੀ ਸਲਾਹ ਮੰਨ ਲਈ ਤੇ ਸਤਿਗੁਰਾਂ ਦੇ ਹਜ਼ੂਰ ਆਇਆ

ਫਤਹਿ ਚੰਦ ਸਲਾਹ ਮਨਜ਼ੂਰ ਕੀਤੀ, ਉਹਨੂੰ ਅੰਦਰੋਂ ਜਿਵੇਂ ਗਿਆਨ ਹੋਇਆ
ਕਿਹਾ ਉਸਨੇ ਚੰਦਰੀ ਫੁੱਟ ਕਰਕੇ, ਹੈ ਗ਼ੁਲਾਮ ਸਾਡਾ ਹਿੰਦੁਸਤਾਨ ਹੋਇਆ
ਅਜੇ ਤੀਕ ਨਾ ਕਿਸੇ ਇਹ ਮੱਤ ਦਿੱਤੀ, ਸੋਚ ਸੋਚ ਮੈਂ ਬੜਾ ਹੈਰਾਨ ਹੋਇਆ
ਅੱਖਾਂ ਪੁੱਟ ਕੇ ਕਿਸੇ ਵੀ ਵੇਖਿਆ ਨਾ, 'ਚਿੜੀ ਸੋਨੇ ਦੀ' ਦੇਸ਼ ਵੈਰਾਨ ਹੋਇਆ
ਮੰਦਰ ਗਏ ਢਾਹੇ ਪੱਤ ਗਈ ਲਾਹੀ, ਲੱਖਾਂ ਤਰ੍ਹਾਂ ਦਾ ਹੋਰ ਨੁਕਸਾਨ ਹੋਇਆ
ਥਾਉਂ ਥਾਂ ਬਿਦੇਸ਼ਾਂ ਦੀ ਰੱਤ ਡੁੱਲ੍ਹੀ, ਪੱਤ ਪੱਤ ਹੈ ਲਹੂ-ਲੁਹਾਨ ਹੋਇਆ

ਭਾਰਤ ਲਈ ਨਾ ਕਿਸੇ ਨੇ ਤੇਗ ਚੁੱਕੀ, ਏਸ ਵੱਲ ਨਾ ਰਤਾ ਧਿਆਨ ਹੋਇਆ
ਉਹੋ ਵੈਰੀਆਂ ਦੇ ਨਾਲ ਰੱਲ ਤੁਰਿਆ, ਜਿਹੜਾ ਏਸਦਾ ਪੁੱਤ ਜਵਾਨ ਹੋਇਆ
ਕੋਈ ਉੱਠਿਆ ਮੂਲ ਨਾ ਦੇਸ਼ ਖ਼ਾਤਰ, ਦੇਸ਼ ਲਈ ਨਾ ਕੋਈ ਕੁਰਬਾਨ ਹੋਇਆ
ਨਾਵੇਂ ਗੁਰੂ ਜੀ ਦਾ ਭਾਵੇਂ ਵਿਚ ਦਿੱਲੀ, ਚਿੱਟੇ ਦਿਨ ਵੇਖੋ ਬਲੀਦਾਨ ਹੋਇਆ
ਏਨਾ ਕਹਿੰਦਿਆਂ ਹੀ ਫਤਹਿ ਚੰਦ ਰਾਜਾ, ਕੀਤੀ ਆਪਣੀ ਤੇ ਪਸ਼ੇਮਾਨ ਹੋਇਆ
ਪੁੱਜਾ ਸ੍ਰੀ ਦਸਮੇਸ਼ ਦੇ ਦੀਦ ਖ਼ਾਤਰ, ਸੋਚ ਦੇਸ਼ ਦੀ ਵਿੱਚ ਗਲਤਾਨ ਹੋਇਆ
ਭੇਟਾ ਰੱਖ ਕੇ ਸੀਸ ਨਿਵਾਇਓ ਸੂ, ਏਦਾਂ ਗੁਰੂ ਦੇ ਘਰ ਪਰਵਾਨ ਹੋਇਆ
'ਤੀਰ' ਪ੍ਰੀਤ ਦੇ ਬਚਨ ਬਿਲਾਸ ਕਰਕੇ, ਰਾਜਾ ਦਿਲੋਂ ਪ੍ਰਸੰਨ ਮਹਾਨ ਹੋਇਆ

### ਦੋਹਾਂ ਵੈਰੀਆਂ ਦੀ ਸੁਲ੍ਹਾ ਕਰਾਈ

ਰਾਜਾ ਨਾਹਣ ਦਾ ਤੇ ਫਤਹਿ ਚੰਦ ਏਦਾਂ, ਵੇਖੋ ਸਮੇਂ ਮਿਲਾਏ ਅਖ਼ੀਰ ਦੋਵੇਂ
ਫੁੱਲ ਮਹਿਕਦੇ ਭੌਰ ਬਣਾ ਦਿੱਤੇ, ਬਣੇ ਜੋ ਸੀ ਕੰਢੇ ਕਰੀਰ ਦੋਵੇਂ
ਗੁਰਾਂ ਆਖਿਆ ਜੱਫੀਆਂ ਪਾਓ ਰਾਜਨ, ਬਣ ਗਏ ਹੋ ਅੱਜ ਤੋਂ ਵੀਰ ਦੋਵੇਂ
ਇੱਕ ਦੂਸਰੇ ਨੂੰ ਹੋਇਆ ਦੁੱਖ ਜੇਕਰ, ਨੈਣੋਂ ਤੁਸੀਂ ਵਹਾਓਗੇ ਨੀਰ ਦੋਵੇਂ
ਭਾਵੇਂ ਵੈਰੀਆਂ ਜਕੜ ਕੇ ਹਿੰਦ ਬੱਧਾ, ਕੱਟੋ ਰੱਲ ਕੇ ਇਹਦੇ ਜ਼ੰਜੀਰ ਦੋਵੇਂ
ਕਦੇ ਫੇਰ ਨਾ ਵੀਰ ਤੋਂ 'ਤੀਰ' ਬਣਨਾ, ਆਪੋ ਵਿੱਚ ਰਹਿਣਾ ਖੰਡ ਖੀਰ ਦੋਵੇਂ

### ਪ੍ਰਸੰਨਤਾ ਦੀ ਲਹਿਰ

ਫਤਹਿ ਚੰਦ ਤੇ ਮੇਦਨੀ ਮਿਲੇ ਦੋਵੇਂ, ਜਦੋਂ ਗਲੇ ਲੱਗੇ ਸੱਕੇ ਵੀਰ ਬਣ ਕੇ
ਦਿੱਲ ਦੋਹਾਂ ਦੇ ਉੱਛਲੇ ਪ੍ਰੇਮ ਅੰਦਰ, ਦੋਵੇਂ ਡੁੱਲ੍ਹ ਪਏ ਅੱਖੀਓਂ ਨੀਰ ਬਣ ਕੇ
ਫੁੱਲਾਂ ਵਾਂਗਰਾਂ ਉਨ੍ਹਾਂ ਨੇ ਮਹਿਕ ਵੰਡੀ, ਜੋ ਸੀ ਖੜਕਦੇ ਪਏ ਸ਼ਮਸ਼ੀਰ ਬਣ ਕੇ
ਦੋਹਾਂ ਵੈਰੀਆਂ ਨੂੰ ਸੱਕੇ ਵੀਰ ਕੀਤਾ, ਬਚਨ ਸਤਿਗੁਰਾਂ ਦੇ ਲੱਗੇ 'ਤੀਰ' ਬਣ ਕੇ

### ਵੱਲੋਂ ਕਵੀ

ਅੱਗੋਂ ਵਾਸਤੇ ਸ੍ਰੀ ਦਸਮੇਸ਼ ਜੀ ਨੇ, ਏਦਾਂ ਦੋਹਾਂ ਨੂੰ ਜੰਗ ਤੋਂ ਹੋੜ ਦਿੱਤਾ
ਫਤਹਿ ਚੰਦ ਨੇ ਆਪਣੇ ਆਪ ਕਹਿ ਕੇ, ਹਿੱਸਾ ਦੱਬਿਆ ਨਾਹਣ ਦਾ ਮੋੜ ਦਿੱਤਾ
ਸੱਚੇ ਸਤਿਗੁਰਾਂ ਨੇ ਵੇਖੋ ਕੰਮ ਭਾਰਾ, ਨਾਲ ਸੁਘੜਤਾ ਦੇ ਚਾੜ੍ਹ ਤੋੜ ਦਿੱਤਾ
'ਤੀਰ' ਫੁੱਟ ਨੂੰ ਕੱਢ ਕੇ ਸੀਨਿਆਂ 'ਚੋਂ, ਦੋਹਾਂ ਪਾਟਿਆਂ ਦਿਲਾਂ ਨੂੰ ਜੋੜ ਦਿੱਤਾ

### ਰਾਮ ਰਾਇ ਦਾ ਦਸਮੇਸ਼ ਜੀ ਨਾਲ ਮੇਲ

ਰਾਮ ਰਾਇ ਜੀ ਨੂੰ ਜਦੋਂ ਪਤਾ ਲੱਗਾ, ਆਏ ਸ੍ਰੀ ਦਸਮੇਸ਼ ਪਿਆਰ ਕਰਕੇ
ਦੀਦ ਵਾਸਤੇ ਝੱਟ ਤਿਆਰ ਹੋਏ, ਬੈਠੇ ਵਿੱਚ ਬੇੜੀ ਪ੍ਰੀਤ ਧਾਰ ਕਰਕੇ

ਕਹਿਣ ਗੁਰਾਂ ਦਾ ਅੱਜ ਦੀਦਾਰ ਹੋਸੀ, ਥੋੜ੍ਹੇ ਚਿਰਾਂ ਪਿੱਛੋਂ ਨਦੀ ਪਾਰ ਕਰਕੇ
ਜਾਨੀ ਜਾਨ ਸਤਿਗੁਰੂ ਨੇ ਖੇਡ ਖੇਡੀ, ਇਧਰ ਇਉਂ ਉਸ ਰੋਜ਼ ਸ਼ਿਕਾਰ ਕਰਕੇ
ਬੇੜੀ ਆਪ ਵੀ ਏਧਰੋਂ ਠੇਲ੍ਹ ਦਿੱਤੀ, ਵੱਗੇ ਪਈ ਜਮਨਾ ਠਾਠਾਂ ਮਾਰ ਕਰਕੇ
ਦੋਵੇਂ ਮਿਲੇ ਵਿਚਕਾਰ ਪ੍ਰਸੰਨ ਹੋਏ, ਆਏ ਪੇਸ਼ ਪ੍ਰੇਮ ਸਤਿਕਾਰ ਕਰਕੇ
ਰਾਮਰਾਇ ਜੀ ਨੇ ਨਿਮਸ਼ਕਾਰ ਕੀਤੀ, ਅੱਖਾਂ ਠਾਰੀਆਂ ਖ਼ੂਬ ਦੀਦਾਰ ਕਰਕੇ
'ਤੀਰ' ਹੋਈ ਪ੍ਰੇਮ ਦੀ ਗੰਢ ਪੱਕੀ, ਕਈ ਤਰ੍ਹਾਂ ਦੀ ਹੋਰ ਵਿਚਾਰ ਕਰਕੇ

### ਬੁਧੂ ਸ਼ਾਹ ਸਢੌਰੇ ਵਾਲੇ ਦਾ ਮੇਲ

ਬੁਧੂ ਸ਼ਾਹ ਸਢੌਰੇ ਦੇ ਰਹਿਣ ਵਾਲੇ, ਸੁਣੀ ਗੱਲ ਦਸਮੇਸ਼ ਦੇ ਆਵਣੇ ਦੀ
ਉਹਦੀ ਗੁਰੂ ਨਾਨਕ ਨਾਲ ਪ੍ਰੀਤ ਹੈਸੀ, ਦਿਲੋਂ ਚਾਹ ਹੋਈ ਦੀਦ ਪਾਵਣੇ ਦੀ
ਵੱਲ ਸ੍ਰੀ ਦਸਮੇਸ਼ ਦੇ ਉੱਠ ਤੁਰਿਆ, ਨੀਤ ਧਾਰ ਕੇ ਨੈਣ ਵਿਛਾਵਣੇ ਦੀ
ਲੱਗ ਗਈ ਫ਼ਕੀਰ ਨੂੰ 'ਤੀਰ' ਚਿੰਤਾ, ਪਹਿਲੀ ਉਮਰ ਐਵੇਂ ਬੀਤ ਜਾਵਣੇ ਦੀ

### ਫੇਰ

ਆਇਆ ਸ੍ਰੀ ਦਸਮੇਸ਼ ਦੇ ਬਹੁਤ ਨੇੜੇ, ਵੇਖ ਸਤਿਗੁਰਾਂ ਨੂੰ ਬੇਨਜ਼ੀਰ ਸਮਝੇ
ਤੇਗ ਤੀਰ ਤੱਕ ਕੇ ਐਪਰ ਪਿਆ ਸੰਸਾ, ਸੂਰਬੀਰ ਸਮਝੇ ਜਾਂ ਫ਼ਕੀਰ ਸਮਝੇ
ਜੱਕੋ ਤੱਕਿਆਂ ਵਿੱਚ ਓਹ ਪਿਆ ਸੋਚੇ, ਪਾਤਸ਼ਾਹ ਸਮਝੇ ਜਾਂ ਕਿ ਪੀਰ ਸਮਝੇ
'ਤੀਰ' ਸੂਰਤਾਂ ਦੋ ਨੇ ਦਿੱਲ ਅੰਦਰ, ਠੀਕ ਠੀਕ ਉਹ ਕਿਹਦੀ ਤਸਵੀਰ ਸਮਝੇ

### ਆਖ਼ਰ ਚਰਨੀਂ ਡਿੱਗਦਾ ਹੈ

ਜਾਣੀ ਜਾਣ ਨੇ ਜਾਣ ਕੇ ਦਿਲ ਉਸਦਾ, ਐਸਾ ਆਪਣੀ ਅੱਖ 'ਚੋਂ ਬਾਣ ਛੱਡਿਆ
ਬੁਧੂ ਸ਼ਾਹ ਨੇ ਸੁੱਟਿਆ ਸਿਰ ਚਰਨੀਂ, ਸ਼ੱਕ ਦੂਰ ਕਰਕੇ ਦਿਲੋਂ ਮਾਣ ਛੱਡਿਆ
ਅੱਖਾਂ ਖੁੱਲ੍ਹੀਆਂ ਦੂਰ ਹੋ ਗਿਆ ਪਰਦਾ, ਜੋ ਸੀ ਤੌਖ਼ਲੇ ਨੇ ਅੰਦਰ ਤਾਣ ਛੱਡਿਆ
'ਤੀਰ' ਪ੍ਰੇਮ ਨੂੰ ਰੱਖ ਕੇ ਦਿੱਲ ਅੰਦਰ, ਜਾਣੀ ਜਾਣ ਉਸ ਗੁਰਾਂ ਨੂੰ ਜਾਣ ਛੱਡਿਆ

### ਬੁਧੂ ਸ਼ਾਹ ਆਪਣੀ ਬਾਬਤ ਦੱਸਦਾ ਹੈ

ਬੁਧੂ ਸ਼ਾਹ ਨੇ ਜੋੜ ਕੇ ਹੱਥ ਦੋਵੇਂ, ਸਾਰੇ ਆਪਣੇ ਸੀਨੇ ਦੇ ਸੱਲ ਦੱਸੇ
ਕੋਈ ਦਿੱਲ ਦੀ ਘਾਟ ਦੇ ਹੋਣ ਕਰਕੇ, ਵਿੱਚ ਹਾਵਿਆਂ ਬੀਤਦੇ ਪੱਲ ਦੱਸੇ
ਜਿਥੋਂ ਲੋੜਦਾ ਆਬਿ-ਹਯਾਤ ਰਿਹਾ, ਗਿੱਣ ਉਹ ਸਾਰੇ ਮਾਰੂ-ਥੱਲ ਦੱਸੇ
ਸ਼ਾਂਤੀ ਵਾਸਤੇ ਜੋ ਜੋ ਜ਼ੁਹਦ ਕੀਤੇ, ਸਾਰੇ ਹੋਏ ਸਾਬਤ ਪਿੱਛੋਂ ਛੱਲ ਦੱਸੇ
ਦਾਤੇ ਤੁੱਠ ਕੇ ਓਸ 'ਤੇ ਮਿਹਰ ਕੀਤੀ, ਰੱਬੀ-ਬੰਦਗੀ ਦੇ ਉਹਨੂੰ ਵੱਲ ਦੱਸੇ
'ਤੀਰ' ਪੀਰ ਨੇ ਪਾਏ ਸਵਾਲ ਜਿਹੜੇ, ਸੱਚੇ ਸਤਿਗੁਰਾਂ ਨੇ ਕਰਕੇ ਹੱਲ ਦੱਸੇ

### ਬੁਧੂ ਸ਼ਾਹ ਤੇ ਸਤਿਗੁਰਾਂ ਦੇ ਬਚਨ ਬਿਲਾਸ

ਬੁਧੂ ਸ਼ਾਹ ਆਖੇ ਤੁਸੀਂ ਰੱਬ ਮੇਰੇ, ਮੈਂ ਨਿਤ ਆਪ ਦੇ ਵੇਖਦਾ ਰੰਗ ਰਹਿਸਾਂ
ਗੁਰਾਂ ਆਖਿਆ ਸ਼ਾਹ ਜੀ ਸਿਦਕ ਰੱਖੋ, ਸਦਾ ਆਪਦੇ ਮੈਂ ਅੰਗ ਸੰਗ ਰਹਿਸਾਂ
ਬੁਧੂ ਸ਼ਾਹ ਨੇ ਆਖਿਆ ਅੱਜ ਤੋਂ ਜੀ, ਤੁਸੀਂ ਲਾਟ ਮੈਂ ਵਾਂਗ ਪਤੰਗ ਰਹਿਸਾਂ
'ਤੀਰ' ਸਤਿਗੁਰਾਂ ਕਿਹਾ ਤੂੰ ਨਾਲ ਰਹਿਸੇਂ, ਭਾਵੇਂ ਮੈਂ ਮਚਾਂਵਦਾ ਜੰਗ ਰਹਿਸਾਂ

### ਸਤਿਗੁਰਾਂ ਦੇ ਚੋਜ (ਵੱਲੋਂ ਕਵੀ)

ਮੇਰੇ ਕੌਤਕੀ ਸ੍ਰੀ ਦਸਮੇਸ਼ ਜੀ ਨੇ, ਰੱਜ ਰੱਜ ਕੇ ਚੋਜ ਵਿਖਾਏ ਏਥੇ
ਚਿੱਟੇ ਸ਼ੇਰ ਨੂੰ ਮਾਰਿਆ ਤੇਗ਼ ਫੜ ਕੇ, ਜੂਹਾਂ ਜੰਗਲਾਂ ਨੂੰ ਭਾਗ ਲਾਏ ਏਥੇ
ਨਿੱਤ ਆਪ ਦੇ ਮਿੱਠਿਆਂ ਦਰਸ਼ਨਾਂ ਨੇ, ਸਿਦਕਵਾਨ ਗੁਰ-ਸਿੱਖ ਬਣਾਏ ਏਥੇ
ਫ਼ੌਜ ਚੋਣਵੀਂ ਚੋਣਵੇਂ ਜੁੜੇ ਯੋਧੇ, ਗੁਰਾਂ ਆਸਰਾ ਦੇ ਟਿਕਾਏ ਏਥੇ
ਯੁੱਧ, ਜੰਗ, ਸਤਿਸੰਗ ਦੀ ਸਿੱਖਿਆ ਦੇ, ਸੱਚੇ ਗੁਰਾਂ ਨੇ ਪੂਰਨੇ ਪਾਏ ਏਥੇ
ਤੇਗ਼ਾਂ, ਤੀਰ, ਬੰਦੂਕ, ਕਟਾਰ, ਨੇਜ਼ੇ, ਭੇਟਾ ਸੈਂਕੜੇ ਸਿੱਖ ਲਿਆਏ ਏਥੇ
ਕਿਵੇਂ ਹਿੰਦ ਦੀ ਬੰਦ-ਖਲਾਸ ਹੋਵੇ, ਗੁਰਾਂ ਰੋਜ਼ ਖ਼ਿਆਲ ਦੁੜਾਏ ਏਥੇ
ਕਦੇ ਬੈਠ ਮਹਾਂ ਕਵੀ ਦੇ ਰੂਪ ਅੰਦਰ, ਕਵੀ ਸੱਦ ਦਰਬਾਰ ਸਜਾਏ ਏਥੇ
ਲੋੜਵੰਦ ਦੀ ਤੁੱਠ ਕੇ ਮਦਦ ਕੀਤੀ, ਭੁੱਖੇ ਆ ਆ ਕੇ ਵਰੋਸਾਏ ਏਥੇ
'ਤੀਰ' ਬੈਠ ਸੁਹਾਵਣੀ ਭੋਇਂ ਉੱਤੇ, ਦੇਸ਼-ਪ੍ਰੇਮ ਦੇ ਸਬਕ ਪੜ੍ਹਾਏ ਏਥੇ

### ਵੱਲੋਂ ਕਵੀ

ਬੁਧੂ ਸ਼ਾਹ ਰਹਿ ਕੇ ਚੋਖਾ ਚਿੱਰ ਏਥੇ, ਪ੍ਰੇਮ-ਪ੍ਰੀਤ ਵਧਾ ਕੇ ਚਲਾ ਗਿਆ
ਪ੍ਰੀਤਵਾਨ ਬਣ ਕੇ ਪੀਰ ਮੰਨ ਗੁਰ ਨੂੰ, ਭਰਮ ਸੱਭ ਗਵਾ ਕੇ ਚਲਾ ਗਿਆ
ਗੋਲਾ ਰਹੇਗਾ ਸਦਾ ਦਸਮੇਸ਼ ਜੀ ਦਾ, ਮਨੋਂ ਪੱਕ ਪਕਾ ਕੇ ਚਲਾ ਗਿਆ
'ਤੀਰ' ਆਗਿਆ ਲੈ ਕੇ ਸਤਿਗੁਰਾਂ ਦੀ, ਸੱਯਦ ਸੀਸ ਨਿਵਾ ਕੇ ਚਲਾ ਗਿਆ

### ਔਰੰਗਜ਼ੇਬ ਦੇ ਕੱਢੇ ਹੋਏ ਪਠਾਣ (ਵੱਲੋਂ ਕਵੀ)

ਪਿੰਡ ਦਾਮਲੇ ਦੇ ਸੂਰਬੀਰ ਯੋਧੇ, ਬੁਧੂ ਸ਼ਾਹ ਦੇ ਪਾਸ ਪਠਾਣ ਆਏ
ਕਹਿੰਦੇ ਝੁੱਕ ਕੇ, ਪੀਰ ਜੀ ਆਪ ਅੱਗੇ, ਅਸੀਂ ਆਪਣਾ ਦੁੱਖ ਸੁਣਾਣ ਆਏ
ਔਰੰਗਜ਼ੇਬ ਸਾਡੇ ਉਤੇ ਖਫ਼ਾ ਹੋਇਆ, ਕੱਢੇ ਗਏ ਹਾਂ ਲੈ ਪ੍ਰਾਣ ਆਏ
ਅੰਤ ਵੇਖਿਆ ਆਪਦਾ ਆਸਰਾ ਏ, ਦਿੱਲੋਂ ਰੱਖ ਕੇ ਹਾਂ ਬੜਾ ਮਾਣ ਆਏ
ਸਾਨੂੰ ਲੱਭਦੀ ਕਿਤੇ ਵੀ ਨੌਕਰੀ ਨਾ, ਅਸੀਂ ਥਾਂ ਥਾਂ 'ਤੇ ਛਾਈ ਛਾਣ ਆਏ
ਰੱਖੇ ਇਨ੍ਹਾਂ ਨੂੰ ਮੂਲ ਨਾ ਕੋਈ ਨੌਕਰ, ਸਾਡੇ ਵਾਸਤੇ ਸ਼ਾਹੀ ਫ਼ੁਰਮਾਨ ਆਏ

ਵਿਹਲੇ ਰਹਿ ਹਥਿਆਰ ਵੀ ਵੇਚ ਖਾਣੇ, ਇਹੋ ਆਪ ਨੂੰ ਗੱਲ ਸਮਝਾਣ ਆਏ
'ਤੀਰ' ਆਸਰਾ ਕਿਤੇ ਬਣਾਓ ਸਾਡਾ, ਅਸੀਂ ਆਸਰਾ ਆਪ 'ਤੇ ਜਾਣ ਆਏ

### ਪਠਾਣ ਦਸਮੇਸ਼ ਜੀ ਦੀ ਫ਼ੌਜ ਵਿਚ ਨੌਕਰ ਹੋਏ (ਵੱਲੋਂ ਕਵੀ)

ਬੁਧੂ ਸ਼ਾਹ ਨੂੰ ਇਸ ਤਰ੍ਹਾਂ ਆਜਜ਼ਾਂ ਨੇ, ਜਦੋਂ ਆਪਣੇ ਦੁੱਖ ਸੁਣਾ ਦਿੱਤੇ
ਉਹਨੇ ਪੰਜ ਸੌ ਨੂੰ ਲੈ ਕੇ ਨਾਲ ਵੇਖੋ, ਚਾਲੇ ਪਾਉਂਟੇ ਵੱਲ ਹੀ ਪਾ ਦਿੱਤੇ
ਆ ਕੇ ਸ੍ਰੀ ਦਸਮੇਸ਼ ਨੂੰ ਅਰਜ਼ ਕੀਤੀ, ਆਖ ਵੇਖ ਕੇ ਨੌਕਰ ਕਰਾ ਦਿੱਤੇ
'ਤੀਰ' ਰੋਜ਼ ਰੁਪਿਆ ਤਨਖ਼ਾਹ ਬੱਧੀ, ਗੁਰਾਂ ਫ਼ੌਜ ਦੇ ਵਿਚ ਰਲਾ ਦਿੱਤੇ

### ਫਤਹਿ ਚੰਦ ਦੀ ਧੀ ਦੀ ਸ਼ਾਦੀ ਦਾ ਸੱਦਾ

ਥੋੜ੍ਹੇ ਦਿਨਾਂ ਪਿੱਛੋਂ ਪੁੱਜਾ ਇਕ ਲਾਗੀ, ਆਖੇ ਆਣ ਕੇ—ਹੇ ਜਾਣੀ ਜਾਣ ਗੁਰ ਜੀ
ਫਤਹਿ ਚੰਦ ਦੀ ਧੀ ਦਾ ਕਾਜ ਆਇਆ, ਉਹਨੂੰ ਆਪ 'ਤੇ ਹੈ ਬੜਾ ਮਾਣ ਗੁਰ ਜੀ
ਹੱਥ ਜੋੜ ਕੇ ਬੇਨਤੀ ਉਹਨੇ ਕੀਤੀ, ਮੇਰੇ ਘਰ ਆ ਕੇ ਚਰਨ ਪਾਣ ਗੁਰ ਜੀ
'ਤੀਰ' ਖ਼ੁਸ਼ੀ ਦਾ ਕਾਜ ਨਜਿੱਠ ਜਾਵਣ, ਨਾਲੇ ਭਾਗ ਕਸ਼ਮੀਰ ਨੂੰ ਲਾਣ ਗੁਰ ਜੀ

### ਸਤਿਗੁਰਾਂ ਦੀ ਸਿਆਣਪ (ਵੱਲੋਂ ਕਵੀ)

ਜਾਣੀ ਜਾਣ ਸਤਿਗੁਰਾਂ ਵਿਚਾਰ ਕੀਤੀ, ਸਾਰੇ ਖ਼ੁਸ਼ੀ ਦੇ ਹੋਣਗੇ ਰੰਗ ਓਥੇ
ਭੀਮ ਚੰਦ ਨੇ ਵੀ ਓਥੇ ਆਵਣਾ ਏਂ, ਸਾਰੇ ਰਾਜਿਆਂ ਦਾ ਜੁੜੂ ਸੰਗ ਓਥੇ
ਸਾਡੇ ਗਿਆਂ ਨਾ ਕੋਈ ਬਿਖਾਂਧ ਹੋਵੇ, ਮਤੇ ਰੁੱਕ ਜਾਵੇ ਹੁੰਦਾ ਢੰਗ ਓਥੇ
'ਤੀਰ' ਈਰਖਾ ਕਿਤੇ ਜੇ ਜਾਗ ਉੱਠੀ, ਵਿਚ ਰੰਗ ਦੇ ਪਏਗੀ ਭੰਗ ਓਥੇ

### ਦੀਵਾਨ ਨੰਦ ਚੰਦ ਤੇ ਪ੍ਰੋਹਤ ਦਇਆ ਰਾਮ ਨੂੰ ਘੱਲਿਆ ਗਿਆ

ਗੁਰਾਂ ਦੂਰ ਦੀ ਸੋਚ ਵਿਚਾਰ ਕਰਕੇ, ਨੰਦ ਚੰਦ ਨੂੰ ਆਖਿਆ ਜਾਓ ਦੋਵੇਂ
ਕਿਉਂ ਸ੍ਰੀ ਦਸਮੇਸ਼ ਜੀ ਨਹੀਂ ਆਏ, ਫਤਹਿ ਚੰਦ ਨੂੰ ਖ਼ੂਬ ਸਮਝਾਓ ਦੋਵੇਂ
ਦਇਆ ਰਾਮ ਜੀ ਨੂੰ ਨਾਲ ਲੈ ਜਾਓ, ਏਸ ਕਾਜ ਨੂੰ ਖ਼ੂਬ ਭੁਗਤਾਓ ਦੋਵੇਂ
ਉੱਥੇ ਦਾਨਿਆਂ ਵਾਂਗਰਾਂ ਕਾਰ ਕਰਨੀ, ਸਿੱਖੀ ਸਿਦਕ ਦੀ ਸ਼ਾਨ ਵਿਖਾਓ ਦੋਵੇਂ
ਚੀਜ਼ਾਂ ਕੀਮਤੀ ਅਤੇ ਤੰਬੋਲ ਲੈ ਲਓ, ਗੁਰੂ ਘਰ ਦਾ ਨਿਉਂਦਰਾ ਪਾਓ ਦੋਵੇਂ
ਫਤਹਿ ਚੰਦ ਦਾ ਮਾਨ ਸਤਿਕਾਰ ਕਰਨਾ, ਮਾਂਵੀ ਹੋ ਕੇ ਟਹਿਲ ਕਮਾਓ ਦੋਵੇਂ
ਆਏ ਹੋਰਨਾਂ ਰਾਜਿਆਂ ਰਾਣਿਆਂ ਨੂੰ, ਮੇਲ ਵਾਸਤੇ ਮਿਲੋ ਮਿਲਾਓ ਦੋਵੇਂ
'ਤੀਰ' ਠੀਕ ਭੁਗਤਾ ਕੇ ਕੰਮ ਸਾਰਾ, ਫੇਰ ਪਾਉਂਟੇ ਨੂੰ ਪਰਤ ਆਓ ਦੋਵੇਂ

### ਮਹਾਰਾਜ ਜੀ ਦੀਆਂ ਵਿੱਦਿਆ ਦੇ ਵਾਧੇ ਲਈ ਸੋਚਾਂ (ਵੱਲੋਂ ਕਵੀ)

ਬੈਠੇ ਪਾਉਂਟੇ ਵਿਚ ਦਸਮੇਸ਼ ਸੋਚਣ, ਕਦੇ ਭੁੱਲਣਾ ਨਹੀਂ ਖ਼ਿਆਲ ਚਾਹੀਏ
ਖੇਡ ਜਾਂਵਦੀ ਜੱਗ 'ਤੇ ਫੇਰ ਖੇਡੀ, ਪਹਿਲੇ ਚੱਲਣੀ ਆਵਣੀ ਚਾਲ ਚਾਹੀਏ
ਵਣਜ ਲੋੜੀਏ ਜੇ ਕਦੇ ਲਾਭਵੰਦਾ, ਨੇਕ ਦਿੱਲ ਵਾਲਾ ਭਾਈਵਾਲ ਚਾਹੀਏ
ਜਿਸ ਸੂਰਮੇ ਹੋਇ ਮੈਦਾਨ ਲੜਨਾ, ਕੋਲ ਓਸਦੇ ਤੇਗ਼ ਤੇ ਢਾਲ ਚਾਹੀਏ
ਪਵੇ ਪੰਧ ਜੇ ਕਦੇ ਪ੍ਰਦੇਸ ਅੰਦਰ, ਪਾਸ ਆਪਣੇ ਅਕਲ ਤੇ ਮਾਲ ਚਾਹੀਏ
'ਤੀਰ' ਜਿੱਤ ਦੀ ਜੇ ਕਦੇ ਲੋੜ ਹੋਵੇ, ਫੇਰ ਸ਼ਾਸਤਰ ਤੇ ਸ਼ਸਤਰ ਨਾਲ ਚਾਹੀਏ

### ਰਘੂਨਾਥ ਪੰਡਤ ਨੂੰ ਸੱਦਣਾ

ਫੇਰ ਸੱਦ ਪੰਡਤ ਰਘੂਨਾਥ ਤਾਈਂ, ਏਦਾਂ ਸ੍ਰੀ ਦਸਮੇਸ਼ ਬਿਆਨ ਕਰਦੇ
ਸੁਣੋ ਮਿਸ਼ਰ ਮਹਾਰਾਜ ਜੀ ਗੱਲ ਸਾਡੀ, ਪੰਡਤ ਸੋ ਜੋ ਵਿੱਦਿਆ ਦਾਨ ਕਰਦੇ
ਕੰਮ ਆਦਿ ਤੋਂ ਇਹੋ ਬ੍ਰਾਹਮਣਾਂ ਦਾ, ਰਹੇ ਜੱਗ ਨੂੰ ਸਦਾ ਗਿਆਨ ਕਰਦੇ
ਸੰਸਕ੍ਰਿਤ ਦੇ ਤੁਸੀਂ ਅਚਾਰੀਆ ਹੋ, ਕਥਾ ਵੇਦ ਦੀ ਸਾਫ਼-ਜ਼ਬਾਨ ਕਰਦੇ
ਸਿੱਖਾਂ ਸਾਡਿਆਂ ਤਾਈਂ ਪੜ੍ਹਾਓ ਇਥੇ, ਅਸੀਂ ਆਪਦਾ ਹਾਂ ਬੜਾ ਮਾਨ ਕਰਦੇ
'ਤੀਰ' ਕਰੋ ਕਿਰਪਾ ਉਨ੍ਹਾਂ ਧਰਮੀਆਂ 'ਤੇ, ਜੋ ਨੇ ਧਰਮ ਖ਼ਾਤਰ ਵਾਰੇ ਜਾਨ ਕਰਦੇ

### ਉੱਤਰ ਰਘੂਨਾਥ ਪੰਡਤ ਦਾ

ਰਘੂਨਾਥ ਨੇ ਆਖਿਆ ਝੱਟ ਅੱਗੋਂ, ਸਾਨੂੰ ਗੱਲ ਇਹ ਨਹੀਂ ਪ੍ਰਵਾਨ ਗੁਰ ਜੀ
ਵੇਦ ਪੜ੍ਹਨ ਦਾ ਹੱਕ ਨਾ ਸ਼ੂਦਰਾਂ ਨੂੰ, ਕੀਤਾ ਮੰਨੂ ਮਹਾਰਾਜ ਐਲਾਨ ਗੁਰ ਜੀ
ਦੇਵੇ ਆਗਿਆ ਮੂਲ ਨਾ ਧਰਮ ਸਾਨੂੰ, ਅਸੀਂ ਭੁੱਲੀਏ ਕਿਵੇਂ ਫ਼ੁਰਮਾਨ ਗੁਰ ਜੀ
ਸਾਨੂੰ ਦਿਓ ਮਾਫ਼ੀ ਏਸ ਗੱਲ ਵੱਲੋਂ, ਏਦਾਂ ਹੋਂਵਦੀ ਏ ਸਾਡੀ ਹਾਨ ਗੁਰ ਜੀ
ਕਿਹਨੇ ਪੁੱਛਣਾ ਫੇਰ ਬ੍ਰਾਹਮਣਾਂ ਨੂੰ, ਪੜ੍ਹ ਗਿਆ ਜੇ ਸਭ ਜਹਾਨ ਗੁਰ ਜੀ
'ਤੀਰ' ਸ਼ਾਸਤਰ ਨਹੀਂ ਜੇ ਹੁਕਮ ਦੇਂਦਾ, ਦਈਏ ਕਿਸ ਤਰ੍ਹਾਂ ਵਿੱਦਿਆ ਦਾਨ ਗੁਰ ਜੀ

### ਸਤਿਗੁਰਾਂ ਦਾ ਫ਼ੁਰਮਾਨ ਰਘੂਨਾਥ ਪੰਡਤ ਨੂੰ

ਕਿਹਾ ਸ੍ਰੀ ਦਸਮੇਸ਼ ਨੇ ਦੇਵਤਾ ਜੀ, ਨਵਾਂ ਸਮਾਂ ਹੁਣ ਹੋਰ ਹੀ ਆਇਗਾ ਜੇ
ਸਾਰੇ ਜੱਗ 'ਚੋਂ ਜਾਲ ਬ੍ਰਾਹਮਣਾਂ ਦਾ, ਸਮਾਂ ਆਪ ਹੀ ਤੋੜ ਵਿਖਾਇਗਾ ਜੇ
ਭਾਂਡੇ ਮਾਂਜਣੇ ਹੈਣ ਬ੍ਰਾਹਮਣਾਂ ਨੇ, ਸ਼ੂਦਰ ਵੈਸ਼ ਹੁਣ ਹੁਕਮ ਚਲਾਇਗਾ ਜੇ
ਨੀਚ ਹੋਵਣੇ ਨੇ ਧਨੀ ਵਿੱਦਿਆ ਦੇ, ਪੰਡਾ ਉਨ੍ਹਾਂ ਦਾ ਦਾਸ ਅਖਵਾਇਗਾ ਜੇ
ਤੁਸੀਂ ਨਹੀਂ ਪੜ੍ਹਾਂਵਦੇ ਸ਼ੂਦਰਾਂ ਨੂੰ, ਸ਼ੂਦਰ ਪੰਡਤਾਂ ਤਾਈਂ ਪੜ੍ਹਾਇਗਾ ਜੇ
ਆਪ ਜਿਸ ਤਾਈਂ ਸ਼ੂਦਰ ਨੀਚ ਆਖੋ, ਕਲ੍ਹ ਆਪ ਨੂੰ ਓਹੋ ਨਿਵਾਇਗਾ ਜੇ

ਅੱਜ ਤੁਸੀਂ ਬਿਠਾਲਦੇ ਜਿਹਨੂੰ ਨੀਵਾਂ, ਨੀਵਾਂ ਆਪ ਨੂੰ ਉਹੋ ਬਿਠਾਇਗਾ ਜੇ
'ਤੀਰ' ਵੇਖਣਾ ਪੜ੍ਹਨਗੇ ਵੇਦ ਸ਼ੂਦਰ, ਪੰਡਤ ਉਂਗਲਾਂ ਮੂੰਹ ਵਿਚ ਪਾਇਗਾ ਜੇ

### ਸਤਿਗੁਰਾਂ ਨੇ ਪੜ੍ਹਨ ਲਈ ਪੰਜ ਸਿੰਘ ਕਾਸ਼ੀ ਭੇਜਣੇ

ਪੰਜਾਂ ਸਿੰਘਾਂ ਨੂੰ ਗੁਰਾਂ ਨੇ ਹੁਕਮ ਕੀਤਾ, ਤੁਸਾਂ ਪ੍ਰੀਤਵਾਨੋਂ ਕਾਸ਼ੀ ਜਾਵਣਾ ਏਂ
ਸੱਕੇ ਜਿਸ ਤਰ੍ਹਾਂ ਕੋਈ ਪਛਾਣ ਨਾਹੀਂ, ਤੁਸਾਂ ਇਸ ਤਰ੍ਹਾਂ ਭੇਸ ਪਲਟਾਵਣਾ ਏਂ
ਰੂਪ-ਧਾਰ ਲੈਣਾ ਬ੍ਰਹਮਚਾਰੀਆਂ ਦਾ, ਖ਼ੂਬ ਮੰਨ ਨੂੰ ਪੜ੍ਹਨ 'ਤੇ ਲਾਵਣਾ ਏਂ
ਵੇਦ, ਸ਼ਾਸਤ੍ਰ, ਸਿਮ੍ਰਤੀ ਕੰਠ ਕਰਕੇ, ਅਰਥ ਭਾਵ ਦਿਲ ਵਿਚ ਬਿਠਾਵਣਾ ਏਂ
ਲੈਣੀ ਜਾਣ ਵਿਆਕਰਣ ਦੀ ਰੀਤ ਸਾਰੀ, ਕੰਮ ਓਸਨੇ ਆਪਦੇ ਆਵਣਾ ਏਂ
ਨਾਲ ਢੰਗ ਦੇ ਕੰਮ ਸਵਾਰ ਮੁੜਨਾ, ਓਥੇ ਮੂਲ ਨਾ ਸਮਾਂ ਗਵਾਵਣਾ ਏਂ
ਫੇਰ ਤੁਸਾਂ ਹੀ ਆਣ ਕੇ ਪੰਥ ਅੰਦਰ, ਵੇਦ-ਵਿੱਦਿਆ ਤਾਈਂ ਫੈਲਾਵਣਾ ਏਂ
ਏਸ ਕਰਨੀਓਂ ਹੀ ਤੁਸਾਂ ਪੰਥ ਅੰਦਰ, ਮਾਣ ਸਦਾ ਦੇ ਵਾਸਤੇ ਪਾਵਣਾ ਏਂ
ਇਹਦੇ ਆਸਰੇ ਹੀ ਤੁਸਾਂ ਕਰ ਚਰਚਾ, ਇਨ੍ਹਾਂ ਪੰਡਤਾਂ ਤਾਈਂ ਹਰਾਵਣਾ ਏਂ
ਇਹਦੇ ਆਸਰੇ ਹੀ ਨਾਨਕ ਗੁਰੂ ਜੀ ਦਾ, ਤੁਸਾਂ ਨਿਰਮਲਾ ਪੰਥ ਮਹਿਕਾਵਣਾ ਏਂ
ਏਸ ਵਿੱਦਿਆ ਨੇ ਤੁਸਾਂ ਸਾਰਿਆਂ ਨੂੰ, ਕਰ ਪੰਥ ਦਾ ਚੰਦ ਚਮਕਾਵਣਾ ਏਂ
'ਤੀਰ' ਆਪਦੀ ਏਸ ਵਿਦਵਾਨਤਾ ਨੇ, ਸਾਰਾ ਪੰਥ ਵਿਦਵਾਨ ਬਣਾਵਣਾ ਏਂ

### ਪੰਜਾਂ ਸਿੱਖਾਂ ਨੇ ਹੁਕਮ ਮੰਨ ਕੇ ਕਾਸ਼ੀ ਵੱਲ ਚਾਲੇ ਪਾ ਦੇਣੇ (ਵੱਲੋਂ ਕਵੀ)

ਹੁਕਮ ਗੁਰਾਂ ਦਾ ਮੰਨ ਕੇ ਵੱਲ ਕਾਸ਼ੀ, ਚਲੇ ਗਏ ਪੂਰਨ ਸਿਦਕਵਾਨ ਪੰਜੇ
ਵੇਦ, ਸ਼ਾਸਤਰ, ਸਿਮਰਤੀ ਵਾਚ ਉਥੇ, ਰਹੇ ਸਿੱਖਦੇ ਖ਼ੂਬ ਗਿਆਨ ਪੰਜੇ
ਘਾਲ ਖ਼ੂਬ ਘਾਲੀ ਸਾਰੇ ਸਫ਼ਲ ਹੋਏ, ਪੜ੍ਹੀ ਵਿੱਦਿਆ ਹੋਏ ਵਿਦਵਾਨ ਪੰਜੇ
'ਤੀਰ' ਜੱਗ 'ਤੇ ਨਿਰਮਲੀ ਬੁੱਧ ਵਾਲੇ, ਉੱਘੇ ਹੋਏ ਨੇ ਗੁਣਾਂ ਦੀ ਖਾਨ ਪੰਜੇ

### ਨਿਰਮਲੇ ਸਿੱਖ (ਵੱਲੋਂ ਕਵੀ)

ਅੱਜ ਉਹੋ ਈ ਨਿਰਮਲੇ ਸਿੱਖ ਹੋ ਕੇ, ਸਿੱਖ ਪੰਥ ਦੀ ਸ਼ਾਨ ਵਧਾ ਰਹੇ ਨੇ
ਡੇਰੇ ਉਨ੍ਹਾਂ ਦੇ ਹੈਨ ਪ੍ਰਸਿੱਧ ਥਾਂ ਥਾਂ, ਸਿੱਖੀ, ਗੁਰਾਂ ਦੀ ਖ਼ੂਬ ਫੈਲਾ ਰਹੇ ਨੇ
ਆਦ, ਦਸਮ, ਗ੍ਰੰਥ ਦਾ ਬੋਧ ਦੇ ਦੇ, ਗੁਰੂ ਬਾਣੀ ਦੇ ਭਾਵ ਸਮਝਾ ਰਹੇ ਨੇ
ਪੰਥ ਵਾਸਤੇ ਦਿਲੋਂ ਨਿਸ਼ਕਾਮ ਹੋ ਕੇ, ਜਾਗ ਨਾਮ ਦੀ ਦਿਲਾਂ ਨੂੰ ਲਾ ਰਹੇ ਨੇ
ਕਈ ਫਿਰ ਫਿਰ ਕੇ ਪੈਰੀਂ ਪੰਧ ਕਰਕੇ, ਥਾਂ ਥਾਂ ਨਾਨਕੀ ਝੰਡਾ ਝੁਲਾ ਰਹੇ ਨੇ
'ਤੀਰ' ਸ੍ਰੀ ਦਸਮੇਸ਼ ਦੀ ਜੋਤ ਤਾਈਂ, ਸੁੱਚੇ ਹਿਰਦਿਆਂ ਵਿੱਚ ਜਗਾ ਰਹੇ ਨੇ

# ਖੰਡ ਤੀਜਾ

### ਅਨੋਖੇ ਨਜ਼ਾਰੇ (ਵੱਲੋਂ ਕਵੀ)

ਕਲਮ ਮੇਰੀਏ! ਏਧਰੋਂ ਪਰਤ ਪਾਸਾ, ਨਵੀਂ ਰੰਗ ਕੇ ਹੋਰ ਵਿਖਾਲ ਝਾਕੀ
ਇਧਰ ਗੁਰਾਂ ਦੇ ਰਹੇ ਨੀ ਹੋ ਕੌਤਕ, ਉਧਰ ਦਿੱਸਣੀ ਏਂ ਵਾਹ ਕਮਾਲ ਝਾਕੀ
ਫਤਹਿ ਚੰਦ ਦੇ ਜੁੜੇ ਪਰਵਾਰ ਅੰਦਰ, ਕੀ ਵਿਖਾਣਗੇ ਗੁਰੂ ਦੇ ਲਾਲ ਝਾਕੀ
'ਤੀਰ' ਲਿੱਖ ਕੇ ਦੱਸ ਤੂੰ ਪਾਠਕਾਂ ਨੂੰ, ਕਾਵਿ-ਰੰਗ ਦੀ ਖ਼ੂਬ ਖ਼ਿਆਲ ਝਾਕੀ

### ਜੰਵ ਦਾ ਰਾਹ ਮੰਗਣਾ (ਵੱਲੋਂ ਕਵੀ)

ਖ਼ੂਬ ਵਾਜਿਆਂ ਗਾਜਿਆਂ ਨਾਲ ਢੁੱਕਾਂ, ਭੀਮ ਚੰਦ ਦੀ ਦਿਲੋਂ ਇਹ ਚਾਹ ਹੈਸੀ
ਸ਼ਾਦੀ ਲਈ ਉਸਨੇ ਜਦੋਂ ਕੂਚ ਕੀਤਾ, ਚੋਖੇ ਜੰਵ ਦੇ ਨਾਲ ਸਿਪਾਹ ਹੈਸੀ
ਹੈਸਨ ਨਾਲ ਪਹਾੜੀਏ ਸੱਭ ਰਾਜੇ, ਬੜੀ ਗੋਲਿਆਂ ਦੀ ਠੂਹ ਠਾਹ ਹੈਸੀ
ਸਿਰੀ ਨਗਰ ਨੂੰ ਜਾਣ ਦੇ ਲਈ ਐਪਰ, ਨੇੜੇ ਨਾਹਣ ਤੋਂ ਹੀ ਜਾਂਦਾ ਰਾਹ ਹੈਸੀ
ਗੁਰੂ ਨਾਹਣ ਹਨ ਏਤਨਾ ਯਾਦ ਕਰਕੇ, ਭੀਮ ਚੰਦ ਨੂੰ ਲੱਗ ਗਈ ਢਾਹ ਹੈਸੀ
ਓਥੋਂ ਲੰਘਣਾ ਜਾਨ ਦਾ ਤੌਖ਼ਲਾ ਸੀ, ਰੰਗ ਜੰਗ ਦਾ ਖਾਹ ਮਖਾਹ ਹੈਸੀ
ਜੰਗ ਛਿੜੇਗਾ ਜੰਵ ਦੇ ਨਾਲ ਓਥੇ, ਭੀਮ ਚੰਦ ਦੀ ਕੋਈ ਨਾ ਵਾਹ ਹੈਸੀ
'ਗੁਰੂ ਰਾਹ ਜਨੇਤ ਨੂੰ ਦੇ ਛੱਡਣ', ਉਹਦੀ ਆਪਣੇ ਅੰਦਰੋਂ ਚਾਹ ਹੈਸੀ
ਭਾਵੇਂ ਜੰਵ ਦੇ ਨਾਲ ਬਚਾ ਖ਼ਾਤਰ, ਆਈ ਚੋਣਵੀਂ ਫ਼ੌਜ ਅਥਾਹ ਹੈਸੀ
ਇਹ ਵੀ ਸੋਚਿਆ ਸੀ ਭੀਮ ਚੰਦ ਹੋਰਾਂ, ਗੁਰੂ ਲੁੱਟ ਲਾਂ ਗੇ ਇਹ ਵੀ ਲਾਹ ਹੈਸੀ
ਐਪਰ ਹਾਰ ਦੇਣੀ ਕਲਗੀਧਰ ਤਾਈਂ, ਪੀਣੀ ਚਾਟੀਓਂ ਕੱਢ ਨਾ ਛਾਹ ਹੈਸੀ
ਏਸ ਤੌਖ਼ਲੇ ਦੇ ਨਾਲ ਹਰ ਵੇਲੇ, ਵਿਚੋਂ ਸੁੱਕਦਾ ਓਸਦਾ ਸਾਹ ਹੈਸੀ
ਆਖ਼ਰ ਦੱਸਿਆ ਹੋਰਨਾਂ ਰਾਜਿਆਂ ਨੂੰ, ਭੀਮ ਚੰਦ ਨੂੰ ਜੋ ਦਿਲੋਂ ਦਾਹ ਹੈਸੀ
'ਤੀਰ' ਸੱਭ ਰਾਜੇ ਫਿਕਰ-ਵੰਦ ਹੋਏ, ਭੁੱਲਾ ਘੜੀ ਦੀ ਘੜੀ ਵਿਆਹ ਹੈਸੀ

### ਰਾਜਿਆਂ ਦੀਆਂ ਸਲਾਹਵਾਂ

ਭੀਮ ਚੰਦ ਨੇ ਆਖਿਆ ਸੁਣੋ ਭਾਈਓ, ਮੈਨੂੰ ਸੁੱਝਦੀ ਨਹੀਂ ਜੇ ਚਾਲ ਕੋਈ
ਏਥੋਂ ਸੁੱਕਿਆਂ ਬੱਚ ਕੇ ਜਾਣ ਦੇਵੇ, ਗੁਰੂ ਜਾਣ ਨਾ ਛੱਡਿਓ ਬਾਲ ਕੋਈ
ਜਿਹੜੀ ਗੱਲ ਕਰਕੇ ਸਾਡੀ ਰਹਿ ਆਵੇ, ਓਸ ਗੱਲ ਦਾ ਕਰੋ ਖ਼ਿਆਲ ਕੋਈ
'ਤੀਰ' ਸਾਹਮਣੇ ਅਜਬ ਸਵਾਲ ਆਇਆ, ਹੱਲ ਕਰੋ ਦਨਾਈ ਦੇ ਨਾਲ ਕੋਈ

### ਰਾਜੇ ਵੱਖੋ ਵੱਖ ਕਹਿੰਦੇ ਹਨ

ਕਿਸੇ ਆਖਿਆ ਅਸੀਂ ਹਾਂ ਕੋਈ ਪਾਜੀ, ਸਾਨੂੰ ਗੁਰੂ ਦਸਮੇਸ਼ ਡਰਾਇਗਾ ਕੀ
ਕਿਸੇ ਆਖਿਆ ਰਲੇ ਕੜਾਹ-ਖਾਣੇ, ਜੇਕਰ ਲੜੇ ਵੀ ਤਾਂ ਵਿਗੜ ਜਾਇਗਾ ਕੀ
ਕਿਸੇ ਆਖਿਆ ਫ਼ੌਜ ਹੈ ਨਾਲ ਸਾਡੇ, ਸਾਨੂੰ ਲੜ ਕੇ ਕੋਈ ਹਰਾਇਗਾ ਕੀ
ਬੜੇ ਮਾਣ ਵਿਚ ਕਿਹਾ ਕਟੋਚੀਏ ਨੇ, ਸਾਡੇ ਨਾਲ ਉਹ ਜੰਗ ਮਚਾਇਗਾ ਕੀ
ਵਧੇ ਟੁਰੇ ਚੱਲੋ ਭਲਾ ਡਰ ਕੀ ਏ? ਸਾਡਾ ਗੁਰੂ ਦਸਮੇਸ਼ ਗਵਾਇਗਾ ਕੀ
ਭੀਮ ਚੰਦ ਨੇ ਆਖਿਆ ਇਹ ਦੱਸੋ, ਛਿੜੀ ਜੰਗ ਜੇਕਰ ਹੱਥ ਆਇਗਾ ਕੀ
ਵਿੱਚ ਰੰਗ ਦੇ ਪਵੇਗੀ ਭੰਗ ਏਦਾਂ, ਸਮਾਂ ਪਤਾ ਜੇ ਰੰਗ ਵਿਖਾਇਗਾ ਕੀ
ਬੰਦਾ ਭੇਜੀਏ ਗੁਰਾਂ ਦੇ ਪਾਸ ਪਹਿਲੇ, ਪਹਿਲਾਂ ਵੇਖੀਏ ਖ਼ਬਰ ਲਿਆਇਗਾ ਕੀ
ਰਾਹ ਮੰਗੀਏ, ਕਿਸੇ ਦਨਾਅ ਰਾਹੀਂ, ਦੱਸ ਦਏਗਾ ਗੁਰੂ ਸੁਣਾਇਗਾ ਕੀ
'ਤੀਰ' ਰੱਬ ਜਾਣੇ ਗੁਰੂ ਕੀ ਚਾਹਵੇ, ਕੀ ਕਰੇਗਾ! ਓਸਨੂੰ ਭਾਇਗਾ ਕੀ

### ਇਕ ਵਜ਼ੀਰ ਨੂੰ ਰਾਹ ਮੰਗਣ ਟੋਰਿਆ

ਅੰਤ ਇਹੋ ਸਲਾਹ ਬਣਾ ਪੱਕੀ, ਕਿਹਾ ਇਕ ਵਜ਼ੀਰ ਨੂੰ ਜਾ ਜੀਵੇਂ
ਅੱਜ ਤੇਰੀ ਦਨਾਈ ਦੀ ਪਰਖ ਹੋਣੀ, ਜਿਹੜਾ ਢੰਗ ਲੱਗੇ ਜਾ ਕੇ ਲਾ ਜੀਵੇਂ
ਉਥੇ ਬੇਨਤੀ ਵੀ ਨਾਲੇ ਕਰੀ ਜਾਈਂ, ਬੋਲੀਂ ਰਾਜਿਆਂ ਦਾ ਰੋਹਬ ਪਾ ਜੀਵੇਂ
ਜਿਵੇਂ ਜੰਵ ਨੂੰ ਨਾਹਣ ਚੋਂ ਰਾਹ ਲੱਭੇ, ਲਵੀਂ ਢੰਗ ਓਹ ਆਪ ਬਣਾ ਜੀਵੇਂ
ਭਲਾ ਜੰਗ ਅੰਦਰ ਹੁੰਦਾ ਲਾਭ ਕੀ ਏ, ਨਾਲ ਅਕਲ ਦੇ ਦਈਂ ਸਮਝਾ ਜੀਵੇਂ
'ਤੀਰ' ਲਗਨ ਵੇਲੇ ਅਸਾਂ ਢੁੱਕਣਾ ਏਂ, ਵੇਖੀਂ ਸਮਾਂ ਨਾ ਦੇਈਂ ਖੁੰਝਾ ਜੀਵੇਂ

### ਸਤਿਗੁਰਾਂ ਦੀ ਤੇ ਵਜ਼ੀਰ ਦੀ ਗੱਲਬਾਤ

ਆਇਆ ਗੁਰਾਂ ਦੇ ਕੋਲ ਵਜ਼ੀਰ ਚਾਤਰ, ਆ ਕੇ ਹੇਠਲੀ ਉੱਤਲੀ ਲਾਣ ਲੱਗਾ
ਖ਼ੂਬ ਕਰੇ ਤਰਲੇ ਜੋੜੇ ਹੱਥ ਦੋਵੇਂ, ਮੂੰਹ ਮੀਸਣਾ ਜਿਹਾ ਬਣਾਣ ਲੱਗਾ
ਜਾਣੀ ਜਾਣ ਤੋਂ ਭੇਦ ਲੁਕਾਣ ਲੱਗਾ, ਚਤਰ ਚਾਲ ਦੇ ਜਾਲ ਵਿਛਾਣ ਲੱਗਾ
'ਤੀਰ' ਲੋੜਦਾ ਜੰਵ ਦਾ ਰਾਹ ਵੇਖੋ, ਆਪ ਭੁੱਲ ਕੇ ਔਝੜੇ ਜਾਣ ਲੱਗਾ

### ਚਤਰ ਵਜ਼ੀਰ ਦਸਮੇਸ਼ ਜੀ ਨੂੰ ਬੜਾ ਮਿੱਠਾ ਬਣ ਕੇ ਕਹਿੰਦਾ ਹੈ

ਹੱਥ ਜੋੜ ਕੇ ਕਹਿਣ ਵਜ਼ੀਰ ਲੱਗਾ, ਮਹਾਰਾਜ ਇਹ ਗੱਲ ਵਿਚਾਰ ਦੀ ਏ
ਦਾਨੇ ਨਿੰਦਦੇ ਵੈਰ ਵਿਰੋਧ ਤਾਈਂ, ਵਾਰ ਗਾਂਵਦੀ ਖਲਕ ਪਿਆਰ ਦੀ ਏ
ਆਪੋ ਵਿਚ ਬੇ-ਰੱਸੀ ਦੀ ਲੋੜ ਨਾਹੀਂ, ਨਾਹੀਂ ਲੋੜ ਵਿਰੋਧ ਤੇ ਖ਼ਾਰ ਦੀ ਏ
'ਤੀਰ' ਪ੍ਰੇਮ ਦੀ ਧਾਰਨਾ ਧਾਰ ਲਈਏ, ਦਿਲੀ ਨੀਤ ਹੋਈ ਬਾਈਧਾਰ ਦੀ ਏ

### ਫਿਰ ਆਖਦਾ ਹੈ

ਭੀਮ ਚੰਦ ਦੇ ਚੰਦ ਦੀ ਜੰਞ ਗੁਰ ਜੀ, ਅੱਜ ਏਸ ਰਾਹੇ ਜਾਣਾ ਚਾਹੁੰਦੀ ਏ
ਭਾਵੇਂ ਦਿਲੋਂ ਨਿਡੱਰ ਹੈ ਰਾਜਪੂਤੀ, ਆਢਾ ਫੇਰ ਵੀ ਨਾ ਲਾਣਾ ਚਾਹੁੰਦੀ ਏ
ਜੇਕਰ ਤੁਸੀਂ ਪ੍ਰੇਮ ਵਧਾਓ ਅੱਗੋਂ, ਬਾਈਧਾਰ ਹਿੱਸਾ ਪਾਣਾ ਚਾਹੁੰਦੀ ਏ
'ਤੀਰ' ਤਾਕਤਾਂ ਹੁੰਦਿਆਂ ਕੌਮ ਮੇਰੀ, ਤੇਗ਼ ਗੁਰੂ ਜੀ ਨਾ ਚਾਣਾ ਚਾਹੁੰਦੀ ਏ

### ਸਤਿਗੁਰਾਂ ਦੇ ਖਰੇ ਬਚਨ

ਕਿਹਾ ਗੁਰਾਂ ਨੇ ਸੁਣੋ ਵਜ਼ੀਰ ਸਾਹਿਬ, ਏਡਾ ਕਸ਼ਟ ਉਠਾਣ ਦੀ ਲੋੜ ਕੀ ਸੀ
ਜੇਕਰ ਮਨਾਂ ਦੇ ਵਿਚ ਨਾ ਮੈਲ ਹੈਸੀ, ਫੇਰ ਚੱਲ ਕੇ ਆਣ ਦੀ ਲੋੜ ਕੀ ਸੀ
ਜੰਞ ਨਾਲ ਵਾਜੇ ਗਾਜੇ ਸੋਭਦੇ ਨੇ, ਭਲਾ ਫ਼ੌਜ ਲਿਆਣ ਦੀ ਲੋੜ ਕੀ ਸੀ
ਫਰਕ ਨਹੀਂ ਜੇ 'ਤੀਰ' ਦੀ ਨੀਤ ਅੰਦਰ, ਫੇਰ ਪੁੱਛਣ ਪੁਛਾਣ ਦੀ ਲੋੜ ਕੀ ਸੀ

### ਮਹਾਰਾਜ ਫੇਰ ਕਹਿੰਦੇ ਹਨ

ਅਸੀਂ ਸਭ ਦੇ ਦਿਲਾਂ ਦੀ ਜਾਣਦੇ ਹਾਂ, ਠੱਗ ਸੱਕਦੇ ਨਹੀਂ ਮਕਾਰ ਸਾਨੂੰ
ਜੇਕਰ ਮਾਣ ਹੈ ਤੇਰਿਆਂ ਰਾਜਿਆਂ ਨੂੰ, ਹੈਣ ਜੁੜੇ ਹੋਏ ਲੈਣ ਮਾਰ ਸਾਨੂੰ
ਜੇ ਉਹ ਜ਼ੋਰ ਜਤਾਉਣਾ ਚਾਹੁੰਦੇ ਨੇ, ਜਾਣ ਲੈਣ ਫਿਰ ਦਿਲੋਂ ਤਿਆਰ ਸਾਨੂੰ
ਆਓ ਨਿੱਤ ਦੀ ਲਾਹ ਰੜਖੇੜ ਲਈਏ, ਸਮਾਂ ਲੱਭਣਾ ਨਾ ਵਾਰ ਵਾਰ ਸਾਨੂੰ
ਨੇਕ ਨੀਤ ਦੇ ਹੈਣ ਜੇ ਮਹਾਰਾਜੇ, ਜਾਣੋਂ ਰਤਾ ਵੀ ਨਹੀਂ ਇਨਕਾਰ ਸਾਨੂੰ
ਨਿਰੀ ਜੰਞ ਫਿਰ ਏਧਰੋਂ ਲੰਘ ਜਾਵੇ, ਨਜ਼ਰ ਪਵੇ ਨਾ ਫ਼ੌਜ ਹਥਿਆਰ ਸਾਨੂੰ
ਵਿੰਗਾ ਵਾਲ ਨਹੀਂ ਕਿਸੇ ਦਾ ਹੋਣ ਦੇਂਦੇ, ਦਿੱਲੋਂ ਸਭ ਦੇ ਨਾਲ ਪਿਆਰ ਸਾਨੂੰ
ਜਿਹੋ ਜਿਹਾ ਪੁੱਤਰ ਭੀਮ ਚੰਦ ਦਾ ਏ, ਓਹੋ ਜਿਹਾ ਜਾਣੋ ਹੋਣਹਾਰ ਸਾਨੂੰ
ਸਾਡੀ ਦੁਸ਼ਮਣੀ ਹੈ ਨਾਲ ਜ਼ਾਲਮਾਂ ਦੇ, ਹੋਰ ਕਿਸੇ ਦੇ ਨਾਲ ਨਾ ਖ਼ਾਰ ਸਾਨੂੰ
ਅਸੀਂ ਜਾਣਦੇ ਹਾਂ ਸੱਭੇ ਖੇਡ ਚਾਲਾਂ, ਚਾਤਰ ਕੋਈ ਨਹੀਂ ਸੱਕਦਾ ਚਾਰ ਸਾਨੂੰ
ਜੇ ਸਮੇਤ ਫ਼ੌਜਾਂ ਏਥੋਂ ਲੰਘਣਾ ਏਂ, ਦੱਸਣ ਦਿੱਲ ਦੀ ਗੱਲ ਨਿਤਾਰ ਸਾਨੂੰ
ਕਰਨ ਵਾਰ ਸਾਡੇ ਉਤੇ ਟਿੱਲ ਲਾ ਕੇ, 'ਤੀਰ' ਕਰਨ ਦੇਵਣ ਨਾਲੇ ਵਾਰ ਸਾਨੂੰ

### ਵਜ਼ੀਰ ਨੇ ਸਤਿਗੁਰਾਂ ਦਾ ਇਰਾਦਾ ਜਾ ਦੱਸਿਆ

ਜਦੋਂ ਜਾ ਵਜ਼ੀਰ ਨੇ ਗੱਲ ਦੱਸੀ, ਭੀਮ ਚੰਦ ਦੀ ਖਾਨਿਓਂ ਜਾਂਵਦੀ ਏ
ਮੂੰਹ ਸੱਪ ਦੇ ਪਈ ਏ ਕੋੜ੍ਹ ਕਿਰਲੀ, ਖਾਣੀ ਛੱਡਣੀ ਮੂਲ ਨਾ ਭਾਂਵਦੀ ਏ
ਜੇ ਮੈਂ ਏਸ ਰਾਹੇ ਜੰਞ, ਫ਼ੌਜ ਤੋਰਾਂ, ਡੈਣ ਜੰਗ ਦੀ ਮੂੰਹ ਵਿਖਾਂਵਦੀ ਏ
ਲਾੜਾ ਹੋਰ ਰਾਹੇ ਜੰਞ ਹੋਰ ਰਾਹੇ, ਜੇਕਰ ਟੋਰਦਾ ਹਾਂ ਹੇਠੀ ਆਂਵਦੀ ਏ
ਕੈਸੀ ਘੜੀ ਕੁਲੱਛਣੀ ਪੇਸ਼ ਆਈ, ਪਈ ਅੱਜ ਬੁਝਾਰਤਾਂ ਪਾਂਵਦੀ ਏ
'ਤੀਰ' ਪਿਆ ਸੋਚੀਂ ਭੀਮ ਚੰਦ ਰਾਜਾ, ਹੋਣੀ ਆ ਆ ਖ਼ੂਬ ਡਰਾਂਵਦੀ ਏ

### ਜੰਞ ਦਾ ਰਾਹ ਵੱਖ ਤੇ ਲਾੜੇ ਦਾ ਵੱਖ

ਅੰਤ ਫੈਸਲਾ ਸੋਚ ਕੇ ਇਹੋ ਹੋਇਆ, ਇੱਕੋ ਗੱਲ 'ਤੇ ਮੂਲ ਨਾ ਜ਼ੋਰ ਦੇਈਏ
ਲਾੜਾ ਇਸੇ ਰਾਹੇ ਸ੍ਰੀ ਨਗਰ ਪੁੱਜੇ, ਜੰਞ ਦੂਸਰੇ ਰਾਹ 'ਤੇ ਟੋਰ ਦੇਈਏ
ਫਤਹਿ ਚੰਦ ਦਸਮੇਸ਼ ਵਿਚ ਫੁੱਟ ਪਾ ਕੇ, ਪਾਣ ਏਸ ਚਾਲੇ ਚਾੜ੍ਹ ਹੋਰ ਦੇਈਏ
ਦੇਰ ਹੋਣ ਦਾ ਬਣੇ ਦਸਮੇਸ਼ ਕਾਰਨ, ਪਾ ਦੋਹਾਂ ਅੰਦਰ 'ਤੀਰ' ਖੋਰ ਦੇਈਏ

### ਵਜ਼ੀਰ ਤੇ ਲਾੜਾ ਅਜਮੇਰ ਚੰਦ ਸਤਿਗੁਰਾਂ ਦੀ ਹਜ਼ੂਰੀ ਵਿਚ

ਲਾੜਾ ਅਤੇ ਵਜ਼ੀਰ ਜਾਂ ਗਏ ਟੋਰੇ, ਆਣ ਅੱਪੜੇ ਗੁਰੂ ਦਰਬਾਰ ਅੰਦਰ
ਨਿਮਸ਼ਕਾਰ ਕਰਕੇ ਦੋਹਾਂ ਹੱਥ ਜੋੜੇ, ਸਤਿਗੁਰਾਂ ਦੇ ਮਾਣ ਸਤਿਕਾਰ ਅੰਦਰ
ਰਾਹ ਮੰਗਿਆ ਆਜਜ਼ੀ ਨਾਲ ਦੋਹਾਂ, ਜਿੱਤ ਭੁੱਲ ਕੇ ਵੱਸ ਕੇ ਹਾਰ ਅੰਦਰ
'ਤੀਰ' ਗੁਰੂ ਦਸਮੇਸ਼ ਜੀ ਇਓਂ ਬੋਲੇ, ਭਰੇ ਜਿਸ ਤਰ੍ਹਾਂ ਹੋਣ ਪਿਆਰ ਅੰਦਰ

### ਸਤਿਗੁਰਾਂ ਦੇ ਬਚਨ

ਜਾਣੀ ਜਾਣ ਨੇ ਕਿਹਾ ਅਜਮੇਰ ਚੰਦਾ, ਭਾਵੇਂ ਭੀਮ ਚੰਦ ਦਾ ਹੋਣਹਾਰ ਹੈਂ ਤੂੰ
ਬੇਟਾ ਅਸੀਂ ਵੀ ਜਾਣਦੇ ਹਾਂ ਤੈਨੂੰ, ਸੁਖੀ ਰਹੁ ਸਾਡਾ ਬਰਖੁਰਦਾਰ ਹੈਂ ਤੂੰ
ਜੇਕਰ ਪਿਤਾ ਤੇਰੇ ਵਾਂਗ ਅਸੀਂ ਕਰੀਏ, ਜਾਣ ਛੱਡ ਹੋ ਗਿਆ ਸ਼ਿਕਾਰ ਹੈਂ ਤੂੰ
'ਤੀਰ' ਦੱਸ ਕੀ ਕਰੇਂਗਾ ਫੇਰ ਏਥੇ, ਭਾਵੇਂ ਠੀਕ ਹੈ, ਰਾਜ-ਕੁਮਾਰ ਹੈਂ ਤੂੰ

### ਲਾੜੇ ਅਤੇ ਵਜ਼ੀਰ ਦੀ ਬੇਨਤੀ

ਬੋਲੇ ਜੋੜ ਕੇ ਹੱਥ ਵਜ਼ੀਰ ਲਾੜਾ, ਅਸੀਂ ਛੋਹਣ ਹਾਂ ਆਪ ਦੇ ਚਰਨ ਆਏ
ਪੂਜਾ ਆਪਦੀ ਸਤਿਗੁਰੋ ਦਿਲੋਂ ਕਰਕੇ, ਪ੍ਰੀਤ ਨਾਲ ਡੰਡੌਤ ਹਾਂ ਕਰਨ ਆਏ
ਨੂਰੀ ਮੁੱਖੜਾ ਆਪ ਦਾ ਵੇਖ ਅੱਖੀਂ, ਘਰੋਂ ਭੁੱਜਦੇ ਲੂਸਦੇ ਠਰਨ ਆਏ
'ਤੀਰ' ਬਿਰਦ-ਪਾਲੂ ਹੋ ਕੇ ਬਿਰਦ ਪਾਲੋ, ਅਸੀਂ ਚੱਲ ਕੇ ਆਪਦੀ ਸ਼ਰਨ ਆਏ

### ਸਤਿਗੁਰਾਂ ਦੀ ਮਿਹਰ (ਵੱਲੋਂ ਕਵੀ)

ਜਾਨੀ ਜਾਣ ਨੇ ਦਿਲੋਂ ਨਿਰਵੈਰ ਹੋ ਕੇ, ਉਨ੍ਹਾਂ ਦੋਹਾਂ ਦਾ ਖ਼ੂਬ ਸਤਿਕਾਰ ਕੀਤਾ
ਫੇਰ ਹੱਥ ਅਜਮੇਰ ਦੀ ਪਿੱਠ ਉੱਤੇ, ਉਹਨੂੰ ਪੁੱਤਰਾਂ ਵਾਂਗ ਪਿਆਰ ਕੀਤਾ
ਸਿਰੋ ਪਾ ਦਿੱਤਾ ਤੇ ਅਸੀਸ ਦਿੱਤੀ, ਅਜਬ ਕੰਮ ਵੇਖੋ ਕਲਗੀਧਾਰ ਕੀਤਾ
'ਤੀਰ' ਓਸਦੇ ਪੁੱਤ 'ਤੇ ਮਿਹਰ ਕੀਤੀ, ਜਿਹੜਾ ਚਾਂਹਵਦਾ ਸੀ ਆ ਕੇ ਵਾਰ ਕੀਤਾ

### ਵੱਲੋਂ ਕਵੀ

ਮੇਰੇ ਗੁਰੂ ਦਸਮੇਸ਼ ਤੂੰ ਧੰਨ ਜਗ 'ਤੇ, ਕੰਮ ਕਿਸੇ ਦੇ ਆਵਣਾ ਕੰਮ ਤੇਰਾ
ਵੈਰੀ ਚੱਲ ਕੇ ਜੇ ਤੇਰੀ ਸ਼ਰਨ ਆਵੇ, ਗਲੇ ਓਸ ਨੂੰ ਲਾਵਣਾ ਕੰਮ ਤੇਰਾ
ਜੇਕਰ ਭੁੱਲ ਕਰਕੇ ਪੱਛੋਤਾਏ ਕੋਈ, ਭੁੱਲ, ਭੁੱਲ ਨੂੰ ਜਾਵਣਾ ਕੰਮ ਤੇਰਾ
ਆ ਕੇ ਏਸ ਮੁਰਦੇ ਭਾਰਤ ਦੇਸ਼ ਅੰਦਰ, 'ਤੀਰ' ਤੇਗ ਉਠਾਵਣਾ ਕੰਮ ਤੇਰਾ

### ਨਵੇਂ ਕੌਤਕ ਤੇ ਰਾਮਰਾਇ ਦਾ ਅੰਤ (ਵੱਲੋਂ ਕਵੀ)

ਰਾਮ ਰਾਇ ਜੀ ਯੋਗ ਦੇ ਧਨੀ ਹੈਸਨ, ਸਦਾ ਆਪਣੀ ਸੁਰਤ ਟਿਕਾਂਵਦੇ ਸਨ
ਸੁਆਸ ਦਸਮ ਦੁਆਰ ਚੜ੍ਹਾ ਲੈਂਦੇ, ਤਾੜੀ ਅੱਖੀਆਂ ਮੀਟ ਕੇ ਲਾਂਵਦੇ ਸਨ
ਹੱਠ-ਯੋਗ ਦੇ ਵਿਚ ਸੀ ਮਗਨ ਰਹਿੰਦੇ, ਏਦਾਂ ਆਪਣਾ ਸਮਾਂ ਬਿਤਾਂਵਦੇ ਸਨ
ਐਪਰ ਉਨ੍ਹਾਂ ਦੇ ਕਈ ਮਸੰਦ ਲੋਭੀ, ਲੁੱਟ ਲੁੱਟ ਕੇ ਉਨ੍ਹਾਂ ਨੂੰ ਖਾਂਵਦੇ ਸਨ
ਨਾਲ ਉਨ੍ਹਾਂ ਦੇ ਈਰਖਾ ਰੱਖਦੇ ਸੀ, ਵੇਲਾ ਤਾੜਦੇ ਸਮਾਂ ਲੰਘਾਂਵਦੇ ਸਨ
ਰਾਮਰਾਇ ਜੀ ਚੋਰੀਆਂ ਠੱਗੀਆਂ ਤੋਂ, ਰਹਿੰਦੇ ਸਾਰਿਆਂ ਤਾਈਂ ਹਟਾਂਵਦੇ ਸਨ
ਏਸੇ ਲਈ ਮਸੰਦਾਂ ਨੂੰ ਹਰ ਵੇਲੇ, ਬੁਰੇ ਲੱਗਦੇ ਮੂਲ ਨਾ ਭਾਂਵਦੇ ਸਨ
'ਤੀਰ' ਦਿਲੋਂ ਉਨ੍ਹਾਂ ਖੋਟੀ ਨੀਤ ਧਾਰੀ, ਰਹੇ ਉਪਰੋਂ ਪ੍ਰੇਮ ਜਤਾਂਵਦੇ ਸਨ

### ਰਾਮਰਾਇ ਜੀਉਂਦੇ ਸਾੜੇ ਗਏ

ਇੱਕ ਦਿੰਨ ਕੀ ਆਣ ਕੇ ਖੇਡ ਵਰਤੀ, ਤਾੜੀ ਲਾ ਸੁਆਸ ਚੜ੍ਹਾਏ ਉਹਨਾਂ
ਅੱਠ ਪਹਿਰ ਅਡੋਲ ਹੋ ਸੁਰਤ ਜੋੜੀ, ਹੱਥ ਪੈਰ ਨਾ ਮੂਲ ਹਿਲਾਏ ਉਹਨਾਂ
ਲਿਆ ਠੀਕ ਮਸੰਦਾਂ ਨੇ ਤਾੜ ਵੇਲਾ, ਬਦੋ ਬਦੀ ਦੇ ਮੋਏ ਬਣਾਏ ਉਹਨਾਂ
'ਤੀਰ' ਜੀਊਂਦੇ ਸੁੱਟ ਕੇ ਅੱਗ ਅੰਦਰ, ਵੇਖੋ ਸਾੜ ਦਿਤੇ ਰਾਮਰਾਇ ਉਹਨਾਂ

### ਪੰਜਾਬ ਕੌਰ ਨੇ ਦਸਮੇਸ਼ ਜੀ ਨੂੰ ਮਸੰਦਾਂ ਦੀ ਕਰਤੂਤ ਚਿੱਠੀ ਰਾਹੀਂ ਦੱਸੀ

ਢਾਹਾਂ ਮਾਰ ਕੇ ਰੋਈ ਪੰਜਾਬ ਕੌਰਾਂ, ਇਹ ਸੰਦੇਸ ਦਸਮੇਸ਼ ਨੂੰ ਘੱਲਿਆ ਏ
ਸੱਚੇ ਪਾਤਸ਼ਾਹੋ ਮਾਰੀ ਗਈ ਹਾਂ ਮੈਂ, ਮੇਰਾ ਕਾਲਜਾ ਪਾਪੀਆਂ ਸੱਲਿਆ ਏ

ਮੇਰੇ ਸੁੱਖ ਸੁਹਾਗ ਨੂੰ ਸਾੜ ਦਿੱਤਾ, ਮੱਛੀ ਲੁੱਛਦੀ ਦਾ ਜਿੱਗਰ ਤੱਲਿਆ ਏ
'ਤੀਰ' ਸਿਰੋਂ ਸਿਰਤਾਜ ਗੁਆ ਬੈਠੀ, ਹਾਇ ਵੱਸ ਨਾਹੀਂ ਕੋਈ ਚੱਲਿਆ ਏ

### ਸਤਿਗੁਰੂ ਜੀ ਨੇ ਡੇਹਰਾਦੂਨ ਪੁੱਜਣਾ

ਜਾਨੀ ਜਾਣ ਨੇ ਇਹ ਸੰਦੇਸ਼ ਸੁਣ ਕੇ, ਪਾਈ ਫਿਟਕ ਮਸੰਦਾਂ ਦੀ ਕਾਰ ਉੱਤੇ
ਚਿਹਰਾ ਲਾਲ ਹੋਇਆ ਬਾਹਾਂ ਫਰਕ ਪਈਆਂ, ਹੱਥ ਪੁੱਜਿਆ ਜਾ ਤਲਵਾਰ ਉੱਤੇ
ਮੁੱਖੋਂ ਬਚਨ ਕੀਤਾ ਵੇਖੋ ਪਾਪੀਆਂ ਨੇ, ਹੱਥ ਚੁੱਕਿਆ ਏ ਇਸ਼ਟ ਨਾਰ ਉੱਤੇ
ਏਸ ਤਰ੍ਹਾਂ ਦੇ 'ਤੀਰ' ਮਸੰਦ ਪਾਪੀ, ਰਹਿਣੇ ਚਾਹੀਦੇ ਨਹੀਂ ਸੰਸਾਰ ਉੱਤੇ

### ਮਹਾਰਾਜ ਡੇਹਰਾਦੂਨ ਪੁੱਜ ਕੇ ਪੰਜਾਬ ਕੌਰ ਨੂੰ ਧੀਰਜ ਦੇਂਦੇ ਹਨ

ਡੇਹਰਾਦੂਨ ਵਿਚ ਪੁੱਜ ਕੇ ਗੁਰੂ ਜੀ ਨੇ, ਭਾਣਾ ਮੰਨਣੇ ਦੀ ਪਹਿਲੇ ਕਾਰ ਦੱਸੀ
ਸੱਤ ਧਰਮ ਦਾ ਫੇਰ ਉਪਦੇਸ਼ ਦਿੱਤਾ, ਹੋਣੀ ਸਦਾ ਅਟੱਲ ਇਕਸਾਰ ਦੱਸੀ
ਫੇਰ ਜਿਸ ਤਰ੍ਹਾਂ, ਪਾਨ ਮਸੰਦ ਕੀਤਾ, ਓਸ ਤਰ੍ਹਾਂ ਦੀ ਇਕ ਵਿਚਾਰ ਦੱਸੀ
'ਤੀਰ' ਭੇਦ ਪਰ ਜ਼ਾਹਰ ਨਾ ਹੋਣ ਦਿੱਤਾ, ਮਾਈ ਤਾਈਂ ਇਕ ਗੱਲ ਦਾਤਾਰ ਦੱਸੀ

### ਮਸੰਦ ਸਾੜੇ ਗਏ

ਸੱਦਾ ਭੇਜਿਆ ਆਓ ਸਤ੍ਹਾਰਵੇਂ 'ਤੇ, ਏਦਾਂ ਸੱਦ ਲੀਤਾ ਕੋਲ ਸਾਰਿਆਂ ਨੂੰ
ਪਹਿਲੇ ਪੁੱਛਿਆ ਕੀ ਇਹ ਕਾਰ ਕੀਤੀ, ਫੇਰ ਝਾੜਿਆ ਕਈ ਹਤਿਆਰਿਆਂ ਨੂੰ
ਹੁਕਮ ਚਾੜ੍ਹਿਆ ਸ੍ਰੀ ਦਸਮੇਸ਼ ਜੀ ਨੇ, ਖ਼ੂਨੀ ਜਾਣ ਮਸੰਦਾਂ ਦੇ ਕਾਰਿਆਂ ਨੂੰ
'ਤੀਰ' ਜੀਂਵਦੇ ਅੱਗ ਦੇ ਵਿਚ ਸਾੜੋ, ਪੂਜਾ-ਧਾਨ ਖਾਣੇ ਗੁਰੂ-ਮਾਰਿਆਂ ਨੂੰ

### ਸਿੱਖਾਂ ਨੇ ਹੁਕਮ ਵਜਾ ਦਿੱਤਾ

ਸਿੱਖਾਂ ਸੁਣਦਿਆਂ ਪੱਲ ਨਾ ਦੇਰ ਲਾਈ, ਸੁੱਟੇ ਅੱਗ ਅੰਦਰ ਪਾਪੀ ਫੱੜ ਫੜ ਕੇ
ਕਈ ਸਹਿਜ ਸੁਭਾਅ ਹੀ ਆਏ ਕਾਬੂ, ਕਈ ਬੰਨ੍ਹ ਲੀਤੇ ਉਹਨਾਂ ਲੱੜ ਲੜ ਕੇ
ਕਈ ਵਾਸਤੇ ਪਾਂਵਦੇ ਰਹੇ ਪਾਪੀ, ਪਾਪ ਬਦੀ ਦੀ ਚਿਖਾ 'ਤੇ ਚੜ੍ਹ ਚੜ੍ਹ ਕੇ
'ਤੀਰ' ਘੜੀ ਦੇ ਵਿਚ ਸਵਾਹ ਹੋ ਗਏ, ਬੁਰੀ ਨੀਤ ਵਾਲੇ ਲੋਭੀ ਸੱੜ ਸੜ ਕੇ

### ਸਤਿਗੁਰਾਂ ਨੇ ਪੰਜਾਬ ਕੌਰ ਨੂੰ ਧੀਰਜ ਦੇ ਕੇ ਵਾਪਸ ਆਉਣਾ

ਭਾਣਾ ਮੰਨੀਏ ਸਦਾ ਪੰਜਾਬ ਕੌਰੇ, ਗੁਰਾਂ ਆਖਿਆ ਸੱਕੇ ਨਾ ਟੱਲ ਭਾਣਾ
ਇਕੋ ਵਾਹਿਗੁਰੂ ਕਲਾ ਦਾ ਹੈ ਵਾਲੀ, ਉਹਦਾ ਜੱਗ ਦੇ ਵਿਚ ਪ੍ਰਬੱਲ ਭਾਣਾ
ਉਹਦੀ ਵਿੱਚ ਰਜ਼ਾ ਦੇ ਰਹੁ ਰਾਜ਼ੀ, ਸ਼ੁਕਰ ਸ਼ੁਕਰ ਕਰਕੇ ਉਹਦਾ ਝੱਲ ਭਾਣਾ
'ਤੀਰ' ਸਾਰਿਆਂ 'ਤੇ ਸਦਾ ਵਰਤਦਾ ਏ, ਕਿਤੇ ਅੱਜ ਅਤੇ ਕਿਤੇ ਕੱਲ੍ਹ ਭਾਣਾ

### ਸਤਿਗੁਰ ਜੀ ਪਾਉਂਟੇ ਪਰਤ ਆਏ (ਵੱਲੋਂ ਕਵੀ)

ਡੇਹਰਾਦੂਨ ਤੋਂ ਫੇਰ ਦਸਮੇਸ਼ ਗੁਰ ਜੀ, ਗੜ੍ਹ ਪਾਉਂਟੇ ਵਾਗ ਭੁਆ ਆਏ
ਸਿੱਖ ਸੇਵਕਾਂ ਦੇ ਪਾਸ ਸਤਿਗੁਰਾਂ ਦੇ, ਮਾਨੋਂ ਉਮਡ ਕੇ ਫੇਰ ਦਰਿਆ ਆਏ
ਫੇਰ ਰੌਣਕਾਂ ਲੱਗੀਆਂ ਪ੍ਰੇਮ-ਭਰੀਆਂ, ਸਿਦਕਵਾਨ ਸੈਆਂ ਖਿੱਚਾਂ ਖਾ ਆਏ
'ਤੀਰ' ਆਖਦੇ ਥਾਂ ਥਾਂ ਲੋਕ ਸਾਰੇ, ਦੇ ਕੇ ਪਾਪੀਆਂ ਤਾਈਂ ਸਜ਼ਾ ਆਏ

### ਭੀਮ ਚੰਦ ਦੇ ਪੁੱਤਰ ਦੀ ਜੰਞ ਸ੍ਰੀਨਗਰ ਪੁੱਜ ਗਈ (ਵੱਲੋਂ ਕਵੀ)

ਸ੍ਰੀ ਨਗਰ ਜਾ ਕੇ ਜਦੋਂ ਜੰਞ ਪੁੱਜੀ, ਹੋਈ ਪੁੱਛ ਚਿਰ ਕਾਸ ਨੂੰ ਲਾਇਆ ਏ
ਕਿਹਾ ਇੱਕ ਵਜ਼ੀਰ ਨੇ ਕੀ ਕਹੀਏ, ਸਾਨੂੰ ਵਖਤ ਦਸਮੇਸ਼ ਨੇ ਪਾਇਆ ਏ
ਓਸ ਜੰਞ ਰੋਕੀ ਰੱਖੀ ਰਾਹ ਅੰਦਰ, ਬਿਨਾਂ ਕਾਰਨੋਂ ਓਸ ਅਟਕਾਇਆ ਏ
'ਤੀਰ' ਰਾਜਿਆਂ ਦੀ ਡਿੱਠੀ ਪੱਤ ਨਾਹੀਂ, ਬਾਈਧਾਰ ਦਾ ਦਿੱਲ ਦੁਖਾਇਆ ਏ

### ਫਤਹਿ ਚੰਦ 'ਤੇ ਕੋਈ ਅਸਰ ਨਾ ਹੋਣਾ

ਗਿਆ ਇਹ ਵਜ਼ੀਰ ਦਾ ਵਾਰ ਖ਼ਾਲੀ, ਫਤਹਿ ਚੰਦ ਨਾ ਕੁੱਝ ਖ਼ਿਆਲ ਕੀਤਾ
ਲੱਗਾ ਕਹਿਣ ਹੋਸੀ ਰਾਜਨੀਤ ਕੋਈ, ਗੁਰਾਂ ਜੋ ਵੀ ਇਨ੍ਹਾਂ ਦੇ ਨਾਲ ਕੀਤਾ
ਅੱਗੇ ਕੁਦਰਤੀ ਕੁੱਝ ਵਿਰੋਧ ਹੈਸੀ, ਪੈਦਾ ਓਸ ਹੋਸੀ ਇਹ ਸਵਾਲ ਕੀਤਾ
'ਤੀਰ' ਮੂਲ ਨਾ ਡੋਲਿਆ ਗੱਲ ਸੁਣ ਕੇ, ਕਿਉਂਕਿ ਗੁਰਾਂ ਨੇ ਹੈਸੀ ਨਿਹਾਲ ਕੀਤਾ

### ਤੰਬੋਲ ਉਤੇ ਝਗੜਾ (ਵੱਲੋਂ ਕਵੀ)

ਫਤਹਿ ਚੰਦ ਨੇ ਜੰਞ ਦੇ ਸੁੱਖ ਖ਼ਾਤਰ, ਕੀਤੇ ਖ਼ੁਸ਼ੀ ਦੇ ਸੱਭ ਸਾਮਾਨ ਓਥੇ
ਆਤਿਸ਼-ਬਾਜ਼ੀਆਂ ਚੱਲੀਆਂ ਰਾਤ ਵੇਲੇ, ਸੈਆਂ ਜਾਚਕਾਂ ਨੂੰ ਮਿਲੇ ਦਾਨ ਓਥੇ
ਐਪਰ ਜਿਉਂ ਹੀ ਗਏ ਤੰਬੋਲ ਦੱਸੇ, ਵਧੀ ਗੁਰੂ ਦਸਮੇਸ਼ ਦੀ ਸ਼ਾਨ ਓਥੇ
ਵੇਖ ਚੜ੍ਹਦੀਆਂ ਕਲਾਂ ਤੰਬੋਲ ਦੀਆਂ, ਫਿੱਕੇ ਪੈ ਗਏ ਹੋਰ ਸੁਲਤਾਨ ਓਥੇ
ਰਿਹਾ ਗੁਰਾਂ ਦਾ ਬੜਾ ਤੰਬੋਲ ਵਧੀਆ, ਭੀਮ ਚੰਦ ਦਾ ਟੁੱਟਿਆ ਮਾਨ ਓਥੇ
ਸੜ ਭੁੱਜ ਗਿਆ, ਬੱਲ ਬੁੱਝ ਗਿਆ, ਵੇਖੇ ਸਾਥੀਆਂ ਵੱਲ ਹੈਰਾਨ ਓਥੇ
ਅਰਲ ਬਰਲ ਜ਼ਬਾਨ 'ਚੋਂ ਪਿਆ ਬੋਲੇ, ਬਾਕੀ ਸਭ ਹੋਏ ਨਿਮੂਝਾਨ ਓਥੇ
'ਤੀਰ' ਬਾਹਰ ਹੋ ਕੇ ਝੱਟ ਲੀੜਿਆਂ ਤੋਂ, ਖੋਲ੍ਹੀ ਓਸਨੇ ਇਉਂ ਜ਼ਬਾਨ ਓਥੇ

### ਭੀਮ ਚੰਦ ਨੇ ਕ੍ਰੋਧ ਭਰੇ ਬੋਲ ਬੋਲਣੇ

ਸੁਣੋ ਮਿੱਤਰੋ! ਅੱਜ ਦੀ ਕਾਰ ਨੇ ਤਾਂ, ਮੇਰਾ ਕਾਲਜਾ ਕਰ ਜੇ ਹੋਲ ਛੱਡਿਆ
ਫਤਹਿ ਚੰਦ ਦੀ ਓਸ ਦੇ ਨਾਲ ਯਾਰੀ, ਸਾਡਾ ਮਾਣ ਜਿਸ ਨੇ ਰੜੇ ਰੋਲ ਛੱਡਿਆ

ਇਨ੍ਹੇ ਕੁੜਮ ਨੂੰ ਤੇ ਗੁਰੂ ਦੱਸਵੇਂ ਨੂੰ, ਇੱਕੋ ਤੱਕੜੀ ਰੱਖ ਕੇ ਤੋਲ ਛੱਡਿਆ
ਵੇਖੋ ਮਿੱਤਰੋ! ਕੁੜਮ ਦੀ ਕਾਰ ਵੱਲੇ, ਏਸ ਗੁਰੂ ਤੋਂ ਕੁੜਮ ਹੈ ਘੋਲ ਛੱਡਿਆ
ਉਹਦੇ ਨਾਲ ਹੈ ਏਸਨੇ ਸਾਂਝ ਪਾਈ, ਜਿਹਨੇ ਮਾਰ ਹੈ ਜੰਗ ਦਾ ਢੋਲ ਛੱਡਿਆ
ਕੋਲੋਂ ਝਟ ਕਿਰਪਾਲ ਕਟੋਚੀਏ ਨੇ, ਤੀਰ ਚਾਲ ਦਾ ਇੱਕ ਅਨਭੋਲ ਛੱਡਿਆ
ਉਹਨੇ ਆਖਿਆ: ਗੁਰੂ ਨੇ ਠੀਕ ਭਾਈ, ਸਾਨੂੰ ਜਾਣ ਜੇ ਖਿੱਦੋ ਦਾ ਪੋਲ ਛੱਡਿਆ
ਪਿਆ ਤੇਲ ਬਲਦੀ ਉਤੇ ਇਹ ਮਾਨੋ, ਸਾਰੀ ਜੰਦ ਨੇ ਕੇਲ ਕਲੋਲ ਛੱਡਿਆ
ਭੀਮ ਚੰਦ ਲਾਂਬੂ ਵਾਂਗ ਭੜਕ ਪਿਆ, ਆਖੇ ਕੁੜਮ ਚੰਗਾ ਅਸਾਂ ਟੋਲ ਛੱਡਿਆ
ਮੇਰੇ ਮਿੱਤਰੋ! ਸਾਹਮਣੇ ਸਾਰਿਆਂ ਦੇ, ਮੈਂ ਤੇ ਆਪਣਾ ਜਿਗਰ ਹੈ ਫੋਲ ਛੱਡਿਆ
ਹੁਣ ਇਕ ਨਹੀਂ ਦੋਹਾਂ ਨੇ ਅੱਜ ਸਾਡਾ, ਪੈਰਾਂ ਵਿੱਚ ਹੈ ਮਾਣ ਮਧੋਲ ਛੱਡਿਆ
'ਤੀਰ' ਅਸਾਂ ਨੇ ਜਾਣ ਲਓ ਨੌਂਹ ਛੱਡੀ, ਫਤਹਿ ਚੰਦ ਨੇ ਜੇ ਨਾ ਤੰਬੋਲ ਛੱਡਿਆ

### ਕਟੋਚੀਆ ਭੀਮ ਚੰਦ ਨੂੰ ਕਹਿੰਦਾ ਹੈ

ਭੀਮ ਚੰਦ ਜੀ ਨਵੀਂ ਨਾ ਗੱਲ ਕੋਈ, ਤੁਲੇ ਹੋਏ ਨੇ ਠੀਕ ਹੀ ਧੜੇ ਅੱਗੇ
ਨਵਾਂ ਗੁਰੂ ਨੇ ਪੰਥ ਪਰਚੱਲਤ ਕੀਤਾ! ਬੱਧੇ ਨੇਮ ਉਹ ਜੋ ਨਾ ਪੜ੍ਹੇ ਅੱਗੇ
ਸਾਡੀ ਆਸ ਦੀ ਖੇਤਰੀ ਬੱਚਣੀ ਨਾ, ਉਹਦੇ ਰੋਹਬ ਪ੍ਰਤਾਪ ਦੇ ਗੜੇ ਅੱਗੇ
ਭਲਾ ਚੀਜ਼ ਹੈ ਕੀ ਦਸਮੇਸ਼ ਦੱਸੋ, ਅਸਾਂ ਜਿੱਤ ਲੀਤੇ ਬੜੇ ਬੜੇ ਅੱਗੇ
ਲਾਈ ਅੱਗ ਹੈ ਗੁਰੂ ਦੇ ਕਾਰਿਆਂ ਨੇ, ਬਾਈਧਾਰੀਏ ਓਸ ਤੋਂ ਸੜੇ ਅੱਗੇ
ਹਾਥੀ ਮੰਗਿਆ, ਉਹ ਵੀ ਨਹੀਂ ਦਿੱਤਾ, ਕਈ ਕਰ ਚੁੱਕਾ ਹੋਰ ਕੜੇ ਅੱਗੇ
ਸਾਡੇ ਰਾਜ ਵਿਚ ਹੁੰਦਿਆਂ ਹਰ ਵੇਲੇ, ਸਾਡਾ ਹੋ ਵੈਰੀ ਆ ਕੇ ਅੜੇ ਅੱਗੇ
ਫਤਹਿ ਚੰਦ ਹੈ ਦਿਲੋਂ ਜੇ ਸਾਕ ਸਾਡਾ, ਬੀੜਾ ਚੁੱਕ ਕੇ ਜੰਗ ਲਈ ਚੜ੍ਹੇ ਅੱਗੇ
ਖੰਡੇ ਜਿਸ ਦਸਮੇਸ਼ ਦਾ ਸਿਰ ਲਾਹੁਣਾ, ਉਹਨੂੰ ਚੁੰਮ ਕੇ ਗੱਜ ਕੇ ਫੜੇ ਅੱਗੇ
ਵੈਰੀ ਮਿੱਤਰਾਂ ਦਾ 'ਤੀਰ' ਸਦਾ ਵੈਰੀ, ਜੇਕਰ ਮੰਨਦਾ ਹੈ ਹੋ ਕੇ ਲੜੇ ਅੱਗੇ

### ਨਹੀਂ ਤੇ

ਨਹੀਂ ਤੇ ਏਸਦੇ ਨਾਲ ਹੈ ਵੈਰ ਸਾਡਾ, ਨਾਲ ਗੁਰੂ ਦੇ ਸੁਲ੍ਹਾ-ਸਫ਼ਾਈ ਰੱਖੇ
ਗੁਰੂ ਨਾਲ ਹੀ ਸਾਕ ਸਬੰਧ ਪਾਲੇ, ਜਾਰੀ ਰਾਜਿਆਂ ਨਾਲ ਲੜਾਈ ਰੱਖੇ
ਬਾਈਧਾਰ ਦੇ ਨਾਲ ਸਬੰਧ ਕਾਹਦਾ, ਨਾਲ ਗੁਰੂ ਦੇ ਦੋਸਤੀ ਪਾਈ ਰੱਖੇ
ਅਸੀਂ ਹੋਰ ਥਾਂ ਪੁੱਤ ਵਿਆਹ ਲਾਂ ਗੇ, 'ਤੀਰ' ਘਰ ਇਹ ਆਪਣੀ ਜਾਈ ਰੱਖੇ

### ਫਿਰ ਆਦਮੀ ਫਤਹਿ ਚੰਦ ਕੋਲ ਭੇਜਿਆ ਗਿਆ

ਭੀਮ ਚੰਦ ਨੇ ਭੇਜਿਆ ਇੱਕ ਬੰਦਾ, ਫਤਹਿ ਚੰਦ ਨੂੰ ਇਉਂ ਸੁਣਾਨ ਲੱਗਾ
ਮਹਾਰਾਜ ਜੀ ਜਾਪਦਾ ਇਹ ਮੈਨੂੰ, ਸਾਡਾ ਕੰਮ ਸਾਰਾ ਵਿੱਗੜ ਜਾਣ ਲੱਗਾ

ਤੁਸਾਂ ਗੁਰਾਂ ਦਾ ਜੋ ਤੰਬੋਲ ਲੀਤਾ, ਸਾਰਾ ਓਹ ਵਿਗਾੜ ਹੈ ਪਾਣ ਲੱਗਾ
ਭੀਮ ਚੰਦ ਨੂੰ ਇਹ ਪਸੰਦ ਨਾਹੀਂ, ਮਿਲਣ ਗੁਰੂ ਦਸਮੇਸ਼ ਨੂੰ ਮਾਣ ਲੱਗਾ
ਚੰਗੀ ਕਰੋ ਤੇ ਹੁਣੇ ਤੰਬੋਲ ਮੋੜੋ, ਫਤਹਿ ਚੰਦ ਨੂੰ ਸੁਣ ਵਦਾਣ ਲੱਗਾ
ਭੀਮ ਚੰਦ ਮਤਿਮੰਦ ਦੇ ਆਦਮੀ ਨੂੰ, 'ਤੀਰ' ਇਸ ਤਰ੍ਹਾਂ ਗੱਲ ਸਮਝਾਣ ਲੱਗਾ

### *ਫਤਹਿ ਚੰਦ ਕਹਿੰਦਾ ਹੈ*

ਕਰਾਂ ਉਨ੍ਹਾਂ ਦੇ ਨਾਲ ਮੈਂ ਵੈਰ ਕੀਕੂੰ, ਮੇਰੇ ਨਾਲ ਹੈ ਮਿੱਤਰਤਾ ਪਾਈ ਜਿਨ੍ਹਾਂ
ਰਾਜੇ ਮੇਦਨੀ ਨਾਲ ਵਿਚਾਰ ਕਰਕੇ, ਮੇਰੀ ਤ੍ਰੁੱਠ ਕੇ ਸੁਲ੍ਹਾ ਕਰਵਾਈ ਜਿਨ੍ਹਾਂ
ਉਨ੍ਹਾਂ ਉਤੇ ਮੈਂ ਕਿਵੇਂ ਹਥਿਆਰ ਚੁੱਕਾਂ, ਹੋਣਾ ਲੋਕ ਪਰਲੋਕ ਸਹਾਈ ਜਿਨ੍ਹਾਂ
'ਤੀਰ' ਕਿਸ ਤਰ੍ਹਾਂ ਉਨ੍ਹਾਂ 'ਤੇ ਫ਼ੌਜ ਚਾੜ੍ਹਾਂ, ਮੇਰੇ ਦਿੱਲ ਦੀ ਜੋਤ ਜਗਾਈ ਜਿਨ੍ਹਾਂ

### *ਭੀਮ ਚੰਦ ਨੇ ਫਤਹਿ ਚੰਦ ਦੀ ਗੱਲ ਸੁਣ ਕੇ ਬੇਹੱਦ ਕ੍ਰੋਧ ਕਰਨਾ*

ਭੀਮ ਚੰਦ ਨੂੰ ਜਦੋਂ ਇਹ ਪਤਾ ਲੱਗਾ, ਲੱਗਾ ਕਹਿਣ ਤਿਆਰ ਹੋ ਜਾਓ ਸਾਰੇ
ਸਾਂਭ ਸੂਤ ਲਓ ਸਭ ਸਾਮਾਨ ਸਾਰੇ, ਉੱਤੇ ਘੋੜਿਆਂ ਕਾਠੀਆਂ ਪਾਓ ਸਾਰੇ
ਡੋਲਾ ਬਹੂ ਦਾ ਅਸਾਂ ਲਿਜਾਵਣਾ ਨਹੀਂ, ਰੋਟੀ ਘਰੀਂ ਹੀ ਚੱਲ ਕੇ ਖਾਓ ਸਾਰੇ
'ਤੀਰ' ਗੱਲ ਏਨੀ ਦੇ ਕੇ ਗੰਢ ਬੰਨ੍ਹੋ, ਫਤਹਿ ਚੰਦ ਨੂੰ ਮੂੰਹ ਨਾ ਲਾਓ ਸਾਰੇ

### *ਫਤਹਿ ਚੰਦ ਕੱਚਾ ਨਿਕਲਿਆ (ਵੱਲੋਂ ਕਵੀ)*

ਜਦੋਂ ਰੰਗ ਅੰਦਰ ਪੈਂਦੀ ਭੰਗ ਜਾਪੀ, ਫਤਹਿ ਚੰਦ ਤਦ ਹੌਸਲਾ ਹਾਰ ਬੈਠਾ
ਹੱਥ ਜੋੜ ਕੇ ਅਰਜ਼ ਇਹ ਕਰ ਘੱਲੀ, ਮੈਂ ਹਾਂ ਆਪ ਦਾ ਤਾਬਿਆਦਾਰ ਬੈਠਾ
ਬਾਈਧਾਰ ਜੋ ਦਏਗੀ ਹੁਕਮ ਮੈਨੂੰ, ਓਸ ਲਈ ਹਾਂ ਦਿਲੋਂ ਤਿਆਰ ਬੈਠਾ
'ਤੀਰ' ਡੋਲਿਆ ਸਿਦਕ ਪਹਾੜੀਏ ਦਾ, ਦਿਲੋਂ ਗੁਰੂ ਦਸਮੇਸ਼ ਵਿਸਾਰ ਬੈਠਾ

### *ਫਤਹਿ ਚੰਦ ਫਿਰ ਭੀਮ ਚੰਦ ਨੂੰ ਸੁਨੇਹਾ ਭੇਜਦਾ ਹੈ*

ਮਰਨ ਜੀਣ ਹੈ ਆਪਦੇ ਨਾਲ ਮੇਰਾ, ਸੂਲੀ ਕਹੋ ਤਾਂ ਹੱਸ ਕੇ ਚੜ੍ਹਾਂਗਾ ਮੈਂ
ਸਦਾ ਆਪਦੀ ਪੱਤ ਬਚਾਣ ਖ਼ਾਤਰ, ਲੋੜ ਪਈ ਤਾਂ ਅੱਗ ਵਿਚ ਸੜਾਂਗਾ ਮੈਂ
ਝੰਡਾ ਯੁੱਧ ਦਾ ਜਦੋਂ ਵੀ ਖੜਾ ਹੋਇਆ, ਖੰਡਾ ਗੱਜ ਕੇ ਵੇਖਣਾ ਫੜਾਂਗਾ ਮੈਂ
'ਤੀਰ' ਗੱਲ ਕੀ ਆਪ ਦੇ ਨਾਲ ਹੋ ਕੇ, ਨਾਲ ਗੁਰੂ ਦਸਮੇਸ਼ ਦੇ ਲੜਾਂਗਾ ਮੈਂ

### *ਦੀਵਾਨ ਨੰਦ ਚੰਦ ਜੀ ਨੂੰ ਵੀ ਫਤਹਿ ਚੰਦ ਦੇ ਬਦਲਣ ਦਾ ਪਤਾ ਲੱਗ ਗਿਆ*

ਨੰਦ ਚੰਦ ਤੇ ਸੁਘੜ ਪ੍ਰੋਹਤ ਦੋਵੇਂ, ਗੱਲ ਸੁਣਦਿਆਂ ਸੋਚ ਦੁੜਾਂਵਦੇ ਨੇ
ਏਥੇ ਖੜੀ ਜ਼ਰੂਰ ਬਿਖਾਂਧ ਹੋਸੀ, ਵੱਟੇ ਰੰਗ ਸਾਰੇ ਨਿਗ੍ਹਾ ਆਂਵਦੇ ਨੇ

ਫਤਹਿ ਚੰਦ ਵੀ ਮੂੰਹ ਭੁਆ ਬੈਠਾ, ਗੁਰੂ ਭੁੱਲਿਆ ਤੇ ਰਾਜੇ ਭਾਂਵਦੇ ਨੇ
'ਤੀਰ' ਸਾਂਭ ਕੇ ਸਿੱਖ ਤੰਬੋਲ ਸਾਰਾ, ਵਿਚ ਪੱਲ ਦੇ ਹਰਨ ਹੋ ਜਾਂਵਦੇ ਨੇ

### ਭੀਮ ਚੰਦ ਨੇ ਤੰਬੋਲ ਲੁੱਟਣ ਲਈ ਆਪਣੀ ਫ਼ੌਜ ਸਿੱਖਾਂ ਪਿੱਛੇ ਭੇਜਣੀ

ਭੀਮ ਚੰਦ ਨੇ ਸੁਣੀ ਜਾਂ ਖ਼ਬਰ ਏਨੀ, ਸਿੱਖ ਗਏ ਨੇ ਮੇਲ 'ਚੋਂ ਫੁੱਟ ਵੇਖੋ
ਪਿੱਛੋਂ ਫ਼ੌਜ ਨੂੰ ਚਾੜ੍ਹਿਆ ਇਹ ਕਹਿ ਕੇ, ਲੈਣਾ ਤੁਸਾਂ ਤੰਬੋਲ ਹੈ ਲੁੱਟ ਵੇਖੋ
ਨਾਲੇ ਗੁਰੂ ਜੀ ਦੇ ਕੁਣਕਾ-ਖਾਣਿਆਂ ਨੂੰ, ਤੁਸਾਂ ਪਰਤਣਾ ਏ ਕੁੱਟ ਕੁੱਟ ਵੇਖੋ
'ਤੀਰ' ਰਾਹ ਦੇ ਵਿਚ ਹੀ ਬੋਲ ਹੱਲਾ, ਡਾਕੂ ਪੈ ਗਏ ਸਿੱਖਾਂ 'ਤੇ ਟੁੱਟ ਵੇਖੋ

### ਸਿੱਖ ਮਾਰਦੇ ਮਾਰਦੇ ਤੰਬੋਲ ਲੈ ਕੇ ਨਿਕਲ ਗਏ

ਭਾਵੇਂ ਫ਼ੌਜ ਦੀ ਸੀ ਇਧਰ ਬੜੀ ਗਿਣਤੀ, ਤਾਂ ਵੀ ਸੂਰਮੇ ਹੱਥ ਵਖਾ ਨਿਕਲੇ
ਆਹੂ ਲਾਹ ਲਾਹ ਸੁੱਟ ਗਏ ਵੈਰੀਆਂ ਦੇ, ਤੇਗ਼ਾਂ ਰੱਤ ਦੇ ਵਿੱਚ ਨੁਹਾ ਨਿਕਲੇ
ਦਿੱਤਾ ਹੱਥ ਤੰਬੋਲ ਨੂੰ ਲਾਣ ਨਾਹੀਂ; ਸਗੋਂ ਲੜਦਿਆਂ ਛੱਕੇ ਛੁੜਾ ਨਿਕਲੇ
'ਤੀਰ' ਗੁਰਾਂ ਨੂੰ ਆਣ ਕੇ ਆਖਿਓ ਨੇ, ਸੱਚੇ ਪਾਤਸ਼ਾਹ ਜੀ ਭੜਥੂ ਪਾ ਨਿਕਲੇ

### ਸਿੱਖਾਂ ਨੇ ਸਤਿਗੁਰਾਂ ਨੂੰ ਸਾਰੀ ਹਕੀਕਤ ਦੱਸਣੀ

ਸੱਚੇ ਪਾਤਸ਼ਾਹ ਜੀ ਘੜੀ ਪੱਲ ਅੰਦਰ, ਰੰਗ ਹੋ ਗਿਆ ਹੋਰ ਦਾ ਹੋਰ ਉਥੇ
ਫਤਹਿ ਚੰਦ ਸਾਥੋਂ ਮੂੰਹ ਫੇਰ ਲੀਤਾ, ਭੀਮ ਚੰਦ ਦਾ ਪੈ ਗਿਆ ਜ਼ੋਰ ਉਥੇ
ਉਹਨੇ ਆਪ ਦਾ ਮੋੜ ਤੰਬੋਲ ਦਿੱਤਾ, ਅੱਖ ਬੱਦਲੀ ਅੱਖ ਦੇ ਫੋਰ ਉਥੇ
ਅਸੀਂ ਅੱਖ ਬਚਾ ਕੇ ਚਲੇ ਆਏ, ਸਾਨੂੰ ਨਿਗ੍ਹਾ ਆਏ ਸਾਰੇ ਚੋਰ ਉਥੇ
ਭੀਮ ਚੰਦ ਨੇ ਅਸਾਂ 'ਤੇ ਫ਼ੌਜ ਚਾੜ੍ਹੀ, ਅਸਾਂ ਜੰਗ ਕੀਤਾ ਧਾਰ ਘੋਰ ਉਥੇ
'ਤੀਰ' ਮਾਰਦੇ ਚੀਰਦੇ ਨਿਕਲ ਆਏ, ਰੱਖੀ ਆਪ 'ਤੇ ਲੜਦਿਆਂ ਡੋਰ ਉਥੇ

### ਸਤਿਗੁਰਾਂ ਦਾ ਆਪਣੇ ਸੂਰਮਿਆਂ ਨੂੰ ਹੁਕਮ

ਸੁਣੀ ਗੱਲ ਤਾਂ ਸਤਿਗੁਰਾਂ ਹੁਕਮ ਕੀਤਾ, ਬਸ ਚੜ੍ਹ ਆਈ ਬਾਈਧਾਰ ਸਮਝੋ
ਜੰਗ ਛਿੜੇਗਾ ਰੋਕਿਆਂ ਰੁਕਣਾ ਨਾ, ਖੜਕ ਪਈ ਹੁਣ ਢਾਲ-ਤਲਵਾਰ ਸਮਝੋ
ਸਾਰੇ ਸੂਰਮੇ ਰਹਿਣ ਤਿਆਰ ਸਾਡੇ, ਸਿਰਫ਼ ਹੁਕਮ ਦੀ ਹੀ ਇੰਤਜ਼ਾਰ ਸਮਝੋ
'ਤੀਰ' ਸੂਰਿਆਂ ਨੂੰ ਸੁਣ ਕੇ ਚਾਅ ਚੜ੍ਹਿਆ, ਹੋਈ ਗੀਦੀਆਂ 'ਤੇ ਗੜੇ-ਮਾਰ ਸਮਝੋ

### ਜੰਗ ਦੇ ਬੱਦਲ (ਵੱਲੋਂ ਕਵੀ)

ਭੀਮ ਚੰਦ ਨੂੰ ਜਦੋਂ ਇਹ ਪਤਾ ਲੱਗਾ, ਮੇਰੇ ਸੂਰਮੇ ਖੁੰਬ ਠਪਾ ਆਏ
ਨਿਕਲ ਅਮਨ-ਅਮਾਨ ਤੰਬੋਲ ਗਿਆ, ਸੱਗੋਂ ਕਈ ਜਵਾਨ ਮਰਵਾ ਆਏ

ਸਿਰੋਂ ਲੈ ਪੈਰਾਂ ਤੀਕ ਸੜਨ ਲੱਗਾ, ਰਾਜ-ਪੂਤ ਮੇਰੇ ਮਾਰ ਖਾ ਆਏ
ਝੀਵਰ, ਨਾਈ ਵੇਖੋ ਬਾਜ਼ੀ ਜਿੱਤ ਗਏ ਜੇ, ਰਾਠ ਘਰਾਂ ਨੂੰ ਨੀਵੀਆਂ ਪਾ ਆਏ
ਗੱਲ ਲੁੱਟ ਦੀ ਮੂਲ ਨਾ ਤੋੜ ਚਾੜ੍ਹੀ, ਸਗੋਂ ਬੰਸ ਦੀ ਗਿੱਲ ਗਵਾ ਆਏ
'ਤੀਰ' ਗੇਣਵੇਂ ਸਿੱਖ ਨਾ ਗਏ ਜਿੱਤੇ, ਹਾਰ ਯੁੱਧ 'ਚੋਂ ਸਾਡੇ ਭਰਾ ਆਏ

### ਭੀਮ ਚੰਦ ਵੱਲੋਂ ਲੜਾਈ ਦਾ ਹੁਕਮ

ਉਸੇ ਘੜੀ ਕ੍ਰੋਧ ਦੇ ਵਿਚ ਆ ਕੇ, ਭੀਮ ਚੰਦ ਖਾ ਖੁਣਸ ਲਲਕਾਰਦਾ ਏ
ਕਹਿੰਦਾ ਰਾਜਪੂਤੋ! ਉਠੋ ਫੜੋ ਤੇਗ਼ਾਂ, ਗੁਰੂ ਦੱਸਵਾਂ ਪਿਆ ਵੰਗਾਰਦਾ ਏ
ਅਸੀਂ ਮੌਤ ਦਾ ਮੂੰਹ ਭਵਾ ਦਈਏ, ਜਥ੍ਹਾ ਜੱਗ ਉੱਤੇ ਸਾਡੇ ਵਾਰ ਦਾ ਏ
ਮੱਖੀ ਨੱਕ 'ਤੇ ਨਹੀਂ ਸਾਂ ਬਹਿਣ ਦੇਂਦੇ, ਅੱਜ ਗੁਰੂ ਸਾਨੂੰ ਮਿਹਣੇ ਮਾਰਦਾ ਏ
ਨੱਕ ਡੋਬ ਜਾਂ ਚੱਪਣੀ ਵਿਚ ਮਰੀਏ, ਜਗ ਜੀਵਣਾ ਕੀ ਬਾਈਧਾਰ ਦਾ ਏ
ਉਠੋ! ਸ਼ੇਰ ਮਰਦੋ ਉੱਠੋ! ਭਬਕ ਮਾਰੋ, ਬੁਰਾ ਸੂਲ ਹੁੰਦਾ ਖਾਧੀ ਹਾਰ ਦਾ ਏ
ਰਾਜ-ਪੂਤਨੀ ਦੀ ਕਰੋ ਕੁੱਖ ਸਫਲੀ, ਸਮਾਂ ਹੋਰ ਨਾ ਸੋਚ-ਵਿਚਾਰ ਦਾ ਏ
ਅਸੀਂ ਬੀਰਤਾ ਦੇ ਪੁੰਜ ਮਹਾਂ ਯੋਧੇ, ਜ਼ੋਰ ਇੱਕ ਅੰਦਰ ਚਾਰ ਚਾਰ ਦਾ ਏ
ਗੁਰੂ ਕਹੇਗਾ ਕੀ, ਕਿ ਏਸ ਵੇਲੇ, ਮਰਦ ਇੱਕ ਵੀ ਨਾ ਜੰਗੀ ਕਾਰ ਦਾ ਏ
'ਤੀਰ' ਫੇਰ ਪਿੱਛੋਂ ਅਸੀਂ ਵੇਖ ਲਾਂਗੇ, ਕੌਣ ਜਿੱਤਦਾ ਏ ਕੌਣ ਹਾਰਦਾ ਏ

### ਭੀਮ ਚੰਦ ਫੇਰ ਕਹਿੰਦਾ ਹੈ

ਅਸੀਂ ਜੀਂਵਦੇ ਮੋਏ ਹਾਂ ਅੱਜ ਭਾਈਓ, ਮਿਟੀ ਅੱਜ ਸਾਰੀ ਸਾਡੀ ਸ਼ਾਨ ਵੇਖੋ
ਗਏ ਗੇਣਵੇਂ ਸਿੱਖ ਨੇ ਮਾਰ ਸਾਨੂੰ, ਆਪ ਬੱਚ ਗਏ ਅਮਨ-ਅਮਾਨ ਵੇਖੋ
ਸਾਡੀ ਫ਼ੌਜ ਤੰਬੋਲ ਨਾ ਖੋਹ ਸਕੀ, ਖ਼ਾਲੀ ਹੱਥ ਪਰਤੇ ਆਕੜ ਖਾਨ ਵੇਖੋ
'ਤੀਰ' ਗੋਲੀਆਂ ਜਿਹੇ ਜਵਾਨ ਸਾਡੇ, ਆਏ ਹੋ ਮੁਰਦੇ ਬੇ-ਪ੍ਰਾਣ ਵੇਖੋ

### ਭੀਮ ਚੰਦ ਨੇ ਰਾਜਿਆਂ ਨੂੰ ਵੰਗਾਰਨਾ

ਉਠੋ ਸ਼ੇਰ ਮਰਦੋ! ਦੂਲੇ ਰਾਜਪੂਤੋ, ਬਣ ਕੇ ਆਪਣੇ ਆਪ ਵਿਚ ਸ਼ੇਰ ਦੱਸੋ
ਪੁੱਟੋ ਪਾਉਂਟਾ ਨੀਹਾਂ ਤੋਂ ਖੁਣਸ ਖਾ ਕੇ, ਗੁਰੂ ਸੇਵਕਾਂ ਦੇ ਸਣੇ ਘੇਰ ਦੱਸੋ
ਪਾਓ ਹਲਚਲੀ ਚੱਲ ਕੇ ਨਾਹਣ ਅੰਦਰ, ਹੱਥ ਆਪਣੇ ਚੱਲ ਕੇ ਫੇਰ ਦੱਸੋ
'ਤੀਰ' ਦਿਨ ਦੀਵੀਂ ਐਸਾ ਕਰੋ ਹੱਲਾ, ਪਾ ਕੇ ਵੈਰੀਆਂ ਲਈ ਅਨ੍ਹੇਰ ਦੱਸੋ

### ਫੇਰ

ਸਾਨੂੰ ਸ਼ਰਮ ਹੈ ਮਾਰ ਕੇ ਗਏ ਸਾਨੂੰ, ਅਸਾਂ ਜਿਨ੍ਹਾਂ ਨੂੰ ਜੰਗ ਵਿਚ ਮਾਰਨਾ ਸੀ
ਚਾਰ ਗਏ ਨੇ ਚਾਤਰੀ ਨਾਲ ਸਾਨੂੰ, ਅਸਾਂ ਜਿਨ੍ਹਾਂ ਨੂੰ ਚਾਲ ਵਿਚ ਚਾਰਨਾ ਸੀ

ਨਿਕਲ ਗਏ ਵੰਗਾਰ ਕੇ ਉਹ ਸਾਨੂੰ, ਅਸਾਂ ਜਿਨ੍ਹਾਂ ਨੂੰ ਪੁੱਜ ਵੰਗਾਰਨਾ ਸੀ
'ਤੀਰ' ਹਾਰ ਦਿੱਤੀ ਉਨ੍ਹਾਂ ਅੱਜ ਸਾਨੂੰ, ਸਾਡੀ ਤੇਗ਼ ਅੱਗੇ ਜਿਨ੍ਹਾਂ ਹਾਰਨਾ ਸੀ

## ਫੇਰ ਕਹਿੰਦਾ ਹੈ

ਰਾਜਪੂਤਨੀ ਦਾ ਜਿਨ੍ਹੇ ਦੁੱਧ ਪੀਤਾ, ਹੁਣੇ ਚੜ੍ਹੇ ਉਹ ਹੱਥ ਹਥਿਆਰ ਫੜ ਕੇ
ਬਾਈਧਾਰ ਦੀ ਰੱਖਣੀ ਪੱਤ ਜਿਸਨੇ, ਚੁੰਮ ਲਵੇ ਉਹ ਤੇਗ਼ ਦੀ ਧਾਰ ਫੜ ਕੇ
ਜਿਨ੍ਹੇ ਹਿੱਕ 'ਤੇ ਝੱਲਣਾ ਵਾਰ ਹੋਵੇ, ਆਵੇ ਸਾਹਮਣੇ ਉਹੋ ਤਲਵਾਰ ਫੜ ਕੇ
ਬੰਦੀਵਾਨ ਬਣਾਉਣਾ 'ਤੀਰ' ਅਸਾਂ, ਕਲਗੀਧਰ ਨੂੰ ਵਾਂਗ ਸ਼ਿਕਾਰ ਫੜ ਕੇ

## ਸਭੇ ਰਾਜੇ ਤਿਆਰ

ਭੀਮ ਚੰਦ ਦੀ ਏਸ ਉਕਸਾਹਟ ਅੰਦਰ, ਬਿਨਾਂ ਸੋਚਣੋਂ ਆਏ ਨਾਦਾਨ ਵੇਖੋ
ਐਉਂ ਮਾਰ ਲਾਂਗੇ, ਐਉਂ ਜਿੱਤ ਲਾਂਗੇ, ਲੱਗੇ ਮਨ ਤੋਂ ਕਰਨ ਧਿਆਨ ਵੇਖੋ
ਕਈ ਬਰਛੀਆਂ ਕੱਢ ਚਮਕਾਣ ਲੱਗੇ, ਤੇਗ਼ਾਂ ਨੰਗੀਆਂ ਕਈ ਲਿਸ਼ਕਾਨ ਵੇਖੋ
ਮੁੱਛਾਂ ਵੱਟਦੇ ਆਨ ਕੇ ਰੋਹ ਅੰਦਰ, ਦਿਲੀਂ ਨਹੀਂ ਸਮਾਂਵਦੇ ਮਾਨ ਵੇਖੋ
ਧੌਂਸਾ ਮਾਰ ਕੇ ਜੰਗ ਲਈ ਹੋਏ ਕਾਹਲੇ, ਦੇਹਾਂ ਵਿੱਚ ਨਾ ਮੇਂਵਦੇ ਪ੍ਰਾਣ ਵੇਖੋ
'ਤੀਰ' ਸਤਿਗੁਰਾਂ ਨਾਲ ਵਿਰੋਧ ਕਰ ਕੇ, ਰਾਜਪੂਤ ਚੱਲੇ ਦੇਣ ਜਾਨ ਵੇਖੋ

## ਕੌਣ ਕੌਣ ਚੜ੍ਹਿਆ ?

ਭੀਮ ਚੰਦ ਚੜ੍ਹਿਆ ਅੱਗੇ ਹੋ ਆਗੂ, ਵੱਡੀ ਅਣਖ ਵਾਲਾ ਵੱਡੀ ਆਨ ਵਾਲਾ
ਰਾਜਪੂਤ ਕਿਰਪਾਲ ਚੰਦ ਕਾਂਗੜੇ ਦਾ, ਵੱਡੀ ਪੱਗ ਵਾਲਾ ਉੱਘੇ ਮਾਣ ਵਾਲਾ
ਕਰਮ ਚੰਦ ਭੰਬੋਰੀਆ ਤੇਗ਼-ਧਾਰੀ, ਬਿਨਾਂ ਢਾਲ ਤੋਂ ਜੰਗ ਮਚਾਣ ਵਾਲਾ
ਬੀਰ-ਸੈਨ ਮੰਡੀ ਵਾਲਾ ਬੜਾ ਮਾਨੀ, ਨਿਗ੍ਹਾ ਹੇਠ ਨਾ ਮੌਤ ਲਿਆਣ ਵਾਲਾ
ਨਾਲ ਕੇਸਰੀ ਸਿੰਘ ਜਸਵਾਲੀਆ ਏ, ਸਾਹਵੇਂ ਹਿੱਕ ਡਾਹ ਕੇ ਜੁਝ ਜਾਣ ਵਾਲਾ
ਤੇ ਗੁਪਾਲ ਗੁਲੇਰੀਆ ਮੱਲ ਯੋਧਾ, ਅੰਨ੍ਹੇ ਵਾਹ ਤਲਵਾਰ ਚਲਾਨ ਵਾਲਾ
ਗੁਰੂ-ਭੱਜ ਇੰਦੌਰੀਆ ਮਾਣ-ਮੱਤਾ, ਸੱਟਾਂ ਖਾ ਖਾ ਕੇ ਖੁਣਸ ਖਾਣ ਵਾਲਾ
ਪੱਥਰ ਚਿੱਤ ਦਯਾਲਚੰਦ ਕਾਠਗੜ੍ਹੀਆ, ਇਕੋ ਵਾਰ ਅਨ੍ਹੇਰ ਵਰਤਾਣ ਵਾਲਾ
ਹਰੀ ਚੰਦ ਹੰਡੂਰੀਆ ਮਾਰ ਖੋਰਾ, ਵਾਂਗ ਸੰਢਿਆਂ ਸਿੰਙ ਅੜਾਣ ਵਾਲਾ
ਭਾਗ ਸਿੰਘ ਦਲੇਰ ਤ੍ਰਿਲੋਕ ਪੁਰੀਆ, ਸੂਰਾ ਸਿਰ ਧੜ ਦੀ ਬਾਜ਼ੀ ਲਾਣ ਵਾਲਾ
ਦਯਾ ਸਿੰਘ ਚੜ੍ਹਿਆ ਨਾਲੇ ਨੂਰਪੁਰੀਆ, ਸਦਾ ਰਣ ਅੰਦਰ ਭੜਥੂ ਪਾਣ ਵਾਲਾ
ਲੱਛੂ ਚੰਦ ਕਸੌਲੀ ਦਾ ਹੱਠੀ ਉੱਘਾ, ਨਾਲ ਸੀਸ ਦੇ ਹੱਠ ਨਿਭਾਣ ਵਾਲਾ
ਹਰੀ ਚੰਦ ਕੋਟੀਪਾਲ ਰੋਹ-ਭਰਿਆ, ਵਾਂਗ ਬਿਜਲੀ ਤੇਗ਼ ਚਮਕਾਣ ਵਾਲਾ

ਤੇ ਸੰਸਾਰ ਚੰਦ ਬੀਰ ਨਦੌੜ ਦਾ ਏ, ਵਿੱਚ ਰਣ ਦੇ ਹੱਥ ਵਿਖਾਣ ਵਾਲਾ
ਭਾਊ ਸਿੰਘ ਉਮੈਦ ਸਿੰਘ ਬੜੇ ਧੋਗੀ, ਹੈ ਅਨੰਤ ਚੰਦ ਦਲਾਂ 'ਤੇ ਛਾਣ ਵਾਲਾ
ਮਨਸਵਾਲ ਦਾ ਹੈ ਝਗੜ ਚੰਦ ਚੜ੍ਹਿਆ, ਗੱਲ ਗੱਲ ਤੇ ਵੈਰ ਵਧਾਣ ਵਾਲਾ
ਫਤਹਿ ਚੰਦ ਬੇਮੁਖ ਦਾਤਾਰ ਵੱਲੋਂ, ਟੁਰਿਆ ਨਾਲ ਨੇਕੀ ਨੂੰ ਭੁਲਾਣ ਵਾਲਾ
'ਤੀਰ' ਪਾਉਂਟੇ ਦੇ ਉਤੇ ਚੜ੍ਹੇ ਰਾਜੇ, ਰੰਗ ਬੱਝਸੀ ਖ਼ੂਬ ਘਸਮਾਣ ਵਾਲਾ

### ਹੋਰ ਕੌਣ ਕੌਣ ਚੜ੍ਹਿਆ

ਟੇਕ ਸਿੰਘ ਰਾਜਾ ਕਸ਼ਤਵਾਰ ਵਾਲਾ, ਨਾਲੋ ਨਾਲ ਕਰ ਜਾਤ ਦਾ ਖ਼ਿਆਲ ਵੇਖੋ
ਰਾਜਾ ਜੈ ਚੰਦ ਜੋ ਬੇਝੇਧਾਰੀਆ ਏ, ਬਣਿਆ ਬਣੀ ਵੇਲੇ ਭਾਈਵਾਲ ਵੇਖੋ
ਰਾਜਾ ਸੰਘਰੀ ਦਾ ਠੋਡੀ ਸਿੰਘ ਟੁਰਿਆ, ਹੱਥੀਂ ਲੈ ਤਲਵਾਰ ਤੇ ਢਾਲ ਵੇਖੋ
ਭੂਪ ਚੰਦ ਨੂੰ ਕਟਕ ਦਾ ਰੋਹ ਚੜ੍ਹਿਆ, ਦੰਦੀਂ ਟੁੱਕਦਾ ਮੁੱਛ ਦੇ ਵਾਲ ਵੇਖੋ
ਹੋਰ ਕਈ ਛੋਟੇ ਮੋਟੇ ਨਾਲ ਹੋਏ, ਟੁਰੇ ਲੜਨ ਲਈ ਬੰਨ੍ਹ ਕੇ ਪਾਲ ਵੇਖੋ
'ਤੀਰ' ਰੰਗ ਕੀ ਜੰਗ ਨੇ ਦੱਸਣਾ ਏਂ, ਵੇਖੋ ਸਮਾਂ ਤੇ ਸਮੇਂ ਦੀ ਚਾਲ ਵੇਖੋ

### ਵੱਲੋਂ ਕਵੀ

ਦਿਲੋਂ ਚਾਲ ਸੀ ਰਾਜਿਆਂ ਇਹ ਸੋਚੀ, ਵਾਰ ਹੇਠ ਨੇ ਦਸਮ ਦਾਤਾਰ ਹੁਣ ਤੇ
ਵੱਸੇ ਪਾਉਂਟੇ ਦਿੱਲ ਪਰਚਾਣ ਖ਼ਾਤਰ, ਕਾਰ ਆਪਦੀ ਸੈਰ ਸ਼ਿਕਾਰ ਹੁਣ ਤੇ
ਬਹੁਤੀ ਫ਼ੌਜ ਅਨੰਦ ਪੁਰ ਛੱਡ ਆਏ, ਹੈਣ ਗੇਣਵੇਂ ਕੋਲ ਅਸਵਾਰ ਹੁਣ ਤੇ
ਰਾਸ਼ਨ ਨਾਮ ਮਾਤਰ ਪੱਲੇ ਹੋਵਣਾ ਏਂ, ਭਰੇ ਹੋਵਣੇ ਨਹੀਂ ਭੰਡਾਰ ਹੁਣ ਤੇ
ਨਾ ਬਰੂਦ ਹੋਣਾ ਏਂ ਮੈਦਾਨ ਜੋਗਾ, ਪੂਰੇ ਯੁੱਧ ਦੇ ਨਹੀਂ ਹਥਿਆਰ ਹੁਣ ਤੇ
ਵੇਲਾ ਏਸ ਤੋਂ ਲੱਭਣਾ ਨਹੀਂ ਚੰਗਾ, ਸੌਖਾ ਗੁਰੂ ਨੂੰ ਲਵਾਂਗੇ ਮਾਰ ਹੁਣ ਤੇ
ਜਿਨ੍ਹੇ ਪੱਤ ਲਾਹੀ ਸਾਡੀ ਰੜੇ ਉੱਤੇ, ਸਹਿਲ ਓਸਨੂੰ ਦੇਵਣੀ ਹਾਰ ਹੁਣ ਤੇ
'ਤੀਰ' ਮਾਰ ਦੇ ਹੇਠ ਹੈ ਅੱਜ ਵੈਰੀ, ਫੱਬ ਜਾਇਗਾ ਓਸ 'ਤੇ ਵਾਰ ਹੁਣ ਤੇ

### ਸਤਿਗੁਰਾਂ ਦੀ ਤਿਆਰੀ

ਏਧਰ ਸ੍ਰੀ ਦਸਮੇਸ਼ ਨੇ ਜਾਣ ਲੀਤਾ, ਸਮਾਂ ਆਣ ਪੁੱਜਾ ਜਿਹੜਾ ਆਵਣਾ ਏਂ
ਹੁਕਮ ਚਾੜ੍ਹਿਆ ਝੱਟ ਤਿਆਰੀਆਂ ਦਾ, ਸਿੰਘੋ ਸੁਣ ਕੇ ਪੱਲ ਨਾ ਲਾਵਣਾ ਏਂ
ਸਨਧਬੱਧ ਹੋ ਕੇ ਹੋਵੋ ਆਣ ਹਾਜ਼ਰ, ਰੱਖੀ ਜੂਝਣੇ ਦੀ ਜਿਨ੍ਹਾਂ ਭਾਵਣਾ ਏਂ
ਬਾਈਧਾਰ ਦੀ ਜੀਭ ਨੂੰ ਅਸਾਂ ਸਿੱਖੋ, ਤੇਗ਼-ਧਾਰ ਦਾ ਮਜ਼ਾ ਚਖਾਵਣਾ ਏਂ
ਮਾਣ ਜਿਨ੍ਹਾਂ ਨੂੰ ਆਪਣੀ ਬਾਂਹ ਉਤੇ, ਉਨ੍ਹਾਂ ਨਾਲ ਘਮਸਾਣ ਮਚਾਵਣਾ ਏਂ
ਸਿਰ ਸੂਰਿਆਂ ਦੇ ਖਿੱਦੋ, ਤੇਗ਼ ਖੂੰਡੀ, ਅਸਾਂ ਸਾਥੀਆਂ ਤਾਈਂ ਖਿਡਾਵਣਾ ਏਂ

ਮੂੰਹ-ਫੱਟ ਨੇ ਆਂਵਦੇ ਪਏ ਏਧਰ, ਅਸਾਂ ਉਨ੍ਹਾਂ ਦਾ ਮੂੰਹ ਭੁਆਵਣਾ ਏਂ
ਸੱਜ ਵੱਜ ਕੇ ਸੂਰਮੇਂ ਸਭ ਆਵਣ, ਅਸਾਂ ਜੰਗ ਦਾ ਰੰਗ ਵਿਖਾਵਣਾ ਏਂ
ਗੂੰਜ ਗੂੰਜ ਰਣਜੀਤ ਨੇ ਰਣ ਅੰਦਰ, ਅੱਜ ਰਾਜਿਆਂ ਦਾ ਮਾਰੂ ਗਾਵਣਾ ਏਂ
ਤੀਰਾਂ ਸਾਡਿਆਂ ਰੱਤ ਦੇ ਵਿਚ ਤਰਨਾ, ਬਾਈਧਾਰ ਦੀ ਧਾਰ ਵਿਚ ਨ੍ਹਾਵਣਾ ਏਂ
ਜਦੋਂ ਗੋਲੀਆਂ ਨੇ ਹਿੱਕੇ ਲੱਗਣਾ ਏਂ, ਭੁੱਲ ਰਾਣੀਆਂ ਦਾ ਚੇਤਾ ਜਾਵਣਾ ਏਂ
ਅੱਜ ਖੰਡਿਆਂ ਨੇ ਖੰਡ ਖੰਡ ਕਰਕੇ, ਜ਼ੁਲਮ ਜਬਰ ਪਖੰਡ ਮਿਟਾਵਣਾ ਏਂ
ਅੱਜ ਰੱਤ ਵਾਲੇ ਵਹਿਣ ਵੱਗਣੇ ਨੇ, ਲੋਥਾਂ ਮੱਛੀਆਂ ਦਾ ਰੂਪ ਪਾਵਣਾ ਏਂ
ਕਛੂ ਕੁੰਮਿਆਂ ਦੇ ਵਾਂਗ ਅੱਜ ਢਾਲਾਂ, ਸੋਹਣਾ ਆਪਣਾ ਰੂਪ ਬਣਾਵਣਾ ਏਂ
ਅੱਜ ਸੂਰਿਓ ਭੇਟ ਭਗੌਤੀਆਂ ਦੀ, ਕਈਆਂ ਰਾਜਿਆਂ ਤਾਈਂ ਚੜ੍ਹਾਵਣਾ ਏਂ
ਅਸਾਂ ਅੱਜ ਕਟਾਰੀਆਂ ਬਰਛੀਆਂ ਨੂੰ, ਸਿੱਖੋ! ਜ਼ੁਲਮ ਦਾ ਲਹੂ ਪਿਲਾਵਣਾ ਏਂ
ਸਾਡੇ ਸਿੱਖ ਨਾ ਕਿਸੇ ਤੋਂ ਡਰਨ ਵਾਲੇ, ਅਸਾਂ ਅੱਜ ਤੋਂ ਭੇਦ ਸਮਝਾਵਣਾ ਏਂ
ਸਾਡੇ ਰਾਹ ਅੰਦਰ ਰੋੜਾ ਜੋ ਹੋਇਆ, ਤਿੱਖੀ ਤੇਗ਼ ਦੇ ਨਾਲ ਹਟਾਵਣਾ ਏਂ
ਜਿਹੜਾ ਸ਼ਰਨ ਆਊ ਖੁੱਲ੍ਹਾ ਦਰ ਸਾਡਾ, ਅਸਾਂ ਓਸ ਨੂੰ ਗਲੇ ਲਗਾਵਣਾ ਏਂ
'ਤੀਰ' ਅੱਜ ਮੈਦਾਨ ਵਿਚ ਹੱਥ ਦੱਸੇ, ਸੱਚਾ ਸਤਿਗੁਰੂ ਜਿਨ੍ਹੇ ਰੀਝਾਵਣਾ ਏਂ

### *ਸਿਦਕਵਾਨ ਸਿੱਖਾਂ ਵਿਚ ਉਤਸ਼ਾਹ (ਵੱਲੋਂ ਕਵੀ)*

ਜਾਣੀਜਾਣ ਜੀ ਦਾ ਸੁਣ ਕੇ ਹੁਕਮਨਾਮਾ, ਸਿਦਕਵਾਨ ਸਭ ਖ਼ੁਸ਼ੀ ਮਨਾਣ ਲੱਗੇ
ਬੀਰ-ਰੱਸ ਅੰਦਰ ਆਏ ਬੀਰ ਯੋਧੇ, ਲਹੂ ਜੋਸ਼ ਅੰਦਰ ਗੇੜੇ ਖਾਣ ਲੱਗੇ
ਲਾਲੋ ਲਾਲ ਹੋ ਕੇ ਚਿਹਰੇ ਭੱਖ ਉੱਠੇ, ਡੌਲੇ ਫ਼ਰਕ ਪਏ ਜ਼ੋਰ ਜਤਾਣ ਲੱਗੇ
ਵਾਰ ਸਹਿਣ ਖ਼ਾਤਰ ਹੋਈ ਹਿੱਕ ਚੌੜੀ, ਨੈਣ ਲਾਲ ਅੰਗਾਰ ਉਡਾਣ ਲੱਗੇ
ਦਿਲਾਂ ਵਿਚ ਉਤਸ਼ਾਹ ਦੀ ਲਹਿਰ ਦੌੜੀ, ਸੂਰਬੀਰ ਹਥਿਆਰ ਸਜਾਣ ਲੱਗੇ
ਤੇਗ਼ਾਂ, ਗਾਤਰੇ ਖ਼ੂਬ ਲਟਕਾਣ ਲੱਗੇ, ਤਨੋਂ ਮਨੋਂ ਸਤਿਗੁਰੂ ਧਿਆਣ ਲੱਗੇ
ਸੱਜ ਵੱਜ ਕੇ ਖ਼ੂਬ ਤਿਆਰ ਹੋ ਕੇ, ਆ ਆ ਗੁਰਾਂ ਨੂੰ ਸੀਸ ਨਿਵਾਣ ਲੱਗੇ
'ਤੀਰ' ਸੂਰਿਆਂ ਨੂੰ ਸਨਧਬੱਧ ਤੱਕ ਕੇ, ਏਦਾਂ ਸ੍ਰੀ ਦਸਮੇਸ਼ ਫ਼ੁਰਮਾਣ ਲੱਗੇ

### *ਮਹਾਰਾਜ ਨੇ ਆਪਣਿਆਂ ਸੂਰਮਿਆਂ ਨੂੰ ਸਲਾਹੁਣਾ*

ਵੇਖੋ ਸੂਰਮਾ ਬੀਰ ਸ਼ਾਹ-ਜ਼ੋਰ ਸਾਡਾ, ਅੱਜ ਆਪਣਾ ਜ਼ੋਰ ਵਿਖਾਇਗਾ ਜੇ
ਏਸ ਸ਼ੇਰਨੀ ਦੀ ਦੁਧ-ਧਾਰ ਪੀਤੀ, ਬਾਈਧਾਰ ਦਾ ਮੂੰਹ ਭਵਾਇਗਾ ਜੇ
ਏਸ ਬੀਰ ਦਾ ਬਿੱਜਲੀ ਭਰੇ ਪਾਣੀ, ਖ਼ੂਬ ਆਪਣੀ ਤੇਗ਼ ਚਮਕਾਇਗਾ ਜੇ
'ਤੀਰ' ਆਪਣੇ ਨੂੰ ਵੇਖ ਵੇਖ ਆਖਣ, ਛੇਕ ਵੈਰੀਆਂ ਦੀ ਹਿੱਕੇ ਪਾਇਗਾ ਜੇ

### ਪਠਾਣਾਂ ਦੀ ਗ਼ਦਾਰੀ (ਵੱਲੋਂ ਕਵੀ)

ਜਦੋਂ ਜੰਗ ਦੇ ਸਾਹਮਣੇ ਰੰਗ ਵੇਖੇ, ਧੋਖਾ ਦੇਣ ਗ਼ੱਦਾਰ ਪਠਾਣ ਲੱਗੇ
ਵੇਲੇ ਲੋੜ ਦੇ ਛੁੱਟੀਆਂ ਲੈਣ ਲੱਗੇ, ਪੱਜ ਨਵੇਂ ਤੋਂ ਨਵੇਂ ਬਣਾਣ ਲੱਗੇ
ਕਿਸੇ ਪੁੱਤ ਦਾ ਕਿਹਾ ਨਕਾਹ ਹੋਣਾ, ਕੰਨੀ ਲੁੱਕ ਕੇ ਕਈ ਕਤਰਾਣ ਲੱਗੇ
ਕਿਸੇ ਹੋਈ ਸੰਬੰਧੀ ਦੀ ਮੌਤ ਦੱਸੀ, ਬਿਨਾਂ ਮੌਤ ਦੇ ਜਾਨ ਗਵਾਣ ਲੱਗੇ
ਕਿਸੇ ਆਖਿਆ ਪੈ ਗਿਆ ਕੰਮ ਡਾਢਾ, ਕਈ ਹੋਰ ਕੁਝ ਹੋਰ ਸੁਣਾਣ ਲੱਗੇ
ਤਲਬ ਤਰੇ ਸਾਡੀ ਲੇਖਾ ਸਾਫ ਹੋਵੇ, ਕਈ ਆਖਦੇ ਅਸੀਂ ਹਾਂ ਜਾਣ ਲੱਗੇ
ਜਿਵੇਂ ਦਾਅ ਲੱਗੇ ਕਰਨ ਖਿਸਕਣੇ ਦੀ, ਡਰੇ ਜੰਗ ਤੋਂ ਜਾਨ ਬਚਾਣ ਲੱਗੇ
'ਤੀਰ' ਵੇਖ ਕੇ ਦਿਲੋਂ ਪਠਾਣ ਡੋਲੇ, ਏਦਾਂ ਸ੍ਰੀ ਦਸਮੇਸ਼ ਸਮਝਾਣ ਲੱਗੇ

### ਮਹਾਰਾਜ ਨੇ ਪਠਾਣਾਂ ਨੂੰ ਸਮਝਾਣਾ

ਜਿਸ ਲੋੜ ਖ਼ਾਤਰ ਤੁਸੀਂ ਹੋਏ ਭਰਤੀ, ਜਿਸ ਲੋੜ ਨੂੰ ਮੈਂ ਤਲਬਾਂ ਤਾਰੀਆਂ ਨੇ
ਜਿਸ ਸਮੇਂ ਖ਼ਾਤਰ ਕੀਤਾ ਖ਼ਰਚ ਸਾਰਾ, ਰਕਮਾਂ ਜਿਹਦੇ ਲਈ ਖ਼ਰਚੀਆਂ ਭਾਰੀਆਂ ਨੇ
ਉਹੋ ਸਮਾਂ ਹੈ ਜਦੋਂ ਨਜ਼ਦੀਕ ਪੁੱਜਾ, ਤੁਸਾਂ ਹੋਰ ਕਾਹਨੂੰ ਨੀਤਾਂ ਧਾਰੀਆਂ ਨੇ
ਅਜੇ ਨਹੀਂ ਨਗਾਰੇ 'ਤੇ ਚੋਟ ਲੱਗੀ, ਨਾ ਹੀ ਚੱਲੀਆਂ ਤੇਜ਼ ਕਟਾਰੀਆਂ ਨੇ
ਡਿੱਠਾ ਰਣ ਮੈਦਾਨ ਦਾ ਮੂੰਹ ਨਾਹੀਂ, ਤੁਸਾਂ ਗਾਜ਼ੀਓ ਹਿੰਮਤਾਂ ਹਾਰੀਆਂ ਨੇ
ਜੇਕਰ ਏਤਨਾ ਹੀ ਵਿੱਚੋਂ ਹੌਸਲਾ ਸੀ, ਡੀਂਗਾਂ ਕਾਸਨੂੰ ਖਾਨ ਜੀ ਮਾਰੀਆਂ ਨੇ
ਅੱਜ ਵੇਖ ਤਿਆਰੀਆਂ ਜੰਗ ਦੀਆਂ, ਤੁਸਾਂ ਕੀਤੀਆਂ ਕੂਚ ਤਿਆਰੀਆਂ ਨੇ
'ਤੀਰ' ਮਰਦ ਮੈਦਾਨ ਦੇ ਹੋਣ ਜਿਹੜੇ, ਕਰਦੇ ਮੂਲ ਨਾ ਓਹ ਗ਼ੱਦਾਰੀਆਂ ਨੇ

### ਦਿਲ ਦੇ ਖੋਟੇ ਪਠਾਣ

ਮੰਨੇ ਗੱਲ ਪਠਾਣ ਨਾ ਗੁਰੂ ਜੀ ਦੀ, ਅਸਲ ਵਿਚ ਉਹ ਦਿਲੋਂ ਸੀ ਚਾਲ ਉੱਤੇ
ਗੰਢ ਲਈ ਸੀ ਨਾਲ ਪਹਾੜੀਆਂ ਦੇ, ਉਨ੍ਹਾਂ ਆਣ ਕੇ ਏਸ ਖ਼ਿਆਲ ਉੱਤੇ
ਗੁਰੂ ਕੋਲ ਨਾ ਫ਼ੌਜ ਲੜਾਕਿਆਂ ਦੀ, ਕੀ ਵਸਾਹ ਹੈ ਸਾਧਾਂ ਦੀ ਘਾਲ ਉੱਤੇ
ਇਹ ਕੜਾਹ-ਖਾਣੇ ਕਦੋਂ ਜਾਣਦੇ ਨੇ, ਤੇਗ ਕਿਵੇਂ ਹੈ ਖੜਕਦੀ ਢਾਲ ਉੱਤੇ
ਹੋਈਆਂ 'ਕੱਠੀਆਂ ਸਭ ਕਮੀਨ-ਜਾਤਾਂ, ਖਾਣ ਪੀਣ ਦੇ ਪੱਜ ਪਲਾਲ ਉੱਤੇ
ਅਸੀਂ ਜਿਉਂ ਹੀ ਵੇਖਿਆ ਸਮਾਂ ਚੰਗਾ, ਟੁੱਟ ਪਵਾਂਗੇ ਗੁਰੂ ਦੇ ਮਾਲ ਉੱਤੇ
ਕਾਲੇ ਖਾਂ ਨੇ ਬੜੀ ਹੀ ਮਤ ਦਿੱਤੀ, ਰੱਬੀ ਮਿਹਰ ਹੈ ਨਿਮਕ-ਹਲਾਲ ਉੱਤੇ
ਜਿਹਦਾ ਲੂਣ ਖਾਧਾ ਲੜੋ ਓਸ ਖ਼ਾਤਰ, ਦਗ਼ਾ ਦਿਓ ਨਾ ਏਸ ਸਵਾਲ ਉੱਤੇ
ਐਪਰ ਕਿਸੇ ਵੀ ਓਸਦੀ ਸੁਣੀ ਨਾਹੀਂ, ਨੱਚੀ ਗਏ ਗ਼ੱਦਾਰੀ ਦੇ ਤਾਲ ਉੱਤੇ
'ਤੀਰ' ਜਿੰਦ ਬਚਾਣ ਲਈ ਚਾਲ ਖੇਡੀ, ਡਿੱਠਾ ਕਿਸੇ ਨਾ ਕੂਕਦਾ ਕਾਲ ਉੱਤੇ

## ਪਠਾਣ ਚਲੇ ਗਏ (ਵੱਲੋਂ ਕਵੀ)

ਚਲੇ ਗਏ ਪਠਾਣ ਗ਼ੱਦਾਰ ਬਣ ਕੇ, ਰਲੇ ਜਾ ਜਾ ਨਾਲ ਪਹਾੜੀਆਂ ਦੇ
ਜੋ ਅੰਗੂਰ ਸੀ ਦੱਸਦੇ ਆਪ ਤਾਈਂ, ਅੰਤ ਨਿਕਲੇ ਉਹ ਬੇਰ ਝਾੜੀਆਂ ਦੇ
ਬਾਂਸ ਰਲੇ ਜਾ ਕੇ ਬਾਂਸਾਂ ਵਿਚ ਵੇਖੋ, ਹੁੰਦੇ ਕਿਵੇਂ ਮੇਲੀ ਚੰਦਨ-ਵਾੜੀਆਂ ਦੇ
'ਤੀਰ' ਭੋਗਣੇ ਥੋੜ੍ਹਿਆਂ ਦਿਨਾਂ ਪਿਛੋਂ, ਫੱਲ ਮੂਰਖਾਂ ਨੇ ਨੀਤਾਂ ਮਾੜੀਆਂ ਦੇ

## ਸੱਯਦ ਬੁਧੂ ਸ਼ਾਹ ਮੈਦਾਨੇ ਜੰਗ ਵਿਚ (ਵੱਲੋਂ ਕਵੀ)

ਬਾਈਧਾਰ ਦਸਮੇਸ਼ 'ਤੇ ਚੜ੍ਹ ਆਈ, ਬੁਧੂ ਸ਼ਾਹ ਨੇ ਸੁਣੀ ਜਾਂ ਗੱਲ ਭਾਈਓ
ਸੱਦ ਸੱਦ ਕੇ ਆਪਣੇ ਸਾਦਕਾਂ ਨੂੰ, ਉਹਨੇ ਇੱਕ ਬਣਾ ਲਿਆ ਦੱਲ ਭਾਈਓ
ਲੱਗਾ ਕਹਿਣ ਮੁਰੀਦਾਂ ਨੂੰ ਉਸੇ ਵੇਲੇ, ਤੁਸੀਂ ਰਤਾ ਵੇਖੋ ਮੇਰੇ ਵੱਲ ਭਾਈਓ
ਆਵੇ ਦੁੱਖ ਖ਼ੁਦਾ ਦੇ ਸਾਦਕਾਂ 'ਤੇ, ਬੁਧੂ ਸ਼ਾਹ ਨਹੀਂ ਸੱਕਦਾ ਝੱਲ ਭਾਈਓ
ਗੁਰੂ 'ਬਾਜ ਵਾਲਾ' ਜਿੰਦ ਜਾਨ ਮੇਰੀ, ਮੇਰੀ ਰੂਹ ਅੰਦਰ ਗਿਆ ਰੱਲ ਭਾਈਓ
ਉਹਦੇ ਨਾਲ ਲੜਾਈ ਦਾ ਮੁੱਢ ਬੱਝਾ, ਤੇਗ਼ ਖੜਕਣੀ ਅੱਜ ਜਾਂ ਕੱਲ੍ਹ ਭਾਈਓ
ਚੱਲੋ ਓਸ ਤੋਂ ਜਿੰਦ ਕੁਰਬਾਨ ਕਰੀਏ, ਪ੍ਰੀਤ ਪਾਲੀਏ ਓਸ ਥਾਂ ਚੱਲ ਭਾਈਓ
'ਤੀਰ' ਸਾਰਿਆਂ ਅਸਾਂ ਦਾ ਰੱਬ ਰਾਖਾ, ਉਹੋ ਕਰੇਗਾ ਮੁਸ਼ਕਲਾਂ ਹੱਲ ਭਾਈਓ

## ਬੁਧੂ ਸ਼ਾਹ ਸਤਿਗੁਰਾਂ ਦੀ ਹਜ਼ੂਰੀ ਵਿਚ (ਵੱਲੋਂ ਕਵੀ)

ਬੁਧੂ ਸ਼ਾਹ ਮੁਰੀਦਾਂ ਦੀ ਫ਼ੌਜ ਲੈ ਕੇ, ਝੱਟ ਪਾਸ ਦਸਮੇਸ਼ ਦੇ ਆਇਆ ਏ
ਦੋਵੇਂ ਅੱਖੀਆਂ ਠਾਰੀਆਂ ਦੀਦ ਕਰਕੇ, ਨਾਲ ਪ੍ਰੇਮ ਦੇ ਸੀਸ ਨਿਵਾਇਆ ਏ
ਜਦੋਂ ਸੁਣੀ ਪਠਾਣਾਂ ਨੇ ਕੜ੍ਹੀ ਘੋਲੀ, ਵਿੱਚ ਦਿੱਲ ਦੇ ਬੜਾ ਸ਼ਰਮਾਇਆ ਏ
ਕਿਹਾ ਓਸ ਨੇ 'ਲੂਣ ਹਰਾਮ ਨਿਕਲੇ, ਜਿਨ੍ਹਾਂ ਰੱਜ ਧਰੋਹ ਕਮਾਇਆ ਏ
ਏਦਾਂ ਖਿਸਕ ਜਾਣਾ ਚੰਗਾ ਕੰਮ ਨਾਹੀਂ, ਉਹਨਾਂ ਆਪਣਾ ਮਾਣ ਘਟਾਇਆ ਏ
ਰੱਲੇ ਸਾਡਿਆਂ ਵੈਰੀਆਂ ਨਾਲ ਜਾ ਕੇ, ਵੈਰੀ ਗੁਰਾਂ ਦਾ ਉਨ੍ਹਾਂ ਨੂੰ ਭਾਇਆ ਏ
ਕੀਤੀ ਭੁੱਲ ਮੈਂ ਉਨ੍ਹਾਂ ਦੀ ਭਰੀ ਹਾਮੀ, ਜਾਣੀ ਜਾਣ ਦਾ ਧਨ ਗਵਾਇਆ ਏ'
'ਤੀਰ' ਲੱਥਣਾ ਨਹੀਂ ਉਹ ਮਰਨ ਤੋੜੀ, ਧੱਬਾ ਜਿਹੜਾ ਪਠਾਣਾਂ ਨੇ ਲਾਇਆ ਏ

## ਗ਼ੱਦਾਰ ਪਠਾਣਾਂ ਦੀਆਂ ਫੜ੍ਹਾਂ

ਮਿਲੇ ਵੈਰੀਆਂ ਨਾਲ ਵਸਾਹ-ਘਾਤੀ, ਲੱਗੇ ਕਹਿਣ ਕਿ ਆਪ ਨੂੰ ਸਾਰ ਨਾਹੀਂ
ਗੁਰੂ ਐਸ ਵੇਲੇ ਸੌਖਾ ਜਿੱਤ ਲੈਣਾ, ਕੋਲ ਓਸਦੇ ਫ਼ੌਜ ਹਥਿਆਰ ਨਾਹੀਂ
ਅਸੀਂ ਟੁਰ ਆਏ ਲੜਨ-ਮਰਨ ਵਾਲੇ, ਬਾਕੀ ਹੈਣ ਜੋ, ਕਿਸੇ ਵੀ ਕਾਰ ਨਾਹੀਂ
'ਕੱਠੇ ਹੈਣ ਉਹ ਸਭ ਕਮੀਨ ਕਾਦੂ, ਫੜੀ ਜਿਨ੍ਹਾਂ ਨੇ ਕਦੇ ਤਲਵਾਰ ਨਾਹੀਂ

ਨਿਰਾ ਜਾਣਦੇ ਹੈਨ ਕੜਾਹ ਖਾਣਾ, ਚੁੱਕ ਸੱਕਦੇ ਢਿੱਡ ਦਾ ਭਾਰ ਨਾਹੀਂ
ਉਨ੍ਹਾਂ ਭਲਾ ਕੀ ਜੰਗ ਮਚਾਵਣਾ ਏਂ, ਚੱਲ ਸਕਦੇ ਜੋ ਕਦਮ ਚਾਰ ਨਾਹੀਂ
ਅਸੀਂ ਲੜਾਂਗੇ ਆਪ ਦੇ ਨਾਲ ਹੋ ਕੇ, ਤੁਸੀਂ ਕਦੇ ਵੀ ਸੱਕਦੇ ਹਾਰ ਨਾਹੀਂ
ਮਾਫ਼ ਲੁੱਟ ਲੁੱਟੀ ਹੋਵੇ ਗਾਜ਼ੀਆਂ ਨੂੰ, 'ਤੀਰ' ਕੁੱਝ ਵੀ ਹੋਰ ਦਰਕਾਰ ਨਾਹੀਂ

### ਰਾਜਿਆਂ ਨੂੰ ਹੋਰ ਖ਼ੁਸ਼ੀਆਂ (ਵੱਲੋਂ ਕਵੀ)

ਬੜੀ ਖ਼ੁਸ਼ੀ ਮਨਾਈ ਪਹਾੜੀਆਂ ਨੇ, ਕਿ ਪਠਾਣ ਵੀ ਨੇ ਸਾਡੇ ਨਾਲ ਹੋਏ
ਵਾਛਾਂ ਖੁੱਲ੍ਹੀਆਂ ਆਣ ਕੇ ਖ਼ੁਸ਼ੀ ਅੰਦਰ, ਖ਼ੂਬ ਚਿਹਰਿਆਂ ਦੇ ਰੰਗ ਲਾਲ ਹੋਏ
ਲੋਹਾ ਲੈਣਗੇ ਗੁਰਾਂ ਦੇ ਨਾਲ ਚੰਗਾ, ਅਸੀਂ ਤੇਗ਼ ਹੋਏ ਤੇ ਇਹ ਢਾਲ ਹੋਏ
ਐਪਰ ਓਸਦਾ ਹੋਇ ਨਾ ਵਾਲ ਵਿੰਗਾ, ਰਾਖਾ ਜਿੱਸਦਾ 'ਤੀਰ' ਅਕਾਲ ਹੋਏ

### ਵੱਲੋਂ ਕਵੀ

ਇਧਰ ਸ੍ਰੀ ਦਸਮੇਸ਼ ਦੇ ਬੀਰ ਯੋਧੇ, ਜੰਗ ਲਈ ਤਿਆਰੀਆਂ ਕਰਨ ਲੱਗੇ
ਐਪਰ ਮੌਤ ਪੈ ਗਈ ਉਦਾਸੀਆਂ ਨੂੰ, ਨਾਮ ਜੰਗ ਦਾ ਸੁਣ ਕੇ ਮਰਨ ਲੱਗੇ
ਮਾਰੇ ਜਾਵਣਾ ਭੰਗ ਦੇ ਭਾ ਐਵੇਂ, ਗੱਲਾਂ ਕਰ ਕਰ ਕੇ ਵਿਚੋਂ ਡਰਨ ਲੱਗੇ
'ਤੀਰ' ਖਾਣ ਦੇ ਜੋ ਸੀ ਨਿਰੇ ਪੇਟੂ, ਝੂਰ ਝੂਰ ਲੰਮੇ ਹੌਕੇ ਭਰਨ ਲੱਗੇ

### ਉਦਾਸੀ ਵੀ ਰਾਤ ਨੂੰ ਹਰਨ ਹੋ ਗਏ

ਸਹਿਮੇ ਹੋਏ ਉਦਾਸੀਆਂ ਸੋਚ ਕੀਤੀ, ਭਾੜੇ ਭੰਗ ਦੇ ਮੂਲ ਨਹੀਂ ਮਰਨ ਹੋਣਾ
ਪਿਆ ਮਾਰਦਾ ਮੌਤ-ਦਰਿਆ ਠਾਠਾਂ, ਸਾਥੋਂ ਮੂਲ ਨਾ ਸੱਜਣੋਂ ਤਰਨ ਹੋਣਾ
ਸਾਡਾ ਕੰਮ ਸਮਾਧੀਆਂ ਲਾਵਣੇ ਦਾ, ਤੇਗ਼ ਹੱਥ ਲੈ ਜੰਗ ਨਹੀਂ ਕਰਨ ਹੋਣਾ
'ਤੀਰ' ਅੱਖ ਬਚਾ ਕੇ ਚਾਹੀਦਾ ਏ, ਰਾਤੋ ਰਾਤ ਹੀ ਪੌਂਟਿਓਂ ਹਰਨ ਹੋਣਾ

### ਇਕੋ ਕਿਰਪਾਲ ਚੰਦ ਉਦਾਸੀ ਰਹਿ ਗਿਆ (ਵੱਲੋਂ ਕਵੀ)

ਸਾਰੇ ਨੱਠ ਗਏ ਮੌਤ ਦਾ ਭੈ ਖਾ ਕੇ, ਇੱਕ ਸਤਿਗੁਰਾਂ ਦਾ ਅੰਗ ਪਾਲ ਰਿਹਾ
ਟੁੱਟੇ ਸਤਿਗੁਰਾਂ ਤੋਂ ਮੇਰੀ ਪ੍ਰੀਤ ਨਾਹੀਂ, ਏਸ ਗੱਲ ਦਾ ਉਹਨੂੰ ਖ਼ਿਆਲ ਰਿਹਾ
ਕੀਤਾ ਲੂਣ ਹਰਾਮ ਨਾ ਲੋੜ ਵੇਲੇ, ਸਗੋਂ ਹੋ ਕੇ ਨਿਮਕ-ਹਲਾਲ ਰਿਹਾ
'ਤੀਰ' ਗੁਰੂ ਦੇ ਨਾਲ 'ਕਿਰਪਾਲ' ਰਿਹਾ, ਗੁਰੂ ਓਸ ਤੇ ਸਦਾ ਕਿਰਪਾਲ ਰਿਹਾ

### ਹਜ਼ੂਰ ਦੇ ਵਾਕ

ਤੜਕੇ ਜਦੋਂ ਮਹਾਰਾਜ ਨੂੰ ਪਤਾ ਲੱਗਾ, ਕਿ ਉਦਾਸੀਆਂ ਘੋਲਣਾ ਘੋਲਿਆ ਏ
ਜਿਹੜੇ ਜੱਗ ਨੂੰ ਮਿਥਿਆ ਦੱਸਦੇ ਸੀ, ਰਾਤੀਂ ਉਨ੍ਹਾਂ ਦਾ ਚਿੱਤ ਵੀ ਡੋਲਿਆ ਏ

ਨੱਠੇ ਮੌਤ ਤੋਂ ਲੱਗੀਆਂ ਤੋੜ ਗਏ ਨੇ, ਉਨ੍ਹਾਂ ਵੱਖਰਾ ਹੀ ਰਾਹ ਟੋਲਿਆ ਏ
ਰਿਹਾ ਇੱਕ ਕਿਰਪਾਲ ਦਲੇਰ ਸਾਧੂ, ਪੂਰਾ ਉਹਨੇ ਪ੍ਰੇਮ ਨੂੰ ਤੋਲਿਆ ਏ
ਦਿਲੋਂ ਮੌਤ ਤੋਂ ਰਿਹਾ ਅਭੈ ਹੋ ਕੇ, ਉਹਨੇ ਸਿਦਕ ਨਾ ਆਪਣਾ ਰੋਲਿਆ ਏ
'ਤੀਰ' ਬੱਚੀ ਏ ਜੜ੍ਹ ਉਦਾਸੀਆਂ ਦੀ, ਮੂੰਹੋਂ ਬੋਲ ਦਾਤਾਰ ਨੇ ਬੋਲਿਆ ਏ

### ਸਤਿਗੁਰਾਂ ਨੇ ਕਾਲੇ ਖਾਂ ਨੂੰ ਹੁਕਮ ਦੇਣਾ

ਕਾਲੇ ਖਾਂ ਨੂੰ ਵੀ ਕਿਹਾ ਸਤਿਗੁਰਾਂ ਨੇ, ਤੂੰ ਵੀ ਵੱਲ ਭਰਾਵਾਂ ਦੇ ਜਾਹ ਖਾਨਾ
ਪੰਜ ਸੌ ਜਿਧਰ, ਓਧਰ ਚੱਲ ਤੂੰ ਵੀ, ਸਾਂਝ ਤੋੜ ਨਾ ਖਾਹ ਮਖਾਹ ਖਾਨਾ
ਅਸੀਂ ਆਪਣੀ ਬਣੀ ਨਜਿੱਠ ਲਾਂਗੇ, ਤੂੰ ਵੀ ਉੱਠ ਤੇ ਪੈ ਜਾ ਰਾਹ ਖਾਨਾ
'ਤੀਰ' ਕੜ੍ਹੀ ਘੋਲੀ ਤੇਰੇ ਸਾਥੀਆਂ ਨੇ, ਤੇਰਾ ਕੀ ਏ ਫੇਰ ਵਸਾਹ ਖਾਨਾ

### ਭੰਗਾਣੀ ਵਿਚ ਮੋਰਚੇ ਕਾਇਮ ਕੀਤੇ ਗਏ (ਵੱਲੋਂ ਕਵੀ)

ਗੁਰਾਂ ਨਗਰ ਭੰਗਾਣੀ ਦੀ ਚੋਣ ਕੀਤੀ, ਉਥੇ ਮੋਰਚੇ ਖ਼ੂਬ ਲਗਾ ਦਿੱਤੇ
ਜੋਧੇ ਸੂਰਮੇ ਸਿੱਖ ਸਿਰਲੱਥ ਸਿਦਕੀ, ਜੰਗ ਵਾਸਤੇ ਝੱਟ ਬਿਠਾ ਦਿੱਤੇ
ਕਿਵੇਂ ਸਿੱਝਣਾ ਨਾਲ ਪਹਾੜੀਆਂ ਦੇ, ਸਾਰੇ ਜੰਗ ਦੇ ਭੇਦ ਸਮਝਾ ਦਿੱਤੇ
ਦਾਰੂ ਸਿੱਕਾ ਹਥਿਆਰ ਖੁਰਾਕ ਕਾਫੀ, ਝੱਟ ਮੋਰਚੇ ਉੱਤੇ ਪੁਚਾ ਦਿੱਤੇ
ਜੱਥੇ ਗਏ ਵੰਡੇ, ਸੋਹਣੀ ਵੰਡ ਹੋਈ, ਜੱਥੇਦਾਰ ਹੁਸ਼ਿਆਰ ਬਣਾ ਦਿੱਤੇ
'ਤੀਰ' ਤੇਗ਼ ਦੀ ਵੰਡਣੇ ਲਈ ਭਾਜੀ, ਦਾਤੇ ਜੋਸ਼ ਦੇ ਅਮਲ ਚੜ੍ਹਾ ਦਿੱਤੇ

# ਯੁੱਧ ਭੰਗਾਣੀ ਦੀ ਵਾਰ

ਦੋਹਿਰਾ—ਰੋਹ ਵਿਚ ਰੰਗੀ ਆ ਗਈ, ਚੜ੍ਹ ਕੇ ਬਾਈਧਾਰ।
'ਤੀਰ' ਤੇਗ਼ ਦੇ ਹੋਣਗੇ, ਇਕ ਦੂਜੇ 'ਤੇ ਵਾਰ।

ਬੈਂਤ—ਵੇਖੋ ਚੜ੍ਹੇ ਪਹਾੜੀਏ ਮਾਨ ਮੱਤੇ, ਵੈਰ ਨਾਲ ਨਿਰਵੈਰ ਦੇ ਧਾਰ ਨਿਕਲੇ
ਕਟਾ ਵੱਢ ਦਾ ਗਰਮ ਬਜ਼ਾਰ ਹੋਸੀ, ਰੱਤ ਚੱਟਣੇ ਲਈ ਹਥਿਆਰ ਨਿਕਲੇ
ਆਮ੍ਹੋ-ਸਾਮ੍ਹਣੇ ਜੁੱਟੀਆਂ ਆਣ ਫ਼ੌਜਾਂ, ਪਈ ਰੱਤ ਵਿੱਚੋਂ ਦਿਲੀ ਖ਼ਾਰ ਨਿਕਲੇ
'ਤੀਰ' ਸ੍ਰੀ ਦਸਮੇਸ਼ ਦੇ ਵਾਂਙ ਨਾਗਾਂ, ਜਾਣ ਸ਼ੂਕਦੇ-ਸ਼ੂਕਦੇ ਪਾਰ ਨਿਕਲੇ

ਪਉੜੀ— ਜਾਂ ਘੁਰਿਆ ਵਿੱਚ ਮੈਦਾਨ ਦੇ, ਰਣਜੀਤ ਨਗਾਰਾ।
ਤਦ ਗੂੰਜੀ ਉਸ ਦੇ ਨਾਲ ਹੀ, ਪਰਬਤ ਦੀ ਧਾਰਾ।
ਕਰ ਝਮ-ਝਮ ਤੇਗ਼ਾਂ ਨਿਕਲੀਆਂ, ਕੈਸਾ ਲਿਸ਼ਕਾਰਾ।
ਜਿਉਂ ਡੁੱਲ੍ਹਾ ਹੋਇਆ ਤੜਫ਼ਦਾ, ਥਾਲੀ ਵਿਚ ਪਾਰਾ।
ਜਿਉਂ ਟੁੱਟਾ ਕਾਲੀ ਰਾਤ ਨੂੰ, ਅਸਮਾਨੋਂ ਤਾਰਾ।
ਛਣ ਛਣ ਛਣ ਢਾਲਾਂ ਛਣਕੀਆਂ, ਕਰ ਸ਼ੋਰ ਕਰਾਰਾ।
ਜਿਉਂ ਨਾਚੇ ਪੈਰੀਂ ਘੁੰਘਰੂ, ਛਣ ਛਣ ਛਣਕਾਰਾ।
ਜਿਉਂ ਕੱਢ ਰੁਪਈਏ ਪਰਖਦਾ, ਚਾਤਰ ਵਣਜਾਰਾ।
ਉਥੇ ਪਾਣੀ ਡੁੱਲ੍ਹਾ ਰੱਤ ਦਾ, ਮਿੱਝ ਬਣ ਗਈ ਗਾਰਾ।
ਲਓ ਉੱਸਰਨ ਲੱਗਾ ਮੌਤ ਦਾ, ਅਸਚਰਜ ਚੁਬਾਰਾ।

ਝਟ ਜਮਨਾ ਵੱਗੀ ਰੱਤ ਦੀ, ਦੱਲ ਲਹਿਰਾਂ ਮਾਰੇ।
ਵਿੱਚ ਲੋਥਾਂ ਮੱਛੀਆਂ ਤਰਦੀਆਂ, ਮਾਰਨ ਤੜਫ਼ਾਰੇ।

ਵਿੱਚ ਤੇਗਾਂ ਜਾਪਣ ਸਿੱਪੀਆਂ, ਵਾਹਵਾ ਲਿਸ਼ਕਾਰੇ।
ਵਿੱਚ ਢਾਲਾਂ ਕੱਛੂ ਕੁੰਮਿਆਂ, ਆ ਰੰਗ ਨਿਖਾਰੇ।
ਇਉਂ ਲੱਤਾਂ ਬਾਹਵਾਂ ਵੱਢੀਆਂ, ਰੁੜ੍ਹ ਖਾਣ ਹੁਲਾਰੇ।
ਜਿਉਂ ਹੜ੍ਹ ਵਿਚ ਆਵਣ ਲੱਕੜਾਂ, ਛੱਲ ਜ਼ੋਰ ਸਹਾਰੇ।
ਕਰ ਧੱੜ ਧੱੜ ਧੱੜ ਧੱੜ ਢੱਠਦੇ, ਜ਼ੋਰਾਵਰ ਭਾਰੇ।
ਜਿਉਂ ਨਾਲ ਭੁਚਾਲਾਂ ਡਿੱਗਦੇ, ਖਾ ਜ਼ਰਬ ਮੁਨਾਰੇ।
ਵਿੱਚ ਸਿਰੀਆਂ ਰੱਤ ਦੇ ਰੰਗੀਆਂ, ਇਉਂ ਦੇਣ ਨਜ਼ਾਰੇ।
ਜਿਉਂ ਰੱਕੜ ਭੋਂ 'ਤੇ ਮੁੰਡਿਆਂ, ਨਰੀਏਲ ਖਿਲਾਰੇ।

ਨਿੱਤ ਪੂਜੇ ਜਿਸ ਨੂੰ ਲੱਛਮੀ, ਉਹ ਪਾ ਕੇ ਜੋੜਾ।
ਚੰਦ ਸੂਰਜ ਜਿਸਨੂੰ ਨੀਂਵਦੇ, ਲਾ ਕਲਗੀ ਤੋੜਾ।
ਜੋ ਪਿੱਛੇ ਸੁੱਟਦਾ ਪੌਣ ਨੂੰ, ਉਹ ਲੈ ਕੇ ਘੋੜਾ।
ਨਾ ਜ਼ਹਿਰ ਜਿਹਦੇ ਵਿਚ ਬਾਸ਼ਕੋਂ, ਕਣ ਭਰ ਵੀ ਥੋੜ੍ਹਾ।
ਝੱਟ ਤੀਰ ਕਮਾਨੇ ਚਾੜ੍ਹ ਕੇ, ਉਹ ਉੱਡਣਾ ਲੋੜ੍ਹਾ।
ਰਣ ਲੱਥਾ ਸ੍ਰੀ ਗੋਬਿੰਦ ਸਿੰਘ, ਬਲਬੀਰ ਅਜੋੜਾ।
ਉਹ ਤੀਰ ਚਲਾਵੇ ਕਹਿਰ ਦੇ, ਨਾ ਪਾਵਣ ਮੋੜਾ।
ਉਹ ਦਾਹ-ਦਾਹ ਸੀਨੇ ਸੱਲਦੇ, ਲਾ ਜਾਂਦੇ ਦੋੜ੍ਹਾ।
ਇਉਂ ਹਿੱਕੋਂ ਚੱਲਣ ਧਾਰੀਆਂ, ਜਿਉਂ ਫਿੱਸਦਾ ਫੋੜਾ।
ਇਉਂ ਰਣ ਵਿਚ ਡਿੱਗਦੇ ਸੂਰਮੇ, ਜਿਉਂ ਕਿੱਕਰ-ਮੋੜ੍ਹਾ।

ਜਦ ਘੋੜੇ ਦਾ ਸੁੰਮ ਭੋਇੰ 'ਤੇ, ਵੱਜ ਵੱਜ ਕੇ ਖੜਕੇ।
ਤਦ ਹੇਠ ਪਤਾਲੇ ਧਉਲ ਦੀ, ਪਈ ਛਾਤੀ ਧੜਕੇ।
ਜਦ ਤੇਗ ਸ੍ਰੀ ਦਸਮੇਸ਼ ਦੀ, ਚਮਕੇ ਸਿਰ ਚੜ੍ਹ ਕੇ।
ਤਦ ਬਿਜਲੀ ਅੱਖਾਂ ਮੀਟਦੀ, ਬੱਦਲਾਂ ਵਿਚ ਵੜ ਕੇ।
ਜਦ ਤੀਰ-ਖੜੱਪਾ ਗੁਰੂ ਦਾ, ਲੰਘ ਜਾਵੇ ਲੜ ਕੇ।
ਤਦ ਸੂਰੇ ਸੌਂਦੇ ਮੌਤ ਦਾ, ਮਹਾਂ-ਮੰਤ੍ਰ ਪੜ੍ਹ ਕੇ।
ਇਉਂ ਹਿੱਕੇ ਕਾਨੀ ਤੀਰ ਦੀ, ਅਟਕੇ ਪਈ ਅੜ ਕੇ।
ਜਿਉਂ ਕਿੱਲੀ ਠੋਕੀ ਠੋਕਿਆਂ, ਕੰਧ ਦੇ ਵਿਚ ਘੜ ਕੇ।
ਜਿਉਂ ਫਨੀਅਰ ਚਾਹਵੇ ਬੈਠਣਾ, ਰੁੱਡ ਅੰਦਰ ਦੜ ਕੇ।
ਤਿਉਂ ਹਿੱਕਾਂ ਵਿੱਚੋਂ ਲੰਘਦਾ, ਅਣੀਆਲਾ ਸੜ ਕੇ।

ਹੈ ਸੰਗੋ ਸ਼ਾਹ ਸੈਨਾਪਤੀ, ਲੋਹ-ਬਖ਼ਤਰ ਜੜਿਆ।
ਉਸ ਮੰਤਰ ਗੁਰ ਦਸਮੇਸ਼ ਦਾ, ਚੜ੍ਹਦੇ ਨੇ ਪੜ੍ਹਿਆ।
ਉਸ ਖੰਡਾ ਖੋਹ ਕੇ ਕਾਲ ਦਾ, ਹੱਥ ਅੰਦਰ ਫੜਿਆ।
ਉਹ ਫੜ ਕੇ ਘੋੜੀ ਮੌਤ ਦੀ, ਝਟ ਉੱਪਰ ਚੜ੍ਹਿਆ।
ਉਹ ਅੱਖੋਂ ਅੱਗ ਉਗਲੱਛਦਾ, ਰਣ ਅੰਦਰ ਵੜਿਆ।
ਉਸ ਵਾਢੀ ਪਾਈ ਖੇਤ ਦੀ, ਲੋੜ੍ਹੇ ਦਾ ਲੜਿਆ।
ਉਸ ਧੜ 'ਤੇ ਧੜ ਚੜ੍ਹਾ ਦਿਤੇ, ਅੜਿਆ ਸੋ ਝੜਿਆ।
ਉਹਦੀ ਲੱਥੀ ਜਾਪੇ ਡੰਝ ਨਾ, ਰੱਤ ਮੰਗੇ ਸੜਿਆ।
ਉਹ ਵਾ-ਵਰੋਲਾ ਜਾਪਦਾ, ਨਾ ਰਹਿੰਦਾ ਅੜਿਆ।
ਉਸ ਮੋਹਲੇ ਬਾਈਧਾਰ ਨੂੰ, ਝੋਨੇ ਜਿਉਂ ਛੜਿਆ।

ਗੁਰ ਕਲਗੀਧਰ ਦੇ ਸੂਰਮੇਂ, ਭੱਟ, ਜੋਧੇ ਜੰਗੀ।
ਵਾਹ ਜੈਤਾ ਆਲਮ ਮਾਹਰੀ, ਜੁੱਧਾਂ ਦੇ ਢੰਗੀ।
ਸਿੱਖ ਭਾਈ ਊਧਾ ਤੇਗ਼ ਦੀ, ਗੱਤ ਸਮਝੇ ਚੰਗੀ।
ਫੜ ਲਾਲ ਚੰਦ ਭੁੜਕਾਂਵਦਾ, ਹੱਥ ਬਰਛੀ ਨੰਗੀ।
ਹੈ ਕੁਤਕ ਹੱਥ ਕਿਰਪਾਲ ਦੇ, ਚਾਹਵੇ, ਰਤ ਰੰਗੀ।
ਔਹ ਸਾਂਗੋਰਾਣਾ ਮਸਤਿਆ, ਜਿਉਂ ਅਮਲੀ ਭੰਗੀ।
ਪਰ ਨੇਜ਼ਾ ਗੰਗਾ ਰਾਮ ਦਾ, ਰੰਗ ਰੂਪ ਭੁਝੰਗੀ।
ਹੱਥ ਨਾਗਣ ਚੰਦਨ ਰਾਇ ਦੇ, ਜਿੰਦ ਜਾਵੇ ਡੰਗੀ।
ਹੈ ਲਾਲ ਚੰਦ ਬਲ ਵੀਰ ਵੀ, ਸਿੱਖਾਂ ਦਾ ਸੰਗੀ।
ਇਹ ਲਾੜੇ ਨੇ ਰਣਖੇਤ ਦੇ, ਜੰਵ ਚੜ੍ਹੀ ਨਿਹੰਗੀ।

ਕਹਿ ਜੈ ਦੇਵੀ ਜੈ ਦੇਵ ਦੀ, ਪਏ ਪਾਣ ਦੁਹਾਈ।
ਉਹ ਗੁੱਸੇਖੋਰ ਪਹਾੜੀਏ, ਜੁੱਟ ਪਏ ਲੜਾਈ।
ਜਦ ਆਵਣ ਪਾਲਾਂ ਬੰਨ੍ਹ ਕੇ, ਇਉਂ ਦੇਣ ਵਿਖਾਈ।
ਜਿਉਂ ਕਾਂਗ ਕਿਸੇ ਦਰਿਆ ਦੀ, ਅੱਜ ਚੜ੍ਹ ਕੇ ਆਈ।
ਉਨ੍ਹਾਂ ਰੋਹ ਵਿਚ ਰੰਗੀ ਆਪਣੀ, ਇਉਂ ਸ਼ਕਲ ਬਣਾਈ।
ਜਿਉਂ ਬੱਕਰੇ ਮਾਰਨ ਵਾਸਤੇ, ਦਿੱਸ ਪੈਣ ਕਸਾਈ।
ਪਰ ਜਿਉਂ ਈ ਉਹਨਾਂ ਆਪਣੀ, ਵਧ ਫ਼ੌਜ ਝੁਕਾਈ।
ਤਦ ਪੰਝੀ ਸੌ ਬੰਦੂਕ ਨੇ, ਅਗੋਂ ਤੱੜ ਲਾਈ।

ਉਹ ਮੋਹਰੀ ਪਹਿਲੀ ਪਾਲ ਦੀ, ਕਰ ਗਈ ਸਫ਼ਾਈ।
ਇਉਂ ਕਲਗੀਧਰ ਦੇ ਸੂਰਿਆਂ, ਗੱਲ ਰੱਖ ਵਿਖਾਈ।

ਫਿਰ ਦੋਵੇਂ ਈ ਦਲ ਟੱਕਰੇ, ਸਨਮੁੱਖ ਖਲੋ ਕੇ।
ਉਹ ਉੱਲੀ ਲਾਹੁਣ ਤੇਗ ਦੀ, ਰੱਤ ਅੰਦਰ ਧੋ ਕੇ।
ਉਹ ਹਿੱਕਾਂ ਦੇ ਵਿਚ ਠੋਕਦੇ, ਇਉਂ ਬਰਛੇ ਧੋ ਕੇ।
ਜਿਉਂ ਪੱਕੀ ਕੰਧ ਵਿਚ ਮਿਸਤ੍ਰੀ, ਕਿੱਲ ਸੀਖਾਂ ਠੋਕੇ।
ਉਹ ਵੱਢ-ਵੱਢ ਸੁੱਟਣ ਦਲਾਂ ਨੂੰ, ਇਉਂ ਰੋਕ-ਬਿਰੋਕੇ।
ਜਿਉਂ ਕੁਤਰਾ ਕਰਦੇ ਘਾਹ ਦਾ, ਜੱਟਾਂ ਦੇ ਟੋਕੇ।
ਉਹ ਹਿੱਕ ਵਿਚ ਬਰਛੇ ਮਾਰਦੇ, ਇਉਂ ਸਾਂਹਵੇਂ ਹੋ ਕੇ।
ਜਿਉਂ ਬਾਲਣ ਅੰਦਰ ਭੱਠ ਦੇ, ਭਠਿਆਰਾ ਝੋਕੇ।
ਉਹ ਇਕ ਦੂਜੇ ਨੂੰ ਮਿਲਦੇ, ਰੱਤ ਕੁੰਗੂ ਚੋ ਕੇ।
ਜਿਉਂ ਸਗਣ ਮਨਾਉਣ ਸਾਲੀਆਂ, ਜੀਜੇ ਨੂੰ ਮੋਹ ਕੇ।

ਜਦ ਗੁੱਸਾ ਖਾ ਪਹਾੜੀਏ, ਆਵਣ ਇਸ ਪਾਸੇ।
ਤਦ ਜੀ ਆਇਆਂ ਕਹਿ ਗੋਲੀਆਂ, ਲੱਖ ਦੇਣ ਦਿਲਾਸੇ।
ਕਈ ਸਿੱਰ ਧੜਾਂ ਤੋਂ ਉੱਤਰੇ, ਇਉਂ ਅੱਖ ਨੂੰ ਭਾਸੇ।
ਜਿਉਂ ਫੱਕਰਾਂ ਹੱਥੋਂ ਡਿੱਗ ਕੇ, ਪਏ ਮੂਧੇ ਕਾਸੇ।
ਪਏ ਖਿੱਲਰੇ ਟੇਪੇ ਲਹੂ ਦੇ, ਹਰ ਪਾਸੇ ਖਾਸੇ।
ਜਿਉਂ ਟੁੱਕ ਧਰੇ ਹਲਵਾਈਆਂ, ਅੱਜ ਲਾਲ ਪਤਾਸੇ।
ਜਦ ਚਮਕਣ ਤੇਗ਼ਾਂ ਟੁੱਟੀਆਂ, ਤੱਕ ਚਿੱਤ ਹੁਲਾਸੇ।
ਜਿਉਂ ਡਿੱਗੇ ਤਾਰੇ ਟੁੱਟ ਕੇ, ਨਾ ਰਹੇ ਅਕਾਸੇ।
ਧੜ ਤੜਫ਼ਣ ਅੰਦਰ ਬਖਤਰਾਂ, ਇਉਂ ਹੋ ਬਿਆਸੇ।
ਜਿਉਂ ਜਾਲਾਂ ਅੰਦਰ ਮੱਛ ਨੇ, ਬੇਵਸ ਅਜ ਫਾਸੇ।

ਜਦ ਡਿੱਠੀ ਗੱਲ ਪਹਾੜੀਆਂ, ਭੰਗ ਭਾੜੇ ਮਰਦੇ।
ਤਦ ਕਿਹਾ ਪਠਾਣੋਂ! ਵੱਧ ਕੇ, ਜੰਗ ਕਿਉਂ ਨਹੀਂ ਕਰਦੇ?
ਔਹ ਵੇਖੋ! ਸੱਥਰ ਕਿਸ ਤਰ੍ਹਾਂ, ਸਿੱਖ ਲਾਹ-ਲਾਹ ਧਰਦੇ।
ਔਹ ਵੇਖੋ! ਤੀਰ ਗੋਬਿੰਦ ਦੇ, ਮੱਛੀਆਂ ਜਿਉਂ ਤਰਦੇ।
ਔਹ ਵੇਖੋ! ਤੇਗ਼ਾਂ ਸੂਰਮੇਂ, ਹਿੱਕਾਂ 'ਤੇ ਜਰਦੇ।

ਔਹ ਵੇਖੋ! ਆਈਆਂ ਗੋਲੀਆਂ, ਔਹ ਮੀਂਹ ਪਏ ਵਰ੍ਹਦੇ।
ਤੁਸੀਂ ਬਹੁਤ ਫੜ੍ਹਾਂ ਸੀ ਮਾਰੀਆਂ, ਪਰ ਹੁਣ ਹੋ ਡਰਦੇ।
ਤੁਸੀਂ ਦੱਸਦੇ ਹੈਸੋ ਆਪ ਨੂੰ, ਤਾਰੂ ਇਸ ਸੱਰਦੇ।
ਪਰ ਅੱਜ ਲੁਕਾਵੋ ਜਿੰਦੜੀ, ਤਕ ਸਾਨੂੰ ਹਰਦੇ।
ਜੇ ਇਹ ਵਿੱਚੋਂ ਕਰਤੂਤ ਸੀ, ਨਾ ਹਾਮੀ ਭਰਦੇ।

ਜਦ ਬੋਲੀ ਵੱਜੀ ਕਹਿਰ ਦੀ, ਮਿਹਣਾ ਅੱਗ-ਲਾਣਾ।
ਖਾ ਗੁੱਸਾ ਹੱਲਾ ਬੋਲਿਆ, ਇਕ ਵਾਰ ਪਠਾਣਾਂ।
ਉਹ ਮੰਨੇ ਹੋਏ ਨਿਸ਼ਾਨਚੀ, ਕਰ ਮਾਰੂ ਬਾਣਾ।
ਝਟ ਆਏ ਸਿੱਖਾਂ ਸਾਹਮਣੇ, ਭੁੰਨਣ ਲਈ ਧਾਣਾਂ।
ਇਕ ਹੈਸੀ ਆਗੂ ਉਨ੍ਹਾਂ ਦਾ, ਜ਼ਾਲਮ ਜਰਵਾਣਾ।
ਨਾਂ ਉਸਦਾ ਖਾਨ ਹਯਾਤ ਸੀ, ਚਾਲਾਕ ਸਤਾਣਾ।
ਲਲਕਾਰੇ ਮਾਰੇ ਸੱਭ ਨੂੰ, ਉਹ ਭੜਥੂ-ਪਾਣਾ।
ਵਾਹ-ਵਾਹ ਓ ਮਰਦੋ ਗਾਜ਼ੀਓ, ਅਜ ਹੱਥ ਵਿਖਾਣਾ।
ਲਓ ਸ਼ੇਰੋ ਆਇਆ ਸਾਹਮਣੇ, ਸ਼ੇਰਾਂ ਦਾ ਖਾਣਾ।
ਪੱਲ ਘੜੀਆਂ ਅੰਦਰ ਚੁਣ ਲਵੋ, ਸਿੱਖ ਦਾਣਾ-ਦਾਣਾ।

## ਉਦਾਸੀ ਕਿਰਪਾਲ ਚੰਦ

ਜਦ ਡਿੱਠੇ ਇਹ ਕਿਰਪਾਲ ਨੇ, ਰੱਤ-ਰੰਗੇ ਕਾਰੇ।
ਤਦ ਨੈਣਾਂ ਵਿੱਚੋਂ ਓਸ ਨੇ, ਕੱਢੇ ਅੰਗਿਆਰੇ।
ਉਸ ਬਿਜਲੀ ਵਾਂਙੂ ਕੜਕ ਕੇ, ਲਲਕਾਰੇ ਮਾਰੇ।
ਉਸ ਰੀਤ ਉਦਾਸੀ ਛੱਡ ਕੇ, ਕੰਮ ਫੜੇ ਨਿਆਰੇ।
ਉਸ ਹੱਥ ਲਿਆ ਭੰਗ-ਘੋਟਨਾ, ਉਹ ਲਏ ਹੁਲਾਰੇ।
ਪਏ ਡੌਲੇ ਫਰਕਣ ਜੋਸ਼ ਖਾ, ਨਾ ਜਾਣ ਖਲ੍ਹਾਰੇ।
ਜਿਉਂ ਸ਼ੇਰ ਸਾਹਮਣੇ ਸ਼ੇਰ ਦੇ, ਰੋਹ ਵਿਚ ਭਬਕਾਰੇ।
ਪੁਜ ਸਾਵ੍ਹੇਂ ਖਾਨ ਹਯਾਤ ਦੇ, ਏਦਾਂ ਲਲਕਾਰੇ।
ਓਇ ਖਾਨ ਹਯਾਤਾ! ਸਾਧ ਦੇ ਲੈ ਵੇਖ ਨਜ਼ਾਰੇ।
ਅੱਜ ਤੈਨੂੰ ਮਲਕਲ ਮੌਤ ਇਹ, ਪਈ ਹਾਕਾਂ ਮਾਰੇ।

## ਖਾਨ ਹਯਾਤ ਤੇ ਕਿਰਪਾਲ ਚੰਦ

ਆ ਵਿੱਚ ਦਿਲਾਂ ਦੇ ਨੱਚੀਆਂ, ਖੁਣਸਾਂ ਤੇ ਖ਼ਾਰਾਂ।
ਝਟ ਦੋਵੇਂ ਹੋ ਗਏ ਸਾਮ੍ਹਣੇ, ਬੀਰਾਂ ਦੀਆਂ ਕਾਰਾਂ।

ਤਦ ਵਾਰ ਉਨ੍ਹਾਂ ਦੇ ਵੇਖ ਕੇ, ਥੰਮ੍ਹੀਆਂ ਤਲਵਾਰਾਂ।
ਝੱਟ ਕੁਤਕ ਉੱਲਰੀ ਸਾਧ ਨੇ, ਛੱਡ ਸੋਚ ਵਿਚਾਰਾਂ।
ਉਸ ਮਾਰੀ ਖਾਨ ਹਯਾਤ ਨੂੰ, ਕਰ ਸਿਰ ਦੀਆਂ ਮਾਰਾਂ।
ਜਿਉਂ ਮਾਰੀ ਸੱਟ ਵਦਾਣ ਦੀ, ਕੁੱਟ ਘਤੀਆਂ ਸਾਰਾਂ।
ਵਗ ਤੁਰੀਆਂ ਸਿਰ 'ਚੋਂ ਇਸ ਤਰ੍ਹਾਂ, ਚਰਬੀ ਦੀਆਂ ਧਾਰਾਂ।
ਜਿਉਂ ਮੱਖਣ ਡੁੱਲ੍ਹਾ ਚਾਟੀਓਂ, ਵਿਚ ਗਲੀ-ਬਜ਼ਾਰਾਂ।
ਜਿਉਂ ਉਲਟੀ ਮਟਕੀ ਦਹੀਂ ਦੀ, ਵਗ ਤੁਰੀਆਂ ਲਾਰਾਂ।
ਵਾਹ ਹੋਲੀ ਖੇਡੀ ਖ਼ੂਨ ਦੀ, ਅਣਖੀਲੇ ਯਾਰਾਂ।

ਉਥੇ ਹੋ ਗਈ ਚਰਬੀ ਮਿੱਝ ਦੀ, ਚੌਤਰਫ਼ੀ ਘਾਣੀ।
ਰਣਚੰਡੀ ਰਣ ਵਿਚ ਨੱਚਦੀ, ਇਉਂ ਬੱਕਰੇ ਖਾਣੀ।
ਪਈ ਫਿਰਦੀ ਬਾਗੀਂ ਜਿਸ ਤਰ੍ਹਾਂ, ਸਈਆਂ ਸੰਗ ਰਾਣੀ।
ਪਏ ਮਿਲਦੇ ਏਦਾਂ ਪਹੁੰਚ ਕੇ, ਹਾਣੀ ਨੂੰ ਹਾਣੀ।
ਜਿਉਂ ਮਿਲਦਾ ਛੱਲਾਂ ਮਾਰ ਕੇ, ਪਾਣੀ ਨੂੰ ਪਾਣੀ।
ਲੰਘ ਨਿਕਲਣ ਨੇਜ਼ੇ ਬਰਛੀਆਂ, ਇਉਂ ਹਿੱਕਾਂ ਥਾਣੀ।
ਸੱਲ ਜਾਵੇ ਜਿਵੇਂ ਬਿਆਰ ਨੂੰ, ਵਰਮਾ ਤਰਖਾਣੀ।
ਪਈ ਹੋਲੀ ਦਿੱਸੇ ਖੇਡਦੀ, ਬਾਲਾਂ ਦੀ ਢਾਣੀ।
ਪਾ ਰੱਤੂ-ਰੰਗੇ ਕੱਪੜੇ, ਪੋਸ਼ਾਕ ਸੁਹਾਣੀ।
ਲਓ ਲਾੜੀ ਬਣ ਗਈ ਜੰਗ ਦੀ, ਮੁਟਿਆਰ ਭੰਗਾਣੀ।

## ਹਰੀ ਚੰਦ ਦੀ ਮੌਤ

ਹੁਣ ਹਰੀ ਚੰਦ ਨੂੰ ਵੇਖ ਲਓ, ਮਹਾਂ ਕਾਲ ਬੁਲਾਇਆ।
ਉਹ ਸਾਹਵੇਂ ਗੁਰ ਦਸਮੇਸ਼ ਦੇ, ਰੋਹ-ਭਰਿਆ ਆਇਆ।
"ਤੂੰ ਵਾਰ ਚਲਾ ਲੈ ਆਪਣਾ", ਗੁਰ ਨੇ ਫੁਰਮਾਇਆ।
ਉਸ ਤੀਰ ਚਲਾਇਆ ਕਹਿਰ ਦਾ, ਖ਼ੂਨੀ ਹਲਕਾਇਆ।
ਉਹ ਸਤਿਗੁਰ ਸੱਚੇ ਸੂਰਮੇ, ਢੰਗ ਨਾਲ ਘੁਸਾਇਆ।
ਉਸ ਦੂਜਾ ਚਿੱਲੇ ਚਾੜ੍ਹਿਆ, ਹਿੱਕ ਤਾਣ ਚਲਾਇਆ।
ਪਰ ਹੋਇਆ ਅੱਫਲ ਉਹ ਵੀ, ਰਾਜਾ ਘਬਰਾਇਆ।
ਉਸ ਤੀਜਾ ਵੀ ਜਾਂ ਛੱਡਿਆ, ਉਹ ਗੁਰਾਂ ਬਚਾਇਆ।
ਫਿਰ ਤੀਰ ਸ੍ਰੀ ਦਸਮੇਸ਼ ਨੇ, ਜਦ ਤਾੜ ਚਲਾਇਆ।
ਵਿਚ ਰਣ ਦੇ ਹਰੀਆ ਮਾਰਿਆ, ਜਮ ਪੁਰ ਨੂੰ ਧਾਇਆ।

### ਬਾਈਧਾਰ ਦਾ ਨੁਕਸਾਨ

ਇਉਂ ਰਣ ਦੇ ਵਿੱਚ ਪਹਾੜੀਏ, ਕਈ ਮਰ ਗਏ ਮਾਨੀ।
ਦੇ ਬੈਠਾ ਪੁੱਤ ਹੰਡੂਰੀਆ, ਬੱਕਰਾ ਕੁਰਬਾਨੀ।
ਇਕ ਫਤਹਿ ਸ਼ਾਹ ਦਾ ਭਾਣਜਾ, ਖਾ ਕਹਿਰੀ ਕਾਨੀ।
ਇਸ ਜੰਗ ਦੀ ਭੇਟਾ ਕਰ ਗਿਆ, ਝਟ ਛੈਲ ਜਵਾਨੀ।
ਇਕ ਗਾਜ਼ੀ ਚੰਦ ਬਲਬੀਰ ਸੀ, ਸਿਰ-ਕੱਢ ਨਿਸ਼ਾਨੀ।
ਉਹ ਲੈ ਲਿਆ ਸੰਗੋ ਸ਼ਾਹ ਨੇ, ਬਣ ਦੁਸ਼ਮਣ ਜਾਨੀ।
ਸਿਖ ਸੰਗੋ ਵਾਰ ਨਜ਼ਾਬਤੋਂ, ਹੋ ਤੁਰਿਆ ਫ਼ਾਨੀ।
ਜਦ ਤੇਗ਼ ਮਿਲੀ ਜਾ ਓਸ ਨੂੰ, ਹੋ ਗਲ ਦੀ ਗਾਨੀ।
ਤੱਕ ਸਿਖ ਬੀਰਾਂ ਦੇ ਹੌਸਲੇ, ਛਾ ਗਈ ਹਰਾਨੀ।
ਇਉਂ ਆ ਗਈ ਬਾਈਧਾਰ ਨੂੰ, ਮੁੜ ਚੇਤੇ ਨਾਨੀ।

### ਸਿੱਖਾਂ ਸੂਰਮਿਆਂ ਦੀ ਸ਼ਹੀਦੀ

ਜਦ ਜੀਤ ਮੱਲ ਸਿੱਖ ਸੂਰਮਾ, ਲੜ ਸਨਮੁੱਖ ਮੋਇਆ।
ਜਦ ਸੰਗੋ ਸ਼ਾਹ ਸੈਨਾ-ਪਤੀ, ਇਉਂ ਸਦਕੇ ਹੋਇਆ।
ਜਦ ਰਣ ਵਿਚ ਸਿੱਖਾਂ ਸੂਰਿਆਂ, ਸਿਰ ਦਿੱਤਾ ਢੋਇਆ।
ਤਦ ਭਰਿਆ ਦਿਲ ਦਸਮੇਸ਼ ਦਾ, ਹਿੱਤ ਪ੍ਰੇਮ-ਪ੍ਰੋਇਆ।
ਲਲਕਾਰਾ ਉਹਨਾਂ ਮਾਰਿਆ, ਦਲ ਜੁੱਟ ਖਲੋਇਆ।
ਉਨ੍ਹਾਂ ਵਾਢੀ ਪਾਈ ਖੇਤ ਦੀ, ਕਰ ਜੰਗ ਨਰੋਇਆ।
ਉਨ੍ਹਾਂ ਖੰਡੇ ਧੋਤੇ ਰੱਤ 'ਚੋਂ, ਤਦ ਪਰਬਤ ਰੋਇਆ।
ਉਥੇ ਚਰਬੀ ਤੇ ਮਿੱਝ ਖਿੱਲਰੀ, ਜਿਉਂ ਡੁੱਲ੍ਹਾ ਖੋਇਆ।
ਉੱਡ ਧੂੜ ਚੜ੍ਹੀ ਅਸਮਾਨ 'ਤੇ, ਉਸ ਭਾਨ ਲੁਕੋਇਆ।
ਤਦ ਮੱਸਿਆ ਛਾ ਗਈ 'ਤੀਰ' ਜੀ, ਧਰਤੀ 'ਤੇ ਗੋਇਆ।

### ਸੱਯਦ ਬੁਧੂ ਸ਼ਾਹ ਦੀ ਕੁਰਬਾਨੀ (ਵੱਲੋਂ ਕਵੀ)

### ਸਿਰਖੰਡੀ

ਸੀ ਬੁਧੂ ਸ਼ਾਹ ਮੁਰੀਦ, ਸ੍ਰੀ ਦਸਮੇਸ਼ ਦਾ।
ਸੈ ਸਾਦਕ ਮੁੱਲ ਖ਼ਰੀਦ, ਬਧੇ ਸਿਦਕ ਦੇ।
ਉਸ ਚਾੜ੍ਹੇ ਕਰ ਤਾਕੀਦ, ਗ਼ਾਜ਼ੀ ਸੂਰਮੇਂ।
ਉਨ੍ਹਾਂ ਰਚ ਦਿੱਤੀ ਬਕਰੀਦ, ਕੋਹ-ਕੋਹ ਬੱਕਰੇ।
ਉਹ ਲੈ ਗਏ ਕਈ ਰਸੀਦ, ਗੁਰ ਦਸਮੇਸ਼ ਤੋਂ।

ਦੋ ਹੋ ਗਏ ਪੁੱਤ ਸ਼ਹੀਦ, ਬੁਧੂ ਸ਼ਾਹ ਦੇ।
ਪਰ ਉਹ ਚਾਂਹਦਾ ਸੀ ਦੀਦ, ਗੁਰੂ ਦਸਮੇਸ਼ ਦਾ।
ਉਸ ਮੂਲ ਨਾ ਡੋਲ੍ਹੀ ਅੱਖ, ਦਿਲ ਤੋਂ ਡੋਲ ਕੇ।
ਉਹ ਸ਼ੁਕਰ ਗੁਜ਼ਾਰੇ ਲੱਖ, ਪਰਵਦਗਾਰ ਦਾ।
ਜਿਸ ਇੱਜ਼ਤ ਲੀਤੀ ਰੱਖ, ਏਸ ਫ਼ਕੀਰ ਦੀ।
ਮਨਜ਼ੂਰ ਹੋਏ ਦੋ ਕੱਖ, ਏਸ ਗ਼ਰੀਬ ਦੇ।

## ਕਾਠ ਦੀਆਂ ਤੋਪਾਂ ਦਾ ਕਾਰਨਾਮਾ

ਜਦ ਬੀਰ ਗੁਰੂ ਦਸਮੇਸ਼ ਨੇ, ਘਮਸਾਣ ਮਚਾਇਆ।
ਤਦ ਰਾਮੇ ਇਕ ਤਰਖਾਣ ਨੇ, ਇਉਂ ਸਿਦਕ ਨਿਭਾਇਆ।
ਉਹ ਤੋਪਾਂ ਦੋ ਘੜ ਕਾਠ ਤੋਂ, ਰਣ ਵਿਚ ਲਿਆਇਆ।
ਉਸ ਥਾਪੀ ਲੈ ਦਾਤਾਰ ਤੋਂ, ਇਉਂ ਜੌਹਰ ਦਿਖਾਇਆ।
ਉਸ ਗੋਲੇ ਪਾ ਵਿੱਚ ਉਨ੍ਹਾਂ ਦੇ, ਝੱਟ ਤੋੜਾ ਲਾਇਆ।
ਉਹ ਚੱਲੇ ਦੜ-ਦੜ ਦੜਕ ਕੇ, ਤੂਫ਼ਾਨ ਮਚਾਇਆ।
ਦਿਲ ਕੰਬੇ ਬਾਈਧਾਰ ਦੇ, ਨਾ ਧੀਰਜ ਆਇਆ।
ਹੱਥ ਕੰਨੀਂ ਲਾਣ ਪਠਾਣ ਵੀ, 'ਲਾਹੌਲ ਖ਼ੁਦਾਇਆ।'
ਉਨ੍ਹਾਂ ਏਨਾ ਧੂਆਂ ਛੱਡਿਆ, ਅਨ੍ਹੇਰ ਮਚਾਇਆ।
ਨਾ ਜਾਵੇ ਮੂਲ ਪਛਾਣਿਆ, ਦਿਲਦਾਰ, ਪਰਾਇਆ।

## ਕਾਠ ਦੀਆਂ ਤੋਪਾਂ—ਸਿਰਖੰਡੀ

ਸਨ ਉਹ ਪਰਲੋ ਦੀਆਂ ਭੈਣਾਂ, ਮਾਣਸ ਖਾਣੀਆਂ।
ਤਕ ਰਣ ਵਿੱਚ ਖ਼ੂੰਨਣ ਡੈਣਾਂ, ਡਰੇ ਪਹਾੜੀਏ।
ਪਏ ਆਖਣ ਕੀ ਹੈ ਲੈਣਾ ? ਏਥੇ ਠਹਿਰ ਕੇ।
ਭੰਗ-ਭਾੜੇ ਮਰਨਾ ਪੈਣਾ, ਅੱਗੇ ਇਨ੍ਹਾਂ ਦੇ।
ਸਭ ਸਾਡੀ ਸੁੱਤੀ ਸੈਣਾ, ਵਾਂਗਰ ਸੁੱਸਰੀ।
ਇਹ ਜੱਗ ਅਸਾਡੇ ਨੈਣਾਂ, ਮੁੜ ਨਹੀਂ ਵੇਖਣਾ।
ਰੰਗ ਲਾਣਾ ਪਿਟਣੇ ਵੈਣਾਂ, ਸਾਡੀ ਧੌਲਰੀਂ।
ਹੋ ਜਾਸਨ ਵਾਂਗ ਸ਼ੁਦੈਣਾਂ, ਛੈਲ ਪਹਾੜਨਾਂ।
ਵਿੱਚ ਮੰਦਰ ਟੱਲ ਤੇ ਛੈਣਾ, ਹੁਣ ਨਾ ਖੜਕਸੀ।
ਜਿਉਂ ਭੁਜਦਾ ਸੇਜੀ ਮੈਣਾ, ਭੁੰਨਣ ਇਸ ਤਰ੍ਹਾਂ।

## ॥ ਪਉੜੀ ॥

ਜਦ ਡੋਲੇ ਦਿਲੋਂ ਪਹਾੜੀਏ, ਝਟ ਹੋ ਗਏ ਮੱਠੇ।
ਉਹ ਪੈਰ ਸਿਰਾਂ 'ਤੇ ਰੱਖ ਕੇ, ਵਾਹੋ ਦਾਹ ਨੱਠੇ।
ਕਈ ਅੱਗੇ ਲੰਘੇ ਸਭ ਤੋਂ, ਕਈ ਡਰ-ਡਰ ਢੱਠੇ।
ਇਉਂ ਅੱਡੋ ਪਾਟੇ ਹੋ ਗਏ, ਖਾਹ ਸਹਿਮ ਤਰੱਠੇ।
ਜਿਉਂ ਦਾਣੇ ਭੁਜਦੇ ਭੱਠ ਦੇ, ਨਾ ਹੋਵਣ ਕੱਠੇ।
ਉਹ ਪੱਦਣ ਮਾਰੇ ਸਹਿਮ ਦੇ, ਜਿਉਂ ਪਾਟਣ ਲੱਠੇ।
ਪਏ ਪਿੱਛੋਂ ਸਿੱਖ ਦਸਮੇਸ਼ ਦੇ, ਇਉਂ ਕਰਦੇ ਠੱਠੇ।
"ਔਹ ਜਾਂਦੇ ਨੇ ਪਿੱਠ ਦੱਸ ਕੇ, ਪਰਬਤ ਦੇ ਪੱਠੇ।"

## ਕਬਿੱਤ

ਕਰ ਏਦਾਂ ਖ਼ੂਨੀ ਜੰਗ, ਕੀਤਾ ਕਾਫੀਆ ਜਾਂ ਤੰਗ,
ਗੁਰਾਂ ਹੋਇਕੇ ਨਿਸ਼ੰਗ , ਫੌਜਾਂ ਸੂਰਬੀਰ ਚਾੜ੍ਹੀਆਂ।
ਰਾਜੇ ਪੈਰੋਂ ਗਏ ਹਿੱਲ, ਸਾਰੇ ਛੱਡ ਬੈਠੇ ਦਿੱਲ,
ਲਾਈ ਪੱਲ ਵੀ ਨਾ ਢਿੱਲ, ਫ਼ੌਜਾਂ ਸਿੱਖਾਂ ਨੇ ਲਤਾੜੀਆਂ।
ਰਾਜੇ ਸੱਭ ਨੱਠੇ ਜਾਣ, ਉਨ੍ਹਾਂ ਨਾਲ ਹੀ ਪਠਾਣ,
ਸਿਰ ਡਰਦੇ ਲੁਕਾਣ, ਪਏ ਲੱਭਦੇ ਨੇ ਝਾੜੀਆਂ।
'ਤੀਰ' ਰਣ ਲਿਆ ਜਿੱਤ, ਗੁਰਾਂ ਰਬ ਰੱਖ ਚਿੱਤ,
ਪਿਛੇ ਵੇਖਿਆ ਨਾ ਮੁੜ ਨੱਠੇ ਜਾਂਵਦੇ ਪਹਾੜੀਆਂ।

## ਸ੍ਰੀ ਦਸਮੇਸ਼ ਜੀ ਦੀ ਜਿੱਤ (ਵੱਲੋਂ ਕਵੀ) ਬੈਂਤ

ਹੋਈ ਜਿੱਤ ਦਸਮੇਸ਼ ਦੀ ਰਣ ਅੰਦਰ, ਵੇਖੋ ਮਾਣ ਟੁੱਟਾ ਬਾਈਧਾਰ ਦਾ ਏ
ਸਾਫ਼-ਸਾਫ਼ ਇਹ ਸਮੇਂ ਨੇ ਦੱਸ ਦਿੱਤਾ, ਕਰੇ ਮਾਣ ਜਿਹੜਾ ਓਹੋ ਹਾਰਦਾ ਏ
ਜੋ ਹੈ ਮਾਰਨਾ ਚਾਂਹਵਦਾ ਧਰਮੀਆਂ ਨੂੰ, ਕਾਲ ਓਸ ਨੂੰ ਈ ਪਹਿਲੇ ਮਾਰਦਾ ਏ
ਲੂਣ ਵਾਂਗਰਾਂ ਖੁਰੇ ਉਹ ਪਲ ਅੰਦਰ, ਜਿਹੜਾ ਦਿਲ ਹੁੰਦਾ ਕੁੱਪਾ ਖਾਰਦਾ ਏ
ਜਿਹਨੂੰ ਆਪਣੇ ਤਰਨ ਦਾ ਮਾਣ ਹੋਵੇ, ਸਮਾਂ ਡੋਬ ਕੇ ਉਹਨੂੰ ਵੰਗਾਰਦਾ ਏ
ਜਿਹੜਾ ਕਿਸੇ ਲਈ ਪੁਟਦਾ ਫਿਰੇ ਖਾਤੇ, ਓਹਨੂੰ ਖੂਹ ਵਿਚ ਸਮਾਂ ਨਿਘਾਰਦਾ ਏ
ਕੰਡਾ ਬਣੇ ਜੋ ਕਿਸੇ ਦੇ ਪੈਰ ਖਾਤਰ, ਬਾਲਣ ਹੋਂਵਦਾ ਉਹ ਭਠਿਆਰ ਦਾ ਏ
ਡਾਂਗ ਨਾਲ ਉਹ ਮਾਰਿਆ ਅੰਤ ਜਾਵੇ, ਜੋ ਵੀ ਹੈਂਕੜੀ ਧਨੀ ਤਲਵਾਰ ਦਾ ਏ
ਜਿਹੜਾ ਕਿਸੇ ਨੂੰ ਵੇਖ ਸੁਖਾਂਵਦਾ ਨਹੀਂ, ਉਹਨੂੰ ਚੱਬ ਕੇ ਕਾਲ ਡਕਾਰਦਾ ਏ
ਜਿਹੜੇ ਸ਼ਾਹ ਨੂੰ ਤਖ਼ਤ ਦਾ ਮਾਣ ਹੋਵੇ, ਸਾਈਂ ਓਸਦਾ ਮਾਣ ਉਤਾਰਦਾ ਏ

ਠੂਠਾ ਹੱਥ ਫੜਾਂਵਦਾ ਰਾਜ ਖੋਹ ਕੇ, ਅੰਤ ਧਾਰਦਾ ਰੂਪ ਭਿਖਾਰ ਦਾ ਏ
ਜਿਹੜਾ ਨਾਲ ਨਿਰਵੈਰ ਦੇ ਵੈਰ ਕਰਦਾ, ਜਿਹੜਾ ਜੱਗ ਨੂੰ ਚਾਲ ਵਿਚ ਚਾਰਦਾ ਏ
ਕੁੱਟ-ਕੁੱਟ ਕੇ ਈਰਖਾ ਭਰੀ ਹੋਈ, ਜਿਦ੍ਹੇ ਵਿੱਚ ਨਾ ਅੰਸ ਪਿਆਰ ਦਾ ਏ
ਹੋਵੇ ਪੁੱਤਲਾ ਗਊਂ ਦਾ ਨਿਰਾ ਜਿਹੜਾ, ਦੂਜੇ ਲਈ ਜੋ ਰੂਪ ਅੰਗਾਰ ਦਾ ਏ
ਜਿਹਨੂੰ ਆਪਣਾ ਜੀਊਣਾ ਭਾਂਵਦਾ ਏ, ਜਿਹੜਾ ਜੱਗ 'ਤੇ ਰੂਪ ਹੰਕਾਰ ਦਾ ਏ
'ਤੀਰ' ਅੰਤ ਹੈ ਓਸ ਨੂੰ ਹਾਰ ਹੁੰਦੀ, ਵੈਰੀ ਜਾਣ ਲਓ ਉਹੋ ਕਰਤਾਰ ਦਾ ਏ

### ਜੰਗ ਤੋਂ ਪਿੱਛੋਂ (ਵੱਲੋਂ ਕਵੀ)

ਪਈਆਂ ਭਾਜੜਾਂ ਜਦੋਂ ਪਹਾੜੀਆਂ ਨੂੰ, ਨੱਠੇ ਆਪਣੇ ਮਸੋਂ ਪ੍ਰਾਨ ਲੈ ਕੇ
ਛੱਡ ਗਏ ਭੰਗਾਣੀ ਦੀ ਧਰਤ ਉਤੇ, ਟੁਰੇ ਘਰਾਂ ਤੋਂ ਸੀ ਜਿਹੜਾ ਮਾਨ ਲੈ ਕੇ
ਡਿੱਠਾ ਸ੍ਰੀ ਦਸਮੇਸ਼ ਨੇ ਰੱਣ ਅੰਦਰ, ਪ੍ਰੇਮੀ ਕਈ ਸੁੱਤੇ ਸਿੱਖੀ ਸ਼ਾਨ ਲੈ ਕੇ
'ਤੀਰ' ਆਣ ਕੇ ਦਇਆ ਦੇ ਵਿਚ ਦਾਤੇ, ਏਦਾਂ ਆਖਿਆ ਹੱਥ ਕਿਰਪਾਨ ਲੈ ਕੇ

### ਮਹਾਰਾਜ ਆਪਣੇ ਆਪ ਕਹਿੰਦੇ ਹਨ

ਹੇ ਦਾਤਾਰ ਮੇਰੇ ਏਨਾ ਦੱਸ ਮੈਨੂੰ, ਦੌਰ ਪ੍ਰੇਮ ਦੇ ਆਣਗੇ ਕਦੋਂ ਏਥੇ
ਬੰਦੇ ਰੱਬ ਦੇ ਜਾਣ ਕੇ ਬੰਦਿਆਂ ਨੂੰ, ਗਲੇ ਨਾਲ ਲਗਾਣਗੇ ਕਦੋਂ ਏਥੇ
ਦਿਲਾਂ ਵਿਚ ਜੋ ਸੁੱਤੀ ਏ ਦੇਸ਼-ਭਗਤੀ, ਦੇਸ਼-ਪੁੱਤ ਜਗਾਣਗੇ ਕਦੋਂ ਏਥੇ
ਗਲੋਂ ਲਾਹੁਣ ਲਈ ਤੌਕ ਗ਼ੁਲਾਮੀਆਂ ਦੇ, ਜ਼ੋਰ ਰੱਲ ਕੇ ਲਾਣਗੇ ਕਦੋਂ ਏਥੇ
ਏਸ ਹਿੰਦ ਦੇ ਉੱਜੜੇ ਬਾਗ਼ ਅੰਦਰ, ਇਹ ਬਹਾਰ ਲਿਆਣਗੇ ਕਦੋਂ ਏਥੇ
ਮਰਜ਼ ਗਰਜ਼ ਦੀ ਤੋਂ ਤੰਦਰੁਸਤ ਹੋ ਕੇ, ਬੰਦੇ ਫਰਜ਼ ਨਿਭਾਣਗੇ ਕਦੋਂ ਏਥੇ
ਲੋੜਵੰਦ ਦੀ ਵੇਖ ਕੇ ਲੋੜ ਡਾਢੀ, ਜਿੰਦ-ਜਾਨ ਘੁਮਾਣਗੇ ਕਦੋਂ ਏਥੇ
ਮੱਥਾ ਟੇਕਣੇ ਲਈ ਗ਼ੁਲਾਮੀਆਂ ਨੂੰ, ਕੌਮੀ-ਦੱਲ ਬਣਾਣਗੇ ਕਦੋਂ ਏਥੇ
ਪੂਜਾ ਛੱਡ ਕੇ ਤੇਰਿਆਂ ਕੀਤਿਆਂ ਦੀ, ਤੇਰਾ ਨਾਮ ਧਿਆਣਗੇ ਕਦੋਂ ਏਥੇ
ਲਹੂ ਨਾਵ੍ਹਣਾ ਛੱਡ ਹਮਸਾਇਆਂ ਦਾ, ਪ੍ਰੇਮ-ਸੱਰ ਵਿੱਚ ਨ੍ਹਾਣਗੇ ਕਦੋਂ ਏਥੇ
ਭਾਂਬੜ ਫੁੱਟ ਦੇ ਆਪ ਬੁਝਾ ਹੱਥੀਂ, ਮੇਲ-ਜੋਤ ਜਗਾਣਗੇ ਕਦੋਂ ਏਥੇ
ਗੱਲੋਂ ਲਾਹ ਕੇ ਫਾਹ ਪਰਦੇਸੀਆਂ ਦੇ, ਵਾਰ ਦੇਸ਼ ਦੀ ਗਾਣਗੇ ਕਦੋਂ ਏਥੇ
ਇਹ ਅਨ੍ਹੇਰ ਜੋ ਜ਼ੁਲਮ ਦਾ ਵਰਤਿਆ ਏ, ਤੇਰੇ ਚੰਦ ਹਟਾਣਗੇ ਕਦੋਂ ਏਥੇ
'ਤੀਰ' ਏਸ ਗੁਲਾਮੀ ਦੀ ਕੰਬਲੀ ਤੋਂ, ਹਿੰਦੀ ਪੱਲਾ ਛੁਡਾਣਗੇ ਕਦੋਂ ਏਥੇ

### ਸ੍ਰੀ ਦਸਮੇਸ਼ ਜੀ ਸ਼ਹੀਦਾਂ ਦੀਆਂ ਲੋਥਾਂ ਕੋਲ

ਫੇਰ ਵਲਵਲੇ ਦੇ ਵੱਸ ਵਿੱਚ ਆ ਕੇ, ਲੋਥਾਂ ਕੋਲ ਆ ਗਏ ਦਸਮੇਸ਼ ਮੇਰੇ
ਚੁੰਮ-ਚੁੰਮ ਸ਼ਹੀਦਾਂ ਦੇ ਮੂੰਹ ਆਖਣ, ਸੁੱਤਾ ਰਹੁ ਓ ਦਿਲੀ-ਨਰੇਸ਼ ਮੇਰੇ

ਤੇਰਾ ਮੂੰਹ ਮੇਰਾ, ਤੇਰਾ ਦਿੱਲ ਮੇਰਾ, ਤੇਰੀ ਤੇਗ਼ ਮੇਰੀ, ਤੇਰੇ ਕੇਸ ਮੇਰੇ
'ਤੀਰ' ਪਏ ਸ਼ਹੀਦ ਨਹੀਂ ਧਰਤ ਉੱਤੇ, ਤੇਰੇ ਲਾਡਲੇ ਪਏ ਨੇ ਦੇਸ ਮੇਰੇ

### ਹੋਰ ਪ੍ਰੇਮ ਕਰਦੇ ਹਨ

ਕਿਸੇ ਸਿੱਖ ਦਾ ਚੁੰਮ ਕੇ ਹੱਥ ਆਖਣ, ਵਾਹਵਾ ਸੋਹਣਿਆ ਓ! ਸੋਹਣੀ ਕਾਰ ਤੇਰੀ
ਫੜ ਕਿਸੇ ਦੀ ਕਦੇ ਕ੍ਰਿਪਾਨ ਕਹਿੰਦੇ, ਮੇਰੀ ਜਿੰਦ ਏ ਚੰਦ ਤਲਵਾਰ ਤੇਰੀ
ਮੂੰਹ ਕਿਸੇ ਦਾ ਚੁੰਮ ਕੇ ਫੁੱਲ ਕੇਰਨ, ਮੇਰੇ ਜਿਹੀ ਏ ਲਾਲ-ਨੁਹਾਰ ਤੇਰੀ
ਕਿਸੇ ਪ੍ਰੇਮ ਦੇ ਫੁੱਲ ਨੂੰ ਵਰ ਦੇਂਦੇ, ਪਰਲੋ ਬਾਅਦ ਵੀ ਰਹੇ ਬਹਾਰ ਤੇਰੀ
ਕਿਸੇ ਸੂਰਮੇ ਨੂੰ ਵੇਖ ਕਹਿਣ ਮੂੰਹੋਂ, ਢਾਡੀ ਗਾਣਗੇ ਸੂਰਿਆ! ਵਾਰ ਤੇਰੀ
ਕਿਸੇ ਲਾਡਲੇ ਨੂੰ ਕਹਿਣ ਭਰੇ-ਨੈਣੀਂ, ਮੇਰੇ ਦਿਲ ਅੰਦਰ ਖੜਕੇ ਤਾਰ ਤੇਰੀ
ਕਹਿਣ ਕਿਸੇ ਨੂੰ ਮੇਰਿਆ ਹੀਰਿਆ ਓ! ਮੇਰਾ ਦਿਲ ਬਣਿਆ ਯਾਦਗਾਰ ਤੇਰੀ
'ਤੀਰ' ਕਿਸੇ ਦੀ ਪੱਗ ਨੂੰ ਚੁੰਮ ਆਖਣ, ਮੇਰੀ ਪੱਤ ਹੈ ਲਾਲ ਦਸਤਾਰ ਤੇਰੀ

✪✪✪

ਵੇਖ ਕਿਸੇ ਦੀ ਦੇਹ ਦੀ ਰੱਤ-ਧਾਰੀ, ਕਹਿਣ ਵਗੀ ਇਹ ਰੱਤ ਦੀ ਧਾਰ ਮੇਰੀ
ਹੱਥ ਜੋੜ ਸ਼ਹੀਦਾਂ ਨੂੰ ਫੇਰ ਬੋਲੇ, ਤੁਸਾਂ ਸਾਰਿਆਂ ਨੂੰ ਨਿਮਸ਼ਕਾਰ ਮੇਰੀ
ਰੂਹ ਆਪ ਦੀ ਰੱਖਾਂਗਾ ਦਿਲ ਅੰਦਰ, ਬੇੜੀ ਸਦਾ ਇਹ ਕਰੇਗੀ ਪਾਰ ਮੇਰੀ
'ਤੀਰ' ਜਿੱਤ ਪਹਿਲੀ ਸਦਾ ਜਿੱਤ ਹੋਸੀ, ਕਦੇ ਹੁਣ ਨਹੀਂ ਹੋਵਣੀ ਹਾਰ ਮੇਰੀ

### ਲੋਥਾਂ ਦਾ ਸਸਕਾਰ (ਵੱਲੋਂ ਕਵੀ)

ਏਸ ਤਰ੍ਹਾਂ ਪ੍ਰੇਮ ਦੇ ਵਿੱਚ ਆ ਕੇ, ਸਿੱਖਾਂ ਨਾਲ ਸਤਿਗੁਰਾਂ ਪਿਆਰ ਕੀਤਾ
ਲਾਸ਼ਾਂ ਕੋਲ ਜਾ ਆਪ ਦੀਦਾਰ ਦਿੱਤਾ, ਆਪ ਰੱਜ ਲਾਸ਼ਾਂ ਦਾ ਦੀਦਾਰ ਕੀਤਾ
ਸਾਂਭ ਜ਼ਖ਼ਮੀਆਂ ਦੀ ਪ੍ਰੇਮ ਨਾਲ ਕੀਤੀ, ਮਲ੍ਹਮ ਪੱਟੀਆਂ ਬੰਨ੍ਹ ਤਿਆਰ ਕੀਤਾ
'ਤੀਰ' ਵਾਹਿਗੁਰੂ ਪਾਸ ਅਰਦਾਸ ਕਰ ਕੇ, ਜੂਝ ਗਿਆਂ ਦਾ ਫੇਰ ਸਸਕਾਰ ਕੀਤਾ

### ਜਿੱਤ ਦੀ ਖੁਸ਼ੀ ਤੇ ਮਿਹਰਾਂ (ਵੱਲੋਂ ਕਵੀ)

ਯੁੱਧ ਜਿੱਤ ਕੇ ਪਾਉਂਟੇ ਜਦੋਂ ਪੁੱਜੇ, ਆਈ ਲੈਣ ਦੇ ਲਈ ਲੁਕਾਈ ਅੱਗੋਂ
ਹਾਰ ਲੱਖਾਂ ਅਸੀਸਾਂ ਦੇ ਹੱਥ ਲੈ ਕੇ, ਮਿਲੀ ਆਣ ਕੇ ਗੁੱਜਰੀ ਮਾਈ ਅੱਗੋਂ
ਚੁੰਮੇ ਚਰਨ ਦਸਮੇਸ਼ ਨੇ ਅੰਮੜੀ ਦੇ, ਹਾਰ ਵਾਸਤੇ ਧੌਣ ਨਿਵਾਈ ਅੱਗੋਂ
'ਤੀਰ' ਨਾਰੀਆਂ ਨਰਾਂ ਨੇ ਖ਼ੁਸ਼ ਹੋ ਕੇ, ਏਸ ਜਿੱਤ ਦੀ ਦਿੱਤੀ ਵਧਾਈ ਅੱਗੋਂ

### ਸਤਿਗੁਰਾਂ ਵੱਲੋਂ ਸੂਰਮਿਆਂ ਨੂੰ ਬਖਸ਼ਿਸ਼ਾਂ (ਵੱਲੋਂ ਕਵੀ)

ਜਦੋਂ ਸੂਰਮੇ ਵਿੱਦਿਆ ਹੋਣ ਲੱਗੇ, ਹਰ ਇੱਕ ਨੂੰ ਗੁਰਾਂ ਨੇ ਮਾਨ ਦਿੱਤਾ
ਜਿਹਨੇ ਬ੍ਰਹਮ ਗਿਆਨ ਦੀ ਆਸ ਕੀਤੀ, ਉਹਨੂੰ ਨਿਗ੍ਹਾ ਦੇ ਨਾਲ ਗਿਆਨ ਦਿੱਤਾ

ਜਿਹਨੇ ਲੱਛਮੀ ਵਾਸਤੇ ਖਾਹਿਸ਼ ਕੀਤੀ, ਉਹਨੂੰ ਲੋੜ ਤੋਂ ਵੱਧ ਕੇ ਦਾਨ ਦਿੱਤਾ
ਮਾਣ ਨਾਲ ਸਭ ਨੂੰ ਸਿਰੋ ਪਾ ਦਿੱਤੇ, 'ਤੀਰ' ਫ਼ਰਕ ਨਾ ਰਹਿਣ ਸੁਲਤਾਨ ਦਿੱਤਾ

### ਬੁਧੂ ਸ਼ਾਹ ਦਾ ਸਿਦਕ ਅਤੇ ਉਸ ਨੂੰ ਬਖਸ਼ਿਸ਼ਾਂ (ਵੱਲੋਂ ਕਵੀ)

ਬੁਧੂ ਸ਼ਾਹ ਨੂੰ ਫੇਰ ਹਜ਼ੂਰ ਬੋਲੇ, ਮੇਰੀ ਨਿਗ੍ਹਾ ਦੇ ਵਿੱਚ ਪ੍ਰਵਾਨ ਹੈਂ ਤੂੰ
ਮੇਰੇ ਮਿੱਤਰਾ! ਸੱਚ ਮੈਂ ਆਖਦਾ ਹਾਂ, ਮੇਰੀ ਜਿੰਦ ਹੈਂ ਤੂੰ ਮੇਰੀ ਜਾਨ ਹੈਂ ਤੂੰ
ਤੇਰੇ ਨਾਲ ਹੈ ਮੇਰੀ ਪ੍ਰੀਤ ਪੱਕੀ, ਮੇਰੀ ਆਸ ਹੈਂ ਤੂੰ ਮੇਰਾ ਮਾਨ ਹੈਂ ਤੂੰ
ਮੇਰੇ ਦੇਸ਼ ਦਾ ਕੀਮਤੀ ਲਾਲ ਹੈਂ ਤੂੰ, ਇਕ ਲਾਲ ਕੀ ਲਾਲਾਂ ਦੀ ਖਾਨ ਹੈਂ ਤੂੰ
ਅੱਜ ਏਸ ਭੰਗਾਣੀ ਦੇ ਜੰਗ ਅੰਦਰ, ਰੱਖ ਚੱਲਿਆ ਆਪਣੀ ਸ਼ਾਨ ਹੈਂ ਤੂੰ
ਦੁਖੀ ਦੇਸ਼ ਦੇ ਬੱਚੀਆਂ ਬੱਚਿਆਂ ਤੋਂ, ਕਰ ਚੱਲਿਆ ਪੁੱਤ ਕੁਰਬਾਨ ਹੈਂ ਤੂੰ
ਤੇਰੀ ਘਾਲ ਦਾ ਮੂਲ ਨਾ ਮੁੱਲ ਪੈਂਦਾ, ਵਾਰ ਚੱਲਿਆ ਲਾਲ ਜਵਾਨ ਹੈਂ ਤੂੰ
ਆਹ ਲੈ ਇੱਕ ਪੁਸ਼ਾਕ ਦਸਤਾਰ ਅੱਧੀ, ਮੇਰੇ ਘਰ ਦਾ ਖ਼ਾਸ ਦੀਵਾਨ ਹੈਂ ਤੂੰ
ਆਹ ਲੈ ਹੁਕਮਨਾਮਾ ਮੇਰੀ ਮੁਹਰ ਵਾਲਾ, ਮੇਰੇ ਵਾਸਤੇ ਪ੍ਰੇਮ ਦਾ ਥਾਨ ਹੈਂ ਤੂੰ
ਯਾਦਗਾਰ ਕਟਾਰ ਇਹ ਕੋਲ ਰੱਖੀਂ, ਦੱਸ ਹੋਰ ਕੀ ਮੰਗਦਾ ਦਾਨ ਹੈਂ ਤੂੰ
ਤੈਥੋਂ ਮੈਂ ਵਾਰੇ ਮੇਰੇ ਸਿੱਖ ਵਾਰੇ, ਪੁੰਜ ਗਿਆਨ ਦਾ ਪੂਰਨ ਗਿਆਨ ਹੈਂ ਤੂੰ
'ਤੀਰ' ਤੇਰੀ ਜ਼ਬਾਨ 'ਤੇ ਸੱਚ ਰਹਿਸੀ, ਕਿਉਂਕਿ ਪਾਲਦਾ ਸਦਾ ਜ਼ਬਾਨ ਹੈਂ ਤੂੰ

### ਵੱਲੋਂ ਕਵੀ

ਜਿਹੜੀ ਘੜੀ ਦਸਮੇਸ਼ ਜੀ ਪ੍ਰੇਮ-ਭਿੱਜੇ, ਮਿੱਠੇ ਇਸ ਤਰ੍ਹਾਂ ਵਾਕ ਉਚਾਰ ਰਹੇ ਸੀ
ਜਿੱਸ ਘੜੀ ਪ੍ਰੇਮੀ ਬੁਧੂ ਸ਼ਾਹ ਜੀ ਦੀ, ਰੱਜ ਰੱਜ ਕੇ ਆਤਮਾ ਠਾਰ ਰਹੇ ਸੀ
ਓਸ ਸਮੇਂ ਦਾਤਾਰ ਜੀ ਕੁਦਰਤੀ ਹੀ, ਏਸ ਤਰ੍ਹਾਂ ਦੀ ਖੇਡ ਖਿਲਾਰ ਰਹੇ ਸੀ
'ਤੀਰ' ਹੱਥ ਦੇ ਵਿਚ ਸੀ ਲਿਆ ਕੰਘਾ, ਸੁਹਣੇ ਆਪਣੇ ਕੇਸ ਸਵਾਰ ਰਹੇ ਸੀ

### ਬੁਧੂ ਸ਼ਾਹ ਦੀ ਅਰਜ਼ੋਈ

ਬੁਧੂ ਸ਼ਾਹ ਨੇ ਜੋੜ ਕੇ ਹੱਥ ਕਿਹਾ, ਮੈਂ ਬਲਿਹਾਰ ਦਾਤਾ! ਮੈਂ ਕੁਰਬਾਨ ਦਾਤਾ
ਤੇਰੇ ਆਸਰੇ ਜੱਗ 'ਤੇ ਜੀਂਵਦਾ ਹਾਂ, ਮੇਰੀ ਜਿੰਦ ਦਾਤਾ! ਮੇਰੀ ਜਾਨ ਦਾਤਾ
ਤੇਰੇ ਨਾਲ ਹੈ ਮਾਨ ਤੇ ਪੱਤ ਮੇਰੀ, ਮੇਰੀ ਪੱਤ ਦਾਤਾ! ਮੇਰੇ ਮਾਨ ਦਾਤਾ
ਹੋਇਆ ਕੀ ਜੇਕਰ ਤੇਰੇ ਨਾਮ ਉੱਤੋਂ, ਮੇਰੀ ਘੋਲਣੇ ਹੋਈ ਸੰਤਾਨ ਦਾਤਾ
ਹੋਇਆ ਕੀ ਜੇ ਕਈ ਮੁਰੀਦ ਮੇਰੇ, ਵਾਰ ਗਏ ਨੇ ਦੇਹ ਪ੍ਰਾਨ ਦਾਤਾ
ਤੇਰੀ ਚੀਜ਼ ਤੈਨੂੰ ਸੌਂਪੀ ਗਈ ਜਾਣਾਂ, ਘਰ ਪਹੁੰਚ ਗਈ ਜਾਣ ਅਮਾਨ ਦਾਤਾ
ਜੇ ਤੂੰ ਤੁੱਠ ਹੀ ਪਿਉਂ, ਗ਼ਰੀਬੜੇ 'ਤੇ, ਜੇਕਰ ਹੋ ਗਿਆ ਏਂ ਮਿਹਰਬਾਨ ਦਾਤਾ

ਜੇਕਰ ਏਸ ਨਾ-ਚੀਜ਼ ਨੂੰ ਚੀਜ਼ ਕੋਈ, ਚਾਹੇਂ ਦੇਵਣੀ ਅੱਜ ਸੁਲਤਾਨ ਦਾਤਾ
ਫੇਰ ਮੰਨ ਕੇ ਹਾੜਿਆਂ ਤਰਲਿਆਂ ਨੂੰ, ਦੇਵੀਂ ਬੁੱਢੜੇ ਵੱਲ ਧਿਆਨ ਦਾਤਾ
'ਤੀਰ' ਸਣੇ ਕੇਸਾਂ ਕੰਘਾ ਬਖ਼ਸ਼ ਮੈਨੂੰ, ਮੈਂ ਹਾਂ ਮੰਗਤਾ ਮੰਗਦਾ ਦਾਨ ਦਾਤਾ

### ਸੱਯਦ ਬੁਧੂ ਸ਼ਾਹ ਫੇਰ ਕਹਿੰਦਾ ਹੈ

ਤੇਰੇ ਸੀਸ ਦਾ ਜਾਣ ਕੇ ਤਾਜ ਕੰਘਾ, ਪਿਆ ਪੂਜਸਾਂ ਅਤੇ ਪਿਆਰ ਕਰਸਾਂ
ਇਹਨੂੰ ਰਖਸਾਂ ਚੁੰਮ ਕੇ ਸਿਰ ਉੱਤੇ, ਲਾ ਕੇ ਅੱਖੀਆਂ ਨਾਲ ਸਤਿਕਾਰ ਕਰਸਾਂ
ਕੇਸ ਤੇਰਿਆਂ ਦੀ ਚਮਕ ਵਿੱਚ ਦਾਤਾ, ਜਦੋਂ ਵੇਖਸਾਂ ਪਿਆ ਦੀਦਾਰ ਕਰਸਾਂ
ਜਦੋਂ ਪੀੜ ਵਿਛੋੜੇ ਦੀ ਜਾਗ ਪੈਸੀ, ਇਹਦੇ ਦਰਸ਼ਨਾਂ ਤੋਂ ਹੌਲਾ ਭਾਰ ਕਰਸਾਂ
ਜਦੋਂ ਦਿੱਲ ਕਾਹਲਾ ਦੀਦ ਲਈ ਹੋਸੀ, ਹਾਜ਼ਰ ਏਸ ਅੱਗੇ ਹੰਝੂ-ਹਾਰ ਕਰਸਾਂ
ਜਦੋਂ ਤੱਕ ਜੀਸਾਂ, ਜੀਸਾਂ ਸਿੱਕ ਅੰਦਰ, ਪੂਜਾ ਇਨ੍ਹਾਂ ਦੀ ਸਣੇ ਪਰਿਵਾਰ ਕਰਸਾਂ
ਤੇਰਾ ਰੂਪ ਦਿੱਸ ਪਏਗਾ ਝੱਟ ਮੈਨੂੰ, ਅੱਖਾਂ ਕੋਲ ਜਾਂ ਕੇਸਾਂ ਦੀ ਤਾਰ ਕਰਸਾਂ
ਤੂੰ ਹੈਂ ਟੇਕ ਮੇਰੀ ਮੁਰਸ਼ਦ ਪੀਰ ਕਾਮਲ, 'ਤੀਰ' ਸ਼ੁਕਰ ਤੇਰਾ ਸੌ-ਸੌ ਵਾਰ ਕਰਸਾਂ

### ਇਹ ਬਖਸ਼ਿਸ਼ ਵੀ ਹੋ ਗਈ (ਵੱਲੋਂ ਕਵੀ)

ਦਿਲੋਂ ਤੁੱਠ ਕੇ ਸ੍ਰੀ ਦਸਮੇਸ਼ ਜੀ ਨੇ, ਸਿਦਕਵਾਨ ਦਾ ਸਿਦਕ ਪਰਵਾਨ ਕੀਤਾ
ਅੱਗੇ ਕੀਤੀਆਂ ਬਖਸ਼ਿਸ਼ਾਂ ਘੱਟ ਨਾ ਸੀ, ਹੋਰ ਦਾਤ ਦਿੱਤੀ ਹੋਰ ਮਾਨ ਕੀਤਾ
ਦਿੱਤਾ ਵਰ 'ਸਿਦਕੀ ਤੇਰੀ ਬੰਸ ਹੋਸੀ, ਸਾਡੇ ਨਾਲ ਤੂੰ ਪ੍ਰੇਮ ਮਹਾਨ ਕੀਤਾ'
ਬੁਧੂ ਸ਼ਾਹ ਨੂੰ ਸ੍ਰੀ ਦਸਮੇਸ਼ ਜੀ ਨੇ, 'ਤੀਰ' ਸਣੇ ਕੇਸਾਂ ਕੰਘਾ ਦਾਨ ਕੀਤਾ

### ਬੁਧੂ ਸ਼ਾਹ ਸਈਦਾਨੀ ਪਾਸ ਪੁੱਜਾ (ਵਲੋਂ ਕਵੀ)

ਲੈ ਕੇ ਬਖਸ਼ਿਸ਼ਾਂ ਜਾਂ ਬੁਧੂ ਸ਼ਾਹ ਟੁਰਿਆ, ਜਾਮੇ ਫੁੱਲਿਆ ਮੂਲ ਸਮਾਏ ਨਾਹੀਂ
ਜਿਵੇਂ ਕਿਸੇ ਗ਼ਰੀਬ ਨੂੰ ਧਨ ਲੱਭਾ, ਦਿਲ ਓਸ ਤੋਂ ਠੱਲ੍ਹਿਆ ਜਾਏ ਨਾਹੀਂ
ਸਿਦਕ ਉਸਦਾ ਅੱਖੀਓਂ ਪਿਆ ਛਲਕੇ, ਡੁੱਲ੍ਹ ਡੁੱਲ੍ਹ ਐਪਰ ਬਾਹਰ ਆਏ ਨਾਹੀਂ
'ਤੀਰ' ਸਾਂਭ ਕੇ ਬਖਸ਼ਿਸ਼ਾਂ ਘਰ ਪੁੱਜਾ, ਕੋਈ ਕਹੇ ਤਾਂ ਮੂਲ ਵਿਖਾਏ ਨਾਹੀਂ

### ਸਈਦਾਨੀ ਨੇ ਪੁੱਛਣਾ

ਮਾਣ ਨਾਲ ਅੱਗੇ ਹੋਈ ਸਈਦਾਨੀ, ਕਹਿੰਦੀ ਸ਼ਾਹ ਜੀ ਸੁਖਾਂ ਦੇ ਨਾਲ ਆਏ
ਅੰਗ-ਪਾਲ ਬਣ ਕੇ ਗਏ ਸਤਿਗੁਰਾਂ ਦੇ, ਦੱਸੋ ਠੀਕ ਹੋ ਨਾ ਅੰਗ-ਪਾਲ ਆਏ
ਐਪਰ ਆਪ ਦੀ ਏਸ ਗ਼ੁਲਾਮ ਤਾਈਂ, ਪਰਤ-ਪਰਤ ਕੇ ਪਿਆ ਖ਼ਿਆਲ ਆਏ
'ਤੀਰ' ਜਿੱਤ ਕੇ ਹੋ ਜਿੱਤਾਂ ਆਪ ਆਏ, ਐਪਰ ਨਾਲ ਕਿਉਂ ਨਹੀਂ ਮੇਰੇ ਲਾਲ ਆਏ

### ਸੱਯਦ ਬੁਧੂ ਸ਼ਾਹ ਆਪਣੀ ਪਤਨੀ ਨੂੰ ਦਸਦੇ ਹਨ

ਭਾਗਾਂ ਵਾਲੀਏ! ਸੀ ਤੇਰੇ ਲਾਲ ਸੁੱਚੇ, ਮੈਂ ਤੇ ਉਨ੍ਹਾਂ ਦਾ ਕਰ ਵਪਾਰ ਆਇਆਂ
ਮੁੱਲ ਉਨ੍ਹਾਂ ਦਾ ਪੈ ਗਿਆ ਬਹੁਤ ਸਾਰਾ, ਦੀਨ-ਦੁਨੀ ਦੇ ਲੈ ਅੰਬਾਰ ਆਇਆਂ
ਜਿਹਦੇ ਪ੍ਰੇਮ ਅੰਦਰ ਬੱਧਾ ਗਿਆ ਸਾਂ ਮੈਂ, ਪਾਲ ਓਸਦਾ ਅੱਜ ਪਿਆਰ ਆਇਆਂ
ਦੋਵੇਂ ਲਾਲ ਤੇਰੇ ਭਾਗਾਂ ਵਾਲੀਏ ਮੈਂ, ਕਲਗੀਧਰ ਦੇ ਚਰਨਾਂ ਤੋਂ ਵਾਰ ਆਇਆਂ

### ਸੱਯਦ ਬੁਧੂ ਸ਼ਾਹ ਸਤਿਗੁਰ ਦੀਆਂ ਬਖਸ਼ਿਸ਼ਾਂ ਦੱਸਦੇ ਹਨ

ਇਕ-ਇਕ ਕਰਕੇ ਬੁਧੂ ਸ਼ਾਹ ਦੱਸੇ, ਦਿੱਤਾ ਉਨ੍ਹਾਂ ਦਾ ਮੁੱਲ ਦਾਤਾਰ ਹੈ ਇਹ
ਆਹ ਹੈ ਹੁਕਮਨਾਮਾ ਸੱਚੇ ਪਾਤਸ਼ਾਹ ਦਾ, ਦਿੱਤੀ ਤ੍ਰੁੱਠ ਕੇ ਉਨ੍ਹਾਂ ਕਟਾਰ ਹੈ ਇਹ
ਸਿਰੋ ਪਾ ਦਿੱਤਾ ਉਨ੍ਹਾਂ ਸਿਰੋਂ ਲਾਹ ਕੇ, ਅੱਧੀ ਗੁਰਾਂ ਦੀ ਵੇਖ ਦਸਤਾਰ ਹੈ ਇਹ
ਕੰਘਾ ਬਖਸ਼ਿਆ ਨੇ ਨਾਲ ਮਿਹਰ ਕਰਕੇ, ਜਿਹੜਾ ਉਨ੍ਹਾਂ ਦਾ ਸੀਸ-ਸ਼ਿੰਗਾਰ ਹੈ ਇਹ
ਹੈਣ ਕੇਸ ਦਸਮੇਸ਼ ਦੇ ਵਿੱਚ ਇਹਦੇ, ਜਾਣ ਪੁੱਤਰਾਂ ਦੀ ਯਾਦਗਾਰ ਹੈ ਇਹ
'ਤੀਰ' ਦੋ ਲਾਲਾਂ ਵੱਟੇ ਪੰਜ ਚੀਜ਼ਾਂ, ਹੈਣ ਲੱਭੀਆਂ ਕਿਆ ਵਪਾਰ ਹੈ ਇਹ?

### ਸਈਦਾਨੀ ਰੋ ਰੋ ਕੇ ਕਹਿੰਦੀ ਹੈ

ਬੋਲੀ ਸਈਦਾਨੀ! ਮੈਂ ਤੇ ਗਈ ਲੁੱਟੀ, ਤੁਸੀਂ ਲਾਲ ਮੇਰੇ ਹੋ ਲੁਟਾ ਆਏ
ਮੇਰੇ ਚੰਦ ਹੋ ਦੂਇ ਛੁਪਾ ਆਏ, ਮੇਰੇ ਲਈ ਅਨ੍ਹੇਰ ਵਰਤਾ ਆਏ
ਮੇਰੇ ਕੀਮਤੀ ਲਾਲ ਘਮਸਾਣ ਅੰਦਰ, ਭਾੜੇ ਭੰਗ ਦੇ ਤੁਸੀਂ ਗਵਾ ਆਏ
ਅੰਨ੍ਹੀ ਅੰਬੜੀ ਜਾਏਗੀ ਕਿੱਸ ਪਾਸੇ, ਤੁਸੀਂ ਨੈਣਾਂ ਦੀ ਜੋਤ ਗਵਾ ਆਏ
ਤੁਸਾਂ ਕੱਖ ਵੀ ਸ਼ਾਹ ਜੀ ਸੋਚਿਆ ਨਾ, ਪ੍ਰੇਮ ਵਾਸਤੇ ਪੁੱਤ ਮਰਵਾ ਆਏ
ਲੈ ਕੇ 'ਤੀਰ' ਨਗੂਣੀਆਂ ਪੰਜ ਵਸਤਾਂ, ਤੁਸੀਂ ਇਨ੍ਹਾਂ ਤੋਂ ਲਾਲ ਘੁਮਾ ਆਏ?

### ਬੁਧੂ ਸ਼ਾਹ ਬਖਸ਼ਿਸ਼ਾਂ ਦੀ ਕੀਮਤ ਦੱਸਦਾ ਹੈ

ਬੁਧੂ ਸ਼ਾਹ ਨੇ ਆਖਿਆ ਮੋਹ ਅੰਦਰ, ਐਵੇਂ ਭਟਕ ਤੇ ਭੁੱਲ ਨ ਭੋਲੀਏ ਨੀ
ਇਨ੍ਹਾਂ ਕੀਮਤੀ ਮਿਹਰਾਂ ਤੇ ਬਖਸ਼ਸ਼ਾਂ ਦੀ, ਪਈ ਜੱਗ 'ਤੇ ਰੁਲ ਨਾ ਭੋਲੀਏ ਨੀ
ਤੇਰੇ ਪੁੱਤਰਾਂ ਲਾਡ ਲਡਿੱਕਿਆਂ ਦਾ, ਥੋੜ੍ਹਾ ਪਿਆ ਇਹ ਮੁੱਲ ਨਾ ਭੋਲੀਏ ਨੀ
ਤੇਰੇ ਪੁੱਤ ਕੀ ਨੇ ਚੌਦਾਂ ਤਬਕ ਹੋਵਣ, ਤਾਂ ਵੀ ਇਨ੍ਹਾਂ ਦੇ ਤੁੱਲ ਨਾ ਭੋਲੀਏ ਨੀ
ਏਸ ਇੱਕ-ਇੱਕ ਕੇਸ ਦੀ ਤਾਰ ਸਾਵ੍ਹੇਂ, ਤੁੱਲਣ ਕੁਦਰਤਾਂ ਕੁੱਲ ਨਾ ਭੋਲੀਏ ਨੀ
ਤੇਰੀ ਕੁੱਖ ਸੁਹੰਢਣੀ ਅੱਜ ਹੋਈ, ਵਿਚ ਗ਼ਮਾਂ ਦੇ ਘੁੱਲ ਨਾ ਭੋਲੀਏ ਨੀ
ਤੇਰੇ ਪੁੱਤਰਾਂ ਦੇਸ਼ ਨੂੰ ਖ਼ੂਨ ਦਿੱਤਾ, ਰੋ ਰੋ ਅੱਖੀਓਂ ਡੁੱਲ੍ਹ ਨਾ ਭੋਲੀਏ ਨੀ
ਜੇ ਪ੍ਰਵਾਨ ਕਰਕੇ ਮੁਰਸ਼ਦ ਹੋਣ ਰਾਜ਼ੀ, ਬੜੀ ਚੀਜ਼ ਇਹ ਫੁੱਲ ਨਾ ਭੋਲੀਏ ਨੀ

ਕਦੋਂ ਏਨੀਆਂ ਬਖਸ਼ਿਸ਼ਾਂ ਹੁੰਦੀਆਂ ਨੇ, ਸਦਾ ਲੱਗਦੇ ਗ਼ੁੱਲ ਨਾ ਭੋਲੀਏ ਨੀ
'ਤੀਰ' ਤੂੰ ਹੁਣ ਸ਼ੁਕਰ ਦੇ ਰੰਗ ਅੰਦਰ, ਤੇ ਅਟੇਰ ਪਈ ਬੁੱਲ੍ਹ ਨਾ ਭੋਲੀਏ ਨੀ

### ਫੇਰ ਕਹਿੰਦਾ ਹੈ

ਜਦੋਂ ਤੀਕ ਇਤਹਾਸ ਦੇ ਰਹਿਣ ਪੰਨੇ, ਜਦੋਂ ਤੀਕ ਤੇਰਾ ਖ਼ਾਨਦਾਨ ਰਹਿਸੀ
ਜਦੋਂ ਤੀਕ ਤੇਰੀ ਏਸ ਕੁੱਖ ਵਿੱਚੋਂ, ਕੋਈ ਨਾਂ-ਧਰੀਕ ਸੰਤਾਨ ਰਹਿਸੀ
ਜਦੋਂ ਤੀਕ ਨੇ ਅੰਬਰੀਂ ਚੰਦ ਤਾਰੇ, ਜਦੋਂ ਤੀਕ ਜ਼ਮੀਨ ਅਸਮਾਨ ਰਹਿਸੀ
'ਤੀਰ' ਤਦੋਂ ਤੋੜੀ ਤੇਰੀ ਜੱਗ ਉੱਤੇ, ਵਾਂਗ ਚੰਦ ਦੇ ਚਮਕਦੀ ਸ਼ਾਨ ਰਹਿਸੀ

### ਸਈਦਾਨੀ ਸਬਰ ਸ਼ੁਕਰ ਵਿਚ

ਸਬਰ ਆ ਗਿਆ ਸੁਣ ਸਈਦਣੀ ਨੂੰ, ਭਾਣਾ ਮੰਨ ਕੇ ਸ਼ੁਕਰ ਮਨਾਂਵਦੀ ਰਹੀ
ਮਿਹਰਾਂ ਬਖਸ਼ਿਸ਼ਾਂ ਲੈ ਦਸਮੇਸ਼ ਦੀਆਂ, ਰੋਜ਼ ਉਨ੍ਹਾਂ ਨੂੰ ਸੀਸ ਨਿਵਾਂਵਦੀ ਰਹੀ
ਸੱਚੇ ਪਾਤਸ਼ਾਹ ਤੇ ਦੋਹਾਂ ਬੱਚਿਆਂ ਦੇ, ਸਦਾ ਬਖਸ਼ਿਸ਼ਾਂ ਤੋਂ ਦੀਦ ਪਾਂਵਦੀ ਰਹੀ
'ਤੀਰ' ਜਦ ਤੋੜੀ ਰਹੀ ਜਗ ਉੱਤੇ, ਗੀਤ ਯੁੱਧ-ਭੰਗਾਣੀ ਦੇ ਗਾਂਵਦੀ ਰਹੀ

### ਵੱਲੋਂ ਕਵੀ

ਦਿਲਾ! ਏਧਰੋਂ ਮੋੜ ਮੁਹਾਰ ਹੁਣ ਤੂੰ, ਨਵੀਂ ਹੋਰ ਅਰੰਭ ਵਿਚਾਰ ਕਰੀਏ
ਚੱਲ ਪਾਉਂਟੇ ਪਾਸ ਦਸਮੇਸ਼ ਜੀ ਦੇ, ਅੱਖਾਂ ਠਾਰੀਏ ਰੱਜ ਦੀਦਾਰ ਕਰੀਏ
ਗੁਰੂ-ਕੀਰਤੀ ਵਿੱਚ ਲਿਵਲੀਨ ਹੋਈਏ, ਨਾਲੇ ਆਪਣਾ ਇਉਂ ਉਧਾਰ ਕਰੀਏ
'ਤੀਰ' ਗੁਰੂ ਦਸਮੇਸ਼ ਦੀ ਓਟ ਲੈ ਕੇ, ਬੇੜਾ ਹਿੰਦ ਨਿਮਾਣੀ ਦਾ ਪਾਰ ਕਰੀਏ

### ਪਹਾੜੀ ਰਾਜਿਆਂ ਦੀਆਂ ਸੋਚਾਂ (ਵੱਲੋਂ ਕਵੀ)

ਜਦੋਂ ਜੰਗ ਭੰਗਾਣੀ ਦਾ ਮੁੱਕ ਚੁੱਕਾ, ਜਿੱਤ ਜਿੱਤ ਕੇ ਬੰਦ ਲੜਾਈ ਹੋਈ
ਡਿੱਠਾ ਰਾਜਿਆਂ, ਗੁਰਾਂ ਤੋਂ ਹਾਰ ਖਾ ਕੇ, ਸਾਡੀ ਸ਼ਾਨ ਹੈ ਮੁਹਰ ਤੋਂ ਪਾਈ ਹੋਈ
ਭੈੜੇ ਹਾਲ ਵਿਚ ਅੱਪੜੇ ਘਰੀਂ ਜਾ ਕੇ, ਮੁਰਦਿਹਾਣ ਸੀ ਸੱਭ ਤੇ ਛਾਈ ਹੋਈ
ਗੋਂਦਾਂ ਬੈਠ ਕੇ ਗੁੰਦੀਆਂ ਫੇਰ ਓਹਨਾਂ, ਫਿੱਕੀ ਅੱਜ ਹੈ ਸਭ ਵਡਿਆਈ ਹੋਈ
ਜ਼ੋਰਾਵਰ ਦਸਮੇਸ਼ ਹੈ ਅਸਾਂ ਨਾਲੋਂ, ਉਹਨੇ ਫ਼ੌਜ ਸਿਰਲੱਥ ਬਣਾਈ ਹੋਈ
ਉਹਦੇ ਨਾਲ ਹੈ ਰੱਖਣਾ ਮੇਲ ਚੰਗਾ, ਉਹਦੇ ਨਾਮ ਦੀ ਫਿਰੀ ਦੁਹਾਈ ਹੋਈ
ਉਹਨੂੰ ਪੂਜਦੀ ਮੰਨਦੀ ਰੱਬ ਕਹਿ ਕੇ, ਸੇਵਾਦਾਰ ਹੈ ਉਹਦੀ ਲੁਕਾਈ ਹੋਈ
ਇਹ ਖਿਆਲ ਕਰਕੇ ਬਾਈਧਾਰ ਵੱਲੋਂ, ਸ਼ੁਰੂ ਪਾਉਂਟੇ ਈ ਆਵਾ ਜਾਈ ਹੋਈ
ਚਲੇ ਆਉਣ ਰਾਜੇ ਪਾਸ ਸਤਿਗੁਰਾਂ ਦੇ, ਅੱਖਾਂ ਨੀਵੀਆਂ ਧੌਣ ਨਿਵਾਈ ਹੋਈ
'ਤੀਰ' ਗੁਰੂ ਜੀ ਨੇ ਬਖਸ਼ੇ ਸ਼ਰਨ ਆਏ, ਅੱਗੋਂ ਵਾਸਤੇ ਸੁਲਾਹ ਸਫਾਈ ਹੋਈ

## ਸਿੱਖਾਂ ਦੀ ਚਾਹ (ਵੱਲੋਂ ਕਵੀ)

ਸਿੱਖ ਸੂਰਮੇਂ ਤਾਂ ਦਿਲੋਂ ਚਾਂਹੁਦੇ ਸੀ, ਅਜੇ ਹੋਰ ਵੀ ਇਕ ਘਮਸਾਨ ਕਰੀਏ
ਮਾਰ ਮਾਰ ਪਹਾੜੀਆਂ ਪਾਮਰਾਂ ਨੂੰ, ਵਿੱਚ ਪਰਬਤਾਂ ਦੇ ਬੇ-ਪ੍ਰਾਣ ਕਰੀਏ
ਦਗ਼ੇ-ਬਾਜ਼ੀਆਂ ਦਾ ਖੂਬ ਫੱਲ ਦੇ ਕੇ, ਸਦਾ ਲਈ ਸਾਰੇ ਬੇ-ਤ੍ਰਾਣ ਕਰੀਏ
ਖੋਭ ਖੋਭ ਕੇ ਇਨ੍ਹਾਂ ਦੀ ਹਿੱਕ ਅੰਦਰ, ਠੰਢੇ ਆਪਣੇ ਤੇਗ਼ਾਂ ਤੇ ਬਾਣ ਕਰੀਏ
ਸਾਰਾ ਮੱਲ ਵਿਰਸਾ, ਫਤਹਿ ਚੰਦ ਉਤੇ, ਸੱਟ ਪੁੱਜ ਕੇ ਵਾਂਗ ਵਦਾਣ ਕਰੀਏ
ਕਾਬੂ ਕਰ ਬਣਾਵੀਏ ਝੱਟ ਕੈਦੀ, ਹਾਜ਼ਰ ਸਤਿਗੁਰਾਂ ਦੇ ਅੱਗੇ ਆਣ ਕਰੀਏ
ਉਹਦੇ ਸ਼ਹਿਰ 'ਤੇ ਟੁਟੀਏ ਕਹਿਰ ਹੋ ਕੇ, ਉਹਦੇ ਮਹਿਲ ਨੂੰ ਫੂਕ ਮਸਾਣ ਕਰੀਏ
'ਤੀਰ' ਗੁਰੂ ਜੀ ਹੈਣ ਬਖਸ਼ਿੰਦ ਐਪਰ, ਬੋਲੇ 'ਬਖਸ਼ੀਏ' ਮੂਲ ਨਾ ਮਾਣ ਕਰੀਏ

## ਸਤਿਗੁਰਾਂ ਦਾ ਹੁਕਮ

ਸਿੱਖੋ ਉਹ ਵੈਰੀ ਸਾਡਾ ਜੱਗ ਅੰਦਰ, ਚੋਰੀ ਦਗ਼ਾ ਫਰੇਬ ਕਮਾਏ ਜਿਹੜਾ
ਉਹਨੂੰ ਬਖਸ਼ ਦੇਵੋ ਕੀਤੀ ਭੁੱਲ ਉੱਤੇ, ਪਸ਼ੇਮਾਨ ਹੋ ਕੇ ਪਛੋਤਾਏ ਜਿਹੜਾ
ਸਾਡਾ ਉਹ ਵੈਰੀ ਦੇਸ਼ ਆਪਣੇ ਨੂੰ, ਪਿਆ ਫਾਹ ਗ਼ੁਲਾਮੀ ਦੇ ਪਾਏ ਜਿਹੜਾ
ਉਹਨੂੰ ਬਖਸ਼ ਦੇਣਾ ਦੇਸ਼-ਭਗਤ ਹੋ ਕੇ, ਪਿਆਰੇ ਦੇਸ਼ ਉੱਤੋਂ ਵਾਰੇ ਜਾਏ ਜਿਹੜਾ
ਸਾਡਾ ਉਹ ਵੈਰੀ, ਰੱਬੀ ਬੰਦਿਆਂ ਨੂੰ, ਨੀਚ ਨੀਚ ਕਹਿ ਪਰ੍ਹੇ ਹਟਾਏ ਜਿਹੜਾ
'ਤੀਰ' ਓਸਨੂੰ ਤੁਸੀਂ ਵੀ ਗਲੇ ਲਾਓ, ਗਲੇ ਚੁੱਕ ਗ਼ਰੀਬਾਂ ਨੂੰ ਲਾਏ ਜਿਹੜਾ

## ਪਾਉਂਟੇ ਤੋਂ ਅਨੰਦਪੁਰ ਨੂੰ ਕੂਚ (ਵੱਲੋਂ ਕਵੀ)

ਜੰਗ ਬਾਅਦ ਵੀ, ਪਾਉਂਟੇ ਮਾਹ ਕਿੰਨੇ, ਰੰਗਾਂ ਵਿੱਚ ਦਸਮੇਸ਼ ਦਾਤਾਰ ਵੱਸੇ
ਸੈਆਂ ਸੰਗਤਾਂ ਤਾਰੀਆਂ ਮਿਹਰ ਕਰਕੇ, ਮੀਂਹ ਬਖ਼ਸ਼ਿਸ਼ਾਂ ਦੇ ਮੁਹਲੇ-ਧਾਰ ਵੱਸੇ
ਆਖਰ ਆਣ ਕੇ ਪਿਆ ਪਰਿਵਾਰ ਕਾਹਲਾ, ਦਿੱਲੀਂ ਪੁਰੀ ਅਨੰਦ ਦੇ ਪਿਆਰ ਵੱਸੇ
ਲੱਗੇ ਸਭ ਆਖਣ "ਏਥੋਂ ਕੂਚ ਕਰੀਏ, ਉੱਥੇ ਚੱਲ ਕੇ ਸੱਚੀ ਸਰਕਾਰ ਵੱਸੇ
ਪਾਈ ਪੁਰੀ ਅਨੰਦ ਨੇ ਖਿੱਚ ਸਾਨੂੰ, ਉਹਦੀ ਹਿਰਦਿਆਂ ਵਿਚ ਬਹਾਰ ਵੱਸੇ
'ਤੀਰ' ਬੇਨਤੀ ਕਰੋ ਪਰਵਾਨ ਸਾਡੀ, ਪਹਿਲੀ ਥਾਂ ਤੇ ਚੱਲ ਪਰਵਾਰ ਵੱਸੇ

## ਕੂਚ (ਵੱਲੋਂ ਕਵੀ)

ਟੁਰੇ ਪੌਂਟਿਓਂ ਗੁਰੂ ਦਸਮੇਸ਼ ਮੇਰੇ, ਰਾਜੇ ਰਾਣੀਆਂ ਨੂੰ ਜੀਵਨ ਦਾਨ ਕਰਕੇ
ਨਾਹਣ-ਪਤੀ ਨੇ ਦਿੱਤੀਆਂ ਕਈ ਭੇਟਾਂ, ਕੀਤਾ ਵਿੱਦਿਆ ਚੌਖਨੇ ਜਾਨ ਕਰਕੇ
ਬਹੁਤੀ ਫ਼ੌਜ ਤੇ ਸਾਥ ਨੂੰ ਹੋਰ ਰਾਹੇ, ਗਿਆ ਟੋਰਿਆ ਖਾਸ ਫੁਰਮਾਨ ਕਰਕੇ
ਕੀਤਾ ਹੁਕਮ ਚੱਲ ਪੁਰੀ ਅਨੰਦ ਪੁੱਜੋ, ਪੰਧ ਕੱਟਣਾ ਰਤਾ ਧਿਆਨ ਕਰਕੇ

ਪਹੁੰਚ ਅਸੀਂ ਵੀ ਜਾਂਗੇ ਬਹੁਤ ਛੇਤੀ, ਪ੍ਰੇਮ ਪਾਲ ਕੇ ਪ੍ਰੇਮ ਪਰਵਾਨ ਕਰਕੇ
'ਤੀਰ' ਹੁਕਮ ਅਕਾਲ ਦਾ ਪਾਲਣਾ ਏਂ, ਅਸਾਂ ਆਪਣਾ ਆਪ ਕੁਰਬਾਨ ਕਰਕੇ

### ਰਾਇਪੁਰ ਵਿਚ ਖਿੱਚਾਂ (ਵੱਲੋਂ ਕਵੀ)

ਬਾਈਧਾਰ ਦਾ ਈ ਇੱਕ ਅੰਗ ਓਦੋਂ, ਰਾਇਪੁਰ ਰੰਗੀਂ ਅਵਾਦਾਨ ਹੈਸੀ
ਰਾਣੀ ਓਸਦੀ ਪ੍ਰੇਮ ਦੀ ਪੁੰਜ ਹੈਸੀ, ਦਿਲੋਂ ਸਿੱਕ ਸਚਾਈ ਦੀ ਖਾਨ ਹੈਸੀ
ਹੈਸੀ ਪੂਜਦੀ ਸਦਾ ਦਸਮੇਸ਼ ਤਾਈਂ, ਰਾਣੀ ਹੋਣ ਦਾ ਮੂਲ ਨਾ ਮਾਨ ਹੈਸੀ
ਸੁਰਤ ਜੋੜ ਕੇ ਪ੍ਰੇਮ ਦੇ ਵੱਸ ਹੋ ਕੇ, ਲਾਈ ਰੱਖਦੀ ਸਦਾ ਧਿਆਨ ਹੈਸੀ
ਸੱਚ ਜੋਤ ਤੇ ਮੋਈ ਪਤੰਗ ਵਾਂਗੂੰ, ਉਹਨੂੰ ਸਮਝਦੀ ਆਪਣੀ ਜਾਨ ਹੈਸੀ
ਲੱਗੀ ਦੀਦ ਦੀ ਲੋਚਨਾ ਓਸ ਤਾਈਂ, ਹੋਈ ਪ੍ਰੇਮ ਦੇ ਵਿਚ ਪਰਵਾਨ ਹੈਸੀ
ਤਾਂਘ-ਭਰੀ ਉਛਾਲਦੀ ਰਹੇ ਹੰਝੂ, ਹੁੰਦਾ ਹਿਰਦਿਓਂ ਹੜ੍ਹ ਰਵਾਨ ਹੈਸੀ
"ਮੈਨੂੰ ਦੀਦ ਹੋਵੇ ਸੱਚੇ ਪਾਤਸ਼ਾਹ ਜੀ," ਨਿਤਾ ਪ੍ਰਤਿ ਇਹ ਮੰਗਦੀ ਦਾਨ ਹੈਸੀ
ਐਪਰ ਓਸ ਵੇਲੇ ਸਮਾਂ ਬਿੱਖੜਾ ਸੀ, ਏਸ ਗੱਲ ਦੇ ਵਿਚ ਨੁਕਸਾਨ ਹੈਸੀ
ਉਹਨੂੰ ਇਹੋ ਵਜ਼ੀਰ ਸਮਝਾਂਵਦੇ ਸੀ, ਮੇਲ ਗੁਰਾਂ ਦਾ ਰਾਜ ਦੀ ਹਾਨ ਹੈਸੀ
ਖ਼ਾਰ ਕਿਉਂਕਿ ਗੁਰਾਂ ਦੇ ਨਾਲ ਕਰਦਾ, ਔਰੰਗਜ਼ੇਬ ਕਠੋਰ ਸੁਲਤਾਨ ਹੈਸੀ
ਭਾਵੇਂ ਲੱਖ ਵਜ਼ੀਰ ਨੇ ਯਤਨ ਕੀਤਾ, ਰਾਜ-ਨੀਤ ਵੀ ਕੀਤੀ ਬਿਆਨ ਹੈਸੀ
ਤਾਂਵੀਂ ਪ੍ਰੇਮ ਤੋਂ ਟਲੀ ਨਾ ਮੂਲ ਰਾਣੀ, ਹੋਈ ਗੁਰਾਂ ਤੋਂ ਦਿਲੋਂ ਕੁਰਬਾਨ ਹੈਸੀ
ਉਹਦਾ ਦਿਲ ਦਸਮੇਸ਼ ਨੇ ਮੱਲਿਆ ਸੀ, ਉਹਦੀ ਨਿਗ੍ਹਾ ਵਿਚ ਜੋਤ ਮਹਾਨ ਹੈਸੀ
ਉਹਦੀ ਸੁਰਤ ਸੀ ਕਲਗੀ ਦੇ ਨੂਰ ਅੰਦਰ, ਟੇਕ ਓਸਦੀ ਗੁਰੂ-ਗਿਆਨ ਹੈਸੀ
'ਤੀਰ' ਦਿਨੇ-ਰਾਤੀਂ ਜੋੜੇ ਹੱਥ ਦੋਵੇਂ, ਰਹਿੰਦੀ ਹਾੜਿਆਂ ਵਿੱਚ ਗ਼ਲਤਾਨ ਹੈਸੀ

### ਰਾਣੀ ਰਾਇਪੁਰ ਦੀ ਬਿਹਬਲਤਾ (ਵੱਲੋਂ ਕਵੀ)

ਪ੍ਰੇਮ-ਲਗਨ ਅੰਦਰ ਡਾਢੀ ਮਗਨ ਹੋਈ, ਰਹੇ ਆਖਦੀ ਝੱਬ ਦੀਦਾਰ ਹੋਵੇ
ਜਾਣੀ ਜਾਣ ਜੀ ਦਿਲਾਂ ਦੀ ਜਾਣਦੇ ਓ, ਮੇਰੇ ਪ੍ਰੇਮ ਨੂੰ ਕਦੇ ਨਾ ਹਾਰ ਹੋਵੇ
ਏਦਾਂ ਆਖਦੇ ਆਖਦੇ ਅੱਖੀਆਂ ਚੋਂ, ਕਈ ਵਾਰ ਬਾਰਸ਼ ਮੁਹਲੇ-ਧਾਰ ਹੋਵੇ
ਕਈ ਵਾਰ ਹਿਡਕੋਰਿਆਂ ਹਿੱਚਕੀਆਂ ਚੋਂ, ਜ਼ਾਹਿਰ ਗੁਰਾਂ ਦਾ ਪਿਆ ਪਿਆਰ ਹੋਵੇ
ਕਈ ਕਈ ਵਾਰੀ ਨਿਮਸ਼ਕਾਰ ਕਰਦੀ, ਕਲਗੀਧਰ ਤੋਂ ਦਿਲੋਂ ਨਸਾਰ ਹੋਵੇ
ਰਹੇ ਖੜਕਦੀ ਓਸ ਦੀ ਹਿਕ ਅੰਦਰ, ਮੱਠੀ ਮੂਲ ਨਾ ਪ੍ਰੇਮ ਦੀ ਤਾਰ ਹੋਵੇ
ਕਿਸੇ ਖੁਸ਼ੀ ਅਗੰਮੀ ਦੇ ਵਿੱਚ ਆ ਕੇ, ਕਈ ਵਾਰ ਉਹ ਇੱਕ ਤੋਂ ਚਾਰ ਹੋਵੇ
ਐਪਰ ਝੱਟ ਹੀ ਅੱਖੀਓਂ ਕਿਰਨ ਹੰਝੂ, ਦੀਦ ਲਈ ਡਾਢੀ ਬੇ-ਕਰਾਰ ਹੋਵੇ
ਰੋਜ਼ ਹਥ ਜੋੜੇ ਪੱਲਾ ਗੱਲ ਪਾਵੇ, ਆਖੇ:- ਝੱਬ ਮਨਜ਼ੂਰ ਪੁਕਾਰ ਹੋਵੇ

ਠਾਰਾਂ ਅੱਖੀਆਂ ਦੀਦ ਪਾ ਸਿੱਕ-ਭਰੀਆਂ, ਹੌਲਾ ਜਿੰਦ ਨਿਮਾਣੀ ਦਾ ਭਾਰ ਹੋਵੇ
ਸੱਚੇ ਪਾਤਸ਼ਾਹ ਵੇਖਣਾ ਚਾਹੁੰਦੀ ਹਾਂ, ਕਦੇ ਸੱਜਿਆ ਗੁਰੂ-ਦਰਬਾਰ ਹੋਵੇ
ਵਿੱਚ ਸੰਗਤਾਂ ਦੇ ਏਦਾਂ ਆਪ ਸੋਭੋ, ਜਿਵੇਂ ਚੰਦ ਨੂੰ ਪਿਆ ਪਰਿਵਾਰ ਹੋਵੇ
ਝੜੀ ਖ਼ੂਬ ਲੱਗੀ ਹੋਵੇ ਕੀਰਤਨ ਦੀ, ਮੇਰਾ ਦਿਲ ਸੁਣ ਕੇ ਠੰਢਾ ਠਾਰ ਹੋਵੇ
ਸ਼ਾਂਤ-ਬਖਸ਼ਣਾ ਹੋਏ ਪਰਭਾਤ ਵੇਲਾ, ਜੁੜੇ ਸੁਰਤ, ਨਾ ਆਪਣੀ ਸਾਰ ਹੋਵੇ
ਜੁੜੀ ਸੁਰਤ ਅੰਦਰ ਕਰਾਂ ਸਾਫ਼ ਜੋੜੇ, ਸੁਭਾ ਸ਼ਾਮ ਮੇਰੀ ਇਹੋ ਕਾਰ ਹੋਵੇ
ਆਸਾਂ ਮੇਰੀਆਂ ਪੂਰੀਆਂ ਹੋਣ ਸੱਭੇ, ਕੰਨਾਂ ਵਿੱਚ ਪੈਂਦੀ ਆਸਾ-ਵਾਰ ਹੋਵੇ
ਮੇਰੇ ਨੈਣ ਤੱਕਣ ਥੱਕਣ ਮੂਲ ਨਾਹੀਂ, ਕਲਗੀਧੱਰ ਬੈਠਾ ਕਲਗੀਧਾਰ ਹੋਵੇ
ਤ੍ਰੁਠੋ ਇਉਂ ਤਾਂ 'ਤੀਰ' ਗ਼ਰੀਬਣੀ ਦਾ, ਬੇੜਾ ਸ਼ਹੁ ਦਰਿਆ ਚੋਂ ਪਾਰ ਹੋਵੇ

### ਵੱਲੋਂ ਕਵੀ

ਦਿੱਲ ਰਾਤ ਦਿਨ ਓਸਦਾ ਧੜਕਦਾ ਸੀ, ਦੀਦ ਵਾਸਤੇ ਪ੍ਰੇਮ ਦੀ ਤਾਰ ਬਣ ਕੇ
ਓਹਦੀ ਅੱਖ ਦਸਮੇਸ਼ ਨੂੰ ਭਾਲਦੀ ਸੀ, ਰਾਹਾਂ ਪੈਂਡਿਆਂ ਵਿਚ ਪਿਆਰ ਬਣ ਕੇ
ਹੰਝੂ ਓਸਦੇ ਸੀ ਚਾਂਹਦੇ ਗਲੇ ਪੈਣਾ, ਸੁੱਚਾ ਪ੍ਰੇਮ-ਪਿਆਰ ਦਾ ਹਾਰ ਬਣ ਕੇ
'ਤੀਰ' ਤਾਂਘਦੀ ਸੀ ਦਿਨੇ ਰਾਤ ਰਾਣੀ, ਪ੍ਰੇਮ-ਤਾਂਘ ਤੇ ਸਿੱਕ ਸਤਕਾਰ ਬਣ ਕੇ

### ਫੇਰ ਕਵੀ ਵੱਲੋਂ

ਏਸ ਸਿੱਕ ਪ੍ਰੇਮ ਦੀ ਸਾਰ ਤਾਈਂ, ਕਿਵੇਂ ਮੋਹ-ਫਾਥਾ ਦੁਨੀਆਦਾਰ ਸਮਝੇ
ਮੱਛੀ-ਨੀਰ ਦੀ ਪ੍ਰੀਤ ਦੀ ਸਾਂਝ ਤਾਈਂ, ਡੱਡੂ ਕਰ ਕਰ ਕਿਵੇਂ ਵਿਚਾਰ ਸਮਝੇ
ਖਿੜੇ ਫੁੱਲ ਤੇ ਭੌਰ ਦਾ ਪ੍ਰੇਮ ਦੱਸੋ, ਕਿਵੇਂ ਭੂੰਡ ਅੰਜਾਣ ਮਕਾਰ ਸਮਝੇ
ਮਿੱਠੀ ਚੰਦ ਚਕੋਰ ਦੀ ਪ੍ਰੀਤ ਤਾਈਂ, ਕਿਵੇਂ ਜੱਗ ਦਾ ਬੱਗ ਗਵਾਰ ਸਮਝੇ
ਕੈਸਾ ਕੰਵਲ ਤੇ ਪਾਣੀ ਦਾ ਹਿੱਤ ਹੁੰਦਾ, ਬਿੱਨਾ ਤਾਰ ਤੋਂ ਕੌਣ ਇਹ ਤਾਰ ਸਮਝੇ
ਨਾਦ ਹਰਨ ਨੂੰ ਕਿਵੇਂ ਬੇਤਾਬ ਕਰਦਾ, ਕੌਣ ਪ੍ਰੇਮ ਦੇ ਲਾਡ-ਮਲ੍ਹਾਰ ਸਮਝੇ
ਕਿਉਂਕਰ ਚੱਕਵੀ ਚਾਹੁੰਦੀ ਭਾਨ ਤਾਈਂ, ਨਿਗ੍ਹਾ ਹੋਇ ਤਾਂ ਕੋਈ ਏਹ ਸਾਰ ਸਮਝੇ
ਰੱਤੀ ਪ੍ਰੇਮ ਦੀ ਵੱਧ ਹਿਮਾਲੀਆ ਤੋਂ, ਕੋਈ ਪਾਰਖੂ ਹੋਇ ਤਾਂ ਭਾਰ ਸਮਝੇ
ਪ੍ਰੇਮ ਜੱਗ ਦਾ ਲੱਗਦਾ ਠੀਕ ਮਿੱਠਾ, ਰੂਪ ਮੋਹ ਦਾ ਜਿਹਨੂੰ ਸੰਸਾਰ ਸਮਝੇ
'ਤੀਰ' ਸਿੱਕ ਪ੍ਰੇਮ ਦਾ ਮੁੱਲ ਪੂਰਾ, ਜਾਂ ਫਕੀਰ ਸਮਝੇ ਜਾਂ ਕਰਤਾਰ ਸਮਝੇ

### ਰਾਣੀ ਆਪਣੇ ਮਨ ਨਾਲ ਗੱਲਾਂ ਕਰਦੀ ਹੈ

ਮਨਾ ਮੇਰਿਆ ! ਪਵੇਗਾ ਕੀ ਘਾਟਾ, ਮੋਇਆ ਲੱਗ ਚਰਨੀਂ ਤੇਰਾ ਮਾਨ ਜੇਕਰ
ਲਾਹਾ ਦਰਸ਼ਨਾਂ ਦਾ ਕੋਈ ਘੱਟ ਨਾਹੀ, ਵਾਰੇ ਹੋ ਜਾਵੇ ਤੇਰੀ ਜਾਨ ਜੇਕਰ

ਰਾਜ ਭਾਗ ਦਸਮੇਸ਼ ਤੋਂ ਕਰ ਘੋਲੀ, ਤੇਰੀ ਜੋਦੜੀ ਹੋਇ ਪਰਵਾਨ ਜੇਕਰ
ਲੰਘ ਅੱਖੀਆਂ ਚੋਂ ਮੰਦਰ ਦਿੱਲ ਅੰਦਰ, ਵੱਸੇ ਆਣ ਕੇ ਸੋਢੀ ਸੁਲਤਾਨ ਜੇਕਰ
ਤਾਂ ਵੀ ਗੱਲ ਕੀ ਏ ਪ੍ਰੇਮ-ਪੰਧ ਅੰਦਰ, ਤੇਰਾ ਉੱਜੜੇ ਜੱਗ ਜਹਾਨ ਜੇਕਰ
ਘੋਲ ਸੁੱਟ ਮਹਾਰਾਜ ਦੇ ਦਰਸ਼ਨਾਂ ਤੋਂ, ਏਦੂੰ ਵੱਧ ਕੇ ਵੀ ਹੋਵੇ ਸ਼ਾਨ ਜੇਕਰ
ਬਣ ਰਾਣੀਓਂ ਗੁਰਾਂ ਦੀ ਹੱਸ ਗੋਲੀ, ਮਿਲੇ ਮੰਗਤੀ ਨੂੰ ਜੀਆ ਦਾਨ ਜੇਕਰ
'ਤੀਰ' ਤੇਗ਼ ਚੁੰਮਾਂ ਚਰਨ-ਧੂੜ ਚੁੰਮਾਂ, ਕਰਨ ਕੰਗਲੀ ਵੱਲ ਧਿਆਨ ਜੇਕਰ

### ਰਾਣੀ ਫੇਰ ਕਹਿੰਦੀ ਹੈ

ਇਹ ਅੰਞਾਣ ਵਜ਼ੀਰ ਕੀ ਜਾਣ ਦੇ ਨੇ, ਮੈਂ ਤੇ ਆਤਮਾ ਪ੍ਰੇਮ ਵਿਚ ਰੰਗਣੀ ਏਂ
ਰਾਜ ਛੱਡ ਕੇ ਉਹਦੇ ਦੀਦਾਰ ਬਦਲੇ, ਖ਼ੈਰ ਮੰਗਣੀ ਪਈ ਤਾਂ ਮੰਗਣੀ ਏਂ
ਭੁੱਲ ਜਾਂ ਗੀ ਰਾਜ ਤੇ ਤਖਤ ਦੋਵੇਂ, ਛਿੱਕੇ ਰਾਜ ਦੀ ਆਬਰੂ ਟੰਗਣੀ ਏਂ
'ਤੀਰ' ਵੱਸਣਾ ਉਹਦੇ ਸਤਸੰਗ ਅੰਦਰ, ਲੋਕਾਂ ਆਖਣਾ ਉਹਦੀ ਸਤਸੰਗਣੀ ਏਂ

### ਵੱਲੋਂ ਕਵੀ

ਟਿੱਕੀ ਇਸ ਤਰ੍ਹਾਂ ਪ੍ਰੇਮ ਦੀ ਹੋ ਪੱਕੀ, ਸੁੱਚੇ ਪ੍ਰੇਮ ਪਿਆਰ ਦੀ ਭਰੀ ਰਾਣੀ
ਰਾਜ ਜਾਣ ਦੇ ਭੂੰਮ ਡਰਾਵਿਆਂ ਤੋਂ, ਰਤੀ ਮੂਲ ਨਾ ਝਿਜਕੀ ਡਰੀ ਰਾਣੀ
ਪੈ ਕੇ ਬ੍ਰਿਹੋਂ ਕੁਠਾਲੜੀ ਵਿਚ ਏਦਾਂ, ਸੋਨੇ ਵਾਂਗ ਹੋਈ ਸ਼ੁੱਧ ਖਰੀ ਰਾਣੀ
'ਤੀਰ' ਦਿਲਾਂ ਦੀ ਤਾਰ ਦਸਮੇਸ਼ ਜਾਣੀ, ਅੱਗੋਂ ਵੇਖ ਲਓ ਕਿਸ ਤਰ੍ਹਾਂ ਤਰੀ ਰਾਣੀ

### ਲਾਹੜ ਨਗਰ ਨੂੰ ਭਾਗ

ਆਏ ਪੌਂਟਿਓਂ ਲਾਹੜ ਦੀ ਜੂਹ ਅੰਦਰ, ਪੁੱਜੇ ਕਈ ਕੌਤਕ ਜਾਣੀ ਜਾਣ ਕਰਦੇ
ਕਿਸੇ ਸਮੇਂ ਦੀ ਸ਼ਾਹੀ ਸ਼ਿਕਾਰ-ਗਾਹ ਸੀ, ਲੋਧੀ ਜਿਹੇ ਸੀ ਏਸ 'ਤੇ ਮਾਣ ਕਰਦੇ
ਗੁਰਾਂ ਖੇਡਿਆ ਖ਼ੂਬ ਸ਼ਿਕਾਰ ਏਥੇ, ਸੈਆਂ ਜੀਆਂ ਦੀ ਰਹੇ ਕਲਿਆਣ ਕਰਦੇ
ਪ੍ਰੀਤਵਾਨ ਸੁਣ ਕੇ ਪਾਣ ਦੀਦ ਆਏ, 'ਤੀਰ' ਤੇਗ਼ ਗੁਰ ਦੀ ਭੇਟ ਆਨ ਕਰਦੇ

### ਮੇਦਨੀ ਪ੍ਰਕਾਸ਼ ਦਾ ਵਜ਼ੀਰ ਆਇਆ (ਵੱਲੋਂ ਕਵੀ)

ਨਾਹਣ-ਪਤੀ ਦੇ ਇਕ ਵਜ਼ੀਰ ਆ ਕੇ, ਕਿਹਾ ਲੱਖ ਵਾਰੀ ਨਿਮਸ਼ਕਾਰ ਗੁਰ ਜੀ
ਮਹਾਰਾਜ ਜੀ ਨੇ ਆਪ ਆਵਣਾ ਸੀ, ਗਿਆ ਪੈ ਪਰ ਕੋਈ ਵਿਹਾਰ ਗੁਰ ਜੀ
ਚੋਖੇ ਆਪ ਨੇ ਨਾਹਣ ਨੂੰ ਭਾਗ ਲਾਏ, ਰਾਜਾ ਆਪ ਦਾ ਸ਼ੁਕਰਗੁਜ਼ਾਰ ਗੁਰ ਜੀ
ਹੁੰਦੀ ਵਿਹਲ ਤਾਂ ਹੋਂਵਦਾ ਆਪ ਹਾਜ਼ਰ, ਰੋਕ ਲਿਆ ਸੰਸਾਰ ਦੀ ਕਾਰ ਗੁਰ ਜੀ
ਨਾਹਣ-ਪਤੀ ਦਾ ਵੀ ਦਿਲ ਡੋਲਿਆ ਏ, ਜਾਣ ਗਏ ਵਿੱਚੋਂ ਜਾਨਣ ਹਾਰ ਗੁਰ ਜੀ
ਹੱਸ ਪਏ ਤੇ ਲਾਹੜ ਤੋਂ ਕੂਚ ਕੀਤਾ, ਰਾਮਗੜ੍ਹ ਵੱਲ ਹੋਇ ਤਿਆਰ ਗੁਰ ਜੀ

ਲੱਖਾਂ ਜੀਆਂ ਨੂੰ ਭੋਗ ਤੇ ਮੋਖ ਦੇਂਦੇ, ਕਰਨ ਬਖ਼ਸ਼ਸ਼ਾਂ ਅਤੇ ਪਿਆਰ ਗੁਰ ਜੀ
'ਤੀਰ' ਨਾਲ ਨਿਗਾਹ ਦੇ ਜਾਣ ਤਾਰੀ, ਕਰਨ ਪਾਪੀਆਂ ਸੈਆਂ ਨੂੰ ਪਾਰ ਗੁਰ ਜੀ

### ਵੱਲੋਂ ਕਵੀ

ਸੁਣ ਕੇ ਖੁਸ਼ ਹੋਇਆ ਰਾਜਾ ਰਾਮਗੜ੍ਹੀਆ, ਧੰਨ ਭਾਗ ਗ਼ਰੀਬ ਨਿਵਾਜ ਆਏ
ਨਾਹਣ-ਪਤੀ ਨੂੰ ਜਿਸ ਤਰ੍ਹਾਂ ਤਾਰਿਆ ਨੇ, ਤਿਵੇਂ ਦਾਸ ਦੀ ਵੀ ਰੱਖਣ ਲਾਜ ਆਏ
ਭੇਟਾ ਦਿੱਤੀਆਂ ਕਈ ਦਸਮੇਸ਼ ਜੀ ਨੂੰ, ਆਖੇ ਕਾਜ ਸਾਰਨ ਕਾਰ-ਸਾਜ਼ ਆਏ
ਅਸਲ ਵਿਚ ਪ੍ਰੇਮ ਦੀ ਖਿੱਚ ਖਾ ਕੇ, 'ਤੀਰ' ਟੁਰੇ ਸੀ ਗੁਰੂ ਮਹਾਰਾਜ ਆਏ

### ਸਿੱਕਦੇ ਦਿਲ ਦੀ ਆਸ ਪੂਰੀ (ਵੱਲੋਂ ਕਵੀ)

ਰਾਮ ਗੜ੍ਹ ਵੱਲੋਂ ਜਦੋਂ ਧੂੜ ਉੱਡੀ, ਧੂੰਧੂਕਾਰ ਦਾ ਰੂਪ ਵਟਾਇਆ ਏ
ਰੰਗ ਵੇਖਿਆ ਰਾਇਪੁਰ-ਵਾਸੀਆਂ ਨੇ, ਡਾਢਾ ਸੱਭ ਉਤੇ ਡੱਰ ਛਾਇਆ ਏ
ਕਿਸੇ ਆਖਿਆ ਲਓ ਸਾਡੇ ਰਾਜ ਉੱਤੇ, ਫਤਹਿ ਚੰਦ ਰਾਜਾ ਚੜ੍ਹ ਆਇਆ ਏ
ਬੱਝ ਗਿਆ ਲੜਾਈ ਦਾ ਮੁੱਢ ਜਾਣੋ, ਰਾਜਾ ਚਾਂਹਵਦਾ ਖ਼ੂਨ ਵਹਾਇਆ ਏ
ਲੱਗਾ ਥਾਂ ਥਾਂ ਸਭ ਪ੍ਰਬੰਧ ਹੋਵਣ, ਗਿਆ 'ਰੋਕ' ਦਾ ਮਤਾ ਪਕਾਇਆ ਏ
ਡਰ-ਮਾਰਿਆਂ ਬਾਲ ਅੰਞਾਣਿਆਂ ਨੇ, ਘਰ ਗਲੀ ਅੰਦਰ ਰੌਲਾ ਪਾਇਆ ਏ
ਸਾਡੀ ਕਰੀਂ ਰਾਖੀ ਲਾਟਾਂ ਵਾਲੀਏ ਨੀ, ਤੈਨੂੰ ਰਾਤ ਦਿਨ ਸਦਾ ਧਿਆਇਆ ਏ
'ਤੀਰ' ਕੌਣ ਹੈ ਆ ਗਿਆ ਏਸ ਪਾਸੇ, ਸਮੇਂ ਇਹ ਪਰ ਭੇਦ ਲੁਕਾਇਆ ਏ

### ਨੇੜੇ ਨੇੜੇ (ਵੱਲੋਂ ਕਵੀ)

ਏਸ "ਹਾ ਹਾ ਹੂ" ਦੇ ਸਮੇਂ ਅੰਦਰ, ਹਰ ਇੱਕ ਰਿਆਸਤੀ ਡਰਨ ਲੱਗਾ
ਰਾਣੀ ਸਿੱਕਦੀ ਦਾ ਸੁੱਚਾ ਦਿਲ ਐਪਰ, ਕੋਈ ਨਾਚ ਅਨੋਖੜਾ ਕਰਨ ਲੱਗਾ
ਹੰਝੂ ਸਿੱਕ ਦਾ ਆਣ ਕੇ ਅੱਖ ਅੰਦਰ, ਬੇੜੀ ਪ੍ਰੇਮ ਦੀ ਜਾਣ ਕੇ ਤਰਨ ਲੱਗਾ
ਜਿਵੇਂ ਜਿਵੇਂ ਨੇੜੇ ਧੂੜ ਆਂਵਦੀ ਏ, ਦਿਲੋਂ ਜਾਪਦਾ ਏ ਕਾਜ ਸਰਨ ਲੱਗਾ
ਜਿਉਂ ਜਿਉਂ ਗ਼ੁਬਾਰ ਦੇ ਵੱਲ ਵੇਖੇ, ਤਿਉਂ ਤਿਉਂ ਜਾਣੇ ਸੀਨਾ ਠਰਨ ਲੱਗਾ
ਬਣੀ ਬੇਨਤੀ ਦਾ ਖਾਸ ਰੂਪ ਰਾਣੀ, ਬੋਲ ਰੁੱਕਿਆ ਤੇ ਗਲਾ ਭਰਨ ਲੱਗਾ
ਨਾਲ ਨਾਲ ਨਗਾਰੇ ਦੇ ਵੱਜਦਾ ਏ, ਬ੍ਰਿਹੀ-ਦਿੱਲ ਜੋ ਸੀ ਪੀੜਾ ਜਰਨ ਲੱਗਾ
ਰਾਣੀ ਜਾਣਦੀ ਏ ਉਹਦੀ ਅੱਖ ਅੱਗੇ, ਮਿਹਰਾਂ ਬਖਸ਼ਸ਼ਾਂ ਦਾ ਬੱਦਲ ਵਰ੍ਹਨ ਲੱਗਾ
ਜਾਣੀ-ਜਾਣ ਨੇ ਹੈ ਜਾਣੀ ਰੀਝ ਮੇਰੀ, ਮੇਰਾ ਜੀ ਜਿਸ ਲਈ ਸੀ ਮਰਨ ਲੱਗਾ
'ਤੀਰ' ਖਿੱਚਿਆ ਰਾਣੀ ਦਾ ਦਿੱਲ ਗਿਆ, ਦਾਤਾ ਚਰਨ ਜਦੋਂ ਅੱਗੇ ਧਰਨ ਲੱਗਾ

### ਮਹਾਰਾਜ ਦੇ ਦਰਸ਼ਨ (ਵੱਲੋਂ ਕਵੀ)

ਦੂਰੋਂ ਚਮਕਦੀ ਵੇਖ ਕੇ ਜਿਗ੍ਹਾ ਕਲਗੀ, ਜਾਣ ਗਈ ਰਾਣੀ ਜਾਨੀ-ਜਾਨ ਆਏ
ਬਿਰਦਪਾਲ ਦਾਤਾਰ ਗ਼ਰੀਬਨੀ ਦੇ, ਹੈਣ ਦਿਲੀ ਅਰਮਾਨ ਪੁਗਾਣ ਆਏ
ਗੋਤੇ ਖਾਂਵਦੀ ਡੋਲਦੀ ਡੁੱਬਦੀ ਦਾ, ਬੇੜਾ ਮਿਹਰ ਕਰਕੇ ਕੰਢੇ ਲਾਣ ਆਏ
'ਤੀਰ' ਖ਼ੁਸ਼ੀ ਅੰਦਰ ਰਾਣੀ ਬੋਲ ਉੱਠੀ, "ਮੇਰੇ ਮਾਣ ਆਏ ਮੇਰੇ ਪ੍ਰਾਣ ਆਏ"

### ਰਾਣੀ ਰਾਇਪੁਰ ਦਾ ਹੋਕਾ ਮਹਿਲਾਂ ਉੱਤੇ ਚੜ੍ਹ ਕੇ

ਹੁਕਮ ਚਾੜ੍ਹਿਆ ਮਹਿਲਾਂ 'ਤੇ ਚੜ੍ਹ ਰਾਣੀ, ਨੀਵੇਂ ਕਰੋ ਵੇ ਸਭ ਹਥਿਆਰ ਲੋਕੋ
ਮੇਰਾ ਪੀ ਆਇਆ ਮੈਨੂੰ ਠੰਢ ਪਾਵਣ, ਕਰੋ ਨਿਉਂ ਨਿਉਂ ਕੇ ਨਿਮਸ਼ਕਾਰ ਲੋਕੋ
ਨਾਲ ਨਿਗ੍ਹਾ ਦੇ ਦਿਲਾਂ ਨੂੰ ਜਿੱਤ ਲੈਂਦਾ, ਇਹ ਜੋ ਜੱਗ 'ਤੇ ਪ੍ਰੇਮ-ਅਵਤਾਰ ਲੋਕੋ
ਆਖੋ ਜੀਓ ਆਇਆਂ ਦਿਲੋਂ ਧਾਰ ਸ਼ਰਧਾ, ਪੂਜਾ ਲਈ ਪ੍ਰੇਮ ਲਵੋ ਹਾਰ ਲੋਕੋ
ਬੂਹੇ ਅੱਖੀਆਂ ਦੇ ਖੋਲ੍ਹ ਬਵ੍ਹੋ ਸਾਰੇ, ਲਵੋ ਦਿਲਾਂ ਦੀ ਸੇਜ ਸਵਾਰ ਲੋਕੋ
ਇਹ ਪਿਆਰ ਦਾ ਦੇਵਤਾ ਆਂਵਦਾ ਜੇ, ਦਿਲੋਂ ਰੱਜ ਕੇ ਕਰੋ ਪਿਆਰ ਲੋਕੋ
ਏਸ ਜੋਤ ਦੀ ਆਰਤੀ ਕਰੋ ਸਾਰੇ, ਗਾਵੋ ਏਸ ਦੇ ਜੱਸ ਦੀ ਵਾਰ ਲੋਕੋ
ਵੇਖੋ ਪਰੇਮ-ਹਿਮਾਲੀਆ ਘਰ ਆਇਆ, ਲਵੋ ਆਪਣੇ ਆਪ ਨੂੰ ਠਾਰ ਲੋਕੋ
ਮੇਰੇ ਦਿਲ ਅੰਦਰ ਏਸ ਵਾਸ ਕੀਤਾ, ਇਹਦੀ ਠੱਗਦੀ ਮੈਨੂੰ ਨੁਹਾਰ ਲੋਕੋ
ਇਹੋ ਜੱਪ ਮੇਰਾ ਇਹੋ ਤੱਪ ਮੇਰਾ, ਇਹੋ ਦੇਵਤਾ ਇਹੋ ਦਾਤਾਰ ਲੋਕੋ
ਏਸੇ ਸੱਚ ਦੇ ਸਦਾ-ਗੁਲਾਬ ਕੋਲੋਂ, ਮੈਂ ਹਾਂ ਮੰਗਦੀ ਰਹੀ ਮਹਿਕਾਰ ਲੋਕੋ
ਅੱਡ ਝੋਲੀਆਂ ਨਿਉਂ ਕੇ ਏਸ ਅੱਗੇ, ਇਹਦੇ ਦਰ ਤੋਂ ਭਰੋ ਭੰਡਾਰ ਲੋਕੋ
ਸਾਈਂ ਇਹ ਜੇ ਸਾਰੀਆਂ ਬਰਕਤਾਂ ਦਾ, ਇਹਦੀ ਮੁੱਠ ਦੇ ਵਿਚ ਸੰਸਾਰ ਲੋਕੋ
ਵਾਰੀ ਮੈਂ ਸਾਰੀ ਓਸ ਰਾਹ ਉੱਤੋਂ, ਆਇਆ ਜਿਸ ਰਾਹੇ ਕਲਗੀਧਾਰ ਲੋਕੋ
ਉਠੋ ਮਿਲੋ ਅੱਗੋਂ ਸਿਦਕਵਾਨ ਹੋ ਕੇ, ਹੋਵੋ ਦਿਲੋਂ ਬਲਿਹਾਰ ਬਲਿਹਾਰ ਲੋਕੋ
'ਤੀਰ' ਆ ਗਿਆ ਆਪ ਮਲਾਹ ਬਣ ਕੇ, ਬੇੜੇ ਅੱਜ ਕਰਾ ਲਵੋ ਪਾਰ ਲੋਕੋ

### ਮਹਾਰਾਜ ਰਾਇਪੁਰ ਵਿਚ (ਵੱਲੋਂ ਕਵੀ)

ਸਿਰਾਂ ਅੱਖੀਆਂ 'ਤੇ ਜਾਨੀ-ਜਾਨ ਜੀ ਨੂੰ, ਰਾਇਪੁਰ ਦੇ ਵਿਚ ਲਿਆਈ ਰਾਣੀ
ਹੱਥ ਸਫਲ ਕੀਤੇ ਸੇਵਾ ਟਹਿਲ ਕਰਕੇ, ਰੱਬ ਜਾਣ ਕੇ ਟਹਿਲ ਕਮਾਈ ਰਾਣੀ
ਦੂਜੇ ਦਿਨ ਸਵੇਰ ਦੀਵਾਨ ਅੰਦਰ, ਸਣੇ ਲਾਡਲੇ ਪੁੱਤ ਦੇ ਆਈ ਰਾਣੀ
ਪ੍ਰੇਮ-ਰੂਪ ਹੋ ਕੇ ਚਰਨੀਂ ਆ ਢੱਠੀ, ਭੁੱਲੀ ਰਾਜ ਦੀ ਸਭ ਵਡਿਆਈ ਰਾਣੀ
ਰੋ ਰੋ ਚਰਨ ਧੋਤੇ ਸੱਚੇ ਪਾਤਸ਼ਾਹ ਦੇ, ਵਿੱਚ ਪ੍ਰੇਮ ਦੇ ਬੜੀ ਕੁਰਲਾਈ ਰਾਣੀ
'ਤੀਰ' ਦਿਲੋਂ ਦਸਮੇਸ਼ ਦਿਆਲ ਹੋਏ, ਪ੍ਰੇਮ-ਮੂਰਤੀ ਹੋ ਵਰੋਸਾਈ ਰਾਣੀ

## ਦਸਮੇਸ਼ ਜੀ ਦੀ ਮਿਹਰ

ਮਹਾਰਾਜ ਨੇ ਆਖਿਆ ਸੁਖੀ ਵੱਸੇਂ, ਭੁੱਲੇਂ ਕਦੇ ਨਾ ਦਿਲੋਂ ਕਰਤਾਰ ਰਾਣੀ
ਤੇਰੇ ਸਿਦਕ ਨੇ ਖਿੱਚਿਆ ਚਲੇ ਆਏ, ਜਿੱਤ ਗਿਆ ਏ ਤੇਰਾ ਪਿਆਰ ਰਾਣੀ
ਲੈ ਇਹ ਗੁਟਕਾ ਈ ਬਾਣੀ ਗੁਰੂ ਦੀ ਦਾ, ਸਾਡੀ ਇਹ ਜਾਣੀਂ ਯਾਦਗਾਰ ਰਾਣੀ
ਬੱਚਾ ਸਿੱਖ ਬਣਾਉਣਾ ਕੇਸ-ਧਾਰੀ, ਸੁਖੀ ਰਹੇਗਾ ਤੇਰਾ ਪਰਵਾਰ ਰਾਣੀ
ਰੱਖੀਂ ਡਰ ਨਾ ਮੁਗ਼ਲ-ਹਕੂਮਤਾਂ ਦਾ, ਹੈਣ ਹਿੰਦ ਅੰਦਰ ਰੋਜ਼ ਚਾਰ ਰਾਣੀ
ਲੱਥ ਜਾਣਗੇ ਤੌਕ ਗ਼ੁਲਾਮੀਆਂ ਦੇ, ਸਮਾਂ ਆ ਗਿਆ ਹੌਸਲਾ ਧਾਰ ਰਾਣੀ
ਭਾਰਤ-ਮਾਂ ਦੀ ਬੰਦ ਖਲਾਸ ਹੋਸੀ, ਸੁਖੀ ਹੋਣਗੇ ਸਭ ਦੁਖਿਆਰ ਰਾਣੀ
ਏਸ ਉੱਜੜੇ ਦੇਸ਼ ਦੇ ਬਾਗ਼ ਅੰਦਰ, ਸਮਝ ਆਈ ਕਿ ਆਈ ਬਹਾਰ ਰਾਣੀ
ਨੀਂਦ ਸੁੱਖ ਦੀ ਸਵੇਂਗਾ ਮੂਲ ਨਾਹੀਂ, ਜਿਹੜਾ ਹੋ ਗਿਆ ਦੇਸ਼-ਗ਼ੱਦਾਰ ਰਾਣੀ
ਹਰ ਤਰ੍ਹਾਂ ਦੇ 'ਤੀਰ' ਉਪਦੇਸ਼ ਦੇ ਕੇ, ਕੀਤੀ ਸਤਿਗੁਰਾਂ ਭਵਜਲੋਂ ਪਾਰ ਰਾਣੀ

## ਰਾਇਪੁਰ ਤੋਂ ਵਿਦਾਇਗੀ ਸਮੇਂ ਬਾਣੀ ਦਾ ਪ੍ਰੇਮ

ਰਾਇਪੁਰ ਤੋਂ ਵਿੱਦਿਆ ਹੋਣ ਵੇਲੇ, ਰਾਣੀ ਆਖਿਆ ਸੁਣੋ ਸੁਲਤਾਨ ਦਾਤਾ
ਮੈਂ ਗ਼ਰੀਬਣੀ ਕੀ ਹਾਂ ਕਰਨ ਜੋਗੀ, ਸਾਰਾ ਆਪਦਾ ਜੱਗ-ਜਹਾਨ ਦਾਤਾ
ਤਿੱਲਫੁੱਲ ਇਹ ਭੇਟ ਗ਼ਰੀਬਣੀ ਦੀ, ਵੱਟਾਂ ਲੱਖ ਜੇ ਕਰੋ ਪਰਵਾਨ ਦਾਤਾ
'ਤੀਰ' ਫੇਰ ਵੀ ਕਦੇ ਦੀਦਾਰ ਹੋਵੇ, ਇਹੋ ਮੰਗਤੀ ਮੰਗਦੀ ਦਾਨ ਦਾਤਾ

## ਵੱਲੋਂ ਕਵੀ

ਏਨਾ ਆਖਿਆ ਰਾਣੀ ਨੇ ਭਰੀ ਨੈਣੀਂ, ਭੇਟਾ ਦਿੱਤੀਆਂ ਅਤੇ ਕੁਰਬਾਨ ਹੋਈ
ਮਹਾਰਾਜ ਦੀ ਮਿਹਰ ਵੀ ਓਸ ਉੱਤੇ, ਵੇਖ ਪ੍ਰੇਮ ਪੂਰਾ ਮਿਹਰਬਾਨ ਹੋਈ
ਆਖਰ ਕੂਚ ਹੋ ਪਿਆ ਅਨੰਦਪੁਰ ਨੂੰ, ਰਾਣੀ ਵੇਖਦੀ ਰਹੀ ਹੈਰਾਨ ਹੋਈ
'ਤੀਰ' ਕੀਤੀਆਂ ਕੈਮ ਚਾ ਯਾਦਗਾਰਾਂ, ਉੱਚੀ ਰਾਇਪੁਰ ਦੀ ਏਦਾਂ ਸ਼ਾਨ ਹੋਈ

## ਕੋਟਲੇ ਪਠਾਣਾਂ ਨੇ ਸੇਵਾ ਕੀਤੀ

ਨਗਰ ਖੇੜਿਆਂ ਨੂੰ ਏਦਾਂ ਭਾਗ ਲਾਂਦੇ, ਸੈਆਂ ਪਾਪੀਆਂ ਦੇ ਬੇੜੇ ਪਾਰ ਕਰਦੇ
ਗਲੇ ਲਾਂਵਦੇ ਨੀਚ-ਨਿਮਾਣਿਆਂ ਨੂੰ, ਦੁਖੀ ਆਜਜ਼ਾਂ ਨਾਲ ਪਿਆਰ ਕਰਦੇ
ਟੋਡੇ ਨਾਢਿਓਂ ਨਾਭੇ ਨੂੰ ਛੋਹ ਦੇਂਦੇ, ਆਏ ਸੱਭ ਦਾ ਗੁਰੂ ਉਧਾਰ ਕਰਦੇ
ਪੁੱਜੇ ਜਦੋਂ ਢਕੌਲੀ ਦੇ ਵਿੱਚ ਆ ਕੇ, ਵੇਖੇ ਜੱਲ ਲਈ ਜੀਵ ਪੁਕਾਰ ਕਰਦੇ
ਉਥੇ ਬਾਵਲੀ ਲਾਣ ਦਾ ਹੁਕਮ ਦਿਤਾ, ਪੰਧ ਕਟਿਆ ਜੱਗ ਸੁਖਿਆਰ ਕਰਦੇ
ਇੱਥੋਂ ਤੁਰ ਅੱਗੇ ਮਿਹਰਬਾਨ ਦਾਤੇ, ਸੱਤ ਧਰਮ ਦਾ ਖ਼ੂਬ ਪਰਚਾਰ ਕਰਦੇ
ਰੋਪੜ ਕੋਲ ਆ ਕੋਟਲੇ ਵਿਚ ਪੁੱਜੇ, 'ਤੀਰ' ਇਸ ਤਰ੍ਹਾਂ ਸੈਰ ਸ਼ਿਕਾਰ ਕਰਦੇ

### ਕੋਟਲੇ ਤੋਂ ਅੱਗੇ (ਵੱਲੋਂ ਕਵੀ)

ਕੀਤੀ ਕੋਟਲੇ ਵਾਸੀਆਂ ਰੱਜ ਸੇਵਾ, ਸੇਵਾਦਾਰ ਬਣ ਕੇ ਪੁੱਜੇ ਖਾਨ ਸਮਝੋ
ਮਹਾਰਾਜ ਨੇ ਦਿਲੋਂ ਪ੍ਰਸੰਨ ਹੋ ਕੇ, ਕੀਤਾ ਤ੍ਰੁੱਠ ਕਟਾਰ ਦਾ ਦਾਨ ਸਮਝੋ
ਏਸ ਤਰਾਂ ਘਨੌਲਿਓਂ ਬੂੰਗਿਓਂ ਵੀ, ਲੰਘੇ ਪ੍ਰੇਮ ਕਰਦੇ ਪ੍ਰੇਮ-ਖਾਨ ਸਮਝੋ
ਲੋਕੀਂ ਅੱਖੀਆਂ ਸੇਜ ਵਿਛਾਣ ਅੱਗੋਂ, ਜਿਥੋਂ ਲੰਘਦੇ ਗੁਰੂ ਸੁਲਤਾਨ ਸਮਝੋ
ਉਥੋਂ ਫੇਰ ਆ ਕੇ ਕੀਰਤਪੁਰ ਪੁੱਜੇ, ਖੁਸ਼ੀ ਓਸ ਥਾਂ ਹੋਈ ਮਹਾਨ ਸਮਝੋ
ਹੋਇਆ ਮੇਲ ਮਿਲਾਪ ਸਨਬੰਧੀਆਂ ਦਾ, ਉਨ੍ਹਾਂ ਗੁਰਾਂ ਨੂੰ ਜਾਣਿਆ ਜਾਨ ਸਮਝੋ
ਓਥੋਂ ਚੱਲ ਅਨੰਦਪੁਰ ਵਿੱਚ ਆਏ, ਪ੍ਰੇਮ ਸੱਚ ਉਪਕਾਰ ਦੇ ਭਾਨ ਸਮਝੋ
ਤਿੰਨ ਵਰ੍ਹੇ ਬਿਤਾ ਕੇ ਆਪ ਪਰਤੇ, ਕੀਤੀ ਜੀਆਂ ਦੀ ਰੱਜ ਕਲਿਆਨ ਸਮਝੋ
ਏਸ ਸਮੇਂ ਅੰਦਰ ਬੇਸ਼ੁਮਾਰ ਲੋਕੀਂ, ਬਣੇ ਆ ਆ ਕੇ ਸਿਦਕਵਾਨ ਸਮਝੋ
'ਤੀਰ' ਪੁਰੀ ਅਨੰਦ, ਅਨੰਦ ਹੋਈ, ਫੇਰ ਪਰਤ ਆਈ ਉਹਦੀ ਜਾਨ ਸਮਝੋ

### ਫਿਰ ਅਨੰਦਪੁਰ ਵਿਚ ਗਹਿਮਾ ਗਹਿਮ (ਵੱਲੋਂ ਕਵੀ)

ਜਦੋਂ ਸਤਿਗੁਰੂ ਜੀ ਗਏ ਨਾਹਣ ਹੈਸਨ, ਲੀਲ੍ਹਾ ਪੁਰੀ ਅਨੰਦ ਦੀ ਘੱਟ ਗਈ ਸੀ
ਥਾਉਂ ਥਾਂ ਬੇਰੌਣਕੀ ਛਾ ਗਈ ਸੀ, ਸਿੱਖੀ ਸੇਵਕੀ ਆਵਣੋਂ ਹੱਟ ਗਈ ਸੀ
ਭਾਵੇਂ ਨਾਮ ਤਾਂ ਪੁਰੀ ਅਨੰਦ ਹੈਸੀ, ਖੁਸ਼ੀ ਗ਼ਮੀ ਅੰਦਰ ਐਪਰ ਵੱਟ ਗਈ ਸੀ
'ਤੀਰ' ਗਏ ਸੀ ਭਲਾ ਦਾਤਾਰ ਕਾਹਦੇ, ਪੁਰੀ ਲਈ ਹੋ ਸੀਸ ਦੀ ਸੱਟ ਗਈ ਸੀ

### ਮਹਾਰਾਜ ਦੇ ਦਰਸ਼ਨਾਂ ਨਾਲ ਫੇਰ ਰੌਣਕਾਂ (ਵੱਲੋਂ ਕਵੀ)

ਜਾਨੀ-ਜਾਣ ਜੀ ਆਏ ਜਾਂ ਸ਼ਹਿਰ ਮੁੜ ਕੇ, ਮੋਏ ਸ਼ਹਿਰ ਦੇ ਮੁੜ ਪ੍ਰਾਣ ਆਏ
ਵੱਸੋਂ ਘੁੱਗ ਹੋਈ ਥੋੜ੍ਹੇ ਦਿਨਾਂ ਅੰਦਰ, ਲੋਕੀਂ ਦੀਦ ਸਤਿਗੁਰਾਂ ਦਾ ਪਾਣ ਆਏ
ਕਈਆਂ ਸਾਂਭ ਕੇ ਜੋ ਭੇਟਾਂ ਰੱਖੀਆਂ ਸੀ, ਪ੍ਰੇਮ ਧਾਰ ਕੇ ਆਪ ਚੜ੍ਹਾਣ ਆਏ
ਕਈ ਸਿੱਖ ਮਿਟਾਣ ਲਈ ਕਰਮ-ਰੇਖਾ, ਮੱਥੇ ਗੁਰੂ-ਚਰਨਾਂ 'ਤੇ ਘਸਾਣ ਆਏ
ਚਾਤ੍ਰਿਕ ਵਾਂਗ ਆਏ ਸ੍ਵਾਂਤ ਲਈ ਰਸੀਏ, ਰਾਗੀ ਰਾਗ ਦਾ ਮੀਂਹ ਵਰ੍ਹਾਣ ਆਏ
ਗੁਰਾਂ ਪਾਸ ਅੱਗੇ ਸੈਆਂ ਸੂਰਮੇ ਸੀ, ਨਾਵੇਂ ਆਪਣੇ ਹੋਰ ਲਿਖਾਣ ਆਏ
ਜੱਥੇ ਪ੍ਰੇਮੀਆਂ ਦੀਦ-ਪਿਆਸਿਆਂ ਦੇ, ਲੱਗੀ ਦਿਲਾਂ ਦੀ ਤੇਹ ਮਿਟਾਨ ਆਏ
ਗਹਮਾ ਗਹਿਮ ਸਭ ਪੁਰੀ ਅਨੰਦ ਹੋਈ, ਉਹਦੀ ਜਿੰਦ ਆਈ ਉਹਦੇ ਮਾਣ ਆਏ
ਨੇਕ-ਨੀਤ ਮਸੰਦ ਵੀ ਖ਼ਬਰ ਸੁਣ ਕੇ, ਕੱਠਾ ਕਰ ਦਸਵੰਧ ਪੁਚਾਣ ਆਏ
ਗੁਰਾਂ ਯੁੱਧ ਭੰਗਾਣੀ ਦਾ ਜਿੱਤਿਆ ਏ, ਕਿਹੜੇ ਢੰਗ ? ਇਹ ਸੁਣਨ ਸੁਣਾਣ ਆਏ
ਮਾਰੇ ਕਿਵੇਂ ਪਹਾੜੀਏ ਰਣ ਅੰਦਰ, ਖੁਸ਼ੀ ਖੁਸ਼ੀ ਇਹ ਪੁੱਛਣ ਪੁਛਾਣ ਆਏ
'ਤੀਰ' ਰੌਣਕਾਂ ਲੱਗੀਆਂ ਹਰ ਪਾਸੇ, ਜਦੋਂ ਪੁਰੀ ਅੰਦਰ ਜਾਨੀ-ਜਾਣ ਆਏ

## ਸਿੱਖਾਂ ਨੂੰ ਬੀਰ ਰਸ ਦੀ ਸਿੱਖਿਆ

ਰੋਜ਼ ਸ਼ਸਤਰਾਂ ਦੇ ਚਮਤਕਾਰ ਹੁੰਦੇ, ਸੁਬ੍ਹਾ ਸ਼ਾਮ ਦਾ ਖ਼ੂਬ ਦੀਵਾਨ ਹੋਵੇ
ਬਾਣੀ ਨਾਮ ਦਾ ਰੋਜ਼ ਭੰਡਾਰ ਚੱਲੇ, ਰੋਜ਼ ਸਿਦਕੀਆਂ ਤਾਈਂ ਗਿਆਨ ਹੋਵੇ
ਬੀਰ ਸੂਰਮੇ ਰੋਜ਼ ਕਵਾਇਦ ਕਰਦੇ, ਰੋਜ਼ ਦੂਗਣੀ ਚੌਗਣੀ ਸ਼ਾਨ ਹੋਵੇ
'ਤੀਰ' ਰੋਜ਼ ਹੀ ਗੁਰੂ ਦਸਮੇਸ਼ ਵੱਲੋਂ, ਏਦਾਂ ਸੇਵਕਾਂ ਲਈ ਫ਼ੁਰਮਾਨ ਹੋਵੇ

## ਮਹਾਰਾਜ ਦਾ ਹੁਕਮ

ਰੋਜ਼ ਕਰਨ ਫ਼ੁਰਮਾਨ ਦਸਮੇਸ਼ ਏਦਾਂ, 'ਹੋਵੋ ਵੱਧ ਤੋਂ ਵੱਧ ਹੁਸ਼ਿਆਰ ਸਿੱਖੋ
ਸੁਘੜ ਉਹ ਜੋ ਸਮੇਂ ਨੂੰ ਕਰੇ ਕਾਬੂ, ਲਵੋ ਸਦਾ ਹੀ ਸਮਾਂ ਵਿਚਾਰ ਸਿੱਖੋ
ਨੇੜੇ ਆ ਗਿਆ ਸਮਾਂ ਕੁਰਬਾਨੀਆਂ ਦਾ, ਬੱਲ ਧਾਰ ਹੋ ਜਾਓ ਤਿਆਰ ਸਿੱਖੋ
ਬਣੀ ਆਣ ਕੇ ਦੇਸ਼ 'ਤੇ ਭੀੜ ਡਾਢੀ, ਵਧ ਗਈ ਜੇ ਜ਼ੁਲਮ ਦੀ ਕਾਰ ਸਿੱਖੋ
ਬਣੋ ਛੱਤਰੀ ਲਾਹੋ ਗ਼ੁਲਾਮੀਆਂ ਨੂੰ, ਪਹਿਨੋ ਸੂਰਿਆਂ ਵਾਂਗ ਹਥਿਆਰ ਸਿੱਖੋ
ਤੁਸਾਂ ਦੇਸ਼ ਦੇ ਮੋਢਿਓਂ ਲਾਹੁਣਾ ਏ, ਜਿਹੜਾ ਪਿਆ ਗ਼ੁਲਾਮੀ ਦਾ ਭਾਰ ਸਿੱਖੋ
ਤੁਸਾਂ ਪਹੁੰਚ ਕੇ ਸਦਾ ਬਚਾਵਣੇ ਨੇ, ਢਾਹਾਂ ਮਾਰਦੇ ਦੀਨ ਦੁਖਿਆਰ ਸਿੱਖੋ
ਤੁਸਾਂ ਵਿਚ ਮੈਦਾਨ ਦੇ ਦੇਵਣੀ ਏਂ, ਪਾਪੀ ਜ਼ਾਲਮਾਂ ਨੂੰ ਪੂਰੀ ਹਾਰ ਸਿੱਖੋ
ਤੁਸਾਂ ਮਾਰਨੇ ਦੇਸ਼ 'ਚੋਂ ਚੁਣ ਚੁਣ ਕੇ, ਜਿਹੜੇ ਹੋਣਗੇ ਦੇਸ਼-ਗ਼ੱਦਾਰ ਸਿੱਖੋ
ਕਰਕੇ ਤੁਸਾਂ ਜਹਾਨ ਨੂੰ ਦੱਸਣਾ ਏ, ਲਿੱਸੇ ਆਜਜ਼ਾਂ ਨਾਲ ਪਿਆਰ ਸਿੱਖੋ
ਇਕ ਹੱਥ ਮਾਲਾ ਰੱਖੋ ਬੰਦਗੀ ਦੀ, ਹੱਥ ਦੂਸਰੇ ਤੇਜ਼ ਤਲਵਾਰ ਸਿੱਖੋ
ਬਾਣੀ ਪੜ੍ਹਦਿਆਂ ਧਰਮ ਦੇ ਦੋਖੀਆਂ ਦਾ, ਕਰੋ ਦੇਸ਼ ਚੋਂ ਰੱਲ ਸੁਧਾਰ ਸਿੱਖੋ
ਜਿਹੜਾ ਅੰਗ ਪਾਲੇ ਉਸਦਾ ਅੰਗ ਪਾਲੋ, ਰੱਖੋ ਖ਼ਾਰ ਵਾਲੇ ਨਾਲ ਖ਼ਾਰ ਸਿੱਖੋ
ਐਪਰ ਕਿਸੇ ਵੇਲੇ ਦਿਲੋਂ ਭੁੱਲਣਾ ਨਾ, ਚੇਤੇ ਰੱਖਣਾ ਸਦਾ ਕਰਤਾਰ ਸਿੱਖੋ
ਪਾਲੋ ਪ੍ਰੇਮ-ਭਗਤੀ ਨਾਲੇ ਦੇਸ਼-ਭਗਤੀ, ਕਰੋ ਦੇਸ਼ ਤੋਂ ਜਾਨ ਨਸਾਰ ਸਿੱਖੋ
ਤੁਸਾਂ ਦੇਸ਼ ਅਜ਼ਾਦ ਕਰਾਵਣਾ ਏਂ, ਦੇ ਕੇ ਆਪਣੇ ਲਹੂ ਦੀ ਧਾਰ ਸਿੱਖੋ
ਤੁਸਾਂ ਹਿੰਦ ਦਾ ਬਾਗ਼ ਮਹਿਕਾਵਣਾ ਏਂ, ਦੇ ਕੇ ਆਪਣੀ ਦਿਲੀ-ਮਹਿਕਾਰ ਸਿੱਖੋ
ਤੁਸਾਂ ਜੋਤ ਜਗਾਵਣੀ ਸੱਚ ਦੀ ਏ, ਤੇ ਹਟਾਵਣੀ ਕੂੜ-ਗੁਬਾਰ ਸਿੱਖੋ
ਦੇਸ਼ ਵਾਸਤੇ ਸੌਣ ਤੋਂ ਝੱਕਣਾ ਨਾ, ਵਿਛੇ ਹੋਣ ਜੇ ਲਾਲ ਅੰਗਾਰ ਸਿੱਖੋ
ਭਾਰਤ ਮਾਂ ਵੰਗਾਰਦੀ ਏਸ ਵੇਲੇ, ਮੈਂ ਬਲਿਹਾਰ ਸਿੱਖੋ ਮੈਂ ਬਲਿਹਾਰ ਸਿੱਖੋ
ਤੁਸਾਂ ਕੱਟਣੇ ਕਸ਼ਟ ਗ਼ਰੀਬਣੀ ਦੇ, ਤੁਸਾਂ ਜਿੱਤਣੀ ਮੁਗ਼ਲ-ਸਰਕਾਰ ਸਿੱਖੋ
'ਤੀਰ' ਤੁਸਾਂ ਹੀ ਦੇਸ਼ ਦੇ ਪੁੱਤ ਹੋ ਕੇ, ਬੇੜਾ ਦੇਸ਼ ਦਾ ਲਾਵਣਾ ਪਾਰ ਸਿੱਖੋ

## ਸਾਹਿਬਜ਼ਾਦੇ ਦਾ ਜਨਮ (ਵੱਲੋਂ ਕਵੀ)

ਏਦਾਂ ਰਹਿੰਦਿਆਂ ਪੁਰੀ ਅਨੰਦ ਅੰਦਰ, ਸਮਾਂ ਕੁੱਝ ਜਾਂ ਹੋਇਆ ਬਤੀਤ ਸਮਝੋ
ਏਸੇ ਸਮੇਂ ਅੰਦਰ ਸਿੱਖਾਂ ਸੇਵਕਾਂ ਨੂੰ, ਦੱਸੀ ਸਤਗੁਰਾਂ ਨੇ ਰਾਜ-ਨੀਤ ਸਮਝੋ

ਏਸੇ ਸਮੇਂ ਅੰਦਰ ਮਾਤਾ ਸੁੰਦਰੀ ਤੋਂ, ਪੈਦਾ ਹੋ ਗਈ ਮਿੱਠੀ ਪ੍ਰੀਤ ਸਮਝੋ
'ਤੀਰ' ਸਾਹਿਬਜ਼ਾਦੇ ਵੱਡੇ ਜਨਮ ਲੀਤਾ, ਨਾਮ ਰੱਖਿਆ ਗਿਆ 'ਅਜੀਤ' ਸਮਝੋ

### ਘਰ ਵਿਚ ਖੁਸ਼ੀ (ਵੱਲੋਂ ਕਵੀ)

ਮਾਤਾ ਸੁੰਦਰੀ ਵੇਖਿਆ ਲਾਡਲੇ ਨੂੰ, ਰੂਪ ਵੇਖ ਬਲਿਹਾਰ ਬਲਿਹਾਰ ਹੋਈ
ਮਾਤਾ ਗੁੱਜਰੀ ਵੇਖ ਕੇ ਪੋਤਰੇ ਨੂੰ, ਫੁੱਲ ਫੁੱਲ ਕੇ ਇੱਕ ਤੋਂ ਚਾਰ ਹੋਈ
ਮਾਤਾ ਨਾਨਕੀ ਵੇਖ ਪੜਪੋਤਰੇ ਨੂੰ, ਦਿਲੋਂ ਰੱਬ ਦੀ ਸ਼ੁਕਰਗੁਜ਼ਾਰ ਹੋਈ
'ਤੀਰ' ਵੇਖ ਦਸਮੇਸ਼ ਜੀ ਬੋਲ ਉੱਠੇ, ਦੇਸ ਵਾਸਤੇ ਬਲੀ ਤਿਆਰ ਹੋਈ

### ਮਾਤਾ ਨਾਨਕੀ ਦਾ ਅੰਤ (ਵੱਲੋਂ ਕਵੀ)

ਜਦੋਂ ਲਾਡਲੇ ਪੁੱਤ ਦੀ ਬਲੀ ਦੇ ਕੇ, ਹਿੰਦੂ ਕੌਮ ਦਾ ਬੇੜਾ ਬਚਾ ਲੀਤਾ
ਜਦੋਂ ਪੋਤਰੇ ਸ੍ਰੀ ਦਸਮੇਸ਼ ਤਾਈਂ, ਰੱਜ ਰੱਜ ਕਲੇਜੜੇ ਲਾ ਲੀਤਾ
ਜਦੋਂ ਲਾਲ ਅਜੀਤ ਪੜਪੋਤਰੇ ਨੂੰ, ਗੋਦੀ ਚੁੱਕ ਕੇ ਆਪ ਖਿਡਾ ਲੀਤਾ
ਮਾਤਾ ਨਾਨਕੀ ਨੂੰ ਤਦੋਂ ਰੱਬ ਸੱਚੇ, ਆਪ ਆਪਣੇ ਕੋਲ ਬੁਲਾ ਲੀਤਾ

### ਦਸਮੇਸ਼ ਜੀ ਨੇ ਹਥਿਆਰ ਤਿਆਰ ਕਰਵਾਣੇ (ਵੱਲੋਂ ਕਵੀ)

ਅੰਤਮ-ਕਰਮ ਦਾਦੀ ਜੀ ਦੇ ਕਰ ਪੂਰੇ, ਜਾਨੀ-ਜਾਨ ਆਏ ਫੇਰ ਰੰਗ ਅੰਦਰ
ਭਾਂਤੋਂ ਭਾਂਤ ਹਥਿਆਰ ਬਣਾਉਣ ਲੱਗੇ, ਪੈਣੇ ਵਰਤਣੇ ਨੇ ਜਿਹੜੇ ਜੰਗ ਅੰਦਰ
ਦਿਨੇ ਰਾਤ ਤਿਆਰੀਆਂ ਵਿਚ ਜੁੱਟੇ, ਵਾਹ ਕਮਾਲ ਕੀਤਾ ਹਰ ਅੰਗ ਅੰਦਰ
ਵੇਖ ਵੇਖ ਪਹਾੜੀਏ ਸਹਿਮ ਖਾਂਦੇ, ਬਾਹਰੋਂ ਠੀਕ ਜਾਪਣ ਹੋਣ ਦੰਗ ਅੰਦਰ

### ਭੀਮ ਚੰਦ ਦੀ ਮੇਲ ਮਿਲਾਪ ਦੀ ਇੱਛਾ (ਵੱਲੋਂ ਕਵੀ)

ਭੀਮ ਚੰਦ ਨੇ ਸੋਚਿਆ ਮਨ ਅੰਦਰ, ਸਾਡੇ ਸੂਰਿਆਂ ਕੀਤੀ ਕਮਾਈ ਚੰਗੀ
ਅਸਾਂ ਗੁਰੂ ਦਸਮੇਸ਼ ਦੇ ਨਾਲ ਲੜ ਕੇ, ਐਵੇਂ ਆਪਣੀ ਫ਼ੌਜ ਮਰਵਾਈ ਚੰਗੀ
ਦਾਨੇ ਆਖਦੇ ਹੋਂਵਦੀ ਜੱਗ ਅੰਦਰ, ਲੰਮੀ ਸੋਚ ਤੇ ਅਕਲ ਦਨਾਈ ਚੰਗੀ
ਵੈਦ ਉਹ ਜੋ ਵੇਖਕੇ ਮਰਜ਼ ਬੁੱਝੇ, ਤੇ ਮਰੀਜ਼ ਨੂੰ ਦੇਵੇ ਦਵਾਈ ਚੰਗੀ
ਸੂਰਾ ਉਹ ਜੋ ਰਣ ਮੈਦਾਨ ਅੰਦਰ, ਆ ਕੇ ਵਾਰ ਦੀ ਦੱਸੇ ਸਫ਼ਾਈ ਚੰਗੀ
ਸਿੱਖ ਉਹ ਜੋ ਸਿਦਕ ਦੇ ਵਿਚ ਆ ਕੇ, ਜਾਣੇ ਗੁਰੂ ਦੀ ਸਦਾ ਵਡਿਆਈ ਚੰਗੀ
ਗੁਰੂ ਉਹ ਜੋ ਗਿਆਨ ਦਾ ਰੂਪ ਹੋ ਕੇ, ਕਰੇ ਦਿਲਾਂ ਅੰਦਰ ਰੌਸ਼ਨਾਈ ਚੰਗੀ
ਆਗੂ ਉਹ ਜੋ ਅਕਲ ਦਾ ਢੰਗ ਵਰਤੇ, ਕਰੇ ਵਾਂਗ ਦਨਾਅ ਅਗਵਾਈ ਚੰਗੀ
ਗੁਰੂ ਜਿੱਤਿਆ ਅਸਾਂ ਤੋਂ ਨਹੀਂ ਜਾਣਾ, ਅੱਗੇ ਹੋ ਗਈ ਜ਼ੋਰ ਅਜ਼ਮਾਈ ਚੰਗੀ
ਜਿਹੜਾ ਆਪਣੇ ਆਪ ਤੋਂ ਜਬਰ ਹੋਵੇ, ਹੁੰਦੀ ਓਸ ਦੇ ਨਾਲ ਰਸਾਈ ਚੰਗੀ

ਵੈਰ ਪੁੱਗਦਾ ਨਾ ਜਿਹਦੇ ਨਾਲ ਹੋਵੇ, ਨਾਲ ਓਸ ਦੇ ਦੋਸਤੀ ਪਾਈ ਚੰਗੀ
'ਤੀਰ' ਨਾਲ ਦਸਮੇਸ਼ ਦੇ ਮੇਲ ਕਰੀਏ, ਨਿੱਤ ਨਿੱਤ ਦੀ ਨਹੀਂ ਲੜਾਈ ਚੰਗੀ

### ਭੀਮ ਚੰਦ ਨੇ ਦਸਮੇਸ਼ ਜੀ ਪਾਸ ਆਪਣਾ ਆਦਮੀ ਭੇਜਿਆ (ਵੱਲੋਂ ਕਵੀ)

ਰਾਜੇ ਭੇਜਿਆ ਆਪਣੇ ਆਦਮੀ ਨੂੰ, ਹੁਕਮ ਮੰਨ ਉਹ ਗੁਰਾਂ ਦੇ ਪਾਸ ਆਇਆ
ਆ ਕੇ ਆਖਿਆ ਗੁਰੂ ਜੀ ਮਿਹਰ ਕਰਨੀ, ਆਸ ਧਾਰ ਕੇ ਆਪਦਾ ਦਾਸ ਆਇਆ
ਭੀਮ ਚੰਦ ਨੇ ਦਾਸ ਨੂੰ ਭੇਜਿਆ ਹੈ, ਕੰਮ ਜਾਪਦਾ ਹੈ ਹੁਣ ਰਾਸ ਆਇਆ
'ਤੀਰ' ਮੇਲ ਮਿਲਾਪ ਦੀ ਰੀਝ ਲੈ ਕੇ, ਭੀਮ ਚੰਦ ਕੋਲੋਂ ਮੈਂ ਹਾਂ ਖ਼ਾਸ ਆਇਆ

### ਦਸਮੇਸ਼ ਜੀ ਦੇ ਬਚਨ

ਮਹਾਰਾਜ ਨੇ ਆਖਿਆ ਖਿੜੇ ਮੱਥੇ, ਸਾਨੂੰ ਮੇਲ ਤੋਂ ਨਹੀਂ ਇਨਕਾਰ ਮਿੱਤਰਾ
ਭੀਮ ਚੰਦ ਜੇ ਮੇਲ ਦਾ ਹੈ ਹਾਮੀ, ਸਾਨੂੰ ਅੱਗੇ ਈ ਸਮਝ ਤਿਆਰ ਮਿੱਤਰਾ
ਅਸੀਂ ਆਪਣੇ ਦਿਲ ਦੀ ਦੱਸ ਦਈਏ, ਸਾਡੇ ਜਾਣ ਲੈ ਇਹੋ ਵਿਹਾਰ ਮਿੱਤਰਾ
ਜਾਣੋਂ ਖ਼ੋਰੀਆਂ ਦੇ ਨਾਲ ਖ਼ੋਰ ਸਾਡਾ, ਅਤੇ ਖ਼ਾਰੀਆਂ ਦੇ ਨਾਲ ਖ਼ਾਰ ਮਿੱਤਰਾ
ਜਿਹੜਾ ਨਿਵੇਂ ਸਾਨੂੰ ਅਸੀਂ ਦਾਸ ਉਸਦੇ, ਇੱਕ ਵਾਰ ਉਹ ਅਸੀਂ ਸੌ ਵਾਰ ਮਿੱਤਰਾ
ਜਿਹੜਾ ਤੇਗ ਚੁੱਕੇ ਅੱਗੋਂ ਹੋ ਮਿਲੀਏ, ਉਹਨੂੰ ਦੱਸੀਏ ਤੇਗ਼ ਦੀ ਧਾਰ ਮਿੱਤਰਾ
ਜਿਹੜਾ ਵੈਰ ਕਰਦਾ ਉਦ੍ਹੇ ਅਸੀਂ ਵੈਰੀ, ਪ੍ਰੇਮੀ ਉਦ੍ਹੇ ਜੋ ਕਰੇ ਪਿਆਰ ਮਿੱਤਰਾ
ਫੁੱਲਾਂ ਵਾਸਤੇ ਜਾਣ ਲੈ ਫੁੱਲ ਸਾਨੂੰ, ਅਤੇ ਕੰਡਿਆਂ ਲਈ ਕਟਾਰ ਮਿੱਤਰਾ
ਭੀਮ ਚੰਦ ਦੇ ਵਾਸਤੇ ਸੱਚ ਜਾਣੀਂ, ਖੁੱਲ੍ਹਾ ਸਦਾ ਹੈ ਗੁਰੂ ਦਰਬਾਰ ਮਿੱਤਰਾ
ਮੈਲ ਨਹੀਂ ਜੇ ਓਸਦੇ ਮੰਨ ਅੰਦਰ, ਅਸੀਂ ਓਸਦੇ ਉਹ ਸਾਡਾ ਯਾਰ ਮਿੱਤਰਾ
ਓਸ ਫਿਰ ਜੇਕਰ ਧੋਖਾ ਦੇਵਣਾ ਏਂ, ਤਰ੍ਹਾਂ ਤਰ੍ਹਾਂ ਦੇ ਜਾਲ ਖਿਲਾਰ ਮਿੱਤਰਾ
ਤਾਂ ਉਹ ਘਰ ਬੈਠੇ, ਏਥੇ ਸੋਭਦੇ ਨਾ, ਠੱਗ ਮੀਸਣੇ ਦੇਸ਼-ਗ਼ਦਾਰ ਮਿੱਤਰਾ
ਭਾਵੇਂ ਨਹੀਂ ਭਰੋਸੇ ਦੇ ਯੋਗ ਰਿਹਾ, ਕੀਤੀ ਓਸ ਨੇ ਹੈ ਭੈੜੀ ਕਾਰ ਮਿੱਤਰਾ
"ਮਾਨੂ ਮਿਤ ਕਿਸਕੇ ਖਾਧਾ ਭੱਤ ਖਿਸਕੇ", ਮਸ਼ਹੂਰ ਹੈ ਮਿਸਲ ਸੰਸਾਰ ਮਿੱਤਰਾ
ਤਾਂਵੀ ਓਸਨੂੰ ਦੇਵੀਏ ਅਸੀਂ ਮੌਕਾ, ਲਵੇ ਆਣਕੇ ਗੱਲ ਨਿਤਾਰ ਮਿੱਤਰਾ
'ਤੀਰ' ਅਸਾਂ ਹੈ ਸਦਾ ਪ੍ਰੇਮ ਕਰਨਾ, ਕਿਉਂਕਿ ਪ੍ਰੇਮ ਹੈ ਜੱਗ ਅਧਾਰ ਮਿੱਤਰਾ

### ਮਹਾਰਾਜ ਫੇਰ ਕਹਿੰਦੇ ਹਨ

ਜੇ ਉਹ ਪੱਟ ਦੇ ਵਾਂਗ ਹੈ ਦਿਲੋਂ ਕੂਲਾ, ਸਾਡੇ ਦਿੱਲ ਨੂੰ ਵੀ ਵਾਂਗ ਪੱਟ ਜਾਣੇ
ਜੇਕਰ ਅਜੇ ਵੀ ਵੱਟ ਵਿਰੋਧ ਹੈਸੂ, ਇਧਰ ਦੂੱਗਣਾ ਚੌਗਣਾ ਵੱਟ ਜਾਣੇ
ਜਿਹੋ ਜਿਹਾ ਉਹ ਆਪ ਵਰਤਾ ਕਰਸੀ, ਏਸ ਪਾਸਿਓਂ ਨਾ ਰਤੀ ਘੱਟ ਜਾਣੇ

ਅਸਾਂ ਛੱਟ ਗੁਲਾਮੀ ਦੀ ਚੁੱਕਣੀ ਨਾ, ਉਹ ਵੀ ਅਸਾਂ ਨੂੰ ਮੂਲ ਨਾ ਛਟ ਜਾਣੇ
ਭਲਾ ਜੰਗ ਦੀ ਰੀਝ ਜੇ ਰੱਖਦਾ ਹੈ, ਤੇਗ਼ ਢਾਲ ਵਰਿਆਮ ਦੀ ਖੱਟ ਜਾਣੇ
ਜੇਕਰ ਨਿਉਂਕੇ ਆਵੇ ਤਾਂ ਜੀ ਸਦਕੇ, ਸਾਡਾ ਘਰ ਪ੍ਰੇਮ ਦਾ ਤੱਟ ਜਾਣੇ
ਮਾਣ ਜੇ ਸੂ ਅਜੇ ਵਰਿਆਮਗੀ ਦਾ, ਫੇਰ ਏਧਰੋਂ ਵੀ ਸਿਰ ਦੀ ਸੱਟ ਜਾਣੇ
ਅਸੀਂ ਜ਼ੁਲਮ ਦੀ ਮਿੱਟੀ ਉਡਾ ਦੇਣੀ, ਵਿਚ ਆਪ ਨੂੰ ਉਹ ਸਫ਼ਾ ਚੱਟ ਜਾਣੇ
ਸਾਡੇ ਸੂਰਮੇਂ ਨੇ ਭਾਰੂ ਮੌਤ ਉਤੇ, ਜੇ ਉਹ ਆਪਣੇ ਆਪ ਨੂੰ ਭੱਟ ਜਾਣੇ
'ਤੀਰ' ਸੁਲ੍ਹਾ ਹੋਵੇ ਤਾਂ ਹਜ਼ਾਰ ਵਾਰੀ, ਨਹੀਂ ਤਾਂ ਢਾਈ ਲੜਾਈ ਦੇ ਫੱਟ ਜਾਣੇ

### ਰਾਜਾ ਭੀਮ ਚੰਦ ਦਸਮੇਸ਼ ਜੀ ਦੀ ਸ਼ਰਨ (ਵੱਲੋਂ ਕਵੀ)

ਜਦੋਂ ਚੱਲਿਆ ਨਾ ਹੋਰ ਮੂਲ ਚਾਰਾ, ਭੀਮ ਚੰਦ ਫਿਰ ਭੁੱਲ ਬਖ਼ਸ਼ਾਣ ਆਇਆ
ਅੱਗੋਂ ਲਈ ਪ੍ਰੇਮ ਵਧਾਣ ਖ਼ਾਤਰ, ਪਿੱਛੇ ਕੀਤੀਆਂ ਤੇ ਮਿੱਟੀ ਪਾਣ ਆਇਆ
ਗੁਰਾਂ ਬਖ਼ਸ਼ ਦਿੱਤਾ ਮੇਹਰਬਾਨ ਹੋ ਕੇ, ਲੱਜ ਪਾਲ ਲੀਤੀ ਸ਼ਰਨ ਜਾਣ ਆਇਆ
'ਤੀਰ' ਇਉਂ ਮਹਾਰਾਜ ਨੇ ਬਚਨ ਕੀਤਾ, ਭੀਮ ਚੰਦ ਜਾਂ ਸੀਸ ਨਿਵਾਣ ਆਇਆ

### ਦਸਮੇਸ਼ ਜੀ ਦਾ ਭੀਮ ਚੰਦ ਨੂੰ ਕਹਿਣਾ

ਭੀਮ ਚੰਦ ਜੀ! ਤੁਸੀਂ ਯਕੀਨ ਰੱਖੋ, ਵੈਰ ਤੁਸੀਂ ਜੇ ਦਿਲੋਂ ਵਧਾਉਗੇ ਨਾ
ਨੇਕ-ਨੀਅਤੀ ਰਖੋਗੇ ਜੱਦ ਤੋੜੀ, ਜਦੋਂ ਤੀਕ ਮਜ਼ਲੂਮ ਦੁਖਾਉਗੇ ਨਾ
ਅਸੀਂ ਆਪਦੇ ਹਾਂ ਮਦਦਗਾਰ ਪੂਰੇ, ਜਦੋਂ ਤੀਕ ਧ੍ਰੋਹ ਕਮਾਉਗੇ ਨਾ
'ਤੀਰ' ਨਹੀਂ ਉਠਾਵਣਾ ਹੱਥ ਅਸਾਂ, ਜਦੋਂ ਤੀਕ ਕਿ ਤੁਸੀਂ ਉਠਾਉਗੇ ਨਾ

### ਅਮਨ ਦੇ ਦੋ ਸਾਲ

ਏਸ ਤਰ੍ਹਾਂ ਦਾ ਮੇਲ ਮਿਲਾਪ ਹੋ ਕੇ, ਅਮਨ ਵਿਚ ਲੰਘੇ ਦੋਵੇਂ ਸਾਲ ਵੇਖੋ
ਏਸ ਸਮੇਂ ਅੰਦਰ ਸੱਚੇ ਪਾਤਸ਼ਾਹ ਨੇ, ਰਾਜ-ਨੀਤ ਨਿਭਾਈ ਕਮਾਲ ਵੇਖੋ
ਕਿਲ੍ਹੇ ਗਿਰਦ ਬਣਾਏ ਅਨੰਦਪੁਰ ਦੇ, ਚੌਹਾਂ ਪਾਸਿਆਂ 'ਤੇ ਤਾਣੇ ਜਾਲ ਵੇਖੋ
'ਤੀਰ' ਫਤਹਿਗੜ੍ਹ, ਲੋਹਗੜ੍ਹ, ਕੇਸਗੜ੍ਹ ਵੀ, ਤੇ ਅਨੰਦਗੜ੍ਹ ਨੂੰ ਬੇਮਿਸਾਲ ਵੇਖੋ

### ਦੀਪਮਾਲਾ ਸਮੇਂ ਗੰਢੀ-ਕੱਪ ਫੜੇ ਗਏ (ਵੱਲੋਂ ਕਵੀ)

ਹੋਈ ਪੁਰੀ ਅਨੰਦ ਵਿਚ ਦੀਪ ਮਾਲਾ, ਹੋਈਆਂ ਰੌਣਕਾਂ ਬਹੁਤ ਹੀ ਭਾਰੀਆਂ ਨੇ
ਸੋਹਣੇ ਫੱਬਦੇ ਹੱਟ ਹਲਵਾਈਆਂ ਦੇ, ਸ਼ਾਨਾਂ ਥਾਂ ਥਾਂ ਖ਼ੂਬ ਨਿਆਰੀਆਂ ਨੇ
ਵੱਖੋ ਵੱਖਰੇ ਰੰਗ ਮਠਿਆਈਆਂ ਦੇ, ਵਾਹਵਾ ਉੱਸਰੇ ਮਹਿਲ ਅਟਾਰੀਆਂ ਨੇ
ਕਿਤੇ ਪੈਣ ਛਿੰਝਾਂ ਜੁੜੇ ਮੱਲ ਆ ਕੇ, ਕਿਤੇ ਰਾਸ ਪਾਈ ਰਾਸਧਾਰੀਆਂ ਨੇ
ਕਿਤੇ ਖੇਡ ਮਚਾਈ ਕਲੰਦਰਾਂ ਨੇ, ਕਿਤੇ ਬੰਨ੍ਹਿਆ ਠੱਟ ਮਦਾਰੀਆਂ ਨੇ

ਤਿੱਲ ਮਾਰਿਆ ਮੂਲ ਨ ਪਵੇ ਭੁੰਞੇ, ਆਈਆਂ ਖ਼ਲਕਤਾਂ ਬੇ-ਬਹਾਰੀਆਂ ਨੇ
ਖੀਸੇ-ਕੱਟ ਸੈਆਂ ਮੇਲੇ ਵਿੱਚ ਫਿਰਦੇ, ਉਨ੍ਹਾਂ ਕੀਤੀਆਂ ਆਣ ਅਯਾਰੀਆਂ ਨੇ
ਗੰਢਾਂ ਕੱਟੀਆਂ ਸੈਆਂ ਦੇ ਮਾਲ ਮਾਠੇ, ਸੰਨ੍ਹਾਂ ਬਿਨਾ ਸੰਧੇਵਿਓਂ ਮਾਰੀਆਂ ਨੇ
ਲੋਕੀਂ ਆਣ ਕੇ ਰੋਏ ਮਹਾਰਾਜ ਅੱਗੇ, ਕਹੀਆਂ ਆਣ ਹਕੀਕਤਾਂ ਸਾਰੀਆਂ ਨੇ
ਅਸੀਂ ਗਏ ਲੁੱਟੇ-ਪੁੱਟੇ ਵਿੱਚ ਮੇਲੇ, ਠੱਗਾਂ ਕੀਤੀਆਂ ਬਹੁਤ ਮਕਾਰੀਆਂ ਨੇ
ਮਹਾਰਾਜ ਜੀ! ਪੁਰੀ ਅਨੰਦ ਅੰਦਰ, ਖੇਡਾਂ ਇਹ ਕੀ ਭਲਾ ਖਿਲਾਰੀਆਂ ਨੇ
'ਤੀਰ' ਆਪ ਦੇ ਸੱਚ ਦੇ ਰਾਜ ਅੰਦਰ, ਪਈਆਂ ਕਿੱਧਰੋਂ ਆਣ ਬਿਮਾਰੀਆਂ ਨੇ

### ਮਹਾਰਾਜ ਦਾ ਹੁਕਮ

ਸੁਣਨ ਸਾਰ ਦਸਮੇਸ਼ ਨੇ ਹੁਕਮ ਕੀਤਾ, ਕੋਈ ਹੋਏ ਨਾ ਮੂਲ ਹੈਰਾਨ ਵੇਖੋ
ਜਾਓ ਫੜ ਲਓ ਧੋਤੀਆਂ ਵਾਲਿਆਂ ਨੂੰ, ਮੱਥੇ ਜਿਨ੍ਹਾਂ ਦੇ ਤਿਲਕ ਨਿਸ਼ਾਨ ਵੇਖੋ
ਮਾਲਾ ਲੰਮੀਆਂ ਉਨ੍ਹਾਂ ਦੇ ਪਾਸ ਹੋਵਣ, ਲਾਲ ਪੱਗ ਨੂੰ ਨਾਲ ਧਿਆਨ ਵੇਖੋ
'ਤੀਰ' ਜੇ ਕਦੇ ਫੜੇ ਉਹ ਗਏ ਸਾਰੇ, ਪਾਈ ਹੋਵਣੀ ਨਹੀਂ ਨੁਕਸਾਨ ਵੇਖੋ

### ਠੱਗ ਫੜੇ ਗਏ (ਵੱਲੋਂ ਕਵੀ)

ਸਿੱਖਾਂ ਸੇਵਕਾਂ ਢਿੱਲ ਨਾ ਮੂਲ ਲਾਈ, ਹੁਕਮ ਸੁਣਦਿਆਂ ਹੀ ਝੱਟ ਧਾਏ ਵੇਖੋ
ਮਾਲਾ, ਟਿੱਕੀਆਂ, ਧੋਤੀਆਂ ਵਾਲਿਆਂ ਨੂੰ, ਫੜ ਗੁਰਾਂ ਦੇ ਕੋਲ ਲਿਆਏ ਵੇਖੋ
ਜਾਣੀ-ਜਾਣ ਨੇ ਭਰੇ ਦੀਵਾਨ ਅੰਦਰ, ਹੁਕਮ ਦੇ ਕੇ ਸੱਭ ਖਲ੍ਹਵਾਏ ਵੇਖੋ
ਲੱਗੇ ਕਹਿਣ ਕੀ ਕਾਰ ਕਮਾਂਵਦੇ ਹੋ, ਕੈਸੇ ਇਹ ਜੋ ਭੇਸ ਬਣਾਏ ਵੇਖੋ
"ਚੂਨੇਗੱਚ ਕੱਬਰ ਬੇ-ਈਮਾਨ ਮੁਰਦਾ" ਗੱਲ ਤੁਸਾਂ ਉੱਤੇ ਢੁਕ ਜਾਏ ਵੇਖੋ
ਸ਼ਕਲ ਸਾਧੂਆਂ ਦੀ ਕੰਮ ਡਾਕੂਆਂ ਦੇ, ਲੁੱਟ ਰਹੇ ਹੋ ਮਾਲ ਪਰਾਏ ਵੇਖੋ
ਰੂਪ ਇਹ ਤੇ ਇਹ ਕਰਤੂਤ ਕਰਦੇ, ਸ਼ਰਮ ਰਤੀ ਨਾ ਆਪ ਨੂੰ ਆਏ ਵੇਖੋ
ਏਨਾ ਆਖ ਤਲਾਸ਼ੀਆਂ ਜਦੋਂ ਲਈਆਂ, ਲੱਭ ਪਏ ਸਭ ਮਾਲ ਲੁਕਾਏ ਵੇਖੋ
ਪੱਚੀ ਭਰੀ ਪੰਚਾਇਤ ਦੇ ਵਿਚ ਹੋਏ, ਠੱਗ ਚੋਰ ਓਹ ਬੜੇ ਸ਼ਰਮਾਏ ਵੇਖੋ
ਅੱਗੋਂ ਵਾਸਤੇ ਨਹੀਂ ਇਹ ਕਾਰ ਕਰਦੇ, ਕਹਿ ਕਹਿ ਕੀਤੀਆਂ ਤੇ ਪੱਛੋਤਾਏ ਵੇਖੋ
ਲਿਆ ਆਪਣਾ ਮਾਲ ਪਛਾਣ ਲੋਕਾਂ, ਮਹਾਰਾਜ ਨੇ ਚੋਜ ਵਿਖਾਏ ਵੇਖੋ
'ਤੀਰ' ਚੋਰ ਵੀ, ਗੁਰਾਂ ਦੇ ਸਿੱਖ ਹੋ ਗਏ, ਧਰਮ ਸੱਚ ਦੇ ਰਾਹ 'ਤੇ ਪਾਏ ਵੇਖੋ

### ਅਜੀਬ ਪਰਖ (ਵੱਲੋਂ ਕਵੀ)

ਏਸੇ ਸਮੇਂ ਵਰਤੀ ਇਕ ਨਵੀਂ ਹੋਣੀ, ਜਿਹਦੀ ਸਮਝ ਅੰਜਾਣ ਨੂੰ ਆਏ ਨਾਹੀਂ
ਜਾਣੀ-ਜਾਣ ਨੇ ਇਉਂ ਫੁਰਮਾਨ ਕੀਤਾ, ਏਥੋਂ ਬਿਨਾਂ ਪੁੱਛੇ ਕੋਈ ਜਾਏ ਨਾਹੀਂ

ਪਹਿਰੇਦਾਰ ਵੀ ਬਾਹਰ ਖਲ੍ਹਾਰ ਦਿੱਤੇ, ਤਾਕਿ ਕੋਈ ਵੀ ਕੰਨੀ ਕਤਰਾਏ ਨਾਹੀਂ
'ਤੀਰ' ਗੁਰੂ ਦੇ ਭੇਦ ਨੂੰ ਗੁਰੂ ਜਾਣੇ, ਕੋਈ ਸਤਗੁਰੂ ਦਾ ਭੇਦ ਪਾਏ ਨਾਹੀਂ

## ਕਈ ਡੋਲ ਗਏ (ਵੱਲੋਂ ਕਵੀ)

ਕਈ ਰਹੇ ਪੱਕੇ ਏਸ ਹੁਕਮ ਅੰਦਰ, ਕਈਆਂ ਡੋਲ ਕੇ ਚਿੱਤ ਡੁਲਾਇਆ ਏ
ਗਿਣ ਮਿੱਥ ਕੇ ਉਨ੍ਹਾਂ ਨੇ ਗੱਲ ਸਾਰੀ, ਨਿੱਕਲ ਜਾਣ ਦਾ ਢੰਗ ਬਣਾਇਆ ਏ
ਛੇਤੀ ਨਾਲ ਸਮੱਗਰੀ ਕਰ ਕੱਠੀ, ਉਨ੍ਹਾਂ ਇੱਕ ਬਬਾਣ ਸਜਾਇਆ ਏ
ਵਿਚ ਓਸਦੇ ਜੀਂਵਦਾ ਇੱਕ ਸਾਥੀ, ਚੁੱਕ ਚਾਲ ਦੇ ਨਾਲ ਲਿਟਾਇਆ ਏ
ਚੌਹਾਂ ਬੰਦਿਆਂ ਨੇ ਫੇਰ ਮੋਢਿਆਂ 'ਤੇ, ਉਹਨੂੰ ਆਸਰਾ ਦੇ ਕੇ ਚਾਇਆ ਏ
ਹੁਕਮ-ਸੱਤ ਹੋ ਗਿਆ ਹੈ ਏਹ ਰਾਤੀਂ, ਹੋਈ ਪੁੱਛ ਤਾਂ ਝੱਟ ਸੁਣਾਇਆ ਏ
ਬਾਕੀ ਤੁਰੇ ਪਿਛੇ ਰਾਮ-ਰਾਮ ਕਰਦੇ, ਰੋਣਾ ਸਭ ਨੇ ਮੂੰਹ ਵਿਖਾਇਆ ਏ
'ਸੇਵਕ ਕੀ ਓੜਕ ਨਿਬਹੀ ਪ੍ਰੀਤ' ਵੇਖੋ, ਉਨ੍ਹਾਂ ਮੂੰਹ ਤੋਂ ਤੁਰਦਿਆਂ ਗਾਇਆ ਏ
ਬਾਹਰ ਨਿਕਲੇ ਹੀ ਅਜੇ ਮਸਾਂ ਹੈਸੀ! ਜਾਣੀ-ਜਾਣ ਨੇ ਚੋਜ ਵਰਤਾਇਆ ਏ
ਠਹਿਰੋ ਅਸੀਂ ਵੀ ਤੁਸਾਂ ਦੇ ਨਾਲ ਆਏ, ਏਨੀ ਆਖ ਬਬਾਣ ਅਟਕਾਇਆ ਏ
ਫੇਰ ਪੁੱਜ ਕੇ ਪੁੱਛਿਆ ਸਤਿਗੁਰਾਂ ਨੇ, ਸਿੱਖੋ ਸਿੱਖ ਕਿਹੜਾ ਜੱਗੋਂ ਧਾਇਆ ਏ
ਉਨ੍ਹਾਂ ਕਿਹਾ ਦਾਤਾਰ ਇਹ ਦਰਸ਼ਨਾਂ ਨੂੰ, ਬੜੀ ਦੂਰ ਤੋਂ ਚੱਲ ਕੇ ਆਇਆ ਏ
ਐਪਰ ਆ ਏਥੇ ਹੁਕਮ-ਸੱਤ ਹੋਇਆ, ਆਣ ਆਪਦੀ ਸ਼ਰਨ ਸਮਾਇਆ ਏ
ਮਹਾਰਾਜ ਨੇ ਆਖਿਆ ਭਲਾ ਸਿੱਖੋ, ਸਾਡਾ ਪੁੱਤ ਹੈ ਕੋਈ ਪਰਾਇਆ ਏ?
ਏਸ ਤਰ੍ਹਾਂ ਦੇ ਬਚਨ ਬਿਲਾਸ ਹੁੰਦੇ, ਮੁਰਦਾ ਮਰਘਟੀ ਜਾ ਪੁਚਾਇਆ ਏ
ਪਾਜ ਢੱਕਿਆ ਰਿਹਾ ਨਾ ਝੂਠਿਆਂ ਦਾ, ਭਾਵੇਂ ਲੱਖ ਉਨ੍ਹਾਂ ਪਰਦਾ ਪਾਇਆ ਏ
ਜਦੋਂ ਚਿਖਾ 'ਤੇ ਰੱਖਿਆ ਗਿਆ ਉਹਨੂੰ, ਗੁਰਾਂ ਆਪਣਾ ਫਰਜ਼ ਨਿਭਾਇਆ ਏ
'ਸਾਡਾ ਪੁੱਤ ਹੈ ਸਿੱਖ ਇਹ' ਇਉਂ ਕਹਿ ਕੇ, ਹੱਥੀਂ ਆਪਣੀ ਜਾਂ ਲਾਂਬੂ ਲਾਇਆ ਏ
ਮੁਰਦਾ ਚਿਖਾ ਤੋਂ ਕੁੱਦ ਕੇ ਉੱਠ ਨੱਠਾ, ਉਹਨੂੰ ਅੱਗ ਨੇ ਜਿਹਾ ਡਰਾਇਆ ਏ
ਜਿੰਨਾ ਨਹੀਂ ਰੋਵਾਂਵਦਾ ਮੂਲ ਕੋਈ, ਏਨਾ ਸਤਿਗੁਰਾਂ ਰੱਜ ਹਸਾਇਆ ਏ
ਸਿੱਖਾਂ ਡੋਲਿਆਂ ਅਤੇ ਸ਼ਰਮਿੰਦਿਆਂ ਨੂੰ, ਫੇਰ ਪ੍ਰੇਮ ਦੇ ਨਾਲ ਸਮਝਾਇਆ ਏ
'ਤੀਰ' ਓਹ ਨਾ ਡੋਲਦੇ ਮੂਲ ਸਿੱਖੋ, ਸਦਾ ਜਿਨ੍ਹਾਂ ਨੇ ਸਿਦਕ ਨਿਭਾਇਆ ਏ

## ਬਾਈਧਾਰ ਉੱਤੇ ਸਰਕਾਰੀ ਫ਼ੌਜ ਦੀ ਚੜ੍ਹਾਈ (ਵੱਲੋਂ ਕਵੀ)

ਪਤਾ ਕੁਝ ਨਹੀਂ ਲੱਗਦਾ ਕੁਦਰਤਾਂ ਦਾ, ਐਸੀ ਆਣ ਕੁਵੱਲੜੀ ਕਾਰ ਹੋਈ
ਤਿੰਨ ਸਾਲ ਤੋਂ ਤਰੀ ਨਾ ਰਕਮ-ਸ਼ਾਹੀ, ਭਾਵੇਂ ਮੰਗ ਉੱਤੋ ਵਾਰ ਵਾਰ ਹੋਈ
ਗੁੱਸੇ ਹੋ ਗਿਆ ਅੰਤ ਨਵਾਬ ਜੰਮੂ, ਉਹਦੇ ਦਿੱਲ ਅੰਦਰ ਪੈਦਾ ਖ਼ਾਰ ਹੋਈ

ਅਲਫ਼ ਖਾਨ ਨੂੰ ਚਾੜ੍ਹਿਆ ਝੱਟ ਉਸਨੇ, ਚੋਖੀ ਫ਼ੌਜ ਉਸਦੀ ਤਾਬੇਦਾਰ ਹੋਈ
ਧੁੰਮਾਂ ਪਾਂਵਦੀ ਅੱਪੜੀ ਫ਼ੌਜ ਸ਼ਾਹੀ, ਔਖੀ ਆਣ ਡਾਢੀ ਬਾਈਧਾਰ ਹੋਈ
ਮਦਦ ਗੁਰੂ ਦਸਮੇਸ਼ ਤੋਂ ਮੰਗ ਲਈਏ, ਕੱਠੇ ਹੋ ਕੇ ਅੰਤ ਵਿਚਾਰ ਹੋਈ
'ਤੀਰ' ਏਸ ਵੇਲੇ ਓਹ ਜੇ ਬਾਹੁੜੇ ਨਾ, ਫੇਰ ਜਾਣ ਛੱਡੋ ਸਾਡੀ ਹਾਰ ਹੋਈ

### ਮਹਾਰਾਜ ਪਾਸ ਬਾਈਧਾਰ ਦਾ ਆਦਮੀ ਆਇਆ

ਦੋਹਰਾ— ਲਿਖ ਕੇ ਬਾਈਧਾਰ ਨੇ, ਇਹ ਘੱਲੀ ਅਰਦਾਸ।
ਬਹੁੜੋ ਗੁਰ ਦਸਮੇਸ਼ ਜੀ, ਕਾਰਜ ਹੋਵੇ ਰਾਸ।

ਚਿੱਠੀ ਲੈ ਕੇ ਪਹੁੰਚਿਆ ਇਕ ਬੰਦਾ, ਕੀਤੀ ਗੁਰਾਂ ਦੀ ਖ਼ੂਬ ਵਡਿਆਈ ਉਸਨੇ
ਭੇਟਾਂ ਰਾਜਿਆਂ ਵੱਲੋਂ ਲਿਆਂਦੀਆਂ ਜੋ, ਅੱਗੇ ਰੱਖ ਕੇ ਧੌਣ ਨਿਵਾਈ ਉਸਨੇ
ਫੇਰ ਆਜਜ਼ੀ ਨਾਲ ਦਸਮੇਸ਼ ਜੀ ਨੂੰ, ਚਿੱਠੀ ਦੇ ਦੱਸੀ ਔਖਿਆਈ ਉਸਨੇ
'ਤੀਰ' ਜੋੜ ਕੇ ਹੱਥ ਮਹਾਰਾਜ ਅੱਗੇ, ਲਾਜ ਰੱਖ ਲਓ ਦਿੱਤੀ ਦੁਹਾਈ ਉਸਨੇ

### ਮਹਾਰਾਜ ਜੀ ਦੇ ਬਚਨ

ਮਹਾਰਾਜ ਨੇ ਆਖਿਆ ਲੱਕ ਬੰਨ੍ਹੋ, ਟਕੇ ਤਾਰਨੋਂ ਕਰੋ ਇਨਕਾਰ ਸਾਰੇ
ਅਲਫ਼ ਖਾਨ ਜੇ ਲੜਨ ਦਾ ਖ਼ੌਫ ਦੇਵੇ, ਤੇਗ਼ਾਂ ਸੂਤ ਹੋ ਜਾਓ ਤਿਆਰ ਸਾਰੇ
ਤੁਸਾਂ ਐਤਕੀਂ ਮਾਮਲਾ ਤਾਰਿਆ ਤਾਂ, ਹਰ ਸਾਲ ਹੋਵੋਗੇ ਖੁਆਰ ਸਾਰੇ
ਅਸੀਂ ਆਪਦੇ ਨਾਲ ਹਾਂ ਪੱਕ ਜਾਣੋ, ਜੂਲਾ ਜ਼ੁਲਮ ਦਾ ਦਿਓ ਉਤਾਰ ਸਾਰੇ
ਸੰਨਦ-ਬੱਧ ਹੋ ਕੇ ਉਹਨੂੰ ਮਿਲੋ ਅੱਗੋਂ, ਅੱਜੋਂ ਟੱਕਰੋ ਲੈ ਹਥਿਆਰ ਸਾਰੇ
ਸਾਡੇ ਸੂਰਮੇ ਵੀ ਆਹੂ ਲਾਹ ਦੇਸਣ, ਹੈਣ ਯੁੱਧ ਦੇ ਵਿਚ ਹੁਸ਼ਿਆਰ ਸਾਰੇ
ਅਸਾਂ ਕਿਸੇ ਦੇ ਨਹੀਂ ਗ਼ੁਲਾਮ ਰਹਿਣਾ, ਲਵੋ ਪੱਕੀਆਂ ਧਾਰਨਾ ਧਾਰ ਸਾਰੇ
'ਤੀਰ' ਬੇੜੀਆਂ ਕੱਟ ਕੇ ਦੇਸ਼ ਦੀਆਂ, ਬੇੜਾ ਦੇਸ਼ ਦਾ ਲਾਵੀਏ ਪਾਰ ਸਾਰੇ

### ਵੱਲੋਂ ਕਵੀ

ਦੋਹਰਾ— ਵਾਹ ਮੇਰੇ ਦਸਮੇਸ਼ ਜੀ, ਵਾਹ ਮੇਰੇ ਦਾਤਾਰ।
ਵੈਰੀ ਬਾਈਧਾਰ 'ਤੇ, ਤੁੱਠ ਕੀਤਾ ਉਪਕਾਰ।

### ਵੈਰੀ ਨੂੰ ਰਣ ਵਿਚ ਭਾਜ (ਵੱਲੋਂ ਕਵੀ)

ਏਨਾ ਆਖ ਮਹਾਰਾਜ ਨੇ ਰਾਜਿਆਂ ਦਾ, ਵੇਖੋ ਹੌਸਲਾ ਖ਼ੂਬ ਵਧਾ ਦਿੱਤਾ
ਸਿੱਖ ਸੂਰਮੇ ਉਨ੍ਹਾਂ ਦੇ ਨਾਲ ਕੀਤੇ, ਉਨ੍ਹਾਂ ਡੱਟ ਕੇ ਮੋਰਚਾ ਲਾ ਦਿੱਤਾ
ਆਪ ਸ੍ਰੀ ਦਸਮੇਸ਼ ਨੇ ਹੁਕਮ ਦੇ ਕੇ, ਰਣ ਵਿਚ ਰਣਜੀਤ ਵਜਵਾ ਦਿੱਤਾ
ਉਹਦੀ ਧਮਕ ਨੇ ਭਉਜਲੀ ਪਾ ਦਿੱਤੀ, ਉਹਦੀ ਗੂੰਜ ਪਹਾੜ ਗੂੰਜਾ ਦਿੱਤਾ

ਅਲਫ਼ ਖ਼ਾਨ ਉੱਤੇ ਟੁੱਟ ਪਏ ਸਾਰੇ, ਰਣ-ਖੇਤ ਨਦੌਣ ਬਣਾ ਦਿੱਤਾ
ਤੇਗਾਂ ਸੂਤੀਆਂ ਐਸੀਆਂ ਰਣ ਅੰਦਰ, ਲੱਖਾਂ ਬਿਜਲੀਆਂ ਨੂੰ ਮਾਤ ਪਾ ਦਿੱਤਾ
ਤੀਰ ਇੱਕ ਇੱਕ ਸ੍ਰੀ ਦਸਮੇਸ਼ ਜੀ ਨੇ, ਮਾਨੋ ਉਡਣਾ ਨਾਗ ਬਣਾ ਦਿੱਤਾ
ਪਾਣੀ ਉਸ ਨੇ ਮੰਗਿਆ ਮੂਲ ਨਾਹੀਂ, ਜਿਹਨੂੰ ਜ਼ਹਿਰੀਆਂ ਨੇ ਡੰਗ ਲਾ ਦਿੱਤਾ
ਸ਼ਾਹੀ ਫ਼ੌਜ ਦੀ ਰੱਜ ਕੇ ਖੁੰਬ ਠੱਪੀ, ਫੜ ਪਿਛਾਂਹ ਨੂੰ ਮੂੰਹ ਭੁਆ ਦਿੱਤਾ
ਅਲਫ਼ ਖ਼ਾਨ ਦਾ ਅਲਫ਼ ਤੋਂ ਯੇ ਤੋੜੀ, ਸਾਰਾ ਦਬਦਬਾ ਰੋਹਬ ਗੁਆ ਦਿੱਤਾ
ਤੋਬਾ ਤੋਬ ਕਰਦੇ ਵੈਰੀ ਉੱਠ ਨੱਠੇ, ਐਸਾ ਕੰਨਾਂ ਨੂੰ ਹੱਥ ਲੁਆ ਦਿੱਤਾ
'ਤੀਰ' ਪਰਤ ਨਾ ਵੇਖਿਆ ਕਿਸੇ ਪਿੱਛੇ, ਸ਼ਾਹੀ ਫ਼ੌਜ ਨੂੰ ਗੁਰਾਂ ਨਠਾ ਦਿੱਤਾ

## *ਦਸਮੇਸ਼ ਜੀ ਨੇ ਰਾਜਿਆਂ ਨੂੰ ਏਕਤਾ ਦੀ ਬਰਕਤ ਦੱਸਣੀ*

ਜੰਗ ਜਿੱਤ ਕੇ ਕਹਿਣ ਦਸਮੇਸ਼ ਲੱਗੇ, ਵੇਖੋ ਕਾਰ ਇਹ ਰਾਜਿਓ! ਜੁੱਟਦੀ ਏ
ਜਿਹੜੀ ਕੌਮ ਮਿਲਾਪ ਦੇ ਵਿਚ ਰਹਿੰਦੀ, ਸਦਾ ਜੱਗ ਉੱਤੇ ਮੌਜ ਲੁੱਟਦੀ ਏ
ਚੁੱਕੀ ਫਿਰੇ ਉਹ ਛੱਟ ਗ਼ੁਲਾਮੀਆਂ ਦੀ, ਜਿਹੜੀ ਆਪਣੇ ਆਪ ਵਿਚ ਫੁੱਟਦੀ ਏ
ਕੌਮ ਮੇਲ ਵਾਲੀ ਅੱਗੇ ਵਧ ਜਾਂਦੀ, ਕੌਮਾਂ ਹੋਰਨਾਂ ਨੂੰ ਪਿੱਛੇ ਸੁੱਟਦੀ ਏ
ਜਿਹੜੀ ਕੌਮ ਦਾ ਟੁੱਟ ਇਤਫ਼ਾਕ ਜਾਵੇ, ਤਾਰੇ ਵਾਂਗ ਅਸਮਾਨ ਤੋਂ ਟੁੱਟਦੀ ਏ
ਉਹੋ ਕੌਮ ਅਜ਼ਾਦੀਆਂ ਮਾਣਦੀ ਏ, ਜੋ ਨਾ ਕਦੇ ਕੁਰਬਾਨੀਓਂ ਹੁੱਟਦੀ ਏ
ਜਿਹੜੀ ਝੱਕਦੀ ਰਹੇ ਕੁਰਬਾਨੀਆਂ ਤੋਂ, ਦਿਨਾਂ ਥੋੜ੍ਹਿਆਂ ਵਿਚ ਨਿਖੁੱਟਦੀ ਏ
ਜਿਹੜੀ ਕੌਮ ਦੇ ਵਿਚ ਵਿਰੋਧ ਨਾਹੀਂ, ਪੈਰ ਏਕਤਾ ਵਿਚ ਉਹ ਪੁੱਟਦੀ ਏ
ਫੁੱਟੀ ਕੌਮ ਤਾਈਂ ਜਣੀ ਖਣੀ ਆ ਕੇ, ਨਿੱਤ ਕੁੱਟਦੀ ਤੇ ਸੰਘੀ ਘੁੱਟਦੀ ਏ
ਐਸੀ ਕੌਮ ਗ਼ੁਲਾਮੀ ਦੇ ਸੰਗਲਾਂ ਤੋਂ, ਪਰਲੋ ਤੀਕ ਵੀ ਕਦੇ ਨਾ ਛੁੱਟਦੀ ਏ
ਫੁੱਟੀ ਕੌਮ ਨਾ ਵਧਦੀ ਹੋਰ ਅੱਗੇ, ਬੁੱਟੀ ਕਣਕ ਵਾਂਗੂ ਐਸੀ ਬੁੱਟਦੀ ਏ
ਜੁੜੀ ਕੌਮ ਲਈ 'ਤੀਰ' ਆਜ਼ਾਦ ਹੋਣਾ, ਗੱਲ ਸਮਝ ਛੱਡੋ ਇੱਕੋ ਝੁੱਟਦੀ ਏ

## *ਫੇਰ ਕਹਿੰਦੇ ਹਨ*

ਕਰਾਮਾਤ ਜੇ ਜਾਣ ਲਓ ਏਕਤਾ ਦੀ, ਬੱਝੀ ਫੇਰ ਰਹਿੰਦੀ ਭਾਰਤ ਮਾਤ ਨਾਹੀਂ
ਜੇਕਰ ਦਿਨ ਚੜ੍ਹਾਓ ਕੁਰਬਾਨੀਆਂ ਦਾ, ਠਹਿਰ ਸਕਦੀ ਜ਼ੁਲਮ ਦੀ ਰਾਤ ਨਾਹੀਂ
ਜੇ ਮੁਕਾਬਲਾ ਕਰੋ ਨਿਡੱਰ ਹੋ ਕੇ, ਰੋਜ਼ ਰੋਜ਼ ਇਹ ਪਏ ਆਫਾਤ ਨਾਹੀਂ
ਵੀਰਾਂ ਨਾਲ ਵਿਰੋਧ ਜੇ ਛੱਡ ਦੇਵੋ, ਲਾਣ ਓਪਰੇ ਕਦੇ ਵੀ ਘਾਤ ਨਾਹੀਂ
ਜੇ ਨਾ ਫੁੱਟ ਦੀ ਅਸਾਂ ਨੂੰ ਹਵਾ ਮਾਰੇ, ਵੈਰੀ ਫੇਰ ਏਧਰ ਪਾਣ ਝਾਤ ਨਾਹੀਂ
ਅਸੀਂ ਦੋਏ ਜੇ ਪ੍ਰੇਮ ਦੇ ਵਿਚ ਰਹੀਏ, ਟਿੱਕ ਸੱਕਦੀ ਤੀਸਰੀ ਜ਼ਾਤ ਨਾਹੀਂ
ਕਦੇ ਮੰਗਿਆਂ ਮਿਲਣ ਅਜ਼ਾਦੀਆਂ ਨਾ, ਦੇਂਦਾ ਹੱਸ ਕੇ ਇਹ ਕੋਈ ਦਾਤ ਨਾਹੀਂ

ਡਾਢੇ ਜਿਨ੍ਹਾਂ ਨੂੰ ਕੁੱਟ ਕੇ ਜ਼ੋਰ ਕਰਦੇ, ਉਠਨ ਦੇਂਵਦੇ ਸਾਰੀ ਹਯਾਤ ਨਾਹੀਂ
ਸੌਣੇ ਵਿਚ ਖੇਡਣ ਹੁਕਮਰਾਨ ਕੌਮਾਂ, ਤੇ ਗ਼ੁਲਾਮ ਦੇ ਤਵਾ-ਪਰਾਤ ਨਾਹੀਂ
ਧਰਮ ਨੇਮ ਗ਼ੁਲਾਮ ਦਾ ਨਹੀਂ ਹੁੰਦਾ, ਉਹਦੀ ਖੋਤਿਓਂ ਵੱਧ ਔਕਾਤ ਨਾਹੀਂ
ਉਸ ਕੌਮ ਦੀ ਤੇਗ਼ ਨਾ ਕੁਝ ਖੋਹੇ, ਹੱਥ ਜਿਸਦੇ ਕਲਮ ਦੁਆਤ ਨਾਹੀਂ
ਕਲਮ ਤੇਗ਼ ਦੋਵੇਂ ਜਿਹਦੇ ਵੱਸ ਅੰਦਰ, ਉਹਦੇ ਨਾਲ ਦੀ ਹੋਰ ਜਮਾਤ ਨਾਹੀਂ
ਕਦੇ ਨਹੀਂ ਗ਼ੁਲਾਮ ਦਾ ਦਿਨ ਚੜ੍ਹਦਾ, ਉਹਦੀ ਹੋਂਵਦੀ ਕਦੇ ਪ੍ਰਭਾਤ ਨਾਹੀਂ
'ਤੀਰ' ਅੱਖੀਓਂ ਰੋ ਰੋ ਪਿਆ ਵੱਸੇ, ਉਹਦੀ ਮੁੱਕਦੀ ਕਦੇ ਬਰਸਾਤ ਨਾਹੀਂ

## *ਦਸਮੇਸ਼ ਜੀ ਅਜ਼ਾਦੀ ਲਈ ਪ੍ਰੇਰਦੇ ਹਨ*

ਆਓ ਰਾਜਪੂਤੋ ਸਿੱਖੋ ਇੱਕ ਹੋਣਾ, ਪੈਦਾ ਦਿਲਾਂ ਦੇ ਵਿਚ ਪਿਆਰ ਕਰੀਏ
ਇਕ ਜਿੰਦ ਹੋ ਕੇ ਇਕ ਕੌਮ ਬਣੀਏਂ, ਕੌਮੀ-ਫ਼ੌਜ ਇਕ ਖ਼ੂਬ ਤਿਆਰ ਕਰੀਏ
ਆਓ ਅੱਜ ਤੋਂ ਦਿਲੋਂ ਸੁਗੰਧ ਖਾ ਲਓ, ਆਪੋ ਵਿੱਚ ਨਾ ਕਿਸੇ 'ਤੇ ਵਾਰ ਕਰੀਏ
ਫੁੱਲਾਂ ਵਾਂਗਰਾਂ ਵੱਸੀਏ ਮਹਿਕ ਦੇ ਕੇ, ਖ਼ਾਰ ਵਾਂਗ ਨਾ ਕਦੇ ਵੀ ਖ਼ਾਰ ਕਰੀਏ
ਕੱਠੇ ਹੋ ਬਹੀਏ, ਰਹੀਏ ਸਦਾ ਕੱਠੇ, ਸਾਂਝੇ ਸੁੱਖ ਦੀ ਸਦਾ ਵਿਚਾਰ ਕਰੀਏ
ਜਿਹੜੇ ਦੇਸ਼ ਅੰਦਰ ਜੰਮੇ ਪਲੇ ਖੇਡੇ, ਉਸ ਦੇਸ਼ ਤੋਂ ਸੀਸ ਨਸਾਰ ਕਰੀਏ
ਮਿੱਟੀ ਦੇਸ਼ ਦੀ ਵੱਧ ਕੇ ਦੇਵਤੇ ਤੋਂ, ਆਓ ਏਸ ਨੂੰ ਹੀ ਨਿਮਸ਼ਕਾਰ ਕਰੀਏ
ਧਾਰ ਹੌਸਲੇ ਕੁੱਦੀਏ ਪਿੜ ਅੰਦਰ, ਬੰਦ ਹਿੰਦ 'ਚੋਂ ਅੱਤਿਆਚਾਰ ਕਰੀਏ
ਹਰ ਸਾਲ ਇਹ ਚੱਟੀਆਂ ਪੈਣ ਨਾਹੀਂ, ਇੱਕ ਹੋਣ ਦਾ ਜੇ ਇਕਰਾਰ ਕਰੀਏ
'ਤੀਰ' ਰਲ ਕੇ ਸਿਰਾਂ ਦੇ ਲਾ ਚੱਪੇ, ਦੇਸ਼ ਡੁੱਬਦੇ ਦਾ ਬੇੜਾ ਪਾਰ ਕਰੀਏ

## *ਵੱਲੋਂ ਕਵੀ*

ਭਾਵੇਂ ਗੁਰੂ ਜੀ ਨੇ ਬਾਈਧਾਰ ਉੱਤੇ, ਕੀਤਾ ਤੁੱਠ ਕੇ ਸਦਾ ਉਪਕਾਰ ਵੇਖੋ
ਏਕੇ ਵਾਸਤੇ ਬੜਾ ਉਪਦੇਸ਼ ਦਿੱਤਾ, ਭਲਾ ਲੋਚਦੇ ਰਹੇ ਦਾਤਾਰ ਵੇਖੋ
ਤਾਂ ਵੀ ਆਪਣੀ ਆਦਤੋਂ ਮੁੜੇ ਨਾਹੀਂ, ਉਹ ਗ਼ੱਦਾਰ ਸੀ ਰਹੇ ਗ਼ੱਦਾਰ ਵੇਖੋ
ਵਿੱਚੋ-ਵਿੱਚ ਉਨ੍ਹਾਂ ਵੈਰੀ ਨਾਲ ਗੰਢੀ, ਅਲਫ਼ ਖਾਨ ਬਣਾ ਲਿਆ ਯਾਰ ਵੇਖੋ
ਭੀਮ ਚੰਦ, ਕਿਰਪਾਲ ਨੇ, ਢੀਠ ਹੋ ਕੇ, ਕੀਤੀ ਢੀਠਤਾ ਦੀ ਪੂਰੀ ਕਾਰ ਵੇਖੋ
ਕਿਸ਼ਤ-ਵਾਰ ਦੇ ਦਿਆਂਗੇ ਟਕੇ ਸ਼ਾਹੀ, ਵਿੱਚੋ-ਵਿੱਚ ਕਰ ਲਿਆ ਇਕਰਾਰ ਵੇਖੋ
ਇਧਰ ਸਤਿਗੁਰਾਂ ਨਾਲ ਧ੍ਰੋਹ ਕੀਤਾ, ਉਧਰ ਕੀਤੇ ਭਰਾ ਖਵਾਰ ਵੇਖੋ
ਜਾਣੀ-ਜਾਣ ਜੀ ਨੂੰ ਜਦੋਂ ਪਤਾ ਲੱਗਾ, ਬੇਈਮਾਨ ਨਿਕਲੀ ਬਾਈਧਾਰ ਵੇਖੋ
ਉਸੇ ਘੜੀ ਹੀ ਕੂਚ ਦਾ ਹੁਕਮ ਦਿੱਤਾ ਅਤੇ ਆਖਿਆ ਨਾ ਸਿੱਖੋ ਵਾਰ ਵੇਖੋ
ਚੱਲੋ ਚੱਲ ਕੇ ਪੁਰੀ ਅਨੰਦ ਪਹੁੰਚੋ, ਇਹਨਾਂ ਝੂਠਿਆਂ ਦੀ ਨਾ ਨੁਹਾਰ ਵੇਖੋ

ਸਿੱਧੀ ਨਹੀਂ ਹੁੰਦੀ ਪੂਛ ਕੁੱਤਿਆਂ ਦੀ, ਪਾ ਕੇ ਬਾਂਸ ਵਿਚ ਸਾਲ ਹਜ਼ਾਰ ਵੇਖੋ
ਡੰਗ ਮਾਰਨੋਂ ਸੱਪ ਨਾ ਬਾਜ਼ ਆਵੇ, ਆਵੇ ਸਾੜਨੋਂ ਬਾਜ਼ ਨਾ ਨਾਰ ਵੇਖੋ
ਇਹ ਧ੍ਰੋਹ ਕਮਾਵਣਾ ਜਾਣਦੇ ਨੇ, ਰਾਜਪੂਤ ਦੇ ਰੂਪ ਮਕਾਰ ਵੇਖੋ
'ਤੀਰ' ਪਾਣਗੇ ਕੀਤੀਆਂ ਵੇਖ ਲੈਣਾ, ਤੁਸੀਂ ਪ੍ਰੇਮੀਓ ਵੱਲ ਕਰਤਾਰ ਵੇਖੋ

### ਭੀਮ ਚੰਦ ਦਾ ਮੀਸਣਾਪੁਣਾ

ਜਿਹੜੀ ਘੜੀ ਵਜ਼ੀਰਾਂ ਨੂੰ ਪਤਾ ਲੱਗਾ, ਗੁੱਸੇ ਹੋ ਦਸਮੇਸ਼ ਜੀ ਜਾਂਵਦੇ ਨੇ
ਭੀਮ ਚੰਦ ਨੂੰ ਭੇਜਿਆ ਝੱਟ ਉਹਨਾਂ, ਮਕਰ-ਖੇਡ ਖੇਡੀ ਓਸ ਆਂਵਦੇ ਨੇ
ਪੱਲਾ ਗੱਲ ਪਾਇਆ ਦੋਵੇਂ ਹੱਥ ਜੋੜੇ, ਅਤੇ ਆਖਿਆ ਨੀਰ ਵਹਾਂਵਦੇ ਨੇ
ਜਾਣੀ-ਜਾਣ ਜੀ ਕਿਉਂ ਨਾਰਾਜ਼ ਹੋਏ, ਰਾਜੇ ਆਪ ਦੇ ਦਾਸ ਸਦਾਂਵਦੇ ਨੇ
ਦੁੱਖ ਆਪ ਨੇ ਹੀ ਸਾਡੇ ਕੱਟਣੇ ਨੇ, ਪਾਪੀ ਮਾਰਨੇ ਜਿਹੜੇ ਸਤਾਂਵਦੇ ਨੇ
'ਤੀਰ' ਮਾਫੀਆਂ ਮੰਗਦੇ ਹੈਣ ਰਾਜੇ, ਮੂੰਹੀਂ ਘਾਹ ਪੱਲੇ ਗਲੀਂ ਪਾਂਵਦੇ ਨੇ

### ਦਸਮੇਸ਼ ਜੀ ਦੇ ਬਚਨ

ਮਹਾਰਾਜ ਨੇ ਆਖਿਆ ਸੁਣ ਰਾਜਾ, ਤੈਨੂੰ ਕਿਹਾ ਦਨਾਵਾਂ ਦਾ ਯਾਦ ਹੋਸੀ
ਕਾਂ ਕਦੇ ਵੀ ਬਣੇਗਾ ਹੰਸ ਨਾਹੀਂ, ਜਿਹਾ ਫੱਲ ਤੇ ਤਿਹਾ ਸਵਾਦ ਹੋਸੀ
ਹੋਸੀ ਜਿਹੀ ਕੋਕੋ, ਜਾਣ ਤਿਹੇ ਬੱਚੇ, ਜਿਹਾ ਮਾਂ ਪਿਓ ਤਿਹੀ ਔਲਾਦ ਹੋਸੀ
ਕਿੱਕਰ ਕਦੇ ਨਾ ਮੂਲ ਕਪਾਹ ਬਣਸੀ, ਚਰ੍ਹੀ ਕਦੇ ਨਾ ਮੂਲ ਕਮਾਦ ਹੋਸੀ
ਭਗਤ ਨਹੀਂ ਹਰਨਾਕਸ਼ਾਂ ਕਦੇ ਹੋਣਾ, ਦੈਂਤ ਕਦੇ ਨਾ ਭਗਤ ਪ੍ਰਹਿਲਾਦ ਹੋਸੀ
ਮਿੱਤਰ ਹੋਵਸੀ ਕਦੇ ਪਹਾੜੀਆ ਨਾ, ਤਰਸਵਾਨ ਨਾ ਕਦੇ ਜੱਲਾਦ ਹੋਸੀ
ਪੱਥਰ ਢੱਲ ਕੇ ਕਦੇ ਨਾ ਮੋਮ ਹੋਸੀ, ਟੁੱਟ ਟੁੱਟ ਕੇ ਚਾਹੇ ਬਰਬਾਦ ਹੋਸੀ
ਅੱਗ ਵਾਂਸ ਦੀ ਬੰਸ 'ਚੋਂ ਮੁੱਕਸੀ ਨਾ, ਕੁੱਲ ਨਾਸ ਕਰਕੇ ਸਦਾ ਸ਼ਾਦ ਹੋਸੀ
ਜਿਹੋ ਜਿਹੀ ਕੀਤੀ ਤੁਸਾਂ ਨਾਲ ਸਾਡੇ, ਇਹੋ ਜਿਹੀ ਹੁਣ ਹੋਰ ਇਮਦਾਦ ਹੋਸੀ
ਸਾਡੀ ਗੱਲ ਪੱਥਰ ਉੱਤੇ ਲੀਕ ਜਾਣੋ, ਦੂਰ ਹਿੰਦ 'ਚੋਂ ਗੰਦ-ਮਵਾਦ ਹੋਸੀ
ਐਪਰ ਫੇਰ ਵੀ ਫਿਰੰਗੀ ਛੱਟ ਚੁੱਕੀ, ਬਾਈਧਾਰ ਨਾ ਕਦੇ ਆਜ਼ਾਦ ਹੋਸੀ
'ਤੀਰ' ਆਖ਼ਰੀ ਜਾਣ ਲਓ ਬਚਨ ਸਾਡਾ, ਜਿਹੀ ਨੀਤ ਤੇ ਤਿਹੀ ਮੁਰਾਦ ਹੋਸੀ

### ਵੱਲੋਂ ਕਵੀ

ਗੁਰਾਂ ਨਾਲ ਵਿਗਾੜ ਕੇ ਗੱਲ ਰਾਜੇ, ਭਾਵੇਂ ਕਈ ਵਾਰੀ ਪਛੋਤਾਂਵਦੇ ਰਹੇ
ਭੀਮ ਚੰਦ ਤੇ ਨੀਚ ਕਿਰਪਾਲ ਵਰਗੇ, ਐਪਰ ਫੇਰ ਵੀ ਧ੍ਰੋਹ ਕਮਾਂਵਦੇ ਰਹੇ
ਅਲਫ਼ ਖ਼ਾਨ ਦਸਮੇਸ਼ ਤੋਂ ਹਾਰਿਆ ਏ, ਆਖ ਆਖ ਕੇ ਲੂਤੀਆਂ ਲਾਂਵਦੇ ਰਹੇ
'ਤੀਰ' ਅੱਗ ਕੀ ਉਨ੍ਹਾਂ ਬੁਝਾਵਣੀ ਸੀ, ਸਗੋਂ ਤੇਲ ਬਲਦੀ ਉੱਤੇ ਪਾਂਵਦੇ ਰਹੇ

## ਸਾਹਿਬਜ਼ਾਦੇ ਜੁਝਾਰ ਸਿੰਘ ਦਾ ਜਨਮ (ਵੱਲੋਂ ਕਵੀ)

ਇਸੇ ਸਾਲ ਦਾਤਾਰ ਨੇ ਮਿਹਰ ਕੀਤੀ, ਹੋਰ ਸਤਿਗੁਰਾਂ ਦੇ ਹੋਣਹਾਰ ਹੋਇਆ
ਸ਼ਕਲ ਸੋਹਿਣੀ-ਮੋਹਿਣੀ ਲਾਡਲੇ ਦੀ, ਵੇਖ ਵੇਖ ਕੇ ਖ਼ੁਸ਼ ਪਰਵਾਰ ਹੋਇਆ
ਵੇਖ ਵੀਰ ਨੂੰ ਵੀਰ ਅਜੀਤ ਖਿੜਿਆ, ਦਿਲੋਂ ਹੱਦ ਤੋਂ ਵੱਧ ਪਿਆਰ ਹੋਇਆ
ਮਿਲੇ ਦਾਨ ਨਿਮਾਣਿਆਂ ਆਜਜ਼ਾਂ ਨੂੰ, ਖ਼ੁਸ਼ੀ ਰੱਜ ਕੇ ਸਿੱਖ-ਸੰਸਾਰ ਹੋਇਆ
ਖ਼ਬਰ ਸੁਣ ਦਸਮੇਸ਼ ਜੀ ਖ਼ੁਸ਼ ਹੋਏ, ਮੁਖੋਂ ਆਖਿਆ ਨਾਮ 'ਜੁਝਾਰ' ਹੋਇਆ
ਮਾਤਾ ਗੁੱਜਰੀ ਵੇਖ ਕੇ 'ਤੀਰ' ਜੀਵੇ, ਹੌਲਾ ਓਸ ਦੇ ਜੀ ਦਾ ਭਾਰ ਹੋਇਆ

## ਪੋਤਿਆਂ ਬਾਬਤ ਦਾਦੀ ਦੇ ਹੋਰ ਖ਼ਿਆਲ ਤੇ ਪਿਤਾ ਦੇ ਹੋਰ (ਵੱਲੋਂ ਕਵੀ)

ਦਾਦੀ ਪੋਤਿਆਂ ਨੂੰ ਵੇਖ ਵੇਖ ਆਖੇ, ਬੰਸ ਦੀਆਂ ਨਿਸ਼ਾਨੀਆਂ ਹੋਣਗੀਆਂ
ਪਿਤਾ ਪੁੱਤਰਾਂ ਨੂੰ ਵੇਖ ਵੇਖ ਆਖੇ, ਦੇਸ਼ ਲਈ ਕੁਰਬਾਨੀਆਂ ਹੋਣਗੀਆਂ
ਦਾਦੀ ਸੋਚਦੀ ਦੋਹਾਂ ਦੇ ਗਲ ਅੰਦਰ, ਕਦੇ ਸੁੱਚੀਆਂ ਗਾਨੀਆਂ ਹੋਣਗੀਆਂ
ਪਿਤਾ ਸੋਚਦਾ ਕਿਸੇ ਰਣਖੇਤ ਅੰਦਰ, ਲੋਥਾਂ ਲਹੂ ਲੁਹਾਨੀਆਂ ਹੋਣਗੀਆਂ
ਦਾਦੀ ਸੋਚਦੀ ਜਦੋਂ ਜਵਾਨ ਹੋਏ, ਅੱਖਾਂ ਖ਼ੂਬ ਮਸਤਾਨੀਆਂ ਹੋਣਗੀਆਂ
ਪਿਤਾ ਸੋਚਦਾ ਮਰਨਗੇ ਰਣ ਅੰਦਰ, ਬਾਹਰ ਨਿਕਲੀਆਂ ਆਨੀਆਂ ਹੋਣਗੀਆਂ
ਦਾਦੀ ਸੋਚਦੀ ਹੋਣਗੇ ਹੋਰ ਸੋਹਣੇ, ਜਦੋਂ ਛੈਲ ਜਵਾਨੀਆਂ ਹੋਣਗੀਆਂ
ਪਿਤਾ ਸੋਚਦਾ ਦੂਹਾਂ ਦੀ ਹਿੱਕ ਅੰਦਰ, ਕਿਤੇ ਖੁੱਭੀਆਂ ਕਾਨੀਆਂ ਹੋਣਗੀਆਂ
ਦਾਦੀ ਸੋਚਦੀ ਹੋਣਗੇ ਜਦੋਂ ਵੱਡੇ, ਗੱਲਾਂ ਦਾਨੀਆਂ ਦਾਨੀਆਂ ਹੋਣਗੀਆਂ
ਪਿਤਾ ਸੋਚਦਾ ਜਾਣਗੇ ਲਾਲ ਲੁੱਟੇ, ਜਦੋਂ ਆਣ ਵੈਰਾਨੀਆਂ ਹੋਣਗੀਆਂ
ਦਾਦੀ ਸੋਚਦੀ ਦੋਹਾਂ ਦੇ ਰੂਪ ਉੱਤੇ, ਹੂਰਾਂ ਆਣ ਦੀਵਾਨੀਆਂ ਹੋਣਗੀਆਂ
ਪਿਤਾ ਸੋਚਦਾ ਹੋਇਗੀ ਮੌਤ ਲਾੜੀ, ਲਾਵਾਂ ਜੂਝ ਐਲਾਨੀਆਂ ਹੋਣਗੀਆਂ
ਦਾਦੀ ਸੋਚਦੀ ਮੋਹਣੀਆਂ ਮੂਰਤਾਂ ਨੇ, ਉਹਲੇ ਹੋਣ ਤਾਂ ਹਾਨੀਆਂ ਹੋਣਗੀਆਂ
'ਤੀਰ' ਕਹਿਣ ਦਸਮੇਸ਼ ਜੀ ਦਿੱਲ ਅੰਦਰ, ਦੇਸ਼ ਲਈ ਬਿਗਾਨੀਆਂ ਹੋਣਗੀਆਂ

## ਵੱਲੋਂ ਕਵੀ

ਏਸ ਤਰ੍ਹਾਂ ਦਸਮੇਸ਼ ਅਨੰਦ ਅੰਦਰ, ਭਾਗ 'ਪੁਰੀ ਅਨੰਦ' ਨੂੰ ਲਾ ਰਹੇ ਸੀ
ਸਮਾਂ ਆਪ ਨੇੜੇ ਨੇੜੇ ਆ ਰਿਹਾ ਸੀ, ਨੇੜੇ ਸਮੇਂ ਦੇ ਆਪ ਵੀ ਜਾ ਰਹੇ ਸੀ
ਚਾੜ੍ਹ ਚਾੜ੍ਹ ਕੇ ਰੰਗ ਕੁਰਬਾਨੀਆਂ ਦਾ, ਸਿੱਖਾਂ ਸੇਵਕਾਂ ਤਾਈਂ ਪਕਾ ਰਹੇ ਸੀ
ਨਾਮ ਰੰਗ ਤੇ ਜੰਗ ਦਾ ਢੰਗ ਦੋਵੇਂ, ਲੋੜ ਸਮੇਂ ਦੀ ਵੇਖ ਵਰਤਾ ਰਹੇ ਸੀ
ਇਧਰ ਲਾਲ ਦੋਵੇਂ ਜਾਨੀ-ਜਾਨ ਜੀ ਦੇ, ਗੀਤ ਦਿਲੋਂ ਸ਼ਹੀਦੀ ਦੇ ਗਾ ਰਹੇ ਸੀ
'ਤੀਰ' ਦੇਸ਼ ਦੇ ਹਿਤੂ ਦਸਮੇਸ਼ ਮੇਰੇ, ਦੇਸ਼ ਵਾਸਤੇ ਫ਼ੌਜ ਬਣਾ ਰਹੇ ਸੀ

### ਨਵਾਂ ਜੰਗ (ਵੱਲੋਂ ਕਵੀ)

ਅਮਨ ਟੁੱਟਦੇ ਰਤਾ ਨਾ ਦੇਰ ਲੱਗੀ, ਆ ਕੇ ਸਮੇਂ ਹੋਰਾਂ ਪਰਖਾਂ ਪਾਈਆਂ ਨੇ
ਅਲਫ਼ ਖ਼ਾਨ ਦੀ ਹਾਰ ਦੀ ਗੱਲ ਸੁਣ ਕੇ, ਫ਼ੌਜਾਂ 'ਖ਼ਾਨ ਦਲੇਰ' ਚੜ੍ਹਾਈਆਂ ਨੇ
ਰੁਸਤਮ ਖ਼ਾਨ ਨੂੰ ਸਿਪ੍ਹਾ-ਸਾਲਾਰ ਕੀਤਾ, ਗੱਲਾਂ ਓਸਨੂੰ ਸਭ ਸਮਝਾਈਆਂ ਨੇ
ਜਿਹਨੇ ਰੋਲਿਆ ਰੜੇ 'ਤੇ ਮਾਣ ਸਾਡਾ, ਸਾਨੂੰ ਹੇਠੀਆਂ ਜਿਹਨੇ ਵਿਖਾਈਆਂ ਨੇ
ਕਰੋ ਓਸ ਦਸਮੇਸ਼ ਨੂੰ ਜ਼ੇਰ ਜਾ ਕੇ, ਜੇਕਰ ਲੈਣੀਆਂ ਆਣ ਵਧਾਈਆਂ ਨੇ
'ਤੀਰ' ਮੂੜ੍ਹ ਨਵਾਬ ਕੀ ਜਾਣਦਾ ਏ, ਸਗੋਂ ਉਹਦੀਆਂ ਸ਼ਾਮਤਾਂ ਆਈਆਂ ਨੇ

### ਰੁਸਤਮ ਖ਼ਾਨ ਨੂੰ ਹਾਰ (ਵੱਲੋਂ ਕਵੀ)

ਰੁਸਤਮ ਖ਼ਾਨ ਪੰਜਾਬ ਤੋਂ ਗੱਜ ਚੜ੍ਹਿਆ, ਲੜਨ ਵਾਸਤੇ ਅਤਿ ਦੀ ਖ਼ਾਰ ਖਾ ਕੇ
ਲੱਗਾ ਕਹਿਣ ਕੋਈ ਸੂਰਾ ਬੱਚਿਆ ਨਾ, ਮੇਰੇ ਹੱਥ ਦੀ ਤੇਜ਼ ਤਲਵਾਰ ਖਾ ਕੇ
ਮੁੜਾਂ ਕਦੇ ਮੈਦਾਨ ਤੋਂ ਮੈਂ ਨਾਹੀਂ, ਪਿੱਠ ਦੱਸ ਕੇ ਵੈਰੀ ਤੋਂ ਮਾਰ ਖਾ ਕੇ
'ਤੀਰ' ਪਿਉ ਦੇ ਮੂੰਹ ਨਹੀਂ ਲੱਗਣਾ ਮੈਂ, ਜੇਕਰ ਗੁਰੂ ਕੋਲੋਂ ਆਵਾਂ ਹਾਰ ਖਾ ਕੇ

### ਦਸਮੇਸ਼ ਜੀ ਦੀ ਤਿਆਰੀ (ਵੱਲੋਂ ਕਵੀ)

ਮਿਲੀ ਸੂਹ ਦਾਤਾਰ ਨੂੰ ਉਸੇ ਵੇਲੇ, ਰੁਸਤਮ ਖ਼ਾਨ ਚੜ੍ਹ ਕੇ ਵੇਖੋ ਆ ਰਿਹਾ ਏ
ਉਹਦੇ ਨਾਲ ਹੈ ਫ਼ੌਜ ਲੜਾਕਿਆਂ ਦੀ, ਧੌਂਸਾ ਓਸਦਾ ਧਰਤ ਧਮਕਾ ਰਿਹਾ ਏ
ਜਾਣੀ-ਜਾਣ ਨੇ ਕਿਹਾ ਤਿਆਰ ਹੋਵੋ, ਸਿੱਖੋ ਜੰਗ ਮਰਦੰਗ ਬੁਲਾ ਰਿਹਾ ਏ
'ਤੀਰ' ਜੰਮਿਆ ਏ ਅੱਜ ਨਵਾਂ ਗਾਜ਼ੀ, ਵੇਖੋ ਰੁਸਤਮੀ ਨਵੀਂ ਵਿਖਾ ਰਿਹਾ ਏ

### ਰੁਸਤਮ ਖ਼ਾਨ ਦੀ ਰੁਸਤਮੀ ਉਘੜ ਗਈ

ਰੁਸਤਮ ਖ਼ਾਂ ਦੀ ਰੁਸਤਮੀ ਗਈ ਵੇਖੀ, ਨਿਰੀ ਡੀਂਗ ਹੀ ਸੀ ਮਸਾਂ ਮਾਰ ਸਕਿਆ
ਪਾਲੇ ਪੋਹ ਦੇ ਨਦੀ ਦੀ ਵਾ ਠੰਢੀ, ਬਹੁਤਾ ਚਿਰ ਨਾ ਮੂਲ ਸਹਾਰ ਸਕਿਆ
ਸਿੱਖੀ-ਫ਼ੌਜ, ਰਣਜੀਤ ਦੀ ਗੂੰਜ ਅੱਗੇ, ਨਾ ਉਹ ਦਿਲ ਨੂੰ ਰਤਾ ਖਲ੍ਹਾਰ ਸਕਿਆ
'ਤੀਰ' ਸਰਦੀਓਂ ਡਰਦਿਆਂ ਉਠ ਨੱਠਾ, ਦਿੱਨ ਦੋ ਨਾ ਪੂਰੇ ਗੁਜ਼ਾਰ ਸਕਿਆ

### ਪਿਉ ਤੋਂ ਝਾੜ

ਹਾਰ ਖਾ ਜਾਂ ਪਿਉ ਦੇ ਕੋਲ ਪੁੱਜਾ, ਉਹਨੇ ਕਿਹਾ ਚੰਗੀ ਕੜ੍ਹੀ ਘੋਲ ਆਇਓਂ
ਰੁਸਤਮ ਖ਼ਾਂ ਤੂੰ ਰੁਸਤਮਾ ਬੜਾ ਹੈ ਸੈਂ, ਮਿੱਟੀ ਵਿਚ ਐਪਰ ਸ਼ੇਖੀ ਰੋਲ ਆਇਓਂ
ਕੋਈ ਅੰਤ ਨਾਹੀਂ ਤੇਰੀ ਬੀਰਤਾ ਦਾ, ਜੰਗ ਛੱਡ ਮੇਰੇ ਗੋਡੇ ਕੋਲ ਆਇਓਂ
'ਤੀਰ' ਤੇਗ਼ ਦਾ ਵਾਰ ਨਾ ਅਜੇ ਹੋਇਆ, ਅੱਗੋਂ ਕਰ ਤੂੰ ਬਿਸਤਰਾ ਗੋਲ ਆਇਓਂ

### ਸੂਬੇ ਨੇ ਹੁਸੈਨੀ ਨੂੰ ਹੁਕਮ ਦੇ ਕੇ ਲੜਨ ਲਈ ਭੇਜਿਆ

ਸੂਬੇ ਫੇਰ ਹੁਸੈਨੀ ਨੂੰ ਹੁਕਮ ਦਿੱਤਾ, ਮੇਰਾ ਹੈ ਤੇਰੇ ਉੱਤੇ ਮਾਣ ਮਰਦਾ!
ਪਕੜ ਲੈ ਆ ਗੁਰੂ ਗੋਬਿੰਦ ਸਿੰਘ ਨੂੰ, ਸਾਰਾ ਲਾ ਕੇ ਆਪਣਾ ਤਾਣ ਮਰਦਾ!
ਜਿੰਨੇ ਲੋੜ ਨੀ ਆਪਣੇ ਨਾਲ ਲੈ ਜਾ, ਚੰਗੇ ਚੋਣਵੇਂ ਮੁਗ਼ਲ ਪਠਾਣ ਮਰਦਾ!
'ਤੀਰ' ਤਦ ਤੇਰੀ ਮੰਨੀ ਜਾਏ ਮਰਦੀ, ਹਾਜ਼ਰ ਗੁਰੂ ਨੂੰ ਕਰੇਂ ਜੇ ਆਣ ਮਰਦਾ!

### ਹੁਸੈਨੀ ਦੀ ਚੜ੍ਹਾਈ (ਵੱਲੋਂ ਕਵੀ)

ਹੁਕਮ ਮੰਨ ਹੁਸੈਨੀ ਨੇ ਕੂਚ ਕੀਤਾ, ਨਾਲ ਓਸਦੇ ਕਈ ਸਰਦਾਰ ਨਿਕਲੇ
ਢਾਲਾਂ ਬੱਧੀਆਂ ਸਾਰਿਆਂ ਮੋਢਿਆਂ 'ਤੇ, ਮੁਛਾਂ ਕੁੰਢੀਆਂ ਘੋੜ ਸਵਾਰ ਨਿਕਲੇ
ਡੌਲੇ ਉਨ੍ਹਾਂ ਦੇ ਫਰਕਦੇ ਜੋਸ਼ ਅੰਦਰ, ਲੈ ਕੇ ਹੱਥ ਹਲਕਾਏ ਹਥਿਆਰ ਨਿਕਲੇ
ਪਹੁੰਚੇ ਪੁਰੀ ਅਨੰਦ ਦੇ ਆਣ ਨੇੜੇ, ਜੋ ਸੀ ਘਰੋਂ ਕਰਦੇ ਮਾਰੋ-ਮਾਰ ਨਿਕਲੇ
ਭੀਮ ਚੰਦ ਨੇ ਉਨ੍ਹਾਂ ਦਾ ਸਾਥ ਦਿਤਾ, ਰਾਜੇ ਹੋਰ ਵੀ ਕਈ ਗ਼ੱਦਾਰ ਨਿਕਲੇ
'ਤੀਰ' ਇਕ ਗੁਲੇਰੀਆ ਰਿਹਾ ਪੱਕਾ, ਬਾਕੀ ਮੀਸਣੇ ਅਤੇ ਮੱਕਾਰ ਨਿਕਲੇ

### ਹੁਸੈਨੀ ਦਾ ਗੁਲੇਰੀਏ ਤੇ ਗੁੱਸਾ

ਗਿਣੀ ਗੱਲ ਹੁਸੈਨੀ ਨੇ ਫ਼ੌਜ ਅੰਦਰ, ਕਰੋ ਅਕਲ ਦਨਾਈ ਦੀ ਕਾਰ ਪਹਿਲੇ
ਸਾਡੇ ਨਾਲ ਗੁਲੇਰੀਆ ਰੱਲਿਆ ਨਾ, ਉਹਨੂੰ ਗੁਰੂ ਕੋਲੋਂ ਲਵੋ ਮਾਰ ਪਹਿਲੇ
ਪਾਵੇ ਫੱਲ ਉਹ ਹੁਣੇ ਗੁਸਤਾਖੀਆਂ ਦਾ, ਕਰੋ ਓਸ ਤੇ ਚੱਲ ਕੇ ਵਾਰ ਪਹਿਲੇ
'ਤੀਰ' ਗੁਰੂ ਨੂੰ ਵੀ ਪਿਛੋਂ ਸਿਝ ਲਾਂਗੇ, ਦਿਓ ਚੱਲ ਗੁਲੇਰੀ ਨੂੰ ਹਾਰ ਪਹਿਲੇ

### ਗੁਲੇਰੀਏ ਨੇ ਦਸਮੇਸ਼ ਜੀ ਤੋਂ ਮਦਦ ਮੰਗਣੀ

ਲੱਗ ਗਿਆ ਇਹ ਪਤਾ ਗੁਲੇਰੀਏ ਨੂੰ, ਛੇਤੀ ਮੱਚਣਾ ਜੰਗ ਘਮਸਾਣ ਹੁਣ ਤੇ
ਕੱਲਾ ਮੈਂ ਕਮਜ਼ੋਰ ਹਾਂ ਹਰ ਪਾਸੇ, ਲੁੱਟ ਲੈਣਗੇ ਮੁਗ਼ਲ ਪਠਾਣ ਹੁਣ ਤੇ
ਉਹਨੇ ਅਰਜ਼ ਦਸਮੇਸ਼ ਨੂੰ ਕਰ ਘੱਲੀ, ਮੇਰੀ ਕਰੋ ਸਹਾਇਤਾ ਆਣ ਹੁਣ ਤੇ
ਆਖ ਘੱਲਿਆ 'ਤੀਰ' ਮਹਾਰਾਜ ਜੀ ਨੇ, ਅਸੀਂ ਅੱਪੜੇ ਰਾਜਿਆ ਜਾਣ ਹੁਣ ਤੇ

### ਹੁਸੈਨੀ ਦੀ ਟਕਿਆਂ ਦੀ ਮੰਗ ਤੇ ਗੁਲੇਰੀਏ ਦੀ ਚਾਲ

ਡਿੱਠਾ ਸਾਮ੍ਹਣੇ ਜਦੋਂ ਗੁਲੇਰੀਏ ਨੇ, ਸ਼ਾਹੀ-ਦੱਲ ਕਰਦਾ ਮਾਰੋ ਮਾਰ ਆਇਆ
ਉਹਨੇ ਓਸ ਵੇਲੇ ਰਾਜ-ਨੀਤ ਸੋਚੀ, ਟੱਕਾ ਝੱਟ ਲੈ ਚਾਰ ਹਜ਼ਾਰ ਆਇਆ
ਉਤੋਂ ਹੱਥ ਜੋੜੇ ਵਿਚੋਂ ਬੁੱਲ੍ਹ ਟੁੱਕੇ, ਮੂੰਹੋਂ ਕਿਹਾ-ਗ਼ੁਲਾਮ ਸਰਕਾਰ ਆਇਆ
ਕਰੋ ਇਹ ਮਨਜ਼ੂਰ, ਜੋ ਰਿਹਾ ਬਾਕੀ, ਉਹ ਵੀ ਤਾਰਸਾਂ ਚੱਲ ਦਵਾਰ ਆਇਆ
ਕੋਲੋਂ ਕਿਹਾ ਕਿਰਪਾਲ ਕਟੋਚੀਏ ਨੇ, ਮਸੇਂ ਮਸੇਂ ਜੇ ਕਾਬੂ ਗ਼ੱਦਾਰ ਆਇਆ

ਕਰੋ ਦੱਸ ਹਜ਼ਾਰ ਦੀ ਮੰਗ ਇਸ ਤੋਂ, ਆਪੇ ਦਏਗਾ ਤੰਗ ਲਚਾਰ ਆਇਆ
ਫੁਰੀ ਸੋਚ ਇਕ ਝੱਟ ਗੁਲੇਰੀਏ ਨੂੰ, ਰਾਜਨੀਤ ਦਾ ਯਾਦ ਵਿਹਾਰ ਆਇਆ
ਲੱਗਾ ਕਹਿਣ ਸਾਰਾ ਹੁਣੇ ਕਰ ਕੱਠਾ, ਬਸ ਜਾਣ ਲਓ ਤਾਬਿਆਦਾਰ ਆਇਆ
ਰਾਮ ਸਿੰਘ ਦੇ ਨਾਲ ਸਲਾਹ ਕਰਕੇ, ਚਾਲ ਨਾਲ, ਦੇ ਚੁਗ਼ਲ ਨੂੰ ਹਾਰ ਆਇਆ
'ਤੀਰ' ਕਿਲ੍ਹੇ ਅੰਦਰ ਆਕੀ ਹੋ ਬੈਠਾ, ਵੇਖੋ ਚਾਤਰਾਂ ਨੂੰ ਕਿਵੇਂ ਚਾਰ ਆਇਆ

### *ਗੁਲੇਰੀਏ ਦੇ ਕਿਲ੍ਹੇ ਨੂੰ ਘੇਰਾ ਤੇ ਸਤਿਗੁਰਾਂ ਦੀ ਮਦਦ ਦਾ ਅਪੜਨਾ (ਵੱਲੋਂ ਕਵੀ)*

ਕਿਲ੍ਹੇ ਵਿਚ ਗੁਲੇਰੀਆ ਡੱਟ ਬੈਠਾ, ਲੜਨ ਵਾਸਤੇ ਹੋ ਦਲੇਰ ਵੇਖੋ
ਸ਼ਾਹੀ-ਫ਼ੌਜ ਨੇ ਸਣੇ ਪਹਾੜੀਆਂ ਦੇ, ਆ ਕੇ ਕਿਲ੍ਹੇ ਤਾਈਂ ਲੀਤਾ ਘੇਰ ਵੇਖੋ
ਕਈ ਢੰਗ ਕੀਤੇ ਉਨ੍ਹਾਂ ਚਾਤਰੀ ਦੇ, ਕਰਨ ਲਈ ਗੁਲੇਰੀਆ ਜ਼ੇਰ ਵੇਖੋ
ਐਪਰ ਰਤਾ ਵੀ ਨਾ ਹੋਈ ਕਾਮਯਾਬੀ, ਫੜ ਸੱਕੇ ਨਾ ਘੁਰਨਿਓਂ ਸ਼ੇਰ ਵੇਖੋ
ਭੀਮ ਚੰਦ ਕਿਰਪਾਲ ਦੇ ਕਹਿਣ ਉਤੇ, ਫੇਰ ਹੋਰ ਹੋਇਆ ਹੇਰ ਫੇਰ ਵੇਖੋ
ਪੱਜ ਸੁਲ੍ਹਾ ਦੇ ਸੱਦਿਆ ਕਿਲ੍ਹੇ ਵਿਚੋਂ, ਨਾ ਗੁਲੇਰੀਏ ਨੇ ਲਾਈ ਦੇਰ ਵੇਖੋ
ਐਪਰ ਬਹੁੜਦੇ ਬਣੀ ਤੇ ਗੁਰੂ ਜੇ ਨਾ, ਹੈਸੀ ਵਰਤਣਾ ਕੋਈ ਅਨ੍ਹੇਰ ਵੇਖੋ
ਬੰਦੀਵਾਨ ਗੁਲੇਰੀਆ ਹੋਵਣਾ ਸੀ, ਤੇ ਗੁਲੇਰ ਵੀ ਖਾਕ ਦਾ ਢੇਰ ਵੇਖੋ
ਐਪਰ ਸਮੇਂ ਉੱਤੇ ਪਏ ਸਿੱਖ ਆ ਕੇ, ਦਿੱਤੀ ਹੋਣ ਨਾ ਉਨ੍ਹਾਂ ਅਵੇਰ ਵੇਖੋ
ਮਾਰੋ ਮਾਰ ਕਰਦੇ ਟੁੱਟੇ ਗਾਜ਼ੀਆਂ 'ਤੇ, ਬਾਜਾਂ ਮਾਰ ਲਏ ਝੱਟ ਬਟੇਰ ਵੇਖੋ
ਸ਼ਾਹੀ-ਫ਼ੌਜ ਨਾ ਮਾਰ ਸਹਾਰ ਸੱਕੀ, ਪਿਆ ਸੇਰ ਉੱਤੇ ਸੇਵਾ ਸੇਰ ਵੇਖੋ
'ਤੀਰ' ਕੱਢਿਆ ਸਿੱਖਾਂ ਗੁਲੇਰੀਏ ਨੂੰ, ਜਿਵੇਂ ਕੰਡਿਆਂ ਦੇ ਵਿਚੋਂ ਬੇਰ ਵੇਖੋ

### *ਫੇਰ (ਕਵੀ ਵੱਲੋਂ)*

ਫੇਰ ਕਿਲ੍ਹੇ ਦੇ ਕੋਲ ਆ ਜੰਗ ਲੱਗਾ, ਤੇ ਦੁਵੱਲਿਓਂ ਖ਼ੂਬ ਤਲਵਾਰ ਚੱਲੀ
ਸਿਰ ਵਾਂਗ ਹਦਵਾਣਿਆਂ ਪਏ ਥਾਂ ਥਾਂ, ਵੱਢੇ ਧੜਾਂ ਤੋਂ ਰੱਤ ਦੀ ਧਾਰ ਚੱਲੀ
ਜ਼ੋਰ ਲਾ ਲਾ ਸੂਰਮੇ ਲਹੂ ਡੋਲ੍ਹਣ, ਮਾਨੋਂ ਹੋਲੀਆਂ ਵਿਚ ਫੁਹਾਰ ਚੱਲੀ
ਸਿੱਖੀ ਫ਼ੌਜ ਨੇ ਛੱਕੇ ਛੁੜਾ ਦਿਤੇ, 'ਤੀਰ' ਫ਼ੌਜ ਸ਼ਾਹੀ ਆਖ਼ਰ ਹਾਰ ਚੱਲੀ

### *ਫ਼ੌਜਾਂ ਦਾ ਨੁਕਸਾਨ (ਵੱਲੋਂ ਕਵੀ)*

ਸ਼ਾਹੀ ਫ਼ੌਜ ਦਾ ਬੜਾ ਨੁਕਸਾਨ ਹੋਇਆ, ਚੰਗੇ ਚੋਣਵੇਂ ਕਈ ਸਰਦਾਰ ਮੋਏ
ਅਲਫ਼ ਖ਼ਾਂ ਹੁਸੈਨੀ ਨੇ ਜਾਨ ਦਿੱਤੀ, ਰਣ ਵਿਚ ਹੀ ਸੁੱਟ ਤਲਵਾਰ ਮੋਏ
ਹਰੀ ਸਿੰਘ ਸ਼ਮਸ਼ੇਰ ਖ਼ਾਂ ਗਏ ਮਾਰੇ, ਦੋਵੇਂ ਤੇਗ਼ ਦੇ ਘਾਟ ਹੋ ਪਾਰ ਮੋਏ
ਹਿੰਮਤ ਸਿੰਘ ਕਿਰਪਾਲ ਕਟੋਚੀਆ ਵੀ, ਫੱਟ ਖਾ ਖਾ ਹੋ ਖਵਾਰ ਮੋਏ
ਛੇ ਸੌ ਮਰ ਗਿਆ ਨਾਲ ਸਵਾਰ ਪੈਦਲ, ਕਈ ਹੋਰ ਵੀ ਦੇਸ਼-ਗ਼ੱਦਾਰ ਮੋਏ

ਭੀਮ ਚੰਦ ਚੰਦਨ ਰਾਇ ਉਠ ਨੱਠੇ, ਜਦੋਂ ਵੇਖਿਆ ਨਾਲ ਦੇ ਯਾਰ ਮੋਏ
ਜੂਝ ਜੂਝ ਗੁਪਾਲ ਗੁਲੇਰੀਏ ਦੇ, ਪ੍ਰਿਥੀ ਚੰਦ ਜਿਹੇ ਸ਼ਾਹ ਸਵਾਰ ਮੋਏ
ਅਮਰ ਚੰਦ ਰਾਣਾ ਰਾਮ ਚੰਦ ਵਰਗੇ, ਤੇਗ਼ਾਂ ਵਿੱਚ ਮੈਦਾਨ ਦੇ ਮਾਰ ਮੋਏ
ਦੋ ਬਰਾੜ ਸਨ ਸੰਗਤੀ ਅੱਘੜੀ ਵੀ, ਦੋਵੇਂ ਯੁੱਧ ਦਾ ਰੰਗ ਨਿਖਾਰ ਮੋਏ
ਕੁਝ ਗੁਰੂ ਦੇ ਸਿੱਖ ਵੀ ਖਿੜੇ ਮੱਥੇ, ਸੱਚੇ ਗੁਰਾਂ ਦਾ ਪਾਲ ਪਿਆਰ ਮੋਏ
ਸ਼ਾਹੀ-ਫ਼ੌਜ ਨਾ ਨੱਠਦੀ ਫੇਰ ਅਟਕੀ, ਜਦੋਂ ਬੜੇ ਗਾਜ਼ੀ ਖਾ ਕੇ ਹਾਰ ਮੋਏ
'ਤੀਰ' ਜਿੱਤ ਹੋ ਗਈ ਗੁਲੇਰੀਏ ਦੀ, ਅੱਖੀਂ ਵੇਖ ਲਏ ਉਹਨੇ ਮੱਕਾਰ ਮੋਏ

### ਗੁਲੇਰੀਆ ਦਸਮੇਸ਼ ਜੀ ਦੀ ਹਜ਼ੂਰੀ ਵਿਚ (ਵੱਲੋਂ ਕਵੀ)

ਜੰਗ ਜਿੱਤ ਕੇ ਗੁਰਾਂ ਦੇ ਪਾਸ ਪੁੱਜਾ, ਵਿਚ ਪ੍ਰੇਮ ਦੇ ਸੀਸ ਨਿਵਾਣ ਖ਼ਾਤਰ
ਰੱਬੀ ਜੋਤ ਤੋਂ ਜੋਤ ਜਗਾਣ ਖ਼ਾਤਰ, ਲੈ ਕੇ ਚਰਣ-ਧੂੜੀ ਮੱਥੇ ਲਾਣ ਖ਼ਾਤਰ
ਲੂੰ-ਲੂੰ ਓਸਦਾ ਸ਼ੁਕਰ-ਗੁਜ਼ਾਰ ਹੋਇਆ, ਜਾਨੀ-ਜਾਣ ਜੀ ਤੋਂ ਵਾਰੇ ਜਾਣ ਖ਼ਾਤਰ
'ਤੀਰ' ਇਉਂ ਦਾਤਾਰ ਨੂੰ ਕਹਿਣ ਲੱਗਾ, ਰਾਜਾ ਜੰਗ ਦਾ ਹਾਲ ਸੁਣਾਨ ਖ਼ਾਤਰ

### ਗੁਲੇਰੀਏ ਰਾਜੇ ਨੇ ਸ਼ੁਕਰਗੁਜ਼ਾਰ ਹੋਣਾ

ਸਦਾ ਲਈ ਮੈਂ ਆਪਦਾ ਰਿਣੀ ਹੋਇਆ, ਤੁਸਾਂ ਖੱਟ ਦਿੱਤੀ ਮੈਨੂੰ ਭੱਲ ਦਾਤਾ
ਰੱਬ ਜਾਣਿਆ ਆਪਣੇ ਵੱਲ ਹੋਇਆ, ਜਦੋਂ ਆਪ ਹੋਏ ਮੇਰੀ ਵੱਲ ਦਾਤਾ
ਮੇਰੀ ਜਾਨ 'ਤੇ ਬਣੀ ਸੀ ਬੜੀ ਔਖੀ, ਔਖ ਵੱਧਦਾ ਸੀ ਪੱਲੋ ਪੱਲ ਦਾਤਾ
ਚੌਂਹਾਂ ਪਾਸਿਆਂ ਤੋਂ ਗਿਆ ਘੇਰਿਆ ਸਾਂ, ਹੈਸੀ ਸਿਰ ਉਤੇ ਸ਼ਾਹੀ ਦੱਲ ਦਾਤਾ
ਮੇਰਾ ਖ਼ੂਨ ਮਰਵਾਂਵਦਾ ਸੀ ਮੈਨੂੰ, ਮੇਰੇ ਨਾਲ ਕੀਤਾ ਗਿਆ ਛੱਲ ਦਾਤਾ
ਚਿੱਠੀ ਸੁਲ੍ਹਾ ਦੀ ਝੱਟ ਗ਼ੱਦਾਰ ਭੀਮੇ, ਭੇਜਵਾ ਦਿੱਤੀ ਮੈਨੂੰ ਕੱਲ੍ਹ ਦਾਤਾ
ਮੇਰੀ ਮੱਤ ਮਾਰੀ ਮੈਂ ਯਕੀਨ ਕੀਤਾ, ਵਾਂਙ ਝੱਲਿਆਂ ਮਾਰਿਆ ਝੱਲ ਦਾਤਾ
ਉਨ੍ਹਾਂ ਸੱਦਿਆ ਬਾਹਰ ਮੈਂ ਚੱਲ ਆਇਆ, ਕੀਤੀ ਉਨ੍ਹਾਂ ਫਸਾਣ ਦੀ ਗੱਲ ਦਾਤਾ
ਜੇ ਨਾ ਪੁੱਜਦੇ ਆਪ ਦੇ ਸਿੱਖ ਸੂਰੇ, ਮਿੱਟੀ ਵਿਚ ਮੈਂ ਗਿਆ ਸਾਂ ਰੱਲ ਦਾਤਾ
ਇਨ੍ਹਾਂ ਪੁੱਜ ਉਹ ਤੇਗ਼ ਦੇ ਹਥ ਦੱਸੇ, ਗਈ ਫ਼ੌਜ ਸ਼ਾਹੀ ਪੈਰੋਂ ਹੱਲ ਦਾਤਾ
ਬੰਦੀਵਾਨ ਹੁੰਦਾ ਮੈਂ ਆਜ਼ਾਦ ਹੋਇਆ, ਸਿੱਖਾਂ ਸੂਰਿਆਂ ਦਾ ਲੱਗਾ ਬੱਲ ਦਾਤਾ
ਤੱਤੇ ਰਣ ਮੈਦਾਨ ਦੇ ਵਿੱਚ ਪਾਇਆ, ਉਘੇ ਕਈ ਗ਼ਦਾਰਾਂ ਨੇ ਫੱਲ ਦਾਤਾ
ਕੁੱਤੇ ਵਾਂਗ ਹੁਸੈਨੀ ਦਾ ਅੰਤ ਹੋਇਆ, ਰੁਲੀ ਰਣ ਅੰਦਰ ਉਹਦੀ ਖੱਲ ਦਾਤਾ
ਹੈਣ ਸਿੱਖ ਵੀ ਕਈ ਸ਼ਹੀਦ ਹੋਏ, ਮੇਰੇ ਦਿਲ ਨੂੰ ਬੜਾ ਹੈ ਸੱਲ ਦਾਤਾ
ਲਵੋ ਆਪ ਦੀ ਭੇਟ ਚੜ੍ਹਾਂਵਦਾ ਹਾਂ, ਪ੍ਰੇਮ-ਭਰੇ ਨੈਣਾਂ ਵਿਚੋਂ ਜੱਲ ਦਾਤਾ
'ਤੀਰ' ਰਵ੍ਹਾਂਗਾ ਮੁੱਲ-ਖਰੀਦ ਗੋਲਾ, ਤੁਸਾਂ ਮੌਤ ਮੇਰੀ ਲੀਤੀ ਠੱਲ੍ਹ ਦਾਤਾ

### ਮਹਾਰਾਜ ਜੀ ਦੇ ਬਚਨ

ਮਹਾਰਾਜ ਨੇ ਕਿਹਾ ਰਜ਼ਾ ਉਸਦੀ, ਉਹਨੂੰ ਭਾਂਵਦਾ ਜੋ ਸੋ ਕਰੇ ਰਾਜਾ
ਜਿਸਨੂੰ ਉਹ ਜੀਵਾਏ ਉਹ ਜੀਊ ਪੈਂਦਾ, ਜਿਸਨੂੰ ਉਹ ਮਾਰੇ ਉਹੋ ਮਰੇ ਰਾਜਾ
ਉਹਦੀ ਨਿਗ੍ਹਾ ਹੋਵੇ ਤਾਂ ਹਵਾ ਚੱਲੇ, ਉਹਦੇ ਹੁਕਮ ਅੰਦਰ ਮੀਂਹ ਵਰ੍ਹੇ ਰਾਜਾ
ਕੈਰੀ ਅੱਖ ਉਸਦੀ ਸਾੜੇ ਅੱਗ ਬਣ ਕੇ, ਕਰੇ ਮਿਹਰ ਉਸਦੀ ਸੁੱਕੇ ਹਰੇ ਰਾਜਾ
ਜੇ ਉਹ ਪਿੰਗਲੇ 'ਤੇ ਮਿਹਰਬਾਨ ਹੋਵੇ, ਪੈਰ ਪਰਬਤਾਂ ਦੀ ਚੋਟੀ ਧਰੇ ਰਾਜਾ
ਜੇ ਉਹ ਆਪਣੇ ਦਫ਼ਤਰੋਂ ਹੁਕਮ ਚਾੜ੍ਹੇ, ਪਾਣੀ ਬੱਕਰੀ ਦਾ ਸ਼ੇਰ ਭਰੇ ਰਾਜਾ
ਜੇਕਰ ਉਸਦੀ ਕਦੇ ਰਜ਼ਾ ਹੋਵੇ, ਪਿਆ ਪਾਣੀਆਂ 'ਤੇ ਪੱਥਰ ਤਰੇ ਰਾਜਾ
'ਤੀਰ' ਚਾਲ ਜਿਸਦੀ ਉਹਨੂੰ ਭਾਏ ਨਾਹੀਂ, ਬਾਜ਼ੀ ਉਹ ਮੈਦਾਨ ਵਿਚ ਹਰੇ ਰਾਜਾ

### ਸ਼ਾਹਜ਼ਾਦਾ ਮੁਅਜ਼ਮ (ਵੱਲੋਂ ਕਵੀ)

ਦਿੱਲੀ ਖ਼ਬਰਾਂ ਪੁੱਜੀਆਂ ਜਦੋਂ ਜਾ ਕੇ, ਸ਼ਾਹੀ-ਫ਼ੌਜ ਨੂੰ ਲੜਦਿਆਂ ਹਾਰ ਹੋਈ
ਗਏ ਚੋਣਵੇਂ ਕਈ ਜਵਾਨ ਮਾਰੇ, ਮਿੱਟੀ ਰੱਜ ਕੇ ਖ਼ੂਬ ਖਵਾਰ ਹੋਈ
ਦਿੱਤੀ ਭਾਜ ਦਸਮੇਸ਼ ਗੁਲੇਰੀਏ ਨੇ, ਸਾਡੀ ਵੱਲ ਭਾਵੇਂ ਬਾਈਧਾਰ ਹੋਈ
ਪਾਤਸ਼ਾਹ ਨੂੰ ਸੁਣਦਿਆਂ ਅੱਗ ਲੱਗੀ, ਨਿਗ੍ਹਾ ਉਸਦੀ ਲਾਲ ਅੰਗਿਆਰ ਹੋਈ
ਲੱਗਾ ਕਹਿਣ ਬਗ਼ਾਵਤਾਂ ਹੋਣਗੀਆਂ, ਖਲਕ ਇਉਂ ਜੇ ਸਿੱਰ ਸਵਾਰ ਹੋਈ
ਜਣਾ ਖਣਾ ਖਲੋਇਗਾ ਡੱਟ ਅੱਗੋਂ, ਇਹ ਮਖ਼ੌਲ ਹੈ, ਕੀ ਸਰਕਾਰ ਹੋਈ
ਸਰ ਕਰਨ ਲਈ ਤੋਰੀਏ ਸ਼ਾਹਜ਼ਾਦਾ, ਗਿਣ ਮਿਥ ਕੇ ਖ਼ੂਬ ਵਿਚਾਰ ਹੋਈ
ਪਾਤਸ਼ਾਹ ਨੇ ਸੱਦਿਆ ਘੜੀ ਓਸੇ, ਗੱਲਬਾਤ ਇਹ ਭਰੇ ਦਰਬਾਰ ਹੋਈ
ਜਾਹ ਜਿੱਤ ਪੰਜਾਬ ਮੁਅੱਜ਼ਮਾ! ਤੂੰ, ਸ਼ਾਹੀ-ਫ਼ੌਜ ਤੇਰੀ ਤਾਬੇਦਾਰ ਹੋਈ
ਖਾ ਕੇ ਹਾਰ ਨਾ ਕਦੇ ਵੀ ਆਏਂਗਾ ਤੂੰ, ਤੇਰੇ ਹੱਥ ਜੇ ਮੁਗ਼ਲ-ਤਲਵਾਰ ਹੋਈ
ਨਾਲ ਤੇਗ਼ ਦੀ ਨੋਕ ਦੇ ਪੁੱਟ ਜਾ ਕੇ, ਪੈਦਾ ਵਿੱਚ ਪੰਜਾਬ ਦੇ ਖ਼ਾਰ ਹੋਈ
ਸਣੇ ਸ਼ਾਹਜ਼ਾਦੇ 'ਤੀਰ' ਉਸੇ ਵੇਲੇ, ਫ਼ੌਜ ਵੱਲ ਪੰਜਾਬ ਤਿਆਰ ਹੋਈ

### ਵੱਲੋਂ ਕਵੀ

ਪਾਤਸ਼ਾਹ ਨੇ ਜਾਣਿਆ ਘੱਲ ਦਿੱਤਾ, ਸ਼ੇਰ-ਪੁੱਤ ਪੰਜਾਬ ਦੇ ਵੱਲ ਵੇਖੋ
ਐਪਰ ਸ਼ਾਹਜ਼ਾਦਾ ਸ਼ੌਂਕੀ ਸੈਰ ਦਾ ਸੀ, ਗਿਆ ਜੰਗ ਦੇ ਰਾਹ ਤੋਂ ਟੱਲ ਵੇਖੋ
ਆਪ ਸੈਰ ਨੂੰ ਗਿਆ ਪਸ਼ੌਰ ਵੱਲੇ, ਤੇ ਅਨੰਦਪੁਰ ਨੂੰ ਗਿਆ ਦੱਲ ਵੇਖੋ
ਜ਼ਾਫਰਬੇਗ ਨੂੰ ਵੱਲ ਦਸਮੇਸ਼ ਜੀ ਦੇ, 'ਤੀਰ' ਲੜਨ ਖ਼ਾਤਰ ਗਿਆ ਘੱਲ ਵੇਖੋ

### ਸ਼ਾਹੀ ਫ਼ੌਜਾਂ ਦੀ ਚੜ੍ਹਾਈ ਸੁਣ ਕੇ ਸਤਿਗੁਰਾਂ ਦੀ ਤਿਆਰੀ

ਸੂਹੇ ਸ੍ਰੀ ਦਸਮੇਸ਼ ਨੂੰ ਆਣ ਏਧਰ, ਪਤਾ ਦੱਸਿਆ ਏਸ ਚੜ੍ਹਾਈ ਦਾ ਏ
ਸਿੱਖ ਫ਼ੌਜ ਨੂੰ ਗੁਰਾਂ ਤਿਆਰ ਕਰਕੇ, ਕਰ ਲਿਆ ਸਾਮਾਨ ਲੜਾਈ ਦਾ ਏ

ਗੋਲੀ ਸਿੱਕਾ ਬਰੂਦ ਹਥਿਆਰ ਵੰਡੇ, ਲਾਇਆ ਜਿਸ ਤਰ੍ਹਾਂ ਮੋਰਚਾ ਲਾਈ ਦਾ ਏ
'ਤੀਰ' ਜੰਗ ਦੀ ਥਾਂ ਪਰ ਰੰਗ ਬੱਝਾ, ਸਗੋਂ ਹੋ ਗਿਆ ਕੰਮ ਰਸਾਈ ਦਾ ਏ

## ਜਾਫ਼ਰ ਬੇਗ ਦਾ ਅਨੰਦਪੁਰ ਆਉਣਾ

ਜਾਫ਼ਰ ਬੇਗ ਸੀ ਦਿਲੋਂ ਫਕੀਰ-ਪੂਰਾ, ਇਹੋ ਰੱਖਿਆ ਖ਼ੂਬ ਖ਼ਿਆਲ ਉਸਨੇ
ਗਿਆ ਜਿੱਤਿਆ ਪ੍ਰੇਮ ਦੀ ਜੰਗ ਅੰਦਰ, ਪਾਈ ਦੋਸਤੀ ਗੁਰਾਂ ਦੇ ਨਾਲ ਉਸਨੇ
ਭੇਟਾਂ ਰੱਖੀਆਂ ਆਣ ਕੇ ਗੁਰਾਂ ਅੱਗੇ, ਸਾਥੀ ਨਾਲ ਲੀਤਾ ਨੰਦ ਲਾਲ ਉਸਨੇ
ਮਹਾਰਾਜ ਨੂੰ ਰੱਬ ਦਾ ਰੂਪ ਡਿੱਠਾ, ਦਿੱਤੀ ਰੱਖ ਤਲਵਾਰ ਤੇ ਢਾਲ ਉਸਨੇ
ਊਚ-ਨੀਚ ਸਾਰੇ ਇਕੋ ਜਿਹੇ ਵੇਖੇ, ਡਿੱਠਾ ਗੁਰਾਂ ਦਾ ਕੰਮ ਕਮਾਲ ਉਸਨੇ
ਗੋਲਾ ਹੋ ਗਿਆ ਧਾਰ ਪ੍ਰੇਮ ਸੱਚਾ, ਦਿੱਤਾ ਮਾਣ ਹੰਕਾਰ ਨੂੰ ਗਾਲ ਉਸਨੇ
ਨਾਲ ਗੁਰਾਂ ਦੇ ਈਰਖਾ ਕਰਨ ਵਾਲੇ, ਸੋਧੇ ਪਰਬਤੀ ਕਈ ਚੰਡਾਲ ਉਸਨੇ
'ਤੀਰ' ਸੱਚ ਹੈ ਭਾਂਵਦਾ ਸੱਚਿਆਂ ਨੂੰ, ਸੱਚੀ ਗੱਲ ਦਿੱਤੀ ਇਹ ਵਿਖਾਲ ਉਸਨੇ

## ਦਸਮੇਸ਼ ਜੀ ਨੂੰ ਤੁਰਕਾਂ ਦਾ ਵੈਰੀ ਕਹਿਣ ਵਾਲੇ ਸੋਚਣ (ਵੱਲੋਂ ਕਵੀ)

ਸੋਚਣ ਉਹ ਜਿਹੜੇ ਕਲਗੀਧੱਰ ਉੱਤੇ, ਹੈਣ ਕੂੜੀਆਂ ਤੁਹਮਤਾਂ ਲਾਣ ਵਾਲੇ
ਵੈਰੀ ਤੁਰਕ ਦਾ ਦੱਸਦੇ ਸਤਿਗੁਰਾਂ ਨੂੰ, ਜਿਹੜੇ ਥੋੜ੍ਹ-ਬੁੱਧੇ ਧੋਖਾ ਖਾਣ ਵਾਲੇ
ਵੇਖੋ ਦਿਲੋਂ ਦਸਮੇਸ਼ ਨਿਰਵੈਰ ਹੈਸਨ, ਨਾਲ ਸਭ ਦੇ ਪ੍ਰੇਮ ਕਮਾਣ ਵਾਲੇ
ਜਿਹੜਾ ਸ਼ਰਨ ਆਵੇ ਉਹਨੂੰ ਕੰਠ ਲਾਂਦੇ, ਬੋਲਣ ਬੋਲ ਨਾ ਦਿੱਲ ਦੁਖਾਣ ਵਾਲੇ
ਬੁੱਧੂ ਸ਼ਾਹ ਵਰਗੇ ਪ੍ਰੇਮੀ ਆਪਦੇ ਸੀ, ਹੱਸ ਆਪ ਤੋਂ ਲਾਲ ਲੁਟਾਣ ਵਾਲੇ
ਮੁਸਲਮਾਨ ਵੀ ਆਪਦੇ ਸਨ ਪ੍ਰੇਮੀ, ਪ੍ਰੀਤ ਵਾਨ ਪੂਰੇ ਅਣਖ ਆਣ ਵਾਲੇ
ਐਪਰ ਵੈਰ ਸੀ ਜ਼ੁਲਮ ਦੇ ਨਾਲ ਕਰਦੇ, ਜਾਣੀ ਜਾਣ ਦਸਮੇਸ਼ ਪਛਾਣ ਵਾਲੇ
'ਤੀਰ' ਉਹ ਤਾਂ ਸੱਚੇ ਮਲਾਹ ਹੈਸਨ, ਭਾਰਤ ਮਾਂ ਦਾ ਬੇੜਾ ਬਚਾਣ ਵਾਲੇ

## ਅਮਨ ਸਮੇਂ ਦੇ ਰੰਗ ਤੇ ਕੌਤਕ (ਵੱਲੋਂ ਕਵੀ)

ਜਾਣੀ-ਜਾਣ ਦਸਮੇਸ਼ ਜੀ ਜੰਗ ਅੰਦਰ, ਜਿੱਥੇ ਸੂਰਮੇ ਧਨੀ ਤਲਵਾਰ ਦੇ ਸੀ
ਉੱਥੇ ਮਹਾਂ-ਵਿਦਵਾਨ ਮਹਾਂ-ਕਵੀ ਪੂਰੇ, ਖ਼ੂਬ ਉੱਚ-ਉਡਾਰੀਆਂ ਮਾਰਦੇ ਸੀ
ਤੁੱਕ-ਤੁੱਕ ਅੰਦਰ ਭਾਵ ਭਰਨ ਐਸਾ, ਚਤਰ ਹੋ ਹੈਰਾਨ ਵਿਚਾਰਦੇ ਸੀ
ਅਲੰਕਾਰ ਵਯੰਗ ਤੇ ਧੁਨੀ ਜਾਣਨ, ਖ਼ੂਬ ਨਾਇਕਾ-ਭੇਦ ਨਿਤਾਰਦੇ ਸੀ
ਹੱਦੋਂ ਵੱਧ ਕੇ ਗੁਣੀ ਦੀ ਕਦਰ ਕਰਦੇ, ਦਾਨ ਦੇਣ ਤੋਂ ਦਿੱਲ ਨਾ ਹਾਰਦੇ ਸੀ
ਆ ਆ ਕਵੀ ਉਘੇ ਆਪ ਕੋਲ ਰਹਿੰਦੇ, ਗੁਣੀ ਜਾਣ ਕੇ ਆਪ ਸਤਿਕਾਰਦੇ ਸੀ
ਉਰਦੂ, ਫ਼ਾਰਸੀ ਤੇ ਸੰਸਕ੍ਰਿਤ ਭਾਸ਼ਾ, ਉੱਲਥੇ ਕਈ ਕਰਵਾ ਸੁਧਾਰਦੇ ਸੀ
ਮਾਤ-ਭਾਸ਼ਾ ਪੰਜਾਬੀ 'ਤੇ ਮਾਣ ਕਰਦੇ, ਰੱਚ-ਰੱਚ ਰਚਨਾ ਰਿਦਾ ਠਾਰਦੇ ਸੀ

ਜਿਹੜੇ ਟਿਕਣ ਵਿਦਵਾਨ ਉਹ ਪਾਣ ਤਲਬਾਂ, ਸਮਾਂ ਸੁੱਖ ਦਾ ਪਏ ਗੁਜ਼ਾਰਦੇ ਸੀ
'ਤੀਰ' ਹਿੰਦ ਅੰਦਰ ਨਾਮਵੱਰ ਉੱਘੇ, ਕਵੀ ਆਪਦੇ ਕਵੀ-ਦਰਬਾਰ ਦੇ ਸੀ

## ਕਵੀਸ਼ਰਾਂ ਨਾਲ ਕੌਤਕ (ਵੱਲੋਂ ਕਵੀ)

ਵੇਖੋ ਕੌਤਕੀ ਗੁਰੂ ਦਸਮੇਸ਼ ਜੀ ਨੇ, ਇੱਕ ਸਮੇਂ ਕੀ ਚੋਜ ਵਰਤਾਇਆ ਏ
ਸ਼ਾਨਦਾਰ ਮਕਾਨ ਇਕ ਰੀਝ ਲਾ ਕੇ, ਖ਼ਾਸ ਸ਼ੌਕ ਦੇ ਨਾਲ ਬਣਵਾਇਆ ਏ
ਅੰਦਰ ਓਸ ਦੇ ਸਭ ਕਵੀਸ਼ਰਾਂ ਨੂੰ, ਜਾਣੀ-ਜਾਣ ਨੇ ਹੁਕਮ ਸੁਣਾਇਆ ਏ
ਰੱਚੋ ਕਾਵਿ ਇੱਥੇ ਕਵੀਜਨ ਸਾਰੇ, ਮਹਿਲ ਆਪ ਦੇ ਲਈ ਇਹ ਪਾਇਆ ਏ
ਕੋਈ ਕਰੇ ਭਾਸ਼ਾ ਸੰਸਕ੍ਰਿਤ ਵਿੱਚੋਂ, ਜਿਹਨੂੰ ਉਠਦਾ ਸ਼ੌਕ ਸਵਾਇਆ ਏ
ਕੋਈ ਪਦਮ ਪੁਰਾਣ ਉਲਥਾ ਦੱਸੇ, ਭਾਵ ਓਸ ਵਿਚ ਕੀ ਲੁਕਾਇਆ ਏ
ਬਾਲਮੀਕ ਰਮੈਣ ਤੇ ਸ਼ੁਕਰ-ਨੀਤੀ, ਇਹ ਵੀ ਆਪਦੇ ਲਈ ਮੰਗਵਾਇਆ ਏ
ਆਹ ਲੌ ਹੋਰ ਬੇਗਿਣਤ ਗ੍ਰੰਥ ਹੈ ਜੇ, ਢੇਰ ਸਭ ਦੇ ਸਾਹਮਣੇ ਲਾਇਆ ਏ
ਐਪਰ ਏਸ ਥਾਂ ਦਾ ਕਾਵਿ ਰਹੇ ਏਥੇ, ਬਾਹਰ ਜਾਏ ਨਾ ਅਸਾਂ ਫੁਰਮਾਇਆ ਏ
ਕਵੀ ਵਧ ਵਧ ਕੇ ਰਚਣ ਕਾਵਿ ਲੱਗੇ, ਕਦੇ ਘੱਟ ਨਾ ਕੋਈ ਸਦਾਇਆ ਏ
ਰੋਜ਼ ਲੈਣ ਇਨਾਮ 'ਤੇ ਬਖ਼ਸ਼ਿਸ਼ਾਂ ਵੀ, ਗੁਰਾਂ ਸੱਭ ਦਾ ਮਾਨ ਵਧਾਇਆ ਏ
ਜਾਣ ਲੱਗਿਆਂ ਰੋਜ਼ ਪੜਤਾਲ ਹੁੰਦੀ, ਖ਼ੂਬ ਸੇਵਕਾਂ ਫਰਜ਼ ਨਿਭਾਇਆ ਏ
ਛੰਦ-ਬੰਦ ਨਾ ਕੋਈ ਵੀ ਬਾਹਰ ਜਾਵੇ, ਹੁਕਮ ਇਹੋ ਮਹਾਰਾਜ ਦਾ ਆਇਆ ਏ
ਹੰਸ ਰਾਜ ਇਕ ਕਵੀ ਦਾ ਮੰਨ ਵੇਖੋ, ਇੱਕ ਦਿਨ ਆ ਇਉਂ ਲਲਚਾਇਆ ਏ
ਉਹਨੇ ਛੰਦ ਕੁਝ ਕੀਮਤੀ ਰੱਚ ਲੀਤੇ, ਦਿੱਲੋਂ ਇਹ ਖ਼ਿਆਲ ਦੁੜਾਇਆ ਏ
ਮੈਨੂੰ ਏਸ ਥਾਂ ਸ੍ਰੀ ਦਸਮੇਸ਼ ਜੀ ਤੋਂ, ਸਿਰਫ ਲੱਭਣੀ ਗੇਣਵੀਂ ਮਾਇਆ ਏ
ਕਿਸੇ ਰਾਜ-ਦਰਬਾਰ ਵਿੱਚ ਮਾਣ ਹੋਸੀ, ਜਦੋਂ ਕਿਤੇ ਜਾ ਕਾਵਿ ਚਮਕਾਇਆ ਏ
ਏਨੀ ਸੋਚ ਕੇ ਓਸ ਨੇ ਓਸ ਵੇਲੇ, ਨਵਾਂ ਢੰਗ ਚਾ ਇੱਕ ਰਚਾਇਆ ਏ
ਝੱਟ ਪੱਟ ਪੱਟਾਂ ਉੱਤੇ ਛੰਦ ਲਿਖੇ, ਭੇਦ ਆਪਣੇ ਵੱਲੋਂ ਛੁਪਾਇਆ ਏ
ਜਾਣੀ-ਜਾਣ ਸਤਿਗੁਰਾਂ ਨੂੰ ਓਸ ਭੋਲੇ, ਦਿੱਲ ਆਪਣੇ ਵਿੱਚੋਂ ਭੁਲਾਇਆ ਏ
ਏਸ ਢੰਗ ਲੈ ਜਾਵਣੀ ਬਾਹਰ ਕਵਿਤਾ, ਸੋਚ ਸੋਚ ਕੇ ਕਵੀ ਹਰਖਾਇਆ ਏ
ਜਾਣੀ-ਜਾਣ ਦਸਮੇਸ਼ ਨੇ 'ਤੀਰ' ਐਪਰ, ਇੱਕ ਨਵਾਂ ਹੀ ਸਾਂਗ ਵਰਤਾਇਆ ਏ

## ਦਸਮੇਸ਼ ਜੀ ਦਾ ਕਵੀਸ਼ਰਾਂ ਲਈ ਹੁਕਮ

ਓਸ ਦਿਨ ਮਹਾਰਾਜ ਨੇ ਹੁਕਮ ਕੀਤਾ, ਕਵੀ ਸੱਭ ਦੇ ਸੱਭ ਮੰਗਵਾਏ ਜਾਵਣ
ਇਕ ਥਾਂ ਉੱਤੇ ਇਕੋ ਸਮੇਂ ਉੱਤੇ, ਮੱਲ ਮੱਲ ਕੇ ਖ਼ੂਬ ਨੁਵ੍ਹਾਏ ਜਾਵਣ
ਨਵੇਂ ਦਿਓ ਪੁਸ਼ਾਕ ਅੱਜ ਸਾਰਿਆਂ ਨੂੰ, ਪਹਿਲੇ ਸਭ ਲੀੜੇ ਉਤਰਵਾਏ ਜਾਵਣ
'ਤੀਰ' ਅੱਜ ਹੈ ਕਵੀ-ਦਰਬਾਰ ਕਰਨਾ, ਏਸ ਲਈ ਸਭ ਕਵੀ ਸਜਾਏ ਜਾਵਣ

### ਹੰਸਰਾਜ ਦਾ ਪਾਜ ਉੱਘੜ ਗਿਆ

ਜਦੋਂ ਪਈ ਨਹਾਉਣ ਦੀ ਗੱਲ ਕੰਨੀਂ, ਹੰਸ ਰਾਜ ਡਾਢਾ ਹੀ ਲਾਚਾਰ ਹੋਇਆ
ਜੱਕੋ ਤੱਕੀਆਂ ਵਿਚ ਪੈ ਗਿਆ ਓਦੋਂ, ਜਦੋਂ ਨਾਲ ਦਾ ਸਾਥ ਤਿਆਰ ਹੋਇਆ
ਆਖੇ ਮੈਂ ਨਹੀਂ ਅੱਜ ਸ਼ਨਾਨ ਕਰਨਾ, ਮੈਂ ਹਾਂ ਕੱਲ੍ਹ ਦਾ ਕੁਝ ਬੀਮਾਰ ਹੋਇਆ
ਸਿੱਖਾਂ ਆਨ ਕੇ ਆਖਿਆ ਕਈ ਵਾਰੀ, ਹਰ ਵਾਰ ਹੀ ਜਦੋਂ ਇਨਕਾਰ ਹੋਇਆ
ਮਹਾਰਾਜ ਨੂੰ ਦੱਸਿਆ ਸੇਵਕਾਂ ਨੇ, ਹੰਸ ਰਾਜ ਦੇ ਨਾਲ ਤਕਰਾਰ ਹੋਇਆ
ਜਾਣੀ-ਜਾਣ ਨੇ ਆਖਿਆ ਦੱਸ ਭਾਈ, ਭਲਾ ਇਹ ਕੀ ਉਲਟ ਵਿਹਾਰ ਹੋਇਆ
ਮੈਲੇ ਕੱਪੜੇ ਹੋਣਗੇ ਇਹ ਤੇਰੇ, ਜਦੋਂ ਸ਼ਾਮ ਨੂੰ ਕਵੀ-ਦਰਬਾਰ ਹੋਇਆ
ਉੱਠ ਕੱਪੜੇ ਲਾਹ 'ਸ਼ਨਾਨ ਕਰ ਲੈ, ਖ਼ਾਸ ਕਵੀ ਤੂੰ ਤੇ ਸਾਡਾ ਯਾਰ ਹੋਇਆ
ਏਨੇ ਵਿਚ ਦਸਮੇਸ਼ ਦੇ ਹੁਕਮ ਅੰਦਰ, ਕਾਰਾ ਇਉਂ ਵੇਖੋ ਅਲੋਕਾਰ ਹੋਇਆ
ਧੋਤੀ ਕਿਸੇ ਨੇ ਓਸਦੀ ਖੋਲ੍ਹ ਦਿੱਤੀ, ਹੰਸ ਰਾਜ ਡਾਢਾ ਸ਼ਰਮਸਾਰ ਹੋਇਆ
ਛੰਦ ਪੱਟਾਂ ਉੱਤੇ ਲਿਖੇ ਹੋਏ ਜ਼ਾਹਿਰ, ਹਾਸ-ਰੱਸ ਦਾ ਗਰਮ ਬਾਜ਼ਾਰ ਹੋਇਆ
'ਤੀਰ' ਨੀਵੀਆਂ ਅੱਖੀਆਂ ਕਰ ਬੈਠਾ, ਜਦੋਂ ਸੰਨ੍ਹ ਤੇ ਚੋਰ ਗ੍ਰਿਫ਼ਤਾਰ ਹੋਇਆ

### ਮਹਾਰਾਜ ਨੇ ਹੰਸ ਰਾਜ ਨੂੰ ਸ਼ਰਮਿੰਦਿਆਂ ਕਰਨਾ

ਜਾਣੀ-ਜਾਣ ਨੇ ਆਖਿਆ ਹੰਸ ਰਾਜਾ! ਤੈਨੂੰ ਗੱਲ ਇਹ ਅਸੀਂ ਸਮਝਾ ਦੇਈਏ
ਤੈਨੂੰ ਮਾਣ ਹੈ ਆਪਣੇ ਆਪ ਉੱਤੇ, ਚਾਹੇਂ ਤੂੰ ਤਾਂ ਹੁਣੇ ਮਿਟਾ ਦੇਈਏ
ਤੇਰੇ ਜਿਹੀ ਕਵੀਸ਼ਰੀ ਇਸੇ ਵੇਲੇ, ਘਾਹੀ ਆਪਣੇ ਕੋਲੋਂ ਕਰਾ ਦੇਈਏ
'ਤੀਰ' ਕਦੇ ਵੀ ਆਨ ਕੇ ਮਾਣ ਅੰਦਰ, ਰੱਬ-ਗੁਰੂ ਨਾ ਮਨੋਂ ਭੁਲਾ ਦੇਈਏ

### ਇਕ ਦਿਨ ਭਰੀ ਸਭਾ ਵਿਚ ਕਵੀ ਹੰਸ ਰਾਜ ਦੀ ਦਲੇਗੀ

ਸਭਾ ਵਿਚ ਬੇਇੱਜ਼ਤੀ ਵੇਖ ਹੋਈ, ਹੰਸ ਰਾਜ ਗੁੱਸੇ ਨਾਲ ਭਰ ਗਿਆ ਸੀ
ਦਾਲ ਮੂਲ ਨਾ ਗੱਲਦੀ ਜਾਪਦੀ ਸੀ, ਏਸ ਵਾਸਤੇ ਓਸਨੂੰ ਜਰ ਗਿਆ ਸੀ
ਕੁਝ ਮਨ ਦੇ ਵਿਚ ਸ਼ਰਮਿੰਦਗੀ ਸੀ, ਕੁਝ ਗੁਰੂ ਮਹਾਰਾਜ ਤੋਂ ਡਰ ਗਿਆ ਸੀ
'ਤੀਰ' ਓਸ ਵੇਲੇ ਕਵੀ ਏਸ ਕਰਕੇ, ਕੁਝ ਕਹਿਣ ਵੱਲੋਂ ਸੰਗ ਕਰ ਗਿਆ ਸੀ

### ਇਕ ਦਿਨ ਦੀ ਗੱਲ

ਇਕ ਰੋਜ਼ ਕੀ ਆਨ ਕੇ ਰੰਗ ਬਣਿਆ, ਹੈਸੀ ਸੱਜਿਆ ਖ਼ੂਬ ਦਰਬਾਰ ਵੇਖੋ
ਸਿੱਖਾਂ ਸੰਗਤਾਂ ਸਣੇ ਦਸਮੇਸ਼ ਚੋਜੀ, ਸੋਭ ਰਹੇ ਸੀ ਐਨ ਵਿਚਕਾਰ ਵੇਖੋ
ਹੰਸ ਰਾਜ ਨੇ ਸੋਚਿਆ ਮਨ ਅੰਦਰ, ਦਿੱਤਾ ਅੱਜ ਮੌਕਾ ਸਿਰਜਨਹਾਰ ਵੇਖੋ
ਲੱਗਾ ਕਹਿਣ ਦਾਤਾਰ ਮੈਂ ਦੱਸਦਾ ਹਾਂ, ਤੁਸੀਂ ਅੱਜ ਮੇਰੇ ਚਮਤਕਾਰ ਵੇਖੋ
ਚਾਂਦ ਕਵੀ ਹੈ ਦਿੱਲੀ ਦੇ ਰਹਿਣ ਵਾਲਾ, ਕੀਤਾ ਓਸਨੇ ਛੰਦ ਤਿਆਰ ਵੇਖੋ

ਭਰੀ ਸਭਾ ਦੇ ਵਿਚ ਸੁਣਾਉਂਦਾ ਹਾਂ, ਉਹਦੀ ਕਲਾ ਕਾਰੀ ਨੱਰ ਨਾਰ ਵੇਖੋ
ਨਾਲੇ ਗੱਲ ਦੀ ਪਰਖ ਵੀ ਹੋ ਜਾਵੇ, ਤੁਸਾਂ ਕਿਹਾ ਸੀ ਆਪ ਦਾਤਾਰ ਵੇਖੋ
ਸਾਡਾ ਘਾਹੀ ਵੀ ਛੰਦ ਤਿਆਰ ਕਰਦਾ, ਤੁਸੀਂ ਅੱਜ ਕਰਵਾ ਤਿਆਰ ਵੇਖੋ
ਏਨਾ ਆਖ ਕੇ ਛੰਦ ਸੁਣਾਨ ਲੱਗਾ, ਹੰਸ ਰਾਜ ਵਿਚਾਰ ਵਿਚਾਰ ਵੇਖੋ
ਸੁਣਨ ਵਾਲਿਆਂ ਨੇ 'ਤੀਰ' ਆਖ ਦਿੱਤੀ, ਵਾਹ ਵਾਹ ਛੰਦ ਤੇ ਕਈ ਹਜ਼ਾਰ ਵੇਖੋ

*ਹੰਸ ਰਾਜ ਨੇ ਇਹ ਛੰਦ ਪੜ੍ਹਿਆ—(ਸਵੱਯਾ)*

ਨਵ ਸਾਤ ਤੀਏ, ਨਵ ਸਾਤ ਕੀਏ, ਨਵ ਸਾਤ ਪੀਏ ਨਵ ਸਾਤ ਪਿਆਏ
ਨਵ ਸਾਤ ਰਚੇ, ਨਵ ਸਾਤ ਬਦੇ, ਨਵ ਸਾਤ ਪਿਆਦਹਿ ਦਾਇਕ ਪਾਏ
ਜੀਤ ਕਲਾ ਨਵ-ਸਾਤਨ ਕੀ, ਨਵ-ਸਾਤਨ ਕੇ ਮੁਖ ਅੰਚਰ ਛਾਏ
ਮਾਨਹੁ ਮੇਘ ਕੇ ਮੰਡਲ ਮੈਂ ਕਵਿਚੰਦਨ ਚੰਦ ਕਲੇਵਰ ਛਾਏ

*ਮਹਾਰਾਜ ਦਾ ਆਪਣੇ ਘਾਹੀ ਭਾਈ ਧੰਨੇ ਨੂੰ ਹੁਕਮ*

ਮਹਾਰਾਜ ਨੇ ਛੰਦ ਸੁਣ ਹੁਕਮ ਕੀਤਾ, ਸਾਡਾ ਹੈ ਕਿੱਥੇ ਸਿਦਕਵਾਨ ਧੰਨਾ
ਰੰਬੇ ਤੰਗੜੀ ਸਣੇ ਆ ਹੋਏ ਹਾਜ਼ਰ, ਸਾਡੀ ਜਿੰਦ ਧੰਨਾ ਸਾਡੀ ਜਾਨ ਧੰਨਾ
ਏਸ ਛੰਦ ਦੇ ਅਰਥ ਉਹ ਕਰੇ ਪਹਿਲੋਂ, ਸਾਰਾ ਖੋਲ੍ਹ ਕੇ ਦਏ ਬਿਆਨ ਧੰਨਾ
'ਤੀਰ' ਏਸ ਤੋਂ ਵੱਧ ਫਿਰ ਛੰਦ ਆਖੇ, ਹੰਸ ਰਾਜ ਜੀ ਦਾ ਤੋੜੇ ਮਾਨ ਧੰਨਾ

*ਘਾਹੀ ਭਾਈ ਧੰਨੇ ਨੇ ਅਰਥ ਦੱਸਣੇ ਤੇ ਆਪਣੀ ਰਚਨਾ ਰਚਣੀ*

ਧੰਨਾ ਆ ਗਿਆ ਜੋੜ ਕੇ ਹੱਥ ਕਹਿੰਦਾ, ਦਾਸ 'ਆਗਿਆ' ਗੁਰੂ ਦੀ ਪਾਲਦਾ ਏ
ਹੰਸ ਰਾਜ ਦੇ ਛੰਦ ਦੇ ਅਰਥ ਸੁਣ ਲਓ, ਇਹ ਜੋ ਚਾਤਰੀ ਬੜੀ ਵਿਖਾਲਦਾ ਏ
ਸੋਲ੍ਹਾਂ ਸਾਲ ਦੀ ਇਸਤ੍ਰੀ, ਪਤੀ ਉਹਦਾ, ਉਹਦੇ ਜਿਹਾ ਜਾਣੋ ਸੋਲ੍ਹਾਂ ਸਾਲ ਦਾ ਏ
ਸੋਲ੍ਹਾਂ ਮਾਹ ਪਿੱਛੋਂ ਆਇਆ ਤਦੋਂ ਨਾਰੀ, ਕੀਤਾ ਸੋਲ੍ਹਾਂ ਸ਼ਿੰਗਾਰ ਕਮਾਲ ਦਾ ਏ
ਸੋਲ੍ਹਾਂ ਘਰਾਂ ਦਾ ਫੇਰ ਵਿਛਾ ਪਾਸਾ, ਜੌਹਰ ਦੱਸਿਆ ਓਸ ਨੇ ਚਾਲ ਦਾ ਏ
ਸੋਲ੍ਹਾਂ ਮਾਰ ਪੈਦਲ, ਜਾਣੋ ਜਿੱਤ ਲੀਤਾ, ਦਾਉ ਸੋਲ੍ਹਾਂ ਰੁਪਏ ਦਾ ਲਾਲ ਦਾ ਏ
ਸੋਲ੍ਹਾਂ ਘਰਾਂ ਦੀ ਇਸ ਤਰ੍ਹਾਂ ਜਿੱਤ ਬਾਜ਼ੀ, ਕੰਮ ਓਸ ਕੀਤਾ ਅੰਗਪਾਲ ਦਾ ਏ
ਸੋਲ੍ਹਾਂ ਸਾਲ ਦੀ ਨੇ ਢੱਕ ਮੂੰਹ ਲੀਤਾ, ਪਿਆ ਕੱਪੜਾ ਕਵੀ ਵਿਖਾਲ ਦਾ ਏ
'ਤੀਰ' ਉਪਮਾ ਕਵੀ ਦੀ ਬਹੁਤ ਸੋਹਣੀ, ਚੰਦ ਬੱਦਲਾਂ ਹੇਠ ਛੁਪਾਲ ਦਾ ਏ

*ਵੱਲੋਂ ਕਵੀ*

ਫੇਰ ਭਾਈ ਧੰਨਾ ਘਾਹੀ ਗੁਰੂ ਜੀ ਦਾ, ਜਾਣੀ-ਜਾਣ ਜੀ ਨੂੰ ਨਿਮਸ਼ਕਾਰਦਾ ਏ
ਅੱਖਾਂ ਮੀਟ ਕੇ ਦਿਲੋਂ ਅਰਦਾਸ ਕਰਕੇ, ਏਦਾਂ ਆਪਣੀ ਅਰਜ਼ ਗੁਜ਼ਾਰਦਾ ਏ
ਜਾਣੀ-ਜਾਣ! ਕਵੀਸ਼ਰੀ ਕਰੇ ਏਥੇ, ਭਲਾ ਕੰਮ ਕੀ ਏਸ ਗਵਾਰ ਦਾ ਏ

ਤੁਸੀਂ ਬੱਲ ਬਖਸ਼ੋ 'ਤੀਰ' ਆਪਣੇ ਨੂੰ, ਏਨਾ ਆਖ ਇਹ ਛੰਦ ਉਚਾਰਦਾ ਏ

### ਭਾਈ ਧੰਨੇ ਦਾ ਸਵੱਯਾ

ਸਵੱਯਾ—ਮੀਨ ਮਰੇ ਜੱਲ ਕੇ ਪਰਸੇ ਕਬਹੂੰ ਨਾ, ਮਰੇ ਪਰ ਪਾਵਕ ਪਾਏ
ਹਾਥੀ ਮਰੇ ਮਦ ਕੇ ਪਰਸੇ ਕਬਹੂੰ ਨਾ, ਮਰੇ ਤਨ ਤਾਪ ਕੇ ਆਏ
ਤੀਆ ਮਰੇ ਪੀਅ ਕੇ ਪਰਸੇ ਕਬਹੂੰ ਨਾ, ਮਰੇ ਪਰਦੇਸ ਸਿਧਾਏ
ਗੂੜ੍ਹ ਮੇ ਬਾਤ ਕਹੀ ਦਿੱਜ ਰਾਜ, ਵਿਚਾਰ ਸਕੇ ਨਾ ਬਿਨਾ ਚਿੱਤ ਲਾਏ

### ਵੱਲੋਂ ਕਵੀ

ਧੰਨ ਭਾਈ ਧੰਨਾ ਘਾਹੀ ਗੁਰੂ ਜੀ ਦਾ, ਜਿਹੜਾ ਏਤਨੀ ਅਕਲ ਰਖਾਂਵਦਾ ਏ
ਸੁਣਨ ਵਾਲਿਆਂ ਸਭ ਕਵੀਸ਼ਰਾਂ ਨੂੰ, ਨਾਲ ਬੁੱਧ ਦੇ ਬੁੱਤ ਬਣਾਂਵਦਾ ਏ
ਸੁਧ-ਬੁਧ ਅਗੰਮ ਦੀ ਹੋਏ ਉਸਨੂੰ, ਗੁਰੂ ਜਿਸ ਉਤੇ ਨਿਗ੍ਹਾ ਪਾਂਵਦਾ ਏ
'ਤੀਰ' 'ਕਬਹੂੰ ਨਾ' ਦੇ ਵਿੱਚ ਵੇਖੋ, ਸਾਰੀ ਚਾਤਰੀ ਕਵੀ ਛੁਪਾਂਵਦਾ ਏ

### ਇਸ ਦੇ ਅਰਥ

ਮੱਛੀ ਮਰੇ ਨਾ ਨੀਰ ਨੂੰ ਕਦੇ ਛੋਹਿਆਂ, ਮਰੇ ਅੱਗ ਨੂੰ ਛੋਹ ਖ਼ਿਆਲ ਸਮਝੋ
ਹਾਥੀ ਨਹੀਂ ਸ਼ਰਾਬ ਨੂੰ ਪੀ ਮਰਦਾ, ਮਰੇ ਤਾਪ ਦੇ ਨਾਲ ਕਮਾਲ ਸਮਝੋ
ਨਾਰ ਪਤੀ ਨੂੰ ਛੁਹਣ 'ਤੇ ਮਰੇ ਨਾਹੀਂ, ਮਰੇ ਗਿਆਂ ਪਰਦੇਸ ਵਿੱਚ ਹਾਲ ਸਮਝੋ
'ਤੀਰ' 'ਕਬਹੂੰ ਨਾ' ਤੋਂ ਪੜ੍ਹੋ ਅੱਗੇ, ਪਿੱਛੇ ਕਵੀ ਨੇ ਦਿੱਤੀ ਮਸਾਲ ਸਮਝੋ

### ਵੱਲੋਂ ਕਵੀ

ਸਾਰੀ ਸਭਾ ਨੇ ਮੰਨਿਆ ਓਸ ਵੇਲੇ, ਗਿਆ ਆਪਣਾ ਰੰਗ ਹੈ ਬੰਨ੍ਹ ਧੰਨਾ
ਹੰਸ ਰਾਜ ਦੀ ਉੱਚ ਕਵੀਸ਼ਰੀ ਦੀ, ਧੌਣ ਰੜੇ ਉੱਤੇ ਗਿਆ ਭੰਨ ਧੰਨਾ
ਅੱਗੋਂ ਲਈ ਨਾ ਕਦੇ ਹੰਕਾਰ ਕਰਸੀ, ਕਵੀ ਤਾਈਂ ਕਰਵਾ ਗਿਆ ਕੰਨ ਧੰਨਾ
ਉੱਚੀ ਸਾਰਿਆਂ ਆਖਿਆ ਕਾਵਿ ਅੰਦਰ, ਅੱਜ ਹੈ ਚੜ੍ਹਿਆ ਨਵਾਂ ਚੰਨ ਧੰਨਾ
ਦਿੱਤੀ ਥਾਪਣਾ ਗੁਰੂ ਮਹਾਰਾਜ ਨੇ ਵੀ, ਦਿੱਲੋਂ ਹੋ ਗਿਆ ਖ਼ੂਬ ਪਰਸੰਨ ਧੰਨਾ
'ਤੀਰ' ਪੱਲ ਅੰਦਰ ਬੋਲੀ ਸਭਾ ਸਾਰੀ, ਧੰਨ ਧੰਨ ਧੰਨਾ, ਧੰਨ ਧੰਨ ਧੰਨਾ

### ਕਾਂਸ਼ੀਓਂ ਪੜ੍ਹ ਕੇ ਪੰਜ ਸਿੱਖ ਆ ਗਏ

ਇਹਨੀ ਦਿਨੀਂ ਬਨਾਰਸੋਂ ਪੜ੍ਹ ਵਿੱਦਿਆ, ਆਏ ਗੁਰੂ ਜੀ ਦੇ ਪ੍ਰੀਤਵਾਨ ਵੇਖੋ
ਪੰਜਾਂ ਤਾਈਂ ਦਾਤਾਰ ਨੇ ਕਿਹਾ ਏਦਾਂ, ਨਿਰਮਲ ਬੁੱਧ ਹੋ ਤੁਸੀਂ ਸੁਜਾਨ ਵੇਖੋ
ਪੰਥ ਵਿੱਚ ਸੋਮੇ ਤੁਸੀਂ ਵਿੱਦਿਆ ਦੇ, ਪੂਰਨ ਆਪਦਾ ਸੂਝ ਗਿਆਨ ਵੇਖੋ
'ਤੀਰ' ਕਰੋ ਸੇਵਾ ਨਿੱਤ ਚਿੱਤ ਲਾ ਕੇ, ਜਿੱਥੇ ਖਾਲਸਾ ਕੋਈ ਗੁਣਵਾਨ ਵੇਖੋ

## ਮਹਾਰਾਜ ਫੇਰ ਕਹਿੰਦੇ ਹਨ

ਪੂਰੇ ਤੁਸੀਂ ਪੰਡਤ ਸਾਡੀ ਨਿਗ੍ਹਾ ਅੰਦਰ, ਉੱਜਲ ਬੁੱਧ ਅਤੇ ਨਿਰਮਲ ਕਰਮ ਜਾਣੋਂ
ਖਾਲਸ ਹੋ ਸੋਨਾ ਗੁਰੂ ਘਰ ਅੰਦਰ, ਏਸ ਵਿੱਚ ਨਾ ਰਤੀ ਵੀ ਭਰਮ ਜਾਣੋਂ
ਸੇਵਾ ਆਪਣਾ ਸਦਾ ਕਰਤੱਵ ਜਾਣੋ, ਟਹਿਲ ਪੰਥ ਦੀ ਵੱਲੋਂ ਨਾ ਸ਼ਰਮ ਜਾਣੋਂ
'ਤੀਰ' ਵਿੱਦਿਆ ਤੁਸਾਂ ਪੜ੍ਹਾਉਣੀਏਂ, ਅਤੇ ਆਪ ਵੀ ਪੜ੍ਹਨ ਨੂੰ ਧਰਮ ਜਾਣੋਂ

## ਖ਼ਿਆਲ ਨਿਰਮਲੇ ਤੇ ਖਾਲਸਾ ਜੀ ਬਾਬਤ (ਵੱਲੋਂ ਕਵੀ)

ਨਾਮ ਨਿਰਮਲਾ ਬੜਾ ਪ੍ਰਸਿੱਧ ਹੋਇਆ, ਅੱਜਕੱਲ੍ਹ ਵੀ ਸਿੱਖ ਸੰਸਾਰ ਅੰਦਰ
ਦੂਜਾ ਖਾਲਸਾ ਨਾਮ ਵੀ ਘੱਟ ਨਾਹੀਂ, ਗੁਰੂ-ਘਰ ਤੇ ਗੁਰੂ-ਦਰਬਾਰ ਅੰਦਰ
ਭੋਲੇ ਲੋਕ ਹੀ ਦੁਹਾਂ ਨੂੰ ਵੱਖ ਕਰਦੇ, ਕਿਸੇ ਪੱਖ ਦੀ ਸੋਚ ਵਿਚਾਰ ਅੰਦਰ
ਅਸਲ ਵਿਚ ਇਹ ਇੱਕ ਨੇ, ਦੋ ਨਾਹੀਂ, ਦੋਵੇਂ ਵੱਸਦੇ ਗੁਰੂ ਪਿਆਰ ਅੰਦਰ
ਅਰਥ ਭਾਵ ਤੇ ਦੋਹਾਂ ਦਾ ਮੂਲ ਇੱਕੋ, ਫੇਰ ਕਾਸਨੂੰ ਰੱਖਣੀ ਖ਼ਾਰ ਅੰਦਰ
ਮੈਲ ਬਿਨਾਂ ਨਿਰਮਲ ਖ਼ਾਲਸ ਖ਼ਾਲਸਾ ਏ, ਸੋਨਾ ਸੁੱਧ ਨੇ ਦੋਵੇਂ ਵਿਹਾਰ ਅੰਦਰ
ਜੈਸਾ ਖ਼ਾਲਸਾ, ਨਿਰਮਲਾ ਹੈ ਤੈਸਾ, ਚੋਜੀ ਗੁਰੂ ਦੇ ਪੰਥ ਪਰਵਾਰ ਅੰਦਰ
'ਤੀਰ' ਪੰਥ ਦੇ ਮੇਲ ਦੀ ਗੱਲ ਕਰੀਏ, ਹੁੰਦਾ ਦੁੱਖ ਹੈ ਫੁੱਟ ਦੀ ਕਾਰ ਅੰਦਰ

## ਮੌਜੂਦਾ ਨਿਰਮਲਾ ਸੰਪ੍ਰਦਾ ਬਾਬਤ ਖ਼ਿਆਲ (ਵੱਲੋਂ ਕਵੀ)

ਸਿੱਖ ਨਿਰਮਲੇ ਬਾਣੀ ਦੇ ਨਿੱਤ-ਨੇਮੀ, ਨਿਗ੍ਹਾ ਆਂਵਦੇ ਹੈਣ ਗੁਣਵਾਨ ਹੁਣ ਵੀ
ਸਿਦਕਵਾਨ, ਦਨਾਅ, ਵਿਦਵਾਨ, ਖੋਜੀ, ਨੇ ਵਧਾਂਵਦੇ ਪੰਥ ਦੀ ਸ਼ਾਨ ਹੁਣ ਵੀ
ਭੀੜ ਪੰਥ 'ਤੇ ਬਣੇ ਜੇ ਆਣ ਕੋਈ, ਹੁੰਦੇ ਹੱਸ ਕੇ ਹੈਣ ਕੁਰਬਾਨ ਹੁਣ ਵੀ
ਸਿੱਖੀ ਧਰਮ ਦਾ ਖ਼ੂਬ ਪ੍ਰਚਾਰ ਕਰਦੇ, ਕਈ ਇਨ੍ਹਾਂ ਦੇ ਹੈਣ ਅਸਥਾਨ ਹੁਣ ਵੀ
ਪੰਥ ਵਾਸਤੇ ਨੇ ਪਹਿਲੇ ਰਹੇ ਮਰਦੇ, ਹੈਣ ਪੰਥ ਨੂੰ ਜਾਣਦੇ ਜਾਨ ਹੁਣ ਵੀ
ਪੰਥ ਆਪਣੇ ਨਿਰਮਲੇ ਸੇਵਕਾਂ 'ਤੇ, ਕਰੇ ਫੇਰ ਕਿਉਂ ਨਾ ਦੱਸੋ ਮਾਨ ਹੁਣ ਵੀ
ਹੱਥੀਂ ਗੱਡਿਆ ਸ੍ਰੀ ਦਸਮੇਸ਼ ਜੀ ਨੇ, ਝੂਲ ਨਿਰਮਲਾ ਰਿਹਾ ਨਿਸ਼ਾਨ ਹੁਣ ਵੀ
'ਤੀਰ' ਪੰਥ ਦੇ ਬੱਚਿਆਂ ਬੱਚੀਆਂ ਨੂੰ, ਦੇਂਦੇ ਵਿੱਦਿਆ ਦਾ ਹੈਣ ਦਾਨ ਹੁਣ ਵੀ

## ਭਾਈ ਨੰਦ ਲਾਲ ਜੀ (ਵੱਲੋਂ ਕਵੀ)

ਆਏ ਜਾਣ ਲਓ ਸਮੇਂ ਦੇ ਫੇਰ ਅੰਦਰ, ਨਾਮ ਆਪ ਜੀ ਦਾ ਨੰਦ ਲਾਲ ਹੈ ਸੀ
ਆਲਮ ਸਨ ਚੰਗੇ ਉਰਦੂ ਫ਼ਾਰਸੀ ਦੇ, ਮਿੱਠਾ ਆਪਦਾ ਕਾਵਿ ਕਮਾਲ ਹੈ ਸੀ
ਕੋਮਲ-ਚਿੱਤ ਉਦਾਰ ਸਨ ਦਿੱਲ ਵੱਲੋਂ, ਭਜਨ ਬੰਦਗੀ ਵੱਲ ਖ਼ਿਆਲ ਹੈ ਸੀ
ਵੱਸੇ ਕਾਬਲੋਂ ਆਣ ਮੁਲਤਾਨ ਅੰਦਰ, ਲਿਆ ਆਪਣਾ ਆਪ ਸੰਭਾਲ ਹੈ ਸੀ
ਫੇਰ ਰਾਜ ਦਰਬਾਰ ਤੋਂ ਮਾਣ ਪਾ ਕੇ, ਖ਼ੂਬ ਇਲਮ ਵਾਲੀ ਘਾਲੀ ਘਾਲ ਹੈ ਸੀ

ਬਣੇ ਫੇਰ ਸ਼ਾਹਜ਼ਾਦੇ ਦੇ ਮੀਰ-ਮੁਨਸ਼ੀ, ਉਹ ਵੀ ਰੱਖਦਾ ਆਪ ਨੂੰ ਨਾਲ ਹੈ ਸੀ
ਰਹੇ ਓਸਨੂੰ ਇਲਮ ਸਿਖਾਂਵਦੇ ਸੀ, ਜਦੋਂ ਸ਼ਾਹਜ਼ਾਦਾ ਅਜੇ ਬਾਲ ਹੈ ਸੀ
ਹੌਸੀ ਸਿੱਖਦਾ ਗੁਣ ਹਕੂਮਤਾਂ ਦੇ, ਰਾਜਨੀਤ ਦੀ ਸਿੱਖਦਾ ਚਾਲ ਹੈ ਸੀ
ਏਦਾਂ ਆਪ ਉੱਤੇ ਕਹਿੰਦੇ ਸ਼ਾਹਜ਼ਾਦਾ, ਰਹਿੰਦਾ ਦਿੱਲ ਤੋਂ ਸਦਾ ਦਿਆਲ ਹੈ ਸੀ
ਚੰਗੀ ਯੋਗਤਾ ਦਾ ਸਦਕਾ ਆਪ ਜੀ ਦਾ, ਮਾਣ ਵੱਧਦਾ ਸਾਲ ਦੇ ਸਾਲ ਹੈ ਸੀ
ਖ਼ਾਨਦਾਨ ਸ਼ਾਹੀ ਜਿੰਦ ਜਾਨ ਜਾਣੇ, ਮਾਨੋ ਰਾਜ ਪਰਵਾਰ ਦੀ ਢਾਲ ਹੈ ਸੀ
'ਤੀਰ' ਕਰਨ ਮਰਜ਼ੀ ਜਿਵੇਂ ਮਨ ਚਾਹੇ, ਹੁੰਦੀ ਮੂਲ ਨਾ ਪੁੱਛ-ਪੜਤਾਲ ਹੈ ਸੀ

### *ਇਕ ਦਿਨ ਦੀ ਬਹਿਸ (ਵੱਲੋਂ ਕਵੀ)*

ਆਣ ਇੱਕ ਆਇਤ ਉੱਤੇ ਬਹਿਸ ਹੋਈ, ਔਰੰਗਜ਼ੇਬ ਦੇ ਖ਼ਾਸ ਦਰਬਾਰ ਅੰਦਰ
ਕੀਤੇ ਤਰਜਮੇ ਆਲਮਾਂ ਫਾਜ਼ਲਾਂ ਨੇ, ਆਏ ਜੋ ਜੋ ਸੋਚ ਵਿਚਾਰ ਅੰਦਰ
ਔਪਰ ਠੀਕ ਨਾ ਕਿਸੇ ਤੋਂ ਹੱਲ ਹੋਵੇ, ਹੋਏ ਫੇਲ੍ਹ ਸਭ ਇਲਮ ਦੀ ਕਾਰ ਅੰਦਰ
'ਤੀਰ' ਸਿਰ ਹੀ ਫੇਰਿਆ ਪਾਤਸ਼ਾਹ ਨੇ, ਹਾਰੇ ਸਭ ਚਾਤਰ ਹੱਰ ਵਾਰ ਅੰਦਰ

### *ਬਾਦਸ਼ਾਹ ਦੀ ਤਸੱਲੀ ਨਾ ਹੋਈ (ਵੱਲੋਂ ਕਵੀ)*

ਰਿਹਾ ਇੱਕ ਨਾ ਭਰੇ ਦਰਬਾਰ ਅੰਦਰ, ਟਿੱਲ ਜਿੱਸ ਨੇ ਆਪਣਾ ਲਾਇਆ ਨਾ
ਕੋਈ ਕੁਝ ਦੱਸੇ, ਕੋਈ ਕੁਝ ਦੱਸੇ, ਅਸਲ ਭੇਦ ਪਰ ਕਿਸੇ ਵੀ ਪਾਇਆ ਨਾ
ਪਾਤਸ਼ਾਹ ਉੱਤੇ ਇਲਮ ਆਲਮੀ ਦਾ, ਸਿੱਕਾ ਆਪਣਾ ਕਿਸੇ ਬਿਠਾਇਆ ਨਾ
'ਤੀਰ' ਅਰਥ ਤਾਂ ਕਹਿਣ ਨੂੰ ਸੌ ਹੋਏ, ਪਾਤਸ਼ਾਹ ਨੂੰ ਇੱਕ ਵੀ ਭਾਇਆ ਨਾ

### *ਸ਼ਾਹਜ਼ਾਦੇ ਨੇ ਘਰ ਆ ਕੇ ਭਾਈ ਨੰਦ ਲਾਲ ਜੀ ਨਾਲ ਗੱਲ ਕਰਨੀ*

ਬੈਠਾ ਵਿੱਚ ਹੀ ਸੀ ਉਥੇ ਸ਼ਾਹਜ਼ਾਦਾ, ਝੱਟ ਉਠ ਦਰਬਾਰ 'ਚੋਂ ਆਂਵਦਾ ਏ
ਘਰ ਆਣ ਭਾਈ ਨੰਦ ਲਾਲ ਜੀ ਨੂੰ, ਸਾਰੀ ਅੱਜ ਦੀ ਗੱਲ ਸੁਣਾਂਵਦਾ ਏ
ਆਇਤ ਪੜ੍ਹ ਕੇ ਉਹਨੇ ਸੁਣਾ ਦਿੱਤੀ, ਪਰਤ ਪਰਤ ਕੇ ਫੇਰ ਦੁਹਰਾਂਵਦਾ ਏ
ਕਰੋ ਤਰਜਮਾ ਏਸ ਦਾ ਮੀਰ-ਮੁਨਸ਼ੀ, ਮੁੜ ਮੁੜ ਸਵਾਲ ਇਹ ਪਾਂਵਦਾ ਏ
ਨੰਦ ਲਾਲ ਕਮਾਲ ਦੀ ਸੂਝ ਵਾਲਾ, ਬਿਨਾਂ ਦੇਰੀਓਂ ਝੱਟ ਸਮਝਾਂਵਦਾ ਏ
ਸੁਣ ਸ਼ਾਹਜ਼ਾਦਾ ਬੜਾ ਖ਼ੁਸ਼ ਹੋਇਆ, ਜਾਮੇ ਫੁੱਲਿਆ ਨਹੀਂ ਸਮਾਂਵਦਾ ਏ
ਆਖੇ ਆਪ ਜੀ ਦਾ ਅਰਥ ਇਹ ਮੈਨੂੰ, ਦਿੱਲੋਂ ਸਾਰਿਆਂ ਤੋਂ ਵੱਧ ਭਾਂਵਦਾ ਏ
ਦੂਜੇ ਦਿਨ ਮੁੜ ਕੇ ਔਰੰਗਜ਼ੇਬ ਜਦੋਂ, ਰੋਜ਼ ਵਾਂਗ ਦਰਬਾਰ ਲਗਾਂਵਦਾ ਏ
ਭਰੀ ਸਭਾ ਅੰਦਰ ਪੁੱਜ ਸ਼ਾਹਜ਼ਾਦਾ, ਫੇਰ ਕੱਲ੍ਹ ਦੀ ਗੱਲ ਹਿਲਾਂਵਦਾ ਏ
ਕੀਤੇ ਅਰਥ ਜਿਹੜੇ ਨੰਦ ਲਾਲ ਜੀ ਨੇ, ਔਰੰਗਜ਼ੇਬ ਦੇ ਤੀਕ ਪੁਚਾਂਵਦਾ ਏ
ਪਾਤਸ਼ਾਹ ਸੁਣ ਕੇ ਵਾਹ ਵਾਹ ਆਖੇ, ਕੀਤੇ ਹੱਲ ਨੂੰ ਖ਼ੂਬ ਸਲਾਂਵਦਾ ਏ

ਲੱਗਾ ਕਹਿਣ ਆਲਮ ਐਸਾ ਕੌਣ ਦੱਸੋ, ਜੋ ਕਿ ਦਿਲਾਂ ਦੇ ਭਰਮ ਮਿਟਾਂਵਦਾ ਏ
ਉਹਦੀ ਕਦਰ ਵਧਾਉਣੀ ਚਾਹੀਦੀ ਏ, ਏਨਾ ਆਖ ਕੇ ਹੁਕਮ ਚੜ੍ਹਾਂਵਦਾ ਏ
ਉਹਨੂੰ ਸੱਦ ਲਿਆਓ ਦਰਬਾਰ ਅੰਦਰ, ਆਖੋ ਪਾਤਸ਼ਾਹ ਪਿਆ ਬੁਲਾਂਵਦਾ ਏ
ਕਿਹਾ ਸ਼ਾਹਜ਼ਾਦੇ ਨੰਦ ਲਾਲ ਹਿੰਦੂ, ਮੇਰਾ ਮੀਰ-ਮੁੱਨਸ਼ੀ ਜੋ ਸਦਾਂਵਦਾ ਏ
ਕਰ ਮਾਇਨੇ ਓਸ ਕਮਾਲ ਕੀਤਾ, ਗੱਲ ਗੱਲ ਅੰਦਰ ਸਮਝ ਜਾਂਵਦਾ ਏ
ਨੰਦ ਲਾਲ ਹਿੰਦੂ ? ਉਹ ਕੁਰਾਨ ਸਮਝੇ ? ਪਾਤਸ਼ਾਹ ਇਹ ਸੋਚ ਦੁੜਾਂਵਦਾ ਏ
ਮੁਸਲਮਾਨ ਉਹ ਹੋਵਣਾ ਚਾਹੀਦਾ ਏ, ਐਵੇਂ ਆਪਣੀ ਉਮਰ ਗਵਾਂਵਦਾ ਏ
'ਤੀਰ' ਕਿਹਾ ਹੈ ਦੇਣ ਇਨਾਮ ਲੱਗਾ, ਵੇਖੋ ਈਰਖਾ ਸਗੋਂ ਵਧਾਂਵਦਾ ਏ

### ਭਾਈ ਨੰਦ ਲਾਲ ਜੀ ਨੇ ਸ੍ਰੀ ਦਸਮੇਸ਼ ਜੀ ਪਾਸ ਆਣ ਪਨਾਹ ਲਈ

ਨੰਦ ਲਾਲ ਜੀ ਨੂੰ ਕਿਤੋਂ ਸੂਹ ਲੱਗੀ, ਪਾਤਸ਼ਾਹ ਨੇ ਮੈਨੂੰ ਬੁਲਾਵਣਾ ਏ
ਮੇਰੇ ਧਰਮ ਨੂੰ ਅੱਜ ਭ੍ਰਿਸ਼ਟ ਕਰਕੇ, ਦੀਨ ਆਪਣੇ ਵਿੱਚ ਲਿਆਵਣਾ ਏ
ਜੇ ਮੈਂ ਦੀਨ ਕਬੂਲਣੋਂ ਨਾਂਹ ਕੀਤੀ, ਵਾਂਗ ਬੱਕਰੇ ਦੇ ਕੋਹਿਆ ਜਾਵਣਾ ਏ
'ਤੀਰ' ਨੱਠੀਏ ਆਪਣਾ ਧਰਮ ਲੈ ਕੇ, ਫੇਰ ਮੁੜ ਨਾ ਏਸ ਥਾਂ ਆਵਣਾ ਏ

### ਫੇਰ

ਰਾਤੋ-ਰਾਤ ਉਹ ਦਿੱਲੀਓਂ ਖ਼ੌਫ਼ ਖਾ ਕੇ, ਜਾਨ ਆਪਣੀ ਲੈ ਕੇ ਨੱਸਿਆ ਏ
ਮੁਸਲਮਾਨ ਮਿੱਤਰ ਹੈਸੀ ਇੱਕ ਉਸਦਾ, ਦੁੱਖ ਓਸਨੇ ਓਸਨੂੰ ਦੱਸਿਆ ਏ
ਮਿੱਤਰ ਵੇਖ! ਤੇਰਾ ਮਿੱਤਰ ਏਸ ਵੇਲੇ, ਡਾਢੀ ਔਖ ਅੰਦਰ ਆ ਕੇ ਫੱਸਿਆ ਏ
ਕੁਝ ਸੁੱਝਦਾ ਬੁੱਝਦਾ ਮੂਲ ਨਾਹੀਂ, ਛਾਈ ਅੱਖੀਆਂ ਵਿਚ ਅਮੱਸਿਆ ਏ
ਪਾਤਸ਼ਾਹ ਦੇ ਖੋਟ ਦੀ ਗੱਲ ਸੁਣ ਕੇ, ਪਹਿਲੇ ਦਿਲੋਂ ਉਹ ਬੜਾ ਹੀ ਹੱਸਿਆ ਏ
ਨੰਦ ਲਾਲ ਦੇ ਦੁੱਖ ਨੂੰ ਕਰ ਚੇਤੇ, 'ਤੀਰ' ਦਰਦ ਅੰਦਰ ਫੇਰ ਵੱਸਿਆ ਏ

### ਦੋਵੇਂ ਤੁਰ ਪਏ (ਵੱਲੋਂ ਕਵੀ)

ਕੱਠੇ ਬੈਠ ਕੇ ਸੋਚ-ਵਿਚਾਰ ਕਰਕੇ, ਕੀਤੀ ਅੰਤ ਨੂੰ ਇਹੋ ਸਲਾਹ ਦੋਹਾਂ
ਤੁਰੇ ਰੱਬ ਨੂੰ ਰੱਖ ਕੇ ਦਿੱਲ ਅੰਦਰ, ਲਿਆ ਪੁਰੀ ਅਨੰਦ ਦਾ ਰਾਹ ਦੋਹਾਂ
ਉਥੇ ਪਹੁੰਚੇ ਦਸਮੇਸ਼ ਦੇ ਚਰਨ ਚੁੰਮੇ, ਮਾਰੀ ਦਰਦ ਅੰਦਰ ਭਿੱਜੀ ਢਾਹ ਦੋਹਾਂ
ਸਾਨੂੰ ਆਪਣੇ ਸਾਏ ਦੇ ਹੇਠ ਰੱਖੋ, ਰੋ ਰੋ ਦੱਸ ਦਿੱਤੀ ਦਿਲੀ-ਚਾਹ ਦੋਹਾਂ
ਅਸੀਂ ਆਪਦਾ ਆਸਰਾ ਵੇਖ ਆਏ, ਹਾੜ੍ਹੇ ਘੱਤ ਕੇ ਲਈ ਪਨਾਹ ਦੋਹਾਂ
ਮਹਾਰਾਜ ਨੇ ਆਖਿਆ ਜੀਉ ਆਏ, ਦਿਲ ਵਿੱਚ ਨਹੀਂ ਰੱਖਣਾ ਦਾਹ ਦੋਹਾਂ
ਅਸੀਂ ਆਪ ਦੇ ਦਿਲੋਂ ਹਮਦਰਦ ਹੋਏ, ਚੇਤੇ ਰੱਖਣਾ ਸਦਾ ਅਲਾਹ ਦੋਹਾਂ
ਗੋਤੇ ਖਾਂਦਿਆਂ ਇਸ ਤਰ੍ਹਾਂ 'ਤੀਰ' ਵੇਖੋ, ਲੱਭ ਲਿਆ ਦਸਮੇਸ਼-ਮਲਾਹ ਦੋਹਾਂ

### ਭਾਈ ਨੰਦ ਲਾਲ ਜੀ ਦਾ ਸਿਦਕ

ਨੰਦ ਲਾਲ ਜੀ ਸ੍ਰੀ ਦਸਮੇਸ਼ ਉੱਤੇ, ਵਿੱਕ ਗਏ ਤੇ ਦਿਲੋਂ ਕੁਰਬਾਨ ਹੋਏ
ਪ੍ਰੇਮ ਵਿੱਚ ਰੰਗੇ ਰਹਿਣ ਦਿਨੇ-ਰਾਤੀਂ, ਸੇਵਾ ਕਰਨ ਓਹ ਦਿਲੋਂ ਨਿਰਮਾਨ ਹੋਏ
ਮਹਾਂਕਵੀ ਦਸਮੇਸ਼ ਦੀ ਕਰਨ ਸੋਭਾ, ਲਿਖ ਲਿਖ ਕੇ ਮਗਨ ਧਿਆਨ ਹੋਏ
'ਤੀਰ' ਪ੍ਰੇਮ ਅੰਦਰ ਐਸੇ ਬਣੇ ਪ੍ਰੇਮੀ, ਸਦਾ ਲਈ ਦਸਮੇਸ਼ ਦੀ ਜਾਨ ਹੋਏ

### ਭਾਈ ਨੰਦ ਲਾਲ ਜੀ ਦੀ ਰਚਨਾ (ਵੱਲੋਂ ਕਵੀ)

ਜਾਣੀ-ਜਾਣ ਜੀ ਦੇ ਸੁੱਚੇ ਜੱਸ ਅੰਦਰ, ਰਚੇ ਆਪ ਨੇ ਸ਼ੇਅਰ ਕਮਾਲ ਵਾਹਵਾ
ਲਿਖੇ 'ਜ਼ਿੰਦਗੀ ਨਾਮਾ' ਤੇ 'ਗੰਜਨਾਮਾ' ਤੀਜਾ 'ਖਾਤਮਾ' ਵੀ ਬੇਮਿਸਾਲ ਵਾਹਵਾ
ਵਾਹ 'ਤੌਸੀਫ਼ੇ ਸਨਾ' 'ਦੀਵਾਨ ਗੋਯਾ', ਸਦਾ ਚਮਕਦੇ ਰਹਿਣਗੇ ਲਾਲ ਵਾਹਵਾ
'ਤੀਰ' 'ਇਨਸ਼ਾ ਦਸਤੂਰ' ਦੀ ਗੱਲ ਕੀ ਏ, ਉੱਚੇ ਆਪ ਦੇ ਹੈਣ ਖ਼ਿਆਲ ਵਾਹਵਾ

### ਭਾਈ ਨੰਦ ਲਾਲ ਜੀ ਦਾ ਪ੍ਰੇਮ (ਵੱਲੋਂ ਕਵੀ)

ਨੰਦ ਲਾਲ ਦਸਮੇਸ਼ ਦੇ ਸਿੱਖ ਸਿਦਕੀ, ਤਨੋਂ ਮਨੋਂ ਪ੍ਰੇਮੀ ਪੂਰੇ ਤੌਰ ਹੋਏ
ਚਰਨ ਕਮਲ ਦੀ ਰਾਤ ਦਿਨ ਮੌਜ ਲੈਂਦੇ, ਸਦਾ ਗੂੰਜਦੇ ਪ੍ਰੇਮ ਦੇ ਭੌਰ ਹੋਏ
ਸਦਾ ਝੂਮਦੇ ਪ੍ਰੇਮ ਦੇ ਲੋਰ ਅੰਦਰ, ਸਿਦਕ ਵਿੱਚ ਰੱਤੇ ਗੁਰ ਦੇ ਚੌਰ ਹੋਏ
'ਤੀਰ' ਇਸ ਤਰ੍ਹਾਂ ਪ੍ਰੇਮ ਦਾ ਰੱਸ ਪੀ ਕੇ, ਪੂਰੇ ਪ੍ਰੇਮ ਵਿਚ ਪ੍ਰੇਮ ਦੇ ਦੌਰ ਹੋਏ

### ਲੰਗਰਾਂ ਦੀ ਪ੍ਰੀਖਿਆ (ਵੱਲੋਂ ਕਵੀ)

ਘੁੱਗ ਵੱਸਦੀ ਪੁਰੀ ਅਨੰਦ ਅੰਦਰ, ਲੱਗੇ ਹੋਂਵਦੇ ਸੀ ਬੇਸ਼ੁਮਾਰ ਲੰਗਰ
ਅੱਠੇ ਪਹਿਰ ਸ਼ਰਧਾਲੂਆਂ ਦਾਨੀਆਂ ਦੇ, ਦੇਣ ਭੁੱਖਿਆਂ ਤਾਈਂ ਅਹਾਰ ਲੰਗਰ
ਥੋੜ੍ਹੇ ਸੀ ਪਰ ਦਰਦ ਪ੍ਰੇਮ ਵਾਲੇ, ਕਈਆਂ ਤੋਰਿਆ ਵਣਜ ਵਪਾਰ ਲੰਗਰ
ਪੱਜ ਖਾਣ ਦਾ ਤੇ ਨਾਮਵੱਰੀ ਵਾਧੂ, ਰੀਸੋ-ਰੀਸ ਬਣ ਗਏ ਵਿਹਾਰ ਲੰਗਰ
ਇੱਕ ਰੋਜ਼ ਵਟਾ ਕੇ ਵੇਸ ਘਰ ਤੋਂ, ਜਾਣੀ-ਜਾਣ ਵੇਖੇ ਝਾਤੀ ਮਾਰ ਲੰਗਰ
ਕੋਈ ਕਹੇ 'ਸਵੇਰ ਹੈ ਅਜੇ ਬਾਬਾ, ਅੱਗੇ ਜਾਹ ਨੇ ਹੋਰ ਹਜ਼ਾਰ ਲੰਗਰ'
ਕਿਸੇ ਆਖਿਆ 'ਅਜੇ ਨਾ ਭੋਗ ਲੱਗਾ, ਛੱਕ ਚੁਕੇ ਨਾ ਗੁਰੂ ਦਾਤਾਰ ਲੰਗਰ'
ਨੰਦ ਲਾਲ ਨੇ ਜੋੜ ਕੇ ਹੱਥ ਕਿਹਾ, ਹੋਇਆ ਕੀ ਜੇ ਨਹੀਂ ਤਿਆਰ ਲੰਗਰ
ਹਾਜ਼ਰ ਜੋ ਹੈ, ਓਸਨੂੰ ਭੋਗ ਲਾਵੋ, ਸਦਾ ਆਪਦਾ ਤਾਬਿਆਦਾਰ ਲੰਗਰ
ਸਿੱਖ ਗੁਰੂ ਦੇ ਗੁਰੂ ਦਾ ਨਾਮ ਲੈ ਕੇ, ਛਕਣ ਅੰਨ ਹੋਵੇ ਸਫਲ ਕਾਰ-ਲੰਗਰ
ਨੰਦ ਚੰਦ ਅਤੇ ਸਾਹਿਬ ਚੰਦ ਜੀ ਨੇ, ਦਿੱਤਾ ਗੁਰਾਂ ਦੇ ਨਾਮ ਤੋਂ ਵਾਰ ਲੰਗਰ
ਰਾਮ ਕੌਰ ਜੀ ਨੇ ਆਦਰ ਭਾ ਕੀਤਾ, ਹੱਸ ਆਖਿਆ ਛੱਕੋ ਸਰਕਾਰ ਲੰਗਰ

ਲੱਗੇ ਹੋਏ ਸੀ ਬੜੇ ਵਿਖਾਵਿਆਂ ਦੇ, ਅਸਲ ਵਿੱਚ ਨਿਕਲੇ ਸੱਚੇ ਚਾਰ ਲੰਗਰ
'ਤੀਰ' ਭੇਸ ਬਣਾ ਕੇ ਭਿੱਛਕਾਂ ਦਾ, ਏਦਾਂ ਪਰਖ ਕੇ ਆਏ ਦਾਤਾਰ ਲੰਗਰ

### ਲੰਗਰਾਂ ਦੀ ਚਰਚਾ ਦੀਵਾਨ ਵਿਚ

ਦੂਜੇ ਦਿਨ ਦੀਵਾਨ ਵਿਚ ਭੋਗ ਵੇਲੇ, ਬੋਲੇ ਇਸ ਤਰ੍ਹਾਂ ਗੁਰੂ ਦਾਤਾਰ ਵੇਖੋ
ਖੱਟੀ ਲਈ ਲੰਗਰ ਲਾਣ ਵਾਲਿਆਂ ਦੀ, ਸਿੱਖੋ ਸੇਵਕੋ ਕੂੜ ਦੀ ਕਾਰ ਵੇਖੋ
ਰਾਤੀਂ ਭੇਸ ਵਟਾ ਕੇ ਮੈਂ ਫਿਰਿਆ, ਲੈਂਦਾ ਭਿੱਛਿਆ ਹੱਰ ਦਵਾਰ ਵੇਖੋ
ਕਿਸੇ ਟਾਲਿਆ ਮੋੜਿਆ ਕੁੱਝ ਕਹਿ ਕੇ, ਕਿਤੇ ਰੱਜ ਕੀਤੀ ਇੰਤਜ਼ਾਰ ਵੇਖੋ
ਨਾਲ ਢੰਗ ਦੇ ਮੋੜਿਆ ਸਾਰਿਆਂ ਨੇ, ਐਪਰ ਨਿੱਤਰੇ ਨੇ ਲੰਗਰ ਚਾਰ ਵੇਖੋ
ਰਾਮ ਕੌਰ, ਨੰਦ ਲਾਲ, ਨੰਦ ਚੰਦ, ਤਿੰਨੇ, ਸਾਹਿਬ ਚੰਦ ਚੌਥਾ ਸੇਵਾਦਾਰ ਵੇਖੋ
ਸਿੱਖੋ, ਜੇ ਲੰਗਰ ਤੁਸਾਂ ਲਾਵਣੇ ਨੇ, ਏਸ ਤਰ੍ਹਾਂ ਦਾ ਕਰੋ ਵਿਹਾਰ ਵੇਖੋ
ਜਿਹੜਾ ਸਿੱਖ ਵੰਡੇ ਮੇਰੇ ਨਾਮ ਉਤੇ, ਉਹਨੂੰ ਸਦਾ ਹੀ ਨਾਲ ਪਿਆਰ ਵੇਖੋ
ਉਹਦੇ ਦਿੱਲ ਅੰਦਰ ਮੇਰਾ ਦਿੱਲ ਜਾਣੋ, ਉਹਦੇ ਰੂਪ ਵਿਚ ਮੇਰੀ ਨੁਹਾਰ ਵੇਖੋ
'ਤੀਰ' ਸੁਣ ਹੋਏ ਸ਼ਰਮ-ਸਾਰ ਬਾਕੀ, ਚੋਜ ਹੋਰ ਕੀ ਕੀਤਾ ਦਾਤਾਰ ਵੇਖੋ

### ਸੰਨਿਆਸੀਆਂ ਦੇ ਤਿਆਗ ਦਾ ਪਾਜ (ਵੱਲੋਂ ਕਵੀ)

ਆਈ ਇੱਕ ਜਮਾਤ ਸੰਨਿਆਸੀਆਂ ਦੀ, ਕਿਤੋਂ ਚੱਲ ਕੇ ਗੁਰੂ ਦੀਵਾਨ ਅੰਦਰ
ਉਹਨੇ ਪਿੱਟਿਆ ਢੋਲ ਨਿਰਲੇਪਤਾ ਦਾ, ਗੁਰਾਂ ਸਾਮ੍ਹਣੇ ਆਣ ਕੇ ਮਾਨ ਅੰਦਰ
ਉੱਚੀ ਆਖਿਆ ਬੱਸ ਜਮਾਤ ਸਾਡੀ, ਮੰਨੀ ਗਈ ਨਿਰਲੇਪ ਜਹਾਨ ਅੰਦਰ
'ਤੀਰ' ਦੂਰ ਮਾਇਆ ਕੋਲੋਂ ਵੱਸਦੇ ਹਾਂ, ਮੰਨ ਜੋੜ ਕੇ ਸ੍ਰੀ ਭਗਵਾਨ ਅੰਦਰ

### ਫੇਰ ਕਹਿੰਦੇ ਹਨ

ਮਹਾਰਾਜ ਜੀ ਏਸ ਸੰਸਾਰ ਅੰਦਰ, ਕੇਵਲ ਦਿਸਦਾ ਏ ਸਿਰਜਨਹਾਰ ਸਾਨੂੰ
ਕਦੇ ਡੰਗ ਨਹੀਂ ਸੱਕਦੀ ਹੋ ਨੇੜੇ, ਮਾਇਆ-ਨਾਗਣੀ ਚੰਚਲਾ-ਨਾਰ ਸਾਨੂੰ
ਖੋਹ ਸੱਕਦਾ ਕੁੱਝ ਨਹੀਂ ਕਾਮ ਸਾਡਾ, ਮੋਹ ਸੱਕਦਾ ਨਹੀਂ ਸੰਸਾਰ ਸਾਨੂੰ
'ਤੀਰ' ਆਪ ਦੀ ਚਾਲ ਜਾਂ ਵੇਖਦੇ ਹਾਂ, ਆਵੇ ਮੁੜ ਮੁੜ ਏਹੋ ਵਿਚਾਰ ਸਾਨੂੰ

### ਫੇਰ ਸੰਨਿਆਸੀ ਕਹਿੰਦੇ ਹਨ

ਮਾਇਆ ਰੂਪ ਹੈ ਜੱਗ ਦੀ ਖੇਡ ਸਾਰੀ, ਰੱਬ ਰੱਚਿਆ ਸਭ ਸੰਸਾਰ ਮਾਇਆ
ਮਾਲ ਧੰਨ ਮਾਇਆ ਧੀਆਂ ਪੁੱਤ ਮਾਇਆ, ਮਿਤ੍ਰ ਯਾਰ ਮਾਇਆ ਕੰਤ ਨਾਰ ਮਾਇਆ
ਬਾਗ਼ ਫੁੱਲ ਮਾਇਆ ਰੂਪ ਕੁੱਲ ਮਾਇਆ, ਏਸ ਜੱਗ ਦਾ ਕਾਰ-ਵਿਹਾਰ ਮਾਇਆ
'ਤੀਰ' ਰਾਜ ਅਤੇ ਤਖ਼ਤ ਤਾਜ ਮਾਇਆ, ਮਾਇਆ ਆਪਣੀ ਰਹੀ ਪਸਾਰ ਮਾਇਆ

### ਸੰਨਿਆਸੀਆਂ ਦਾ ਇਤਰਾਜ਼ ਗੁਰੂ ਮਹਾਰਾਜ ਉਤੇ (ਵੱਲੋਂ ਕਵੀ)

ਫੇਰ ਕਹਿਣ ਲੱਗੇ ਭਲਾ ਏਹ ਦੱਸੋ, ਮਹਾਂਪੁਰਖ ਅਵਤਾਰ ਸਦਵਾਓ ਦਾਤਾ
ਮਾਇਆ ਨਾਲ ਵਰਤੋ ਆਪ ਦਿਨੇ ਰਾਤੀਂ, ਏਸੇ ਰਾਹ ਸਿੱਖਾਂ ਤਾਈਂ ਪਾਓ ਦਾਤਾ
ਮਾਇਆ ਵਿੱਚ ਜਾਂ ਰੁੱਝਿਆ ਮਨ ਹੋਵੇ, ਸੁਰਤ ਜੁੜੇ ਨਾਹੀਂ ਟਿੱਲ ਲਾਓ ਦਾਤਾ
'ਤੀਰ' ਬੰਦਗੀ ਕਿਸ ਤਰ੍ਹਾਂ ਫੇਰ ਹੁੰਦੀ, ਸਾਨੂੰ ਏਤਨੀ ਗੱਲ ਸਮਝਾਓ ਦਾਤਾ

### ਮਹਾਰਾਜ ਦਾ ਬਚਨ

ਮਹਾਰਾਜ ਨੇ ਆਖਿਆ ਭੁੱਲਦੇ ਓ, ਅਸੀਂ ਧੰਨ ਨੂੰ ਨਹੀਂ ਪਿਆਰ ਕਰਦੇ
ਐਪਰ ਆਪ ਵਾਂਙੂ ਕੂੜੇ ਪਰ੍ਹੇ ਹੋ ਕੇ, ਕਦੇ ਕੂੜ ਦੀ ਮੂਲ ਨਹੀਂ ਕਾਰ ਕਰਦੇ
ਮਾਇਆ ਆਏ ਤਾਂ ਲਾਵੀਏ ਭਲੇ ਪਾਸੇ, ਲੋੜਵੰਦ ਹਾਂ ਸੈਅ ਸੁਖਿਆਰ ਕਰਦੇ
ਦਾਈ ਜਿਵੇਂ ਬੱਚੇ ਨਾਲ ਲਾਡ ਕਰਦੀ, ਏਦਾਂ ਓਪਰੇ ਦਿਲੋਂ ਵਿਹਾਰ ਕਰਦੇ
ਸੁਰਤ ਜੋੜ ਕੇ ਇਸ ਤਰ੍ਹਾਂ ਸਿੱਖ ਸਾਡੇ, ਹੈਣ ਸਦਾ ਹੀ ਯਾਦ ਕਰਤਾਰ ਕਰਦੇ
ਏਸੇ ਲਈ ਓਹ ਸਰਸ ਨੇ ਸਾਧੂਆਂ ਤੋਂ, ਮਾਇਆ ਵਿੱਚ ਨਿਰਲੇਪ ਵਿਚਾਰ ਕਰਦੇ
ਕੰਵਲ ਫੁੱਲ ਦੀ ਤਰ੍ਹਾਂ ਉਹ ਵੱਸਦੇ ਨੇ, ਲੋਕਾਂ ਵਾਂਙ ਨਾ ਪੰਧ ਸੰਸਾਰ ਕਰਦੇ
'ਤੀਰ' ਭੱਵਜਲੋਂ ਆਪ ਵੀ ਪਾਰ ਹੁੰਦੇ, ਹੋਰ ਸਾਥੀਆਂ ਸੈਆਂ ਨੂੰ ਪਾਰ ਕਰਦੇ

### ਦਸਮੇਸ਼ ਜੀ ਦੀ ਅਲੌਕਿਕ ਲੀਲ੍ਹਾ (ਵੱਲੋਂ ਕਵੀ)

ਏਨੀ ਆਖ ਕੇ ਸ੍ਰੀ ਦਸਮੇਸ਼ ਜੀ ਨੇ, ਕੀਤੀ ਬੜੀ ਵਡਿਆਈ ਸੰਨਿਆਸੀਆਂ ਦੀ
ਅਤੇ ਕਿਹਾ ਤਿਆਗ ਦੇ ਹੈਣ ਪੁਤਲੇ, ਧੰਨ ਧੰਨ ਕਮਾਈ ਸੰਨਿਆਸੀਆਂ ਦੀ
ਫੇਰ ਆਖਿਆ ਤਾਰਦੇ ਜੱਗ ਤਾਈਂ, ਏਦਾਂ ਲਿੱਦ ਫੁੰਡਾਈ ਸੰਨਿਆਸੀਆਂ ਦੀ
ਖੱਪਰ ਖਿੰਥੜੇ ਝੋਲੀਆਂ ਕੋਲ ਰੱਖੇ, ਗੱਲ ਪਰਖ ਵਿਚ ਪਾਈ ਸੰਨਿਆਸੀਆਂ ਦੀ
ਲੰਗਰ ਵਿਚ ਲਿਜਾ ਕੇ ਝੱਟ ਓਧਰ, ਕੱਠੀ ਪਾਲ ਬਿਠਾਈ ਸੰਨਿਆਸੀਆਂ ਦੀ
ਪਹਿਲੇ ਖਿੰਥੜੇ ਸਭ ਦੇ ਫੋਲ ਸੁੱਟੇ, ਕੱਢੀ ਲੱਛਮੀ ਮਾਈ ਸੰਨਿਆਸੀਆਂ ਦੀ
ਫੇਰ ਚਿੱਪੀਆਂ ਦੇ ਥੱਲੇ ਤਾ ਦੇ ਕੇ, ਕਾਰੀਗਰੀ ਵਿਖਾਈ ਸੰਨਿਆਸੀਆਂ ਦੀ
ਮੋਹਰਾਂ ਕੱਢੀਆਂ ਖਿੰਥੜੇ ਚਿੱਪੀਆਂ ਚੋਂ, ਮਾਇਆ ਕੱਢੀ ਲੁਕਾਈ ਸੰਨਿਆਸੀਆਂ ਦੀ
ਅੰਨ ਛੱਕ ਜਾਂ ਗੁਰਾਂ ਦੇ ਕੋਲ ਆਏ, ਡਾਢੀ ਅੱਖ ਸ਼ਰਮਾਈ ਸੰਨਿਆਸੀਆਂ ਦੀ
ਸਾਰਾ ਪੋਲ ਤਿਆਗ ਦਾ ਖੁੱਲ੍ਹ ਗਿਆ, ਵੇਖੇ ਕਾਰ ਲੋਕਾਈ ਸੰਨਿਆਸੀਆਂ ਦੀ
ਮਿੱਟੀ ਵਿਚ ਮਿਲੀ ਸਾਰੀ ਸ਼ਾਨ ਸ਼ੇਖੀ, ਗਈ ਪੱਤ ਰੁਲਾਈ ਸੰਨਿਆਸੀਆਂ ਦੀ
ਸਿੱਖ ਸੰਗਤਾਂ ਪ੍ਰੇਮੀਆਂ ਸੇਵਕਾਂ ਨੇ, ਵੇਖੀ ਧੌਣ ਨਿਵਾਈ ਸੰਨਿਆਸੀਆਂ ਦੀ
'ਤੀਰ' ਸੰਗਤਾਂ ਨੂੰ ਸਾਵਧਾਨ ਕਰਕੇ, ਗੁਰਾਂ ਗੱਲ ਸੁਣਾਈ ਸੰਨਿਆਸੀਆਂ ਦੀ

### ਸੰਨਿਆਸੀਆਂ ਬਾਬਤ ਦਸਮੇਸ਼ ਜੀ ਸਿੱਖ ਸੰਗਤਾਂ ਨੂੰ ਦੱਸਦੇ ਹਨ

ਸਿੱਖੋ ਸੇਵਕੋ ਸਾਡਿਓ ਪ੍ਰੀਤਵਾਨੋ, ਅੱਖੀਂ ਅੱਜ ਸੰਨਿਆਸ ਦਾ ਦੱਲ ਵੇਖੋ
ਤੱਨੋਂ ਹੈਣ ਤਿਆਗੀ, ਮਨੋਂ ਨਿਰੇ ਲੋਭੀ, ਵੱਡੇ ਨਿਰਛਲਾਂ ਦੇ ਤੁਸੀਂ ਛੱਲ ਵੇਖੋ
ਇਹ ਜੋ ਪਰ੍ਹੇ ਮਾਇਆ ਕੋਲੋਂ ਰਹਿਣ ਵਾਲੇ, ਖੱਟ ਲਈ ਨੇ ਯੋਗ ਦੀ ਭੱਲ ਵੇਖੋ
ਮੁਹਰਾਂ ਫਿਰਨ ਚੁੱਕੀ ਛਾਤੀ ਨਾਲ ਲਾ ਕੇ, ਮੂੰਹੋਂ ਕਰਨ ਤਿਆਗ ਦੀ ਗੱਲ ਵੇਖੋ
ਫੇਰ ਗੁਰਾਂ ਨੇ ਕਿਹਾ ਸੰਨਿਆਸੀਆਂ ਨੂੰ, ਪੂਰੀ ਨਹੀਂ ਪੈਣੀ ਚਾਲਾਂ ਚੱਲ ਵੇਖੋ
ਮੰਨ ਕਦੇ ਨਹੀਂ ਆਪਦਾ ਸ਼ਾਂਤ ਹੋਣਾ, ਭਾਵੇਂ ਉਮਰ ਸਾਰੀ ਕਸ਼ਟ ਝੱਲ ਵੇਖੋ
ਮਾਂਜੀ ਆਤਮਾ ਇਸ ਤਰ੍ਹਾਂ ਨਹੀਂ ਜਾਣੀ, ਤੁਸੀਂ ਲੱਖ ਬਿਭੂਤੀਆਂ ਮੱਲ ਵੇਖੋ
ਮਨ ਮਰੇਗਾ ਕਦੇ ਨਾ ਸ਼ੁੱਧ ਹੋ ਕੇ, ਤੱਪ ਧੂਣੀਆਂ ਤੇ ਜੱਲ ਜੱਲ ਵੇਖੋ
ਲੱਛੋ ਵਸਦੀ ਆਪਦੀ ਅੱਖ ਅੰਦਰ, ਠੱਲ੍ਹ ਸਕੋ ਤਾਂ ਹਿਰਸ ਨੂੰ ਠੱਲ੍ਹ ਵੇਖੋ
ਕੁੰਦਨ ਮੂਲ ਨਹੀਂ ਹੋਵਣਾ ਤੁਸਾਂ ਏਦਾਂ, ਭਾਵੇਂ ਲੱਖ ਅੱਗਾਂ ਅੰਦਰ ਢੱਲ ਵੇਖੋ
ਜੇਕਰ ਚਾਂਹੁਦੇ ਹੋ ਜੀਵਨ-ਮੁਕਤ ਹੋਣਾ, ਫੇਰ ਹਰਿ ਨੂੰ ਹੀ ਪਲੋ ਪੱਲ ਵੇਖੋ
'ਤੀਰ' ਖਾਓ ਖਰਚੋ ਜੀਂਦੇ ਜੀ ਮਾਇਆ, ਦਿਲੋਂ ਸਦਾ ਮਹਾਂਕਾਲ ਦੇ ਵੱਲ ਵੇਖੋ

### ਤੀਜੇ ਸਾਹਿਬਜ਼ਾਦੇ ਦਾ ਜਨਮ (ਵੱਲੋਂ ਕਵੀ)

ਇਹਨੀ ਦਿਨੀਂ ਹੀ ਪੁਰੀ ਅਨੰਦ ਅੰਦਰ, ਗੁਰੂ-ਘਰ ਤੀਜਾ ਹੋਣਹਾਰ ਹੋਇਆ
ਬੜੀ ਖੁਸ਼ੀ ਹੋਈ ਥਾਂ ਥਾਂ ਏਸ ਵੇਲੇ, ਖੁਸ਼ੀ ਹੱਦ ਤੋਂ ਵੱਧ ਪਰਵਾਰ ਹੋਇਆ
ਮਾਤਾ ਗੁੱਜਰੀ ਬਹੁਤ ਪ੍ਰਸੰਨ ਹੋਈ, ਵੇਖ ਪੋਤਰਾ, ਦਿੱਲ ਸਰਸ਼ਾਰ ਹੋਇਆ
'ਤੀਰ' ਪੁੱਤ ਨੂੰ ਵੇਖ ਦਸਮੇਸ਼ ਮੇਰਾ, ਅਜਬ ਰੰਗ ਵਿਚ ਰੂਪ-ਪਿਆਰ ਹੋਇਆ

### ਸ੍ਰੀ ਦਸਮੇਸ਼ ਜੀ ਨਾਓਂ ਰੱਖਦੇ ਹਨ

ਵੇਖ ਲਾਲ ਨੂੰ ਸ੍ਰੀ ਦਸਮੇਸ਼ ਬੋਲੇ, ਬੱਚਾ ਇਹ ਕੁਰਬਾਨੀ ਦਾ ਘਰ ਹੋਸੀ
ਜਿੱਧਰ ਵੇਖਸੀ ਬਿਨਾਂ ਹਥਿਆਰ ਤੋਂ ਹੀ, ਮਾਰੂ ਮੋਰਚਾ ਸਦਾ ਲਈ ਸੱਰ ਹੋਸੀ
ਮੌਤ ਏਸ ਦਾ ਭਰੇਗੀ ਆਣ ਪਾਣੀ, ਅੰਮੀਂ! ਪੋਤਰਾ ਤੇਰਾ ਨਿਡੱਰ ਹੋਸੀ
'ਤੀਰ' ਜ਼ੁਲਮ ਦੀ ਨੀਂਹ ਹਿਲਾ ਦੇਸੀ, ਇਹਦਾ ਨਾਮ ਜੱਗ 'ਤੇ ਜ਼ੋਰਾਵੱਰ ਹੋਸੀ

# ਖੰਡ ਚੌਥਾ

## ਦੇਵੀ ਪੂਜਨ ਸਬੰਧੀ ਪੜਤਾਲ

### ਵੱਲੋਂ ਕਵੀ

ਗੁਰੂ ਓਹ ਜੋ ਇਕ ਅਕਾਲ ਉੱਤੇ, ਓਟ ਰੱਖਣੀ ਹੋਇ ਸਿਖਾਣ ਆਇਆ
ਗੁਰੂ ਓਹ ਜੋ ਦੱਸ ਅਕਾਲ-ਪੂਜਾ, ਪੂਜਾ ਹੋਰ ਮਾਨਸ ਤੋਂ ਛੁਡਾਣ ਆਇਆ
ਗੁਰੂ ਉਹ ਜੋ ਜਾਪ ਛੁਡਾ ਬਾਕੀ, ਧੁਰੋਂ ਇੱਕ ਦਾ ਜਾਪ ਜਪਾਣ ਆਇਆ
'ਤੀਰ' ਉਹ ਦਸਮੇਸ਼ ਜੋ ਜੱਗ ਉੱਤੇ, ਖਾਲਸ ਖਾਲਸਾ ਪੰਥ ਸਜਾਣ ਆਇਆ

### ਹੋਰ ਦਲੀਲ

ਗੁਰੂ ਉਹ ਜਿਸ ਆਣ ਕੇ ਜੱਗ ਅੰਦਰ, ਸੱਚ ਮੰਨਿਆ ਸੱਚ ਨਿਤਾਰਿਆ ਏ
ਗੁਰੂ ਉਹ ਜਿਸ ਰੱਬ ਦੇ ਨਾਮ ਉੱਤੇ, ਸਾਰੇ ਬਾਗ਼ ਪਰਵਾਰ ਨੂੰ ਵਾਰਿਆ ਏ
ਗੁਰੂ ਉਹ ਜਿਸ ਹਰ ਮੈਦਾਨ ਅੰਦਰ, ਸਦਾ ਆਸਰਾ ਇੱਕ ਦਾ ਧਾਰਿਆ ਏ
'ਤੀਰ' ਉਹ ਸਤਿਗੁਰੂ ਕਿ ਜਿੱਸ ਏਦਾਂ, ਬਚਨ ਆਪਣੇ ਮੁੱਖੋਂ ਉਚਾਰਿਆ ਏ

### ਸ੍ਰੀ ਮੁਖਵਾਕ ਪਾ: ੧੦ ਸਵੱਯਾ

ਕਾਹੂੰ ਲੈ ਪਾਹਿਨ ਪੂਜ ਧਰਿਓ ਸਿਰ, ਕਾਹੂ ਲੈ ਲਿੰਗ ਗਰੇ ਲਟਕਾਇਓ
ਕਾਹੂੰ ਲਖਿਓ ਹਰਿ ਅਵਾਚੀ ਦਿਸਾ ਮਹਿ, ਕਾਹੂ ਪਛਾਹ ਕਉ ਸੀਸ ਨਿਵਾਇਓ
ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕੋ ਪੂਜਨ ਧਾਇਓ
ਕੂਰ ਕਿਰਿਆ ਉਰਝਿਓ ਸਭ ਹੀ ਜਗ, ਸ੍ਰੀ ਭਗਵਾਨ ਕੋ ਭੇਦ ਨ ਪਾਇਓ

### ਉਪਰੋਕਤ ਸਵੱਯੇ ਦਾ ਅਰਥ (ਵੱਲੋਂ ਕਵੀ)

ਕਿਸੇ ਪੂਜ ਪੱਥਰ ਧਰਿਆ ਸਿਰ ਉੱਤੇ, ਗੱਲ ਕਿਸੇ ਸ਼ਿਵਲਿੰਗ ਲਟਕਾਇਆ ਏ
ਕਿਸੇ ਕਿਹਾ ਹੈ ਵੱਸਦਾ ਰੱਬ ਚੜ੍ਹਦੇ, ਲਹਿੰਦੇ ਕਿਸੇ ਨੇ ਸੀਸ ਨਿਵਾਇਆ ਏ
ਕੋਈ ਪੱਥਰਾਂ ਨੂੰ, ਕੋਈ ਬੁੱਤ ਪੂਜੇ, ਕੋਈ ਮੁਰਦਿਆਂ ਨੂੰ ਪੂਜਨ ਧਾਇਆ ਏ
'ਤੀਰ' ਕੂੜ ਦੇ ਕਰਮ ਸਭ ਜੱਗ ਰੁੱਝਾ, ਕਿਸੇ ਰੱਬ ਦਾ ਭੇਦ ਨਾ ਪਾਇਆ ਏ

### ਵੱਲੋਂ ਕਵੀ

ਓਹੋ ਗੁਰੂ ਅਸੂਲ ਦਾ ਧਾਰਨੀ ਜੋ, ਇੱਕ ਇੱਕ ਹੈ ਬਚਨ ਕਮਾਲ ਜਿਸਦਾ
ਉਹੋ ਗੁਰੂ ਵੱਸੇ ਰੋਮ ਰੋਮ ਅੰਦਰ, ਦਿਲੀ ਇਸ਼ਟ ਜਿਸਦਾ ਅੰਗਪਾਲ ਜਿਸਦਾ
ਉਹੋ ਗੁਰੂ ਜੋ ਪ੍ਰੇਮ ਨੂੰ ਰੱਬ ਆਖੇ, ਬਣਿਆ ਪ੍ਰੇਮ ਦਾ ਹੀ ਵਾਲ ਵਾਲ ਜਿਸਦਾ
'ਤੀਰ' ਉਹ ਦਸਮੇਸ਼ ਜੋ ਜੋਤ-ਰੱਬੀ, ਤੇ ਪ੍ਰਸਿੱਧ ਹੈ ਇਹ ਖ਼ਿਆਲ ਜਿਸਦਾ

### ਸ੍ਰੀ ਮੁਖਵਾਕ ਪਾ: ੧੦ ਸਵੱਯਾ

ਕਾਹੇ ਕੋ ਕੂਰ ਕਰੇ ਤਪਸਾ, ਇਨ ਕੀ ਕੋਊ ਕੌਡੀ ਕੇ ਕਾਮ ਨ ਐਹੈ
ਤੋਹੇ ਬਚਾਇ ਸਕੇ ਕਹੁ ਕੈਸਕ, ਆਪਨ ਘਾਵ ਬਚਾਇ ਨ ਐਹੈ
ਕੋਪ ਕਰਾਲ ਕੀ ਪਾਵਕ ਕੁੰਡ ਮੈ, ਆਪ ਟੰਗਯੋ ਤਿਮ ਤੋਹੇ ਟੰਗੈਹੈ
ਚੇਤ ਅਚੇਤ ਅਜੋ ਜੀਅ ਮੈ ਜੜ੍ਹ, ਕਾਲ ਕ੍ਰਿਪਾ ਬਿਨ ਕਾਮ ਨ ਐਹੈ

### ਸਵੱਯੇ ਦਾ ਅਰਥ (ਵੱਲੋਂ ਕਵੀ)

ਕਾਹਨੂੰ ਕਰੇਂ ਕੂੜੇ ਤੱਪ ਇਨ੍ਹਾਂ ਦੇ ਤੂੰ, ਕੌਡੀ ਕੰਮ ਦੇ ਨਹੀਂ ਨਾ ਭਾਣਗੇ ਨੀ
ਤੈਨੂੰ ਦੱਸ ਬਚਾਣਗੇ ਕਿਸ ਹੀਲੇ, ਜੋ ਨਾ ਆਪਣਾ ਫੱਟ ਬਚਾਣਗੇ ਨੀ
ਰੱਬੀ ਕਹਿਰ ਦੀ ਅੱਗ ਦੇ ਕੁੰਡ ਅੰਦਰ, ਟੰਗੇ ਆਪ ਤੈਨੂੰ ਵੀ ਟੰਗਾਣਗੇ ਨੀ
'ਤੀਰ' ਕਰ ਚੇਤੇ ਅਜੇ ਦਿਲ ਲਾ ਕੇ, ਰੱਬੀ ਮਿਹਰ ਬਿਨ ਕੰਮ ਨਾ ਆਣਗੇ ਨੀ

### ਵੱਲੋਂ ਕਵੀ

ਜਿਹੜੇ ਸਤਗੁਰਾਂ ਨੇ ਜੋਤ ਰੱਬ ਦੀ ਦਾ, ਆ ਕੇ ਜੱਗ ਦੇ ਵਿਚ ਪਰਚਾਰ ਕੀਤਾ
ਜਿਹੜੇ ਸਤਗੁਰਾਂ ਬ੍ਰਹਮ-ਗਿਆਨ ਦੇ ਕੇ, ਭੁੱਲੇ ਜੀਆਂ ਦਾ ਆਣ ਸੁਧਾਰ ਕੀਤਾ
ਜਿਹੜੇ ਸਤਗੁਰਾਂ ਦੇਵਤੇ ਦੇਵੀਆਂ ਤੋਂ, ਪੰਥ ਆਪਣੇ ਨੂੰ ਖ਼ਬਰਦਾਰ ਕੀਤਾ
'ਤੀਰ' ਜਿਨ੍ਹਾਂ ਸਤਗੁਰਾਂ ਨੇ ਪੰਥ ਤਾਈਂ, ਖਾਲਸ ਖਾਲਸਾ ਇਉਂ ਤਿਆਰ ਕੀਤਾ

### ਸ੍ਰੀ ਮੁਖਵਾਕ ਸਵੱਯਾ ਪਾ: ੧੦

ਜਾਗਤ ਜੋਤ ਜਪੈ ਨਿਸ ਬਾਸਰ, ਏਕ ਬਿਨਾ ਮਨ ਨੈਕ ਨ ਆਨੈ
ਪੂਰਨ ਪ੍ਰੇਮ ਪ੍ਰਤੀਤ ਸਜੇ, ਬ੍ਰਤ ਗੋਰ ਮੜੀ ਮਠ ਭੂਲ ਨਾ ਮਾਨੇ

ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਨੇਕ ਪਛਾਨੇ
ਪੂਰਨ ਜੋਤ ਜਗੈ ਘਟ ਮੈ, ਤਬ ਖਾਲਸਾ ਤਾਹਿ ਨਖਾਲਸ ਜਾਨੇ

### ਉਪਰਲੇ ਸਵੱਯੇ ਦਾ ਭਾਵ ਅਰਥ (ਵੱਲੋਂ ਕਵੀ)

ਜੋਤ ਜਾਗਦੀ ਨੂੰ ਜਪੇ ਦਿਨੇ ਰਾਤੀ, ਬਿਨਾਂ ਇੱਕ ਮਨ ਹੋਰ ਲਿਆਏ ਨਾਹੀਂ
ਪੂਰਨ ਪ੍ਰੇਮ ਦੇ ਵਿਚ ਵਿਸ਼ਵਾਸ ਰੱਖੇ, ਗੋਰ ਮੜ੍ਹੀ ਮੱਠ ਬ੍ਰੱਤ ਮਨਾਏ ਨਾਹੀਂ
ਤੀਰਥ ਦਾਨ ਦਇਆ ਅਤੇ ਤੱਪ ਸੰਜਮ, ਬਿਨਾਂ ਇੱਕ ਦੇ ਹੋਰ ਜਣਾਏ ਨਾਹੀਂ
ਪੂਰਨ ਜੋਤ ਜਗਾ ਲਵੇ 'ਤੀਰ' ਜੇਕਰ, ਖਾਲਸ ਖਾਲਸਾ ਉਹ ਧੋਖਾ ਖਾਏ ਨਾਹੀਂ

### ਵੱਲੋਂ ਕਵੀ

ਉਹੋ ਸਤਿਗੁਰ ਜਿਨ੍ਹੇ ਅਰਦਾਸ ਕੀਤੀ, ਮੈਨੂੰ ਵਾਹਿਗੁਰੂ ਮਿਲੇ ਪਿਆਰ ਤੇਰਾ
ਦਰ ਛੱਡ ਕੇ ਤੇਰਿਆਂ ਕੀਤਿਆਂ ਦੇ, ਮੈਂ ਹੈ ਮੱਲਿਆ ਇਕ ਦਵਾਰ ਤੇਰਾ
ਬਾਂਹ ਫੜੀ ਦੀ ਰੱਖਣੀ ਲਾਜ ਤੂੰ ਹੈਂ, ਗੋਬਿੰਦ ਸਿੰਘ ਹੈ ਤਾਬਿਆਦਾਰ ਤੇਰਾ
'ਤੀਰ' ਦੇਵੀਆਂ ਦੇਵਤੇ ਵਿੱਚ ਆ ਗਏ, ਜਦੋਂ ਹੋ ਗਿਆ ਬਸ ਦੀਦਾਰ ਤੇਰਾ

### ਵੱਲੋਂ ਕਵੀ

ਐਸੇ ਗੁਰੂ ਤਾਈਂ ਕਈਆਂ ਭੋਲਿਆਂ ਨੇ, ਚੁੱਕ ਦਾਸ ਦੇਵੀ ਦਾ ਬਣਾਇਆ ਏ
ਗੱਪ ਖ਼ੂਬ ਮਾਰੀ ਕਈ ਗੱਪੀਆਂ ਨੇ, ਚੇਤਾ ਇਹ ਨਾ ਉਨ੍ਹਾਂ ਨੂੰ ਆਇਆ ਏ
ਜਿਹੜੀ ਗੱਲ ਉੱਤੇ ਪਹਿਲੇ ਨੌਂ ਗੁਰੂਆਂ, ਆਪ ਚੱਲ ਕੇ ਪੰਥ ਚਲਾਇਆ ਏ
'ਤੀਰ' ਉਹ ਨੁਕਤਾ ਗੁਰੂ ਦੱਸਵੇਂ ਨੇ, ਕਿਵੇਂ ਆਪਣੇ ਦਿਲੋਂ ਭੁਲਾਇਆ ਏ

### ਗੁਰੂ ਕੈਸਾ ਸੀ ਤੇ ਸਿੱਖ ਕੈਸੇ ਸਨ

ਗੁਰੂ ਉਹ ਸਨ ਦਾਦੂ ਦੀ ਕਬਰ ਉਤੇ, ਪਰਖ ਵਾਸਤੇ ਸੀ ਪਰਖ ਪਾਈ ਜਿਹਨਾਂ
ਸਿੱਖ ਉਹ ਸਨ ਟਲੇ ਨਾ ਮੂਲ ਜਿਹੜੇ, ਗੁਰਾਂ ਤਾਈਂ ਤਨਖਾਹ ਸੀ ਲਾਈ ਜਿਹਨਾਂ
ਗੁਰੂ ਉਹ ਸਨ ਤੇਗ਼ ਨੂੰ ਆਖ ਦੇਵੀ, ਕੀਤੀ ਇਸੇ ਦੀ ਆਪ ਵਡਿਆਈ ਜਿਹਨਾਂ
'ਤੀਰ' ਸਿੱਖ ਸਨ ਉਹ ਕਿ ਰਣ ਅੰਦਰ, ਚੰਡੀ ਆਖ ਕੇ ਤੇਗ਼ ਚਮਕਾਈ ਜਿਹਨਾਂ

### ਅਸਚਰਜ ਗੱਲ?

ਫੇਰ ਪਤਾ ਨਹੀਂ ਲੱਗਦਾ ਸਤਿਗੁਰਾਂ ਨੇ, ਨੇਮ ਛੱਡ ਕੇ ਕਿਵੇਂ ਮਨਾਈ ਦੇਵੀ
ਕਿਵੇਂ ਆਨ ਕੇ ਵੜੀ ਇਤਿਹਾਸ ਅੰਦਰ, ਖ਼ਬਰੇ ਲੰਘ ਕਿਹੜੇ ਰਾਹੇ ਆਈ ਦੇਵੀ
ਨਾਨਕ ਗੁਰੂ ਦੇ ਦਰ ਤੇ ਆ-ਆ ਕੇ, ਝਾੜੂ ਫੇਰਦੀ ਰਹੀ ਜੋ ਮਾਈ ਦੇਵੀ
'ਤੀਰ' ਗੁਰੂ-ਘਰ ਦੀ ਬਣੀ ਜੋ ਦਾਸੀ, ਦੱਸੋ ਕਿਵੇਂ ਦਸਮੇਸ਼ ਧਿਆਈ ਦੇਵੀ

### ਹੋਰ

ਕਈ ਆਖਦੇ ਨੇ ਥੋੜ੍ਹੀ-ਬੁੱਧ ਵਾਲੇ, ਗੁਰਾਂ ਏਸ ਲਈ ਖ਼ਾਸ ਮਨਾਈ ਦੇਵੀ
ਬਖ਼ਸ਼ ਚੰਡਕਾ ਭਗਤ ਨੂੰ ਬੱਲ ਦੇਂਦੀ, ਵੇਲੇ ਲੋੜ ਦੇ ਹੋਇ ਸਹਾਈ ਦੇਵੀ
ਸਭੇ ਭਾਵਨਾ ਉਹਦੀਆਂ ਪੁੱਗ ਗਈਆਂ, ਇਸ਼ਟ ਜਾਣ ਕੇ ਜਿਹਨੇ ਧਿਆਈ ਦੇਵੀ
'ਤੀਰ' ਪੱਖ ਜਿਸਦਾ ਕਰੇ ਰਣ ਅੰਦਰ, ਜਿੱਤ ਦੇਂਵਦੀ ਜੰਗ ਲੜਾਈ ਦੇਵੀ

### ਵੱਲੋਂ ਕਵੀ

ਐਪਰ ਇਹ ਦਲੀਲ ਵੀ ਪੱਲ ਅੰਦਰ, ਕਿਵੇਂ ਹੋ ਜਾਂਦੀ ਲੀਰ ਲੀਰ ਵੇਖੋ
ਠਹਿਰ ਸੱਕਦੀ ਨਹੀਂ ਇਹ ਸੱਚ ਅੱਗੇ, ਜਿਵੇਂ ਨੀਰ 'ਤੇ ਪਈ ਲਕੀਰ ਵੇਖੋ
ਗੁਰਾਂ ਮੰਨਿਆ ਯੁੱਧ ਦਾ ਇਸ਼ਟ ਕਿਸ ਨੂੰ, ਜ਼ਰਾ ਇਹ ਵੀ ਆਪ ਨਜ਼ੀਰ ਵੇਖੋ
'ਤੀਰ' ਆਪ ਦਸਮੇਸ਼ ਫੁਰਮਾਂਵਦੇ ਜੇ, ਹੈਣ ਉਚਰਦੇ ਪੀਰਾਂ ਦੇ ਪੀਰ ਵੇਖੋ

### ਸ੍ਰੀ ਮੁਖਵਾਕ ਪਾ: ੧੦ ॥ ਦੋਹਿਰਾ ॥

ਅਸ, ਕ੍ਰਿਪਾਨ, ਖੰਡੋ ਖੜਗ, ਤੇਗ, ਤੁਪਕ ਅਰ ਤੀਰ।
ਸੈਫ, ਸਰੋਹੀ, ਸੈਹਥੀ ਯਹੀ ਹਮਾਰੇ ਪੀਰ।

### ਹੋਰ

ਏਥੇ ਦੇਵੀ ਮਨਾਣ ਦੇ ਹਾਮੀਆਂ ਨੇ, ਦਿੱਤਾ ਗੁਰੂ ਦਸਮੇਸ਼ ਵਿਸਾਰ ਵੇਖੋ
ਭੁੱਲ ਗਏ ਨੇ ਆਪ ਦੀ ਜਾਤ-ਰੱਬੀ, ਚੇਤੇ ਰੱਖਿਆ ਨਹੀਂ ਪਿਆਰ ਵੇਖੋ
ਦਾਨੇ ਸਤਿਗੁਰਾਂ ਨੇ, ਇਸ਼ਟ ਆਪਣੇ ਦਾ, ਸਾਫ਼ ਸਾਫ਼ ਹੈ ਕੀਤਾ ਨਿਤਾਰ ਵੇਖੋ
'ਤੀਰ' ਪੜ੍ਹੋ ਮੁਖਵਾਕ ਇਹ ਸੋਚ ਕਰਕੇ, ਹੈਣ ਆਖਦੇ ਕੀ ਦਾਤਾਰ ਵੇਖੋ

### ਸ੍ਰੀ ਮੁਖਵਾਕ ਸਵੱਯਾ ਪਾ: ੧੦

ਪਾਂਇ ਗਹੇ ਜਬ ਤੇ ਤੁਮਰੇ, ਤਬ ਤੇ ਕੋਊ ਆਂਖ ਤਰੇ ਨਹੀਂ ਆਨਿਯੋ
ਰਾਮ ਰਹੀਮ ਪੁਰਾਨ ਕੁਰਾਨ, ਅਨੇਕ ਕਹੇਂ ਮਤ ਏਕ ਨਾ ਮਾਨਿਯੋ
ਸਿਮ੍ਰਿਤਿ ਸਾਸਤ੍ਰ ਬੇਦ ਸਭੇ, ਬਹੁ ਭੇਦ ਕਹੇਂ ਹਮ ਏਕ ਨਾ ਜਾਨਿਯੋ
ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ, ਮੈ ਨਾ ਕਹਯੋ ਸਭ ਤੋਹਿ ਬਖਾਨਿਯੋ

### ਸਵੱਯੇ ਦਾ ਭਾਵ-ਅਰਥ

ਫੜੇ ਜਦੋਂ ਤੋਂ ਸਾਹਿਬਾ ਚਰਨ ਤੇਰੇ, ਮੇਰੀ ਅੱਖ ਹੇਠਾਂ ਹੋਰ ਆਂਵਦਾ ਨਹੀਂ
ਆਖਣ ਵੱਖ ਪੁਰਾਨ ਕੁਰਾਨ ਵਖਰੇ, ਮੈਂ ਤੇ ਰਾਮ ਰਹੀਮ ਮਨਾਂਵਦਾ ਨਹੀਂ

ਸਿਮ੍ਰਤ ਸਾਸਤ੍ਰ ਬੇਦ ਕਈ ਭੇਦ ਦੱਸਣ, ਮਤ ਕਿਸੇ ਵੱਲੇ ਮੰਨ ਲਾਂਵਦਾ ਨਹੀਂ
ਸ੍ਰੀ ਵਾਹਿਗੁਰੂ ਜੀ ਤੇਰੀ ਸਭ ਕਿਰਪਾ, ਤੂੰ ਹੀ ਆਖਿਆ ਮੈਂ ਕੁਝ ਗਾਂਵਦਾ ਨਹੀਂ

ਹੋਰ

ਗੁਰਾਂ ਲਿਖਿਆ ਆਪ ਬਚਿਤ੍ਰ ਨਾਟਕ, ਜੀਵਨ ਆਪਣਾ ਕੀਤਾ ਬਿਆਨ ਵੇਖੋ
ਬੀਰ-ਰਸ ਭਰਿਆ ਮਹਾਕਾਵਿ ਅੰਦਰ, ਦੇਂਦਾ ਸਾਰਿਆਂ ਨੂੰ ਬੱਲ ਦਾਨ ਵੇਖੋ
ਏਸ ਵਿਚ ਚੁਣਵੇਂ ਵਾਕਿਆਤ ਲਿੱਖੇ, ਹੋਇਆ ਕਿਸ ਤਰ੍ਹਾਂ ਪੰਥ ਕੁਰਬਾਨ ਵੇਖੋ
'ਤੀਰ' ਏਸ ਵਿਚ ਵੀ ਦੇਵੀ ਪੂਜਨੇ ਦਾ, ਕਿਤੇ ਲੱਭਦਾ ਨਹੀਂ ਨਿਸ਼ਾਨ ਵੇਖੋ

ਹੋਰ

ਦਾਦੇ ਆਪ ਜੀ ਦੇ ਵੇਖੋ ਗੁਰੂ ਛੇਵੇਂ, ਦੋਵੇਂ ਮੀਰੀਆਂ ਪੀਰੀਆਂ ਧਾਰੀਆਂ ਨੇ
ਬੀਰ-ਰੱਸ ਦਾ ਸਿੱਖਾਂ ਨੂੰ ਦਾਨ ਦਿੱਤਾ, ਤੇਗਾਂ ਖ਼ੂਬ ਮੈਦਾਨ ਵਿਚ ਮਾਰੀਆਂ ਨੇ
ਐਸੇ ਲੜੇ ਉਹ ਕਾਲ ਦਾ ਰੂਪ ਹੋ ਕੇ, ਰਣ ਵਿੱਚ ਸ਼ਾਹੀ ਫ਼ੌਜਾਂ ਹਾਰੀਆਂ ਨੇ
'ਤੀਰ' ਇਹ ਸਾਰੇ ਲੋਕੀਂ ਮੰਨਦੇ ਨੇ, ਗੁਰੂ-ਘਰ ਵਿਚ ਬਰਕਤਾਂ ਸਾਰੀਆਂ ਨੇ

ਫੇਰ

ਫੇਰ ਸੂਰਮੇ ਸ੍ਰੀ ਦਸਮੇਸ਼ ਤਾਈਂ, ਦੱਸੋ ਦੇਵੀ ਮਨਾਣ ਦੀ ਲੋੜ ਕੀ ਸੀ
ਬੀਰ-ਖ਼ੂਨ ਸੀ ਆਪ ਦੇ ਵਿਚ ਜੁੱਸੇ, ਫੇਰ ਮੰਗਣ ਮੰਗਾਣ ਦੀ ਲੋੜ ਕੀ ਸੀ
ਨੌਵਾਂ ਸਤਿਗੁਰਾਂ ਜਿਹੜਾ ਅਸੂਲ ਬੱਧਾ, ਉਹਨੂੰ ਤੋੜ ਗਵਾਣ ਦੀ ਲੋੜ ਕੀ ਸੀ
'ਤੀਰ' ਸੋਚਿਆ ਨਾ ਭੋਲੇ ਲੇਖਕਾਂ ਨੇ, ਦਾਸੀ ਦੇਵੀ ਧਿਆਣ ਦੀ ਲੋੜ ਕੀ ਸੀ

ਰਾਮਾ ਅਵਤਾਰ ਵਿਚੋਂ ਸ਼ਹਾਦਤ

ਫੇਰ ਭੋਲਿਆਂ ਇਨ੍ਹਾਂ ਲਿਖਾਰੀਆਂ ਨੇ, ਇਹ ਖ਼ਿਆਲ ਵੀ ਦਿੱਲੋਂ ਭੁਲਾਇਆ ਏ
ਸੰਮਤ ਸੌ ਸਤਾਰਾਂ ਪੱਚਵੰਜਵੇਂ ਨੂੰ, ਗੁਰਾਂ ਰਾਮ ਅਵਤਾਰ ਰਚਾਇਆ ਏ
ਕੀਤੀ ਕਾਵਿ ਰਚਨਾ ਏਸ ਸਮੇਂ ਅੰਦਰ, ਸਾਰਾ ਲਿਖ ਪਰਸੰਗ ਮੁਕਾਇਆ ਏ
ਦੇਵੀ ਪੂਜਨੇ ਦੇ ਉਧਰ ਹਾਮੀਆਂ ਨੇ, ਪੂਜਾ ਲਈ ਇਹ ਸਮਾਂ ਲਿਖਾਇਆ ਏ
ਲੇਖਕ ਹੋਰ ਦੱਸਣ ਗੁਰੂ ਹੋਰ ਦੱਸੇ, ਏਸ ਸਾਲ ਨੂੰ ਜਿਵੇਂ ਬਿਤਾਇਆ ਏ
ਮੰਨਣ ਯੋਗ ਨਾ ਗੱਲ ਹੈ ਲੇਖਕਾਂ ਦੀ, ਗੁਰਾਂ ਕਿਹਾ ਜੋ ਸੱਚ ਫ਼ੁਰਮਾਇਆ ਏ
ਐਵੇਂ, ਗਰਜ਼ੀਆਂ ਗਰਜ਼ ਦੇ ਬੰਦਿਆਂ ਨੇ, ਸੱਚ ਵਿੱਚ ਏਹ ਕੂੜ ਰਲਾਇਆ ਏ
'ਤੀਰ' ਹਰ ਵੇਲੇ ਹਰ ਲੋੜ ਉੱਤੇ, ਕਲਗੀਧਾਰ ਨੇ ਰੱਬ ਧਿਆਇਆ ਏ

### ਦਸਮ ਗ੍ਰੰਥ ਦੇ ਚਰਿੱਤਰਾਂ ਵਿਚੋਂ ਦੇਵੀ ਪੂਜਨ ਵਿਰੁਧ ਸ਼ਹਾਦਤ

ਮਿਲੇ ਆਪ ਦੇ ਲਿਖੇ ਚਰਿੱਤ੍ਰਾਂ ਚੋਂ, ਦੇਵੀ ਪੂਜਨੇ ਉਲਟ ਗਵਾਹੀ ਵੇਖੋ
ਆਪ ਹੈਣ ਉਚਾਰਦੇ 'ਬ੍ਰਾਹਮਣਾਂ' ਨੇ, ਲਾਈ ਭੋਲਿਆਂ ਵਾਸਤੇ ਫਾਹੀ ਵੇਖੋ
ਮੰਤਰ ਦੇਣ ਤੇ ਕਹਿਣ ਜ਼ਰੂਰ ਫਲਸੀ, ਛਿੱਲ ਲਾਹਣ ਇਹ ਕੂੜ ਦੇ ਰਾਹੀ ਵੇਖੋ
ਮਹਾਂ ਦੇਵ ਪੈਦਾ ਹੋਸੀ ਕਹਿ ਕਹਿ ਕੇ, 'ਤੀਰ' ਜਾਤ ਮਨੁੱਖ ਦੀ ਫਾਹੀ ਵੇਖੋ

### ਵੱਲੋਂ ਕਵੀ

ਸਿੱਖੋ! ਸੋਚ ਕਰਨੀ, ਕਲਗੀਧਰ ਏਦਾਂ, ਬਾਣੀ ਜਦੋਂ ਕਿ ਆਪ ਉਚਾਰਦੇ ਸੀ
ਦੇਵੀ ਦੇਵਤੇ ਅਤੇ ਬ੍ਰਾਹਮਣਾਂ ਦਾ, ਜੂਲਾ ਜੱਗ ਤੋਂ ਜਦੋਂ ਉਤਾਰਦੇ ਸੀ
ਏਧਰ ਕੂੜ ਕ੍ਰਿਆ ਦੱਸਣ ਬੁੱਤ-ਪੂਜਾ, ਉਧਰ ਕਿਵੇਂ ਦੇਵੀ ਨਿਮਸ਼ਕਾਰਦੇ ਸੀ
'ਤੀਰ' ਕਿਸ ਤਰ੍ਹਾਂ ਭੁੱਲ ਗਏ ਆਪ ਉਹੋ, ਜਿਹੜੇ ਜੱਗ ਦੇ ਭਰਮ ਨਿਵਾਰਦੇ ਸੀ

### ਜ਼ਫ਼ਰਨਾਮੇ ਦੀ ਸ਼ਹਾਦਤ

ਜਦੋਂ ਆਪ ਨੇ ਲਿੱਖਿਆ ਜ਼ਫ਼ਰਨਾਮਾ, ਔਰੰਗਜ਼ੇਬ ਨੂੰ ਏਹ ਫੁਰਮਾਇਆ ਏ
ਮੰਨ ਹੋਰ ਤੇਰਾ ਮੁੱਖ ਹੋਰ ਤੇਰਾ! ਦੂਸ਼ਨ ਪਾਤਸ਼ਾਹ ਤੇ ਏਦਾਂ ਲਾਇਆ ਏ
ਮੈਂ ਤੇ ਬੁੱਤ-ਪੂਜਾ ਵੱਲੋਂ ਹੋੜਦਾ ਹਾਂ, ਤਾਹੀਏਂ ਰਾਜਿਆਂ ਵੈਰ ਵਧਾਇਆ ਏ
'ਤੀਰ' ਕਿਸ ਤਰ੍ਹਾਂ ਮੰਨਿਆ ਫੇਰ ਜਾਵੇ, ਦੇਵੀ ਦੇਵਤਾ ਗੁਰਾਂ ਧਿਆਇਆ ਏ

### ਸਤਿਗੁਰਾਂ ਦੇ ਸਮਕਾਲੀ ਭਾਈ ਨੰਦ ਲਾਲ

ਪ੍ਰੇਮੀ ਸਿੱਖ ਦਾਤਾਰ ਦਾ ਪ੍ਰੇਮ-ਭੌਰਾ, ਸਮੇਂ ਆਪਦੇ ਵਿਚ ਨੰਦ ਲਾਲ ਲੱਭੇ
ਕੀਤੀ ਓਸਨੇ ਆਪ ਦੀ ਖ਼ੂਬ ਮਹਿਮਾ, ਉਹੋ ਜਿਹਾ ਨ ਕਿਤੇ ਕਮਾਲ ਲੱਭੇ
ਗੁਰੂ-ਪ੍ਰੇਮ ਦੀ ਆਰਤੀ ਰਹੇ ਕਰਦੇ, ਦੇਵੀ ਦੇਵਤੇ ਦੇ ਉਲਟ ਹਾਲ ਲੱਭੇ
'ਤੀਰ' ਓਸ ਥਾਂ ਵੀ ਦੇਵੀ ਪੂਜਨੇ ਦਾ, ਨਾ ਨਿਸ਼ਾਨ ਲੱਭੇ ਨਾ ਖ਼ਿਆਲ ਲੱਭੇ

### ਕਵੀ ਸੈਨਾਪਤਿ

ਦੂਜਾ ਆਪ ਦੇ ਸਮੇਂ ਦੇ ਵਿੱਚ ਹੋਇਆ, ਸੈਨਾਪਤਿ ਕਵਿ ਕਵੀ-ਦਰਬਾਰ ਦਾ ਏ
ਉਹਨੇ ਰੱਚਨਾ ਰਚੀ ਏ 'ਗੁਰੂ ਸੋਭਾ', ਵਿਚ ਹਾਲ ਦਸਮੇਸ਼ ਅਵਤਾਰ ਦਾ ਏ
ਉਹਦੇ ਵਿਚ ਵੀ ਨਾ ਕਿਤੇ ਜ਼ਿਕਰ ਆਵੇ, ਦੇਵੀ ਉਹ ਵੀ ਦਿਲੋਂ ਵਿਸਾਰਦਾ ਏ
'ਤੀਰ' ਥਾਂ ਥਾਂ ਤੇ ਸੈਨਾਪਤਿ ਆਖੇ, ਕਲਗੀਧਰ ਮੇਰਾ ਭੁੱਖਾ ਪਿਆਰ ਦਾ ਏ

### ਔਰੰਗਜ਼ੇਬ ਦੇ ਅਖ਼ਬਾਰ ਨਵੀਸ ਦੀ ਲਿਖਤ

ਉਸ ਸਮੇਂ ਅਖ਼ਬਾਰ-ਨਵੀਸ ਸ਼ਾਹੀ, ਔਰੰਗਜ਼ੇਬ ਨੇ ਜਿਹਨੂੰ ਵਡਿਆਇਆ ਏ
ਉਹਨੇ ਖਾਲਸੇ ਦੇ ਸਾਜੇ ਜਾਣ ਵੇਲੇ, ਇਹ ਰਪੋਟ ਲਿਖੀ ਤੇ ਜਤਾਇਆ ਏ
ਕਲਗੀਧਰ ਨੇ ਆਪਣਾ ਪੰਥ ਰਚਿਆ, ਅਤੇ ਇਸ ਤਰ੍ਹਾਂ ਉਹਨੂੰ ਫ਼ੁਰਮਾਇਆ ਏ
'ਛਡੋ ਗੰਗਾ ਗੁਦਾਵਰੀ ਤੀਰਥਾਂ ਨੂੰ, ਭਲਾ ਇਨ੍ਹਾਂ ਦੇ ਵਿਚ ਕੀ ਪਾਇਆ ਏ
ਦੇਵੀ ਦੇਵਤਾ ਕੋਈ ਨਾ ਸਿੱਖ ਪੂਜੇ, ਇਹ ਤੇ ਓਸ ਕਰਤਾਰ ਦੀ ਮਾਇਆ ਏ'
'ਤੀਰ' ਹੁੰਦੇ ਸ਼ਹਾਦਤਾਂ ਏਨੀਆਂ ਦੇ, ਲੋਕਾਂ ਅਜੇ ਨਾ ਭਰਮ ਮਿਟਾਇਆ ਏ

### ਮੁਨਸ਼ੀ ਸੁਜਾਨ ਰਾਇ ਦੀ ਲਿਖਤ

ਏਸੇ ਸਮੇਂ ਹੀ ਮੁਨਸ਼ੀ ਸੁਜਾਨ ਰਾਇ, ਹਾਲ ਸਮੇਂ ਦਾ ਲਿੱਖ ਲਿਖਵਾ ਰਿਹਾ ਸੀ
ਜਿਹੜੇ ਸਮੇਂ ਨੇ ਦੱਸਦੇ ਕਈ ਭੋਲੇ, ਦੇਵੀ ਲਈ ਕੀਤਾ ਹਵਨ ਜਾ ਰਿਹਾ ਸੀ
ਉਹਨੇ ਗੁਰੂ ਘਰ ਦੀ ਲਿਖੀ ਕੁੱਝ ਚਰਚਾ, ਉਸ ਸਮੇਂ ਜੋ ਜੋ ਨਿਗ੍ਹਾ ਆ ਰਿਹਾ ਸੀ
ਦੇਵੀ ਪੂਜਨੇ ਦਾ ਕੀਤਾ ਜ਼ਿਕਰ ਨਾਹੀਂ, 'ਤੀਰ' ਉਹ ਤਾਂ ਇਉਂ ਜਤਲਾ ਰਿਹਾ ਸੀ

### ਸਿੱਖਾਂ ਤੇ ਸਿੱਖ ਗੁਰੂਆਂ ਬਾਬਤ ਸੁਜਾਨ ਰਾਇ ਦੀ ਰਾਏ

ਨਾਨਕ ਗੁਰੂ ਤੇ ਗੱਦੀ ਨਸ਼ੀਨ ਬਾਕੀ, ਕੇਵਲ ਈਸ਼ਵਰ ਇੱਕ ਧਿਆਂਵਦੇ ਨੇ
ਬਾਣੀ ਗੁਰੂ ਤੇ ਗੁਰੂ ਨੂੰ ਕਹਿਣ ਬਾਣੀ, ਬਾਣੀ ਸਦਾ ਪ੍ਰੇਮ ਵਿਚ ਗਾਂਵਦੇ ਨੇ
ਬਿਨਾਂ ਰੱਬ ਦੇ ਕਿਸੇ ਵੀ ਹੋਰ ਅੱਗੇ, ਕਦੇ ਭੁੱਲ ਨਾ ਸੀਸ ਨਿਵਾਂਵਦੇ ਨੇ
'ਤੀਰ' ਇਹ ਪਰਤੱਖ ਸਬੂਤ ਹੁੰਦੇ, ਲੋਕੀਂ ਔਝੜੇ ਫੇਰ ਕਿਉਂ ਜਾਂਵਦੇ ਨੇ

### ਰਹਿਤਨਾਮੇ ਇਸ ਬਾਬਤ ਕੀ ਕਹਿੰਦੇ ਹਨ

ਲਿਖੇ ਰਹਿਤ-ਨਾਮੇ ਨਿਕਟ ਵਰਤੀਆਂ ਦੇ, ਦੇਵੀ ਦੇਵਤੇ ਪੂਜਣੋਂ ਰੋਕ ਰਹੇ ਨੇ
ਸਿੱਖ ਹੋ ਜੋ ਦੇਵੀਆਂ ਪੂਜਦੇ ਨੇ, ਥੱਪੜ ਉਨ੍ਹਾਂ ਦੇ ਮੂੰਹ ਤੇ ਠੋਕ ਰਹੇ ਨੇ
ਭੁੱਲੇ ਲੋਕ ਨਾ ਅਜੇ ਵੀ ਬਾਜ਼ ਆਵਣ, ਹੋੜ ਏਸ ਰਾਹੋਂ ਦਾਨੇ ਲੋਕ ਰਹੇ ਨੇ
ਕਈ ਸਿੱਖ ਵੀ ਵਾਂਙ ਕਿਸਾਨ ਅੰਨ੍ਹੇ, 'ਤੀਰ' ਰੜੇ ਉੱਤੇ ਚਿੜੀਆਂ ਹੋਕ ਰਹੇ ਨੇ

### ਮਹਿਮਾ ਪ੍ਰਕਾਸ਼ ਨਾਮ ਦੇ ਗ੍ਰੰਥ

ਏਸ ਨਾਮ ਦੇ ਦੋ ਗ੍ਰੰਥ ਸਮਝੋ, ਹੈਣ ਦਸਦੇ ਗਏ ਬਣਾਏ ਵੇਖੋ
ਖ਼ੂਬ ਮਹਿਮਾ ਪ੍ਰਕਾਸ਼ ਦਾ ਨਾਮ ਧਰ ਕੇ, ਟੁੱਲੇ ਚਾਲ ਚਲਾਕੀ ਦੇ ਲਾਏ ਵੇਖੋ
ਕਿਸੇ ਗਰਜ਼ ਨੂੰ ਰੱਖ ਕੇ ਅੱਖ ਅੰਦਰ, ਉਲਟ-ਪੁਲਟ ਖ਼ਿਆਲ ਲਿਖਾਏ ਵੇਖੋ
ਕਿਤੇ ਲਿੱਖ ਪਹਿਲੇ ਐਵੇਂ ਇੱਕ ਫਿਕਰਾ, 'ਤੀਰ' ਖੰਭਾਂ ਦੇ ਡਾਰ ਵਧਾਏ ਵੇਖੋ

## ਪਹਿਲੇ ਮਹਿਮਾ ਪ੍ਰਕਾਸ਼ ਵਿਚ ਕੀ ਲਿਖਿਆ ਹੈ

ਵੇਖੋ ਲਿਖਿਆ ਮਹਿਮਾ ਪ੍ਰਕਾਸ਼ ਅੰਦਰ, ਪਹਿਲੇ ਸਮੇਂ ਜੋ ਗਿਆ ਬਣਾਇਆ ਏ
ਗੁਰਾਂ ਖਾਲਸਾ ਫੇਰ ਸਜਾਇਆ ਏ, ਪਹਿਲੇ ਯੱਗ ਤੇ ਹੋਮ ਕਰਵਾਇਆ ਏ
ਏਸ ਜੱਗ ਤੇ ਹੋਮ ਦੀ ਗੱਲ ਨੇ ਹੀ, ਆ ਕੇ ਆਪਣਾ ਆਪ ਫੈਲਾਇਆ ਏ
'ਤੀਰ' ਇਸ ਤਰ੍ਹਾਂ ਜਾਣ ਲਓ ਚਤਰ ਲੋਕਾਂ, ਵਿਚ ਸੱਚ ਦੇ ਕੂੜ ਰਲਾਇਆ ਏ

## ਦੂਜਾ ਮਹਿਮਾ ਪ੍ਰਕਾਸ਼

ਏਸੇ ਨਾਮ ਦਾ ਹੋਰ ਗ੍ਰੰਥ ਦੂਜਾ, ਪਿੱਛੋਂ ਬਾਵੇ ਸਰੂਪ ਤਿਆਰ ਕੀਤਾ
ਵੇਖ ਯੱਗ ਤੇ ਹੋਮ ਦੀ ਲਿਖਤ ਤਾਈਂ, ਦੇਵੀ ਪੂਜਨੇ ਦਾ ਵਿੱਸਥਾਰ ਕੀਤਾ
ਬਾਬਾ, ਦਿਲ ਤੋਂ ਆਪ ਸਨਾਤਨੀ ਸੀ, ਏਸੇ ਲਈ ਉਸਨੇ ਇਹ ਵਿਹਾਰ ਕੀਤਾ
'ਤੀਰ' ਕੂੜ ਦੇ ਖੜੇ ਪਹਾੜ ਕੀਤੇ, ਦੇਵੀ ਪੂਜਾ ਦਾ ਓਸ ਪਰਚਾਰ ਕੀਤਾ

## ਸਾਰੀ ਵਿਚਾਰ ਦਾ ਸਿਧਾਂਤ (ਵੱਲੋਂ ਕਵੀ)

ਸਿੱਟਾ ਇਹ ਕਿ ਗਈ ਇਹ ਗੱਪ ਮਾਰੀ, ਸ੍ਰੀ ਗੁਰੂ ਦਸਮੇਸ਼ ਮਨਾਈ ਦੇਵੀ
ਪਿੱਛੋਂ ਲਿੱਖ ਦਿੱਤੀ ਭੋਲੇ ਲੇਖਕਾਂ ਨੇ, ਝੂਠ-ਮੂਠ ਦੀ ਚੁੱਕ ਬਣਾਈ ਦੇਵੀ
ਕਿਸੇ ਚਾਰ ਬਾਂਹਾਂ ਵਾਲੀ ਆਖ ਛੱਡੀ, ਕਿਸੇ ਹੋਰ ਹੀ ਤਰ੍ਹਾਂ ਵਿਖਾਈ ਦੇਵੀ
'ਤੀਰ' ਦੇਵੀ ਦਾਤਾਰ ਨੂੰ ਪੂਜਦੀ ਸੀ, ਕਦੇ ਗੁਰਾਂ ਨੇ ਨਹੀਂ ਧਿਆਈ ਦੇਵੀ

## ਫੇਰ

ਅਸਲ ਵਿਚ ਇਹ ਬਾਵੇ ਸਰੂਪ ਨੇ ਹੀ, ਲਈਆਂ ਲਾ ਅਕਾਸ਼ ਨੂੰ ਟਾਕੀਆਂ ਨੇ
ਘੜ ਗੱਲ ਦਾ ਲਿਆ ਗਲੈਣ ਐਵੇਂ, ਬੰਨ੍ਹ ਦੱਸੀਆਂ ਨਾਟਕੀ ਝਾਕੀਆਂ ਨੇ
ਇੱਕੋ ਗਰਜ਼ ਦੀ ਭਰੀ ਸ਼ਰਾਬ ਸਮਝੋ, ਚਤਰ ਮਨੂੰ ਮਹਾਰਾਜ ਦੇ ਸਾਕੀਆਂ ਨੇ
ਪਿੱਛੋਂ ਮੱਖੀਆਂ 'ਤੇ ਮੱਖੀ ਗਏ ਮਾਰੀ, ਕੀਤੀ ਸੋਚ-ਵਿਚਾਰ ਨਾ ਬਾਕੀਆਂ ਨੇ
ਕਿਸੇ ਕੁੱਝ ਵੀ ਸੋਚਿਆ ਵੇਖਿਆ ਨਾ, ਬੰਦ ਕੀਤੀਆਂ ਅੱਖੀਆਂ ਤਾਕੀਆਂ ਨੇ
'ਤੀਰ' ਭੋਲਿਆਂ ਵਿਚ ਇਹ ਚੱਲ ਗਈਆਂ, ਏਸੇ ਵਾਸਤੇ ਚਤਰ-ਚਲਾਕੀਆਂ ਨੇ

## ਕਵੀ ਵੱਲੋਂ ਵਿਚਾਰ

ਪਹਿਲੇ ਮੰਨਿਆ ਸੱਭ ਲਿਖਾਰੀਆਂ ਨੇ, ਗੁਰੂ ਘਰ ਦੀ ਏ ਤਾਬੇਦਾਰ ਦੇਵੀ
ਲਹਿਣੇ ਸੀ ਵੇਖੀ, ਗੁਰੂ ਘਰ ਆ ਕੇ, ਝਾੜੂ ਫੇਰਦੀ ਨਾਲ ਸਤਕਾਰ ਦੇਵੀ
ਰੋਜ਼ ਆਂਵਦੀ ਸੀ ਪਾਸ ਸਤਿਗੁਰਾਂ ਦੇ, ਕਰਨ ਵਾਸਤੇ, ਆਪ ਦੀਦਾਰ ਦੇਵੀ
ਫੇਰ 'ਤੀਰ' ਕਿਉਂ ਆਖਦੇ ਹੈਣ ਇਹੋ, ਪੂਜੀ ਲੋੜ ਲਈ ਦਸਮ ਦਤਾਰ ਦੇਵੀ

## ਐਸੇ ਲਿਖਾਰੀ (ਵੱਲੋਂ ਕਵੀ)

ਅੱਗੇ ਦੌੜ ਕੀਤਾ ਪਿੱਛਾ ਚੌੜ ਏਦਾਂ, ਸਾਰੇ ਲਿਖਦਿਆਂ ਗਏ ਨੇ ਭੁੱਲ ਸਮਝੋ
ਇਕੇ ਗ਼ਰਜ਼ ਦੇ ਏਨ੍ਹਾਂ ਵਪਾਰੀਆਂ ਨੇ, ਵੱਟ ਲਿਆ ਜ਼ਮੀਰ ਦਾ ਮੁੱਲ ਸਮਝੋ
ਇਕੇ ਪਰਖਿਆ ਸੱਚ ਨਾ ਕਿਸੇ ਨੇ ਵੀ, ਬੰਨ੍ਹੀ ਗਏ ਨੇ ਕੂੜ ਦੇ ਪੁੱਲ ਸਮਝੋ
ਇਕੇ ਲਿੱਖ ਕੇ ਵਾਂਗ ਅੰਞਾਣਿਆਂ ਦੇ, ਲਾਈ ਗਏ ਨੇ ਆਪਣੇ ਟੁੱਲ ਸਮਝੋ
ਇਕੇ ਵੇਖ ਨਹੀਂ ਗੁਰੂ ਦਾ ਮੱਤ ਸੱਕੇ, ਦੀਵੇ ਅਕਲ ਵਾਲੇ ਹੋਏ ਗੁੱਲ ਸਮਝੋ
ਇਕੇ ਸਿੱਖ ਤਾਰੀਖ਼ ਦੇ ਦੁੱਧ ਅੰਦਰ, ਗਈ ਕਿਸੇ ਹੱਥੋਂ ਕਾਂਜੀ ਘੁੱਲ ਸਮਝੋ
ਇਕੇ ਆਪ ਹੁਦਰੇ ਕਿਸੇ, ਸੱਚ ਅੰਦਰ, ਲੀਤੀ ਕੂੜ ਰਲਾਣ ਦੀ ਖੁੱਲ੍ਹ ਸਮਝੋ
ਕਿਸੇ ਠੱਗ ਬਨਾਰਸੀ ਚੱਲ ਚਾਲਾਂ, ਚਾਹੀ ਠੱਗਣੀ ਗੁਰੂ ਦੀ ਕੁੱਲ ਸਮਝੋ
ਇਕੇ ਕਿਸੇ ਦੇ ਲੋਭ ਦੇ ਗੁੜ ਉਤੇ, ਗਈ ਅਕਲ-ਮੱਖੀ ਕਿਤੇ ਰੁੱਲ ਸਮਝੋ
'ਤੀਰ' ਇਹ ਸਾਖੀ ਦੇਵੀ ਪੂਜਣੇ ਦੀ, ਕੂੜੀ ਜਾਣ ਲਓ ਮਿੱਟੀ ਦੇ ਤੁੱਲ ਸਮਝੋ

## ਵੱਲੋਂ ਕਵੀ

ਉਹੋ ਦੇਵੀਆਂ ਦੇਵਤੇ ਸਨ ਭਾਈਓ, ਜਿਹਨਾਂ ਸੁਣੀ ਦੁਹਾਈ ਨਾ ਹਿੰਦੂਆਂ ਦੀ
ਔਰੰਗਜ਼ੇਬ ਦੇ ਸ਼ਰ੍ਹਾ ਤੇ ਹੁਕਮ ਕੋਲੋਂ, ਜਿੰਦ ਆਣ ਛੁਡਾਈ ਨਾ ਹਿੰਦੂਆਂ ਦੀ
ਹਾੜੇ ਕਰਦਿਆਂ ਵਾਸਤੇ ਪਾਂਦਿਆਂ ਦੀ, ਮੂਲ ਪੱਤ ਬਚਾਈ ਨਾ ਹਿੰਦੂਆਂ ਦੀ
'ਤੀਰ' ਲੁੱਕ ਲਾਟਾਂ ਵਾਲੀ ਗਈ ਓਦੋਂ, ਉਹਨੇ ਜੋਤ ਜਗਾਈ ਨਾ ਹਿੰਦੂਆਂ ਦੀ

## ਫੇਰ

ਦੇਵੀ ਓਹ ਕੀ ਸਤਿਗੁਰਾਂ ਪੂਜਣੀ ਸੀ, ਕਰਾਮਾਤ ਨਾ ਜਿਹੜੀ ਵਿਖਾ ਸੱਕੀ
ਉਹਦੀ ਜੋਤ ਕੀ ਗੁਰਾਂ ਜਗਾਵਣੀ ਸੀ, ਜੋ ਨਾ ਆਪਣੀ ਜੋਤ ਜਗਾ ਸੱਕੀ
ਉਹਨੇ ਹਿੰਦ ਨੂੰ ਕੀ ਬਚਾਵਣਾ ਸੀ, ਜੋ ਨ ਆਪਣੀ ਜਿੰਦ ਬਚਾ ਸੱਕੀ
'ਤੀਰ' ਕੰਮ ਕੀ ਓਸਨੇ ਆਵਣਾ ਸੀ, ਜਿਹੜੀ ਹਿੰਦ ਦੇ ਕੰਮ ਨਾ ਆ ਸੱਕੀ

## ਫੇਰ

ਏਸ ਲਈ ਅਕਾਲ ਦੇ ਸੇਵਕਾਂ ਨੂੰ, ਚੇਤੇ ਰੱਖਣਾ ਸਦਾ ਅਕਾਲ ਚਾਹੀਏ
ਦੇਵੀ ਦੇਵਤੇ ਹੈਣ ਦਰਬਾਨ ਜਿਸਦੇ, ਪ੍ਰੇਮ ਪਾਵਣਾ ਓਸਦੇ ਨਾਲ ਚਾਹੀਏ
ਪਾਏ ਪੰਥ ਉਤੇ ਜੋ ਪਖੰਡੀਆਂ ਨੇ, ਦੇਣੇ ਤੋੜ ਓਹ ਕੂੜ ਦੇ ਜਾਲ ਚਾਹੀਏ
ਇੱਕੋ ਟੇਕ ਹੋਵੇ, ਜਾਪ ਇੱਕ ਦਾ ਈ, ਦੇਣੀ ਛੱਡ ਦੂਈ ਵਾਲੀ ਚਾਲ ਚਾਹੀਏ
ਗੁਰੂ ਇੱਕ ਅਕਾਲ ਨੂੰ ਪੂਜਦੇ ਸੀ, ਤੇ ਅਕਾਲ ਹੀ ਸਿੱਖ ਦੀ ਢਾਲ ਚਾਹੀਏ
ਵਾਂਙ ਦਾਨਿਆਂ ਦੇ ਜਦੋਂ ਪਵੇ ਗੁੰਝਲ, ਲੈਣੀ ਖੋਲ੍ਹ ਪਛਾਣ ਪੜਤਾਲ ਚਾਹੀਏ

ਅੰਨ੍ਹੇਵਾਹ ਐਵੇਂ ਪਿੱਛੇ, ਅੰਨ੍ਹਿਆਂ ਦੇ, ਖੂਹ ਵਿੱਚ ਨਾ ਮਾਰਨੀ ਛਾਲ ਚਾਹੀਏ
ਸੱਚੇ ਸਿੱਖ ਨੂੰ ਰੱਬ ਦੇ ਮੇਲ ਖ਼ਾਤਰ, ਗੁਰੂ ਬਾਝ ਨਾ ਹੋਰ ਦਲਾਲ ਚਾਹੀਏ
ਝੂਠਾ ਦੇਵੀਆਂ ਦੇਵਤੇ ਪੂਜਣੇ ਦਾ, ਕੱਢ ਛੱਡਣਾ ਦਿਲੋਂ ਖ਼ਿਆਲ ਚਾਹੀਏ
ਹਰ ਹਾਲ ਅੰਦਰ ਰਚਨਹਾਰ ਤਾਈਂ, ਸਦਾ ਦੱਸਣਾ ਆਪਣਾ ਹਾਲ ਚਾਹੀਏ
ਰੱਬ ਇਸ਼ਟ ਜਿਸਦਾ ਉਹਨੂੰ ਜੱਗ ਅੰਦਰ, ਕੋਈ ਹੋਰ ਨਾ ਪੱਜ ਪਲਾਲ ਚਾਹੀਏ
'ਤੀਰ' ਸ੍ਰੀ ਦਸਮੇਸ਼ ਦੇ ਸਿੱਖ ਹੋ ਕੇ, ਰੱਬੀ ਜੋਤ ਦੀ ਹੀ ਕਰਨੀ ਭਾਲ ਚਾਹੀਏ

*ਫੇਰ ਵੱਲੋਂ ਕਵੀ*

ਸਿੱਖੀ ਵਿਚ ਉਹ ਸਿੱਖ ਨਾ ਮੂਲ ਪੂਰਾ, ਜਿਹੜਾ ਦੇਵੀਆਂ ਦੇਵ ਧਿਆਂਵਦਾ ਏ
ਪਾਣੀ ਰਿੜਕਦਾ ਹੈ ਦਿਨੇ-ਰਾਤ ਰਹਿੰਦਾ, ਜਿਹੜਾ ਪਿੱਪਲਾਂ ਨੂੰ ਪਾਣੀ ਪਾਂਵਦਾ ਏ
ਪੁੱਗੇ ਕਦੇ ਨਾ ਓਸਦੀ ਮੂਲ ਆਸਾ, ਗੁੱਗੇ ਮੜ੍ਹੀ ਵੱਲੇ ਜਿਹੜਾ ਜਾਂਵਦਾ ਏ
ਉਹਦੇ ਦਿਲ ਵਾਲੀ ਜੋਤ ਬੁੱਝ ਜਾਂਦੀ, ਜਿਹੜਾ ਮੰਦਰੀਂ ਜੋਤ ਜਗਾਂਵਦਾ ਏ
ਸਦਾ ਓਸਦੇ ਨੇ ਪੈਂਦੇ ਤਿੰਨ ਕਾਣੇ, ਜਿਹੜਾ ਬੇਰ ਨੂੰ ਘੁੰਡਣੀ ਲਾਂਵਦਾ ਏ
ਕਦੇ ਦਿਲੀ ਮੁਰਾਦ ਉਹ ਪਾਂਵਦਾ ਨਾ, ਜਿਹੜਾ ਵਰਤ ਸਰਾਧ ਮਨਾਂਵਦਾ ਏ
ਉਹਨੂੰ ਪ੍ਰੇਮ-ਖੁਮਾਰ ਨਾ ਕਦੇ ਆਵੇ, ਜਿਹੜਾ ਕੱਚੀਆਂ ਬਾਣੀਆਂ ਗਾਂਵਦਾ ਏ
ਗੁਰੂ ਦੱਸਵਾਂ ਏਦਾਂ ਦੇ ਸਿੱਖ ਤਾਈਂ, ਲੇਖੇ ਵਿਚ ਨਾ 'ਤੀਰ' ਲਿਆਂਵਦਾ ਏ

*ਚੌਥੇ ਸਾਹਿਬਜ਼ਾਦੇ ਫ਼ਤਹਿ ਸਿੰਘ ਦਾ ਜਨਮ (ਵੱਲੋਂ ਕਵੀ)*

ਇਨ੍ਹੀਂ ਦਿਨੀਂ ਹੀ ਪੁਰੀ ਅਨੰਦ ਅੰਦਰ, ਨਵੇਂ ਰੰਗ ਦਾ ਨਵਾਂ ਅਨੰਦ ਹੋਇਆ
ਜੋੜੀ ਜੁੜੀ ਦੂਜੀ ਸਾਹਿਬਜ਼ਾਦਿਆਂ ਦੀ, ਜੀਤੋ ਜੀ ਦੇ ਹੋਰ ਫ਼ਰਜ਼ੰਦ ਹੋਇਆ
ਦਾਨ ਆਜਜ਼ਾਂ ਨੂੰ ਵੰਡੇ ਗਏ ਖੁੱਲ੍ਹੇ, ਗੁਰੂ ਘਰ ਦਾ ਮਾਣ ਬੁਲੰਦ ਹੋਇਆ
'ਤੀਰ' ਨਾਮ ਉਹਦਾ ਫ਼ਤਹਿ ਸਿੰਘ ਧਰਿਆ, ਜਾਨੀ-ਜਾਣ ਜੀ ਦਾ ਚੌਥਾ ਚੰਦ ਹੋਇਆ

*ਦਸਮੇਸ਼ ਜੀ ਡੂੰਘੀਆਂ ਵਿਚਾਰਾਂ ਵਿਚ (ਵੱਲੋਂ ਕਵੀ)*

ਚੋਜੀ ਗੁਰੂ ਦਸਮੇਸ਼ ਜੀ ਦਿਨੇ ਰਾਤੀਂ, ਦਿਲ ਨਾਲ ਸੀ ਇਉਂ ਵਿਚਾਰ ਕਰਦੇ
ਕਹਿਣ ਦਿੱਲ ਤਾਈਂ ਦਿਲਾ! ਵੇਖਦਾ ਏਂ? ਦੀਨ ਦੁਖੀ ਨੇ ਪਏ ਪੁਕਾਰ ਕਰਦੇ
ਮਾਰੇ ਡਰ ਦੇ ਪਏ ਮਜ਼ਲੂਮ ਰੋਂਦੇ ਪੱਥਰ-ਚਿੱਤ ਹੋ ਹੋ ਜ਼ਾਲਮ ਵਾਰ ਕਰਦੇ
ਡਾਢੀ ਅੱਤ ਚੁੱਕੀ ਸ਼ਰ੍ਹਾ ਵਾਲਿਆਂ ਨੇ, ਪਏ ਹੈਣ ਅਨਿਆਂ ਦੀ ਕਾਰ ਕਰਦੇ
ਬੰਦੇ ਰੱਬ ਦੇ, ਹੋ ਕੇ ਲਹੂ ਪੀਣੇ, ਇਰਦ-ਗਿਰਦ ਫਿਰਦੇ ਮਾਰੋ-ਮਾਰ ਕਰਦੇ
ਬੱਝਾ ਸੰਗਲਾਂ ਵਿੱਚ ਹੈ ਦੇਸ਼ ਸਾਰਾ, ਵਾਸੀ ਏਸ ਦੇ ਮੂਲ ਨ ਸਾਰ ਕਰਦੇ
ਆਪੋ ਵਿਚ ਰੱਖਣ ਖੋਰ ਸੰਢਿਆਂ ਦਾ, ਵੀਰ ਵੀਰਨਾਂ ਨਾਲ ਨੇ ਖ਼ਾਰ ਕਰਦੇ

ਜਿਨ੍ਹਾਂ ਇਨ੍ਹਾਂ ਦਾ ਦੇਸ਼ ਗੁਲਾਮ ਕੀਤਾ, ਉਨ੍ਹਾਂ ਨਾਲ ਨੇ ਦਿਲੋਂ ਪਿਆਰ ਕਰਦੇ
ਸੰਗਲ ਦੇਸ਼ ਦੇ ਕੱਟਣਾ ਚਾਂਵ੍ਹਦਾ ਜੋ, ਹਰ ਪਾਸਿਓਂ ਉਹਨੂੰ ਲਾਚਾਰ ਕਰਦੇ
ਰੱਬ ਭੁੱਲਿਆ ਭੋਲਿਆਂ ਬੰਦਿਆਂ ਨੂੰ, ਪਏ ਆਪਣਾ ਆਪ ਖਵਾਰ ਕਰਦੇ
ਵੈਰੀ ਉਨ੍ਹਾਂ ਨੂੰ ਜਾਣਦੇ ਹਿੰਦ ਵਾਸੀ, ਜਿਹੜੇ ਹਿੰਦ ਦਾ ਹੋਣ ਉਧਾਰ ਕਰਦੇ
ਭਾਰ ਉਨ੍ਹਾਂ ਦੇ ਵਾਸਤੇ ਬਣਨ ਭਾਰਾ, ਜਿਹੜੇ ਦੁੱਖ ਸਹਿ ਕੇ ਹੌਲਾ ਭਾਰ ਕਰਦੇ
ਦੇਸ਼ ਅੱਜ ਹੈ ਮੌਤ ਦੇ ਮੂੰਹ ਆਇਆ, ਅਜੇ ਇਹ ਪਏ ਨੇ ਇੰਤਜ਼ਾਰ ਕਰਦੇ
ਵੇਖੋ ਘੁੰਮਣਾਂ ਵਿਚ ਪੈ ਡੋਲਦਾ ਏ, ਬੇੜਾ ਦੇਸ਼ ਦਾ 'ਤੀਰ' ਨਹੀਂ ਪਾਰ ਕਰਦੇ

### *ਫੇਰ ਸੋਚਦੇ ਹਨ*

ਜਿਹੜੀ ਵੱਲ ਮੈਂ ਨਿਗ੍ਹਾ ਦੁੜਾਂਵਦਾ ਹਾਂ, ਮੱਚੀ ਦਿੱਸਦੀ ਹਾਲ ਦੁਹਾਈ ਓਧਰ
ਬੰਦੇ ਬੱਕਰੇ ਵਾਂਗਰਾਂ ਕੁੱਸ ਰਹੇ ਨੇ, ਤਰਸ ਖਾਣ ਨਾ ਮੂਲ ਕਸਾਈ ਓਧਰ
ਇਧਰ ਦੇਸ਼-ਵਾਸੀ ਬਣੇ ਦੇਸ਼-ਵੈਰੀ, ਤੇਗ ਰਾਜ ਦੀ ਰੱਤ ਤ੍ਰਿਹਾਈ ਓਧਰ
ਇਧਰ ਕਿਸੇ ਦੇ ਵਿੱਚ ਨਾ ਅਣਖ ਬਾਕੀ, ਨਿੱਤ ਹੋਂਵਦੀ ਜ਼ੋਰ ਅਜ਼ਮਾਈ ਓਧਰ
ਇਧਰ ਛੱਟ ਗ਼ੁਲਾਮੀ ਦੀ ਫਿਰਨ ਚੁੱਕੀ, ਹੋਰ ਜਾਂਵਦੇ ਭਾਰ ਵਧਾਈ ਓਧਰ
ਇਧਰ ਹੋ ਗਾਫ਼ਲ ਸੁੱਤੇ ਹਿੰਦ ਵਾਸੀ, ਨਵੀਂ ਜਾਂਵਦੇ ਕਲਹਿ ਜਗਾਈ ਓਧਰ
ਇਧਰ ਲਹੂ ਚਿੱਟਾ ਵੇਖੋ ਹਿੰਦੀਆਂ ਦਾ, ਜ਼ਾਲਮ ਜਾਂਵਦੇ ਖ਼ੂਨ ਵਹਾਈ ਓਧਰ
ਇਧਰ ਅਣਖ ਤਾਈਂ ਚੁਲੀ ਪਾ ਬੈਠੇ, ਹੱਦੋਂ ਵਧ ਚੁੱਕੀ ਬੇਹਯਾਈ ਓਧਰ
ਇਧਰ ਚੜ੍ਹੇ ਨਾ ਦਿਨ ਸ਼ਹੀਦੀਆਂ ਦਾ, ਘਟਾ ਜ਼ੁਲਮ ਅਨ੍ਹੇਰ ਦੀ ਛਾਈ ਓਧਰ
ਇਧਰ ਮਾਰ ਢਾਹਾਂ ਦੁਖੀ ਦੀਨ ਰੋਂਦੇ, ਦੀਨ ਵਾਸਤੇ ਧੁੰਨ ਸਮਾਈ ਓਧਰ
ਇਧਰ ਨੱਚਦੀ ਮੌਤ ਬੇ-ਦੋਸ਼ਿਆਂ ਦੀ, ਸ਼ਰ੍ਹਾ ਆਪਣੇ ਜ਼ੋਰ ਵਿਚ ਆਈ ਓਧਰ
ਢਾਹਾਂ ਮਾਰਦੀ ਦਿੱਸੇ ਲੁਕਾਈ ਏਧਰ, ਵੱਧ ਵੱਧ ਕੇ ਜਾਣ ਰੁਵਾਈ ਓਧਰ
ਪਈ ਦਰਦ ਦੀ ਲੋੜ ਦਵਾਈ ਏਧਰ, ਨਹੀਂ ਜਾਣਦੇ ਪੀੜ ਪਰਾਈ ਓਧਰ
ਊਚ-ਨੀਚ ਦੀ ਪਈ ਹੈ ਖਾਈ ਏਧਰ, ਜ਼ੁਲਮ ਜ਼ੋਰ ਨੇ ਧੁੰਮ ਮਚਾਈ ਓਧਰ
ਪਈ ਕੂਕਦੀ ਖਲਕ ਸਤਾਈ ਏਧਰ, ਰੱਤ ਮੰਗਦੇ ਹੈਣ ਕਸਾਈ ਓਧਰ
'ਤੀਰ' ਏਸ ਪਾਸੇ ਤਾਂ ਸੁਧਾਰ ਸੱਦੇ, ਵਾਜਾਂ ਮਾਰਦੀ ਪਈ ਲੜਾਈ ਓਧਰ

### *ਪਹਿਲੇ ਕੀ ਕੀਤਾ ਜਾਵੇ? ਮਹਾਰਾਜ ਸੋਚਦੇ ਹਨ*

ਸਦਾ ਸੋਚਦੇ ਗੁਰੂ ਗੰਭੀਰ ਹੋ ਕੇ, ਕਿਹੜੇ ਢੰਗ ਦੀ ਬਣਤ ਬਣਾਈ ਜਾਵੇ
ਪਹਿਲੇ ਸ਼ੁਰੂ ਸੁਧਾਰ ਦੀ ਲਹਿਰ ਹੋਵੇ, ਦੇਸ਼ ਲਈ ਜਾਂ ਤੇਗ ਉਠਾਈ ਜਾਵੇ
ਛੂਤ-ਛਾਤ ਦੀ ਹੋਂਦ ਮਿਟਾਈ ਜਾਵੇ, ਛੇੜੀ ਜਾਂ ਪਹਿਲੇ ਹੀ ਲੜਾਈ ਜਾਵੇ
ਪਹਿਲੇ ਏਕਤਾ ਦਾ ਕੋਈ ਹੋਏ ਹੀਲਾ, ਜਾਂ ਕਿ ਦੇਸ਼ ਲਈ ਤੇਗ ਚਲਾਈ ਜਾਵੇ

ਵੰਡ ਦੂਰ ਹੋਵੇ ਊਚ-ਨੀਚ ਵਾਲੀ, ਪਹਿਲੇ ਕੱਢ ਜਾਂ ਤੇਗ਼ ਚਮਕਾਈ ਜਾਵੇ
'ਤੀਰ' ਦੇਸ਼ ਦਾ ਕਿਵੇਂ ਸੁਧਾਰ ਹੋਵੇ, ਕਿਵੇਂ ਦੇਸ਼ 'ਚੋਂ ਨਿਕਲ ਬੁਰਿਆਈ ਜਾਵੇ

### ਦਸਮੇਸ਼ ਗੁਰੂ ਜੀ ਦਿਲੀ-ਦਰਦ ਵਿਚ ਭਰ ਕੇ ਆਖਦੇ ਹਨ

ਮੇਰੀ ਚਾਹ ਹੈ ਇਹੋ ਕਰਤਾਰ ਮੇਰੇ! ਜ਼ੁਲਮ ਕਰਨ ਵਾਲਾ ਹੁਕਮਰਾਨ ਨਾ ਰਹੇ
ਜਿਹੜੀ ਤੇਗ਼ ਮਜ਼ਲੂਮ 'ਤੇ ਜ਼ੁਲਮ ਕਰਦੀ, ਟੁੱਟ ਜਾਏ ਉਹ ਸਣੇ ਮਿਆਨ ਨਾ ਰਹੇ
ਊਚ-ਨੀਚ ਦਾ ਵਿਤਕਰਾ ਪਾਏ ਜਿਹੜਾ, ਜੱਗ ਵਿੱਚ ਐਸਾ ਖ਼ਾਨਦਾਨ ਨਾ ਰਹੇ
ਜ਼ੁਲਮ ਕਰਨ ਦਾ ਨਿੱਤ ਜੋ ਹੁਕਮ ਦੇਵੇ, ਐਸੀ ਮੂੰਹ ਦੇ ਸਣੇ ਜ਼ਬਾਨ ਨਾ ਰਹੇ
ਜਿਥੇ ਵਿੱਕਦਾ ਸਦਾ ਪਖੰਡ-ਸੌਦਾ, ਐਸੇ ਮਜ਼੍ਹਬ ਦੀ ਖੁੱਲ੍ਹੀ ਦੁਕਾਨ ਨਾ ਰਹੇ
ਜਿਹੜਾ ਬੰਦਿਆਂ ਤੋਂ ਬੰਦੇ ਕਰੇ ਨੀਵੇਂ, ਚਾਲੂ ਜੱਗ ਦਾ ਉਹ ਗਿਆਨ ਨਾ ਰਹੇ
ਜਿਹਦੇ ਹੱਥੋਂ ਬਿ-ਦੋਸ਼ ਦਾ ਲਹੂ ਡੁਲ੍ਹੇ, ਜੱਗ ਵਿਚ ਉਹ ਨੀਚ ਸ਼ੈਤਾਨ ਨਾ ਰਹੇ
ਮੇਰੇ ਦੇਸ਼ ਅੰਦਰ ਫੁੱਟ ਪਾਏ ਜਿਹੜਾ, ਜਾਵੇ ਟੁੱਟ ਉਸਦੀ ਸ਼ਾਹੀ ਸ਼ਾਨ ਨਾ ਰਹੇ
ਮੈਂ ਪਰਸੰਨ ਹਾਂ ਦੇਸ਼ ਦੇ ਭਲੇ ਖ਼ਾਤਰ, ਜਾਵੇ ਲੱਗ ਜੇ ਮੇਰੀ ਸੰਤਾਨ ਨਾ ਰਹੇ
ਰਹੇ ਬੰਸ ਨਾਹੀਂ, ਬੱਚੇ ਅੰਸ ਨਾਹੀਂ, ਮੇਰਾ ਜੱਗ 'ਤੇ ਕੋਈ ਨਿਸ਼ਾਨ ਨਾ ਰਹੇ
ਦੁਖੀ ਦੇਸ਼ ਤੋਂ ਚੌਖਨੇ ਹੋ ਜਾਵਾਂ, ਮੇਰੇ ਦਿੱਲ ਦੇ ਵਿਚ ਅਰਮਾਨ ਨਾ ਰਹੇ
ਜੀਂਦਾ 'ਤੀਰ' ਮੈਂ ਰਹਾਂ ਨਾ ਰਹਾਂ ਭਾਵੇਂ, ਦੁਖੀ ਪਰ ਮੇਰਾ ਹਿੰਦੁਸਤਾਨ ਨਾ ਰਹੇ

### ਵੱਲੋਂ ਕਵੀ

ਜਦੋਂ ਇਸ ਤਰ੍ਹਾਂ ਗੁਰੂ ਦਸਮੇਸ਼ ਮੇਰੇ, ਦੇਸ਼ ਲਈ ਦਲੀਲ ਦੁੜਾਂਵਦੇ ਸੀ
ਜਦੋਂ ਧਰਮ-ਪ੍ਰਚਾਰ ਦੀ ਲਹਿਰ ਬਾਰੇ, ਪਏ ਆਪਣੀ ਰਾਏ ਬਣਾਂਵਦੇ ਸੀ
ਨੈਣਾਂ ਦੇਵੀ ਦੇ ਟਿੱਲੇ, ਇਕਾਂਤ-ਵਾਸੀ, ਸਮਾਂ ਆਪਣਾ ਜਦੋਂ ਬਿਤਾਂਵਦੇ ਸੀ
'ਤੀਰ' ਦੇਸ਼ ਦੇ ਲਈ ਖ਼ਿਆਲ ਸੈਆਂ, ਪਏ ਦਿਲੋਂ ਦਾਤਾਰ ਨੂੰ ਆਂਵਦੇ ਸੀ

### ਸ੍ਰੀ ਦਸਮੇਸ਼ ਪਿਤਾ ਜੀ ਨੇ ਆਪਣੀ ਸਕੀਮ ਬਣਾ ਲਈ (ਵੱਲੋਂ ਕਵੀ)

ਨੈਣਾਂ ਦੇਵੀ ਦੇ ਟਿੱਲੇ 'ਤੇ ਬੈਠਿਆਂ ਈ, ਵੇਖੋ ਰੰਗ ਦੇ ਵਿਚ ਸਰਕਾਰ ਆਈ
ਕੋਈ ਜੋਸ਼ ਖਾ ਕੇ ਚਿਹਰਾ ਲਾਲ ਹੋਇਆ, ਬੀਰ-ਰੱਸ ਦੀ ਜਿਵੇਂ ਬਹਾਰ ਆਈ
ਐਸਾ ਆਪ ਨੂੰ ਪੱਕਾ ਯਕੀਨ ਹੋਇਆ, ਸਿਰਜਣਹਾਰ ਵੱਲੋਂ ਮਾਨੋ ਤਾਰ ਆਈ
ਡੌਲੇ ਫਰਕ ਉਠੇ ਅੱਖਾਂ ਭੱਖ ਪਈਆਂ, ਮੁੱਠ ਆਪਦੀ ਵਿੱਚ ਤਲਵਾਰ ਆਈ
ਮਾਨੋ ਮੌਤ ਆਈ ਬਾਹਰ ਜ਼ਾਲਮਾਂ ਦੀ, ਜਾਮਾ ਤੇਜ਼ ਤਲਵਾਰ ਦਾ ਧਾਰ ਆਈ
'ਤੀਰ' ਇਸ ਤਰ੍ਹਾਂ ਕਿਹਾ ਦਸਮੇਸ਼ ਜੀ ਨੇ, ਜਦੋਂ ਅੱਖ 'ਚੋਂ ਨਿਕਲ ਫੁਹਾਰ ਆਈ

### ਸ੍ਰੀ ਦਸਮੇਸ਼ ਗੁਰੂ ਜੀ ਵਾਹਿਗੁਰੂ ਅੱਗੇ ਪ੍ਰਾਰਥਨਾ ਕਰਦੇ ਹਨ

ਸਿਰਜਣਹਾਰ! ਮੇਰੇ ਦੇਵੀਂ ਵੱਰ ਮੈਨੂੰ, ਧਰਮ ਸੱਚ ਦੀ ਜੋਤ ਜਗਾ ਦਿਆਂ ਮੈਂ
ਬਾਗ਼ ਸੁੱਕਿਆ ਜੋ ਮੇਰੇ ਦੇਸ਼ ਦਾ ਏ, ਲਹੂ ਆਪਣਾ ਏਸਨੂੰ ਪਾ ਦਿਆਂ ਮੈਂ
ਭਾਰਤ ਮਾਂ ਦੀ ਪੱਤ ਬਚਾਣ ਖ਼ਾਤਰ, ਲੋੜ ਪਵੇ ਤਾਂ ਮਾਂ ਘੁਮਾ ਦਿਆਂ ਮੈਂ
ਮੋਏ ਹਿੰਦ ਦੇ ਬਾਲ ਬਚਾਣ ਖ਼ਾਤਰ, ਹੱਸ ਆਪਣੇ ਲਾਲ ਲੁਟਾ ਦਿਆਂ ਮੈਂ
ਹੰਝੂ ਠੱਲ੍ਹਣੇ ਲਈ ਨਿਮਾਣਿਆਂ ਦੇ, ਦਾਤਾ ਆਪਣਾ ਲਹੂ ਵਹਾ ਦਿਆਂ ਮੈਂ
ਜਿਹੜਾ ਤਖ਼ਤ ਅਨਾਥਾਂ ਨੂੰ ਵਖ਼ਤ ਪਾਵੇ, ਏਸ ਤੇਗ਼ ਦੇ ਨਾਲ ਉਲਟਾ ਦਿਆਂ ਮੈਂ
ਜਿਹੜੀ ਤੇਗ਼ ਫਿਰਦੀ ਗੱਲੇ ਆਜਜ਼ਾਂ ਦੇ, ਭੰਨ ਤੋੜ ਕੇ ਉਹੋ ਗਵਾ ਦਿਆਂ ਮੈਂ
ਦੇਸ਼-ਵਾਸੀਆਂ ਰਾਹ ਤੋਂ ਭੁੱਲਿਆਂ ਨੂੰ, ਦੇਸ਼-ਪ੍ਰੇਮ ਦੀ ਜਾਚ ਸਿਖਾ ਦਿਆਂ ਮੈਂ
ਉੱਜੜ ਜਾਏ ਇਹ ਪੁਰੀ ਅਨੰਦ ਭਾਵੇਂ, ਐਪਰ ਉੱਜੜੇ ਲੋਕ ਵਸਾ ਦਿਆਂ ਮੈਂ
ਦੇਸ਼ ਲਈ ਜੀਣਾ, ਦੇਸ਼ ਲਈ ਮਰਨਾ, ਦੇਸ਼-ਵਾਸੀਆਂ ਨੂੰ ਲਟਕ ਲਾ ਦਿਆਂ ਮੈਂ
ਮੈਂ ਵੀ ਜੌਹਰ ਹਾਂ ਤੇਗ਼-ਬਹਾਦਰੀ ਦਾ, ਵਿੱਚ ਰਣ ਦੇ ਜੌਹਰ ਦਿਖਾ ਦਿਆਂ ਮੈਂ
ਹੋਵੇ ਤੱਨ ਚੋਂ ਰੂਹ ਅਜ਼ਾਦ ਭਾਵੇਂ, ਐਪਰ ਦੇਸ਼ ਆਜ਼ਾਦ ਕਰਾ ਦਿਆਂ ਮੈਂ
ਅਣਖ-ਵਾਨ ਨਾ ਕਦੇ ਗ਼ੁਲਾਮ ਹੁੰਦੇ, ਅੱਗੋਂ ਵਾਸਤੇ ਗੱਲ ਸਮਝਾ ਦਿਆਂ ਮੈਂ
'ਤੀਰ' ਅੰਤ ਮੇਰਾ ਜਦੋਂ ਆਏ ਨੇੜੇ, ਦੇਸ਼ ਵਾਸਤੇ ਜਾਨ ਲੜਾ ਦਿਆਂ ਮੈਂ

### ਵੱਲੋਂ ਕਵੀ

ਅੰਤ ਦ੍ਰਿੜ੍ਹ ਵਿਸ਼ਵਾਸ ਵਿਚ ਭਰੇ ਹੋਏ, ਮੁੜ ਪੁਰੀ ਅੰਦਰ ਜਾਣੀ-ਜਾਣ ਆਏ
ਪ੍ਰੇਮ ਨਾਲ ਕਿਹਾ ਸਿੱਖਾਂ ਸੰਗਤਾਂ ਨੇ, ਆਓ ਜੀ ਆਏ ਸਾਡੇ ਮਾਣ ਆਏ
ਚਿਹਰਾ ਆਪ ਦਾ ਖ਼ੂਬ ਜਲਾਲ-ਭਰਿਆ, ਰੱਬੀ-ਜੋਤ ਕੋਲੋਂ ਲੈ ਕੇ ਤਾਣ ਆਏ
'ਤੀਰ' ਉੱਪਰੋਂ ਹੋਈ ਅਕਾਸ਼-ਬਾਣੀ, 'ਚੋਜੀ' ਚੋਜ ਨੇ ਨਵੇਂ ਵਿਖਾਣ ਆਏ

### ਆਪ ਦਾ ਫ਼ੈਸਲਾ (ਵੱਲੋਂ ਕਵੀ)

ਮਹਾਰਾਜ ਨੇ ਫ਼ੈਸਲਾ ਕਰ ਲੀਤਾ, ਹੁਣ ਤੇਗ਼ ਉਠਾਵਣੀ ਚਾਹੀਦੀ ਏ
ਫਿੱਟੇ ਮੱਛਰੇ ਜ਼ੁਲਮ ਦੇ ਝੋਟਿਆਂ ਨੂੰ, ਨੱਥ ਜੂੜ ਕੇ ਪਾਵਣੀ ਚਾਹੀਦੀ ਏ
ਜਿਹੜਾ ਪ੍ਰੀਤ ਵਧਾਣ ਦੀ ਚਾਹ ਰੱਖੇ, ਉਥੇ ਪ੍ਰੀਤ ਵਧਾਵਣੀ ਚਾਹੀਦੀ ਏ
ਜਿਹੜਾ ਅੱਖ ਦੱਸੇ ਜ਼ੋਰ ਮਾਣ ਵਾਲੀ, ਉਹਨੂੰ ਅੱਖ ਵਿਖਾਵਣੀ ਚਾਹੀਦੀ ਏ
ਜਿਹੜਾ ਕਰੇ ਆਦਰ ਉਹਦਾ ਕਰੋ ਆਦਰ, ਇਹੋ ਲਹਿਰ ਚਲਾਵਣੀ ਚਾਹੀਦੀ ਏ
ਜਿਹੜਾ ਇੱਟ ਚੁੱਕੇ ਪੱਥਰ ਜੜੋ ਉਹਨੂੰ, ਚੋਟ ਓਸਨੂੰ ਲਾਵਣੀ ਚਾਹੀਦੀ ਏ
ਜਿਹੜਾ ਨਹੀਂ ਬੇ-ਦੋਸ਼ ਤੇ ਤਰਸ ਕਰਦਾ, ਉਹਨੂੰ ਹੋਸ਼ ਲਿਆਵਣੀ ਚਾਹੀਦੀ ਏ
ਸਾਰੇ ਦੇਸ਼ ਵਿਚੋਂ ਜ਼ੁਲਮ ਕਰਨ ਵਾਲੀ, ਸਫ਼ਾ ਹੁਣ ਉਠਾਵਣੀ ਚਾਹੀਦੀ ਏ

ਚੱਬ ਜਾਏ ਜੋ ਜਿੰਦ ਜਰਵਾਣਿਆਂ ਦੀ, ਐਸੀ ਕੌਮ ਬਣਾਵਣੀ ਚਾਹੀਦੀ ਏ
ਮੋਏ ਦਿਲ ਜਿਹਨੂੰ ਪੀ ਕੇ ਜੀ ਉੱਠਣ, ਐਸੀ ਚੀਜ਼ ਪਿਲਾਵਣੀ ਚਾਹੀਦੀ ਏ
ਹਿੰਦ ਵਾਸੀਆਂ ਦੀ ਮੋਈ ਅਣਖ ਜਿਹੜੀ, ਢੰਗ ਨਾਲ ਜੀਵਾਵਣੀ ਚਾਹੀਦੀ ਏ
ਜਿਹੜਾ ਈਨ ਮਨਾਂਵਦਾ ਦੀਨ ਵਾਲੀ, ਉਹਨੂੰ ਈਨ ਮਨਾਵਣੀ ਚਾਹੀਦੀ ਏ
ਸੁੱਕੇ ਹਿੰਦ ਦੇ ਬਾਗ਼ ਨੂੰ ਹਰਾ ਕਰਕੇ, ਏਥੇ ਮਹਿਕ ਲਿਆਵਣੀ ਚਾਹੀਦੀ ਏ
ਲੋੜ ਹੋਏ ਤਾਂ ਸਿੰਜ ਕੇ ਖ਼ੂਨ ਤੀਕਰ, ਏਥੋਂ ਔੜ ਹਟਾਵਣੀ ਚਾਹੀਦੀ ਏ
ਗਈ ਹੋਈ ਬਸੰਤ ਆਜ਼ਾਦੀਆਂ ਦੀ, ਦੇਸ਼ ਵਿੱਚ ਪਰਤਾਵਣੀ ਚਾਹੀਦੀ ਏ
ਜਿਹੜੀ ਮੌਤ ਨੂੰ ਨਿਰਾ ਮਖ਼ੌਲ ਸਮਝੇ, ਐਸੀ ਫ਼ੌਜ ਸਿਖਾਵਣੀ ਚਾਹੀਦੀ ਏ
ਕਰਾਮਾਤ ਹੈ ਇਹੋ ਹੀ ਬੜੀ ਭਾਰੀ, ਭਾਰਤ ਮਾਂ ਬਚਾਵਣੀ ਚਾਹੀਦੀ ਏ
ਆਈ ਸਾਹਮਣੇ ਰੁੱਤ ਕੁਰਬਾਨੀਆਂ ਦੀ, ਏਸ ਤਰ੍ਹਾਂ ਮਨਾਵਣੀ ਚਾਹੀਦੀ ਏ
ਤੇਗਾਂ ਹੱਥ ਤੇ ਰਣ ਮੈਦਾਨ ਅੰਦਰ, ਵਾਰ ਮੌਤ ਦੀ ਗਾਵਣੀ ਚਾਹੀਦੀ ਏ
ਏਸ ਆਪਣੇ ਦੇਸ਼ ਚੋਂ ਜ਼ੁਲਮ ਵਾਲੀ, ਪੁੱਟ ਘੱਤਣੀ ਛਾਵਣੀ ਚਾਹੀਦੀ ਏ
ਤੇਗ਼ ਆਜਜ਼ਾਂ ਦੇ ਗਲੇ ਫਿਰਨ ਵਾਲੀ, ਮਿੱਟੀ ਵਿਚ ਮਿਲਾਵਣੀ ਚਾਹੀਦੀ ਏ
ਕਲਮ ਕਹਿਰ ਦੇ ਫ਼ੱਤ੍ਰਵੇ ਦੇਣ ਵਾਲੀ, ਤੋੜ ਭੰਨ ਗਵਾਵਣੀ ਚਾਹੀਦੀ ਏ
ਸਾਡਾ ਦੇਸ਼ ਹੈ ਜਿਹਨੇ ਗ਼ੁਲਾਮ ਕੀਤਾ, ਹੋਣੀ ਉਹ ਪਲਟਾਵਣੀ ਚਾਹੀਦੀ ਏ
ਦੇਸ਼ ਵਾਸਤੇ 'ਤੀਰ' ਜੀ ਲੋੜ ਵੇਲੇ, ਅੰਸ ਬੰਸ ਘੁਮਾਵਣੀ ਚਾਹੀਦੀ ਏ

## ਵੱਲੋਂ ਕਵੀ

ਏਸੇ ਗੱਲ 'ਤੇ ਦੇਂਵਦੇ ਜ਼ੋਰ ਬਹੁਤਾ, ਹਰ ਘੜੀ ਦਾਤਾਰ ਦਸਮੇਸ਼ ਮੇਰੇ
ਮਰਦ ਕਿਸੇ ਦੇ ਨਹੀਂ ਗ਼ੁਲਾਮ ਰਹਿੰਦੇ, ਕਰਨ ਸਦਾ ਪਰਚਾਰ ਦਸਮੇਸ਼ ਮੇਰੇ
ਬੀਰ-ਰੱਸ ਦੀ ਸਿੱਖਿਆ ਸਦਾ ਦੇਂਦੇ, ਜਦੋਂ ਲਾਣ ਦਰਬਾਰ ਦਸਮੇਸ਼ ਮੇਰੇ
ਦੇਸ਼ ਲਈ ਜੀਵੋ, ਮਰੋ ਦੇਸ਼ ਖ਼ਾਤਰ, ਦੱਸਣ ਧਰਮ ਦੀ ਕਾਰ ਦਸਮੇਸ਼ ਮੇਰੇ
ਜਿਹੜਾ ਆਣ ਕੇ ਕਰੇ ਹਥਿਆਰ ਭੇਟਾ, ਉਸ ਤੋਂ ਜਾਣ ਬਲਿਹਾਰ ਦਸਮੇਸ਼ ਮੇਰੇ
ਕੁੱਟ ਕੁੱਟ ਭਰਿਆ ਵਿੱਚ ਸੇਵਕਾਂ ਦੇ, ਸੁੱਚਾ ਦੇਸ਼-ਪਿਆਰ ਦਸਮੇਸ਼ ਮੇਰੇ
ਚੰਗੇ ਸੂਰਮੇ ਕੋਲ ਟਿਕਾ ਲੀਤੇ, ਕਰ ਪ੍ਰੇਮ ਸਤਕਾਰ ਦਸਮੇਸ਼ ਮੇਰੇ
ਫ਼ੌਜ ਜੋੜ ਲਈ ਦੇਸ਼-ਪ੍ਰੇਮੀਆਂ ਦੀ, ਏਦਾਂ ਕਈ ਹਜ਼ਾਰ ਦਸਮੇਸ਼ ਮੇਰੇ
ਸੁਖ ਆਪਣਾ ਆਪਣੇ ਦੇਸ਼ ਉੱਤੋਂ, ਦਿਲੋਂ ਛੱਡਿਆ ਵਾਰ ਦਸਮੇਸ਼ ਮੇਰੇ
'ਤੀਰ' ਦੇਸ਼ ਗ਼ੁਲਾਮ ਨਾ ਰਹਿਣ ਦੇਣਾ, ਲਿਆ ਦਿਲ ਤੋਂ ਧਾਰ ਦਸਮੇਸ਼ ਮੇਰੇ

## ਮਹਾਰਾਜ ਦਾ ਆਪਣੇ ਸੇਵਕਾਂ ਨੂੰ ਹੁਕਮ

ਹੁਕਮ ਸਭ ਦੇ ਲਈ ਇਹ ਆਪਦਾ ਸੀ, ਸਿੱਖੋ! ਕਦੇ ਹੰਕਾਰ ਵਿਚ ਆਵਣਾ ਨਾ
ਐਪਰ ਕੋਈ ਜੇ ਹੋਇ ਹੰਕਾਰ-ਭਰਿਆ, ਕਦੇ ਓਸ ਨੂੰ ਸੀਸ ਨਿਵਾਵਣਾ ਨਾ

ਡਰੋ ਮੂਲ ਨਾ ਕਿਸੇ ਦੇ ਰੋਅਬ ਕੋਲੋਂ, ਕਦੇ ਕਿਸੇ ਨੂੰ ਆਪ ਡਰਾਵਣਾ ਨਾ
ਗੰਢ ਦੇ ਲਓ ਆਪਣੇ ਦਿਲ ਅੰਦਰ, ਤੁਸਾਂ ਕਦੇ ਗ਼ੁਲਾਮ ਸਦਾਵਣਾ ਨਾ
ਦੋਖੀ ਕੋਈ ਨਾ ਦੇਸ਼ 'ਤੇ ਰਹਿਣ ਦੇਣਾ, ਦੀਨ ਕਦੇ ਵੀ ਕੋਈ ਦੁਖਾਵਣਾ ਨਾ
ਭਲੇ ਕੰਮ ਤੋਂ ਕਦੇ ਨਾ ਬਾਜ਼ ਆਉਣਾ, ਕਦੇ ਰਾਹ ਬੁਰਾਈ ਦੇ ਜਾਵਣਾ ਨਾ
ਸੱਚ ਕਹਿਣ ਤੋਂ ਨਹੀਂ ਸੰਕੋਚ ਕਰਨਾ, ਕੂੜ ਜੀਭ 'ਤੇ ਭੁੱਲ ਲਿਆਵਣਾ ਨਾ
ਹੋਣਾ ਭੁੱਲ ਕੇ ਨਾ ਕਦੇ ਦੇਸ਼-ਧ੍ਰੋਹੀ, ਕਦੇ ਦੇਸ਼ ਦਾ ਪ੍ਰੇਮ ਭੁਲਾਵਣਾ ਨਾ
ਅੱਖ ਮੀਟਣੀ ਕਦੇ ਨਾ ਧਰਮ ਵੱਲੋਂ, ਵਿਚ ਸੁੱਪਨੇ ਪਾਪ ਕਮਾਵਣਾ ਨਾ
ਕੋਈ ਜਾਣਨਾ ਨਹੀਂ ਮਨੁੱਖ ਨੀਵਾਂ, ਜਾਤ ਪਾਤ ਦਾ ਰੇੜਕਾ ਪਾਵਣਾ ਨਾ
ਓਟ ਰੱਖਣੀ ਸਦਾ ਹੀ ਰੱਬ ਉਤੇ, ਦੇਵੀ ਦੇਵਤਾ ਕੋਈ ਮਨਾਵਣਾ ਨਾ
ਦੀਨ ਦੁਖੀ ਗ਼ਰੀਬ ਨਿਮਾਣਿਆਂ 'ਤੇ, 'ਤੀਰ' ਕਹਿਰ ਦਾ ਕਦੇ ਚਲਾਵਣਾ ਨਾ

### ਵੱਲੋਂ ਕਵੀ

ਸਿੱਖ ਸੰਗਤਾਂ ਪੁਰੀ ਅਨੰਦ ਅੰਦਰ, ਪ੍ਰੇਮ-ਰੱਤੀਆਂ ਖ਼ੂਬ ਸੁਹਾਨ ਪਈਆਂ
ਮਗਨ ਪ੍ਰੇਮ ਅੰਦਰ ਪ੍ਰੀਤ-ਰੂਪ ਹੋ ਕੇ, ਦਿਲੋਂ ਗੀਤ ਗੋਬਿੰਦ ਦੇ ਗਾਣ ਪਈਆਂ
ਹੋਵੇ ਆਰਤੀ ਨਿੱਤ ਦਸਮੇਸ਼ ਜੀ ਦੀ, ਦੀਵੇ ਦਿੱਲ ਦੇ ਰੋਜ਼ ਜਗਾਣ ਪਈਆਂ
ਚਰਨ-ਧੂੜ ਲਾ ਲਾ ਕੇ ਮੱਥਿਆਂ 'ਤੇ, ਕਰਮ-ਲੇਖ ਦੀ ਰੇਖ ਮਿਟਾਣ ਪਈਆਂ
ਚਰਨ ਛੂਹ ਲੈ ਕੇ ਵੱਸਣ ਪ੍ਰੇਮ ਅੰਦਰ, ਇੱਕ ਆਣ ਪਈਆਂ ਇੱਕ ਜਾਣ ਪਈਆਂ
ਇੱਕ ਜਾਂਦੀਆਂ ਹੋਣ ਹੈਰਾਨ ਪਈਆਂ, ਇੱਕ ਵੱਸ ਏਥੇ ਕਰਨ ਮਾਣ ਪਈਆਂ
ਰੱਬ ਜਾਣ ਸਤਿਗੁਰਾਂ ਨੂੰ ਖਿੜੇ ਮੱਥੇ, ਰੂਹਾਂ ਆਪਣੇ ਸੀਸ ਨਿਵਾਣ ਪਈਆਂ
ਲੰਗਰ ਪੱਕਦੇ ਨੇ ਅੱਠੇ ਪਹਿਰ ਰਹਿੰਦੇ, ਸੈਆਂ ਸੰਗਤਾਂ ਆਣ ਕੇ ਖਾਣ ਪਈਆਂ
ਪ੍ਰੀਤਵਾਨ ਰੂਹਾਂ ਪ੍ਰੇਮ ਵਿੱਚ ਭਰੀਆਂ, ਨਾਲ ਪ੍ਰੀਤ ਦੇ ਕਾਰ ਕਮਾਣ ਪਈਆਂ
ਸੋਹਣੀ ਪੁਰੀ ਅਨੰਦ ਦਾ ਵਾਸ ਲੱਭਾ, ਦਿਲੋਂ ਆਪਣੇ ਭਾਗ ਵਡਿਆਣ ਪਈਆਂ
'ਤੀਰ' ਜੱਗ ਦੇ ਕਰਨ ਵਿਹਾਰ ਨਾਲੇ, ਭੋਗ ਮੋਖ ਨਾਲੇ ਦਰੋਂ ਪਾਣ ਪਈਆਂ

### ਸੰਮਤ ੧੭੫੬ ਦੀ ਵਿਸਾਖੀ ਦਾ ਸੱਦਾ (ਵੱਲੋਂ ਕਵੀ)

ਜਦੋਂ ਚੇਤ ਚੜ੍ਹਿਆ ਗੁਰਾਂ ਭੇਤ-ਭਰਿਆ, ਹੁਕਮ ਲਿਖਿਆ ਇਉਂ ਸੁਹਾਵਣਾ ਏਂ
ਸਿੱਖੋ ਸੇਵਕੋ ਸਾਡਿਓ ਪ੍ਰੀਤਵਾਨੋ! ਤੁਸਾਂ ਦਿਲੋਂ ਨਾ ਮੂਲ ਭੁਲਾਵਣਾ ਏਂ
ਪੁੱਜਾ ਦਿਨ ਵਿਸਾਖੀ ਦਾ ਵਰ੍ਹੇ ਪਿੱਛੋਂ, ਤੁਸਾਂ ਪੁਰੀ ਅਨੰਦ ਵਿਚ ਆਵਣਾ ਏਂ
ਸਗੋਂ ਹੋਰ ਪ੍ਰੇਰ ਕੇ ਸਾਥੀਆਂ ਨੂੰ, ਤੁਸਾਂ ਆਪਣੇ ਨਾਲ ਲਿਆਵਣਾ ਏਂ
ਏਥੇ ਭਾਰੀਆਂ ਰੌਣਕਾਂ ਹੋਣੀਆਂ ਨੇ, ਅਸਾਂ ਖ਼ੁਸ਼ੀ ਦਾ ਪੁਰਬ ਮਨਾਵਣਾ ਏਂ
ਜਿਹੜੇ ਕੰਮ ਦੇ ਲਈ ਹਾਂ ਅਸੀਂ ਆਏ, ਸਿੱਖੋ ਉਹ ਵੀ ਸਿਰੇ ਚੜ੍ਹਾਵਣਾ ਏਂ

ਕਿਤੇ ਵੇਖਣਾ ਉੱਕ ਨਾ ਮੂਲ ਜਾਣਾ, ਵੇਲਾ ਬੀਤਿਆ ਤਾਂ ਪਛੋਤਾਵਣਾ ਏ
'ਤੀਰ' ਆ ਸਤਿਸੰਗ ਦੇ ਵਿਚ ਵੇਖੋ, ਅਸਾਂ ਨਵਾਂ ਹੀ ਰੰਗ ਵਿਖਾਵਣਾ ਏ

*ਸੰਗਤਾਂ ਦੀ ਸ੍ਰੀ ਅਨੰਦਪੁਰ ਸਾਹਿਬ ਵਿਚ ਧੂਮ ਧਾਮ (ਵੱਲੋਂ ਕਵੀ)*

ਹੁਕਮ ਗੁਰਾਂ ਦਾ ਕਿਸੇ ਵੀ ਮੋੜਿਆ ਨਾ, ਪੁਰੀ ਵਿੱਚ ਆਈ ਬੇਸ਼ੁਮਾਰ ਸਿੱਖੀ
ਗੁਰੂ ਫੁੱਲ ਜਾਣੇ, ਸੱਚਾ ਪ੍ਰੀਤ ਵਾਲਾ, ਸੱਜੀ ਓਸਦੇ ਗਿਰਦ ਮਹਿਕਾਰ ਸਿੱਖੀ
ਇਕੋ ਫੁੱਲ ਗਿਰਦੇ ਟੋਲੀ ਭੌਰਿਆਂ ਦੀ, ਗੀਤ ਗਾਂਵਦੀ ਕਰੇ ਗੁੰਜਾਰ ਸਿੱਖੀ
ਇਕੋ ਸੋਭਦਾ ਚੰਦ ਕੁਰਬਾਨੀਆਂ ਦਾ, ਗਿਰਦ ਓਸ ਦੇ ਵਾਂਙ ਪਰਵਾਰ ਸਿੱਖੀ
ਇਕੋ ਦਿੱਲ ਦਾਤਾਰ ਦਾ ਵਿੱਚ ਬਾਣੀ, ਬਾਣੀ ਵਿਚ ਵੱਸੀ ਹੋ ਪਿਆਰ ਸਿੱਖੀ
ਬੱਝੀ ਗੁਰਾਂ ਦੀ ਆਤਮਾ ਨਾਲ ਮਾਨੋ, ਖਿੱਚੀ ਆਂਵਦੀ ਪ੍ਰੇਮ ਦੀ ਤਾਰ ਸਿੱਖੀ
ਕਰਨ ਗੁਰੂ ਜੀ ਵੀ ਮਾਣ ਸੰਗਤਾਂ ਦਾ, ਜਾਵੇ ਗੁਰਾਂ ਤੋਂ ਪਈ ਬਲਿਹਾਰ ਸਿੱਖੀ
ਨਾਨਕ ਗੁਰੂ ਦਾ ਰੂਪ ਦਸਮੇਸ਼ ਜਾਪਣ, ਬਣੀ ਪ੍ਰੇਮ ਦਾ ਸਾਜ਼ ਸਿਤਾਰ ਸਿੱਖੀ
ਗੁਰੂ ਸੰਗਤਾਂ ਵੇਖ ਪਰਸੰਨ ਹੋਵਣ, ਰਹੀ ਦੀਦ ਤੋਂ ਅੱਖੀਆਂ ਠਾਰ ਸਿੱਖੀ
ਗੁਰੂ ਸੰਗਤਾਂ ਨੂੰ ਗੁਰੂ-ਰੂਪ ਆਖਣ, ਗਾਵੇ ਰਾਤ ਦਿਨ ਗੁਰੂ ਦੀ ਵਾਰ ਸਿੱਖੀ
ਨਿੱਤ ਨਵੇਂ ਸੂਰਜ ਰੌਣਕ ਪਈ ਵਾਧੇ, ਹਰ ਰੋਜ਼ ਆਵੇ ਕਟਕ-ਧਾਰ ਸਿੱਖੀ
'ਤੀਰ' ਪੁਰੀ ਅਨੰਦ ਦੇ ਵਿੱਚ ਆ ਕੇ, ਜੁੜੀ ਓੜਕਾਂ ਦੀ ਆਖ਼ਰਕਾਰ ਸਿੱਖੀ

*ਯੱਗ ਸਮੇਂ ਬ੍ਰਾਹਮਣਾਂ ਦਾ ਰੋਸ (ਵੱਲੋਂ ਕਵੀ)*

ਪੁੱਜ ਗਿਆ ਵਿਸਾਖੀ ਦਾ ਦਿਨ ਨੇੜੇ, ਉਧਰ ਗੁਰਾਂ ਨੇ ਚੋਜ ਵਰਤਾ ਦਿੱਤਾ
ਮਿੱਥੇ ਦਿਨ ਤੋਂ ਕੁਝ ਅਗੇਤਰਾ ਈ, ਇੱਕ ਆਪ ਨੇ ਯੱਗ ਰਚਵਾ ਦਿੱਤਾ
ਭਾਂਤੋਂ-ਭਾਂਤ ਦੇ ਹੋਏ ਤਿਆਰ ਖਾਣੇ, ਜੋ ਜੋ ਲੋੜ ਸੀ ਸਭ ਮੰਗਵਾ ਦਿੱਤਾ
ਐਪਰ ਹੋ ਗਿਆ ਜਦੋਂ ਤਿਆਰ ਲੰਗਰ, ਪਹਿਲੋਂ ਸੰਗਤਾਂ ਤਾਈਂ ਛਕਾ ਦਿੱਤਾ
ਪਹਿਲੇ ਮੂਲ ਨਾ ਸੱਦਿਆ ਪੰਡਤਾਂ ਨੂੰ, ਏਦਾਂ ਦੇਸ਼-ਰਿਵਾਜ ਉਲਟਾ ਦਿੱਤਾ
ਏਸ ਗੱਲ ਨੇ ਗੁੱਸਾ ਬ੍ਰਾਹਮਣਾਂ ਦਾ, ਘੜੀ ਪੱਲ ਦੇ ਵਿਚ ਵਧਾ ਦਿੱਤਾ
ਪਿੱਛੋਂ ਸੱਦਿਆ ਤਾਂ ਉਨ੍ਹਾਂ ਨਾਂਹ ਕੀਤੀ, ਨਾਲੇ ਇਹ ਜਵਾਬ ਸੁਣਾ ਦਿੱਤਾ
ਹੋਈ ਅੱਜ ਅਵੱਗਿਆ ਪੰਡਤਾਂ ਦੀ, ਪਹਿਲੇ ਸ਼ੂਦਰਾਂ ਤਾਈਂ ਬਿਠਾ ਦਿੱਤਾ
ਅਸੀਂ ਕਿਸ ਤਰ੍ਹਾਂ ਖਾਵੀਏ ਜੂਠ ਬਹਿ ਕੇ, ਗੁਰਾਂ ਯੱਗ ਭ੍ਰਿਸ਼ਟ ਕਰਵਾ ਦਿੱਤਾ
ਕਈ ਵਾਰ ਸੱਦਣ ਪਿੱਛੋਂ ਮਿਸ਼ਰ ਕੇਸ਼ੋ, ਏਦਾਂ ਮੋਰਚਾ ਆਣ ਕੇ ਲਾ ਦਿੱਤਾ
ਮਹਾਰਾਜ ਜੀ ਆਪ ਨੇ ਮਾਣ ਸਾਡਾ, ਘੱਟੇ ਕੌਡੀਏਂ ਅੱਜ ਗੁਵਾ ਦਿੱਤਾ
ਨੀਚ ਜਾਤ ਨੂੰ ਦੇ ਕੇ ਥਾਂ ਪਹਿਲੇ, ਬ੍ਰਹਮ-ਪੁੱਤਰਾਂ ਤਾਈਂ ਭੁਲਾ ਦਿੱਤਾ
ਸਤਿਗੁਰਾਂ ਨੇ ਆਖਿਆ ਦੇਵਤਾ ਜੀ, ਕਿਹੜੀ ਗੱਲ ਨੇ ਰੋਹ ਚੜ੍ਹਾ ਦਿੱਤਾ

ਸਿੱਖਾਂ ਛੱਕਿਆ ਪੰਗਤਾਂ ਵਿੱਚ ਬਹਿ ਕੇ, ਸਾਡੇ ਸੇਵਕਾਂ ਆਪ ਵਰਤਾ ਦਿੱਤਾ
ਭੋਜਨ ਪਿਆ ਸੁੱਚਾ ਓਸੇ ਤਰ੍ਹਾਂ ਬਾਕੀ, ਕਿਸੇ ਓਸਨੂੰ ਨਹੀਂ ਭਿਟਾ ਦਿੱਤਾ
'ਤੀਰ' ਏਤਨੀ ਗੱਲ ਨੇ ਪੱਲ ਅੰਦਰ, ਕੇਸ਼ੋ ਦਾਸ ਨੂੰ ਹੋਰ ਭਖ਼ਾ ਦਿੱਤਾ

### ਪੰਡਿਤ ਕੇਸ਼ੋ ਦਾਸ ਦਾ ਕ੍ਰੋਧ

ਕੇਸ਼ੋ ਦਾਸ ਪੰਡਾ ਗੁੱਸੇ ਵਿੱਚ ਆ ਕੇ, ਅੱਗੇ ਸਤਿਗੁਰਾਂ ਦੇ ਏਦਾਂ ਬੋਲਿਆ ਏ
ਮਹਾਰਾਜ ਨਾ ਆਪ ਨੇ ਸੋਚ ਕੀਤੀ, ਸਾਡੀ ਪੱਤ ਨੂੰ ਆਪ ਨੇ ਰੋਲਿਆ ਏ
ਉੱਚੀ ਕੁੱਲ ਹੈ ਧੁਰੋਂ ਬ੍ਰਾਹਮਣਾਂ ਦੀ, ਸਿਦਕ ਏਸ ਤੋਂ ਆਪ ਦਾ ਡੋਲਿਆ ਏ
ਸਾਡੇ ਸੀਨਿਆਂ ਦੇ ਉੱਤੇ ਅੱਗ ਬਾਲੀ, ਇਹ ਜੋ ਘੋਲਣਾ ਆਪ ਨੇ ਘੋਲਿਆ ਏ
ਅਸੀਂ ਅੱਜ ਸਮਝੇ ਹੌਲੇ ਕੱਖ ਹੋਏ, ਪੰਡਿਤ ਗਿਆ ਨੀਚਾਂ ਨਾਲ ਤੋਲਿਆ ਏ
ਖ਼ਬਰੇ ਕੀ ਤੂਫ਼ਾਨ ਲਿਆਏਗਾ ਜੀ, ਜਿਹੜਾ ਆਪ ਜੀ ਨੇ ਝੱਖੜ ਝੋਲਿਆ ਏ
ਸੂਹਲ ਫ਼ੁੱਲ ਦੇ ਵਾਂਗ ਸੀ ਦਿਲ ਸਾਡਾ, ਜਿਹੜਾ ਆਪ ਨੇ ਅੱਜ ਮਧੋਲਿਆ ਏ
'ਤੀਰ' ਅੱਜ ਵੇਖੋ ਕਲੂ ਕਾਲ ਹੋਰਾਂ, ਮੱਖਣ ਛੱਡ ਕੇ ਨੀਰ ਵਿਰੋਲਿਆ ਏ

### ਕਲਗੀਧਰ ਜੀ ਦਾ ਕਹਿਣਾ ਪੰਡਿਤ ਕੇਸ਼ੋ ਦਾਸ ਨੂੰ

ਕੇਸ਼ੋ ਦਾਸ ਨੂੰ ਕਿਹਾ ਦਸਮੇਸ਼ ਜੀ ਨੇ, ਐਵੇਂ ਦਿੱਲ ਕਲਪਾਓ ਨਾ ਦੇਵਤਾ ਜੀ
ਜਾਣ ਬੁੱਝ ਕੇ ਆਪਦੇ ਨਾਲ ਕੀਤਾ, ਅਸਾਂ ਇਹ ਵਰਤਾਓ ਨਾ ਦੇਵਤਾ ਜੀ
ਤੁਸੀਂ ਕੂੜ ਦੀ ਭਿੱਟ ਹੇ ਮੰਨ ਬੈਠੇ, ਅੰਨ ਬੈਠ ਕੇ ਖਾਓ ਨਾ ਦੇਵਤਾ ਜੀ
ਨਾਲੇ ਇਹ ਵੀ ਆਪ ਨਾ ਜਾਣਦੇ ਜੇ, ਸਦਾ ਰਹਿਣ ਪ੍ਰਭਾਓ ਨਾ ਦੇਵਤਾ ਜੀ
ਦਿਨ ਲੱਦ ਗਏ ਆਪਦੇ, ਰੋਹਬ ਵਾਲੇ, ਵਿੱਚ ਮਾਣ ਦੇ ਆਓ ਨਾ ਦੇਵਤਾ ਜੀ
ਦਹੀਂ ਦੇਣ ਵਾਲੀ ਜਾਣੋਂ ਮਾਂ ਮੋਈ, ਐਵੇਂ ਪਏ ਲਲਚਾਓ ਨਾ ਦੇਵਤਾ ਜੀ
ਹੈ ਤਿਆਰ ਭੋਜਨ ਲਾਓ ਭੋਗ ਬਹਿ ਕੇ, ਵੇਖੋ ਰੁੱਸ ਕੇ ਜਾਓ ਨਾ ਦੇਵਤਾ ਜੀ
ਖਾਣ ਪੀਣ ਦੀ ਖਾਣ ਇਹ ਆਪਦੀ ਏ, ਗੁੱਸੇ ਵਿੱਚ ਗਵਾਓ ਨਾ ਦੇਵਤਾ ਜੀ
ਐਵੇਂ ਭਰਮ ਦੀ ਆੜ ਦੇ ਵਿੱਚ ਆ ਕੇ, ਸਾਥੋਂ ਮੂੰਹ ਭੁਵਾਓ ਨਾ ਦੇਵਤਾ ਜੀ
ਨਹੀਂ ਹੋ ਗਿਆ ਅੰਨ ਦਾ ਰੰਗ ਕਾਲਾ, ਭੁੰਨੇ ਤਿੱਤਰ ਉਡਾਓ ਨਾ ਦੇਵਤਾ ਜੀ
ਨਹੀਂ ਆਪਦਾ ਕੁੱਝ ਸਰਾਪ ਖੋਂਹਦਾ, ਸਾਨੂੰ ਪਏ ਡਰਾਓ ਨਾ ਦੇਵਤਾ ਜੀ
ਮੁੱਲ ਬਿਨਾਂ ਜੋ ਲੱਭਦੀ ਹੋਇ ਮੱਛੀ, ਕੋਈ ਪੁੱਛਦਾ ਭਾਓ ਨਾ ਦੇਵਤਾ ਜੀ
ਸਾਡੇ ਲਈ ਇਨਸਾਨ ਸਮਾਨ ਸਾਰੇ, ਇਹ ਸਵਾਲ ਉਠਾਓ ਨਾ ਦੇਵਤਾ ਜੀ
ਅਸਾਂ ਆਪ ਸੰਗਤ-ਪੰਗਤ ਇੱਕ ਕੀਤੀ, ਤੁਸੀਂ ਵਿਤਕਰਾ ਪਾਓ ਨਾ ਦੇਵਤਾ ਜੀ
ਗੱਡੀ ਏਸ ਨਹੀਂ ਅਟਕਣਾ ਕਿਸੇ ਕੋਲੋਂ, ਰੋੜੇ ਪਏ ਅਟਕਾਓ ਨਾ ਦੇਵਤਾ ਜੀ
ਗੁੱਸੇ ਵਿਚ ਆ ਕੇ ਅੰਨ੍ਹੇ ਵਾਹ ਐਵੇਂ, ਪਏ 'ਤੀਰ' ਚਲਾਓ ਨਾ ਦੇਵਤਾ ਜੀ

### ਸ੍ਰੀ ਦਸਮੇਸ਼ ਪਿਤਾ ਜੀ ਫੇਰ ਕਹਿੰਦੇ ਹਨ

ਤੁਸੀਂ ਸਦਾ ਹੀ ਲੰਗਰੋਂ ਲਵੋ ਭੋਜਨ, ਨਹੀਂ ਕਰੇਗਾ ਆਪ ਨੂੰ ਬੰਦ ਕੋਈ
ਛੋਹਣ ਨਾਲ ਨਹੀਂ ਟੁੱਟਦਾ ਧਰਮ ਪੱਕਾ, ਕੱਚ ਨਹੀਂ ਇਹ ਸੂਤ ਦੀ ਤੰਦ ਕੋਈ
ਐਵੇਂ ਗੱਲ ਦਾ ਵੱਡਾ ਗਲੈਣ ਕਰਕੇ, ਨਹੀਂ ਛੱਡਦਾ ਐਸ਼ ਅਨੰਦ ਕੋਈ
ਨਾਲੇ ਆਖਦੇ 'ਵੇਖਦਾ ਮੂੰਹ ਵਿੱਚੋਂ, ਨਹੀਂ ਦਾਨ ਦੀ ਵੱਛੀ ਦੇ ਦੰਦ ਕੋਈ'
ਭਾਵੇਂ ਕਿਤਨੇ ਹੱਥ ਲਿਬੇੜ ਦੇਵੇ, ਹੱਥੋਂ ਸੁੱਟਦਾ ਨਹੀਂ ਗੁਲਕੰਦ ਕੋਈ
'ਤੀਰ' ਆਪ ਗਿਆਨ ਦੇ ਭਾਨ ਹੋ ਜੀ, ਹੋਰ ਚਾਨ੍ਹਣਾ ਨਾ ਕਿਤੇ ਚੰਦ ਕੋਈ

### ਪੰਡਤ ਦਾ ਕ੍ਰੋਧ ਨਾ ਮੱਠਾ ਹੋਇਆ ਤੇ ਬੋਲਿਆ

ਕੇਸ਼ੋ ਦਾਸ ਹੋਇਆ ਸੜ ਬੱਲ ਕੋਲੇ, ਮੂੰਹੋਂ ਕੱਢਦਾ ਬੋਲ ਅੰਗਿਆਰ ਵੇਖੋ
ਉੱਚੀ ਕੁੱਲ ਹੈ ਧੁਰੋਂ ਬ੍ਰਾਹਮਣਾਂ ਦੀ, ਆਇਆ ਮੰਨਦਾ ਸੱਭ ਸੰਸਾਰ ਵੇਖੋ
ਇਨ੍ਹਾਂ ਆਸਰੇ ਛੱਤਰੀ ਵੱਸਦੇ ਨੇ, ਹੈਣ ਜੱਗ ਦੇ ਇਹੋ ਅਧਾਰ ਵੇਖੋ
ਕੀਤੀ ਇਨ੍ਹਾਂ ਦੀ ਗਈ ਨਿਰਾਦਰੀ ਏ, ਹੋਈ ਆਪ ਵੱਲੋਂ ਕੋਝੀ ਕਾਰ ਵੇਖੋ
ਤੁਸੀਂ ਪੰਡਤਾਂ ਤੋਂ ਉੱਚੇ ਕਰਨ ਲੱਗੇ, ਨੀਚ ਜਾਤ ਦੇ ਲੋਕ ਚਮਾਰ ਵੇਖੋ
'ਤੀਰ' ਹੋਰ ਬੂਹਾ ਅਸੀਂ ਵੇਖਦੇ ਹਾਂ, ਤੁਸੀਂ ਇਨ੍ਹਾਂ ਦਾ ਪਾਲ ਪਿਆਰ ਵੇਖੋ

### ਦਸਮੇਸ਼ ਜੀ ਦਾ ਕੇਸ਼ੋ ਦਾਸ ਨੂੰ ਕਹਿਣਾ

ਗੁਰਾਂ ਆਖਿਆ ਹੋਰ ਗੰਭੀਰ ਹੋ ਕੇ, ਗਈ ਗੱਲ ਗਵਾਓ ਮਹਾਤਮਾ ਜੀ
ਸਦਾ ਭਾਗ ਵਿਚ ਲਿਖਿਆ ਪਾਈ ਦਾ ਏ, ਦਿਲੋਂ ਰੋਸ ਹਟਾਓ ਮਹਾਤਮਾ ਜੀ
ਮੇਰਾ ਏਸ ਦੇ ਵਿੱਚ ਕਸੂਰ ਨਾਹੀਂ, ਹੋਈ ਸਹਿਜ ਸੁਭਾਓ ਮਹਾਤਮਾ ਜੀ
ਲੀੜੇ ਕੱਪੜੇ ਨਵੇਂ ਬਣਾ ਦਿਆਂਗਾ, ਰਤਾ ਸਿਦਕ ਵਿਚ ਆਓ ਮਹਾਤਮਾ ਜੀ
ਇਹ ਬਣਾਓ ਨਾ ਨੀਚ ਬ੍ਰਾਹਮਣਾਂ ਤੋਂ, ਨਿਗ੍ਹਾ ਮਿਹਰ ਦੀ ਪਾਓ ਮਹਾਤਮਾ ਜੀ
ਸੰਤ-ਸੂਰਮੇ ਛੱਤਰੀ 'ਤੀਰ' ਇਹ ਤਾਂ, ਦਿਲੋਂ ਸੋਚ ਦੁੜਾਓ ਮਹਾਤਮਾ ਜੀ

### ਮਹਾਰਾਜ ਫੇਰ ਕਹਿੰਦੇ ਹਨ

ਤੁਸੀਂ ਜਿਨ੍ਹਾਂ ਨੂੰ ਆਖਦੇ ਨੀਚ ਸ਼ੂਦਰ, ਮੇਰਾ ਇਹੋ ਨੇ ਮਾਨ ਮਹਾਤਮਾ ਜੀ
ਇਨ੍ਹਾਂ ਵਿਚ ਮੈਂ ਵੱਸ ਕੇ ਹਾਂ ਰਾਜ਼ੀ, ਮੇਰਾ ਇਹੋ ਜਹਾਨ ਮਹਾਤਮਾ ਜੀ
ਇਨ੍ਹਾਂ ਆਸਰੇ ਜੱਗ 'ਤੇ ਜੀਂਵਦਾ ਹਾਂ, ਮੇਰੀ ਇਹੋ ਨੇ ਜਾਨ ਮਹਾਤਮਾ ਜੀ
ਜ਼ੋਰ ਇਹਨਾਂ ਦੇ ਨਾਲ ਮੈਂ ਜੰਗ ਜਿੱਤੇ, ਦਿੱਤੀ ਇਨ੍ਹਾਂ ਕਿਰਪਾਨ ਮਹਾਤਮਾ ਜੀ
ਦਯਾ ਇਹਨਾਂ ਦੀ ਨਾਲ ਮੈਂ ਨਿੱਤ ਕਰਦਾ, ਸਦਾ ਯੱਗ ਤੇ ਦਾਨ ਮਹਾਤਮਾ ਜੀ
ਮਿਹਰ ਇਨ੍ਹਾਂ ਦੀ ਨੇ ਮੇਰੇ ਪਾਪ ਧੋਤੇ, ਮੇਰੇ ਇਹੋ ਭਗਵਾਨ ਮਹਾਤਮਾ ਜੀ
ਇਨ੍ਹਾਂ ਨਾਲ ਹੀ ਪੁਰੀ ਅਨੰਦ ਅੰਦਰ, ਮੇਰੇ ਮਹਿਲ ਮਕਾਨ ਮਹਾਤਮਾ ਜੀ

ਨਾਲ ਇਨ੍ਹਾਂ ਦੀ ਮਿਹਰ ਦੇ ਪੜ੍ਹੀ ਵਿੱਦਿਆ, ਹੋਇਆ ਸੱਭ ਗਿਆਨ ਮਹਾਤਮਾ ਜੀ
ਜ਼ੋਰ ਇਨ੍ਹਾਂ ਦੇ ਨਾਲ ਮੈਂ ਸੱਰ ਕੀਤੇ, ਜੋਧੇ-ਬੀਰ ਮਹਾਨ ਮਹਾਤਮਾ ਜੀ
ਮੈਂ ਵੀ ਸੱਜਿਆ ਹਾਂ ਏਥੇ ਇਨ੍ਹਾਂ ਕਰਕੇ, ਮੇਰੀ ਇਹ ਨੇ ਸ਼ਾਨ ਮਹਾਤਮਾ ਜੀ
ਮੇਰੇ ਜਿਹੇ ਗ਼ਰੀਬ ਨਾਦਾਰ ਨਹੀਂ ਤੇ, ਥਾਂ ਥਾਂ ਠੋਕਰਾਂ ਖਾਣ ਮਹਾਤਮਾ ਜੀ
ਜੋ ਇਹ ਆਖਦੇ ਨੇ ਮੈਂ ਹੀ ਬੋਲਦਾ ਹਾਂ, ਇਹ ਨੇ ਮੇਰੀ ਜ਼ਬਾਨ ਮਹਾਤਮਾ ਜੀ
ਮੇਰਾ ਰੂਪ ਇਹ, ਇਨ੍ਹਾਂ ਦਾ ਰੂਪ ਮੈਂ ਹਾਂ, ਸਾਂਝੇ ਨੈਣ ਪ੍ਰਾਣ ਮਹਾਤਮਾ ਜੀ
ਜਿਹੜਾ ਇਨ੍ਹਾਂ ਦੀ ਸ਼ਾਨ ਵਿਚ ਬੁਰਾ ਬੋਲੇ, ਮੈਨੂੰ ਨਹੀਂ ਪਰਵਾਨ ਮਹਾਤਮਾ ਜੀ
ਸੂਰਜ-ਬੰਸ ਅੰਦਰ ਬੇਸ਼ਕ ਜਨਮ ਮੇਰਾ, ਮੇਰੇ ਇਹ ਨੇ ਕਾਨ੍ਹ ਮਹਾਤਮਾ ਜੀ
ਮੇਰੇ ਲਈ ਪੰਡਤ, ਵੱਡੇ ਪੰਡਤਾਂ ਤੋਂ, ਉੱਚੇ-ਸੁੱਚੇ ਨਿਸ਼ਾਨ ਮਹਾਤਮਾ ਜੀ
ਸੇਵਾ ਇਨ੍ਹਾਂ ਦੀ ਭਾਂਵਦੀ ਦਿਲੋਂ ਮੈਨੂੰ, ਇਨ੍ਹਾਂ ਵਿਚ ਧਿਆਨ ਮਹਾਤਮਾ ਜੀ
ਇਕੋ ਆਸਰਾ ਇਹੋ ਹੀ ਹੈਣ ਮੇਰਾ, ਸਿਦਕਵਾਨ ਨਿਰਮਾਣ ਮਹਾਤਮਾ ਜੀ
ਇਨ੍ਹਾਂ ਸਿਦਕੀਆਂ ਦਿਲਾਂ ਹੀ ਸਿੰਜਣਾ ਏਂ, ਮੇਰਾ ਹਿੰਦ ਵੈਰਾਨ ਮਹਾਤਮਾ ਜੀ
ਊਰ-ਪੁਣੇ ਦੀ ਰਾਸ ਦੀ ਲੋੜ ਨਾਹੀਂ, ਚੁੱਕੋ ਤੁਸੀਂ ਦੁਕਾਨ ਮਹਾਤਮਾ ਜੀ
ਮੇਰੀ ਬੰਸ ਦੀ ਤੇ ਮੇਰੀ ਆਪਣੀ ਵੀ, ਇਹਨਾਂ ਨਾਲ ਕਲਿਆਣ ਮਹਾਤਮਾ ਜੀ
ਮਹਿਮਾ ਇਨ੍ਹਾਂ ਦੀ 'ਤੀਰ' ਇਹ ਜਾਣਦੇ ਨੇ, ਹੁੰਦੀ ਨਹੀਂ ਬਿਆਨ ਮਹਾਤਮਾ ਜੀ

*ਫੇਰ*

ਟਹਿਲ ਇਨ੍ਹਾਂ ਦੀ ਭਾਂਵਦੀ ਦਿਲੋਂ ਮੈਨੂੰ, ਕਿਸੇ ਹੋਰ ਦੀ ਸੇਵ ਪਰਵਾਨ ਨਾਹੀਂ
ਦਾਨ ਇਨ੍ਹਾਂ ਤਾਈਂ ਦਿੱਤਾ ਸਫਲ ਜਾਣਾਂ, ਦਿੱਤਾ ਹੋਰ ਨੂੰ ਲੱਗਦਾ ਦਾਨ ਨਾਹੀਂ
ਦਿੱਤਾ ਇਨ੍ਹਾਂ ਤਾਈਂ ਅੱਗੇ ਫੱਲ ਦੇਂਦਾ, ਵੱਧ ਇਨ੍ਹਾਂ ਤੋਂ ਕਿਸੇ ਦਾ ਮਾਣ ਨਾਹੀਂ
ਤਨ ਮੰਨ ਤੇ ਧੰਨ ਸਭ ਇਨ੍ਹਾਂ ਦਾ ਹੈ, 'ਤੀਰ' ਏਸ ਵਿਚ ਰਤਾ ਵੀ ਆਨ ਨਾਹੀਂ

*ਫੇਰ ਕਹਿੰਦੇ ਹਨ*

ਇਨ੍ਹਾਂ ਵਾਸਤੇ ਜੱਗ 'ਤੇ ਜੀਆਂਗਾ ਮੈਂ, ਇਨ੍ਹਾਂ ਵਾਸਤੇ ਹੱਸ ਕੇ ਮਰਾਂਗਾ ਮੈਂ
ਜਿਧਰ ਮਿਸ਼ਰ ਜੀ ਇਨ੍ਹਾਂ ਨੇ ਹੁਕਮ ਕੀਤਾ, ਓਸ ਪੰਧ ਵੱਲੇ ਪੈਰ ਧਰਾਂਗਾ ਮੈਂ
ਮੇਰੀ ਅੱਖ ਦੀ ਇਹੋ ਨੇ ਅੱਖ-ਪੁਤਲੀ, ਸਦਾ ਇਨ੍ਹਾਂ ਦਾ ਈ ਪਾਣੀ ਭਰਾਂਗਾ ਮੈਂ
ਇਹੋ ਦੇਵਤੇ ਨੇ ਮੇਰੇ ਜੱਗ ਅੰਦਰ, ਪੂਜਾ ਇਨ੍ਹਾਂ ਦੀ ਹੀ 'ਤੀਰ' ਕਰਾਂਗਾ ਮੈਂ

*ਕੇਸ਼ੋ ਦਾਸ ਦੀ ਹਾਲਤ (ਵੱਲੋਂ ਕਵੀ)*

ਏਨੀ ਗੱਲ ਸੁਣ ਕੇ ਕੇਸ਼ੋ ਦਾਸ ਤਾਈਂ, ਕਸ਼ਟ ਹੱਦ ਤੋਂ ਵੱਧ ਕੇ ਹੋਇਆ ਜੇ
ਲੈ ਕੇ ਲੂਸਣੀ ਰੋਸ ਦੀ ਸੜਨ ਲੱਗਾ, ਬਾਹਰੋਂ ਜੀਂਵਦਾ ਤੇ ਵਿੱਚੋਂ ਮੋਇਆ ਜੇ
ਖਾਣ ਪੀਣ ਦੀ ਖੁੱਸ ਗਈ ਖਾਣ ਵੇਖੋ, ਸਮੇਂ ਪੰਡਤ ਲਈ ਬੂਹਾ ਢੋਇਆ ਜੇ
'ਤੀਰ' ਏਤਨਾ ਆਖ ਕੇ ਜਾਣ ਲੱਗਾ, ਢਾਹਾਂ ਮਾਰ ਕੇਸ਼ੋ ਦਾਸ ਰੋਇਆ ਜੇ

# ਖੰਡ ਪੰਜਵਾਂ

## ਅਨੰਦਪੁਰ ਵਿਚ ਗਹਿਮਾ ਗਹਿਮ

### ਵੱਲੋਂ ਕਵੀ

ਹੋਈਆਂ ਰੌਣਕਾਂ ਪੁਰੀ ਅਨੰਦ ਅੰਦਰ, ਚੱਲ ਦੂਰ ਦੁਰੇਡਿਓਂ ਆਏ ਲੋਕੀ
ਸੋਹਣੇ ਸ੍ਰੀ ਦਸਮੇਸ਼ ਦੇ ਦਰਸ਼ਨਾਂ ਨੂੰ, ਫਿਰਨ ਚਾ ਦੇ ਵਿੱਚ ਸਧਰਾਏ ਲੋਕੀ
ਪੈਰ ਧਰਤ ਤੇ ਧਰਨ ਸਤਕਾਰ ਕਰਕੇ, ਡੰਝ! ਲਾਂਹਵਦੇ ਦੀਦ ਤਿਹਾਏ ਲੋਕੀ
'ਤੀਰ' ਪੁਰੀ ਅਨੰਦ ਅਨੰਦ ਕੀਤੇ, ਅੱਖ ਆਪਣੀ ਵਿੱਚ ਵਸਾਏ ਲੋਕੀ

### ਰੌਣਕਾਂ (ਵੱਲੋਂ ਕਵੀ)

ਮੇਲਾ ਮੇਲੀਆਂ ਦੇ ਨਾਲ ਖ਼ੂਬ ਭਰਿਆ, ਸੱਜੇ ਵਹੁਟੀਆਂ ਵਾਂਗ ਬਾਜ਼ਾਰ ਦਿਸਦੇ
ਕਿਤੇ ਬਾਜ਼ੀਆਂ ਪਾਉਂਦੇ ਨੱਟ ਰਲਕੇ, ਕਿਤੇ ਹੋਂਵਦੇ ਵਣਜ ਵਪਾਰ ਦਿਸਦੇ
ਕਿਤੇ ਲੰਗਰਾਂ ਦੀ ਸ਼ਾਨ ਪਈ ਮੋਹੇ, ਕਿਤੇ ਛੱਕਦੇ ਨੇ ਨਰ ਨਾਰ ਦਿਸਦੇ
ਥਾਉਂ ਥਾਂ ਤੇ ਸੂਰਮੇ ਕਰਨ ਕਰਤਬ, ਨੰਗੇ ਚਮਕਦੇ ਖ਼ੂਬ ਹਥਿਆਰ ਦਿਸਦੇ
ਛਡ ਸਾਰੰਗੀ ਬੰਨ੍ਹਿਆ ਰੰਗ ਕਿਧਰੇ, ਢਾਡੀ ਗਾਂਵਦੇ ਜੋਸ਼ ਦੀ ਵਾਰ ਦਿਸਦੇ
ਕਿਤੇ ਜੁੜੀ ਏ ਸਭਾ ਕਵੀਸ਼ਰਾਂ ਦੀ, ਸੱਜੇ ਸ਼ਾਨ ਵਿਚ ਕਵੀ-ਦਰਬਾਰ ਦਿਸਦੇ
ਕਿਤੇ ਤਾਰਦੇ ਪ੍ਰੇਮੀਆਂ ਸਿਦਕੀਆਂ ਨੂੰ, ਸੱਜੇ ਵਿਚ ਦੀਵਾਨ ਦਾਤਾਰ ਦਿਸਦੇ
'ਤੀਰ' ਵੇਖਕੇ ਖ਼ੂਬ ਭਰਪੂਰ ਮੇਲਾ, ਹੱਸੂ ਹੱਸੂ ਕਰਦੇ ਕਲਗ਼ੀਧਾਰ ਦਿਸਦੇ

### ਸ੍ਰੀ ਕੇਸਗੜ੍ਹ ਦਾ ਦੀਵਾਨ (ਵੱਲੋਂ ਕਵੀ)

ਪਹਿਲੇ ਰੋਜ਼ ਵਿਸਾਖੀਓਂ ਸਤਿਗੁਰਾਂ ਨੇ, ਕੌਤਕ ਇਕ ਅਚੱਰਜ ਵਰਤਾ ਦਿੱਤਾ
ਤੰਬੂ ਕਾਬਲੀ ਕੱਢਕੇ ਗਿਆ ਲਾਇਆ, ਉੱਤੇ ਸ਼ਾਮਿਆਨਾ ਵੀ ਸਜਾ ਦਿੱਤਾ

ਐਨ ਤੰਬੂ ਦੇ ਬੂਹੇ ਦੇ ਸਾਹਮਣੇ ਹੀ, ਤਖ਼ਤ ਆਪਣੇ ਲਈ ਲਗਵਾ ਦਿੱਤਾ
ਆਉਣ ਸੰਗਤਾਂ ਸਭ ਦੀਵਾਨ ਅੰਦਰ, ਡੌਂਡੀ ਪਿੱਟਕੇ ਸਾਰੇ ਸੁਣਾ ਦਿੱਤਾ
ਸ਼ਾਹੀ ਸ਼ਾਨ ਦਾ ਖ਼ੂਬ ਦੀਵਾਨ ਲੱਗਾ, ਨਾਮ ਬਾਨੀ ਦਾ ਮੀਂਹ ਵਰ੍ਹਾ ਦਿੱਤਾ
ਤੰਬੂ ਵਿੱਚ ਕੋਈ ਹੋਰ ਵੜੇ ਨਾਹੀਂ, ਇਰਦ-ਗਿਰਦ ਉਸਦੇ ਪਹਿਰਾ ਲਾ ਦਿੱਤਾ
ਬੀਰ-ਰੱਸ ਦੀ ਅੱਜ ਕੋਈ ਵਾਰ ਗਾਵੇ, ਖ਼ਾਸ ਢਾਡੀਆਂ ਤਾਈਂ ਸਮਝਾ ਦਿੱਤਾ
'ਤੀਰ' ਕੌਤਕੀ ਗੁਰੂ ਦਸਮੇਸ਼ ਜੀ ਨੇ, ਇੱਕ ਨਵਾਂ ਹੀ ਚੋਜ ਰਚਾ ਦਿੱਤਾ

### ਸਤਿਗੁਰਾਂ ਦੀ ਚੜ੍ਹਤ (ਵੱਲੋਂ ਕਵੀ)

ਲਾਲ ਅੱਖੀਆਂ ਰੂਪ ਜਲਾਲ ਭਰਿਆ, ਸਿਰ ਰਹੀ ਸੋਹਣੀ ਚਮਕਾਂ ਮਾਰ ਕਲਗੀ
ਕਲਗੀ ਮਾਣ ਦੇ ਵਿਚ ਸਮਾਂਵਦੀ ਨਾ, ਸੀਸ ਆਪ ਸਜਾਈ ਸਰਕਾਰ ਕਲਗੀ
ਵੇਖ-ਵੇਖ ਕੇ ਹੋਣ ਪ੍ਰਸੰਨ ਸਾਰੇ, ਨਰ ਨਾਰ ਦਾ ਜੀਵਨ-ਅਧਾਰ ਕਲਗੀ
'ਤੀਰ' ਬੀਰ ਸਤਿਗੁਰੂ ਦੇ ਸੀਸ ਉੱਤੋਂ, ਰਹੀ ਆਪਣਾ ਆਪ ਹੈ ਵਾਰ ਕਲਗੀ

### ਦੀਵਾਨ ਦਾ ਭਰ (ਵੱਲੋਂ ਕਵੀ)

ਤਿੱਲ ਮਾਰਿਆ ਮੂਲ ਨਾ ਪਵੇ ਭੁੰਞੇ ਏਨੀ ਸਿੱਖ ਸੰਗਤ ਏਥੇ ਆਈ ਵੇਖੋ
ਐਪਰ ਸ਼ਾਂਤ ਤੇ ਚੁੱਪ ਦਾ ਰਾਜ ਹੋਇਆ, ਹਰ ਇੱਕ ਨੇ ਧੌਣ ਨਿਵਾਈ ਵੇਖੋ
ਅੱਖਾਂ ਗੁਰਾਂ ਉੱਤੇ, ਮੂੰਹ ਵਿੱਚ ਬਾਣੀ, ਸੁਰਤ ਸਿਦਕ ਦੇ ਵਿਚ ਜਮਾਈ ਵੇਖੋ
'ਤੀਰ' ਵੇਖਕੇ ਕਵੀ ਨੂੰ ਇਉਂ ਜਾਪੇ, ਹੋਈ ਰੱਬ ਦਾ ਰੂਪ ਲੁਕਾਈ ਵੇਖੋ

### ਸੀਸ ਭੇਟ (ਵੱਲੋਂ ਕਵੀ)

ਉੱਠ ਤਖ਼ਤ ਤੋਂ ਸ੍ਰੀ ਦਸਮੇਸ਼ ਜੀ ਨੇ, ਤੇਗ਼ ਕੱਢ ਲਈ ਝੱਟ ਮਿਆਨ ਵਿੱਚੋਂ
ਚੇਹਰਾ ਜੋਸ਼-ਭਰਿਆ ਅੱਖਾਂ ਰੰਗ-ਭਰੀਆਂ, ਜਾਪਣ ਭੇਦ ਦੇ ਭਰੇ ਸੁਲਤਾਨ ਵਿੱਚੋਂ
ਜ਼ਾਹਰਾ ਤੌਰ ਬਦਲੇ ਹੋਏ ਜਾਪਦੇ ਸੀ, ਐਪਰ ਗੱਲ ਸੀ ਕੋਈ ਮਹਾਨ ਵਿੱਚੋਂ
'ਤੀਰ' ਤੇਗ਼ ਹੁਲਾਰ ਕੇ ਹੱਥ ਅੰਦਰ, ਬੋਲੇ ਇਸ ਤਰ੍ਹਾਂ ਅੰਤ ਜ਼ਬਾਨ ਵਿੱਚੋਂ

### ਦਸਮੇਸ਼ ਜੀ ਤੇਗ਼ ਵਿਖਾ ਕੇ ਕਹਿੰਦੇ ਹਨ

ਏਹ ਹੈ 'ਚੰਡਕਾ' ਦੰਡਕਾ ਦੋਖੀਆਂ ਦੀ, ਸਦਾ ਆਪਣੇ ਜੌਹਰ ਵਿਖਾਣ ਵਾਲੀ
ਦੇਵੀ ਅੱਸਲੀ ਇਹੋ ਹੈ ਜੱਗ ਉੱਤੇ, ਮਨੋ ਕਾਮਨਾ ਸਦਾ ਪੁਗਾਣ ਵਾਲੀ
ਇਹਦੀ ਜੋਤ ਹੈ ਜੋਤ ਅਜ਼ਾਦੀਆਂ ਦੀ, ਇਹ ਗ਼ੁਲਾਮੀਆਂ ਤਾਈਂ ਗੁਵਾਣ ਵਾਲੀ
ਇਹ ਹੈ 'ਤੀਰ' ਦੀ ਭੈਣ ਲੌ ਤੇਗ਼ ਵੇਖੋ, ਜ਼ੁਲਮ ਪਾਪ ਨੂੰ ਭਉਜਲੀ ਪਾਣ ਵਾਲੀ

### ਮਹਾਰਾਜ ਤੇਗ਼ ਦੀ ਮੰਗ ਦਸਦੇ ਹਨ

ਹੋਰ ਦੇਵੀਆਂ ਏਸ ਦੇ ਹੈਣ ਤਾਬੇ, ਦੇਵੀ ਇਹ ਮੈਦਾਨ ਤੇ ਜੰਗ ਦੀ ਏ
ਹੋਰ ਦੇਵੀਆਂ ਲਾ ਸੰਧੂਰ ਬੈਠਣ, ਰੱਤ ਵਿੱਚ ਸਰੀਰ ਇਹ ਰੰਗਦੀ ਏ
ਚੜ੍ਹ ਸਿਰਾਂ ਤੇ ਖੇਡਦੀ ਮਾਣ-ਮੱਤੀ, ਧਾਰਾ ਜਾਪਦੀ ਨਿਰਮਲੀ ਗੰਗ ਦੀ ਏ
'ਤੀਰ' ਅੱਜ ਪਰ ਇਹੋ ਹੀ ਤੇਗ਼-ਦੇਵੀ, ਸਿਰ ਕਿਸੇ ਸਿਰਲੱਥ ਦਾ ਮੰਗਦੀ ਏ

### ਮਹਾਰਾਜ ਜੀ ਕਹਿੰਦੇ ਹਨ ਕੋਈ ਆਵੇ

ਪੂਜਾ ਏਸ ਦੀ ਸਿਰਾਂ ਦੇ ਨਾਲ ਹੁੰਦੀ, ਆਵੇ ਨਿੱਤਰੇ ਭਗਤ ਜਵਾਨ ਕੋਈ
ਏਹ ਨਾਹਾਉਣਾ ਚਾਹੁੰਦੀ ਰੱਤ ਅੰਦਰ, ਇਹਨੂੰ ਅੱਜ ਕਰਾਏ ਸ਼ਨਾਨ ਕੋਈ
ਸੀਸ ਦਾਨ ਕਰਕੇ ਦੇਵੀ ਏਸ ਅੱਗੇ, ਮੇਰੀ ਅੱਖ ਵਿਚ ਹੋਇ ਪਰਵਾਨ ਕੋਈ
'ਤੀਰ' ਨਿੱਤਰੇ ਕੋਈ ਮੈਦਾਨ ਅੰਦਰ, ਦੇਣ ਲਈ ਤਿਆਰ ਜੋ ਜਾਨ ਕੋਈ

### ਦੀਵਾਨ ਵਿਚ ਬੈਠੇ ਲੋਕੀਂ ਵਿਚਾਰਾਂ ਕਰਨ ਲੱਗ ਪਏ

ਗੁਰੂ ਉਹ ਜੋ, ਆਪਣੇ ਸੇਵਕਾਂ ਨੂੰ, ਕਸ਼ਟ ਝੱਲ ਕੇ ਆਨ ਬਚਾਂਵਦੇ ਨੇ
ਦਰਦੀ ਉਹ ਜੋ, ਆਪਣੇ ਪਿਤਾ ਤਾਈਂ, ਦੁਖੀ ਦੀਨ ਤੋਂ ਆਪ ਘੁਮਾਂਵਦੇ ਨੇ
ਤਰ੍ਹੀ ਉਹ ਜੋ ਸਿੱਖਾਂ ਦੇ ਅੱਥਰੂ ਤੇ, ਸਦਾ ਆਪਣਾ ਲਹੂ ਵਹਾਂਵਦੇ ਨੇ
ਲੋਕੀਂ ਸੋਚਦੇ 'ਤੀਰ' ਕੀ ਹੋ ਗਿਆ ਏ, ਅੱਜ ਆਪ ਇਹ ਕੀ ਫੁਰਮਾਂਵਦੇ ਨੇ

### ਕੁਝ ਹੋਰ

ਅਜੇ ਕੱਲ੍ਹ ਦੀ ਗੱਲ ਹੈ ਇਸੇ ਥਾਂ 'ਤੇ, ਕੀਤਾ ਆਪ ਨੇ ਇਉਂ ਬਿਆਨ ਵੇਖੋ
ਮੇਰੇ ਸਿੱਖ ਸੇਵਕ ਹੈਣ ਰੂਪ ਮੇਰਾ, ਮੇਰੀ ਜਿੰਦ ਜਾਣੋ, ਮੇਰੀ ਜਾਨ ਵੇਖੋ
ਤਨ, ਮਨ, ਧਨ, ਸਿਰ ਵੀ ਇਨ੍ਹਾਂ ਦਾ ਏ, ਮੇਰੀ ਇਨ੍ਹਾਂ ਦੇ ਨਾਲ ਕਲਿਆਨ ਵੇਖੋ
'ਤੀਰ' ਅੱਜ ਪਰ ਹੋ ਗਿਆ ਕੀ ਏਥੇ, ਤੇਗ਼ ਲਈ ਮੰਗਣ ਸਿਦਕਵਾਨ ਵੇਖੋ

### ਲੋਕਾਂ ਦੀਆਂ ਵੱਖੋ ਵੱਖ ਵਿਚਾਰਾਂ

ਕਈਆਂ ਆਖਿਆ ਰਹੇ ਇਕਾਂਤ-ਵਾਸੀ, ਇਸੇ ਵਾਸਤੇ ਹੋ ਇਹ ਗੱਲ ਗਈ ਏ
ਰਿਹਾ ਆਪਦਾ ਨਹੀਂ ਦਿਮਾਗ਼ ਥਾਵੇਂ, ਬੁੱਧ ਸੋਚ ਟਿਕਾਣਿਉਂ ਹੱਲ ਗਈ ਏ
ਕੋਹਣ ਲਗੇ ਜੇ ਉੱਠ ਕੇ ਸੇਵਕਾਂ ਨੂੰ, ਜਾਣੇ ਰੱਬ ਸੁਰਤੀ ਕਿਹੜੀ ਵੱਲ ਗਈ ਏ
'ਤੀਰ' ਸ੍ਰੀ ਦਸਮੇਸ਼ ਦੀ ਭੇਦ ਵਾਲੀ, ਕਾਨੀ ਬਹੁਤਿਆਂ ਦਿਲਾਂ 'ਤੇ ਚੱਲ ਗਈ ਏ

### ਮਹਾਰਾਜ ਚੁੱਪ ਵੇਖ ਕੇ ਫੇਰ ਲਲਕਾਰਦੇ ਹਨ

ਕੋਈ ਹੈ ਇਸ ਭਰੇ ਦੀਵਾਨ ਅੰਦਰ, ਪੈਰ ਮੌਤ ਦੇ ਰਾਹ 'ਤੇ ਧਰੇ ਜਿਹੜਾ

ਕੋਈ ਹੈ ਇਸ ਭਰੇ ਦੀਵਾਨ ਅੰਦਰ, ਮੇਰੀ ਆਸ਼ਕੀ ਦੀ ਹਾਮੀ ਭਰੇ ਜਿਹੜਾ
ਕੋਈ ਹੈ ਇਸ ਭਰੇ ਦੀਵਾਨ ਅੰਦਰ, ਤਿੱਖੀ ਤੇਗ਼ ਦੀ ਧਾਰ ਨੂੰ ਤਰੇ ਜਿਹੜਾ
ਕੋਈ ਹੈ ਇਸ ਭਰੇ ਦੀਵਾਨ ਅੰਦਰ, ਲੰਘ ਤੇਗ਼ 'ਚੋਂ ਮੌਤ ਨੂੰ ਵਰੇ ਜਿਹੜਾ
ਕੋਈ ਹੈ ਇਸ ਭਰੇ ਦੀਵਾਨ ਅੰਦਰ, ਭੇਟਾ ਆਪਣੇ ਸੀਸ ਨੂੰ ਕਰੇ ਜਿਹੜਾ
ਕੋਈ ਹੈ ਇਸ ਭਰੇ ਦੀਵਾਨ ਅੰਦਰ, 'ਤੀਰ' ਤੇਗ਼ ਸੋਹਣੀ ਉੱਤੇ ਮਰੇ ਜਿਹੜਾ

### ਇਕ ਉੱਠਦਾ ਹੈ (ਵੱਲੋਂ ਕਵੀ)

ਤੀਹ ਸਾਲ ਦੀ ਉਮਰ ਜਵਾਨ ਬਾਂਕਾ, ਦਾੜ੍ਹੀ ਮੁੱਛ ਸੁਹਾਵਣੀ ਆਈ ਹੋਈ
ਅੱਖਾਂ ਭੁੱਲ੍ਹ ਰਹੀਆਂ ਅਤੇ ਗਲਾ ਭਰਿਆ, ਬੋਲੀ ਪ੍ਰੇਮ ਦੇ ਵਿਚ ਭਰੜਾਈ ਹੋਈ
ਜੋੜੇ ਹੱਥ ਦੋਵੇਂ, ਪਾਇਆ ਗੱਲ ਪੱਲਾ, ਨੀਵੀਂ ਧੌਣ ਕਰਕੇ ਨੀਵੀਂ ਪਾਈ ਹੋਈ
'ਤੀਰ' ਉੱਠ ਕੇ ਬੋਲਿਆ ਇਉਂ ਮੂੰਹੋਂ, ਸੁਣਨ ਸਾਰ ਹੈਰਾਨ ਲੁਕਾਈ ਹੋਈ

### ਉਹ ਅਰਜ਼ੋਈ ਕਰਦਾ ਹੈ

ਸ਼ਹਿਨਸ਼ਾਹ! ਮੇਰੇ ਇਸ ਕੱਖ ਤਾਈਂ, ਨਿਗ੍ਹਾ ਆਪਣੀ ਵਿੱਚ ਪਰਵਾਨ ਕਰ ਲਓ
ਇਹਦਾ ਸਿਰ ਇਸ ਤੇਗ਼ ਦੇ ਨਾਲ ਲਾਹ ਕੇ, ਸਭ ਦੇ ਸਾਹਮਣੇ ਲਹੂ-ਲੁਹਾਨ ਕਰ ਲਓ
ਇਹਨੂੰ ਆਪਣੇ ਵਿਚ ਹੀ ਲੀਨ ਕਰ ਲਓ, ਇਹਨੂੰ ਆਪਣੀ ਜਾਨ ਵਿਚ ਜਾਨ ਕਰ ਲਓ
'ਤੀਰ' ਦਿਲ ਦਾ ਹੋਏ ਅਰਮਾਨ ਪੂਰਾ, ਪੂਰਾ ਆਪਣਾ ਤੁਸੀਂ ਅਰਮਾਨ ਕਰ ਲਓ

### ਜਵਾਨ ਫੇਰ ਕਹਿੰਦਾ ਹੈ

ਮੇਰੀ ਚਾਹ ਹੈ ਆਪਦੀ ਤੇਗ਼ ਉੱਤੇ, ਗਲਾ ਆਪਣਾ ਪਾਤਸ਼ਾਹ ਧਰੀ ਜਾਵਾਂ
ਇਹੋ ਦਯਾ ਹੋਵੇ ਦਯਾ ਰਾਮ ਉੱਤੇ, ਏਸ ਤੇਗ਼ ਦੀ ਧਾਰ ਨੂੰ ਤਰੀ ਜਾਵਾਂ
ਤੀਹ ਵਰ੍ਹੇ ਦੀ ਉਮਰ ਹੋ ਸਫ਼ਲ ਜਾਵੇ, ਸਫ਼ਲ ਤੀਹ ਵਾਰੀ ਏਦਾਂ ਕਰੀ ਜਾਵਾਂ
ਜੀਅ ਦਾਨ ਬਖ਼ਸ਼ੋ ਤੁਸੀਂ ਜੇ ਦਾਤਾ, 'ਤੀਰ' ਲੱਖ ਵਾਰੀ ਏਦਾਂ ਮਰੀ ਜਾਵਾਂ

### ਦਇਆ ਰਾਮ ਜੀ ਨੂੰ ਤੰਬੂ ਵਿਚ ਲਿਜਾਇਆ ਗਿਆ (ਵੱਲੋਂ ਕਵੀ)

ਝੱਟ ਫੜ ਬਾਹੋਂ ਦਯਾ ਰਾਮ ਤਾਈਂ, ਤੰਬੂ ਵਿੱਚ ਲੈ ਗਈ ਸਰਕਾਰ ਅੰਦਰ
ਬਾਹਰ ਬੈਠਿਆਂ ਇਕ ਖੜਾਕ ਸੁਣਿਆ, ਚੱਲੀ ਜ਼ੋਰ ਦੇ ਨਾਲ ਤਲਵਾਰ ਅੰਦਰ
ਕਈ ਬੋਲ ਉੱਠੇ ਅੱਭੜਵਾਹ ਮੂੰਹੋਂ, ਯਾਰੋ ਵਰਤ ਗਈ ਜੇ ਹੋਣਹਾਰ ਅੰਦਰ
'ਤੀਰ' ਰੋੜ੍ਹ ਬਣ ਕੇ ਝੱਟ ਬਾਹਰ ਆਈ, ਜਿਹੜੀ ਵਗੀ ਸੀ ਰੱਤ ਦੀ ਧਾਰ ਅੰਦਰ

### ਫੇਰ (ਵੱਲੋਂ ਕਵੀ)

ਫੇਰ ਤੰਬੂਓਂ ਬਾਹਰ ਦਸਮੇਸ਼ ਆਏ, ਭਰੀ ਰੱਤ ਦੀ ਫੇਰ ਕਿਰਪਾਨ ਨਿਕਲੀ

ਰੰਗ ਵੇਖ ਕੇ ਕਈਆਂ ਦੇ ਰੰਗ ਉੱਡੇ, ਢੰਗ ਵੇਖ ਕੇ ਕਈਆਂ ਦੀ ਜਾਨ ਨਿਕਲੀ
ਝੱਟ ਅੱਖ ਬਚਾ ਕੇ ਕਈ ਨੱਠੇ, ਆਣ ਚਿਹਰਿਆਂ ਤੋਂ ਮੁਰਦਿਹਾਨ ਨਿਕਲੀ
'ਤੀਰ' ਦੜ ਵੱਟੀ ਬਾਕੀ ਗਏ ਵੇਖੀ, ਮੂੰਹੋਂ ਬਾਹਰ ਨਾ ਕੋਈ ਜ਼ਬਾਨ ਨਿਕਲੀ

### ਦਸਮੇਸ਼ ਜੀ ਦੀ ਦੂਜੀ ਮੰਗ (ਵੱਲੋਂ ਕਵੀ)

ਫੇਰ ਗਰਜ ਹੋਈ ਬੱਬਰ ਸ਼ੇਰ ਵਾਂਙੂ, ਕੋਈ ਹੋਰ ਹੈ ਮੌਤ ਨੂੰ ਵਰਨ ਵਾਲਾ?
ਹੋਈ ਹੋਈ ਪਰਤੱਖ ਹੈ ਤੇਗ਼-ਦੇਵੀ, ਕੋਈ ਹੈ ਇਸਦੀ ਪੂਜਾ ਕਰਨ ਵਾਲਾ?
ਗੱਲੀ ਪ੍ਰੇਮ ਅੰਦਰ ਤਲੀ ਸੀਸ ਧਰ ਕੇ, ਕੋਈ ਉੱਠਦਾ ਹੈ ਦੱਮ ਭਰਨ ਵਾਲਾ?
'ਤੀਰ' ਏਤਨੇ ਸਿੱਖਾਂ ਤੇ ਸੇਵਕਾਂ 'ਚੋਂ, ਕੌਣ ਗੁਰੂ ਦੇ ਨਾਮ 'ਤੇ ਮਰਨ ਵਾਲਾ?

### ਦੂਜਾ ਜਵਾਨ ਉਠਿਆ (ਵੱਲੋਂ ਕਵੀ)

ਤੇਤੀ ਸਾਲ ਦੀ ਉਮਰ ਭਰਪੂਰ ਜੋਬਨ, ਪ੍ਰੇਮ ਅੱਖੀਆਂ ਵਿਚ ਭਰਪੂਰ ਦਿੱਸੇ
ਪੁੰਜ ਨੇਕੀਆਂ ਦਾ ਪ੍ਰੀਤਵਾਨ ਭੌਰਾ, ਰੂਪ ਓਸ ਦਾ ਰੱਬ ਦਾ ਨੂਰ ਦਿੱਸੇ
ਜਾਤ ਜੱਟ ਪ੍ਰੇਮ ਦੀ ਸੱਟ ਖਾ ਕੇ, ਮਾਣ ਵੱਟ ਪਿਛਲਾ ਹੋਇਆ ਚੂਰ ਦਿੱਸੇ
'ਤੀਰ' ਉੱਠ ਕੇ ਪਹੁੰਚਿਆ ਚੱਲ ਪੈਰੀਂ, ਜਿਹੜੀ ਪ੍ਰੇਮ-ਦਿੱਲੀ ਦਿਲੋਂ ਦੂਰ ਦਿੱਸੇ

### ਜਵਾਨ ਅਰਜ਼ੋਈ ਕਰਦਾ ਹੈ

ਲੱਗੀ ਢਿੱਲ ਮੈਥੋਂ ਮੈਨੂੰ ਖਿਮਾ ਕਰਨਾ, ਜਾਵਾਂ ਤੇਗ਼ ਤੋਂ ਮੈਂ ਕੁਰਬਾਨ ਦਾਤਾ
ਗੰਗਾ ਨ੍ਹਾ ਲੀਤਾ ਜੇਕਰ ਤੇਗ਼ ਤੇਰੀ, ਮੇਰੀ ਰੱਤ ਵਿਚ ਕਰੇ ਸ਼ਨਾਨ ਦਾਤਾ
ਜੀਅ ਦਾਨ ਮਿਲਿਆ ਤੇਰੇ ਦਰੋਂ ਜਾਣਾ, ਚੁੰਮਾਂ ਜੇ ਕਦੇ ਅੱਜ ਕ੍ਰਿਪਾਨ ਦਾਤਾ
ਧਰਮਦਾਸ ਜੀਵੇ 'ਤੀਰ' ਤੇਗ਼ ਉੱਤੇ, ਵਾਰੇ ਜਾਣ ਦਾ ਮਿਲੇ ਜੇ ਮਾਨ ਦਾਤਾ

### ਧਰਮ ਦਾਸ ਵੀ ਤੰਬੂ ਵਿਚ ਲਿਜਾਇਆ ਗਿਆ (ਵੱਲੋਂ ਕਵੀ)

ਲੈ ਗਏ ਝੱਟ ਅੰਦਰ ਧਰਮ ਦਾਸ ਨੂੰ ਵੀ, ਨਾਲ ਜ਼ੋਰ ਦੇ ਫੇਰ ਤਲਵਾਰ ਚੱਲੀ
ਉਸੇ ਤਰ੍ਹਾਂ ਦਾ ਫੇਰ ਖੜਾਕ ਹੋਇਆ, ਉਸੇ ਤਰ੍ਹਾਂ ਹੀ ਲਹੂ ਦੀ ਧਾਰ ਚੱਲੀ
ਉਸੇ ਤਰ੍ਹਾਂ ਦਸਮੇਸ਼ ਜੀ ਬਾਹਰ ਆਏ, ਉਸੇ ਤੇਗ਼ ਦੀ ਬਾਹਰ ਵਿਚਾਰ ਚੱਲੀ
'ਤੀਰ' ਆਈ ਲੁਕਾਈ ਸੀ ਓੜਕਾਂ ਦੀ, ਖ਼ੂਨੀ ਵੇਖ ਕਾਰੇ ਹਿੰਮਤ ਹਾਰ ਚੱਲੀ

### ਤੀਜੀ ਮੰਗ (ਵੱਲੋਂ ਕਵੀ)

ਤੀਜੀ ਵਾਰ ਓਹੋ ਫੇਰ ਮੰਗ ਕੀਤੀ, ਤੇਗ਼ ਲਹੂ ਅੰਦਰ ਓਵੇਂ ਤਰੀ ਹੋਈ
ਸੋਚੀਂ ਪਈ ਸੰਗਤ, ਆਖੇ ਆਣ ਏਥੇ, ਸਾਡੇ ਨਾਲ ਹੈ ਰੱਜ ਕੇ ਖਰੀ ਹੋਈ
ਏਦਾਂ ਛਾਂਗਦਾ ਕੋਈ ਨਾ ਰੁੱਖ ਬੂਟੇ, ਜਿਵੇਂ ਸਤਿਗੁਰਾਂ ਹੈ ਵਾਢੀ ਧਰੀ ਹੋਈ

'ਤੀਰ' ਅੱਖ ਬਚਾ ਕੇ ਖਿਸਕ ਚੱਲੀ, ਰਹੀ ਕੁੱਝ ਟਾਂਵੀਂ ਟਾਂਵੀਂ ਡਰੀ ਹੋਈ

### ਤੀਜਾ ਜਵਾਨ ਉਠਿਆ (ਵੱਲੋਂ ਕਵੀ)

ਵਰ੍ਹੇ ਛੱਤੀਆਂ ਦਾ ਦੱਸੇ ਜਾਤ ਛੀਂਬਾ, ਪਿਆ ਅੱਖੀਓਂ ਛਮ-ਛਮ ਵੱਸਦਾ ਏ
ਵੇਖ ਵੇਖ ਦਸਮੇਸ਼ ਵੀ ਵੱਲ ਉਸਦੇ, ਕਿਸੇ ਰਮਜ਼ ਅੰਦਰ ਮਿੱਠਾ ਹੱਸਦਾ ਏ
ਮੁਹਕਮ ਚੰਦ ਹੈ ਗੁਰੂ ਜੀ ਨਾਮ ਮੇਰਾ, ਮੇਰਾ ਗਲਾ ਵੀ ਤੇਗ਼ ਲਈ ਤੱਸਦਾ ਏ
'ਤੀਰ' ਵੇਖ ਲਓ ਪ੍ਰੇਮ ਦੇ ਰੰਗ ਅੰਦਰ, ਸਿੱਖ ਲੈਣ ਲੱਗਾ ਟਿੱਕਾ ਜੱਸਦਾ ਏ

### ਜਵਾਨ ਕੀ ਕਹਿੰਦਾ ਹੈ?

ਜਾਨੀ-ਜਾਨ ਦਾਤਾ! ਜੇ ਤੂੰ ਤੁੱਠਿਆ ਏਂ, ਮੈਨੂੰ ਆਪਣਾ ਬਖ਼ਸ਼ ਪਿਆਰ ਵਾਰੀ
ਹੋਵਾਂ ਤੇਰੀ ਤਲਵਾਰ ਤੋਂ ਮੈਂ ਵਾਰੀ, ਤੇਰੀ ਸ਼ਾਨ ਤੋਂ ਹੋਇ ਤਲਵਾਰ ਵਾਰੀ
ਮੈਨੂੰ ਮਾਰ ਦਾਤਾ ਐਪਰ ਮਿਹਰ ਕਰਕੇ, ਮੇਰੇ ਨਾਲ ਇਹ ਕਰੀਂ ਇਕਰਾਰ ਵਾਰੀ
ਲੱਖਾਂ ਜਨਮ ਦੇ ਕੇ 'ਤੀਰ' ਸੀਸ ਮੰਗੀਂ, ਤੇਰੀ ਤੇਗ਼ 'ਤੇ ਮਰਾਂ ਹਜ਼ਾਰ ਵਾਰੀ

### ਮੁਹਕਮ ਚੰਦ ਵੀ ਤੰਬੂ ਅੰਦਰ (ਵੱਲੋਂ ਕਵੀ)

ਮੁਹਕਮ ਚੰਦ ਨੂੰ ਵੀ ਝਟਕਾ ਮਾਰ ਫੜਿਆ, ਤੰਬੂ ਵਿੱਚ ਓਵੇਂ ਹੀ ਪੁਚਾ ਦਿੱਤਾ
ਚੱਲੀ ਤੇਗ਼ ਤੇ ਲਹੂ ਦੀ ਧਾਰ ਚੱਲੀ, ਸਿੱਖਾਂ ਆਖਿਆ ਸਿੱਖ ਝਟਕਾ ਦਿੱਤਾ
ਕਈ ਉੱਠ ਨੱਠੇ ਮੋਏ ਭੰਗ-ਭਾੜੇ, ਦਿਲੋਂ ਇਹੋ ਖ਼ਿਆਲ ਦੁੜਾ ਦਿੱਤਾ
'ਤੀਰ' ਆਣ ਕੇ ਬਾਹਰ ਦਸਮੇਸ਼ ਮੇਰੇ, ਉਸੇ ਤਰ੍ਹਾਂ ਹੀ ਫੇਰ ਸੁਣਾ ਦਿੱਤਾ

### ਮਹਾਰਾਜ ਫੇਰ ਆਖਦੇ ਹਨ

ਸਿੱਖੋ ਸੇਵਕੋ ਤੁਸੀਂ ਯਕੀਨ ਰੱਖੋ, ਸਿੱਖ ਤਾਈਂ ਮੈਂ ਆਪਣੀ ਸ਼ਾਨ ਸਮਝਾਂ
ਦਿਲੋਂ ਆਪਣੇ ਦੇਹ-ਪ੍ਰਾਣ ਸਮਝਾਂ, ਸਦਾ ਆਪਣੀ ਜਾਨ ਦੀ ਜਾਨ ਸਮਝਾਂ
ਇੱਕ ਹੋਰ ਆਵੇ ਮੇਰੀ, ਤੇਗ਼ ਬਦਲੇ, ਸਿੱਖੀ ਜਿਸਦੀ ਅੱਜ ਪਰਵਾਨ ਸਮਝਾਂ
ਕਿਉਂਕਰ ਡੱਕਰੇ ਕਰਾਂ ਪਿਆਰਿਆਂ ਦੇ? 'ਤੀਰ' ਜੇ ਮੈਂ ਆਪਣੀ ਹਾਨ ਸਮਝਾਂ

### ਬੈਠੇ ਹੋਏ ਲੋਕੀਂ ਕੀ ਕਹਿਣ ਲੱਗੇ

ਜਾਨਾਂ ਕੀਮਤੀ ਤਾਂ ਤਿੰਨੇ ਭੰਗ-ਭਾੜੇ, ਚੁੱਕੇ ਹੈਣ ਇਹ ਹੁਣੇ ਗਵਾ ਵੇਖੋ
ਇਹਦੇ ਵਿੱਚ ਨਾ ਮੂਲ ਨੁਕਸਾਨ ਕੋਈ, ਸਾਨੂੰ ਰਹੇ ਜੋ ਹੋਰ ਸੁਣਾ ਵੇਖੋ
ਅਜੇ ਹੋਰ ਵੀ ਖ਼ੈਰ ਨਾ ਜਾਪਦੀ ਏ, ਡਿੱਗ ਪਿਆ ਏ ਸਿਰਾਂ ਦਾ ਭਾ ਵੇਖੋ
'ਤੀਰ' ਆਖਦੇ ਲੋਕ ਦਸਮੇਸ਼ ਤਾਈਂ, ਹੋ ਗਿਆ ਏ ਕੋਈ ਸ਼ੁਦਾ ਵੇਖੋ

### ਚੌਥਾ ਜਵਾਨ ਉੱਠਿਆ ਤੇ ਬੋਲਿਆ

ਪੱਕੀ ਉਮਰ ਦਾ ਹਿੰਮਤੀ ਆਣ ਪੁੱਜਾ, ਹੱਥ ਜੋੜ ਆਖੇ ਹਾਂ ਸੁਲਤਾਨ ਹਾਜ਼ਰ
'ਹਿੰਮਤ ਰਾਇ', ਹਾਂ ਦਿਲੋਂ ਬੇ-ਹਿੰਮਤਾ ਮੈਂ, ਦਿਓ ਬੱਲ ਦਾਤਾ ਮੇਰੀ ਜਾਨ ਹਾਜ਼ਰ
ਦਇਆ ਕਰੋ ਕਬੂਲ ਲਓ ਭੇਟ ਮੇਰੀ, ਗੋਲਾ ਆਪਦਾ ਮੈਂ ਹੋਇਆ ਆਨ ਹਾਜ਼ਰ
'ਤੀਰ' ਆਪਦੀ ਵੇਖ ਕ੍ਰਿਪਾਨ ਨੰਗੀ, ਮੇਰੇ ਹੱਸ ਕੇ ਹੈਣ ਪ੍ਰਾਨ ਹਾਜ਼ਰ

### ਭਾਈ ਹਿੰਮਤ ਰਾਇ ਵੀ ਤੰਬੂ ਵਿਚ ਪੁੱਜ ਗਿਆ (ਵੱਲੋਂ ਕਵੀ)

ਉੱਥੇ ਗਏ ਭਾਈ ਹਿੰਮਤ ਰਾਇ ਹੋਰੀਂ, ਪੁੱਜੇ ਤਿੰਨ ਪਹਿਲੇ ਸਿਦਕਵਾਨ ਜਿੱਥੇ
ਬਾਹਰ ਬੈਠਿਆਂ ਆਖਿਆ 'ਗਿਆ ਇਹ ਵੀ', ਪਹਿਲੇ ਦੇ ਗਏ ਸਿੱਖ ਪ੍ਰਾਨ ਜਿੱਥੇ
ਬਹੁਤੇ ਹਰਨ ਹੋਏ ਥੋੜ੍ਹੇ ਰਹੇ ਬਾਕੀ, ਹੈਸੀ ਖ਼ੂਬ ਭਰਪੂਰ ਦੀਵਾਨ ਜਿੱਥੇ
'ਤੀਰ' ਅਟਕਦਾ ਏ ਕੌਣ ਓਸ ਥਾਵੇਂ, ਹੋਵੇ ਭੰਗ ਭਾ ਜਾਂਵਦੀ ਜਾਨ ਜਿੱਥੇ

### ਪੰਜਵੀਂ ਮੰਗ (ਵੱਲੋਂ ਕਵੀ)

ਹਿੰਮਤ ਰਾਇ ਨੂੰ ਵੀ ਲੇਖੇ ਲਾ ਅੰਦਰ, ਬਾਹਰ ਆਣ ਕੇ ਵਰਤਿਆ ਢੰਗ ਉਹੋ
ਉਹੋ ਲਹੂ-ਰੰਗੀ ਤੇਗ਼ ਹੱਥ ਅੰਦਰ, ਅਤੇ ਆਪ ਦੇ ਚਿਹਰੇ ਦਾ ਰੰਗ ਉਹੋ
ਕੁੱਝ ਕੁੱਝ ਹਜ਼ੂਰ ਨੇ ਖ਼ੁਸ਼ੀ ਅੰਦਰ, ਪਾਈ ਫੇਰ ਵੀ ਪਰਖ ਨਸ਼ੰਗ ਉਹੋ
'ਤੀਰ' ਕੜਕਵੀਂ ਉਹੋ ਅਵਾਜ਼ ਨਿਕਲੀ, ਤੇ ਅਵਾਜ਼ ਵਿਚੋਂ ਗੂੰਜੀ ਮੰਗ ਉਹੋ

### ਪੰਜਵੀਂ ਮੰਗ ਕਰਦੇ ਹਨ

ਆ ਕੇ ਪੰਜਵੀਂ ਵਾਰ ਵੀ ਕਹਿਣ ਲੱਗੇ, ਹੋਵੇ ਹੋਰ ਕੋਈ ਮਾਈ-ਲਾਲ ਸਦਕੇ
ਵੇਖੋ ਸੀਸ ਇਹ ਅਜੇ ਵੀ ਮੰਗਦੀ ਏ, ਤੋੜੇ ਜੱਗ ਦੇ ਮੋਹ ਦਾ ਜਾਲ ਸਦਕੇ
ਜਿਹੜਾ ਸਿੱਖ ਸਦਕੇ ਹੋਸੀ ਤੇਗ਼ ਉੱਤੋਂ, ਉਸ ਤੋਂ ਮੈਂ ਕਰਸਾਂ ਪੁੱਤਰ-ਮਾਲ ਸਦਕੇ
ਮੇਰਾ 'ਤੀਰ' ਸਦਕੇ ਮੇਰੀ ਤੇਗ਼ ਸਦਕੇ, ਉਸਦੇ ਲਈ ਮੇਰਾ ਵਾਲ ਵਾਲ ਸਦਕੇ

### ਫੇਰ ਕਹਿੰਦੇ ਹਨ

ਮੇਰੀ ਤੇਗ਼ ਦੀ ਨਹੀਂ ਪਿਆਸ ਬੁੱਝੀ, ਕੋਈ ਸੂਰਮਾ ਲਹੂ ਪਿਆਏ ਇਸਨੂੰ
ਗਲੇ ਲੱਗਣਾ ਚਾਂਵ੍ਹਦੀ ਇਹ ਸੋਹਣੀ, ਆਸ਼ਕ ਕੋਈ ਆ ਕੇ ਗਲੇ ਲਾਏ ਇਸਨੂੰ
ਜਿਹਨੂੰ ਮੌਤ ਦਾ ਭੈ ਨਾ ਮੂਲ ਹੋਵੇ, ਉਹੋ ਆਣ ਗਲਵੱਕੜੀ ਪਾਏ ਇਸਨੂੰ
'ਤੀਰ' ਸਿਰਾਂ ਦੀ ਭੇਟ ਇਹ ਮੰਗਦੀ ਏ, ਕੋਈ ਸੀਸ ਦੀ ਭੇਟ ਚੜ੍ਹਾਏ ਇਸਨੂੰ

### ਪੰਜਵਾਂ ਜਵਾਨ ਉਠਿਆ ਤੇ ਬੋਲਿਆ

ਸੈਂਤੀ ਸਾਲ ਦੀ ਉਮਰ ਤੇ ਜ਼ਾਤ ਨਾਈ, ਹੱਥ ਜੋੜ ਦੋਵੇਂ ਅੱਗੇ ਆਇਆ ਜੇ

ਕਹਿੰਦਾ ਸ਼ਹਿਨਸ਼ਾਹੋ! ਮੈਥੋਂ ਢਿੱਲ ਲੱਗੀ, ਮੋਹ-ਬੰਧਨਾਂ ਬੰਨ੍ਹ ਅਟਕਾਇਆ ਜੇ
ਤੋੜਨ ਲਈ ਪਰਿਵਾਰ ਦੀ ਮੋਹ-ਫਾਹੀ, ਸਾਰਾ ਜ਼ੋਰ ਮੈਂ ਆਪਣਾ ਲਾਇਆ ਜੇ
ਡਰ ਗਿਆ ਮੈਂ 'ਤੀਰ' ਜੀ ਪਰਖ ਵੇਲੇ, ਡਾਢਾ ਏਸ ਕਰਕੇ ਪਛੋਤਾਇਆ ਜੇ

### ਹੱਥ ਜੋੜ ਕੇ ਆਖਦਾ ਹੈ

ਪਹਿਲੇ ਹੰਭਲੇ ਉੱਠਣਾ ਚਾਹਿਆ ਤਾਂ, ਜੂੜ ਲਿਆ ਸੀ ਸੁੰਦਰੀ ਨਾਰ ਮੈਨੂੰ
ਦੂਜੀ ਵਾਰ ਜਾਂ ਆਪ ਨੇ ਮੰਗ ਕੀਤੀ, ਚੇਤੇ ਆ ਗਿਆ ਬਾਗ਼ ਪਰਿਵਾਰ ਮੈਨੂੰ
ਤੀਜੀ ਵਾਰ ਬੱਧਾ ਧੀਆਂ-ਪੁੱਤਰਾਂ ਨੇ, ਚੁੰਮਣ ਦਿੱਤੀ ਨਾ ਤੇਗ਼ ਦੀ ਧਾਰ ਮੈਨੂੰ
ਸਾਹਿਬ ਚੰਦ ਦੀ ਭੇਟ ਪਰਵਾਨ ਕਰ ਲਓ, ਦਾਤਾ ਸੱਦਿਆ ਜੇ ਆਖ਼ਰਕਾਰ ਮੈਨੂੰ

### ਸਾਹਿਬ ਚੰਦ ਨੂੰ ਵੀ ਅੰਦਰ ਲੈ ਗਏ (ਵੱਲੋਂ ਕਵੀ)

ਸਾਹਿਬ ਚੰਦ ਨੂੰ ਵੀ ਝੱਟ ਫੜ ਬਾਹੋਂ, ਤੰਬੂ ਵਿੱਚ ਲੈ ਗਏ ਦਿਲੀ ਮਾਣ ਕਰਕੇ
ਓਸੇ ਤਰ੍ਹਾਂ ਖੜਾਕ ਤੇ ਸੱਟ ਉਹੋ, ਡਰੇ ਬਾਹਰ ਬੈਠੇ ਇਹ ਪਛਾਣ ਕਰਕੇ
ਫੇਰ ਝੱਟ ਦਸਮੇਸ਼ ਜੀ ਬਾਹਰ ਆਏ, ਤੇਗ਼ ਆਪਣੀ ਲਹੂ ਲੁਹਾਣ ਕਰਕੇ
'ਤੀਰ' ਸਿੱਖ ਸੇਵਕ ਸੈਆਂ ਉੱਠ ਨੱਠੇ, ਹੋਣੀ ਵਰਤਦੀ ਸਿਰਾਂ 'ਤੇ ਜਾਣ ਕਰਕੇ

### ਸਿੱਖ ਸੇਵਕ ਮਾਤਾ ਗੁਜਰੀ ਕੋਲ (ਵੱਲੋਂ ਕਵੀ)

ਵਾਹੋ ਦਾਹ ਲੋਕੀਂ ਮਹਿਲਾਂ ਵੱਲ ਦੌੜੇ, ਕੌਤਕ ਵੇਖ ਡਾਢੇ ਸਹਿਮੇ ਡਰੇ ਹੋਏ
ਗੱਲ ਕਿਸੇ ਦੇ ਮੂੰਹ 'ਚੋਂ ਨਿੱਕਲੇ ਨਾ, ਜਿਵੇਂ ਸੱਜਰੇ ਈ ਹੋਣ ਮਰੇ ਹੋਏ
ਆਖਣ ਹੋਰ ਤੇ ਨਿੱਕਲੇ ਹੋਰ ਮੂੰਹੋਂ, ਪਾਲੇ ਨਾਲ ਜਿੱਦਾਂ ਦੰਦ ਠਰੇ ਹੋਏ
'ਤੀਰ' ਅੰਤ ਬੋਲੇ ਸਾਰਾ ਟਿੱਲ ਲਾ ਕੇ, ਮਾਤਾ ਕੋਲ ਜਾ ਕੇ ਦਰਦ ਭਰੇ ਹੋਏ

### ਸਿੱਖ ਮਾਤਾ ਜੀ ਨੂੰ ਗੁਰੂ ਜੀ ਬਾਬਤ ਦੱਸਦੇ ਹਨ

ਕੀ ਆਖੀਏ ਗੱਲ ਨਾ ਕਹਿਣ ਵਾਲੀ, ਸਹਿਮ ਸਾਰਿਆਂ 'ਤੇ ਗਿਆ ਛਾ ਮਾਤਾ
ਵੇਖੋ ਗੁਰੂ ਮਹਾਰਾਜ ਨੂੰ ਕੀ ਹੋਇਆ, ਅੱਜ ਰਹੇ ਨੇ ਕਹਿਰ ਵਰਤਾ ਮਾਤਾ
ਲਹੂ ਵਿੱਚ ਉਨ੍ਹਾਂ ਨੇ ਤੇਗ਼ ਰੰਗੀ, ਮਾਰੇ ਸਿੱਖ ਨੇ ਭੰਗ ਦੇ ਭਾ ਮਾਤਾ
ਪੰਜ ਕੋਹ ਚੁੱਕੇ ਵਾਂਗ ਬੱਕਰੇ ਦੇ, ਤੰਬੂ ਵਿਚ ਲਿਜਾ ਲਿਜਾ ਮਾਤਾ
ਅਜੇ ਬੱਸ ਨਾ, ਉਨ੍ਹਾਂ ਦੇ ਤੌਰ ਉਹੋ, ਹੋ ਗਿਆ ਏ ਜਿਵੇਂ ਸ਼ੁਦਾ ਮਾਤਾ
ਅਸੀਂ ਕਹਿਰ ਅੱਖੀਂ ਸੱਕੇ ਵੇਖ ਨਾਹੀਂ, ਆਏ ਆਪ ਦੇ ਕੋਲ ਹਾਂ ਧਾ ਮਾਤਾ
ਚੱਲੋ ਰੋਕ ਲਓ ਗੁਰੂ ਦਸਮੇਸ਼ ਜੀ ਨੂੰ, ਲਵੋ ਸੇਵਕਾਂ ਤਾਈਂ ਬਚਾ ਮਾਤਾ
ਗੱਦੀ ਯੋਗ ਨਾ ਆਪ ਦਾ ਲਾਲ ਰਿਹਾ, ਦਿਓ ਪੋਤਰਾ ਗੁਰੂ ਬਣਾ ਮਾਤਾ
ਵੇਖੋ ਚੱਲ ਕੇ ਤੰਬੂਓਂ ਬਾਹਰ ਆਏ, ਕਿਵੇਂ ਰੱਤ ਦੇ ਅੱਜ ਦਰਿਆ ਮਾਤਾ

'ਤੀਰ' ਗੱਲ ਸੁਣ ਕੇ ਸਿੱਖਾਂ ਸੇਵਕਾਂ ਦੀ, ਇਕ ਵਾਰ ਤਾਂ ਗਈ ਘਬਰਾ ਮਾਤਾ

### *ਇਧਰ ਦਸਮੇਸ਼ ਜੀ ਨੇ ਕੀ ਕੌਤਕ ਰਚਿਆ (ਵੱਲੋਂ ਕਵੀ)*

ਤੰਬੂ ਵਿੱਚ ਹੀ ਸ੍ਰੀ ਦਸਮੇਸ਼ ਚੋਜੀ, ਕੋਈ ਭੇਦ ਦੇ ਪੂਰਨੇ ਪਾਂਵਦੇ ਰਹੇ
ਜਾਣੇ ਰੱਬ ਕੀ ਵਰਤਦਾ ਰਿਹਾ ਅੰਦਰ, ਸਿੱਖ ਬਾਹਰ ਦਲੀਲ ਦੁੜਾਂਵਦੇ ਰਹੇ
ਕਿੰਨਾ ਚਿਰ ਨਾ ਤੰਬੂਓਂ ਬਾਹਰ ਆਏ, ਜਿਵੇਂ ਮਾਰ ਕੇ ਫੇਰ ਜਿਵਾਂਵਦੇ ਰਹੇ
'ਤੀਰ' ਬਾਹਰ ਬੈਠੇ ਸਿੱਖਾਂ ਸੇਵਕਾਂ ਨੂੰ, ਦਿਲੋਂ ਡਰ ਕਈ ਆਂਵਦੇ ਜਾਂਵਦੇ ਰਹੇ

### *ਦਸਮੇਸ਼ ਜੀ ਪੰਜਾਂ ਪਿਆਰਿਆਂ ਸਣੇ ਤੰਬੂਓਂ ਬਾਹਰ ਆਏ (ਵੱਲੋਂ ਕਵੀ)*

ਜਦੋਂ ਤੰਬੂਓਂ ਬਾਹਰ ਦਸਮੇਸ਼ ਨਿਕਲੇ, ਸਿੱਖ ਸੰਗਤਾਂ ਹੋ ਹੈਰਾਨ ਵੇਖਣ
ਅੱਗੇ ਆਪ ਆਵਣ ਖ਼ੁਸ਼ੀ ਵਿਚ ਚੋਜੀ, ਸੋਹਣੀ ਗਾਤਰੇ ਪਈ ਕ੍ਰਿਪਾਨ ਵੇਖਣ
ਪਿੱਛੇ ਆਪ ਦੇ ਨਵੇਂ ਹੀ ਰੂਪ ਅੰਦਰ, ਸਾਵਧਾਨ ਉਹ ਪੰਜੇ ਜਵਾਨ ਵੇਖਣ
ਪਾਈ ਪੰਜਾਂ ਪੁਸ਼ਾਕ ਦਸਮੇਸ਼ ਵਰਗੀ, ਲੋਕੀਂ ਪੰਜਾਂ ਦੀ ਨਵੀਂ ਹੀ ਸ਼ਾਨ ਵੇਖਣ
ਪੰਜਾਂ ਵਿਚ ਦਸਮੇਸ਼ ਦਾ ਰੂਪ ਵੇਖਣ, ਪੰਜਾਂ ਵਿਚ ਦਸਮੇਸ਼ ਦੀ ਜਾਨ ਵੇਖਣ
'ਤੀਰ' ਅਸੀਂ ਵੀ ਕਿਉਂ ਨਾ ਹੋਏ ਅੱਗੇ, ਦਿਲੋਂ ਸੋਚ ਕੇ, ਭਰੇ ਅਰਮਾਨ ਵੇਖਣ

### *ਪੰਜਾਂ ਪਿਆਰਿਆਂ ਦੇ ਰੂਪ (ਵੱਲੋਂ ਕਵੀ)*

ਪੰਜੇ ਸੂਰਮੇ ਗਏ ਸਜਾਏ ਐਸੇ, ਜਾਪੇ ਸ਼ਕਲ ਨੁਹਾਰ ਦਸਮੇਸ਼ ਵਰਗੀ
ਲੱਕੀਂ ਕਮਰਕੱਸੇ ਜਾਣੀ-ਜਾਣ ਵਾਂਗੂੰ, ਸਿਰਾਂ ਉੱਤੇ ਦਸਤਾਰ ਦਸਮੇਸ਼ ਵਰਗੀ
ਸੋਹਣੇ ਗਾਤਰੇ ਸਤਿਗੁਰਾਂ ਜਿਹੇ ਪਾਏ, ਸੋਭੇ ਪਈ ਤਲਵਾਰ ਦਸਮੇਸ਼ ਵਰਗੀ
'ਤੀਰ' ਨੈਣ ਵੀ ਉਨ੍ਹਾਂ ਦੇ ਸ਼ੋਖ਼ ਐਸੇ, ਕਰਨ ਦਿਲਾਂ 'ਤੇ ਮਾਰ ਦਸਮੇਸ਼ ਵਰਗੀ

### *ਦਸਮੇਸ਼ ਜੀ ਤੇ ਪੰਜ ਪਿਆਰੇ ਦੀਵਾਨ ਵਿਚ*

ਸਣੇ ਆਪਣੇ ਪੰਜਾਂ ਪਿਆਰਿਆਂ ਦੇ, ਚੋਜੀ ਸੱਜ ਗਏ ਆਣ ਦੀਵਾਨ ਅੰਦਰ
ਪੰਜੇ ਪੁੰਜ ਕੁਰਬਾਨੀ ਦੇ ਹੱਥ ਜੋੜੀ, ਖਲੇ ਸਾਮ੍ਹਣੇ ਆਪਣੀ ਸ਼ਾਨ ਅੰਦਰ
ਤੱਕਣ ਵਾਸਤੇ ਸੰਗਤਾਂ ਟੁੱਟ ਪਈਆਂ, ਭਰੇ ਪੂਰ ਆ ਆਨ ਦੀ ਆਨ ਅੰਦਰ
'ਤੀਰ' ਗੁਰਾਂ ਦੇ ਚੋਜ ਦੀ ਹੋਏ ਚਰਚਾ, ਹਰ ਦਿੱਲ ਤੇ ਹਰ ਜ਼ਬਾਨ ਅੰਦਰ

### *ਏਸ ਕੌਤਕ ਦੀ ਚਰਚਾ*

ਲੋਕੀਂ ਦਿਲੋਂ ਅਸਚਰਜ ਹੋ ਕਰਨ ਗੱਲਾਂ, ਗੁਰਾਂ ਚੋਜ ਕੀ ਅੱਜ ਰਚਾਏ ਵੇਖੋ
ਮੌਤ ਜਿਹੀ ਡਰਾਵਣੀ ਸ਼ਕਲ ਧਾਰੀ, ਘੜੀ ਵਿੱਚ ਸੀ ਲੋਕ ਡਰਾਏ ਵੇਖੋ
ਪੰਜੇ ਇਹ ਨੇ ਕਿਵੇਂ ਝਟਕਾਏ ਵੇਖੋ, ਆਪੇ ਮਾਰ ਕੇ ਕਿਵੇਂ ਜਿਵਾਏ ਵੇਖੋ

ਜਾਦੂ ਰੱਬ ਜਾਣੇ ਕੀਤਾ ਆਪ ਨੇ ਕੀ, ਪੰਜੇ ਆਪਣੇ ਜਿਹੇ ਬਣਾਏ ਵੇਖੋ
ਥਾਂ ਇੱਕ ਦੀ ਛੇ ਦਸਮੇਸ਼ ਦਿੱਸਣ, ਐਸੇ ਆਪ ਨੇ ਖ਼ੂਬ ਸਜਾਏ ਵੇਖੋ
'ਤੀਰ' ਕਰਨਗੇ ਹੋਰ ਕੀ ਨਵੀਂ ਲੀਲ੍ਹਾ, ਨਵੇਂ ਰੂਪ ਵਿਚ ਨਾਲ ਲਿਆਏ ਵੇਖੋ

### ਲੋਕੀਂ ਹੋਰ ਕੀ ਕਹਿੰਦੇ ਹਨ

ਕੋਈ ਆਖਦਾ ਚੋਜ ਸੀ ਗੁਰੂ ਜੀ ਦਾ, ਸਾਨੂੰ ਭੇਦ ਨਾ ਰਤੀ ਵੀ ਆਇਆ ਏ
ਕੋਈ ਆਖਦਾ ਪੰਜਾਂ ਦੀ ਥਾਂ ਅੰਦਰ, ਗਿਆ ਬੱਕਰਿਆਂ ਤਾਈਂ ਝਟਕਾਇਆ ਏ
ਕੋਈ ਆਖਦਾ ਪੰਜ ਹੀ ਮਾਰ ਪਹਿਲੇ, ਕਲਾ ਨਾਲ ਸਤਿਗੁਰਾਂ ਜੀਵਾਇਆ ਏ
'ਤੀਰ' ਜੀਵ ਨਾਦਾਨ ਕੀ ਜਾਣਦੇ ਨੇ, ਗੁਰੂ ਜਾਣਦਾ ਗੁਰੂ ਦੀ ਮਾਇਆ ਏ

### ਸ੍ਰੀ ਦਸਮੇਸ਼ ਜੀ ਨੇ ਭਰੇ ਦੀਵਾਨ ਵਿਚ ਕਹਿਣਾ

ਏਨੇ ਵਿੱਚ ਚੋਜੀ ਜਾਣੀ-ਜਾਣ ਜੀ ਨੇ, ਵਾਕ ਮੁੱਖ ਤੋਂ ਇਉਂ ਉਚਾਰਿਆ ਏ
ਸਿੱਖੋ ਸੇਵਕੋ! ਤੌਖ਼ਲਾ ਕਰੋ ਨਾਹੀਂ, ਮੈਂ ਤਾਂ ਪ੍ਰੇਮ ਤੇ ਸਿਦਕ ਨਿਤਾਰਿਆ ਏ
ਖ਼ੂਬ ਹਰਫਲੀ ਪਈ ਦੀਵਾਨ ਅੰਦਰ, ਜਦੋਂ ਸੀਸ ਦੇ ਲਈ ਵੰਗਾਰਿਆ ਏ
ਪੂਰੇ ਉੱਤਰੇ ਪੰਜ ਇਹ ਪਰਖ ਵੇਲੇ, ਅਤੇ ਬਾਕੀਆਂ ਹੌਸਲਾ ਹਾਰਿਆ ਏ
ਤੁਸਾਂ ਸੋਚਿਆ ਆਪਣੇ ਸੇਵਕਾਂ ਨੂੰ, ਗੁਰੂ ਅੱਜ ਤੇ ਚਾਂਹਵਦਾ ਮਾਰਿਆ ਏ
ਮੈਂ ਤੇ ਆਪਣੀ ਲੋੜ ਅਨੁਸਾਰ ਸਿੱਖੋ, ਚੋਣ ਕਰਨ ਦਾ ਢੰਗ ਵਿਚਾਰਿਆ ਏ
ਵੇਖੋ ਸਫਲਤਾ ਆਸ ਤੋਂ ਵੱਧ ਹੋਈ, ਮੇਰਾ ਰੱਬ ਨੇ ਕਾਜ ਸਵਾਰਿਆ ਏ
ਇਕ ਦੋ ਨਾ ਤਿੰਨ ਨਾ ਚਾਰ ਵੀ ਨਾ, ਵੇਖੋ ਪੰਜਾਂ ਨੇ ਕਾਲਜਾ ਠਾਰਿਆ ਏ
ਨਾਨਕ ਗੁਰੂ ਜੀ ਨੂੰ ਲੱਭਾ ਇਕ ਲਹਿਣਾ, ਧਾਣਕ ਰੂਪ ਜਾਂ ਆਪ ਨੇ ਧਾਰਿਆ ਏ
ਮੈਨੂੰ ਇੱਕ ਦੀ ਥਾਂ ਤੇ ਪੰਜ ਲੱਭੇ, 'ਤੀਰ' ਰਹਿੰਦਿਆਂ ਨੂੰ ਜਾਣੋ ਚਾਰਿਆ ਏ

### ਮਹਾਰਾਜ ਫੇਰ ਕਹਿੰਦੇ ਹਨ

ਚੋਜ ਵਰਤਣਾ ਸੀ ਸੋਈ ਵਰਤ ਗਿਆ, ਬੀਤ ਗਈ ਦਾ ਕੋਈ ਨਾ ਦੁੱਖ ਸਮਝੋ
ਸਮਾਂ ਪਿਆ ਹੈ ਡੋਲ ਜ਼ਰੂਰ ਜਾਂਦਾ, ਭੁੱਲਣਹਾਰ ਇਹ ਸਦਾ ਮਨੁੱਖ ਸਮਝੋ
ਜਿਹੜੇ ਪਿੱਠ ਦੇ ਕੇ ਨੱਠੇ ਗੁਰੂ ਤਾਈਂ, ਉਨ੍ਹਾਂ ਪਾਮਰਾਂ ਨੂੰ ਮੱਨਮੁੱਖ ਸਮਝੋ
ਬੈਠੇ ਰਹਿਣ ਵਾਲੇ ਸਨਮੁੱਖ ਜਾਣੋ, ਪੰਜਾਂ ਇਨ੍ਹਾਂ ਨੂੰ 'ਤੀਰ' ਗੁਰਮੁੱਖ ਸਮਝੋ

### ਗੁਰੂ ਜੀ ਪੰਜਾਂ ਪਿਆਰਿਆਂ ਦੀ ਸ਼ਾਨ ਬਿਆਨ ਕਰਦੇ ਹਨ

ਸੱਜੇ ਹੋਏ ਜੋ ਪੰਜ ਇਹ ਵੇਖਦੇ ਹੋ, ਪੂਰੇ ਉੱਤਰੇ ਇਹ ਸਿਦਕਵਾਨ ਪੰਜੇ
ਇਨ੍ਹਾਂ ਆਸਰੇ ਜੱਗ 'ਤੇ ਜੀਆਂਗਾ ਮੈਂ, ਮੇਰੇ ਅੱਜ ਤੋਂ ਹੋਏ ਇਹ ਜਾਨ ਪੰਜੇ
ਜਿੱਥੇ ਇਹ ਹੋਸਨ ਉੱਥੇ ਮੈਂ ਹੋਸਾਂ, ਹੋਸਨ ਜੱਗ 'ਤੇ ਗੁਰੂ-ਸਮਾਨ ਪੰਜੇ

ਮੇਰੇ ਘਰ ਵਿਚ ਉਹੋ ਪਰਵਾਨ ਹੋਸੀ, ਜਿਹਨੂੰ ਕਰਨਗੇ ਇਹ ਪਰਵਾਨ ਪੰਜੇ
ਉਹੋ ਮੁਕਤ ਹੋਸੀ ਆਵਾਗੌਣ ਵਿਚੋਂ, ਜਿਹਦੀ ਕਰਨਗੇ ਦਿਲੋਂ ਕਲਿਆਨ ਪੰਜੇ
ਜੀਅ-ਦਾਨ ਮੈਂ ਇਨ੍ਹਾਂ ਨੂੰ ਆਪ ਦਿੱਤਾ, ਮੈਨੂੰ ਇਹ ਦੇਸਨ ਜੀਆ-ਦਾਨ ਪੰਜੇ
ਇਨ੍ਹਾਂ ਵਿੱਚ ਮੈਂ ਸਦਾ ਹੀ ਵੱਸਣਾ ਏਂ, ਮੇਰਾ ਜਾਣ ਲਓ ਇਹੋ ਮਕਾਨ ਪੰਜੇ
ਸਦਾ ਇਨ੍ਹਾਂ ਤੋਂ ਮੈਂ ਕੁਰਬਾਨ ਹੋਸਾਂ, ਮੇਰੇ ਲਈ ਨੇ ਹੋਏ ਕੁਰਬਾਨ ਪੰਜੇ
ਅੱਖ-ਪੁਤਲੀਆਂ ਮੇਰੀਆਂ ਬਣੇ ਹੋਏ, ਕਰਨ ਅੱਖੀਆਂ ਵਿਚ ਇਸ਼ਨਾਨ ਪੰਜੇ
ਇਹਨਾਂ ਪੰਜਾਂ ਦੀ ਤਾਬਿਆ ਪੰਥ ਹੋਸੀ, ਹੁਕਮ ਕਰਨਗੇ ਇਹ ਹੁਕਮਰਾਨ ਪੰਜੇ
ਭਾਰਤਵਰਸ਼ ਅੰਦਰ ਸਦਾ ਚਮਕਣੇ ਨੇ, ਸਿੱਖੋ ਸਿਦਕ, ਪ੍ਰੇਮ ਦੇ ਭਾਨ ਪੰਜੇ
ਤੁਸਾਂ ਵੇਖਣਾ ਦਿਨਾਂ ਦੇ ਵਿੱਚ ਕਰਸਨ, ਜ਼ੋਰ ਜ਼ੁਲਮ ਦੀ ਮਿੱਟੀ ਵਰਾਨ ਪੰਜੇ
ਪੰਜਾਂ ਵਿਚ ਪ੍ਰਮੇਸ਼ਰੀ-ਜੋਤ ਰੱਖੀ, ਤੁਸੀਂ ਜਾਣਨਾ ਰੂਪ-ਭਗਵਾਨ ਪੰਜੇ
ਪਾਲ ਪ੍ਰੇਮ-ਭਗਤੀ ਅਤੇ ਦੇਸ਼-ਪੂਜਾ, ਇਹ ਅਜ਼ਾਦ ਕਰਸਨ ਹਿੰਦੁਸਤਾਨ ਪੰਜੇ
ਸਿਰ ਜ਼ੁਲਮ ਦਾ ਤੋੜਸਨ ਦਿਨਾਂ ਅੰਦਰ, ਸੱਟਾਂ ਲਾ ਲਾ ਇਹੋ ਵਦਾਨ ਪੰਜੇ
ਹੁਕਮ ਇਨ੍ਹਾਂ ਦੇ ਵਿੱਚ ਹੈ 'ਤੀਰ' ਮੇਰਾ, ਮੇਰੀ ਕਰਨਗੇ ਸਦਾ ਕਮਾਨ ਪੰਜੇ

### *ਪਛੜ ਗਿਆਂ ਦਾ ਪਸਚਾਤਾਪ (ਵੱਲੋਂ ਕਵੀ)*

ਜਦੋਂ ਇਸ ਤਰ੍ਹਾਂ ਪੰਜਾਂ ਪਿਆਰਿਆਂ ਨੂੰ, ਆਪ ਸ੍ਰੀ ਦਸਮੇਸ਼ ਨੇ ਮਾਣ ਦਿੱਤਾ
ਲੋਕੀਂ ਦਿੱਲ ਅੰਦਰ ਪਛੋਤਾਣ ਲੱਗੇ, ਅਸਾਂ ਕੀਮਤੀ ਸਮਾਂ ਕਿਉਂ ਜਾਣ ਦਿੱਤਾ
ਐਵੇਂ ਮੋਹ ਮਾਇਆ ਵਿਚ ਰਹੇ ਫਾਥੇ, ਪੁੱਤਾਂ-ਧੀਆਂ ਨਾ ਪੱਲਾ ਛੁਡਾਣ ਦਿੱਤਾ
'ਤੀਰ' ਅੱਖੀਆਂ ਦੇ ਅੱਗੇ ਗੁਰੂ ਜੀ ਨੇ, ਹੈਸੀ ਕੌਤਕਾਂ ਦਾ ਪਰਦਾ ਤਾਣ ਦਿੱਤਾ

### *ਇੱਕ ਉਠਦਾ ਹੈ*

ਕਿਹਾ ਇਕ ਨੇ ਉੱਠ ਕੇ ਬਖ਼ਸ਼ ਦਾਤਾ! ਤੇਰਾ ਪੁੱਗਿਆ ਮੈਥੋਂ ਪਿਆਰ ਨਾਹੀਂ
ਤੇਰੀ ਮੰਗ 'ਤੇ ਅਰਪਿਆ ਸੀਸ ਨਾਹੀਂ, ਚੁੰਮੀਂ ਉੱਠ ਤਲਵਾਰ ਦੀ ਧਾਰ ਨਾਹੀਂ
ਐਸੇ ਧੜ ਉਤੋਂ ਲਾਹ ਦੇ ਸਿਰ ਮੇਰਾ, ਜਿਹਨੂੰ ਗੁਰੂ ਦਾ ਮਾਣ ਦਰਕਾਰ ਨਾਹੀਂ
'ਤੀਰ' ਅੱਖੀਆਂ ਮੇਰੀਆਂ ਕੱਢ ਸੁੱਟੀਂ, ਕਰਨ ਯੋਗ ਇਹ ਦਰਸ ਦੀਦਾਰ ਨਾਹੀਂ

### *ਇੱਕ ਹੋਰ ਉੱਠਦਾ ਹੈ*

ਦੂਜਾ ਉੱਠ ਕੇ ਹੋਰ ਇਕ ਹੱਥ ਜੋੜੀ, ਮਾਰ ਮਾਰ ਭੁੱਬਾਂ ਰੋਈ ਜਾਂਵਦਾ ਏ
ਬਾਜਾਂ ਵਾਲਿਆ! ਅਲਖ ਮੁਕਾ ਮੇਰੀ, ਮੈਨੂੰ ਜੀਵਣਾ ਮੂਲ ਨਾ ਭਾਂਵਦਾ ਏ
ਰੰਗ ਵੇਖ ਤੇਰਾ ਮੈਂ ਸਾਂ ਡੋਲ ਗਿਆ, ਮਨ ਡੋਲਿਆ ਵੱਸ ਨਾ ਆਂਵਦਾ ਏ
'ਤੀਰ' ਸਿੱਖ ਦਾ ਚੱਲੇ ਨਾ ਕੁੱਝ ਚਾਰਾ, ਚੋਜੀ ਗੁਰੂ ਜਾਂ ਸਾਂਗ ਵਰਤਾਂਵਦਾ ਏ

### ਇੱਕ ਹੋਰ ਉੱਠਦਾ ਹੈ

ਤੀਜੇ ਉੱਠ ਕੇ ਆਖਿਆ ਪਾਤਸ਼ਾਹੋ! ਮੇਰੀ ਹੁਣੇ ਹੀ ਅਰਜ਼ ਪ੍ਰਵਾਨ ਹੋਵੇ
ਜਿਹੜਾ ਸਿਰ ਨਹੀਂ ਲੱਗਿਆ ਗੁਰੂ ਲੇਖੇ, ਦੂਰ ਓਸਦਾ ਇਸ ਤਰ੍ਹਾਂ ਮਾਨ ਹੋਵੇ
ਉਹਨੂੰ ਵੱਢ ਕੇ ਪਾ ਦਿਓ ਕੁੱਤਿਆਂ ਨੂੰ, ਜਿਹੜਾ ਰਿਹਾ ਲੁਕਾਂਵਦਾ ਜਾਨ ਹੋਵੇ
'ਤੀਰ' ਦਿੱਲ ਵਾਲਾ ਕੋਈ ਪਾਸ ਹੁੰਦਾ, ਜਦੋਂ ਆਣ ਕਰੜਾ ਇਮਤਿਹਾਨ ਹੋਵੇ

### ਸ੍ਰੀ ਦਸਮੇਸ਼ ਜੀ ਸਭ ਨੂੰ ਧੀਰਜ ਦੇਂਦੇ ਹਨ

ਵੇਖ ਸੱਭ ਨੂੰ ਫੇਰ ਦਸਮੇਸ਼ ਬੋਲੇ, ਰੱਤੀ ਭਰ ਨਾ ਹੋਵੋ ਹੈਰਾਨ ਸਿੱਖੋ
ਜਿਵੇਂ ਇਹ ਪੰਜੇ ਹੈਣ ਸ੍ਵਾਸ ਮੇਰੇ, ਤਿਵੇਂ ਤੁਸੀਂ ਵੀ ਹੋ ਮੇਰੀ ਜਾਨ ਸਿੱਖੋ
ਅਜੇ ਬੱਸ ਨਹੀਂ ਹੋਰ ਹੈ ਲੋੜ ਪੈਣੀ, ਤੁਸਾਂ ਹੋਵਣਾ ਤਦੋਂ ਕੁਰਬਾਨ ਸਿੱਖੋ
ਪੈਣੀ ਲੋੜ ਹੈ ਅਜੇ ਕੁਰਬਾਨੀਆਂ ਦੀ, ਕੁੰਭ ਲੱਗਣਾ ਅਜੇ ਮਹਾਨ ਸਿੱਖੋ
ਦੇਸ਼ ਧਰਮ ਦੇ ਵਾਸਤੇ ਵਾਰਨੀ ਏਂ, ਮੈਂ ਤੇ ਆਪਣੀ ਅਜੇ ਸੰਤਾਨ ਸਿੱਖੋ
ਛੇਤੀ ਸਿਰ ਬੇ-ਓੜਕੇ ਮੰਗਣੇ ਨੇ, ਦੇਸ਼ ਵਾਸਤੇ ਅਜੇ ਸੁਜਾਨ ਸਿੱਖੋ
ਜਦੋਂ ਰੱਜ ਕੁਰਬਾਨੀਆਂ ਹੋਣਗੀਆਂ, ਤੁਸਾਂ ਹੋ ਲੈਣਾ ਬਲੀਦਾਨ ਸਿੱਖੋ
ਧਾਰ ਵਗੀ ਜਾਂ ਤੇਗ਼ ਦੀ ਧਾਰ ਵਿਚੋਂ, ਲੈਣਾ ਰੱਜ ਕੇ ਕਰ ਇਸ਼ਨਾਨ ਸਿੱਖੋ
ਆਈ ਸਾਹਮਣੇ ਰੁੱਤ ਸ਼ਹੀਦੀਆਂ ਦੀ, ਵੱਲ ਓਸਦੇ ਕਰੋ ਧਿਆਨ ਸਿੱਖੋ
ਛਾਤੀ ਵਿਚ ਗ਼ੁਲਾਮੀ ਦੇ 'ਤੀਰ' ਖਾ ਕੇ, ਵਾਜਾਂ ਮਾਰਦਾ ਜੇ ਹਿੰਦੁਸਤਾਨ ਸਿੱਖੋ

### ਮਾਤਾ ਗੁਜਰੀ ਜੀ ਪੁੱਜ ਗਏ, ਮਾਂ ਪੁੱਤ ਸਵਾਲ-ਜਵਾਬ ਕਰਦੇ ਹਨ

ਆਣ ਏਤਨੇ ਨੂੰ ਮਾਤਾ ਗੁੱਜਰੀ ਨੇ, ਭਾਗ ਭਰੇ ਦੀਵਾਨ ਨੂੰ ਲਾਇਆ ਏ
ਲਾਡ ਵਿਚ ਆ ਕੇ ਬਾਲ ਪੁੱਤ-ਵਾਂਗੂ, ਜਾਣੀ-ਜਾਣ ਨੇ ਸੀਸ ਨਿਵਾਇਆ ਏ
ਮਾਤਾ ਪੁੱਛਦੀ ਪਿੱਠ 'ਤੇ ਹੱਥ ਧਰ ਕੇ! ਪੁੱਤਰ ਇਹ ਕੀ ਸਾਂਗ ਵਰਤਾਇਆ ਏ
ਜਾਣੀ-ਜਾਣ ਬੋਲੇ ਅੰਮੀਂ! ਸੇਵਕਾਂ ਨੂੰ, ਪਰਚਾ ਪਰਖ ਦਾ ਅੱਜ ਮੈਂ ਪਾਇਆ ਏ
ਮਾਤਾ ਆਖਿਆ 'ਲਾਲ' ਜੀ ਮੈਂ ਸੁਣਿਆ, ਤੁਸਾਂ ਸਿੱਖਾਂ ਦਾ ਖ਼ੂਨ ਵਹਾਇਆ ਏ
ਜਾਣੀ-ਜਾਣ ਬੋਲੇ ਅੰਮੀਂ ਵੇਖ ਓਧਰ, ਪੰਜਾਂ ਪਿਆਰਿਆਂ ਰੂਪ ਵਟਾਇਆ ਏ
ਮਾਤਾ ਆਖਿਆ 'ਚੰਦ' ਜੀ ਸੇਵਕਾਂ ਨੇ, ਮੈਨੂੰ ਅੱਜ ਤੇ ਬੜਾ ਡਰਾਇਆ ਏ
ਜਾਣੀ-ਜਾਣ ਬੋਲੇ ਅੰਮੀ! ਝੱਲਿਆਂ ਨੇ, ਝੱਲ ਮਾਰਿਆ ਸਿੱਰ ਖਪਾਇਆ ਏ
ਮਾਤਾ ਆਖਿਆ 'ਠੰਢ' ਜੀ ਲੋਕ ਆਖਣ, ਤੇਰੇ ਲਾਲ ਅੱਜ ਪ੍ਰੇਮ ਭੁਲਾਇਆ ਏ
ਜਾਣੀ-ਜਾਣ ਬੋਲੇ ਨਹੀਂ ਨਹੀਂ ਅੰਮੀ, ਮੈਂ ਤੇ ਪ੍ਰੇਮ ਨਿਤਾਰ ਵਿਖਾਇਆ ਏ
ਜਿਹੜਾ ਪੰਥ ਮੈਂ ਅੰਮੀਏ ਸਾਜਣਾ ਏਂ, ਨਿਕਲ ਤੇਗ਼ ਦੀ ਧਾਰ 'ਚੋਂ ਆਇਆ ਏ
'ਤੀਰ' ਮੋਏ ਜਿਹੜੇ ਮੇਰੇ ਸਿਦਕ ਅੰਦਰ, ਉਨ੍ਹਾਂ ਪੰਜਾਂ ਨੂੰ ਵੇਖ ਜਿਵਾਇਆ ਏ

## ਮਾਤਾ ਗੁਜਰੀ ਜੀ ਦੀ ਅਸੀਸ

ਮਾਤਾ ਗੁਜਰੀ ਦਿਲੋਂ ਅਸੀਸ ਦਿੱਤੀ, ਲਾਲ! ਸਫ਼ਲ ਹੋ ਜਾਏ ਖ਼ਿਆਲ ਤੇਰਾ
ਦੇਸ਼ ਵਾਸਤੇ ਹੱਸ ਕੁਰਬਾਨ ਹੋਵੇ, ਸੱਚਾ ਸਿੱਖ ਤੇਰਾ ਨੌਂ-ਨਿਹਾਲ ਤੇਰਾ
ਦੇਸ਼-ਧਰਮ ਦੀ ਰੱਖਿਆ ਲਈ ਬੱਚਾ, ਵਾਰੇ ਹੋ ਜਾਵੇ ਵਾਲ-ਵਾਲ ਤੇਰਾ
ਮੈਨੂੰ ਕਹਿਣ ਲੋਕੀਂ ਅੱਖਾਂ ਭਰ-ਭਰ ਕੇ, ਦੇਸ਼ ਲਈ ਲੱਗਾ ਸੁੱਚਾ ਲਾਲ ਤੇਰਾ
ਪੁੱਤਰ ਦੇਸ਼ ਅਜ਼ਾਦ ਹੋ ਜਾਏ ਤੇਰਾ, ਰਾਖਾ ਸਦਾ ਹੀ ਰਹੇ ਅਕਾਲ ਤੇਰਾ
ਦੀਨ ਦੁਖੀ ਖ਼ਾਤਰ 'ਤੀਰ' ਰਹੇਂ ਲੜਦਾ, ਕਰਾਂ ਦੀਦ ਇਹਨਾਂ ਅੱਖਾਂ ਨਾਲ ਤੇਰਾ

## ਮਾਤਾ ਗੁਜਰੀ ਦੇ ਚਰਨਾਂ ਵਿਚ ਸ਼ਰਧਾ ਦੇ ਫੁੱਲ (ਵੱਲੋਂ ਕਵੀ)

ਮਾਤਾ ਗੁੱਜਰੀ! ਧੰਨ ਹੈਂ ਧੰਨ ਹੈਂ ਤੂੰ, ਧੰਨ ਦੇਸ਼ ਦੇ ਲਈ ਉਪਕਾਰ ਤੇਰਾ
ਧੰਨ ਕੁੱਖ ਤੇਰੀ ਧੰਨ ਖ਼ੂਨ ਤੇਰਾ, ਧੰਨ ਧੰਨ ਹੈ ਬਾਗ਼ ਪਰਿਵਾਰ ਤੇਰਾ
ਧੰਨ ਅੰਸ ਤੇਰੀ, ਧੰਨ ਬੰਸ ਤੇਰੀ, ਧੰਨ ਧੰਨ ਮਾਤਾ ਹੋਣਹਾਰ ਤੇਰਾ
'ਤੀਰ' ਲੱਖ ਵਾਰੀ ਜਿੰਦੀ ਜਾਣ ਵਾਰੇ, ਤਾਂ ਵੀ ਮੂਲ ਨਹੀਂ ਲੱਥਣਾ ਭਾਰ ਤੇਰਾ

## ਸਤਿਕਾਰ ਸਹਿਤ (ਵੱਲੋਂ ਕਵੀ)

ਮਾਤਾ! ਤੇਗ਼ ਨੇ ਜੌਹਰ ਵਿਖਾਵਣਾ ਕੀ, ਤੇਰੀ ਕੁੱਖ ਜੋ ਜੌਹਰ ਵਿਖਾਲਿਆ ਏ
ਪ੍ਰੇਮ-ਪੁੱਤਲਾ ਸੱਚ ਕੁਰਬਾਨੀਆਂ ਦਾ, ਸੱਚੇ-ਦਿਲ ਦੇ ਵਿੱਚ ਤੂੰ ਢਾਲਿਆ ਏ
ਖ਼ੂਨ ਸ਼ਾਂਤ-ਮਈ ਪੰਜਵੇਂ ਪਾਤਸ਼ਾਹ ਦਾ, ਜੋਧਾਂ ਨਾਲ ਤੂੰ ਖ਼ੂਬ ਸੰਭਾਲਿਆ ਏ
ਬੀਰ-ਰੱਸ ਮੀਰੀ-ਪੀਰੀ ਵਾਲਿਆਂ ਦਾ, ਛਾਤੀ ਵਿਚ ਤੂੰ ਅੰਮੀਏਂ ਪਾਲਿਆ ਏ
ਦਰਦ ਆਪਣੇ ਕੰਤ ਭਗਵੰਤ ਜੀ ਦਾ, ਸੀਨੇ ਆਪਣੇ ਵਿੱਚ ਵਸਾ ਲਿਆ ਏ
ਉਸੇ ਦਰਦ ਨੂੰ ਦਰਦਨਾਂ ਅੱਖੀਆਂ 'ਚੋਂ, ਦੇਸ਼ ਲਈ ਤੂੰ ਖ਼ੂਬ ਉਛਾਲਿਆ ਏ
ਉਸੇ ਦਰਦ ਤਾਈਂ ਚੰਦ-ਪੁੱਤ ਕਹਿ ਕੇ, ਗੋਦੀ ਵਿਚ ਤੂੰ ਆਪ ਬਿਠਾਲਿਆ ਏ
ਉਸੇ ਪੁੱਤ ਨੂੰ ਪਰਤਕੇ ਦੇਸ਼ ਖ਼ਾਤਰ, ਦੇਸ਼-ਪ੍ਰੇਮ ਦਾ ਸਬਕ ਸਿਖਾਲਿਆ ਏ
ਮੋਏ ਦੇਸ਼ ਨੂੰ ਇਸ ਤਰ੍ਹਾਂ ਤੂੰ ਮਾਤਾ, ਪਾ ਕੇ ਬੰਸ ਦਾ ਖ਼ੂਨ ਜਿਵਾਲਿਆ ਏ
ਤਦੇ 'ਤੀਰ' ਤੇ ਤੀਰ ਦੀ ਕਲਮ ਨੇ ਵੀ, ਤੈਨੂੰ! ਅੰਮੀਏਂ ਸੀਸ ਝੁਕਾ ਲਿਆ ਏ

## ਕਵੀ ਵੱਲੋਂ ਹੋਰ ਸ਼ਰਧਾ ਦੇ ਫੁੱਲ

ਜੋ ਨਾ ਕੀਤੀਆਂ ਕਿਸੇ ਨੇ ਮੂਲ ਮਾਤਾ, ਤੈਨੂੰ ਕਰਨੀਆਂ, ਕਰਨੀਆਂ ਪੈਣੀਆਂ ਨੇ
ਬੁੱਢੀ ਹੋ ਕੇ ਵੀ ਨੈਆਂ ਖ਼ੂਨ ਦੀਆਂ, ਤੈਨੂੰ ਅੰਮੀਏਂ! ਤਰਨੀਆਂ ਪੈਣੀਆਂ ਨੇ
ਭਾਰਤ ਮਾਂ ਦੇ ਦਿਲ ਦੇ ਦਰਦ ਦੀਆਂ, ਪੀੜਾਂ ਤੈਨੂੰ ਹੀ ਜਰਨੀਆਂ ਪੈਣੀਆਂ ਨੇ
ਏਸ ਦੇਸ਼ 'ਚੋਂ ਖੇਤੀਆਂ ਜ਼ੁਲਮ ਦੀਆਂ, ਤੇਰੀ ਬੰਸ ਨੂੰ ਚਰਨੀਆਂ ਪੈਣੀਆਂ ਨੇ

ਸਿੱਖ ਪੰਥ ਦੇ ਮਹਿਲ ਦੇ ਬਣਨ ਵੇਲੇ, ਨੀਂਹਾਂ ਤੈਨੂੰ ਹੀ ਭਰਨੀਆਂ ਪੈਣੀਆਂ ਨੇ
ਓਸ ਮਹਿਲ ਦੀ ਛੱਤ ਬਣਾਨ ਖ਼ਾਤਰ, ਤੈਨੂੰ ਹੱਡੀਆਂ ਧਰਨੀਆਂ ਪੈਣੀਆਂ ਨੇ
ਤੇਰੇ ਪੋਤਿਆਂ ਨੂੰ ਦੁੱਧੀਂ-ਧੋਤਿਆਂ ਨੂੰ, ਮੌਤਾਂ ਲਾੜੀਆਂ ਵਰਨੀਆਂ ਪੈਣੀਆਂ ਨੇ
'ਤੀਰ' ਸੱਭ ਮੁਸੀਬਤਾਂ ਦੇਸ਼ ਦੀਆਂ, ਤੈਨੂੰ ਅੰਮੀਏਂ ਹਰਨੀਆਂ ਪੈਣੀਆਂ ਨੇ

### ਹੋਰ

ਜਦੋਂ ਤੀਕ ਮਾਤਾ! ਸੂਰਜ ਚੰਦ ਤਾਰੇ, ਜਦੋਂ ਤੀਕ ਜ਼ਮੀਨ ਅਸਮਾਨ ਰਹਿਸੀ
ਤਦੋਂ ਤੀਕ ਵਸਦਾ ਤੇਰਾ ਪੰਥ ਰਹਿਸੀ, ਜਦੋਂ ਤੀਕ ਵਸਦਾ ਹਿੰਦੁਸਤਾਨ ਰਹਿਸੀ
ਜਦੋਂ ਤੀਕ ਕਾਇਮ ਏਸ ਦੇਸ਼ ਅੰਦਰ, ਤੇਰੀ ਬੰਸ ਦਾ ਕੋਈ ਨਿਸ਼ਾਨ ਰਹਿਸੀ
'ਤੀਰ' ਤਦੋਂ ਤੋੜੀ ਪੂਜੀ ਜਾਏਂਗੀ ਤੂੰ, ਤੇਰੀ ਕੁੱਖ ਤਾਈਂ ਮਿਲਦਾ ਮਾਨ ਰਹਿਸੀ

### ਵੱਲੋਂ ਕਵੀ

ਏਸ ਦੇਸ਼ ਦੇ ਹੈਣ ਅੱਜ ਭਾਗ ਸੁੱਤੇ, ਖ਼ੂਨ ਡੋਲ੍ਹ ਜਗਾਇਗੀ ਬੰਸ ਤੇਰੀ
ਠੰਢੀ ਰੱਤ ਗਰਮਾਣ ਲਈ ਹਿੰਦੀਆਂ ਦੀ, ਰੱਤ ਆਪਣੀ ਪਾਇਗੀ ਬੰਸ ਤੇਰੀ
ਬੇੜਾ ਦੇਸ਼-ਅਜ਼ਾਦੀ ਦਾ ਤਾਰਨੇ ਨੂੰ, ਚੱਪੇ ਸਿਰਾਂ ਦੇ ਲਾਇਗੀ ਬੰਸ ਤੇਰੀ
ਪੱਕਾ ਕੌਮ ਦਾ ਮਹਿਲ ਉਸਾਰਨੇ ਨੂੰ, ਚਿਣੀ ਨੀਂਹਾਂ ਵਿਚ ਜਾਇਗੀ ਬੰਸ ਤੇਰੀ
ਏਸ ਦੇਸ਼ ਵਿਚੋਂ ਮਿੱਟੀ ਜ਼ਾਲਮਾਂ ਦੀ, ਤੇਗ਼ਾਂ ਨਾਲ ਉਡਾਇਗੀ ਬੰਸ ਤੇਰੀ
ਜਾਂ ਸ਼ਹੀਦ ਹੋਸੀ ਤੇ ਜਾਂ ਜਿੱਤ ਮੁੜਸੀ, ਕਦੇ ਹਾਰ ਨਾ ਖਾਇਗੀ ਬੰਸ ਤੇਰੀ
ਲੋਕੀਂ ਵੇਖ ਕੇ ਪਏ ਹੈਰਾਨ ਹੋਸਨ, ਐਸੇ ਜੌਹਰ ਚਮਕਾਇਗੀ ਬੰਸ ਤੇਰੀ
ਦੁਖੀ ਆਜਜ਼ਾਂ ਅਤੇ ਨਿਮਾਣਿਆਂ ਤੋਂ, 'ਤੀਰ' ਜਾਨ ਘੁਮਾਇਗੀ ਬੰਸ ਤੇਰੀ

### ਵੱਲੋਂ ਕਵੀ

ਤੈਨੂੰ ਏਸ ਲਈ ਸੀਸ ਨਿਵਾਂਵਦਾ ਹਾਂ, ਮੇਰੇ ਵਸਦੇ ਦੇਸ਼ ਦੀ ਮਾਂ ਹੈਂ ਤੂੰ
ਤੈਨੂੰ ਏਸ ਲਈ ਸੀਸ ਨਿਵਾਂਵਦਾ ਹਾਂ, ਦੇਸ਼-ਭਗਤ ਦਸਮੇਸ਼ ਦੀ ਮਾਂ ਹੈਂ ਤੂੰ
ਤੈਨੂੰ ਏਸ ਲਈ ਸੀਸ ਨਿਵਾਂਵਦਾ ਹਾਂ, ਪੰਥ ਸੂਰਮੇਂ ਏਸ ਦੀ ਮਾਂ ਹੈਂ ਤੂੰ
'ਤੀਰ' ਲੱਖ ਵਾਰੀ ਨਿਮਸ਼ਕਾਰ ਤੈਨੂੰ, ਜ਼ੁਲਮ ਪੱਟੀਆਂ ਮੇਸ ਦੀ ਮਾਂ ਹੈਂ ਤੂੰ

### ਖ਼ਾਲਸੇ ਦਾ ਜਨਮ (ਵੱਲੋਂ ਕਵੀ)

ਕੇਸਗੜ੍ਹ ਦੇ ਵਿੱਚ ਹੀ ਦਿੱਨ ਦੂਜੇ, ਲਾਇਆ ਸ੍ਰੀ ਦਸਮੇਸ਼ ਦੀਵਾਨ ਮੁੜ ਕੇ
ਆਈਆਂ ਧਾ ਕੇ ਸੰਗਤਾਂ ਚੋਜ ਵੇਖਣ, ਹੋਈ ਦੁੱਗਣੀ-ਚੌਗਣੀ ਸ਼ਾਨ ਮੁੜ ਕੇ
ਖਲੇ ਸਾਮ੍ਹਣੇ ਸੱਜ ਕੇ ਪੰਜ ਉਹੋ, ਸੱਜੇ ਤਖ਼ਤ 'ਤੇ ਗੁਰੂ ਸੁਲਤਾਨ ਮੁੜ ਕੇ
'ਤੀਰ' ਬੈਠਿਆਂ ਸੇਵਕਾਂ ਸੰਗਤਾਂ ਨੂੰ, ਲੱਗੇ ਹੋਰ ਵੀ ਕਰਨ ਹੈਰਾਨ ਮੁੜ ਕੇ

### ਸੰਗਤਾਂ ਦੀ ਹੈਰਾਨਗੀ (ਵੱਲੋਂ ਕਵੀ)

ਸਿੱਖ ਸੰਗਤਾਂ ਵਿੱਚ ਹੈਰਾਨਗੀ ਦੇ, ਅੱਗੇ ਹੋਣ ਵਾਲੀ ਨਵੀਂ ਕਾਰ ਸੋਚਣ
ਗੁਰਾਂ ਹੁਣ ਕੀ ਚੋਜ ਵਰਤਾਵਣਾ ਏਂ, ਪਏ ਦਿਲ ਅੰਦਰ ਵਾਰੋ ਵਾਰ ਸੋਚਣ
ਇਧਰ ਇਉਂ ਸੋਚਣ ਸਾਰੇ ਸਿੱਖ ਬੈਠੇ, ਉਧਰ ਤਖ਼ਤ 'ਤੇ ਪਏ ਦਾਤਾਰ ਸੋਚਣ
'ਤੀਰ' ਹੁਣੇ ਨਾ ਵਾਪਰੇ ਨਵੀਂ ਹੋਣੀ, ਵੇਖ ਗੁਰਾਂ ਤਾਈਂ ਨੱਰ ਨਾਰ ਸੋਚਣ

### ਦਸਮੇਸ਼ ਜੀ ਭਰੇ ਦੀਵਾਨ ਵਿਚ ਉਠ ਕੇ ਐਲਾਨ ਕਰਦੇ ਹਨ

ਅੰਤ ਸ੍ਰੀ ਦਸਮੇਸ਼ ਜੀ ਇਉਂ ਬੋਲੇ, ਸਿੱਖੋ ਕੱਲ੍ਹ ਜੋ ਝਾਕੀ ਵਿਖਾਈ ਏ ਮੈਂ
ਸਿਦਕ ਪਰਖਣੇ ਲਈ ਪ੍ਰੇਮੀਆਂ ਦਾ, ਪਰਖ ਓਹ ਵੀ ਜਾਣ ਲਓ ਪਾਈ ਏ ਮੈਂ
ਰੀਤ ਅੱਜ ਤੋੜੀ ਦੇ ਕੇ ਚਰਨ-ਪਾਹੁਲ, ਗੁਰੂ-ਸਿੱਖੀ ਦੀ ਰੀਤ ਚਲਾਈ ਏ ਮੈਂ
ਏਦਾਂ ਨਿਮਰਤਾ ਅਤੇ ਅਧੀਨਗੀ ਦੀ, ਏਸ ਪੰਥ ਵਿਚ ਵੇਲ ਵਧਾਈ ਏ ਮੈਂ
ਨਵੀਂ ਸਮੇਂ ਅਨੁਸਾਰ ਹੁਣ ਇਹ ਰੀਤੀ, ਏਸ ਤਰ੍ਹਾਂ ਦੀ ਅੱਜ ਬਣਾਈ ਏ ਮੈਂ
ਖੰਡੇ-ਧਾਰ ਅੰਮ੍ਰਿਤ ਅੱਗੋਂ ਲਈ ਬਣਸੀ, ਵਿੱਚ ਬੀਰਤਾ ਜਿਹਦੇ ਰਲਾਈ ਏ ਮੈਂ
ਇਹਦੇ ਪੀਂਦਿਆਂ ਉਠੇਗੀ ਤੇਗ਼ ਫੜਕੇ, ਮੋਈ ਕੌਮ ਜਿਹੜੀ ਇਹ ਜਿਵਾਈ ਏ ਮੈਂ
ਏਸੇ ਵਾਸਤੇ 'ਤੀਰ' ਜੀ ਤੇਗ਼ ਵਿਚੋਂ, ਕੱਲ੍ਹ ਏਸ ਥਾਂ ਸਿੱਖੀ ਲੰਘਾਈ ਏ ਮੈਂ

### ਮਹਾਰਾਜ ਫੇਰ ਫ਼ੁਰਮਾਉਂਦੇ ਹਨ

ਜਿਹੜੇ ਸਿੱਖ ਐਸਾ ਅੰਮ੍ਰਿਤ-ਪਾਨ ਕਰਸਨ, ਕਦੇ ਮੌਤ ਕੋਲੋਂ ਡਰ ਖਾਣਗੇ ਨਾ
ਮੁਕੂ ਉਨ੍ਹਾਂ ਦਾ ਪੰਧ ਚੁਰਾਸੀਆਂ ਦਾ, ਕਦੇ ਰਾਹ ਬੁਰਾਈ ਦੇ ਜਾਣਗੇ ਨਾ
ਉਹ ਧਿਆਣਗੇ ਦਿਲੋਂ ਅਕਾਲ ਤਾਈਂ, ਦੇਵੀ ਦੇਵਤਾ ਕੋਈ ਮਨਾਣਗੇ ਨਾ
ਸਭ ਨਾਲ ਉਹ ਦਿਲੋਂ ਪ੍ਰੀਤ ਕਰਸਨ, ਕਦੇ ਰੱਬ ਨੂੰ ਮਨੋਂ ਭੁਲਾਣਗੇ ਨਾ
ਭੌਰ ਹੋਣਗੇ ਦਿਲੋਂ ਆਜ਼ਾਦੀਆਂ ਦੇ, ਘੜੀ ਲਈ ਗ਼ੁਲਾਮ ਸਦਾਣਗੇ ਨਾ
ਸਾਸ-ਸਾਸ ਕਮਾਣਗੇ ਧਰਮ ਨੇਕੀ, ਬਦੀ ਪਾਪ ਧ੍ਰੋਹ ਕਮਾਣਗੇ ਨਾ
ਦੇਸ਼ ਵਾਸਤੇ ਹੱਸ ਕੁਰਬਾਨ ਹੋਸਨ, ਵੱਟਾ ਕੌਮ ਦੇ ਨਾਮ ਨੂੰ ਲਾਣਗੇ ਨਾ
ਪਾਪ ਗੰਦਗ਼ੀ ਵਿਚ ਨਾ ਪੈਰ ਪਾਸਣ, ਜਨਮ ਬੰਦਗੀ ਬਾਝ ਬਿਤਾਣਗੇ ਨਾ
ਊਚ-ਨੀਚ ਦੇ ਭੇਦ ਭੁਲਾ ਦੇਸਣ, ਕਿਸੇ ਜ਼ਾਤ ਵਿਚ ਵਿਤਕਰਾ ਪਾਣਗੇ ਨਾ
ਧਰਮ ਲਈ ਹੱਸ ਕੇ ਬਲੀਦਾਨ ਹੋਸਨ, ਵੇਲੇ ਲੋੜ ਦੇ ਜਾਨ ਬਚਾਣਗੇ ਨਾ
ਅਣਖਵਾਨ ਹੋ ਕੇ ਸਦਾ ਤੇਗ਼ ਫੜਸਨ, ਕਦੇ ਗੀਤ ਗ਼ੁਲਾਮੀ ਦੇ ਗਾਣਗੇ ਨਾ
ਜਿਹੜੇ ਸਿੱਖ ਐਸਾ ਅੰਮ੍ਰਿਤ-ਪਾਨ ਕਰਸਨ, ਕਦੇ ਗਹਿਣੇ ਅਜ਼ਾਦੀ ਨੂੰ ਪਾਣਗੇ ਨਾ
'ਤੀਰ' ਅਮਰ ਹੋ ਜਾਣਗੇ ਜੱਗ ਅੰਦਰ, ਦਿਲੋਂ ਅੰਮ੍ਰਿਤੀ-ਜੌਹਰ ਗਵਾਣਗੇ ਨਾ

### ਮਹਾਰਾਜ ਫਿਰ ਕਹਿੰਦੇ ਹਨ

ਇਹਨੂੰ ਪੀ ਕੇ ਚਿੜੀ ਵੀ ਬਾਜ ਬਣਸੀ, ਗਿੱਦੜ ਪੀ ਹੋ ਜਾਣਗੇ ਸ਼ੇਰ ਸਿੱਖੋ
ਜਾਤ ਗੋਤ ਹੈ ਡੁੱਬਣੀ ਏਸ ਅੰਦਰ, ਕਿਤੇ ਨਿਗ੍ਹਾ ਨਾ ਆਇਗੀ ਫੇਰ ਸਿੱਖੋ
ਇਹਦੀ ਬੂੰਦ ਡਰਾਕਲਾਂ ਕਾਇਰਾਂ ਨੂੰ, ਕਰ ਦਏਗੀ ਜਿਹਾ ਦਲੇਰ ਸਿੱਖੋ
ਇੱਕ ਇੱਕ ਸੂਰਾ ਲੱਖਾਂ ਜ਼ਾਲਮਾਂ ਨੂੰ, ਵਾਂਗ ਮੌਤ ਦੇ ਲਏਗਾ ਘੇਰ ਸਿੱਖੋ
ਇਹਨੂੰ ਪੀ ਕੇ ਰਤਾ ਵੀ ਨਹੀਂ ਰਹਿਣਾ, ਊਚ-ਨੀਚ ਵਾਲਾ ਮੇਰ-ਤੇਰ ਸਿੱਖੋ
ਇਹਨੂੰ ਪੀਣ ਵਾਲਾ ਮੌਤੋਂ ਡਰੇਗਾ ਨਾ, ਦੇਹੀ ਜਾਣਸੀ ਮਿੱਟੀ ਦਾ ਢੇਰ ਸਿੱਖੋ
ਦੇਵੀ ਤੇਗ਼ ਉਹ ਪੂਜਸੀ ਖਿੜੇ ਮੱਥੇ, ਭੇਟਾ ਚਾੜ੍ਹਸੀ ਸਿਰ ਕਈ ਵੇਰ ਸਿੱਖੋ
'ਤੀਰ' ਚਾਨਣਾ ਧਰਮ ਦੇ ਲਈ ਹੋਸੀ, ਹੋਸੀ ਜ਼ੁਲਮ ਦੇ ਲਈ ਅਨ੍ਹੇਰ ਸਿੱਖੋ

### ਦਸਮੇਸ਼ ਜੀ ਦਾ ਪੰਜਾਂ ਪਿਆਰਿਆਂ ਨੂੰ ਹੁਕਮ

ਪੰਜਾਂ ਪਿਆਰਿਆਂ ਨੂੰ ਫੇਰ ਹੁਕਮ ਹੋਇਆ, ਖੜ੍ਹੇ ਰਹੋ ਹੋ ਕੇ ਸਾਵਧਾਨ ਪੰਜੇ
ਬਾਣੀ ਸਤਿਗੁਰਾਂ ਦੀ ਜਪੋ ਦਿਲ ਅੰਦਰ, ਸੱਚੇ ਰੱਬ ਦਾ ਧਰੋ ਧਿਆਨ ਪੰਜੇ
ਹੁਕਮ ਮੰਨ ਕੇ ਸੁਰਤ ਟਿਕਾ ਲੀਤੀ, ਜੁੜੇ ਜਾਪ ਅੰਦਰ ਪ੍ਰੀਤ-ਵਾਨ ਪੰਜੇ
'ਤੀਰ' ਇਉਂ ਜੀਵਨ ਦਾਨ ਲੈਣ ਲੱਗੇ, ਕਰਕੇ ਤੇਗ਼ ਤਾਈਂ ਜੀਵਨ ਦਾਨ ਪੰਜੇ

### ਸ੍ਰੀ ਦਸਮੇਸ਼ ਗੁਰੂ ਜੀ ਅੰਮ੍ਰਿਤ ਤਿਆਰ ਕਰਦੇ ਹਨ

ਹੁਕਮ ਨਾਲ ਖੰਡਾ ਬਾਟਾ ਸਰਬ-ਲੋਹ ਦਾ, ਜਾਣੀ-ਜਾਣ ਸਤਿਗੁਰਾਂ ਮੰਗਾ ਲੀਤਾ
ਬਾਟੇ ਵਿਚ ਲੈ ਕੇ ਸਾਫ਼ ਜੱਲ ਪਾਇਆ, ਖੰਡਾ ਓਸਦੇ ਵਿਚ ਟਿਕਾ ਲੀਤਾ
ਕਰਕੇ ਬੀਰ-ਆਸਨ ਬੀਰ ਸਤਿਗੁਰਾਂ ਨੇ, ਉਹਦੇ ਵਿਚ ਧਿਆਨ ਜਮਾ ਲੀਤਾ
'ਤੀਰ' ਗੱਲ ਨਿਤਾਰ ਕੇ ਦੱਸ ਸਾਰੀ, ਕਿਵੇਂ ਸਤਿਗੁਰਾਂ ਅੰਮ੍ਰਿਤ ਬਣਾ ਲੀਤਾ

### ਅੰਮ੍ਰਿਤ ਕਿਵੇਂ ਤਿਆਰ ਹੋਇਆ (ਵੱਲੋਂ ਕਵੀ)

ਅੰਮ੍ਰਿਤ ਇਸ ਤਰ੍ਹਾਂ ਨਾਲ ਤਿਆਰ ਹੋਇਆ, ਕਲਾ ਇਉਂ ਦਿਖਾਈ ਦਸਮੇਸ਼ ਜੀ ਨੇ
ਬਾਟੇ ਵਿਚ ਟਿਕਾ ਕੇ ਨਜ਼ਰ ਨੂਰੀ, ਹੈਸੀ ਬੀਰਤਾ ਪਾਈ ਦਸਮੇਸ਼ ਜੀ ਨੇ
ਜੋਸ਼ ਦਿੱਲ ਦਾ ਵਿੱਚ ਉਲਟਾ ਦਿੱਤਾ, ਏਦਾਂ ਪਾਈ ਗਰਮਾਈ ਦਸਮੇਸ਼ ਜੀ ਨੇ
ਜੱਪ ਜਾਪ ਚੌਪਈ ਅਨੰਦ ਸ੍ਵਯੇ, ਸੁੱਟੀ ਇਵੇਂ ਠੰਢਿਆਈ ਦਸਮੇਸ਼ ਜੀ ਨੇ
ਅਣਖ ਪਾਣ ਲਈ ਆਪਣੇ ਪੰਥ ਅੰਦਰ, ਖੰਡੇ-ਧਾਰ ਘਸਾਈ ਦਸਮੇਸ਼ ਜੀ ਨੇ
ਪਾਣੀ ਵਿਚ ਏਦਾਂ ਫੇਰ-ਫੇਰ ਖੰਡਾ, ਦਿੱਤੀ ਘੋਲ ਗੁਰਿਆਈ ਦਸਮੇਸ਼ ਜੀ ਨੇ
ਢੰਗ ਨਾਲ ਸਮਝੋ ਏਦਾਂ ਪੂਰ ਦਿੱਤੀ, ਨੀਚ-ਊਚ ਦੀ ਖਾਈ ਦਸਮੇਸ਼ ਜੀ ਨੇ
'ਤੀਰ' ਚੁੱਕ ਕੇ ਵੈਸ਼ ਤੇ ਸ਼ੂਦਰਾਂ ਨੂੰ, 'ਬੀਰ-ਕੌਮ' ਬਣਾਈ ਦਸਮੇਸ਼ ਜੀ ਨੇ

### ਮਾਤਾ ਜੀਤੋ ਜੀ ਪਤਾਸੇ ਲਿਆਏ

ਏਦਾਂ ਹੋ ਗਿਆ ਜਦੋਂ ਤਿਆਰ ਅੰਮ੍ਰਿਤ, ਜੀਤੋ ਮਾਤ ਜੀ ਆਏ ਦਰਬਾਰ ਅੰਦਰ
ਝੋਲੀ ਭਰ ਲੈ ਆਏ ਪਤਾਸਿਆਂ ਦੀ, ਕੋਈ ਰਮਜ਼ ਪ੍ਰੇਮ ਦੀ ਧਾਰ ਅੰਦਰ
ਵੇਖ ਉਨ੍ਹਾਂ ਨੂੰ ਸ੍ਰੀ ਦਸਮੇਸ਼ ਬੋਲੇ, ਲੋੜ ਆਪਦੀ ਸੀ ਏਸ ਕਾਰ ਅੰਦਰ
ਐਨ ਸਮੇਂ ਉਪਰ ਤੁਸੀਂ ਆਣ ਪੁੱਜੇ, ਸਾਂਝ ਪਾਈ ਜੇ ਏਸ ਵਿਹਾਰ ਅੰਦਰ
ਜੇ ਨਾ ਸੁੰਦਰੀ ਜੀ ਤੁਸੀਂ ਇਉਂ ਕਰਦੇ, ਹੋਣਾ ਬੀਰ ਸੀ ਪੰਥ ਸੰਸਾਰ ਅੰਦਰ
ਤੁਸਾਂ ਪਾਈ ਮਿਠਾਸ ਪਤਾਸਿਆਂ ਦੀ, 'ਤੀਰ' ਆਪਣੇ ਪੰਥ-ਪਰਿਵਾਰ ਅੰਦਰ

### ਮਹਾਰਾਜ ਮਹਿਲ ਸ੍ਰੀ ਜੀਤੋ ਜੀ ਪ੍ਰਤੀ ਕਹਿੰਦੇ ਹਨ

ਜਿਹੜੀ ਆਣ ਮਿਠਾਸ ਇਹ ਤੁਸਾਂ ਪਾਈ, ਪੰਥ ਲਈ ਪ੍ਰੇਮ ਦੀ ਰਾਸ ਹੋਸੀ
ਹਰ ਸਿੱਖ ਅੰਦਰ ਪ੍ਰੇਮ-ਕਣੀ ਹੋਸੀ, ਬੋਲੀ ਓਸਦੀ ਵਿਚ ਮਿਠਾਸ ਹੋਸੀ
ਹੋਸੀ ਸਿੱਖ ਦੇ ਹੱਥ ਹਥਿਆਰ ਭਾਵੇਂ, ਐਪਰ ਮੂੰਹ ਦੇ ਵਿਚ ਅਰਦਾਸ ਹੋਸੀ
'ਤੀਰ' ਪ੍ਰੇਮ-ਰਹਿਣੀ ਅਤੇ ਪ੍ਰੇਮ ਬਹਿਣੀ, ਪ੍ਰੇਮ ਵਿਚ ਹੀ ਸਿੱਖ ਦਾ ਵਾਸ ਹੋਸੀ

### ਫਿਰ ਕਹਿੰਦੇ ਹਨ

ਮੈਂ ਏਹ ਜਾਣਦਾ ਹਾਂ ਪੰਥ ਵਿੱਚ ਏਦਾਂ, ਸਾਰੀ ਅੱਜ ਦੀ ਇਹ ਸਫ਼ਲ ਕਾਰ ਹੋਸੀ
ਜਿਥੇ ਪੰਥ ਮੇਰਾ ਸੂਰ-ਬੀਰ ਹੋਸੀ, ਦੇਸ਼-ਭਗਤ ਤੇ ਧਨੀ-ਤਲਵਾਰ ਹੋਸੀ
ਜਿਥੇ ਮੌਤ ਤੋਂ ਦਿਲੋਂ ਨਿਰਭੈ ਹੋਸੀ, ਜਿਥੇ ਆਜਜ਼ਾਂ ਦਾ ਮਦਦਗਾਰ ਹੋਸੀ
ਜਿਥੇ ਅਣਖ ਹੋਸੀ ਇਸ ਦੀ ਹਿੱਕ ਅੰਦਰ, ਜਿਥੇ ਜ਼ਾਲਮਾਂ ਵਾਸਤੇ ਖ਼ਾਰ ਹੋਸੀ
ਜਿਥੇ ਸੂਰਮਾ ਮਰਦ ਮੈਦਾਨ ਬਣ ਕੇ, ਤੇਗ਼ ਰੱਤ ਅੰਦਰ ਰਿਹਾ ਤਾਰ ਹੋਸੀ
ਲਾੜਾ ਬਣੇਗਾ ਜਿਥੇ ਸ਼ਹੀਦੀਆਂ ਦਾ, ਜਿਥੇ ਮੌਤ ਦੇ ਘਾਟ ਤੋਂ ਪਾਰ ਹੋਸੀ
ਜਿਥੇ ਜੋਸ਼-ਭਰੀਆਂ ਖ਼ੂਨੀ ਅੱਖੀਆਂ 'ਚੋਂ, ਏਹ ਵਰ੍ਹਾਂਵਦਾ ਅੱਗ ਅੰਗਾਰ ਹੋਸੀ
'ਤੀਰ' ਸਦਕੇ ਇਨ੍ਹਾਂ ਪਤਾਸਿਆਂ ਦੇ, ਉਥੇ ਏਸ ਦੇ ਵਿੱਚੋਂ ਪਿਆਰ ਹੋਸੀ

### ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਦਾਨ (ਵੱਲੋਂ ਕਵੀ)

ਫੇਰ ਗੁਰੂ ਦਸਮੇਸ਼ ਜੀ ਪ੍ਰੇਮ-ਰੰਗੇ, ਕੌਤਕ ਇਸ ਤਰ੍ਹਾਂ ਨਾਲ ਵਿਖਾਂਵਦੇ ਗਏ
ਕਰ ਹਰ ਪਿਆਰੇ ਨੂੰ ਬੀਰ-ਆਸਨ, ਵੇਖੋ ਇਸ ਤਰ੍ਹਾਂ ਅੰਮ੍ਰਿਤ ਛਕਾਂਵਦੇ ਗਏ
ਪੰਜ ਮੂੰਹ ਅੰਦਰ, ਪੰਜ ਵਿੱਚ ਅੱਖਾਂ, ਚੁਲੇ ਪੰਜ ਕੇਸਾਂ ਅੰਦਰ ਪਾਂਵਦੇ ਗਏ
ਅੱਗੋਂ ਆਪ ਮਹਾਰਾਜ ਜੀ ਓਸ ਵੇਲੇ, ਸ੍ਰੀ ਵਾਹਿਗੁਰੂ ਫਤਹਿ ਬੁਲਾਂਵਦੇ ਗਏ
ਮਗਰ ਮਗਰ ਮੁੜ ਕੇ ਪ੍ਰੀਤਵਾਨ ਪੰਜੇ, ਜਾਣੀ-ਜਾਣ ਦੇ ਬਚਨ ਦੁਹਰਾਂਵਦੇ ਗਏ
ਫੇਰ ਫੜ ਕੇ ਆਪਣੇ ਹੱਥ ਬਾਟਾ, ਹਰ ਇੱਕ ਨੂੰ ਘੁੱਟ ਭਰਾਂਵਦੇ ਗਏ

ਕਦੇ ਏਸ ਪਾਸੇ, ਕਦੇ ਓਸ ਪਾਸੇ, ਮੁੜ-ਮੁੜ ਮਹਾਰਾਜ ਪਿਆਂਵਦੇ ਗਏ
'ਤੀਰ' ਮੇਸ ਪੱਟੀ ਊਚ-ਨੀਚ ਵਾਲੀ, ਇਕੋ ਜਿਹੇ ਭਰਾ ਬਣਾਂਵਦੇ ਗਏ

### ਵੱਲੋਂ ਕਵੀ

ਜਾਣੀ-ਜਾਣ ਨੇ ਪੰਜਾਂ ਪਿਆਰਿਆਂ ਨੂੰ, ਇੱਕੋ ਜਿਹੇ ਸੁਹਾਵਣੇ ਵੇਸ ਦਿੱਤੇ
ਝੀਵਰ, ਨਾਈ, ਛੀਂਬਾ, ਜੱਟ ਗਲੇ ਲਾ ਕੇ, ਊਚ-ਨੀਚ ਵਾਲੇ ਅੱਖਰ ਮੇਸ ਦਿੱਤੇ
ਕੜੇ, ਕੱਛ, ਕ੍ਰਿਪਾਨ ਦੀ ਦਾਤ ਕੀਤੀ, ਕੰਘਾ ਬਖ਼ਸ਼ਿਆ ਤੇ ਸੋਹਣੇ ਕੇਸ ਦਿੱਤੇ
'ਤੀਰ' ਇਸ ਤਰ੍ਹਾਂ ਪੰਜਾਂ ਪਿਆਰਿਆਂ ਨੂੰ, ਫੇਰ ਆਪ ਨੇ ਕਈ ਉਪਦੇਸ਼ ਦਿੱਤੇ

### ਸਤਿਗੁਰਾਂ ਦਾ ਪੰਜਾਂ ਨੂੰ ਉਪਦੇਸ਼

ਤੁਸੀਂ ਅੱਜ ਤੋਂ ਹੋ ਮੇਰਾ ਰੂਪ ਪੰਜੇ, ਮੇਰੀ ਪੁੱਗ ਗਈ ਦਿੱਲ ਦੀ ਭਾਵਨੀ ਜੇ
ਵੰਸ ਛੱਤਰੀ ਤੇ ਕੌਮ ਖਾਲਸਾ ਏ, ਜਿਹੜੀ ਆਪ ਅਕਾਲ ਵਧਾਵਣੀ ਜੇ
ਗੁਰੂ-ਘਰ ਅੱਜ ਆਪ ਨੇ ਜਨਮ ਲੀਤਾ, ਜਾਤ-ਪਾਤ ਹੁਣ ਦਿਲੋਂ ਭੁਲਾਵਣੀ ਜੇ
ਓਟ ਇੱਕ ਅਕਾਲ 'ਤੇ ਰੱਖਣੀ ਜੇ, ਬਾਣੀ ਗੁਰੂ ਮਹਾਰਾਜ ਦੀ ਗਾਵਣੀ ਜੇ
ਫਰਜ਼ ਆਪ ਦਾ ਅੱਜ ਤੋਂ ਹੋ ਗਿਆ ਏ, ਦੀਨਾਂ ਵਾਸਤੇ ਜਿੰਦ ਘੁਮਾਵਣੀ ਜੇ
ਆ ਕੇ ਜ਼ੁਲਮ ਅਨਿਆਂ ਨੇ ਪਾਈ ਜਿਹੜੀ, ਪੁੱਟ ਘੱਤਣੀ ਦੇਸ਼ 'ਚੋਂ ਛਾਵਣੀ ਜੇ
ਲੋੜਵੰਦ ਅਨਾਥ ਤੇ ਆਜਜ਼ਾਂ ਦੀ, ਪੱਤ ਆਬਰੂ ਸਦਾ ਬਚਾਵਣੀ ਜੇ
ਪਹਿਲੇ ਦੁਖੀ ਅਨਾਥ ਦੀ ਬਾਂਹ ਫੜਨੀ, ਪਿਛੋਂ ਮੂੰਹ ਅੰਦਰ ਬੁਰਕੀ ਪਾਵਣੀ ਜੇ
ਸੰਤ-ਸੂਰਮੇ ਅੱਜ ਤੋਂ ਤੁਸੀਂ ਹੋਏ, ਸਮਝ ਨਾਲ ਤਲਵਾਰ ਚਲਾਵਣੀ ਜੇ
ਵੰਡ ਛੱਕਣਾ ਜੇ, ਨਾਮ ਜੱਪਣਾ ਜੇ, ਰਹਿਣੀ ਕੁਦਰਤੀ ਸਦਾ ਬਣਾਵਣੀ ਜੇ
ਅੱਖ ਰੱਖਣੀ ਆਪਣੇ ਹੱਕ ਉੱਤੇ, ਰਾਈ ਨਹੀਂ ਨਾਹੱਕ ਦੀ ਖਾਵਣੀ ਜੇ
ਕਿਰਤ ਕਰਕੇ ਸਦਾ ਦਸਵੰਧ ਦੇਣਾ, ਮਾਇਆ ਕੰਮ ਚੰਗੇ ਉੱਤੇ ਲਾਵਣੀ ਜੇ
ਦੇਵੀ ਦੇਵਤੇ ਮੂਰਤੀ ਪੱਥਰਾਂ ਨੂੰ, ਕਦੇ ਭੁੱਲ ਨਾ ਧੌਣ ਨਿਵਾਵਣੀ ਜੇ
ਹੋ ਕੇ ਅੱਜ ਤੋਂ ਖਾਲਸਾ ਵਾਹਿਗੁਰੂ ਦਾ, ਸਦਾ ਵਾਹਿਗੁਰੂ ਫਤਹਿ ਗਜਾਵਣੀ ਜੇ
ਤੁਸਾਂ ਪੰਜਾਂ ਪਿਆਰਿਓ! ਕੌਮ ਤਾਈਂ, ਲਾਗ ਸਿਦਕ ਪ੍ਰੇਮ ਦੀ ਲਾਵਣੀ ਜੇ
'ਤੀਰ' ਫੁੱਲ ਸੁੱਚੇ ਤੁਸੀਂ ਪੰਜ ਮੇਰੇ, ਸਿੱਖੀ ਤੁਸਾਂ ਹੀ ਹੁਣ ਮਹਿਕਾਵਣੀ ਜੇ

### ਮਹਾਰਾਜ ਫੇਰ ਕਹਿੰਦੇ ਹਨ

ਫ਼ਰਜ਼ ਆਪਣਾ ਕਦੇ ਵੀ ਭੁੱਲਣਾ ਨਾ, ਨਾ ਗ਼ੁਲਾਮ ਰਹਿਣਾ ਨਾ ਗ਼ੁਲਾਮ ਕਰਨਾ
ਗਰਜ਼ ਵਾਸਤੇ ਕਦੇ ਵੀ ਦੇਸ਼ ਤਾਈਂ, ਨਾ ਵਿਸਾਰ ਦੇਣਾ ਨਾ ਨੀਲਾਮ ਕਰਨਾ
ਪੱਖ ਪਾਰਟੀ ਦੇ ਅੰਦਰ ਆ ਆ ਕੇ, ਨਾ ਬਦਨਾਮ ਹੋਣਾ ਨਾ ਬਦਨਾਮ ਕਰਨਾ
'ਤੀਰ' ਜ਼ਾਲਮਾਂ ਜਾਬਰਾਂ ਪਾਪੀਆਂ ਨੂੰ, ਬੇ-ਅਰਾਮ ਹੋ ਕੇ ਬੇ-ਅਰਾਮ ਕਰਨਾ

## ਹੋਰ ਸਿੱਖਿਆ

ਤੁਸੀਂ ਪੰਜ ਪਿਆਰੇ ਪ੍ਰੇਮ-ਰੂਪ ਹੋਏ, ਏਸ ਪ੍ਰੇਮ ਨੂੰ ਹੋਰ ਵਧਾਵਣਾ ਜੇ
ਪ੍ਰੇਮ-ਆਸਰੇ ਜੀਵਣਾ ਜੱਗ ਉੱਤੇ, ਸਾਰੇ ਪ੍ਰੇਮ ਹੀ ਪ੍ਰੇਮ ਵਰਤਾਵਣਾ ਜੇ
ਮੇਰਾ ਪੰਥ ਹੈ ਜੱਗ 'ਤੇ ਪ੍ਰੇਮ-ਬੂਟਾ, ਪਾਣੀ ਪ੍ਰੇਮ ਦਾ ਏਸਨੂੰ ਪਾਵਣਾ ਜੇ
'ਤੀਰ' ਸਦਾ ਦੇ ਲਈ ਇਹ ਵਾਕ ਮੇਰਾ, ਦਿਲੋਂ ਮਨੋਂ ਨਾ ਕਦੇ ਭੁਲਾਵਣਾ ਜੇ

## ਗੁਰਵਾਕ

"ਸਾਚ ਕਹੋਂ ਸੁਣ ਲੇਹੋ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥"

## ਮਹਾਰਾਜ ਵੱਲੋਂ ਸਿੱਖੀ ਰਹਿਤ ਤੇ ਉਪਦੇਸ਼

ਫੇਰ ਆਖਿਆ ਸ੍ਰੀ ਦਸਮੇਸ਼ ਜੀ ਨੇ, ਧਰਮ-ਪੱਤਨੀ ਨਾਲ ਪਿਆਰ ਕਰਨਾ
ਪਰ-ਨਾਰ ਦੀ ਮਾਨਣੀ ਸੇਜ ਨਾਹੀਂ, ਨਾ ਇਹ ਸੁਪਨੇ ਵਿੱਚ ਵਿਹਾਰ ਕਰਨਾ
ਸਾਰੇ ਅਮਲ ਤਿਆਗਣੇ ਦਿਲੋਂ ਐਸੇ, ਅਮਲ ਲਈ ਨਾ ਕਦੇ ਅਹਾਰ ਕਰਨਾ
ਕੁੱਠਾ ਕਦੇ ਨਾ ਖਾਵਣਾ ਯਾਦ ਰੱਖੋ, ਝਟਕਾ ਵਰਤਨਾ ਹੱਥੀਂ ਸ਼ਿਕਾਰ ਕਰਨਾ
ਕੁੜੀ-ਮਾਰ ਅਤੇ ਨੜੀ-ਮਾਰ ਤਾਈਂ, ਸ਼ਾਮਲ ਕਦੇ ਨਾ ਵਿੱਚ ਪਰਿਵਾਰ ਕਰਨਾ
ਜਿਹੜੇ ਸਤੀ ਦੀ ਰਸਮ ਦੇ ਹੋਣ ਹਾਮੀ, ਜੱਗ ਉਨ੍ਹਾਂ ਪਾਸੋਂ ਖ਼ਬਰਦਾਰ ਕਰਨਾ
ਇੱਕੋ ਆਦਮੀ ਜਾਤ ਹੈ ਆਦਮੀ ਦੀ, ਸਦਾ ਵਾਸਤੇ ਇਹੋ ਪਰਚਾਰ ਕਰਨਾ
'ਤੀਰ' ਧਰਮ ਦਾ ਵੀ ਚੌਂਕੀਦਾਰ ਰਹਿਣਾ, ਨਾਲੇ ਦੇਸ਼ ਦਾ ਵੀ ਬੇੜਾ ਪਾਰ ਕਰਨਾ

## ਹੋਰ

ਕਦੇ ਭੁੱਲ ਨਾ ਫੁੱਟ ਦੇ ਰਾਹ ਜਾਣਾ, ਸਦਾ ਵੱਸਣਾ ਮੇਲ-ਮਿਲਾਪ ਅੰਦਰ
ਮੂੰਹ ਧਰਮ ਵੱਲੋਂ ਕਦੇ ਫੇਰਨਾ ਨਾ, ਘੜੀ ਪੱਲ ਨਾ ਪਰਚਣਾ ਪਾਪ ਅੰਦਰ
ਜਦੋਂ ਦੇਸ਼ ਉੱਤੇ ਔਖੀ ਬਣੇ ਆ ਕੇ, ਮੈਨੂੰ ਸਮਝਣਾ ਆਪਣੇ-ਆਪ ਅੰਦਰ
'ਤੀਰ' ਹੱਥ ਦੇ ਵਿਚ ਕਿਰਪਾਨ ਹੋਵੇ, ਤੇ ਜ਼ਬਾਨ ਹੋਵੇ ਰੱਬੀ-ਜਾਪ ਅੰਦਰ

## ਮਹਾਰਾਜ ਪੰਜਾਂ ਦੀ ਮਹਾਨਤਾ ਦੱਸਦੇ ਹਨ

ਪੰਜਾਂ ਤੱਤਾਂ ਤੋਂ ਰੱਚਨਾ ਹੋਈ ਸਾਰੀ, ਬੈਠੇ ਸਾਜ ਕੇ ਹੈਣ ਜਹਾਨ ਪੰਜੇ
ਪੰਜਾਂ ਤੱਤਾਂ ਦੇ ਏਸ ਸਰੀਰ ਦਾ ਵੀ, ਹੈਣ ਆਸਰਾ ਬਣੇ ਪ੍ਰਾਨ ਪੰਜੇ
ਹੱਥ ਪੈਰ ਨੂੰ ਓਸ ਦਾਤਾਰ ਵੱਲੋਂ, ਹੋਈਆਂ ਉਂਗਲਾਂ ਵੇਖ ਲਓ ਦਾਨ ਪੰਜੇ
ਏਸ ਪੰਜ ਦਰਿਆਵਾਂ ਦੀ ਧਰਤ ਅੰਦਰ, ਤੁਸੀਂ ਅੱਜ ਤੋਂ ਹੋਏ ਨਿਸ਼ਾਨ ਪੰਜੇ
ਪੰਜ ਤੁਸੀਂ, ਤੇ ਚੂਲੇ ਵੀ ਪੰਜ ਬਖ਼ਸ਼ੇ, ਨਾਲੇ ਆਖਿਆ ਛਕਣ-ਛਕਾਨ ਪੰਜੇ

ਛੱਟੇ ਪੰਜ ਕੇਸੀਂ, ਅਤੇ ਪੰਜ ਨੈਣੀਂ, ਮੇਰੀ ਨਿਗ੍ਹਾ ਵਿਚ ਪਾਂਵਦੇ ਮਾਨ ਪੰਜੇ
ਪੰਜਾਂ ਵਿਚ ਪਰਮੇਸ਼ਰ ਜਹਾਨ ਆਖੇ, ਫੜੀ ਵੇਖ ਲਓ ਕਿਵੇਂ ਕਿਰਪਾਨ ਪੰਜੇ
ਪੰਜੇ ਬਾਣੀਆਂ ਅੰਮ੍ਰਿਤ ਤਿਆਰ ਕੀਤਾ, ਗੁਰੂ ਦਸ, ਪਾਂਜੇ ਗਿਣੇ ਜਾਨ ਪੰਜੇ
ਤੇ ਸੁਹਾਵਣੀ ਏਸ ਪੰਜਾਬ ਅੰਦਰ, ਤੁਸੀਂ ਸਿਦਕੀਓ ਹੋਏ ਪਰਵਾਨ ਪੰਜੇ
'ਤੀਰ' ਪੰਜ ਕੱਕੇ ਧਾਰੀ ਰੱਖਣੇ ਜੇ, ਹੈਣ ਕਰਨ ਦੇ ਲਈ ਕਲਿਆਨ ਪੰਜੇ

### ਪਹਿਲਾ ਕੱਕਾ

ਕੱਕਾ ਕੁਦਰਤੀ ਰੱਬ ਦੇ ਰੂਪ ਵਾਲਾ, ਉੱਤੇ ਏਸ ਸਰੀਰ ਦੇ ਕੇਸ ਸਮਝੋ
ਜਟਾ-ਜੂਟ ਰਹਿਣਾ ਗਹਿਣਾ ਮਰਦ ਦਾ ਏ, ਏਸ ਰੂਪ ਨੂੰ ਬਿਸ਼ਨ ਮਹੇਸ਼ ਸਮਝੋ
ਸਿੱਖ ਪੰਥ ਦੀ ਸ਼ਾਨ ਹੈ ਰੂਪ ਅੰਦਰ, ਸਦਾ ਆਪਣਾ ਏਸ ਨੂੰ ਵੇਸ ਸਮਝੋ
'ਤੀਰ' ਕੇਸ ਦਾੜ੍ਹੀ ਵਾਲੇ ਸਿੱਖ ਤਾਈਂ, ਤੁਸੀਂ ਖਾਲਸਾ-ਰੂਪ ਦਸਮੇਸ਼ ਸਮਝੋ

### ਦੂਜਾ ਕੱਕਾ

ਕੱਕਾ ਦੂਸਰਾ ਕੇਸਾਂ ਦੇ ਵਿਚ ਕੰਘਾ, ਸਦਾ ਵਾਸਤੇ ਸਿਦਕੀਓ ਧਾਰ ਰੱਖੋ
ਜਿਵੇਂ ਕੇਸ ਸਵਾਰਦਾ ਨਿੱਤ ਕੰਘਾ, ਤਿਵੇਂ ਆਪਣੇ ਮੱਨ ਸਵਾਰ ਰੱਖੋ
ਜਿਵੇਂ ਕੇਸ ਇਹ ਸਦਾ ਸਫ਼ਾ ਰੱਖੇ, ਤਿਵੇਂ ਮਨ ਉੱਤੇ ਬਹੁਕਰ ਮਾਰ ਰੱਖੋ
'ਤੀਰ' ਕਰੋ ਕੰਘਾ ਪੰਜਾਂ ਵੈਰੀਆਂ ਦਾ, ਦਯਾ, ਨਿਮਰਤਾ, ਖ਼ਿਮਾ ਨੂੰ ਧਾਰ ਰੱਖੋ

### ਤੀਜਾ ਕੱਕਾ

ਸੱਜੇ ਹੱਥ ਅੰਦਰ ਸਜੇ ਸਦਾ ਜਿਹੜਾ, ਕੱਕਾ ਤੀਸਰਾ ਸਿਦਕੀਓ ਕੜਾ ਵੇਖੋ
ਹੱਥਕੜੀ ਇਹ ਗੁਰੂ ਦੀ ਹੱਥ ਅੰਦਰ, ਭੇਦ ਏਸ ਦੇ ਵਿਚ ਜੇ ਬੜਾ ਵੇਖੋ
ਜਦੋਂ ਦਿਲ ਬੁਰਾਈ ਤੋਂ ਟਲੇ ਨਾਹੀਂ, ਏਸ ਕੜੇ ਅੰਦਰ ਗੁਰੂ ਖੜਾ ਵੇਖੋ
'ਤੀਰ' ਕੂੜ ਦੇ ਕਦੀ ਨਾ ਰਾਹ ਜਾਓ, ਛੱਡੋ ਕਦੇ ਨਾ ਸੱਚ ਦਾ ਧੜਾ ਵੇਖੋ

### ਚੌਥਾ ਕੱਕਾ

ਚੌਥਾ ਸਮਝਣਾ ਭੇਦ, ਇਹ ਕੱਛ ਕੱਕਾ, ਸਾਰੇ ਜੱਗ ਦੀ ਪੱਤ ਜੇ ਏਸ ਅੰਦਰ
ਜੱਤੀ-ਪੁਣੇ ਦੀ ਸਿੱਖਿਆ ਸਦਾ ਦੇਂਦਾ, ਬ੍ਰਹਮ ਚਰਜ ਤੇ ਜੱਤ ਜੇ ਏਸ ਅੰਦਰ
ਸੱਤ ਪੁਰਖ ਹੋ ਜਾਓਗੇ ਜੱਗ ਅੰਦਰ, ਸੱਤ ਜਾਣਨਾ ਸੱਤ ਜੇ ਏਸ ਅੰਦਰ
'ਤੀਰ' ਏਸ ਦੀ ਹੋਂਦ ਵੀ ਲਾਜ਼ਮੀ ਏਂ, ਗੁੱਝੀ ਸਿੱਖ ਤੇ ਮੱਤ ਜੇ ਏਸ ਅੰਦਰ

### ਪੰਜਵਾਂ ਕੱਕਾ

ਕੱਕਾ ਪੰਜਵਾਂ ਇਹ ਕਿਰਪਾਨ ਜਿਹੜਾ, ਇਹਨੂੰ ਆਪਣੀ ਜਾਨ ਦੀ ਜਾਨ ਸਮਝੋ

ਹੈ ਕਿਰਪਾਨ, ਸਿੱਖੋ ਇਹਦੀ ਚਮਕ ਅੰਦਰ, ਸਦਾ ਵਸਦੀ ਕ੍ਰਿਪਾ ਤੇ ਆਨ ਸਮਝੋ
ਭਜਨ ਲਈ ਇਹ ਆਪਦੀ ਹੈ ਮਾਲਾ, ਧਰਮ-ਯੁੱਧ ਦੇ ਲਈ ਸਾਮਾਨ ਸਮਝੋ
'ਤੀਰ' ਤੇਗ਼ ਵਿੱਚੋਂ ਤੁਸਾਂ ਜਨਮ ਪਾਇਆ, ਤੁਸੀਂ ਤੇਗ਼ ਨੂੰ ਆਪਣੀ ਸ਼ਾਨ ਸਮਝੋ

### ਮਹਾਰਾਜ ਫੇਰ ਉਚਰਦੇ ਹਨ

ਕੇਸ ਗੜ੍ਹ ਅੰਦਰ ਤੁਸਾਂ ਵੇਖਿਆ ਏ, ਏਸ ਤੇਗ਼ ਨੇ ਜੌਹਰ ਵਿਖਾਲਿਆ ਏ
ਇਸੇ ਤੇਗ਼ ਨੇ ਹੀ ਪੰਥ-ਖਾਲਸੇ ਨੂੰ, ਨਵੇਂ ਰੰਗ ਅੰਦਰ ਇਥੇ ਢਾਲਿਆ ਏ
ਇਸੇ ਤੇਗ਼ ਦੀ ਗੋਦ ਦੇ ਵਿਚ ਬੇਟਾ, ਅਸਾਂ ਜਾਣ ਲਓ ਤੁਸਾਂ ਨੂੰ ਪਾਲਿਆ ਏ
ਏਸੇ ਤੇਗ਼ ਨੇ ਆਪ ਨੂੰ ਮਾਰਿਆ ਸੀ, ਏਸ ਤੇਗ਼ ਨੇ ਫੇਰ ਜਿਵਾਲਿਆ ਏ
ਏਸ ਤੇਗ਼ ਨੇ ਅੱਜ ਤੋਂ ਯਾਦ ਰੱਖੋ, ਕੱਕਾ ਬਣ ਕਿਰਪਾਨ ਸਦਵਾਲਿਆ ਏ
ਇਹੋ 'ਤੀਰ' ਕਿਰਪਾਨ ਹੁਣ ਤੁਸੀਂ ਸਾਂਭੋ, ਜਿਹਨੇ ਸੁੱਤਿਆਂ ਤਾਈਂ ਉਠਾਲਿਆ ਏ

### ਮਹਾਰਾਜ ਦਾ ਖ਼ਾਸ ਹੁਕਮ

ਮੇਰੇ ਸਿਦਕੀਓ ਆਪਣੇ ਆਪ ਤਾਈਂ, ਨਾ ਚੰਬੇੜ ਲੈਣਾ ਛੂਤ-ਭੂਤ ਮੁੜ ਕੇ
ਬੜੀ ਚਾਤਰੀ ਨਾਲ ਇਹ ਸੂਤ ਕੀਤਾ, ਉਲਝ ਪਵੇ ਨਾ ਸੁਲਝਿਆ ਸੂਤ ਮੁੜ ਕੇ
ਜਿਹੜਾ ਛਕੇ ਅੰਮ੍ਰਿਤ ਉਹਨੂੰ ਸਿੱਖ ਜਾਣੋ, ਕਰਨੀ ਹੋਰ ਨਾ ਕੋਈ ਕਰਤੂਤ ਮੁੜ ਕੇ
'ਤੀਰ' ਵੇਖਣਾ ਸਦਾ ਹੁਸ਼ਿਆਰ ਰਹਿਣਾ, ਫੈਲ ਜਾਏ ਨਾ ਛੂਤ ਦੀ ਲੂਤ ਮੁੜ ਕੇ

### ਹੋਰ

ਨੱਕ ਕਿਸੇ ਨੂੰ ਵੇਖ ਕੇ ਚਾੜ੍ਹਨਾ ਨਾ, ਹੈਣ ਰੱਬ ਉਪਾਏ ਇਨਸਾਨ ਸਾਰੇ
ਮਿੱਟੀ ਇੱਕ ਲੱਗੀ, ਇੱਕੋ ਪਉਣ ਪਾਣੀ, ਇੱਕੋ ਰਾਹ ਨੇ ਆਏ ਇਨਸਾਨ ਸਾਰੇ
ਪ੍ਰੇਮ ਰੱਬ ਦਾ ਰੂਪ ਹੈ ਜੱਗ ਅੰਦਰ, ਪ੍ਰੇਮ ਲਈ ਬਣਾਏ ਇਨਸਾਨ ਸਾਰੇ
'ਤੀਰ' ਜਾਣਨਾ ਤੁਸਾਂ ਨੇ ਅੱਜ ਤੋਂ ਹੀ, ਵੀਰ ਮਾਂ-ਪਿਓ-ਜਾਏ ਇਨਸਾਨ ਸਾਰੇ

### ਵੱਲੋਂ ਕਵੀ

ਦਿੱਤੀ ਇਉਂ ਦਾਤਾਰ ਨੇ ਸਿੱਖਿਆ ਸੀ, ਦਿਲੋਂ ਅਸੀਂ ਸਿੱਖੇ ਉੱਕੀ ਭੁੱਲ ਗਏ ਹਾਂ
ਏਕੇ ਵਿਚ ਮਹਾਰਾਜ ਨੇ ਬੰਨ੍ਹਿਆ ਸੀ, ਇੱਕ ਇੱਕ ਹੋ ਕੇ ਅਸੀਂ ਖੁੱਲ੍ਹ ਗਏ ਹਾਂ
ਹੰਝੂ ਓਸ ਬਣਾਏ ਸਾਂ ਅੱਖੀਆਂ ਦੇ, ਅਸੀਂ ਪੰਥ ਦੀ ਅੱਖੀਓਂ ਡੁੱਲ੍ਹ ਗਏ ਹਾਂ
ਉਹਨੇ ਮੇਲ ਦੀ ਤੱਕੜੀ ਤੋਲਿਆ ਸੀ, ਅਸੀਂ ਫੁੱਟ-ਕੰਡੇ ਉੱਤੇ ਤੁੱਲ ਗਏ ਹਾਂ
ਗੁਰਾਂ ਸਾਜਿਆ ਮਹਿਕਦਾ ਮੋਤੀਆ ਸੀ, ਅਸੀਂ ਹੋ ਕਨੇਰ ਦੇ ਫੁੱਲ ਗਏ ਹਾਂ
ਹੱਦਬੰਦੀਆਂ ਨੂੰ ਗੁਰਾਂ ਤੋੜਿਆ ਸੀ, ਅਸੀਂ ਫੇਰ ਹੋ ਜਾਤ-ਪੜੁੱਲ ਗਏ ਹਾਂ
ਸਾਡੇ ਲਈ ਸੀ ਗੁਰਾਂ ਬਹਾਰ ਸੱਦੀ, ਅਸੀਂ ਖਿਜ਼ਾਂ ਬੁਲਾ ਕੇ ਰੁੱਲ ਗਏ ਹਾਂ

ਗੁਰਾਂ ਲਾਲ ਸੀ ਰਚਿਆ ਏਕਤਾ ਦਾ, ਅਸੀਂ ਫੁੱਟ ਕੇ ਕੌਡੀ ਦੇ ਮੁੱਲ ਗਏ ਹਾਂ
ਗੁਰਾਂ ਜੋਤ ਦੇ ਵਾਂਗ ਜਗਾਇਆ ਸੀ, ਅਸੀਂ ਈਰਖੀ ਫੇਰ ਹੋ ਗੁੱਲ ਗਏ ਹਾਂ
'ਤੀਰ' ਗਲੇ ਗ਼ੁਲਾਮੀਆਂ ਆਣ ਪਈਆਂ, ਅਸੀਂ ਹੋ ਗ਼ੁਲਾਮਾਂ ਦੀ ਕੁੱਲ ਗਏ ਹਾਂ

### ਹੋਰ ਕਵੀ ਵੱਲੋਂ

ਹੋਣ ਚੌਧਰਾਂ ਨੱਚੀਆਂ ਪੰਥ ਅੰਦਰ, ਸਮਾਂ ਆ ਗਿਆ ਮਾਣ ਹੰਕਾਰ ਦਾ ਏ
ਜਥੇਦਾਰੀਆਂ ਦੇ ਝੱਖੜ ਆਣ ਝੁੱਲੇ, ਨਾਮ ਰਿਹਾ ਨਾ ਪ੍ਰੇਮ ਪਿਆਰ ਦਾ ਏ
ਗੁਰੂ ਭੁੱਲਿਆ ਰਾਹ ਤੋਂ ਭੁੱਲਿਆਂ ਨੂੰ, ਫ਼ਿਕਰ ਆਪਣੀ ਜਿੱਤ ਜਾਂ ਹਾਰ ਦਾ ਏ
ਪੱਕੇ ਰਹੇ ਨਾ ਸਿੱਖ ਅਸੂਲ ਉੱਤੇ, ਅਸਰ ਰਿਹਾ ਨਾ ਤਦੇ ਪਰਚਾਰ ਦਾ ਏ
ਪਾਟੋ-ਧਾੜ ਦਾ ਗਰਮ ਬਜ਼ਾਰ ਹੋਇਆ, ਰਾਜ ਫੁੱਲ 'ਤੇ ਹੋ ਗਿਆ ਖ਼ਾਰ ਦਾ ਏ
ਵੰਡ ਚੱਲ ਪਈ ਜ਼ਾਤ-ਬਰਾਦਰੀ ਦੀ, ਸਮਾਂ ਪੰਥ ਲਈ ਆ ਗਿਆ ਹਾਰ ਦਾ ਏ
ਜੱਟ ਸਿੱਖ ਕੋਈ, ਕੋਈ ਰਾਮਗੜ੍ਹੀਆ, ਆਹਲੂਵਾਲੀਆ ਨਾਂ ਕੋਈ ਧਾਰਦਾ ਏ
ਕੋਈ ਨਿਰਮਲਾ ਤੇ ਕੋਈ ਨਾਮਧਾਰੀ, ਬਾਹਮਣ ਹੋ ਹੋ ਕੋਈ ਹੰਕਾਰਦਾ ਏ
ਕੋਈ ਕੁੱਝ ਬਣਿਆ ਕੋਈ ਕੁੱਝ ਬਣਿਆ, ਕੋਈ ਨਵੀਂ ਹੀ ਖੇਡ ਖਿਲਾਰਦਾ ਏ
ਸਿੱਖ ਸਿੱਖ ਨੂੰ ਵੇਖ ਕੇ ਖੂਹ ਉੱਤੇ, ਨੀਚ ਨੀਚ ਕਹਿ ਜਦੋਂ ਦੁਰਕਾਰਦਾ ਏ
'ਤੀਰ' ਸ੍ਰੀ ਦਸਮੇਸ਼ ਦੇ ਦੱਰ ਉੱਤੇ, ਤਦੋਂ ਇਸ ਤਰ੍ਹਾਂ ਉਹ ਢਾਹਾਂ ਮਾਰਦਾ ਏ

### ਜਿਸ ਸਿੱਖ ਨੂੰ ਸਿੱਖ ਨੀਚ ਸਮਝਦੇ ਹਨ ਉਹ ਇਉਂ ਰੋਂਦਾ ਹੈ (ਨਵੀਨ ਬੈਂਤ)

ਦਰਦ ਦਿਲਾਂ ਦੇ ਗੁਰੂ ਜੀ ਦੱਸੀਏ ਕੀ, ਬਿਨਾਂ ਰੋਣ ਦੇ ਰਹੀ ਨਾ ਕਾਰ ਸਾਨੂੰ
ਆਸਮਾਨ ਉੱਤੋਂ ਤੋੜੇ ਕੱਸਦਾ ਏ, ਭੋਇੰ ਜਾਣਦੀ ਏ ਵਾਧੂ ਭਾਰ ਸਾਨੂੰ
ਨਾਲ ਛੋਹਵੀਏ ਤਾਂ ਲੋਕੀਂ ਪਏ ਸੜਦੇ, ਜਿਵੇਂ ਜਾਣਦੇ ਹੈਣ ਅੰਗਾਰ ਸਾਨੂੰ
ਚੁਲੀ ਭਰੇ ਸਮੁੰਦਰੋਂ ਮੰਗੀਏ ਤਾਂ, ਅੱਗੋਂ ਖਾਣ ਨੂੰ ਪਏ ਸੰਸਾਰ ਸਾਨੂੰ
ਨਾਮ ਲੈਣ ਦੀ ਵੀ ਮਿਲੇ ਖੁੱਲ੍ਹ ਨਾਹੀਂ, ਆਸ ਦੀਦ ਦੀ ਚੜ੍ਹੇ ਨਾ ਤੋੜ ਸਾਡੀ
ਸਾਨੂੰ ਆਪਣੇ ਕੋਲ ਬੁਲਾ ਦਾਤਾ, ਜੇਕਰ ਨਹੀਂ ਜਹਾਨ 'ਤੇ ਲੋੜ ਸਾਡੀ

✪✪✪

ਐਧਰ ਵੇਖ ਤਾਰੇ ਨੈਣਾਂ ਤੇਰਿਆਂ ਦੇ, ਅੱਜ ਚੰਦ ਕੀ ਨਵਾਂ ਚੜ੍ਹਾ ਰਹੇ ਨੇ
ਸੁੱਟ ਪ੍ਰੇਮ-ਸਰੋਵਰੀ-ਮੱਛੀਆਂ ਨੂੰ, ਮਾਰੂਥਲਾਂ ਦੇ ਵਿਚ ਤੜਫ਼ਾ ਰਹੇ ਨੇ
ਤੇਰੀ ਜੋਤ ਦੇ ਚਮਕਦੇ ਹੀਰਿਆਂ ਨੂੰ, ਘੱਟੇ ਕੌਡੀਏਂ ਕਿਵੇਂ ਰੁਲਾ ਰਹੇ ਨੇ
ਅੰਮ੍ਰਿਤ ਜਿਨ੍ਹਾਂ ਦੇ ਸਿਰਾਂ ਤੋਂ ਵਾਰਿਆ ਤੂੰ, ਵੇਖ ਪਾਣੀਓਂ ਬਿਨਾਂ ਕੁਰਲਾ ਰਹੇ ਨੇ
ਸਾਡੇ ਵਾਸਤੇ ਨਵੀਂ ਵਸਾ ਦੁਨੀਆ, ਕਿਉਂਕਿ ਝਲਦਾ ਨਹੀਂ ਇਹ ਜੱਗ ਸਾਨੂੰ
ਦੱਸ ਹੋਰ ਕਿਹੜੇ ਖੂਹੇ ਜਾ ਪਈਏ, ਪਾਣੀ ਮੰਗੀਏ ਤਾਂ ਲੱਭੇ ਅੱਗ ਸਾਨੂੰ

✪✪✪

ਸਾਡਾ ਚੰਦ 'ਕਬੀਰ' ਹੈ ਪੁੰਨਿਆਂ ਦਾ, ਅਸੀਂ ਉਂਢ ਤੇ ਚਾਨਣੇ ਪੱਖ ਦੇ ਹਾਂ
ਪਿਆ ਚਮਕਦਾ ਏ ਸਾਡਾ 'ਸੈਣ' ਸੂਰਜ, 'ਰਵ' ਜਿਹਾ 'ਰਵਦਾਸ' ਵੀ ਰੱਖਦੇ ਹਾਂ
ਬਾਲਮੀਕ ਮਹਾਰਾਜ ਦੇ ਬਾਲਕੇ ਹਾਂ, ਤਿੱਲ ਭੀਲਣੀ ਮਾਈ ਦੀ ਅੱਖ ਦੇ ਹਾਂ
ਲਾਲ ਲੱਖਾਂ ਕਰੋੜਾਂ ਦੇ ਹੁੰਦਿਆਂ ਵੀ, ਅੱਜ! ਜੱਗ 'ਤੇ ਨਾ ਕੌਡੀ ਕੱਖ ਦੇ ਹਾਂ
ਫੁੱਲ ਜ਼ਿੰਦਗੀ ਸੂਲਾਂ ਦੀ ਸੇਜ ਹੋਈ, ਚੁੱਭਣ ਨਿੱਤ ਸਨਾਤਨੀ ਖ਼ਾਰ ਸਾਨੂੰ
ਜਿਹੜੇ ਜੀਂਵਦੇ ਦਾ ਚੰਮ ਲਾਹ ਲੈਂਦੇ, ਉਹ ਵੀ ਆਖਦੇ ਹੈਣ ਚਮਾਰ ਸਾਨੂੰ

ooo

ਇਕ ਵਾਰ ਤਾਂ ਆਣ ਕੇ ਡੁੱਬਿਆਂ ਨੂੰ, ਤਰਸ ਆਪਦਾ ਵੀ ਕੰਢੇ ਲਾ ਗਿਆ ਏ
ਦਯਾਨੰਦ ਵੀ ਦਾਤਿਆ ਦਯਾ ਕਰਕੇ, ਸਾਡੇ ਲਈ ਉਪਕਾਰ ਕਮਾ ਗਿਆ ਏ
ਏਸ ਸਮੇਂ ਵੀ ਦਰਦ ਦਾ ਦਿਲ ਲੈ ਕੇ, ਭਾਵੇਂ ਗਾਂਧੀ ਮਹਾਤਮਾ ਆ ਗਿਆ ਏ
ਐਪਰ ਮਨੂੰ ਮਹਾਰਾਜ ਨੂੰ ਰੋ ਰਹੇ ਹਾਂ, ਵੱਟੇ ਬੇੜੀਆਂ ਵਿੱਚ ਜੋ ਪਾ ਗਿਆ ਏ
ਲੱਖ ਲੱਖ ਗੱਲਾਂ ਲੋਕੀਂ ਆਖਦੇ ਨੇ, ਸਾਨੂੰ ਇੱਕ ਵੀ ਕੋਈ ਨਾ ਕਹਿਣ ਦੇਂਦਾ
ਅਸੀਂ ਸਿਰ ਉੱਤੇ ਜਿਹਨੂੰ ਚੁੱਕਦੇ ਹਾਂ, ਉਹ ਵੀ ਨਹੀਂ ਪੈਰਾਂ ਉੱਤੇ ਢਹਿਣ ਦੇਂਦਾ

ooo

ਭਲਾ ਮੰਨ ਲੀਤਾ ਉਚ ਹੈਣ ਪਾਰਸ, ਅਸੀਂ ਭਰਥ ਭੰਗਾਰ ਜਾਂ ਲੋਹੇ ਤੇ ਨਹੀਂ
ਚੰਦਨ-ਬੂਰ ਜੇ ਉਹ ਨੇ ਮਹਿਕ ਵਾਲੇ, ਅਸੀਂ ਮਾਲਕਾ! ਗਾਂ ਦੇ ਗੋਹੇ ਤੇ ਨਹੀਂ
ਅਸੀਂ ਮਿੱਟੀ ਦੇ ਜੇ ਕਦੇ ਹਾਂ ਭਾਂਡੇ, ਬਣੇ ਸੋਨੇ ਦੇ ਉਹ ਵਲਟੋਹੇ ਤੇ ਨਹੀਂ
ਛੂਤ ਨਾਲ ਹਾਂ ਅਸੀਂ ਜੇ ਛੂਹ ਆਏ, ਉਚ ਜੱਗ ਤੇ ਕੋਈ ਅਣਛੋਹੇ ਤੇ ਨਹੀਂ
ਉਹ ਵੀ ਆਦਮੀ, ਅਸੀਂ ਵੀ ਆਦਮੀ ਹਾਂ, ਇੱਕੋ ਜਹੀ ਇਹ ਫੇਰ ਲਕੀਰ ਕਰ ਦੇ
ਸਾਂਝਾ ਗੁਰੂ ਹੈਂ ਜੇ ਤੂੰ ਸਾਰਿਆਂ ਦਾ, ਛੂਤ-ਛਾਤ ਸੰਸਾਰ 'ਚੋਂ 'ਤੀਰ' ਕਰ ਦੇ

## ਵੱਲੋਂ ਕਵੀ

ਪੱਕੀ ਗੱਲ ਸਮਝੋ ਜਿਹੜਾ ਸਿੱਖ ਹੋ ਕੇ, ਕਿਸੇ ਸਿੱਖ ਦਾ ਮੂੰਹ ਫਿਟਕਾਰਦਾ ਏ
ਗੁਰੂ ਮੂੰਹ ਨਹੀਂ ਲਾਂਵਦਾ ਕਦੇ ਓਹਨੂੰ, ਜਿਹੜਾ ਧੱਕੇ ਭਰਾ ਨੂੰ ਮਾਰਦਾ ਏ
ਨੀਚ-ਨੀਚ ਕਹਿ ਕੇ ਕਿਸੇ ਸਿੱਖ ਤਾਈਂ, ਜਿਹੜਾ ਜ਼ਾਤ ਦੇ ਵਿੱਚ ਹੰਕਾਰਦਾ ਏ
'ਤੀਰ' ਕਿਸੇ ਵੀ ਕੰਮ ਨਾ ਰਹਿਤ ਉਸਦੀ, ਸਿੱਖ ਨਹੀਂ ਉਹ ਟੱਟੂ ਵਗਾਰਦਾ ਏ

## ਫੇਰ

ਏਸ ਵਾਸਤੇ ਹੱਰ ਇਨਸਾਨ ਤਾਈਂ, ਸਦਾ ਵੇਖਣਾ ਨਾਲ ਪਿਆਰ ਚਾਹੀਏ
ਅੰਮ੍ਰਿਤਪਾਨ ਕਰਕੇ ਬਣੇ ਸਿੱਖ ਜਿਹੜਾ, ਉਹਨੂੰ ਜਾਣਨਾ ਸਿੱਖ ਸਚਿਆਰ ਚਾਹੀਏ
ਸਿੱਖੀ ਵਿਚ ਨਾ ਭੇਦ ਹੈ ਮੂਲ ਕੋਈ, ਲੈਣੀ ਦਿਲ ਤੋਂ ਧਾਰਨਾ ਧਾਰ ਚਾਹੀਏ

'ਤੀਰ' ਖ਼ਾਲਸਾ ਜ਼ਾਤ ਹੈ ਖ਼ਾਲਸੇ ਦੀ, ਇਸ ਗੱਲ ਦਾ ਸਦਾ ਪਰਚਾਰ ਚਾਹੀਏ

### ਪੰਜਾਂ ਪਿਆਰਿਆਂ ਦੇ ਨਾਮ (ਵੱਲੋਂ ਕਵੀ)

ਅੰਮ੍ਰਿਤ ਆਪਣੇ ਪੰਜਾਂ ਪਿਆਰਿਆਂ ਨੂੰ, ਏਦਾਂ ਦਿੱਤਾ ਛਕਾ ਦਸਮੇਸ਼ ਜੀ ਨੇ
ਜ਼ਾਤ-ਪਾਤ ਵਾਲਾ ਛੂਤ-ਛਾਤ ਵਾਲਾ, ਦਿੱਤਾ ਭੇਦ ਮਿਟਾ ਦਸਮੇਸ਼ ਜੀ ਨੇ
ਪਾਣ ਅੰਮ੍ਰਿਤੀ ਪੰਜਾਂ ਨੂੰ ਚਾੜ੍ਹ ਦਿੱਤੀ, ਖ਼ਾਲਸ ਪੰਥ ਸਜਾ ਦਸਮੇਸ਼ ਜੀ ਨੇ
ਪੰਜਾਂ ਪਿਆਰਿਆਂ ਦਾ ਕੀਤਾ ਨਾਮ ਉੱਚਾ, 'ਸਿੰਘ' ਸ਼ਬਦ ਲਗਾ ਦਸਮੇਸ਼ ਜੀ ਨੇ
ਦਯਾ ਸਿੰਘ, ਧਰਮ ਸਿੰਘ, ਤੇ ਸਿੰਘ ਹਿੰਮਤ, ਮੋਹਕਮ ਸਿੰਘ ਬੁਲਾ ਦਸਮੇਸ਼ ਜੀ ਨੇ
ਸਾਹਿਬ ਚੰਦ ਤਾਈਂ ਸਾਹਿਬ ਸਿੰਘ ਕਿਹਾ, ਏਸ ਤਰ੍ਹਾਂ ਵਡਿਆ ਦਸਮੇਸ਼ ਜੀ ਨੇ
ਵੇਖੋ ਇਸ ਤਰ੍ਹਾਂ ਪੰਜਾਂ ਦੇ ਰੂਪ ਅੰਦਰ, ਰੂਪ ਆਪਣਾ ਪਾ ਦਸਮੇਸ਼ ਜੀ ਨੇ
ਦਿੱਤਾ ਮਾਣ ਨਿਮਾਣਿਆਂ ਨਿਰਬਲਾਂ ਨੂੰ, ਬੱਲ-ਵਾਨ ਬਣਾ ਦਸਮੇਸ਼ ਜੀ ਨੇ
ਨੀਚਾਂ ਨੀਵਿਆਂ ਡਿੱਗਿਆਂ ਢੱਠਿਆਂ ਨੂੰ, ਗਲੇ ਦੱਸਿਆ ਲਾ ਦਸਮੇਸ਼ ਜੀ ਨੇ
'ਤੀਰ' ਰੱਚਿਆ ਨਵਾਂ ਹੀ ਹੋਰ ਕੌਤਕ, ਪਹਿਲੇ ਚੋਜ ਵਰਤਾ ਦਸਮੇਸ਼ ਜੀ ਨੇ

### ਨਵਾਂ ਕੌਤਕ

ਐਨ ਸਾਹਮਣੇ ਪੰਜਾਂ ਪਿਆਰਿਆਂ ਦੇ, ਹੱਥ ਜੋੜ ਖਲੋਏ ਨੇ ਆਣ ਵੇਖੋ
ਵਾਲੀ-ਪੰਥ ਦੇ ਆਪਣੇ ਪੰਥ ਤਾਈਂ, ਲੱਗੇ ਦੇਣ ਹਨ ਕਿਸ ਤਰ੍ਹਾਂ ਮਾਣ ਵੇਖੋ
ਨਾਲ ਆਜਜ਼ੀ ਦੇ ਅੱਗੇ ਪਿਆਰਿਆਂ ਦੇ, ਪਏ ਆਪਣਾ ਸੀਸ ਨਿਵਾਣ ਵੇਖੋ
'ਤੀਰ' ਛਲਕਦੇ ਨੈਣ ਪਿਆਰ ਅੰਦਰ, ਅਤੇ ਆਖਦੇ ਕੀ ਜਾਣੀ-ਜਾਣ ਵੇਖੋ

### ਸ੍ਰੀ ਦਸਮ ਗੁਰੂ ਜੀ ਨੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ-ਦਾਨ ਮੰਗਣਾ

ਮੇਰੇ ਪਿਆਰਿਓ ਮੇਰੇ 'ਤੇ ਮਿਹਰ ਕਰਕੇ, ਅੱਜ ਆਪਣੇ ਨਾਲ ਰਲਾਓ ਮੈਨੂੰ
ਮੇਰਾ ਨਾਮ ਹੈ ਅਜੇ ਗੋਬਿੰਦ ਰਾਏ, ਸਿੰਘੋ! ਸੂਰਿਓ! ਸਿੰਘ ਸਜਾਓ ਮੈਨੂੰ
ਗੱਲ ਨਹੀਂ ਜੇ ਸੋਚ ਵਿਚਾਰ ਵਾਲੀ, ਕਰੋ ਦਇਆ ਤੇ ਭਿੱਛਿਆ ਪਾਓ ਮੈਨੂੰ
ਤੁਸਾਂ ਪੰਜਾਂ ਨੂੰ ਚੇਲੇ ਬਣਾਇਆ ਮੈਂ, ਚੇਲਾ ਆਪਣਾ ਤੁਸੀਂ ਬਣਾਓ ਮੈਨੂੰ
ਆਪ ਚੜ੍ਹੇ ਹੋ ਜਿਸ ਜਹਾਜ਼ ਉੱਤੇ, ਉਠੋ ਓਸ 'ਤੇ ਹੁਣੇ ਚੜ੍ਹਾਓ ਮੈਨੂੰ
ਤੁਸਾਂ ਪੰਜਾਂ ਨੂੰ ਵੀਰ ਬਣਾਇਆ ਮੈਂ, ਤੁਸੀਂ ਵੀਰ ਬਣਾਓ ਭਰਾਓ ਮੈਨੂੰ
ਤੁਸਾਂ ਤਾਈਂ ਮੈਂ ਮਾਰ ਜੀਵਾਲਿਆ ਏ, ਜੀਉਣ ਜੋਗਿਓ ਤੁਸੀਂ ਜੀਵਾਓ ਮੈਨੂੰ
'ਤੀਰ' ਜੋ ਅੰਮ੍ਰਿਤ ਆਪ ਛੱਕਿਆ ਜੇ, ਪੰਜੇ ਰਲ ਕੇ ਉਹੋ ਛਕਾਓ ਮੈਨੂੰ

### ਪੰਜ ਪਿਆਰੇ ਜੱਕੋ ਤੱਕੀਆਂ ਵਿਚ (ਵੱਲੋਂ ਕਵੀ)

ਸੁਣੇ ਗੁਰਾਂ ਦੇ ਵਾਕ ਤਾਂ ਪੰਜ ਪਿਆਰੇ, ਆਖਣ ਦਿੱਲ ਤੋਂ ਹੋ ਹੈਰਾਨ ਇਹ ਕੀ

ਤੁੱਠ ਦਾਨ ਦਿੱਤਾ ਸਾਨੂੰ ਆਪ ਜਿਨ੍ਹਾਂ, ਸਾਥੋਂ ਮੰਗਦੇ ਨੇ ਆਪ ਦਾਨ ਇਹ ਕੀ
ਅੱਗੇ ਹੋ ਗਿਆ ਏ ਜਿਵੇਂ ਹੋ ਗਿਆ ਏ, ਨਵਾਂ ਹੋਰ ਹੁੰਦਾ ਇਮਤਿਹਾਨ ਇਹ ਕੀ
'ਤੀਰ' ਸਮਝ ਦੇ ਵਿੱਚ ਨ ਮੂਲ ਆਵੇ, ਹੋਇਆ ਭਗਤ ਦੇ ਵੱਸ ਭਗਵਾਨ ਇਹ ਕੀ

### ਕਲਗੀਧਰ ਜੀ ਫੇਰ ਆਖਦੇ ਹਨ

ਫੇਰ ਹੱਸ ਕੇ ਸ੍ਰੀ ਦਸਮੇਸ਼ ਬੋਲੇ, ਜੱਕੋ ਤੱਕੀਆਂ ਵਿੱਚ ਨਾ ਆਓ ਸਿੰਘੋ
ਜਿਵੇਂ ਹੁਣੇ ਅੰਮ੍ਰਿਤ ਆਪ ਛੱਕਿਆ ਜੇ, ਉਸੇ ਤਰ੍ਹਾਂ ਹੀ ਮੈਨੂੰ ਛਕਾਓ ਸਿੰਘੋ
ਤੁਸੀਂ ਰੂਪ ਮੇਰਾ, ਮਿਹਰ ਵਿਚ ਆਓ, ਮੈਨੂੰ 'ਰਾਇ' ਤੋਂ 'ਸਿੰਘ' ਬਣਾਓ ਸਿੰਘੋ
'ਤੀਰ' ਗੁਰੂ ਚੇਲਾ, ਚੇਲਾ ਗੁਰੂ ਹੁੰਦਾ, ਸਾਰੇ ਜੱਗ ਨੂੰ ਇਓਂ ਸਿਖਾਓ ਸਿੰਘੋ

### ਸ੍ਰੀ ਦਸਮੇਸ਼ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ (ਵੱਲੋਂ ਕਵੀ)

ਹੁਕਮ ਮੰਨ ਕੇ ਪੰਜਾਂ ਪਿਆਰਿਆਂ ਨੇ, ਅੰਮ੍ਰਿਤ ਸਤਿਗੁਰਾਂ ਲਈ ਤਿਆਰ ਕੀਤਾ
ਹੋ ਕੇ ਬੀਰ-ਆਸਣ ਜਾਣੀ-ਜਾਣ ਜੀ ਨੇ, ਆਪ ਛੱਕਿਆ ਦਿਲੋਂ ਸਤਿਕਾਰ ਕੀਤਾ
ਦਿੱਤੀ ਪੰਜਾਂ ਨੂੰ ਦਸਾਂ ਦੀ ਜੋਤ-ਰੱਬੀ, ਕੌਤਕ ਰਚ ਹੈਰਾਨ ਸੰਸਾਰ ਕੀਤਾ
'ਤੀਰ' ਇਸ ਤਰ੍ਹਾਂ ਜੱਗ-ਬਰਾਬਰੀ ਦਾ, ਜਾਣੀ-ਜਾਣ ਨੇ ਆਪ ਪ੍ਰਚਾਰ ਕੀਤਾ

### ਵੱਲੋਂ ਕਵੀ

ਅੱਖਾਂ ਵਾਲਿਓ, ਸਾਮ੍ਹਣੇ ਅੱਖੀਆਂ ਦੇ, ਅਜਬ ਰੰਗ ਦੀ ਇੱਕ ਤਸਵੀਰ ਵੇਖੋ
ਬਣੇ ਹੋਏ ਨੇ ਕਿਵੇਂ ਮੁਰੀਦ ਮੁਰਸ਼ਦ, ਬਣੇ ਕਿਵੇਂ ਮੁਰੀਦ ਨੇ ਪੀਰ ਵੇਖੋ
ਐਸੀ ਕਿਤੋਂ ਵੀ ਲੋੜਿਆਂ ਲੱਭਣੀ ਨਾ, ਅੰਦਰ ਜੱਗ ਦੇ ਨਵੀਂ ਨਜ਼ੀਰ ਵੇਖੋ
ਆਪੇ ਗੁਰੂ ਚੇਲਾ ਵੇਖੋ, ਸਾਮ੍ਹਣੇ ਜੇ, ਇਸਦੇ ਚਰਨ ਚੁੰਮੋਂ ਇਸਦੇ 'ਤੀਰ' ਵੇਖੋ

### ਗੋਬਿੰਦ ਰਾਇ ਤੋਂ ਗੋਬਿੰਦ ਸਿੰਘ (ਵੱਲੋਂ ਕਵੀ)

'ਗੋਬਿੰਦ ਰਾਇ' ਤੋਂ ਪੰਜਾਂ ਪਿਆਰਿਆਂ ਨੇ, 'ਗੋਬਿੰਦ ਸਿੰਘ ਦਸਮੇਸ਼' ਬਣਾ ਦਿੱਤਾ
ਪੰਜਾਂ ਪਾਲਿਆ ਹੁਕਮ ਦਾਤਾਰ ਜੀ ਦਾ, ਫੇਰ ਅਦਬ ਵਿਚ ਸੀਸ ਝੁਕਾ ਦਿੱਤਾ
ਏਸ ਕਾਰ ਨੇ ਕਈ ਅੰਞਾਣਿਆਂ ਨੂੰ, ਡਾਢਾ ਵਿਚ ਹੈਰਾਨਗੀ ਪਾ ਦਿੱਤਾ
'ਤੀਰ' ਪੰਜਾਂ ਤੋਂ ਪੰਥ ਨੇ ਫੈਲਣਾ ਏਂ, ਜਾਣੀ-ਜਾਣ ਸਤਿਗੁਰਾਂ ਸਮਝਾ ਦਿੱਤਾ

### ਸਤਿਗੁਰੂ ਬਾਕੀ ਸੰਗਤਾਂ ਨੂੰ ਹੁਕਮ ਕਰਦੇ ਹਨ

ਫੇਰ ਕਿਹਾ ਦਾਤਾਰ ਨੇ ਸੰਗਤਾਂ ਨੂੰ, ਦੱਸੋ ਹੋਰ ਕਰਨਾ ਅੰਮ੍ਰਿਤ ਪਾਨ ਕਿਸ ਨੇ
ਦੇਸ਼ ਧਰਮ ਦੇ ਵਾਸਤੇ ਰਣ ਅੰਦਰ, ਹੈ ਚਲਾਉਣੀ ਰੱਜ ਕਿਰਪਾਨ ਕਿਸ ਨੇ
ਦੁਖੀ ਦੇਸ਼ ਦੀ ਪੱਤ ਬਚਾਣ ਖ਼ਾਤਰ, ਹੱਸ ਵਾਰਨੀ ਆਪਣੀ ਜਾਨ ਕਿਸ ਨੇ

'ਤੀਰ' ਸਿੱਖਿਆ ਮੇਰੀ ਬਰਾਦਰੀ ਦੀ, ਕੀਤੀ ਦਿਲੋਂ ਹੈ ਹੋਰ ਪਰਵਾਨ ਕਿਸ ਨੇ

### ਪੰਜ ਹੋਰ ਉੱਠੇ ਜੋ ਪੰਜ ਮੁਕਤੇ ਬਣੇ

ਰਾਮ ਸਿੰਘ, ਤੇ ਦੇਵਾ ਸਿੰਘ ਹੋਏ ਅੱਗੇ, ਬੋਲੇ ਆਪਦਾ ਹੁਕਮ ਪਰਵਾਨ ਸਾਨੂੰ
ਟਹਿਲ ਸਿੰਘ, ਈਸ਼ਰ ਸਿੰਘ ਬਿਨੇ ਕਰਦੇ, ਕਰੋ ਝੱਬ ਦਾਤਾ! ਅੰਮ੍ਰਿਤ ਦਾਨ ਸਾਨੂੰ
ਫ਼ਤਹਿ ਸਿੰਘ ਨੇ ਆਖਿਆ ਗੁਰੂ ਦਾਤਾ!, ਦੇਸ਼ ਲਈ ਹੈ ਮੌਤ ਪਰਵਾਨ ਸਾਨੂੰ
'ਤੀਰ' ਸ਼ੁਕਰ ਹੈ ਦੇਸ਼ ਦੀ ਪੱਤ ਖ਼ਾਤਰ, ਸੀਸ ਲਾਣ ਦਾ ਮਿਲੇ ਜੋ ਮਾਨ ਸਾਨੂੰ

### ਅੰਮ੍ਰਿਤ ਪਰਚਾਰ ਦੀ ਲਹਿਰ ਚੱਲ ਪਈ (ਵੱਲੋਂ ਕਵੀ)

ਜਾਣੀ-ਜਾਣ ਜੀ ਨੇ ਦਿਲੋਂ ਮਿਹਰ ਕੀਤੀ, ਝੱਟ-ਪੱਟ ਜਹਾਜ਼ ਚੜ੍ਹਾਏ ਇਹ ਵੀ
ਜਾਤੀ-ਭੇਦ ਨੂੰ ਦਿਲਾਂ 'ਚੋਂ ਕੱਢ ਦਿੱਤਾ, ਖੰਡ-ਖੀਰ ਕਰ ਵੀਰ ਬਣਾਏ ਇਹ ਵੀ
ਦਿੱਤੀ ਥਾਪਨਾ ਸੱਭ ਨੂੰ ਬੀਰਤਾ ਦੀ, ਵਾਕ ਆਪਣੇ ਮੁਖੋਂ ਫੁਰਮਾਏ ਇਹ ਵੀ
'ਤੀਰ' ਇਹ ਮੇਰੇ ਹੈਣ 'ਪੰਜ ਮੁਕਤੇ', ਪੰਜਾਂ ਪਹਿਲਿਆਂ ਨਾਲ ਰਲਾਏ ਇਹ ਵੀ

### ਵੱਲੋਂ ਕਵੀ

ਬੱਸ ਫੇਰ ਕੀ ਸੀ, ਬਾਕੀ ਬੈਠਿਆਂ ਨੇ, ਦਿੱਤੀ ਉੱਠ ਕੇ ਅਰਜ਼ ਗੁਜ਼ਾਰ ਵੇਖੋ
ਸੱਚੇ ਪਾਤਸ਼ਾਹ ਜੀ ਸਾਨੂੰ ਬਖਸ਼ਿਓ ਜੇ, ਰਾਹੋਂ ਭੁੱਲ ਗਏ ਹਾਂ ਔਗਣ ਹਾਰ ਵੇਖੋ
ਪਤਾ ਨਹੀਂ ਸੀ ਆਪਦੇ ਕੌਤਕਾਂ ਦਾ, ਮੱਤ ਮੋਹ-ਮਮਤਾ ਦਿੱਤੀ ਮਾਰ ਵੇਖੋ
ਕੀਤੀ ਆਪਣੀ 'ਤੇ ਮੱਲ-ਮੱਲ ਤੱਲੀਆਂ, ਪਛੋਤਾਂਵਦੇ ਹਾਂ ਵਾਰ-ਵਾਰ ਵੇਖੋ
ਦੇਵੋ ਦਾਨ ਅੰਮ੍ਰਿਤ ਅਸੀਂ ਮੰਗਤੇ ਹਾਂ, ਅਸੀਂ ਦੇਸ਼ ਦੇ ਲਈ ਤਿਆਰ ਵੇਖੋ
ਏਨੀ ਸੁਣ, ਦਸਮੇਸ਼ ਪ੍ਰਸੰਨ ਹੋਏ, ਏਦਾਂ ਪਾਲਿਆ ਪ੍ਰੇਮ-ਪਿਆਰ ਵੇਖੋ
ਫੇਰ ਆਪਦੇ ਹੁਕਮ ਵਿਚ ਉਸੇ ਵੇਲੇ, ਅੰਮ੍ਰਿਤ ਬਣਨ ਲੱਗਾ ਖੰਡੇ-ਧਾਰ ਵੇਖੋ
'ਤੀਰ' ਖ਼ੁਸ਼ੀ ਦੇ ਨਾਲ ਜਹਾਜ਼ ਚੜ੍ਹਿਆ, ਏਸ ਪੂਰ ਵਿਚ ਪੰਜੀ ਹਜ਼ਾਰ ਵੇਖੋ

### ਮਹਾਰਾਜ ਦੀ ਸਭ ਨੂੰ ਅਸੀਸ

ਅੰਤ ਉੱਠ ਕੇ ਇਉਂ ਫੁਰਮਾਣ ਲੱਗੇ, ਸੱਚੇ ਪਾਤਸ਼ਾਹ ਚੋਜ ਵਰਤਾਣ ਵਾਲੇ
ਤੁਸੀਂ ਅੱਜ ਤੋਂ ਹੋਏ ਜੇ ਖ਼ਾਲਸਾ ਜੀ, ਦੇਸ਼ ਕੌਮ ਦੀ ਸ਼ਾਨ ਬਚਾਣ ਵਾਲੇ
ਏਸ ਜੱਗ 'ਤੇ ਤੁਸਾਂ ਸਦਾਵਣਾ ਏਂ, ਗਲੇ ਆਜਜ਼ਾਂ ਦੀਨਾਂ ਨੂੰ ਲਾਣ ਵਾਲੇ
ਤੁਸੀਂ ਬਣੇ ਹੋ ਅੱਜ ਤੋਂ ਹਿੰਦ ਅੰਦਰ, ਸੂਰਬੀਰ-ਯੋਧੇ ਅਣਖ ਆਣ ਵਾਲੇ
ਨੱਥ ਪਾਵਣੀ ਤੁਸਾਂ ਹੀ ਜ਼ਾਲਮਾਂ ਨੂੰ, ਜੋ ਨੇ ਗਊ-ਗ਼ਰੀਬ ਸਤਾਣ ਵਾਲੇ
ਤੁਸੀਂ ਅੱਜ ਤੋਂ ਛੱਤਰੀ-ਬੰਸ ਹੋਏ, ਧਰਮ ਵਾਸਤੇ ਤੇਗ਼ ਉਠਾਣ ਵਾਲੇ
ਤੁਸਾਂ ਉਨ੍ਹਾਂ ਦਾ ਲਹੂ ਵਹਾਵਣਾ ਏਂ, ਜੋ ਨੇ ਦੁਖੀ ਦਾ ਲਹੂ ਵਹਾਣ ਵਾਲੇ

ਤੁਸੀਂ ਅੱਜ ਤੋਂ ਦਰਦ ਦੇ ਪੁੰਜ ਹੋਏ, ਹਰ ਕਿਸੇ ਦਾ ਦਰਦ ਵੰਡਾਣ ਵਾਲੇ
ਤੁਸਾਂ ਉਨ੍ਹਾਂ ਨੂੰ ਵੀ ਗਲੇ ਲਾਵਣਾ ਏਂ, ਜੋ ਨੇ ਥਾਂ-ਥਾਂ ਠੋਕਰਾਂ ਖਾਣ ਵਾਲੇ
ਤੁਸੀਂ ਅੱਜ ਤੋਂ ਹੋ ਸੱਚੇ ਭਗਤ ਹੋਏ, ਸੱਚ ਵਾਸਤੇ ਜਿੰਦ ਘੁਮਾਣ ਵਾਲੇ
ਤੁਸਾਂ ਉਨ੍ਹਾਂ ਦੀ ਹੈ ਪੱਟੀ ਮੇਟ ਦੇਣੀ, ਜੋ ਨੇ ਕੂੜ ਦਾ ਰੋਅਬ ਜਮਾਣ ਵਾਲੇ
ਤੁਸੀਂ ਅੱਜ ਤੋਂ ਬਣੇ ਹੋ ਦੇਸ਼-ਪ੍ਰੇਮੀ, ਦੇਸ਼ ਵਾਸਤੇ ਬੰਸ ਲੁਟਾਣ ਵਾਲੇ
ਤੁਸਾਂ ਉਨ੍ਹਾਂ ਨੂੰ ਵੀ ਰਾਹੇ ਪਾਵਣਾ ਏਂ, ਜੋ ਨੇ ਦੇਸ਼ ਨੂੰ ਬੇੜੀਆਂ ਪਾਣ ਵਾਲੇ
ਤੁਸੀਂ ਅੱਜ ਤੋਂ ਪੁੰਜ ਹੋ ਨੇਕੀਆਂ ਦੇ, ਜੱਗ ਤਾਈਂ ਉਪਕਾਰ ਸਿਖਾਣ ਵਾਲੇ
ਤੁਸਾਂ ਬਦਾਂ ਦੀ ਅਲਖ ਮੁਕਾਵਣੀ ਏਂ, ਜੋ ਨੇ ਬਦੀ ਤੇ ਪਾਪ ਫੈਲਾਣ ਵਾਲੇ
ਤੇਗ਼ ਅੱਜ ਤੋਂ ਆਪਣਾ ਇਸ਼ਟ ਸਮਝੋ, ਤੁਸੀਂ ਤੇਗ਼ ਨੂੰ ਹੋਏ ਚਲਾਣ ਵਾਲੇ
ਏਸ ਤੇਗ਼ ਦੀ ਛਾਵੇਂ ਸੁਆਲਣੇ ਨੇ, ਜਿਹੜੇ ਹੋਣਗੇ ਕਲਹਿ ਜਗਾਣ ਵਾਲੇ
ਏਸ ਤੇਗ਼ ਦੀ ਧਾਰ ਵਿਚ ਰੋੜ੍ਹ ਦੇਣੇ, ਜ਼ਾਲਮ ਦੇਸ਼-ਵੈਰੀ ਵੱਡੇ ਮਾਣ ਵਾਲੇ
ਤੁਸਾਂ ਮਾਰਨਾ ਧਰਮ ਦੇ ਦੋਖੀਆਂ ਨੂੰ, ਪਾਪੀ ਹੋਣ ਜੋ ਪਾਪ ਦੀ ਬਾਣ ਵਾਲੇ
'ਤੀਰ' ਤੇਗ਼ ਦੇ ਚਾਨਣੇ ਵਿੱਚ ਮਾਰੋ, ਧਰਮ ਲਈ ਅਨ੍ਹੇਰ ਵਰਤਾਣ ਵਾਲੇ

### *ਸਿੱਖੀ ਕੀ ਹੈ ? ਦਸਮੇਸ਼ ਜੀ ਆਪ ਦੱਸਦੇ ਹਨ*

ਖੇਡ ਨਹੀਂ ਜੇ ਮੂਲ ਅੰਵਾਣਿਆਂ ਦੀ, ਜਿਹੜੀ ਆਪ ਨੇ ਲਈ ਏ ਧਾਰ ਸਿੱਖੀ
ਸਿੱਖੀ ਨਾਮ ਹੈ ਸਿਦਕ ਤੇ ਬੰਦਗੀ ਦਾ, ਜਾਣੋ ਨਿਰਾ ਈ ਪ੍ਰੇਮ-ਪਿਆਰ ਸਿੱਖੀ
ਸੱਚ ਬੋਲਣਾ ਸਿੱਖ ਦੀ ਸ਼ਾਨ ਸਮਝੋ, ਹੈ ਜੇ ਧਰਮ, ਉਪਕਾਰ ਦੀ ਕਾਰ ਸਿੱਖੀ
'ਤੀਰ' ਮੌਤ ਨੂੰ ਕਰੇ ਕਬੂਲ ਪਹਿਲੇ, ਜਿਨ੍ਹੇ ਮਾਣਨੀ ਹੋਏ ਸੰਸਾਰ ਸਿੱਖੀ

### *ਕੌਣ ਸਿੱਖ ਤੇ ਕੌਣ ਸਿੱਖ ਨਹੀਂ ਗੁਰੂ ਜੀ ਮਹਾਰਾਜ ਦੱਸਦੇ ਹਨ*

ਉਹਨੂੰ ਸਿੱਖ ਜਾਣੋ ਗਰਜ਼ ਬਿਨਾਂ ਹੋ ਕੇ, ਦੇਸ਼ ਕੌਮ ਦੀ ਕਾਰ ਕਮਾਏ ਜਿਹੜਾ
ਉਹਨੂੰ ਸਿੱਖ ਨਾ ਜਾਣਨਾ ਭੁੱਲ ਕੇ ਵੀ, ਦੇਸ਼ ਕੌਮ ਨੂੰ ਬੇੜੀਆਂ ਪਾਏ ਜਿਹੜਾ
ਉਹਨੂੰ ਸਿੱਖ ਜਾਣੋ ਦੀਨ ਦੁਖੀ ਖ਼ਾਤਰ, ਹੱਸ-ਹੱਸ ਕੇ ਸੀਸ ਕਟਾਏ ਜਿਹੜਾ
ਉਹਨੂੰ ਸਿੱਖ ਨਾ ਜਾਣਨਾ ਭੁੱਲ ਕੇ ਵੀ, ਵਾਂਗ ਕਾਇਰਾਂ ਜਾਨ ਬਚਾਏ ਜਿਹੜਾ
ਉਹਨੂੰ ਸਿੱਖ ਜਾਣੋ ਸੱਚਾ ਮਰਦ ਹੋ ਕੇ, ਦੀਨ-ਦੁਖੀ ਦਾ ਦਰਦ ਵੰਡਾਏ ਜਿਹੜਾ
ਉਹਨੂੰ ਸਿੱਖ ਨਾ ਜਾਣਨਾ ਭੁੱਲ ਕੇ ਵੀ, ਦੀਨ-ਦੁਖੀ ਦਾ ਦਰਦ ਵਧਾਏ ਜਿਹੜਾ
ਉਹਨੂੰ ਸਿੱਖ ਜਾਣੋ ਜ਼ੁਲਮ ਮੇਟਨੇ ਦਾ, ਅਣਖਵਾਨ ਹੋ ਕੇ ਬੀੜਾ ਚਾਏ ਜਿਹੜਾ
ਉਹਨੂੰ ਸਿੱਖ ਨਾ ਜਾਣਨਾ ਲੋੜ ਵੇਲੇ, ਪਿਆ ਆਪਣਾ ਆਪ ਬਚਾਏ ਜਿਹੜਾ
ਉਹਨੂੰ ਸਿੱਖ ਜਾਣੋ ਜਾਣ ਤੇਗ਼ ਸੋਹਣੀ, ਗਲੇ ਆਪਣੇ ਹੱਸ ਕੇ ਲਾਏ ਜਿਹੜਾ
ਉਹਨੂੰ ਸਿੱਖ ਨਾ ਜਾਣਨਾ ਭੁੱਲ ਕੇ ਵੀ, ਗਰਜ਼ ਵਾਸਤੇ ਨੈਣ ਵਹਾਏ ਜਿਹੜਾ

ਉਹਨੂੰ ਸਿੱਖ ਜਾਣੋ ਸਿਦਕਵਾਨ ਹੋ ਕੇ, ਸਦਾ ਗੀਤ ਗੋਬਿੰਦ ਦੇ ਗਾਏ ਜਿਹੜਾ
ਉਹਨੂੰ ਸਿੱਖ ਨਾ ਜਾਣਨਾ ਭੁੱਲ ਕੇ ਵੀ, ਦੇਵੀ ਦੇਵਤੇ ਹੋਰ ਧਿਆਏ ਜਿਹੜਾ
ਉਹਨੂੰ ਸਿੱਖ ਜਾਣੋ ਭਾਵੇਂ ਦੁੱਖ ਦੇਵੇ, ਐਪਰ ਸੱਚ ਦੇ ਰਾਹ 'ਤੇ ਜਾਏ ਜਿਹੜਾ
ਸਿੱਖ ਨਹੀਂ ਓਹ ਨਿਰਾ ਬਹੁ-ਰੂਪੀਆ ਜੇ, ਪੇਟ ਵਾਸਤੇ ਕੂੜ ਕਮਾਏ ਜਿਹੜਾ
ਉਹਨੂੰ ਸਿੱਖ ਜਾਣੋ ਮਾਣਸ ਜਾਤ ਵਿਚੋਂ, ਊਚ-ਨੀਚ ਦਾ ਭੇਦ ਮਿਟਾਏ ਜਿਹੜਾ
ਸਿੱਖੀ ਨਹੀਂ ਜੇ ਓਸ ਦੇ ਮੂਲ ਨੇੜੇ, ਜਾਤ-ਪਾਤ ਦੀ ਰੀਤ ਚਲਾਏ ਜਿਹੜਾ
ਉਹਨੂੰ ਸਿੱਖ ਜਾਣੋ ਹੱਥੀਂ ਕਿਰਤ ਕਰਕੇ, ਫੇਰ ਓਸ ਨੂੰ ਵੰਡ ਕੇ ਖਾਏ ਜਿਹੜਾ
ਸਿੱਖ ਨਹੀਂ ਉਹ ਨਿਰਾ ਈ ਲਾਲਚੀ ਜੇ, ਲੋੜਵੰਦ ਤੋਂ ਪਿਆ ਲੁਕਾਏ ਜਿਹੜਾ
ਉਹਨੂੰ ਸਿੱਖ ਜਾਣੋ, ਸਦਾ ਦਿਲ ਅੰਦਰ, ਪ੍ਰੇਮ ਪ੍ਰੀਤ ਦੀ ਜੋਤ ਜਗਾਏ ਜਿਹੜਾ
ਸਿੱਖ ਓਸਨੂੰ ਕਦੇ ਵੀ ਜਾਣਨਾ ਨਾ, ਸਮਾਂ ਈਰਖਾ ਵਿਚ ਲੰਘਾਏ ਜਿਹੜਾ
ਉਹਨੂੰ ਸਿੱਖ ਜਾਣੋ ਦੇਸ਼ ਕੌਮ ਖ਼ਾਤਰ, ਮਾਤਾ-ਪਿਤਾ ਤੇ ਪੁੱਤ ਘੁਮਾਏ ਜਿਹੜਾ
'ਤੀਰ' ਸਿੱਖ ਉਹ ਨਹੀਂ, ਗ਼ੁਲਾਮ ਹੋ ਕੇ, ਅਣਖ ਆਪਣੀ ਤਾਈਂ ਭੁਲਾਏ ਜਿਹੜਾ

### ਵੱਲੋਂ ਕਵੀ

ਕਈ ਦਿਨਾਂ ਤਕ ਪੁਰੀ ਅਨੰਦ ਅੰਦਰ, ਰੰਗ ਬੰਨ੍ਹਿਆ ਇਨ੍ਹਾਂ ਨਜ਼ਾਰਿਆਂ ਨੇ
ਸਿਰ ਦੇਹ ਦਸਮੇਸ਼ ਨੂੰ ਸਿਦਕ ਲੀਤਾ, ਲੱਖਾਂ ਪ੍ਰੇਮੀਆਂ ਪ੍ਰੇਮ-ਵਣਜਾਰਿਆਂ ਨੇ
ਨਵਾਂ ਬਲ ਲੀਤਾ ਜਾਨੀ-ਜਾਨ ਪਾਸੋਂ, ਅੰਮ੍ਰਿਤ ਪਾਨ ਕਰਕੇ ਦਿਲਾਂ ਹਾਰਿਆਂ ਨੇ
ਸਾਡੀ ਜ਼ਾਤ ਹੈ ਖ਼ਾਲਸਾ ਜੱਗ ਅੰਦਰ, ਉੱਚੀ ਗੱਜ ਕੇ ਆਖਿਆ ਸਾਰਿਆਂ ਨੇ
ਹਿੰਦ ਦੇਸ਼ 'ਚੋਂ ਦੂਰ ਹੈ ਅਸਾਂ ਕਰਨੀ, ਚੁੱਕੀ ਅੱਤ ਜੋ ਅੱਜ ਹਤਿਆਰਿਆਂ ਨੇ
'ਤੀਰ' ਤੇਗ਼ ਦੇ ਜੌਹਰ ਦਿਖਾਲਣੇ ਨੇ, ਸਾਡੇ ਇਨ੍ਹਾਂ ਇਰਾਦਿਆਂ ਧਾਰਿਆਂ ਨੇ

### ਦਸਮੇਸ਼ ਜੀ ਦਾ ਕਾਰਨਾਮਾ (ਵੱਲੋਂ ਕਵੀ)

ਏਦਾਂ ਸ੍ਰੀ ਦਸਮੇਸ਼ ਨੇ ਮਿਹਰ ਕਰਕੇ, ਵੇਖੋ ਕਿਵੇਂ ਗੁੜ੍ਹਤੀ ਖੰਡੇ-ਧਾਰ ਦਿੱਤੀ
ਸੋਹਣੇ ਕੇਸ ਦਿੱਤੇ, ਸੋਹਣਾ ਵੇਸ ਦਿੱਤਾ, ਸਿਰ 'ਤੇ ਆਪਣੇ ਜਿਹੀ ਦਸਤਾਰ ਦਿੱਤੀ
ਕੰਮ ਆਪਣਾ ਪੰਥ ਨੂੰ ਵੰਡ ਦਿੱਤਾ, ਦੇਸ਼-ਰੱਖਿਆ ਲਈ ਤਲਵਾਰ ਦਿੱਤੀ
ਦਾਤੇ ਤ੍ਰੁੱਠ ਕੇ ਆਪਣਾ ਰੂਪ ਦਿੱਤਾ, ਬਖ਼ਸ਼ ਆਪਣੇ ਜਿਹੀ ਨੁਹਾਰ ਦਿੱਤੀ
ਲਿੱਸੀ ਚਿੜੀ ਨੂੰ ਵੇਖ ਲਓ ਬਾਜ ਕੀਤਾ, ਉਹਨੂੰ ਬਾਜ ਤੋਂ ਵੱਧ ਕੇ ਖ਼ਾਰ ਦਿੱਤੀ
ਸ਼ੇਰ ਗਿੱਦੜੋਂ ਝੱਟ ਬਣਾ ਦਿੱਤੇ, ਜਿਨ੍ਹਾਂ ਖ਼ੂਨੀਆਂ ਸ਼ੇਰਾਂ ਨੂੰ ਹਾਰ ਦਿੱਤੀ
ਕੀਤਾ ਇਸ ਤਰ੍ਹਾਂ ਪੰਥ ਮਲਾਹ ਪੈਦਾ, ਬੇੜੀ ਦੇਸ਼ ਵਾਲੀ ਜਿਨ੍ਹੇ ਤਾਰ ਦਿੱਤੀ
'ਤੀਰ' ਕੌਮ ਸਿਰ-ਲੱਥਾਂ ਦੀ ਸਾਜ ਏਦਾਂ, ਕਰਨ ਵਾਸਤੇ ਨੇਕੀ ਦੀ ਕਾਰ ਦਿੱਤੀ

## ਅੰਮ੍ਰਿਤ ਦੀ ਬਰਕਤ (ਵੱਲੋਂ ਕਵੀ)

ਅੰਮ੍ਰਿਤ ਸ੍ਰੀ ਦਸਮੇਸ਼ ਤੋਂ ਪਾਨ ਕਰਕੇ, ਸਾਰੇ ਖ਼ੁਸ਼ ਹੋਏ ਵੀਰ ਵੀਰ ਬਣ ਕੇ
ਜ਼ਾਤ-ਪਾਤ ਦੇ ਰਹੇ ਨਾ ਹੱਦ-ਬੰਨੇ, ਸਾਰੇ ਜੁੜੇ ਪ੍ਰੇਮ-ਜ਼ੰਜੀਰ ਬਣ ਕੇ
ਕਰਨ ਬੰਦਗੀ ਰਾਤ-ਦਿਨ ਵਾਹਿਗੁਰੂ ਦੀ, ਉਹਦੇ ਦਰ ਦੇ ਸੰਤ-ਫ਼ਕੀਰ ਬਣ ਕੇ
ਚੁੱਕਣ ਦੇਸ਼ ਦੇ ਵਾਸਤੇ ਤੇਗ਼ ਓਧਰ, ਦੇਸ਼-ਭਗਤ ਹੋ ਕੇ ਸੂਰਬੀਰ ਬਣ ਕੇ
ਸਦਾ ਵਾਸਤੇ ਲਿੱਸਿਆਂ ਆਜਜ਼ਾਂ 'ਤੇ, ਰਹਿਣ ਵੱਸਦੇ ਨੈਣਾਂ ਦਾ ਨੀਰ ਬਣ ਕੇ
ਦੇਸ਼-ਵੈਰੀਆਂ ਜ਼ਾਲਮਾਂ ਦੋਖੀਆਂ ਨੂੰ, ਹਿੱਕਾਂ ਵਿਚ ਵੱਜਣ ਜ਼ਹਿਰੀ 'ਤੀਰ' ਬਣ ਕੇ

## ਕੁਝ ਵਿਚਾਰਾਂ (ਵੱਲੋਂ ਕਵੀ)

ਚਰਨ ਪਹੁਲ ਦੀ ਟੁਰੀ ਸੀ ਰੀਤ ਪਹਿਲੇ, ਸਿੱਖ ਪਹੁਲ ਲੈ ਕੇ ਸਿੱਖੀ ਧਾਰਦੇ ਸੀ
ਬਣੇ ਭੌਰ ਸਚਾਈ ਤੇ ਨਿਮਰਤਾ ਦਾ, ਸੱਚੇ ਪਾਤਸ਼ਾਹ ਜਿਹਨੂੰ ਪਿਆਰਦੇ ਸੀ
ਦਾਸ-ਭਾਵਨਾ ਦਿਲਾਂ 'ਤੇ ਵੱਸਦੀ ਸੀ, ਟਹਿਲ ਵਿਚ ਪ੍ਰੇਮੀ ਹਿਰਦਾ ਠਾਰਦੇ ਸੀ
ਐਪਰ ਏਸ ਵੇਲੇ ਹਿੰਦ-ਦੇਸ਼ ਅੰਦਰ, ਜ਼ਾਲਮ ਜ਼ੁਲਮ ਬੇਹੱਦ ਗੁਜ਼ਾਰਦੇ ਸੀ
ਜਿਹੜਾ ਸਿਰ ਸੀ ਚੁੱਕਦਾ ਰਤਾ ਅੱਗੇ, ਉਹਦੀ ਰੱਤ ਅੰਦਰ, ਤੇਗ਼ ਤਾਰਦੇ ਸੀ
ਦਾਸ-ਪੁਣਾ ਨਾ ਚਾਹੀਏ ਸਮੇਂ ਐਸੇ, ਇਹੋ ਸ੍ਰੀ ਦਸਮੇਸ਼ ਵਿਚਾਰਦੇ ਸੀ
ਦਿੱਲ ਸ਼ੇਰ ਦਾ ਲੋੜ ਸੀ ਏਸ ਵੇਲੇ, ਕਿਉਂਕਿ ਪਏ ਬਘਿਆੜ ਵੰਗਾਰਦੇ ਸੀ
ਖੰਡੇ-ਧਾਰ ਅੰਮ੍ਰਿਤ ਏਸੇ ਲਈ ਬਣਿਆ, ਜੌਹਰ ਬੀਰਤਾ ਭਰੇ ਦਾਤਾਰ ਦੇ ਸੀ
ਖੰਡਾ ਹੱਥ ਅੰਦਰ ਬਾਣੀ ਜੀਭ ਉੱਤੇ, ਐਸੇ ਚਾਹੀਦੇ ਧਨੀ ਤਲਵਾਰ ਦੇ ਸੀ
ਨਾਲ ਦਿੱਲ ਦੇ ਘੋਲ ਫ਼ੌਲਾਦ ਦਿੱਤਾ, ਭਲਾ ਜਿਨ੍ਹਾਂ ਪੀਤਾ ਕਦੋਂ ਹਾਰਦੇ ਸੀ
ਅੱਗੇ ਉਨ੍ਹਾਂ ਦੇ ਕੀ ਹਕੂਮਤਾਂ ਸੀ, ਉਹ ਤਾਂ ਮੌਤ ਨੂੰ ਜਿੱਤ ਕੇ ਮਾਰਦੇ ਸੀ
'ਤੀਰ' ਦੇਸ਼ ਦੀ ਪੱਤ ਬਚਾਣ ਖ਼ਾਤਰ, ਸਾਰੇ ਚੋਜ ਦਸਮੇਸ਼ ਸਰਕਾਰ ਦੇ ਸੀ

## ਦੂਜੀ ਵਿਚਾਰ (ਵੱਲੋਂ ਕਵੀ)

ਦੂਜੀ ਰਮਜ਼ ਹੈਸੀ ਭਰੀ ਏਸ ਅੰਦਰ, ਇਹ ਜੋ ਰੀਤ ਚਲਾਈ ਦਸਮੇਸ਼ ਜੀ ਨੇ
ਅੱਗੋਂ ਪੰਜਾਂ ਨੂੰ ਥਾਪਿਆ ਪੰਥ ਅੰਦਰ, ਦਿੱਤੀ ਦੇ ਵਡਿਆਈ ਦਸਮੇਸ਼ ਜੀ ਨੇ
ਅੱਗੋਂ ਲਈ ਛਕਾਣਗੇ ਪੰਜ ਰੱਲ ਕੇ, ਖੋਲ੍ਹ ਗੱਲ ਸੁਣਾਈ ਦਸਮੇਸ਼ ਜੀ ਨੇ
ਸਦਾ ਪੰਜਾਂ ਦਾ ਕਿਹਾ ਪਰਵਾਨ ਹੋਸੀ, ਹੈ ਪੰਚਾਇਤ ਬਣਾਈ ਦਸਮੇਸ਼ ਜੀ ਨੇ
ਪੰਜੇ ਰੂਪ ਮੇਰਾ, ਪੰਜਾਂ ਵਿਚ ਮੈਂ ਹਾਂ, ਦੂਈ ਦਿਲੋਂ ਮਿਟਾਈ ਦਸਮੇਸ਼ ਜੀ ਨੇ
ਗ੍ਰੰਥ-ਪੰਥ ਦੀ ਤਾਬਿਆ ਪੰਜ ਜਾਣੋ, ਦੱਸੀ ਨਵੀਂ ਗੁਰਿਆਈ ਦਸਮੇਸ਼ ਜੀ ਨੇ
ਮੇਰਾ ਇਹ ਪੰਚਾਇਤੀ ਸਿਲਸਿਲਾ ਜੇ, ਨਵੀਂ ਰੀਤ ਸਮਝਾਈ ਦਸਮੇਸ਼ ਜੀ ਨੇ
'ਤੀਰ' ਆਪ ਖੰਡਾ ਬਾਟਾ ਕਰ ਕੱਠੇ, ਜ਼ਾਤ-ਪਾਤ ਉਡਾਈ ਦਸਮੇਸ਼ ਜੀ ਨੇ

### ਤੀਜੀ ਵਿਚਾਰ (ਵੱਲੋਂ ਕਵੀ)

ਦਾਸ-ਪੁਣੇ ਨੂੰ ਦਿਲਾਂ ਤੋਂ ਚੁੱਕਣਾ ਸੀ, ਤਦੇ ਨਾਮ ਵਟਾਇ ਦਸਮੇਸ਼ ਜੀ ਨੇ
ਰਾਇ, ਦਾਸ ਦੀ ਥਾਂ ਤੇ ਮਿਹਰ ਕਰਕੇ, ਸ਼ਬਦ 'ਸਿੰਘ' ਦੇ ਲਾਇ ਦਸਮੇਸ਼ ਜੀ ਨੇ
ਏਸੇ ਸਿੰਘ ਦੇ ਹੱਥ ਤਲਵਾਰ ਦੇ ਕੇ, ਦੀਨ-ਦੁਖੀ ਬਚਾਇ ਦਸਮੇਸ਼ ਜੀ ਨੇ
ਏਸੇ ਸਿੰਘ ਨੂੰ ਘੱਲ ਮੈਦਾਨ ਅੰਦਰ, ਵਖਤ ਜ਼ੁਲਮ ਨੂੰ ਪਾਇ ਦਸਮੇਸ਼ ਜੀ ਨੇ
'ਤੀਰ' ਦਾਸ ਤੋਂ ਸਿੱਖਾਂ ਨੂੰ ਸਿੰਘ ਕਰਕੇ, ਭਾਰਤ-ਬੰਧ ਤੁੜਾਇ ਦਸਮੇਸ਼ ਜੀ ਨੇ

### ਫੇਰ (ਵੱਲੋਂ ਕਵੀ)

ਕੇਸਾਂ ਵਾਸਤੇ ਸ੍ਰੀ ਦਸਮੇਸ਼ ਵੱਲੋਂ, ਨਵਾਂ ਮੂਲ ਨਾ ਕੋਈ ਐਲਾਨ ਹੈਸੀ
ਜਟਾ-ਜੂਟ ਹੈਸਨ ਪਹਿਲੇ ਗੁਰੂ ਨੌਵੇਂ, *ਕੇਸ ਸਭ ਦਾ ਸੋਹਜ ਤੇ ਸ਼ਾਨ ਹੈਸੀ
ਸਿੱਖਾਂ ਸੇਵਕਾਂ ਦਾ ਗੁਰੂ-ਰੂਪ ਵੱਲੇ, ਰਹਿੰਦਾ ਕੁਦਰਤੀ ਸਦਾ ਧਿਆਨ ਹੈਸੀ
ਹੁੰਦੇ ਕੇਸਧਾਰੀ ਹੈਸਨ ਸਿੱਖ ਪ੍ਰੇਮੀ, ਇਹ ਤਾਂ ਰਹਿੰਦਿਆਂ ਲਈ ਫੁਰਮਾਨ ਹੈਸੀ
ਸੁਣ ਕੇ ਸ੍ਰੀ ਦਸਮੇਸ਼ ਦਾ ਹੁਕਮਨਾਮਾ, ਕੀਤਾ ਪ੍ਰੇਮੀਆਂ ਦਿਲੋਂ ਪਰਵਾਨ ਹੈਸੀ
'ਤੀਰ' ਬੀਰ-ਕਰਨੀ ਕੇਸ-ਧਾਰੀਆਂ ਦੀ, ਵੇਖਣ ਲਈ ਕਾਹਲਾ ਹਿੰਦੁਸਤਾਨ ਹੈਸੀ

### ਸਿੱਖ ਲਈ ਦਸਮੇਸ਼ ਜੀ ਦੇ ਖ਼ਾਸ ਹੁਕਮ

ਪਹਿਲਾ ਵਾਕ ਸੀ ਸ੍ਰੀ ਦਾਤਾਰ ਜੀ ਦਾ, ਕੰਨੀ ਕੰਮ ਤੋਂ ਸਿੱਖ ਕਤਰਾਏ ਕੋਈ ਨਾ
ਹੱਕ ਆਪਣੇ 'ਤੇ ਸਦਾ ਅੱਖ ਰੱਖੇ, ਨਿਗ੍ਹਾ ਭੁੱਲ ਨਾਹੱਕ 'ਤੇ ਪਾਏ ਕੋਈ ਨਾ
ਦੁਸ਼ਟ ਦੋਖੀਆਂ ਨੂੰ ਸੋਧੇ ਸਿੱਖ ਮੇਰਾ, ਦੀਨ ਆਜਜ਼ਾਂ ਤਾਈਂ ਦੁਖਾਏ ਕੋਈ ਨਾ
'ਤੀਰ' ਦੇਸ਼ ਦੇ ਵਾਸਤੇ ਲੋੜ ਵੇਲੇ, ਵਾਰੇ ਜਾਨ ਪਰ ਉਜ਼ਰ ਬਣਾਏ ਕੋਈ ਨਾ

### ਸਿੱਖ ਹੋਰ ਧਰਮ ਛੱਡ ਦਏ

ਦੂਜਾ ਹੁਕਮ ਮਹਾਰਾਜ ਨੇ ਇਉਂ ਕੀਤਾ, ਸਿੱਖ ਆਪਣਾ ਖ਼ਾਲਸਾ ਧਰਮ ਜਾਣੇ
ਹੋਰ ਧਰਮ ਨਾ ਮਨ ਦੇ ਵਿਚ ਰੱਖੇ, ਰੱਬ-ਪ੍ਰੇਮ ਬਾਝੋਂ ਹੋਰ ਭਰਮ ਜਾਣੇ
ਜ਼ਾਲਮ ਵਾਸਤੇ ਬਣੇ ਫ਼ੌਲਾਦ ਵਾਂਗੂੰ, ਦੀਨਾਂ ਵਾਸਤੇ ਦਿਲ ਨੂੰ ਨਰਮ ਜਾਣੇ
'ਤੀਰ' ਇੱਕ ਪੂਜੇ ਇੱਕੋ ਓਟ ਰੱਖੇ, ਸੇਵਾ ਦੇਸ਼ ਦੀ ਆਪਣਾ ਕਰਮ ਜਾਣੇ

### ਸਿੱਖ ਜਾਤ ਕੁਲ ਨੂੰ ਭੁੱਲ ਜਾਵੇ

ਤੀਜਾ ਹੁਕਮ ਹੈ ਸਿੱਖ ਨੂੰ ਇਹ ਮੇਰਾ, ਸਦਾ ਪ੍ਰੀਤ ਦਾ ਮਹਿਕਦਾ ਫੁੱਲ ਹੋਵੇ
ਜ਼ਾਤ-ਪਾਤ ਦੀ ਛੱਟ ਵਗਾਹ ਮਾਰੇ, ਸਾਂਝਾ ਵਾਂਗ ਪਤਾਸੇ ਦੇ ਘੁੱਲ ਹੋਵੇ

---

* ਗੁਰਬਾਣੀ ਪ੍ਰਮਾਣ— ਕੇਸਾ ਕਾ ਕਰ ਚਵਰ ਢੁਲਾਵਾ, ਚਰਨ ਧੂੜ ਮੁਖ ਲਾਈ।
ਕੇਸਾ ਕਾ ਕਰ ਬੀਜਨਾ ਸੰਤ ਚੌਰ ਢੁਲਾਵਉ।

ਜਾਣੇ ਆਦਮੀ ਨੂੰ ਰੂਪ ਆਪਣਾ ਈਂ, ਦਿੱਲ ਵਿੱਚ ਨਾ ਜ਼ਾਤ ਤੇ ਕੁੱਲ ਹੋਵੇ
'ਤੀਰ' ਇਸ ਤਰ੍ਹਾਂ ਦਾ ਜਿਹੜਾ ਸਿੱਖ ਹੋਵੇ, ਮੇਰੀ ਜਿੰਦੜੀ ਓਸ ਦਾ ਮੁੱਲ ਹੋਵੇ

### ਸਿੱਖ ਕਰਮ ਨਾਸ ਹੋਵੇ

ਚੌਥਾ! ਹੁਕਮ ਹੈ ਸਿੱਖ ਨੂੰ ਇਹ ਮੇਰਾ, ਕਰਮ-ਕਾਂਡ ਦਾ ਕਰੇ ਨਾ ਕਰਮ ਕੋਈ
ਸੇਵਾ ਟਹਿਲ ਕਮਾਣ ਨੂੰ ਮਿਲੇ ਜੇਕਰ, ਜਾਵੇ ਜੁੱਟ ਨਾ ਏਸ ਵਿਚ ਸ਼ਰਮ ਕੋਈ
ਪਿਛੇ ਹਟੇ ਨਾ ਕਦੇ ਕੁਰਬਾਨੀਆਂ ਤੋਂ, ਵੱਧ ਏਸ ਤੋਂ ਹੋਰ ਨਾ ਧਰਮ ਕੋਈ
'ਤੀਰ' ਸਿੱਖ ਐਸਾ! ਮੇਰਾ ਰੂਪ ਜਾਣੋ, ਏਸ ਵਿੱਚ ਨਾ ਰਤਾ ਵੀ ਭਰਮ ਕੋਈ

### ਚਾਰੇ ਸਿਫਤਾਂ ਮੇਰੇ ਸਿੱਖ ਵਿਚ

ਨਾਲ ਨੇਮ ਦੇ ਉੱਠ ਪ੍ਰਭਾਤ ਵੇਲੇ, ਜਦੋਂ ਰੱਬ ਧਿਆਇਗਾ ਸਿੱਖ ਮੇਰਾ
ਸੁਰਤ ਜੋੜ ਕੇ ਰੱਖ ਕੇ ਮੱਨ ਸਿੱਧਾ, ਬਾਣੀ ਜਦੋਂ ਵੀ ਗਾਇਗਾ ਸਿੱਖ ਮੇਰਾ
ਜਦੋਂ ਵਾਹਿਗੁਰੂ ਦੀ ਜਗੀ ਜੋਤ ਅੰਦਰ, ਰੱਬੀ ਜੋਤ ਹੋ ਜਾਇਗਾ ਸਿੱਖ ਮੇਰਾ
ਓਸ ਸਮੇਂ ਅੰਦਰ 'ਤੀਰ' ਸੱਚ ਜਾਣੋ, ਬ੍ਰਾਹਮਣ ਪੂਜ ਸਦਵਾਇਗਾ ਸਿੱਖ ਮੇਰਾ

### ਦੂਜੀ ਸਿਫਤ

ਲੰਗਰ ਵਿਚ ਜਾਂ ਕਰੇਗਾ ਟਹਿਲ ਸੇਵਾ, ਸਿਦਕ ਰੱਖ ਕੇ ਦਿਲੋਂ ਨਿਰਮਾਨ ਹੋ ਕੇ
ਜਦੋਂ ਜੋੜਿਆਂ ਦੀ ਕਾਰ ਚੁੱਕ ਲੈਸੀ, ਪ੍ਰੇਮ ਧਾਰ ਕੇ ਪ੍ਰੇਮ ਦੀ ਖਾਨ ਹੋ ਕੇ
ਜਦੋਂ ਸਾਫ਼ ਕਰਸੀ ਭਾਂਡੇ ਸੰਗਤਾਂ ਦੇ, ਜਦੋਂ ਜੱਲ ਢੋਸੀ ਸਾਵਧਾਨ ਹੋ ਕੇ
'ਤੀਰ' ਤਦੋਂ ਹੋਸੀ ਸੇਵਾਦਾਰ ਸ਼ੂਦਰ, ਮੇਰੀ ਜਾਨ ਵਿਚ ਰਹੇਗਾ ਜਾਨ ਹੋ ਕੇ

### ਤੀਜੀ ਸਿਫਤ

ਜਦੋਂ ਗੁਰੂ ਨੂੰ ਰੱਖ ਕੇ ਚਿੱਤ ਕੋਈ, ਲੱਗ ਜਾਇਗਾ ਵਣਜ-ਵਪਾਰ ਅੰਦਰ
ਜਦੋਂ ਭਿੱਜ ਕੇ ਨਾਮ ਵਿਚ ਜੋਗ ਜੋ ਕੇ, ਜੁੱਟ ਜਾਇਗਾ ਵਾਹੀ ਦੀ ਕਾਰ ਅੰਦਰ
ਜਦੋਂ ਹਲ, ਪੰਜਾਲੀ ਨੂੰ ਚੁੱਕ ਟੁਰਿਆ, ਭਿੱਜਾ ਗੁਰੂ-ਬਾਣੀ ਦੇ ਪਿਆਰ ਅੰਦਰ
'ਤੀਰ' ਓਸ ਪਹਿਰੇ ਅੰਦਰ ਸਿੱਖ ਮੇਰਾ, ਵੈਸ਼ ਹੋਇਗਾ ਏਸ ਸੰਸਾਰ ਅੰਦਰ

### ਚੌਥੀ ਸਿਫਤ

ਜਦੋਂ ਦੇਸ਼ ਦੇ ਵਾਸਤੇ ਹੱਥ ਅੰਦਰ, ਤੇਗ਼ ਸੂਰਮਾ ਹੋ ਕੇ ਫੜੇਗਾ ਇਹ
ਜਦੋਂ ਸਿਰਾਂ 'ਤੇ ਧੜਾਂ ਦੀ ਲਾ ਬਾਜ਼ੀ, ਧੌਂਸਾ ਮਾਰ ਮੈਦਾਨ ਵੱਲ ਚੜ੍ਹੇਗਾ ਇਹ
ਜਦੋਂ ਜ਼ਾਲਮਾਂ ਦੇ ਖ਼ੂਨੀ ਦੱਲ ਅੰਦਰ, ਬੱਬਰ-ਸ਼ੇਰ ਦੇ ਵਾਂਗਰਾਂ ਵੜੇਗਾ ਇਹ
'ਤੀਰ' ਛੱਤਰੀ ਹੋਇਗਾ ਓਸ ਵੇਲੇ, ਜਦੋਂ ਆਜਜ਼ਾਂ ਵਾਸਤੇ ਲੜੇਗਾ ਇਹ

## ਮਹਾਰਾਜ ਫਿਰ ਫੁਰਮਾਉਂਦੇ ਹਨ

ਮੇਰੀ ਆਸ ਦਾ ਜਾਣ ਲਓ ਫੁੱਲ ਖਿੜਿਆ, ਮੇਰਾ ਰੂਪ-ਨਿਸ਼ਾਨ ਇਹ ਖ਼ਾਲਸਾ ਹੈ
ਮੇਰੀ ਸ਼ਾਨ ਦੀ ਸ਼ਾਨ ਇਹ ਖ਼ਾਲਸਾ ਹੈ, ਮੇਰੀ ਜਾਨ ਦੀ ਜਾਨ ਇਹ ਖ਼ਾਲਸਾ ਹੈ
ਮੇਰੇ ਰੂਪ ਦਾ ਰੂਪ ਇਹ ਖ਼ਾਲਸਾ ਹੈ, ਮੇਰੀ ਪੱਤ ਤੇ ਮਾਨ ਇਹ ਖ਼ਾਲਸਾ ਹੈ
ਇਹਦਾ ਹੁਕਮ ਜਾਣੋ ਮੇਰਾ ਹੁਕਮ ਸਿੱਖੋ, ਮੇਰੇ ਬੋਲ ਜ਼ਬਾਨ ਇਹ ਖ਼ਾਲਸਾ ਹੈ
ਇਹਦੇ ਵਿਚ ਹੈ ਸਦਾ ਨਿਵਾਸ ਮੇਰਾ, ਮੇਰਾ ਮਹਿਲ ਮਕਾਨ ਇਹ ਖ਼ਾਲਸਾ ਹੈ
ਇਹਦੀ ਦਿਲੋਂ ਕਲਿਆਣ ਮੈਂ ਆਪ ਕੀਤੀ, ਮੇਰੀ ਦਿਲੀ ਕਲਿਆਣ ਇਹ ਖ਼ਾਲਸਾ ਹੈ
ਮੇਰੀ ਪਾਤਸ਼ਾਹੀ ਇਹਦੇ ਵਿਚ ਜਾਣੋ, ਅੱਗੋਂ ਲਈ ਸੁਲਤਾਨ ਇਹ ਖ਼ਾਲਸਾ ਹੈ
ਚੱਲੇ ਦੇਗ਼ ਇਸਦੀ ਵਗੇ ਤੇਗ਼ ਇਹਦੀ, ਜੋਧਾ-ਬੀਰ ਬਲਵਾਨ ਇਹ ਖ਼ਾਲਸਾ ਹੈ
ਟੇਕ! ਆਜਜ਼ਾਂ! ਓਟ ਨਿਓਟਿਆਂ ਦੀ, ਜਾਣੋ ਪ੍ਰੇਮ ਸਥਾਨ ਇਹ ਖ਼ਾਲਸਾ ਹੈ
'ਤੀਰ' ਚੱਲਣਾ ਵੀ ਮੇਰਾ ਹੱਥ ਇਸਦੇ, ਜਾਣੋ ਮੇਰੀ ਕਮਾਨ ਇਹ ਖ਼ਾਲਸਾ ਹੈ

## ਮਹਾਰਾਜ ਫਿਰ ਕਹਿੰਦੇ ਹਨ

ਉਹੋ ਸਿੱਖ ਮੇਰਾ, ਦੇਸ਼ ਕੌਮ ਉੱਤੋਂ, ਜਾਨ ਆਪਣੀ ਹੱਸ ਘੁਮਾਏ ਜਿਹੜਾ
ਉਹੋ ਸਿੱਖ ਮੇਰਾ, ਦੁੱਖੀ ਆਜਜ਼ਾਂ ਨੂੰ, ਚੁੱਕ ਚੁੱਕ ਛਾਤੀ ਨਾਲ ਲਾਏ ਜਿਹੜਾ
ਉਹੋ ਸਿੱਖ ਮੇਰਾ, ਪਾਪੀ ਜ਼ਾਲਮਾਂ ਨੂੰ, ਸਦਾ ਲੋਹੇ ਦੇ ਚਣੇ ਚਬਾਏ ਜਿਹੜਾ
ਉਹੋ ਸਿੱਖ ਮੇਰਾ, ਸਿਦਕਵਾਨ ਹੋ ਕੇ, ਕਦੇ ਕੂੜ ਦੇ ਰਾਹ ਨਾ ਜਾਏ ਜਿਹੜਾ
ਉਹੋ ਸਿੱਖ ਮੇਰਾ, ਭੀੜ-ਫਾਥਿਆਂ ਨੂੰ, ਆਪ ਫੱਸ ਕੇ ਸਦਾ ਛੁਡਾਏ ਜਿਹੜਾ
ਉਹੋ ਸਿੱਖ ਮੇਰਾ, ਪ੍ਰੇਮ-ਪੁੰਜ ਬਣ ਕੇ, ਦਿਲੋਂ ਪ੍ਰੇਮ-ਪਿਆਰ ਵਧਾਏ ਜਿਹੜਾ
ਉਹੋ ਸਿੱਖ ਮੇਰਾ, ਮੱਚੇ ਰਣ ਅੰਦਰ, ਵਾਰ ਤੇਗ਼ ਦੇ ਹਿੱਕ 'ਤੇ ਖਾਏ ਜਿਹੜਾ
ਉਹੋ ਸਿੱਖ ਮੇਰਾ, ਹੱਥੀਂ ਕਿਰਤ ਕਰਕੇ, ਰੋਟੀ ਆਪਣੀ ਆਪ ਕਮਾਏ ਜਿਹੜਾ
ਉਹੋ ਸਿੱਖ ਮੇਰਾ, ਦਰਦ-ਪੁੰਜ ਹੋ ਕੇ, ਹੰਝੂ ਲਿੱਸਿਆਂ ਲਈ ਵਹਾਏ ਜਿਹੜਾ
ਉਹੋ ਸਿੱਖ ਮੇਰਾ, ਉੱਠ ਪਹਿਰ ਪਿਛਲੇ, ਨਾਮ-ਸਰ ਦੇ ਵਿਚ ਨਹਾਏ ਜਿਹੜਾ
ਉਹੋ ਸਿੱਖ ਮੇਰਾ, ਜੋੜ ਮਨ ਬਿਰਤੀ, ਬਾਣੀ ਗੁਰੂ ਦੀ ਰਾਤ-ਦਿਨ ਗਾਏ ਜਿਹੜਾ
ਉਹੋ ਸਿੱਖ ਮੇਰਾ, ਜਾਤ-ਪਾਤ ਵਾਲਾ, ਭਰਮ ਮੱਨ ਦੇ ਵਿਚੋਂ ਮਿਟਾਏ ਜਿਹੜਾ
ਉਹੋ ਸਿੱਖ ਮੇਰਾ, ਮਿਲਨਸਾਰ ਹੋ ਕੇ, ਸੁੱਖੀ ਰੱਖਦਾ ਸਦਾ ਹਮਸਾਏ ਜਿਹੜਾ
ਉਹੋ ਸਿੱਖ ਮੇਰਾ, ਲੋੜਵੰਦ ਤਾਈਂ, ਨੈਣੋਂ ਕੱਢ ਕੇ ਨੀਰ ਪਿਆਏ ਜਿਹੜਾ
ਉਹੋ ਸਿੱਖ ਮੇਰਾ, ਇੱਕ ਯਾਦ ਕਰਕੇ, ਦਿਲੋਂ ਦੂਈ ਦੀ ਮੈਲ ਗਵਾਏ ਜਿਹੜਾ
ਉਹੋ ਸਿੱਖ ਮੇਰਾ, ਸਿੱਖਾਂ ਸਾਰਿਆਂ ਨੂੰ, ਦਿਲੋਂ ਜਾਣਦਾ ਮਾਂ-ਪਿਓ ਜਾਏ ਜਿਹੜਾ
ਉਹੋ ਸਿੱਖ ਮੇਰਾ, ਕੌਮੀ-ਸ਼ਾਨ ਉੱਤੋਂ, ਹੱਸ ਆਪਣੀ ਬੰਸ ਲੁਟਾਏ ਜਿਹੜਾ

ਉਹੋ ਸਿੱਖ ਮੇਰਾ, ਵੇਖ ਜਾਬਰਾਂ ਨੂੰ, ਆਹੂ-ਲਾਹੁਣੀ ਤੇਗ਼ ਚਲਾਏ ਜਿਹੜਾ
ਉਹੋ ਸਿੱਖ ਮੇਰਾ, ਵੇਖ ਭੁੱਖਿਆਂ ਨੂੰ, ਰੋਟੀ ਆਪਣੀ ਹੱਸ ਵਰਤਾਏ ਜਿਹੜਾ
ਉਹੋ ਸਿੱਖ ਮੇਰਾ, ਦੇਸ਼-ਵੈਰੀਆਂ ਨੂੰ, ਚੁੱਣ ਚੁੱਣ ਕੇ ਮਾਰ ਮੁਕਾਏ ਜਿਹੜਾ
ਉਹੋ ਸਿੱਖ ਮੇਰਾ, ਰਾਹਾਂ ਪੈਂਡਿਆਂ 'ਚੋਂ, ਕੰਡੇ ਹੂੰਝਦਾ ਫਿਰੇ ਪਰਾਏ ਜਿਹੜਾ
ਉਹੋ ਸਿੱਖ ਮੇਰਾ, ਸ਼ੇਰ-ਮਰਦ ਹੋ ਕੇ, ਹਰ ਇੱਕ ਦਾ ਦਰਦ ਵੰਡਾਏ ਜਿਹੜਾ
ਉਹੋ ਸਿੱਖ ਮੇਰਾ, ਨੇਕੀ-ਪੁੰਜ ਬਣ ਕੇ, ਬਦੀ ਪਾਪ ਤੋਂ ਮੱਨ ਹਟਾਏ ਜਿਹੜਾ
ਉਹੋ ਸਿੱਖ ਮੇਰਾ, ਵੇਖ ਮਾਲ, ਮਾਇਆ, ਕਿਸੇ ਸਮੇਂ ਨਾ ਚਿੱਤ ਡੁਲਾਏ ਜਿਹੜਾ
ਉਹੋ ਸਿੱਖ ਮੇਰਾ, ਅੰਦਰ ਅੱਖੀਆਂ ਦੇ, ਸਿੱਖੀ ਸਿਦਕ ਨੂੰ ਸਦਾ ਵਸਾਏ ਜਿਹੜਾ
ਉਹੋ ਸਿੱਖ ਮੇਰਾ, ਬਚਨ-ਪਾਲ ਹੋ ਕੇ, ਆਖੀ ਗੱਲ ਨੂੰ ਤੋੜ ਚੜ੍ਹਾਏ ਜਿਹੜਾ
ਉਹੋ ਸਿੱਖ ਮੇਰਾ, ਦੇਵੀ ਦੇਵਤੇ ਨੂੰ, ਇਸ਼ਟ ਮੰਨ ਨਾ ਕਦੇ ਧਿਆਏ ਜਿਹੜਾ
ਉਹੋ ਸਿੱਖ ਮੇਰਾ, ਦਿਲੋਂ ਕਿਸੇ ਵੇਲੇ, ਦੇਸ਼-ਪ੍ਰੇਮ ਨਾ ਕਦੇ ਭੁਲਾਏ ਜਿਹੜਾ
ਉਹੋ ਸਿੱਖ ਮੇਰਾ, ਅਣਖ-ਵਾਨ ਹੋ ਕੇ, ਹੱਸ ਹੱਸ ਸ਼ਹੀਦੀਆਂ ਪਾਏ ਜਿਹੜਾ
ਉਹੋ ਸਿੱਖ ਮੇਰਾ, ਇਕ ਮੱਨ ਹੋ ਕੇ, ਸਦਾ ਇਕ ਨੂੰ ਸੀਸ ਨਿਵਾਏ ਜਿਹੜਾ
ਮੇਰਾ ਸਿੱਖ ਉਹ, ਖੰਡ-ਬ੍ਰਹਿਮੰਡ ਅੰਦਰ, ਪੰਥ-ਗੁਰੂ ਦਾ ਝੰਡਾ ਝੁਲਾਏ ਜਿਹੜਾ
'ਤੀਰ' ਦੇਸ਼ ਖ਼ਾਤਰ ਜੀਣ ਮਰਨ ਉਸਦਾ, ਮੇਰਾ ਜੱਗ 'ਤੇ ਸਿੱਖ ਸਦਾਏ ਜਿਹੜਾ

## ਫੇਰ ਕਹਿੰਦੇ ਹਨ

ਵੇਖੋ ਕਦੇ ਨਾ ਬਣੇਗਾ ਸਿੱਖ ਮੇਰਾ, ਧੋਖਾ ਛੱਲ ਫਰੇਬ ਕਮਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਮੰਗ ਮੰਗ ਕੇ ਰੋਟੀਆਂ ਖਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਪੱਰ ਇਸਤਰੀ ਤਾਈਂ ਹੰਢਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਭੰਗ, ਫੀਮ, ਸ਼ਰਾਬ ਉਡਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਵਿਚ ਰੱਣ ਦੇ ਪਿੱਠ ਵਿਖਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਦੇਸ਼ ਕੌਮ ਦਾ ਫ਼ਰਜ਼ ਭੁਲਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਦੇਵੀ ਦੇਵਤੇ ਦਿਲੋਂ ਧਿਆਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਇੱਕ ਛੱਡ ਕੇ ਦੂਜਾ ਮਨਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਡੱਰ ਮੌਤ ਤੋਂ ਜਾਨ ਬਚਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਸਿਰੋਂ ਗੁਰੂ ਦੀ ਮੋਹਰ ਹਟਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਕੁੱਠਾ ਖਾ ਕੇ ਧਰਮ ਗਵਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਛੱਡ ਗੁਰੂ-ਰੀਤੀ ਹੋਰ ਬਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਨਿੱਤਨੇਮ ਤੋਂ ਜੀ ਚੁਰਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਜੋ ਹੈ ਅਜੇ ਤੋੜੀਂ ਜ਼ਾਤੀ ਮਾਣ ਵਾਲਾ

ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਵੇਖ ਸਿੱਖ ਨੂੰ ਨੱਕ ਚੜ੍ਹਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਜੋ ਹੈ ਵਤਨ ਨੂੰ ਬੇੜੀਆਂ ਪਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਜੋ ਹੈ ਗਲੇ ਗ਼ੱਦਾਰ ਨੂੰ ਲਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਜੋ ਹੈ ਨੇਕੀਓਂ ਕੰਨੀ ਕਤਰਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਰਾਤੀਂ ਵੇਸਵਾ ਦੇ ਕੋਲ ਜਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਮੱਥਾ ਥਾਂ ਥਾਂ ਜਾ ਘਸਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਨਿਰਾ ਤੀਰਥਾਂ ਉੱਤੇ ਨਹਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਦਿਲੋਂ ਵੈਰ-ਵਿਰੋਧ ਵਧਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਕ੍ਰਿਆ ਕਰਮ ਸਰਾਧ ਕਰਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਪੰਥ ਵਿੱਚ ਜੋ ਕਲਹਿ ਵਧਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਹੋਈ ਭੁੱਲ ਜੋ ਨਹੀਂ ਬਖਸ਼ਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਵਿਸ਼ੇ ਵਿੱਚ ਇਖ਼ਲਾਕ ਰੁੜ੍ਹਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਗੰਦੇ ਗੀਤ ਅੱਠੋ ਪਹਿਰ ਗਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਦੇਸ਼-ਕੌਮ ਤੋਂ ਮੂੰਹ ਭਵਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਸੰਗਲ ਦੇਸ਼ ਦੇ ਲਈ ਬਣਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਉੱਤੇ ਆਜਜ਼ਾਂ ਹੱਥ ਉਠਾਣ ਵਾਲਾ
ਸਿੱਖੋ ਜਾਣ ਲਓ ਨਿਰਾ ਬਹੁਰੂਪੀਆ ਏ, ਅੱਗੇ ਦੁੱਖਿਆਂ ਤਾਈਂ ਦੁਖਾਣ ਵਾਲਾ
'ਤੀਰ' ਨਹੀਂ ਮਨਜ਼ੂਰ ਉਹ ਸਿੱਖ ਮੈਨੂੰ, ਨਹੀਂ ਮੂਲ ਜਿਹੜਾ ਅਣਖ-ਆਣ ਵਾਲਾ

### ਹਜ਼ੂਰ ਫੇਰ ਕਹਿੰਦੇ ਹਨ

ਓਸ ਸਿੱਖ ਅੰਦਰ ਮੇਰੀ ਜਾਨ ਹੋਸੀ, ਦੀਨਾਂ ਵਾਸਤੇ ਜਾਨ ਲੜਾਇਗਾ ਜੋ
ਓਸ ਸਿੱਖ ਅੰਦਰ ਮੇਰੀ ਨਿਗ੍ਹਾ ਹੋਸੀ, ਹੰਝੂ ਲਿੱਸਿਆਂ ਲਈ ਵਹਾਇਗਾ ਜੋ
ਓਸ ਸਿੱਖ ਅੰਦਰ ਮੇਰਾ ਦਿੱਲ ਹੋਸੀ, ਅੰਦਰ ਦਿੱਲ ਦੇ ਦਰਦ ਵਸਾਇਗਾ ਜੋ
ਓਸ ਸਿੱਖ ਅੰਦਰ ਮੇਰਾ ਜੋਸ਼ ਹੋਸੀ, ਦੇਸ਼ ਵਾਸਤੇ ਜੋਸ਼ ਵਿਖਾਇਗਾ ਜੋ
ਓਸ ਸਿੱਖ ਅੰਦਰ ਮੇਰਾ ਖ਼ੂਨ ਹੋਸੀ, ਕੌਮ ਵਾਸਤੇ ਖ਼ੂਨ ਵਹਾਇਗਾ ਜੋ
ਓਸ ਸਿੱਖ ਅੰਦਰ ਮੇਰਾ ਜ਼ੋਰ ਹੋਸੀ, ਬੀੜਾ ਦੇਸ਼ ਦੇ ਲਈ ਉਠਾਇਗਾ ਜੋ
ਓਸ ਸਿੱਖ ਅੰਦਰ ਮੇਰਾ ਸਿਦਕ ਹੋਸੀ, ਇੱਕੋ ਰੱਬ ਨੂੰ ਦਿਲੋਂ ਧਿਆਇਗਾ ਜੋ
ਓਸ ਸਿੱਖ ਅੰਦਰ ਮੇਰਾ ਮੋਹ ਹੋਸੀ, ਦਿਲੋਂ ਬੰਸ ਦਾ ਮੋਹ ਮਿਟਾਇਗਾ ਜੋ
ਓਸ ਸਿੱਖ ਦੇ ਗਾਵਣੇ ਗੀਤ ਮੈਂ ਵੀ, ਸਦਾ ਗੀਤ ਗੋਬਿੰਦ ਦੇ ਗਾਇਗਾ ਜੋ
ਓਸ ਸਿੱਖ ਅੰਦਰ ਮੇਰਾ ਰੂਪ ਹੋਸੀ, ਸੱਚੇ ਸਿੱਖ ਦਾ ਰੂਪ ਬਣਾਇਗਾ ਜੋ
ਓਸ ਸਿੱਖ ਅੰਦਰ ਮੇਰੀ ਅਣਖ ਹੋਸੀ, ਨਾਲ ਜ਼ਾਲਮਾਂ ਦੇ ਮੱਥਾ ਲਾਇਗਾ ਜੋ

ਓਸ ਸਿੱਖ ਅੰਦਰ ਮੇਰਾ ਪ੍ਰੇਮ ਹੋਸੀ, ਦਿਲੋਂ ਵੈਰ-ਵਿਰੋਧ ਗਵਾਇਗਾ ਜੋ
ਓਸ ਸਿੱਖ ਦੇ ਪੂਜਸਾਂ ਪੈਰ ਮੈਂ ਵੀ, ਦਿਲੋਂ ਇੱਕ 'ਤੇ ਨਿਗ੍ਹਾ ਟਿਕਾਇਗਾ ਜੋ
ਓਸ ਸਿੱਖ ਦੀ ਭੇਟ ਪਰਵਾਨ ਕਰਸਾਂ, ਕਰਕੇ ਹੱਕ ਹਲਾਲ ਦੀ ਖਾਇਗਾ ਜੋ
ਓਸ ਸਿੱਖ ਦਾ ਰਵ੍ਹਾਂਗਾ ਦਿਲੋਂ ਵੈਰੀ, ਐਵੇਂ ਵੈਰ ਤੇ ਫੁੱਟ ਵਧਾਇਗਾ ਜੋ
ਓਸ ਸਿੱਖ ਨੂੰ ਗਲੇ ਮੈਂ ਲਾਵਣਾ ਏਂ, ਗਲੇ ਚੁੱਕ ਗ਼ਰੀਬ ਨੂੰ ਲਾਇਗਾ ਜੋ
ਓਸ ਸਿੱਖ ਨੂੰ ਪੁੱਤ ਬਣਾਵਣਾ ਮੈਂ, ਮਰਦੇ ਕਿਸੇ ਦੇ ਪੁੱਤ ਬਚਾਇਗਾ ਜੋ
ਓਸੇ ਸਿੱਖ ਨੂੰ ਰੱਖਾਂਗਾ ਸਦਾ ਚੇਤੇ, ਕਦੇ ਰੱਬ ਨਾ ਦਿਲੋਂ ਭੁਲਾਇਗਾ ਜੋ
ਉਹਦੇ ਰਾਹਾਂ 'ਤੇ ਨੈਣ ਵਿਛਾ ਦਿਆਂਗਾ, ਸਦਾ ਸੱਚ ਦੇ ਰਾਹ 'ਤੇ ਜਾਇਗਾ ਜੋ
ਉਹਦੇ ਵਾਸਤੇ ਬੰਸ ਲੁਟਾ ਦਿਆਂਗਾ, ਦੇਸ਼ ਵਾਸਤੇ ਅੰਸ ਲੁਟਾਇਗਾ ਜੋ
ਓਹੋ ਸਿੱਖ ਹੀ ਬਣੇਗਾ ਰੂਪ ਮੇਰਾ, ਗਲੇ ਹਾਰ ਕੁਰਬਾਨੀ ਦਾ ਪਾਇਗਾ ਜੋ
ਓਸ ਸਿੱਖ ਵੱਲ ਹੋਇਗਾ ਮੂੰਹ ਮੇਰਾ, ਨੇਕੀ ਵੱਲੋਂ ਨਾ ਮੂੰਹ ਭਵਾਇਗਾ ਜੋ
ਓਸ ਸਿੱਖ ਨੂੰ ਨਹੀਂ ਮੈਂ ਮੂੰਹ ਲਾਣਾ, ਡਰ ਮੌਤ ਤੋਂ ਮੂੰਹ ਛੁਪਾਇਗਾ ਜੋ
ਓਸ ਸਿੱਖ ਤੋਂ ਕੰਨੀ ਛੁਡਾ ਲੈਣੀ, ਸੇਵਾ-ਭਾਵ ਤੋਂ ਕੰਨੀ ਕਤਰਾਇਗਾ ਜੋ
ਓਸ ਸਿੱਖ ਨੂੰ ਚੁੱਕਾਂਗਾ ਸੀਸ ਉੱਤੇ, ਦੇਸ਼ ਵਾਸਤੇ ਸੀਸ ਘੁਮਾਇਗਾ ਜੋ
ਓਸ ਸਿੱਖ ਦਾ ਦਿਆਂਗਾ ਮੈਂ ਪਹਿਰਾ, ਪੰਜਾਂ ਵੈਰੀਆਂ ਤਾਈਂ ਨਠਾਇਗਾ ਜੋ
ਓਸ ਸਿੱਖ ਦੀ ਰਹੇਗੀ ਲੋੜ ਮੈਨੂੰ, ਲਾੜੀ ਮੌਤ ਨੂੰ ਦਿਲੋਂ ਪਰਣਾਇਗਾ ਜੋ
ਚਰਨ-ਧੂੜ ਉਹਦੀ 'ਤੀਰ' ਲੋੜਸਾਂ ਮੈਂ, ਜ਼ੋਰ ਜ਼ੁਲਮ ਦੀ ਮਿੱਟੀ ਉਡਾਇਗਾ ਜੋ

### *ਜਾਨੀ-ਜਾਣ ਉਪਦੇਸ਼ ਦੇਂਦੇ ਹਨ*

ਮੇਰਾ ਸਿੱਖ ਹੋ ਕੇ ਇੱਕ ਰੱਬ ਬਾਝੋਂ, ਹੋਰ ਕਿਸੇ 'ਤੇ ਵੀ ਰੱਖੇ ਅੱਖ ਨਾਹੀਂ
ਮੇਰਾ ਸਿੱਖ ਹੋ ਆਪਣੀ ਨਾਰ ਬਾਝੋਂ, ਮਾਰੇ ਭੁੱਲ ਕੇ ਵੀ ਕਿਤੇ ਝੱਖ ਨਾਹੀਂ
ਮੇਰਾ ਸਿੱਖ ਹੋ ਕੇ, ਬਿਨਾਂ ਗੁਰੂ ਬਾਣੀ, ਕਰੇ ਹੋਰ ਕੋਈ ਟੂਣਾ ਰੱਖ ਨਾਹੀਂ
ਮੇਰਾ ਸਿੱਖ ਹੋ ਕੇ ਨਾਮ ਅਮਲ ਬਾਝੋਂ, ਰੱਖੇ ਅਮਲ ਜਹਾਨ ਦਾ ਕੱਖ ਨਾਹੀਂ
ਮੇਰਾ ਸਿੱਖ ਮੈਨੂੰ ਸਦਾ ਨਾਲ ਜਾਣੇ, ਜੇਕਰ ਰਹਿਤ ਮੇਰੀ ਕਰੇ ਵੱਖ ਨਾਹੀਂ
'ਤੀਰ' ਇੱਕ ਸਿਦਕੀ ਹੈ ਅਸੰਖ ਵਰਗਾ, ਕੂੜੇ ਲੋੜ ਕਰੋੜ ਤੇ ਲੱਖ ਨਾਹੀਂ

### *ਸਿੱਖ ਦੀ ਰਹਿਤ ਦੱਸਦੇ ਹਨ*

ਮਾਰੇ ਪੰਜ ਵੈਰੀ, ਧਾਰੇ ਪੰਜ ਕੱਕੇ, ਪੜ੍ਹੇ ਪੰਜ, ਪੰਜੇ ਗੁਣ-ਗ੍ਰਾਹੀ ਹੋਵੇ
ਮੰਨੇ ਪੰਜ ਗੱਲਾਂ ਸਦਾ ਖਿੜੇ ਮੱਥੇ, ਪੂਰਾ ਸੂਰਮਾ ਸੰਤ-ਸਿਪਾਹੀ ਹੋਵੇ
ਪੰਜੇ ਵਿੱਚ ਪਕੜੇ, ਤੇਗ ਧਰਮ ਖ਼ਾਤਰ, ਸਦਾ ਸੱਚ ਦੇ ਰਾਹ ਦਾ ਰਾਹੀ ਹੋਵੇ
'ਤੀਰ' ਦੇਸ਼ ਦੇ ਵਾਸਤੇ ਸਿੱਖ ਮੇਰਾ, ਸਦਾ ਲਈ ਤਿਆਰ ਉਤਸ਼ਾਹੀ ਹੋਵੇ

## ਵੱਲੋਂ ਕਵੀ

ਏਦਾਂ ਸ੍ਰੀ ਦਸਮੇਸ਼ ਨੇ ਖੜੀ ਕੀਤੀ, ਕੌਮ ਖ਼ਾਲਸਾ ਜੀ! ਅਣਖ ਆਨ ਵਾਲੀ
ਦੀਨਾਂ ਵਾਸਤੇ ਜਾਨ ਲੜਾਨ ਵਾਲੀ, ਧਰਮ-ਯੁੱਧ ਅੰਦਰ ਜੂਝ ਜਾਣ ਵਾਲੀ
ਨਾਲ ਜ਼ੁਲਮ ਦੇ ਮੋਰਚਾ ਲਾਣ ਵਾਲੀ, ਜ਼ੁਲਮ ਜ਼ੋਰ ਨੂੰ ਭਾਜੜਾਂ ਪਾਨ ਵਾਲੀ
ਚੜ੍ਹ ਚਰਖੀਆਂ 'ਤੇ ਕੱਟੀ ਜਾਣ ਵਾਲੀ, ਹੱਸ-ਹੱਸ ਤੇਗ਼ਾਂ, ਗਲੇ ਲਾਣ ਵਾਲੀ
ਚੰਡੀ ਰੱਣ ਦੇ ਵਿੱਚ ਚਮਕਾਣ ਵਾਲੀ, ਫੱਟ ਛਾਤੀਆਂ ਤਾਣ ਕੇ ਖਾਣ ਵਾਲੀ
ਜ਼ੋਰ ਜ਼ੁਲਮ ਨੂੰ ਈਨ ਮਨਾਣ ਵਾਲੀ, ਦੂਖੀ ਦੀਨ ਅਨਾਥ ਬਚਾਣ ਵਾਲੀ
ਵਾਰੇ ਵਤਨ ਦੇ ਨਾਮ ਤੋਂ ਜਾਣ ਵਾਲੀ, ਢੋਲੇ ਧਰਮ ਦੇ ਨਾਮ ਦੇ ਗਾਣ ਵਾਲੀ
ਨੀਹਾਂ ਵਿਚ ਸਰੀਰ ਚਿਣਾਣ ਵਾਲੀ, ਨਵੇਂ ਕੌਮ ਦੇ ਮਹਿਲ ਉਸਰਾਣ ਵਾਲੀ
ਨਵੀਂ ਤਰ੍ਹਾਂ ਦੀ ਅਲਖ ਜਗਾਣ ਵਾਲੀ, ਖੱਪਰ ਖੋਪਰੀ ਲਾਹ ਬਣਾਣ ਵਾਲੀ
ਬੰਦ-ਬੰਦ ਸਰੀਰ ਕਟਵਾਣ ਵਾਲੀ, ਪੁੱਤਰ ਗੋਦ ਦੇ ਹੱਸ ਮਰਵਾਣ ਵਾਲੀ
ਸਦਾ ਵਾਰ ਅਜ਼ਾਦੀ ਦੀ ਗਾਣ ਵਾਲੀ, ਤੇ ਗ਼ੁਲਾਮੀਆਂ ਤਾਈਂ ਉਡਾਣ ਵਾਲੀ
ਹੱਸ-ਹੱਸ ਕੇ ਗੋਲੀਆਂ ਖਾਣ ਵਾਲੀ, ਜੰਡਾਂ ਨਾਲ ਸਰੀਰ ਸੜਾਣ ਵਾਲੀ
ਭੱਠੀ ਵਿਚ ਪੈ ਕੇ, ਬਾਣੀ ਗਾਣ ਵਾਲੀ, ਕੀਮਾ-ਕੀਮਾ ਸਰੀਰ ਕਰਾਣ ਵਾਲੀ
ਭੁੱਖੇ ਵੀਰਨਾਂ ਤਾਈਂ ਰਜਾਣ ਵਾਲੀ, ਚੀਕਾਂ ਇੰਜਣਾਂ ਦੀਆਂ ਕਢਾਣ ਵਾਲੀ
ਸ਼ਾਂਤਮਈ ਰਹਿ ਕੇ ਡਾਂਗਾਂ ਖਾਣ ਵਾਲੀ, ਬੀਰ-ਰਸ ਵਿਚ ਤੇਗ਼ ਚਮਕਾਣ ਵਾਲੀ
'ਤੀਰ' ਮੌਤ ਦਾ ਮੂੰਹ ਭਵਾਣ ਵਾਲੀ, ਤੇ ਅਕਾਲ ਦਾ ਝੰਡਾ ਝੁਲਾਣ ਵਾਲੀ

## ਹੋਰ ਕਵੀ ਵੱਲੋਂ

ਮੇਰੀ ਕੌਮ ਨੇ ਏਕਤਾ ਵਿੱਚ ਰਹਿ ਕੇ, ਕੌਮੀ-ਮਾੜੀਆਂ ਕਈ ਉਸਾਰੀਆਂ ਨੇ
ਮੇਰੀ ਕੌਮ ਦੀ ਲਿਸ਼ਕਦੀ ਤੇਗ਼ ਅੱਗੇ, ਤੇਗ਼ਾਂ ਜ਼ੁਲਮ ਦੀਆਂ ਸਦਾ ਹਾਰੀਆਂ ਨੇ
ਮੇਰੀ ਕੌਮ ਨੇ ਕਦੇ ਨਵਾਬੀਆਂ ਨੂੰ, ਨਾਲ ਪੈਰ ਦੇ ਠੁਹਕਰਾਂ ਮਾਰੀਆਂ ਨੇ
ਮੇਰੀ ਕੌਮ ਨੇ ਹੀ ਰਾਜਨੀਤ ਅੰਦਰ, ਕਦੇ ਕਰਨੀਆਂ ਕੀਤੀਆਂ ਭਾਰੀਆਂ ਨੇ
ਮੇਰੀ ਕੌਮ ਨੇ ਦੇਸ਼ ਤੇ ਕੌਮ ਖ਼ਾਤਰ, ਹੱਸ-ਹੱਸ ਜਾਨਾਂ ਸਦਾ ਵਾਰੀਆਂ ਨੇ
ਮੇਰੀ ਕੌਮ ਨੇ ਕਦੇ ਮਲਾਹ ਬਣ ਕੇ, ਲੱਖਾਂ ਡੁੱਬੀਆਂ ਬੇੜੀਆਂ ਤਾਰੀਆਂ ਨੇ
ਮੇਰੀ ਕੌਮ ਨੇ ਜ਼ੁਲਮ ਦੀ ਕੈਦ ਵਿਚੋਂ, ਜਾ ਕੇ ਕੱਢੀਆਂ ਸੈ ਦੁਖਿਆਰੀਆਂ ਨੇ
ਮੇਰੀ ਕੌਮ ਨੇ ਵਾਸਤੇ ਆਜਜ਼ਾਂ ਦੇ, ਅੱਗੇ ਰੋਟੀਆਂ ਪਈਆਂ, ਵਿਸਾਰੀਆਂ ਨੇ
ਮੇਰੀ ਕੌਮ ਨੇ ਕਦੇ ਹੈ ਤੇਗ਼ ਵਾਹੀ, ਅਤੇ ਸ਼ਾਂਤ-ਮਈਆਂ ਕਦੇ ਧਾਰੀਆਂ ਨੇ
ਮੇਰੀ ਕੌਮ ਨੇ ਜੁੱਟ ਕੇ ਜੁੱਟ ਹੋ ਕੇ, ਪੀੜਾਂ ਦੇਸ਼ ਦੇ ਲਈ ਸਹਾਰੀਆਂ ਨੇ
ਐਪਰ ਅੱਜ ਨਿਗਾਹ ਬਦਲਾ ਦਿੱਤੀ, ਲੋਭਾਂ ਚੌਧਰਾਂ ਤੇ ਜੱਥੇਦਾਰੀਆਂ ਨੇ
'ਤੀਰ' ਫੁੱਟ ਦਾ ਆਣ ਜਾਂ ਪਵੇ ਪੈੜਾ, ਨੀਤਾਂ ਹੁੰਦੀਆਂ ਤਦੋਂ ਨਿਕਾਰੀਆਂ ਨੇ

### ਪੰਥ ਦੀ ਮੌਜੂਦਾ ਅਵਸਥਾ 'ਤੇ ਕਵੀ ਵੱਲੋਂ ਖ਼ਿਆਲ

ਵੇਖੋ ਪਾਟਿਆ ਏ ਝੰਡਾ ਏਕਤਾ ਦਾ, ਪਈ ਨੱਚਦੀ ਥਾਂ-ਥਾਂ ਫੁੱਟ ਹੁਣ ਤੇ
ਜੁੱਟ ਹੋਣ ਦਾ ਕੋਈ ਨਾ ਲੱਲ੍ਹ ਜਾਪੇ, ਆਪੋ ਵਿੱਚ ਹੀ ਪਏ ਨੇ ਜੁੱਟ ਹੁਣ ਤੇ
ਦੇਣਾ ਕਿਸੇ ਨੂੰ ਕਿਸੇ ਕੀ ਘੁੱਟ ਪਾਣੀ, ਰਹੇ ਸੰਘੀਆਂ ਆਪੋ ਵਿਚ ਘੁੱਟ ਹੁਣ ਤੇ
ਜੜ੍ਹ ਪੁੱਟਣੀ ਕੀ ਕਿਸੇ ਓਪਰੇ ਦੀ, ਰਹੇ ਆਪਣੀ ਜੜ੍ਹ ਹੀ ਪੁੱਟ ਹੁਣ ਤੇ
ਕਿਹਨੇ ਕੌਮ ਨੂੰ ਹੋੜਨਾ ਪੀਣ ਵੱਲੋਂ, ਆਗੂ ਆਪ ਹੀ ਰਹਿੰਦੇ ਨੇ ਗੁੱਟ ਹੁਣ ਤੇ
ਚਾਂਦੀ ਗ਼ੈਰ ਦੀ ਭਲਾ ਨਾ ਕਿਵੇਂ ਹੋਵੇ, ਹੈ ਪਰਧਾਨ ਮੁਲੱਮਾ ਤੇ ਕੁੱਟ ਹੁਣ ਤੇ
ਭਲਾ ਦੇਸ਼ ਦੇ ਦੁੱਖਾਂ ਨਿਖੁੱਟਣਾ ਕੀ, ਖੂਹ ਦੇਸ਼ ਖ਼ਾਤਰ ਰਹੇ ਖੁੱਟ ਹੁਣ ਤੇ
ਬੇੜੀ ਕੌਮ ਦੀ ਨੇ ਪਾਰ ਲੱਗਣਾ ਕੀ, ਬਹਿ ਗਏ ਮਲਾਹ ਹੀ ਹੁੱਟ ਹੁਣ ਤੇ
ਕਿਹਨੇ ਕੌਮ ਦੀ ਕਸ਼ਟਨੀ ਕੱਟਨੀ ਏਂ, ਰਹੀ ਮੇਲ ਦੀ ਸੰਗਲੀ ਟੁੱਟ ਹੁਣ ਤੇ
ਪੰਥ ਛੁੱਟਸੀ ਕਿਵੇਂ ਮੁਸੀਬਤਾਂ ਤੋਂ, ਗਿਆ ਪ੍ਰੇਮ ਪਿਆਰ ਹੀ ਛੁੱਟ ਹੁਣ ਤੇ
ਹੋਏ ਮੇਲ ਮਿਲਾਪ ਦੇ ਦਿੱਨ ਸੁਪਨਾ, ਦਿੱਸੇ ਲੱਗਦਾ ਨਾ ਸਾਂਝਾ ਬੁੱਟ ਹੁਣ ਤੇ
'ਤੀਰ' ਕਿਸ ਤਰ੍ਹਾਂ ਨਾ ਵਿਹੁ ਨਿੱਤ ਫੈਲੇ, ਪੂਜਾ-ਧਾਨ ਦੀ ਏ ਖੁੱਲ੍ਹੀ ਲੁੱਟ ਹੁਣ ਤੇ

### ਪੰਥ ਦੀ ਵਰਤਮਾਨ ਹਾਲਤ

ਜਿਨ੍ਹਾਂ ਮਿਲ ਕੇ ਬੈਠਣਾ ਦੱਸਣਾ ਸੀ, ਉਹੋ ਛਿੱਤਰੀਂ ਦਾਲ ਪਏ ਵੰਡਦੇ ਨੇ
ਜਿਨ੍ਹਾਂ ਮਾਣ ਭਰਾਵਾਂ ਦਾ ਰੱਖਣਾ ਸੀ, ਇਕ ਦੂਸਰੇ ਨੂੰ ਖ਼ੂਬ ਭੰਡਦੇ ਨੇ
ਪੂਜਾ-ਧਾਨ ਜੋ ਜ਼ਹਿਰ ਦੀ ਪੁੜੀ ਹੈਸੀ, ਅੱਜ ਲੀਡਰਾਂ ਲਈ ਗੱਫੇ ਖੰਡ ਦੇ ਨੇ
'ਤੀਰ' ਸਿੱਖ ਜਾਣੇ ਬੁਰਾ ਸਿੱਖ ਤਾਈਂ, ਪਹਿਰੇ ਆ ਗਏ ਮਾਣ-ਘੁਮੰਡ ਦੇ ਨੇ

### ਵੱਲੋਂ ਕਵੀ

ਮੇਰੀ ਚਾਹ ਇਹੋ ਮੇਰੇ ਪੰਥ ਅੰਦਰ, ਕਿਸੇ ਸਮੇਂ ਨਾ ਫੁੱਟ ਦਾ ਰਲਾ ਹੋਵੇ
ਇਹਦੇ ਨਾਮ ਦੇ ਪਏ ਨਿਸ਼ਾਨ ਝੂਲਣ, ਇਹਦੀ ਹਰ ਵੇਲੇ ਚੜ੍ਹਦੀ ਕਲਾ ਹੋਵੇ
ਦਿੱਸੇ ਸਭ ਨੂੰ ਸ਼ਕਲ ਕੁਰਬਾਨੀਆਂ ਦੀ, ਜਿੱਥੇ ਸਿੱਖ ਕੋਈ ਜਾ ਕੇ ਖਲਾ ਹੋਵੇ
'ਤੀਰ' ਖਾਲਸਾ ਪੰਥ ਦੇ ਦਿੱਲ ਅੰਦਰ, ਸਦਾ ਲਈ ਸਰਬੱਤ ਦਾ ਭਲਾ ਹੋਵੇ

### ਮਜ਼ਮੂਨ ਵੱਲ ਮੋੜ (ਵੱਲੋਂ ਕਵੀ)

ਕਲਮ! ਪਾ ਮੋੜਾ ਅਸਲ ਗੱਲ ਵੱਲੇ, ਗੁਰੂ ਬਖ਼ਸ਼ ਲੈਸੀ ਇਹਨਾਂ ਸਾਰਿਆਂ ਨੂੰ
ਆਜਾ ਚੁੰਮੀਏ ਸਿਦਕ ਦਾ ਦਿੱਲ ਲੈ ਕੇ, ਜਾਣੀ-ਜਾਣ ਦੇ ਚਰਨ ਪਿਆਰਿਆਂ ਨੂੰ
ਆਜਾ ਰੰਗੀਏ! ਦਿੱਲ ਦੀ ਰੱਤ ਅੰਦਰ, ਧਰਮ ਜੰਗ ਨੂੰ ਖ਼ੂਨੀ ਨਜ਼ਾਰਿਆਂ ਨੂੰ
'ਤੀਰ' ਆਣ ਕੇ ਉਹ ਨਜ਼ਦੀਕ ਪਹੁੰਚੇ, ਸਮਾਂ ਤਾਂਘ ਦਾ ਸੀ ਜਿਨ੍ਹਾਂ ਕਾਰਿਆਂ ਨੂੰ

### ਪਹਾੜੀ ਰਾਜਿਆਂ ਦੀ ਈਰਖਾ (ਵੱਲੋਂ ਕਵੀ)

ਏਦਾਂ ਗੁਰਾਂ ਨੇ ਖ਼ਾਲਸਾ ਸਾਜਿਆ ਜਾਂ, ਕੋਲੇ ਹੋਏ ਸੁਣ ਕੇ ਜਾਤੀ ਮਾਣ ਵਾਲੇ
ਗੱਲਾਂ ਕਰਨ ਲੱਗੇ 'ਗੁਰਾਂ ਕੰਮ ਕੀਤੇ, ਸਾਡੀ ਆਤਮਾ ਤਾਈਂ ਦੁਖਾਣ ਵਾਲੇ'
ਅੱਗ ਲੱਗ ਗਈ ਦਿਲੋਂ ਬ੍ਰਾਹਮਣਾਂ ਨੂੰ, ਉੱਚੇ ਹੋ ਗਏ ਨੀਚ ਸਦਵਾਣ ਵਾਲੇ
ਸਾਡੇ ਨਾਲ ਬਰਾਬਰੀ ਕਰਨ ਲੱਗੇ, ਸਾਡੇ ਚੌਂਕਿਆਂ ਤੋਂ ਜੂਠ ਖਾਣ ਵਾਲੇ
ਉਨ੍ਹਾਂ ਜਾ ਜਾ ਕੋਲ ਪਹਾੜੀਆਂ ਦੇ, ਸੜੇ ਬੋਲ ਆਖੇ ਲਾਂਬੂ-ਲਾਣ ਵਾਲੇ
ਸਾਡੀ ਆਪ ਦੀ ਉਚਤਾ ਪਈ ਖੂਹੇ, ਸ਼ੂਦਰ ਵੈਸ਼ ਹੋ ਗਏ ਅਣਖ ਮਾਣ ਵਾਲੇ
ਬੱਝੇ ਨੇਮ ਦਸਮੇਸ਼ ਨੇ ਤੋੜ ਘੱਤੇ, ਆਏ ਦਿਨ ਜਾਣੋ ਨਿੱਘਰ ਜਾਣ ਵਾਲੇ
ਤੁਸੀਂ ਮਹਾਰਾਜੇ ਹੋ ਕੇ ਲੁੱਕ ਬੈਠੇ, ਕੰਮ ਹੋ ਰਹੇ ਧਰਮ ਮਿਟਾਣ ਵਾਲੇ
ਕਰੇ ਹੌਸਲਾ ਕਿਵੇਂ ਇਹ ਗੁਰੂ ਏਡਾ, ਹੋਵੋ ਤੁਸੀਂ ਜੇ ਹੱਥ ਦਿਖਾਣ ਵਾਲੇ
'ਤੀਰ' ਜਾ ਪਹੁੰਚੇ ਬਾਈਧਾਰ ਅੰਦਰ, ਦੋਖੀ ਥਾਂ-ਥਾਂ ਅੱਗ ਭੜਕਾਣ ਵਾਲੇ

### ਪਹਾੜੀ ਰਾਜੇ ਅਨੰਦਪੁਰ ਵਿਚ (ਵੱਲੋਂ ਕਵੀ)

ਜਦੋਂ ਇਸ ਤਰ੍ਹਾਂ ਈਰਖੀ ਪੰਡਤਾਂ ਨੇ, ਲਾ-ਲਾ ਲੂਤੀਆਂ ਖ਼ੂਬ ਚਿੜਾਏ ਰਾਜੇ
ਤਦੋਂ ਝੱਟ ਅਜਮੇਰ ਬਿਲਾਸ ਪੁਰੀਏ, ਦੂਤ ਭੇਜ ਕੇ ਸੱਭ ਸਦਾਏ ਰਾਜੇ
ਬਾਈਧਾਰ ਟੁਰ ਪਈ ਅਨੰਦ ਪੁਰ ਨੂੰ, ਕਈ ਰਾਹ ਵਿਚ ਨਾਲ ਰਲਾਏ ਰਾਜੇ
'ਤੀਰ' ਦੀਪਮਾਲਾ ਆਈ ਜਦੋਂ ਨੇੜੇ, ਜਾਣੀ-ਜਾਣ ਜੀ ਦੇ ਪਾਸ ਆਏ ਰਾਜੇ

### ਰਾਜਿਆਂ ਦਾ ਖ਼ਿਆਲ (ਵੱਲੋਂ ਕਵੀ)

ਕੀਤੀ ਇਹ ਸਲਾਹ ਸੀ ਰਾਜਿਆਂ ਨੇ, ਚੱਲੋ ਚੱਲ ਕੇ ਗੱਲ ਨਿਤਾਰ ਆਈਏ
ਕੰਨੀ ਸੁਣੀ ਜੋ ਕਿਸੇ ਤੋਂ ਗੱਲ ਏਥੇ, ਰਤਾ ਓਸ ਉੱਤੇ ਝਾਤੀ ਮਾਰ ਆਈਏ
ਤੁੱਲ ਪਿਆ ਹੈ ਕਿਹੜਿਆਂ ਕਾਰਿਆਂ 'ਤੇ, ਵੇਖ ਗੁਰੂ ਦਸਮੇਸ਼ ਦੀ ਕਾਰ ਆਈਏ
'ਤੀਰ' ਭੇਦ ਸਾਰਾ ਏਦਾਂ ਲੈ ਆਈਏ, ਨਾਲੇ ਗੁਰੂ ਦਾ ਵੇਖ ਦਰਬਾਰ ਆਈਏ

### ਮਹਾਰਾਜ ਪਾਸ ਰਾਜੇ ਆਏ (ਵੱਲੋਂ ਕਵੀ)

ਆਏ ਸਭ ਰਾਜੇ ਪੱਕਾ ਮਤਾ ਕਰਕੇ, ਚਾਲ ਆਪਣੀ ਕੋਈ ਚਲਾਣ ਆਏ
ਜਿਨ੍ਹੇ ਸਾਰੇ ਜਹਾਨ ਨੂੰ ਤਾਰਨਾ ਏਂ, ਦਿਲੋਂ ਓਸਨੂੰ ਕੁਝ ਸਮਝਾਣ ਆਏ
ਜਿਨ੍ਹੇ ਭੁੱਲਿਆਂ ਨੂੰ ਰਾਹੇ ਪਾਵਣਾ ਏਂ, ਵੇਖੋ ਓਸ ਨੂੰ ਰਾਹ ਵਿਖਾਣ ਆਏ
'ਤੀਰ' ਮੱਤ ਮਾਰੀ ਏ ਟਟਿਹਣਿਆਂ ਦੀ, ਸੂਰਜ ਸਾਹਮਣੇ ਜੋਤ ਜਗਾਣ ਆਏ

## ਵੱਲੋਂ ਕਵੀ

ਆਦਰ ਮਾਨ ਕੀਤਾ ਗੁਰਾਂ ਰਾਜਿਆਂ ਦਾ, ਡੇਰੇ ਸੱਭ ਦੇ ਬਾਹਰ ਲੁਵਾ ਦਿੱਤੇ
ਸਾਰਾ ਰਸਦ ਪਾਣੀ ਉਥੇ ਭੇਜ ਦਿੱਤਾ, ਵੱਖੋ ਵੱਖਰੇ ਤੰਬੂ ਸਜਾ ਦਿੱਤੇ
ਨਾਲੇ ਆਖਿਆ ਇਨ੍ਹਾਂ 'ਤੇ ਅੱਖ ਰੱਖੋ, ਸੱਭੋ ਤਰ੍ਹਾਂ ਦੇ ਭੇਦ ਸਮਝਾ ਦਿੱਤੇ
'ਤੀਰ' ਸ੍ਰੀ ਦਸਮੇਸ਼ ਨੇ ਏਸ ਵੇਲੇ, ਰਾਜਨੀਤ ਦੇ ਚੱਕਰ ਚਲਾ ਦਿੱਤੇ

## ਰਾਤੀਂ ਰਾਜੇ 'ਕੱਠੇ ਹੋ ਕੇ ਸੋਚਦੇ ਹਨ

ਰਾਤੀਂ ਰੱਲ ਬੈਠੇ ਇਕ ਜਗ੍ਹਾ ਰਾਜੇ, ਵਾਰੋ-ਵਾਰ ਦਲੀਲ ਦੁੜਾਂਵਦੇ ਨੇ
ਕਹਿੰਦਾ ਇਕ "ਦਸਮੇਸ਼ ਦੇ ਪਾਸ ਵੇਖੋ, ਸੈਆਂ ਸੂਰਮੇਂ ਸਮਾਂ ਬਿਤਾਂਵਦੇ ਨੇ"
ਦੂਜਾ ਆਖਦਾ "ਆਂਵਦੀ ਟੋਟ ਨਾਹੀਂ, ਲੋਕੀਂ ਧਨ ਜੋ ਭੇਟ ਚੜ੍ਹਾਂਵਦੇ ਨੇ"
ਤੀਜਾ ਆਖਦਾ "ਗੁਰੂ ਜੀ ਸਾਰਿਆਂ ਨੂੰ, ਨਿੱਤ ਜੰਗ ਦੀ ਜਾਚ ਸਿਖਾਂਵਦੇ ਨੇ"
ਚੌਥਾ ਆਖਦਾ "ਰੋਜ਼ ਪਰਚਾਰ ਕਰਕੇ, ਪਏ ਆਪਣਾ ਪੰਥ ਵਧਾਂਵਦੇ ਨੇ"
ਆਖੇ ਪੰਜਵਾਂ "ਇਹ ਭੀ ਵੇਖਿਆ ਜੇ, ਨਾਲ ਪੰਡਤਾਂ ਦੇ ਸ਼ੂਦਰ ਖਾਂਵਦੇ ਨੇ"
ਅਤੇ ਬੋਲਿਆ ਇਉਂ ਬਿਲਾਸਪੁਰੀਆ :—ਸਮੇਂ ਸੱਜਣੋਂ! ਪਲਟਦੇ ਜਾਂਵਦੇ ਨੇ
ਏਦਾਂ ਜਾਪਦਾ ਏ ਅੱਜ ਕੱਲ੍ਹ ਨੂੰ ਹੀ, ਸਾਡੇ ਰਾਜ ਨੂੰ ਹੱਥ ਇਹ ਪਾਂਵਦੇ ਨੇ
ਫ਼ੌਜ ਰੋਜ਼ ਦੀ ਰੋਜ਼ ਵਧਾਂਵਦੇ ਨੇ, ਗੁੱਝੀ ਨਿੱਤ ਸਲਾਹ ਪਕਾਂਵਦੇ ਨੇ
ਕੰਮ ਇਨ੍ਹਾਂ ਦੇ ਨੇ ਰਾਜਨੀਤ ਵਾਲੇ, ਮੇਰੇ ਮੰਨ ਨੂੰ ਮੂਲ ਨਾ ਭਾਂਵਦੇ ਨੇ
ਰਾਜੇ ਅਸੀਂ ਹਾਂ, ਆਣ ਕੇ ਇਹ ਏਥੇ, ਵੇਖੋ ਆਪਣਾ ਰੋਹਬ ਜਮਾਂਵਦੇ ਨੇ
ਜੂਹਾਂ ਸਾਡੀਆਂ ਵਿਚ ਸ਼ਿਕਾਰ ਖੇਡਣ, ਜੇਕਰ ਹੋੜੀਏ ਸਗੋਂ ਡਰਾਂਵਦੇ ਨੇ
ਥਾਂ-ਥਾਂ ਇਨ੍ਹਾਂ ਦਾ ਪਿਆ ਰਣਜੀਤ ਗੂੰਜੇ, ਜਿਧਰ ਜਾਂਵਦੇ ਪਏ ਵਜਾਂਵਦੇ ਨੇ
ਪਿਆ ਦਿੱਸਦਾ ਏ ਬਾਈਧਾਰ ਉੱਤੇ, 'ਤੀਰ' ਦਿੱਨ ਭੇੜੇ ਭੱਜੇ ਆਂਵਦੇ ਨੇ

## ਸਵੇਰ ਦਾ ਦੀਵਾਨ (ਵੱਲੋਂ ਕਵੀ)

ਉਧਰ ਗਿੱਟੀਆਂ ਗਿਣਦਿਆਂ ਰਾਤ ਬੀਤੀ, ਸਜ ਗਿਆ ਸਵੇਰ ਦਰਬਾਰ ਵੇਖੋ
ਤਿੱਲ ਮਾਰਿਆ ਮੂਲ ਨਾ ਪਵੇ ਭੁੰਵੇ, ਪਿਆ ਸੋਭਦਾ ਸਿੱਖ-ਪਰਵਾਰ ਵੇਖੋ
ਬੈਠੇ ਸੂਰਮੇ ਸਾਹਮਣੇ ਸੂਤ ਤੇਗਾਂ, ਦੇਣ ਦੀਦ ਤੇ ਕਰਨ ਦੀਦਾਰ ਵੇਖੋ
ਸੋਭਾ ਵੇਖ ਦਰਬਾਰ ਦੀ ਮਨ ਅੰਦਰ, ਜੱਸ ਪਏ ਕਰਦੇ ਨੱਰ ਨਾਰ ਵੇਖੋ
ਸੇਵਾਦਾਰ ਕਮਾਂਵਦੇ ਟਹਿਲ ਸੇਵਾ, ਦਿਲੋਂ ਪਾਲਦੇ ਪ੍ਰੇਮ ਪਿਆਰ ਵੇਖੋ
ਜਿਗ੍ਹਾ ਸੀਸ ਸੋਭੇ ਬਾਜ ਹੱਥ ਉੱਤੇ, ਮਨ ਮੋਂਹਦਾ ਦਸਮ ਦਾਤਾਰ ਵੇਖੋ
ਝਲਕ ਆਪਦੀ ਮੂਲ ਨਾ ਜਾਏ ਝੱਲੀ, ਅੱਖਾਂ ਵਿਚ ਵੱਜੇ ਚਮਤਕਾਰ ਵੇਖੋ
ਹੁੰਦਾ ਕੀਰਤਨ ਅਜਬ ਹੀ ਰੰਗ ਬੱਝਾ, ਹੋਵੇ ਦਰਸ਼ਨਾਂ ਨਾਲ ਪਰਚਾਰ ਵੇਖੋ

ਭੇਟਾ ਵੰਨ-ਸਵੰਨੀਆਂ ਚੜ੍ਹਨ ਪਈਆਂ, ਗਾਈ ਜਾਂਵਦੀ ਏ ਆਸਾ-ਵਾਰ ਵੇਖੋ
'ਤੀਰ' ਭੋਗ ਤੇ ਮੋਖ ਦੀ ਵੰਡ ਹੋਵੇ, ਤਾਂ ਵੀ ਮੁੱਕਦਾ ਨਹੀਂ ਭੰਡਾਰ ਵੇਖੋ

### ਰਾਜੇ ਦਰਬਾਰ ਵਿਚ ਆਏ (ਵੱਲੋਂ ਕਵੀ)

ਰਾਜੇ ਹੋ ਕੱਠੇ ਆਏ ਦਰਸ਼ਨਾਂ ਨੂੰ, ਪੁੱਜੇ ਆਨ ਕੇ ਜਦੋਂ ਦੀਵਾਨ ਅੰਦਰ
ਰੱਬੀ-ਰੋਅਬ ਅੱਗੇ ਧੌਣਾਂ ਝੁੱਕ ਗਈਆਂ, ਰਾਜੇ ਹੋਣ ਦਾ ਰਿਹਾ ਨਾ ਮਾਨ ਅੰਦਰ
ਭੇਟਾ ਰੱਖੀਆਂ ਫੇਰ ਸਤਿਗੁਰਾਂ ਅੱਗੇ, ਐਪਰ ਬੋਲ ਨਾ ਰਿਹਾ ਜ਼ਬਾਨ ਅੰਦਰ
'ਤੀਰ' ਖੁਤਖੁਤੀ ਉਨ੍ਹਾਂ ਨੂੰ ਹੋਣ ਲੱਗੀ, ਕੋਈ ਤੌਖ਼ਲਾ ਪੈ ਗਿਆ ਜਾਨ ਅੰਦਰ

### ਮਹਾਰਾਜ ਦੀ ਦਿਆਲਤਾ (ਵੱਲੋਂ ਕਵੀ)

ਪੁੱਛੀ ਸੁੱਖ-ਅਨੰਦ ਦਸਮੇਸ਼ ਜੀ ਨੇ, ਫੇਰ ਆਪਣੇ ਪਾਸ ਬਿਠਾਏ ਸਾਰੇ
ਨਾਲੇ ਪੁੱਛਿਆ ਕੀ ਹੈ ਭੇਦ ਕੋਈ, ਕਿਵੇਂ ਰੱਲ ਕੇ ਤੁਸੀਂ ਹੋ ਆਏ ਸਾਰੇ
ਹੱਥ ਜੋੜ ਅਜਮੇਰ ਨੇ ਅਰਜ਼ ਕੀਤੀ, "ਮਹਾਰਾਜ! ਇਹ ਮੈਂ ਬੁਲਾਏ ਸਾਰੇ
'ਤੀਰ' "ਆਪਦੇ ਏਸ ਦਰਬਾਰ ਅੰਦਰ, ਹੈਣ ਦਰਸ਼ਨਾਂ ਵਾਸਤੇ ਆਏ ਸਾਰੇ"

### ਸ੍ਰੀ ਦਸਮੇਸ਼ ਜੀ ਦੀ ਰਾਜਿਆਂ ਨਾਲ ਗੱਲਬਾਤ

ਜਾਣੀ-ਜਾਣ ਨੇ ਆਖਿਆ ਰਾਜਿਆਂ ਨੂੰ, ਭੁੱਲੋ ਕਦੇ ਨਾ ਕੌਲ ਸਿਆਣਿਆਂ ਦੇ
ਪੁੜ ਚੱਕੀਆਂ ਦੇ ਸਦਾ ਰਹਿਣ ਭਾਰੂ, ਹੁੰਦੇ ਨਹੀਂ ਔਖੇ ਕਦੇ ਦਾਣਿਆਂ ਦੇ
ਰੱਬ ਦਿੱਤੀਆਂ ਜਿਨ੍ਹਾਂ ਨੂੰ ਦੋ ਅੱਖੀਂ, ਹੁੰਦੇ ਉਹ ਗ਼ੁਲਾਮ ਨਾ ਕਾਣਿਆਂ ਦੇ
ਤੁਸੀਂ ਲੋਹੇ ਦੇ ਚਣੇ ਸੌ ਜੱਗ ਅੰਦਰ, ਐਪਰ ਅੱਜ ਹੋ ਵਾਂਗ ਮਖਾਣਿਆਂ ਦੇ
ਕੱਢੀ ਜਿੰਦ ਗ਼ੁਲਾਮੀ ਨੇ ਸਾਰਿਆਂ ਦੀ, ਕੱਟੋ ਦਿਨ ਵਾਂਗੂੰ ਬੇ-ਪਰਵਾਣਿਆਂ ਦੇ
ਹੱਥ ਵੱਸ ਨਾ ਆਪਦੇ ਕੁਝ ਰਿਹਾ, ਵਾਲੀ ਹੋਰ ਨੇ ਪੇਟਿਆਂ-ਤਾਣਿਆਂ ਦੇ
ਲੋਕੀਂ ਆਖਦੇ ਨੇ 'ਡੁੱਬੇ ਚੰਦ ਵੇਖੋ, ਅਣਖ ਵਾਲਿਆਂ ਉੱਚ ਘਰਾਣਿਆਂ ਦੇ'
ਤੁਸਾਂ ਡਿੱਗ ਕੇ ਫੇਰੀਆਂ ਫਾਹੀਆਂ ਨੇ, ਸਿੱਕੇ ਚੱਲਦੇ ਤਦੇ ਜਰਵਾਣਿਆਂ ਦੇ
ਤੁਸੀਂ ਆਪਣੇ ਆਪ ਨੂੰ ਕਹੋ ਰਾਜੇ, ਮੈਂ ਤੇ ਜਾਣਦਾ ਹਾਂ ਕੈਦੀ ਥਾਣਿਆਂ ਦੇ
ਦੇਸ਼ ਵੱਸਣਾ ਨਹੀਂ ਸੁਖਿਆਰ ਹੋ ਕੇ, ਹੋਣ ਰਾਜ ਜੇਕਰ ਉੱਜੜ-ਜਾਣਿਆਂ ਦੇ
ਦੱਸੋ ਕੰਮ ਕਿਹੜੇ ਫੇਰ ਰਾਜਪੂਤੀ, ਸੁੱਖ ਕੰਮ ਕਿਹੜੇ ਮਹਿਲਾਂ ਮਾਣਿਆਂ ਦੇ
ਜਦੋਂ ਹਿੰਦ ਅੰਦਰ ਹਿੰਦ ਵਾਸੀਆਂ ਦੇ, ਸਿਰ ਰੁਲਦੇ ਵਾਂਗ ਹਦਵਾਣਿਆਂ ਦੇ
ਬਹੂ-ਬੇਟੀਆਂ ਦੀ ਪੱਤ ਪਈ ਰੁੱਲੇ, ਸੁੱਤੇ ਤੁਸੀਂ ਹੋ ਵਾਂਗੂੰ ਅਵਾਣਿਆਂ ਦੇ
'ਤੀਰ' ਗਿੱਦੜਾਂ ਦੀ ਤੁਸਾਂ ਬਾਣ ਧਾਰੀ, ਵਿਚ ਹੋ ਕੇ ਸ਼ੇਰ ਦੇ ਬਾਣਿਆਂ ਦੇ

### ਮਹਾਰਾਜ ਫੇਰ ਕਹਿੰਦੇ ਹਨ

ਤੁਸੀਂ ਆਪਣੇ ਵੱਡਿਆਂ ਵੱਲ ਵੇਖੋ, ਏਥੇ ਕਿਵੇਂ ਬਣਾਈ ਸੀ ਸ਼ਾਨ ਉਹਨਾਂ
ਕਿਵੇਂ ਦੇਸ਼ ਖ਼ਾਤਰ ਜਿੰਦਾਂ ਰਹੇ ਦੇਂਦੇ, ਕਿਵੇਂ ਜ਼ੁਲਮ ਦਾ ਤੋੜਿਆ ਮਾਨ ਉਹਨਾਂ
ਤੁਸੀਂ ਜਾਨ ਬਚਾਂਵਦੇ ਲੁੱਕਦੇ ਓ, ਵਾਰੀ ਦੇਸ਼ ਦੇ ਵਾਸਤੇ ਜਾਨ ਉਹਨਾਂ
ਤੁਸਾਂ ਸੌਂਪਿਆ ਮਾਨ ਬਦੇਸ਼ੀਆਂ ਨੂੰ, ਕਾਇਮ ਰੱਖਿਆ ਆਪਣਾ ਮਾਨ ਉਹਨਾਂ
ਤੁਸਾਂ ਥੇਹ ਕਰਵਾਏ ਨੇ ਚੁੱਪ ਕਰਕੇ, ਜੋ ਬਣਾਏ ਸੀ ਧਰਮ ਸਥਾਨ ਉਹਨਾਂ
ਤੁਸਾਂ ਗਲੇ ਗ਼ੁਲਾਮੀਆਂ ਪਾ ਲਈਆਂ, ਸੀ ਅਜ਼ਾਦ ਕੀਤਾ ਹਿੰਦੁਸਤਾਨ ਉਹਨਾਂ
ਤੁਸੀਂ ਆਪ ਹੋ, ਹੋ ਹੈਰਾਨ ਬੈਠੇ, ਕੀਤਾ ਜਾਬਰਾਂ ਤਾਈਂ ਹੈਰਾਨ ਉਹਨਾਂ
ਤੁਸੀਂ ਝੁੱਕ ਗਏ ਆਪ ਸੁਲਤਾਨ ਅੱਗੇ, ਪੈਰਾਂ ਵਿਚ ਬਿਠਾਏ ਸੁਲਤਾਨ ਉਹਨਾਂ
ਤੁਸੀਂ ਜੁੰਡਲੀ ਬਣੇ ਨਗੱਲਿਆਂ ਦੀ, ਪਾਲੀ ਆਖ ਕੇ ਸਦਾ ਜ਼ਬਾਨ ਉਹਨਾਂ
'ਤੀਰ' ਤੁਸੀਂ ਮੈਦਾਨ 'ਚੋਂ ਨੱਠਦੇ ਓ, ਮਾਰੇ ਲੜਦਿਆਂ ਕਈ ਮੈਦਾਨ ਉਹਨਾਂ

### ਫਿਰ ਕਹਿੰਦੇ ਹਨ

ਵੇਖੋ ਖ਼ਾਲਸਾ ਪੰਥ ਮੈਂ ਸਾਜਿਆ ਏ, ਦੀਨ ਦੁਖੀ ਦੀ ਟਹਿਲ ਕਮਾਣ ਖ਼ਾਤਰ
ਦਰਦਵੰਦ ਦਾ ਦਰਦ ਮਿਟਾਣ ਖ਼ਾਤਰ, ਦੇਸ਼ ਕੌਮ ਤੋਂ ਜਾਨ ਘੁਮਾਣ ਖ਼ਾਤਰ
ਊਚ-ਨੀਚ ਦਾ ਭੇਦ ਮਿਟਾਣ ਖ਼ਾਤਰ, ਸੁੱਤੀ ਕੌਮ ਦੀ ਆਣ ਜਗਾਣ ਖ਼ਾਤਰ
ਇੱਕੋ-ਇਕ ਅਕਾਲ ਜਪਾਣ ਖ਼ਾਤਰ, ਜ਼ੋਰ ਜ਼ੁਲਮ ਨੂੰ ਈਨ ਮਨਾਣ ਖ਼ਾਤਰ
ਖੰਡਾ ਰਣ ਦੇ ਵਿਚ ਖੜਕਾਣ ਖ਼ਾਤਰ, ਧੱਕੇਸ਼ਾਹੀ ਨੂੰ ਭਾਜੜਾਂ ਪਾਣ ਖ਼ਾਤਰ
'ਤੀਰ' ਗਲੋਂ ਗ਼ੁਲਾਮੀਆਂ ਲਾਹਣ ਖ਼ਾਤਰ, ਹਿੰਦ ਦੇਸ਼ ਅਜ਼ਾਦ ਕਰਾਣ ਖ਼ਾਤਰ

### ਪੰਥ ਵਿਚ ਆ ਜਾਣ ਦੀ ਪ੍ਰੇਰਨਾ ਦੇਂਦੇ ਹਨ

ਜੇਕਰ ਤੁਸੀਂ ਵੀ ਧਾਰ ਲਓ ਪੰਥ ਐਸਾ, ਕਿਉਂ ਫੇਰ ਜ਼ਾਲਮ ਬੂਏ ਹੋਏ ਕੋਈ
ਧੋਣੇ ਆਪਣੇ ਅਸੀਂ ਜੇ ਧੋ ਲਈਏ, ਤੇਗ਼ ਰੱਤ ਅੰਦਰ ਕਾਹਨੂੰ ਧੋਏ ਕੋਈ
ਅਸੀਂ ਏਕਤਾ ਵਿਚ ਪਰੁੱਚੀਏ ਜੇ, ਕਿਉਂ ਨੇਜ਼ਿਆਂ ਵਿਚ ਪਰੋਏ ਕੋਈ
ਅਸੀਂ ਆਪਣੇ ਪੈਰੀਂ ਖਲੋਵੀਏ ਜੇ, ਸਾਡੇ ਸਾਮ੍ਹਣੇ ਕਿਵੇਂ ਖਲੋਏ ਕੋਈ
ਅਸੀਂ ਜੀਂਵਦੀ ਕੌਮ ਜੇ ਬਣ ਜਾਈਏ, ਕਿਉਂ ਹਿੰਦੀਆਂ ਨੂੰ ਆਖੇ ਮੋਏ ਕੋਈ
ਅਸੀਂ ਗਲੋਂ ਗ਼ੁਲਾਮੀਆਂ ਲਾਹਵੀਏ ਜੇ, ਕਿਉਂ ਡੰਗਰਾਂ ਦੇ ਵਾਂਗ ਜੋਏ ਕੋਈ
ਅਸੀਂ ਲਹੂ ਜੇ ਸਿੰਜੀਏ ਦੇਸ਼ ਬਦਲੇ, ਕਿਉਂ ਤੇਲ ਸਾਡੀ ਜੜ੍ਹੀਂ ਚੋਏ ਕੋਈ
ਰੋਈਏ ਅਸੀਂ ਜੇ ਆਪਣੇ ਹਾਲ ਉੱਤੇ, ਕਾਹਨੂੰ ਦੇਸ਼ ਅੰਦਰ ਦੁਖੀ ਰੋਏ ਕੋਈ
ਸਾਰੇ ਅਸੀਂ ਜੇਕਰ ਸ਼ੇਰ ਕੌਮ ਬਣੀਏਂ, ਸਾਨੂੰ ਕੌਣ ਆਖੇ ਫੇਰ ਓਏ! ਕੋਈ
ਜੇਕਰ ਢੋ ਬਚਾਅ ਦਾ ਸੋਚ ਲਈਏ, ਕਿਉਂ ਹਿੰਦ ਦੀ ਲੱਛਮੀ ਢੋਏ ਕੋਈ

ਦਾਅਵੇ ਬੰਨ੍ਹ ਕੇ ਅਸੀਂ ਜੇ ਰੋਕ ਪਾਈਏ, ਚੱਕੀ ਜ਼ੁਲਮ ਵਾਲੀ ਕਾਹਨੂੰ ਝੋਏ ਕੋਈ
ਵੀਰ-ਵੀਰ ਜੇਕਰ ਖੰਡ-ਖੀਰ ਹੋਈਏ, ਕਿਉਂ ਕਾਲਜੇ 'ਤੀਰ' ਚੁਭੋਏ ਕੋਈ

### ਫੇਰ

ਕਿਹੋ ਜਿਹੇ ਬਜ਼ੁਰਗ ਸੀ ਆਪ ਜੀ ਦੇ, ਰਤਾ ਰਾਜਿਓ ਗੱਲ ਸੁਣਾਓ ਤੇ ਸਹੀ
ਸੂਰਬੀਰ ਦੇ ਇਹੋ ਨੇ ਕਰਮ ਹੁੰਦੇ, ਜ਼ਰਾ ਅੰਦਰੀਂ ਝਾਤੀਆਂ ਪਾਓ ਤੇ ਸਹੀ
ਇਹ ਵੀ ਬੰਦਿਆਂ ਦੀ ਕੋਈ ਜ਼ਿੰਦਗੀ ਏ ? ਰਤਾ ਦਿਲੋਂ ਦਲੀਲ ਦੁੜਾਓ ਤੇ ਸਹੀ
'ਤੀਰ' ਟੁੱਟ ਗ਼ੁਲਾਮੀਆਂ ਜਾਣਗੀਆਂ, ਤੁਸੀਂ ਆਪਣਾ ਜੁੱਟ ਬਣਾਓ ਤੇ ਸਹੀ

### ਪਹਾੜੀ ਰਾਜਿਆਂ ਲਿੱਦ ਕਰ ਦਿੱਤੀ

ਅੱਗੋਂ ਕਿਹਾ ਪਹਾੜੀਆਂ ਰਾਜਿਆਂ ਨੇ, ਨਹੀਂ ਏਸ ਰਾਹੇ ਅਸੀਂ ਜਾ ਸਕਦੇ
ਅਸੀਂ ਰਈਅਤਾਂ ਓਹ ਪਾਤਸ਼ਾਹ ਸਾਡੇ, ਮੱਥਾ ਨਹੀਂ ਉਹਨਾਂ ਨਾਲ ਲਾ ਸਕਦੇ
ਤੁਸਾਂ ਪੰਥ ਜੋ ਨਵਾਂ ਈ ਸਾਜਿਆ ਏ, ਅਸੀਂ ਪੈਰ ਨਹੀਂ ਓਸ ਵਿਚ ਪਾ ਸਕਦੇ
ਉੱਚੀ ਜ਼ਾਤ ਸਾਡੀ, ਰਾਜਪੂਤ ਹੋ ਕੇ, ਕਦੇ ਸ਼ੂਦਰਾਂ ਨਾਲ ਨਹੀਂ ਖਾ ਸਕਦੇ
ਬਾਈਧਾਰ ਦੇ ਅਸੀਂ ਹਾਂ ਮਹਾਰਾਜੇ, ਭੁੱਖ ਨੰਗ, ਨਹੀਂ ਨਾਲ ਮਿਲਾ ਸਕਦੇ
ਤੁਸੀਂ ਆਪਣੀ ਲਵੋ ਨਿਬੇੜ ਆਪੇ, ਆਪ ਨਾਲ ਨਹੀਂ ਅਸੀਂ ਨਿਭਾ ਸਕਦੇ
ਐਸ਼ ਵਿਚ ਪਏ ਬੀਤਦੇ ਦਿਨ ਸਾਡੇ, ਹੱਥੀਂ ਆਪਣੀ ਨਹੀਂ ਗੁਵਾ ਸਕਦੇ
'ਤੀਰ' ਗਰਕ ਜਾਵੇ ਢੱਠੇ ਖੂਹ ਅੰਦਰ, ਦੇਸ਼ ਲਈ ਨਹੀਂ ਤੇਗ ਉਠਾ ਸਕਦੇ

### ਦਸਮੇਸ਼ ਜੀ ਫੇਰ ਰਾਜਿਆਂ ਨੂੰ ਕਹਿੰਦੇ ਹਨ

ਜਦੋਂ ਗਰਜ਼ ਨੂੰ ਲਵੇ ਅਪਣਾ ਕੋਈ, ਰਹਿੰਦਾ ਫੇਰ ਨਾ ਭਲਾ ਕਮਾਣ ਜੋਗਾ
ਜਦੋਂ ਲਾਲਚਾਂ ਨੇ ਮੱਲੀ ਥਾਂ ਹੋਵੇ, ਹੁੰਦਾ ਦਿੱਲ ਨਹੀਂ ਦਰਦ ਵੰਡਾਣ ਜੋਗਾ
ਜਦੋਂ ਗਲੇ, ਗ਼ੁਲਾਮੀਆਂ ਪੈ ਜਾਵਣ, ਬੰਦਾ ਰਹੇ ਨਾ ਬੰਦਾ ਸਦਾਣ ਜੋਗਾ
ਰੋਣੇ ਆਪਣੇ ਨਿੱਤ ਜੋ ਪਿਆ ਰੋਵੇ, ਕਦੇ ਹੋਇ ਨਾ ਤੇਗ ਉਠਾਨ ਜੋਗਾ
ਜਿਹੜਾ ਪੇਟ ਹੀ ਪਾਲਣਾ ਜਾਣਦਾ ਏ, ਘਰੋਂ ਨਹੀਂ ਬਣਦਾ ਲੰਗਰ ਲਾਣ ਜੋਗਾ
ਜਿਹੜਾ ਆਪ ਹੀ ਡੁੱਬ ਕੇ ਖਾਏ ਗੋਤੇ, ਨਹੀਂ ਕਿਸੇ ਨੂੰ ਪਾਰ ਲੰਘਾਣ ਜੋਗਾ
ਜਿਹਨੇ ਅਣਖ ਵਾਲੀ ਪੱਟੀ ਮੇਸ ਦਿੱਤੀ, ਦੇਸ਼-ਭਗਤ ਨਾ ਉਹ ਸਦਾਣ ਜੋਗਾ
ਰਾਜਪੂਤ ਹੋ ਕੇ ਜਿਹਨੇ, ਈਨ ਮੰਨੀ, ਜਾਣੋਂ ਰਹਿ ਗਿਆ ਸੀਸ ਨਿਵਾਣ ਜੋਗਾ
ਜੋ ਵੀ ਮਰਦ ਹੋਵੇ ਅਣਖ ਆਨ ਬਾਝੋਂ, ਹੁੰਦਾ ਜੀਂਵਦੇ ਜੀ ਬਬਾਣ ਜੋਗਾ
'ਤੀਰ' ਹੱਕ ਨਹੀਂ ਓਸਨੂੰ ਜੀਵਣੇ ਦਾ, ਦੇਸ਼ ਪ੍ਰੇਮ ਜੋ ਨਹੀਂ ਨਿਭਾਣ ਜੋਗਾ

### ਫੇਰ ਕਹਿੰਦੇ ਹਨ

ਤੁਸਾਂ ਰਾਜਿਓ! ਭੁੱਲ ਕੇ ਗ਼ਰਜ਼ ਪਿੱਛੇ, ਐਵੇਂ ਆਪਣੀ ਅਣਖ ਤੇ ਆਨ ਵੇਚੀ
ਇੱਜ਼ਤ-ਪੱਤ ਵੇਚੀ, ਜੀਵਣ-ਮੌਤ ਵੇਚੇ, ਝੂਠੀ ਐਸ਼ ਦੇ ਲਈ ਸੰਤਾਨ ਵੇਚੀ
ਧਰਮ ਵੇਚਿਆ, ਵੱਟੇ ਗ਼ੁਲਾਮੀਆਂ ਦੇ, ਕੋਲ ਜ਼ਾਲਮਾਂ ਦੇ ਜਿੰਦ-ਜਾਨ ਵੇਚੀ
'ਤੀਰ' ਵੇਚਿਆ ਜੇ ਦੇਸ਼ ਭੰਗ-ਭਾੜੇ, ਵੇਚੀ ਰਾਜਪੂਤੀ, ਸ਼ਾਹੀ-ਸ਼ਾਨ ਵੇਚੀ

### ਮਹਾਰਾਜ ਦਲੇਰੀ ਦੇਂਦੇ ਹਨ

ਭਾਰਤ ਮਾਂ ਦੇ ਤੁਸੀਂ ਸਪੂਤ ਹੋ ਤਾਂ, ਉਠੋ! ਮਾਂ ਦੀ ਬੰਦ ਖਲਾਸ ਕਰੀਏ
ਲੱਕ ਬੰਨ ਲਓ ਢੇਰੀਆਂ ਢਾਹੋ ਨਾਹੀਂ, ਸ਼ੁਰੂ ਆਪਣਾ ਨਵਾਂ ਇਤਿਹਾਸ ਕਰੀਏ
ਧ੍ਰਿਗ ਧ੍ਰਿਗ ਗ਼ੁਲਾਮ ਦੀ ਜ਼ਿੰਦਗੀ 'ਤੇ, ਜੇਕਰ ਆਪਣੇ ਦਿਲੀਂ ਅਹਿਸਾਸ ਕਰੀਏ
ਜਾਪੇ ਜੀਵਣਾ ਇਸ ਤਰ੍ਹਾਂ ਯੋਗ ਨਾਹੀਂ, ਅਸੀਂ ਠੀਕ ਜੇ ਕਦੇ ਕਿਆਸ ਕਰੀਏ
ਸਾਡਾ ਧਰਮ ਹੈ ਆਪ ਨਾ ਦਾਸ ਹੋਈਏ, ਅਤੇ ਕਿਸੇ ਨੂੰ ਮੂਲ ਨਾ ਦਾਸ ਕਰੀਏ
ਸ਼ੇਰੋ ਰਾਜਪੂਤੋ! ਕੰਮ ਆਪਣੇ ਨੂੰ, ਹੱਥੀਂ ਆਪਣੀ ਚਾਹੀਦਾ ਰਾਸ ਕਰੀਏ
ਜਾਂ ਗ਼ੁਲਾਮੀਆਂ ਕੱਟੀਏ ਦੇਸ਼ ਦੀਆਂ, ਇਕੇ ਦੇਸ਼ ਤੋਂ ਵਾਰਨੇ ਸਾਸ ਕਰੀਏ
ਰੱਬ ਹਿੰਮਤਾਂ ਬਖ਼ਸ਼ਦਾ ਮਿਹਰ ਕਰਕੇ, ਨੇਕ ਕੰਮ ਦੀ ਅਸੀਂ ਜੇ ਆਸ ਕਰੀਏ
ਸਾਡਾ ਕੰਮ ਹੈ ਇਹੋ ਹੀ ਸਾਰਿਆਂ ਦਾ, ਜ਼ੋਰ, ਜ਼ੁਲਮ, ਅਨਿਆਂ ਦਾ ਨਾਸ ਕਰੀਏ
'ਤੀਰ' ਦੇਸ਼ ਨੂੰ ਰਲ ਅਜ਼ਾਦ ਕਰੀਏ, ਨਹੀਂ ਤਾਂ ਵਿੱਚ ਮਸਾਣਾਂ ਦੇ ਵਾਸ ਕਰੀਏ

### ਰਾਜਿਆਂ ਦਾ ਜਵਾਬ

ਕਿਹਾ ਰਾਜਿਆਂ ਆਖਣੀ ਗੱਲ ਸੌਖੀ, ਪਤਾ ਲੱਗਦਾ ਜਦੋਂ ਨਿਭਾਈਦੀ ਏ
ਗੱਲਾਂ ਨਾਲ ਲੈਂਦੇ ਚੂਹੇ ਬੰਨ੍ਹ ਬਿੱਲੀ, ਐਪਰ ਵੇਖ ਕੇ ਜਿੰਦ ਲੁਕਾਈਦੀ ਏ
ਤੁਰਕ-ਰਾਜ ਹੈ ਜ਼ੋਰ ਵਿਚ ਏਸ ਵੇਲੇ, ਸਾਨੂੰ ਲੋੜ ਨਾ ਕੋਈ ਲੜਾਈ ਦੀ ਏ
ਅਸੀਂ ਬਲੀ ਦੇ ਬੱਕਰੇ ਨਹੀਂ ਬਣਨਾ, ਸਾਥੋਂ ਜਿੰਦ ਨਾ ਇਉਂ ਕੁਹਾਈ ਦੀ ਏ
ਜਿਹੜਾ ਹੋਇ ਹਿਮਾਲੀਆ ਵਾਂਗ ਪੱਕਾ, ਉਹਦੇ ਨਾਲ ਕੀ ਵੱਟਨੀ ਰਾਈ ਦੀ ਏ
ਸ਼ੇਰ ਬੱਕਰੀ ਦਾ ਭਲਾ ਟਾਕਰਾ ਕੀ, ਇਕੋ ਵਾਰ ਵਿਚ ਮਾਰ ਮੁਕਾਈ ਦੀ ਏ
ਤੁਰਕ ਮੌਤ ਵਾਂਗੂ ਨਜ਼ਰ ਆਂਵਦੇ ਨੇ, ਜਾਨ ਉਨ੍ਹਾਂ ਦੇ ਵੱਸ ਖ਼ੁਦਾਈ ਦੀ ਏ
ਤੁਸੀਂ ਆਪਣੀ ਲਵੋ ਨਜਿੱਠ ਆਪੇ, ਸਾਡੀ ਆਖ਼ਰੀ ਗੱਲ ਦਨਾਈ ਦੀ ਏ
ਖ਼ੂਨੀ ਕਹਿਰ ਦੀ ਤੇਗ਼ ਦੀ ਧਾਰ ਅੰਦਰ, ਬਾਈਧਾਰ ਨਾ ਮੂਲ ਰੁੜ੍ਹਾਈ ਦੀ ਏ
'ਤੀਰ' ਆਪਣੀ ਮਸਾਂ ਨਜਿੱਠਦੇ ਹਾਂ, ਸਾਨੂੰ ਲੋੜ ਕੀ ਪੀੜ ਪਰਾਈ ਦੀ ਏ

### ਫੇਰ ਕਹਿੰਦੇ ਹਨ

ਸਾਡੀ ਆਸ ਨਾ ਰੱਖਣੀ ਰਤੀ ਮਾਸਾ, ਤੁਸੀਂ ਜਿਵੇਂ ਚਾਹੋ ਆਪ ਕਰੋ ਗੁਰ ਜੀ
ਜਿਹੜੇ ਰਾਹ 'ਤੇ ਚੱਲਣਾ ਚਾਹੁੰਦੇ ਹੋ, ਪੈਰ ਮੰਨ ਮਰਜ਼ੀ ਨਾਲ ਧਰੋ ਗੁਰ ਜੀ
ਸਾਥੋਂ ਲਹੂ ਵਿਚ ਨਹੀਂ ਨਹਾਣ ਹੁੰਦਾ, ਤੁਸੀਂ ਚਾਹੋ ਤਾਂ ਆਪ ਪਏ ਤਰੋ ਗੁਰ ਜੀ
ਅਸੀਂ 'ਤੀਰ' ਡਰੀਏ ਏਸ ਰਾਹ ਵੱਲੋਂ, ਭਾਵੇਂ ਤੁਸੀਂ ਤਾਂ ਡਰੋ ਨਾ ਡਰੋ ਗੁਰ ਜੀ

### ਢੀਠ ਰਾਜੇ ਢੀਠਤਾ ਭਰੇ ਬਚਨ ਕਹਿੰਦੇ ਹਨ

ਸਾਡੇ ਹਾਰਿਆਂ ਕੱਖ ਵੀ ਨਹੀਂ ਰਹਿਣਾ, ਤਖ਼ਤ ਤਾਜ ਸਭ ਲੁੱਟਿਆ ਜਾਵਣਾ ਏਂ
ਤੁਸੀਂ ਹਾਰ ਗਏ ਤਾਂ ਹੱਥ ਜੇਤੂਆਂ ਦੇ, ਕੌਡੀ-ਕੱਖ ਨਾ ਗੁਰੂ ਜੀ ਆਵਣਾ ਏਂ
ਅਸੀਂ ਹਾਰ ਗਏ ਤਾਂ ਬਾਈਧਾਰੀਆਂ ਨੂੰ, ਮੰਗ ਪਿੰਨ ਪੈਣਾ ਫੇਰ ਖਾਵਣਾ ਏਂ
ਤੁਸੀਂ ਹਾਰ ਗਏ ਤਾਂ ਸਿੱਖਾਂ ਸੇਵਕਾਂ ਨੇ, ਤਾਂ ਵੀ ਨਿੱਤ ਪ੍ਰਸ਼ਾਦ ਛਕਾਵਣਾ ਏਂ
ਅਸੀਂ ਹਾਰ ਗਏ ਤਾਂ ਕਿਤੋਂ ਕਿਸੇ ਸਾਨੂੰ, ਖ਼ੈਰ ਮੰਗਿਆਂ ਮੂਲ ਨਾ ਪਾਵਣਾ ਏਂ
ਤੁਸੀਂ ਹਾਰ ਗਏ ਤਾਂ ਸਾਨੂੰ ਰਤਾ ਦੱਸੋ, ਏਸ ਵਿਚ ਕੀ ਤੁਸਾਂ ਗਵਾਵਣਾ ਏਂ
ਅਸੀਂ ਹਾਰ ਗਏ ਤਾਂ ਏਸ ਧਰਤ ਉੱਤੇ, ਰਾਜੇ ਪਰਬਤੀ ਕਿਹਨੇ ਸਦਾਵਣਾ ਏਂ
ਤੁਸੀਂ ਹਾਰ ਗਏ ਤਾਂ ਰਤਾ ਦੱਸਿਆ ਜੇ, ਨਾਮ ਆਪਦਾ ਕਿਹਨੇ ਜਤਾਵਣਾ ਏਂ
ਅਸੀਂ ਹਾਰ ਗਏ ਤਾਂ ਫੇਰ ਸਿਰਾਂ ਉੱਤੇ, ਦੱਸੋ ਕਿਸ ਨੇ ਤਾਜ ਸਜਾਵਣਾ ਏਂ
ਤੁਸਾਂ ਹਾਰ ਕੇ ਵੀ ਵਾਂਗ ਫ਼ੱਕਰਾਂ ਦੇ, ਪਏ ਦੇਸ਼ ਵਿਚ ਸਮਾਂ ਲੰਘਾਵਣਾ ਏਂ
ਅਸੀਂ ਲੱਖ ਵਰਗੀ ਇੱਕੋ ਆਖਦੇ ਹਾਂ, ਸਾਡੀ ਮੂਲ ਨਾ ਜੰਗ ਦੀ ਭਾਵਣਾ ਏਂ
'ਤੀਰ' ਸੁਣਦਿਆਂ ਹੀ ਸਾਡੀ ਜਾਨ ਜਾਵੇ, ਡਾਢੇ ਤੁਰਕ ਦਾ ਨਾਮ ਡਰਾਵਣਾ ਏਂ

### ਰਾਜਿਆਂ ਦਾ ਵਿਰੋਧ (ਵੱਲੋਂ ਕਵੀ)

ਏਨੀ ਆਖ ਕੇ ਖਿਸਕਣੇ ਸ਼ੁਰੂ ਹੋਏ, ਰਿਹਾ ਇੱਕ ਨਾ ਭਰੇ ਦਰਬਾਰ ਅੰਦਰ
ਦਸਮ ਪਿਤਾ ਨੇ ਆਖੀਆਂ ਕਈ ਗੱਲਾਂ, ਰੱਖੀ ਇੱਕ ਨਾ ਉਨ੍ਹਾਂ ਵਿਚਾਰ ਅੰਦਰ
ਕੋਈ ਇੱਕ ਨਾ ਨਿਕਲਿਆ ਮੂਲ ਪੂਰਾ, ਦੇਸ਼-ਪ੍ਰੇਮ ਦੇ ਸੁੱਚੇ ਪਿਆਰ ਅੰਦਰ
ਰਾਜਪੂਤ ਨਾ ਕੋਈ ਵੀ ਕਹਿ ਸਕਿਆ, 'ਧ੍ਰਿਗ ਜੱਗ 'ਤੇ ਜੀਉਣਾ ਹਾਰ ਅੰਦਰ'
ਖ਼ੂਨ ਕਿਸੇ ਦਾ ਵੀ ਮੂਲ ਖੌਲਿਆ ਨਾ, ਜਾਗੀ ਅਣਖ ਨਾ ਕਿਸੇ ਤਲਵਾਰ ਅੰਦਰ
ਜੋਸ਼ ਵਿੱਚ ਨਾ ਕੋਈ ਵੀ ਬਾਂਹ ਉੱਠੀ, ਦੇਸ਼ ਲਈ ਜੋ ਆਏ ਬਲਕਾਰ ਅੰਦਰ
ਜਾਗੀ ਕਿਸੇ ਦੀ ਹਿੱਕ 'ਚੋਂ ਜਿੰਦ ਨਾਹੀਂ, ਮੋਏ ਜੀਂਵਦੇ ਸੱਭ ਸੰਸਾਰ ਅੰਦਰ
ਛਾਤੀ ਠੋਕ ਨਾ ਬੋਲਿਆ ਮਰਦ ਕੋਈ, ਦੇਸ਼ ਲਈ ਮੈਂ ਰੁਲਾਂਗਾ ਛਾਰ ਅੰਦਰ
ਅੱਖਾਂ ਨੀਵੀਆਂ ਪਾ ਪਾ ਸੱਭ ਖਿਸਕੇ, ਰਾਜਪੂਤ ਸੀ ਜੋ ਪਰਵਾਰ ਅੰਦਰ
'ਤੀਰ' ਜੀਂਵਦਾ ਹੋਏ ਜੋ ਦੇਸ਼ ਬਦਲੇ, ਕੋਈ ਦਿੱਸਿਆ ਨਾ ਬਾਈਧਾਰ ਅੰਦਰ

### ਬਾਈਧਾਰੀਏ ਰਾਜੇ ਉਲਟਾ ਵਿਰੋਧ ਕਰਨ ਲਗ ਪਏ

ਦੇਸ਼ ਲਈ ਕੀ ਉਨ੍ਹਾਂ ਸੀ ਮੱਦਦ ਦੇਣੀ, ਸਗੋਂ ਵੈਰ-ਵਿਰੋਧ ਵਧਾਇਆ ਏ
ਜਾਂਦੇ ਆਖਦੇ ਗੁਰਾਂ ਨੇ ਹੱਦ ਕੀਤੀ, ਸਾਨੂੰ ਸ਼ੂਦਰਾਂ ਨਾਲ ਬਿਠਾਇਆ ਏ
ਹਿੰਦੂ ਧਰਮ ਨੂੰ ਪਏ ਭ੍ਰਿਸ਼ਟ ਕਰਦੇ, ਏਡਾ ਹੌਸਲਾ ਇਨ੍ਹਾਂ ਵਧਾਇਆ ਏ
ਸਾਨੂੰ ਸੂਲ ਹੈ ਰਾਤ ਤੇ ਦਿੱਨ ਭਾਰੀ, ਇਨ੍ਹਾਂ ਨਵਾਂ ਹੀ ਪੰਥ ਚਲਾਇਆ ਏ
ਸਾਥੋਂ ਉਹੋ ਸਹਾਇਤਾ ਮੰਗਦੇ ਜੇ, ਸਾਨੂੰ ਜਿਨ੍ਹਾਂ ਕਲੰਕ ਇਹ ਲਾਇਆ ਏ
ਚੂੜ੍ਹੇ-ਚੱਪੜੇ, ਨਾਲ ਰਲਾਈ ਜਾਂਦੇ, ਏਨ੍ਹਾਂ ਖ਼ੂਬ ਅਨ੍ਹੇਰ ਮਚਾਇਆ ਏ
ਅਸੀਂ ਨਾਲ ਹਕੂਮਤਾਂ ਕਿਉਂ ਲੜੀਏ, ਸਾਡੇ ਸਿਰਾਂ 'ਤੇ ਉਨ੍ਹਾਂ ਦਾ ਸਾਇਆ ਏ
ਸਾਡਾ ਧਰਮ ਜੋ ਪਏ ਤਬਾਹ ਕਰਦੇ, ਕਰਨਾ ਉਨ੍ਹਾਂ ਦਾ ਅਸਾਂ ਸਫਾਇਆ ਏ
ਕਾਰ ਇਨ੍ਹਾਂ ਦੀ ਭਾਂਵਦੀ ਨਹੀਂ ਸਾਨੂੰ, ਇਨ੍ਹਾਂ ਕਾਲਜੇ ਨੂੰ ਲਾਂਬੂ ਲਾਇਆ ਏ
'ਤੀਰ' ਰਾਜਿਆਂ ਅਕਲ ਦੇ ਅੰਨ੍ਹਿਆਂ ਨੇ, ਸਗੋਂ ਉਲਟ ਖ਼ਿਆਲ ਦੁੜਾਇਆ ਏ

### ਵੱਲੋਂ ਕਵੀ

ਇਹਨਾਂ ਵਿਚ ਜੋ ਫੂਕਣਾ ਰੂਹ ਚਾਂਹਦੇ, ਉਨ੍ਹਾਂ ਤਾਈਂ ਇਹ ਮਾਰਨਾ ਚਾਹੁੰਦੇ ਨੇ
ਜਿਨ੍ਹਾਂ, ਇਨ੍ਹਾਂ ਨੂੰ ਆਣ ਗ਼ੁਲਾਮ ਕੀਤਾ, ਜਾਨ ਉਨ੍ਹਾਂ ਤੋਂ ਵਾਰਨਾ ਚਾਹੁੰਦੇ ਨੇ
ਜਿਹੜੇ ਪ੍ਰੇਮ ਦੇ ਪੁੰਜ ਨੇ ਗੁਰੂ ਸੱਚੇ, ਉਨ੍ਹਾਂ ਤਾਈਂ ਵੰਗਾਰਨਾ ਚਾਹੁੰਦੇ ਨੇ
ਵੇਖੋ ਪੱਖ ਲੈਂਦੇ ਉਨ੍ਹਾਂ ਜ਼ਾਲਮਾਂ ਦਾ, ਜਿਹੜੇ ਇਨ੍ਹਾਂ ਨੂੰ ਚਾਰਨਾ ਚਾਹੁੰਦੇ ਨੇ
ਤੇਗ਼ ਚੁੱਕਦੇ ਹੈਣ ਨਿਰਵੈਰ ਜੀ 'ਤੇ, ਜਿਹੜੇ ਕੌਮ ਉਭਾਰਨਾ ਚਾਹੁੰਦੇ ਨੇ
ਅੱਗੋ ਉਨ੍ਹਾਂ ਦੇ ਪਏ ਹਥਿਆਰ ਸੁੱਟਣ, ਜਿਹੜੇ ਦੇਸ਼ ਨਿਘਾਰਨਾ ਚਾਹੁੰਦੇ ਨੇ
ਗਈ ਮੱਤ ਮਾਰੀ ਵੇਖੋ ਮੂਰਖਾਂ ਦੀ, ਦਿਲ ਅੱਗ ਖਾ ਠਾਰਨਾ ਚਾਹੁੰਦੇ ਨੇ
ਜਿਨ੍ਹੇ ਨਿੱਤ ਲਲਕਾਰਨਾ ਜ਼ਾਲਮਾਂ ਨੂੰ, ਉਹਨੂੰ ਇਹ ਲਲਕਾਰਨਾ ਚਾਹੁੰਦੇ ਨੇ
ਜਿਹੜਾ ਰਾਜ ਹੈ ਇਨ੍ਹਾਂ ਦਾ ਜਾਨ ਵੈਰੀ, ਉਹਨੂੰ ਮੂੜ੍ਹ ਪਿਆਰਨਾ ਚਾਹੁੰਦੇ ਨੇ
'ਤੀਰ' ਪ੍ਰੇਮ ਦੇ ਪੁੰਜ ਮਹਾਰਾਜ ਤਾਈਂ, ਦਿਲੋਂ ਮਾਰਨਾ ਧਾਰਨਾ ਚਾਹੁੰਦੇ ਨੇ

### ਸਿੱਖੀ ਪ੍ਰਚਾਰ ਦੀ ਲਹਿਰ (ਵੱਲੋਂ ਕਵੀ)

ਅੰਤ ਸੋਚਿਆ ਸ੍ਰੀ ਦਸਮੇਸ਼ ਜੀ ਨੇ, ਰਾਜੇ ਹੈਣ ਇਹ ਨੀਚ ਮਕਾਰ ਥਾਂ ਥਾਂ
ਦੂਲੇ ਪੰਥ ਦੇ ਹੋਰ ਤਿਆਰ ਕਰੀਏ, ਜਾਵੇ ਹੋ ਅਰੰਭ ਪ੍ਰਚਾਰ ਥਾਂ ਥਾਂ
ਅੰਤ ਆਖ ਦਿੱਤਾ, ਅੱਜੋ ਪਾਣ ਚਾਲੇ, ਪ੍ਰੀਤਵਾਨ ਸਾਡੇ ਹੋ ਤਿਆਰ ਥਾਂ ਥਾਂ
ਕੌੜੀ ਵੇਲ ਵਾਂਗੂੰ ਵਧੇ ਪੰਥ ਦੂਲਾ, ਅੰਮ੍ਰਿਤ ਪਿਆ ਵਰਤੇ ਖੰਡੇ-ਧਾਰ ਥਾਂ ਥਾਂ
ਲਿਖ ਲਿਖ ਕੇ ਘੱਲਿਆ ਸੰਗਤਾਂ ਨੂੰ, ਬਣਨ ਜੰਗ ਦੇ ਖ਼ੂਬ ਹਥਿਆਰ ਥਾਂ ਥਾਂ
ਸਾਰੇ ਤੇਗ਼-ਧਾਰੀ ਹੋਣ ਸਿੱਖ ਸੂਰੇ, ਵਧੇ ਦੇਸ਼-ਭਗਤੀ ਦਾ ਪਿਆਰ ਥਾਂ ਥਾਂ

ਦੇਸ਼ ਲਈ ਕੁਰਬਾਨੀਆਂ ਦੇਣੀਆਂ ਨੇ, ਲੱਕ ਬੰਨ੍ਹ ਉੱਠਣ ਨੱਰ ਨਾਰ ਥਾਂ ਥਾਂ
ਸਿੱਖਾਂ ਸੇਵਕਾਂ ਹੁਕਮ ਪ੍ਰਵਾਨ ਕੀਤਾ, ਪਹੁੰਚੇ ਦੂਰ ਤਕ ਮੰਜ਼ਲਾਂ ਮਾਰ ਥਾਂ ਥਾਂ
ਖ਼ੂਬ ਹੋ ਗਿਆ ਇਉਂ ਉਤਸ਼ਾਹ ਪੈਦਾ, ਸਿੰਘ ਸੱਜ ਗਏ ਬੇ-ਸ਼ੁਮਾਰ ਥਾਂ ਥਾਂ
'ਤੀਰ' ਜ਼ੁਲਮ ਦੇ ਟਾਕਰੇ ਲਈ ਜਾਣੋ, ਹੋਣ ਲੱਗ ਪਈ ਤੇਜ਼ ਤਲਵਾਰ ਥਾਂ ਥਾਂ

## ਜੰਗ ਦਾ ਸਾਮਾਨ ਇਕੱਠਾ ਕਰਨਾ

ਝੱਲ ਝੱਲ ਕੇ ਜ਼ੁਲਮ ਜਰਵਾਣਿਆਂ ਦੇ, ਕਰ ਰਹੇ ਸੀ ਲੋਕ ਪੁਕਾਰ ਓਦੋਂ
ਏਧਰ ਜੰਗ ਦਾ ਪੈਂਤੜਾ ਬੰਨ੍ਹ ਰਹੇ ਸੀ, ਮੇਰੇ ਸ੍ਰੀ ਦਸਮੇਸ਼ ਦਾਤਾਰ ਓਦੋਂ
ਉਧਰ ਕੋਹ-ਕੋਹ ਗਲੇ ਨਿਮਾਣਿਆਂ ਦੇ, ਹੋ ਰਹੀ ਸੀ ਲਾਲ ਤਲਵਾਰ ਓਦੋਂ
ਇਧਰ ਰਹੇ ਸੀ ਹੋ ਸਾਮਾਨ 'ਕੱਠੇ, ਬਣ ਰਹੇ ਸੀ ਖ਼ੂਬ ਹਥਿਆਰ ਓਦੋਂ
ਉਧਰ ਆਜਜ਼ਾਂ ਅਤੇ ਬੇਦੋਸ਼ਿਆਂ ਦੀ, ਮੱਚੀ ਹੋਈ ਸੀ ਕੂਕ ਪੁਕਾਰ ਓਦੋਂ
ਮੱਛੀ ਵਾਂਗ ਸੁਣ ਕੇ ਇਧਰ ਤੜਫ਼ਦੇ ਸੀ, ਮਾਤਾ ਗੁੱਜਰੀ ਦੇ ਹੋਣਹਾਰ ਓਦੋਂ
ਦੇਵੀ ਦੇਵਤੇ ਹਿੰਦੂਆਂ ਮਰਦਿਆਂ ਦੀ, ਲੈਂਦਾ ਨਹੀਂ ਸੀ ਕੋਈ ਵੀ ਸਾਰ ਓਦੋਂ
ਦੇਸ਼ ਲਈ ਕੁਰਬਾਨੀਆਂ ਦੇਣ ਖ਼ਾਤਰ, ਚੋਜੀ ਰਹੇ ਸੀ ਧਾਰਨਾ ਧਾਰ ਓਦੋਂ
ਭਾਰਤ ਮਾਂ ਦੇ ਬੱਚੜੇ ਕੁੱਸ ਰਹੇ ਸੀ, ਨਿੱਤ ਨਵੇਂ ਸੂਰਜ ਭੇਡਾਂ-ਹਾਰ ਓਦੋਂ
ਮਰਨ ਲਈ ਸੀ ਪਏ ਤਿਆਰ ਹੁੰਦੇ, ਉਨ੍ਹਾਂ ਲਈ ਅਜੀਤ ਜੁਝਾਰ ਓਦੋਂ
ਜ਼ੋਰਾਵਰ ਜ਼ਾਲਮ ਜ਼ੁਲਮ ਢਾਂਹਵਦੇ ਸੀ, ਓਧਰ ਲਿੱਸਿਆਂ 'ਤੇ ਵਾਰ ਵਾਰ ਓਦੋਂ
ਜ਼ੋਰਾਵਰ ਤੇ ਫਤਹਿ ਜੀ ਨੀਂਹ ਖ਼ਾਤਰ, ਦੋਵੇਂ ਰਹੇ ਸੀ ਤੱਨ ਉਸਾਰ ਓਦੋਂ
ਰਾਜ ਨਹੀਂ ਸੀ ਹੋਂਵਦਾ ਹਿੰਦ ਉੱਤੇ, ਹੋ ਰਹੇ ਸੀ ਅੱਤਿਆਚਾਰ ਓਦੋਂ
'ਤੀਰ' ਸੰਗਲ ਗ਼ੁਲਾਮੀ ਦੇ ਕੱਟਣੇ ਨੂੰ, ਲੱਗੇ ਹੋਏ ਸੀ ਗੁਰੂ-ਲੁਹਾਰ ਓਦੋਂ

## ਭਲਿਆਂ ਨਾਲ ਬੁਰਿਆਈ (ਵੱਲੋਂ ਕਵੀ)

ਬਦਨੀਤ ਪਹਾੜੀਆਂ ਰਾਜਿਆਂ ਨੇ, ਘਰੀਂ ਜਾਂਦਿਆਂ ਢਿੱਲ ਨਾ ਲਾਈ ਵੇਖੋ
ਜੋ ਜੋ ਗੁਰਾਂ ਦੇ ਨਾਲ ਸੀ ਗੱਲ ਹੋਈ, ਉਹਦੀ ਲਿੱਖ ਫ਼ਹਿਰਿਸਤ ਬਣਾਈ ਵੇਖੋ
ਫੇਰ ਸਾਰਿਆਂ ਖ਼ੂਬ ਸਲਾਹ ਕਰਕੇ, ਕੀਤੀ ਰੱਜ ਕੇ ਹੋਰ ਬੁਰਾਈ ਵੇਖੋ
ਭੇਤ ਗੁਰੂ ਜੀ ਦਾ ਗੁੱਝਾ ਰੱਖਿਆ ਨਾ, ਔਰੰਗਜ਼ੇਬ ਨੂੰ ਅਰਜ਼ ਪੁਚਾਈ ਵੇਖੋ
ਰਾਖੇ ਆਪਣੇ 'ਤੇ ਲਾਈ ਚੁੱਕ ਲੂਤੀ, ਰਤਾ ਸ਼ਰਮ ਨਾ ਕਿਸੇ ਨੂੰ ਆਈ ਵੇਖੋ
ਅੱਗੇ ਧੁੱਖਦੀ ਸੀ ਅੱਗ ਈਰਖਾ ਦੀ, ਫੂਕ ਮਾਰ ਕੇ ਹੋਰ ਭਖ਼ਾਈ ਵੇਖੋ
ਔਰੰਗਜ਼ੇਬ ਨੂੰ ਲਿੱਖਿਆ ਗਿਆ ਏਦਾਂ, 'ਸ਼ਹਿਨਸ਼ਾਹ ਜੀ ਕਰ ਦਨਾਈ ਵੇਖੋ
ਗੁਰੂ ਦੱਸਵੇਂ ਦਲ ਤਿਆਰ ਕੀਤੇ, ਚਾਹੇ ਵਿੱਢਣਾ ਯੁੱਧ ਲੜਾਈ ਵੇਖੋ
ਸੱਚਾ ਪਾਤਸ਼ਾਹ ਆਪ ਅਖਵਾਂਵਦਾ ਜੇ, ਇਹਨੇ ਆਪਦੀ ਜ਼ਾਤ ਭੁਲਾਈ ਵੇਖੋ

ਨਾਲੇ ਧਰਮ ਸਾਡਾ ਹੈ ਭਰਿਸ਼ਟ ਕਰਦਾ, ਨੀਚ ਜਾਂਵਦਾ ਨਾਲ ਰਲਾਈ ਵੇਖੋ
ਅਸੀਂ ਜਾਣਦੇ ਹਾਂ ਇਹਨੂੰ ਦਿਲੋਂ ਵੈਰੀ, ਇਹਨੇ ਨਵੀਂ ਹੀ ਰੀਤ ਚਲਾਈ ਵੇਖੋ
ਅਸੀਂ ਦਿਲੋਂ ਹਾਂ ਆਪਦੇ ਨਾਲ ਸਾਰੇ, ਤੁਸੀਂ ਗੁਰੂ 'ਤੇ ਕਰ ਚੜ੍ਹਾਈ ਵੇਖੋ'
ਏਦਾਂ ਉਨ੍ਹਾਂ ਨੇ ਇਹ ਬੱਕਵਾਸ ਕਰਕੇ, ਪਾਈ ਆਪਣੇ ਹੀ ਸਿਰੀਂ ਛਾਈ ਵੇਖੋ
'ਤੀਰ' ਸੰਖੀਏ ਤੋਂ ਵੱਧ ਰਾਜ ਜਿਹੜਾ, ਉਹਨੂੰ ਸਮਝਦੇ ਮੂੜ੍ਹ ਦਵਾਈ ਵੇਖੋ

## ਮਹਾਰਾਜ ਦੇ ਕੰਮ (ਵੱਲੋਂ ਕਵੀ)

ਮਹਾਰਾਜ ਸੀ ਧੁੰਨ ਦੇ ਖ਼ੂਬ ਪੱਕੇ, ਰਹਿਣ ਆਪਣੇ ਸਦਾ ਧਿਆਨ ਅੰਦਰ
ਕੀਤਾ ਆਪ ਨੇ ਖ਼ੂਬ ਸਾਮਾਨ 'ਕੱਠਾ, ਹੋਵੇ ਰੋਜ਼ ਵਾਧਾ, ਫ਼ੌਜੀ ਸ਼ਾਨ ਅੰਦਰ
ਅੱਠੇ ਪਹਿਰ ਕਰਤਾਰ ਤੋਂ ਮੰਗ ਕਰਦੇ, ਏਦਾਂ ਆਖਦੇ ਦਿਲੀ ਅਰਮਾਨ ਅੰਦਰ
ਮੇਰੇ ਸਾਹਿਬਾ! ਮੂਲ ਨਾ ਨਿਗ੍ਹਾ ਆਵੇ, ਕੋਈ ਰੱਤ ਪੀਣਾ ਹਿੰਦੁਸਤਾਨ ਅੰਦਰ

## ਦਸਮੇਸ਼ ਜੀ ਦੀ ਨਿੱਤ ਪ੍ਰਾਰਥਨਾ ਰੱਬ ਅੱਗੇ

ਮੇਰੇ ਦੇਸ਼-ਵਾਸੀ ਸੁਖੀ ਹੋਣ ਸਾਰੇ, ਹੋਵੇ ਇਨ੍ਹਾਂ 'ਤੇ ਅੱਤਿਆਚਾਰ ਕੋਈ ਨਾ
ਸਦਾ ਰਹਿਣ ਅਜ਼ਾਦ ਤੇ ਰੰਗ ਮਾਣਨ, ਜ਼ੁਲਮ-ਮਾਰਿਆ ਕਰੇ ਪੁਕਾਰ ਕੋਈ ਨਾ
ਨੀਚ-ਉਚ ਨਾ ਕੋਈ ਵੀ ਨਿਗ੍ਹਾ ਆਵੇ, ਉੱਚੀ ਜ਼ਾਤ ਦਾ ਕਰੇ ਟੰਗਾਰ ਕੋਈ ਨਾ
ਸਾਰੇ ਰੱਜ ਕੇ ਖਾਣ, ਧਿਆਣ ਤੈਨੂੰ, ਭੁੱਖਾ ਰਹਿ-ਰਹਿ ਹੋਏ ਲਾਚਾਰ ਕੋਈ ਨਾ
ਭਾਰਤ ਮਾਂ ਨਾ ਕਦੇ ਗ਼ੁਲਾਮ ਹੋਵੇ, ਕਰੇ ਏਸ 'ਤੇ ਜ਼ੁਲਮ ਦੇ ਵਾਰ ਕੋਈ ਨਾ
ਮੇਰੇ ਭਾਰਤੀ-ਵੀਰ ਮਿਲਾਪ ਸਿੱਖਣ, ਰੱਖੇ ਦਿੱਲ ਉੱਤੇ ਰਤਾ ਖ਼ਾਰ ਕੋਈ ਨਾ
ਕੋਹੇ ਜਾਣ ਨਾ ਦੁਖੀ ਬੇਦੋਸ਼ ਬੰਦੇ, ਸੂਤੇ ਮਾੜਿਆਂ ਉੱਤੇ ਤਲਵਾਰ ਕੋਈ ਨਾ
'ਤੀਰ' ਤੇਗ਼ ਮੇਰੀ ਕਰੇ ਲੋਕ-ਸੇਵਾ, ਦੇਸ਼-ਪ੍ਰੇਮ ਬਾਝੋਂ ਕਰਾਂ ਕਾਰ ਕੋਈ ਨਾ

## ਅਮਨ ਸਮੇਂ ਦੇ ਰੰਗ ਤੇ ਕੌਤਕ

ਅਮਨ-ਚੈਨ ਦੇ ਕੁਝ ਇਹ ਮਾਹ ਬੀਤੇ, ਵਿੱਚ ਇਨ੍ਹਾਂ ਦੇ ਚੋਜ ਕਮਾਲ ਹੋਏ
ਜਾਣੀ-ਜਾਣ ਦਸਮੇਸ਼ ਜੀ ਕਰਨ ਮਿਹਰਾਂ, ਲੋੜਵੰਦ ਨਿਹਾਲ-ਨਿਹਾਲ ਹੋਏ
ਆਏ ਸਿੱਖ ਸੇਵਕ ਸੈਆਂ ਦਰਸ਼ਨਾਂ ਨੂੰ, ਖ਼ੁਸ਼ੀ ਵੇਖ ਕੇ ਦੀਨ-ਦਿਆਲ ਹੋਏ
ਜੁੜਨ ਸੰਗਤਾਂ ਸਦਾ ਦੀਵਾਨ ਸਜਦੇ, ਖ਼ੂਬ ਪਈ 'ਅਕਾਲ-ਅਕਾਲ' ਹੋਏ
ਸੋਭੇ ਸੀਸ ਕਲਗੀ ਬਾਜ਼ ਹੱਥ ਉੱਤੇ, ਝੱਲਣ ਮੂਲ ਨਾ ਗੁਰਾਂ ਦੀ ਝਾਲ ਹੋਏ
ਨਿੱਤ ਨਵੇਂ ਕੌਤਕ ਜਾਣੀ-ਜਾਣ ਕਰਦੇ, ਰੋਜ਼ ਨਵੇਂ ਤੋਂ ਨਵਾਂ ਖ਼ਿਆਲ ਹੋਏ
ਜਿਹੜਾ ਇੱਕ ਵਾਰੀ ਕਰੇ ਦੀਦ ਆ ਕੇ, ਘਰ ਪਰਤਣਾ ਉਹਨੂੰ ਮੁਹਾਲ ਹੋਏ
'ਤੀਰ' ਗੁਰੂ ਦਸਮੇਸ਼ ਦੇ ਮੁੱਖੜੇ ਦੀ, ਝਲਕ ਵੇਖ ਕੇ ਭਾਨ ਬੇ-ਹਾਲ ਹੋਏ

## ਚੇਤੂ ਮਸੰਦ ਦਾ ਪਾਜ (ਵੱਲੋਂ ਕਵੀ)

ਏਸੇ ਸਮੇਂ ਆ ਵਰਤਿਆ ਚੋਜ ਐਸਾ, ਜਦੋਂ ਸਿੱਖ ਸੰਗਤ ਬੇ-ਸ਼ੁਮਾਰ ਆਈ
'ਕੱਠੀ ਹੋ ਮੁਲਤਾਨ ਦੇ ਪਰਗਣੇ ਦੀ, ਸਿੱਖੀ ਸੇਵਕੀ ਕਰਨ ਦੀਦਾਰ ਆਈ
ਭਾਂਤੋ-ਭਾਂਤ ਭੇਟਾ ਚੜ੍ਹੀ ਸਤਿਗੁਰਾਂ ਨੂੰ, ਨਾਲੇ ਲੱਛਮੀ ਅਪਰ-ਅਪਾਰ ਆਈ
ਸ਼ੇਰ ਸਿੰਘ ਇਕ ਸਿੱਖ ਸੀ ਪ੍ਰੇਮ-ਪੁਤਲਾ, ਉਹਦੇ ਦਰਸ਼ਨਾਂ ਦੀ ਜਦੋਂ ਵਾਰ ਆਈ
ਉਹਨੇ ਭੇਟ ਕੀਤਾ ਥਾਨ ਬਾਦਲੇ ਦਾ, ਵੇਖ ਓਸ ਨੂੰ ਕੋਈ ਵਿਚਾਰ ਆਈ
ਜਾਣੀ-ਜਾਣ ਜੀ ਨੂੰ 'ਤੀਰ' ਕਹਿਣ ਲੱਗਾ, ਜਦੋਂ ਮਿਹਰ ਦੇ ਵਿਚ ਸਰਕਾਰ ਆਈ

## ਭਾਈ ਸ਼ੇਰ ਸਿੰਘ ਦੀ ਬੇਨਤੀ ਦਸਮੇਸ਼ ਜੀ ਦੇ ਚਰਨਾਂ ਵਿਚ

ਜਾਣੀ-ਜਾਣ ਜੀ! ਏਸ ਗ਼ਰੀਬੜੇ ਨੇ, ਪ੍ਰੇਮ ਚਰਨ-ਧੂੜੀ ਨਾਲ ਪਾਇਆ ਏ
ਚਰਨ-ਧੂੜ ਜੇ ਆਪਦੀ ਲੱਭ ਜਾਵੇ, ਦਾਸ ਲਈ ਤ੍ਰੈਲੋਕ ਦੀ ਮਾਇਆ ਏ
ਤੁਸਾਂ ਤੁੱਛ ਜਿਹੀ ਭੇਟ ਪਰਵਾਨ ਕਰਕੇ, ਆਸਮਾਨ 'ਤੇ ਦਾਸ ਚੜ੍ਹਾਇਆ ਏ
ਜੋੜੀ ਕੰਗਣਾਂ ਦੀ ਅਤੇ ਇਕ ਕੰਠਾ, ਇਹਨਾਂ ਨਾਲ ਇੱਕ ਥਾਨ ਰਲਾਇਆ ਏ
ਜੋ ਕੇ ਆਪਦਾ ਸਿੱਖ ਮਸੰਦ ਚੇਤੂ, ਓਸ ਆਪਦੇ ਪਾਸ ਪੁਚਾਇਆ ਏ
ਨਾਲੇ ਆਖਦਾ ਸੀ ਓਹ ਮਸੰਦ ਮੈਨੂੰ, ਤੇਰਾ ਥਾਨ ਦਾਤਾਰ ਨੂੰ ਭਾਇਆ ਏ
ਗੁਰਾਂ ਆਖਿਆ ਗੁਰਮੁਖਾ! ਥਾਨ ਤੇਰਾ, ਚੇਤੂ ਮੂਲ ਨਾ ਸਾਨੂੰ ਵਿਖਾਇਆ ਏ
ਕੰਠਾ ਅਤੇ ਕੰਗਣ ਅਸੀਂ ਨਹੀਂ ਵੇਖੇ, ਜਾਪੇ ਚੋਰ ਨੇ ਮਾਲ ਲੁਕਾਇਆ ਏ
ਏਨੀ ਆਖ ਸਤਿਗੁਰਾਂ ਮਸੰਦ ਚੇਤੂ, ਝੱਟ ਆਪਣੇ ਕੋਲ ਬੁਲਾਇਆ ਏ
ਅਤੇ ਆਖਿਆ ਦੱਸ ਤੂੰ ਸੱਚ ਚੇਤੂ, ਕਿਥੇ ਸਿੱਖ ਦਾ ਮਾਲ ਛੁਪਾਇਆ ਏ
ਚੇਤੂ ਕੜਕ ਕੇ ਬੋਲਿਆ 'ਬੱਕਦਾ ਏ, ਏਸ ਸਿੱਖ ਨੇ ਕੂੜ ਅਲਾਇਆ ਏ
ਰੋਟੀ ਖਾਣ ਨੂੰ ਏਸਨੂੰ ਨਹੀਂ ਜੁੜਦੀ, ਕੰਠੇ ਕਿਧਰੋਂ ਦੱਸੋ ਲਿਆਇਆ ਏ
ਏਹਨੇ ਊਜ ਲਾਈ ਐਵੇਂ ਮੁਝ ਉੱਤੇ, ਅਤੇ ਆਪ ਨੂੰ ਖ਼ੂਬ ਭਰਮਾਇਆ ਏ
ਤੁਸਾਂ ਸਭਾ ਅੰਦਰ ਮੇਰੀ ਪੱਤ ਲਾਹੀ, ਮੇਰਾ ਗੁਰੂ ਜੀ ਦਿੱਲ ਦੁਖਾਇਆ ਏ'
ਏਨੇ ਵਿਚ ਇਕ ਸਿੱਖ ਨੇ ਆਖ ਦਿਤਾ, 'ਜੀ ਮਸੰਦ ਨੇ ਪਾਜ ਬਣਾਇਆ ਏ
ਠੀਕ ਚੋਰ ਹੈ, ਸਿੱਖ ਦਾ ਇਹ ਪੱਕਾ, ਇਹਨੇ ਸਿੱਖ ਦਾ ਮਾਲ ਚੁਰਾਇਆ ਏ
ਥਾਨ, ਕੜੇ, ਕੰਠਾ ਇਹਦੇ ਘਰ ਅੱਖੀਂ, ਦਾਸ ਆਪਦਾ ਵੇਖ ਕੇ ਆਇਆ ਏ'
ਓਸੇ ਘੜੀ ਸਤਿਗੁਰਾਂ ਨੇ ਘਰ ਉਹਦੇ, ਇਕ ਆਪਣਾ ਸਿੱਖ ਦੁੜਾਇਆ ਏ
ਉਹਨੇ ਪੁੱਜ ਕੇ ਝੱਟ ਸੰਦੂਕ ਵਿਚੋਂ, ਮਾਲ ਅਮਨ-ਅਮਾਨ ਕਢਵਾਇਆ ਏ
ਆਇਆ ਦੌੜਦਾ ਸਤਿਗੁਰਾਂ ਕੋਲ ਪੁੱਜਾ, ਆਣ ਸੱਗਵਾਂ ਮਾਲ ਵਿਖਾਇਆ ਏ
ਕਿਹਾ ਸ੍ਰੀ ਦਸਮੇਸ਼ ਨੇ "ਦੱਸ ਚੇਤੂ, ਕਿੰਨਾ ਤੂੰ ਧ੍ਰੋਹ ਕਮਾਇਆ ਏ"
'ਤੀਰ' ਏਤਨਾ ਆਖ ਕੇ ਉਸੇ ਵੇਲੇ, ਚਾਹਟਾ ਓਸਨੂੰ ਖ਼ੂਬ ਛਕਵਾਇਆ ਏ

## ਇਹਨਾਂ ਦਿਨਾਂ ਦੀਆਂ ਰੌਣਕਾਂ

ਇਹਨੀਂ ਦਿਨੀਂ ਦਾਤਾਰ ਦਸਮੇਸ਼ ਵੱਲੋਂ, ਭਾਂਤ-ਭਾਂਤ ਸੀ ਚੋਜ ਰਚਾਏ ਜਾਂਦੇ
ਜਨਮ-ਦਿਨ ਦੀ ਖ਼ੁਸ਼ੀ ਵਿਚ ਸਿੱਖ ਆਵਣ, ਗੁਰੂ ਘਰੋਂ ਆ ਕੇ ਵਰੋਸਾਏ ਜਾਂਦੇ
ਹੋਣ ਭਾਰੀਆਂ ਰੌਣਕਾਂ ਥਾਂ-ਥਾਂ ਤੇ, ਜਗ੍ਹਾ ਜਗ੍ਹਾ ਦੀਵਾਨ ਸਜਾਏ ਜਾਂਦੇ
ਹੋਵੇ ਕੀਰਤਨ ਪ੍ਰੇਮ ਵਿਚ ਰਸ-ਭਿੰਨਾ, ਰਾਗ ਮੱਨ-ਲੁਭਾਵਣੇ ਗਾਏ ਜਾਂਦੇ
ਫੇਰ ਪੁਰਬ ਮਹੱਲੇ ਦਾ ਆ ਜਾਵੇ, ਨਵੇਂ ਰੰਗ ਤੇ ਢੰਗ ਫਬਾਏ ਜਾਂਦੇ
ਕਵੀ ਕਰਨ ਕਵਿਤਾ, ਉੱਚੇ ਭਾਵ-ਵਾਲੀ, ਵੰਨੋ-ਵੰਨ ਦੇ ਛੰਦ ਸੁਣਾਏ ਜਾਂਦੇ
ਢਾਡੀ ਗਾਣ ਵਾਰਾਂ ਬੀਰ-ਰੱਸ ਦੀਆਂ, ਏਸ ਤਰ੍ਹਾਂ ਸੀ ਲਹੂ ਗਰਮਾਏ ਜਾਂਦੇ
ਭਾਂਤੋ-ਭਾਂਤ ਦੇ ਕੀਮਤੀ ਸ਼ਸਤਰਾਂ ਦੇ, ਭਾਂਤ-ਭਾਂਤ ਸੀ ਜੌਹਰ ਵਿਖਾਏ ਜਾਂਦੇ
ਬੀਰ ਚੋਣਵੇਂ ਹੋ ਸਵਾਰ ਟੁਰਦੇ, ਘੋੜੇ ਤੇਜ਼ ਰਫ਼ਤਾਰ ਦੁੜਾਏ ਜਾਂਦੇ
ਡੁੱਲ੍ਹੇ ਅਤਰ ਗੁਲਾਬ ਖ਼ੁਸ਼ਬੋ-ਭਿੰਨਾ, ਆ ਕੇ ਰੰਗ ਅੰਦਰ ਰੰਗ ਪਾਏ ਜਾਂਦੇ
ਫ਼ੌਜਾਂ ਜੌਹਰ ਦੱਸਣ ਸ਼ਸਤਰ-ਵਿੱਦਿਆ ਦੇ, ਦੱਸਣ ਕਿਸ ਤਰ੍ਹਾਂ ਹੈਨ ਚਲਾਏ ਜਾਂਦੇ
ਰੋਜ਼ ਕਰਨ ਉਪਦੇਸ਼ ਦਸਮੇਸ਼ ਇਹੋ, ਵੇਖੋ! ਕਿਵੇਂ ਨੇ ਦੀਨ ਦੁਖਾਏ ਜਾਂਦੇ
ਉੱਨਾ ਚਿਰ ਨਹੀਂ ਦੇਸ਼ ਨੇ ਸੁਖੀ ਹੋਣਾ, ਜਦੋਂ ਤੀਕ ਨਾ ਜ਼ੁਲਮ ਮੁਕਾਏ ਜਾਂਦੇ
ਓਦੋਂ ਤੀਕ ਗ਼ੁਲਾਮੀਆਂ ਨਹੀਂ ਲਹਿਣਾ, ਜਦੋਂ ਤਕ ਨਹੀਂ ਖੰਡੇ ਖੜਕਾਏ ਜਾਂਦੇ
ਸਾਡੇ ਮੌਜ ਮੇਲੇ ਓਦੋਂ ਤੀਕ ਔਧੇ, ਜਦੋਂ ਤੀਕ ਨੇ ਲਹੂ ਵਹਾਏ ਜਾਂਦੇ
ਏਦਾਂ ਨਿੱਤ ਹੀ ਅਣਖ ਦੀ ਪਾਣ ਦੇ-ਦੇ, ਹੈਸਨ ਸਿੱਖ ਫ਼ੌਲਾਦ ਬਣਾਏ ਜਾਂਦੇ
ਦੇਸ਼-ਭਗਤ ਹੋਣਾ ਰੱਬੀ-ਭਗਤ ਹੋਣਾ, ਖ਼ੂਬ ਭੇਤ ਸੀ ਇਹੋ ਸਮਝਾਏ ਜਾਂਦੇ
'ਤੀਰ' ਵਰਤਦੀ ਸੀ ਖੰਡੇ-ਧਾਰ ਖਲ੍ਹੀ, ਭਰਮ ਭੇਦ ਸੀ ਸੱਭ ਮਿਟਾਏ ਜਾਂਦੇ

## ਲੁੱਟ ਦੀਆਂ ਵਾਰਦਾਤਾਂ (ਵੱਲੋਂ ਕਵੀ)

ਏਸ ਸਮੇਂ ਰਲ ਕੇ ਪ੍ਰੀਤਵਾਨ ਜਦੋਂ, ਸਤਿਗੁਰਾਂ ਦੇ ਦੀਦ ਲਈ ਆਂਵਦੇ ਸੀ
ਮੁਸਲਮਾਨ ਡਾਕੂ ਰਾਹ ਪੰਧ ਅੰਦਰ, ਪੈਂਦੇ ਟੁੱਟ ਕੇ ਲੁੱਟ ਲੈ ਜਾਂਵਦੇ ਸੀ
ਐਪਰ ਜਿਸ ਦਿਨ ਤੋਂ ਹੋਏ ਤੇਗ-ਧਾਰੀ, ਸਿੱਖ ਸੂਰਮੇ ਮਾਰ ਨਠਾਂਵਦੇ ਸੀ
ਤਾਂ ਵੀ ਕਈ ਵਾਰੀ ਕਿਤੇ ਤਾੜ ਵੇਲਾ, ਡਾਕੂ, ਚੋਰ, ਪਾਪੀ ਖੌਰੂ ਪਾਂਵਦੇ ਸੀ
ਦਿਨੋ-ਦਿਨ ਸੀ ਸਿੱਖ ਦਲੇਰ ਹੁੰਦੇ, ਨਾਲ ਡਾਢਿਆਂ ਟਾਕਰੇ ਲਾਂਵਦੇ ਸੀ
'ਤੀਰ' ਚੋਰ ਡਾਕੂ ਦੌੜ ਜਾਂਵਦੇ ਸੀ, ਸਿੱਖ ਕੱਢ ਜਾਂ ਤੇਗ਼ ਚਮਕਾਂਵਦੇ ਸੀ

## ਵੱਲੋਂ ਕਵੀ

ਸਾੜੇ-ਖ਼ੋਰ ਐਪਰ ਨਾਲ ਖ਼ਾਲਸੇ ਦੇ, ਦਿਲੋਂ ਮਨੋਂ ਸੀ ਰੱਜ ਕੇ ਖ਼ਾਰ ਕਰਦੇ
ਜਦੋਂ ਦਾਅ ਲੱਗੇ ਸੱਟ ਕਰਨ ਡਾਢੀ, ਵੇਲਾ ਤਾੜ ਕੇ ਸਦਾ ਈ ਵਾਰ ਕਰਦੇ

ਆ ਕੇ ਸਿੱਖ ਸੇਵਕ ਕੲੀ-ਕੲੀ ਵਾਰੀ, ਕੋਲ ਗੁਰਾਂ ਦੇ ਕੂਕ ਪੁਕਾਰ ਕਰਦੇ
'ਤੀਰ' ਸ੍ਰੀ ਦਸਮੇਸ਼ ਜੀ ਏਸ ਉੱਤੇ, ਕੱਲੇ ਬੈਠ ਕੇ ਸਦਾ ਵਿਚਾਰ ਕਰਦੇ

### ਮਸੰਦਾਂ ਦਾ ਸੁਧਾਰ (ਵੱਲੋਂ ਕਵੀ)

ਉਹ ਮਸੰਦ ਜੋ ਦੇਸ਼ ਵਿਚ ਕਿਸੇ ਵੇਲੇ, ਹੁੰਦੇ ਮੁਹਤਬਰ ਏਸ ਦਰਬਾਰ ਦੇ ਸੀ
ਉਹ ਮਸੰਦ ਜੋ ਦੇਸ ਪਰਦੇਸ ਅੰਦਰ, ਮੰਨੇ ਜਾਂਵਦੇ ਥੰਮ੍ਹ ਪਰਚਾਰ ਦੇ ਸੀ
ਉਹ ਮਸੰਦ ਜੋ ਸਿਦਕ ਦੇ ਪੁੰਜ ਹੋ ਕੇ, ਸਦਾ ਗੁਰੂ ਉੱਤੋਂ ਜਾਨਾਂ ਵਾਰਦੇ ਸੀ
ਉਹ ਮਸੰਦ ਜਿਹੜੇ ਭੇਟਾ ਸੰਗਤਾਂ ਦੀ, ਸਦਾ ਸਤਿਗੁਰਾਂ ਦੇ ਅੱਗੇ ਤਾਰਦੇ ਸੀ
ਉਹ ਮਸੰਦ ਜੋ ਧਰਮ ਦੇ ਪੁੱਤਲੇ ਸੀ, ਭੁੱਖੇ ਸਿਦਕ, ਪ੍ਰੇਮ-ਪਿਆਰ ਦੇ ਸੀ
'ਤੀਰ' ਮਾਣ ਪਾ ਪਾ ਏਡੇ ਹੋਏ ਅੰਨ੍ਹੇ, ਕੁੱਪੇ ਹੋ ਗਏ ਮਾਣ ਹੰਕਾਰ ਦੇ ਸੀ

### ਮਸੰਦਾਂ ਦੇ ਭੈੜੇ ਕਾਰੇ (ਵੱਲੋਂ ਕਵੀ)

ਕਾਰ ਭੇਟ ਜੋ ਆਂਵਦੀ ਸੰਗਤਾਂ ਤੋਂ, ਉਹਦੇ ਵਿਚ ਫ਼ਰੇਬ ਕਮਾਣ ਲੱਗੇ
ਹਜ਼ਮ ਹੋਣ ਅਮਾਨਤਾਂ ਲੱਗ ਪਈਆਂ, ਕਾਰ ਭੇਟ 'ਚੋਂ ਚੋਰ ਚੁਰਾਣ ਲੱਗੇ
ਠੇਡਾ ਖਾ ਆਚਰਨ ਤੋਂ ਗਿਰੇ ਐਸੇ, ਵਿਸ਼ੇ-ਵਾਸ਼ਨਾ ਵਿੱਚ ਬਿਤਾਣ ਲੱਗੇ
ਬਹੁਤੀ ਕੋਲ ਰੱਖਣ ਭੇਟਾ ਸਤਿਗੁਰਾਂ ਦੀ, ਥੋੜ੍ਹੀ ਹੋ ਬੇ-ਦਿਲੇ ਪੁਚਾਣ ਲੱਗੇ
ਪੱਰ-ਨਾਰੀਆਂ ਵੇਖ ਕੇ ਡੋਲ ਜਾਵਣ, ਕਾਗ ਹੋ ਹੋ ਗੰਦਗੀ ਖਾਣ ਲੱਗੇ
ਗੁਰਾਂ ਪਾਸ ਸ਼ਕਾਇਤਾਂ ਨਿੱਤ ਆਵਣ, ਕਿ ਮਸੰਦ ਵੇਖੋ ਨਿੱਘਰ ਜਾਣ ਲੱਗੇ
ਸਿੱਖਾਂ ਸੇਵਕਾਂ ਨੂੰ ਜਾ ਜਾ ਤੰਗ ਕਰਦੇ, ਜ਼ਿੱਦਾਂ ਤੱਦੀਆਂ ਬਹੁਤ ਜਤਾਣ ਲੱਗੇ
'ਤੀਰ' ਟਿਕੇ ਨਾ ਧਰਮ ਦੀ ਤੱਕੜੀ 'ਤੇ, ਸਗੋਂ ਪਾਪ ਦੇ ਸਿੱਕੇ ਚਲਾਣ ਲੱਗੇ

### ਫੇਰ ਮਸੰਦ ਕਿੰਨੇ ਗਿਰ ਗਏ (ਵੱਲੋਂ ਕਵੀ)

ਵਿਸ਼ੇ-ਵਾਸ਼ਨਾ ਦੇ ਬਣੇ ਗਿੱਧ ਸਮਝੋ, ਭੌਰੇ ਰਹੇ ਨਾ ਨਾਮ ਸਤਸੰਗ ਦੇ ਸੀ
ਤੁੱਲੇ ਮਾਣ ਹੰਕਾਰ ਦੀ ਤੱਕੜੀ 'ਤੇ, ਸੁੱਚੇ ਰਹੇ ਨਾ ਸਿਦਕ ਦੇ ਅੰਗ ਦੇ ਸੀ
ਸਿੱਖਾਂ ਸੇਵਕਾਂ ਦੇ ਘਰੀਂ ਜਦੋਂ ਜਾਂਦੇ, ਅਣ-ਹੋਣੀਆਂ ਹੀ ਚੀਜ਼ਾਂ ਮੰਗਦੇ ਸੀ
ਗੁਰੂ ਬਣ ਬਹਿੰਦੇ ਮਾਣ ਨਾਲ ਰਹਿੰਦੇ, ਸਦਾ ਮਨ ਨੂੰ ਲੋਭ ਵਿਚ ਰੰਗਦੇ ਸੀ
ਸਣੇ ਨੌਕਰਾਂ ਵੇਸਵਾ ਲਾਣ ਚੱਕਰ, ਛਿੱਕੇ ਸ਼ਰਮ-ਹਯਾ ਨੂੰ ਟੰਗਦੇ ਸੀ
ਕਰਨ ਤੰਗ ਗ਼ਰੀਬੜੇ ਸੇਵਕਾਂ ਨੂੰ, ਆਦੀ ਹੋਏ ਸ਼ਰਾਬ ਤੇ ਭੰਗ ਦੇ ਸੀ
ਸਰੇ ਸਿੱਖ ਕੋਲੋਂ ਜੇ ਨਾ ਟਹਿਲ ਚੰਗੀ, ਉਹਨੂੰ ਨਾਗ ਦੇ ਵਾਂਗਰਾਂ ਡੰਗਦੇ ਸੀ
'ਤੀਰ' ਰੋਜ਼ ਸਤਿਗੁਰਾਂ ਨੂੰ ਪੁੱਜਦੇ ਸੀ, ਕਿੱਸੇ ਜਿਹੜੇ ਮਸੰਦਾਂ ਦੀ ਕੰਗ ਦੇ ਸੀ

## ਨਕਲੀਆਂ ਨੇ ਦਸਮੇਸ਼ ਜੀ ਦੇ ਦਰਬਾਰ ਵਿਚ ਮਸੰਦਾਂ ਦੀ ਨਕਲ ਕੀਤੀ (ਵੱਲੋਂ ਕਵੀ)

ਇਕ ਰੋਜ਼ ਭੰਡਾਂ ਆ ਕੇ ਨਕਲ ਕੀਤੀ, ਝਾਕੀ ਇਉਂ ਬਣਾ ਵਿਖਾਈ ਉਹਨਾਂ
ਬਣਿਆ ਇੱਕ ਮਸੰਦ ਤੇ ਨਾਲ ਉਹਦੇ, ਇੱਕ ਵੇਸਵਾ ਚੁੱਕ ਬਣਾਈ ਉਹਨਾਂ
ਕੁੱਤੇ ਨਾਲ, ਨਾਲੇ ਨੌਕਰ ਉਠ ਘੋੜੇ, ਕੀਤੀ ਸੇਵਕੀ ਸਿੱਖੀ 'ਤੇ ਧਾਈ ਉਹਨਾਂ
ਵਿਚੋਂ ਇਕ ਗ਼ਰੀਬੜਾ ਸਿੱਖ ਬਣਿਆ, ਉਹਦੇ ਘਰ ਜਾ ਫਤਹਿ ਗਜਾਈ ਉਹਨਾਂ
'ਅਸੀਂ ਗੁਰੂ ਕੇ ਆਏ ਹਾਂ ਘਰ ਤੇਰੇ', ਕੀਤੀ ਆਪਣੀ ਖ਼ੂਬ ਵਡਿਆਈ ਉਹਨਾਂ
ਸਿੱਖ ਸਿੱਖਣੀ ਬਣੇ ਸੀ ਭੰਡ ਜਿਹੜੇ, ਨਾਲ ਪ੍ਰੇਮ ਦੇ ਧੌਣ ਨਿਵਾਈ ਉਹਨਾਂ
ਹੱਥੋਂ ਤੰਗ ਸਨ ਤਾਂ ਵੀ ਪ੍ਰੇਮ ਕਰਕੇ, ਦੁੱਧ ਕਾੜ੍ਹ ਕੇ ਖੀਰ ਪਕਾਈ ਉਹਨਾਂ
ਪ੍ਰੇਮ ਨਾਲ ਪ੍ਰਸ਼ਾਦ ਤਿਆਰ ਕੀਤਾ, ਸ਼ਰਧਾ ਆਪਣੀ ਵਿਚ ਰਲਾਈ ਉਹਨਾਂ
ਜੱਥੇ ਸਣੇ ਮਸੰਦ ਨੇ ਹੱਥ ਧੋਤੇ, ਹੱਥ ਜੋੜ ਜਾਂ ਪੰਗਤ ਲਵਾਈ ਉਹਨਾਂ
ਗਿਆ ਚੜ੍ਹ ਮਸੰਦ ਦਾ ਝੱਟ ਪਾਰਾ, ਖੀਰ ਥਾਲੀਆਂ ਵਿੱਚ ਜਾਂ ਪਾਈ ਉਹਨਾਂ
ਬਕੜਵਾਹ ਬੋਲੇ ਅੱਖਾਂ ਲਾਲ ਕਰਕੇ, ਅੱਗੋਂ ਮੂਲ ਨਾ ਗੱਲ ਉਲਟਾਈ ਉਹਨਾਂ
'ਤੀਰ' ਨੀਚ ਮਸੰਦ ਦੇ ਰੋਹ ਅੱਗੇ, ਜੋੜੇ ਹੱਥ ਰੱਖੀ ਨਿਮਰਤਾਈ ਉਹਨਾਂ

## ਨਕਲੀਏ ਮਸੰਦ ਨੇ ਗੁਸਾ ਕੱਢਣਾ ਸਿੱਖ ਸਿੱਖਣੀ 'ਤੇ

ਅੱਖਾਂ ਲਾਲ ਤੇ ਵੇਸਵਾ ਨਾਲ ਬੈਠੀ, ਪਾਪੀ ਬੋਲਦਾ ਇਉਂ ਹੰਕਾਰੀਆ ਏ
'ਗੁਰੂ-ਮਾਰਿਆ' ਖੀਰ ਦੇ ਲਈ ਏਡਾ, ਅਸਾਂ ਸਾਰਿਆਂ ਨੇ ਪੈਂਡਾ ਮਾਰਿਆ ਏ
ਨਾ ਸ਼ਰਾਬ, ਕਬਾਬ ਨਾ ਫਲ, ਮੇਵੇ, ਨਾ ਤੂੰ ਰਿੰਨ੍ਹਿਆ ਮਾਸ ਨਿਕਾਰਿਆ ਏ
'ਤੀਰ' ਗੁਰੂ ਕੇ ਆਏ ਨੇ ਘਰ ਤੇਰੇ, ਨਾ ਤੂੰ ਸੋਚਿਆ ਅਤੇ ਵਿਚਾਰਿਆ ਏ

## ਨਕਲੀਆ ਮਸੰਦ ਫੇਰ ਕਹਿੰਦਾ ਹੈ

ਤੇਰੇ ਘਰ ਆ ਕੇ ਅਸਾਂ ਭੁੱਲ ਕੀਤੀ, ਵਿੱਚ ਕਸ਼ਟ ਦੇ ਗਏ ਹਾਂ ਘਿੱਰ ਸਿੱਖਾ
ਰਹੇ ਜੀਉਂਦੇ ਤਾਂ ਕਦੇ ਏਸ ਪਾਸੇ, ਅਸਾਂ ਪੈਰ ਨਹੀਂ ਪਾਵਣਾ ਫਿੱਰ ਸਿੱਖਾ
ਤੇਰਾ ਵੇਖ ਕੇ ਇੱਦਾਂ ਦਾ ਅੰਨ-ਪਾਣੀ, ਸਾਡੇ ਕਾਲਜੇ ਗਏ ਨੀ ਚਿੱਰ ਸਿੱਖਾ
ਖੀਰ, ਦਾਲ ਤੇਰੀ ਸਾਡੇ ਕੰਮ ਨਾਹੀਂ, 'ਤੀਰ' ਅਸੀਂ ਖਾਈਏ ਤੇਰਾ ਸਿੱਰ ਸਿੱਖਾ

## ਸਿੱਖ ਸਿੱਖਣੀ ਦੀ ਨਿਮਰਤਾ

ਸਿੱਖ ਸਿੱਖਣੀ ਪ੍ਰੇਮ ਵਿਚ ਰਹੇ ਪੱਕੇ, ਦੋਹਾਂ ਵਿਚੋਂ ਨਾ ਕੋਈ ਵੀ ਡੋਲਿਆ ਏ
ਨਾਹੀਂ ਸਿੱਖਣੀ ਨੇ ਕੋਈ ਬੁਰੀ ਆਖੀ, ਨਾਹੀਂ ਸਿੱਖ ਸਿਦਕੀ ਅੱਗੋਂ ਬੋਲਿਆ ਏ

ਕੀਤੀ ਘੱਟ ਨਾ ਮੂਲ ਮਸੰਦ ਐਪਰ, ਉਹਨੇ ਮੂੰਹ ਆਇਆ ਫੱਕੜ ਤੋਲਿਆ ਏ
'ਤੀਰ' ਮਾਣ ਉਸ ਸਿੱਖ ਤੇ ਸਿੱਖਣੀ ਦਾ, ਮਾਣ-ਮੱਤੇ ਮਸੰਦ ਨੇ ਰੋਲਿਆ ਏ

### ਹੋਰ ਨੀਚਤਾ

ਐਪਰ ਜਦੋਂ ਵਿਦਾਇਗੀ ਹੋਣ ਲੱਗੀ, ਕੀਤਾ ਨੀਚ ਨੇ ਨੀਚ ਹੀ ਕੰਮ ਵੇਖੋ
ਇਕੋ ਦਮ ਅੰਦਰ ਸਿੱਖ ਸਿੱਖਣੀ ਤੋਂ, ਨਕਦ ਭੇਟ ਮੰਗੀ ਦਸ ਦੰਮ ਵੇਖੋ
ਉਨ੍ਹਾਂ ਸਵਾ ਰੁਪਈਆ ਜਾਂ ਆਣ ਦਿੱਤਾ, ਅੱਗੋਂ ਕੜਕ ਕੇ ਬੋਲਿਆ ਜੱਮ ਵੇਖੋ
ਕੱਸੇ ਰੋਹ ਦੇ ਵਿੱਚ ਮਸੰਦ ਤੋੜੇ, ਐਪਰ ਉਹ ਰੋਵਣ ਛਮਾਂ ਛੱਮ ਵੇਖੋ
ਪੱਥਰ ਚਿੱਤ ਨਾ ਤਰਲਿਆਂ ਨਾਲ ਭਿੱਜਾ, ਰਿਹਾ ਲਾਂਵਦਾ ਗੁੱਸੇ ਦੇ ਡੰਮ੍ਹ ਵੇਖੋ
ਜਾਂਦੀ ਵਾਰ ਉਸਨੇ ਖੇਸ ਚੁੱਕ ਖੜਿਆ, ਸਿੱਖ ਸਿੱਖਣੀ ਦਾ ਲਾਹਿਆ ਚੰਮ ਵੇਖੋ

### ਦਸਮੇਸ਼ ਜੀ ਉੱਤੇ ਇਸਦਾ ਅਸਰ (ਵੱਲੋਂ ਕਵੀ)

ਗੁਰਾਂ ਨਕਲ ਡਿੱਠੀ ਤਾਂ ਵਿਚਾਰ ਕੀਤੀ, ਕਰਦੇ ਇਹੋ ਈ ਕਾਰ ਮਸੰਦ ਹੋਸਨ
ਸਿੱਖੀ ਸੇਵਕੀ ਇਦਾਂ ਹੀ ਤੰਗ ਹੋਸੀ, ਕਰਦੇ ਅੱਤਿਆਚਾਰ ਮਸੰਦ ਹੋਸਨ
ਪੰਥ ਫੈਲਣਾ ਮੂਲ ਨਹੀਂ ਜੱਗ ਉੱਤੇ, ਜੇਕਰ ਅੱਗੋਂ ਸਰਦਾਰ ਮਸੰਦ ਹੋਸਨ
ਟੁੱਟ ਜਾਇਗਾ ਲੱਕ ਅਣ-ਸਰਦਿਆਂ ਦਾ, ਉੱਤੇ ਪੰਥ ਦੇ ਭਾਰ ਮਸੰਦ ਹੋਸਨ
ਡਿਗ ਜਾਇਗਾ ਕੌਮ ਦਾ ਚਲਨ ਸੁੱਚਾ, ਜੇਕਰ ਕਾਰ ਬਰਦਾਰ ਮਸੰਦ ਹੋਸਨ
'ਤੀਰ' ਗਲੋਂ ਲਾਹੋ ਇਹਨਾਂ ਭੇੜਿਆਂ ਨੂੰ, ਨਹੀਂ ਤਾਂ ਗਲੇ ਦਾ ਹਾਰ ਮਸੰਦ ਹੋਸਨ

### ਸ੍ਰੀ ਦਸਮੇਸ਼ ਜੀ ਨੇ ਮਸੰਦ ਸੱਦੇ

ਅੰਤ ਚਾੜ੍ਹਿਆ ਆਪ ਨੇ ਹੁਕਮ ਏਦਾਂ, ਬੰਨ੍ਹ-ਬੰਨ੍ਹ ਮਸੰਦ ਲਿਆਓ ਸਿੱਖੋ
ਨਾਲੇ ਇਨ੍ਹਾਂ ਵਧੀਕੀਆਂ ਕੀਤੀਆਂ ਜੋ, ਖੋਲ੍ਹ-ਖੋਲ੍ਹ ਕੇ ਸਭ ਸੁਣਾਓ ਸਿੱਖੋ
ਅਸੀਂ ਲਵਾਂਗੇ ਇਨ੍ਹਾਂ ਤੋਂ ਸਭ ਲੇਖਾ, ਤੁਸੀਂ ਮੂਲ ਨਾ ਦਿਲੋਂ ਘਬਰਾਓ ਸਿੱਖੋ
'ਤੀਰ' ਬੰਨ੍ਹ ਮੁਸ਼ਕਾਂ ਘੱਲੋ ਵੱਲ ਸਾਡੇ, ਪਕੜ-ਜਕੜ ਕੇ ਇਥੇ ਪੁਚਾਓ ਸਿੱਖੋ

### ਮੁਸ਼ਕਾਂ ਬੰਨ੍ਹ-ਬੰਨ੍ਹ ਕੇ ਮਸੰਦ ਲਿਆਂਦੇ ਗਏ (ਵੱਲੋਂ ਕਵੀ)

ਹੁਕਮ ਸੁਣਦਿਆਂ ਈ ਥੋੜ੍ਹੇ ਦਿਨਾਂ ਅੰਦਰ, ਏਸ ਹੁਕਮ 'ਤੇ ਫੁੱਲ ਚੜ੍ਹਾਏ ਸਿੱਖਾਂ
ਬੰਨ੍ਹ-ਬੰਨ੍ਹ ਮੁਸ਼ਕਾਂ ਜ਼ੁਲਮ ਕਰਨ ਵਾਲੇ, ਗੁਰਾਂ ਪਾਸ, ਮਸੰਦ ਪੁਚਾਏ ਸਿੱਖਾਂ
ਨਾਲੇ ਉਨ੍ਹਾਂ ਦੇ ਚੰਦਰੇ ਕਾਰਨਾਮੇ, ਫੋਲ-ਫੋਲ ਕੇ ਸਭ ਸੁਣਾਏ ਸਿੱਖਾਂ
ਕੀਤਾ ਪਾਂਵਦੇ 'ਤੀਰ' ਮਸੰਦ ਡਿੱਠੇ, ਦਿਲੋਂ ਬੜੇ ਈ ਸ਼ੁਕਰ ਮਨਾਏ ਸਿੱਖਾਂ

### ਮਹਾਰਾਜ ਦਾ ਇਨਸਾਫ਼ (ਵੱਲੋਂ ਕਵੀ)

ਮਹਾਰਾਜ ਨੇ ਹਰ ਮਸੰਦ ਤਾਈਂ, ਪਹਿਲੇ ਉਹਦੀ ਕਰਤੂਤ ਸੁਣਾ ਦਿੱਤੀ
ਫੇਰ ਓਸ ਨੇ ਕੀਤਾ ਕਸੂਰ ਜਿੰਨਾ, ਓਹਨੂੰ ਓਤਨੀ ਪੂਰੀ ਸਜ਼ਾ ਦਿੱਤੀ
ਕੀਤੀ ਜਿਨ੍ਹਾਂ ਤੋਬਾ, ਬਖ਼ਸ਼ ਓਹ ਦਿੱਤੇ, ਦਿਲੋਂ ਉਨ੍ਹਾਂ ਦੀ ਭੁੱਲ, ਭੁੱਲਾ ਦਿੱਤੀ
ਜਿਹੜੇ ਆਕੜੇ ਓਹਨਾਂ ਦੀ ਖੁੰਬ ਠੱਪੀ, ਮਾਰ-ਮਾਰ ਕੇ ਖੱਲ ਉਡਾ ਦਿੱਤੀ
ਜਿਸ ਚਰਨ ਪਕੜੇ ਜਾਣੀ-ਜਾਣ ਜੀ ਦੇ, ਜਿੰਦ ਉਨ੍ਹਾਂ ਦੀ ਕਰ ਰਿਹਾ ਦਿੱਤੀ
'ਤੀਰ' ਜਿਸਨੇ ਸੀ ਬੱਜਰ ਪਾਪ ਕੀਤੇ, ਤਲ ਤੇਲ ਵਿਚ ਅਲਖ ਮੁਕਾ ਦਿੱਤੀ

### ਭਾਈ ਫੇਰੂ ਸਿਦਕੀ

ਸਿਦਕਵਾਨ ਨਿਰਮਾਨ ਨਿਰਛੱਲ ਪ੍ਰੇਮੀ, ਫੇਰੂ ਨਾਮ ਦਾ ਇੱਕ ਮਸੰਦ ਹੈਸੀ
ਓਹ ਚਕੋਰ ਸੀ ਲਗਨ ਦਾ ਬੜਾ ਪੱਕਾ, ਸੱਤਗੁਰਾਂ ਨੂੰ ਸਮਝਦਾ ਚੰਦ ਹੈਸੀ
ਨੰਗੇ ਭੁੱਖਿਆਂ ਤਾਈਂ ਨਿਵਾਜਦਾ ਸੀ, ਏਸ ਕਾਰ 'ਤੇ ਸਦਾ ਅਨੰਦ ਹੈਸੀ
ਬਣੇ ਟਹਿਲਦੇ ਸੀ ਹੱਥ ਪੈਰ ਉਸਦੇ, ਬੋਲੀ ਓਸਦੀ ਸ਼ਹਿਦ-ਗੁਲਕੰਦ ਹੈਸੀ
ਸਦਾ ਗੁਰੂ ਦੇ ਆਸਰੇ ਜੀਂਵਦਾ ਸੀ, ਗੁਰੂ ਓਸ ਦੇ ਪ੍ਰੇਮ ਦੀ ਤੰਦ ਹੈਸੀ
ਕਾਰ ਭੇਟ 'ਚੋਂ ਆਪ ਨਾ ਕੱਖ ਲੈਣਾ, ਪਾਈ ਓਸ ਨੇ ਦਿਲੋਂ ਸੁਗੰਦ ਹੈਸੀ
ਉਹਦੇ ਬੂਹੇ ਜੋ ਚੱਲ ਕੇ ਆ ਜਾਵੇ, ਖਾਲੀ ਜਾਂਵਦਾ ਨਾ ਲੋੜਵੰਦ ਹੈਸੀ
ਲੰਗਰ ਲਾਂਵਦਾ ਅੰਨ ਛਕਾਂਵਦਾ ਸੀ, ਸਦਾ ਗੁਰਾਂ ਦੇ ਗਾਂਵਦਾ ਛੰਦ ਹੈਸੀ
ਭਿੱਜੀ ਨਾਮ ਦੇ ਵਿਚ ਸੀ ਜੀਭ ਉਹਦੀ, ਦਇਆ, ਧਰਮ ਦੇ ਓਸਦੇ ਦੰਦ ਹੈਸੀ
ਧੂੜੀ ਚੁੱਕ ਕੇ ਆਈਆਂ ਸੰਗਤਾਂ ਦੀ, ਮੱਥੇ ਲਾਂਵਦਾ ਜਾਣ ਮਕਰੰਦ ਹੈਸੀ
ਦਿਲ ਅੱਖੀਆਂ ਵਿੱਚ ਓਹ ਗੁਰੂ ਤਾਈਂ, ਸਦਾ ਵਾਸਤੇ ਰੱਖਦਾ ਬੰਦ ਹੈਸੀ
'ਤੀਰ' ਲੋਭ ਕੋਲੋਂ ਬੜਾ ਦੂਰ ਹੈਸੀ, ਉਹਦੀ ਆਤਮਾ ਬਹੁਤ ਬੁਲੰਦ ਹੈਸੀ

### ਉਸਦੀਆਂ ਮੁਸ਼ਕਾਂ ਬੰਨ੍ਹਣ ਲਈ ਕੋਈ ਤਿਆਰ ਨਾ ਹੋਇਆ (ਵੱਲੋਂ ਕਵੀ)

ਉਹਦਾ ਮਾਣ ਸਤਿਕਾਰ ਸੀ ਸੱਭ ਕਰਦੇ, ਹੱਥ ਡਰਦਿਆਂ ਓਸਨੂੰ ਪਾਏ ਕੋਈ ਨਾ
ਸਾਰੇ ਹੱਥ ਜੋੜਨ ਬੰਨ੍ਹੇ ਕੌਣ ਮੁਸ਼ਕਾਂ, ਜਾਣੀ-ਜਾਣ ਦਾ ਹੁਕਮ ਵਜਾਏ ਕੋਈ ਨਾ
ਫੇਰੂ ਹਰ ਇਕ ਨੂੰ ਆਖੀ ਇਹੋ ਜਾਵੇ, ਵੇਖੋ ਗੁਰਾਂ ਦੀ ਗੱਲ ਭੁਲਾਏ ਕੋਈ ਨਾ
ਦਾੜ੍ਹੀ ਫੜੋ ਮੇਰੀ ਲਵੋ ਬੰਨ੍ਹ ਮੁਸ਼ਕਾਂ, ਮੇਰੇ ਵਾਸਤੇ ਗੁਰੂ ਰੁਸਾਏ ਕੋਈ ਨਾ
ਐਪਰ ਓਸਦੀ ਸੁਣੇ ਨਾ ਗੱਲ ਕੋਈ, ਹੱਥ ਓਸਦੀ ਦਾੜ੍ਹੀ ਨੂੰ ਪਾਏ ਕੋਈ ਨਾ
'ਤੀਰ' ਦਿਲੋਂ ਫੇਰੂ ਡਾਢਾ ਦੁਖੀ ਹੋਵੇ, ਐਪਰ ਪੇਸ਼ ਗ਼ਰੀਬ ਦੀ ਜਾਏ ਕੋਈ ਨਾ

### ਫੇਰੂ ਆਪਣੀ ਦਾੜ੍ਹੀ ਆਪ ਫੜ ਕੇ ਹਾਜ਼ਰ (ਵੱਲੋਂ ਕਵੀ)

ਸੋਚਾਂ ਕਰ ਕਰਕੇ ਪ੍ਰੀਤਵਾਨ ਫੇਰੂ, ਵਿੱਚ ਦਿਲ ਦੇ ਬੜਾ ਹੈਰਾਨ ਹੋਇਆ
ਦਾੜ੍ਹੀ ਆਪਣੀ ਆਪ ਹੀ ਫੜ ਆਖ਼ਰ, ਜਾਣੀ-ਜਾਣ ਦੇ ਵੱਲ ਰਵਾਨ ਹੋਇਆ
ਭਰੇ ਨੈਣ, ਪ੍ਰੇਮ ਵਿਚ ਜਾਏ ਟੁਰਿਆ, ਸੁੱਚੀ ਸਿੱਕ ਦੇ ਵਿਚ ਗ਼ਲਤਾਨ ਹੋਇਆ
ਘੜੀ ਮੁੜੀ ਆਖੇ ਬਖ਼ਸ਼ ਲਈਂ ਦਾਤਾ, ਜੇ ਅੰਜਾਣ ਤੋਂ ਹੈ ਅਪਮਾਨ ਹੋਇਆ
ਪੁੱਜਾ ਆਨ ਕੇ ਪੁਰੀ ਅਨੰਦ ਅੰਦਰ, ਹਾਜ਼ਰ ਵਿੱਚ ਦਰਬਾਰ ਦੇ ਆਨ ਹੋਇਆ
'ਤੀਰ' ਓਸਦੀ ਵੇਖ ਕੇ ਕਾਰ ਐਸੀ, ਮਿਹਰਬਾਨ ਦਾਤਾ ਮਿਹਰਬਾਨ ਹੋਇਆ

### ਫੇਰੂ ਦਾ ਦਸਮੇਸ਼ ਜੀ ਵੱਲੋਂ ਮਾਨ (ਵੱਲੋਂ ਕਵੀ)

ਬਿਰਧ ਵੇਖ ਕੇ ਆਂਵਦਾ ਫੜੀ ਦਾੜ੍ਹੀ, ਜਾਣੀ-ਜਾਣ ਨੇ ਉੱਠ ਸਤਿਕਾਰ ਕੀਤਾ
ਆਦਰ ਨਾਲ ਬਿਠਾਲਿਆ ਕੋਲ ਉਸਨੂੰ, ਭਰੇ ਦਿੱਲ ਦੇ ਨਾਲ ਪਿਆਰ ਕੀਤਾ
ਸੱਚੇ ਸਿੱਖ ਨੂੰ ਗੁਰਾਂ ਨੇ ਦੀਦ ਦਿੱਤਾ, ਸਿਦਕਵਾਨ ਦਾ ਆਪ ਦੀਦਾਰ ਕੀਤਾ
'ਤੀਰ' ਓਸਦਾ ਭਰੇ ਦਰਬਾਰ ਅੰਦਰ, ਜ਼ਿਕਰ ਆਪ ਜੀ ਨੇ ਵਾਰ-ਵਾਰ ਕੀਤਾ

### ਦਸਮੇਸ਼ ਜੀ ਦੇ ਬਚਨ

ਕਿਹਾ ਸਤਿਗੁਰਾਂ ਵੇਖ ਲਓ ਅੱਜ ਸਿੱਖੋ! ਏਹ ਮਸੰਦ ਮੇਰਾ ਪ੍ਰੀਤਵਾਨ ਹੈ ਜੇ
ਮੈਂ ਤੇ ਏਸਦੇ ਆਸਰੇ ਜੀਂਵਦਾ ਹਾਂ, ਤੁਸੀਂ ਸੱਚ ਜਾਣੋ ਮੇਰੀ ਜਾਨ ਹੈ ਜੇ
ਇਹਦੀ ਸ਼ਾਨ ਮੈਂ ਸਦਾ ਹੀ ਰੱਖਣੀ ਏਂ, ਮੇਰੀ ਇਹ ਜਹਾਨ 'ਤੇ ਸ਼ਾਨ ਹੈ ਜੇ
ਮੇਰੇ ਪੰਥ ਦਾ ਲਾਲ ਜੇ ਇਹੋ ਸੁੱਚਾ, ਸਿੱਖੀ ਸਿਦਕ ਦਾ ਉੱਚ ਨਿਸ਼ਾਨ ਹੈ ਜੇ
ਇਹਦੀ ਇਕ ਵੀ ਨਹੀਂ ਸ਼ਕੈਤ ਆਈ, ਮੈਨੂੰ ਏਸ ਦੀ ਕਾਰ ਪਰਵਾਨ ਹੈ ਜੇ
ਕਰਜ਼ ਗੁਰਾਂ ਦਾ ਏਸ ਅਦਾ ਕੀਤਾ, ਕੀਤੀ ਆਪਣੀ ਏਸ ਕਲਿਆਨ ਹੈ ਜੇ
ਇਹਦੀ ਜ਼ਿੰਦਗੀ ਸਿੱਖ ਦੀ ਜ਼ਿੰਦਗੀ ਏ, ਇਹਦੀ ਫੱਕਰਾਂ ਜਿਹੀ ਗੁਜ਼ਰਾਨ ਹੈ ਜੇ
'ਤੀਰ' ਮੈਂ ਹੀ ਨਹੀਂ ਸੁਲਤਾਨ ਇਸਦਾ, ਮੇਰੇ ਦਿਲ ਦਾ ਇਹ ਸੁਲਤਾਨ ਹੈ ਜੇ

### ਅਰਦਾਸੀਏ ਦੀ ਅਰਦਾਸ

ਹੱਥ ਜੋੜ ਅਰਦਾਸੀਏ ਕਿਹਾ ਅੱਗੋਂ, ਏਸ ਦਾਸ ਦੀ ਸੁਣੋ ਅਰਦਾਸ ਦਾਤਾ
ਕਾਰ ਭੇਟ ਉਗਰਾਹੀ ਜੋ ਅੱਜ ਤੋੜੀ, ਰੱਖੀ ਏਸ ਨੇ ਆਪਣੇ ਪਾਸ ਦਾਤਾ
ਕਿਸੇ ਵਹੀ ਦੇ ਪੰਨੇ 'ਤੇ ਏਸ ਵੱਲੋਂ, ਦਰਜ ਨਹੀਂ ਹੋਈ ਕਿਤੇ ਰਾਸ ਦਾਤਾ
ਆਪ ਏਸਨੂੰ ਪਏ ਵਡਿਆਂਵਦੇ ਹੋ, ਭਰੇ ਵਿਚ ਦੀਵਾਨ ਦੇ ਖ਼ਾਸ ਦਾਤਾ
ਸਾਨੂੰ ਕਿਸੇ ਨੂੰ ਵੀ ਪਤਾ ਨਹੀਂ ਇਹਦਾ, ਕਿਹੜੀ ਥਾਂ ਹੈ ਏਸਦਾ ਵਾਸ ਦਾਤਾ
'ਤੀਰ' ਕੱਖ ਨਹੀਂ ਘੱਲਿਆ ਜਿਸ ਏਥੇ, ਪੂਰ ਰਹੇ ਹੋ ਓਸਦੀ ਆਸ ਦਾਤਾ

## ਸ੍ਰੀ ਦਸਮੇਸ਼ ਜੀ ਦੇ ਬਚਨ ਅਰਦਾਸੀਏ ਪ੍ਰਤੀ

ਕਿਹਾ ਸ੍ਰੀ ਦਸਮੇਸ਼ ਨੇ ਕੀ ਹੋਇਆ, ਜੇ ਹਿਸਾਬ ਇਸਦਾ ਕਿਤੇ ਦਰਜ ਨਾਹੀਂ
ਏਸ ਏਤਨੀ ਹੈ ਭਲੀ ਕਾਰ ਕੀਤੀ, ਬਾਕੀ ਬੱਚਿਆ ਇੱਕ ਵੀ ਫ਼ਰਜ਼ ਨਾਹੀਂ
ਸਿਦਕ ਰੱਖ ਅਰਦਾਸੀਆ! ਦਿਲ ਅੰਦਰ, ਏਸ ਚੋਜ 'ਤੇ ਹੋ ਅਸਚਰਜ ਨਾਹੀਂ
ਲੋਭੋਂ-ਲਾਲਚੋਂ ਸਦਾ ਏਹ ਦੂਰ ਰਿਹਾ, ਲੱਗੀ ਏਸਨੂੰ ਹਿਰਸ ਦੀ ਮਰਜ਼ ਨਾਹੀਂ
ਲੋੜ ਰਿਹਾ ਅਨਾਥ ਦੀ ਪੂਰਦਾ ਇਹ, ਰੱਖੀ ਏਸਨੇ ਆਪਣੀ ਗ਼ਰਜ਼ ਨਾਹੀਂ
ਗੀਤ ਸਦਾ ਪ੍ਰੇਮ ਦੇ ਏਸ ਗਾਏ, ਇਹ ਤਾਂ ਵੈਰ ਦੀ ਜਾਣਦਾ ਤਰਜ਼ ਨਾਹੀਂ
ਇਹਦੀ ਇਕ ਵੀ ਚੀਜ਼ ਜੇ ਦਰਜ ਨਾਹੀਂ, ਏਸ ਗੱਲ ਦਾ ਵੀ ਕੋਈ ਹਰਜ ਨਾਹੀਂ
'ਤੀਰ' ਏਸ ਨਬੇੜਿਆ ਖਿੜੇ ਮੱਥੇ, ਕੌਡੀ ਏਸ ਵੱਲੇ ਮੇਰਾ ਕਰਜ਼ ਨਾਹੀਂ

## ਮਹਾਰਾਜ ਫਿਰ ਕਹਿੰਦੇ ਹਨ

ਗੱਲ ਸੁਣ ਅਰਦਾਸੀਆ ਭੋਲਿਆ ਤੂੰ, ਏਸ ਆਪਣਾ ਫ਼ਰਜ਼ ਨਿਭਾ ਛੱਡਿਆ
ਏਸ ਅੰਨ ਖਵਾ ਕੇ ਭੁੱਖਿਆਂ ਨੂੰ, ਮੇਰੀ ਆਤਮਾ ਤਾਈਂ ਰਜਾ ਛੱਡਿਆ
ਏਸ ਫੱਲ ਮੇਵੇ ਦੇ ਕੇ ਆਜਜ਼ਾਂ ਨੂੰ, ਮੈਨੂੰ ਸਭੋ ਸਵਾਦ ਚਖਾ ਛੱਡਿਆ
ਏਸ ਕੱਪੜੇ ਵੰਡ ਕੇ ਨੰਗਿਆਂ ਨੂੰ, ਮੈਨੂੰ ਪ੍ਰੇਮ ਦਾ ਜਾਮਾ ਪੁਆ ਛੱਡਿਆ
ਏਸ ਘਿਉ ਖੁਵਾ ਕੇ ਲਿੱਸਿਆਂ ਨੂੰ, ਮੇਰੇ ਮਾਣ ਦਾ ਜ਼ੋਰ ਵਧਾ ਛੱਡਿਆ
ਏਸ ਬਿਸਤਰੇ ਦੇ ਕੇ ਪਾਂਧੀਆਂ ਨੂੰ, ਮੈਨੂੰ ਸੁੱਖਾਂ ਦੀ ਸੇਜ ਸੁਆ ਛੱਡਿਆ
ਏਸ ਆਪਣੀ ਕਾਰ ਦਾ ਸੱਚ ਜਾਣੀਂ, ਮੇਰੇ ਦਿਲ 'ਤੇ ਨਾਵਾਂ ਲਿਖਾ ਛੱਡਿਆ
ਰਿਹਾ ਵੰਡਦਾ ਮੇਰੇ ਈ ਨਾਮ ਉਤੇ, ਅੱਖਾਂ ਵਿਚ ਸੂ ਮੈਨੂੰ ਬਿਠਾ ਛੱਡਿਆ
ਇਹਨੇ ਦੁੱਧ ਪਿਲਾਇਆ ਕਿਸੇ ਨੂੰ ਜੋ, ਜਾਣ ਸੱਜਣਾ ਮੈਨੂੰ ਪਿਲਾ ਛੱਡਿਆ
ਮੱਥਾ ਟੇਕਿਆ ਏਸ ਜੋ ਸੰਗਤਾਂ ਨੂੰ, ਮੈਂ ਹਾਂ ਸਮਝਦਾ ਮੈਨੂੰ ਨਿਵਾ ਛੱਡਿਆ
ਮੇਰੇ ਪ੍ਰੇਮ ਅੰਦਰ ਏਸ ਪ੍ਰੇਮ-ਭਿੱਜੇ, ਸਾਰਾ ਆਪਣਾ ਆਪ ਗਵਾ ਛੱਡਿਆ
ਕਾਰ ਭੇਟ ਤਾਂ ਰਹੀ ਏ ਇਕ ਪਾਸੇ, ਏਸ ਸੀਸ ਵੀ ਭੇਟ ਚੜ੍ਹਾ ਛੱਡਿਆ
ਪ੍ਰੇਮ ਆਪਣੇ ਦਾ ਮੇਰੇ ਦਿੱਲ ਅੰਦਰ, ਦੀਵਾ ਸਦਾ ਤੋਂ ਏਸ ਜਗਾ ਛੱਡਿਆ
ਐਵੇਂ ਏਸ ਨਹੀਂ ਲੁੱਟਿਆ ਦਿਲ ਮੇਰਾ, ਮੇਰੇ ਲਈ ਸੂ ਦਿੱਲ ਲੁਟਾ ਛੱਡਿਆ
ਆਇਆ ਇਸ ਤਰ੍ਹਾਂ ਫੜ ਜੋ ਅੱਜ ਦਾੜ੍ਹੀ, ਏਸ ਹੋਰ ਵੀ ਮੈਨੂੰ ਰਿਝਾ ਛੱਡਿਆ
ਮੇਰੀ ਆਤਮਾ ਨੂੰ ਏਸ ਠੰਢ ਪਾਈ, ਹੈਸੀ ਹੋਰ ਮਸੰਦਾਂ ਨੇ ਤਾ ਛੱਡਿਆ
ਅੱਖ-ਪੁੱਤਲੀ ਇਹਨੂੰ ਬਣਾ ਲਿਆ ਮੈਂ, ਮੈਨੂੰ ਆਪਣਾ ਏਸ ਬਣਾ ਛੱਡਿਆ
ਏਸ ਕੋਲ ਜੋ ਵੀ ਕਾਰ ਭੇਟ ਆਈ, ਏਸ ਓਸਨੂੰ ਵੰਡ ਵਰਤਾ ਛੱਡਿਆ
ਮੇਰੇ ਰਾਜ ਦਾ ਥੰਮ੍ਹ ਹੈ ਭਾਈ ਫੇਰੂ, ਸਿੱਕਾ ਧਰਮ ਦਾ ਏਸ ਚਲਾ ਛੱਡਿਆ
ਇਉਂ ਏਸ ਮਸੰਦ ਦੇ ਨਾਂ ਤਾਈਂ, ਸੇਵਾ ਕਰਦਿਆਂ 'ਤੀਰ' ਬਚਾ ਛੱਡਿਆ

### ਵੱਲੋਂ ਕਵੀ

ਏਸੇ ਤਰ੍ਹਾਂ ਮਸੰਦ ਜੋ ਨੇਕ ਨਿਕਲੇ, ਗੁਰਾਂ ਉਨ੍ਹਾਂ ਤਾਈਂ ਸਿਰੋ-ਪਾ ਦਿੱਤੇ
ਜਿਹੜੇ ਨੀਚ ਸਾਬਤ ਹੋਏ ਪਰਖ ਅੰਦਰ, ਦੇ ਕੇ ਜੋਗ ਸਜ਼ਾ ਹਟਾ ਦਿੱਤੇ
ਕਾਰ ਭੇਟ ਨਾ ਇਨ੍ਹਾਂ ਨੂੰ ਕੋਈ ਦੇਵੇ, ਵਿਚ ਸਭਾ ਦੇ ਹੁਕਮ ਸੁਣਾ ਦਿੱਤੇ
'ਤੀਰ' ਸਿੱਖ ਸੇਵਕ ਮੁਖਤਿਆਰ ਕੀਤੇ, ਨਵੇਂ ਸਿਲਸਿਲੇ ਗੁਰਾਂ ਬਣਾ ਦਿੱਤੇ

### *ਸਿੱਖੀ ਪਰਚਾਰ ਦੀ ਲਹਿਰ ਤੇ ਪੰਥ ਵਿਚ ਬੀਰਤਾ ਪ੍ਰਵੇਸ਼ (ਵੱਲੋਂ ਕਵੀ)*

ਇਨ੍ਹੀਂ ਦਿਨੀਂ ਦਸਮੇਸ਼ ਜੀ ਦੇਸ਼ ਅੰਦਰ, ਪਏ ਮਿਹਰ ਦੇ ਮੀਂਹ ਵਰ੍ਹਾਂਵਦੇ ਸੀ
ਭੇਜ-ਭੇਜ ਪੰਜਾਬ ਵਿਚ ਪੰਜ ਪਿਆਰੇ, ਪਏ ਅੰਮ੍ਰਿਤੀ ਵਹਿਣ ਵਗਾਂਵਦੇ ਸੀ
ਹਰ ਰੋਜ਼ ਸੀ ਅੰਮ੍ਰਿਤ ਤਿਆਰ ਹੁੰਦਾ, ਜਿਹੜੇ ਪੀਂਵਦੇ ਅਮਰ ਹੋ ਜਾਂਵਦੇ ਸੀ
ਰੋਜ਼-ਰੋਜ਼ ਸੰਦੇਸੜੇ ਆਂਵਦੇ ਸੀ, ਸਿੱਖੀ ਸੱਭ ਹੀ ਪਏ ਅਪਣਾਂਵਦੇ ਸੀ
ਪਾਣ ਰੋਜ਼ ਸੀ ਲੱਗਦੀ ਬੀਰਤਾ ਦੀ, ਲੋਕੀਂ ਡੱਰ ਪਏ ਦਿਲੋਂ ਗਵਾਂਵਦੇ ਸੀ
'ਦਾਸ' 'ਰਾਮ' ਤੇ 'ਚੰਦ' ਦੀ ਥਾਂ ਸਾਰੇ, ਪਏ ਗੁਰੂ ਦੇ ਸਿੰਘ ਸਦਾਂਵਦੇ ਸੀ
ਬਾਣੀ ਗਾਂਵਦੇ ਗੁਰਾਂ ਦੇ ਦਰਸ ਖ਼ਾਤਰ, ਰੋਜ਼ ਪੁਰੀ ਅਨੰਦ ਵਿਚ ਆਂਵਦੇ ਸੀ
ਮੱਥੇ ਟੇਕਦੇ ਦਿਲੋਂ ਕੁਰਬਾਨ ਹੁੰਦੇ, ਆ ਆ ਪ੍ਰੇਮ ਦੀ ਭੇਟ ਚੜ੍ਹਾਂਵਦੇ ਸੀ
ਐਪਰ ਰਾਹ ਪੈਂਡੇ ਅੰਦਰ ਕਈ ਵਾਰੀ, ਤੁਰਕ ਚੋਰ ਡਾਕੂ ਆ ਡਰਾਂਵਦੇ ਸੀ
ਸਿੰਘ ਡੱਟ ਕੇ ਟਾਕਰਾ ਲਾਂਵਦੇ ਸੀ, ਦਿਲੋਂ ਰਤਾ ਨਾ ਮੂਲ ਘਬਰਾਂਵਦੇ ਸੀ
ਪਹਿਲੇ, ਡਰਦਿਆਂ ਜਾਨ ਲੁਕਾਂਵਦੇ ਸੀ, ਹੁਣ ਬੀਰ ਹੋ ਤੇਗ਼ ਖੜਕਾਂਵਦੇ ਸੀ
ਪਹਿਲੇ, ਰੋ ਰੋ ਵਾਸਤੇ ਪਾਂਵਦੇ ਸੀ, ਹੁਣ ਹੱਥ ਤਲਵਾਰ ਨੂੰ ਪਾਂਵਦੇ ਸੀ
ਪਹਿਲੇ ਆਪ ਸੀ ਨੱਠਦੇ ਜਿੰਦ ਲੈ ਕੇ, ਹੁਣ ਵੈਰੀਆਂ ਤਾਈਂ ਨਠਾਂਵਦੇ ਸੀ
ਖੰਡੇ-ਧਾਰ ਅੰਮ੍ਰਿਤ ਪੀ ਪੀ ਸ਼ੇਰ ਹੁੰਦੇ, ਫਿਰਦੇ ਬੁੱਕਦੇ ਆਂਵਦੇ ਜਾਂਵਦੇ ਸੀ
ਰੱਬੀ-ਭਗਤ ਬਣਦੇ ਦੇਸ਼-ਭਗਤ ਬਣਦੇ, ਪਏ ਆਪਣਾ ਆਪ ਪਕਾਂਵਦੇ ਸੀ
ਹੱਥ ਸਿੱਖਦੇ, ਨਿੱਤ ਹੀ ਸ਼ਸਤਰਾਂ ਦੇ, ਦੇਸ਼ ਵਾਸਤੇ ਢੰਗ ਬਣਾਂਵਦੇ ਸੀ
ਜਦੋਂ ਪੁੱਜਦੀ ਖ਼ਬਰ ਤਿਆਰੀਆਂ ਦੀ, ਜਾਣੀ ਜਾਣ ਨਾ ਫੁੱਲੇ ਸਮਾਂਵਦੇ ਸੀ
ਜਿਹੜੇ ਸਿੱਖ ਸੇਵਕ ਆਪ ਕੋਲ ਆਵਣ, ਸਾਰੀ ਉਨ੍ਹਾਂ ਨੂੰ ਗੱਲ ਸਮਝਾਂਵਦੇ ਸੀ
ਦੇਸ਼ ਲਈ ਜੀਣਾ, ਦੇਸ਼ ਲਈ ਮਰਨਾ! ਹਰ ਦਿੱਲ ਵਿਚ ਖ਼ੂਬ ਬਿਠਾਂਵਦੇ ਸੀ
ਸਿੰਘ ਸੂਰਮੇ ਦੇਸ਼ ਲਈ ਮਰਨ ਖ਼ਾਤਰ, ਜਾਣੀ-ਜਾਣ ਨੂੰ ਸੀਸ ਝੁਕਾਂਵਦੇ ਸੀ
ਹੋਣ 'ਤੇਗ਼ ਬਹਾਦਰ' ਦੇ ਲਾਲ ਰਾਜ਼ੀ, ਜਦੋਂ ਸੂਰਮੇ ਤੇਗ਼ ਸਜਾਂਵਦੇ ਸੀ
ਛਾਤੀ ਜੋਸ਼ ਦੇ ਨਾਲ ਹੋ ਜਾਏ ਚੌੜੀ, ਜਾਂ 'ਅਕਾਲ-ਅਕਾਲ' ਗਜਾਂਵਦੇ ਸੀ
ਸਮਾਂ ਦੌੜਦਾ ਜੰਗ ਦਾ ਆ ਰਿਹਾ ਸੀ, ਵਾਜਾਂ ਮਾਰ ਮੈਦਾਨ ਬੁਲਾਂਵਦੇ ਸੀ
'ਤੀਰ' ਰੱਬ ਤੇ ਦੇਸ਼ ਨੂੰ ਦਿਨੇ-ਰਾਤੀਂ, ਪਏ ਸ੍ਰੀ ਦਸਮੇਸ਼ ਧਿਆਂਵਦੇ ਸੀ

ਖੂਨੀ ਪਰੇ - ਸ਼ੇਰ ਸ਼ਹੀਦੀਆਂ - (ਤਿਰਲੋਕ)



## ਬੀਬੀ ਦੀਪ ਕੌਰ ਦੀ ਬਹਾਦਰੀ ਦਾ ਪ੍ਰਸੰਗ (ਵੱਲੋਂ ਕਵੀ)

ਸਿੱਖੀ ਸੇਵਕੀ ਮਾਝਿਓਂ ਇੱਕ ਵਾਰੀ, ਰਲ ਮਿਲ ਕੇ ਆਈ ਦੀਦਾਰਿਆਂ ਨੂੰ
ਬਾਣੀ ਗਾਂਵਦੇ ਗੁਰੂ ਧਿਆਂਵਦੇ ਸੀ, ਦਿਲੋਂ ਖ਼ੁਸ਼ੀ ਸੀ ਚੜ੍ਹੀ ਪਿਆਰਿਆਂ ਨੂੰ
ਰੱਤੇ ਰੰਗ ਅੰਦਰ ਤੇ ਉਮੰਗ ਅੰਦਰ, ਜਾਣ ਵੇਖਦੇ ਰੱਬੀ-ਨਜ਼ਾਰਿਆਂ ਨੂੰ
ਪ੍ਰੇਮ ਵਿੱਚ ਵੱਸਣ, ਪ੍ਰੇਮ-ਵੱਸ ਹੋ ਕੇ, ਸੀ ਵਸਾਂਵਦੇ ਨੈਣ-ਫੁਹਾਰਿਆਂ ਨੂੰ
ਗੁਰੂ-ਦਰਸ਼ਨਾਂ ਦੀ ਰਾਸ ਲੋੜ ਹੈਸੀ, ਪ੍ਰੇਮ-ਭੌਰਿਆਂ ਪ੍ਰੇਮ-ਵਣਜਾਰਿਆਂ ਨੂੰ
ਤਾਰ ਗੁਰੂ-ਪ੍ਰੇਮ ਦੀ ਖਿੱਚ ਰਹੀ ਸੀ, ਸਿਦਕ-ਰੱਤਿਆਂ ਗੁਰਾਂ ਦੇ ਤਾਰਿਆਂ ਨੂੰ
ਰੁੱਤ ਗਰਮੀਆਂ ਦੀ ਹੈਸੀ ਜੋਬਨਾਂ 'ਤੇ, ਡਾਢੀ ਤੇਹ ਲੱਗੀ ਆਣ ਸਾਰਿਆਂ ਨੂੰ
'ਤੀਰ' ਖੂਹ ਇੱਕ ਵੇਖ ਕੇ ਗਏ ਓਧਰ, ਏਧਰ ਸੁੱਝ ਪਈ ਹੋਣੀ ਦੇ ਕਾਰਿਆਂ ਨੂੰ

## ਬੀਬੀ ਦੀਪ ਕੌਰ ਅੱਗੇ ਨਿਕਲ ਆਈ (ਵੱਲੋਂ ਕਵੀ)

ਦੀਪ ਕੌਰ ਬੀਬੀ ਨਿੱਖੜ ਸਾਥ ਨਾਲੋਂ, ਅੱਗੇ ਟੁਰੀ ਆਈ ਤਿੱਖੀ ਚਾਲ ਵੇਖੋ
ਵਾਟ ਕੋਹ 'ਤੇ ਓਸਨੂੰ ਨਜ਼ਰ ਆਏ, ਮੰਦੀ ਨੀਤ ਦੇ ਚਾਰ ਚੰਡਾਲ ਵੇਖੋ
ਚਾਰੇ ਤੁਰਕ ਡਾਕੂ ਰਾਹ ਰੋਕ ਬੈਠੇ, ਅੱਗੇ ਮਾਰ ਕੇ ਆ ਗਏ ਛਾਲ ਵੇਖੋ
ਤੇਗ਼ਾਂ ਸੂਤੀਆਂ ਕੱਦ ਸੀ ਦਿਓ ਵਰਗੇ, ਅੱਖਾਂ ਰੋਹ ਵਿਚ ਰੱਤੀਆਂ ਲਾਲ ਵੇਖੋ
ਉਨ੍ਹਾਂ ਕੜਕ ਕੇ ਆਖਿਆ ਨਾਲ ਗੁੱਸੇ, ਸਾਰਾ ਕੱਢ ਕੇ ਧਰ ਦਿਓ ਮਾਲ ਵੇਖੋ
ਸਿਰ ਨਹੀਂ ਤਾਂ ਧੜੋਂ ਅਲੱਗ ਹੋਸੀ, ਪਏ ਗਰਦ ਵਿਚ ਹੋਣਗੇ ਵਾਲ ਵੇਖੋ
ਦੀਪ ਕੌਰ ਨੇ ਸੁਣੀ ਜਾਂ ਇਹ ਬੋਲੀ, ਲਿਆ ਆਪਣਾ! ਆਪ ਸੰਭਾਲ ਵੇਖੋ
ਫੇਰ ਗੁਰੂ ਮਹਾਰਾਜ ਨੂੰ ਦਿੱਲ ਅੰਦਰ, ਕੀਤੀ ਬੇਨਤੀ ਪ੍ਰੇਮ ਦੇ ਨਾਲ ਵੇਖੋ
'ਸੱਚੇ ਪਾਤਸ਼ਾਹ ਬਖ਼ਸ਼ਣਾ ਬੱਲ ਮੈਨੂੰ', ਫੇਰ ਚਵ੍ਹਾਂ ਦਾ ਹੀ ਹੁੰਦਾ ਕਾਲ ਵੇਖੋ
ਬੀਰ-ਸਿੰਘਣੀ ਨੇ ਫੇਰ ਸੋਚ ਕਰਕੇ, ਏਦਾਂ ਤਾਣਿਆ ਅਕਲ ਦਾ ਜਾਲ ਵੇਖੋ
ਗਹਿਣੇ ਲਾਹ ਕੇ ਸਾਹਮਣੇ ਸੁੱਟ ਦਿੱਤੇ, ਅੱਗੇ ਉਨ੍ਹਾਂ ਦੇ, ਕੀਮਤੀ ਮਾਲ ਵੇਖੋ
ਝੁੱਕ ਉਨ੍ਹਾਂ ਨੂੰ ਇੱਕ ਜਾਂ ਲੈਣ ਲੱਗਾ, ਇੱਧਰ ਖੜਕ ਪਈ ਤੇਗ਼ ਤੇ ਢਾਲ ਵੇਖੋ
ਇੱਕੋ ਵਾਰ ਵਿਚ ਉਹਨੂੰ ਦੋ ਟੱਕ ਕੀਤਾ, ਧਾਰ ਤੱਨ ਵਿਚੋਂ ਵੱਗੀ ਲਾਲ ਵੇਖੋ
ਦੂਜੇ ਸੰਭਲਦੇ ਹੀ ਅਜੇ ਪਏ ਹੈਸਨ, ਬੁੱਕੀ ਸਿੰਘਣੀ ਫੇਰ ਕਮਾਲ ਵੇਖੋ
ਦੋਵੇਂ ਪਾਰ ਕੀਤੇ ਹੋਰ ਚੋਰ ਪਾਪੀ, ਜਿਹੜੇ ਰੋਹਬ ਸੀ ਰਹੇ ਵਿਖਾਲ ਵੇਖੋ
ਸੁੱਟ ਆਪਣੇ ਜੋਸ਼ ਦੀ ਅੱਗ ਅੰਦਰ, ਦਿੱਤੇ ਸ਼ੇਰਨੀ ਨੇ ਝੱਟ ਗਾਲ ਵੇਖੋ
ਚੌਥਾ ਦੌੜਿਆ ਸਿਰ 'ਤੇ ਪੈਰ ਧਰ ਕੇ, ਡਰ ਨਾਲ ਕਰਦਾ ਹਾਲ-ਹਾਲ ਵੇਖੋ
'ਤੀਰ' ਅੰਮ੍ਰਿਤੋਂ ਬਣੀ ਬਲਵਾਨ ਅਬਲਾ, ਦਿੱਤਾ ਕਰ ਕੀ ਗੁੱਜਰੀ-ਲਾਲ ਵੇਖੋ

### ਨਾਲ ਦੀ ਸੰਗਤ ਬੀਬੀ ਕੋਲ ਪੁੱਜੀ ਤੇ ਵੇਖ ਕੇ ਹੈਰਾਨ ਹੋ ਗਈ (ਵੱਲੋਂ ਕਵੀ)

ਜਦੋਂ ਸਿੱਖ ਸੰਗਤ ਪਿੱਛੋਂ ਆਣ ਪੁੱਜੀ, ਹੋਈ ਸੱਭ ਨੇ ਨਵੀਂ ਹੀ ਕਾਰ ਡਿੱਠੀ
ਦੀਪ ਕੌਰ ਡਿੱਠੀ ਵਾਂਗ ਸ਼ੇਰਨੀ ਦੇ, ਬੀਰ-ਰੱਸ ਵਿਚ ਉਹਦੀ ਨੁਹਾਰ ਡਿੱਠੀ
ਵਾਂਗ ਮੌਤ ਦੀ ਜੀਭ ਦੇ ਲਾਲ ਹੋਈ, ਉਹਦੇ ਹੱਥ ਦੇ ਵਿੱਚ ਤਲਵਾਰ ਡਿੱਠੀ
ਉੱਤੇ ਭੋਇ ਦੇ ਡਿੱਠੀਆਂ ਤਿੰਨ ਲੋਥਾਂ, ਵਹਿੰਦੀ ਸੱਜਰੀ ਲਹੂ ਦੀ ਧਾਰ ਡਿੱਠੀ
ਤੇਗ ਸੂਤ ਕੇ ਸਾਹਮਣੇ ਖਲੀ ਹੋਈ, ਸੱਚੀ ਸਿੰਘਣੀ ਪੱਬਾਂ ਦੇ ਭਾਰ ਡਿੱਠੀ
'ਤੀਰ' ਹੱਸਦੀ ਉਨ੍ਹਾਂ ਨੇ ਜਿੱਤ ਵੇਖੀ, ਹੰਝੂ ਲਹੂ ਦੇ ਡੋਲ੍ਹਦੀ ਹਾਰ ਡਿੱਠੀ

### ਸਿੰਘ ਬੀਬੀ ਨੂੰ ਕਹਿੰਦੇ ਹਨ

ਕਿਉਂ ਸਾਥ ਨਾਲੋਂ, ਅੱਗੇ ਲੰਘੀਓਂ ਤੂੰ, ਕਿਉਂ ਇਸ ਤਰ੍ਹਾਂ ਦੀ ਕੀਤੀ ਕਾਰ ਬੀਬੀ
ਜੇ ਤੂੰ ਆ ਹੀ ਗਈ ਸੈਂ ਭਲਾ ਅੱਗੇ, ਸਾਨੂੰ ਵਾਜ ਹੀ ਲੈਂਦੀਓਂ ਮਾਰ ਬੀਬੀ
ਤੈਨੂੰ ਲੋੜ ਕੀ ਸੀ ਅਸੀਂ ਪੁੱਜ ਜਾਂਦੇ, ਤੇ ਚਲਾਂਵਦੇ ਖ਼ੂਬ ਤਲਵਾਰ ਬੀਬੀ
ਤੈਨੂੰ ਮਾਰ ਜਾਂਦੇ ਜੇਕਰ ਇਹ ਏਥੇ, ਅਸਾਂ ਹੋਵਣਾ ਸੀ ਸ਼ਰਮ-ਸਾਰ ਬੀਬੀ
ਤੇਰਾ ਇਨ੍ਹਾਂ ਦਾ ਕੀ ਮੁਕਾਬਲਾ ਸੀ, ਕੱਲੀ ਤੂੰ ਤੇ ਚੋਰ ਸਨ ਚਾਰ ਬੀਬੀ
ਪੱਰ-ਪੁਰਖ ਦੇ ਨਾਲ ਤੂੰ ਛੋਹ ਗਈ ਏਂ, ਤੇਰਾ ਠੀਕ ਨਾ ਵਣਜ ਵਿਹਾਰ ਬੀਬੀ
ਕੱਲੀ ਨਾਲ ਤੂੰ ਇਨ੍ਹਾਂ ਦੇ ਲੜੀ ਕਾਹਨੂੰ, ਬੱਚ ਗਈ ਏਂ ਸ਼ੁਕਰ ਗੁਜ਼ਾਰ ਬੀਬੀ
'ਤੀਰ' ਨਿਉਂ ਦਸਮੇਸ਼ ਨੂੰ ਲੱਖ ਵਾਰੀ, ਜਿਨ੍ਹੇ ਰੱਖਿਆ ਤੇਰਾ ਸਤਕਾਰ ਬੀਬੀ

### ਬੀਬੀ ਦੀਪ ਕੌਰ ਦਾ ਉੱਤਰ ਸਿੰਘਾਂ ਨੂੰ

ਕਹਿੰਦੀ ਦੀਪ ਕੌਰਾਂ ਵੀਰੋ ਔਖ ਵੇਲੇ, ਵਾਜਾਂ ਮਾਰ ਕੇ ਅੱਜ ਬੁਲਾਂਵਦੀ ਮੈਂ
ਦੱਸੋ ਤੁਸੀਂ ਹੀ ਸ੍ਰੀ ਦਸਮੇਸ਼ ਜੀ ਦੀ, ਬੀਰ-ਪੁੱਤਰੀ ਕਿਵੇਂ ਸਦਾਂਵਦੀ ਮੈਂ
ਜੇਕਰ ਹਾਰ ਖਾ ਕੇ ਚਾਰ ਕਾਇਰਾਂ ਤੋਂ, ਮੇਰੇ ਵੀਰਨੋਂ ਰਤਾ ਘਬਰਾਂਵਦੀ ਮੈਂ
ਦੱਸੋ ਤੁਸੀਂ ਹੀ ਘੜੀ ਦੀ ਘੜੀ ਅੰਦਰ, ਕਿਵੇਂ ਤੇਗ਼ ਦੇ ਜੌਹਰ ਦਿਖਾਂਵਦੀ ਮੈਂ
ਜੇਕਰ ਅੱਖ ਝਮਕਾਰ ਵੀ ਸੋਚ ਕਰਕੇ, ਸ੍ਰੀ ਸਾਹਿਬ ਨਾ ਅੱਜ ਚਲਾਂਵਦੀ ਮੈਂ
ਇਨ੍ਹਾਂ ਤਿੰਨਾਂ ਤਾਂ ਭਲਾ ਸੀ ਕੀ ਮਰਨਾ, ਐਵੇਂ ਭੰਗ-ਭਾੜੇ ਮਾਰੀ ਜਾਂਵਦੀ ਮੈਂ
ਮੇਰਾ ਸੱਤ ਵੀ ਖ਼ੱਤਰੇ ਵਿੱਚ ਹੈਸੀ, ਕਦਮ ਇਹ ਨਾ ਜੇਕਰ ਉਠਾਂਵਦੀ ਮੈਂ
ਦੱਸੋ ਵੀਰਨੋ ਭੋਲਿਓ! ਏਸ ਵੇਲੇ, ਨਜ਼ਰ ਕਿਸ ਤਰ੍ਹਾਂ ਆਪ ਨੂੰ ਆਂਵਦੀ ਮੈਂ
ਜੇਕਰ ਆਪਣੀ ਰੱਖਿਆ ਵਾਸਤੇ ਵੀ, ਸ੍ਰੀ ਸਾਹਿਬ ਨੂੰ ਹੱਥ ਨਾ ਪਾਂਵਦੀ ਮੈਂ
ਵਿਚ ਪੁਰੀ ਦੇ ਸ੍ਰੀ ਦਸਮੇਸ਼ ਜੀ ਨੂੰ, ਕਿਹੜਾ ਪੁੱਜ ਕੇ ਮੂੰਹ ਵਿਖਾਂਵਦੀ ਮੈਂ
ਘੜੀ ਪੱਲ ਅੰਦਰ ਜੇ ਨਾ ਡਰ ਲਾਹ ਕੇ, ਅੱਜ ਤਿੰਨਾਂ ਦੇ ਸਿਰ ਉਡਾਂਵਦੀ ਮੈਂ
ਮੇਰੀ ਮਿੱਟੀ ਜਹਾਨ 'ਤੇ ਉੱਡਣੀ ਸੀ, ਕਿਤੇ ਡੁੱਬ ਮਰਦੀ ਸ਼ਰਮ ਖਾਂਵਦੀ ਮੈਂ

ਹੈਸਨ ਭੀਮ ਅਰਜਨ ਭਲਾ ਇਹ ਕਿਹੜੇ, ਨਾਲ ਜਿਨ੍ਹਾਂ ਦੇ ਵੀਰ ਲੜਾਂਵਦੀ ਮੈਂ
'ਤੀਰ' ਸਿੰਘਣੀ ਹੋ ਕੇ ਜੰਗ ਅੰਦਰ, ਸਿੰਘ-ਪੁਣੇ ਨੂੰ ਲੀਕ ਕਿਉਂ ਲਾਂਵਦੀ ਮੈਂ ?

### ਬੀਬੀ ਦੀਪ ਕੌਰ ਫੇਰ ਕਹਿੰਦੀ ਹੈ

ਨਹੀਂ ਸਿੰਘਣੀ ਉਹ ਜੋ ਕਸ਼ਟ ਵੇਲੇ, ਹੱਠ, ਹੌਸਲਾ ਛੱਡਿਆ ਹਾਰ ਜਿਸਨੇ
ਨਹੀਂ ਸਿੰਘਣੀ ਉਹ ਜੋ ਧਰਮ ਖ਼ਾਤਰ, ਤੇਗ਼ ਬੀਰਤਾ ਦੀ ਛੱਡੀ ਕਾਰ ਜਿਸਨੇ
ਨਹੀਂ ਸਿੰਘਣੀ ਧਰਮ ਦੇ ਯੁੱਧ ਅੰਦਰ, ਵਾਹੀ ਫੜ ਕੇ ਨਹੀਂ ਤਲਵਾਰ ਜਿਸਨੇ
ਨਹੀਂ ਸਿੰਘਣੀ ਜਾਨ 'ਤੇ ਬਣੀ ਵੇਲੇ, ਦਿੱਤੀ ਬੀਰਤਾ ਦਿਲੋਂ ਵਿਸਾਰ ਜਿਸਨੇ
ਨਹੀਂ ਸਿੰਘਣੀ ਆਣ ਕੇ ਜੱਗ ਅੰਦਰ, ਨਿਰਾ ਪਾਲਿਆ ਮੋਹ-ਪਰਵਾਰ ਜਿਸਨੇ
ਨਹੀਂ ਸਿੰਘਣੀ ਵੇਖ ਕੇ ਬਹੁਤ ਜ਼ਾਲਮ, ਦਿੱਤੇ ਡਰ ਕੇ ਸੁੱਟ ਹਥਿਆਰ ਜਿਸਨੇ
ਨਹੀਂ ਸਿੰਘਣੀ ਜ਼ਾਲਮਾਂ ਪਾਪੀਆਂ ਦੀ, ਦੇਸ਼ ਵਿਚੋਂ ਉਡਾਈ ਨਾ ਛਾਰ ਜਿਸਨੇ
'ਤੀਰ' ਸਿੰਘਣੀ ਕੀ ਉਹ ਜੱਗ ਅੰਦਰ, ਨਹੀਂ ਪਾਲਿਆ ਦੇਸ਼-ਪਿਆਰ ਜਿਸਨੇ

### ਫੇਰ ਕਹਿੰਦੀ ਹੈ

ਉਹ ਹੈ ਸਿੰਘਣੀ ਵੀਰ ਜੀ ਧਰਮ ਉੱਤੋਂ, ਜਿਹੜੀ ਆਪਣੇ ਆਪ ਨੂੰ ਵਾਰ ਦੇਵੇ
ਉਹ ਹੈ ਸਿੰਘਣੀ ਵੀਰ ਜੀ ਦੇਸ਼ ਖ਼ਾਤਰ, ਜਿਹੜੀ ਆਪਣਾ ਘੋਲ ਪਰਵਾਰ ਦੇਵੇ
ਉਹ ਹੈ ਸਿੰਘਣੀ ਵੀਰ ਜੀ ਤੇਗ਼ ਤਾਈਂ, ਜਿਹੜੀ ਮੌਤ-ਵੇਲੇ ਵੀ ਪਿਆਰ ਦੇਵੇ
ਉਹ ਹੈ ਸਿੰਘਣੀ ਵੀਰ ਜੀ ਕੌਮ ਖ਼ਾਤਰ, ਜਿਹੜੀ ਆਪਣਾ ਸੁੱਖ ਵਿਸਾਰ ਦੇਵੇ
ਉਹ ਹੈ ਸਿੰਘਣੀ ਵੀਰ ਜੀ ਜ਼ਾਲਮਾਂ ਨੂੰ, ਲੱਖਾਂ ਹੋਣ ਉੱਤੇ ਜੋ ਵੰਗਾਰ ਦੇਵੇ
ਉਹ ਹੈ ਸਿੰਘਣੀ ਵੀਰ ਜੀ ਸਿਦਕ ਖ਼ਾਤਰ, ਹੱਸ ਹੱਸ ਜਿਹੜੀ 'ਹੋਣ-ਹਾਰ' ਦੇਵੇ
ਪੁੱਤਰ ਬੋਟੀਆਂ-ਬੋਟੀਆਂ ਪਿਆ ਹੋਵੇ, ਵੇਲਾ ਸ਼ੁਕਰ ਦੇ ਵਿੱਚ ਗੁਜ਼ਾਰ ਦੇਵੇ
ਉਹ ਹੈ ਸਿੰਘਣੀ ਵੀਰ ਜੀ ਜਾਨ ਦੇਵੇ, ਹੱਥੋਂ ਮੂਲ ਨਾ ਕਦੇ ਹਥਿਆਰ ਦੇਵੇ
ਵਿੱਚ ਰਣ ਦੇ ਲੜਦਿਆਂ ਮਰ ਜਾਵੇ, ਜਾਨੋਂ ਜ਼ਾਲਮਾਂ ਨੂੰ ਇਕੋ ਮਾਰ ਦੇਵੇ
'ਤੀਰ' ਧਰਮ ਦੀ ਮੂਰਤੀ ਬਣੇ ਜਿਹੜੀ, ਉਹਨੂੰ ਦਿਲ ਅਪਣਾ ਖੰਡੇ-ਧਾਰ ਦੇਵੇ

### ਦਸਮੇਸ਼ ਜੀ ਦੇ ਦਰਬਾਰ ਵਿਚ ਦੀਪ ਕੌਰ ਦੀ ਚਰਚਾ (ਵੱਲੋਂ ਕਵੀ)

ਦੀਪ ਕੌਰ ਦੀ ਹੀ ਪਈ ਹੋਏ ਚਰਚਾ, ਜਦੋਂ ਗੁਰਾਂ ਦੇ ਵਿਚ ਦਰਬਾਰ ਆਈ
ਕਹਿਣ ਵੇਖ ਲਓ ਬੀਰਤਾ ਦੱਸ ਆਈ, ਤਿੰਨਾਂ ਡਾਕੂਆਂ ਨੂੰ ਕੱਲੀ ਮਾਰ ਆਈ
ਸ਼ੇਰ-ਪੁੱਤਰੀ ਜੰਗ ਹੈ ਜਿੱਤ ਆਈ, ਰਾਹ ਵਿਚ ਚਲਾ ਤਲਵਾਰ ਆਈ
ਆਪ ਨਹੀਂ ਭੱਜੀ ਰਤਾ ਭੈ ਖਾ ਕੇ, ਤਿੰਨਾਂ ਧੜਾਂ ਤੋਂ ਸੀਸ ਉਤਾਰ ਆਈ
ਜਦੋਂ ਗੱਲ ਦਸਮੇਸ਼ ਦੇ ਕੋਲ ਪਹੁੰਚੀ, ਅਜਬ ਰੰਗ ਦੇ ਵਿਚ ਸਰਕਾਰ ਆਈ

ਹੱਥ ਫੇਰਿਆ ਬੀਬੀ ਦੇ ਸਿਰ ਉੱਤੇ, ਪ੍ਰੇਮ ਨਾਲ ਜਾਂ ਕਰਨ ਦੀਦਾਰ ਆਈ
ਅੱਖਾਂ ਵੱਸੀਆਂ ਆਣ ਪਿਆਰ ਅੰਦਰ, ਮਾਨੋਂ ਪਰਤ ਬਰਸਾਤ-ਬਹਾਰ ਆਈ
ਕਿਹਾ ਗੁਰਾਂ ਨੇ ਦੀਪ ਇਹ ਨਹੀਂ ਆਈ, ਸਿੱਖੀ-ਆਣ ਆਈ ਸਿੱਖੀ-ਧਾਰ ਆਈ
ਅੰਮ੍ਰਿਤ ਪੀਣ ਵਾਲੇ ਕਦੇ ਨਹੀਂ ਡਰਦੇ, ਏਸ ਗੱਲ ਦਾ ਕਰ ਪਰਚਾਰ ਆਈ
ਮੇਰਾ 'ਤੀਰ' ਸਦਕੇ ਇਸਦੀ ਤੇਗ ਉਤੋਂ, ਮੇਰੀ ਬੱਚੜੀ ਇਹ 'ਹੋਣਹਾਰ' ਆਈ

## *ਕਲਗੀਧਰ ਜੀ ਪ੍ਰਸੰਨ ਹੋ ਕੇ ਫ਼ੁਰਮਾਉਂਦੇ ਹਨ*

ਮੈਨੂੰ ਅੱਜ ਤੋਂ ਹੋ ਗਿਆ ਇਹ ਨਿਸਚਾ, ਸ਼ੇਰ-ਬੱਚੀਆਂ ਮੇਰੀਆਂ ਹੋਣਗੀਆਂ
ਜਿਹੜੀ ਹਿੱਕ ਵਿਚ ਜ਼ੁਲਮ ਦਾ ਵਾਸ ਹੋਸੀ, ਤੇਗ਼ ਓਸਦੇ ਵਿੱਚ ਚੁਭੋਣਗੀਆਂ
ਉਥੋਂ ਨੱਠ ਗ਼ੁਲਾਮੀਆਂ ਜਾਣਗੀਆਂ, ਇਹ ਬੀਰਂਗਣਾਂ ਜਿੱਥੇ ਖਲੋਣਗੀਆਂ
ਲੱਗੇ ਦਾਗ਼ ਗ਼ੁਲਾਮੀ ਦੇ ਦੇਸ਼ ਉੱਤੋਂ, ਪਾ ਪਾ ਪੁੱਤਰਾਂ ਦੇ ਲਹੂ ਧੋਣਗੀਆਂ
ਹਰਾ ਰੁੱਖ ਅਜ਼ਾਦੀ ਦਾ ਕਰਨ ਖ਼ਾਤਰ, ਰੱਤ ਆਪਣੀ ਬੰਸ ਦੀ ਚੋਣਗੀਆਂ
ਅੱਖੀਂ ਵੇਖ ਕੇ ਲਾਲ ਕੁਰਬਾਨ ਹੁੰਦੇ, ਰਤਾ ਮੋਹ ਦੇ ਵਿੱਚ ਨਾ ਰੋਣਗੀਆਂ
ਪੀਹਣ ਵਾਸਤੇ ਜ਼ੁਲਮ ਹਤਿਆਰਿਆਂ ਦੇ, ਸਦਾ ਬੀਰਤਾ ਦੀ ਚੱਕੀ ਝੋਣਗੀਆਂ
'ਤੀਰ' ਹੁਣ ਅਬਲਾ ਸਬਲ ਹੋਣਗੀਆਂ, ਦੇਸ਼ ਕੌਮ ਵਾਲੇ ਦਾਗ਼ ਧੋਣਗੀਆਂ

## *ਦੀਪ ਕੌਰ ਨੂੰ ਮਹਾਰਾਜ ਕਹਿੰਦੇ ਹਨ*

ਦੀਪ ਕੌਰ ਬੱਚੀ! ਤੇਰੀ ਧੰਨ ਸਿੱਖੀ, ਪੁੱਤਰ! ਦਰ-ਪਰਵਾਨ ਹੈ ਕਾਰ ਤੇਰੀ
ਮੈਂ ਹਾਂ ਵੱਰ ਦੇਂਦਾ, ਸਦਾ ਜ਼ਾਲਮਾਂ 'ਤੇ, ਧੀਏ! ਚਲਦੀ ਰਹੇ ਤਲਵਾਰ ਤੇਰੀ
ਭਾਵੇਂ ਮੌਤ ਵੀ ਲੜੇ ਆ ਨਾਲ ਤੇਰੇ, ਕਦੇ ਬੱਚੀਏ! ਹੋਇ ਨਾ ਹਾਰ ਤੇਰੀ
ਕੌੜੀ ਵੇਲ ਵਾਂਗੂੰ ਵਧੇ ਬੰਸ ਤੇਰੀ, ਰਹੇ ਧਰਮ ਦੇ ਵਿੱਚ ਵਿਚਾਰ ਤੇਰੀ
ਤੇਰੀ ਬੀਰਤਾ, ਬੀਰਤਾ ਹੋਏ ਮੇਰੀ, ਮੇਰੀ ਅੱਖ ਵਿਚ ਰਹੇ ਨੁਹਾਰ ਤੇਰੀ
ਤੇਰੇ ਕੰਮ ਨੂੰ ਬੱਚੀਏ! ਪੂਜਸਾਂ ਮੈਂ, ਦਿਲੋਂ, ਮਨੋਂ ਮੈਂ ਗਾਵਸਾਂ ਵਾਰ ਤੇਰੀ
ਮੇਰੇ ਦਿਲ ਦੀ ਲਾਡਲੀ ਧਰਤ ਉੱਤੇ, ਸਦਾ ਲਈ ਬਣਸੀ ਯਾਦਗਾਰ ਤੇਰੀ
'ਤੀਰ' ਸਫ਼ਲ ਹੋਈ ਤੇਰੀ ਪ੍ਰੀਤ ਸਿੱਖੀ, ਸਫ਼ਲ ਹੋਈ ਏ ਅੰਮ੍ਰਿਤੀਧਾਰ ਤੇਰੀ

## *ਮਹਾਰਾਜ ਫਿਰ ਕਹਿੰਦੇ ਹਨ*

ਤੇਰੀ ਕਾਰ ਇਹ ਬੱਚੀਏ ਬੀਰਤਾ ਦੀ, ਮੇਰੇ ਪੰਥ ਦੇ ਲਈ ਕਮਾਲ ਬਣਸੀ
ਇਹਦੇ ਚਾਨਣੇ ਵਿੱਚ ਹੀ ਪੰਧ ਕਰਸੀ, ਸੁੱਚਾ ਚਾਨਣਾ ਤੇਰੀ ਮਸਾਲ ਬਣਸੀ
ਔਖੀ ਬਣੀ ਵੇਲੇ ਹਿੰਦੀ ਨਾਰੀਆਂ ਦਾ, ਆਗੂ ਇਹ ਹਰ ਸਮੇਂ ਖ਼ਿਆਲ ਬਣਸੀ
ਤੇਰੀ ਇਹ ਕਰਣੀ ਮੇਰੇ ਦੇਸ਼ ਅੰਦਰ, ਨਾਰੀ-ਰੱਖਿਆ ਵਾਸਤੇ ਢਾਲ ਬਣਸੀ

ਤੇਰੀ ਭੈਣ, ਧੀਏ ਸੂਰਬੀਰ ਹੋਸੀ, ਪਾਪੀ ਜ਼ਾਲਮਾਂ ਦਾ ਸਦਾ ਕਾਲ ਬਣਸੀ
ਜਿਵੇਂ ਸਿੱਖ! ਹੋਸਨ ਅੰਗਪਾਲ ਮੇਰੇ, ਤਿਵੇਂ ਸਿੰਘਣੀ ਵੀ ਅੰਗਪਾਲ ਬਣਸੀ
ਤੋੜ ਦਏਗੀ ਗੁਰੂ ਨੂੰ ਯਾਦ ਕਰਕੇ, ਜਦੋਂ ਕੋਈ ਫ਼ਰੇਬ ਦਾ ਜਾਲ ਬਣਸੀ
ਨਾਰੀ ਸਿੰਘਣੀ ਹੋ ਨਿਡੱਰ ਫਿਰਸੀ, ਕੁੱਤੇ ਕਾਂ ਦਾ ਕਦੇ ਨਾ ਮਾਲ ਬਣਸੀ
ਮਿੱਟੀ ਜਾਣ ਕੇ, ਸੁੱਟਦੇ ਰਹੇ ਜਿਸਨੂੰ, ਅੱਗੋਂ ਲਈ ਉਹ ਕੀਮਤੀ ਲਾਲ ਬਣਸੀ
'ਤੀਰ' ਦੇਸ਼-ਪੂਜਾ ਰੱਬੀ-ਪ੍ਰੇਮ ਅੰਦਰ, ਨਾਰੀ ਆਦਮੀ ਦੀ ਭਾਈਵਾਲ ਬਣਸੀ

### ਦਸਮੇਸ਼ ਜੀ ਦਾ ਸੁਭਾਅ (ਵੱਲੋਂ ਕਵੀ)

ਦਿਲੋਂ ਅਮਨ ਦੇ ਸਨ ਦਸਮੇਸ਼ ਹਾਮੀ, ਅਮਨ ਵਿੱਚ ਬਿਤਾਵਣਾ ਚਾਂਵ੍ਹਦੇ ਸੀ
ਬਦੋ-ਬਦੀ ਨਾ ਯੁੱਧ ਸੀ ਮੁੱਲ ਲੈਂਦੇ, ਨਾ ਉਹ ਰੋਹਬ ਬਿਠਾਵਣਾ ਚਾਂਵ੍ਹਦੇ ਸੀ
ਨਾਹੀਂ ਪਾਤਸ਼ਾਹੀ ਦਿਲੋਂ ਚਾਂਵ੍ਹਦੇ ਸੀ, ਨਾ ਉਹ ਰਾਜ ਬਣਾਵਣਾ ਚਾਂਵ੍ਹਦੇ ਸੀ
ਨਾ ਸੀ ਚਾਂਵ੍ਹਦੇ ਕੋਈ ਗ਼ੁਲਾਮ ਕਰਨਾ, ਨਾ ਗ਼ੁਲਾਮ ਸਦਾਵਣਾ ਚਾਂਵ੍ਹਦੇ ਸੀ
ਲਹੂ ਡੁੱਲ੍ਹਦਾ ਵੇਖ ਨਾ ਸੱਕਦੇ ਸੀ, ਨਾ ਹੀ ਲਹੂ ਵਹਾਵਣਾ ਚਾਂਵ੍ਹਦੇ ਸੀ
ਉਹ ਤਾਂ ਜ਼ਾਲਮਾਂ ਅਕਲ ਦੇ ਅੰਨ੍ਹਿਆਂ ਨੂੰ, ਸਿੱਧਾ ਰਾਹ ਵਿਖਾਵਣਾ ਚਾਂਵ੍ਹਦੇ ਸੀ
ਉਹ ਤਾਂ ਰੋਂਦਿਆਂ ਮਰਦਿਆਂ ਆਜਜ਼ਾਂ ਨੂੰ, ਦਿਲੋਂ ਚੁੱਪ ਕਰਾਵਣਾ ਚਾਂਵ੍ਹਦੇ ਸੀ
ਉਹ ਤਾਂ ਡਿੱਗਿਆਂ ਡੋਲਿਆਂ ਬੰਦਿਆਂ ਨੂੰ, ਗਲੇ ਚੁੱਕ ਕੇ ਲਾਵਣਾ ਚਾਂਵ੍ਹਦੇ ਸੀ
ਉਹ ਤਾਂ ਜੱਗ ਵਿੱਚੋਂ ਊਚ-ਨੀਚ ਵਾਲਾ, ਭਰਮ-ਭੇਦ ਮਿਟਾਵਣਾ ਚਾਂਵ੍ਹਦੇ ਸੀ
ਉਹ ਤਾਂ ਹਿੰਦ ਵਿੱਚੋਂ ਰਾਜ ਜ਼ਾਲਮਾਂ ਦਾ, ਤੇਗ਼ ਨਾਲ ਉਲਟਾਵਣਾ ਚਾਂਵ੍ਹਦੇ ਸੀ
ਉਹ ਤਾਂ ਹਿੰਦ ਦੇ ਫੰਧ ਗ਼ੁਲਾਮੀਆਂ ਦੇ, ਛੇਤੀ ਤੋੜ ਗਵਾਵਣਾ ਚਾਂਵ੍ਹਦੇ ਸੀ
ਉਹ ਤਾਂ ਮਾੜਿਆਂ ਕਾਇਰਾਂ ਗੀਦੀਆਂ ਦਾ, ਬੱਬਰ ਸ਼ੇਰ ਹੋ ਜਾਵਣਾ ਚਾਂਵ੍ਹਦੇ ਸੀ
ਉਹ ਤਾਂ ਹਿੰਦੀਆਂ ਦੇ ਕੋਰੇ ਦਿੱਲ ਅੰਦਰ, ਦੇਸ਼-ਪ੍ਰੇਮ ਰਲਾਵਣਾ ਚਾਂਵ੍ਹਦੇ ਸੀ
ਸੀ ਹਟਾਵਣੀ ਚਾਹੁੰਦੇ ਬੁੱਤ-ਪੂਜਾ, ਰੱਬ-ਰੱਬ ਜਪਾਵਣਾ ਚਾਂਵ੍ਹਦੇ ਸੀ
ਉਹ ਤਾਂ ਹਿੰਦ 'ਤੇ ਝੰਡਾ ਅਜ਼ਾਦੀਆਂ ਦਾ, ਜੀਂਦੇ ਜੀ ਝੁਲਾਵਣਾ ਚਾਂਵ੍ਹਦੇ ਸੀ
ਦੇਸ਼-ਪ੍ਰੇਮ ਵਾਲਾ! 'ਤੀਰ' ਹਿੰਦੀਆਂ ਨੂੰ, ਉਹ ਤੇ ਸਬਕ ਸਿਖਾਵਣਾ ਚਾਂਵ੍ਹਦੇ ਸੀ

### ਵੱਲੋਂ ਕਵੀ

ਦਿਲ ਆਪਦਾ ਦਰਦ ਦਾ ਰੂਪ ਹੈ ਸੀ, ਸ਼ੇਰ ਮਰਦ ਭਾਵੇਂ ਉਹ ਸਦਾਂਵਦੇ ਸੀ
ਓਦੋਂ ਆਪ ਦੇ ਨੈਣ ਸੀ ਡੁੱਲ੍ਹ ਪੈਂਦੇ, ਜਦੋਂ ਨੈਣ ਦੁਖਿਆਰ ਵਹਾਂਵਦੇ ਸੀ
ਜਦੋਂ ਹੋ-ਹੋ ਮੌਤ ਦਾ! ਰੂਪ ਜ਼ਾਲਮ, ਹੱਸ ਲਹੂ ਬੇਦੋਸ਼ ਦੇ ਨ੍ਹਾਂਵਦੇ ਸੀ
ਉਦੋਂ ਆਪਦਾ ਲਹੂ ਸੀ ਜੋਸ਼ ਖਾਂਦਾ, ਹੱਥ ਤੇਗ਼ ਉੱਤੇ ਪਹੁੰਚ ਜਾਂਵਦੇ ਸੀ
ਗੱਲਾਂ ਰਾਜ ਦੇ ਜ਼ੁਲਮ ਅਨਿਆਂ ਦੀਆਂ, ਜਦੋਂ ਆਣ ਕੇ ਲੋਕ ਸੁਣਾਂਵਦੇ ਸੀ

ਉਦੋਂ ਦੇਸ਼ ਦੇ ਭੌਰ ਦਸਮੇਸ਼ ਮੇਰੇ, ਜੋਸ਼-ਭਰੇ ਜਲਾਲ ਵਿਚ ਆਂਵਦੇ ਸੀ
ਪਰਾਧੀਨਤਾ ਦੇ ਰੋਣੇ ਰੋ ਰੋ ਕੇ, ਜਦੋਂ ਦੁਖੀ ਗ਼ੁਲਾਮ ਕੁਰਲਾਂਵਦੇ ਸੀ
ਜਾਣੀ-ਜਾਣ ਕਹਿ ਕੇ 'ਤੂੰ ਹੀ ਤੂੰ ਚੰਡੀ', ਸ੍ਰੀ ਸਾਹਿਬ ਨੂੰ ਸੀਸ ਨਿਵਾਂਵਦੇ ਸੀ
ਉਦੋਂ ਕੰਮ ਨਾ ਮੂਲ ਸੀ ਸ਼ਾਂਤੀ ਦਾ, ਹਾਕਮ ਸਮੇਂ ਦੇ ਕਹਿਰ ਕਮਾਂਵਦੇ ਸੀ
'ਤੀਰ' ਬੀਰ ਦਸਮੇਸ਼ ਨੂੰ ਦਿਨੇ-ਰਾਤੀਂ, ਵਾਜਾਂ ਮਾਰ 'ਰਣਖੇਤ' ਬੁਲਾਂਵਦੇ ਸੀ

## ਸ੍ਰੀ ਦਸਮੇਸ਼ ਜੀ ਦੇ ਖ਼ਿਆਲ

ਖੁੱਲ੍ਹਾ-ਡੁੱਲ੍ਹਾ ਦਸਮੇਸ਼ ਜੀ ਆਖਦੇ ਸੀ, ਨਹੀਂ ਆਪਣੀ ਲੋੜ ਵਡਿਆਈ ਸਾਨੂੰ
ਬੰਦੇ ਰੱਬ ਦੇ ਇਕ ਸਮਾਨ ਸਾਰੇ, ਸਾਰੇ ਜਾਪਦੇ ਨੇ ਭਾਈ ਭਾਈ ਸਾਨੂੰ
ਅਸੀਂ ਵੈਰ ਵਿਰੋਧ ਦੇ ਨਹੀਂ ਹਾਮੀ, ਨਹੀਂ ਭਾਂਵਦੀ ਰੱਤ ਵਗਾਈ ਸਾਨੂੰ
ਜਾਨ ਬੜੀ ਇਨਸਾਨ ਦੀ ਕੀਮਤੀ ਏ, ਰੂਪ ਰੱਬ ਦਾ ਸਭ ਖ਼ੁਦਾਈ ਸਾਨੂੰ
ਕਹਿੰਦੇ ਅਸੀਂ ਲੜਾਈ ਨੂੰ ਨਹੀਂ ਚੰਗਾ, ਦਿਲੋਂ ਭਾਂਵਦੀ ਸੁਲ੍ਹਾ-ਸਫ਼ਾਈ ਸਾਨੂੰ
ਐਪਰ ਕੀ ਕਰੀਏ ਹੁਕਮਰਾਨ ਸਾਰੇ, ਹੈਣ ਦਿੱਸਦੇ ਨਿਰੇ ਕਸਾਈ ਸਾਨੂੰ
ਵਾਂਗ ਲੇਲਿਆਂ ਦੇ ਕੋਹਣ ਪਏ ਪਰਜਾ, ਦੇਣ ਕੁਸਦੇ ਪਏ 'ਦੁਹਾਈ' ਸਾਨੂੰ
'ਤੀਰ' ਦੀਨ ਅਨਾਥ ਦੇ ਭਲੇ ਖ਼ਾਤਰ, ਵਾਜਾਂ ਮਾਰਦੀ ਪਈ ਲੜਾਈ ਸਾਨੂੰ

## ਰਾਜਨੀਤ ਵਿਚ ਨਿਪੁੰਨ ਸ੍ਰੀ ਦਸਮੇਸ਼ ਜੀ (ਵੱਲੋਂ ਕਵੀ)

ਨਾਲ ਸੁਲ੍ਹਾ ਦੇ ਅਮਨ ਜੇ ਹੋ ਜਾਵੇ, ਫੇਰ ਸੁਲ੍ਹਾ-ਸਫ਼ਾਈ ਉਹ ਮੰਗਦੇ ਸੀ
ਜੇਕਰ ਬੇ-ਇਨਸਾਫ਼ੀਆਂ ਹੱਟ ਜਾਵਣ, ਫੇਰ ਮੇਲ ਰਸਾਈ ਉਹ ਮੰਗਦੇ ਸੀ
ਜੇਕਰ ਫੱਲ ਹੀ ਦੇਣ ਦੀ ਲੋੜ ਹੋਵੇ, ਫੇਰ ਰੱਤ-ਵਹਾਈ ਉਹ ਮੰਗਦੇ ਸੀ
'ਤੀਰ' ਸਭ ਹੀਲੇ ਜਦੋਂ ਹੁੱਟ ਜਾਵਣ, ਫੇਰ ਧਰਮ-ਲੜਾਈ ਉਹ ਮੰਗਦੇ ਸੀ

## ਉੱਚ ਜਾਤੀ ਦੇ ਹਿੰਦੂਆਂ ਦਾ ਵਿਰੋਧ (ਵੱਲੋਂ ਕਵੀ)

ਉੱਚ-ਜਾਤੀਏ ਵੀ ਜਾਣੀ-ਜਾਣ ਜੀ ਨੂੰ, ਵੈਰੀ ਆਪਣਾ ਦਿਲੋਂ ਵਿਚਾਰਦੇ ਸੀ
ਕੰਡਾ ਆਪਣੇ ਰਾਹ ਦਾ ਜਾਣਦੇ ਸੀ, ਐਪਰ ਜਦੋਂ ਲੜਦੇ ਓਦੋਂ ਹਾਰਦੇ ਸੀ
ਕਿਵੇਂ ਗੁਰੂ ਨੂੰ ਰੱਲ ਕੇ ਜਿੱਤ ਲਈਏ, ਬੈਠ-ਬੈਠ ਕੇ ਧਾਰਨਾ ਧਾਰਦੇ ਸੀ
ਸਿੱਖ-ਪੰਥ ਦਾ ਫੈਲਣਾ ਜੱਗ ਅੰਦਰ, ਦਿਲੋਂ ਓਹ ਨਾ ਮੂਲ ਸਹਾਰਦੇ ਸੀ
ਜਿਹੜਾ ਚਾਂਵ੍ਹਦਾ ਸੀ ਜੀਊਣ ਇਹ ਸਾਰੇ, ਛਾਪੇ ਓਸ 'ਤੇ ਆਣ ਕੇ ਮਾਰਦੇ ਸੀ
ਜਿਹੜਾ ਫੁੱਲ ਸਾਂਝੀ ਮਹਿਕ ਵੰਡਦਾ ਸੀ, ਉਹਦੇ ਵਾਸਤੇ ਇਹ ਭਰੇ ਖ਼ਾਰ ਦੇ ਸੀ
ਅਸੀਂ ਉੱਚ-ਹਿੰਦੂ ਉੱਚੀ ਜ਼ਾਤ ਵਾਲੇ, ਸੋਚ-ਸੋਚ ਕੇ ਸਦਾ ਹੰਕਾਰਦੇ ਸੀ
ਗੁਰੂ ਸ਼ੂਦਰਾਂ ਨੂੰ ਕਰੀ ਜਾਏ ਉੱਚਾ, ਏਸ ਗੱਲ ਤੇ ਸਦਾ ਵੰਗਾਰਦੇ ਸੀ

ਸੱਨ ਦੇਸ਼ ਦੇ ਹਿਤੂ ਦਸਮੇਸ਼ ਏਧਰ, ਓਧਰ ਉਹ ਪਰ ਮੁਗ਼ਲ-ਸਰਕਾਰ ਦੇ ਸੀ
'ਤੀਰ' ਏਸ ਵਿਰੋਧ 'ਤੇ ਵੱਟ ਕਰਕੇ, ਸਮੇਂ ਆਂਵਦੇ ਪਏ ਤਲਵਾਰ ਦੇ ਸੀ

### ਪਹਾੜੀ ਰਾਜਿਆਂ ਨੇ ਇੱਕਾ-ਦੁੱਕਾ ਹਮਲੇ ਸ਼ੁਰੂ ਕਰ ਦੇਣੇ (ਵੱਲੋਂ ਕਵੀ)

*ਸਿੱਖੀ ਸਤਿਗੁਰਾਂ ਦੀ ਵੇਖ ਪਈ ਵਾਧੇ, ਤਿੱਖੀ ਜੰਗ ਦੇ ਲਈ ਤਲਵਾਰ ਹੋਈ
ਗੋਲਾ ਦਾਗਿਆ ਗਿਆ ਅਨੰਦ ਪੁਰ 'ਤੇ, 'ਕੱਠੀ ਸਭ ਆ ਕੇ ਬਾਈਧਾਰ ਹੋਈ
ਹੱਲੇ ਕਈ ਵਾਰੀ ਹੋਇ ਬੜੇ ਮਾਰੂ, ਸ਼ੁਰੂ ਕਈ ਵਾਰੀ ਮਾਰੋ-ਮਾਰ ਹੋਈ
'ਤੀਰ' ਹਰ ਵਾਰੀ ਕਲਗੀਧਰ ਜਿੱਤੇ, ਹਰ ਵਾਰ ਗ਼ੱਦਾਰਾਂ ਨੂੰ ਹਾਰ ਹੋਈ

### ਸ੍ਰੀ ਦਸਮੇਸ਼ ਜੀ ਉੱਤੇ ਅਚਨਚੇਤ ਹਮਲਾ (ਵੱਲੋਂ ਕਵੀ)

ਇਕ ਰੋਜ਼ ਜੰਗਲ ਅੰਦਰ ਕਿਸੇ ਥਾਵੇਂ, ਕਰ ਰਹੇ ਦਾਤਾਰ ਸ਼ਿਕਾਰ ਹੈਸਨ
ਨਾਲ ਆਪ ਦੇ ਗੇਣਵੇਂ ਸੂਰਮੇ ਸੀ, ਕੁਝ ਚੋਣਵੇਂ ਘੋੜ ਅਸਵਾਰ ਹੈਸਨ
ਐਨ ਏਸ ਵੇਲੇ ਓਸੇ ਜੂਹ ਅੰਦਰ, ਪੁੱਜ ਪਏ ਜੋ ਦੇਸ਼-ਗ਼ੱਦਾਰ ਹੈਸਨ
ਓਹ ਪਹਾੜੀਏ ਨੀਤ ਦੇ ਨੀਚ ਹੈਸਨ, ਨਾਲ ਓਨ੍ਹਾਂ ਦੇ ਦੱਲ ਹਥਿਆਰ ਹੈਸਨ
ਕੱਲਾ ਟੱਕਰੇ ਗੁਰੂ ਤਾਂ ਫੜ ਲਈਏ, ਦਿਲੋਂ ਰਹੇ ਖ਼ਿਆਲ ਓਹ ਧਾਰ ਹੈਸਨ
ਇਧਰ ਦਿਲਾਂ ਦੀ ਸਦਾ ਜੋ ਜਾਣਦੇ ਨੇ, ਉਸੇ ਥਾਂ ਦਸਮੇਸ਼ ਅਵਤਾਰ ਹੈਸਨ
ਆਮ੍ਹੋ-ਸਾਮ੍ਹਣੇ ਕੁਦਰਤੋਂ ਆਣ ਹੋਏ, ਅੱਗੋਂ ਗੁਰੂ ਮਹਾਰਾਜ ਤਿਆਰ ਹੈਸਨ
ਕੱਲਾ ਵੇਖ ਕੇ ਜਿੱਤ ਦਾ ਤਾੜ ਵੇਲਾ, ਦੇਣੀ ਚਾਹੁੰਦੇ ਪਰਬਤੀ ਹਾਰ ਹੈਸਨ
ਗੁਰਾਂ ਕੋਲ ਨ ਫ਼ੌਜ ਸੀ ਏਸ ਵੇਲੇ, ਥੋੜ੍ਹੇ ਸਿੰਘ ਸਾਥੀ ਜਾਂ ਨਿਸਾਰ ਹੈਸਨ
'ਤੀਰ' ਅਚਨਚੇਤੀ ਹੱਲਾ ਬੋਲਿਓ ਨੇ, ਵੇਲਾ ਤਾੜ ਕੇ ਪਏ ਮਕਾਰ ਹੈਸਨ

### ਦੋਹਾਂ ਪਹਾੜੀ ਰਾਜਿਆਂ ਦੀ ਸੋਚ

ਰਾਜੇ ਦੋਇ ਇਹ ਦਿੱਲ ਤੋਂ ਸੋਚਦੇ ਸੀ, ਅੱਜ ਗੁਰੂ ਦੀ ਅਲਖ ਮੁਕਾ ਲਵਾਂਗੇ
ਨਾਲੇ ਰਾਹ ਵਿੱਚੋਂ ਕੰਡੇ ਹੂੰਝ ਲਾਂ ਗੇ, ਨਾਲੇ ਸੂਰਮੇ ਅਸੀਂ ਸਦਵਾ ਲਵਾਂਗੇ
ਨਾਲੇ ਇਸ ਤਰ੍ਹਾਂ ਮੁਗ਼ਲ-ਸਰਕਾਰ ਕੋਲੋਂ, ਅਸੀਂ ਮਾਨ ਤੇ ਮਰਤਬੇ ਪਾ ਲਵਾਂਗੇ
ਸਿੱਖ ਗੇਣਵੇਂ ਨਾਲ ਨੇ ਗੁਰੂ ਜੀ ਦੇ, ਅਸੀਂ ਧੌਂਸ ਦੇ ਨਾਲ ਡਰਾ ਲਵਾਂਗੇ
ਗੁਰੂ ਮਾਰਿਆ ਤਾਂ ਢੋਲ ਬੀਰਤਾ ਦਾ, ਬਾਈਧਾਰ ਦੇ ਵਿੱਚ ਵਜਾ ਲਵਾਂਗੇ
ਫੜ ਲਿਆ ਤਾਂ ਭੇਜ ਕੇ ਵਿਚ ਦਿੱਲੀ, ਰਾਜ ਉੱਤੇ ਅਹਿਸਾਨ ਚੜ੍ਹਾ ਲਵਾਂਗੇ
ਵਾਂਗ ਬਾਜ਼ ਦੇ ਝਪਟ ਕੇ ਪੱਲ ਅੰਦਰ, ਸਿੱਖ ਘੁੱਗੀਆਂ ਵਾਂਙ ਦਬਾ ਲਵਾਂਗੇ
ਲੁੱਟ ਲਵਾਂਗੇ ਚੱਲ ਅਨੰਦ ਪੁਰ ਨੂੰ, ਧੱਨ ਮਾਲ ਸਭ ਢੋ ਢੁਵਾ ਲਵਾਂਗੇ

---

* ੧੭੫੭ ਬਿਕ੍ਰਮੀ ਵਿਚ

ਚੀਜ਼ਾਂ ਕੀਮਤੀ ਗੁਰੂ ਜੋ ਰੱਖੀਆਂ ਨੇ, ਲੁੱਟ-ਪੁੱਟ ਕੇ ਮਹਿਲ ਸਜਾ ਲਵਾਂਗੇ
ਬੀਰ ਬਣਾਂਗੇ ਵਿੱਚ ਬਰਾਦਰੀ ਦੇ, ਬਾਈਧਾਰ ਨੂੰ ਇਉਂ ਨਿਵਾ ਲਵਾਂਗੇ
'ਤੀਰ' ਪਤਾ ਕੀ ਸੀ ਓਹਨਾਂ ਮੂਰਖਾਂ ਨੂੰ, ਮੱਥਾ ਮੌਤ ਦੇ ਨਾਲ ਹੀ ਲਾ ਲਵਾਂਗੇ

### ਪਹਾੜੀ ਰਾਜੇ ਇਹ ਨਹੀਂ ਸੀ ਜਾਣਦੇ (ਵੱਲੋਂ ਕਵੀ)

ਸੂਝ ਨਹੀਂ ਸੀ ਅਕਲ ਦੇ ਅੰਨ੍ਹਿਆਂ ਨੂੰ, ਜਾਣੀ-ਜਾਣ ਨੇ ਕਰਨੀਆਂ ਕਰਨ ਵਾਲੇ
ਸਿੰਘ ਉਨ੍ਹਾਂ ਦੇ ਮੌਤ 'ਤੇ ਹੈਣ ਭਾਰੂ, ਬੀਰ ਮਰਦ ਹੋ ਕੇ ਜੂਝ ਮਰਨ ਵਾਲੇ
ਭਾਵੇਂ ਅੱਗ ਦੇ ਪੈਣ ਦਰਿਆ ਤਰਨੇ, ਨਹੀਂ ਡੁੱਬਦੇ, ਇਹ ਨੇ ਤਰਨ ਵਾਲੇ
ਰਹਿਣ ਗੁਰੂ ਦਸਮੇਸ਼ ਨੇ ਨਹੀਂ ਦਿੱਤੇ, ਜਿਹੜੇ ਇਨ੍ਹਾਂ ਦੇ ਦਿੱਲ ਸੀ ਡਰਨ ਵਾਲੇ
ਅੰਮ੍ਰਿਤ ਪੀਂਵਦੇ ਹੀ ਬੱਬਰ ਸ਼ੇਰ ਹੋ ਗਏ, ਚਾਲੇ ਛੱਡ ਦਿੱਤੇ ਇਨ੍ਹਾਂ ਹਰਨ ਵਾਲੇ
ਲਾੜੇ ਇਹ ਰੱਣਖੇਤ ਦੇ ਹੈਨ ਸੂਰੇ, ਹੱਸ-ਹੱਸ ਸ਼ਹੀਦੀ ਨੂੰ ਵਰਨ ਵਾਲੇ
ਦਿੱਲ ਇਨ੍ਹਾਂ ਦੇ ਹੈਣ ਫ਼ੌਲਾਦ ਵਾਂਗੂੰ, ਹੈਣ ਤੇਗ਼ ਦੀ ਧਾਰ ਨੂੰ ਜਰਨ ਵਾਲੇ
ਹੱਥੋਂ ਨਹੀਂ ਇਹ ਕਦੇ ਹਥਿਆਰ ਦੇਂਦੇ, ਪੈਰ ਨਹੀਂ ਪਿਛਾਂਹ ਵੱਲ ਧਰਨ ਵਾਲੇ
ਹੈਣ ਧਰਮ ਖ਼ਾਤਰ ਜਾਨ ਦੇਣ ਵਾਲੇ, ਸਦਾ ਜ਼ੁਲਮ ਦੇ ਖੇਤ ਨੂੰ ਚਰਨ ਵਾਲੇ
ਦੇਸ਼ ਵਾਸਤੇ 'ਤੀਰ' ਇਹ ਸਿੰਘ ਸੂਰੇ, ਹੈਣ ਦੱਮ ਕੁਰਬਾਨੀ ਦਾ ਭਰਨ ਵਾਲੇ

### ਜ਼ਬਰਦਸਤ ਟੱਕਰ (ਵੱਲੋਂ ਕਵੀ)

ਪਲੋ-ਪਲੀ ਅੰਦਰ ਚੰਡੀ ਚਮਕ ਉੱਠੀ, ਓਧਰ ਨੀਚ ਰਾਜੇ ਕਲਗੀਧਾਰ ਏਧਰ
ਉਧਰ ਟੱਟੂ ਵਗਾਰ ਦੇ ਫਿਰਨ ਭੱਜੇ, ਕੁੱਦਣ ਗੁਰੂ ਦੇ ਆਗਿਆਕਾਰ ਏਧਰ
ਉਧਰੋਂ 'ਜੈ ਦੇਵੀ' ਦੀ ਅਵਾਜ਼ ਆਵੇ, ਤੇ ਜੈਕਾਰਿਆਂ-ਭਰੀ ਗੁੰਜਾਰ ਏਧਰ
ਉਧਰ ਦੇਸ਼-ਗ਼ੱਦਾਰ ਪਏ ਕਰਨ ਹੱਲੇ, ਕਰੇ ਟਾਕਰਾ ਦੇਸ਼-ਪਿਆਰ ਏਧਰ
ਬਾਈਧਾਰ ਦੇ ਉਧਰ ਸ਼ਿਰੋਮਣੀ ਨੇ, ਕਲਗੀਧਰ ਜੀ ਦੀ ਖੰਡੇਧਾਰ ਏਧਰ
ਉਧਰ ਗ਼ਰਜ਼ ਦੇ ਭੂਤਨੇ ਨੱਚਦੇ ਨੇ, ਲੜੇ ਪਿਆ ਨਿਸ਼ਕਾਮ-ਪਰਵਾਰ ਏਧਰ
ਥੋੜ੍ਹਾ ਚਿਰ ਤਾਂ ਖ਼ੂਬ ਘਮਸਾਣ ਹੋਇਆ, ਮਾਰੋ-ਮਾਰ ਓਧਰ ਮਾਰੋ-ਮਾਰ ਏਧਰ
ਚੰਡੀ ਇਸ ਤਰ੍ਹਾਂ ਦੀ ਵਾਹੀ ਖ਼ਾਲਸੇ ਨੇ, ਸੀ ਸਥਾਰ ਓਧਰ ਤੇ ਸਥਾਰ ਏਧਰ
'ਤੀਰ' ਖੁੰਬ ਠਪਾ ਲਈ ਰਾਜਿਆਂ ਨੇ, ਰਾਖਾ ਹੋ ਗਿਆ ਆਪ ਕਰਤਾਰ ਏਧਰ

### ਵੱਲੋਂ ਕਵੀ

ਪਏ ਆਣ ਵੈਰੀ ਅੱਚਨਚੇਤ ਭਾਵੇਂ, ਤਾਂ ਵੀ ਦਿੱਲ ਨਾ ਛੱਡਿਆ ਰਾਈ ਸਿੰਘਾਂ
ਮੂੰਹ ਰਾਜਪੂਤਾਂ ਦੇ ਭੁਆ ਦਿੱਤੇ, ਚੰਡੀ ਕੱਢ ਕੇ ਜਿਹੀ ਚਮਕਾਈ ਸਿੰਘਾਂ
ਤੇਗਾਂ ਸੱਨ ਪਿਆਸੀਆਂ ਚਿਰਾਂ ਦੀਆਂ, ਖ਼ੂਬ ਉਨ੍ਹਾਂ ਦੀ ਤ੍ਰੇਹ ਮਿਟਾਈ ਸਿੰਘਾਂ

ਸ਼ੇਰਾਂ ਬੱਬਰਾਂ ਵਾਂਗ ਜਾ ਪਏ ਅੱਗੋਂ, ਭਾਜੜ ਖ਼ੂਬ ਸ਼ਿਕਾਰ ਨੂੰ ਪਾਈ ਸਿੰਘਾਂ
ਜਿਹੜੇ ਨੱਠ ਗਏ ਲੈ ਗਏ ਜਾਨ ਓਹੀ, ਬਾਕੀ ਰਿਹਾਂ ਦੀ ਜਾਨ ਗਵਾਈ ਸਿੰਘਾਂ
ਚਨੇ ਲੋਹੇ ਦੇ ਚੱਬਣੇ ਨਹੀਂ ਸੌਖੇ, ਗੱਲ ਰਾਜਿਆਂ ਤਾਈਂ ਸਮਝਾਈ ਸਿੰਘਾਂ
ਭਾਵੇਂ ਸੀ ਥੋੜ੍ਹੇ ਵੱਡੇ ਦਿਲ ਕਰਕੇ, ਫ਼ਤਹਿ ਬਹੁਤਿਆਂ 'ਤੇ ਵੇਖੋ ਪਾਈ ਸਿੰਘਾਂ
'ਤੀਰ' ਖ਼ਾਲਸੇ ਦੀ ਗੁਰਾਂ ਰੱਖ ਲੀਤੀ, ਸ਼ਾਨ ਗੁਰੂ ਦੀ ਰੱਖ ਵਿਖਾਈ ਸਿੰਘਾਂ

### *ਇਸ ਜੰਗ ਦਾ ਸਿੱਟਾ (ਵੱਲੋਂ ਕਵੀ)*

ਏਸ ਜੰਗ ਅੰਦਰ ਮਾਨੀ ਇੱਕ ਰਾਜਾ, ਤੇਗ਼ ਕਿਸੇ ਗੁਰ-ਸਿੱਖ ਤੋਂ ਖਾ ਗਿਆ
ਆਇਆ ਲੋੜਦਾ ਜਿੱਤ ਸੀ ਰਣ ਅੰਦਰ, ਐਪਰ ਕੀਮਤੀ ਜਾਨ ਗਵਾ ਗਿਆ
ਦੂਜਾ ਨੀਚ ਵੀ ਗਿਆ ਨ ਮੂਲ ਖਾਲੀ, ਸੱਜੀ ਆਪਣੀ ਬਾਂਹ ਵਢਵਾ ਗਿਆ
'ਤੀਰ' ਜਿੱਤ ਲੈ ਗਏ ਕਮੀਣ, ਕਾਂਢੂ, 'ਦੱਲ-ਛੱਤਰੀ' ਪਿੱਠ ਵਿਖਾ ਗਿਆ

### *ਗੁਰੂ ਜੀ ਦੀ ਨਿਸ਼ਕਾਮਤਾ (ਵੱਲੋਂ ਕਵੀ)*

ਗੁਰਾਂ ਜਿੱਤ ਕੇ ਮੂਲ ਨਾ ਮੱਲ ਮੱਲੀ, ਵੇਖੋ ਰਾਜਿਆਂ ਦੋਹਾਂ ਨੂੰ ਹਾਰ ਦੇ ਕੇ
ਸਗੋਂ ਆਖਿਆ ਆਪਣੇ ਯੋਧਿਆਂ ਨੂੰ, ਮੱਥੇ ਚੁੰਮ ਕੇ ਦਿਲੀ-ਪਿਆਰ ਦੇ ਕੇ
ਧਾਰ ਲਵੋ ਮਿੱਠਤ, ਬੀਰ ਖ਼ਾਲਸਾ ਜੀ! ਲਵੋ ਨਿਮਰਤਾ ਪ੍ਰੇਮ ਹੰਕਾਰ ਦੇ ਕੇ
ਫ਼ਰਜ਼ ਮੈਂ ਤੇ ਆਪਣਾ ਪਾਲਿਆ ਏ, ਹੱਥ ਆਪਦੇ ਤੇਜ਼ ਤਲਵਾਰ ਦੇ ਕੇ
ਤੁਸਾਂ ਦੇਸ਼ ਆਜ਼ਾਦ ਕਰਾਵਣਾ ਹੈ, ਸਿੱਖ ਬਣੇ ਹੋ ਕੌਲ-ਇਕਰਾਰ ਦੇ ਕੇ
ਤੁਸਾਂ ਮੌਤ ਤੋਂ ਭੈ ਨਹੀਂ ਮੂਲ ਖਾਣਾ, ਈਨ ਮੰਨਣੀ ਨਹੀਂ ਹਥਿਆਰ ਦੇ ਕੇ
ਮੈਂ ਵੀ ਆਪਦੇ ਨਾਲ ਹਾਂ ਏਸ ਰਾਹੇ, ਤੁਸਾਂ ਗੰਢ ਲੀਤਾ ਅੰਮ੍ਰਿਤਧਾਰ ਦੇ ਕੇ
ਪਿਤਾ ਦੇ ਚੁੱਕਾ ਮਾਤਾ ਦੇ ਦਿਆਂਗਾ, ਹੋਸਾਂ ਖ਼ੁਸ਼ ਅਜੀਤ ਜੁਝਾਰ ਦੇ ਕੇ
ਜ਼ੋਰਾਵਰ ਦੇਸਾਂ ਫਤਹਿ ਸਿੰਘ ਦੇਸਾਂ, ਦੇਸ਼ ਪੂਜਸਾਂ ਸਭ-ਪਰਵਾਰ ਦੇ ਕੇ
'ਤੀਰ' ਪੰਥ ਦੀ ਸ਼ਾਨ ਬਣਾਵਣੀ ਮੈਂ, ਮਾਤਾ-ਪਿਤਾ ਆਪਾ ਪੁੱਤਰ ਚਾਰ ਦੇ ਕੇ

### *ਸੂਰਮਿਆਂ ਦੀ ਅਰਜ਼ੋਈ ਦਸਮੇਸ਼ ਜੀ ਅੱਗੇ*

ਬੋਲੇ ਸੂਰਮੇ ਪ੍ਰੇਮ ਦੇ ਭਰੇ ਹੋਏ, ਵੱਡੀ ਗੱਲ ਤੇ ਛੋਟੀ ਜ਼ਬਾਨ ਦਾਤਾ
ਅਸੀਂ ਜੱਗ 'ਤੇ ਵੱਟੀਏ ਲੱਖ ਜੇਕਰ, ਲੱਗੇ ਦੇਸ਼ ਦੇ ਵਾਸਤੇ ਜਾਨ ਦਾਤਾ
ਬੇੜੀ ਤਾਰ ਲਈ ਜਾਣੀਏ ਸ਼ਹੁ ਵਿਚੋਂ, ਦੇਸ਼ ਲਈ ਜੇ ਮਰੇ ਸੰਤਾਨ ਦਾਤਾ
ਜੋ ਵੀ ਹੋਇਗਾ ਦਰੋਂ ਫ਼ੁਰਮਾਨ ਸਾਨੂੰ, ਸਾਡੀ ਓਸ ਦੇ ਵਿਚ ਕਲਿਆਨ ਦਾਤਾ
ਅਸੀਂ ਫੇਰ ਹਾਂ ਅੱਜ ਪ੍ਰਣ ਕਰਦੇ, ਸਾਖੀ ਅੰਬਰਾਂ ਤੇ ਦੇ ਕੇ ਭਾਨ ਦਾਤਾ
ਰਹਿਣ ਦੇਣੀਆਂ ਅਸਾਂ ਗ਼ੁਲਾਮੀਆਂ ਨਾ, ਏਸੇ ਵਾਸਤੇ ਫੜੀ ਕਿਰਪਾਨ ਦਾਤਾ

ਭਾਰਤ ਮਾਂ ਸਾਡੀ, ਅਸੀਂ ਪੁੱਤ ਇਹਦੇ, ਸਾਡੀ ਏਸਦੇ ਨਾਲ ਹੈ ਸ਼ਾਨ ਦਾਤਾ
ਅਸਾਂ ਗੀਤ ਅਜ਼ਾਦੀ ਦੇ ਗਾਵਣੇ ਨੇ, ਤੇਗ਼ ਢਾਲ 'ਚੋਂ ਕੱਢ ਕੇ ਤਾਨ ਦਾਤਾ
ਜੇਕਰ ਦੇਸ਼ ਦੀ ਮਿੱਟੀ ਵਿਰਾਨ ਹੋਈ, ਸਾਡੀ ਹੋਇਗੀ ਮਿੱਟੀ ਵਿਰਾਨ ਦਾਤਾ
'ਤੀਰ' ਝੱਲ ਕੇ ਹਿੱਕ 'ਤੇ ਹਿੰਦ ਖ਼ਾਤਰ, ਅਸਾਂ ਹੋਵਣਾ ਹੱਸ ਕੁਰਬਾਨ ਦਾਤਾ

### ਵੱਲੋਂ ਕਵੀ

ਏਦਾਂ ਵੈਰੀਆਂ ਦੀ ਖ਼ੂਬ ਖੁੰਬ ਠੱਪੀ, ਮਾਰ ਮਾਰ ਨਠਾਏ ਦਸਮੇਸ਼ ਜੀ ਨੇ
ਗਏ ਲੜਨ ਤੋਂ ਕੰਨਾਂ ਨੂੰ ਹੱਥ ਲਾ ਕੇ, ਐਸੇ ਹੱਥ ਵਿਖਾਏ ਦਸਮੇਸ਼ ਜੀ ਨੇ
ਫੇਰ ਆਣ ਕੇ ਪੁਰੀ ਅਨੰਦ ਅੰਦਰ, ਡੇਰੇ ਆਪਣੇ ਲਾਏ ਦਸਮੇਸ਼ ਜੀ ਨੇ
'ਤੀਰ' ਬੰਦਗੀ ਅਤੇ ਸੁਧਾਰ ਵਾਲੇ, ਫੇਰ ਸ਼ੌਕ ਜਗਾਏ ਦਸਮੇਸ਼ ਜੀ ਨੇ

### ਪਹਾੜੀਆਂ ਦੀ ਨੀਚਤਾ

ਏਸ ਹਾਰ ਦਾ ਏਤਨਾ ਅਸਰ ਹੋਇਆ, ਘਰਾਂ ਵਿੱਚ ਪਹਾੜੀਏ ਡਰਨ ਲੱਗੇ
ਗੱਲਾਂ ਕਰਨ ਮਹੱਲਾਂ ਦੇ ਵਿਚ ਲੱਗੇ, ਭਾੜੇ ਭੰਗ ਦੇ ਹਾਂ ਐਵੇਂ ਮਰਨ ਲੱਗੇ
ਬਲੀ ਗੁਰੂ ਦੇ ਸੂਰਮੇ ਸਿੰਘ ਸਾਰੇ, ਸਾਡੀ ਤੇਗ਼ ਤੋਂ ਕਦੀ ਨਾ ਹਰਨ ਲੱਗੇ
ਸਗੋਂ ਸਾਨੂੰ ਹਰਾਣਗੇ ਅੱਜ ਭਲਕੇ, ਵਾਹ ਲੱਗਦਿਆਂ ਘੱਟ ਨਾ ਕਰਨ ਲੱਗੇ
ਸਾਡੀ ਈਨ ਨਾ ਮੰਨਣੀ ਕਦੇ ਏਹਨਾਂ, ਨੈਣ ਗੁਰੂ ਦਸਮੇਸ਼ ਦੇ ਚਰਨ ਲੱਗੇ
ਸਾਡੇ ਲਹੂ ਵਿਚ ਧੋਣਗੇ ਇਹ ਤੇਗ਼ਾਂ, ਰਣ ਵਿੱਚ ਜਾਂ ਤਾਰੀਆਂ ਤਰਨ ਲੱਗੇ
ਏਸ ਤਰ੍ਹਾਂ ਹੀ ਗ਼ਮ ਦੀ ਸੋਚ ਅੰਦਰ, ਦਿਨੇ ਰਾਤ ਉਹ ਹਾਉਕੇ ਭਰਨ ਲੱਗੇ
'ਤੀਰ' ਭਲੀ ਨਾ ਉਨ੍ਹਾਂ ਨੂੰ ਕੋਈ ਸੁੱਝੀ, ਸਗੋਂ ਬੁਰੇ ਵੱਲੇ ਪੈਰ ਧਰਨ ਲੱਗੇ

### ਪਹਾੜੀ ਰਾਜੇ ਨਵਾਬ ਸਰਹੰਦ ਪਾਸ ਪੁੱਜ ਗਏ

ਅਰਜ਼ੀ ਲਿਖ ਸਰਹੰਦ ਦੇ ਵਿੱਚ ਭੇਜੀ, "ਲੁੱਟੀ ਗਈ ਸ਼ਾਹ ਜੀ ਬਾਈਧਾਰ ਸਾਡੀ
ਲੱਖਾਂ ਵਾਰ ਹੈ ਅਸਾਂ ਫਰਿਆਦ ਕੀਤੀ, ਬੋਲੇ ਕੰਨ ਤੇ ਪਈ ਪੁਕਾਰ ਸਾਡੀ
ਗੁਰੂ ਦੱਸਵਾਂ ਪੁੰਜ ਬਗ਼ਾਵਤਾਂ ਦਾ, ਮੱਤ ਓਸ ਨੇ ਛੱਡੀ ਏ ਮਾਰ ਸਾਡੀ
ਸਾਡੇ ਰਾਜ ਵਿਚ ਵੱਸ ਕੇ ਲੜੇ ਅੱਗੋਂ, ਪੱਤ ਓਸ ਨੇ ਛੱਡੀ ਵਿਸਾਰ ਸਾਡੀ
ਬਣੀ ਫ਼ੌਜ, ਸਾਮਾਨ ਕਰ ਰਿਹਾ 'ਕੱਠੇ, ਪਰਜਾ ਵਾਂਗ ਨਾ ਭਰੇ ਵਗਾਰ ਸਾਡੀ
ਨਵਾਂ ਪੰਥ ਚਲਾ ਲਿਆ ਇੱਕ ਉਹਨੇ, ਹਿੰਦੂ ਕੌਮ ਸੁ ਦਿੱਤੀ ਨਿਗਾਰ ਸਾਡੀ
ਨੀਚਾਂ ਤਾਈਂ ਬਿਠਾਲਦਾ ਨਾਲ ਊਚਾਂ, ਉਦ੍ਹੇ ਨਾਲ ਏਸੇ ਕਰਕੇ ਖ਼ਾਰ ਸਾਡੀ
ਵੈਰੀ ਰਾਜ ਦਾ, ਧਰਮ ਦਾ, ਅਮਨ ਦਾ ਏ, ਸੁੱਤੀ ਪਈ ਏ ਪਰ ਸਰਕਾਰ ਸਾਡੀ
ਤੁਸੀਂ ਪਾਤਸ਼ਾਹ ਪਾਸ ਪੁਚਾਓ ਛੇਤੀ, ਦੁੱਖੀ ਸੜਦਿਆਂ ਦਿਲਾਂ ਦੀ ਤਾਰ ਸਾਡੀ

ਜੇ ਸਰਕਾਰ ਸਾਡੀ ਮਦਦਗਾਰ ਹੋਵੇ, ਬੰਨਾ ਪਾਏਗੀ ਫੇਰ ਤਲਵਾਰ ਸਾਡੀ
ਅਸੀਂ ਗੁਰੂ ਦੇ ਸ਼ਹਿਰ ਨੂੰ ਲੁੱਟ ਲਾਂ ਗੇ, ਕਿਉਂਕਿ ਓਨ੍ਹੇ ਉਡਾਈ ਏ ਛਾਰ ਸਾਡੀ
ਨਾ ਉਹ ਈਨ ਮੰਨੇ, ਨਾ ਉਹ ਟਕੇ ਭਰਦਾ, ਹੋਈ ਬੇ-ਪੱਤੀ ਵਿਚ ਸੰਸਾਰ ਸਾਡੀ
ਅਸਾਂ ਫੈਸਲਾ ਕਰ ਲਿਆ ਸਾਰਿਆਂ ਨੇ, ਉਦ੍ਹੇ ਗਲੇ ਤੇ ਫਿਰੇ ਕਟਾਰ ਸਾਡੀ
'ਤੀਰ' ਪਾਤਸ਼ਾਹ ਜੇ ਸਾਡੀ ਪਿੱਠ ਠੋਕੇ, ਫੇਰ ਹੋ ਨਹੀਂ ਸੱਕਦੀ ਹਾਰ ਸਾਡੀ

### ਅਰਜ਼ੀ ਵਿਚ ਹੋਰ ਕੀ ਕੀ ਲਿਖਿਆ

ਸੱਚੀ ਗੱਲ ਨਵਾਬ ਜੀ ਦੱਸਨੇ ਹਾਂ, ਬਾਗ਼ੀ ਦੱਸਵਾਂ ਗੁਰੂ ਸੁਲਤਾਨ* ਦਾ ਏ
ਦੋਖੀ ਹਿੰਦੂਆਂ ਦਾ, ਵੈਰੀ ਮੋਮਨਾਂ ਦਾ, ਚਾਲ ਬਾਜ਼ ਇਹ ਸਾਰੇ ਜਹਾਨ ਦਾ ਏ
ਨਵਾਂ ਮੱਤ ਇੱਕ ਏਸਨੇ ਤੋਰਿਆ ਏ, ਜੋ ਸਦਾਂਵਦਾ ਧਨੀ ਕਿਰਪਾਨ ਦਾ ਏ
ਬਾਣੀ ਆਪਣੀ ਨਵੀਂ ਜਪਾਂਵਦਾ ਏ, ਹਾਮੀ ਮੂਲ ਨਾ ਵੇਦ ਕੁਰਾਨ ਦਾ ਏ
ਕਰ ਲਏ ਸੂ 'ਕੱਠੇ ਕਮੀਣ ਕਾਂਦੂ, ਹੋਰ ਅੰਤ ਨਾ ਕੋਲ ਸਾਮਾਨ ਦਾ ਏ
ਪੱਕਾ ਰਾਜ-ਦ੍ਰੋਹੀ, ਧ੍ਰੋਹੀ ਰੱਬ ਦਾ, ਵੈਰੀ ਵਿੱਚ ਬੁੱਕਲ ਬੈਠਾ ਜਾਨ ਦਾ ਏ
ਚਾਲ ਬਾਜ਼ ਭਾਰਾ ਰਾਜ-ਨੀਤ ਜਾਣੂ, ਮਿੱਠਾ ਸ਼ਾਹ ਜੀ ਬੜਾ ਜ਼ਬਾਨ ਦਾ ਏ
'ਤੀਰ' ਨਾਲ ਸਾਡੇ ਹੋ ਕੇ ਲਵੋ ਉਸਨੂੰ, ਸਾਨੂੰ ਖ਼ੱਤਰਾ ਓਦ੍ਹੀ ਦੁਕਾਨ ਦਾ ਏ

### ਹੋਰ ਕੀ ਲਿਖਿਆ

ਠੱਗ ਠੱਗ ਅੰਞਾਣਿਆਂ ਅਲ੍ਹੜਾਂ ਨੂੰ, ਦਿਨੇ ਰਾਤ ਚਲਾਕ ਇਹ ਖਾਂਵਦਾ ਏ
ਜਿਹਨੂੰ ਜਿਹਨੂੰ ਮੁਰੀਦ ਬਣਾਂਵਦਾ ਏ, ਲਾਰੇ ਉਹਨੂੰ ਨਜਾਤ ਦੇ ਲਾਂਵਦਾ ਏ
ਅਸਾਂ ਕਈ ਵਾਰੀ ਹੱਲਾ ਕਰ ਡਿੱਠਾ, ਕਾਬੂ ਕਿਸੇ ਦੇ ਮੂਲ ਨਾ ਆਂਵਦਾ ਏ
ਸਾਡੀ ਜੂਹ ਵਿੱਚੋਂ ਨਾਲੇ ਗੁਜ਼ਰ ਕਰਦਾ, ਨਾਲੇ ਸਾਨੂੰ ਹੀ ਨਿੱਤ ਡਰਾਂਵਦਾ ਏ
ਮਿਹਰਬਾਨ ਸੁਲਤਾਨ ਤੋਂ ਬਿਨਾਂ ਸਾਨੂੰ, ਕਿਤੇ ਕੋਈ ਵੀ ਨਿਗ੍ਹਾ ਨਾ ਆਂਵਦਾ ਏ
ਤੁਸੀਂ ਅੱਜ ਸਹਾਇਤਾ ਕਰੋ ਸਾਡੀ, ਸਾਡਾ ਲੜਦਿਆਂ ਸਮਾਂ ਵਿਹਾਂਵਦਾ ਏ
ਸੌਖਾ ਹੁਣ ਤਾਂ ਜਿੱਤਣਾ ਗੁਰੂ ਤਾਈਂ, ਪਿਆ ਆਪਣੇ ਪੈਰ ਜਮਾਂਵਦਾ ਏ
'ਤੀਰ' ਤੁਸੀਂ ਸਹਾਇਤਾ ਕਰੋ ਜੇਕਰ, ਬਾਗ਼ੀ ਗੁਰੂ ਤਾਂ ਜਿੱਤਿਆ ਜਾਂਵਦਾ ਏ

### ਫਿਟਕਾਰ ਪਹਾੜੀਆਂ ਰਾਜਿਆਂ ਨੂੰ (ਵੱਲੋਂ ਕਵੀ)

ਧ੍ਰਿਗਾਕਾਰ ਜੇ ਸੌ ਹਜ਼ਾਰ ਵਾਰੀ, ਕੀਤੀ ਤੁਸਾਂ ਬੁਰਿਆਈ ਓ ਰਾਜਪੂਤੋ
ਕਲਗੀਧਰ ਜਿਹੇ ਗੁਰੂ ਦੇ ਨਾਲ ਤੁਸਾਂ, ਵਿੱਢ ਲਈ ਲੜਾਈ ਓ ਰਾਜਪੂਤੋ
ਰਾਖੇ ਆਪਣੇ ਤੇ ਤੁਸੀਂ ਵਾਰ ਕੀਤਾ, ਕਿਥੇ ਅਕਲ ਗਵਾਈ ਓ ਰਾਜਪੂਤੋ

---

* ਔਰੰਗਜ਼ੇਬ

ਜਿਹੜਾ ਰਾਜ ਸੀ ਹਿੰਦ ਦਾ ਲਹੂ ਪੀਂਦਾ, ਤੁਸੀਂ ਓਹਦੇ ਸਹਾਈ ਓ ਰਾਜਪੂਤੋ
ਜਿਹਨੇ ਹਿੰਦੂਆਂ ਦੀ ਨੱਕ ਜਿੰਦ ਕੀਤੀ, ਉਹਦੇ ਨਾਲ ਰਸਾਈ ਓ ਰਾਜਪੂਤੋ
ਜਿਹੜਾ ਦੇਸ਼ ਨੂੰ ਚਾਹੇ ਆਜ਼ਾਦ ਕਰਨਾ, ਭੁੱਲੇ ਉਹਦੀ ਵਡਿਆਈ ਓ ਰਾਜਪੂਤੋ
ਮਿੱਤਰ ਆਪਣੇ ਨੂੰ ਜਾਣੋਂ ਤੁਸੀਂ ਵੈਰੀ, ਅਕਲ ਬੁੱਧ ਗਵਾਈ ਓ ਰਾਜਪੂਤੋ
'ਤੀਰ' ਰੋਵੋਗੇ ਮੱਥੇ 'ਤੇ ਹੱਥ ਧਰ ਕੇ, ਪਿੱਛੋਂ ਹੋਸ਼ ਜਾਂ ਆਈ ਓ ਰਾਜਪੂਤੋ

### ਹੋਰ (ਵੱਲੋਂ ਕਵੀ)

ਅਣਖ-ਹੀਣਿਓ ਮੁਰਦਿਓ ਮੂੜ੍ਹ ਢੋਰੋ, ਕੀਤੀ ਤੁਸਾਂ ਪਹਾੜੀਓ ਕਾਰ ਉਲਟੀ
ਜਿਹੜੇ ਫੁੱਲ ਨੇ ਦੇਸ਼ ਮਹਿਕਾਵਣਾ ਏ, ਤੁਸਾਂ ਨਾਲ ਉਸਦੇ ਧਾਰੀ ਖ਼ਾਰ ਉਲਟੀ
ਪਾਲੋ ਸੱਪ ਨੂੰ ਤੇ ਮਾਰੋ ਮਾਂਦਰੀ ਨੂੰ, ਕੀਤੀ ਝੱਲਿਓ ਤੁਸਾਂ ਵਿਚਾਰ ਉਲਟੀ
ਨਾਲ ਗੁਰੂ ਨਿਰਵੈਰ ਨਿਰਛੱਲ ਦੇ ਹੀ, ਤੁਸਾਂ ਈਰਖਾ ਲਈ ਏ ਧਾਰ ਉਲਟੀ
ਜਿਹੜਾ ਜ਼ੁਲਮ ਦੀ ਸਫਾ ਲਪੇਟਦਾ ਏ, ਚੁੱਕੀ ਓਸ 'ਤੇ ਤੁਸਾਂ ਤਲਵਾਰ ਉਲਟੀ
'ਤੀਰ' ਤੁਸੀਂ ਹਰਾਵਣਾ ਚਾਹੋ ਜਿਸਨੂੰ, ਵੇਖੋ ਓਸ ਤੋਂ ਖਾਉਗੇ ਹਾਰ ਉਲਟੀ

### ਸ਼ਾਹੀ ਫ਼ੌਜਾਂ ਨੂੰ ਹਾਰ (ਵੱਲੋਂ ਕਵੀ)

ਲਾਈ ਢਿੱਲ ਨਵਾਬ ਸਰਹੰਦ ਨੇ ਨਾ, ਏਸ ਗੱਲ 'ਤੇ ਬੜਾ ਧਿਆਨ ਕੀਤਾ
ਚਿੱਠੀ ਉੱਤੇ ਪ੍ਰੇਰਨਾ ਲਿਖ ਘੱਲੀ, ਸ਼ਾਹੀ-ਦੂਤ ਨੂੰ ਝੱਟ ਰਵਾਨ ਕੀਤਾ
ਔਰੰਗਜ਼ੇਬ ਜਿਵੇਂ ਅੱਗੇ ਚਾਂਵ੍ਹਦਾ ਸੀ, ਓਸ ਸੁਣਦਿਆਂ ਸ਼ਾਹੀ ਐਲਾਨ ਕੀਤਾ
ਗਈ ਦੱਸ ਹਜ਼ਾਰ ਸਿਪਾਹ ਤੋਰੀ, ਆਓ ਜਿੱਤ ਕੇ ਮੂੰਹੋਂ ਫ਼ਰਮਾਨ ਕੀਤਾ
ਦੀਨਾ ਬੇਗ ਦੇ ਫ਼ੌਜ ਮਾਤਹਿਤ ਕੀਤੀ, ਦੂਜਾ ਨਾਲ ਉਸਦੇ ਪੈਂਦੇ ਖਾਨ ਕੀਤਾ
'ਤੀਰ' ਰਾਜਿਆਂ ਦੀ ਏਸ ਈਰਖਾ ਨੇ, ਪੈਦਾ ਜੰਗ ਦਾ ਨਵਾਂ ਮੈਦਾਨ ਕੀਤਾ

### ਪਹਾੜੀ ਰਾਜਿਆਂ ਦੀਆਂ ਫ਼ੌਜਾਂ ਵੀ ਸ਼ਾਹੀ ਫ਼ੌਜਾਂ ਨਾਲ ਰਲ ਗਈਆਂ (ਵੱਲੋਂ ਕਵੀ)

ਫ਼ੌਜ ਵੀਹ ਹਜ਼ਾਰ ਪਹਾੜੀਆਂ ਦੀ, ਨਾਲ ਸ਼ਸਤਰਾਂ ਸਜੀ-ਸਜਾਈ ਵੇਖੋ
ਪਾਤਸ਼ਾਹ ਦੀ ਫ਼ੌਜ ਦੇ ਨਾਲ ਹੋਈ, ਓਨ੍ਹਾਂ ਰਤਾ ਵੀ ਢਿੱਲ ਨਾ ਲਾਈ ਵੇਖੋ
ਜਦੋਂ ਹੋ ਗਈ ਤੀਹ ਹਜ਼ਾਰ ਸਾਰੀ, ਉਨ੍ਹਾਂ ਧੁੰਮ ਆਸੀਂ-ਪਾਸੀਂ ਪਾਈ ਵੇਖੋ
ਲੰਘਣ ਜਿੱਧਰੋਂ ਕਰੀ ਉਜਾੜ ਜਾਵਣ, ਢਾਹਾਂ ਮਾਰਦੀ ਦੁਖੀ ਲੁਕਾਈ ਵੇਖੋ
ਜੁੜੀ ਧਾੜ ਲੁਟੇਰਿਆਂ ਜ਼ਾਲਮਾਂ ਦੀ, ਤਰਸ ਖਾਣ ਨਾ ਕਿਸੇ 'ਤੇ ਰਾਈ ਵੇਖੋ
ਮਾਰੋ-ਮਾਰ ਕਰਦਾ ਟਿੱਡੀ ਦਲ ਆਵੇ, ਕੀਤੀ ਪੁਰੀ ਅਨੰਦ 'ਤੇ ਧਾਈ ਵੇਖੋ
ਵੈਰ ਨਾਲ ਨਿਰਵੈਰ ਦੇ ਕਰਨ ਲੱਗੇ, ਸਾਰੀ ਅਕਲ ਤੇ ਹੋਸ਼ ਗਵਾਈ ਵੇਖੋ

'ਤੀਰ' ਰੱਬ ਦੇ ਨਾਲ ਨੇ ਲੜਨ ਲੱਗੇ, ਮੂੜ੍ਹ ਬੰਦਿਆਂ ਦੀ ਮੌਤ ਆਈ ਵੇਖੋ

### ਘਮਸਾਨ ਦਾ ਜੰਗ (ਵੱਲੋਂ ਕਵੀ)

ਜਦੋਂ ਪੁਰੀ ਅਨੰਦ ਦੇ ਐਨ ਨੇੜੇ, ਫ਼ੌਜ ਪੁੱਜ ਪਈ ਆਣ ਜਰਵਾਨਿਆਂ ਦੀ
ਕੀਤੀ ਬੇਨਤੀ ਇਉਂ ਦਸਮੇਸ਼ ਜੀ ਨੇ, ਰੱਖੀਂ ਸਾਹਿਬਾ! ਲਾਜ ਨਿਮਾਣਿਆਂ ਦੀ
ਅਸੀਂ ਹਿੰਦ 'ਚੋਂ ਸਫ਼ਾ ਵਲੇਟ ਦੇਈਏ, ਥੋੜ੍ਹੇ ਦਿਨਾਂ ਅੰਦਰ ਬੰਦੇ-ਖਾਣਿਆਂ ਦੀ
ਤੇਗ਼ ਨਾਲ ਟਿਕਾਣੇ 'ਤੇ ਲੈ ਆਈਏ, ਹੋਸ਼ ਮੂਰਖਾਂ ਇਨ੍ਹਾਂ ਅੰਞਾਣਿਆਂ ਦੀ
ਸਾਡੀ ਇਹੋ ਹੈ ਤੇਰੇ ਤੋਂ ਮੰਗ ਦਾਤਾ! ਦਿੱਸੇ ਥਾਂ ਨਾ ਪਾਪ ਦੇ ਥਾਣਿਆਂ ਦੀ
'ਤੀਰ' ਵੇਖਣੀ ਏਂ ਅਸਾਂ ਖਿੜੇ ਮੱਥੇ, ਝਾਕੀ ਹਰ ਵੇਲੇ! ਤੇਰੇ ਭਾਣਿਆਂ ਦੀ

### ਆਹਮੋ-ਸਾਹਮਣੇ ਟਾਕਰਾ (ਵੱਲੋਂ ਕਵੀ)

ਦਿਲੋਂ ਰੱਬ ਚਿਤਾਰ ਕੇ ਅਗ੍ਹਾਂ ਵੱਧੇ, ਦਿੱਤੀ ਛੇੜ ਲੜਾਈ ਦਸਮੇਸ਼ ਜੀ ਨੇ
ਪੇਲ-ਪੇਲ ਕੇ ਆਪਣੇ ਯੋਧਿਆਂ ਨੂੰ, ਕਟਾ-ਵੱਢ ਮਚਾਈ ਦਸਮੇਸ਼ ਜੀ ਨੇ
ਖੀਰ ਨਹੀਂ ਪਹਾੜੀਓ ਖਾਣ ਆਏ, ਖ਼ੂਬ ਗੱਲ ਸਮਝਾਈ ਦਸਮੇਸ਼ ਜੀ ਨੇ
'ਤੀਰ' ਇਸ ਤਰ੍ਹਾਂ ਘੜੀ ਦੀ ਘੜੀ ਅੰਦਰ, ਤੌਬਾ-ਤੌਬਾ ਕਰਵਾਈ ਦਸਮੇਸ਼ ਜੀ ਨੇ

### ਸਾਹਿਬ ਅਜੀਤ ਸਿੰਘ ਜੀ ਦੀ ਚੜ੍ਹਤ ਤੇ ਬਹਾਦਰੀ (ਵੱਲੋਂ ਕਵੀ)

ਲੈ ਕੇ ਚੰਡਕਾ ਆਪਣੀ ਲਹੂ ਪੀਣੀ, ਲਾਲੋ ਲਾਲ ਹੋ ਕੇ ਚੜ੍ਹਿਆ ਸਾਹਿਬਜ਼ਾਦਾ
ਸਾਰੀ ਫ਼ੌਜ ਦੇ ਭਾ ਦੀ ਮੌਤ ਆ ਗਈ, ਜਦੋਂ ਰਣ ਅੰਦਰ ਵੜਿਆ ਸਾਹਿਬਜ਼ਾਦਾ
ਜਾਵੇ ਕੁੱਦਦਾ ਬੁਕਦਾ ਸ਼ੇਰ ਵਾਂਗੂ, ਆਣ ਬੀਰਤਾ ਦਾ ਘੜਿਆ ਸਾਹਿਬਜ਼ਾਦਾ
ਤੇਗ਼ ਹੱਥ, ਭੱਥਾ ਖੰਡਾ, ਤੀਰ, ਧਾਰੇ, ਵਿੱਚ ਸ਼ਸਤਰਾਂ ਦੇ ਮੜ੍ਹਿਆ ਸਾਹਿਬਜ਼ਾਦਾ
ਰੱਤ-ਰੂਪ ਮੈਦਾਨ ਦੀ ਛਾਪ ਅੰਦਰ, ਨੱਗ ਵਾਂਗ ਜਾਪੇ ਜੜਿਆ ਸਾਹਿਬਜ਼ਾਦਾ
ਲਾਂਦਾ ਜਾਏ ਗੇੜੇ ਵਾਂਗ 'ਵਾਵਰੋਲੇ', ਜਾਵੇ ਕਿਸੇ ਤੋਂ ਨਾ ਫੜਿਆ ਸਾਹਿਬਜ਼ਾਦਾ
ਗਿਆ ਕੱਟਦਾ-ਵੱਢਦਾ ਫ਼ੌਜ ਸ਼ਾਹੀ, ਕਿਸੇ ਥਾਂ ਵੀ ਨਾ ਅੜਿਆ ਸਾਹਿਬਜ਼ਾਦਾ
'ਤੀਰ' ਜ਼ਾਲਮਾਂ ਦੇ ਨਾਲ ਮੌਤ ਬਣ ਕੇ, ਛਾਤੀ ਡਾਹ ਵੇਖੋ ਲੜਿਆ ਸਾਹਿਬਜ਼ਾਦਾ

### ਲੜਦੇ ਸਾਹਿਬਜ਼ਾਦੇ ਨੂੰ ਵੇਖ ਕੇ ਦਸਮੇਸ਼ ਜੀ ਪ੍ਰਸੰਨਤਾ ਨਾਲ ਕਹਿੰਦੇ ਹਨ

ਹੀਰੇ ਪੁੱਤ ਨੂੰ ਵੇਖ ਦਸਮੇਸ਼ ਚੋਜੀ, ਆਖੀ ਜਾਣ, ਵਾਹਵਾ ਓ ਅਜੀਤ ਸਿੰਘਾ
ਮੇਰਾ ਰਣ ਅੰਦਰ ਅੱਜ ਰੱਖਿਆ ਤੂੰ, ਖ਼ੂਬ ਮਾਣ, ਵਾਹਵਾ ਓ ਅਜੀਤ ਸਿੰਘਾ
ਤੇਰੀ ਅਣਖ ਤੋਂ ਮੈਂ ਕੁਰਬਾਨ ਕੀਤੀ, ਅਣਖ ਆਣ, ਵਾਹਵਾ ਓ ਅਜੀਤ ਸਿੰਘਾ
ਤੇਰੇ ਵਾਂਗ ਹੀ ਲੜਨਗੇ ਹੋਰ ਯੋਧੇ, ਦਿਲੋਂ ਠਾਣ, ਵਾਹਵਾ ਓ ਅਜੀਤ ਸਿੰਘਾ
ਮੈਨੂੰ ਮੋਹਿਣੀ ਤੇਰੀ ਤਸਵੀਰ ਦਿੱਸੇ, ਛਾਤੀ ਤਾਣ, ਵਾਹਵਾ ਓ ਅਜੀਤ ਸਿੰਘਾ

ਤੇਰੀ ਤੇਗ਼ ਮੈਨੂੰ ਬਿਜਲੀ ਦਿੱਸਦੀ ਏ, ਤੇਰਾ ਹਾਣ, ਵਾਹਵਾ ਓ ਅਜੀਤ ਸਿੰਘਾ
ਤੇਰੀ ਅੱਖ ਅੱਜ ਮੌਤ ਦੀ ਅੱਖ ਜਾਪੇ, ਕੱਢੇ ਪ੍ਰਾਣ, ਵਾਹਵਾ ਓ ਅਜੀਤ ਸਿੰਘਾ
ਜਿੱਤ ਲਿਆ ਤੇਰੇ ਨਾਲ ਸਿੱਖ ਬੀਰਾਂ, ਇਹ ਘਮਸਾਣ, ਵਾਹਵਾ ਓ ਅਜੀਤ ਸਿੰਘਾ
ਵੱਧ ਵੱਧ ਚਲਾਈ ਜਾ ਤੇਗ਼ ਅੱਗੇ, ਲੱਗੀ ਸਾਣ, ਵਾਹਵਾ ਓ ਅਜੀਤ ਸਿੰਘਾ
ਤੇਰੀ ਤੇਗ਼ ਦੇ ਨਾਲ ਸਹਾਈ ਹੋਸਣ, ਮੇਰੇ ਬਾਣ, ਵਾਹਵਾ ਓ ਅਜੀਤ ਸਿੰਘਾ
ਲੋਹਾ ਗਰਮ ਹੈ ਸਾਹਮਣੇ ਜ਼ਾਲਮਾਂ ਦਾ, ਤੂੰ ਵਦਾਣ, ਵਾਹਵਾ ਓ ਅਜੀਤ ਸਿੰਘਾ
ਸੱਟ ਜੋਸ਼ ਦੀ ਮਾਰ ਕੇ ਕੁੱਟਦਾ ਜਾ, ਕੀਤਾ ਪਾਨ, ਵਾਹਵਾ ਓ ਅਜੀਤ ਸਿੰਘਾ
ਅੱਜ ਆਪਣਾ ਜਾਣ ਵਿਆਹ ਹੁੰਦਾ, ਏਥੇ ਆਣ, ਵਾਹਵਾ ਓ ਅਜੀਤ ਸਿੰਘਾ
ਖੜਕ-ਖੜਕ ਢਾਲਾਂ ਭੈਣਾਂ ਵਾਂਗ ਤੇਰੀ, ਘੋੜੀ ਗਾਣ, ਵਾਹਵਾ ਓ ਅਜੀਤ ਸਿੰਘਾ
ਵੇਖੀਂ ਦਿੱਲ ਦੇ ਵਿੱਚ ਨਾ ਮੂਲ ਰੱਖੀਂ, ਕੋਈ ਕਾਣ, ਵਾਹਵਾ ਓ ਅਜੀਤ ਸਿੰਘਾ
ਰੱਲ ਪਿਓ ਪੁੱਤਾਂ 'ਤੀਰ' ਜ਼ਾਲਮਾਂ ਦੇ, ਲਾਹਣੇ ਘਾਣ, ਵਾਹਵਾ ਓ ਅਜੀਤ ਸਿੰਘਾ

### *ਸਤਿਗੁਰੂ ਸੂਰਮਿਆਂ ਨੂੰ ਹੱਲਾ ਸ਼ੇਰੀ ਦੇਂਦੇ ਹਨ*

ਏਦਾਂ ਦੇਣ ਉਤਸ਼ਾਹ ਬਹਾਦਰਾਂ ਨੂੰ, ਵਾਹ ਵਾਹ, ਓਇ ਮੇਰਿਓ ਸੂਰਬੀਰੋ
ਟਿੱਡੀ ਦੱਲ ਉੱਤੇ ਪਵੋ ਟੁੱਟ ਸਾਰੇ, ਇਕੋ ਸਾਹ, ਓਇ ਮੇਰਿਓ ਸੂਰਬੀਰੋ
ਏਸ ਜ਼ੁਲਮ ਦੇ ਖਲੋ ਪਹਾੜ ਵਿਚੋਂ, ਕੱਢੋ ਰਾਹ, ਓਇ ਮੇਰਿਓ ਸੂਰਬੀਰੋ
ਏਸ ਮੌਤ-ਵਪਾਰ 'ਚੋਂ ਜ਼ਿੰਦਗੀ ਦਾ, ਖੱਟੋ ਲਾਹ, ਓਇ ਮੇਰਿਓ ਸੂਰਬੀਰੋ
ਤੇਗ਼ਾਂ ਵਾਹ ਕੇ ਗੱਲੋਂ ਗ਼ੁਲਾਮੀਆਂ ਦੇ, ਵੱਢੋ ਫਾਹ, ਓਇ ਮੇਰਿਓ ਸੂਰਬੀਰੋ
ਸਮਝ ਅਲੀ ਦੇ ਬੱਕਰੇ ਹੱਥ ਆਏ, ਲਵੋ ਢਾਹ, ਓਇ ਮੇਰਿਓ ਸੂਰਬੀਰੋ
ਐਸੇ ਹੱਥ ਦੱਸੋ ਸਦਾ ਯਾਦ ਰੱਖੇ, ਪਾਤਸ਼ਾਹ, ਓਇ ਮੇਰਿਓ ਸੂਰਬੀਰੋ
ਤੇਗ਼-ਦਾਤਰੀ ਵਾਹ ਕੇ ਜ਼ੁਲਮ ਵਾਲਾ, ਵੱਢੋ ਘਾਹ, ਓਇ ਮੇਰਿਓ ਸੂਰਬੀਰੋ
ਜੇਕਰ ਜੀਵਣਾ ਜੇ, ਦਿਲੋਂ ਜ਼ਿੰਦਗੀ ਦੀ, ਛੱਡੋ-ਚਾਹ, ਓਇ ਮੇਰਿਓ ਸੂਰਬੀਰੋ
ਜ਼ੁਲਮ ਖ਼ਾਲਸੇ ਤੋਂ ਮੌਤ ਮੰਗਦਾ ਏ, ਖਾਹ ਮਖਾਹ, ਓਇ ਮੇਰਿਓ ਸੂਰਬੀਰੋ
ਆਓ ਮਾਮਲਾ ਅੱਜ ਨਜਿੱਠ ਲਈਏ, ਮੇਰੀ ਚਾਹ, ਓਇ ਮੇਰਿਓ ਸੂਰਬੀਰੋ
ਅੱਜ ਨਾਲ ਅਜ਼ਾਦੀ ਦੇ ਹੋ ਰਿਹਾ ਜੇ, ਇਹ ਵਿਆਹ, ਓਇ ਮੇਰਿਓ ਸੂਰਬੀਰੋ
ਫੜ ਤੇਗ਼ ਦੀ ਝੰਬਣੀ ਝੰਬ ਸੁੱਟੋ, ਇਹ ਕਪਾਹ, ਓਇ ਮੇਰਿਓ ਸੂਰਬੀਰੋ
'ਤੀਰ' ਸੁਪਨੇ ਵਿਚ ਵੀ ਡਰਨ ਪਾਪੀ, ਲੈ ਪਨਾਹ, ਓਇ ਮੇਰਿਓ ਸੂਰਬੀਰੋ

### *ਖ਼ਾਲਸੇ ਦੀ ਤੇਗ਼ (ਵੱਲੋਂ ਕਵੀ)*

ਏਸ ਤਰ੍ਹਾਂ ਦਾ ਸੀ ਮਾਰੂ ਜੰਗ ਛਿੜਿਆ, ਪਈ ਤੇਗ਼ ਉੱਤੇ ਤੇਗ਼ ਖੜਕਦੀ ਸੀ
ਨਹੀਂ ਨਹੀਂ ਉਹ ਬਿੱਜਲੀ ਜੋਸ਼ ਦੀ ਸੀ, ਚੱੜ੍ਹ-ਚੱੜ੍ਹ ਜੋ ਸਿਰਾਂ ਤੇ ਕੜਕਦੀ ਸੀ

ਨਹੀਂ ਨਹੀਂ ਉਹ ਲਾਟ ਸੀ ਬੀਰਤਾ ਦੀ, ਪਈ ਖ਼ਾਲਸੇ ਦੇ ਹੱਥੋਂ ਭੜਕਦੀ ਸੀ
ਨਹੀਂ ਨਹੀਂ ਉਹ ਮੌਤ ਦੀ ਜੀਭ ਹੈਸੀ, ਮਾਸ ਖਾਂਵਦੀ ਹੱਡੀਆਂ ਰੜਕਦੀ ਸੀ
ਨਹੀਂ ਨਹੀਂ ਉਹ ਜੰਗ ਦੀ ਚੰਡਕਾ ਸੀ, ਤਿਲਕ ਲਾਂਵਦੀ ਸੀ ਕੁੰਗੂ ਛੜਕਦੀ ਸੀ
'ਤੀਰ' ਖ਼ਾਲਸੇ ਦੀ ਤੇਗ਼ ਵੇਖ ਕੇ ਹੀ, ਪਈ ਦੁਸ਼ਮਣਾਂ ਦੀ ਛਾਤੀ ਧੜਕਦੀ ਸੀ

### ਸ੍ਰੀ ਦਸਮੇਸ਼ ਜੀ ਦੇ ਚਲਦੇ ਤੀਰ ਕਵੀ ਦੀ ਨਿਗ੍ਹਾ ਵਿਚ

ਬਾਣ ਚੱਲਦੇ ਸ੍ਰੀ ਦਸਮੇਸ਼ ਜੀ ਦੇ, ਵਾਂਗ ਨਾਗ ਦੇ ਸ਼ੂਕਦੇ ਜਾਂਵਦੇ ਸੀ
ਜਿਹਨੂੰ ਡੰਗਦੇ ਅੱਖ ਝਮਕਾਰ ਅੰਦਰ, ਉਹਨੂੰ ਸਦਾ ਦੀ ਨੀਂਦ ਸੁਆਂਵਦੇ ਸੀ
'ਸੱਪ ਉੱਡਣੇ' ਜਾਪਦੇ ਉੱਡਦੇ ਸੀ, ਤਖ਼ਤ ਵਾਲਿਆਂ ਨੂੰ ਵਖਤ ਪਾਂਵਦੇ ਸੀ
ਲਹੂ ਚੱਟਦੇ ਵਿਨ੍ਹ ਕੇ ਸੁੱਟਦੇ ਸੀ, ਤਿਲਕ ਰੱਤ ਦੇ ਸੈਆਂ ਨੂੰ ਲਾਂਵਦੇ ਸੀ
ਬਾਜਾਂ ਵਾਂਗ ਉਡਾਰੀਆਂ ਲਾਣ ਜਾਂਦੇ, ਪਾਪੀ ਪੰਛੀਆਂ ਤਾਈਂ ਤੜਫਾਂਵਦੇ ਸੀ
ਆ ਆ ਜੱਮ ਜਾਨਾਂ ਲੈਂਦਾ ਥੱਕਦਾ ਸੀ, ਚੋਜੀ ਏਤਨੇ 'ਤੀਰ' ਚਲਾਂਵਦੇ ਸੀ

### ਪੈਂਦੇ ਖਾਂ ਦਾ ਤੇ ਸ੍ਰੀ ਦਸਮੇਸ਼ ਜੀ ਦਾ ਮੱਲ ਯੁਧ (ਵੱਲੋਂ ਕਵੀ)

ਕੱਟਾ ਵੱਢ ਜਾਂ ਇਸ ਤਰ੍ਹਾਂ ਹੋ ਰਹੀ ਸੀ, ਸ਼ਾਹੀ ਫ਼ੌਜ ਦਾ ਹੁੰਦਾ ਨੁਕਸਾਨ ਹੈ ਸੀ
ਸਿੱਖ ਸੂਰਮੇਂ ਚੰਡਕਾ ਵਾਹੁੰਦੇ ਸੀ, ਦਿਲੋਂ ਦੱਲਾਂ ਦੀ ਨਿਕਲਦੀ ਜਾਨ ਹੈ ਸੀ
ਏਨੀ ਵੇਖ ਆਪੋਂ ਅੱਗੇ ਵੱਧ ਆਇਆ, ਫ਼ੌਜਦਾਰ ਜਿਹੜਾ ਪੈਂਦੇ ਖਾਨ ਹੈ ਸੀ
'ਤੀਰ' ਸਾਹਮਣੇ ਆਣ ਦਸਮੇਸ਼ ਜੀ ਦੇ, ਕੀਤਾ ਇਸ ਤਰ੍ਹਾਂ ਉਹਨੇ ਬਿਆਨ ਹੈ ਸੀ

### ਪੈਂਦੇ ਖਾਨ ਦਾ ਦਸਮੇਸ਼ ਜੀ ਨੂੰ ਕਹਿਣਾ

ਚੰਗੀ ਗੱਲ ਨਾ ਇਸ ਤਰ੍ਹਾਂ ਭੰਗ-ਭਾੜੇ, ਦੋਵੇਂ ਆਪਣੇ ਦੱਲ ਲੜਾਈ ਜਾਈਏ
ਵੱਧ ਕੀਮਤੀ ਹੀਰਿਆਂ ਪੰਨਿਆਂ ਤੋਂ, ਗਾਜੀ ਸੂਰਮੇਂ ਕਿਉਂ ਮਰਵਾਈ ਜਾਈਏ
ਦੋਹਾਂ ਧਿਰਾਂ ਦਾ ਹੀ ਲਹੂ ਕੀਮਤੀ ਏ, ਨਾ ਅੰਞਾਣਿਆਂ ਵਾਂਗ ਵਹਾਈ ਜਾਈਏ
'ਤੀਰ' ਫ਼ੌਜ ਅੱਗੇ ਫ਼ੌਜਦਾਰ ਪਿੱਛੇ ਅਸੀਂ ਫੇਰ ਵੀ ਬੀਰ ਸਦਵਾਈ ਜਾਈਏ

### ਫੇਰ ਕਹਿੰਦਾ ਹੈ

ਕਰੇ ਕੋਈ ਨਾ ਕਿਸੇ 'ਤੇ ਵਾਰ ਐਵੇਂ, ਅਸੀਂ ਦੋਇ ਹੀ ਜ਼ੋਰ ਅਜ਼ਮਾ ਲਈਏ
ਹਾਰ ਜਿੱਤ ਮੰਨ ਕੇ ਦੁਹਾਂ ਪਾਸਿਆਂ ਦੀ, ਇੱਕ ਦੂਸਰੇ ਤਾਈਂ ਹਰਾ ਲਈਏ
ਕਰੋ ਵਾਰ ਮੇਰੇ ਉੱਤੇ ਤੁਸੀਂ ਪਹਿਲੋਂ, ਅੱਜ ਰੇੜਕਾ ਇਉਂ ਮੁਕਾ ਲਈਏ
ਮੱਲ ਯੁੱਧ ਕਰਕੇ 'ਤੀਰ' ਅਸੀਂ ਦੋਵੇਂ, ਇਹ ਦੋ-ਪਾਸੜੀ ਫ਼ੌਜ ਬਚਾ ਲਈਏ

### ਫੇਰ ਕਹਿੰਦਾ ਹੈ

ਹਾਰੋ ਤੁਸੀਂ ਤਾਂ ਅਪਣੀ ਹਾਰ ਜਾਣੋ, ਜੇਕਰ ਮੈਂ ਹਾਰਾਂ ਸਾਡੀ ਹਾਰ ਜਾਣੋ
ਹਾਰੋ ਤੁਸੀਂ ਤਾਂ ਮੰਨਣੀ ਈਨ ਸਾਡੀ, ਜੇ ਮੈਂ ਹਾਰਿਆ ਹਰੀ ਸਰਕਾਰ ਜਾਣੋ
ਰੋਜ਼-ਰੋਜ਼ ਦੀ ਮਿਟੇਗੀ ਕਲਹਿ ਏਦਾਂ, ਮੁੱਕਾ ਨਿੱਤ ਦਾ ਫੇਰ ਤਕਰਾਰ ਜਾਣੋ
'ਤੀਰ' ਵਿੱਚ ਭੱਥੇ ਫੇਰ ਪਿਆ ਰਹਿਸੀ, ਤੇ ਮਿਆਨ ਦੇ ਵਿੱਚ ਤਲਵਾਰ ਜਾਣੋ

### ਸ੍ਰੀ ਦਸਮੇਸ਼ ਦਾ ਬਚਨ ਪੈਂਦੇ ਖਾਂ ਨੂੰ

ਅੱਗੋਂ ਆਖਿਆ ਸ੍ਰੀ ਦਸਮੇਸ਼ ਜੀ ਨੇ, ਸੱਚਾ ਅਸੀਂ ਹਾਂ ਸਦਾ ਵਿਹਾਰ ਕਰਦੇ
ਜਾਣ ਬੁੱਝ ਕੇ ਕਿਸੇ ਨੂੰ ਛੇੜਦੇ ਨਾ, ਬਦੋ ਬਦੀ ਨਾ ਕਦੇ ਤਕਰਾਰ ਕਰਦੇ
ਅਸੀਂ ਸਦਾ ਮਜ਼ਲੂਮ ਦੇ ਹਾਂ ਹਾਮੀ, ਅਤੇ ਜ਼ਾਲਮਾਂ ਨਾਲ ਹਾਂ ਖ਼ਾਰ ਕਰਦੇ
ਕਰੇ ਵਾਰ ਕੋਈ ਤਾਂ ਹਾਂ ਵਾਰ ਕਰਦੇ, ਪਹਿਲੇ ਕਿਸੇ 'ਤੇ ਮੂਲ ਨਾ ਵਾਰ ਕਰਦੇ
ਤੁਸੀਂ ਦਿੱਲੀਓਂ ਚੱਲ ਕੇ ਲੜਨ ਆਏ, ਏਥੇ ਆ ਗਏ ਓ ਮਾਰੋ-ਮਾਰ ਕਰਦੇ
ਆਓ ਵਾਰ ਕਰ ਲਓ 'ਤੀਰ' ਤੁਸੀਂ ਪਹਿਲੇ, ਅਸੀਂ ਹਾਂ ਪਹਿਲੇ ਖ਼ਬਰਦਾਰ ਕਰਦੇ

### ਦਸਮੇਸ਼ ਜੀ ਉੱਤੇ ਪੈਂਦੇ ਖਾਂ ਆਪਣਾ ਵਾਰ ਕਰਦਾ ਹੈ (ਵੱਲੋਂ ਕਵੀ)

ਪੈਂਦੇ ਖਾਂ ਨੇ ਚਾੜ੍ਹਿਆ ਝੱਟ ਚਿੱਲਾ, ਸ਼ਿਸਤ ਬੰਨ੍ਹ ਕੇ ਛੱਡਿਆ ਤੀਰ ਵੇਖੋ
ਲੰਘ ਗਿਆ ਉਹ ਸ੍ਰੀ ਦਸਮੇਸ਼ ਕੋਲੋਂ, ਪੈਂਦੇ ਖ਼ਾਨ ਦੀ ਬੁਰੀ ਤਕਦੀਰ ਵੇਖੋ
ਗੁਰਾਂ ਆਖਿਆ 'ਫੇਰ ਅਰਮਾਨ ਲਾਹ ਲੈ', ਡੋਲੇ ਰਤਾ ਵੀ ਨਾ ਸੂਰਬੀਰ ਵੇਖੋ
ਦੂਜੀ ਵਾਰ ਵੀ ਹੋ ਗਿਆ ਵਾਰ ਖਾਲੀ, ਕੋਈ ਸਫਲ ਨਾ ਹੋਈ ਤਦਬੀਰ ਵੇਖੋ
ਸ਼ਰਮਸਾਰ ਹੋ ਕੇ ਆਖ਼ਰ ਉੱਠ ਨੱਠਾ, ਲੈ ਕੇ ਆਪਣੀ ਜਿੰਦ ਸਰੀਰ ਵੇਖੋ
'ਤੀਰ' ਨੱਠਦੇ ਨੂੰ ਕਹਿੰਦੇ ਜੋਸ਼ ਖਾ ਕੇ, ਪਿੱਛੋਂ ਇਸ ਤਰ੍ਹਾਂ ਪੀਰਾਂ ਦੇ ਪੀਰ ਵੇਖੋ

### ਸ੍ਰੀ ਦਸਮੇਸ਼ ਜੀ ਲਲਕਾਰਾ ਮਾਰਦੇ ਸਨ

ਗਾਜ਼ੀ ਪੈਂਦਿਆ! ਵੇਖ ਨਾ ਹੋ ਪਾਜੀ, ਸਾਡਾ ਸੋਹਣਿਆ! ਵਾਰ ਸਹਾਰ ਕੇ ਜਾ
ਜੀਂਦੇ ਨੱਠਣਾ ਸ਼ਰਮ ਹੈ ਸੂਰਮੇ ਨੂੰ, ਇਕੇ ਮੱਰ ਏਥੇ, ਇਕੇ ਮਾਰ ਕੇ ਜਾ
ਸਾਡੀ ਮਾਰ ਤੋਂ ਜਾਇੰਗਾ ਬੱਚ ਕਿਥੇ, ਕਿਥੇ ਚਲਿਓਂ ਗੱਲ ਨਿਤਾਰ ਕੇ ਜਾ
'ਤੀਰ' ਨਹੀਂ ਦਸਮੇਸ਼ ਨੇ ਜਾਣ ਦੇਣਾ, ਮਰਦ ਹੈਂ ਤਾਂ ਆ ਲਲਕਾਰ ਕੇ ਜਾ

### ਸ੍ਰੀ ਦਸਮੇਸ਼ ਜੀ ਦੇ ਹੱਥੋਂ ਪੈਂਦੇ ਖ਼ਾਨ ਦਾ ਅੰਤ (ਵੱਲੋਂ ਕਵੀ)

ਚਿੱਲੇ ਚਾੜ੍ਹਿਆ ਝੱਟ ਦਸਮੇਸ਼ ਜੀ ਨੇ, ਕੰਨਾਂ ਤੀਕ ਜਾਂ ਤਾਣ ਕੇ ਤੀਰ ਛੱਡਿਆ
ਪੈਂਦੇ ਖ਼ਾਨ ਦੇ ਮਾਰਿਆ ਕੰਨ ਅੰਦਰ, ਠੋਕ ਇੱਕ ਕੰਨੋਂ ਦੂਜਾ ਚੀਰ ਛੱਡਿਆ

ਜਾਪੇ ਮੱਛ ਵਾਂਗਰ ਪਿਆ ਰੱਤ ਅੰਦਰ, ਉਹਨੇ ਮੂੰਹ ਤੋਂ ਮੰਗਣਾ ਨੀਰ ਛੱਡਿਆ
ਲੁੱਛ-ਲੁੱਛ ਕੇ 'ਤੀਰ' ਮੈਦਾਨ ਅੰਦਰ, ਉਹਨੇ ਰਣ ਦੇ ਵਿਚ ਸਰੀਰ ਛੱਡਿਆ

### ਸ਼ਾਹੀ ਫ਼ੌਜ ਤੇ ਪਹਾੜੀ ਰਾਜੇ ਨੱਠ ਗਏ (ਵੱਲੋਂ ਕਵੀ)

ਪੈਂਦੇ ਖ਼ਾਨ ਮੋਇਆ ਜਦੋਂ ਤੀਰ ਖਾ ਕੇ, ਸ਼ਾਹੀ ਦੱਲ ਅੰਦਰ ਹਾਹਾਕਾਰ ਹੋਈ
ਟੁੱਟੇ ਲੱਕ ਤੇ ਹੌਸਲੇ ਚੂਰ ਹੋਏ, ਦਿਲੋਂ ਦੁਖੀ ਡਾਢੀ ਬਾਈਧਾਰ ਹੋਈ
ਪੈਰ ਉਖੜੇ ਆਣ ਕੇ ਗਾਜ਼ੀਆਂ ਦੇ, ਆਸ ਸੱਭ ਦੀ 'ਤੇ ਗੜੇ-ਮਾਰ ਹੋਈ
'ਤੀਰ' ਬੁਰੀ ਪਹਾੜੀਆਂ ਨਾਲ ਹੋਈ, ਸ਼ਾਹੀ ਫ਼ੌਜ ਨੂੰ ਵੀ ਨਾਲੇ ਹਾਰ ਹੋਈ

### ਵੱਲੋਂ ਕਵੀ

ਚੜ੍ਹੇ ਦਿੱਲੀਓਂ ਸੀ ਬੜੇ ਚਾਅ ਅੰਦਰ, ਗਾਜ਼ੀ ਗੁਰਾਂ ਉੱਤੇ ਆਏ ਧਾ ਵੇਖੋ
ਸੁੱਖੀ ਵੱਸਦੀ ਪੁਰੀ ਅਨੰਦ ਉੱਤੇ, ਬਾਜ਼ ਵਾਂਗਰਾਂ ਪਏ ਸੀ ਆ ਵੇਖੋ
ਗਏ ਆਪਣੇ ਜਿਹਾ ਹੀ ਮੂੰਹ ਲੈ ਕੇ, ਮੁੜੇ ਜੰਗ 'ਚੋਂ ਮੂੰਹ ਦੀ ਖਾ ਵੇਖੋ
'ਤੀਰ' ਆਏ ਸੀ ਗੁਰਾਂ ਦੀ ਖੁੰਬ ਠੱਪਣ, ਗਏ ਆਪਣੀ ਖੁੰਬ ਠਪਵਾ ਵੇਖੋ

### ਅਨੰਦ ਪੁਰ ਵਿਚ ਥੋੜ੍ਹੇ ਚਿਰ ਲਈ ਅਮਨ (ਵੱਲੋਂ ਕਵੀ)

ਖ਼ੂਬ ਜੰਗ ਦੀ ਜਿੱਤ ਦੀ ਖ਼ੁਸ਼ੀ ਅੰਦਰ, ਲੋਕਾਂ ਸ਼ਹਿਰ ਅੰਦਰ ਦੀਪਮਾਲ ਕੀਤੀ
ਸਾਰੇ ਫੱਟੜਾਂ ਦੀ ਹੋਈ ਮਰਹਮ ਪੱਟੀ, ਸਿੱਖਾਂ ਸੇਵਕਾਂ ਸਿਦਕ ਦੇ ਨਾਲ ਕੀਤੀ
ਮਿਲੇ ਦਰ ਤੋਂ ਮਾਣ ਸਤਿਕਾਰ ਸਭ ਨੂੰ, ਗੁਰਾਂ ਖ਼ਾਲਸਾ ਫ਼ੌਜ ਨਿਹਾਲ ਕੀਤੀ
ਸਦਾ ਵਾਂਗਰਾਂ 'ਤੀਰ' ਦਸਮੇਸ਼ ਜੀ ਨੇ, ਜੰਗ ਜਿੱਤ ਕੇ ਅਮਨ ਦੀ ਚਾਲ ਕੀਤੀ

### ਨਿੱਤ ਦਾ ਵਿਹਾਰ (ਵੱਲੋਂ ਕਵੀ)

ਨਿੱਤ ਹੋਣ ਦੀਵਾਨ ਤੇ ਵਾਰ ਲੱਗੇ, ਬੈਠ ਐਨ ਵਿਚਕਾਰ ਦਾਤਾਰ ਸੋਭਣ
ਨਿੱਤ ਪਰਖ ਹੋਏ ਸ਼ਸਤਰ ਵਿੱਦਿਆ ਦੀ, ਨਿੱਤ ਕਾਵਿ ਦੇ ਕਵੀ-ਦਰਬਾਰ ਸੋਭਣ
ਨਿੱਤ-ਨਿੱਤ ਆਵੇ ਸਿੱਖੀ ਦਰਸ਼ਨਾਂ ਨੂੰ, ਰੋਜ਼ ਅੰਮ੍ਰਿਤੀ ਪਏ ਪਰਚਾਰ ਸੋਭਣ
'ਤੀਰ' ਨਿੱਤ ਭੌਰੇ ਪਾਨ ਪ੍ਰੇਮ-ਗੂੰਜਾਂ, ਜਾਨੀ-ਜਾਨ ਦੇ ਨਿੱਤ ਦੀਦਾਰ ਸੋਭਣ

### ਇਕ ਘਟਨਾ (ਵੱਲੋਂ ਕਵੀ)

ਇੱਕ ਰੋਜ਼ ਦਸਮੇਸ਼ ਜੀ ਕਹਿਣ ਲੱਗੇ, ਜ਼ਾਲਮ ਸਿੰਘ ਗਡਵੱਈ! ਲਿਆ ਪਾਣੀ
ਸਾਨੂੰ ਏਸ ਵੇਲੇ ਡਾਢੀ ਤੇਹ ਲੱਗੀ, ਠੰਢਾ ਕੱਢ ਕੇ ਹੁਣੇ ਪਿਲਾ ਪਾਣੀ
ਜ਼ਾਲਮ ਸਿੰਘ ਤਾਂ ਨਹੀਂ ਸੀ ਕੋਲ ਓਦੋਂ, ਦੇਂਦਾ ਝੱਟ ਜੋ ਆਪ ਪੁਚਾ ਪਾਣੀ
'ਤੀਰ' ਇਕ ਬੱਚਾ ਖਲਾ ਕੋਲ ਹੈ ਸੀ, ਉਹਨੇ ਲਿਆ ਗਲਾਸ ਵਿਚ ਪਾ ਪਾਣੀ

### ਲੜਕਾ ਆਣ ਕੇ ਕਹਿੰਦਾ ਹੈ

ਆਣ ਆਖਿਆ ਓਸਨੇ ਉਸੇ ਵੇਲੇ, ਲਵੋ ਪੀ ਲਓ ਰੱਜ ਸਰਕਾਰ ਪਾਣੀ
ਠੰਢੇ ਖੂਹ ਤੋਂ ਆਪ ਮੈਂ ਕੱਢਿਆ ਏ, ਦਾਤਾ ਆਪ ਖ਼ਾਤਰ ਠੰਢਾ ਠਾਰ ਪਾਣੀ
ਜਾਣੀ-ਜਾਣ ਦਸਮੇਸ਼ ਜੀ ਕਹਿਣ ਲੱਗੇ, ਹੇਠਾਂ ਰੱਖ ਹਾਲੇ ਬਰਖ਼ੁਰਦਾਰ ਪਾਣੀ
ਪਹਿਲੇ ਦੱਸ ਸਾਨੂੰ ਜੋ-ਜੋ ਪੁੱਛਦੇ ਹਾਂ, ਪਿੱਛੋਂ ਪੀ ਲਵਾਂਗੇ ਪ੍ਰੇਮ-ਧਾਰ! ਪਾਣੀ

### ਸ੍ਰੀ ਦਸਮੇਸ਼ ਜੀ ਉਸ ਲੜਕੇ ਤੋਂ ਪੁੱਛਦੇ ਹਨ

ਹੈਨ ਹੱਥ ਤੇਰੇ ਬੜੇ ਨਰਮ ਕੂਲੇ, ਕੀਤਾ ਜਾਪਦਾ ਕਦੇ ਨਾ ਕੰਮ ਕਾਕਾ
ਜਿਹਨੇ ਕਾਰ ਹੱਥੀਂ ਕੀਤੀ ਨਿੱਤ ਹੋਵੇ, ਸਖ਼ਤ ਓਸਦਾ ਜਾਪਦਾ ਚੰਮ ਕਾਕਾ
ਏਨੀ ਗੱਲ ਜਾਂ ਸ੍ਰੀ ਦਸਮੇਸ਼ ਆਖੀ, ਗਿਆ ਆਪਣੇ ਆਪ ਨੂੰ ਥੰਮ੍ਹ ਕਾਕਾ
'ਤੀਰ' ਗੁਰੂ ਦਸਮੇਸ਼ ਦੀ ਪੁੱਛ ਉੱਤੇ, ਏਦਾਂ ਕਹਿਣ ਲੱਗਾ ਖਾ ਕੇ ਗ਼ਮ ਕਾਕਾ

### ਲੜਕਾ ਕਹਿੰਦਾ ਹੈ

ਮਹਾਰਾਜ! ਹਾਂ ਲਾਡਲਾ ਮਾਪਿਆਂ ਦਾ, ਕਰਨ ਵਾਸਤੇ ਕੋਈ ਨਾ ਕਾਰ ਮੈਨੂੰ
ਆਸ, ਮਾਨ ਮੇਰਾ ਕੋਈ ਤੋੜਦਾ ਨਾ, ਚੰਦ ਜਾਣਦਾ ਸਭ ਪਰਵਾਰ ਮੈਨੂੰ
ਖਾਣ, ਪੀਣ, ਖੇਡਾਂ, ਖਿੜਨਾ ਕੰਮ ਮੇਰਾ, ਫੁੱਲ ਵਾਂਗਰਾਂ ਮਿਲੀ ਬਹਾਰ ਮੈਨੂੰ
ਮੰਗਾਂ ਇੱਕ ਤੋਂ ਕੋਈ ਮੈਂ ਚੀਜ਼ ਜੇਕਰ, ਹੈਨ ਦੇਣ ਵਾਲੇ ਚਾਕਰ ਚਾਰ ਮੈਨੂੰ
ਪਾਣੀ ਆਪ ਪਾ ਕੇ ਕਦੇ ਨਹੀਂ ਪੀਤਾ, ਚੁੱਕੀ ਰੱਖਦੇ ਹੈਨ ਮਲ੍ਹਾਰ ਮੈਨੂੰ
'ਤੀਰ' ਆਪ ਨੂੰ ਜੱਲ ਛਕਾਵਣੇ ਦੀ, ਪਹਿਲੇ ਪਹਿਲ ਹੀ ਫੁਰੀ ਵਿਚਾਰ ਮੈਨੂੰ

### ਸ੍ਰੀ ਦਸਮੇਸ਼ ਜੀ ਪਾਣੀ ਪੀਣ ਤੋਂ ਇਨਕਾਰ ਕਰਦੇ ਹਨ

ਕਿਹਾ ਸ੍ਰੀ ਦਸਮੇਸ਼ ਨੇ ਬੱਸ ਕਾਕਾ, ਕੋਈ ਤੇਹ ਦਾ ਨਹੀਂ ਖ਼ਿਆਲ ਸਾਨੂੰ
ਗਈਆਂ ਪੈ ਨੇ ਕਰਨੀਆਂ ਅੱਜ ਗੱਲਾਂ, ਏਸ ਵਿਸ਼ੇ ਉੱਤੇ ਤੇਰੇ ਨਾਲ ਸਾਨੂੰ
ਰੰਗੇ ਹੋਏ ਇਹ ਵਿੱਚ ਖ਼ੁਦਗਰਜ਼ੀਆਂ ਦੇ, ਤੇਰੇ ਹੱਥ ਨੇ ਜਾਪਦੇ ਲਾਲ ਸਾਨੂੰ
'ਤੀਰ' ਡੋਲ੍ਹ ਦੇ ਅਸਾਂ ਨਾ ਮੂਲ ਪੀਣਾ, ਔਖਾ ਹੋ ਨਾ ਪਾਣੀ ਪਿਆਲ ਸਾਨੂੰ

### ਮਹਾਰਾਜ ਫੇਰ ਕਹਿੰਦੇ ਹਨ

ਹੱਥਾਂ ਨਾਲ ਜਿਸ ਨੇ ਟਹਿਲ ਨਹੀਂ ਕੀਤੀ, ਮੈਨੂੰ ਨਾ ਓਹ ਪਾਣੀ ਪਿਆ ਸੱਕੇ
ਜਿਹਨੇ ਨਹੀਂ ਰਜਾਇਆ ਭੁੱਖਿਆਂ ਨੂੰ, ਭੋਗ ਉਹ ਨਾ ਮੈਨੂੰ ਲੁਆ ਸੱਕੇ
ਜਿਹਨੇ ਕੋਈ ਯਤੀਮ ਨਾ ਗਲੇ ਲਾਇਆ, ਗਲੇ ਉਹ ਨਾ ਮੈਨੂੰ ਲਗਾ ਸੱਕੇ
ਰੋਇ ਜੋ ਨਾ ਕਿਸੇ ਲਈ ਉਹ ਮੈਨੂੰ, ਕਿਵੇਂ ਅੱਖੀਆਂ ਵਿੱਚ ਬਿਠਾ ਸੱਕੇ

ਮੇਰਾ ਓਸਦੇ ਨਾਲ ਨਾ ਭਾਈਚਾਰਾ, ਜੋ ਨਾ ਕਿਸੇ ਦਾ ਦਰਦ ਵੰਡਾ ਸੱਕੇ
ਜਿਹਦੇ ਪੈਰ ਨੇਕੀ ਵੱਲੇ ਨਹੀਂ ਤੁਰਦੇ, ਉਹ ਨਾ ਮੇਰੇ ਦਰਬਾਰ ਵਿਚ ਆ ਸੱਕੇ
ਜਿਹਦੀ ਜੀਭ ਨਿੰਦਾ ਕਰੇ ਦੂਜਿਆਂ ਦੀ, ਬਾਣੀ ਗੁਰੂ ਦੀ ਉਹ ਨਾ ਗਾ ਸੱਕੇ
ਜਿਹਦੇ ਕੰਨ ਸੁਣਦੇ ਗੀਤ ਨਿਤ ਗੰਦੇ, ਅੰਦਰ ਓਸਦੇ ਸ਼ਬਦ ਨਾ ਜਾ ਸੱਕੇ
ਜਿਹਦਾ ਮਨ ਚੰਚਲ ਮਿਰਗ ਵਾਸ਼ਨਾ ਦਾ, ਮੈਨੂੰ ਉਹ ਨਾ ਰਿਦੇ ਵਸਾ ਸੱਕੇ
ਅੱਖ ਜਿਸਦੀ ਵੇਖਦੀ ਪੱਰ-ਨਾਰੀ, ਮੇਰੇ ਉੱਤੇ ਉਹ ਅੱਖ ਨਾ ਪਾ ਸੱਕੇ
ਜਿਹਦਾ ਸਿਰ ਹੰਕਾਰ ਦਾ ਹੋਇ ਕੁੱਪਾ, ਮੇਰੇ ਦਰ ਨਾ ਕਦੇ ਨਿਵਾ ਸੱਕੇ
ਜਿਹਦੀ ਆਤਮਾ ’ਤੇ ਪਏ ਹੋਣ ਪਰਦੇ, ਮੇਰੇ ਨਾਲ ਨਾ ਜੋਤ ਰਲਾ ਸੱਕੇ
ਤੇਰੇ ਹੱਥ ਨੇ ਅਜੇ ਅਪਵਿਤਰ ਕਾਕਾ! ਮੈਨੂੰ ਇਨ੍ਹਾਂ ਦਾ ਜੱਲ ਨਾ ਭਾ ਸੱਕੇ
‘ਤੀਰ’ ਸਿੱਖ ਜੋ ਸੇਵਾ ਦਾ ਰੂਪ ਹੋਵੇ, ਮੇਰੇ ਵਿੱਚ ਤਾਂ ਉਹੋ ਸਮਾ ਸੱਕੇ

### ਬੱਚੇ ਤੇ ਅਸਰ

ਭਰੀ ਭੇਦ ਦੀ ਗੁਰਾਂ ਜਾਂ ਗੱਲ ਕੀਤੀ, ਸਾਰੀ ਜਾਣ ਗਿਆ ਹੋਣਹਾਰ ਦਿਲ ਤੋਂ
ਹੱਥ ਬੰਨ੍ਹ ਕੇ ਬੋਲਿਆ ‘ਟਹਿਲ ਕਰਸਾਂ’ ਸਿੱਖ ਸੰਗਤਾਂ ਦੀ ਪ੍ਰੇਮ-ਧਾਰ ਦਿਲ ਤੋਂ
ਤੁਸੀਂ ਮਿਹਰ ਦੀ ਰੱਖ ਕੇ ਨਿਗ੍ਹਾ ਦਾਤਾ, ਕਰੋ ਦਾਸ ਦੇ ਨਾਲ ਪਿਆਰ ਦਿਲ ਤੋਂ
‘ਤੀਰ’ ਅੱਜ ਤੋਂ ਟਹਿਲੀਆ ਬਣਾਂਗਾ ਮੈਂ, ਕੱਢ ਛੱਡਿਆ ਮਾਣ ਹੰਕਾਰ ਦਿਲ ਤੋਂ

### ਵੱਲੋਂ ਕਵੀ

ਏਸੇ ਤਰ੍ਹਾਂ ਦੇ ਚੋਜ ਬੇਅੰਤ ਹੁੰਦੇ, ਨਾਮ ਦਾਨ ਵਾਲੀ ਲੱਗੀ ਝੜੀ ਜਾਪੇ
ਜਿਹੜੀ ਸਤਿਗੁਰਾਂ ਨਾਲ ਬਿਤਾਣ ਪ੍ਰੇਮੀ, ਉਹ ਸੁਲੱਖਣੀ ਉਨ੍ਹਾਂ ਨੂੰ ਘੜੀ ਜਾਪੇ
ਖਿੜੀ ਪ੍ਰੇਮ ਦੀ ਰਹੇ ਗੁਲਜ਼ਾਰ ਸੋਹਣੀ, ਲਾਲੀ ਭੌਰਿਆਂ ਸਿੱਖਾਂ ਨੂੰ ਚੜ੍ਹੀ ਜਾਪੇ
‘ਤੀਰ’ ਪਲ ਲਈ ਵਿਛੜਨਾ ਪ੍ਰੇਮੀਆਂ ਨੂੰ, ਕਲ-ਕਾਲ ਤੋਂ ਵੀ ਮੁੱਦਤ ਬੜੀ ਜਾਪੇ

### ਦਸਮੇਸ਼ ਜੀ ਦੀਆਂ ਫਿਰ ਜੰਗੀ ਤਿਆਰੀਆਂ (ਵੱਲੋਂ ਕਵੀ)

ਪੈਂਦੇ ਖ਼ਾਨ ਦੀ ਜੰਗ ਵਿਚ ਜਾਨ ਲੈ ਕੇ, ਵਧੇ ਹੌਸਲੇ ਆ ਪ੍ਰੇਮ-ਰੱਤਿਆਂ ਦੇ
ਗੱਜ-ਵੱਜ ਕੇ ਆਖਦੇ ਥਾਂ-ਥਾਂ ’ਤੇ, ਅਸਾਂ ਲਹੂ ਪੀਣੇ ਮਾਨ-ਮੱਤਿਆਂ ਦੇ
ਅਸਾਂ ਗੁਰੂ ਮਹਾਰਾਜ ਦੇ ਹੁਕਮ ਅੰਦਰ, ਕਰਨੇ ਸਿਰ ਉੱਚੇ, ਨੀਵੇਂ ਸੱਤਿਆਂ ਦੇ
‘ਤੀਰ’ ਆਪਣੇ ਹਿੰਦ ਦੀ ਹਿੱਕ ਉੱਤੋਂ, ਝੰਡੇ ਪੁੱਟਣੇ ਹੈਣ ਚੁਗੱਤਿਆਂ ਦੇ

### ਗੁਰੂ ਜੀ ਪਾਸ ਸੂਰਮਿਆਂ ਦਾ ਇਕੱਠ

ਏਸ ਜਿੱਤ ਦੀ ਥਾਂ-ਥਾਂ ਸੋਅ ਪੁੱਜੀ, ਯੋਧੇ ਪੁਰੀ ਅਨੰਦ ਵਿਚ ਆਈ ਜਾਵਣ
ਕਈ ਲੈਣ ਤਨਖ਼ਾਹ ਤੇ ਕਈ ਐਵੇਂ, ਆ-ਆ ਆਪਣੇ ਨਾਮ ਲਿਖਾਈ ਜਾਵਣ

ਦੇਸ਼ ਵਾਸਤੇ ਅਸਾਂ ਹੈ ਜੰਗ ਕਰਨੀ, ਖ਼ੂਬ ਸ੍ਰੀ ਦਸਮੇਸ਼ ਸਮਝਾਈ ਜਾਵਣ
ਮਰਦ ਲਈ ਮਿਹਣਾ ਹੈ ਗ਼ੁਲਾਮ ਰਹਿਣਾ, ਆਖ-ਆਖ ਕੇ ਪਾਣ ਚੜ੍ਹਾਈ ਜਾਵਣ
ਦਾਰੂ ਸਿੱਕਾ ਹਥਿਆਰ ਤੇ ਰਸਦ ਪਾਣੀ, ਸਿੱਖ ਸੰਗਤਾਂ ਖ਼ੂਬ ਲਿਆਈ ਜਾਵਣ
ਦੇਸ਼-ਭਗਤ ਦਸਮੇਸ਼ ਜੀ ਦਿਨੇ ਰਾਤੀਂ, ਪੱਕੇ ਆਪਣੇ ਪੈਰ ਜਮਾਈ ਜਾਵਣ
ਸ਼ਾਹੀ ਫ਼ੌਜ ਤੇ ਰਾਜਿਆਂ ਟੱਲਣਾ ਨਾ, ਰੋਜ਼ ਯੋਧਿਆਂ ਤਾਈਂ ਸੁਣਾਈ ਜਾਵਣ
ਭੌਰੇ ਦੇਸ਼ ਦੇ 'ਤੀਰ' ਦਸਮੇਸ਼ ਚੋਜੀ, ਜਿੱਤ ਲਈ ਅਕਾਲ ਮਨਾਈ ਜਾਵਣ

### ਪਹਾੜੀ ਰਾਜਿਆਂ ਦੀ ਸਭਾ

ਇਧਰ ਇਉਂ ਦਸਮੇਸ਼ ਜੀ ਸਨ ਰੁੱਝੇ, ਉਧਰ ਫੇਰ ਕੱਠੀ ਬਾਈਧਾਰ ਹੋਈ
ਕੀਤਾ ਕਿਵੇਂ ਜਾਵੇ ? ਗੁਰੂ ਜਿੱਤ ਲਈਏ, ਭਰੀ ਸਭਾ ਦੇ ਵਿੱਚ ਵਿਚਾਰ ਹੋਈ
ਬਾਦਸ਼ਾਹ ਦੀ ਫ਼ੌਜ ਨੂੰ ਕੀ ਕਰਨਾ, ਉਹਦੀ ਫ਼ੌਜ ਦੇ ਹੁੰਦਿਆਂ ਹਾਰ ਹੋਈ
ਰਾਜਪੂਤ ਕਾਹਦੇ ਅਸੀਂ ਹੋਏ ਖੋਤੇ, ਸਿੱਖੀ ਆਣ ਜੇ ਸਿਰੀਂ ਸਵਾਰ ਹੋਈ
ਸਾਡੀ ਅਣਖ ਨੂੰ ਰੋਲਿਆ ਗੁਰੂ ਜੀ ਨੇ, ਏਸ ਗੱਲ ਦੀ ਵੀ ਦਿਲੋਂ ਖ਼ਾਰ ਹੋਈ
'ਤੀਰ' ਬੜੀ ਚਰਚਾ ਪਿੱਛੋਂ ਸਭਾ ਅੰਦਰ, ਇਹ ਸਲਾਹ ਪੱਕੀ ਆਖ਼ਰਕਾਰ ਹੋਈ

### ਇਹ ਸਲਾਹ ਪਕਾਈ

ਬਾਈਧਾਰ ਸਾਰੀ ਜੱਥੇਬੰਦ ਕਰੀਏ, ਰੰਘੜ ਗੁੱਜਰਾਂ ਨਾਲ ਰਸਾਈ ਕਰੀਏ
ਏਦਾਂ ਉਨ੍ਹਾਂ ਨੂੰ ਨਾਲ ਰਲਾ ਲਈਏ, ਫੇਰ ਗੁਰੂ 'ਤੇ ਰੱਲ ਚੜ੍ਹਾਈ ਕਰੀਏ
ਘਰੋਂ ਦੇਵੀ ਮਨਾ ਕੇ ਚੱਲ ਪਈਏ, ਜਾਨਾਂ ਤੋੜ ਕੇ ਖ਼ੂਬ ਲੜਾਈ ਕਰੀਏ
'ਤੀਰ' ਗੁਰੂ ਖਿਲਾਰਦਾ ਪਿਆ ਕੰਡੇ, ਹੂੰਝਾ ਫੇਰ ਕੇ ਆਪ ਸਫਾਈ ਕਰੀਏ

### ਪਹਾੜੀ ਰਾਜਿਆਂ ਨੇ ਪੂਰੀ ਤਿਆਰੀ ਕਰ ਕੇ ਚਿੱਠੀ ਲਿਖਣੀ ਸਤਿਗੁਰਾਂ ਨੂੰ

ਨਵੇਂ ਸਿਰ ਰਣਖੇਤ ਦਾ ਮੁੱਢ ਬੱਝਾ*, ਫ਼ੌਜਾਂ ਕੱਠੀਆਂ ਭਾਰੀਆਂ ਹੋ ਗਈਆਂ
ਜੋਸ਼ ਖਾ ਪਹਾੜੀਏ ਹੋਏ ਕੱਠੇ, ਹੋਰ ਸੱਭ ਤਿਆਰੀਆਂ ਹੋ ਗਈਆਂ
ਗੁੱਜਰ ਰੰਘੜਾਂ ਵੀ ਪੂਰਾ ਸਾਥ ਦਿੱਤਾ, ਸੋਚਾਂ ਪੂਰੀਆਂ ਸਾਰੀਆਂ ਹੋ ਗਈਆਂ
'ਤੀਰ' ਸਤਿਗੁਰਾਂ ਨੂੰ ਲਿਖੀ ਗਈ ਚਿੱਠੀ, ਜਦੋਂ ਪੱਕੀਆਂ ਯਾਰੀਆਂ ਹੋ ਗਈਆਂ

### ਰਾਜਿਆਂ ਦੀ ਚਿੱਠੀ ਦਾ ਮਜ਼ਮੂਨ

"ਸੁਣੋ ਗੁਰੂ ਜੀ ਆਖ਼ਰੀ ਗੱਲ ਸਾਡੀ, ਸਾਡੀ ਜੂਹ ਅੰਦਰ ਤੁਸੀਂ ਵੱਸਦੇ ਓ
ਖ਼ੂਬ ਪੁਰੀ ਅਨੰਦ ਵਸਾ ਲਈ ਜੇ, ਬੁੱਲੇ ਲੁੱਟਦੇ ਸੁੱਖ ਤੇ ਜੱਸ ਦੇ ਓ

---

* ਮਘਰ ਮਹੀਨੇ ੧੭੫੮ ਬਿਕ੍ਰਮੀ ਵਿਚ

ਸਾਡੀ ਗੱਲ ਨਾ ਇਕ ਵੀ ਮੰਨਦੇ ਓ, ਸਗੋਂ ਹਰ ਵਾਰੀ ਠੁੱਠ ਦੱਸਦੇ ਓ
ਕਰ ਭੇਜੀਏ, ਕਦੇ ਜੇ ਮੰਗ ਕੋਈ, ਤੀਰ ਮਾਰਦੇ ਓ ਤੋੜੇ ਕੱਸਦੇ ਓ
ਏਸ ਨਿੱਤ ਦਿਹਾੜੇ ਦੀ ਕਲਪਣਾ 'ਤੇ, ਅਸੀਂ ਰੋਂਵਦੇ ਹਾਂ ਤੁਸੀਂ ਹੱਸਦੇ ਓ
'ਤੀਰ' ਚੈਨ ਨਹੀਂ ਕਿਸੇ ਨੂੰ ਲੈਣ ਦੇਂਦੇ, ਏਥੇ ਵੱਸ ਕੇ ਨਾਗ ਹੋ ਡੱਸਦੇ ਓ

### ਚਿੱਠੀ ਵਿਚ ਹੋਰ ਕੀ ਲਿਖਿਆ

ਅਸਾਂ ਫ਼ੈਸਲਾ ਇਹੋ ਦੋ-ਟੁੱਕ ਕੀਤਾ, ਤੁਸੀਂ ਏਸ 'ਚੋਂ ਕਰੋ ਜੇ ਜੀ ਚਾਹੇ
ਛੱਡ ਜਾਉ ਜਾਂ ਪੁਰੀ ਅਨੰਦ ਤਾਈਂ, ਸਾਨੂੰ ਮਾਮਲਾ ਭਰੋ ਜੇ ਜੀ ਚਾਹੇ
ਅੱਗੋਂ ਲਈ ਸਾਡਾ ਪੂਰਾ ਤਹਿਤ ਮੰਨੋ, ਗੱਲ ਦਿਲ 'ਤੇ ਧਰੋ ਜੇ ਜੀ ਚਾਹੇ
'ਤੀਰ' ਜੀਵਣਾ ਚਾਹੋ ਤਾਂ ਈਨ ਮੰਨੋ, ਇੱਕੇ ਲੜ ਕੇ ਮਰੋ ਜੇ ਜੀ ਚਾਹੇ

### ਸਤਿਗੁਰਾਂ ਦਾ ਜਵਾਬ

ਜਦੋਂ ਪੜ੍ਹੀ ਚਿੱਠੀ ਜਾਣੀ-ਜਾਣ ਜੀ ਨੇ, ਇਹ ਜਵਾਬ ਦਿੱਤਾ 'ਕਾਹਨੂੰ ਸੰਗਦੇ ਓ
ਧਰਤ ਇਹ ਹੈ ਮੁੱਲ-ਖਰੀਦ ਸਾਡੀ, ਫੇਰ ਟਕੇ ਕਾਹਦੇ ਤੁਸੀਂ ਮੰਗਦੇ ਓ
ਮੈਂ ਤੇ ਦੁੱਧ ਪਿਲਾਉਣਾ ਚਾਹੁੰਦਾ ਹਾਂ, ਤੁਸੀਂ ਸੱਪ ਬਣ ਕੇ ਸਗੋਂ ਡੰਗਦੇ ਓ
ਮੇਰੇ 'ਤੀਰ' ਵੀ ਲਹੂ ਪਏ ਮੰਗਦੇ ਨੇ, ਕਰੋ ਜੰਗ ਜੇਕਰ ਸ਼ੌਕੀ ਜੰਗ ਦੇ ਓ'

### ਅਨੰਦਪੁਰ ਦੇ ਕੋਲ ਲੜਾਈ (ਵੱਲੋਂ ਕਵੀ)

ਪੁੱਜਾ ਇਹ ਜਵਾਬ ਜਾਂ ਰਾਜਿਆਂ ਨੂੰ, ਗ਼ੁੱਸੇ ਨਾਲ ਸੜਦੇ ਹੁੰਦੇ ਹੋਲ ਆਏ
ਟਿੱਡੀ-ਦੱਲ ਲਲਕਾਰ ਕੇ ਲਈ ਆਏ, ਉਹ ਵਜਾਂਵਦੇ ਨੌਬਤਾਂ ਢੋਲ ਆਏ
ਛਿੜ ਸੱਚ ਤੇ ਕੂੜ ਦੀ ਪੈਣ ਲੱਗੀ, ਕਰਨ ਮੱਲ ਅਖਾੜੇ ਦੇ ਘੋਲ ਆਏ
'ਤੀਰ' ਟੁੱਟ ਕੇ ਜਾ ਪਏ ਸਿੰਘ ਅੱਗੋਂ, ਜਦੋਂ ਪੁਰੀ ਅਨੰਦ ਦੇ ਕੋਲ ਆਏ

### ਸਾਹਿਬਜ਼ਾਦੇ ਅਜੀਤ ਸਿੰਘ ਜੀ ਨੇ ਚਾਰ ਹਜ਼ਾਰ ਸਿੱਖ ਨਾਲ ਲੈ ਕੇ ਹੱਲਾ ਬੋਲ ਦਿੱਤਾ (ਵੱਲੋਂ ਕਵੀ)

ਲੈ ਕੇ ਚਾਰ ਹਜ਼ਾਰ ਸਿਰ-ਲੱਥ ਸੂਰੇ, ਵੱਡੇ ਸਾਹਿਬਜ਼ਾਦੇ ਹੱਲਾ ਬੋਲਿਆ ਏ
ਔਹ ਮਾਰਿਆ, ਵੱਢਿਆ ਸਿਰ ਔਧਰ, ਵਾਹ-ਵਾਹ ਖੰਡਾ ਖੱਪਰ ਖੋਲ੍ਹਿਆ ਏ
ਖੇਤ ਪੱਕਿਆ ਰੰਗੜਾਂ ਗੁੱਜਰਾਂ ਦਾ, ਵਾਢੀ ਪਾ ਪਾ ਵਾਢਿਆਂ ਰੋਲਿਆ ਏ
ਸੂਰਬੀਰ ਮਝੈਲਾਂ ਨੇ ਰੋਹ ਖਾ ਕੇ, ਹੱਥ-ਤੱਕੜੀ ਤੇਗ਼ ਨੂੰ ਤੋਲਿਆ ਏ
ਦਇਆ ਸਿੰਘ ਨੇ ਤੋੜ ਕੇ ਸਿਰ ਸੈਆਂ, ਲਹੂ ਮਿੱਝ ਸਭ ਭੋਂ 'ਤੇ ਡੋਲ੍ਹਿਆ ਏ
ਊਧੋ ਸਿੰਘ ਨੇ ਨੇਜ਼ੇ ਦੀ ਨੋਕ ਅੰਦਰ, ਗੁੱਜਰ ਨਾਖ ਦੇ ਵਾਂਗ ਪਰੋਲਿਆ ਏ
ਆਲਮ ਸਿੰਘ ਦਲੇਰ ਨੇ ਕਿਸੇ ਪਾਸੇ, ਵਿੱਚ ਲਹੂ ਦੇ ਤੇਗ਼ ਨੂੰ ਝੋਲਿਆ ਏ

ਹੋਲੀ ਖ਼ੂਬ ਮੱਚੀ ਰੱਣ-ਖੇਤ ਅੰਦਰ, ਰੰਗ ਰੱਤ ਦਾ ਸੂਰਿਆਂ ਘੋਲਿਆ ਏ
ਤੱਕਣ ਵਾਸਤੇ ਅਣਖ ਪਹਾੜੀਆਂ ਦੀ, ਜਾ ਜਾ ਨੇਜ਼ਿਆਂ ਦਿਲਾਂ ਨੂੰ ਫੋਲਿਆ ਏ
'ਤੀਰ' ਸ਼ੱਮਲੇ ਵਾਲਿਆਂ ਸਿਰਾਂ ਤਾਈਂ, ਪੈਰੀਂ ਖ਼ਾਲਸੇ ਖ਼ੂਬ ਮਧੋਲਿਆ ਏ

### ਜਮਤੁੱਲਾ ਗੁੱਜਰ ਤੇ ਕੇਸਰੀ ਸਿੰਘ ਰਾਜੇ ਦਾ ਟਾਕਰਾ ਸਾਹਿਬ ਅਜੀਤ ਸਿੰਘ ਦੇ ਦਲ ਨਾਲ (ਕਵੀ)

ਜਿਸ ਘੜੀ ਇਹ ਘੋਰ ਸੰਗਰਾਮ ਮੱਚਿਆ, ਸਿੰਘ ਸੂਰਮੇ ਆਏ ਲਲਕਾਰ ਅੱਗੇ
ਝੱਟ ਏਧਰੋਂ ਕੇਸਰੀ ਸਿੰਘ ਨੇ ਵੀ, ਖ਼ੂਬ ਜਾ ਪਾਈ ਮਾਰੋ-ਮਾਰ ਅੱਗੇ
ਓਹਦਾ ਝੱਟ ਜਮਤੁੱਲੇ ਨੇ ਸਾਥ ਕੀਤਾ, ਦੋਵੇਂ ਟੁੱਟ ਕੇ ਪਏ ਸਰਦਾਰ ਅੱਗੇ
ਸਿੰਘਾਂ ਸੂਰਿਆਂ ਵੀ ਐਸੀ ਵਾਢ ਕੀਤੀ, ਲੋਥਾਂ ਰੋੜ੍ਹੀਆਂ ਲਹੂ ਦੀ ਧਾਰ ਅੱਗੇ
ਸਿਦਕਵਾਨ ਯੋਧੇ ਮਿਲੇ ਮੌਤ ਹੋ ਕੇ, ਊਧੇ ਸਿੰਘ ਆਇਆ ਆਖ਼ਰਕਾਰ ਅੱਗੇ
ਲਿਆ ਮਾਰ ਜਮਤੁੱਲੇ ਨੂੰ ਸਿੰਘ ਜੀ ਨੇ, ਕੌਣ ਅਟਕਦਾ 'ਤੀਰ' ਦੇ ਵਾਰ ਅੱਗੇ

### ਲੜਾਈ ਦਾ ਰੰਗ ਵੇਖ ਕੇ ਰਾਜਿਆਂ ਨੂੰ ਨਿਰਾਸਤਾ (ਵੱਲੋਂ ਕਵੀ)

ਵਾਹੀ ਖ਼ਾਲਸੇ ਨੇ ਜਦੋਂ ਤੇਗ਼ ਏਦਾਂ, ਕੀਤੀ ਦੂਰ ਦੀ ਸੋਚ ਪਹਾੜੀਆਂ ਨੇ
ਨਹੀਂ ਸਿੱਖ ਮੈਦਾਨ ਤੋਂ ਹਾਰ ਖਾਂਦੇ, ਲੋਥਾਂ ਅੱਜ ਲੋਥਾਂ ਉੱਤੇ ਚਾੜ੍ਹੀਆਂ ਨੇ
ਅਸੀਂ ਹਾਰ ਕੇ ਗਏ ਜੇ ਰੱਣ ਵਿਚੋਂ, ਮਿਹਣੇ ਮਾਰਨੇ ਘਰਾਂ 'ਚੋਂ ਲਾੜੀਆਂ ਨੇ
'ਤੀਰ' ਏਸ ਲੜਾਈ ਦੇ ਵਿੱਚ ਸਾਨੂੰ, ਦਿੱਸ ਰਹੀਆਂ ਨਿਸ਼ਾਨੀਆਂ ਮਾੜੀਆਂ ਨੇ

### ਅਨੰਦਪੁਰ ਨੂੰ ਘੇਰਾ (ਵੱਲੋਂ ਕਵੀ)

ਅੰਤ ਲੜਦਿਆਂ ਸੰਧਿਆ ਆਣ ਹੋਈ, ਸਾਰਾ ਦਿੱਨ ਹੀ ਜੰਗ ਕਮਾਲ ਹੋਇਆ
ਸਿੱਖਾਂ ਵਾਢ ਪਾ ਪਾ ਸੱਥਰ ਲਾਹ ਸੁੱਟੇ, ਬਾਈਧਾਰ ਦਾ ਬੁਰਾ ਈ ਹਾਲ ਹੋਇਆ
ਲੋਥਾਂ ਰੰਗੀਆਂ ਚਾਰ-ਚੁਫੇਰ ਪਈਆਂ, ਰੱਤ ਨਾਲ ਮੈਦਾਨ ਸੀ ਲਾਲ ਹੋਇਆ
ਘੇਰਾ ਘੱਤੀਏ ਪੁਰੀ ਅਨੰਦ ਤਾਈਂ, 'ਤੀਰ' ਰਾਜਿਆਂ ਦਾ ਇਹ ਖ਼ਿਆਲ ਹੋਇਆ

### ਘੇਰਾ ਪਾਇਆਂ ਵੀ ਦੋ ਮਹੀਨੇ ਲੰਘ ਗਏ (ਵੱਲੋਂ ਕਵੀ)

ਵੇਖੋ ਘੇਰਿਆ ਗਿਆ ਅਨੰਦ ਪੁਰ ਨੂੰ, ਲਾਏ ਗਏ ਪਹਿਰੇ ਸਾਵਧਾਨ ਹੋ ਕੇ
ਕੀਤੀ ਸੋਚ ਸੀ ਇਹੋ ਪਹਾੜੀਆਂ ਨੇ, ਅੱਕ ਜਾਣਗੇ ਸਿੱਖ ਬੇ-ਜਾਨ ਹੋ ਕੇ
ਦੋ ਮਾਂਹ ਬੀਤੇ ਐਪਰ ਪਿਆਂ ਘੇਰਾ, ਲੱਗਾ ਫੱਲ ਨਾ ਬੜੇ ਨੁਕਸਾਨ ਹੋ ਕੇ
'ਤੀਰ' ਬਹਿ-ਬਹਿ ਕੇ ਰਾਜੇ ਕਰਨ ਸੋਚਾਂ, ਪਸ਼ੇਮਾਨ ਹੋ ਕੇ ਤੇ ਹੈਰਾਨ ਹੋ ਕੇ

## ਕਿਲ੍ਹੇ ਵਿਚੋਂ ਨਿਕਲ ਕੇ ਖ਼ਾਲਸਈ ਫ਼ੌਜਾਂ ਨੇ ਪਹਾੜੀ-ਦਲ ਨੂੰ ਲੁੱਟ ਮਾਰ ਜਾਣਾ (ਵੱਲੋਂ ਕਵੀ)

ਘੇਰੇ ਵਿੱਚ ਵੀ ਖ਼ਾਲਸੇ ਘਾਬਰੇ ਨਾ, ਰਾਤੀਂ ਪੈਣ ਐਸੇ ਮਾਰ ਕੁੱਟ ਜਾਂਦੇ
ਐਸੇ ਵਾਰ ਕਰਦੇ ਮਾਰੋ-ਮਾਰ ਕਰਦੇ, ਸਹਿਮੇ ਵੈਰੀਆਂ ਦੇ ਛੱਕੇ ਛੁੱਟ ਜਾਂਦੇ
ਜਦੋਂ ਫ਼ੌਜ ਸੁੱਤੀ ਹੋਵੇ ਰਾਜਿਆਂ ਦੀ, ਤੇਗ਼ਾਂ ਸੂਤ ਕੇ ਸੂਰਮੇ ਜੁੱਟ ਜਾਂਦੇ
ਸੈਆਂ ਮਾਰ ਜਾਵਣ, ਸੈਆਂ ਕਰਨ ਜ਼ਖ਼ਮੀ, ਅੰਤ ਜਾਣ ਲੱਗੇ ਤੰਬੂ ਪੁੱਟ ਜਾਂਦੇ
ਏਸ ਲਈ ਹੱਲਾ ਕਰਨ ਰਾਤ ਆ ਕੇ, ਦਾਨੇ ਕਿਲ੍ਹੇ ਵਿੱਚੋਂ ਸੀ ਨਿਖੁੱਟ ਜਾਂਦੇ
ਹੱਥਾਂ ਪੈਰਾਂ ਦੀ ਪਾਂਵਦੇ ਸੁੱਤਿਆਂ ਨੂੰ, ਟੋਟੇ ਕਰ ਉਘਲਾਂਵਦੇ ਸੁੱਟ ਜਾਂਦੇ
ਲੰਙਾ ਕਿਸੇ ਨੂੰ ਸਦਾ ਲਈ ਕਰ ਜਾਂਦੇ, ਵੱਢ ਕਿਸੇ ਗ਼ੱਦਾਰ ਦਾ ਗੁੱਟ ਜਾਂਦੇ
'ਤੀਰ' ਸਿੰਘ ਆ ਆ ਕੇ ਜਦੋਂ ਲੁੱਟ ਜਾਂਦੇ, ਬਾਈਧਾਰ ਦੇ ਹੌਸਲੇ ਟੁੱਟ ਜਾਂਦੇ

## ਰਾਜਿਆਂ ਦੀ ਨਵੀਂ ਸਲਾਹ (ਵੱਲੋਂ ਕਵੀ)

ਅੰਤ ਇਹ ਸਲਾਹ ਪਕਾਈਓ ਨੇ, ਬੂਹਾ ਕਿਲ੍ਹੇ ਦਾ ਤੋੜਿਆ ਜਾਏ ਛੇਤੀ
ਹਾਥੀ ਮਸਤਿਆ ਏਸ ਮੁਹਿੰਮ ਖ਼ਾਤਰ, ਕਿਸੇ ਥਾਂ ਤੋਂ ਲੋੜਿਆ ਜਾਏ ਛੇਤੀ
ਓਹਨੂੰ ਨਾਲ ਸ਼ਰਾਬ ਦੇ ਗੁੱਟ ਕਰਕੇ, ਵਿਚ ਰੱਣ ਦੇ ਛੋੜਿਆ ਜਾਏ ਛੇਤੀ
ਮੱਥੇ ਓਸਦੇ ਹੋਣ ਹਥਿਆਰ ਬੱਧੇ, ਵੱਲ ਕਿਲ੍ਹੇ ਦੇ ਮੋੜਿਆ ਜਾਏ ਛੇਤੀ
ਮਾਰ ਟੱਕਰਾਂ ਦਏ ਉਹ ਭੰਨ ਬੂਹਾ, ਨਾ ਓਹ ਕਿਸੇ ਤੋਂ ਹੋੜਿਆ ਜਾਏ ਛੇਤੀ
ਸਿੰਘਾਂ ਜਾਨ ਸਾਡੀ ਡਾਢੀ ਨੱਕ ਕੀਤੀ, ਬੇੜਾ ਉਨ੍ਹਾਂ ਦਾ ਬੋੜਿਆ ਜਾਏ ਛੇਤੀ
ਰਤੀ ਢਿੱਲ ਨਾ ਏਸਦੇ ਵਿੱਚ ਹੋਵੇ, ਨਵਾਂ ਮੋਰਚਾ ਜੋੜਿਆ ਜਾਏ ਛੇਤੀ
'ਤੀਰ' ਬੂਹੇ ਦੇ ਟੁੱਟਿਆਂ ਉਹਨਾਂ ਦਾ ਵੀ, ਖ਼ੂਬ ਲਹੂ ਨਚੋੜਿਆ ਜਾਏ ਛੇਤੀ

## ਵੱਲੋਂ ਕਵੀ

ਹਾਥੀ ਇਸ ਤਰ੍ਹਾਂ ਪੇਲ ਕੇ ਭੇਜਣੇ ਦੀ, ਸੂੰਹੇਂ ਗੁਰਾਂ ਨੂੰ ਸੂਹ ਪੁਚਾ ਦਿੱਤੀ
ਚੋਜੀ ਸ੍ਰੀ ਦਸਮੇਸ਼ ਨੇ ਉਸੇ ਵੇਲੇ, ਨਵੀਂ ਤਰ੍ਹਾਂ ਦੀ ਖੇਡ ਬਣਾ ਦਿੱਤੀ
ਸਿਦਕ ਪਰਖਣੇ ਵਾਸਤੇ ਸਿਦਕੀਆਂ ਦਾ, ਪਰਖ ਇਕ ਅਨੋਖੜੀ ਪਾ ਦਿੱਤੀ
'ਤੀਰ' ਏਸ ਕੌਤਕ ਕਈਆਂ ਕੱਚਿਆਂ ਦੀ, ਮਾਰੇ ਸਹਿਮ ਦੇ ਹੋਸ਼ ਭੁਲਾ ਦਿੱਤੀ

## ਮਹਾਰਾਜ ਦਾ ਹੁਕਮ

ਜਾਣੀ-ਜਾਣ ਨੇ ਆਖਿਆ ਕੋਲ ਸਾਡੇ, ਡੀਲ-ਡੌਲ ਵਾਲਾ ਦੁਨੀ ਚੰਦ ਸਿੰਘੋ
ਹਾਥੀ ਗੁਰੂ ਦਾ ਇਹ ਹੈ ਏਸ ਵੇਲੇ, ਖੱਟੇ ਕਰੇਗਾ ਓਸ ਦੇ ਦੰਦ ਸਿੰਘੋ
ਦਸਾਂ ਹਾਥੀਆਂ ਜਿੰਨਾ ਹੈ ਜ਼ੋਰ ਇਸਦਾ, ਇਹਦੀ ਜੱਗ 'ਤੇ ਸ਼ਾਨ ਬੁਲੰਦ ਸਿੰਘੋ

ਹਾਥੀ ਨਾਲ ਇਹ ਲੜੇਗਾ 'ਤੀਰ' ਹਾਥੀ, ਸੁੱਖੀ ਵੱਸੇਗੀ ਪੁਰੀ ਅਨੰਦ ਸਿੰਘੋ

### ਦੁਨੀ ਚੰਦ ਡੋਲ ਗਿਆ (ਵੱਲੋਂ ਕਵੀ)

ਦੁਨੀ ਚੰਦ ਸੁਣ ਕੇ ਦਿਲੋਂ ਡੋਲ ਕਹਿੰਦਾ, ਵੇਖੋ ਗੁਰੂ ਜੀ ਕਹਿਰ ਕਮਾਣ ਲੱਗੇ
ਕੀ ਮੁਕਾਬਲਾ ਏ ਹਾਥੀ ਆਦਮੀ ਦਾ, ਮੁਫ਼ਤ ਵਿੱਚ ਨੇ ਅੱਜ ਮਰਵਾਣ ਲੱਗੇ
ਮੱਤ ਰੱਬ ਜਾਣੇ ਕਿਥੇ ਵੇਚ ਬੈਠੇ, ਰਾਈ ਪਰਬਤਾਂ ਨਾਲ ਟਕਰਾਣ ਲੱਗੇ
'ਤੀਰ' ਏਸ ਘਮਸਾਣ ਦੇ ਵਿੱਚ ਐਵੇਂ, ਮੇਰੇ ਹੈਣ ਪ੍ਰਾਣ ਗਵਾਣ ਲੱਗੇ

### ਦੁਨੀ ਚੰਦ ਦਇਆ ਸਿੰਘ ਜੀ ਨੂੰ ਕਹਿੰਦਾ ਹੈ

ਜੇ ਮੈਂ ਮਾਰਿਆ ਗਿਆ ਤਾਂ ਮਰਨ ਪਿੱਛੋਂ, ਦੱਸੋ ਸਿੰਘ ਜੀ ਹੱਥ ਕੀ ਆਵਣਾ ਏਂ
ਭਲਾ ਜਿੱਤ ਹੀ ਲਿਆ ਜੇ ਮੈਂ ਹਾਥੀ, ਕਿਹੜਾ ਰਾਜ ਇਨਾਮ ਵਿਚ ਪਾਵਣਾ ਏਂ
ਰਾਤੀਂ ਨੱਠ ਜਾਵਾਂ ਕਿਤੇ ਕਿਲ੍ਹੇ ਵਿਚੋਂ, ਮੇਰੀ ਇਹੋ ਅਖ਼ੀਰਲੀ ਭਾਵਨਾ ਏਂ
'ਤੀਰ' ਮਸਤ ਹਾਥੀ ਨਾਲ ਲਾ ਮੱਥਾ, ਭਾੜੇ-ਭੰਗ ਸਰੀਰ ਗਵਾਵਣਾ ਏਂ

### ਭਾਈ ਦਇਆ ਸਿੰਘ ਜੀ ਹੌਸਲਾ ਦੇਂਦੇ ਹਨ

ਦਇਆ ਸਿੰਘ ਜੀ ਨੇ ਕਿਹਾ ਦੁਨੀ ਚੰਦਾ! ਵੇਖ ਇਹ ਵਿਚਾਰ, ਵਿਚਾਰ ਨਾ ਤੂੰ
ਕੰਮ ਆਪਣੇ ਸਤਿਗੁਰੂ ਆਪ ਕਰਦਾ, ਸਹਿਮ ਖਾ ਖਾ ਹੌਸਲਾ ਹਾਰ ਨਾ ਤੂੰ
ਨੱਠ ਜਾਇਗਾ! ਤੇਰੇ ਤੋਂ ਕਲ੍ਹ ਹਾਥੀ, ਨੱਠ ਜਾਣ ਵਾਲੀ ਨੀਤ ਧਾਰ ਨਾ ਤੂੰ
ਸਮਝਦਾਰ ਹੈਂ ਗੁਰੂ ਦੀ ਰਮਜ਼ ਸਮਝੀਂ, ਦਿਲੋਂ ਡੋਲ ਕੇ ਬਣੀ ਗਵਾਰ ਨਾ ਤੂੰ
ਮੰਝਧਾਰ ਅੰਦਰ ਸਾਥੀ ਛੱਡ ਏਦਾਂ, ਕਿਸੇ ਢੰਗ ਵੀ ਲੱਗਣਾ ਪਾਰ ਨਾ ਤੂੰ
'ਤੀਰ' ਖੱਟ ਲੈ ਭੱਲ ਇਹ ਕੱਲ੍ਹ ਵਾਲੀ, ਐਵੇਂ ਝੱਲਿਆ ਓ! ਝੱਲ ਮਾਰ ਨਾ ਤੂੰ

### ਦੁਨੀ ਚੰਦ ਨੇ ਸਗੋਂ ਕਈਆਂ ਹੋਰਨਾਂ ਨੂੰ ਵੀ ਡੁਲਾ ਲਿਆ (ਵੱਲੋਂ ਕਵੀ)

ਦੁਨੀ ਚੰਦ ਸਲਾਹ ਇਹ ਮੰਨਿਆ ਨਾ, ਉਹਨੇ ਹੌਸਲਾ ਛੱਡਿਆ ਹਾਰ ਸਿੰਘੋ
ਸਗੋਂ ਚਾੜ੍ਹ ਪੱਟੀ ਕਈ ਹੋਰਨਾਂ ਨੂੰ, ਕੀਤਾ ਆਪਣੇ ਨਾਲ ਤਿਆਰ ਸਿੰਘੋ
ਆਖੇ "ਕਿਵੇਂ ਦਸਮੇਸ਼ ਦੇ ਲੱਗ ਆਖੇ, ਪਏ ਮੁਫਤ ਦੀ ਝੱਲੀਏ ਮਾਰ ਸਿੰਘੋ
ਜੇ ਇਹ ਜਿੱਤ ਵੀ ਗਿਆ ਤਾਂ ਸੇਵਕਾਂ ਨੂੰ, ਮਿਲ ਜਾਇਗਾ ਕਿਹੜਾ ਦਰਬਾਰ ਸਿੰਘੋ
ਹਾਰ ਗਿਆ ਜੇ ਇਹ, ਤਾਂ ਨਾਲ ਇਸਦੇ, ਸਾਡੀ ਹੋਵਣੀ ਮਿੱਟੀ ਖਵਾਰ ਸਿੰਘੋ
ਇਹਨੇ ਉੱਠ ਕੁਪੱਤ ਤੇ ਲੱਕ ਬੱਧਾ, ਛੱਡੀ ਪਹਿਲਿਆਂ ਗੁਰਾਂ ਦੀ ਕਾਰ ਸਿੰਘੋ
ਨਿੱਕੇ ਹੁੰਦਿਆਂ ਤੋਂ ਇਹਨੇ ਚਾਲ ਬਦਲੀ, ਬੈਠਾ ਧਾਰ ਕੇ ਤੀਰ, ਤਲਵਾਰ ਸਿੰਘੋ
ਮੱਥਾ ਨਾਲ ਹਕੂਮਤਾਂ ਲਾ ਲਿਆ ਸੂ, ਜਾਣੇ ਰੱਬ ਕਿਹੜੀ ਨੀਤ ਧਾਰ ਸਿੰਘੋ
ਇਹਦੇ ਨਾਲ ਏਥੇ ਭੁੱਖੇ ਰਹਿ-ਰਹਿ ਕੇ, ਪਿਆ ਕੌਣ ਹੋਵੇ ਅਵਾਜ਼ਾਰ ਸਿੰਘੋ

ਚੰਗਾ ਨਹੀਂ ਇਸ ਥਾਂ ਕਮੌਤ ਮਰਨਾ, ਦਾਨੇ ਤੁਸੀਂ ਹੋ ਕਰੋ ਵਿਚਾਰ ਸਿੰਘੋ
ਟਿੱਭ ਚੱਲੀਏ ਰਾਤ ਨੂੰ ਸਮਾਂ ਪਾ ਕੇ, ਹੋ ਕੇ ਕਿਲ੍ਹੇ ਦੀ ਕੰਧ ਤੋਂ ਪਾਰ ਸਿੰਘੋ
'ਤੀਰ' ਭੁੱਲ ਗਏ ਹੋਰ ਵੀ ਨਾਲ ਉਸਦੇ, ਸਕੇ ਚੁੱਕ ਨਾ ਫ਼ਰਜ਼ ਦਾ ਭਾਰ ਸਿੰਘੋ

### ਡਰਦੇ ਨੂੰ ਡਰ

ਹੋ ਗਈ ਇਹ ਅੰਤ ਸਲਾਹ ਪੱਕੀ, ਰਾਤੀਂ ਚੱਲੀਏ ਅੱਖ ਬਚਾ ਕੇ ਤੇ
ਹੋਈ ਰਾਤ ਤਾਂ ਮਲਕੜੇ ਉੱਠ ਨੱਠੇ, ਜਾਣੀ-ਜਾਣ ਨੂੰ ਦਿਲੋਂ ਭੁਲਾ ਕੇ ਤੇ
ਵਾਹੋ ਦਾਹ ਚੜ੍ਹ ਕਿਲ੍ਹੇ ਦੀ ਕੰਧ ਉੱਤੇ, ਛਾਲਾਂ ਮਾਰੀਆਂ ਢੰਗ ਬਣਾ ਕੇ ਤੇ
ਦੁਨੀ ਚੰਦ ਨੇ ਜਿਉਂ ਹੀ ਛਾਲ ਮਾਰੀ, ਗੁਰਾਂ ਨਾਲ ਧ੍ਰੋਹ ਕਮਾ ਕੇ ਤੇ
ਨਾਲੇ ਸਿਦਕ ਗੁਆ, ਬੇ-ਮੁੱਖ ਹੋਇਆ, ਗਿਆ ਆਪਣੀ ਲੱਤ ਤੁੜਵਾ ਕੇ ਤੇ
ਅੰਤ ਵਿੱਚ ਮਜੀਠੇ ਦੇ ਜਾ ਪੁੱਜਾ, ਮੋਇਆ ਸੱਪ ਕੋਲੋਂ ਡੰਗ ਖਾ ਕੇ ਤੇ
ਮੂਸਾ ਮੌਤ ਤੋਂ ਭੱਜਿਆ ਵਾਹ ਲਾ ਕੇ, ਮੌਤ ਟੱਕਰੀ ਸਾਹਮਣੇ ਆ ਕੇ ਤੇ
'ਤੀਰ' ਗੁਰਾਂ ਤੋਂ ਜੋ ਬੇ-ਮੁੱਖ ਹੋਵੇ, ਮਰੇ ਉਹ ਡਰਪੋਕ ਪਛਤਾ ਕੇ ਤੇ

### ਦੁਨੀ ਚੰਦ ਦੇ ਚਲੇ ਜਾਣ ਪਿੱਛੋਂ (ਵੱਲੋਂ ਕਵੀ)

ਜਦੋਂ ਸ੍ਰੀ ਦਸਮੇਸ਼ ਨੂੰ ਪਤਾ ਲੱਗਾ, ਦਿਨ ਚੜ੍ਹਦਿਆਂ ਉਨ੍ਹਾਂ ਬਿਆਨ ਕੀਤਾ
ਮੌਤ ਲਏਗੀ ਓਸ ਨੂੰ ਪੁੱਜ ਓਥੇ, ਜਿਹਨੇ ਮੌਤ ਦਾ ਨਹੀਂ ਧਿਆਨ ਕੀਤਾ
ਸਾਡਾ ਸਿੰਘ ਬਚਿਤ੍ਰ ਰਠੌਰ ਯੋਧਾ, ਸਦਾ ਜਿਸ ਉੱਤੇ ਅਸਾਂ ਮਾਨ ਕੀਤਾ
ਹਾਥੀ ਨਾਲ ਇਹ ਲੜੇਗਾ ਅੱਜ ਸਿੱਖੋ, ਏਸੇ ਲਈ ਹੈ 'ਤੀਰ' ਜਵਾਨ ਕੀਤਾ

### ਬਚਿਤ੍ਰ ਸਿੰਘ ਦੀ ਨਿਮਰਤਾ ਭਰੀ ਬੇਨਤੀ

ਹੱਥ ਜੋੜ ਬਚਿਤ੍ਰ ਸਿੰਘ ਕਹਿਣ ਲੱਗਾ, ਸੱਚੇ ਪਾਤਸ਼ਾਹ ਥਾਪੜਾ ਲਾਓ ਜੇਕਰ
ਹਾਥੀ ਚੀਜ਼ ਕੀ ਮੌਤ ਵੀ ਮਾਰ ਛੱਡਾਂ, ਮੈਨੂੰ ਓਸਦੇ ਨਾਲ ਲੜਾਓ ਜੇਕਰ
ਰੋਕਾਂ ਵਹਿਣ, ਪਹਾੜ ਨੂੰ ਚੀਰ ਸੁੱਟਾਂ, ਅੰਦਰ ਆਪਣੀ ਬੀਰਤਾ ਪਾਓ ਜੇਕਰ
ਸਾਗਰ ਝੱਟ ਕੇ ਧਰਤ ਪਲੱਟ ਸੁੱਟਾਂ, ਮੈਨੂੰ ਅੱਖੀਆਂ ਵਿਚ ਵਸਾਓ ਜੇਕਰ
ਰੱਖਾਂ ਮੁੱਠ ਅੰਦਰ ਤਾਰੇ, ਚੰਦ, ਸੂਰਜ, ਮੈਨੂੰ ਅੰਬਰਾਂ ਉੱਤੇ ਪੁਚਾਓ ਜੇਕਰ
'ਤੀਰ' ਦਲਾਂ ਦੇ ਕਾਲਜੇ ਵਿੰਨ੍ਹ ਸੁੱਟਾਂ, ਜਾਣੀ-ਜਾਣ ਜੀ ਆਪ ਚਲਾਓ ਜੇਕਰ

### ਫੇਰ ਕਹਿੰਦਾ ਹੈ

ਦਾਸ ਜਾਣ ਕੇ ਤੁਸਾਂ ਨਿਵਾਜਿਆ ਏ, ਤੁਸਾਂ ਗਿੱਦੜੋਂ ਹੈ ਕੀਤਾ ਸ਼ੇਰ ਮੈਨੂੰ
ਸਿੰਘ ਨਾਮ ਮੇਰਾ ਤੁਸਾਂ ਰੱਖਿਆ ਏ, ਹਾਥੀ ਕਦੋਂ ਹੈ ਸੱਕਦਾ ਘੇਰ ਮੈਨੂੰ
ਦਸਾਂ ਸਿੰਘਾਂ ਦਾ ਦੇ ਕੇ ਦਿੱਲ ਦਾਤਾ, ਕੀਤਾ ਹਾਥੀਓਂ ਤੁਸਾਂ ਦਲੇਰ ਮੈਨੂੰ

'ਤੀਰ' ਕੱਲ੍ਹ ਜੇ ਲਵਾਂ ਨਾ ਜਿੱਤ ਹਾਥੀ, ਤੁਸਾਂ ਸਿੰਘ ਨਾ ਆਖਣਾ ਫੇਰ ਮੈਨੂੰ

### ਮਸਤ ਹਾਥੀ ਦਾ ਹੱਲਾ ਕਿਲ੍ਹੇ ਦੇ ਬੂਹੇ ਉੱਤੇ (ਵੱਲੋਂ ਕਵੀ)

ਦੂਜੇ ਦਿੱਨ ਹੀ ਕੰਮ ਇਹ ਆਣ ਬਣਿਆ, ਪੁੱਜਾ ਰੱਣ ਦੇ ਵਿਚ ਖੂੰਖਾਰ ਹਾਥੀ
ਜਾਪੇ ਸ਼ਕਲ ਪਹਾੜ ਦੀ, ਰੰਗ ਕਾਲਾ, ਮਾਨੋ ਮੌਤ ਦਾ ਖ਼ਾਸ ਅਵਤਾਰ ਹਾਥੀ
ਲੰਮੀ ਸੁੰਡ, ਤੇ ਦੰਦ ਵੀ ਖ਼ੂਬ ਲੰਮੇ, ਖੌਰੂ ਪਾਏ ਚਿੰਘਾਰ-ਚਿੰਘਾਰ ਹਾਥੀ
ਉਹਨੂੰ ਰੱਜ ਕੇ ਗਈ ਸ਼ਰਾਬ ਚਾੜ੍ਹੀ, ਅੰਨ੍ਹਾ ਕਰ ਦਿੱਤਾ ਆਖ਼ਰਕਾਰ ਹਾਥੀ
ਮੱਥੇ ਢਾਲ ਬੱਧੀ ਤੇਗ਼ਾਂ ਦੂਹੀਂ ਪਾਸੀਂ, ਦਿੱਤਾ ਸ਼ਸਤਰਾਂ ਨਾਲ ਸ਼ਿੰਗਾਰ ਹਾਥੀ
ਸਿੱਧਾ ਕਿਲ੍ਹੇ ਦੇ ਬੂਹੇ ਦੇ ਵੱਲ ਕਰਕੇ, ਗਿਆ ਛੱਡਿਆ ਉਹ ਬੇ-ਮੁਹਾਰ ਹਾਥੀ
ਪੂਛਲ ਚੁੱਕ ਕੇ ਦੌੜਿਆ ਕਿਲ੍ਹੇ ਵੱਲੇ, ਕਈ ਤਰ੍ਹਾਂ ਦੇ ਬੰਨ੍ਹ ਹਥਿਆਰ ਹਾਥੀ
'ਤੀਰ' ਝੱਟ ਦਰਵਾਜ਼ੇ 'ਤੇ ਆਣ ਪੁੱਜਾ, ਹੋ ਕੇ ਮਸਤ ਕਰਦਾ ਮਾਰੋ-ਮਾਰ ਹਾਥੀ

### ਅੱਗੋਂ ਬਚਿਤ੍ਰ ਸਿੰਘ ਦਾ ਨੇਜ਼ਾ ਲੈ ਕੇ ਨਿਕਲਣਾ ਤੇ ਹਾਥੀ ਨੂੰ ਮਾਰਨਾ (ਵੱਲੋਂ ਕਵੀ)

ਹਾਥੀ ਸਾਹਮਣੇ, ਲੜਨ ਲਈ ਨਾਲ ਹਾਥੀ, ਖਲਾ ਡੱਟ ਕੇ ਸਿੰਘ ਸਰਦਾਰ ਵੇਖੋ
ਹੱਥ ਜੋੜ ਕੇ ਗੁਰਾਂ ਨੂੰ ਕਹਿਣ ਲੱਗਾ, ਜਾਣੀ-ਜਾਣ ਜੀ! ਸਿੰਘ ਦੀ ਕਾਰ ਵੇਖੋ
ਸਿੱਖ ਆਪਣੇ ਦਾ ਵੀ ਅਕਾਰ ਵੇਖੋ, ਉਧਰ ਮਸਤ ਹਾਥੀ, ਸਿਰਜਨਹਾਰ! ਵੇਖੋ
ਜਿਹਨੂੰ ਗਿੱਦੜੋਂ ਸਿੰਘ ਬਣਾ ਲਿਆ ਜੇ, ਓਸੇ ਸਿੰਘ ਦਾ ਅੱਜ ਵਿਹਾਰ ਵੇਖੋ
ਏਨੀ ਆਖ ਸਤਕਾਰ 'ਚ ਝੁੱਕ ਗਿਆ, ਸੱਤਗੁਰਾਂ ਦਾ ਸਿਦਕ ਪਿਆਰ ਵੇਖੋ
ਫੇਰ ਮੂੰਹੋਂ 'ਅਕਾਲ-ਅਕਾਲ' ਕਹਿ ਕੇ, ਖ਼ੂਬ ਕੁੱਦਿਆ ਕਰਨ ਲਈ ਵਾਰ ਵੇਖੋ
ਆਇਆ ਮਸਤ ਹਾਥੀ ਅੰਨ੍ਹੇਵਾਹ ਏਧਰ, ਗ਼ੁੱਸਾ ਕਹਿਰ ਤੇ ਕਟਕ ਦਾ ਧਾਰ ਵੇਖੋ
ਨੇਜ਼ਾ ਠੋਕਿਆ ਸਿੰਘ ਨੇ ਵਿੱਚ ਮੱਥੇ, ਗਿਆ ਵੱਜਦੇ ਹੀ ਨਿਕਲ ਪਾਰ ਵੇਖੋ
ਖਿੱਚ ਕੱਢਿਆ ਮਰਦ ਨੇ ਨਾਲ ਫੁਰਤੀ, ਹਾਥੀ ਸੱਕਿਆ ਨਹੀਂ ਸਹਾਰ ਵੇਖੋ
ਪਿਛ੍ਹਾਂ ਪਰਤਿਆ ਦੌੜਦਾ ਚੀਕਦਾ ਹੀ, ਭੱਜਾ ਗਿਆ ਉਡਾਂਵਦਾ ਛਾਰ ਵੇਖੋ
ਦੱਲ ਮਿੱਧਿਆ ਖ਼ੂਬ ਪਹਾੜੀਆਂ ਦਾ, ਵੇਖ-ਵੇਖ ਹੋਏ ਅਵਾਜ਼ਾਰ ਵੇਖੋ
ਪਾ ਕੇ ਮੂੰਹ ਵਿਚ ਉਂਗਲਾਂ ਕਹਿਣ ਸਾਰੇ, ਕਰਾਮਾਤ ਇਹ ਗੁਰੂ ਦੀ ਯਾਰ ਵੇਖੋ
ਭਲਾ ਗੱਲ ਕੀ ਏ ਕਿਸੇ ਆਦਮੀ ਦੀ, ਦਿਓ ਖਾ ਗਿਆ ਅੱਜ ਹੈ ਹਾਰ ਵੇਖੋ
'ਤੀਰ' ਦੋਹੀਂ ਪਾਸੀਂ ਚਰਚਾ ਹੋਣ ਲੱਗੀ, ਹਾਥੀ ਸਿੰਘ ਸੂਰੇ ਲਿਆ ਮਾਰ ਵੇਖੋ

### ਸਤਿਗੁਰਾਂ ਨੇ ਬਚਿਤ੍ਰ ਸਿੰਘ ਨੂੰ ਜੱਫੀ ਵਿਚ ਲੈ ਕੇ ਪਿਆਰ ਕਰਨਾ

ਜਾਣੀ-ਜਾਣ ਪਏ ਉੱਪਰੋਂ ਵੇਖਦੇ ਸੀ, ਬੋਲੇ, "ਸੂਰਿਆ ਸ਼ਾਨ ਵਧਾਈ ਏ ਤੂੰ"

ਫੇਰ ਆਣ ਜੱਫੀ ਪਾਈ ਸਿੰਘ ਜੀ ਨੂੰ, ਕਹਿੰਦੇ ਚੁੰਮ ਕੇ, ਰੱਖ ਵਖਾਈ ਏ ਤੂੰ
ਖ਼ੂਬ ਗੁਰੂ ਦੇ ਹਾਥੀਆ! ਨਾਲ ਹਾਥੀ, ਸੋਹਣੇ ਢੰਗ ਦੀ ਲੜੀ ਲੜਾਈ ਏ ਤੂੰ
ਅਣਖ, ਬੀਰਤਾ ਦੀ ਪੱਕੀ ਡੋਰ ਬਣ ਕੇ, ਮੇਰੀ ਅਰਸ਼ 'ਤੇ ਗੁੱਡੀ ਚੜ੍ਹਾਈ ਏ ਤੂੰ
ਸਾਰਾ ਮੈਂ ਸਦਕੇ ਤੇਰੇ ਜੰਗ ਉਤੋਂ, ਦੱਸੀ ਅੱਜ ਵਾਹਵਾ ਸੂਰਮਤਾਈ ਏ ਤੂੰ
ਹਾਥੀ ਗੁਰਾਂ ਦਾ ਆਖਸੀ ਪੰਥ ਤੈਨੂੰ, ਏਸ ਜੰਗ ਵਿਚ ਪੱਦਵੀ ਪਾਈ ਏ ਤੂੰ
ਜਿੱਤ ਸਕੇ ਨਾ ਸਿੰਘ ਨੂੰ ਮਸਤ ਹਾਥੀ, ਬਾਈਧਾਰ ਨੂੰ ਗੱਲ ਸਮਝਾਈ ਏ ਤੂੰ
'ਤੀਰ' ਆਪਣੀ ਆਤਮਾ ਅੱਜ ਏਦਾਂ, ਮੇਰੀ ਆਤਮਾ ਵਿਚ ਰਲਾਈ ਏ ਤੂੰ

### ਬਚਿਤ੍ਰ ਸਿੰਘ ਨੇ ਨਿਰਮਾਣਤਾ ਨਾਲ ਕਹਿਣਾ

ਜਾਣੀ-ਜਾਣ ਕੀੜੀ ਹਾਂ ਮੈਂ ਏਸ ਦਰ ਦੀ, ਕੀੜੀ ਏਸ ਘਰ ਦੀ ਹਾਥੀ ਮਾਰਦੀ ਏ
ਪਿਤਾ ਜੀ ਇਹ ਆਪਦੀ ਹੈ ਕ੍ਰਿਪਾ, ਨਹੀਂ ਤਾਂ ਕੀ ਤਾਕਤ ਗੁਨ੍ਹਾਗਾਰ ਦੀ ਏ
ਮੈਂ ਨਾ-ਚੀਜ਼ ਕੀ ਜੰਗ ਸਾਂ ਕਰਨ ਜੋਗਾ, ਏਹ ਤਾਂ ਜਾਣ ਲਓ ਦਯਾ ਸਰਕਾਰ ਦੀ ਏ
'ਤੀਰ' ਮਰਾਂ ਜਾਂ ਜੀਆਂ ਮੈਂ ਜੱਗ ਉੱਤੇ, ਮੈਨੂੰ ਲੋੜ ਇੱਕੋ ਸੱਚੇ ਪਿਆਰ ਦੀ ਏ

### ਕੇਸਰੀ ਸਿੰਘ ਦੀ ਮੌਤ, ਹਿੰਮਤ ਸਿੰਘ ਹੰਡੂਰੀ ਤੇ ਅਜਮੇਰ ਚੰਦ ਦਾ ਫੱਟੜ ਹੋਣਾ (ਵੱਲੋਂ ਕਵੀ)

ਉਧਰ ਜਦੋਂ ਸੀ ਹਾਥੀ ਦਾ ਪਿਆ ਰੌਲਾ, ਇਧਰ ਬੋਲ ਹੱਲਾ ਕੀਤੀ ਧਾਈ ਸਿੰਘਾਂ
ਪਏ ਟੁੱਟ ਕੇ ਉੱਤੇ ਪਹਾੜੀਆਂ ਦੇ, ਵਾਂਗ ਬਿੱਜਲੀ ਤੇਗ ਚਮਕਾਈ ਸਿੰਘਾਂ
ਪੱਲੋ-ਪੱਲ ਵਿਚ ਲਾਹ ਸਥਾਰ ਸੁੱਟੇ, ਨਵੀਂ ਰੱਤ ਦੀ ਨੈਂ ਵਗਾਈ ਸਿੰਘਾਂ
ਮਾਰ ਸੁੱਟਿਆ ਕੇਸਰੀ ਸਿੰਘ ਤਾਈਂ, ਉਹਦੀ ਨਿੱਤ ਦੀ ਅਲਖ ਮੁਕਾਈ ਸਿੰਘਾਂ
ਹਿੰਮਤ ਸਿੰਘ ਹੰਡੂਰੀਆ ਕਰ ਫੱਟੜ, ਉਹਨੂੰ ਬੱਜ ਹਮੇਸ਼ ਦੀ ਲਾਈ ਸਿੰਘਾਂ
ਨੱਠ ਗਿਆ ਅਜਮੇਰ ਚੰਦ ਫੱਟ ਖਾ ਕੇ, ਬਾਈਧਾਰ ਨੂੰ ਭਉਜਲੀ ਪਾਈ ਸਿੰਘਾਂ
ਬਾਕੀ ਰਹੇ ਸੋ ਜਾਨ ਬਚਾ ਨੱਠੇ, ਨਾਨੀ ਸੱਭ ਨੂੰ ਯਾਦ ਕਰਾਈ ਸਿੰਘਾਂ
'ਤੀਰ' ਠੱਪ ਕੇ ਖੁੰਬ ਪਹਾੜੀਆਂ ਦੀ, ਆ ਕੇ ਗੁਰਾਂ ਨੂੰ ਫਤਹਿ ਗਜਾਈ ਸਿੰਘਾਂ

### ਪਹਾੜੀ ਰਾਜਿਆਂ ਦੀ ਨਵੀਂ ਸਲਾਹ (ਵੱਲੋਂ ਕਵੀ)

ਗਿਣੀ ਗੱਲ ਪਹਾੜੀਆਂ ਅੰਤ ਇਹੋ, ਨਹੀਂ ਲੜਨ ਦਾ ਮਿੱਤਰੋ ਹਾਲ ਕੋਈ
ਹੱਥੀਂ ਜਿੱਤਿਆ ਨਹੀਂ ਦਸਮੇਸ਼ ਜਾਂਦਾ, ਨਾਲ ਓਸਦੇ ਖੇਡੀਏ ਚਾਲ ਕੋਈ
ਉਹਨੂੰ ਢੰਗ ਦੇ ਨਾਲ ਫਸਾ ਲਈਏ, ਐਸਾ ਚਾਲ ਦਾ ਤਾਣੀਏ ਜਾਲ ਕੋਈ
ਵੇਖ ਲਿਆ ਜੇ ਗੁਰੂ ਦੀ ਫ਼ੌਜ ਅੱਗੇ, ਬਾਈਧਾਰ ਦੀ ਗਲੀ ਨਾ ਦਾਲ ਕੋਈ
ਸਾਰੇ ਪੈਂਤੜੇ ਜਾਣਦਾ ਬੜਾ ਚਾਤਰ, ਨਹੀਂ ਉਮਰ ਅੰਞਾਣ ਦਾ ਬਾਲ ਕੋਈ

'ਤੀਰ' ਢੰਗ ਦੇ ਨਾਲ ਚਲਾ ਲਈਏ, ਚੱਲ ਜਾਏ ਜੇ ਭਲਾ ਪਲਾਲ ਕੋਈ

### ਪਹਾੜੀ ਰਾਜਿਆਂ ਨੇ ਇਕ ਮਕਰ ਭਰੀ ਚਿੱਠੀ ਲਿਖੀ

ਲਿਖੀ ਅੰਤ ਚਿੱਠੀ ਭਰੀ ਮੱਕਰਾਂ ਦੀ, ਜਾਣੀ-ਜਾਣ ਸੱਚੇ ਸਿਰਜਨਹਾਰ ਗੁਰ ਜੀ
ਤੁਸੀਂ ਦੀਨ-ਬੰਧੂ ਸੱਚੇ ਧਰਮ-ਰਾਖੇ, ਰੂਪ ਰੱਬ ਦੇ ਪ੍ਰੇਮ-ਅਵਤਾਰ ਗੁਰ ਜੀ
ਦਿਲੋਂ ਸਾਰਿਆਂ ਨੂੰ ਗਿਆ ਹੋ ਨਿਸਚਾ, ਤੁਸੀਂ ਪਾਪੀਆਂ ਨੂੰ ਕਰੋ ਪਾਰ ਗੁਰ ਜੀ
ਕਦੇ ਜਿੱਤ ਨਹੀਂ ਸਕਦੇ ਆਪ ਜੀ ਨੂੰ, ਚੰਗੀ ਤਰ੍ਹਾਂ ਹੈ ਲਿਆ ਵਿਚਾਰ ਗੁਰ ਜੀ
ਅਸਾਂ ਬੜਾ ਅਨੱਰਥ ਅਨ੍ਹੇਰ ਕੀਤਾ, ਇਹ ਜੋ ਆਪ ਉੱਤੇ ਕੀਤਾ ਵਾਰ ਗੁਰ ਜੀ
ਪਛੋਤਾਂਵਦੇ ਹਾਂ ਕੀਤੀ ਆਪਣੀ 'ਤੇ, ਡਾਢੇ ਆਪ ਵੱਲੋਂ ਸ਼ਰਮਸਾਰ ਗੁਰ ਜੀ
ਐਪਰ ਏਸਦੇ ਵਿੱਚ ਹੈ ਸ਼ਰਮ ਭਾਰੀ, ਅਸੀਂ ਜੇ ਕਦੇ ਮੰਨੀਏ ਹਾਰ ਗੁਰ ਜੀ
ਨੱਕ-ਵੱਢਣੀ ਹੋਇਗੀ ਜੱਗ ਅੰਦਰ, ਜੱਗ ਪਾਇਗਾ ਲੱਖ ਫਿਟਕਾਰ ਗੁਰ ਜੀ
ਤੁਸੀਂ ਪ੍ਰੇਮ ਦੀ ਮੂਰਤੀ ਤਰਸ ਵਾਲੇ, ਮਿਹਰ ਅਸਾਂ 'ਤੇ ਕਰੋ ਦਾਤਾਰ ਗੁਰ ਜੀ
ਸਹੁੰ ਆਪਨੂੰ ਆਪਦੀ ਬੀਰਤਾ ਦੀ, ਸਾਡੇ ਉੱਪਰੋਂ ਲਾਹ ਦਿਓ ਭਾਰ ਗੁਰ ਜੀ
ਚਾਰ ਦਿੰਨ ਕੇਵਲ ਸ਼ਹਿਰ ਛੱਡ ਜਾਓ, ਕਿਤੇ ਹੋਰ ਥਾਂ ਲਵੋ ਗੁਜ਼ਾਰ ਗੁਰ ਜੀ
ਸਾਨੂੰ ਗਊ ਦੀ ਤੁਸੀਂ ਸੁਗੰਧ ਸਮਝੋ, ਅਸੀਂ ਆਪ ਦੇ ਤਾਬਿਆਦਾਰ ਗੁਰ ਜੀ
ਵਾਰ ਆਪ ਉੱਤੇ ਅਸਾਂ ਨਹੀਂ ਕਰਨਾ, ਸਾਡਾ ਧਰਮ ਦਾ ਹੈ ਇਕਰਾਰ ਗੁਰ ਜੀ
ਅਸੀਂ ਇਉਂ ਆਖਣ ਜੋਗੇ ਹੋ ਜਾਂਗੇ, ਕਰ ਆਏ ਹਾਂ ਰਾਜ-ਸੁਧਾਰ ਗੁਰ ਜੀ
ਸਾਡਾ ਆਪਦਾ ਇਸ ਤਰ੍ਹਾਂ ਕਰਨ ਕਰਕੇ, ਵੱਧ ਜਾਇਗਾ ਦਿਲੀ ਪਿਆਰ ਗੁਰ ਜੀ
'ਤੀਰ' ਇਹ ਚਿੱਠੀ ਸਾਡੀ ਜਾਣਨੀ ਨਾ, ਜਾਣੋਂ 'ਦਰ ਆਈ ਬਾਈਧਾਰ' ਗੁਰ ਜੀ

### ਵੱਲੋਂ ਕਵੀ

ਚਿੱਠੀ ਇਹ ਲਿਖ ਕੇ ਵੇਖੋ ਕਿਲ੍ਹੇ ਅੱਗੇ, ਐਨ ਬੂਹੇ 'ਤੇ ਰਾਤ ਟਿਕਾ ਦਿੱਤੀ
ਪੋਚਾ ਫੇਰ ਕੇ ਨਾਲ ਹੀ ਥੜ੍ਹੇ ਉੱਤੇ, ਗਊ ਆਟੇ ਦੀ ਇੱਕ ਖਲ੍ਹਵਾ ਦਿੱਤੀ
ਸਾਨੂੰ ਇਹਦੀ ਸੁਗੰਧ ਹੈ ਲੜਾਂਗੇ ਨਾ, ਗੱਲ ਆਪਣੀ ਵੱਲੋਂ ਸਮਝਾ ਦਿੱਤੀ
'ਤੀਰ' ਵੇਖਿਆ ਜਦੋਂ ਇਹ ਰੰਗ ਸਿੰਘਾਂ, ਖ਼ਬਰ ਝੱਟ ਦਸਮੇਸ਼ ਨੂੰ ਆ ਦਿੱਤੀ

### ਵੱਲੋਂ ਕਵੀ

ਏਸ ਘੋਰ ਸੰਗਰਾਮ ਦੇ ਵਿੱਚ ਏਧਰ, ਸੀ ਸ਼ਹੀਦ ਹੋਏ ਜਾਨ-ਵਾਰ ਸਿਦਕੀ
ਸਾਹਿਬ ਸਿੰਘ ਦਾਤਾਰ ਦਾ ਪ੍ਰੇਮ-ਭੌਰਾ, ਮੋਇਆ ਵੈਰੀਆਂ ਨੂੰ ਮਾਰ-ਮਾਰ ਸਿਦਕੀ
ਈਸ਼ਰ ਸਿੰਘ ਬਲਬੀਰ ਜਵਾਨ ਬਾਂਕਾ, ਸ਼ੇਰ ਗੁਰੂ ਦਾ ਆਗਿਆਕਾਰ ਸਿਦਕੀ
ਦੇਵਾ ਸਿੰਘ ਵਰਿਆਮ ਵੀ 'ਤੀਰ' ਸੂਰਾ, ਏਥੇ ਕੰਮ ਆਇਆ ਜਥੇਦਾਰ ਸਿਦਕੀ

### ਮਹਾਰਾਜ ਪਾਸ ਚਿੱਠੀ ਪੁਚਾਈ ਗਈ (ਵੱਲੋਂ ਕਵੀ)

ਜਦੋਂ ਚਿੱਠੀ ਤੇ ਗਊ ਦੀ ਖ਼ਬਰ ਹੋਈ, ਲਈ ਚਿੱਠੀ ਮੰਗਾ ਦਸਮੇਸ਼ ਜੀ ਨੇ
ਸਿੰਘਾਂ ਸਾਰਿਆਂ ਪਾਸ ਖਲੋਤਿਆਂ ਨੂੰ, ਦਿੱਤੀ ਝੱਟ ਸੁਣਾ ਦਸਮੇਸ਼ ਜੀ ਨੇ
'ਇਹ ਪਹਾੜੀਏ ਝੂਠ ਦਾ ਘਰ ਹੁੰਦੇ', ਕਿਹਾ ਸਹਿਜ-ਸੁਭਾ ਦਸਮੇਸ਼ ਜੀ ਨੇ
'ਤੀਰ' ਇਓਂ ਕਹਿ ਕੇ ਉਸੇ ਘੜੀ ਚਿੱਠੀ, ਲਈ ਜੇਬ ਵਿਚ ਪਾ ਦਸਮੇਸ਼ ਜੀ ਨੇ

### ਕੁਝ ਘਾਬਰਿਆਂ ਹੋਇਆਂ ਦੀਆਂ ਅਰਜ਼ੋਈਆਂ

ਐਪਰ ਘਾਬਰੇ ਹੋਏ ਸੀ ਸਿੱਖ ਜਿਹੜੇ, ਉਹਨਾਂ ਆਖਿਆ ਕਰੋ ਵਿਚਾਰ ਦਾਤਾ
ਚੁੱਕੀ ਸਹੁੰ ਪਹਾੜੀਆਂ ਰਾਜਿਆਂ ਨੇ, ਇਹ ਜੋ ਸਾਮ੍ਹਣੇ ਗਊ ਖਲ੍ਹਾਰ ਦਾਤਾ
ਪੱਕੇ ਰਹਿਣਗੇ ਪੱਕ ਇਹ ਏਸ ਉੱਤੇ, ਹੈਣ ਕਈ ਵਾਰੀ ਚੁੱਕੇ ਹਾਰ ਦਾਤਾ
ਅਸਾਂ ਕੀ ਲੈਣਾ ਐਵੇਂ ਜੰਗ ਕਰਕੇ, ਚੱਲੋ ਛੱਡੀਏ ਨਿੱਤ ਦੀ ਖ਼ਾਰ ਦਾਤਾ
ਪਰੇ ਹੋ ਕੇ ਪੁਰੀ ਅਨੰਦ ਵਿਚੋਂ, ਦਿੱਨ ਚੱਲ ਗੁਜ਼ਾਰੀਏ ਚਾਰ ਦਾਤਾ
ਫੇਰ ਪਰਤ ਏਥੇ ਛੇਤੀ ਆ ਜਾਂ ਗੇ, ਜਦੋਂ ਗਈ ਏਥੋਂ ਬਾਈਧਾਰ ਦਾਤਾ
ਨਾਲੇ ਫ਼ੌਜ ਸਾਡੀ ਸਾਰੀ ਘਾਬਰੀ ਏ, ਲੰਮੀ ਭੁੱਖ ਸਹਾਰ-ਸਹਾਰ ਦਾਤਾ
ਸੱਜਰ-ਸਾਹ ਹੋ ਲੜਾਂਗੇ 'ਤੀਰ' ਚੰਗੇ, ਜੇਕਰ ਕਰਨਗੇ ਫੇਰ ਵੀ ਵਾਰ ਦਾਤਾ

### ਮਹਾਰਾਜ ਦੇ ਬਚਨ

ਗੁਰਾਂ ਆਖਿਆ ਵਿੱਸਣਾ ਵੈਰੀਆਂ 'ਤੇ, ਮੇਰੇ ਪੁੱਤਰੋ ਅਕਲ ਦਾ ਰਾਹ ਨਹੀਂ ਜੇ
ਮੇਲ ਵਾਸਤੇ, ਅੱਗ ਨੂੰ ਨਾਲ ਪਾਣੀ, ਕਦੇ ਦਿੱਲ ਤੋਂ ਹੋਂਵਦੀ ਚਾਹ ਨਹੀਂ ਜੇ
ਮਿੱਤਰ ਨਹੀਂ ਜੇ ਕਦੇ ਗ਼ੱਦਾਰ ਬਣਦੇ, ਪਾਣੀ ਰਿੜਕਿਆਂ ਹੋਂਵਦਾ ਲਾਹ ਨਹੀਂ ਜੇ
'ਤੀਰ' ਜਿਹਦਾ ਨਾ ਧਰਮ, ਈਮਾਨ ਹੋਵੇ, ਬੇਈਮਾਨ ਹੈ ਉਹਦਾ ਵਿਸਾਹ ਨਹੀਂ ਜੇ

### ਮਹਾਰਾਜ ਫਿਰ ਫ਼ੁਰਮਾਂਵਦੇ ਹਨ

ਡੰਗ ਮਾਰਨੋਂ ਸੱਪ ਨਾ ਬਾਜ਼ ਆਵੇ, ਭਾਵੇਂ ਦੇਵੀਏ ਦੁੱਧ ਦੀ ਧਾਰ ਉਸਨੂੰ
ਕੁੱਤਾ ਹਲਕਿਆ ਵੱਢਣੋਂ ਟਲੇ ਨਾਹੀਂ, ਦਾਨੇ ਆਖਦੇ ਛੱਡੀਏ ਮਾਰ ਉਸਨੂੰ
ਆਵੇ ਵੇਸਵਾ ਵਿਸ਼ੇ ਤੋਂ ਬਾਜ਼ ਨਾਹੀਂ, ਭਾਵੇਂ ਸਿੱਖਿਆ ਦਿਓ ਹਜ਼ਾਰ ਉਸਨੂੰ
ਪੱਥਰ ਭਿੱਜਦਾ ਮੂਲ ਨਾ ਵਿੱਚ ਪਾਣੀ, ਛੱਡੋ ਸੈਂਕੜੇ ਵਰ੍ਹੇ ਖਲ੍ਹਾਰ ਉਸਨੂੰ
ਫੁੱਲ ਮਹਿਕ ਭਾਵੇਂ ਰੋਜ਼-ਰੋਜ਼ ਦੇਵੇ, ਚੋਭਾਂ ਲਾਂਵਦਾ ਹੈ ਸਦਾ ਖ਼ਾਰ ਉਸਨੂੰ
ਲੋਭ ਛੱਡਦਾ ਮੂਲ ਨਾ ਕਦੇ ਬਾਂਦਰ, ਭਾਵੇਂ ਟਿੱਲ ਲਾ ਦਿਓ ਸੁਧਾਰ ਉਸਨੂੰ
ਢੀਠ ਹਾਰਦਾ ਕਦੇ ਨਾ ਢੀਠਤਾ ਤੋਂ, ਲੱਖ ਜੁੱਤੀਆਂ ਪੈਣ ਹਰ ਵਾਰ ਉਸਨੂੰ
'ਤੀਰ' ਨਹੀਂ ਵਿਸਾਹ ਪਹਾੜੀਏ ਦਾ, ਰਤੀ ਨਹੀਂ ਸੁਗੰਦ ਦਾ ਭਾਰ ਉਸਨੂੰ

### ਮਹਾਰਾਜ ਨੂੰ ਸਿੱਖ ਮਜਬੂਰ ਕਰਦੇ ਹਨ

ਹੱਥ ਜੋੜ ਕੇ ਫੇਰ ਵੀ ਸਿੱਖ ਬੋਲੇ, ਜਾਣੀ-ਜਾਣ ਜੇ ਦਗਾ ਕਮਾਣਗੇ ਓਹ
ਅਸੀਂ ਆਪਦੇ ਰੂ-ਬਰੂ ਆਖਦੇ ਹਾਂ, ਸਾਡੀ ਤੇਗ਼ ਹੱਥੋਂ ਮਾਰੇ ਜਾਣਗੇ ਓਹ
ਸਾਨੂੰ ਹੈ ਨਿਸਚਾ ਲੜ ਕੇ ਵੇਖ ਚੁੱਕੇ, ਜੋਸ਼ ਨਾਲ ਨਾ ਜੰਗ ਮਚਾਣਗੇ ਓਹ
ਜੇਕਰ ਭੁੱਲ ਗਏ 'ਤੀਰ' ਸੁਗੰਦ ਨੂੰ ਵੀ, ਪੱਕੀ ਗੱਲ ਜਾਣੋ ਕੀਤਾ ਪਾਣਗੇ ਓਹ

### ਮਹਾਰਾਜ ਨੇ ਮੰਨ ਲਿਆ (ਵੱਲੋਂ ਕਵੀ)

ਜਾਣੀ-ਜਾਣ ਦਸਮੇਸ਼ ਨੇ ਮੰਨ ਲੀਤਾ, ਸਿੱਖਾਂ ਸੇਵਕਾਂ ਤਾਈਂ ਸਮਝਾਣ ਖ਼ਾਤਰ
ਨੇਮ, ਧਰਮ ਪਹਾੜੀਆਂ ਰਾਜਿਆਂ ਦਾ, ਵਿੱਚ ਜੱਗ ਦੇ ਖ਼ੂਬ ਵਿਖਾਣ ਖ਼ਾਤਰ
ਨਾਲ ਲੋੜ ਅਨੁਸਾਰ ਸਮਾਨ ਲੈ ਕੇ, ਚੋਜੀ ਚੱਲ ਪਏ ਚੋਜ ਵਰਤਾਣ ਖ਼ਾਤਰ
'ਤੀਰ' ਪੁੱਜ ਨਿਰਮੋਹਗੜ੍ਹ ਲਾਏ ਡੇਰੇ, ਝੂਠੀ ਸਹੁੰ ਉੱਤੇ ਫਤਹਿ ਪਾਣ ਖ਼ਾਤਰ

### ਉੱਚੀ ਥਾਵੇਂ ਮੈਦਾਨੀ ਡੇਰਾ ਤੇ ਰਾਜਿਆਂ ਦੀ ਨੀਚਤਾ

ਜਾਣੀ-ਜਾਣ ਨੇ ਵੇਖ ਕੇ ਥਾਂ ਉੱਚੀ, ਆਸਣ ਆਪਣਾ ਉਥੇ ਲਗਾ ਦਿੱਤਾ
ਵੇਖ ਵਿੱਚ ਮੈਦਾਨ ਦੇ ਸਤਿਗੁਰਾਂ ਨੂੰ, ਨੀਚਾਂ ਨੇਮ ਤੇ ਧਰਮ ਭੁਲਾ ਦਿੱਤਾ
ਹੱਲਾ ਬੋਲਿਆ ਝੱਟ ਮਹਾਰਾਜ ਉੱਤੇ, ਖੌਰੂ ਫੇਰ ਨਗੱਲਿਆਂ ਪਾ ਦਿੱਤਾ
'ਤੀਰ' ਫੇਰ ਵੀ ਗੁਰੂ ਦੇ ਸੂਰਿਆਂ ਨੇ, ਮਾਰ-ਮਾਰ ਕੇ ਤੁਖ਼ਮ ਉਡਾ ਦਿੱਤਾ

### ਸਿੰਘਾਂ ਦੀ ਵਾਢੀ (ਵੱਲੋਂ ਕਵੀ)

ਹੱਲਾ ਰੋਕਿਆ ਖ਼ਾਲਸੇ ਬੀਰ ਬਾਂਕੇ, ਬਾਈਧਾਰ ਨੂੰ ਸਾਹਮਣੇ ਟੱਕਰੇ ਨੇ
ਕੋਹੀ ਜਾਣ ਪਹਾੜੀਆਂ ਰਾਜਿਆਂ ਨੂੰ, ਜਿਵੇਂ ਪਏ ਝਟਕਾਂਵਦੇ ਬੱਕਰੇ ਨੇ
ਆਖੀ ਜਾਣ, ਸਿੰਘੋ! ਛੱਡੋ ਮੂਲ ਨਾਹੀਂ, ਨੀਚ ਅੱਤ ਝੂਠੇ ਅਤੇ ਮੱਕਰੇ ਨੇ
'ਤੀਰ' ਲੋਥ ਉੱਤੇ ਲੋਥ ਚਾੜ੍ਹ ਦਿੱਤੀ, ਥਾਂ-ਥਾਂ ਖਿੱਲਰੇ ਮਾਸ ਦੇ ਡੱਕਰੇ ਨੇ

### ਰਾਜੇ ਪਿੱਛੇ ਹਟ ਗਏ (ਵੱਲੋਂ ਕਵੀ)

ਮਾਰ ਮੂੰਹ ਦੀ ਖਾ ਕੇ ਹਟੇ ਪਿੱਛੇ, ਸੱਕੇ ਸਹਿ ਨਾ ਵਾਰ, ਮੱਕਾਰ ਪਾਪੀ
ਸੱਚੇ ਪ੍ਰੇਮੀਆਂ ਆਣ ਦੇ ਪੂਰਿਆਂ ਦੀ, ਭਲਾ ਝੱਲਦੇ ਕਿਵੇਂ ਤਲਵਾਰ ਪਾਪੀ
ਗੁਰਾਂ ਆਖਿਆ ਸੂਰਿਓ ਵੇਖਿਆ ਜੇ, ਸੀ ਗ਼ੱਦਾਰ, ਨਿਕਲੇ ਨੇ ਗ਼ੱਦਾਰ ਪਾਪੀ
'ਤੀਰ' ਫੇਰ ਵੀ ਆਪਦੇ ਹੌਸਲੇ ਤੋਂ, ਗਏ ਘੜੀ ਦੀ ਘੜੀ ਵਿਚ ਹਾਰ ਪਾਪੀ

### ਪਹਾੜੀ ਰਾਜਿਆਂ ਦੀ ਹੋਰ ਨੀਚਤਾ (ਵੱਲੋਂ ਕਵੀ)

ਕੀਤੀ ਨੀਚਤਾ ਹੋਰ ਪਹਾੜੀਆਂ ਨੇ, ਦਿਲੋਂ ਛੱਡਿਆ ਸ਼ਰਮ ਹਯਾ ਵੇਖੋ

ਤੋਪ ਇਕ ਭਰਵਾ ਕੇ ਤੁਰਕ ਪਾਸੋਂ, ਦਿੱਤੀ ਸਤਗੁਰਾਂ ਉੱਤੇ ਚਲਵਾ ਵੇਖੋ
ਤਾਂ ਵੀ ਗੁਰਾਂ ਦਾ ਨਾ ਵਿੰਗਾ ਵਾਲ ਹੋਇਆ, ਸਿਰਜਨਹਾਰ ਨੇ ਲਿਆ ਬਚਾ ਵੇਖੋ
ਜਾਨੀ-ਜਾਣ ਜੀ ਨੇ ਫੇਰ ਖੁਣਸ ਖਾ ਕੇ, ਚਿੱਲਾ ਆਪਣਾ ਲਿਆ ਚੜ੍ਹਾ ਵੇਖੋ
ਵਿਚ ਹਿੱਕ ਦੇ ਠੋਕਿਆ ਤਾੜ ਵਾਹ-ਵਾਹ, ਗਈ ਮੌਤ ਜਰਵਾਣੇ ਦੀ ਆ ਵੇਖੋ
'ਤੀਰ' ਮਾਰ ਕੇ ਤੋਪਚੀ ਵਿੰਨ੍ਹ ਦਿੱਤਾ, ਦਿੱਤੀ ਨੀਚ ਦੀ ਅਲਖ ਮੁਕਾ ਵੇਖੋ

### ਫੇਰ ਦੂਜਾ ਤੋਪਚੀ ਆਇਆ (ਵੱਲੋਂ ਕਵੀ)

ਉੱਠ ਪਿਆ ਭਰਾ ਫਿਰ ਤੋਪਚੀ ਦਾ, ਦੂਜੀ ਵਾਰ ਕਹਿਰੀ ਗੋਲਾ ਭਰਨ ਖ਼ਾਤਰ
ਏਧਰ ਗੁਰਾਂ ਨੇ ਚਾੜ੍ਹਿਆ ਤੀਰ ਦੂਜਾ, ਉਹਦੀ ਉਸ ਵੇਲੇ ਗਤੀ ਕਰਨ ਖ਼ਾਤਰ
ਐਨ ਤਾੜ ਕੇ ਮਾਰਿਆ ਵਿਚ ਛਾਤੀ, ਉਹਦੀ ਲੋਥ ਧਰਤੀ ਉੱਤੇ ਧਰਨ ਖ਼ਾਤਰ
'ਤੀਰ' ਝੱਟ ਵੇਖੋ ਉਹਦੀ ਅਲਖ ਲਾਹੀ, ਜੋ ਉਡੀਕਦਾ ਪਿਆ ਸੀ ਮਰਨ ਖ਼ਾਤਰ

### ਪਹਾੜੀਆਂ ਨੂੰ ਫਿਰ ਹਾਰ (ਵੱਲੋਂ ਕਵੀ)

ਸੂਰੇ ਗੁਰਾਂ ਦਾ ਵੇਖ ਕੇ ਕਾਰਨਾਮਾ, ਸੂਰਬੀਰ ਸਿੰਘਾਂ ਹੱਲਾ ਬੋਲ ਦਿੱਤਾ
ਵਾਹੀ ਤੇਗ਼ ਐਸੀ ਵਾਢੀ ਪਏ ਜੈਸੀ, ਖੇਤ ਜ਼ੁਲਮ ਦਾ ਵੱਢ ਕੇ ਰੋਲ ਦਿੱਤਾ
ਮਾਰ-ਮਾਰ ਕੇ ਮੂੰਹ ਭੁਆ ਦਿੱਤੇ, ਸੈਆਂ ਪਾਮਰਾਂ ਦਾ ਖੱਪਰ ਖੋਲ੍ਹ ਦਿੱਤਾ
'ਤੀਰ' ਖ਼ੂਬ ਮੱਚੀ ਹੋਲੀ ਖ਼ੂਨ ਵਾਲੀ, ਖ਼ੂਨੀ ਰੰਗ ਰੰਗੀਲਿਆਂ ਘੋਲ ਦਿੱਤਾ

### ਪਹਾੜੀਏ ਨੱਠ ਗਏ (ਵੱਲੋਂ ਕਵੀ)

ਅੰਤ ਪ੍ਰੇਮ-ਰੱਤੇ ਸਿੱਖਾਂ ਸੂਰਿਆਂ ਦਾ, ਹੱਲਾ ਫੇਰ ਨਾ ਨੀਚ ਸਹਾਰ ਸੱਕੇ
ਵਾਹੀ ਤੇਗ਼ ਜਾਂ ਖ਼ਾਲਸੇ ਜੋਸ਼ ਖਾ ਕੇ, ਰਾਜੇ ਰੱਲ ਕੇ ਰੋਕ ਨਾ ਵਾਰ ਸੱਕੇ
ਫੜ੍ਹਾਂ ਘਰ ਦੇ ਵਿੱਚ ਜੋ ਮਾਰਦੇ ਸੀ, ਤੇਗ਼ਾਂ ਵਿਚ ਮੈਦਾਨ ਨਾ ਮਾਰ ਸੱਕੇ
'ਤੀਰ' ਹਾਰ ਖਾ ਕੇ ਬਾਈਧਾਰ ਨੱਠੀ, ਰਾਜਪੂਤ ਨਾ ਹੌਸਲਾ ਧਾਰ ਸੱਕੇ

### ਭਾਜੜ (ਵੱਲੋਂ ਕਵੀ)

ਸਾਰ ਕਿਸੇ ਨੂੰ ਕਿਸੇ ਦੀ ਰਹੀ ਨਾਹੀਂ, ਨੱਠੇ ਜਾਨ ਲੈ ਕੇ, ਆਕੜ, ਮਾਨ ਛੱਡ ਕੇ
ਗਏ ਸੁੱਟ ਤੇਗ਼ਾਂ, ਢਾਲਾਂ ਚੁੱਕੀਆਂ ਨਾ, ਫੜੇ ਵਖਤ ਨੂੰ ਗਏ 'ਜ਼ਬਾਨ' ਛੱਡ ਕੇ
ਕਿਸੇ ਪਰਤ ਨ ਵੇਖਿਆ ਮੂਲ ਪਿੱਛੇ, ਦੌੜੇ ਜੰਗ ਦਾ ਦਿਲੋਂ ਧਿਆਨ ਛੱਡ ਕੇ
'ਤੀਰ' ਖ਼ਾਲਸੇ ਨੇ ਸਾਬਤ ਕਰ ਦਿੱਤਾ, ਮਰਦ ਜਾਂਵਦੇ ਨਹੀਂ ਮੈਦਾਨ ਛੱਡ ਕੇ

### ਫੇਰ ਪੁਰੀ ਅਨੰਦ ਨੂੰ ਭਾਗ (ਵੱਲੋਂ ਕਵੀ)

ਫੇਰ ਆਨ ਕੇ ਪੁਰੀ ਅਨੰਦ ਅੰਦਰ, ਉਸੇ ਰੰਗ ਵਿਚ ਗੁਰੂ-ਕਰਤਾਰ ਵੱਸੇ

ਫੇਰ ਰੌਣਕਾਂ ਲੱਗੀਆਂ ਵਾਂਗ ਪਹਿਲੇ, ਗਹਿਮਾ-ਗਹਿਮ ਮੁੜ ਹੱਟ ਬਾਜ਼ਾਰ ਵੱਸੇ
ਸੱਜਣ ਲੱਗ ਪਏ ਫੇਰ ਦੀਵਾਨ ਰੱਬੀ ਅਤੇ ਅੰਮ੍ਰਿਤੀ ਸਦਾ ਫੁਹਾਰ ਵੱਸੇ
'ਤੀਰ' ਲੈਣ ਆਵਣ ਲੋੜਵੰਦ ਦਾਤਾਂ, ਨਵਾਂ ਪ੍ਰੀਤ ਦਾ ਪਿਆ ਸੰਸਾਰ ਵੱਸੇ

### ਗੁਰ ਦਰਬਾਰ ਦੇ ਅਲੌਕਿਕ ਕੌਤਕ (ਵੱਲੋਂ ਕਵੀ)

ਜਾਨੀ-ਜਾਨ ਜੀ ਸੀਸ ਸਜਾ ਕਲਗੀ, ਨਿੱਤ ਸੱਜਦੇ ਆਨ ਦਰਬਾਰ ਅੰਦਰ
ਸਿੱਖ ਸੰਗਤਾਂ ਸਦਾ ਸੁਹਾਣ ਪਈਆਂ, ਖ਼ੂਬ ਭਿੱਜੀਆਂ ਪ੍ਰੇਮ ਪਿਆਰ ਅੰਦਰ
ਹੋਈ ਫੇਰ ਸੁਧਾਰ ਦੀ ਲਹਿਰ ਜਾਰੀ, ਸਿੰਘ ਜੁੱਟ ਗਏ ਫੇਰ ਪਰਚਾਰ ਅੰਦਰ
'ਤੀਰ' ਨਵੀਂ ਮਹਿਕਾਰ ਹੋ ਗਈ ਪੈਦਾ, ਅਮਨ ਚੈਨ ਦੀ ਖਿੜੀ ਬਹਾਰ ਅੰਦਰ

### ਇਕ ਮਾਈ ਦੀ ਅਨੋਖੀ ਅਰਦਾਸ (ਵੱਲੋਂ ਕਵੀ)

ਇੱਕ ਰੋਜ਼ ਪੁੱਜੀ ਆ ਕੇ ਇੱਕ ਵੇਖੋ, ਕਿਤੋਂ ਦੁੱਖ ਸਹਾਰ-ਸਹਾਰ ਮਾਈ
ਢਾਹਾਂ ਮਾਰਦੀ, ਕੂਕਦੀ, ਨੈਣ ਭਰਦੀ, ਪਈ ਰੋਈ ਜਾਵੇ ਜ਼ਾਰੋ-ਜ਼ਾਰ ਮਾਈ
ਜਾਨੀ-ਜਾਨ ਨੇ ਸੱਦਿਆ ਕੋਲ ਉਸਨੂੰ, ਅਤੇ ਪੁੱਛਿਆ ਇਹ ਕੀ ਕਾਰ ਮਾਈ
ਕੀ ਬਣੀ ਤੈਨੂੰ, ਕਿਉਂ ਰੋਂਵਦੀ ਏਂ, ਸਾਡੇ ਸਾਹਮਣੇ ਗੱਲ ਨਿਤਾਰ ਮਾਈ
ਗੁਰੂ-ਘਰ ਹਮਦਰਦ ਹੈ ਸਾਰਿਆਂ ਦਾ, ਤੇਰੇ ਦਏਗਾ ਦੁੱਖ ਨਿਵਾਰ ਮਾਈ
ਬਚਨ ਗੁਰੂ ਜੀ ਨੇ ਜਦੋਂ ਇਉਂ ਕੀਤਾ, ਬੱਣ ਗਈ ਬਰਸਾਤ-ਬਹਾਰ ਮਾਈ
ਰੋ-ਰੋ ਕਹਿਣ ਲੱਗੀ ਜਾਨੀ-ਜਾਨ ਜੀਓ, ਆਈ ਆਪ ਦੇ ਦੱਰ ਦੁਖਿਆਰ ਮਾਈ
ਤੁਸੀਂ ਡੁੱਬਿਆਂ ਨੂੰ ਤਾਰ ਸਕਦੇ ਓ! ਕਰੋ ਡੁੱਬਦੀ ਜਾਂਵਦੀ ਪਾਰ ਮਾਈ
ਗੁਰਾਂ ਆਖਿਆ ਰੋਵਣਾ ਬੰਦ ਕਰਕੇ, ਸਾਨੂੰ ਆਪਣੀ ਦੱਸ ਵਿਚਾਰ ਮਾਈ
'ਤੀਰ' ਜੋੜ ਕੇ ਹੱਥ ਦਰਬਾਰ ਅੰਦਰ, ਅੰਤ ਇਉਂ ਬੋਲੀ ਢਾਹਾਂ ਮਾਰ ਮਾਈ

### ਮਾਈ ਦੀ ਅਰਜ਼ੋਈ

ਜਾਨੀ-ਜਾਨ ਜੀ! ਤੁਸਾਂ ਹੀ ਕੱਟਣਾ ਏ, ਦੱਸਾਂ ਕੀ? ਹੈ ਦੁੱਖ ਮਹਾਨ ਮੇਰਾ
ਲੈ ਕੇ ਆਪਦਾ ਨਾਮ ਸ਼ਹੀਦ ਹੋਇਆ, ਵਿਚ ਜੰਗ ਦੇ ਕੰਤ-ਭਗਵਾਨ ਮੇਰਾ
ਪੁੱਤਰ, ਦੋ ਹੀਰੇ, ਭੇਟਾ ਚਾੜ੍ਹ ਬੈਠੀ, ਦਿਲ ਵਿੱਚ ਹੀ ਰਿਹਾ ਅਰਮਾਨ ਮੇਰਾ
ਪਿਆ ਮਰਨ-ਮੰਜੀ ਉੱਤੇ 'ਤੀਰ' ਤੀਜਾ, ਨਾਲ ਤਾਪ ਦੇ ਅਜੇ ਜਵਾਨ ਮੇਰਾ

### ਮਾਈ ਫੇਰ ਕਹਿੰਦੀ ਹੈ

ਮੇਰਾ ਬੱਚੜਾ ਬੜਾ ਇਹ ਲਾਡਲਾ ਏ, ਉਹਦਾ ਦੁੱਖ ਸਹਾਰ ਨਹੀਂ ਸੱਕਦੀ ਮੈਂ
ਲੁਛ-ਲੁਛ ਕੇ ਮਰੇ ਉਹ ਤਾਪ ਚੜ੍ਹ ਕੇ, ਵੇਖ ਇਉਂ ਦਾਤਾਰ ਨਹੀਂ ਸੱਕਦੀ ਮੈਂ
ਦੇ-ਦੇ ਲੋਰੀਆਂ ਓਸਨੂੰ ਪਾਲਿਆ ਏ, ਭਾੜੇ ਭੰਗ ਦੇ ਵਾਰ ਨਹੀਂ ਸੱਕਦੀ ਮੈਂ

'ਤੀਰ' ਓਹ ਮਰਦਾ ਮੈਨੂੰ ਜਾਪਦਾ ਏ, ਤਦੇ ਦਿਲ ਖਲ੍ਹਾਰ ਨਹੀਂ ਸੱਕਦੀ ਮੈਂ

### ਸ੍ਰੀ ਦਸਮੇਸ਼ ਜੀ ਦੇ ਨੇਤਰ ਭਰ ਆਏ (ਵੱਲੋਂ ਕਵੀ)

ਮਾਈ ਵੇਦਨਾ ਆਪਣੀ ਗਈ ਦੱਸੀ, ਆਣ-ਆਣ ਕੇ ਦਿਲੀ ਪਿਆਰ ਅੰਦਰ
ਜਾਨੀ-ਜਾਨ ਜੀ ਦਿਲੋਂ ਦਿਆਲ ਹੋ ਕੇ, ਗਏ ਝੁੱਕਦੇ ਉਹਦੇ ਸਤਿਕਾਰ ਅੰਦਰ
ਕੋਈ ਖਿੱਚ ਸੀ ਓਸਦੀ ਅਰਜ਼ ਅੰਦਰ, ਜਾਦੂ ਕੋਈ ਸੀ ਉਹਦੀ ਪੁਕਾਰ ਅੰਦਰ
'ਤੀਰ' ਸੁਣ-ਸੁਣ ਕੇ ਗੱਲ ਬੁੱਢੜੀ ਦੀ, ਚੁੱਪ ਛਾ ਗਈ ਭਰੇ ਦਰਬਾਰ ਅੰਦਰ

### ਸ੍ਰੀ ਦਸਮੇਸ਼ ਜੀ ਦੇ ਬਚਨ ਮਾਈ ਪ੍ਰਤੀ

ਬੋਲੇ ਸ੍ਰੀ ਦਸਮੇਸ਼ ਪ੍ਰਸੰਨ ਹੋ ਕੇ, ਤੇਰੀ ਕੁੱਲ ਤੋਂ ਜਾਨ ਕੁਰਬਾਨ ਅੰਮਾਂ
ਦੇਸ਼ ਧਰਮ-ਖ਼ਾਤਰ ਅਤੇ ਗੁਰੂ-ਖ਼ਾਤਰ, ਤੂੰ ਲੁਟਾ ਦਿੱਤਾ ਖਾਨਦਾਨ ਅੰਮਾਂ
ਪਤੀ ਦੇਵ ਦਿੱਤੇ ਭੇਟਾ ਜੰਗ ਅੰਦਰ, ਬੱਚੇ ਦੋ ਤੂੰ ਵਾਰੇ ਜਵਾਨ ਅੰਮਾਂ
'ਤੀਰ' ਬੜੀ ਕੁਰਬਾਨੀ ਏ ਦੇਸ਼ ਖ਼ਾਤਰ, ਭਾਰਤ-ਮਾਂ ਦਿੱਤਾ ਤੇਨੂੰ ਮਾਨ ਅੰਮਾਂ

### ਮਹਾਰਾਜ ਜੀ ਫਿਰ ਕਹਿੰਦੇ ਹਨ

ਹੱਛਾ ਦੱਸ, ਕੀ ਦਿੱਲ ਤੋਂ ਲੋਚਦੀ ਏਂ, ਜੋ ਵੀ ਕਹੇਂ ਤੂੰ ਕਰ ਵਿਖਾ ਦਿਆਂ ਮੈਂ
ਤੇਰਾ ਲਾਡਲਾ ਜੋ ਪਿਆ ਮਰਨ-ਮੰਜੇ, ਉਹਦੇ ਸਦਾ ਲਈ ਤਾਪ ਗਵਾ ਦਿਆਂ ਮੈਂ
ਤੇਰੀ ਰੀਝ ਜੇਕਰ ਸੁੱਖ ਵੇਖਣੇ ਦੀ, ਉਹਨੂੰ ਜੱਗ ਦਾ ਰਾਜ ਦਿਵਾ ਦਿਆਂ ਮੈਂ
ਉਹਦਾ ਲੱਛਮੀ ਰਾਤ-ਦਿਨ ਭਰੇ ਪਾਣੀ, ਉਹਦੇ ਸੀਸ 'ਤੇ ਛਤਰ ਝੁਲਾ ਦਿਆਂ ਮੈਂ
ਉਹਨੂੰ ਮੌਤ ਵੀ ਮੂਲ ਨਾ ਮਾਰ ਸਕੇ, ਏਡੀ ਕਹੇਂ ਤਾਂ ਉਮਰ ਵਧਾ ਦਿਆਂ ਮੈਂ
ਤੇਰੇ ਲਾਡਲੇ ਵਾਸਤੇ ਦੱਸ ਅੰਮੀਂ, ਜੇ ਹੈ ਲੋੜ ਤਾਂ ਜਾਨ ਘੁਮਾ ਦਿਆਂ ਮੈਂ
ਧਰਮ ਲਈ ਜਿਸਦਾ ਬੰਸ ਚੜ੍ਹੇ ਭੇਟਾ, ਉਹਨੂੰ ਕਿਉਂ ਨਾ ਸੀਸ ਨਿਵਾ ਦਿਆਂ ਮੈਂ
'ਤੀਰ' ਦਿੱਲ ਆਖੇ ਉਮਰ ਆਪਣੀ ਵੀ, ਤੇਰੇ ਪੁੱਤ ਤਾਈਂ ਅੰਮਾਂ! ਲਾ ਦਿਆਂ ਮੈਂ

### ਮਾਈ ਦੀ ਫੇਰ ਬੇਨਤੀ

ਮਾਈ ਬੋਲ ਉਠੀ ਨਹੀਂ! ਨਹੀਂ! ਦਾਤਾ, ਲੰਮੀ ਉਮਰ ਲੈ ਕੇ ਰਾਜ ਕਰੇ ਨਾ ਓਹ
ਤੇਰੇ ਬੂਹੇ ਦਾ ਮੈਨੂੰ ਫ਼ਕੀਰ ਚੰਗਾ, ਸ਼ਾਹੀ ਤਖ਼ਤ ਉੱਤੇ ਪੈਰ ਧਰੇ ਨਾ ਓਹ
ਮੈਨੂੰ ਰੀਝ ਨਹੀਂ ਪੋਤਰਾ ਤੱਕਣੇ ਦੀ, ਭਾਵੇਂ ਬੰਨ੍ਹ ਸਿਹਰਾ ਲਾੜੀ ਵਰੇ ਨਾ ਓਹ
'ਤੀਰ' ਕਰਨ ਆਈ ਇਹੋ ਜੋਦੜੀ ਸਾਂ, ਏਦਾਂ ਤਾਪ ਦਾ ਮਾਰਿਆ ਮਰੇ ਨਾ ਓਹ

### ਸ੍ਰੀ ਦਸਮੇਸ਼ ਗੁਰੂ ਜੀ ਦੇ ਬਚਨ ਮਾਈ ਪ੍ਰਤੀ

ਕਿਸੇ ਰਮਜ਼ ਅੰਦਰ ਜਾਨੀ-ਜਾਨ ਬੋਲੇ, ਅੰਮੀ ਜਾਇਗਾ ਪੁਗ ਪਿਆਰ ਤੇਰਾ

ਜਿਵੇਂ ਤੂੰ ਪ੍ਰਸੰਨ ਹੈਂ ਤਿਵੇਂ ਹੋਸੀ, ਰਾਜ਼ੀ ਹੋ ਜਾਸੀ ਬਰਖ਼ੁਰਦਾਰ ਤੇਰਾ
ਜਾਸੀ ਬਚ ਤੇਰਾ ਚਾਨਣ ਅੱਖੀਆਂ ਦਾ, ਵੱਸ ਜਾਇਗਾ ਇਓਂ ਸੰਸਾਰ ਤੇਰਾ
'ਤੀਰ' ਕਰੇਂਗੀ ਤੂੰ ਪਿਆਰ ਉਸਨੂੰ, ਉਹ ਵੀ ਕਰੇਗਾ ਸਦਾ ਸਤਿਕਾਰ ਤੇਰਾ

### ਮਾਈ ਦੀ ਅਰਜ਼ੋਈ

ਮਾਈ ਜੋੜ ਕੇ ਆਖਿਆ ਹੱਥ ਅੱਗੋਂ, ਜਾਣੀ-ਜਾਣ ਜੀ ਆਖਣੋਂ ਸੰਗਦੀ ਹਾਂ
ਆ ਕੇ ਜੀਭ ਮੇਰੀ ਉੱਤੇ ਰੁੱਕ ਜਾਂਦਾ, ਦਿਲੋਂ ਮਨੋਂ ਜੋ ਮੰਗਣੀ ਮੰਗਦੀ ਹਾਂ
ਕਿਸੇ ਚੀਜ਼ ਦੀ ਲੋੜ ਨਾ ਹੋਰ ਮੈਨੂੰ, ਧੂੜੀ ਲੋਚਦੀ ਮੈਂ ਸਤਿਸੰਗ ਦੀ ਹਾਂ
'ਤੀਰ' ਮੈਂ ਤੇ ਆਪਣੀ ਆਤਮਾ ਨੂੰ, ਨਵੇਂ ਰੰਗ ਦੇ ਵਿਚ ਪਈ ਰੰਗਦੀ ਹਾਂ

### ਸ੍ਰੀ ਦਸਮੇਸ਼ ਜੀ ਤੇ ਮਾਈ ਦੇ ਸਵਾਲ-ਜਵਾਬ

ਜਾਣੀ-ਜਾਣ ਨੇ ਆਖਿਆ ਸੁਣ! ਮਾਈ, ਤੇਰਾ ਦਿਲ ਨਾ ਮੂਲ ਲਚਾਰ ਹੋਵੇ
ਅਸੀਂ ਦਿਲੋਂ ਹਾਂ ਇਹ ਅਸੀਸ ਦੇਂਦੇ, ਰਾਜ਼ੀ ਝੱਬ ਤੇਰਾ ਹੋਣਹਾਰ ਹੋਵੇ
ਮਾਈ ਰੋਂਵਦੀ ਨੇ ਅੱਗੋਂ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀਓ ਨਿਮਸ਼ਕਾਰ ਹੋਵੇ
ਜੀਵਨ ਪੁੱਤ ਦਾ ਮੰਗਦੀ ਓਹ ਮਾਤਾ, ਜਿਹਨੂੰ ਮੋਹ ਮਾਇਆ ਦਾ ਪਿਆਰ ਹੋਵੇ
ਜਾਣੀ-ਜਾਣ ਜੀ ਨੇ ਕਿਹਾ ਦੱਸ ਮਾਈ, ਕੀ ਤੂੰ ਚਾਂਵ੍ਹਦੀ ਏਂ, ਕਿਹੜੀ ਕਾਰ ਹੋਵੇ
ਸੋਹਣੀ ਨੂੰਹ ਲਭੇ, ਜੁੜਨ ਕੁੜਮ ਚੰਗੇ, ਤੇਰੇ ਪੁੱਤ ਦਾ ਖ਼ੂਬ ਪਰਿਵਾਰ ਹੋਵੇ
ਮਾਈ ਆਖਿਆ ਸੱਚਿਓ ਪਾਤਸ਼ਾਹੋ, ਹੌਲਾ ਇਉਂ ਵੀ ਨਾ ਮੇਰਾ ਭਾਰ ਹੋਵੇ
ਮੈਂ ਤੇ ਹੋਰ ਈ ਕੁਝ ਹਾਂ ਆਸ ਕਰਦੀ, ਕਰੋ ਮਿਹਰ ਮੇਰਾ ਬੇੜਾ ਪਾਰ ਹੋਵੇ
ਜਾਣੀ-ਜਾਣ ਨੇ ਆਖਿਆ ਬਹੁਤ ਹਛਾ, ਧੰਨ ਘਰ ਤੇਰੇ ਬੇਸ਼ੁਮਾਰ ਹੋਵੇ
ਹੋਵੇ ਉਮਰ ਲੰਮੀ ਤੇਰੇ ਲਾਡਲੇ ਦੀ, ਮਿਹਰੀਂ ਓਸ 'ਤੇ ਸਦਾ ਕਰਤਾਰ ਹੋਵੇ
ਮਾਈ ਮਾਰ ਕੇ ਫੇਰ ਵੀ ਭੁੱਬ ਰੁੰਨੀ, ਦੱਸਾਂ ਓਸ ਨੂੰ ਜਿਹਨੂੰ ਨਾ ਸਾਰ ਹੋਵੇ
ਜਾਣੀ-ਜਾਣ ਜੀ ਆਪ ਤੋਂ ਨਹੀਂ ਓਹਲਾ, ਕਰੋ ਮਿਹਰ ਤਾਂ ਝੱਟ ਉਧਾਰ ਹੋਵੇ
ਜਾਣੀ-ਜਾਣ ਬੋਲੇ ਅੰਮਾਂ ਦੱਸ ਮੈਨੂੰ, ਸਾਫ਼-ਸਾਫ਼ ਜੋ ਤੇਰੀ ਵਿਚਾਰ ਹੋਵੇ
ਤੇਰੇ ਕੀਰਨੇ ਮੂਲ ਨਾ ਜਾਣ ਝੱਲੇ, ਸੁਣਕੇ ਦਿਲ ਮੇਰਾ ਬੇ-ਕਰਾਰ ਹੋਵੇ
ਮਾਈ ਆਖਿਆ ਝੁਕ ਸਤਿਕਾਰ ਅੰਦਰ, ਜਿਹਨੂੰ ਕਿਤੇ ਨਾ ਮੂਲ ਖਲ੍ਹਿਆਰ ਹੋਵੇ
ਤੁਸੀਂ ਓਸਨੂੰ ਆਸਰਾ ਦੇਣ ਵਾਲੇ, ਜੱਗ ਵਿਚ ਨਾ ਜਿਹਦਾ ਅਧਾਰ ਹੋਵੇ
ਕਿਹਾ ਸ੍ਰੀ ਦਸਮੇਸ਼ ਨੇ ਦੱਸ ਮਾਤਾ, ਤੇਰੀ ਕਸ਼ਟਨੀ ਕਿਵੇਂ ਨਿਵਾਰ ਹੋਵੇ
'ਤੀਰ' ਦਿਆਂਗੇ ਅੱਜ ਵਰ-ਦਾਨ ਉਹੋ, ਤੇਰੀ ਖ਼ਾਹਿਸ਼ ਜੋ ਵਿਚ ਸੰਸਾਰ ਹੋਵੇ

### ਮਾਈ ਦੀ ਅਰਜ਼ੋਈ

ਮਾਈ ਝੁਕ ਕੇ ਵਾਂਗ ਕਮਾਨ ਹੋਈ, ਲੱਗੀ ਕਹਿਣ ਦਿਆਲਤਾ ਕਰੋ ਦਾਤਾ
ਤੁਸੀਂ ਹੋ ਸਾਈਂ ਦਾਤਾਂ, ਬਰਕਤਾਂ ਦੇ, ਏਸ ਕੰਗਲੀ ਦੀ ਝੋਲੀ ਭਰੋ ਦਾਤਾ
ਲੱਗ ਭਾਗ ਜਾਵਣ ਏਸ ਉੱਜੜੀ ਨੂੰ, ਤੁਸੀਂ ਮਿਹਰ ਦਾ ਮੀਂਹ ਹੋ ਵਰ੍ਹੋ ਦਾਤਾ
ਮੇਰੇ ਬੱਚੜੇ ਦੇ ਸੋਹਣੇ ਸੀਸ ਉੱਤੇ, ਹੱਥ ਆਪਣੀ ਦਇਆ ਦਾ ਧਰੋ ਦਾਤਾ
ਮਰੇ ਤਾਪ ਦੇ ਨਾਲ ਨਾ ਲਾਲ ਮੇਰਾ, ਆਪ ਉਸਦੀ ਕਸ਼ਟਨੀ ਹਰੋ ਦਾਤਾ
'ਤੀਰ' ਦਰ ਆਈ ਨੂੰ ਨਿਵਾਜ ਲੈਣਾ, ਦੀਨਾਂ ਵਾਸਤੇ ਦੁੱਖੜੇ ਜਰੋ ਦਾਤਾ

### ਮਾਈ ਫੇਰ ਹੱਥ ਜੋੜ ਕੇ ਕਹਿੰਦੀ ਹੈ

ਨਹੀਂ ਚਾਂਵ੍ਹਦੀ ਜੱਗ 'ਤੇ ਲਾਲ ਮੇਰਾ, ਭੋਗੇ ਸੁੱਖ ਅਰਾਮ ਧਨਵਾਨ ਹੋ ਕੇ
ਨਹੀਂ ਚਾਂਵ੍ਹਦੀ ਜੱਗ ਤੇ ਚੰਦ ਮੇਰਾ, ਤਾਜ ਤਖ਼ਤ ਹੰਢਾਏ ਸੁਲਤਾਨ ਹੋ ਕੇ
ਨਹੀਂ ਚਾਂਵ੍ਹਦੀ ਪੋਤਰਾ, ਨੂੰਹ ਕੋਈ, ਮੇਰੇ ਸਾਹਮਣੇ ਰਹੇ ਸੰਤਾਨ ਹੋ ਕੇ
'ਤੀਰ' ਮੰਗ ਮੈਂ ਇਹੋ ਹੀ ਮੰਗਦੀ ਹਾਂ, ਅੱਜ ਆਪ ਦੇ ਦਰੋਂ ਨਿਗਮਾਨ ਹੋ ਕੇ

### ਮਾਈ ਕੀ ਮੰਗਦੀ ਹੈ?

ਜਿਵੇਂ ਰੱਬ ਜੀ ਕੰਤ ਭਗਵਾਨ ਮੇਰਾ, ਦੇਸ਼ ਕੌਮ ਖ਼ਾਤਰ ਕਾਰ ਕਰ ਗਿਆ ਏ
ਜਿਵੇਂ ਜੇਠ ਪਲੇਠੜਾ ਚੰਦ ਮੇਰਾ, ਫੱਟ ਦੇਸ਼ ਦੇ ਵਾਸਤੇ ਜਰ ਗਿਆ ਏ
ਜਿਵੇਂ ਓਸ ਕੋਲੋਂ ਨਿੱਕਾ ਪੁੱਤ ਹੀਰਾ, ਪੈਰ ਰਾਹ ਪ੍ਰੇਮ ਦੇ ਧਰ ਗਿਆ ਏ
'ਤੀਰ' ਤਿਵੇਂ ਮੇਰਾ ਇਹ ਵੀ ਪਏ ਲੇਖੇ, ਪਿਤਾ ਏਸਦਾ ਜਿਸ ਤਰ੍ਹਾਂ ਮਰ ਗਿਆ ਏ

### ਦਿਲ ਦੀ ਰੀਝ ਦੱਸਦੀ ਹੈ

ਮੇਰੇ ਦਿਲ ਦੀ ਰੀਝ ਹੈ ਇਹ ਦਾਤਾ, ਜਦੋਂ ਮੱਚਿਆ ਖ਼ੂਬ ਘਮਸਾਨ ਹੋਵੇ
ਦੇਸ਼-ਵੈਰੀਆਂ ਦੇ, ਜਦੋਂ ਰਣ ਅੰਦਰ, ਮੋਛੇ ਪਾਂਵਦੀ ਪਈ ਕਿਰਪਾਨ ਹੋਵੇ
ਜਦੋਂ ਆਪ ਹੋਵੋ ਸਜੇ ਯੁੱਧ ਅੰਦਰ, ਜਦੋਂ ਮੱਚਿਆ ਰਣ ਮੈਦਾਨ ਹੋਵੇ
'ਤੀਰ' ਓਸ ਵੇਲੇ ਇਹ ਵੀ ਲਾਲ ਮੇਰਾ, ਮੇਰੇ ਦੇਸ਼ ਦੇ ਲਈ ਕੁਰਬਾਨ ਹੋਵੇ

### ਸ੍ਰੀ ਦਸਮੇਸ਼ ਜੀ ਸੁਣਕੇ ਗਦ ਗਦ ਹੋ ਗਏ ਤੇ ਬੋਲੇ

ਸੁਣ ਸ੍ਰੀ ਦਸਮੇਸ਼ ਜੀ ਕਹਿਣ ਲੱਗੇ, ਧੰਨ ਸਿਦਕ ਤੇਰਾ! ਸਿਦਕਵਾਨ ਮਾਈ
ਧੰਨ ਤੂੰ ਤੇ ਧੰਨ ਹੈ ਬੰਸ ਤੇਰੀ, ਪੂਜਣ-ਯੋਗ ਤੇਰਾ ਖ਼ਾਨਦਾਨ ਮਾਈ
ਦੇਸ਼-ਭਗਤਣੀ! ਧੰਨ ਹੈ ਕੁੱਖ ਤੇਰੀ, ਰੱਬ ਰੱਖਸੀ ਇਹ ਤੇਰਾ ਮਾਨ ਮਾਈ
ਤੇਰੀ ਰੀਝ ਉੱਤੇ ਕੌਮ ਖ਼ੁਸ਼ ਹੋਸੀ, ਤੈਨੂੰ ਜਾਣਸੀ ਆਪਣੀ ਸ਼ਾਨ ਮਾਈ

ਜਿਵੇਂ ਤਿੰਨ ਸ਼ਹੀਦੀਆਂ ਦਿੱਤੀਆਂ ਨੀ, ਤਿਵੇਂ ਇਹ ਵੀ ਕਰੇਗੀ ਦਾਨ ਮਾਈ
ਜਦੋਂ ਮੈਂ ਰੱਣ-ਖੇਤ ਦੇ ਵਿਚ ਹੋਸਾਂ, ਜਦੋਂ ਖੜਕਸੀ ਖ਼ੂਬ ਕਿਰਪਾਨ ਮਾਈ
ਜਦੋਂ ਸੂਰਮੇਂ ਗਾਣਗੇ ਰਾਗ ਮਾਰੂ, ਜਦੋਂ ਢਾਲ 'ਚੋਂ ਨਿਕਲਸੀ ਤਾਨ ਮਾਈ
ਜਦੋਂ ਦੇਸ਼ ਦੇ ਵੈਰੀਆਂ ਜ਼ਾਲਮਾਂ ਨੂੰ, ਤੇਗ 'ਤੀਰ' ਕਰਸੀ ਬੇ-ਪ੍ਰਾਨ ਮਾਈ
ਤੇਰੀ ਰੀਝ ਅਨੁਸਾਰ ਹੀ ਪੁੱਤ ਤੇਰਾ, ਹੋਸੀ ਦੇਸ਼ ਦੇ ਲਈ ਕੁਰਬਾਨ ਮਾਈ

## ਮਹਾਰਾਜ ਮਾਈ ਨੂੰ ਵਰ ਦੇਂਦੇ ਹਨ

ਤੇਰੇ ਵਰਗੀਆਂ ਹੀ ਦੇਸ਼-ਭਗਤ ਮਾਵਾਂ, ਭਾਰਤ-ਭੂਮ ਅਜ਼ਾਦ ਕਰਾਣ ਗੀਆਂ
ਪੱਤ ਏਸ ਨਿਮਾਣੀ ਦੀ ਪੁੱਤ ਲਾ ਕੇ, ਪਾਪੀ ਜ਼ਾਲਮਾਂ ਹੱਥੋਂ ਬਚਾਣ ਗੀਆਂ
ਖੇਤੀ ਕੱਲਰੀ ਨੂੰ ਸਿੰਜ ਦੇਣ ਗੀਆਂ, ਲਹੂ ਆਪਣੀ ਬੰਸ ਦਾ ਪਾਣ ਗੀਆਂ
ਦੇ ਕੇ ਅੱਖ-ਚਾਨਣ ਭਾਰਤ-ਮਾਂ ਖ਼ਾਤਰ, ਦੇਸ਼-ਪ੍ਰੇਮ ਦੀ ਜੋਤ ਜਗਾਣ ਗੀਆਂ
ਦੇਸ਼ ਵਾਸਤੇ ਜਾਂਦਿਆਂ ਪੁੱਤਰਾਂ ਨੂੰ, ਤਿਲਕ ਆਪਣੀ ਰੱਤ ਦੇ ਲਾਣ ਗੀਆਂ
ਘੋੜੀ ਮੌਤ ਦੀ ਚੜ੍ਹਨਗੇ ਜਦੋਂ ਵੀਰੇ, ਭੈਣਾਂ ਘੋੜੀਆਂ ਹੱਸ ਕੇ ਗਾਣ ਗੀਆਂ
ਦੇਸ਼ ਲਈ ਕੁਰਬਾਨੀਆਂ ਦੇਣ ਵੇਲੇ, ਮਾਵਾਂ ਦਿਲ ਫ਼ੌਲਾਦ ਬਣਾਨ ਗੀਆਂ
ਤੇਰੀ ਏਸ ਕਰਨੀ ਅੰਮੀ ਰੰਗ ਲਾਣੇ, ਨਾ ਗ਼ੁਲਾਮੀਆਂ ਇਹ ਨਿਗ੍ਹਾ ਆਣ ਗੀਆਂ
ਦੇਸ਼-ਭਗਤ ਅਣਖੀਲੀਆਂ ਸਭ ਜਿੰਦਾਂ, ਤੇਰੇ ਨਾਂ ਉੱਤੇ ਕਰਨ ਮਾਣ ਗੀਆਂ
ਪੂਜੀ ਜਾਏਂਗੀ ਅੰਮੀਏ ਹਿੰਦ ਅੰਦਰ, ਤੈਨੂੰ ਖ਼ਲਕਤਾਂ ਸੀਸ ਨਿਵਾਨ ਗੀਆਂ
ਭਾਰਤ ਮਾਤ ਵੀ ਪੂਜਸੀ ਸਦਾ ਤੈਨੂੰ, ਉਹਨੂੰ ਮਿੱਲ ਅਜ਼ਾਦੀਆਂ ਜਾਣ ਗੀਆਂ
'ਤੀਰ' ਇਹ ਰੀਝਾਂ ਤੇਰੇ ਦਿੱਲ ਦੀਆਂ, ਦੇਸ਼-ਪ੍ਰੇਮ ਨੂੰ ਸਦਾ ਚਮਕਾਣ ਗੀਆਂ

## ਦੇਸ਼-ਭਗਤ ਮਾਈ ਦੀ ਪ੍ਰਸੰਨਤਾ (ਵੱਲੋਂ ਕਵੀ)

ਮਾਈ ਇਉਂ ਦਸਮੇਸ਼ ਤੋਂ ਵਰ ਲੈ ਕੇ, ਹੋਈ ਦਿਲ ਤੋਂ ਬੜੀ ਖੁਸ਼ਹਾਲ ਵੇਖੋ
ਜਾਵੇ ਆਖਦੀ ਉੱਜੜੀ ਵੱਸ ਗਈ ਆਂ, ਪਈ ਵਿੱਚ ਲੇਖੇ ਪ੍ਰੇਮ-ਘਾਲ ਵੇਖੋ
ਜਿਹਨੇ ਸੌਂਪਿਆ ਸੀ ਮੈਨੂੰ ਮਿਹਰ ਕਰਕੇ, ਉਸੇ ਸ਼ਾਹ ਨੇ ਲੈ ਲਿਆ ਮਾਲ ਵੇਖੋ
ਗਏ ਪਤੀ ਜੀ ਨੇ ਜਿਹੜੇ ਰਾਹ ਉੱਤੇ, ਨਾਲੇ ਦੋ ਵੱਡੇ ਨੌਂ-ਨਿਹਾਲ ਵੇਖੋ
ਓਸੇ ਰਾਹ 'ਤੇ ਜਾਇਗਾ ਤੀਸਰਾ ਵੀ, ਮੇਰਾ ਮੱਖਣੀਂ ਪਾਲਿਆ ਲਾਲ ਵੇਖੋ
ਪਿਓ ਪੁੱਤਰਾਂ ਚੌਹਾਂ ਦਾ ਪੰਧ ਇਕੋ, ਕੀਤਾ ਤੁੱਠ ਕੇ ਦੀਨ ਦਿਆਲ ਵੇਖੋ
ਗੁਰੂ-ਗੋਦ ਅੰਦਰ ਰਹਿਣ ਸਦਾ ਚਾਰੇ, ਅੰਗ ਪ੍ਰੀਤ ਦੀ ਰੀਤ ਦਾ ਪਾਲ ਵੇਖੋ
'ਤੀਰ' ਸ਼ੁਕਰ ਅਕਾਲ ਦਾ ਲੱਖ ਵਾਰੀ, ਮਾਈ ਜਾਏ ਕਰਦੀ ਖ਼ੁਸ਼ੀ ਨਾਲ ਵੇਖੋ

## ਸਿਦਕੀ ਭਾਈ ਜੋਗਾ ਸਿੰਘ ਜੀ ਦੀ ਸਾਖੀ (ਵੱਲੋਂ ਕਵੀ)

ਸਿਦਕਵਾਨ ਪਿਸ਼ੌਰੀਏ ਇਕ ਵਾਰੀ, ਦੀਦ ਵਾਸਤੇ ਗੁਰੂ ਦਰਬਾਰ ਆਏ

ਭੇਟਾ ਵੰਨ-ਸੁਵੰਨੀਆਂ ਨਾਲ ਲੈ ਕੇ, ਪ੍ਰੇਮ ਧਾਰ ਕੇ ਕਈ ਪਰਵਾਰ ਆਏ
ਕਈ ਬਿਰਧ ਤੇ ਕਈ ਜਵਾਨ ਆਏ, ਕਈ ਮਾਪਿਆਂ ਦੇ ਹੋਣਹਾਰ ਆਏ
'ਤੀਰ' ਭੌਰ ਹੋ ਗੁਰੂ ਦੇ ਦਰਸ਼ਨਾਂ ਦੇ, ਕਰਨ ਸਫਲ ਪ੍ਰੇਮ ਦੀ ਕਾਰ ਆਏ

## ਇਕ ਹੋਣਹਾਰ ਬੱਚਾ (ਵੱਲੋਂ ਕਵੀ)

ਬੱਚਾ ਇਕ ਸੀ ਲਾਡਲਾ ਮਾਪਿਆਂ ਦਾ, ਉਹਦੀ ਹੱਦ ਤੋਂ ਵੱਧ ਨੁਹਾਰ ਸੋਹਣੀ
ਨਾਲ ਰੂਪ ਦੇ ਉਹਦੀ ਪੁਸ਼ਾਕ ਸੋਹਣੀ, ਸਿਰ ਸੋਭਦੀ ਖ਼ੂਬ ਦਸਤਾਰ ਸੋਹਣੀ
ਉਹਦੀ ਸ਼ਹਿਦ ਦੇ ਵਾਂਗ ਜ਼ਬਾਨ ਮਿੱਠੀ, ਮਾਨੋ ਮਿੱਠੜੀ ਅੰਮ੍ਰਿਤੀ ਧਾਰ ਸੋਹਣੀ
ਹਸੂੰ-ਹਸੂੰ ਕਰਦਾ 'ਤੀਰ' ਚੰਦ-ਚਿਹਰਾ, ਜਿਵੇਂ ਫੁੱਲ 'ਤੇ ਆਈ ਬਹਾਰ ਸੋਹਣੀ

## ਜੋਗਾ ਸਿੰਘ ਤੇ ਦਸਮੇਸ਼ ਜੀ ਦਾ ਪ੍ਰੀਤ-ਮੇਲ ਤੇ ਮਹਾਰਾਜ ਦੇ ਬਚਨ

ਇਕ ਰੋਜ਼ ਦਸਮੇਸ਼ ਜੀ ਵੇਖ ਉਸਨੂੰ, ਲੱਗੇ ਕਹਿਣ ਕਾਕਾ ਬੀਬਾ ਬਾਲ ਹੈਂ ਤੂੰ
ਕਿਥੇ ਘਰ ਤੇਰਾ! ਕੀ ਏ ਨਾਂ ਤੇਰਾ, ਕਿਹੜੇ ਮਾਪਿਆਂ ਦਾ ਨੌਂ-ਨਿਹਾਲ ਹੈਂ ਤੂੰ
ਮੇਰੇ ਹੀਰਿਆ! ਰੂਪ ਸਰੀਰ ਕਰਕੇ, ਏਸ ਜੱਗ ਅੰਦਰ ਬੇ-ਮਿਸਾਲ ਹੈਂ ਤੂੰ
'ਤੀਰ' ਪਤੇ ਨਿਸ਼ਾਨੀਆਂ ਦੱਸ ਮੈਨੂੰ, ਕਿਹੜੇ ਭਾਗ ਵਾਲੇ ਘਰੋਂ ਲਾਲ ਹੈਂ ਤੂੰ

## ਬੱਚੇ ਦਾ ਉੱਤਰ

ਜਾਣੀ-ਜਾਣ ਜੀ ਮੈਂ ਪਿਸ਼ੌਰੀਆ ਹਾਂ, ਤੇ ਪਿਸ਼ੌਰ ਹੀ ਰਹਿਣ ਦੀ ਥਾਂ ਹੈ ਜੀ
ਮੇਰਾ ਪਿਤਾ ਹੈ ਆਪਦਾ ਦਾਸ ਗੋਲਾ, ਦਾਸੀ ਏਸ ਘਰ ਦੀ ਮੇਰੀ ਮਾਂ ਹੈ ਜੀ
ਸਿਦਕ ਆਪਦਾ ਹੈ ਮੇਰੇ ਦਿਲ ਅੰਦਰ, ਸਿਰ ਉੱਤੇ ਪਿਆਰ ਦੀ ਛਾਂ ਹੈ ਜੀ
'ਤੀਰ' ਉਂਵ ਤਾਂ ਨਹੀਂ ਮੈਂ ਕਿਸੇ ਜੋਗਾ, ਐਪਰ ਕਹਿਣ ਮਾਤਰ ਜੋਗਾ ਨਾਂ ਹੈ ਜੀ

## ਭਾਈ ਜੋਗਾ ਸਿੰਘ ਤੇ ਮਹਾਰਾਜ ਦੇ ਸਾਂਝੇ ਬਚਨ

ਜਾਣੀ-ਜਾਣ ਜੀ ਹੱਸ ਕੇ ਇਉਂ ਬੋਲੇ, ਕੀ ਤੂੰ ਦਿਲੋਂ ਹੈਂ ਏਸ ਸੰਸਾਰ ਜੋਗਾ
ਜੋਗੇ ਆਖਿਆ ਨਾ ਨਾ ਪਾਤਸ਼ਾਹੋ, ਮੈਂ ਹਾਂ ਆਪਦੀ ਤੇਗ਼ ਦੀ ਧਾਰ ਜੋਗਾ
ਜਾਣੀ-ਜਾਣ ਨੇ ਆਖਿਆ ਹੋਏਂਗਾ ਤੂੰ, ਕਾਕਾ! ਆਪਣੇ ਘਰ ਪਰਵਾਰ ਜੋਗਾ
ਜੋਗੇ ਆਖਿਆ ਨਹੀਂ ਦਿਆਲ ਦਾਤਾ, ਮੈਂ ਹਾਂ ਆਪਦੇ ਦਿਲੀ-ਪਿਆਰ ਜੋਗਾ
ਸੱਚੇ ਪਾਤਸ਼ਾਹ ਜੀ ਫੇਰ ਇਓਂ ਬੋਲੇ, ਕੀ ਤੂੰ ਹੈਂ ਪੁੱਤਰ, ਧੀਆਂ, ਨਾਰ ਜੋਗਾ
ਜੋਗੇ ਜੋੜ ਕੇ ਆਖਿਆ ਹੱਥ ਦੋਵੇਂ, ਹਾਂ ਮੈਂ ਜੰਮਿਆਂ ਆਪਦੀ ਕਾਰ ਜੋਗਾ
ਗੁਰਾਂ ਆਖਿਆ ਰਹੇਂਗਾ ਕੋਲ ਸਾਡੇ, ਕੀ ਤੂੰ ਜੋਗਿਆ ਹੈਂ ਇਕਰਾਰ ਜੋਗਾ
ਜੋਗੇ ਆਖਿਆ ਹੋਰ ਕੀ ਚਾਹੀਦਾ ਏ, ਹੋਆਂ ਜੇ ਮੈਂ ਗੁਰੂ-ਦਵਾਰ ਜੋਗਾ
ਜੋਗਾ ਨਾਂ ਮੇਰਾ ਜੋਗੀ ਏਸ ਦੱਰ ਦਾ, ਇਸੇ ਦੱਰ ਦਾ ਏ ਸੇਵਾਦਾਰ ਜੋਗਾ

ਹੋ ਕੇ ਗੁਰਾਂ ਜੋਗਾ ਰਹਿਣਾ ਗੁਰਾਂ ਜੋਗਾ, ਜਾਣੇ ਗੁਰੂ ਨੂੰ ਪ੍ਰੇਮ-ਅਧਾਰ ਜੋਗਾ
ਏਦਾਂ ਪ੍ਰੇਮ-ਪਿਆਰ ਦੇ ਬਚਨ ਕਰਕੇ, ਸਿਦਕਵਾਨ ਹੋਇਆ ਹੋਣਹਾਰ ਜੋਗਾ
'ਤੀਰ' ਪ੍ਰੇਮ ਦਾ ਜੋਗ ਕਮਾਣ ਲੱਗਾ, ਜੋਗਾ ਹੋ ਕੇ ਗੁਰੂ-ਦੀਦਾਰ ਜੋਗਾ

### ਵੱਲੋਂ ਕਵੀ

ਜਾਣੀ-ਜਾਣ ਦੀ ਹਾਜ਼ਰੀ ਵਿਚ ਰਹਿ ਕੇ, ਸੇਵਾ ਖ਼ੂਬ ਪ੍ਰੇਮ ਦੀ ਕਰੇ ਜੋਗਾ
ਪੱਖਾ ਝੱਲਦਾ ਜੇਠ ਵਿਚ ਸੰਗਤਾਂ ਨੂੰ, ਪਾਣੀ ਸੰਗਤਾਂ ਵਾਸਤੇ ਭਰੇ ਜੋਗਾ
ਜੋ ਵੀ ਹੁਕਮ ਮਹਾਰਾਜ ਫੁਰਮਾਣ ਮੂੰਹੋਂ, ਝੱਟ ਸਿਰ-ਮੱਥੇ ਉੱਤੇ ਧਰੇ ਜੋਗਾ
ਜੋਤ ਸੱਚ ਦੀ ਜਾਣ ਦਸਮੇਸ਼ ਉੱਤੇ, ਸਦਾ ਵਾਂਗ ਪਤੰਗ ਦੇ ਮਰੇ ਜੋਗਾ
ਛੱਡ ਗਏ ਮਾਪੇ ਕੋਲ ਗੁਰੂ ਜੀ ਦੇ, ਦਿਲੋਂ ਗੁਰਾਂ ਦੇ ਪ੍ਰੇਮ ਵਿਚ ਠਰੇ ਜੋਗਾ
'ਤੀਰ' ਗੁਰੂ ਦਸਮੇਸ਼ ਦੀ ਅੱਖ ਅੰਦਰ, ਹੋ ਕੇ ਪ੍ਰੇਮ-ਮੱਛੀ ਪਿਆ ਤਰੇ ਜੋਗਾ

### ਵੱਲੋਂ ਕਵੀ

ਦਸਮ ਪਿਤਾ ਵੀ ਬੜਾ ਪ੍ਰੇਮ ਕਰਦੇ, ਦਿਲੋਂ ਜਾਣਦੇ ਆਪਣੀ ਜਾਨ ਜੋਗਾ
ਸਦਾ ਕਹਿਣ ਤੂੰ ਜੋਗਿਆ ਗੁਰਾਂ ਜੋਗਾ, ਨਹੀਂ ਰਤਾ ਵੀ ਮੂਲ ਜਹਾਨ ਜੋਗਾ
ਤੇਰੀ ਜਿੰਦ ਸਾਡੀ, ਸਾਡੀ ਜਿੰਦ ਤੇਰੀ, ਤੇਰੇ ਅਸੀਂ ਤੂੰ ਵੀ ਸਾਡੇ ਮਾਨ ਜੋਗਾ
ਏਸ ਤਰ੍ਹਾਂ ਪਿਆਰ ਦੀ ਲਹਿਰ ਅੰਦਰ, ਗੁਰੂ-ਘਰ ਹੋ ਗਿਆ ਪਰਵਾਨ ਜੋਗਾ
ਅੰਮ੍ਰਿਤ ਛੱਕਿਆ ਤੇ ਜੋਗਾ ਸਿੰਘ ਬਣਿਆ, ਸੱਚ, ਸਿਦਕ, ਪ੍ਰੀਤ ਦੀ ਖਾਨ ਜੋਗਾ
'ਤੀਰ' ਵਰਤਿਆ ਆਣ ਪਰ ਨਵਾਂ ਕੌਤਕ, ਵੇਖੋ ਪਾਲਦਾ ਕਿਵੇਂ ਜ਼ਬਾਨ ਜੋਗਾ

### ਜੋਗਾ ਸਿੰਘ ਦੇ ਵਿਆਹ ਦੀ ਤਿਆਰੀ (ਵੱਲੋਂ ਕਵੀ)

ਜੋਗਾ ਸਿੰਘ ਜਾਂ ਆਣ ਜਵਾਨ ਹੋਇਆ, ਸ਼ਾਦੀ ਵਾਸਤੇ ਹੋਏ ਸਾਮਾਨ ਸਾਰੇ
ਮਾਪੇ ਉਸਦੇ ਆਣ ਕੇ ਹੋਏ ਹਾਜ਼ਰ, ਲੱਗੇ ਇਸ ਤਰ੍ਹਾਂ ਗੱਲ ਸੁਣਾਨ ਸਾਰੇ
ਸੱਚੇ ਪਾਤਸ਼ਾਹ! ਰੱਲ ਸਲਾਹ ਕੀਤੀ, ਜੋਗਾ ਸਿੰਘ ਖ਼ਾਤਰ ਖ਼ਾਨਦਾਨ ਸਾਰੇ
ਹੋਣਹਾਰ ਦੀ ਹੁਣ ਹੋ ਜਾਏ ਸ਼ਾਦੀ, 'ਤੀਰ' ਕਾਜ ਦੀ ਖ਼ੁਸ਼ੀ ਮਨਾਨ ਸਾਰੇ

### ਮਹਾਰਾਜ ਨੇ ਆਗਿਆ ਦੇਣੀ

ਜਾਣੀ-ਜਾਣ ਨੇ ਆਖਿਆ ਜੀਓ ਸਦਕੇ, ਸਾਡੀ ਆਗਿਆ ਹੈ ਚਲਾ ਜਾਏ ਜੋਗਾ
ਐਪਰ ਏਸਦੇ ਨਾਲ ਪ੍ਰੀਤ ਸਾਡੀ, ਉਥੇ ਸਮਾਂ ਵਧੀਕ ਨਾ ਲਾਏ ਜੋਗਾ
ਪਰਤ ਪਏ, ਵਿਆਹ ਭੁਗਤਾ ਛੇਤੀ, ਸਾਡੇ ਠੰਢ ਕਲੇਜੜੇ ਪਾਏ ਜੋਗਾ
'ਤੀਰ' ਅਸੀਂ ਹਾਂ ਭਾਂਵਦੇ ਦਿਲੋਂ ਇਹਨੂੰ, ਸਾਡੇ ਦਿੱਲ ਨੂੰ ਵੀ ਬੜਾ ਭਾਏ ਜੋਗਾ

### ਜੋਗਾ ਸਿੰਘ ਦਾ ਸ਼ਾਦੀ ਵਾਸਤੇ ਤੁਰਨਾ (ਵੱਲੋਂ ਕਵੀ)

ਜੋਗਾ ਸਿੰਘ ਤੁਰਿਆ ਨਾਲ ਮਾਪਿਆਂ ਦੇ, ਜਾਣੀ-ਜਾਣ ਦਾ ਵਾਕ ਪ੍ਰਵਾਨ ਕਰਕੇ
ਨਿਮਸ਼ਕਾਰ ਕੀਤੀ ਸੱਚੇ ਸਤਿਗੁਰਾਂ ਨੂੰ, ਚਰਨ-ਕੰਵਲਾਂ ਵੱਲ ਧਿਆਨ ਕਰਕੇ
ਸੱਚੇ ਪਾਤਸ਼ਾਹ ਆਵਸਾਂ ਪਰਤ ਛੇਤੀ, ਨਾਲੇ ਆਖਿਆ ਮਿੱਠੀ ਜ਼ਬਾਨ ਕਰਕੇ
ਜੋਗਾ ਸਿੰਘ ਹੋ ਗਿਆ ਏ ਆਪ ਜੋਗਾ, ਸੀਸ ਆਪਣਾ ਆਪ ਨੂੰ ਦਾਨ ਕਰਕੇ
ਏਦਾਂ ਆਖ ਪਿਸ਼ੌਰ ਦੇ ਵੱਲ ਤੁਰਿਆ, ਨਾਲ ਮਾਪਿਆਂ ਖ਼ੁਸ਼ ਸੁਲਤਾਨ ਕਰਕੇ
'ਤੀਰ' ਦਿਲ ਅੰਦਰ ਐਪਰ ਜਾਏ ਕਹਿੰਦਾ, ਮਨ ਆਪਣੇ ਨੂੰ ਏਦਾਂ ਮਾਨ ਕਰਕੇ

### ਜੋਗਾ ਸਿੰਘ ਦੀਆਂ ਦਿਲ ਨਾਲ ਗੱਲਾਂ

ਆਖੇ ਦਿੱਲ ਤਾਈਂ, ਦਿਲਾ! ਖ਼ੁਸ਼ ਹੋ ਤੂੰ, ਬਣ ਗਿਆ ਦਸਮੇਸ਼ ਦੀ ਜਾਨ ਹੈਂ ਤੂੰ
ਜਿਥੇ ਲੋਕ ਨੇ ਘਾਲ ਕੇ ਸਫਲ ਹੁੰਦੇ, ਉਥੇ ਹੋ ਗਿਆ ਸਹਿਲ ਪਰਵਾਨ ਹੈਂ ਤੂੰ
ਲੋਕੀਂ ਜਾਣਦੇ ਨੇ ਜਾਨ ਜਿਸ ਤਾਈਂ, ਉਸੇ ਜਾਨ ਦੇ ਅੱਜ ਤਾਂ ਪ੍ਰਾਨ ਹੈਂ ਤੂੰ
'ਤੀਰ' ਲੱਭਦੀ ਨਹੀਂ ਮਿਸਾਲ ਕੋਈ, ਐਸਾ ਸਤਿਗੁਰਾਂ ਦਾ ਸਿਦਕਵਾਨ ਹੈਂ ਤੂੰ

### ਅਨੋਖਾ ਕੌਤਕ (ਵੱਲੋਂ ਕਵੀ)

ਜਾਣੀ-ਜਾਣ ਜੀ ਨੇ ਜਾਣ ਗੱਲ ਕੀਤੀ, ਜੋਗਾ ਸਿੰਘ ਨੇ ਮਾਣ ਅਪਣਾ ਲੀਤਾ
ਓਸ ਮਾਣ ਨੇ ਓਸਦੀ ਬੁੱਧ ਉੱਤੇ, ਸਿੱਕਾ ਆਪਣਾ ਖ਼ੂਬ ਜਮਾ ਲੀਤਾ
ਉਹਨੂੰ ਆਪਣੇ ਪ੍ਰੇਮ 'ਤੇ ਮਾਣ ਹੋਇਆ, ਉਹਨੇ ਨਿਮਰਤਾ-ਨੇਮ ਭੁਲਾ ਲੀਤਾ
ਬੁੱਲੇ ਮਾਨ ਹੰਕਾਰ ਦੇ ਵਿੱਚ ਬਹਿ ਕੇ, ਦੀਵਾ ਸਿਦਕ ਦਾ ਓਸ ਬੁਝਾ ਲੀਤਾ
ਜਾਣੀ-ਜਾਣ ਨੇ ਰੱਚ ਕੇ ਚੋਜ ਐਪਰ, ਸਿੱਖ ਆਪਣੇ ਤਾਈਂ ਸਮਝਾ ਲੀਤਾ
'ਤੀਰ' ਸਿੱਖ ਦੇ ਮਨ ਦੀ ਮੈਲ ਲਾਹ ਕੇ, ਵੇਖੋ ਕਿਸ ਤਰ੍ਹਾਂ ਫੇਰ ਚਮਕਾ ਲੀਤਾ

### ਪਰਖ ਪਾਈ ਗਈ (ਵੱਲੋਂ ਕਵੀ)

ਉਧਰ ਬਣ ਢੁੱਕਾ ਜੋਗਾ ਸਿੰਘ ਲਾੜਾ, ਏਧਰ ਗੁਰਾਂ ਨੇ ਚੋਜ ਰਚਾ ਦਿੱਤਾ
ਉਧਰ ਉਹ ਵਿਆਹ ਦੇ ਵਿਚ ਰੁੱਝਾ, ਸਿੱਖ ਏਧਰੋਂ ਗੁਰਾਂ ਭਿਜਵਾ ਦਿੱਤਾ
ਦੇ ਕੇ ਹੁਕਮਨਾਮਾ ਜੋਗਾ ਸਿੰਘ ਜੋਗਾ, ਬਾਕੀ ਇਸ ਤਰ੍ਹਾਂ ਭੇਦ ਸਮਝਾ ਦਿੱਤਾ
'ਤੀਰ' ਆਪਣੇ ਸਿੱਖ ਨੂੰ ਸਤਿਗੁਰਾਂ ਨੇ, ਇਮਤਿਹਾਨ ਅਨੋਖੜਾ ਪਾ ਦਿੱਤਾ

### ਮਹਾਰਾਜ ਚਿੱਠੀ ਲਿਜਾਣ ਵਾਲੇ ਸਿੰਘ ਨੂੰ ਹੁਕਮ ਦੇਂਦੇ ਹਨ

ਸਿੱਖਾ! ਯਾਦ ਰੱਖੀਂ ਸਾਡੀ ਗੱਲ ਤਾਈਂ, ਵੇਖੀਂ ਦਿਲੋਂ ਨਾ ਕਿਤੇ ਭੁਲਾ ਦੇਵੀਂ
ਜੋਗਾ ਸਿੰਘ ਬਸ ਲਵੇ ਜਾਂ ਦੋ ਲਾਵਾਂ, ਸਾਡਾ ਹੁਕਮ-ਨਾਮਾ ਇਹ ਫੜਾ ਦੇਵੀਂ

ਹੈਨ ਭਾਈ ਜੀ ਆਪ 'ਤੇ ਗੁਰੂ ਰਾਜ਼ੀ, ਨਾਲੇ ਓਸਨੂੰ ਖ਼ੂਬ ਸਮਝਾ ਦੇਵੀਂ
'ਤੀਰ' ਵੇਖੀਏ ਸਿੱਖ ਦਾ ਸਿਦਕ ਸਿੱਖੀ, ਓਥੇ ਪੁੱਜ ਕੇ ਫ਼ਰਜ਼ ਨਿਭਾ ਦੇਵੀਂ

### *ਜੋਗਾ ਸਿੰਘ ਨੂੰ ਗੁਰਾਂ ਦਾ ਹੁਕਮਨਾਮਾ ਪੁੱਜ ਗਿਆ (ਵੱਲੋਂ ਕਵੀ)*

ਐਨ ਓਸ ਵੇਲੇ ਪੁੱਜਾ ਹੁਕਮਨਾਮਾ, ਜਦੋਂ ਸੱਜਿਆ ਖ਼ੂਬ ਦੀਵਾਨ ਹੈ ਸੀ
ਜੋਗਾ ਸਿੰਘ ਹੈ ਸੀ ਲਾੜੇ ਰੂਪ ਅੰਦਰ, ਆਸ-ਪਾਸ ਬੈਠਾ ਖ਼ਾਨਦਾਨ ਹੈ ਸੀ
ਹੋਈ ਅਜੇ ਅਰੰਭ ਸੀ ਲਾਂਵ ਪਹਿਲੀ, ਜੋਗਾ ਸਿੰਘ ਦੀ ਅਜਬ ਹੀ ਸ਼ਾਨ ਹੈ ਸੀ
'ਤੀਰ' ਖ਼ੂਬ ਵਿਆਹ ਦੀ ਖ਼ੁਸ਼ੀ ਅੰਦਰ, ਉਹਦੀ ਆਤਮਾ ਹੋਈ ਗ਼ਲਤਾਨ ਹੈ ਸੀ

### *ਗੁਰੂ ਮਹਾਰਾਜ ਦਾ ਹੁਕਮਨਾਮਾ ਜੋਗਾ ਸਿੰਘ ਨੂੰ ਮਿਲ ਗਿਆ (ਵੱਲੋਂ ਕਵੀ)*

ਲੈ ਕੇ ਲਾਂਵ ਦੂਜੀ ਜਦੋਂ ਭਾਈ ਹੋਰਾਂ, ਸਤਿਗੁਰਾਂ ਨੂੰ ਸੀਸ ਨਿਵਾਇਆ ਏ
ਸਿੱਖ ਉੱਠਿਆ ਲੈ ਕੇ ਹੁਕਮਨਾਮਾ, ਜੋਗਾ ਸਿੰਘ ਨੂੰ ਜਾ ਵਿਖਾਇਆ ਏ
ਮੋਹਰ ਗੁਰਾਂ ਦੀ ਵੇਖ ਕੇ ਉਸ ਉੱਤੇ, ਲਾੜਾ ਬਹੁਤ ਹੀ ਦਿਲੋਂ ਹਰਖਾਇਆ ਏ
ਲੱਗਾ ਕਹਿਣ ਖ਼ਬਰੇ ਜਾਣੀ-ਜਾਣ ਵੱਲੋਂ, ਮੇਰੇ ਲਈ ਤੰਬੋਲ ਇਹ ਆਇਆ ਏ

### *ਹੈਰਾਨਗੀ ਵਿਚ*

ਚਿੱਠੀ ਖੋਲ੍ਹ ਕੇ ਪੜ੍ਹਦਿਆਂ ਭਾਈ ਜੀ ਦੀ, ਵਿਚ ਘੜੀ ਦੇ ਅਕਲ ਹੈਰਾਨ ਹੋ ਗਈ
ਕਰੇ ਗੱਲ ਨਾਹੀਂ ਸਕੇ ਚੱਲ ਨਾਹੀਂ, ਪਈ ਸੋਚ ਤੇ ਬੰਦ ਜ਼ਬਾਨ ਹੋ ਗਈ
ਇੱਕ ਰੰਗ ਆਵੇ ਇੱਕ ਰੰਗ ਜਾਵੇ, ਖ਼ੁਸ਼ੀ ਵਿਚ ਡਾਢੀ ਔਖੀ ਜਾਨ ਹੋ ਗਈ
'ਤੀਰ' ਹੋ ਹੈਰਾਨ ਸਭ ਵੇਖਦੇ ਨੇ, ਵਿਚ ਘੜੀ ਦੇ ਕਿਰਕਿਰੀ ਸ਼ਾਨ ਹੋ ਗਈ

### *ਚਿੱਠੀ ਦਾ ਮਜ਼ਮੂਨ (ਵੱਲੋਂ ਕਵੀ)*

ਚਿੱਠੀ ਵਿਚ ਇਹ ਗੁਰਾਂ ਨੇ ਲਿੱਖਿਆ ਸੀ, ਜੋਗਾ ਸਿੰਘ ਸਿੱਖਾ! ਮੇਰੀ ਜਾਨ ਹੈਂ ਤੂੰ
ਤੇਰੇ ਪ੍ਰੇਮ 'ਤੇ ਮੈਂ ਹਾਂ ਮਾਨ ਕਰਦਾ, ਮੇਰਾ ਜੱਗ 'ਤੇ ਸੋਹਣਿਆ ਮਾਨ ਹੈਂ ਤੂੰ
ਨਹੀਂ ਤੇਰਾ ਵਿਯੋਗ ਸਹਾਰ ਸਕਦਾ, ਮੇਰੀ ਨਿਗ੍ਹਾ ਦੇ ਵਿਚ ਪਰਵਾਨ ਹੈਂ ਤੂੰ
'ਤੀਰ' ਦਿਨੇ-ਰਾਤੀਂ ਮੇਰੀ ਅੱਖ ਅੰਦਰ, ਸਦਾ ਵੱਸਦਾ ਏਂ ਮੇਰੀ ਸ਼ਾਨ ਹੈਂ ਤੂੰ

### *ਮਹਾਰਾਜ ਜੀ ਦਾ ਹੁਕਮ*

ਜਿੱਥੇ ਹੈਂ ਤੇ ਜਿਵੇਂ ਹੈਂ ਸਿਦਕਵਾਨਾ! ਚਿੱਠੀ ਵੇਖਦਾ ਹੀ ਚਾਲੇ ਪਾਈਂ ਏਧਰ
ਬੈਠਾ ਉੱਠ ਤੇ, ਉੱਠਿਆ ਟੁਰ ਛੇਤੀ, ਵਾਹੋ-ਦਾਹ ਤੁਰ ਕੇ ਝੱਬ ਆਈਂ ਏਧਰ
ਖਾਵੀਂ ਅੰਨ ਨਾ ਜਲ ਵੀ ਮੂੰਹ ਪਾਵੀਂ, ਛੇਤੀ ਪੁਰੀ ਅਨੰਦ ਵੱਲ ਧਾਈਂ ਏਧਰ
'ਤੀਰ' ਤੂੰ ਓਧਰ ਜਿਹਨੂੰ ਲੋਚਦਾ ਏਂ, ਤੈਨੂੰ ਲੋਚਦਾ ਓਹ ਤੇਰਾ ਸਾਈਂ ਏਧਰ

### ਜੋਗਾ ਸਿੰਘ ਦੁਚਿੱਤੀ ਵਿਚ (ਵੱਲੋਂ ਕਵੀ)

ਚਿੱਠੀ ਪੜ੍ਹਦਿਆਂ ਦੋ ਖ਼ਿਆਲ ਆਏ, ਜੋਗਾ ਸਿੰਘ ਦਲੀਲ ਦੁੜਾਣ ਲੱਗਾ
ਜਾਵੇ ਕੀ ਕੀਤਾ ਏਸ ਸਮੇਂ ਉੱਤੇ, ਸਮਾਂ ਖੇਡ ਹੈ ਅਜਬ ਖਿਡਾਣ ਲੱਗਾ
ਕਦੇ ਸੋਚਦਾ ਲਵਾਂ ਦੋ ਹੋਰ ਲਾਵਾਂ, ਫੇਰ ਰੁੱਕ ਜਾਵੇ ਪੈਰ ਚਾਣ ਲੱਗਾ
'ਤੀਰ' ਦੁਹਾਂ ਖ਼ਿਆਲਾਂ ਦੀ ਨੈ ਅੰਦਰ, ਏਦਾਂ ਸੋਚ-ਫਾਥਾ ਗ਼ੋਤੇ ਖਾਣ ਲੱਗਾ

### ਜੋਗਾ ਸਿੰਘ ਦਿਲ ਵਿਚ ਸੋਚਦਾ ਹੈ

ਜੋਗਾ ਸਿੰਘ ਨੂੰ ਇੱਕ ਖ਼ਿਆਲ ਆਵੇ, ਰਹਿੰਦੀ ਰੀਤ ਨਿਭਾਵਣੀ ਚਾਹੀਦੀ ਏ
ਦੂਜੀ ਸੋਚ ਹਲੂਣਦੀ, ਨਹੀਂ ਸਿੱਖਾ! ਸਿੱਖੀ ਅੱਜ ਪੁਗਾਵਣੀ ਚਾਹੀਦੀ ਏ
ਫੇਰ ਆਖਦਾ ਢਿੱਲ ਕੀ ਲੱਗਣੀ ਏਂ, ਦਿਲੋਂ ਆਪਣੀ ਭਾਵਣੀ ਚਾਹੀਦੀ ਏ
ਘੜੀ ਵਿੱਚ ਹੀ ਕਾਜ ਦੇ ਰੰਗ ਅੰਦਰ, ਭੰਗ ਮੂਲ ਨਾ ਪਾਵਣੀ ਚਾਹੀਦੀ ਏ
ਫੇਰ ਆਖਦਾ ਜੋਗਿਆ! ਸਿਦਕਵਾਨਾ! ਵੇਖ ਸੋਚ ਕੁਝ ਆਵਣੀ ਚਾਹੀਦੀ ਏ
ਮੰਨ, ਮੰਨ ਤੋਂ ਆਗਿਆ ਗੁਰੂ ਜੀ ਦੀ, ਤੈਨੂੰ ਪ੍ਰੀਤ ਵਧਾਵਣੀ ਚਾਹੀਦੀ ਏ
ਫੇਰ ਆਖਦੀ ਉਹਨੂੰ ਕਬੀਲਦਾਰੀ, ਨਾ ਇਹ ਘੜੀ ਗਵਾਵਣੀ ਚਾਹੀਦੀ ਏ
ਪਹਿਲੇ ਕਾਜ ਨਜਿੱਠੀਏ ਮੂੰਹ ਆਇਆ, ਪਿੱਛੋਂ ਗੱਲ ਸੁਣਾਵਣੀ ਚਾਹੀਦੀ ਏ
ਸਿਦਕ ਝੱਟ ਹੀ ਅੰਦਰੋਂ ਕਹਿਣ ਲੱਗਾ, ਤੈਨੂੰ ਢਿੱਲ ਨਾ ਲਾਵਣੀ ਚਾਹੀਦੀ ਏ
ਪਾਲ ਆਗਿਆ ਗੁਰਾਂ ਦੀ ਸਿਦਕਵਾਨਾ, ਏਦਾਂ ਖ਼ੁਸ਼ੀ ਮਨਾਵਣੀ ਚਾਹੀਦੀ ਏ
ਸਾਂਝ ਇਹ ਸੰਸਾਰ ਦੀ ਪਾਣ ਖ਼ਾਤਰ, ਨਾਹੀਂ ਨੀਤ ਡੁਲਾਵਣੀ ਚਾਹੀਦੀ ਏ
'ਤੀਰ' ਗੁਰੂ ਜਿਸ ਘੜੀ ਪ੍ਰਸੰਨ ਹੋਵੇ, ਨਾ ਉਹ ਮੂਲ ਖੁੰਝਾਵਣੀ ਚਾਹੀਦੀ ਏ

### ਭਾਈ ਜੋਗਾ ਸਿੰਘ ਨੇ ਦੋ ਲਾਵਾਂ ਵਿੱਚੇ ਛੱਡ ਕੇ ਟੁਰ ਪੈਣਾ

ਅੰਤ ਜਿੱਤ ਹੋਈ ਸਿੱਖੀ ਸਿਦਕ ਦੀ ਹੀ, ਜੋਗਾ ਗੁਰਾਂ ਦੇ ਵੱਲ ਤਿਆਰ ਹੋਇਆ
ਲੱਗਾ ਕਹਿਣ ਜੇ ਪਾਲਿਆ ਹੁਕਮ ਨਾਹੀਂ, ਫੇਰ ਮੈਂ ਕਾਹਦਾ ਸੇਵਾਦਾਰ ਹੋਇਆ
ਲਾਵਾਂ ਛੱਡ ਜਾਣਾ ਕੋਈ ਗੱਲ ਨਹੀਂ, ਏਹ ਤਾਂ ਜੱਗ ਦਾ ਨਿਰਾ ਵਿਹਾਰ ਹੋਇਆ
ਹੁਕਮ ਗੁਰਾਂ ਦਾ ਮੋੜ ਨਾ ਸੱਕਦਾ ਮੈਂ, ਮੇਰਾ ਉਨ੍ਹਾਂ ਦੇ ਨਾਲ ਪਿਆਰ ਹੋਇਆ
ਲਓ ਮੈਂ ਜਾਂਵਦਾ ਹਾਂ ਰੁੱਕ ਸੱਕਦਾ ਨਾ, ਜਾਣੀ-ਜਾਣ ਤੋਂ ਦਿਲੋਂ ਬਲਿਹਾਰ ਹੋਇਆ
ਅੱਧ ਵਿਚ ਵਿਆਹ ਦੀ ਰੀਤ ਰੁੱਕੀ, ਵੇਖ-ਵੇਖ ਹੈਰਾਨ ਪਰਵਾਰ ਹੋਇਆ
ਜੋਗਾ ਸਿੰਘ ਨਾ ਮੰਨਿਆ ਗੱਲ ਕੋਈ, ਬੜਾ ਮਾਪਿਆਂ ਵੱਲੋਂ ਤਕਰਾਰ ਹੋਇਆ
'ਤੀਰ' ਰੋਕਿਆ ਰਿਹਾ ਨਾ ਮੂਲ ਲਾੜਾ, ਵੇਖ ਉਠ ਟੁਰਿਆ ਚਮਤਕਾਰ ਹੋਇਆ

## ਜੋਗਾ ਸਿੰਘ ਉੱਤੇ ਹੰਕਾਰ ਦਾ ਕਹਿਰੀ ਵਾਰ (ਵੱਲੋਂ ਕਵੀ)

ਐਪਰ ਆਣ ਹੰਕਾਰ ਨੇ ਵਾਰ ਕੀਤਾ, ਜੋਗਾ ਸਿੰਘ ਵਰਗੇ ਸਿਦਕਵਾਨ ਉੱਤੇ
ਉਹਨੂੰ ਦਿੱਲ ਦੇ ਅੰਦਰੋਂ ਕਹਿਣ ਲੱਗਾ, ਅਸਲ ਸਿੱਖ ਹੈਂ ਤੂੰ ਹੀਂ ਜਹਾਨ ਉੱਤੇ
ਚੰਦ ਵਾਂਗ ਪ੍ਰਸਿੱਧ ਹੈ ਨਾਮ ਤੇਰਾ, ਸਿੱਖੀ ਸਿਦਕ ਵਾਲੇ ਆਸਮਾਨ ਉੱਤੇ
ਦਸਮ ਪਿਤਾ ਵੀ ਹੈਣ ਸਨ ਮਾਨ ਕਰਦੇ, ਤੇਰੇ ਪ੍ਰੇਮ ਉੱਤੇ ਤੇਰੀ ਸ਼ਾਨ ਉੱਤੇ
ਜਿਹਦਾ ਪ੍ਰੇਮ ਤੇਰੀ ਛਾਤੀ ਵਿਚ ਰਹਿੰਦਾ, ਤੇਰਾ ਨਾਮ ਹੈ ਉਹਦੀ ਜ਼ਬਾਨ ਉੱਤੇ
ਸਮਾਂ ਮਾਣ ਕਰਸੀ ਤੇਰੀ ਪ੍ਰੀਤ ਉੱਤੇ, ਤੇਰੀ ਲਗਨ ਤੇਰੇ ਖ਼ਾਨਦਾਨ ਉੱਤੇ
ਅੱਧ ਵਿਚ ਹੀ ਛੱਡ ਵਿਆਹ ਤੁਰਨਾ, ਸਿਦਕ ਰੱਖ ਕੇ ਗੁਰੂ-ਭਗਵਾਨ ਉੱਤੇ
ਤੇਰਾ ਕੰਮ ਜੋਗਾ ਸਿੰਘਾ! ਜੱਗ ਅੰਦਰ, ਪੂਰਾ ਤੂੰ ਹੈਂ ਗੁਰੂ-ਧਿਆਨ ਉੱਤੇ
'ਤੀਰ' ਧੰਨ ਸਿੱਖੀ ਤੇਰੀ ਏਸ ਵੇਲੇ, ਹੈਂ ਤੂੰ ਚੱਲਿਆ ਤੇਜ਼ ਕਿਰਪਾਨ ਉੱਤੇ

## ਅੰਤਰਜਾਮੀ ਸ੍ਰੀ ਦਸਮੇਸ਼ ਜੀ ਦਿਲ ਦੀ ਜਾਣ ਗਏ

ਏਧਰ ਸਿੱਖ ਦੇ ਦਿਲ 'ਤੇ ਇਉਂ ਬੀਤੀ, ਜਾਣੀ-ਜਾਣ ਗਏ ਦਿੱਲ ਦੀ ਜਾਣ ਵੇਖੋ
ਲੱਗੇ ਕਹਿਣ, ਸਾਡੇ ਸਿਦਕਵਾਨ ਤਾਈਂ, ਲੈ ਕੇ ਡੋਬਿਆ ਚਾਂਵ੍ਹਦਾ ਮਾਣ ਵੇਖੋ
ਜਿਹੜੇ ਮਾਣ ਮਾਰੇ ਯੋਗੀ ਬ੍ਰਹਮਚਾਰੀ, ਲੱਗਾ ਓਸਨੂੰ ਸਿੱਖ ਅਪਣਾਨ ਵੇਖੋ
ਸਾਡੇ ਪ੍ਰੇਮ ਦਾ ਪੁੱਤਲਾ 'ਮੈਂ' ਅੰਦਰ, ਅੱਜ ਭੁੱਲ ਲੱਗਾ ਗ਼ੋਤੇ ਖਾਣ ਵੇਖੋ
ਭੁੱਲ ਗਿਆ ਉਹ ਆਪਣੇ ਆਪ ਤਾਈਂ, ਲੱਗਾ ਪੈਰ ਹੈ ਔਝੜੇ ਪਾਣ ਵੇਖੋ
'ਤੀਰ' ਸਮਾਂ ਕੀ ਰੰਗ ਵਿਖਾਂਵਦਾ ਏ, ਕੀ ਕਰਾਂਵਦੀ 'ਹਉਂ ਦੀ ਬਾਣ' ਵੇਖੋ

## ਜੋਗਾ ਸਿੰਘ ਹੁਸ਼ਿਆਰਪੁਰ ਵਿਚ (ਵੱਲੋਂ ਕਵੀ)

ਜੋਗਾ ਸਿੰਘ ਸੀ ਦਿਲੋਂ ਹੁਸ਼ਿਆਰ ਜਿਹੜਾ, ਆ ਕੇ ਪੁੱਜਿਆ ਪੁਰ ਹੁਸ਼ਿਆਰ ਅੰਦਰ
ਹੋਈ ਸੰਧਿਆ ਤਾਂ ਚੱਕਰ ਲਾਣ ਚੜ੍ਹਿਆ, ਸੈਰ ਵਾਸਤੇ ਉੜਦ ਬਾਜ਼ਾਰ ਅੰਦਰ
ਉਹਨੇ ਵੇਸਵਾ ਇਕ ਹੁਸੀਨ ਡਿੱਠੀ, ਸੱਜੀ ਸੋਹਝ ਤੇ ਰੂਪ ਸ਼ਿੰਗਾਰ ਅੰਦਰ
ਵੱਜੇ ਨੈਣ ਖ਼ੂਨੀ ਆਣ ਦਿੱਲ ਉੱਤੇ, ਫੱਟੜ ਹੋ ਗਿਆ ਸਿੱਖ ਪਲਕਾਰ ਅੰਦਰ
ਸਿੱਖੀ ਸਿਦਕ ਭੁੱਲਾ, ਗੁਰੂ-ਪ੍ਰੇਮ ਭੁੱਲਾ, ਨਾਹੀਂ ਧਰਮ ਦੀ ਰਹੀ ਵਿਚਾਰ ਅੰਦਰ
ਵਿਸ਼ੇ-ਵਾਸ਼ਨਾ ਦਾ ਅੰਦਰ ਹੜ੍ਹ ਆਇਆ, ਕਾਮੀ ਖਾਏ ਗੋਤੇ ਮੰਝਧਾਰ ਅੰਦਰ
ਮਾਰੇ ਕਈ ਫੇਰੇ ਉਹਨੇ ਓਸ ਪਾਸੇ, ਰਾਤੀਂ ਵੇਸਵਾ ਦੇ ਕੱਚੇ ਪਿਆਰ ਅੰਦਰ
ਆਵੇ ਫੇਰ ਜਾਵੇ, ਜਾਵੇ ਫੇਰ ਆਵੇ, ਸੌ-ਸੌ ਵਾਰ ਵੇਖੇ ਵਾਰ-ਵਾਰ ਅੰਦਰ
ਉਹਦਾ ਦਿਲ-ਪੰਛੀ ਅਚਨਚੇਤ ਫਾਥਾ, ਖ਼ੂਨੀ ਪਰੀ ਦੇ ਫੁੱਲਾਂ ਦੇ ਹਾਰ ਅੰਦਰ
ਉਹਦੀ ਆਤਮਾ ਬੱਝ ਗਈ ਵੇਖਦੇ ਹੀ, ਉਹਦੇ ਕਾਲਿਆਂ ਕੇਸਾਂ ਦੀ ਤਾਰ ਅੰਦਰ
ਓਸ ਸਿਦਕ ਦੇ ਫੁੱਲ ਨੂੰ ਮਹਿਕ ਜਾਪੀ, ਵਿਸ਼ੇ-ਵਾਸ਼ਨਾ ਦੇ ਤਿੱਖੇ ਖ਼ਾਰ ਅੰਦਰ

ਅਰਸ਼ੀ ਪੀਂਘ ਦਾ ਦਿੱਸਿਆ ਸੁੱਖ ਉਸਨੂੰ, ਉਹਦੇ ਰੂਪ ਦੇ ਚੜ੍ਹੇ ਹੁਲਾਰ ਅੰਦਰ
ਉਹਦੀ ਤੱਕਣੀ 'ਤੇ ਜੀਂਦੇ ਜੀ ਮੋਇਆ, ਸਿੱਖ ਮਾਰਿਆ ਗਿਆ ਹੰਕਾਰ ਅੰਦਰ
ਚੰਦ ਸੱਚ ਦਾ, ਕੱਚ 'ਤੇ ਭੁੱਲ ਬੈਠਾ, ਫੱਸ ਵਿਸ਼ੇ ਦੇ ਕੂੜ-ਪਰਵਾਰ ਅੰਦਰ
ਗੁਰੂ ਅੰਦਰੋਂ ਨਿਕਲਿਆ ਓਸ ਵੇਲੇ, ਰਹੀ ਤਾਬ ਨਾ ਜਿਵੇਂ ਮੁਰਦਾਰ ਅੰਦਰ
ਗਿਆ ਪੱਲ ਵਿਚ ਮਾਰਿਆ ਓਸ ਵੇਲੇ, ਵੇਖੋ ਵੱਸ ਗਈ ਵੇਸਵਾ ਨਾਰ ਅੰਦਰ
ਦਿਲੋਂ ਸੱਚ ਤੇ ਧਰਮ ਦਾ ਵਣਜ ਲੱਥਾ, ਪੈ ਕੇ ਕੱਚ ਦੇ ਕੂੜ-ਵਪਾਰ ਅੰਦਰ
ਆਵੇ ਚੈਨ ਨਾ ਓਸਦੇ ਮਨ ਤਾਈਂ, ਗੁੱਝੀ ਪਈ ਹੋਵੇ ਮਾਰੋ-ਮਾਰ ਅੰਦਰ
ਚੱਕਰ ਕੱਢਦਾ ਕੋਹਲੂ ਦੇ ਬਲਦ ਵਾਂਗੂੰ, ਮੀਟ ਅੱਖੀਆਂ ਉਹਦੇ ਦੀਦਾਰ ਅੰਦਰ
'ਤੀਰ' ਅੱਖ ਦਾ ਮਾਰਿਆ ਬੱਚਦਾ ਨਾ, ਲੋਕੀਂ ਆਖਦੇ ਏਸ ਸੰਸਾਰ ਅੰਦਰ

### *ਕਾਮ-ਦੇਵਤਾ ਦੀ ਸ਼ਕਤੀ (ਵੱਲੋਂ ਕਵੀ)*

ਕਾਮ-ਦੇਵਤਾ ਬੜਾ ਸ਼ਾਹ-ਜ਼ੋਰ ਕਹਿੰਦੇ, ਬੜੀ ਸੂਝ ਵਾਲਾ ਬੜੇ ਤਾਣ ਵਾਲਾ
ਜਦੋਂ ਫੁੱਲਾਂ ਦਾ ਤਾਣ ਕੇ ਬਾਣ ਮਾਰੇ, ਬੱਚ ਸੱਕਦਾ ਮੂਲ ਨਾ ਖਾਣ ਵਾਲਾ
ਵਿਸ਼ੇ-ਵਾਸ਼ਨਾ ਦਾ ਹਿਰਨ ਹੋ ਮਰਦਾ, ਬੜੇ ਜੱਤ ਵਾਲਾ ਬੜੇ ਮਾਣ ਵਾਲਾ
ਦਿੱਲ ਆਪਣਾ ਸੁੱਟਦਾ *ਨਾਰ ਅੰਦਰ, ਸੂਹੇ ਫੁੱਲ ਤੋਂ ਜਾਨ ਬਚਾਣ ਵਾਲਾ
ਜਤੋਂ ਡੋਲ ਜਾਂਦਾ ਸੱਤ ਰੋਲ ਲੈਂਦਾ, ਪੱਲਾ ਏਸਦੇ ਨਾਲ ਛੁਹਾਣ ਵਾਲਾ
ਸਦਾ ਜੋਤ ਜਗਾਂਵਦਾ ਨਾਰੀਆਂ ਦੀ, ਕਾਮਦੇਵ ਦੀ ਜੋਤ ਜਗਾਣ ਵਾਲਾ
ਜਾਵੇ ਮਾਰਿਆ ਘੜੀ ਦੀ ਘੜੀ ਅੰਦਰ, ਨਾਲ ਕਾਮ ਦੇ ਦੋਸਤੀ ਪਾਣ ਵਾਲਾ
'ਤੀਰ' ਰੂਪ ਦਾ ਹੋ ਸ਼ਿਕਾਰ ਜਾਂਦਾ, ਵਿਸ਼ੇ-ਵਾਸ਼ਨਾ ਦੇ ਗੀਤ ਗਾਣ ਵਾਲਾ

### *ਕਾਮ ਨੇ ਕੀ ਕੀ ਕੀਤਾ (ਵੱਲੋਂ ਕਵੀ)*

ਕਾਮਦੇਵ ਨੇ ਬੜੇ ਈ ਜੰਗ ਜਿੱਤੇ, ਜੱਗ ਏਸ ਦੇ ਸਾਹਮਣੇ ਹਾਰਿਆ ਜੇ
ਇਹਨੇ ਸਾਧੂਆਂ ਤੇ ਬ੍ਰੱਹਮਚਾਰੀਆਂ ਨੂੰ, ਰੋਲ-ਰੋਲ ਕੇ ਰੜੇ 'ਤੇ ਮਾਰਿਆ ਜੇ
ਕੋਈ ਭੁੱਲਿਆ ਵੇਖ ਕੇ ਮੇਨਕਾ ਨੂੰ, ਕਿਸੇ ਸਮਾਂ ਨਾ ਮੂਲ ਵਿਚਾਰਿਆ ਜੇ
ਜਦੋਂ ਆਣ ਕੇ ਕਾਮ ਨੇ ਬਾਣ ਮਾਰੇ, ਸ੍ਰਿੰਗੀ ਜਿਹਾਂ ਨੇ ਨੇਮ ਵਿਸਾਰਿਆ ਜੇ
ਕੋਈ ਡੱਡੀਆਂ ਤੇ ਕੋਈ ਹਰਨੀਆਂ 'ਤੇ, ਰਿਖੀ ਹੁੰਦਿਆਂ ਵੀ ਗਿਆ ਵਾਰਿਆ ਜੇ
'ਤੀਰ' ਏਸ ਚਾਲਾਕ ਨੇ ਜੱਗ ਸਾਰਾ, ਵੇਖੋ ਚਾਤਰੀ ਦੇ ਨਾਲ ਚਾਰਿਆ ਜੇ

### *ਅੱਖੀਆਂ ਦੀ ਮਾਰ (ਵੱਲੋਂ ਕਵੀ)*

ਡਾਢੀ ਬੁਰੀ ਹੁੰਦੀ ਮਾਰ ਅੱਖੀਆਂ ਦੀ, ਪੱਲ ਵਿੱਚ ਨੇ ਦੇਂਦੀਆਂ ਮਾਰ ਅੱਖਾਂ

---

* ਅੱਗ ਵੀ ਤੇ ਇਸਤਰੀ ਵੀ।

ਹੱਥੋਂ ਤੇਜ਼ ਤਲਵਾਰ ਵੀ ਡਿੱਗ ਪੈਂਦੀ, ਜਦੋਂ ਕਰਦੀਆਂ ਆਪਣੇ ਵਾਰ ਅੱਖਾਂ
ਕਾਨੀ ਕਹਿਰ ਦੀ ਵਾਂਗਰਾਂ ਜਦੋਂ ਵੱਜਣ, ਹੋ ਜਾਂਦੀਆਂ ਸੀਨਿਓਂ ਪਾਰ ਅੱਖਾਂ
ਉਹਨਾਂ ਅੱਖੀਆਂ ਦੀ ਨੀਂਦ ਉੱਡ ਜਾਂਦੀ, ਅੱਖ ਨਾਲ ਜੋ ਕਰਨ ਪਿਆਰ ਅੱਖਾਂ
ਸਾਣ-ਲੱਗੀਆਂ ਤਿੱਖੀਆਂ ਕਰਨ ਫੱਟੜ, ਅੱਚਨਚੇਤ ਜਾਂ ਸਰੇ-ਬਾਜ਼ਾਰ ਅੱਖਾਂ
ਮੱਛੀ-ਤੜਫਣੀ ਲੱਗਦੀ ਦਿੱਲ ਤਾਈਂ, ਕੱਰ ਦੇਂਦੀਆਂ ਨੇ ਬੇ-ਕਰਾਰ ਅੱਖਾਂ
ਜਾਦੂ ਹੈ ਭਰਿਆ ਕੋਈ ਇਨ੍ਹਾਂ ਅੰਦਰ, ਟੂਣੇ ਕਰਨ ਪਈਆਂ ਟੂਣੇਹਾਰ ਅੱਖਾਂ
ਜੰਗ ਜਿੱਤਣੇ ਵਾਸਤੇ ਨਾਰ ਤਾਈਂ, ਰੱਬ ਦਿੱਤੀਆਂ ਹੈਣ ਹਥਿਆਰ ਅੱਖਾਂ
ਮਾਰੇ ਅੱਖੀਆਂ ਦੇ ਮਿੱਟੀ ਹੋ ਜਾਂਦੇ, ਮਿੱਟੀ ਰੱਜ ਕੇ ਕਰਨ ਖਵਾਰ ਅੱਖਾਂ
ਕੋਈ ਖਿੱਚ ਅਗੰਮ ਦੀ ਇਨ੍ਹਾਂ ਅੰਦਰ, ਮੌਤ ਜ਼ਿੰਦਗੀ ਨੇ ਅਲੋਕਾਰ ਅੱਖਾਂ
ਅੱਗ ਲਾਂਦੀਆਂ ਕਹਿਰ ਦੀ ਕਾਲਜੇ ਨੂੰ, ਨਿਗ੍ਹਾ ਪੈਣ ਜਾਂ ਲਾਲ ਅੰਗਾਰ ਅੱਖਾਂ
ਜਦੋਂ ਜ਼ਰਾ ਵੇਖਣ ਮਿਹਰਬਾਨ ਹੋ ਕੇ, ਦੇਣ ਲੂਸਦੇ ਦਿਲਾਂ ਨੂੰ ਠਾਰ ਅੱਖਾਂ
ਅੱਗੇ ਅੱਖੀਆਂ ਦੇ ਸਦਾ ਰਹੇ ਫਿਰਦਾ, ਕਿਸੇ ਨਾਲ ਜਾਂ ਹੋਂਦੀਆਂ ਚਾਰ ਅੱਖਾਂ
ਅੱਖਾਂ ਲੱਗੀਆਂ ਨਾ ਜੋਗਾ ਸਿੰਘ ਦੀਆਂ, ਵੇਖ ਵੇਸਵਾ ਦੀਆਂ ਕਟਾਰ-ਅੱਖਾਂ
'ਤੀਰ' ਮੁੜ-ਮੁੜ ਕੇ ਫੇਰ ਜਾਏ ਓਧਰ, ਵੇਖੋ ਵਿੱਕੀਆਂ ਵਿਸ਼ੇ-ਬਜ਼ਾਰ ਅੱਖਾਂ

### ਜੋਗਾ ਸਿੰਘ ਵੇਸਵਾ ਦੇ ਬੂਹੇ ਉੱਤੇ ਮੁੜ-ਮੁੜ ਕੇ ਜਾਂਦਾ ਹੈ (ਵੱਲੋਂ ਕਵੀ)

ਆਵੇ ਚੈਨ ਨਾ ਅੰਦਰੋਂ ਦਿੱਲ ਤਾਈਂ, ਘੜੀ-ਮੁੜੀ ਓਸੇ ਪਾਸੇ ਜਾਏ ਜੋਗਾ
ਦਿਲੋਂ ਵੇਸਵਾ ਨਾਰ ਨੂੰ ਫੁੱਲ ਜਾਣੇ, ਭੌਰ ਵਾਂਗ ਗਿਰਦੇ ਘੁੰਮਰ ਪਾਏ ਜੋਗਾ
ਖਲਾ ਪਹਿਰੂਆ ਵੇਖ ਕੇ ਬੂਹੇ ਉੱਤੇ, ਦਿਲੋਂ ਲੱਖ ਦਲੀਲ ਦੁੜਾਏ ਜੋਗਾ
'ਤੀਰ' ਕਾਮ ਦੇ ਵਿਚ ਹੋ ਗਿਆ ਅੰਨ੍ਹਾ, ਵਿਸ਼ੇ-ਵਾਸ਼ਨਾ ਦੇ ਠੇਡੇ ਖਾਏ ਜੋਗਾ

### ਜੋਗਾ ਸਿੰਘ ਮੁੜ-ਮੁੜ ਫੇਰੇ ਮਾਰਦਾ ਹੈ (ਵੱਲੋਂ ਕਵੀ)

ਜਿੰਨੀ ਵਾਰ ਪੁੱਜਾ ਓਸ ਦਰ ਉੱਤੇ, ਓਨੀ ਵਾਰ ਦੁਰਕਾਰਿਆ ਗਿਆ ਅੱਗੋਂ
'ਉੱਤੇ ਗਏ ਨੇ ਇਕ ਨਵਾਬ ਹੋਰੀਂ', ਹਰ ਵਾਰ ਪੁਕਾਰਿਆ ਗਿਆ ਅੱਗੋਂ
ਜਿੰਨੀ ਵਾਰ ਉਹ ਪੌੜੀਆਂ ਚੜ੍ਹਨ ਲੱਗਾ, ਝਾੜਾਂ ਪਾ ਉਤਾਰਿਆ ਗਿਆ ਅੱਗੋਂ
'ਤੀਰ' ਆਖ਼ਰੀ ਵਾਰ ਤਾਂ ਹੱਦ ਹੋਈ, ਜਾਂਦੇ ਤਾਈਂ ਲਲਕਾਰਿਆ ਗਿਆ ਅੱਗੋਂ

### ਪਹਿਰੇਦਾਰ ਦੀ ਪਹਿਲੀ ਝਿੜਕ

ਪਹਿਰੇਦਾਰ ਨੇ ਆਖ਼ਰੀ ਵਾਰ ਕਿਹਾ, 'ਓ ਤੂੰ ਕੌਣ ਹੈਂ ਤੇ ਕਿਹੜਾ ਦੇਸ ਤੇਰਾ
ਪੋਚੀ ਪੱਗ ਤੇ ਗੱਲ ਕ੍ਰਿਪਾਨ ਪਾਈ, ਸਿੱਖਾਂ ਸਿਦਕੀਆਂ ਦੇ ਵਾਂਗ ਵੇਸ ਤੇਰਾ
ਦਾੜ੍ਹੀ ਮੂੰਹ ਉੱਤੇ ਕੜਾ ਹੱਥ ਅੰਦਰ, ਅੰਮ੍ਰਿਤ-ਰੰਗਿਆ ਇੱਕ-ਇੱਕ ਕੇਸ ਤੇਰਾ

ਓ ਤੂੰ ਇਹ ਕਰਤੂਤ ਕੀ ਕਰਨ ਲੱਗੋਂ, ਮੈਨੂੰ ਜਾਪਦਾ ਗੁਰੂ ਦਸਮੇਸ਼ ਤੇਰਾ

### ਪਹਿਰੂਏ ਦੀ ਦੂਜੀ ਝਿੜਕ

ਤੇਰੀ ਸ਼ਕਲ ਤਾਂ ਸਿੱਖ ਦੀ ਜਾਪਦੀ ਏ, ਦੱਸ ਇਹ ਕਰਤੂਤ ਕੀ ਕਰਨ ਲੱਗੋਂ
ਤੈਨੂੰ ਜ਼ਿੰਦਗੀ ਗੁਰੂ ਦਸਮੇਸ਼ ਦਿੱਤੀ, ਮੌਤ ਕੁੱਤਿਆਂ ਦੀ ਕਿਥੇ ਮਰਨ ਲੱਗੋਂ
ਗੁਰੂ-ਦਰਸ਼ਨਾਂ ਲਈ ਇਹ ਅੱਖੀਆਂ ਸੀ, ਕਿਉਂ ਵੇਸਵਾ ਦਾ ਰੂਪ ਭਰਨ ਲੱਗੋਂ
'ਤੀਰ' ਜੱਗ 'ਤੇ ਗੁਰੂ ਦਾ ਸਿੱਖ ਹੋ ਕੇ, ਕਿਉਂ ਪਾਪ ਵੱਲੇ ਪੈਰ ਧਰਨ ਲੱਗੋਂ

### ਪਹਿਰੂਏ ਦੀ ਤੀਜੀ ਝਿੜਕ

ਤੇਰਾ ਦਿੱਲ ਦਸਮੇਸ਼ ਦਾ ਹੈ ਆਸਨ, ਉੱਤੇ ਵੇਸਵਾ ਪਿਆ ਬਿਠਾ ਨਾਹੀਂ
ਤੇਰੀ ਦੇਹ ਹੈ ਅੰਮ੍ਰਤੀ ਬਣੀ ਹੋਈ, ਇਹਨੂੰ ਜ਼ਹਿਰ ਦੇ ਨਾਲ ਛੁਹਾ ਨਾਹੀਂ
ਅੱਖਾਂ ਤੇਰੀਆਂ ਨੇ ਅੰਮ੍ਰਿਤਪਾਨ ਕੀਤਾ, ਅੱਖੀਂ ਕਾਮਨੀ ਦੀ ਅੱਗ ਪਾ ਨਾਹੀਂ
ਤੇਰੀ ਆਤਮਾ ਸੱਚ ਦੀ ਆਤਮਾ ਏ, ਇਹਨੂੰ ਕੂੜ ਦੇ ਵਿਚ ਰਲਾ ਨਾਹੀਂ
ਤੇਰੀ ਪ੍ਰੀਤ ਹੈ ਗੁਰੂ ਦੇ ਨਾਲ ਸਿੱਖਾ! ਵੇਖ ਵੇਸਵਾ ਦੇ ਗੀਤ ਗਾ ਨਾਹੀਂ
'ਤੀਰ' ਜੇ ਤੂੰ ਭਵਜਲੋਂ ਪਾਰ ਹੋਣਾ, ਏਸ ਗੰਦ ਅੰਦਰ ਗੋਤੇ ਖਾ ਨਾਹੀਂ

### ਚੌਥੀ ਝਿੜਕ

ਫੇਰੇ ਪਾਂਦਿਆਂ ਵੇਖ! ਪਰਭਾਤ ਹੋਈ, ਕਿਥੇ ਅੱਜ ਹੈ ਤੇਰਾ ਧਿਆਨ ਸਿੱਖਾ
ਤੈਨੂੰ ਅੱਜ ਨਿੱਤਨੇਮ ਦਾ ਨੇਮ ਭੁੱਲਾ, ਭੁੱਲ ਗਿਆ ਈ ਗੁਰੂ-ਭਗਵਾਨ ਸਿੱਖਾ
ਅੰਨ੍ਹਾ ਹੋ ਨਾ ਰੂਪ ਦੀ ਝਲਕ ਖਾ ਕੇ, ਜਾ ਕੇ ਕਰ ਖਾਂ ਕਿਤੇ ਇਸ਼ਨਾਨ ਸਿੱਖਾ
'ਤੀਰ' ਪੜ੍ਹ ਬਾਣੀ ਗੁਰੂ ਕੱਰ ਚੇਤੇ, ਸਿਦਕ ਰੱਖ ਪੱਕਾ ਸਿਦਕਵਾਨ ਸਿੱਖਾ

### ਭਾਈ ਜੋਗਾ ਸਿੰਘ ਨੂੰ ਹੋਸ਼ ਆ ਗਈ

ਜਦੋਂ ਪਹਿਰੂਏ ਨੇ ਏਦਾਂ ਖੁੰਬ ਠੱਪੀ, ਜੋਗਾ ਸਿੰਘ ਸੋਚਾਂ ਦਿਲੋਂ ਕਰਨ ਲੱਗਾ
ਓਇ ਮੇਰਿਆ ਮਾਲਕਾ! ਆਣ ਏਥੇ, ਕਿਹੜੇ ਰਾਹ ਮੈਂ ਪੈਰ ਸਾਂ ਧਰਨ ਲੱਗਾ
ਅੰਮ੍ਰਿਤ ਭੁੱਲ ਕੇ ਗੁਰੂ ਦਸਮੇਸ਼ ਤੇਰਾ, ਅੱਜ ਜ਼ਹਿਰ ਦੇ ਘੁੱਟ ਸਾਂ ਭਰਨ ਲੱਗਾ
'ਤੀਰ' ਦਿਲ ਦੇ ਵਿੱਚ ਵਿਚਾਰ ਕਰਕੇ, ਜੋਗਾ ਸਿੰਘ ਵਿਚ ਸੋਚ ਦੇ ਮਰਨ ਲੱਗਾ

### ਜੋਗਾ ਸਿੰਘ ਨੂੰ ਪਛਤਾਵਾ

ਸ਼ਰਮ ਵਿਚ ਪਾਨੀ-ਪਾਨੀ ਹੋ ਮੁੜਿਆ, ਪਿਆ ਮੱਨ ਨੂੰ ਲਾਹਨਤਾਂ ਪਾਏ ਰੋ ਰੋ
ਸੱਚੇ ਪਾਤਸ਼ਾਹ ਹੱਥ ਦੇ ਰੱਖਿਆ ਜੇ, ਜੋੜੇ ਹੱਥ ਅਤੇ ਪਛੋਤਾਏ ਰੋ ਰੋ
'ਅੱਗੋਂ ਵਾਸਤੇ ਕਦੇ ਨਾ ਮਾਣ ਕਰਸਾਂ', ਆਖ-ਆਖ ਕੰਨੀਂ ਹੱਥ ਲਾਏ ਰੋ ਰੋ

'ਤੀਰ' ਚੱਲਿਆ ਅੰਤ ਹੁਸ਼ਿਆਰਪੁਰ ਤੋਂ, ਪਿਆ ਆਪਣਾ ਪੰਧ ਮੁਕਾਏ ਰੋ ਰੋ

### ਜੋਗਾ ਸਿੰਘ ਅਨੰਦਪੁਰ ਵਿਚ (ਵੱਲੋਂ ਕਵੀ)

ਜਦੋਂ ਪੁੱਜਿਆ ਵਿਚ ਅਨੰਦਪੁਰ ਦੇ, ਜੋਗਾ ਸਿੰਘ ਬੇ-ਹੱਦ ਸ਼ਰਮਾਂਵਦਾ ਏ
ਵਾਲ-ਵਾਲ ਉਸਦਾ ਉਦੋਂ ਕੰਬ ਜਾਂਦਾ, ਜਦੋਂ ਰਾਤ ਵਾਲਾ ਚੇਤਾ ਆਂਵਦਾ ਏ
ਵੇਖ ਸੱਜਿਆ ਗੁਰੂ-ਦੀਵਾਨ ਸੋਹਣਾ, ਦੂਰੋਂ ਗੁਰਾਂ ਨੂੰ ਸੀਸ ਨਿਵਾਂਵਦਾ ਏ
ਦੂਰੋਂ ਵੇਖ ਕੇ ਆ ਗਿਆ ਸਿੰਘ ਜੋਗਾ, 'ਤੀਰ' ਸ੍ਰੀ ਦਸਮੇਸ਼ ਬੁਲਾਂਵਦਾ ਏ

### ਜੋਗਾ ਸਿੰਘ ਸ੍ਰੀ ਦਸਮੇਸ਼ ਜੀ ਦੇ ਚਰਨਾਂ ਵਿਚ (ਵੱਲੋਂ ਕਵੀ)

ਡਿੱਗਾ ਵਿਚ ਚਰਨੀਂ ਜੋਗਾ ਸਿੰਘ ਜਾ ਕੇ, ਰੋ ਰੋ ਅੱਖੀਓਂ ਨੀਰ ਵਹਾਂਵਦਾ ਏ
ਸੱਚੇ ਪਾਤਸ਼ਾਹ ਦਾਸ ਨੂੰ ਬਖ਼ਸ਼ ਲੈਣਾ, ਕਹਿ ਕੇ ਨਾਮ ਦੇ ਵਾਸਤੇ ਪਾਂਵਦਾ ਏ
ਦਇਆ-ਪੁੰਜ ਦਸਮੇਸ਼ ਪਿਆਰ ਭਿੱਜਾ, ਗਲੇ ਆਪਣੇ ਜੋਗੇ ਨੂੰ ਲਾਂਵਦਾ ਏ
ਐਪਰ 'ਤੀਰ' ਜੀ ਦੋਵੇਂ ਹੀ ਨੈਣ ਭਰ ਕੇ, ਜੋਗਾ ਸਿੰਘ ਨੂੰ ਇਉਂ ਫ਼ੁਰਮਾਂਵਦਾ ਏ

### ਸ੍ਰੀ ਦਸਮੇਸ਼ ਜੀ ਦੇ ਬਚਨ

ਮੇਰੇ ਜੋਗਿਆ! ਹੀਰਿਆ ਰਾਤ ਵੇਲੇ, ਵੇਖ ਇਹ ਤਾਂ ਦਿਲੋਂ ਵਿਚਾਰਨਾ ਸੀ
ਕਿਉਂ ਜੱਤ ਤੇ ਸੱਤ ਤੋਂ ਡੋਲਣਾ ਸੀ, ਕਿਉਂ ਆਪਣੀ ਨੀਤ ਨੂੰ ਹਾਰਨਾ ਸੀ
ਕਿਉਂ ਰੱਬ ਨੂੰ ਦਿਲੋਂ ਭੁਲਾਵਣਾ ਸੀ, ਕਿਉਂ ਪਾਪ ਦੀ ਧਾਰਨਾ ਧਾਰਨਾ ਸੀ
ਮੈਨੂੰ ਜੋਗਿਆ ਓਇ ਬੂਹੇ ਵੇਸਵਾ ਦੇ, ਕਿਉਂ ਪਹਿਰੂਏ ਵਾਂਗ ਖਲ੍ਹਾਰਨਾ ਸੀ
ਹੱਛਾ! ਮੈਂ ਤੇ ਨਹੀਂ ਵਿਸਾਰ ਸਕਦਾ, ਜੇਕਰ ਤੂੰ ਹੀ ਮੈਨੂੰ ਵਿਸਾਰਨਾ ਸੀ
'ਤੀਰ' ਏਸ ਲਈ ਸਾਂ ਪਹਿਰੇਦਾਰ ਬਣਿਆ, ਮੈਂ ਤੇ ਡੁੱਬਦੇ ਜੋਗੇ ਨੂੰ ਤਾਰਨਾ ਸੀ

### ਜੋਗਾ ਸਿੰਘ ਦੀ ਜੋਦੜੀ

ਹੱਥ ਜੋੜ ਰੋਇਆ ਜੋਗਾ ਸਿੰਘ ਏਦਾਂ, ਕੀਤੀ ਰੱਖਿਆ ਜੇ ਸ਼ਹਿਨਸ਼ਾਹ ਰਾਤੀਂ
ਮੈਂ ਤਾਂ ਗ਼ਰਕ ਹੋ ਗਿਆ ਸਾਂ ਵਿਸ਼ੇ ਅੰਦਰ, ਹੋ ਚੱਲੀ ਸੀ ਪ੍ਰੀਤ ਤਬਾਹ ਰਾਤੀਂ
ਬੇੜੀ ਡੁੱਬਦੀ ਵੇਖ ਕੇ ਬਾਹੁੜੇ ਓ, ਜਾਣੀ-ਜਾਣ ਜੀ ਵਾਂਗ ਮਲਾਹ ਰਾਤੀਂ
'ਤੀਰ' ਹੱਥ ਦੇ ਕੇ ਜੇ ਬਚਾਂਵਦੇ ਨਾ, ਮੇਰੀ ਸਿੱਖੀ ਨੂੰ ਲੱਗੀ ਸੀ ਛਾਹ ਰਾਤੀਂ

### ਸ੍ਰੀ ਦਸਮੇਸ਼ ਜੀ ਭਾਈ ਜੋਗਾ ਸਿੰਘ ਨੂੰ ਕਹਿੰਦੇ ਹਨ

ਗੁਰਾਂ ਆਖਿਆ! ਕਰੀ ਨਾ ਮਾਣ ਸਿੱਖਾ, ਕਿਸੇ ਘੜੀ ਵੀ ਏਸ ਸੰਸਾਰ ਅੰਦਰ
ਹੱਥ ਟਹਿਲ ਸੇਵਾ ਅੰਦਰ ਰਹਿਣ ਰੁੱਝੇ, ਚਿੱਤ ਰੁੱਝਿਆ ਰਹੇ ਕਰਤਾਰ ਅੰਦਰ
ਮੇਰਾ ਸਿੰਘ ਜੋ ਕਾਮ ਤੋਂ ਹੋਏ ਉੱਚਾ, ਰੱਖੇ ਚਿੱਤ ਨੂੰ ਆਪਣੀ ਨਾਰ ਅੰਦਰ

ਵਿਸ਼ੇ-ਵਾਸ਼ਨਾ ਨੂੰ ਦੱਬੇ ਕਬਰ ਅੰਦਰ, ਵੱਸੇ ਕੰਵਲ ਦੇ ਵਾਂਗ ਪਰਵਾਰ ਅੰਦਰ
ਸਦਾ ਨਾਮ ਬਾਣੀ ਰੱਖੇ ਜੀਭ ਉੱਤੇ, ਭਿੱਜਾ ਰਹੇ ਸਤਸੰਗ ਪਿਆਰ ਅੰਦਰ
'ਤੀਰ' ਓਸਦੀ ਹੋਏ ਮਨਜ਼ੂਰ ਸਿੱਖੀ, ਮੇਰੇ ਜੋਗਿਆ! ਏਸ ਦਰਬਾਰ ਅੰਦਰ

### ਜੋਗਾ ਸਿੰਘ ਦੀ ਅਰਦਾਸ

ਜੋਗਾ ਸਿੰਘ ਨੇ ਜੋੜ ਕੇ ਹੱਥ ਦੋਵੇਂ, ਕਿਹਾ ਪਾਤਸ਼ਾਹੋ ਚਰਨੀਂ ਲਾਈ ਰੱਖੋ
ਭੁੱਲਣਹਾਰ ਹੈ ਮੂਲ ਨਾ ਕਿਸੇ ਜੋਗਾ, ਜੋਗੇ ਆਪਣੇ 'ਤੇ ਨਿਗ੍ਹਾ ਪਾਈ ਰੱਖੋ
ਡਿੱਗੇ ਫੇਰ ਨਾ ਵਿਸ਼ੇ ਦੇ ਡੂੰਮ ਅੰਦਰ, ਸਦਾ ਵਾਸਤੇ ਆਪ ਬਚਾਈ ਰੱਖੋ
'ਤੀਰ' 'ਪਿਤਾ ਬਖ਼ਸ਼ੇ ਭੁੱਲੇ ਪੁੱਤਰਾਂ' ਨੂੰ, ਕਾਇਮ ਤੁਸੀਂ ਵੀ ਇਹ ਵਡਿਆਈ ਰੱਖੋ

### ਵੱਲੋਂ ਕਵੀ

ਏਸ ਤਰ੍ਹਾਂ ਪਿਆਰ ਦੇ ਭਰੇ ਕੌਤਕ, ਰੋਜ਼ ਸ੍ਰੀ ਦਸਮੇਸ਼ ਵਰਤਾਂਵਦੇ ਸੀ
ਲੱਜ ਪਾਲਦੇ ਆਪਣੇ ਪਿਆਰਿਆਂ ਦੀ, ਪਾਪ-ਰਾਹ ਤੋਂ ਸਦਾ ਬਚਾਂਵਦੇ ਸੀ
ਰੋਜ਼ ਦਰਸ਼ਨਾਂ ਨੂੰ ਭੌਰੇ ਦਰਸ਼ਨਾਂ ਦੇ, ਦੂਰ-ਦੂਰ ਤੋਂ ਚੱਲ ਕੇ ਆਂਵਦੇ ਸੀ
'ਤੀਰ' ਧਰਮ ਦੇ ਪੁੰਜ ਦਸਮੇਸ਼ ਮੇਰੇ, ਪਏ ਧਰਮ ਤੇ ਪ੍ਰੇਮ ਫੈਲਾਂਵਦੇ ਸੀ

### ਸਿਦਕੀ ਭਾਈ ਜੱਗਾ ਸਿੰਘ ਦੀ ਸਾਖੀ (ਵੱਲੋਂ ਕਵੀ) (ਨਵੀਨ ਬੈਂਤ)

ਇੱਕ 'ਸਿਦਕੀ ਦੀ ਮੂਰਤੀ' ਸਿੱਖ ਹੈਸੀ, ਉਹਦੀ ਦੇਹ ਕਮਾਈ ਦੀ ਘੜੀ ਹੈ ਸੀ
ਲੱਗਾ ਖ਼ੂਬ ਸੀ ਸੱਚ ਦੀ ਸਾਣ ਉੱਤੇ, 'ਪਾਣ ਅੰਮ੍ਰਤੀ' ਓਸਨੂੰ ਚੜ੍ਹੀ ਹੈ ਸੀ
ਤੁਰਨ ਵਾਸਤੇ ਰੱਬ ਦੇ ਰਾਹ ਅੰਦਰ, ਸੋਟੀ ਸਿਦਕ ਦੀ ਓਸਨੇ ਫੜੀ ਹੈ ਸੀ
ਮੋਹਣੀ ਮੂਰਤੀ ਸ੍ਰੀ ਦਸਮੇਸ਼ ਜੀ ਦੀ, ਉਹਨੇ ਦਿਲ ਦੇ ਸ਼ੀਸ਼ੇ 'ਚ ਜੜੀ ਹੈ ਸੀ
ਸ਼ਰਧਾਵਾਨ ਸੀ ਏਡਾ ਕਿ ਨਾਲ ਪਲਕਾਂ, ਸੁੰਮ 'ਦੱਲ-ਸ਼ੰਗਾਰ' ਦੇ ਪੂੰਝਦਾ ਸੀ
ਦੌਲਤ ਮਾਣ ਦਸਮੇਸ਼ ਦੀ ਚਰਨ-ਧੂੜੀ, ਸਦਾ ਉਹ ਪਲਕਾਂ ਨਾਲ ਹੂੰਝਦਾ ਸੀ

✪✪✪

ਜਦੋਂ ਟੋਕਰੀ ਚੁੱਕੇ ਤੇ ਪਿਆ ਆਖੇ, ਤਾਜ ਪਾਤਸ਼ਾਹੀ ਮਹਿੰਗੇ ਮੁੱਲ ਦਾ ਏ
ਲਾਵੇ ਮੱਥੇ ਜਾਂ ਚੁੰਮ ਕੇ ਚਰਨ-ਧੂੜੀ, ਆਖੇ ਤਿਲਕ ਇਹ ਕੇਸਰੀ ਫੁੱਲ ਦਾ ਏ
ਸੌਂ ਕੇ ਰਾਤ ਗੁਜ਼ਾਰੇ ਜੇ ਤੱਪੜੀ ਤੇ, ਕਹਿੰਦਾ ਤਖ਼ਤ ਵੀ ਨਾ ਇਹਦੇ ਤੁੱਲ ਦਾ ਏ
ਮੈਲੇ, ਫਟੇ ਚੋਲੇ ਤਾਈਂ ਪਿਆ ਆਖੇ, 'ਮੇਰਾ ਪਾਤਸ਼ਾਹ ਤੇਰੇ 'ਤੇ ਡੁੱਲ ਦਾ ਏ'
ਰਹੇ ਡੁੱਬਿਆ ਸੇਵਾ ਦੀ ਲਹਿਰ ਅੰਦਰ, ਲਾਵੇ ਤਾਰੀਆਂ ਪ੍ਰੇਮ ਦੀ ਰੰਗ ਅੰਦਰ
ਏਦਾਂ ਭਿੱਜਦਾ-ਭਿੱਜਦਾ ਭਗਤ ਭੋਲਾ, ਗਿਆ ਰੰਗਿਆ ਰੱਬ ਦੇ ਰੰਗ ਅੰਦਰ

✪✪✪

ਉਹਦੇ ਸਿਦਕ ਤੇ ਸੇਵਾ ਦੀ ਲਗਨ ਉੱਤੋਂ, ਸਦਾ ਸ੍ਰੀ ਦਸਮੇਸ਼ ਕੁਰਬਾਨ ਹੁੰਦੇ
ਉਹਨੂੰ ਅੱਖ ਦੀ ਪੁਤਲੀ ਜਾਣਦੇ ਸੀ, ਰੱਤੀ ਦੁੱਖਿਆਂ ਹੰਝੂ ਰਵਾਨ ਹੁੰਦੇ
ਜਿੱਥੇ ਮਿਲੇ ਗਲਵੱਕੜੀ ਪਾਣ ਓਹਨੂੰ, ਆਖਣ ਸਿੱਖ ਵਿਚ ਗੁਰੂ ਦੇ ਪ੍ਰਾਨ ਹੁੰਦੇ
ਘੋਲੇ ਜੋਤ ਨੂੰ ਵੇਖ ਪਤੰਗ ਉੱਤੋਂ, ਦੁਨੀ-ਦਾਰ ਸੀ ਪਏ ਹੈਰਾਨ ਹੁੰਦੇ
ਕਈ ਸਿਦਕ ਤੋਂ ਸੱਖਣੇਂ ਏਸ ਗੱਲੋਂ, ਨੱਕਾਂ ਵਿਚੋਂ ਅਨੂਹੇਂ ਪਏ ਝਾੜਦੇ ਸੀ
ਗੁਰਾਂ ਅੱਗੇ ਤਾਂ ਬੋਲ ਨਾ ਸੱਕਦੇ ਸੀ, ਐਪਰ ਸਿੱਖ ਉੱਤੇ ਸਮਾਂ ਤਾੜਦੇ ਸੀ

✪✪✪

ਇੱਕ ਰੋਜ਼ ਉਹਨਾਂ ਕੱਲਾ ਵੇਖਿਆ ਤਾਂ, ਦਿਲੋਂ ਸਿੱਖੀ ਦਾ ਸਾਕ ਭੁਲਾ ਦਿੱਤਾ
ਸਿੱਖੀ ਸਿਦਕ ਪ੍ਰੇਮ ਦੇ ਖੇਤ ਉੱਤੇ, ਉਨ੍ਹਾਂ ਡਾਂਗਾਂ ਦਾ ਮੀਂਹ ਵਸਾ ਦਿੱਤਾ
ਲਾਸਾਂ ਦਿੱਸਣ ਸੰਗਚੂਰਾਂ ਨੇ ਵੱਲ ਮਾਰੇ, ਪਿੰਡਾ ਸਿੱਖ ਦਾ ਚੰਨਣ ਬਣਾ ਦਿੱਤਾ
ਫੈਲ-ਫੈਲ ਨੀਲਾਂ ਖ਼ੂਬ ਡੰਝ ਲਾਹੀ, ਜੁੱਸਾ ਜਾਮਨੂੰ ਵਾਂਗ ਸੁਜਾ ਦਿੱਤਾ
ਹੋਈ ਖ਼ਬਰ ਜਾਂ ਸ੍ਰੀ ਦਸਮੇਸ਼ ਜੀ ਨੂੰ, ਪ੍ਰੇਮ-ਸਿੰਧ ਉਛਾਲੀਆਂ ਖਾਣ ਲੱਗੇ
ਸਿਦਕਵਾਨ ਨੂੰ ਸੱਦ ਕੇ ਕੋਲ ਏਦਾਂ, ਰੋ ਰੋ ਹੰਝੂਆਂ ਦੀ ਮਲ੍ਹਮ ਲਾਣ ਲੱਗੇ

✪✪✪

ਮੋਤੀ ਨੈਣਾਂ ਦੇ ਵਾਰ ਕੇ ਕਹਿਣ ਲੱਗੇ, ਮੇਰੇ ਹੀਰਿਆ! ਹਾਲ ਸੁਣਾ ਤੇ ਸਹੀ
ਭਲਾ ਕਿਥੋਂ ਬੇ-ਰਹਿਮਾਂ ਨੇ ਪੱਛਿਆ ਏ, ਚੋਲਾ ਚੁੱਕ ਕੇ ਚੰਨਣ ਵਿਖਾ ਤੇ ਸਹੀ
ਕਿਹਨੇ ਮਾਰਿਆ ਈ ? ਕਿਥੇ ਲੱਗੀਆਂ ਨੀ ? ਕਿਹੜੇ ਸਿੱਖ ਸੀ ਗੱਲ ਸਮਝਾ ਤੇ ਸਹੀ
ਭਲਾ ਮੈਂ ਤੇ ਤੂੰ ਕੋਈ ਵੱਖਰੇ ਹਾਂ ? ਛਾਤੀ ਨਾਲ ਲਾਵਾਂ ਉਰ੍ਹੇ ਆ ਤੇ ਸਹੀ
ਬੱਚਾ! ਫੱਟਿਆ ਵੇਖ ਸਰੀਰ ਤੇਰਾ, ਮੇਰੇ ਦਿਲ 'ਤੇ ਚੱਲੀਆਂ ਆਰੀਆਂ ਨੇ
ਤੈਨੂੰ ਨਹੀਂ, ਇਹ ਤਾਂ ਉਹਨਾਂ ਮੂਰਖਾਂ ਨੇ, ਮੇਰੀ ਆਤਮਾ ਨੂੰ ਡਾਂਗਾਂ ਮਾਰੀਆਂ ਨੇ

## ਉੱਤਰ ਜੱਗਾ ਸਿੰਘ ਦਾ

*ਜੱਗਾ ਸਿੰਘ ਨੇ ਆਖਿਆ ਕੀ ਦੱਸਾਂ, ਮੇਰੇ ਵਾਸਤੇ ਕੋਈ ਪਰਾਇਆ ਨਹੀਂ
ਜਾਣੀ-ਜਾਣ ਮੈਂ ਕਰਾਂ ਸ਼ਕਾਇਤ ਕਿਸਦੀ, ਇੱਕ ਬਾਝ ਤੂੰ ਦੂਜਾ ਵਿਖਾਇਆ ਨਹੀਂ
ਤੂੰ ਹੈਂ ਮਾਰੀਆਂ ਤੈਨੂੰ ਹੀ ਲੱਗੀਆਂ ਨੇ, ਮੈਨੂੰ ਹੋਰ ਕੋਈ ਨਜ਼ਰ ਆਇਆ ਨਹੀਂ
ਮੇਰੇ ਸਾਹਮਣੇ ਤਾਂ ਤੂੰ ਹੀ ਵੱਸਦਾ ਏਂ, ਮੇਰਾ ਜੱਗ 'ਤੇ ਹੋਰ ਹਮਸਾਇਆ ਨਹੀਂ
ਨਾ ਸਾਂ ਮਾਰ ਦੇ ਨਾਲ ਬੇਸੁਧ ਹੋਇਆ, ਤੇਰੇ ਪ੍ਰੇਮ ਦਾ ਨਿਰਾ ਸਰੂਰ ਸੀ ਓਹ
ਕੋਈ ਵੱਖਰਾ ਹੋਵੇ ਤਾਂ ਨਾਂ ਦੱਸਾਂ, ਪਿਤਾ ਤੇਰਾ ਤੇ ਮੇਰਾ ਹੀ ਨੂਰ ਸੀ ਓਹ

✪✪✪

* ਇਹ ਭਾਈ ਜੱਗਾ ਸਿੰਘ ਗੁਰੂ ਦੇ ਘੋੜਿਆਂ ਦਾ ਸੇਵਾਦਾਰ ਤਬੇਲੇ ਵਿਚ ਰਹਿੰਦਾ ਸੀ।

ਮੈਨੂੰ ਪਤਾ ਸੀ ਨੀਲੇ 'ਤੇ ਰੀਝਦਾ ਏਂ, ਨੀਲ ਪਏ ਨਹੀਂ ਨੀਲ ਰੰਗਵਾ ਲਿਆ ਮੈਂ
ਮਾੜਾ ਜਾਣ ਨਾ ਸੇਵਾ ਤੋਂ ਵਾਂਞ ਦੇਵੇਂ, ਸੋਜ ਪਈ ਨਹੀਂ ਜੁੱਸਾ ਕਮਾ ਲਿਆ ਮੈਂ
ਏਸ ਸੋਨੇ ਸਰੀਰ 'ਤੇ ਕੁੱਟ ਸਹਿ ਕੇ, ਤੇਰੇ ਵਾਸਤੇ ਹਾਰ ਬਣਾ ਲਿਆ ਮੈਂ
ਲਾਸਾਂ ਨਹੀਂ ਇਹ ਪਿੰਡੇ ਦੇ ਪੱਤਰੇ 'ਤੇ, ਖਾਕਾ ਤੇਰੇ ਦਰਬਾਰ ਦਾ ਪਾ ਲਿਆ ਮੈਂ
ਜੋ ਜੋ ਜੋਦੜੀ ਕੀਤੀ ਏ ਅੱਜ ਤੋੜੀ, ਸਭੋ ਕੁਝ ਸੀ ਤੈਨੂੰ ਮਨਾਣ ਖ਼ਾਤਰ
ਮੇਰੇ ਸਾਂਈ! ਇਹ ਵੇਸ ਜੋ ਵੇਖਦਾ ਏਂ, ਇਹ ਵੀ ਕੀਤਾ ਏ ਤੈਨੂੰ ਰਿਝਾਣ ਖ਼ਾਤਰ

✪✪✪

ਦਿੱਲ ਖੋਲ੍ਹ ਦਸਮੇਸ਼ ਨੇ ਗਲੇ ਲਾਇਆ ਅਤੇ ਆਖਿਆ 'ਅੱਜ ਪਰਵਾਨ ਹੈਂ ਤੂੰ
ਤੇਰੇ ਆਸਰੇ ਜੀਏਗੀ ਜੱਗ ਅੰਦਰ, ਜੱਗਾ ਸਿੰਘ! ਗੁਰਸਿੱਖੀ ਦੀ ਜਾਨ ਹੈਂ ਤੂੰ
ਪ੍ਰੀਤ ਨਾਲ ਨਿਰਵੈਰ ਨੂੰ ਜਾਣਿਆ ਈ, ਅੱਗੇ ਭਗਤ ਸੈਂ ਅੱਜ ਭਗਵਾਨ ਹੈਂ ਤੂੰ
ਤੇਰੇ ਦਿਲ ਵਿਚ ਚਮਕਦਾ ਚੰਦ ਹਾਂ ਮੈਂ, ਮੇਰਾ ਜੱਗ ਅੰਦਰ ਆਸ-ਮਾਨ ਹੈਂ ਤੂੰ
ਤੇਰੇ ਦਿਲ ਦੇ ਵਿਚ ਹੈ ਦਿਲ ਮੇਰਾ, ਜਾਣਾਂ ਆਪਣੀ ਅੱਖ ਦਾ ਨੀਰ ਹੈਂ ਤੂੰ
ਫੁੰਡ ਮੁਕਤ ਨਿਸ਼ਾਨੇ ਨੂੰ ਲੱਖ ਵਾਰੀ, ਦਿੱਤਾ ਅੱਜ ਤੋਂ ਕਰਨੀ ਦਾ 'ਤੀਰ' ਤੈਨੂੰ

### *ਸ੍ਰੀ ਦਸਮੇਸ਼ ਜੀ ਦੀ ਅਨੋਖੀ ਸਿੱਖਿਆ (ਵੱਲੋਂ ਕਵੀ)*

ਜਾਣੀ-ਜਾਣ ਜੀ ਨੇ ਫੇਰ ਇੱਕ ਮਟਕਾ, ਸਾਫ ਜੱਲ ਦਾ ਲਿਆ ਮੰਗਾ ਸਿੰਘੋ
ਪੱਥਰ, ਢੀਮ, ਪਤਾਸਾ, ਮੰਗਾ ਤਿੰਨੇ, ਦਿੱਤੇ ਓਸ ਪਾਣੀ ਅੰਦਰ ਪਾ ਸਿੰਘੋ
ਥੋੜ੍ਹੀ ਦੇਰ ਪਿੱਛੋਂ ਹੁਕਮ ਇਹ ਦਿੱਤਾ, ਕੱਢੋ ਇਹ ਵਸਤਾਂ ਤੱਤੇ ਤਾ ਸਿੰਘੋ
ਇਕ ਸਿੱਖ ਨੇ ਮੱਟ ਵਿਚ ਹੱਥ ਪਾ ਕੇ, ਪੱਥਰ ਕੱਢ ਕੇ ਦਿੱਤਾ ਟਿਕਾ ਸਿੰਘੋ
ਕੱਢੀ ਢੀਮ ਅੱਧੀ ਗਲੀ ਜੱਲ ਵਿਚੋਂ, ਚਿੱਕੜ-ਰੂਪ ਹੋਈ ਨਮੀ ਖਾ ਸਿੰਘੋ
ਕੋਈ ਨਾ ਮੂਲ ਪਤਾਸੇ ਦਾ ਪਤਾ ਲੱਗਾ, ਗਿਆ ਜੱਲ ਦੇ ਵਿਚ ਸਮਾ ਸਿੰਘੋ
ਵੇਖੇ ਪਈ ਹੈਰਾਨ ਹੋ ਸਿੱਖ ਸੰਗਤ, ਚੋਜ ਗੁਰੂ ਕੀ ਰਹੇ ਰਚਾ ਸਿੰਘੋ
'ਤੀਰ' ਵੇਖ ਕੇ ਚੋਜ ਦਸਮੇਸ਼ ਜੀ ਦੇ, ਗਈਆਂ ਦਿਲੀਂ ਹੈਰਾਨੀਆਂ ਛਾ ਸਿੰਘੋ

### *ਪਤਾਸੇ ਵਰਗੇ ਸਿੱਖ (ਸ੍ਰੀ ਦਸਮੇਸ਼ ਜੀ ਦੇ ਬਚਨ)*

ਫੇਰ ਇਸ ਤਰ੍ਹਾਂ ਸ੍ਰੀ ਹਜ਼ੂਰ ਬੋਲੇ, ਨਿੱਤ ਜੱਗ ਤੇ ਚੋਜ ਵਰਤਾਣ ਵਾਲੇ
ਸਿੱਖੋ, ਸਿੱਖ ਜਿਹੜੇ ਹੋਣ ਸਿਦਕ-ਧਾਰੀ, ਇੱਕ-ਮਿੱਕ ਹੋ ਪ੍ਰੀਤ ਨਿਭਾਣ ਵਾਲੇ
ਬਾਣੀ-ਰੂਪ ਹੋ ਕੇ ਸਦਾ ਪੜ੍ਹਨ ਬਾਣੀ, ਨੇਕੀ ਅਤੇ ਉਪਕਾਰ ਕਮਾਣ ਵਾਲੇ
'ਤੀਰ' ਉਹ ਪਤਾਸੇ ਦੇ ਵਾਂਗ ਜਾਣੋ, ਹੁੰਦੇ ਸੱਚ ਵਿਚ ਹੈਣ ਸਮਾਣ ਵਾਲੇ

### *ਢੀਮ ਵਰਗੇ ਸਿੱਖ*

ਜਿਹੜੇ ਕਾਮਨਾ ਤੋਂ ਸਕਣ ਬੱਚ ਨਾਹੀਂ, ਗਾਣ ਗੁਰੂ-ਬਾਣੀ ਕੱਚੇ ਪਿਆਰ ਅੰਦਰ

ਕੁਝ ਗੁਰਾਂ ਉੱਤੇ ਦਿਲੋਂ ਧਰਨ ਸ਼ਰਧਾ, ਫਸੇ ਹੋਣ ਕੁਝ ਮੋਹ-ਸੰਸਾਰ ਅੰਦਰ
ਪੂਰੀ ਪ੍ਰੀਤ ਨਾ ਜਿਨ੍ਹਾਂ ਦੇ ਮਨ ਅੰਦਰ, ਅੱਧ-ਗਿੱਲੇ ਜੋ ਅੰਮ੍ਰਿਤੀ-ਧਾਰ ਅੰਦਰ
'ਤੀਰ' ਫੀਮ ਦੇ ਵਾਂਗਰਾਂ ਸੋ ਜਾਣੋ, ਸਿੱਖੋ ਆਪਣੇ ਦਿਲੀ ਵਿਚਾਰ ਅੰਦਰ

### ਤੀਜੀ ਪੱਥਰ ਅਵਸਥਾ

ਉਮਰ ਬੀਤ ਗਈ ਏ ਜਿਨ੍ਹਾਂ ਕੋਰਿਆਂ ਦੀ, ਸਾਧਸੰਗ ਤੇ ਗੁਰੂ ਦਰਬਾਰ ਅੰਦਰ
ਭਿੱਜੇ ਮਨ ਨਾ ਜਿਨ੍ਹਾਂ ਦੇ ਰਤੀ ਮਾਸਾ, ਸੁੱਕੇ ਰਹੇ ਜੋ ਨਾਮ-ਫੁਹਾਰ ਅੰਦਰ
ਜਿਹੜੇ ਵੱਸ ਕੇ ਏਸ ਦਰਬਾਰ ਅੰਦਰ, ਹੋਏ ਲੀਨ ਨਾ ਮੂਲ ਕਰਤਾਰ ਅੰਦਰ
'ਤੀਰ' ਓਹ ਪੱਥਰ ਤੁਸਾਂ ਜਾਣ ਲੈਣੇ, ਸੁੱਕੇ ਰਹਿਣ ਓਹ ਸਦਾ ਸੰਸਾਰ ਅੰਦਰ

### ਸੰਗਤਾਂ ਦੀ ਪ੍ਰਸੰਨਤਾ (ਵੱਲੋਂ ਕਵੀ)

ਜਦੋਂ ਗੁਰੂ ਜੀ ਨੇ ਭਰੀ ਸਭਾ ਅੰਦਰ, ਏਦਾਂ ਰਮਜ਼ ਦੀ ਭਰੀ ਵਿਚਾਰ ਕੀਤੀ
ਗੱਦਗੱਦ ਹੋਏ ਸਾਰੇ ਸੁਣਨ ਵਾਲੇ, ਦਿਲੋਂ ਸਾਰਿਆਂ ਨੇ ਨਿਮਸ਼ਕਾਰ ਕੀਤੀ
ਜਿਵੇਂ ਮੀਂਹ ਵਰ੍ਹਿਆ ਸੜੀ ਭੋਂ ਉੱਤੇ, ਛਾਤੀ ਸਾਰਿਆਂ ਦੀ ਠੰਢੀ-ਠਾਰ ਕੀਤੀ
'ਤੀਰ' ਸ੍ਰੀ ਦਸਮੇਸ਼ ਨੇ ਤਿਵੇਂ ਵੇਖੋ, ਪ੍ਰੇਮ-ਖੇਡ ਇਹ ਭਰੇ ਦਰਬਾਰ ਕੀਤੀ

### ਵੱਲੋਂ ਕਵੀ

ਰੋਜ਼ ਇਸ ਤਰ੍ਹਾਂ ਦੇ ਰਹਿਣ ਚੋਜ ਹੁੰਦੇ, ਤਰਨ ਸਿੱਖ ਸੇਵਕ ਰੱਬੀ-ਜਾਪ ਕਰਕੇ
ਪਿਆ ਤੇਜ ਵਾਧੇ ਗੁਰੂ-ਖ਼ਾਲਸੇ ਦਾ, ਜਾਣੀ-ਜਾਣ ਤੇ ਤੇਜ ਪਰਤਾਪ ਕਰਕੇ
ਰੋਜ਼ ਆਂਵਦੇ ਨਵੇਂ ਪਿਆਰ-ਕੁੱਠੇ, ਜਾਣ ਵਾਰਨੇ ਆਪਣਾ ਆਪ ਕਰਕੇ
'ਤੀਰ' ਗੁਰੂ ਜੀ ਬੜੇ ਪਰਸੰਨ ਹੁੰਦੇ, ਨਵੇਂ ਮੇਲੀਆਂ ਨਾਲ ਮਿਲਾਪ ਕਰਕੇ

### ਵਿਰੋਧੀ, ਬੇਦੀ, ਸੋਢੀ, ਤ੍ਰੇਹਣ, ਭੱਲੇ ਸਭ ਦਸਮੇਸ਼ ਜੀ ਦੀ ਚਰਨੀਂ ਢਹਿ ਪਏ

ਬੇਦੀ, ਤ੍ਰੇਹਣ, ਭੱਲੇ, ਸੋਢੀ ਸਾਹਿਬਜ਼ਾਦੇ, ਸਮੇਂ ਸਤਿਗੁਰਾਂ ਅੱਗੇ ਨਿਵਾਏ ਸਾਰੇ
ਵੇਖ ਚੜ੍ਹਦੀਆਂ ਕਲਾਂ ਦਾਤਾਰ ਦੀਆਂ, ਭੁੱਲ ਆਪਣੀ 'ਤੇ ਪਛੋਤਾਏ ਸਾਰੇ
ਵੈਰ ਛੱਡਿਆ ਦਿੱਲ ਤੋਂ ਸਾਰਿਆਂ ਨੇ, ਉਨ੍ਹਾਂ ਫੁੱਟ ਦੇ ਭਾਵ ਮਿਟਾਏ ਸਾਰੇ
ਇੱਕ-ਇੱਕ ਕਰਕੇ 'ਤੀਰ' ਸਾਹਿਬਜ਼ਾਦੇ, ਅੰਤ ਸ਼ਰਨ ਦਸਮੇਸ਼ ਦੀ ਆਏ ਸਾਰੇ

### ਪ੍ਰੇਮ ਦਾ ਨਿਰਣਾ (ਦੋ ਪ੍ਰੇਮੀ ਸਿੱਖਾਂ ਦੀ ਬੇਨਤੀ)

ਇੱਕ ਰੋਜ਼ ਦੋ ਸਾਦਕਾਂ ਅਰਜ਼ ਕੀਤੀ, ਦਿਓ ਦਿਲਾਂ ਦਾ ਭਰਮ ਨਿਵਾਰ ਦਾਤਾ
ਸਾਡੇ ਮਨ ਅੰਦਰ ਅੱਜ ਫੁਰੀ ਆ ਕੇ, ਏਸ ਤਰ੍ਹਾਂ ਦੀ ਇਕ ਵਿਚਾਰ ਦਾਤਾ
ਹੈਣ ਦੋ ਪ੍ਰੇਮੀ, ਪ੍ਰੇਮ ਕਰਨ ਵਾਲੇ, ਦੋਵੇਂ ਪਾਲਦੇ ਹੈਣ ਪਿਆਰ ਦਾਤਾ

ਦੋਵੇਂ ਭਗਤ ਸਦਾਂਵਦੇ ਜੱਗ ਅੰਦਰ, ਭਜਨ ਬੰਦਗੀ ਦੋਹਾਂ ਦੀ ਕਾਰ ਦਾਤਾ
ਇੱਕ ਮੂਰਤੀ ਪੂਜਦਾ ਘੜੀ ਹੋਈ, ਦੂਜਾ ਪੂਜਦਾ ਏ ਰਚਨਹਾਰ ਦਾਤਾ
ਇੱਕ ਮੂਰਤੀ ਨੂੰ ਠਾਕਰ ਜਾਣਦਾ ਏ, ਠਾਕਰ ਦੂਸਰੇ ਲਈ ਕਰਤਾਰ ਦਾਤਾ
ਕੌਣ ਦੋਹਾਂ 'ਚੋਂ ਹੈ ਠੀਕ ਰਾਹ ਉੱਤੇ, ਕੌਣ ਔਝੜੇ ਪਿਆ ਗਵਾਰ, ਦਾਤਾ
ਕੁਝ 'ਤੀਰ' ਅੰਜਾਣਾਂ ਨੂੰ ਪਤਾ ਨਾਹੀਂ, ਖੋਲ੍ਹੇ ਭੇਦ ਸਾਰਾ ਕਿਰਪਾ ਧਾਰ ਦਾਤਾ

### *ਸ੍ਰੀ ਦਸਮੇਸ਼ ਜੀ ਦਾ ਦੋਹਾਂ ਨੂੰ ਉਪਦੇਸ਼*

ਜਾਨੀ-ਜਾਨ ਨੇ ਆਖਿਆ ਸੁਣੋ ਸਿੱਖੋ, ਨਿਰਭਉ ਨਿਰਵੈਰ ਸਦਾਂਵਦਾ ਜੇ
ਸੱਤਿ ਨਾਮ ਅਕਾਲ ਉਹ ਮੂਰਤੀ ਏ, ਜਨਮ ਜੂਨ ਦੇ ਵਿੱਚ ਨਾ ਆਂਵਦਾ ਜੇ
ਪੱਤ-ਪੱਤ ਅੰਦਰ ਉਹਦੀ ਸੱਤਿਆ ਏ, ਸੱਤ-ਰੂਪ ਹੋ ਸਾਰੇ ਸਮਾਂਵਦਾ ਜੇ
ਮਹਿਕ ਫੁੱਲ ਅੰਦਰ, ਪ੍ਰੇਮ ਭੌਰ ਅੰਦਰ, ਏਦਾਂ ਆਪਣਾ ਆਪ ਲੁਕਾਂਵਦਾ ਜੇ
ਕੋਈ ਥਾਂ ਨਾ ਓਸਤੋਂ ਮੂਲ ਖ਼ਾਲੀ, ਹਰ ਰੰਗ ਅੰਦਰ ਡੇਰੇ ਲਾਂਵਦਾ ਜੇ
ਵੱਸੇ ਹਰੀ ਓਹ ਹਰਿ ਦੇ ਦਿਲ ਅੰਦਰ, ਕੋਈ ਫੇਰ ਵੀ ਭੇਦ ਨਾ ਪਾਂਵਦਾ ਜੇ
ਭੁੱਲਾ ਹਰਨ ਵਾਂਗੂੰ ਕੋਲ ਹੁੰਦਿਆਂ ਵੀ, ਜੀਵ ਦੌੜ ਵਿਚ ਸਮਾਂ ਗੁਆਂਵਦਾ ਜੇ
ਪੱਥਰ ਓਸਦੀ ਮੱਤ ਵਿਚ ਪਏ ਜਾਣੋ, ਜਿਹੜਾ ਰੱਬ ਨੂੰ ਪੱਥਰ ਬਣਾਂਵਦਾ ਜੇ
ਪੈ ਗਿਆ ਚੁਰਾਸੀ ਦਾ ਗੇੜ ਉਸਨੂੰ, ਜੋ ਅਜੂਨ ਨੂੰ ਜੋਨੀ ਜਤਾਂਵਦਾ ਜੇ
ਉਹ ਤੇ ਵੱਸਦਾ ਏ ਹੱਰ ਹੱਰ ਅੰਦਰ, ਜਿਹੜਾ ਪ੍ਰੇਮ ਕਰਦਾ ਜਾਣ ਜਾਂਵਦਾ ਜੇ
ਜਿਹੜਾ ਪੱਥਰਾਂ ਨੂੰ ਜਾਣ ਰੱਬ ਪੂਜੇ, ਜਾਣੋਂ ਆਪਣਾ ਸਮਾਂ ਗਵਾਂਵਦਾ ਜੇ
'ਤੀਰ' ਉਹ ਭੈ-ਸਾਗਰੋਂ ਪਾਰ ਹੁੰਦਾ, ਜਿਹੜਾ ਜਾਗਦੀ ਜੋਤ ਧਿਆਂਵਦਾ ਜੇ

### *ਸਾਖੀ ਲਾਲ ਸਿੰਘ ਦੀ (ਵੱਲੋਂ ਕਵੀ)*

ਲਾਲ ਸਿੰਘ ਦਸਮੇਸ਼ ਦਾ ਇਕ ਪ੍ਰੇਮੀ, ਸੱਚੇ ਪ੍ਰੇਮ ਦੀ ਖਾਣ ਦਾ ਲਾਲ ਵਾਹ ਵਾਹ
ਪੁੱਜਾ ਸ੍ਰੀ ਦਸਮੇਸ਼ ਦੇ ਦੀਦ ਖ਼ਾਤਰ, ਭੇਟਾ ਇੱਕ ਕੀਤੀ ਓਸ ਢਾਲ ਵਾਹ ਵਾਹ
ਬਣੀ ਬਹੁਤ ਚੰਗੀ ਵੇਖੀ ਸੰਗਤਾਂ ਨੇ, ਕਿਹਾ ਸਾਰਿਆਂ ਖ਼ੂਬ! ਕਮਾਲ ਵਾਹ ਵਾਹ
'ਤੀਰ' ਸੱਤ ਧਾਤਾਂ ਮੇਲ ਗਈ ਢਾਲੀ, ਬਣੀ ਜਾਪਦੀ ਏ ਬੇ-ਮਿਸਾਲ ਵਾਹ ਵਾਹ

### *ਸਤਿਗੁਰੂ ਜੀ ਦਾ ਬਚਨ*

ਢਾਲ ਵੇਖ ਕੇ ਦੀਨ ਦਿਆਲ ਬੋਲੇ, ਹੋਈ ਠੀਕ ਹੈ ਖ਼ੂਬ ਢਲਵਾਈ ਇਸਦੀ
ਕਾਰੀਗਰਾਂ ਵੀ ਮੂਲ ਨਾ ਘੱਟ ਕੀਤੀ, ਕੀਤੀ ਹੱਦ ਤੋਂ ਵੱਧ ਪਕਿਆਈ ਇਸਦੀ
ਇਹ ਵੀ ਠੀਕ ਹੈ ਫੇਰ ਪ੍ਰਕਾਰ ਗਿਰਦੇ, ਚੰਦ ਵਾਂਗ ਹੈ ਬਣੀ ਗੋਲਾਈ ਇਸਦੀ
ਤਾਂ ਵੀ 'ਤੀਰ' ਜੀ ਜਾਪਦਾ ਹੈ ਸਾਨੂੰ, ਏਨੀ ਚਾਹੀਦੀ ਨਹੀਂ ਵਡਿਆਈ ਇਸਦੀ

### ਲਾਲ ਸਿੰਘ ਦਾ ਮਾਣ

ਲਾਲ ਸਿੰਘ ਨੇ ਆਖਿਆ ਮਾਣ ਅੰਦਰ, ਜਾਣੀ-ਜਾਣ ਜੀ ਪ੍ਰੇਮ ਮੈਂ ਪਾਲਿਆ ਏ
ਏਸ ਢਾਲ ਤਾਈਂ ਕਾਰੀਗਰਾਂ ਵੇਖੋ, ਨਾਲ ਬੜੀ ਦਨਾਈ ਦੇ ਢਾਲਿਆ ਏ
ਪਾਣਾਂ ਏਸਨੂੰ ਚਾੜ੍ਹੀਆਂ ਕਈ ਵਾਰੀ, ਮੇਲ ਕਈ ਧਾਤਾਂ ਗਿਆ ਗਾਲਿਆ ਏ
ਇਹਦੇ ਨਾਲ ਦੀ ਜੱਗ 'ਤੇ ਨਹੀਂ ਹੋਣੀ, 'ਤੀਰ' ਮੈਂ ਤੇ ਦਿਲੋਂ ਪੜਤਾਲਿਆ ਏ

### ਸਤਿਗੁਰਾਂ ਦੇ ਬਚਨ

ਚੋਜੀ ਸਤਿਗੁਰਾਂ ਆਖਿਆ ਲਾਲ ਸਿੰਘਾ, ਭਾਵੇਂ ਢਾਲ ਹੈ ਬੇ-ਮਿਸਾਲ ਤੇਰੀ
ਅਸੀਂ ਇਹ ਵੀ ਸੋਹਣਿਆ ਮੰਨਦੇ ਹਾਂ, ਪ੍ਰੇਮ ਵਾਸਤੇ ਘੱਟ ਨਹੀਂ ਘਾਲ ਤੇਰੀ
ਚੰਗਾ! ਕੱਲ੍ਹ ਦੀਵਾਨ ਦੇ ਭੋਗ ਪਿੱਛੋਂ, ਵੇਖੀ ਗੱਲ ਜਾਸੀ ਢੰਗ-ਨਾਲ ਤੇਰੀ
'ਤੀਰ' ਕਿਸੇ ਬੰਦੂਕ ਦੀ ਮਾਰ ਗੋਲੀ, ਪਰਖ ਲਵਾਂਗੇ ਕੀਮਤੀ ਢਾਲ ਤੇਰੀ

### ਲਾਲ ਸਿੰਘ ਦੀ ਚਿੰਤਾ (ਵੱਲੋਂ ਕਵੀ)

ਜਦੋਂ ਗੁਰੂ ਜੀ ਨੇ ਏਦਾਂ ਬਚਨ ਕੀਤਾ, ਲਾਲ ਸਿੰਘ ਡਾਢਾ ਦਿਲੋਂ ਡਰਨ ਲੱਗਾ
ਜਾਣੀ-ਜਾਣ ਦੀ ਗੱਲ ਨਹੀਂ ਕੂੜ ਹੋਣੀ, ਸੋਚ-ਸੋਚ ਸੋਚਾਂ, ਚਿੰਤਾ ਕਰਨ ਲੱਗਾ
ਹੋਸੀ ਬੜੀ ਸ਼ਰਮਿੰਦਗੀ ਕੱਲ੍ਹ ਭਾਰੀ, ਸੋਚ ਵਿਚ ਪੈ ਕੇ ਡੁੱਬਣ ਤਰਨ ਲੱਗਾ
'ਤੀਰ' ਅੰਤ ਨੂੰ ਕਰਨ ਅਰਦਾਸ ਲੱਗਾ, ਛਮਾਂ-ਛੱਮ ਨੈਣਾਂ ਵਿਚੋਂ ਵਰ੍ਹਨ ਲੱਗਾ

### ਲਾਲ ਸਿੰਘ ਦੀ ਅਰਦਾਸ ਸਾਧ-ਸੰਗਤ ਅੱਗੇ

ਤੈਨੂੰ ਗੁਰਾਂ ਨਿਵਾਜਿਆ ਜੱਗ ਅੰਦਰ, ਬਣੀ ਸਤਿਗੁਰਾਂ ਦਾ ਤਾਜ ਸੰਗਤੇ ਤੂੰ
ਤੇਰਾ ਮੈਂ ਕੂਕਰ, ਮੇਰੀ ਲਾਜ ਰੱਖੀਂ, ਸੁਣੀਂ ਦਰਦ-ਅਵਾਜ਼ ਇਹ ਸੰਗਤੇ ਤੂੰ
ਮੈਂ ਮੁਥਾਜ ਆਜਜ਼ ਤੇਰੇ ਦਰ ਡਿੱਗਾ, ਮੇਰਾ ਰੱਖਣਾ ਏ ਪਾਜ ਸੰਗਤੇ ਤੂੰ
'ਤੀਰ' ਕੱਲ੍ਹ ਜਾਂ ਢਾਲ ਦੀ ਪਰਖ ਹੋਵੇ, ਮੇਰੀ ਰੱਖਣੀ ਹੈ ਲਾਜ ਸੰਗਤੇ ਤੂੰ

### ਫੇਰ ਕਹਿੰਦਾ ਹੈ

ਗੁਰਾਂ ਆਪ ਨੂੰ ਆਖਿਆ ਵੀਹ ਹਿੱਸੇ, ਇੱਕੀ ਵਿੱਸਵੇ ਹੈ ਤੇਰੀ ਸ਼ਾਨ ਹੁਣ ਤੇ
ਮੇਰੀ ਗੁਰਾਂ ਦੇ ਸਾਹਮਣੇ ਪੱਤ ਰੱਖੀਂ, ਤੇਰੇ ਹੱਥ ਅੰਦਰ ਮੇਰਾ ਮਾਨ ਹੁਣ ਤੇ
ਮੇਰੀ ਢਾਲ ਦੀ ਪਰਖ ਦੇ ਕਰਨ ਵੇਲੇ, ਨਿੱਤਰ ਪੈਣਗੇ ਆਪ ਸੁਲਤਾਨ ਹੁਣ ਤੇ
ਲਾਲ ਸਿੰਘ ਮੰਗੇ 'ਤੀਰ' ਅੱਡ ਝੋਲੀ, ਵੇਖ ਤੇਰੇ ਦਵਾਰਿਓਂ ਦਾਨ ਹੁਣ ਤੇ

### ਸਾਧ ਸੰਗਤ ਦੀ ਅਰਦਾਸ

ਪੰਜ ਸਿੱਖ ਬੁਲਾ ਕੇ ਲਾਲ ਸਿੰਘ ਨੇ, ਉਨ੍ਹਾਂ ਕੋਲੋਂ ਅਰਦਾਸ ਕਰਾਈ ਵੇਖੋ

ਨਾਨਕ ਗੁਰੂ ਦੀ ਪ੍ਰੇਮ-ਦਰਗਾਹ ਅੰਦਰ, ਸਿੱਖਾਂ ਇਉਂ ਚਾ ਦਿੱਤੀ ਦੁਹਾਈ ਵੇਖੋ
ਸੱਚੇ ਪਾਤਸ਼ਾਹ! ਕੱਲ੍ਹ ਜਾਂ ਸਭ ਸਾਹਵੇਂ, ਜਾਵੇ, ਸਿੱਖ ਦੀ ਢਾਲ ਅਜ਼ਮਾਈ ਵੇਖੋ
ਗੋਲੀ 'ਤੀਰ' ਨਾ ਓਸਨੂੰ ਮੂਲ ਪੋਹੇ, ਤੁਸਾਂ ਹੋਵਣਾ ਇਹਦੇ ਸਹਾਈ ਵੇਖੋ

### ਦੂਜੇ ਦਿਨ ਢਾਲ ਦੀ ਪਰਖ (ਵੱਲੋਂ ਕਵੀ)

ਦੂਜੇ ਦਿਨ ਜਾਂ ਕੀਰਤਨ ਹੋ ਚੁੱਕਾ, ਲਾਲ ਸਿੰਘ ਦੀ ਢਾਲ ਮੰਗਵਾਈ ਦਾਤੇ
ਇੱਕ ਸੂਰਮੇ ਚੰਗੇ ਨਿਸ਼ਾਨਚੀ ਤੋਂ, ਸ਼ਿਸ਼ਤ ਬੰਨ੍ਹ ਬੰਦੂਕ ਚਲਵਾਈ ਦਾਤੇ
ਗੋਲੀ ਢਾਲ ਦਾ ਕੁਝ ਨਾ ਖੋਹ ਸਕੀ, ਤਿੰਨ ਵਾਰ ਇਹ ਗੱਲ ਅਜ਼ਮਾਈ ਦਾਤੇ
'ਤੀਰ' ਆਣ ਪ੍ਰੇਮ ਦੇ ਰੰਗ ਅੰਦਰ, ਝੱਟ ਆਪਣੀ ਧੌਣ ਨਿਵਾਈ ਦਾਤੇ

### ਦਸਮੇਸ਼ ਜੀ ਦੇ ਬਚਨ

ਫੇਰ ਹੱਸ ਕੇ ਇਸ ਤਰ੍ਹਾਂ ਕਹਿਣ ਲੱਗੇ, ਤੇਰੀ ਚੱਲ ਗਈ ਚਾਲ ਹੈ ਲਾਲ ਸਿੰਘਾ
ਪਈ ਸਾਧ-ਸੰਗਤ ਰੋਕੇ ਹੱਥ ਦੇ ਕੇ, ਤੇਰੀ ਢਾਲ ਕਮਾਲ ਹੈ ਲਾਲ ਸਿੰਘਾ
ਸਾਥੋਂ ਸਾਧ-ਸੰਗਤ ਜਿੱਤੀ ਜਾਂਵਦੀ ਨਾ, ਤੇਰੀ ਢਾਲ ਦੇ ਨਾਲ ਹੈ ਲਾਲ ਸਿੰਘਾ
'ਤੀਰ' ਗੁਰੂ ਨਾਨਕ ਖਲ੍ਹਾ ਢਾਲ ਅੱਗੇ, ਕੀਤੀ ਅਸਾਂ ਪੜਤਾਲ ਹੈ ਲਾਲ ਸਿੰਘਾ

### ਫੇਰ ਕਹਿੰਦੇ ਹਨ

ਜਿਹੜੀ ਆਤਮਾ ਨਿਮਰਤਾ ਧਾਰਦੀ ਏ, ਖਾਲੀ ਓਸਦੀ ਆਸ ਨਾ ਜਾਂਵਦੀ ਏ
ਜਿਹੜੀ ਆਤਮਾ ਜੋਦੜੀ-ਰੂਪ ਹੋਵੇ, ਲੁੱਟੀ ਓਸਦੀ ਰਾਸ ਨਾ ਜਾਂਵਦੀ ਏ
ਜਿਹੜੀ ਆਤਮਾ ਪੂਜਦੀ ਸਾਧ-ਸੰਗਤ, ਕਦੇ ਜਮਾਂ ਦੇ ਪਾਸ ਨਾ ਜਾਂਵਦੀ ਏ
'ਤੀਰ' ਦਿੱਲ ਦੇ ਨਾਲ ਜੇ ਜਾਏ ਕੀਤੀ, ਅੱਫਲ ਕਦੇ ਅਰਦਾਸ ਨਾ ਜਾਂਵਦੀ ਏ

### ਲਾਲ ਸਿੰਘ ਚਰਨੀ ਡਿੱਗ ਪਿਆ ਤੇ ਬੇਨਤੀ ਕਰਨ ਲੱਗਾ

ਲਾਲ ਸਿੰਘ ਨਿਰਮਾਣ ਹੋ ਪਿਆ ਚਰਨੀਂ, ਆਖੇ ਪਾਤਸ਼ਾਹ ਚੋਜ ਵਿਖਾਓ ਆਪੇ
ਆਪੇ ਪਾਰਖੂ ਆਪਣੀ ਪਰਖ ਕਰਦੇ, ਅਤੇ ਆਪਣੀ ਪੈਜ ਬਚਾਓ ਆਪੇ
ਕਲਗੀ ਜਿਗ੍ਹਾ ਵਾਲੇ ਤੁਸੀਂ ਗੁਰੂ ਆਪੇ, ਸੰਗਤ ਵਿੱਚ ਸਤਿਗੁਰੋ ਸਮਾਓ ਆਪੇ
'ਤੀਰ' ਲਾਲ ਸਿੰਘ ਦੀ ਪੈਜ ਰੱਖਣੇ ਨੂੰ, ਅੱਗੇ ਆਪਣਾ ਹੱਥ ਟਿਕਾਓ ਆਪੇ

### ਖਿਮਾ ਮੰਗਣੀ

ਦਾਤਾ! ਖਿਮਾ ਬਖ਼ਸ਼ੋ ਮੈਂ ਅੰਜਾਣ ਹੋ ਕੇ, ਆਪ ਸਾਹਮਣੇ ਕੱਲ੍ਹ ਹੰਕਾਰ ਕੀਤਾ
ਮੇਰੀ ਢਾਲ ਦੀ ਬਣੇ ਹੋ ਢਾਲ ਆਪੇ, ਕੀਤਾ ਮਾਣ ਮੈਂ, ਤੁਸਾਂ ਪਿਆਰ ਕੀਤਾ
ਮੇਰੀ ਬੇਪਤੀ ਆਪ ਨੇ ਨਹੀਂ ਕੀਤੀ, ਸਗੋਂ ਤਰਸ ਖਾ ਅੱਜ ਉਪਕਾਰ ਕੀਤਾ

ਲਾਲ ਸਿੰਘ ਦਾ ਪਰਖ ਦੇ ਸਾਗਰਾਂ 'ਚੋਂ, ਬੇੜਾ 'ਤੀਰ' ਜੀ ਤੁਸਾਂ ਹੀ ਪਾਰ ਕੀਤਾ

## ਅਨਾਥ ਰੱਛਿਆ ਦੀ ਸਾਕੀ (ਵੱਲੋਂ ਕਵੀ)

ਇੱਕ ਦਿੱਨ ਦੀਵਾਨ ਵਿਚ ਇਕ ਬ੍ਰਾਹਮਣ, ਢਾਹਾਂ ਮਾਰ ਕੇ ਇਉਂ ਕੁਰਲਾਣ ਲੱਗਾ
ਸੱਚੇ ਪਾਤਸ਼ਾਹ ਕੌਣ ਅਨੱਰਥ ਰੋਕੇ, ਸਮਾਂ ਨਿੱਘਰ ਜਾਣਾ ਨਿੱਘਰ ਜਾਣ ਲੱਗਾ
ਮਾਂ ਡੈਣ ਹੋ ਕੇ ਖਾਵੇ ਪੁੱਤ ਤਾਈਂ, ਰਾਖਾ ਚੋਰ ਬਣ ਕੇ ਸੰਨ੍ਹਾਂ ਲਾਣ ਲੱਗਾ
ਕੰਡਾ ਭੌਰ ਨੂੰ ਫੁੱਲ ਚੁਭੋਣ ਲੱਗਾ, ਪਾਣੀ ਅੱਗ ਤਾਈਂ ਵੇਖੋ ਤਾਣ ਲੱਗਾ
ਜਿਹਨੇ ਡੁੱਬਦਾ ਧਰਮ ਬਚਾਵਣਾ ਸੀ, ਉਹੋ ਪਾਪ ਅੰਦਰ ਗ਼ੋਤੇ ਖਾਣ ਲੱਗਾ
'ਤੀਰ' ਦੇਵ ਦੀ ਗਤੀ ਨੂੰ ਦੇਵ ਜਾਣੇ, ਐਪਰ ਕਲੂ ਦਾ ਰਾਜ ਹੈ ਆਣ ਲੱਗਾ

## ਬ੍ਰਾਹਮਣ ਫੇਰ ਰੋ ਰੋ ਕੇ ਕਹਿੰਦਾ ਹੈ

ਚਿੱਟੇ ਦਿੱਨ ਮੈਂ ਲੁੱਟਿਆ ਗਿਆ ਵੇਖੋ, ਕੀਤਾ ਬੇ-ਪਤੀ ਨੇ ਸਾੜ ਹੋਲ ਦਾਤਾ
ਬਸੀ ਵਿੱਚ ਜੋ ਅੱਜ ਨਵਾਬ ਰਹਿੰਦਾ, ਮੇਰੀ ਪੱਤ ਸੁੱਟੀ ਉਹਨੇ ਰੋਲ ਦਾਤਾ
ਡੋਲਾ ਓਸਨੇ ਲੁੱਟਿਆ ਕੱਲ੍ਹ ਮੇਰਾ, ਮੇਰੀ ਪਤਨੀ ਹੈ ਉਹਦੇ ਕੋਲ ਦਾਤਾ
ਹੁੰਦਾ ਸੌ ਸੱਤੀ ਵੀਹੀਂ ਡਾਢਿਆਂ ਦਾ, ਸੱਕੇ ਕੌਣ ਉਨ੍ਹਾਂ ਅੱਗੇ ਬੋਲ ਦਾਤਾ
ਦਰਦ ਵੰਡਦੇ ਹੋ ਆਪ, ਏਸ ਕਰਕੇ, ਦਿੱਤਾ ਦਿਲ ਦਾ ਦਰਦ ਹੈ ਫੋਲ ਦਾਤਾ
'ਤੀਰ' ਓਹ ਨਵਾਬ ਹੈ ਬੜਾ ਜਾਬਰ, ਉਹਦਾ ਮਾਰਿਆ ਹਾਂ ਡਾਵਾਂਡੋਲ ਦਾਤਾ

## ਬ੍ਰਾਹਮਣ ਫੇਰ ਕਹਿੰਦਾ ਹੈ

ਜੇਕਰ ਝੱਲਣੀ ਪਈ ਇਹ ਸ਼ਰਮਸਾਰੀ, ਫੇਰ ਆਪਣਾ ਆਪ ਗਵਾ ਲਵਾਂਗਾ
ਡੁੱਬ ਮਰਾਂਗਾ ਕਿਸੇ ਦਰਿਆ ਅੰਦਰ, ਮਹੁਰਾ ਕਿਤੋਂ ਖ਼ਰੀਦ ਕੇ ਖਾ ਲਵਾਂਗਾ
ਏਦਾਂ ਜੱਗ 'ਚੋਂ ਆਪਣਾ ਮੂੰਹ ਕਾਲਾ, ਏਸ ਢੰਗ ਦੇ ਨਾਲ ਲੁਕਾ ਲਵਾਂਗਾ
'ਤੀਰ' ਝੱਲ ਨਹੀਂ ਸਕਦਾ ਸੱਟ ਐਸੀ, ਚਿਖਾ ਤਾਈਂ ਗਲਵੱਕੜੀ ਪਾ ਲਵਾਂਗਾ

## ਸਤਿਗੁਰਾਂ ਸਾਹਿਬ ਅਜੀਤ ਸਿੰਘ ਨੂੰ ਭੇਜਿਆ

ਸੁਣ ਕੇ ਸ੍ਰੀ ਦਸਮੇਸ਼ ਇਹ ਕਹਿਰ ਭਾਰਾ, ਬੋਲੇ ਦਰਦ ਪ੍ਰੇਮ ਵਿਚ ਭਰੇ ਹੋਏ
ਕੌਣ ਮੂੰਹ ਭੰਨੇ ਇਨ੍ਹਾਂ ਜ਼ਾਲਮਾਂ ਦਾ? ਰਾਜਪੂਤ ਨੇ ਹਿੰਦ ਦੇ ਮਰੇ ਹੋਏ
ਅਸਾਂ ਬੜਾ ਦਿੱਤਾ ਪਾਣੀ ਬੀਰਤਾ ਦਾ, ਸੁੱਕੇ ਇਹ ਪਰ ਮੂਲ ਨਾ ਹਰੇ ਹੋਏ
ਰਾਜੇ ਬਣੇ ਫਿਰਦੇ ਉਂਞ ਦੇਸ਼ ਅੰਦਰ, ਸਮਾਂ ਕੱਟਦੇ ਨੇ ਸਹਿਮੇ ਡਰੇ ਹੋਏ
ਏਸੇ ਵਾਸਤੇ ਅੱਜ ਜਰਵਾਣਿਆਂ ਨੇ, ਹੈਣ ਜ਼ੁਲਮ ਦੇ ਪੈਂਤੜੇ ਧਰੇ ਹੋਏ
ਹਿੰਦ-ਵਾਸੀਆਂ ਨੂੰ ਇਨ੍ਹਾਂ ਦੱਬ ਲੀਤਾ, ਬੇੜੇ ਡੁੱਬ ਰਹੇ ਨੇ ਤਦੇ ਤਰੇ ਹੋਏ
ਹਿੰਦੀ ਸੂਰਮੇ ਖਾਂਵਦੇ ਜੋਸ਼ ਨਾਹੀਂ, ਹੈਣ ਸਾਰਿਆਂ ਦੇ ਖ਼ੂਨ ਠਰੇ ਹੋਏ

'ਤੀਰ' ਏਸ ਕਰਕੇ ਰਾਹਾਂ ਵਿੱਚ ਵੇਖੋ!, ਲੁੱਟੇ ਜਾਂਵਦੇ ਨੇ ਲਾੜੇ ਵਰੇ ਹੋਏ

## ਸਾਹਿਬਜ਼ਾਦਾ ਅਜੀਤ ਸਿੰਘ ਨੂੰ ਹੁਕਮ

ਹੁਕਮ ਚਾੜ੍ਹਿਆ ਫੇਰ ਦਸਮੇਸ਼ ਜੀ ਨੇ, ਛੇਤੀ ਜਾ ਓ ਲਾਲ ਅਜੀਤ ਸਿੰਘਾ
ਦੋ ਸੌ ਸੂਰਮੇ ਸਿੱਖ ਵੀ ਅਣਖ-ਰੱਤੇ, ਲੈ ਜਾ ਆਪਣੇ ਨਾਲ ਅਜੀਤ ਸਿੰਘਾ
ਬੱਸੀ ਵਿਚ ਜਾ ਦੁਸ਼ਟ ਨਵਾਬ ਤਾਈਂ, ਖ਼ੂਬ ਮੱਤ ਸਿਖਾਲ ਅਜੀਤ ਸਿੰਘਾ
ਬਹੂ ਏਸ ਗ਼ਰੀਬ ਦੀ ਮੋੜ ਉਸਤੋਂ, ਇਹਨੂੰ ਮੁੜੀਂ ਸੰਭਾਲ ਅਜੀਤ ਸਿੰਘਾ
ਜੇ ਕਰਾਰਿਆਂ ਹੱਥਾਂ ਦੀ ਲੋੜ ਹੋਈ, ਦਈਂ ਹੱਥ ਵਿਖਾਲ ਅਜੀਤ ਸਿੰਘਾ
ਤੇਗ਼ ਸੂਤ ਕੇ ਕਾਜ ਨਜਿੱਠ ਆਵੀਂ, ਤੋੜੀਂ ਜ਼ੁਲਮ ਦਾ ਜਾਲ ਅਜੀਤ ਸਿੰਘਾ
ਲਾੜੀ ਏਸ ਗ਼ਰੀਬ ਦੀ ਮਿਲੇ ਇਹਨੂੰ, ਰੱਖੀਂ ਖ਼ੂਬ ਖ਼ਿਆਲ ਅਜੀਤ ਸਿੰਘਾ
ਸਾਡਾ ਧਰਮ ਹੈ ਰੱਖਿਆ ਆਜਜ਼ਾਂ ਦੀ, ਦੱਸੀਂ ਧਰਮ ਨੂੰ ਪਾਲ ਅਜੀਤ ਸਿੰਘਾ
ਜਿਹਦਾ ਆਸਰਾ ਕੋਈ ਨਾ ਕਿਤੇ ਹੋਵੇ, ਉਹਦੀ ਅਸੀਂ ਹਾਂ ਢਾਲ ਅਜੀਤ ਸਿੰਘਾ
ਤੂੰ ਅਜੀਤ ਹੈਂ ਜਿੱਤਿਆ ਜਾਇੰਗਾ ਨਾ, ਤੇਰੇ ਨਾਲ ਅਕਾਲ ਅਜੀਤ ਸਿੰਘਾ
ਸਾਡਾ ਕੰਮ ਹੈ ਓਸਨੂੰ ਹੱਲ ਕਰਨਾ, ਜਿਹੜਾ ਪਏ ਸਵਾਲ ਅਜੀਤ ਸਿੰਘਾ
'ਤੀਰ' ਤੇਗ਼ ਐਸੀ ਵਾਹੀਂ ਜਾ ਓਥੇ, ਤੋਬਾ ਕਰੇ ਚੰਡਾਲ ਅਜੀਤ ਸਿੰਘਾ

## ਅਜੀਤ ਸਿੰਘ ਦੀ ਸਫ਼ਲਤਾ (ਵੱਲੋਂ ਕਵੀ)

ਲੈ ਕੇ ਹੁਕਮ ਤੇ ਥਾਪੜਾ ਗੁਰੂ ਜੀ ਤੋਂ, ਬੱਸੀ ਵੱਲ ਕੀਤੀ ਧਾਈ ਸਾਹਿਬਜ਼ਾਦੇ
ਰਾਤੋ-ਰਾਤ ਹੀ ਸਤਲੁਜੋਂ ਪਾਰ ਹੋ ਕੇ, ਬਾਜ਼ੀ ਸਿਰ ਧੜ ਦੀ ਲਾਈ ਸਾਹਿਬਜ਼ਾਦੇ
ਤੜਕਸਾਰ ਜਾ ਘੇਰਿਆ ਸੁੱਤਿਆਂ ਨੂੰ, ਖ਼ੂਬ ਦਾਅ ਕੀਤਾ ਦਾਈ ਸਾਹਿਬਜ਼ਾਦੇ
ਬੰਨ੍ਹ ਲਿਆ ਨਵਾਬ ਨੂੰ ਕੱਸ ਮੁਸ਼ਕਾਂ, 'ਤੀਰ' ਧੁੰਮ ਏਦਾਂ ਪਾਈ ਸਾਹਿਬਜ਼ਾਦੇ

## ਬ੍ਰਾਹਮਣ ਨੂੰ ਪਤਨੀ ਮਿਲ ਗਈ (ਵੱਲੋਂ ਕਵੀ)

ਫੇਰ ਲਈ ਬ੍ਰਾਹਮਣੀ ਕੱਢ ਮਹਿਲੋਂ, ਬ੍ਰਾਹਮਣ ਦੇਵਤਾ ਤਾਈਂ ਮਿਲਾ ਦਿੱਤੀ
ਜਾਣੀ-ਜਾਣ ਦੇ ਕੋਲ ਨਵਾਬ ਆਂਦਾ, ਯੋਗ ਆਪ ਨੇ ਉਹਨੂੰ ਸਜ਼ਾ ਦਿੱਤੀ
ਗਏ ਬ੍ਰਾਹਮਣੀ ਤੇ ਬ੍ਰਾਹਮਣ ਜਸ ਕਰਦੇ, ਗੁਰਾਂ ਦੋਹਾਂ ਦੀ ਆਸ ਪੁਜਾ ਦਿੱਤੀ
'ਤੀਰ' ਇਸ ਤਰ੍ਹਾਂ ਸ੍ਰੀ ਦਸਮੇਸ਼ ਜੀ ਨੇ, ਵੇਖੋ ਦੁਖੀ ਦੀ ਪੱਤ ਬਚਾ ਦਿੱਤੀ

## ਇਕ ਮੁਸਲਮਾਨ ਦੀ ਬੀਵੀ ਦੀ ਵਾਪਸੀ ਦੀ ਸਾਖੀ (ਵੱਲੋਂ ਕਵੀ)

ਏਸੇ ਤਰ੍ਹਾਂ ਇਕ ਵਾਰ ਤਲਵਾਰ ਚੱਲੀ, ਜਦੋਂ ਰੱਣ ਅੰਦਰ ਮਾਰੋ-ਮਾਰ ਹੋਈ
ਮਿਲੀ ਸਫਲਤਾ ਸ੍ਰੀ ਦਸਮੇਸ਼ ਜੀ ਨੂੰ, ਤੇ ਵਿਰੋਧੀਆਂ ਨੂੰ ਡਾਢੀ ਹਾਰ ਹੋਈ
ਸਿੱਖ-ਫ਼ੌਜ ਦੇ ਘੇਰਿਆਂ ਵਿੱਚ ਆ ਕੇ, ਕੈਦਣ ਕਿਸੇ ਨਵਾਬ ਦੀ ਨਾਰ ਹੋਈ

'ਤੀਰ' ਸਤਿਗੁਰਾਂ ਨੂੰ ਜਦੋਂ ਪਤਾ ਲੱਗਾ, ਏਦਾਂ ਆਪ ਜੀ ਵੱਲੋਂ ਵਿਚਾਰ ਹੋਈ

### ਮਹਾਰਾਜ ਸਿੱਖਾਂ ਤੋਂ ਪੁੱਛਦੇ ਹਨ

ਜਾਣੀ-ਜਾਣ ਨੇ ਪੁੱਛਿਆ ਸਾਰਿਆਂ ਨੂੰ, ਕੌਣ ਪਾਲਕੀ ਵਿੱਚ ਹੈ ਨਾਰ ਸਿੰਘੋ
ਤੁਸੀਂ ਕਿਉਂ ਲਿਆਏ ਹੋ ਏਸ ਤਾਈਂ, ਕੀਤੀ ਕਿਉਂ ਹੈ ਜੇ ਗੱਰਿਫਤਾਰ ਸਿੰਘੋ
ਮਰਦ, ਇਸਤਰੀ 'ਤੇ ਹੱਥ ਚੁੱਕਦੇ ਨਾ, ਤੁਸੀਂ ਉਲਟ ਕੀਤੀ ਕਾਹਨੂੰ ਕਾਰ ਸਿੰਘੋ
'ਤੀਰ' ਅੱਖ ਮੈਲੀ ਮੂਲ ਵੇਖਣਾ ਨਾ, ਇਹ ਵੀ ਹੋਂਵਦਾ ਜੇ ਵਿੱਭਚਾਰ ਸਿੰਘੋ

### ਸਿੱਖਾਂ ਦੀ ਬੇਨਤੀ

ਸਾਰੇ ਸਿੱਖ ਬੋਲੇ ਸੱਚੇ ਪਾਤਸ਼ਾਹ ਜੀ, ਕੀਤੀ ਅਸਾਂ ਅਜਿਹੀ ਨਾ ਕਾਰ ਕੋਈ
ਜਾਣੀ ਭੈਣ ਇਹ ਅਸਾਂ ਨਵਾਬ-ਰਾਣੀ, ਹੋਰ ਦਿੱਲ ਨਾ ਫੁਰੀ ਵਿਚਾਰ ਕੋਈ
ਵੈਰੀ ਜਦੋਂ ਨੱਠੇ ਰਹੀ ਇਹ ਪਿੱਛੇ, ਅਸਾਂ ਕਿਹਾ ਨਾ ਕਰੇ ਖਵਾਰ ਕੋਈ
'ਤੀਰ' ਪਾਲਕੀ ਸਣੇ ਹਾਂ ਲੈ ਆਏ, ਹੋਰ ਗੱਲ ਨਾ ਮੂਲ ਦਾਤਾਰ ਕੋਈ

### ਸਤਿਗੁਰਾਂ ਨੇ ਪ੍ਰਸੰਨ ਹੋ ਕੇ ਕਹਿਣਾ

ਫੇਰ ਆਖਿਆ ਗੁਰਾਂ ਪ੍ਰਸੰਨ ਹੋ ਕੇ, ਸਿੱਖੀ ਇਉਂ ਈ ਸਦਾ ਨਿਭਾਈਦੀ ਏ
ਪਰ-ਨਾਰ ਨੂੰ ਵੇਖ ਕੇ ਖਾਲਸਾ ਜੀ, ਕਦੇ ਮੂਲ ਨਾ ਨੀਤ ਡੁਲਾਈਦੀ ਏ
ਪਰ-ਨਾਰ ਨੂੰ ਭੈਣ ਸਮਾਨ ਜਾਣੇ, ਗੱਲ ਸਿੱਖ ਦੇ ਲਈ ਦਨਾਈ ਦੀ ਏ
ਸੱਤਿ, ਪੱਤਿ ਤੇ ਜੱਤਿ ਦਾ ਧਨੀ ਹੋਵੇ, ਗੀਤ ਇਹੋ ਹੀ 'ਤੀਰ' ਵਡਿਆਈ ਦੀ ਏ

### ਨਵਾਬ-ਰਾਣੀ ਆਪਣੇ ਮਾਲਕ ਪਾਸ (ਵੱਲੋਂ ਕਵੀ)

ਉਸੇ ਘੜੀ ਵੇਖੋ ਉਹ ਨਵਾਬ-ਰਾਣੀ, ਮਾਤਾ ਗੁੱਜਰੀ ਕੋਲ ਪੁਚਾਈ ਦਾਤੇ
ਪਤਾ ਕੱਢਿਆ ਪੁੱਛ ਪੜਤਾਲ ਕਰਕੇ, ਏਸ ਤਰ੍ਹਾਂ ਦੀ ਬਣਤ ਬਣਾਈ ਦਾਤੇ
ਪਤੀ ਉਸਦੇ ਦਾ ਪਤਾ ਠੀਕ ਕਰਕੇ, ਫੇਰ ਪਾਲਕੀ ਓਹੋ ਮੰਗਾਈ ਦਾਤੇ
'ਤੀਰ' ਮਾਣ ਆਦਰ ਨਾਲ ਉਸੇ ਵੇਲੇ, ਬੀਵੀ, ਖੌਂਦ ਦੇ ਪਾਸ ਅਪੜਾਈ ਦਾਤੇ

### ਦਸਮੇਸ਼ ਜੀ ਦਾ ਜਸ (ਵੱਲੋਂ ਕਵੀ)

ਧੰਨ ਸ੍ਰੀ ਦਸਮੇਸ਼ ਜੀ ਧੰਨ ਹੈਂ ਤੂੰ, ਧੰਨ ਧਰਮ ਤੇ ਧੰਨ ਉਪਕਾਰ ਤੇਰਾ
ਧੰਨ ਕਾਰ ਤੇਰੀ, ਧੰਨ ਦਿੱਲ ਤੇਰਾ, ਧੰਨ ਕੀਰਤੀ, ਧੰਨ ਵਿਹਾਰ ਤੇਰਾ
ਧੰਨ-ਧੰਨ ਇਖ਼ਲਾਕ ਉਪਦੇਸ਼ ਤੇਰਾ, ਧੰਨ ਸਿਦਕ ਦਾ ਪੁੰਜ ਪਰਵਾਰ ਤੇਰਾ
'ਤੀਰ' ਤੇਰੀਆਂ ਕਰਨੀਆਂ ਯਾਦ ਕਰਕੇ, ਜੱਸ ਗਾਂਵਦਾ ਨਿੱਤ ਸੰਸਾਰ ਤੇਰਾ

### ਹੈ ਨਿਰਵੈਰ ਸਤਿਗੁਰੂ (ਵੱਲੋਂ ਕਵੀ)

ਵੈਰ ਮੂਲ ਨਾ ਕਿਸੇ ਦੇ ਨਾਲ ਤੇਰਾ, ਤੂੰ ਤੇ ਜ਼ੁਲਮ ਮਿਟਾਵਣਾ ਚਾਹੁੰਦਾ ਸੈਂ
ਜੜ੍ਹ ਪਾਪ ਦੀ ਵੱਢ ਕੇ ਜੱਗ ਵਿੱਚੋਂ, ਬੂਟਾ ਧਰਮ ਦਾ ਲਾਵਣਾ ਚਾਹੁੰਦਾ ਸੈਂ
ਪਸ਼ੂ-ਪੁਣਾ ਮਨੁੱਖ 'ਚੋਂ ਕੱਢ ਕੇ ਤੇ, ਉਹਨੂੰ ਰੱਬ ਬਣਾਵਣਾ ਚਾਹੁੰਦਾ ਸੈਂ
ਮੋਏ ਮਰਦਿਆਂ ਮੁਰਦਿਆਂ ਹਿੰਦੀਆਂ ਦੀ, ਦਿਲੋਂ ਅਣਖ ਜਗਾਵਣਾ ਚਾਹੁੰਦਾ ਸੈਂ
ਜ਼ਾਲਮ ਬਾਜ ਦੇ ਪੰਜਿਓਂ ਤਰਸ ਖਾ ਕੇ, ਫਸੀ ਚਿੜੀ ਛੁਡਾਵਣਾ ਚਾਹੁੰਦਾ ਸੈਂ
ਬੰਦੇ ਰੱਬ ਦੇ ਰਹਿਣ ਪ੍ਰੇਮ ਅੰਦਰ, ਇਹੋ ਮੱਤ ਸਿਖਾਵਣਾ ਚਾਹੁੰਦਾ ਸੈਂ
ਮੁਸਲਮਾਨ ਹਿੰਦੂ ਹੈਣ ਇੱਕ ਜੈਸੇ, ਭਰਮ-ਭੇਦ ਸਮਝਾਵਣਾ ਚਾਹੁੰਦਾ ਸੈਂ
ਭਾਂਤੋ-ਭਾਂਤ ਦੀ 'ਤੀਰ' ਛੁਡਾ ਪੂਜਾ, ਇਹੋ ਇੱਕ ਜਪਾਵਣਾ ਚਾਹੁੰਦਾ ਸੈਂ

### ਦਸਮੇਸ਼ ਪਿਤਾ ਤੈਨੂੰ ਦੁਨੀਆ ਸਮਝ ਨਹੀਂ ਸਕੀ (ਵੱਲੋਂ ਕਵੀ)

ਤੈਨੂੰ ਜਾਣਦੇ ਨਾ ਭੁੱਲੇ ਲੋਕ ਭੋਲੇ, ਧੋਖਾ ਵਿਚ ਕੰਮ-ਅੱਕਲੀ ਖਾਂਵਦੇ ਨੇ
ਵੈਰੀ ਦੱਸਦੇ ਕਈ ਹਕੂਮਤਾਂ ਦਾ, ਕਈ ਤੁਰਕ-ਵੈਰੀ ਕਹੀ ਜਾਂਵਦੇ ਨੇ
ਤੂੰ ਤੇ ਉਨ੍ਹਾਂ ਦਾ ਦਿਲੋਂ ਹੈਂ ਠੀਕ ਵੈਰੀ, ਜਿਹੜੇ ਜੱਗ 'ਤੇ ਜ਼ੁਲਮ ਕਮਾਂਵਦੇ ਨੇ
'ਤੀਰ' ਉਨ੍ਹਾਂ ਦਾ ਦਰਦ ਵੰਡਾਂਵਦਾ ਏਂ, ਜਿਹੜੇ ਦੁਖੀ ਦਾ ਦਰਦ ਵੰਡਾਂਵਦੇ ਨੇ

### ਸ੍ਰੀ ਦਸਮੇਸ਼ ਜੀ ਬਸਾਲੀ ਤੇ ਭੰਬੋਰ ਵਿਚ (ਵੱਲੋਂ ਕਵੀ)

'ਧਰਮਪਾਲ' ਬਸਾਲੀ ਦਾ ਸੀ ਰਾਜਾ, ਸੱਚੀ ਮੁੱਚੀ ਦਿਲ ਤੋਂ ਧਰਮਸਾਲ ਹੈ ਸੀ
ਪੂਰਾ ਬੋਲ ਦਾ ਪ੍ਰੇਮ ਦਾ ਨਿਰਾ ਪੁਤਲਾ, ਵੱਲ ਧਰਮ ਦੇ ਉਹਦਾ ਖ਼ਿਆਲ ਹੈ ਸੀ
ਰਾਜਨੀਤ ਦਾ ਕੋਟ ਦਨਾਅ ਸੱਚਾ, ਸਾਰੀ ਜਾਣਦਾ ਸਮੇਂ ਦੀ ਚਾਲ ਹੈ ਸੀ
'ਤੀਰ' ਸ੍ਰੀ ਦਸਮੇਸ਼ ਦਾ ਭੌਰ ਹੈ ਸੀ, ਪ੍ਰੇਮ ਰੱਖਦਾ ਸਤਿਗੁਰਾਂ ਨਾਲ ਹੈ ਸੀ

### ਰਾਜਾ ਧਰਮਪਾਲ ਦੀ ਮਹਾਰਾਜ ਦੇ ਚਰਨਾਂ ਵਿਚ ਬੇਨਤੀ

ਇੱਕ ਰੋਜ਼ ਆ ਓਸਨੇ ਅਰਜ਼ ਕੀਤੀ, ਚੱਲੋ ਭਾਗ ਬਸਾਲੀ ਨੂੰ ਲਾਓ ਦਾਤਾ
ਮੇਰੇ ਰਾਜ ਦੀ ਧੂੜ ਹੋ ਜਾਏ ਸੋਨਾ, ਚੱਲੋ ਚੱਲ ਕੇ ਚਰਨ ਛੁਹਾਓ ਦਾਤਾ
ਗੋਲਾ ਆਪਦਾ ਮੈਂ, ਮੰਨੋ ਅਰਜ਼ ਮੇਰੀ, ਨੈਣਾਂ ਮੇਰਿਆਂ ਵਿਚ ਸਮਾਓ ਦਾਤਾ
ਮੇਰੇ ਰਾਜ-ਮੰਦਰ ਕਰੋ ਚੱਲ ਸਫਲੇ, ਅੰਦਰ ਬੈਠ ਕੇ ਜੋਤ ਜਗਾਓ ਦਾਤਾ
ਸੇਵਾ ਕਰ ਕੇ ਬੜਾ ਪਰਸੰਨ ਹੋਸਾਂ, ਮੇਰੇ ਮਨ ਹੈ ਬੜਾ ਹੀ ਚਾਓ ਦਾਤਾ
'ਤੀਰ' ਆਪਦੇ ਪਿਆ ਮੈਂ ਗੀਤ ਗਾਵਾਂ, ਤੁਸੀਂ ਗੀਤ ਗੋਬਿੰਦ ਦੇ ਗਾਓ ਦਾਤਾ

### ਮਹਾਰਾਜ ਦੀ ਪਰਵਾਨਗੀ (ਵੱਲੋਂ ਕਵੀ)

ਜਾਣੀ-ਜਾਣ ਜੀ ਨੇ ਸਿਦਕ ਵੇਖ ਸੱਚਾ, ਕਰ ਓਸਦੀ ਗੱਲ ਪਰਵਾਨ ਲੀਤੀ

ਤੁਰ ਪਏ ਬਸਾਲੀ ਨੂੰ ਉਸੇ ਵੇਲੇ, ਰੱਖ ਇਸ ਤਰ੍ਹਾਂ ਸਿੱਖ ਦੀ ਸ਼ਾਨ ਲੀਤੀ
ਛੱਡੀ ਫ਼ੌਜ ਕੁਝ ਪੁਰੀ ਅਨੰਦ ਅੰਦਰ, ਕੁੱਝ ਆਪਣੇ ਨਾਲ ਸੁਲਤਾਨ ਲੀਤੀ
'ਤੀਰ' ਉਧਰੋਂ ਨੀਚ ਪਹਾੜੀਆਂ ਨੇ, ਛਾਪਾ ਮਾਰਨੇ ਦੀ ਨੀਤ ਠਾਨ ਲੀਤੀ

### ਪਹਾੜੀ ਰਾਜਿਆਂ ਦਾ ਅਚਨਚੇਤੀ ਹੱਲਾ (ਵੱਲੋਂ ਕਵੀ)

ਅਚਨਚੇਤ ਆ ਕੇ ਵੈਰੀ ਪਏ ਸਿਰ 'ਤੇ, ਜਾਂਦਾ ਖ਼ਾਲਸਾ-ਦੱਲ ਸੀ ਰਾਹ ਅੰਦਰ
ਤੇਗ਼ਾਂ ਸੂਤੀਆਂ ਸਣੇ ਵਜ਼ੀਰ ਖਾਂ ਦੇ, ਬਾਈਧਾਰ ਨੇ ਲੁੱਟ ਦੀ ਚਾਹ ਅੰਦਰ
ਐਪਰ ਖ਼ਾਲਸੇ ਨੇ ਮੋੜ ਮੂੰਹ ਦਿੱਤਾ, ਇਕੋ ਵਾਰ ਅੰਦਰ ਇਕੋ ਸਾਹ ਅੰਦਰ
'ਤੀਰ' ਇਸ ਤਰ੍ਹਾਂ ਲਿਆ ਨਿਬੇੜ ਲੇਖਾ, ਪਿਆ ਬੀ ਦਾ ਜਿਹੜਾ ਵਿਆਹ ਅੰਦਰ

### ਸਤਿਗੁਰੂ ਜੀ ਖ਼ਾਲਸੇ ਸਮੇਤ ਸਤਲੁਜੋਂ ਪਾਰ ਹੋ ਗਏ

ਭਾਵੇਂ ਘੜੀ ਦੀ ਘੜੀ ਤਾਂ ਏਸ ਥਾਵੇਂ, ਚੱਲੀ ਤੇਗ਼ ਹੱਲਾ ਧੂੰਆਂਧਾਰ ਹੋਇਆ
ਭਾਵੇਂ ਸਿਰ ਧੜ ਦੀ ਲਾ ਕੇ ਖ਼ੂਬ ਬਾਜ਼ੀ, ਸਿਰ-ਵਾਢਵਾਂ ਵਾਰ 'ਤੇ ਵਾਰ ਹੋਇਆ
ਐਪਰ ਸਤਿਗੁਰਾਂ ਤੇ ਪੰਥ ਖ਼ਾਲਸੇ ਦਾ, ਰਾਖਾ ਜਾਨ ਲਓ ਆਪ ਕਰਤਾਰ ਹੋਇਆ
'ਤੀਰ' ਸਣੇ ਦਸਮੇਸ਼ ਦੇ ਬਿਨਾਂ ਹਾਨੀ, ਦੱਲ-ਖ਼ਾਲਸਾ ਸਤਲੁਜੋਂ ਪਾਰ ਹੋਇਆ

### ਬਸਾਲੀ ਤੋਂ ਭੰਬੋਰ (ਵੱਲੋਂ ਕਵੀ)

ਕੁਝ ਦਿੱਨ ਬਸਾਲੀ ਨੂੰ ਭਾਗ ਲਾਏ, ਤਾਰੇ ਪ੍ਰੇਮ-ਕੁੱਠੇ ਜਾਨੀ-ਜਾਣ ਸਿਦਕੀ
ਉਥੇ ਫੇਰ ਭੰਬੋਰੀਆ ਆਣ ਪੁੱਜਾ, ਲੱਗਾ ਇਸ ਤਰ੍ਹਾਂ ਅਰਜ਼ ਸੁਣਾਣ ਸਿਦਕੀ
ਜਾਨੀ-ਜਾਣ ਜੀ ਆਪ ਦੇ ਰਾਹ ਉੱਤੇ, ਰੋ ਰੋ ਅੱਖੀਆਂ ਪਏ ਵਿਛਾਣ ਸਿਦਕੀ
ਤਾਰੋ ਉਨ੍ਹਾਂ ਦੇ ਸਣੇ ਗ਼ਰੀਬ ਨੂੰ ਵੀ, 'ਤੀਰ' ਆਪ ਜੀ ਦਾ ਦੀਦ ਪਾਣ ਸਿਦਕੀ

❂ ❂ ❂

ਬੜੀ ਪ੍ਰੇਮ ਦੇ ਵਿਚ ਹੈ ਖਿੱਚ ਹੁੰਦੀ, ਪੱਕੇ ਪ੍ਰੇਮ ਦਾ ਪੈ ਗਿਆ ਜ਼ੋਰ ਵੇਖੋ
ਗੁੱਡੀ ਵਾਂਗਰਾਂ ਗੁਰੂ ਜੀ ਗਏ ਖਿੱਚੇ, ਬਾਜ਼ੀ ਜਿੱਤ ਗਈ ਪ੍ਰੇਮ ਦੀ ਡੋਰ ਵੇਖੋ
ਸਿੱਖ ਸੰਗਤਾਂ ਨੂੰ ਕਹਿਆ ਗੁਰੂ ਜੀ ਨੇ, ਮੇਰੇ ਸਿਦਕੀਓ ਚੱਲ ਭੰਬੋਰ ਵੇਖੋ
'ਤੀਰ' ਮਾਣ ਹੈ ਲਿਆ ਪ੍ਰੇਮ ਏਥੇ, ਉਥੇ ਚੱਲ ਪ੍ਰੇਮ ਦਾ ਲੋਰ ਵੇਖੋ

### ਗੁਰੂ ਜੀ ਭੰਬੋਰ ਵਿਚ (ਵੱਲੋਂ ਕਵੀ)

ਜਾਨੀ-ਜਾਣ ਜੀ ਜਾਂ ਭੰਬੋਰ ਪੁੱਜੇ, ਦਿਲੋਂ ਮਨੋਂ 'ਭੰਬੋਰੀਏ' ਪਿਆਰ ਕੀਤਾ
ਸਾਰੇ ਸ਼ਹਿਰ ਨੇ ਆਣ ਦੀਦਾਰ ਕਰਕੇ, ਤਪੇ ਦਿਲਾਂ ਤਾਈਂ ਠੰਢਾ-ਠਾਰ ਕੀਤਾ
ਸੱਚੇ ਪਾਤਸ਼ਾਹ ਨੇ ਖੁੱਲ੍ਹਾ ਦਿਲ ਕਰਕੇ, ਆਏ ਸਿਦਕੀਆਂ ਦਾ ਬੇੜਾ ਪਾਰ ਕੀਤਾ
ਸਦਾ ਵਾਸਤੇ 'ਤੀਰ' ਉਹ ਮੁਕਤ ਹੋਏ, ਜਿਨ੍ਹਾਂ ਘੜੀ ਦੀ ਘੜੀ ਦੀਦਾਰ ਕੀਤਾ

## ਦਸਮੇਸ਼ ਜੀ ਦਾ ਅਨੰਦਪੁਰ ਵਾਪਸ ਆਉਣਾ

ਕੁੱਝ ਦਿੱਨ ਭੰਬੋਰ ਦੇ ਵਿਚ ਰਹਿ ਕੇ, ਫੇਰ ਪੁਰੀ ਅੰਦਰ ਜਾਣੀ-ਜਾਣ ਪਹੁੰਚੇ
ਆਏ ਸਿੱਖ ਸੇਵਕ ਤਾਂਘ-ਭਰੇ ਹੋਏ, ਕਹਿਣ ਸ਼ੁਕਰ ਰੱਬਾ! ਸਾਡੇ ਮਾਣ ਪਹੁੰਚੇ
ਏਸ ਸਮੇਂ ਅਜਮੇਰ ਤੇ ਹੋਰ ਰਾਜੇ, ਡਰ ਕੇ ਸਰਨ ਸਾਰੇ ਪੈਦਲ ਆਣ ਪਹੁੰਚੇ
'ਤੀਰ' ਸੁਲ੍ਹਾ ਦੇ ਵਾਸਤੇ ਬਿਨੈ ਕੀਤੀ, ਸਮਾਂ ਆਪਣੀ ਵੱਲੋਂ ਪਛਾਣ ਪਹੁੰਚੇ

## ਜਾਣੀ-ਜਾਣ ਦੀ ਦਰਿਆ ਦਿਲੀ (ਵੱਲੋਂ ਕਵੀ)

ਜਾਣੀ-ਜਾਣ ਜੀ ਦਿਲਾਂ ਦੀ ਜਾਣਦੇ ਸੀ, ਨਾ ਸੀ ਜਾਣਦੇ ਦਿਲੋਂ ਲੜਾਈ ਚੰਗੀ
ਵੈਰ ਪਾਣ ਨਾਲੋਂ ਠੀਕ ਜਾਣਦੇ ਸੀ, ਸਦਾ ਦੋਸਤੀ ਤੇ ਮਿੱਤਰਤਾਈ ਚੰਗੀ
ਲੱਗੇ ਕਹਿਣ ਜੇ ਹੋਇ ਨਾ ਨੀਤ ਮਾੜੀ, ਫੇਰ ਨਿਭਦੀ ਸੁਲ੍ਹਾ-ਸਫਾਈ ਚੰਗੀ
'ਤੀਰ' ਲਿਆ ਸੀ ਸੋਚ ਪਹਾੜੀਆਂ ਨੇ, ਰੋਜ਼-ਰੋਜ਼ ਨਹੀਂ ਖੁੰਬ ਠਪਾਈ ਚੰਗੀ
ਦੋਹਿਰਾ—ਮਾਫੀ ਦੇ ਦਸਮੇਸ਼ ਨੇ, ਬਖ਼ਸ਼ੀ ਬਾਈਧਾਰ
ਪ੍ਰੇਮ-ਦੇਵਤੇ ਵਾਂਗਰਾਂ, ਪਾਲਿਆ ਦਿਲੋਂ ਪਿਆਰ

## ਸ੍ਰੀ ਦਸਮੇਸ਼ ਜੀ ਦੀ ਹਜ਼ੂਰੀ ਵਿਚ ਮਹਿਲ ਜੀਤੋ ਜੀ ਦੀ ਬੇਨਤੀ

ਇੱਕ ਰੋਜ਼ ਜਾਂ ਸ੍ਰੀ ਦਸਮੇਸ਼-ਚੋਜੀ, ਘਰ ਸ਼ਾਮ ਵੇਲੇ ਭੋਜਨ ਪਾਣ ਲੱਗੇ
ਏਦਾਂ ਸ੍ਰੀ ਜੀਤੋ ਜਾਣੀ-ਜਾਣ ਤਾਈਂ, ਦਰਦ-ਵੇਦਨਾ ਆਣ ਸੁਣਾਣ ਲੱਗੇ
ਮੇਰੇ ਪ੍ਰਾਣ ਦਾਤਾ, ਧੰਨ ਭਾਗ ਮੇਰੇ, ਤੁਸੀਂ ਭਾਗ ਅਨਾਥ ਨੂੰ ਲਾਣ ਲੱਗੇ
ਡੋਰ ਆਪ ਦੇ ਹੱਥ ਗ਼ਰੀਬਣੀ ਦੀ, ਆਸਮਾਨ ਉੱਤੇ ਹੋ ਚੜ੍ਹਾਣ ਲੱਗੇ
ਮੈਨੂੰ ਖ਼ੁਸ਼ੀ ਬੇਹੱਦ ਹੈ ਦਿੱਲ ਅੰਦਰ, ਚਾਰ ਚੰਦ ਹੋ ਧਰਮ ਨੂੰ ਲਾਣ ਲੱਗੇ
ਮੈਨੂੰ ਖ਼ੁਸ਼ੀ ਹੈ ਕਿ ਭਾਰਤ ਮਾਂ ਦੀਆਂ, ਤੁਸੀਂ ਬੇੜੀਆਂ ਤੋੜ ਗਵਾਣ ਲੱਗੇ
ਮੈਨੂੰ ਖ਼ੁਸ਼ੀ ਏ ਕਿ ਪਤੀ ਦੇਵ ਮੇਰੇ, ਦੇਸ਼-ਪ੍ਰੇਮ ਦੇ ਪੂਰਨੇ ਪਾਣ ਲੱਗੇ
'ਤੀਰ' ਏਤਨਾ ਆਖ ਕੇ ਫੇਰ ਅੱਗੋਂ, ਏਦਾਂ ਸ੍ਰੀ ਜੀਤੋ ਜੀ ਸੁਣਾਣ ਲੱਗੇ

## ਮਹਿਲ ਜੀਤੋ ਜੀ ਮਹਾਰਾਜ ਅੱਗੇ ਫਿਰ ਬੇਨਤੀ ਕਰਦੇ ਹਨ

ਸੱਚੇ ਪਾਤਸ਼ਾਹ ਜੀ ਏਸ ਕੰਗਲੀ ਨੂੰ, ਲਾ ਕੇ ਲੜ ਜੋ ਤੁਸਾਂ ਵਡਿਆਇਆ ਏ
ਨਾਮ-ਕਣੀ ਜੋ ਪਾਈ ਜੇ ਦਿੱਲ ਅੰਦਰ, ਰਿਦੇ ਜੋ ਪ੍ਰਕਾਸ਼ ਵਸਾਇਆ ਏ
ਓਸ ਚਾਨਣੇ ਵਿਚ ਮੈਂ ਕਈ ਵਾਰੀ, ਦਾਤਾ ਆਪਣਾ ਮਨ ਟਿਕਾਇਆ ਏ
'ਤੀਰ' ਚਰਨ-ਦਾਸੀ ਏਸ ਆਪਦੀ ਤੋਂ, ਜਾਣੀ ਜਾਂਦੀ ਨਾ ਆਪਦੀ ਮਾਇਆ ਏ

## ਜੀਤੋ ਜੀ ਆਪਣੀ ਅੱਖ ਵਿਚ ਫਿਰਦੇ ਨਜ਼ਾਰੇ ਬਿਆਨ ਕਰਦੇ ਹਨ

ਜਾਣੀ-ਜਾਣ ਜੀ ਜਦੋਂ ਧਿਆਨ ਅੰਦਰ, ਟਿੱਕ ਮੱਨ ਮੇਰਾ ਕਦੇ ਜਾਂਵਦਾ ਏ

ਕੀ ਹਾਂ ਵੇਖਦੀ ਦੋ ਜਹਾਨ-ਵਾਲੀ, ਪਿਆ ਨਵੇਂ ਹੀ ਰੰਗ ਵਿਖਾਂਵਦਾ ਏ
ਚਿੱਲੇ ਚਾੜ੍ਹਦਾ ਜਾਪਦਾ ਤੀਰ ਮੈਨੂੰ, ਫੇਰ ਦਿੱਸਦਾ ਖ਼ੂਬ ਚਲਾਂਵਦਾ ਏ
ਫੇਰ ਪੁਰੀ ਅਨੰਦ ਦੇ ਹਰ ਪਾਸੇ, ਹੜ੍ਹ ਲਹੂ ਦਾ ਹੀ ਨਿਗ੍ਹਾ ਆਂਵਦਾ ਏ
ਫੇਰ ਦਿਸਦਾ ਬਾਗ਼ ਪਰਵਾਰ ਮੈਨੂੰ, ਵੱਖੋ ਵੱਖ ਹੋ ਸਮਾਂ ਬਿਤਾਂਵਦਾ ਏ
ਖ਼ੂਨੀ-ਖੇਡ ਦਿੱਸੇ, ਮੈਨੂੰ ਫੇਰ ਖੁੱਲ੍ਹੀ, ਕਈ ਝਾਕੀਆਂ ਕਾਲ ਵਿਖਾਂਵਦਾ ਏ
ਮੈਂ ਹਾਂ ਵੇਖਦੀ, ਚੰਦ 'ਅਜੀਤ' ਮੇਰਾ, ਰਣ ਵਿੱਚ ਤਲਵਾਰ ਚਮਕਾਂਵਦਾ ਏ
ਸੁੱਤਾ ਸਦਾ ਲਈ ਫੇਰ ਮੈਂ ਵੇਖਦੀ ਹਾਂ, ਦੇਸ਼ ਵਾਸਤੇ ਜਾਨ ਘੁਮਾਂਵਦਾ ਏ
ਫੇਰ ਦਿਸਦਾ ਲਾਲ ਜੁਝਾਰ ਮੇਰਾ, ਜੱਫੀ ਜਾ ਅਜੀਤ ਨੂੰ ਪਾਂਵਦਾ ਏ
ਵੇਖਾਂ ਦੇਸ਼ ਦੇ ਲਈ ਸਿਰਤਾਜ ਮੇਰਾ, ਹੱਸ-ਹੱਸ ਕੇ ਲਾਲ ਲੁਟਾਂਵਦਾ ਏ
ਫੇਰ ਹੋਰ ਝਾਕੀ ਮੈਨੂੰ ਦਿੱਸਦੀ ਹੈ, ਮੇਰਾ ਵੇਖ ਕੇ ਮੱਨ ਹਰਖਾਂਵਦਾ ਏ
ਇਕ ਜ਼ੁਲਮ ਤੇ ਜਬਰ ਦਾ ਕਿਲ੍ਹਾ ਦਿੱਸੇ, ਝੰਡਾ ਓਸ 'ਤੇ ਲਾਲ ਲਹਿਰਾਂਵਦਾ ਏ
ਜ਼ੋਰਾਵਰ ਮੇਰਾ ਓਹਦੀ ਨੀਂਹ ਪੁੱਟੇ, ਜ਼ੋਰਾਵਰਾਂ ਨੂੰ ਪਿਆ ਹਰਾਂਵਦਾ ਏ
ਫਤਹਿ ਸਿੰਘ ਭਰਾ ਦੇ ਨਾਲ ਮਿਲ ਕੇ, ਪਿਆ ਕੌਮ ਦਾ ਮਹਿਲ ਬਣਾਂਵਦਾ ਏ
ਏਸ ਰੰਗ ਅੰਦਰ ਫੇਰ 'ਸ੍ਰੀ ਜੀਓ', ਨੈਣੀਂ ਹੋਰ ਇਕ ਰੰਗ ਸਮਾਂਵਦਾ ਏ
ਸ੍ਰੀ ਮਾਤ ਦਾ ਬਿਰਧ ਸਰੀਰ ਓਥੇ, ਦੇਸ਼ ਧਰਮ ਦੇ ਫ਼ਰਜ਼ ਨਿਭਾਂਵਦਾ ਏ
ਮੈਂ ਹਾਂ ਵੇਖਦੀ ਸਿੱਖ-ਪਰਿਵਾਰ ਸਾਰਾ, ਪਿਆ ਸਿਰਾਂ ਦੀ ਭੇਟ ਚੜ੍ਹਾਂਵਦਾ ਏ
ਕਿਤੇ ਸਮਾਂ ਮੇਰੇ ਜਾਣੀ-ਜਾਣ ਤਾਈਂ, ਵਾਹਣੇ ਪੈਰ ਹੀ ਪਿਆ ਤੁਰਾਂਵਦਾ ਏ
ਕਿਤੇ ਸੋਹਣੀਆਂ ਸੇਜਾਂ 'ਤੇ ਸੌਣ ਵਾਲਾ, ਰਾਤਾਂ ਸੱਥਰੀਂ ਪਿਆ ਬਿਤਾਂਵਦਾ ਏ
ਵੇਖ ਹੋਣੀਆਂ ਇਹ ਸਿਰਤਾਜ ਜੀਓ, ਮੇਰਾ ਮਨ ਗੁੱਝੇ 'ਤੀਰ' ਖਾਂਵਦਾ ਏ

### *ਜੀਤੋ ਜੀ ਫਿਰ ਸ੍ਰੀ ਦਸਮੇਸ਼ ਜੀ ਨੂੰ ਕਹਿੰਦੇ ਹਨ*

ਜਾਣੀ-ਜਾਣ ਜੀ ਇਉਂ ਧਿਆਨ ਜੁੜਿਆਂ, ਮੈਨੂੰ ਨਵੀਂ ਹੀ ਬਾਗ਼-ਬਹਾਰ ਦਿੱਸੇ
ਭਰੀ ਉੱਛਲਦੀ ਰੱਤ ਦੀ ਨੈਂ ਦਿੱਸੇ, ਕੋਈ ਪਾਰ ਤੇ ਕੋਈ ਉਰਾਰ ਦਿੱਸੇ
ਘੋੜੀ ਚੜ੍ਹ ਕੇ ਦਿੱਸੇ ਅਜੀਤ ਜਾਂਦਾ, ਏਸ ਤਰ੍ਹਾਂ ਈ ਨਾਲ ਜੁਝਾਰ ਦਿੱਸੇ
ਲਾੜਾ ਖ਼ੂਬ ਬਣਿਆ ਜ਼ੋਰਾਵਰ ਦਿੱਸੇ, ਮੇਰੇ ਫਤਹਿ ਦਾ ਨਵਾਂ ਸ਼ਿੰਗਾਰ ਦਿੱਸੇ
ਬਿਰਧ ਮਾਂ ਦਿੱਸੇ ਨਵੇਂ ਰੰਗ ਅੰਦਰ, ਨਵੇਂ ਰੰਗ ਵਿਚ ਉਹਦਾ ਪਿਆਰ ਦਿੱਸੇ
ਘੋੜੀ ਗਾਂਵਦੀ ਜਾਪਦੀ ਪੋਤਿਆਂ ਦੀ, ਨੈਣੋਂ ਡੁਲ੍ਹਦਾ ਲਾਡ-ਮਲ੍ਹਾਰ ਦਿੱਸੇ
ਮੈਨੂੰ ਪੰਥ ਦਾ ਉਸਰਦਾ ਮਹਿਲ ਦਿੱਸੇ, ਨਵੀਂ ਤਰ੍ਹਾਂ ਦਾ ਕੰਧ ਉਸਾਰ ਦਿੱਸੇ
ਮੇਰੇ ਮੱਖਣੀ-ਪਾਲਿਆਂ ਪੁੱਤਰਾਂ 'ਤੇ, ਕੋਈ ਲਾਂਵਦਾ ਇੱਟਾਂ ਦੇ ਵਾਰ ਦਿੱਸੇ
ਮੇਰੇ ਬੱਚਿਆਂ 'ਤੇ ਜਦੋਂ ਇੱਟ ਲੱਗੇ, ਮੇਰੀ ਜਿੰਦ ਉੱਤੇ ਪੈਂਦਾ ਭਾਰ ਦਿੱਸੇ
ਜਾਣੀ-ਜਾਣ ਜੀ ਸੱਚ ਇਹ ਜਾਣਨਾ ਜੀ, ਕੋਈ ਭੇਦ ਦੀ ਖੜਕਦੀ ਤਾਰ ਦਿੱਸੇ

ਫੇਰ ਆਪ ਦਾ ਚੋਜ ਵੀ ਨਵਾਂ ਦਿੱਸੇ, ਨਵੇਂ ਰੰਗ ਦਾ ਨਵਾਂ ਦਰਬਾਰ ਦਿੱਸੇ
ਨਾ ਅਨੰਦਪੁਰ, ਨਾ ਈ ਸਿੱਖ ਸਿਦਕੀ, ਨਾਹੀਂ ਪਤੀ ਜੀ ਕਿਤੇ ਪਰਵਾਰ ਦਿੱਸੇ
ਦੁੱਧ ਮੇਰੀਓਂ ਛਾਤੀਓਂ ਵਹਿ ਤੁਰਦਾ, ਜਦੋਂ ਪੁੱਤਰਾਂ ਦੀ ਲਹੂ-ਧਾਰ ਦਿੱਸੇ
ਜੋ ਨਾ ਅੱਖੀਆਂ ਮੇਰੀਆਂ ਸਹਿੰਦੀਆਂ ਨੇ, ਅੱਖਾਂ ਮੇਰੀਆਂ ਨੂੰ ਐਸੀ ਕਾਰ ਦਿੱਸੇ
'ਕੌਤਕਹਾਰ ਜੀ' ਖੇਡ ਇਹ ਨਵੀਂ ਦਿੱਸੇ, ਨਵੇਂ ਰੂਪ ਵਿਚ ਨਵਾਂ ਸੰਸਾਰ ਦਿੱਸੇ
'ਤੀਰ' ਡੁੱਬਦੇ ਡੋਲਦੇ ਹਿੰਦੀਆਂ ਦਾ, ਨਵੀਂ ਤਰ੍ਹਾਂ ਬੇੜਾ ਹੁੰਦਾ ਪਾਰ ਦਿੱਸੇ

### ਜੀਤੋ ਜੀ ਨੇ ਫਿਰ ਆਖਿਆ

ਆਪ ਸਾਰੀਆਂ ਹੋਣੀਆਂ ਜਾਣਦੇ ਹੋ, ਭੇਦ ਅਸਲ ਸਮਝਾਓ ਸਿਰਤਾਜ ਜੀਓ
ਅੱਗੋਂ ਹੋਣੀਆਂ ਕੀ ਕੀ ਹੋਣੀਆਂ ਨੇ, ਮੈਨੂੰ ਪਤਾ ਤੇ ਲਾਓ ਸਿਰਤਾਜ ਜੀਓ
ਕਿਹੜੇ ਰੰਗ ਦਾ ਆ ਰਿਹਾ ਸਮਾਂ ਅੱਗੋਂ, ਰਤਾ ਰੰਗ ਵਿਖਾਓ ਸਿਰਤਾਜ ਜੀਓ
'ਤੀਰ' ਸੋਚ-ਸਾਗਰ ਅੰਦਰ ਪੈਣ ਡੋਬਾਂ, ਕੰਢੇ ਆਪ ਪੁਚਾਓ ਸਿਰਤਾਜ ਜੀਓ

### ਮਹਾਰਾਜ ਦੇ ਬਚਨ

ਮਹਾਰਾਜ ਨੇ ਆਖਿਆ ਸੁਣ ਜੀਤਾਂ! ਹੋਸੀ ਠੀਕ ਜੋ ਆਪ ਤੂੰ ਦੱਸਿਆ ਹੈ
ਅੱਖੀਂ ਵੇਖਦੀ ਨਹੀਂ ਕਿ ਹਿੰਦ ਅੰਦਰ, ਛਾਈ ਆਣ ਕੇ ਪਾਪ-ਅਮੱਸਿਆ ਹੈ
ਜ਼ੁਲਮ ਆਜਜ਼ਾਂ ਦੇ ਸਿਰੀਂ ਨੱਚਦਾ ਹੈ, ਸੱਚ-ਚੰਨ ਜਹਾਨ ਤੋਂ ਨੱਸਿਆ ਹੈ
'ਤੀਰ' ਜ਼ੁਲਮ ਅਨਿਆਂ ਦੇ ਪੁੜ ਅੰਦਰ, ਦਾਣੇ ਵਾਂਗ ਸਾਡਾ ਦੇਸ਼ ਫੱਸਿਆ ਹੈ

### ਮਹਾਰਾਜ ਨੇ ਫਿਰ ਬਚਨ ਕੀਤਾ

ਸਾਨੂੰ ਕਰਨੀਆਂ, ਕਰਨੀਆਂ ਪੈਣੀਆਂ ਨੇ, ਏਸ ਹਿੰਦ ਦੀ ਜਿੰਦ ਬਚਾਣ ਖ਼ਾਤਰ
ਬੱਚੇ ਪੈਣਗੇ ਹੁਣ ਕੁਰਬਾਨ ਕਰਨੇ, ਏਸ ਦੇਸ਼ ਦੇ ਪੁੱਤ ਜਿਵਾਣ ਖ਼ਾਤਰ
ਮਾਤਾ ਵਾਰਨੀ ਪਏਗੀ ਦੇਸ਼ ਉੱਤੋਂ, ਭਾਰਤ ਮਾਤ ਦੀ ਸ਼ਾਨ ਬਣਾਣ ਖ਼ਾਤਰ
'ਤੀਰ' ਵਸਣੀ ਝੜੀ ਕੁਰਬਾਨੀਆਂ ਦੀ, ਹਿੰਦ ਦੇਸ਼ 'ਚੋਂ ਜ਼ੁਲਮ ਰੁੜ੍ਹਾਣ ਖ਼ਾਤਰ

### ਸ੍ਰੀ ਦਸਮੇਸ਼ ਜੀ ਜੀਤੋ ਜੀ ਉੱਤੇ ਮੇਹਰਵਾਨ ਹੋ ਕੇ ਕਹਿੰਦੇ ਹਨ

ਦਿਲੋਂ ਹੋ ਪ੍ਰਸੰਨ 'ਪ੍ਰਾਣ ਪਿਆਰੀ', ਗਏ ਕੁਦਰਤੋਂ ਭਾਗ ਵਡਿਆਏ ਤੇਰੇ
ਲੱਖ ਸ਼ੁਕਰ ਗੁਜ਼ਾਰ ਕਰਤਾਰ ਦਾ ਤੂੰ, ਵਾਰੇ ਜਾਣਗੇ ਦੇਸ਼ ਤੋਂ 'ਜਾਏ' ਤੇਰੇ
ਮੈਂ ਵੀ ਭੇਟ ਚੜ੍ਹਸਾਂ ਦੇਸ਼-ਦੇਵਤੇ ਦੀ, ਸਫ਼ਲ ਹੋਣਗੇ ਫ਼ਰਜ਼ ਨਿਭਾਏ ਤੇਰੇ
'ਤੀਰ' ਤੂੰ ਸ਼ਹੀਦਾਂ ਦੀ ਮਾਂ ਬਣਸੇਂ, ਸਮੇਂ ਜਦੋਂ ਅਰਮਾਨ ਪੁਗਾਏ ਤੇਰੇ

### ਹੋਰ ਮੇਹਰਬਾਨ ਹੋ ਕੇ ਫਿਰ ਕਹਿੰਦੇ ਹਨ

ਦੱਸ ਹੋਰ ਕੀ ਜੱਗ ਤੇ ਵੱਟਣਾ ਈਂ, ਲੇਖੇ ਲੱਗਸੀ ਸੱਭ ਪਰਵਾਰ ਤੇਰਾ
ਲੈਸੀ ਮੌਤ ਨੂੰ ਜਿੱਤ 'ਅਜੀਤ' ਤੇਰਾ, ਬਲੀ ਚਾੜ੍ਹਸੀ ਸੀਸ 'ਜੁਝਾਰ' ਤੇਰਾ
'ਜ਼ੋਰਾਵਰ' ਸਾਰੇ ਜ਼ੋਰਾਵਰਾਂ ਤਾਈਂ, ਤੇਰੀ 'ਫ਼ਤਹਿ' ਕਰਸੀ ਹੋਣਹਾਰ ਤੇਰਾ
'ਤੀਰ' ਇਸਤਰ੍ਹਾਂ ਰਹੇਗਾ ਸਦਾ ਜੀਂਦਾ, ਭਾਗਾਂ ਵਾਲੀਏ ਦੇਸ਼-ਪਿਆਰ ਤੇਰਾ

### ਮਹਾਰਾਜ ਆਪਣਾ ਪ੍ਰੋਗਰਾਮ ਦੱਸਦੇ ਹਨ

ਸੇਵਾ ਵਾਸਤੇ ਅਸੀਂ ਹਾਂ ਜੱਗ ਆਏ, ਲੱਖ ਵਟ ਜੇ ਟਹਿਲ ਕਮਾ ਜਾਈਏ
ਆਪ ਵਸੀਏ ਨਾ ਤਾਂ ਵੀ ਖ਼ੁਸ਼ੀ ਸਾਨੂੰ, ਐਪਰ ਉੱਜੜੀ ਹਿੰਦ ਵਸਾ ਜਾਈਏ
ਪਏ ਆਉਣਗੇ ਝੁੰਡ ਪਰਵਾਨਿਆਂ ਦੇ, ਦੇਸ਼-ਪ੍ਰੇਮ ਦੀ ਸ਼ਮ੍ਹਾ ਜਗਾ ਜਾਈਏ
ਬੇੜੀ ਆਪਣੀ ਜਾਣ ਲੈ ਪਾਰ ਹੋਈ, ਜੇਕਰ ਡੁੱਬਦੇ 'ਤੀਰ' ਬਚਾ ਜਾਈਏ

### ਮਹਾਰਾਜ ਜੀਤੋ ਜੀ ਨੂੰ ਸਮੇਂ ਦੀ ਹਾਲਤ ਦੱਸਦੇ ਹਨ

ਕੀ ਤੂੰ ਵੇਖਦੀ ਨਹੀਂ ? ਕਿ ਦੇਸ਼ ਅੰਦਰ, ਸਾਡੇ ਦੇਸ਼-ਵਾਸੀ ਪੀਠੇ ਜਾ ਰਹੇ ਨੇ
ਕੀ ਤੂੰ ਵੇਖਦੀ ਨਹੀਂ ? ਅੰਞਾਣ-ਬੱਚੇ, ਮਾਰੇ ਜ਼ੁਲਮ ਦੇ ਰੋ ਕੁਰਲਾ ਰਹੇ ਨੇ
ਕੀ ਤੂੰ ਵੇਖਦੀ ਨਹੀਂ ? ਬੇਤੱਰਸ ਜ਼ਾਲਮ, ਜ਼ੁਲਮ ਨਵੇਂ ਤੋਂ ਨਵੇਂ ਕਮਾ ਰਹੇ ਨੇ
ਕੀ ਤੂੰ ਵੇਖਦੀ ਨਹੀਂ ? ਕਿ ਹਿੰਦ ਤਾਈਂ, ਹਾਕਮ ਪੱਕੀਆਂ ਬੇੜੀਆਂ ਪਾ ਰਹੇ ਨੇ
ਕੀ ਤੂੰ ਵੇਖਦੀ ਨਹੀਂ ? ਕਿ ਹਿੰਦ ਅੰਦਰ, ਸਮੇਂ ਪਾਪ ਅਨਿਆਂ ਦੇ ਆ ਰਹੇ ਨੇ
ਕੀ ਤੂੰ ਵੇਖਦੀ ਨਹੀਂ ? ਕਿ ਨਿੱਤ ਪਾਪੀ, ਚੰਦ ਨਵੇਂ ਤੋਂ ਨਵੇਂ ਚੜ੍ਹਾ ਰਹੇ ਨੇ
ਕੀ ਤੂੰ ਵੇਖਦੀ ਨਹੀਂ ? ਕਿ ਦੀਨ ਦੁਖੀਏ, ਸਾਨੂੰ ਆਪਣੀ ਵੱਲ ਬੁਲਾ ਰਹੇ ਨੇ
'ਤੀਰ' ਹੁਣ ਕੁਰਬਾਨੀਆਂ ਹੋਣਗੀਆਂ, ਸਾਨੂੰ ਸਮੇਂ ਦੇ ਰੰਗ ਸਮਝਾ ਰਹੇ ਨੇ

### ਹਜ਼ੂਰ ਫਿਰ ਧਰਮ ਪਤਨੀ ਜੀ ਨੂੰ ਫ਼ੁਰਮਾਉਂਦੇ ਹਨ

ਏਸੇ ਲਈ ਹੁਣ ਆਂਵਦੇ ਸਮੇਂ ਅੰਦਰ, ਵੇਖੋ ਰੰਗ ਕਰਤਾਰ ਦੇ ਸੁੰਦਰੀ ਜੀ
ਅਸਾਂ ਦੇਸ਼ ਅੰਦਰ ਬੰਧਨ ਕੱਟਣੇ ਨੇ, ਰੋਂਦੇ ਦੀਨ ਦੁਖਿਆਰ ਦੇ ਸੁੰਦਰੀ ਜੀ
ਮਾਲਾ ਫੇਰਨੇ ਦਾ ਸਮਾਂ ਬੀਤ ਚੁਕਾ, ਆਏ ਦਿਨ ਤਲਵਾਰ ਦੇ ਸੁੰਦਰੀ ਜੀ
ਰੰਗ ਬੱਝਣੇ ਨੇ ਅੱਗੋਂ ਕਈ ਥਾਈਂ, ਵੇਖੋ ਰੱਤ ਦੀ ਧਾਰ ਦੇ ਸੁੰਦਰੀ ਜੀ
ਤੁਸੀਂ ਹੌਂਸਲੇ ਦੇ ਨਾਲ ਜਾਓ ਵੇਖੀ, ਕਾਰੇ ਦੇਸ਼-ਪਿਆਰ ਦੇ ਸੁੰਦਰੀ ਜੀ
'ਤੀਰ' ਚੱਲਣੇ ਨੇ, ਉੱਤੇ ਜ਼ਾਲਮਾਂ ਦੇ, ਮੇਰੇ ਨਾਗ਼ ਫੂੰਕਾਰਦੇ ਸੁੰਦਰੀ ਜੀ

### ਵੱਲੋਂ ਕਵੀ

ਫਤਹਿ ਸਿੰਘ ਬੱਚਾ ਗੁਰੂ ਘਰ ਅੰਦਰ, ਜਨਮ ਧਾਰ ਕੇ ਜਦ ਤੋਂ ਆਇਆ ਸੀ
ਉਸੇ ਸਮੇਂ ਤੋਂ ਸ੍ਰੀ ਦਸਮੇਸ਼ ਜੀ ਨੇ, ਗ੍ਰਸਤ ਮਾਰਗੋਂ ਮੰਨ ਹਟਾਇਆ ਸੀ
ਬ੍ਰਹਮਾਚਰਜ ਵਿਚ ਕੱਟਣੇ ਦਿਨ ਬਾਕੀ, ਜਾਣੀ-ਜਾਣ ਨੇ ਪੂਰਨਾ ਪਾਇਆ ਸੀ
'ਤੀਰ' ਰੱਬ ਜਾਣੇ ਏਸ ਗੱਲ ਅੰਦਰ, ਕੀ ਆਪ ਨੇ ਭੇਦ ਲੁਕਾਇਆ ਸੀ

### ਤੀਜੇ ਵਿਆਹ ਦੀ ਅਸਲੀਅਤ ਖ਼ਾਲਸੇ ਦੀ ਮਾਤਾ ਸਾਹਿਬ ਦੇਵਾਂ ਜੀ (ਵੱਲੋਂ ਕਵੀ)

ਜੇਲ੍ਹਮ ਜ਼ਿਲ੍ਹੇ ਰੜ੍ਹਾਸ ਦੇ ਰਹਿਣ ਵਾਲਾ, ਇੱਕ ਸਿੱਖ ਦੀਦਾਰ ਜਾਂ ਪਾਣ ਆਇਆ
ਨਾਲ ਲੈ ਕੇ ਪਾਲਕੀ ਪੁੱਤਰੀ ਦੀ, ਕੋਈ ਦਿਲ ਦੀ ਰੀਝ ਪੁਗਾਣ ਆਇਆ
ਆ ਕੇ ਇਸਤਰ੍ਹਾਂ ਬੇਨਤੀ ਕਰਨ ਲੱਗਾ, ਸੱਚੇ ਪਾਤਸ਼ਾਹ ਜੀ ਕਰਕੇ ਮਾਣ ਆਇਆ
ਮੈਂ ਇਹ ਪੁੱਤਰੀ ਆਪਦੇ ਲੜ ਲਾਈ, ਭੇਟਾ ਆਪ ਦੇ ਦਰ ਚੜ੍ਹਾਨ ਆਇਆ
ਦਾਸੀ ਆਪਣੀ ਕਰੋ ਪ੍ਰਵਾਨ ਏਹਨੂੰ, ਸ਼ਰਨ ਆਪਦੀ ਮੈਂ ਜਾਣੀ-ਜਾਣ ਆਇਆ
'ਤੀਰ' ਇਉਂ ਪਰ ਬੋਲਿਆ ਓਹ ਅੱਗੋਂ, ਜੋ ਸੀ ਜੱਗ ਦੀ ਕਰਨ ਕਲਿਆਣ ਆਇਆ

### ਦਸਮੇਸ਼ ਜੀ ਨੇ ਸੁਣਕੇ ਇਹ ਫੁਰਮਾਇਆ

ਓ ਪ੍ਰੇਮੀਆਂ ਗੁਰਮੁਖਾ! ਜਾਣਦਾ ਏਂ, ਮੇਰੇ ਘਰ ਹੈ ਸੁੰਦਰੀ ਨਾਰ ਸੁੰਦਰ
ਉਹਦਾ ਪ੍ਰੇਮ ਸੁੰਦਰ ਉਹਦਾ ਦਿਲ ਸੁੰਦਰ, ਉਹਦਾ ਸਿਦਕ ਸੁੰਦਰ ਤੇ ਨੁਹਾਰ ਸੁੰਦਰ
ਉਹਦੀ ਕੁੱਖ ਦਾ ਲਾਲ ਅਜੀਤ ਸੁੰਦਰ, ਜ਼ੋਰਾਵਰ ਸੁੰਦਰ ਤੇ ਜੁਝਾਰ ਸੁੰਦਰ
ਮੇਰਾ ਲਾਡਲਾ ਫਤਹਿ ਬੇਹੱਦ ਸੁੰਦਰ, ਮੇਰਾ ਹੀਰਿਆ ਬਾਗ਼ ਪਰਵਾਰ ਸੁੰਦਰ
ਮਰਦ ਉਹ ਜੋ ਇਕ ਤੇ ਟੇਕ ਰੱਖੇ, ਭੁੱਲੇ ਦਿਲ ਤੋਂ ਹੋਰ ਸੰਸਾਰ ਸੁੰਦਰ
'ਤੀਰ' ਹੋਇ ਅਸੂਲ ਦਾ ਆਦਮੀ ਜੋ, ਉਹਦੇ ਵਾਸਤੇ ਨਹੀਂ ਇਹ ਕਾਰ ਸੁੰਦਰ

### ਮਹਾਰਾਜ ਫੇਰ ਕਹਿੰਦੇ ਹਨ

ਅਸਾਂ ਇੱਕ ਨਾਰੀ ਨਾਲ ਪ੍ਰੇਮ ਕਰਨਾ, ਸਿੱਖੀ ਸੇਵਕੀ ਵਿਚ ਪਰਚਾਰਿਆ ਹੈ
ਦੂਜੀ ਨਾਰ ਨੂੰ ਜਾਣੀਏ ਪੱਰ-ਨਾਰੀ, ਪੱਰ-ਨਾਰ ਨੂੰ ਦਿਲੋਂ ਵਿਸਾਰਿਆ ਹੈ
ਅਸੀਂ ਕਿਵੇਂ ਵਿਗਾੜੀਏ ਕੰਮ ਸਿੱਖਾ! ਪਹਿਲੇ ਗੁਰਾਂ ਜੋ ਆਪ ਸਵਾਰਿਆ ਹੈ
ਫਤਹਿ ਸਿੰਘ ਜੀ ਦੇ 'ਤੀਰ' ਜਨਮ ਪਿੱਛੋਂ, ਜਤੀ ਬ੍ਰੱਤ ਪੂਰਾ ਅਸਾਂ ਧਾਰਿਆ ਹੈ

---

ਨੋਟ-ਸਾਹਿਬਜ਼ਾਦਾ ਫਤਹਿ ਸਿੰਘ ਜੀ ਦਾ ਜਨਮ ਸੰਮਤ ਸਤਾਰਾਂ ਸੌ ਪਚਵੰਜਾ ਵਿਚ ਹੋਇਆ।

### ਸਿੱਖ ਨੇ ਬੇਨਤੀ ਕਰਨੀ

ਕਿਹਾ ਸਿੱਖ ਨੇ ਕਿ ਹੈਣ ਸੱਚ-ਸੁੱਧਾ, ਬਚਨ ਇਹ ਜੋ ਸ੍ਰੀ ਸਰਕਾਰ ਦੇ ਨੇ
ਐਪਰ ਸਾਹਿਬੋ! ਏਸ ਗ਼ਰੀਬ ਤਾਈਂ, ਪਏ ਦਿੱਲ ਦੇ ਤੌਖ਼ਲੇ ਮਾਰਦੇ ਨੇ
ਲੜ ਆਪ ਦੇ ਹੀ ਲਾਈ ਪੁੱਤਰੀ ਮੈਂ, ਲੋਕੀਂ ਏਸ ਨੂੰ ਮਾਂ ਪੁਕਾਰਦੇ ਨੇ
'ਤੀਰ' ਪਤਾ ਕੀ ਸੀ ਮੈਨੂੰ ਜੱਗ ਅੰਦਰ, ਅਲੋਕਾਰ ਕੌਤਕ ਕੌਤਕਹਾਰ ਦੇ ਨੇ

### ਸਿੱਖ ਫੇਰ ਕਹਿੰਦਾ ਹੈ

ਜੁੜੀ ਆਪਦੇ ਨਾਮ ਦੇ ਨਾਲ ਸੁਣ ਕੇ, ਇਹਦੇ ਨਾਲ ਕੋਈ ਸ਼ਾਦੀ ਕਰੇਗਾ ਨਾ
ਮੈਂ ਗ਼ਰੀਬੜਾ ਜਾਵਾਂਗਾ ਕਿਸ ਪਾਸੇ, ਜਾਣੀ-ਜਾਣ! ਮੇਰਾ ਕਾਜ ਸਰੇਗਾ ਨਾ
ਸਿਹਰਾ ਬੰਨ੍ਹ ਦਾਤਾ! ਮੇਰੇ ਵਿਚ ਵਿਹੜੇ, ਪੈਰ ਕੋਈ ਪ੍ਰਾਹੁਣਾ ਧਰੇਗਾ ਨਾ
ਏਸ ਹਾਲ ਅੰਦਰ 'ਤੀਰ' ਇਹ ਬੰਦਾ, ਕਿਵੇਂ ਜੀਏਗਾ, ਜੀਂਵਦਾ ਮਰੇਗਾ ਨਾ?

### ਅਨੋਖੀ ਪਰਵਾਨਗੀ

ਕਿਹਾ ਸਤਿਗੁਰਾਂ ਨੇ ਚੰਗਾ ਸਿਦਕਵਾਨਾ, ਅਸੀਂ ਆਪਣਾ ਪ੍ਰਣ ਨਿਭਾ ਦਿਆਂਗੇ
ਬ੍ਰਹਮਚਰਜ ਦੀ ਧਾਰਨਾ ਧਰੀ ਜਿਹੜੀ, ਉਹਨੂੰ ਅੰਤ ਦੇ ਤੀਕ ਪੁਗਾ ਦਿਆਂਗੇ
ਤੇਰੀ ਦੂਰ ਨਿਰਾਸਤਾ ਕਰਨ ਖ਼ਾਤਰ, ਅਸੀਂ ਖੇਡ ਹੀ ਨਵੀਂ ਰਚਾ ਦਿਆਂਗੇ
ਪੁੱਤਰ ਖ਼ਾਲਸਾ ਹੈ ਸਾਡਾ ਜੱਗ ਅੰਦਰ, ਅਸੀਂ ਉਹ ਝੋਲੀ ਇਹਦੀ ਪਾ ਦਿਆਂਗੇ
ਬਣੇ ਖ਼ਾਲਸੇ ਦੀ ਮਾਤਾ ਸਾਹਿਬ ਦੇਵਾਂ, ਏਦਾਂ ਓਸਦੀ ਸ਼ਾਨ ਵਧਾ ਦਿਆਂਗੇ
ਤੈਨੂੰ ਨਿੱਤ ਦੀ ਏਸ ਸ਼ਰਮਿੰਦਗੀ ਤੋਂ, ਏਸ ਢੰਗ ਦੇ ਨਾਲ ਬਚਾ ਦਿਆਂਗੇ
ਚਹੁੰਆਂ ਪੁੱਤਾਂ ਦੀ ਸੁੰਦਰੀ ਹੈ ਮਾਤਾ, ਇਹਨੂੰ ਲੱਖਾਂ ਦੀ ਮਾਂ ਬਣਾ ਦਿਆਂਗੇ
'ਤੀਰ' 'ਮਰਦ ਏਕਾ ਨਾਰੀ ਜਤੀ' ਹੋਵੇ, ਏਸ ਗੱਲ ਉੱਤੇ ਮੋਹਰ ਲਾ ਦਿਆਂਗੇ

### ਮਹਾਰਾਜ ਫੇਰ ਕਹਿੰਦੇ ਹਨ

ਸਾਰੀ ਜ਼ਿੰਦਗੀ ਜੱਤ ਤੇ ਸੱਤ ਵਾਲੀ, ਏਥੇ ਸੱਕਦੀ ਹੋਏ ਗੁਜ਼ਾਰ ਜੇਕਰ
ਟਹਿਲ ਸੰਗਤਾਂ ਦੀ ਸੇਵਾ ਖ਼ਾਲਸੇ ਦੀ, ਹੋਵੇ ਦਿੱਲ ਤੋਂ ਸੱਕਦੀ ਧਾਰ ਜੇਕਰ
ਵਿਸ਼ੇ-ਵਾਸ਼ਨਾ ਤੋਂ ਏਸ ਮੰਨ ਤਾਈਂ, ਹੋਵੇ ਜੰਦਰਾ ਸੱਕਦੀ ਮਾਰ ਜੇਕਰ
'ਤੀਰ' ਫੇਰ ਬੇਸ਼ਕ ਰਵ੍ਹੇ ਕੋਲ ਸਾਡੇ, ਪਾਲ ਸੱਕਦੀ ਹੋਇ ਪਿਆਰ ਜੇਕਰ

### ਸਿਦਕੀ ਸਿੱਖ ਤੇ ਉਸਦੇ ਬਾਕੀ ਪਰਿਵਾਰ ਦੀ ਪ੍ਰਸੰਨਤਾ (ਵੱਲੋਂ ਕਵੀ)

ਓਸ ਸਿੱਖ ਨੇ ਸਣੇ ਪਰਵਾਰ ਆਖ਼ਰ, ਜਾਣੀ-ਜਾਣ ਦੀ ਗੱਲ ਮਨਜ਼ੂਰ ਕੀਤੀ
ਆਖੇ ਗੁਰੂ ਜੀ ਨੇ, ਦਿਲੋਂ ਦਇਆ ਕਰਕੇ, ਮੇਰੇ ਦਿੱਲ ਵਿਚੋਂ ਚਿੰਤਾ ਦੂਰ ਕੀਤੀ

ਇਕ ਗੱਲ ਭਾਵੇਂ ਸੱਚੇ ਪਾਤਸ਼ਾਹ ਨੇ, ਜਤੀ ਰਹਿਣ ਦੀ ਸਖ਼ਤ ਜ਼ਰੂਰ ਕੀਤੀ
'ਤੀਰ' ਫੇਰ ਵੀ ਤਰੀ ਏ ਸਾਹਿਬ ਦੇਵਾਂ, ਉਹਦੀ ਸਦਾ ਲਈ ਝੋਲ ਭਰਪੂਰ ਕੀਤੀ

## ਮਾਤਾ ਸਾਹਿਬ ਦੇਵਾਂ ਜੀ (ਵੱਲੋਂ ਕਵੀ)

ਰਵ੍ਹੇ ਵਿੱਚ ਮਹਿਲਾਂ ਸ੍ਰੀ ਸਾਹਿਬ ਦੇਵਾਂ, ਕਰੇ ਟਹਿਲ ਪ੍ਰੇਮ ਨਿਰਮਾਨ ਕਰਕੇ
ਰੱਬ ਵਾਂਗ ਪੂਜੇ ਦਿਲੋਂ ਦਿਨੇਂ-ਰਾਤੀਂ, ਰੱਖੇ ਦਿਲ ਦੇ ਵਿਚ ਭਗਵਾਨ ਕਰਕੇ
ਨੇਮ ਨਾਲ ਮਹਾਰਾਜ ਦੀ ਕਰੇ ਸੇਵਾ, ਘੋਲੀ ਦਿੱਲ ਕਰਕੇ ਵਾਰੇ ਜਾਨ ਕਰਕੇ
ਵਿਸ਼ੇ-ਵਾਸ਼ਨਾ ਰਹੀ ਨਾ ਮਨ ਅੰਦਰ, ਸੱਚੇ ਪ੍ਰੇਮ ਕਰਕੇ, ਸੁੱਚੇ ਗਿਆਨ ਕਰਕੇ
ਸਦਾ ਲਈ ਪਰਵਾਨ ਹੋ ਗਈ ਮਾਤਾ, ਜਾਣੀ-ਜਾਣ ਦਾ ਹੁਕਮ ਪਰਵਾਨ ਕਰਕੇ
'ਤੀਰ' ਸ੍ਰੀ ਦਸਮੇਸ਼ ਵਸਾ ਲੀਤੇ, ਉਹਨੇ ਦਿੱਲ ਦੇ ਵਿਚ ਪ੍ਰਾਨ ਕਰਕੇ

## ਮਾਤਾ ਸਾਹਿਬ ਦੇਵਾਂ ਦੀ ਅਟੁਟ ਸੇਵਾ (ਵੱਲੋਂ ਕਵੀ)

ਬਿਨਾਂ ਦੀਦ ਦੇ ਤੜਫਦੀ ਵਾਂਗ ਮੱਛੀ, ਘੜੀ ਪੱਲ ਉਸਨੂੰ ਚੈਨ ਆਏ ਨਾਹੀਂ
ਇਹੋ ਮੰਗ, ਮੰਗੇ ਸਦਾ ਰੋ ਰੋ ਕੇ, ਖਾਲੀ ਦੀਦ ਬਾਝੋਂ ਸਾਸ ਜਾਏ ਨਾਹੀਂ
ਚਰਨ ਘੁੱਟਦੀ ਟਹਿਲ ਦਾ ਰੂਪ ਹੋ ਕੇ, ਕਦੇ ਮੰਨ 'ਤੇ ਮਾਣ ਲਿਆਏ ਨਾਹੀਂ
ਜਿੰਨਾ ਚਿਰ ਮਹਾਰਾਜ ਨਾ ਖਾਣ ਭੋਜਨ, ਭੋਰਾ ਆਪਣੇ ਮੂੰਹ ਵਿਚ ਪਾਏ ਨਾਹੀਂ
ਉਹਦੀ ਰੀਝ ਇਹ ਸਦਾ ਪ੍ਰਬੱਲ ਰਹਿੰਦੀ, ਮੇਰਾ ਰੱਬ ਮੈਥੋਂ ਪਰ੍ਹੇ ਜਾਏ ਨਾਹੀਂ
'ਤੀਰ' ਚਰਨ ਧੂੜੀ ਲੈ ਲੈ ਪਈ ਚੁੰਮੇ, ਵਿਚ ਦਿੱਲ ਦੇ ਫੁੱਲੀ ਸਮਾਏ ਨਾਹੀਂ

## ਖ਼ਾਲਸੇ ਦੀ ਮਾਤਾ

ਇਕ ਰੋਜ਼ ਦਸਮੇਸ਼ ਜੀ ਕਹਿਣ ਲੱਗੇ, ਅਸੀਂ ਖ਼ੁਸ਼ ਹਾਂ ਏਸ ਪਿਆਰ ਉੱਤੇ
ਤੁਸੀਂ ਬੜੇ ਨਿਰਮਾਨ ਹੋ ਪ੍ਰੇਮ-ਅੰਦਰ, ਸਾਨੂੰ ਮਾਣ ਹੈ ਆਪਦੀ ਕਾਰ ਉੱਤੇ
ਸਾਨੂੰ ਜਿੱਤਿਆ ਤੁਸਾਂ ਪ੍ਰੇਮ ਕਰਕੇ, ਅਸੀਂ ਹਾਰ ਗਏ ਹਾਂ ਏਸ ਹਾਰ ਉੱਤੇ
'ਤੀਰ' ਸੱਚ ਦੱਸੋ ਕਿ ਕੀ ਚਾਹੁੰਦੇ ਹੋ ?, ਸ੍ਰੀ ਦੇਵਾਂ ਜੀ ਏਸ ਸੰਸਾਰ ਉੱਤੇ

## ਮਾਤਾ ਸਾਹਿਬ ਦੇਵਾਂ ਦੀ ਅਰਜ਼ੋਈ

ਹੱਥ ਜੋੜ ਅੱਗੋਂ ਬੋਲੀ ਸਾਹਿਬ ਦੇਵਾਂ, ਹੋਈ ਆਪਦੀ ਮਿਹਰ ਮਹਾਨ ਦਾਤਾ
ਰੱਬ ਨਾਲ ਮੇਰਾ ਨਾਤਾ ਤਦੋਂ ਹੋਇਆ, ਕੀਤਾ ਆਪ ਨੇ ਜਦੋਂ ਪ੍ਰਵਾਨ ਦਾਤਾ
ਮੈਂ ਗ਼ਰੀਬਣੀ ਦੀ ਤੁਸਾਂ ਪੱਤ ਰੱਖੀ, ਦਿਲੋਂ ਤੁੱਠ ਕੇ ਬਖ਼ਸ਼ਿਆ ਮਾਨ ਦਾਤਾ
ਮੈਨੂੰ ਖ਼ੁਸ਼ੀ ਹੈ ਕਿ ਦਿਲੋਂ ਦਿਨੇ-ਰਾਤੀਂ, ਵੱਸੇ ਆਪਦੇ ਵਿਚ ਧਿਆਨ ਦਾਤਾ
ਡਾਢੀ ਖ਼ੁਸ਼ੀ ਹਾਂ ਕਿ ਆਪੇ ਦਯਾ ਕਰਕੇ, ਦਿੱਤਾ ਆਪ ਨੇ ਬਖ਼ਸ਼ ਗਿਆਨ ਦਾਤਾ
ਤਾਂ ਵੀ ਕਿਸੇ ਵੇਲੇ ਮੇਰੀ ਆਤਮਾ 'ਚੋਂ, ਰੀਝ ਜਾਗਦੀ ਆਨ ਦੀ ਆਨ ਦਾਤਾ

ਉਹੋ ਰੀਝ ਹੈ ਅੰਦਰੋਂ ਅੱਜ ਬੋਲੀ, ਮੇਰੀ ਜਿੰਦ ਦਾਤਾ! ਮੇਰੀ ਜਾਨ ਦਾਤਾ
ਐਪਰ ਝੱਕਦੀ ਦੱਸ ਨਾ ਸਕਦੀ ਹਾਂ, ਰੁੱਕ ਜਾਂਵਦੀ ਝੱਟ ਜ਼ਬਾਨ ਦਾਤਾ
ਮੈਂ ਵੀ, ਲਾਡ ਲਡਾਂਵਦੀ ਗੋਦ ਲੈ ਕੇ, ਕੋਈ ਹੋਂਵਦੀ ਜੇ ਸੰਤਾਨ ਦਾਤਾ
'ਤੀਰ' ਤੁੱਠ ਕੇ ਪਾਓ ਜੇ ਖ਼ੈਰ ਝੋਲੀ, ਜਾਵੇ ਵੱਸ ਮੇਰਾ ਵੀ ਜਹਾਨ ਦਾਤਾ

### ਮਹਾਰਾਜ ਜੀ ਬਖ਼ਸ਼ਿਸ਼ ਕਰਦੇ ਹਨ

ਜਾਣੀ-ਜਾਣ ਨੇ ਆਖਿਆ ਭਾਗਵਾਨੇ! ਮੈਨੂੰ ਦਿਲੋਂ ਪਰਵਾਨ ਪਿਆਰ ਤੇਰਾ
ਮੇਰਾ ਰੱਖਿਆ ਤੂੰ ਸਤਿਕਾਰ ਦਿਲ ਤੋਂ, ਮੈਂ ਵੀ ਰੱਖਦਾ ਹਾਂ ਸਤਕਾਰ ਤੇਰਾ
ਮੇਰੇ ਖ਼ਾਲਸੇ ਦੀ ਹੋਈ ਮਾਂ ਅੱਜ ਤੂੰ, ਸਾਰਾ ਪੰਥ ਹੋਇਆ ਬਰਖ਼ੁਰਦਾਰ ਤੇਰਾ
'ਅਮਰ-ਪੁੱਤ' ਇਹ ਲਭਿਆ ਧੁਰੋਂ ਤੈਨੂੰ, ਵੱਸ ਗਿਆ ਏ ਇਉਂ ਸੰਸਾਰ ਤੇਰਾ
'ਦੁਸ਼ਟ-ਦਮਨ ਪੁੱਤਰ' 'ਦੇਸ਼-ਭਗਤ ਪੁੱਤਰ', ਹੋਸੀ 'ਬੀਰ ਪੁੱਤਰ' ਹੋਣਹਾਰ ਤੇਰਾ
'ਤੀਰ' ਪੂਜਸੀ ਇਹ ਤੈਨੂੰ ਮਾਂ ਕਰਕੇ, ਵਧੇ ਫੁੱਲੇਗਾ ਪੰਥ-ਪਰਵਾਰ ਤੇਰਾ

### ਇਕ ਵਿਚਾਰ (ਵੱਲੋਂ ਕਵੀ)

ਇਹਨੂੰ ਦੂਜੇ ਵਿਆਹ ਦਾ ਨਾਮ ਦੇ ਕੇ, ਵੇਖੋ ਭੁੱਲ ਕੀਤੀ ਖਾਹ-ਮਖਾਹ ਕਈਆਂ
ਭੁੱਲੇ ਆਪ ਹੀ ਨਹੀਂ ਵਿਚਾਰ ਅੰਦਰ, ਕੀਤਾ ਹੋਰਨਾਂ ਤਾਈਂ ਗੁਮਰਾਹ ਕਈਆਂ
ਤਿੰਨ ਸ਼ਾਦੀਆਂ ਦੱਸ ਦਸਮੇਸ਼ ਦੀਆਂ, ਕਲਮ ਟੋਰ ਦਿੱਤੀ ਪੁੱਠੇ ਰਾਹ ਕਈਆਂ
'ਤੀਰ' ਭੁੱਲ ਵਿਰੋਲਿਆ ਗਿਆ ਪਾਣੀ, ਦੱਸੇ ਗੁਰਾਂ ਦੇ ਤਿੰਨ ਵਿਆਹ ਕਈਆਂ

### ਅਸਲ ਗੱਲ

ਸ੍ਰੀ ਸਾਹਿਬ ਦੇਵਾਂ, ਤੇ ਦਾਤਾਰ ਜੀ ਦਾ, ਸੁੱਚਾ ਭਗਤ ਭਗਵਾਨ ਦਾ ਪਿਆਰ ਹੈ ਸੀ
ਹੈ ਸੀ ਹੱਦ ਸਰੀਰ ਦੀ ਟੱਪ ਚੁੱਕਾ, ਉਹ ਤਾਂ ਆਤਮਿਕ-ਪ੍ਰੇਮ ਦੀ ਧਾਰ ਹੈ ਸੀ
ਗ੍ਰਸਤ-ਭੋਗ ਦਾ ਨਹੀਂ ਸੀ ਨਾਮ ਉਥੇ, ਪ੍ਰੀਤ ਸੱਚ ਤੇ ਯੋਗ ਦੀ ਕਾਰ ਹੈ ਸੀ
ਉਹ ਤੇ ਚੰਦ ਚਕੋਰ ਦੀ ਆਸ਼ਕੀ ਸੀ, ਭੌਰ ਫੁੱਲ ਦਾ ਦਿਲੀ-ਵਿਹਾਰ ਹੈ ਸੀ
ਵੱਧ ਏਸ ਤੋਂ ਵੀ ਉਥੇ ਲੱਖ ਦਰਜੇ, ਵੱਸ ਗਿਆ ਪ੍ਰੇਮ-ਸੰਸਾਰ ਹੈ ਸੀ
'ਤੀਰ' ਓਸਦੇ ਗਏ ਸੀ ਦਿਲ ਰੰਗੇ, ਸਾਂਝੇ ਪ੍ਰੇਮ ਨੇ ਲਿਆ ਅਵਤਾਰ ਹੈ ਸੀ

### ਤੀਰਥ ਯਾਤਰਾ ਬਾਬਤ ਸਿੱਖ ਨੇ ਪ੍ਰਸ਼ਨ ਕਰਨਾ

ਇੱਕ ਦਿਨ ਇੱਕ ਸਿੱਖ ਨੇ ਅਰਜ਼ ਕੀਤੀ, ਸੱਚੇ ਪਾਤਸ਼ਾਹ! ਤੀਰਥੀਂ ਜਾਣ ਲੋਕੀਂ
ਕੋਈ ਮਾਘ ਨ੍ਹਾਵੇ, ਨ੍ਹਾਵ੍ਹੇ ਕੋਈ ਕੱਤੇ, ਕਰਨ ਏਸ ਇਸ਼ਨਾਨ ਦਾ ਮਾਣ ਲੋਕੀਂ
ਸਾਡੇ ਦਿਲ ਦਾ ਭਰਮ ਨਿਵਾਰ ਦੇਣਾ, ਏਸ ਤਰ੍ਹਾਂ ਜੋ ਕਰਨ-ਕਰਾਣ ਲੋਕੀਂ
'ਤੀਰ' ਲਾਭ ਕੁਝ ਏਸਦਾ ਹੋਂਵਦਾ ਏ, ਜਾਂਕਿ ਆਪਣਾ ਸਮਾਂ ਗਵਾਣ ਲੋਕੀਂ

### ਮਹਾਰਾਜ ਦੇ ਬਚਨ

ਮਹਾਰਾਜ ਨੇ ਆਖਿਆ ਸੁਣੋ ਸਿੱਖੋ, ਏਸ ਤਰ੍ਹਾਂ ਨਾ ਲਾਭ ਰਵਾਲ ਹੋਵੇ
ਨਿਰਾ ਨ੍ਹਾਤਿਆਂ ਮੂਲ ਨਾ ਮਿਲੇ ਮੁਕਤੀ, ਜਦੋਂ ਤੀਕ ਨਾ ਨੇਮ ਖ਼ਿਆਲ ਹੋਵੇ
ਮੈਲ ਆਤਮਾ ਦੀ ਮੂਲ ਲੱਥਦੀ ਨਾ, ਜੇ ਨਾ ਚਿੱਤ ਦੇ ਵਿਚ ਅਕਾਲ ਹੋਵੇ
ਨਿਰਾ ਨ੍ਹਾਉਣਾ 'ਤੀਰ' ਜੇ ਦਏ ਮੁਕਤੀ, ਡੱਡਾਂ-ਮੱਛੀਆਂ ਦੀ ਸਫ਼ਲ ਘਾਲ ਹੋਵੇ

### ਫੇਰ ਕਹਿੰਦੇ ਹਨ

ਨਿਰਾ ਨ੍ਹਾਵਣਾ ਹੋਏ ਜੇ ਫੱਲ-ਦਾਤਾ, ਰੋਜ਼ ਨ੍ਹਾਂਵਦਾ ਖੂਹ ਵਿਚ ਡੋਲ ਰਹਿੰਦਾ
ਨਿਰਾ ਨ੍ਹਾਵਣਾ ਹੋਏ ਜੇ ਫੱਲ-ਦਾਤਾ, ਸਦਾ ਪੂੰਗਰਾ ਪਾਣੀ ਦੇ ਕੋਲ ਰਹਿੰਦਾ
ਨਿਰਾ ਨ੍ਹਾਵਣਾ ਹੋਏ ਜੇ ਫੱਲ-ਦਾਤਾ, ਪੱਥਰ ਨਦੀ ਅੰਦਰ ਇੱਕੋ ਤੋਲ ਰਹਿੰਦਾ
'ਤੀਰ' ਨ੍ਹਾਉਣ ਦੇ ਨਾਲ ਜੇ ਮੁਕਤ ਲੱਭੇ, ਖੱਬਲ ਤ੍ਰੇਲ ਦੇ ਵਿਚ ਅਨਭੋਲ ਰਹਿੰਦਾ

### ਫੇਰ

ਮੈਲ ਮੱਨ ਦੀ ਨ੍ਹਾਤਿਆਂ ਲੱਥਦੀ ਨਾ, ਨਾਹੀਂ ਰੱਬ ਦੇ ਨਾਲ ਪਿਆਰ ਵਧਦਾ
ਨਾਹੀਂ ਪ੍ਰੇਮ-ਗਿਆਨ ਦੀ ਦਾਤ ਲੱਭੇ, ਨਾਹੀਂ ਬੰਦਗੀ ਦਾ ਸਦਾਚਾਰ ਵਧਦਾ
ਨਾਹੀਂ ਤੀਰਥੀਂ ਨ੍ਹਾਤਿਆਂ ਗਤੀ ਹੁੰਦੀ, ਐਵੇਂ ਮਾਣ ਦਾ ਹੈ ਵਾਧੂ ਭਾਰ ਵਧਦਾ
'ਤੀਰ' ਇੱਕ ਹਿੱਸਾ ਮੈਲ ਲੱਥਦੀ ਨਾ, ਸਗੋਂ ਹੋਰ ਹੈ ਪਿਆ ਹੰਕਾਰ ਵਧਦਾ

### ਸੱਚਾ ਤੀਰਥ

ਤੀਰਥ ਮੰਨ ਦੇ ਵਿੱਚ ਹੈ ਓਹ ਸਿੱਖੋ, ਜਿਥੇ ਮੱਨ ਦੀ ਮੈਲ ਗਵਾਈ ਦੀ ਏ
ਉਹਦੇ ਵਿਚ ਪਰ ਨ੍ਹਾਵਣਾ ਨਹੀਂ ਸੌਖਾ, ਮਰ ਕੇ ਜੱਗ ਵੱਲੋਂ ਚੁੱਭੀ ਲਾਈਦੀ ਏ
ਅੰਦਰ ਆਰਤੀ ਰੱਬ ਦੀ ਕਰੀਦੀ ਏ, ਦਿਲੀ ਪ੍ਰੇਮ ਦੀ ਜੋਤ ਜਗਾਈ ਦੀ ਏ
ਜੋਤੀ ਆਪਣੀ ਸੱਚ ਦੀ ਜੋਤ ਅੰਦਰ, ਓਸ ਚਾਨਣੇ ਵਿੱਚ ਰਲਾਈ ਦੀ ਏ
ਫੇਰ ਜੋਤ ਦੇ ਚਾਨਣੇ ਵਿੱਚ ਬਹਿ ਕੇ, ਵਾਰ ਓਸਦੀ ਪ੍ਰੀਤ ਦੀ ਗਾਈ ਦੀ ਏ
ਦਿਲੋਂ ਜਾਣ ਮਨੁੱਖ ਦੀ ਜ਼ਾਤ ਇਕੋ, ਫੇਰ ਸਭ ਦੀ ਸੇਵ ਕਮਾਈ ਦੀ ਏ
ਦਿੱਸੇ ਕੋਈ ਯਤੀਮ ਜੇ ਸੂਲ ਸਹਿੰਦਾ, ਉਹਦੀ ਪੁੱਜ ਕੇ ਪੀੜ ਗਵਾਈ ਦੀ ਏ
ਭੁੱਖਾ ਤੱਕ ਕੇ, ਭੁੱਖਿਆਂ ਰਹੀਦਾ ਏ, ਰੋਟੀ ਆਪਣੀ ਉਹਨੂੰ ਖੁਵਾਈ ਦੀ ਏ
ਨੰਗਾ ਵੇਖ ਕੇ, ਆਪਣੇ ਗਲੋਂ ਲਾਹ ਕੇ, ਉਹਨੂੰ ਝੱਟ ਪੁਸ਼ਾਕ ਪੁਆਈ ਦੀ ਏ
ਭੁੰਵੇ ਰੋਲਦਾ ਹੋਏ ਜੇ ਹੱਡ ਕੋਈ, ਲਾਹ ਕੇ ਚੰਮੜੀ ਹੇਠ ਵਿਛਾਈ ਦੀ ਏ
ਜਿਹੜਾ ਇਉਂ ਹੈ ਧਾਰਨਾ ਧਾਰ ਲੈਂਦਾ, ਉਹਦੀ ਹਰ ਥਾਂ ਜ਼ਾਤ, ਵਡਿਆਈ ਦੀ ਏ
ਉਹਨੇ ਮਾਘ ਕੱਤੇ ਤੀਰਥ ਸਭ ਨ੍ਹਾਤੇ, ਉਹਦੀ ਆਤਮਾ ਰੱਬ-ਰਜ਼ਾਈ ਦੀ ਏ

ਉਹਨੂੰ ਲੋੜ ਨਾ ਤੀਰਥੀਂ ਜਾਵਣੇ ਦੀ, ਉਹਦੀ ਸ਼ਾਨ ਦੀ ਗੁੱਡੀ ਚੜ੍ਹਾਈ ਦੀ ਏ
'ਤੀਰ' ਤੀਰਥਾਂ 'ਤੇ ਮੈਲ ਲਾਹ ਤੱਨ ਦੀ, ਸਗੋਂ ਮੱਨ ਤਾਈਂ ਮੈਲ ਲਾਈ ਦੀ ਏ

### ਫੇਰ ਕਹਿੰਦੇ ਹਨ

*ਗੰਗਾ, ਜਮਨਾ, ਗੁਦਾਵਰੀ ਸਭ ਤੀਰਥ, ਸਦਾ ਸੱਚਿਆਂ ਤਾਈਂ ਧਿਆਂਵਦੇ ਨੇ
ਰੋ ਰੋ ਆਖਦੇ ਆਣ ਕੇ ਲੱਖ ਪਾਪੀ, ਸਾਡੇ ਜੱਲ ਵਿਚ ਚੁੱਭੀਆਂ ਲਾਂਵਦੇ ਨੇ
ਜੇਕਰ ਗੁਰਮੁਖਾਂ ਦੀ ਮਿਲੇ ਧੂੜ ਸਾਨੂੰ, ਸਾਡੇ ਪਾਪ ਧੋਤੇ ਏਦਾਂ ਜਾਂਵਦੇ ਨੇ
'ਤੀਰ' ਲੋਚਦੇ ਸਾਧ ਦੀ ਧੂੜ ਤੀਰਥ, ਚਰਨ-ਧੂੜ ਲੈ ਮੈਲ ਗਵਾਂਵਦੇ ਨੇ

### ਮਹਾਰਾਜ ਜੀ ਸੱਚਾ ਤੀਰਥ ਦੱਸਦੇ ਹਨ

ਗੁਰੂ ਪੰਜਵੇਂ ਪਾਤਸ਼ਾਹ ਦੱਸਦੇ ਨੇ, ਏਸ ਵਾਕ ਵੱਲ ਕਰੋ ਧਿਆਨ ਸਿੱਖੋ
**ਮਾਘ ਮਜਨ ਕਰਨਾ ਸੰਗ ਸਾਧੂਆਂ ਦਾ, ਚਰਨ ਧੂੜ ਦੇ ਵਿੱਚ ਇਸ਼ਨਾਨ ਸਿੱਖੋ
ਜਨਮ ਕਰਮ ਦੀ ਮੈਲ ਹੈ ਲੱਥ ਜਾਂਦੀ, ਜਾਵੇ ਮੱਨ ਵਿਚੋਂ ਸਾਰਾ ਮਾਨ ਸਿੱਖੋ
ਕਾਮ, ਕ੍ਰੋਧ ਨਾ ਮੋਹ ਦਾ ਰਹੇ ਜੂਲਾ, ਮਰ ਜਾਂਵਦਾ ਲੋਭ ਸੁਆਨ ਸਿੱਖੋ
ਸੱਚੇ ਰਾਹ 'ਤੇ ਚਲਦਿਆਂ ਬੰਦਿਆਂ ਦੀ, ਮਹਿਮਾ ਗਾਂਵਦਾ ਸਦਾ ਜਹਾਨ ਸਿੱਖੋ
ਜਾਣ ਪੁੰਨ ਅਠਾਹਠਾਂ ਤੀਰਥਾਂ ਦਾ, ਜੀਵ-ਦਇਆ ਨੂੰ ਕਰੋ ਪਰਵਾਨ ਸਿੱਖੋ
ਐਪਰ ਜਿਸ ਤਾਈਂ ਦੇਵੇ ਮਿਹਰ ਕਰਕੇ, ਉਹੋ ਹੈ ਜੇ ਸਾਧ ਸੁਜਾਨ ਸਿੱਖੋ
ਜਿਨ੍ਹਾਂ ਜਿਨ੍ਹਾਂ ਨੂੰ 'ਤੀਰ' ਦਾਤਾਰ ਲੱਭਾ, ਜਾਵਾਂ ਉਹਨਾਂ ਤੋਂ ਮੈਂ ਕੁਰਬਾਨ ਸਿੱਖੋ

### ਫੇਰ ਮਹਾਰਾਜ ਫੁਰਮਾਉਂਦੇ ਹਨ

ਤੀਰਥ ਸਤਿਗੁਰੂ ਹੈ ਮੈਲ ਲਾਹੁਣ ਵਾਲਾ, ਉਹਦੀ ਆਤਮਾ ਵਿੱਚ ਇਸ਼ਨਾਨ ਕਰੀਏ
ਸਾਬਣ ਉਹਦੇ ਉਪਦੇਸ਼ ਦਾ ਲਾ ਲਾ ਕੇ, ਮਨ ਸਾਫ਼ ਕਰੀਏ ਸਿਦਕਵਾਨ ਕਰੀਏ
ਬਾਣੀ ਗੁਰੂ ਦੀ ਅੰਮ੍ਰਿਤੀ-ਧਾਰ ਜਾਣੋਂ, ਪੀ ਪੀ ਰੱਜੀਏ ਨਾ, ਦੂਰ ਮਾਨ ਕਰੀਏ
ਗੀਤ ਗੁਰੂ ਦੇ ਗਾਵੀਏ, ਭੁੱਲ ਆਪਾਂ, ਤੱਨ ਮੱਨ ਤੇ ਧੱਨ ਕੁਰਬਾਨ ਕਰੀਏ
ਦੇਸ਼ ਦੁਖੀ ਖ਼ਾਤਰ ਜੇਕਰ ਲੋੜ ਹੋਵੇ, ਹੱਸ ਚੋਖਨੇ ਸਦਾ ਪ੍ਰਾਨ ਕਰੀਏ
ਮਨ ਬਚਨ ਤੇ ਕਰਮ ਦੇ ਧਨੀ ਹੋ ਕੇ, ਪਾਪੀ ਜੀਵ ਦੀ ਸਦਾ ਕਲਿਆਨ ਕਰੀਏ
ਸੱਚਾ ਗੁਰੂ ਤੀਰਥ ਕਦੇ ਭੁੱਲੀਏ ਨਾ, ਹੋਰ ਕਿਤੇ ਨਾ ਮੂਲ ਧਿਆਨ ਕਰੀਏ
'ਤੀਰ' ਘਰ ਹੀ ਤੀਰਥ ਸ਼੍ਰੋਮਣੀ ਏਂ, ਜੇਕਰ ਯਾਦ ਓਹੋ ਦਿਲੋਂ ਭਗਵਾਨ ਕਰੀਏ

---

* ਗੰਗਾ ਜਮਨਾ ਗੁਦਾਵਰੀ ਸੁਰੱਸਤੀ ਤੇ ਕਰਹਿ ਉਦਮ ਧੂੜ ਸਾਧੂ ਕੀ ਤਾਈਂ॥
ਕਿਲ ਵਿਖ ਮੈਲ ਭਰੇ ਪਰੇ ਹਮਰੇ ਵਿਚ, ਹਮਰੀ ਮੈਲ ਸਾਧੂ ਕੀ ਧੂਰ ਗਵਾਈ॥
** 'ਮਾਘ ਮਜਨ ਸੰਗ ਸਾਧੂਆ' ਵਾਲੇ ਸ਼ਬਦ ਦਾ ਭਾਵ ਹੈ।

### ਵੱਲੋਂ ਕਵੀ

ਦੋਹਿਰਾ—ਇਧਰ ਕਰਦੇ ਚੋਜ ਸੀ, ਸ੍ਰੀ ਦਸਵੇਂ ਅਵਤਾਰ॥
'ਕੱਠੀ ਹੋਈ ਰਵਾਲਸਰ, ਓਧਰ ਬਾਈਧਾਰ॥

### ਰਵਾਲਸਰ ਵਿਚ ਕੌਤਕ ਤੇ ਪਹਾੜੀ ਰਾਜਿਆਂ ਦੀਆਂ ਵਿਚਾਰਾਂ

ਰਾਜੇ ਸੱਭ ਰਵਾਲਸਰ ਹੋ 'ਕੱਠੇ, ਦਿਲੋਂ ਲੱਖ ਦਲੀਲ ਦੁੜਾਂਵਦੇ ਨੇ
ਕਦੇ ਜੰਗ ਦੀ ਫੇਰ ਉਮੰਗ ਕਰਦੇ, ਕਦੇ ਮੇਲ ਦੀ ਗੱਲ ਹਿਲਾਂਵਦੇ ਨੇ
ਫੇਰ ਆਖਦੇ 'ਗੁਰੂ ਤੇ ਸਿੱਖ ਜੋਧੇ, ਸਾਥੋਂ ਹਾਰ ਨਾ ਕਦੇ ਵੀ ਖਾਂਵਦੇ ਨੇ
ਅਸੀਂ ਜਦੋਂ ਵੀ ਉਹਨਾਂ 'ਤੇ ਵਾਰ ਕਰੀਏ, ਅੱਗੋਂ ਖ਼ੂਬ ਤਲਵਾਰ ਖੜਕਾਂਵਦੇ ਨੇ
ਬਾਈਧਾਰ ਸਾਰੀ ਜ਼ੋਰ ਲਾ ਥੱਕੀ, ਪੈਰ ਸਗੋਂ ਪਏ ਉਹ ਜਮਾਂਵਦੇ ਨੇ
ਨਾਲ ਗੁਰਾਂ ਦੇ ਅੱਜ ਸੁਲ੍ਹਾ ਕਰੀਏ, ਅੰਤ ਇਹੋ ਸਲਾਹ ਪਕਾਂਵਦੇ ਨੇ
ਆਖ ਵੇਖ ਇੱਕ ਮਿਸ਼ਰ ਨੂੰ ਉਸੇ ਵੇਲੇ, ਝੱਟ ਗੁਰਾਂ ਦੇ ਵੱਲ ਦੁੜਾਂਵਦੇ ਨੇ
ਉਹਨੇ ਆਣ ਕੇ, ਕਿਹਾ ਦਸਮੇਸ਼ ਜੀ ਨੂੰ, ਰਾਜੇ ਆਪ ਨੂੰ ਪਏ ਬੁਲਾਂਵਦੇ ਨੇ
ਕਈ ਵਾਰ ਨੇ ਦੰਦ ਭਨਵਾ ਚੁੱਕੇ, ਹੁਣ ਦੋਸਤੀ ਪਾਵਣਾ ਚਾਂਵ੍ਹਦੇ ਨੇ
ਮਹਾਰਾਜ ਨੇ ਆਖਿਆ ਬਹੁਤ ਹੱਛਾ, ਝੇੜਾ ਉਹ ਜੇ ਦਿਲੋਂ ਮੁਕਾਂਵਦੇ ਨੇ
ਅਸੀਂ ਚੱਲਦੇ ਹਾਂ ਮੇਲ ਕਰਨ ਖ਼ਾਤਰ, ਜੰਗ ਅਸਾਂ ਨੂੰ ਮੂਲ ਨਾ ਭਾਂਵਦੇ ਨੇ
ਉਸੇ ਦਿੱਨ ਲੈ ਚੋਣਵੇਂ ਨਾਲ ਸੂਰੇ, ਜਾਣੀ-ਜਾਣ ਰਵਾਲਸਰ ਆਂਵਦੇ ਨੇ
ਕੀਤਾ ਰਾਜਿਆਂ ਨੇ ਆਦਰ ਗੁਰੂ ਜੀ ਦਾ, 'ਕੱਠੇ ਰਹਿ ਕੁਝ ਦਿੱਨ ਬਿਤਾਂਵਦੇ ਨੇ
ਫੇਰ ਇੱਛਿਆ ਮੇਲ-ਮਿਲਾਪ ਵਾਲੀ, ਸੱਚੇ ਪਾਤਸ਼ਾਹ ਤਾਈਂ ਸੁਣਾਂਵਦੇ ਨੇ
ਜਾਣੀ-ਜਾਣ ਨੇ ਕਰ ਪਰਵਾਨ ਲੀਤਾ ਅਤੇ ਇਸ ਤਰ੍ਹਾਂ ਗੱਲ ਚਲਾਂਵਦੇ ਨੇ
ਬਾਈਧਾਰ ਦੇ 'ਤੀਰ' ਪਹਾੜੀਆਂ ਨੂੰ, ਦੇ ਕੇ ਸਿੱਖਿਆ ਇਉਂ ਸਮਝਾਂਵਦੇ ਨੇ

### ਸ੍ਰੀ ਦਸਮੇਸ਼ ਜੀ ਦੇ ਬਚਨ ਪਹਾੜੀ ਰਾਜਿਆਂ ਪ੍ਰਤੀ

ਬਾਈਧਾਰੀਓ ਸੂਰਿਓ ਰਾਜਪੂਤੋ, ਪੱਕਾ ਦਿਲੋਂ ਜੇ ਮੇਲ-ਮਿਲਾਪ ਕਰ ਲਓ
ਅੱਗੋਂ ਲਈ ਜੇ ਰਹੋ ਇਤਫ਼ਾਕ ਅੰਦਰ, ਪਿਛੇ ਕੀਤੀਆਂ 'ਤੇ ਪਸਚਾਤਾਪ ਕਰ ਲਓ
ਕਢੋ ਈਰਖਾ ਫੁੱਟ ਨੂੰ ਦਿਲਾਂ ਵਿਚੋਂ, ਮੇਲ ਵਿੱਚ ਜੇ ਆਪਣਾ ਆਪ ਕਰ ਲਓ
ਫੇਰ ਹਿੰਦ ਅਜ਼ਾਦੀਆਂ ਪਿਆ ਮਾਣੇ, 'ਤੀਰ' ਦੂਰ ਗ਼ੁਲਾਮੀ ਦਾ ਪਾਪ ਕਰ ਲਓ

### ਮਹਾਰਾਜ ਫੇਰ ਕਹਿੰਦੇ ਹਨ

ਜਦੋਂ ਸਿਰ ਕੁੰਡਾ ਹੋਵੇ ਦੂਜਿਆਂ ਦਾ, ਜਾਣੋ ਭਾਰ ਵਾਧੂ, ਸਿਰ 'ਤੇ ਤਾਜ ਕੀ ਏ
ਜੇ ਮੁਥਾਜ ਹੋਏ, ਪਾਤਸ਼ਾਹ ਹੋ ਕੇ, ਉਮਰ ਕੈਦ ਹੋਈ, ਫੇਰ ਰਾਜ ਕੀ ਏ

ਫੇਰ ਰਾਜਪੂਤੀ ਕਿਹੜੀ ਗੱਲ ਦੀ ਏ, ਫੇਰ ਅਣਖ ਦਾ ਰੱਖਣਾ ਪਾਜ ਕੀ ਏ
ਦਾਬੇ ਹੇਠ ਜੋ ਰੱਖਣਾ 'ਤੀਰ' ਚਾਹੇ, ਦੱਸੋ ਓਸਦੇ ਨਾਲ ਲਿਹਾਜ ਕੀ ਏ

### ਸ੍ਰੀ ਦਸਮੇਸ਼ ਜੀ ਫੇਰ ਕਹਿੰਦੇ ਹਨ

ਸੁਣੋ ਰਾਜਿਓ! ਭੂਮ ਡਰਾਵਿਆਂ ਤੋਂ, ਨਹੀਂ ਕਦੇ ਵੀ ਰਤਾ ਮੈਂ ਡਰਨ ਵਾਲਾ
ਪੁੱਤਰ ਖ਼ਾਲਸਾ ਜੰਮਿਆ ਤੇਗ਼ ਮੇਰੀ, ਧਰਮ ਵਾਸਤੇ ਹੱਸ ਕੇ ਮਰਨ ਵਾਲਾ
ਉਹਨੂੰ ਬਖ਼ਸ਼ਸ਼ਾਂ ਰੱਜ ਮੈਂ ਕੀਤੀਆਂ ਨੇ, ਉਹ ਹੈ ਦੱਮ ਅਜ਼ਾਦੀ ਦਾ ਭਰਨ ਵਾਲਾ
ਉਹਨੂੰ ਦੇਗ਼ ਦਿੱਤੀ ਉਹਨੂੰ ਤੇਗ਼ ਦਿੱਤੀ, ਉਹ ਹੈ ਦੇਸ਼ ਲਈ ਦੁੱਖੜੇ ਜਰਨ ਵਾਲਾ
ਉਹਨੂੰ ਫਤਹਿ ਦਿੱਤੀ ਉਹਨੂੰ ਪੱਤ ਦਿੱਤੀ, ਹੈ ਮੈਂ ਸਾਜਿਆ ਮੌਤ ਨੂੰ ਵਰਨ ਵਾਲਾ
'ਤੀਰ' ਤੇਗ਼ ਦੀ ਧਾਰ ਤੇ ਖਿੜੇ ਮੱਥੇ, ਦੇਸ਼ ਲਈ ਹੈ ਜੋ ਪੈਰ ਧਰਨ ਵਾਲਾ

### ਮਾਤਾ ਜੀਤੋ ਜੀ ਨੂੰ ਸੋਚਾਂ (ਵੱਲੋਂ ਕਵੀ)

ਸ੍ਰੀ ਮਾਤਾ ਜੀਤੋ ਜਦੋਂ ਇਹ ਸੁਣਿਆ, ਅੰਦਰ ਦਿੱਲ ਦੇ ਬੜੇ ਹੈਰਾਨ ਹੋਏ
ਸੋਚ ਕਰਨ ਲੱਗੇ, 'ਭੁੱਲੇ ਚੰਦ ਚਾਰੇ', ਸਾਹਿਬ ਪੰਥ ਉੱਤੇ ਮਿਹਰਵਾਨ ਹੋਏ
ਕੌਣ ਬਖ਼ਸ਼ਸ਼ਾਂ ਕਰੇ ਬਿਗਾਨਿਆਂ ਨੂੰ, ਜਦੋਂ ਆਪਣੇ ਘਰ ਸੰਤਾਨ ਹੋਏ
'ਤੀਰ' ਇਹ ਵਿਚਾਰ ਕੇ ਉਸੇ ਵੇਲੇ, ਬੋਲੇ ਉਠ ਕੇ ਦਿਲੋਂ ਨਿਰਮਾਨ ਹੋਏ

### ਮਾਤਾ ਜੀਤੋ ਜੀ ਬੇਨਤੀ ਕਰਦੇ ਹਨ

ਮੇਰੇ 'ਰੱਬ ਜੀ'! ਇਹ ਤਾਂ ਪਤਾ ਮੈਨੂੰ, ਹੱਥੀਂ ਆਪ ਨੇ ਖ਼ਾਲਸਾ ਸਾਜਿਆ ਏ
ਇਹ ਵੀ ਠੀਕ ਕਿ ਆਪ ਦੀ ਅੱਖ ਅੰਦਰ, ਸੱਕੇ ਪੁੱਤਰਾਂ ਵਾਂਗ ਬਿਰਾਜਿਆ ਏ
ਇਹ ਵੀ ਠੀਕ ਕਿ ਪੰਥ ਹੈ ਜਾਨ ਸਾਡੀ, ਜਾਨ ਵਾਰ ਕੇ ਅਸਾਂ ਵਿਹਾਜਿਆ ਏ
'ਤੀਰ' ਪੁੱਤਰਾਂ ਦਾ ਹੱਕ ਖੋਹ ਐਪਰ! ਕਿਉਂ ਆਪ ਨੇ ਉਹਨੂੰ ਨਿਵਾਜਿਆ ਏ

### ਮਾਤਾ ਜੀ ਫੇਰ ਕਹਿੰਦੇ ਹਨ

ਦੇਗ਼ ਆਪ ਨੇ ਪੰਥ ਨੂੰ ਬਖ਼ਸ਼ ਦਿੱਤੀ, ਪੇਟ ਕਿਸ ਤਰ੍ਹਾਂ ਭਰਨਗੇ ਪੁੱਤ ਮੇਰੇ
ਤੇਗ਼ ਆਪ ਨੇ ਪੰਥ ਨੂੰ ਬਖ਼ਸ਼ ਦਿੱਤੀ, ਧੀਰ ਕਿਸ ਤਰ੍ਹਾਂ ਧਰਨਗੇ ਪੁੱਤ ਮੇਰੇ
ਫਤਹਿ ਮਾਣ ਵੀ ਪੰਥ ਨੂੰ ਸੌਂਪਿਆ ਜੇ, ਕਿਵੇਂ ਭੌਜਲੋਂ ਤਰਨਗੇ ਪੁੱਤ ਮੇਰੇ
'ਤੀਰ' ਏਹ ਵਸੀਅਤਾਂ ਜਦੋਂ ਹੋਈਆਂ, ਦੱਸੋ ਫੇਰ ਕੀ ਕਰਨਗੇ ਪੁੱਤ ਮੇਰੇ

### ਸ੍ਰੀ ਦਸਮੇਸ਼ ਜੀ ਫੁਰਮਾਉਂਦੇ ਹਨ

ਹੱਸ ਸ੍ਰੀ ਦਸਮੇਸ਼ ਜੀ ਕਹਿਣ ਲੱਗੇ, ਜਿੰਦੇ ਭੌਜਲੋਂ ਤਰਨਗੇ ਪੁੱਤ ਤੇਰੇ
ਰਤੀ ਦਿਲ ਤੋਂ! ਤੌਖ਼ਲਾ ਕਰੀਂ ਨਾਹੀਂ, ਬਾਜੀ ਕਦੇ ਨਾ ਹਰਨਗੇ ਪੁੱਤ ਤੇਰੇ

ਜਦੋਂ ਦੇਸ਼ ਤਾਈਂ ਜੀਵਨ ਦਾਨ ਹੋਸੀ, ਦੇਸ਼ ਵਾਸਤੇ ਮਰਨਗੇ ਪੁੱਤ ਤੇਰੇ
'ਤੀਰ' ਜਦੋਂ ਵੀ ਪੰਥ ਦਾ ਮਹਿਲ ਬਣਿਆ, ਨੀਂਹ ਓਸਦੀ ਭਰਨਗੇ ਪੁੱਤ ਤੇਰੇ

### ਰਾਜਿਆਂ ਦੀ ਬੇਨਤੀ ਮਹਾਰਾਜ ਅੱਗੇ

ਕਿਹਾ ਰਾਜਿਆਂ ਆਪ ਦੀ ਗੱਲ ਸੱਚੀ, ਹੁਣ ਮੌਤ ਨੂੰ ਵਰਾਂਗੇ ਅਸੀਂ ਦਾਤਾ
ਜਿਵੇਂ ਕਹੋਗੇ ਆਪ ਜੀ, ਦੇਸ਼ ਖ਼ਾਤਰ, ਰਲ ਕਰਨੀਆਂ ਕਰਾਂਗੇ ਅਸੀਂ ਦਾਤਾ
ਗੱਲੋਂ ਫਾਹ ਗੁਲਾਮੀ ਦਾ ਵੱਢਣੇ ਨੂੰ, ਸੀਸ ਤਲੀ ਤੇ ਧਰਾਂਗੇ ਅਸੀਂ ਦਾਤਾ
'ਤੀਰ' ਜੀਵਣਾ ਕੀ ਬੇ-ਅਣਖ ਹੋ ਕੇ, ਦੇਸ਼ ਵਾਸਤੇ ਮਰਾਂਗੇ ਅਸੀਂ ਦਾਤਾ

### ਅਸਚਰਜ ਕੌਤਕ

ਦੂਜੇ ਰੋਜ਼ ਆਇਆ ਇਕ ਸਿੱਖ ਸੱਚਾ, ਉਹਨੇ ਭੇਟ ਚੜ੍ਹਾਏ ਹਥਿਆਰ ਵੇਖੋ
ਜਾਨੀ-ਜਾਣ ਜੀ ਨੇ ਅਜਬ ਖੇਡ ਖੇਡੀ, ਕੋਈ ਸੱਕਿਆ ਨਹੀਂ ਵਿਚਾਰ ਵੇਖੋ
ਉਨ੍ਹਾਂ ਵਿੱਚ ਸੀ ਇੱਕ ਬੰਦੂਕ ਚੰਗੀ, ਬੜੀ ਕੀਮਤੀ ਤੇ ਦੂਰ-ਮਾਰ ਵੇਖੋ
ਉੱਚੀ ਸਤਿਗੁਰਾਂ ਆਖਿਆ ਪਰਖ ਕਰੀਏ, ਕੋਈ ਹੈ ਏਥੇ ਸੇਵਾਦਾਰ ਵੇਖੋ
ਸਾਡੇ ਸਾਹਮਣੇ ਆਣ ਖਲੋ ਜਾਵੇ, ਗੋਲੀ ਉਸੇ 'ਚੋਂ ਹੋਏ ਦੁਪਾਰ ਵੇਖੋ
ਸਿੱਖਾਂ ਸੁਣੀ ਇਹ ਜਦੋਂ ਅਵਾਜ਼ ਕੰਨੀਂ, ਆਏ ਦੌੜਦੇ ਤੇਜ਼ ਰਫ਼ਤਾਰ ਵੇਖੋ
ਇਕ ਕਹੇ ਦਾਤਾਰ ਜੀ ਕਰੋ ਕਿਰਪਾ, ਏਸ ਦਾਸ ਉੱਤੇ ਕਰਕੇ ਵਾਰ ਵੇਖੋ
ਦੂਜਾ ਕਹੇ ਮੈਂ ਪਹੁੰਚਿਆ ਆਣ ਪਹਿਲੇ, ਮੇਰੇ ਵੱਲ ਸਤਿਗੁਰ ਕ੍ਰਿਪਾ ਧਾਰ ਵੇਖੋ
ਮੇਰੀ ਹਿੱਕ ਵਿੰਨ੍ਹੋ, ਕਰੋ ਮੁਕਤ ਮੇਰੀ, ਸੱਚੇ ਪਾਤਸ਼ਾਹ ਮੇਰਾ ਪਿਆਰ ਵੇਖੋ
ਤੀਜਾ ਕਹੇ ਮੈਂ ਸੁਣੀ ਅਵਾਜ਼ ਪਹਿਲੀ, ਮੈਨੂੰ ਕਰ ਪਰਵਾਨ ਸਰਕਾਰ ਵੇਖੋ
ਇੱਕ ਦੂਸਰੇ ਤੋਂ ਅੱਗੇ ਹੋਈ ਜਾਵਣ, ਮਰਨ ਵਾਸਤੇ ਦਿਲੋਂ ਤਿਆਰ ਵੇਖੋ
ਜਾਨੀ-ਜਾਣ ਨੇ ਆਖਿਆ ਅੰਤ ਏਦਾਂ, ਸਾਰੇ ਬੰਨ੍ਹ ਲਓ ਇਕ ਕਤਾਰ ਵੇਖੋ
ਸੇਵਾ ਸਾਰਿਆਂ ਦੀ ਸਫਲ ਹੋ ਜਾਵੇ, ਹੋਵੇ ਸਾਰਿਆਂ 'ਤੇ 'ਕੱਠਾ ਵਾਰ ਵੇਖੋ
ਪਾਲ ਬੰਨ੍ਹ ਕੇ ਗਏ ਖਲੋ ਸਾਰੇ, ਤੇ ਬੰਦੂਕ ਚੱਲੀ ਧੂੰਆਂ-ਧਾਰ ਵੇਖੋ
ਗੋਲੀ ਸਿਰਾਂ ਤੋਂ ਝੱਟ ਲੰਘਾ ਦਿੱਤੀ, ਜਾਨੀ-ਜਾਣ ਦਾ ਅਜਬ ਵਿਹਾਰ ਵੇਖੋ
'ਤੀਰ' ਸਿਦਕ ਇਹ ਵੇਖ ਕੇ ਸੇਵਕਾਂ ਦਾ, ਰਾਜੇ ਕਹਿਣ ਵੇਖੋ-ਵੇਖੋ ਯਾਰ ਵੇਖੋ

### ਰਾਜਿਆਂ ਦੀਆਂ ਆਪੋ ਵਿਚ ਗੱਲਾਂ

ਏਸ ਗੁਰੂ ਨੂੰ ਸੱਜਣੋਂ ਕੌਣ ਜਿੱਤੇ, ਜਿਹਦੇ ਕੋਲ ਐਸੇ ਹੈਣ ਮਰਨ ਵਾਲੇ
ਏਸ ਗੁਰੂ ਨੂੰ ਸੱਜਣੋਂ ਕੌਣ ਜਿੱਤੇ, ਜਿਸ ਤੋਂ ਹੈਣ ਜਾਨਾਂ ਘੋਲੀ ਕਰਨ ਵਾਲੇ
ਏਸ ਗੁਰੂ ਨੂੰ ਸੱਜਣੋਂ ਕੌਣ ਜਿੱਤੇ, ਜਿਹਦੇ ਸਿੱਖ ਸਿਰ ਤਲੀ 'ਤੇ ਧਰਨ ਵਾਲੇ

ਏਸ ਗੁਰੂ ਨੂੰ ਸੱਜਣੋਂ ਕੌਣ ਜਿੱਤੇ, ਜਿਹਦੇ ਸਿੱਖ ਨਹੀਂ ਮੌਤ ਤੋਂ ਡਰਨ ਵਾਲੇ
ਏਸ ਗੁਰੂ ਨੂੰ ਸੱਜਣੋਂ ਨਿਵੋਂ ਸਾਰੇ, ਬਣੋ ਏਸਦੀ ਈ ਹਾਮੀ ਭਰਨ ਵਾਲੇ
'ਤੀਰ' ਗੁਰੂ ਨਹੀਂ ਜਿੱਤਿਆ ਮੂਲ ਜਾਣਾ, ਨਾਹੀਂ ਸਿੱਖ ਹੈ ਜੋ ਸਾਥੋਂ ਡਰਨ ਵਾਲੇ

### ਉੱਤੋਂ ਉੱਤੋਂ ਮੇਲ ਮਿਲਾਪ (ਵੱਲੋਂ ਕਵੀ)

ਵੇਖ ਰੋਹਬ ਤੇ ਦਬਦਬਾ ਸਤਿਗੁਰਾਂ ਦਾ, ਰਾਜੇ ਅੰਤ ਨੂੰ ਨੀਵੀਆਂ ਪਾ ਪਰਤੇ
ਅਸੀਂ ਕਰਾਂਗੇ ਕਦੇ ਵਿਰੋਧਤਾ ਨਾ, ਨਾਲ ਗੁਰਾਂ ਦੇ ਪੱਕ ਪਕਾ ਪਰਤੇ
ਏਦਾਂ ਮੇਲ ਮਿਲਾਪ ਹੋ ਗਿਆ ਉੱਤੋਂ, ਲੋਕਾਂ ਸਮਝਿਆ ਵੈਰ ਗਵਾ ਪਰਤੇ
'ਤੀਰ' ਸਮੇਂ ਨੇ ਦੱਸਿਆ ਸਮੇਂ ਉੱਤੇ, ਬੇਈਮਾਨ ਇਕਰਾਰ ਭੁਲਾ ਪਰਤੇ

### ਬੇਈਮਾਨ ਆਖ਼ਰ ਬੇਈਮਾਨ ਹੀ ਨਿਕਲੇ (ਵੱਲੋਂ ਕਵੀ)

ਭਾਵੇਂ ਗੁਰਾਂ ਦੇ ਵੇਖ ਕੇ ਕਾਰਨਾਮੇ, ਖੁੰਢੀ ਕਈ ਵਾਰੀ ਬਾਈਧਾਰ ਹੋਈ
ਭਾਵੇਂ ਸੁਲਾਹ ਸਫ਼ਾਈ ਦੀ ਕਈ ਵਾਰੀ, ਵਾਰ-ਵਾਰ ਹੀ ਸੋਚ-ਵਿਚਾਰ ਹੋਈ
ਭਾਵੇਂ ਲੜਦਿਆਂ ਪਰਬਤੀ ਰਾਜਿਆਂ ਨੂੰ, ਕਈ ਵਾਰ ਮੈਦਾਨ ਵਿਚ ਹਾਰ ਹੋਈ
ਭਾਵੇਂ ਉੱਪਰੋਂ-ਉੱਪਰੋਂ ਕਈ ਵਾਰੀ, ਸ਼ੁਰੂ ਮੇਲ-ਮਿਲਾਪ ਦੀ ਵਾਰ ਹੋਈ
ਐਪਰ ਦਿਲ ਦੇ ਖੋਟਿਆਂ ਰਾਜਿਆਂ ਦੀ, ਦਿਲੋਂ ਕਦੇ ਵੀ ਦੂਰ ਨ ਖ਼ਾਰ ਹੋਈ
'ਤੀਰ' ਤਦੇ ਤਾਂ ਸ੍ਰੀ ਦਸਮੇਸ਼ ਜੀ ਦੀ, ਮੱਠੀ ਕਦੇ ਨਾ ਤੇਜ਼ ਤਲਵਾਰ ਹੋਈ

### ਬਾਈਧਾਰ ਦੇ ਰਾਜੇ ਫਿਰ ਬੇਈਮਾਨ ਹੋ ਗਏ (ਵੱਲੋਂ ਕਵੀ)

ਇੱਕ ਵਾਰ ਕੁਰਖੇਤਰੀ ਪੁਰਬ ਉੱਤੇ, ਜਾਣੀ-ਜਾਣ ਜੀ ਰੌਣਕਾਂ ਲਾ ਰਹੇ ਸੀ
ਸੱਤ-ਧਰਮ ਦੀ ਸਿੱਖਿਆ ਦੇ-ਦੇ ਕੇ, ਭੁੱਲੇ ਭਟਕਿਆਂ ਨੂੰ ਰਾਹੇ ਪਾ ਰਹੇ ਸੀ
ਏਸ ਸਮੇਂ ਰਾਜੇ ਬਾਈਧਾਰ ਦੇ ਵੀ, ਏਥੇ ਪੁੱਜ ਗ੍ਰਹਿਣ ਮਨਾ ਰਹੇ ਸੀ
'ਤੀਰ' ਤੀਰਥਾਂ 'ਤੇ ਪੁੰਨ ਕਰਨ ਆਏ, ਬੇਈਮਾਨੀਆਂ ਵੈਰ ਵਧਾ ਰਹੇ ਸੀ

### ਪਹਾੜੀਆਂ ਦੀ ਬੇਈਮਾਨੀ

ਬੈਠ ਇਹ ਕਮੀਨਿਆਂ ਗੱਲ ਸੋਚੀ, ਵੇਲਾ ਅੱਜ ਹੈ ਹੱਥ ਵਿਖਾਵਣੇ ਦਾ
'ਕੱਲਾ ਹੈ ਦਸਮੇਸ਼ ਹੀ ਏਸ ਥਾਵੇਂ, ਉਹਨੂੰ ਸਮਾਂ ਹੈ ਮਾਰ ਮੁਕਾਵਣੇ ਦਾ
ਐਵੇਂ ਨਾਮ ਮਾਤਰ ਨਾਲ ਸਿੱਖ ਉਸਦੇ, ਚੇਤਾ ਨਹੀਂ ਸੂ ਜੰਗ ਮਚਾਵਣੇ ਦਾ
ਖੁੰਬ ਠੱਪੀਦੇ ਓਸਦੀ ਰਾਹ ਅੰਦਰ, ਚੱਖੇ ਮਜ਼ਾ ਗ੍ਰਹਿਣ 'ਤੇ ਆਵਣੇ ਦਾ
ਨਾਲੇ ਪਤਾ ਸਾਰਾ ਉਹਨੂੰ ਲੱਗ ਜਾਵੇ, ਮੱਥਾ ਰਾਜਪੂਤਾਂ ਨਾਲ ਲਾਵਣੇ ਦਾ
'ਤੀਰ' ਕੀੜਿਆਂ ਨੇ ਵੇਖੋ ਮਤਾ ਕੀਤਾ, ਧੱਕੇ ਮਾਰ ਸੁਮੇਰ ਉਲਟਾਵਣੇ ਦਾ

### ਦੋ ਮੁਸਲਮਾਨ ਜਰਨੈਲ ਭਾੜੇ ਉੱਤੇ ਕੀਤੇ ਗਏ (ਵੱਲੋਂ ਕਵੀ)

ਇਧਰ ਪੱਕੀਆਂ ਇਹ ਪਕਾ ਰਹੇ ਸੀ, ਢੁੱਕਾ ਓਧਰੋਂ ਹੋਰ ਹੀ ਢੋ ਵੇਖੋ
ਆਈ ਖ਼ਬਰ 'ਨਵਾਬ ਸਰਹੰਦ ਵੱਲੋਂ', ਨੇ ਲਾਹੌਰ ਜਾਂਦੇ ਸੂਰੇ ਦੋ ਵੇਖੋ
ਅਲਫ ਖ਼ਾਂ ਅਤੇ ਸੈਦ ਬੇਗ਼ ਦੋਵੇਂ, ਉਘੇ ਜੱਗ 'ਤੇ ਸੂਰਮੇ ਜੋ ਵੇਖੋ
ਉਨ੍ਹਾਂ ਨਾਲ ਹੈ ਦੱਸ ਹਜ਼ਾਰ ਸੈਨਾ, ਫੈਲੀ ਜਿਸਦੀ ਅਣਖ ਦੀ ਬੋ ਵੇਖੋ
ਆਓ ਉਨ੍ਹਾਂ ਦੇ ਨਾਲ ਵੀ ਗੰਢ ਲਈਏ, ਭਾਗਾਂ ਨਾਲ ਇਹ ਲੱਗ ਗਈ ਸੋ ਵੇਖੋ
ਹੈਣ ਗੇਣਵੇਂ ਗੁਰੂ ਦੇ ਸਿੱਖ ਸਾਥੀ, ਅੱਜ ਨੇਜ਼ਿਆਂ ਵਿੱਚ ਪਰੋ ਵੇਖੋ
ਮਤੇ ਸਦਾ ਦਾ ਲੱਥ ਕਲੰਕ ਜਾਵੇ, ਰਾਜਪੂਤ ਸਾਰੇ ਧੋਣੇ ਧੋ ਵੇਖੋ
ਸ਼ਾਹੀ ਫ਼ੌਜ ਹੈ ਆਪ ਭਗਵਾਨ ਭੇਜੀ, ਉਹਦੇ ਨਾਲ ਇਕੱਠਿਆਂ ਹੋ ਵੇਖੋ
ਪੀਠੇ ਜਾਣ ਜੋ ਸਿੱਖ ਤੇ ਗੁਰੂ ਰਲ ਕੇ, ਚੱਕੀ ਫੇਰ ਲੜਾਈ ਦੀ ਝੋ ਵੇਖੋ
'ਤੀਰ' ਹੋ ਜਾਵੇ ਸਾਡੀ ਜਿੱਤ ਖ਼ਬਰੇ, ਗੁਰੂ ਨਾਲ ਕਰਕੇ ਹੱਥ ਦੋ ਵੇਖੋ

### ਅਲਫ ਖ਼ਾਨ ਤੇ ਸੈਦ ਬੇਗ਼ ਨੂੰ ਵੱਢੀ ਦਿੱਤੀ ਗਈ (ਵੱਲੋਂ ਕਵੀ)

ਵਾਹੋ-ਦਾਹ ਪਹੁੰਚੇ ਉਨ੍ਹਾਂ ਕੋਲ ਜਾ ਕੇ, ਗੱਲ ਦਿਲ ਦੀ ਇਉਂ ਸੁਣਾਈ ਸਾਰੀ
ਤੁਸੀਂ ਪਾਤਸ਼ਾਹ ਅਸੀਂ ਹਾਂ ਸਭ ਪਰਜਾ, ਹੱਥ ਆਪ ਦੇ ਅੱਜ ਵਡਿਆਈ ਸਾਰੀ
ਗੁਰੂ ਦੱਸਵਾਂ ਆ ਗਿਆ ਅੱਜ ਕਾਬੂ, ਬਾਈਧਾਰ ਹੈ ਇਹਨੇ ਦੁਖਾਈ ਸਾਰੀ
'ਤੀਰ' ਅੱਜ ਜੇਕਰ ਤੁਸੀਂ ਲੱਕ ਬੰਨੋ, ਕਰ ਛੱਡੀਏ ਅਸੀਂ ਸਫਾਈ ਸਾਰੀ

### ਰਾਜੇ ਫੇਰ ਕਹਿੰਦੇ ਹਨ

ਗੁਰੂ ਮਾਰਿਆ ਗਿਆ ਤਾਂ ਆਪ ਦੀ ਹੀ, ਸੁਖੀ ਸਦਾ ਦੇ ਲਈ ਸਰਕਾਰ ਹੋਸੀ
ਫੜ ਲਿਆ ਤਾਂ ਖ਼ੂਬ ਇਨਾਮ ਪਾਸੋ, ਮਾਣ ਆਪ ਦਾ ਵਿੱਚ ਦਰਬਾਰ ਹੋਸੀ
ਔਰੰਗਜ਼ੇਬ ਦੀ ਸਦਾ ਹੀ ਜਿੱਤ ਹੋਸੀ, ਜੇਕਰ ਦੱਸਵੇਂ ਗੁਰੂ ਨੂੰ ਹਾਰ ਹੋਸੀ
'ਤੀਰ' ਨਿੱਤ ਦਾ ਜਾਇਗਾ ਨਿਕਲ ਕੰਡਾ, ਤੇ ਨਚਿੰਤ ਸਾਰੀ ਬਾਈਧਾਰ ਹੋਸੀ

### ਗ਼ੱਦਾਰਾਂ ਦਾ ਸੌਦਾ ਪੱਕ ਗਿਆ (ਵੱਲੋਂ ਕਵੀ)

ਸੈਦ ਬੇਗ਼ ਆਲਫ ਖ਼ਾਨ ਮੰਗ ਕੀਤੀ, ਸਾਡੇ ਨਾਲ ਇਹ ਕਰੋ ਇਕਰਾਰ ਜੇਕਰ
ਇੱਕ ਰੋਜ਼ ਦਾ ਫ਼ੌਜ ਦਾ ਖ਼ਰਚ ਸਾਡਾ, ਭਰੋ ਰਾਜਿਓ ਦੋ ਹਜ਼ਾਰ ਜੇਕਰ
ਅਸੀਂ ਦੱਸਵੇਂ ਗੁਰੂ ਨੂੰ ਜਿੱਤ ਲਾਂਗੇ, ਸਾਡੇ ਨਾਲ ਹੋਵੇ ਬਾਈਧਾਰ ਜੇਕਰ
'ਤੀਰ' ਹੱਥ ਸਾਡੇ ਤੁਸਾਂ ਵੇਖ ਲੈਣੇ, ਕੱਢੀ ਰਣ ਦੇ ਵਿੱਚ ਤਲਵਾਰ ਜੇਕਰ

### ਵੱਲੋਂ ਕਵੀ

ਕਈ ਵਾਰ ਹੀ ਕਈ ਇਕਰਾਰ ਕੀਤੇ, ਜਦੋਂ ਜਿੰਦੜੀ ਆਣ ਹੈਰਾਨ ਹੋਈ

ਐਪਰ ਫੇਰ ਵੇਖੋ ਕਿਵੇਂ ਸਮਾਂ ਪਾ ਕੇ, ਬਾਈਧਾਰ ਸਾਰੀ ਬੇਈਮਾਨ ਹੋਈ
"ਹਛਾ ਦੋ ਹਜ਼ਾਰ ਹੀ ਦੇ ਦਿਆਂਗੇ", ਖ਼ਰਚ ਰੋਜ਼ ਦਾ ਗੱਲ ਪਰਵਾਨ ਹੋਈ
ਕੱਲਾ ਵੇਖ ਕੇ 'ਤੀਰ' ਡਰਾਣ ਲੱਗੇ, ਮਿੱਟੀ ਰਾਜਿਆਂ ਦੀ ਸ਼ਾਹੀ ਸ਼ਾਨ ਹੋਈ

### ਚਮਕੌਰ ਦੇ ਕੋਲ ਘਮਸਾਣ (ਵੱਲੋਂ ਕਵੀ)

ਪੁੱਜੇ ਗੁਰੂ ਜੀ ਜਦੋਂ ਚਮਕੌਰ ਨੇੜੇ, ਹੱਲਾ ਉਨ੍ਹਾਂ ਉੱਤੇ ਗਿਆ ਬੋਲਿਆ ਏ
ਅਲਫ਼ ਖ਼ਾਨ ਅਤੇ ਸੈਦ ਬੇਗ ਦੋਹਾਂ, ਹੱਥ ਵਿਚ ਤਲਵਾਰ ਨੂੰ ਤੋਲਿਆ ਏ
ਫ਼ੌਜ ਇਨ੍ਹਾਂ ਦੀ ਟੁੱਟ ਪਈ ਸਤਿਗੁਰਾਂ 'ਤੇ, ਪਲੋ-ਪਲੀ ਅੰਦਰ ਝੱਖੜ ਝੋਲਿਆ ਏ
ਐਪਰ ਗੁਰੂ ਤੇ ਗੁਰੂ ਦੇ ਸੂਰਿਆਂ ਦਾ, ਆਫ਼ਤ ਵੇਖ ਕੇ ਚਿੱਤ ਨਾ ਡੋਲਿਆ ਏ
ਸ੍ਰੀ ਸਾਹਿਬਾਂ ਸਾਰਿਆਂ ਕੱਢ ਲਈਆਂ, ਉਨ੍ਹਾਂ ਜ਼ਾਲਮਾਂ ਦਾ ਮਾਨ ਰੋਲਿਆ ਏ
ਮਾਨੋ ਛਾਂਗਦੇ ਜਾਣ ਉਹ ਰੁੱਖ ਬੂਟੇ, ਛੋਟਾ ਬੜਾ ਨਾ ਮੂਲ ਪੜਚੋਲਿਆ ਏ
ਕਿਸੇ ਸੁੱਟੀਆਂ ਕੂਹਣੀਆਂ ਲਾਹ ਬਾਹੋਂ, ਕਿਸੇ ਸਿਰ ਦਾ ਹੀ ਖੱਪਰ ਖੋਲ੍ਹਿਆ ਏ
ਹੋਲੀ ਖ਼ੂਬ ਮੱਚੀ ਸੂਹੇ ਰੰਗ ਵਾਲੀ, ਰੰਗ ਜੰਗ ਅੰਦਰ 'ਤੀਰ' ਘੋਲਿਆ ਏ

### ਵੱਲੋਂ ਕਵੀ

ਮਾਰਨ ਏਸ ਪਾਸੇ ਤੇਗ਼ ਸਿੱਖ ਸਿਦਕੀ, ਟਟੂ ਭਾੜਿਆਂ ਦੇ ਦੂਜੀ ਵੱਲ ਵੇਖੋ
ਇਧਰ ਸ਼ੇਰ ਬੱਬਰ ਪਏ ਭਬਕਦੇ ਜੇ, ਓਧਰ ਗਿੱਦੜਾਂ ਦਾ ਆਇਆ ਦੱਲ ਵੇਖੋ
ਹੋਇਆ ਗੁਰਾਂ ਦਾ ਨਾ ਵਿੰਗਾ ਵਾਲ ਏਧਰ, ਹੋਈਆਂ ਔਕੜਾਂ ਨਾ ਓਧਰ ਹੱਲ ਵੇਖੋ
'ਤੀਰ' ਆਏ ਸੀ ਮਾਫ਼ ਕਰਾਣ ਰੋਜ਼ੇ, ਤੇ ਨਮਾਜ਼ ਪੈ ਗਈ ਸਗੋਂ ਗੱਲ ਵੇਖੋ

### ਸਤਿਗੁਰਾਂ ਨੂੰ ਅਨੰਦਪੁਰੋਂ ਸਹਾਇਤਾ ਪੁੱਜ ਗਈ (ਵੱਲੋਂ ਕਵੀ)

ਕਿਸੇ ਤਰ੍ਹਾਂ ਅਨੰਦਪੁਰ ਖ਼ਬਰ ਪੁੱਜੀ, ਪੁੱਜੇ ਕਰ ਧਾਈ ਸਿਦਕਵਾਨ ਓਥੇ
ਉਨ੍ਹਾਂ ਆਂਵਦੇ ਹੀ ਡਾਢੀ ਖੁਣਸ ਖਾ ਕੇ, ਵਾਹੀ ਵਾਢਿਆਂ ਵਾਂਗ ਕ੍ਰਿਪਾਨ ਓਥੇ
ਪਲੋਪਲੀ ਅੰਦਰ ਢੇਰ ਲਾ ਦਿੱਤੇ, ਲੋਥਾਂ ਖਿੰਡੀਆਂ ਲਹੂ-ਲੁਹਾਨ ਓਥੇ
ਡਾਢੇ ਹੋਏ ਹੈਰਾਨ ਜਰਨੈਲ ਦੋਵੇਂ, ਪਈ ਵਿੱਚ ਮੁਸੀਬਤਾਂ ਜਾਨ ਓਥੇ
ਵੇਖ ਰਾਜਿਆਂ ਦੀ ਅਕਲ ਹੋਸ਼ ਉੱਡੀ, ਮੱਲ ਮੱਲ ਤਲੀਆਂ ਪੱਛੋਤਾਨ ਓਥੇ
'ਤੀਰ' ਉਹਨਾਂ ਸੀ ਜਾਣਿਆ ਗੁਰੂ 'ਕੱਲਾ, ਬਿੱਜ ਹੋਰ ਪੈ ਗਈ ਉੱਤੋਂ ਆਨ ਓਥੇ

### ਸੈਦ ਬੇਗ ਸਤਿਗੁਰਾਂ ਦੀ ਚਰਨੀਂ ਆ ਪਿਆ (ਵੱਲੋਂ ਕਵੀ)

ਸੈਦ-ਬੇਗ ਜਰਨੈਲ ਨੇ ਕਈ ਵਾਰੀ, ਕੰਨੀ ਜੱਸ ਸੁਣਿਆ ਕਲਗੀਧਾਰ ਦਾ ਸੀ
ਭਾਵੇਂ ਸੂਰਮਾ ਸੀ ਮੁਸਲਮਾਨ ਵੀ ਸੀ, ਭੁੱਖਾ ਦਿੱਲ ਤੋਂ ਦਿਲੀ-ਪਿਆਰ ਦਾ ਸੀ
ਜਾਗ ਪਈ ਸ਼ਰਧਾ ਦਿਲੋਂ ਪੱਲ ਅੰਦਰ, ਚਾਅ ਕੁੱਦਿਆ ਆਣ ਦੀਦਾਰ ਦਾ ਸੀ

'ਤੀਰ' ਲੜਦਿਆਂ-ਲੜਦਿਆਂ ਕਈ ਵਾਰੀ, ਸੈਦ ਬੇ.ਗ ਯੋਧਾ ਝਾਤੀ ਮਾਰਦਾ ਸੀ

### ਹਥਿਆਰ ਡਿੱਗ ਪਏ (ਵੱਲੋਂ ਕਵੀ)

ਅੰਤ ਆਨ ਸ਼ਰਧਾ ਪ੍ਰੇਮ ਜ਼ੋਰ ਪਾਇਆ, ਦਿੱਤੇ ਭੋਂ 'ਤੇ ਸੁੱਟ ਹਥਿਆਰ ਉਸਨੇ
ਦੂਰੋਂ ਵੇਖ ਕਲਗੀ ਜਾਣੀ-ਜਾਣ ਜੀ ਦੀ, ਕੀਤੀ ਪ੍ਰੇਮ-ਭਿੱਜੀ ਨਿਮਸ਼ਕਾਰ ਉਸਨੇ
ਪਹਿਲੇ ਵੇਖਦਾ ਰਿਹਾ ਉਹ ਜੰਗ ਹੁੰਦਾ, ਲੀਤੀ ਹੋਰ ਫਿਰ ਧਾਰਨਾ ਧਾਰ ਉਸਨੇ
ਨਵੇਂ ਰੰਗ ਅੰਦਰ 'ਤੀਰ' ਲੜਨ ਲੱਗਾ, ਵਾਹੀ ਆਪਣੇ ਉਲਟ ਤਲਵਾਰ ਉਸਨੇ

### ਸੈਦ ਬੇ.ਗ ਦੀ ਲੜਾਈ

ਪਹਿਲੇ ਸਤਿਗੁਰਾਂ ਦੇ ਨਾਲ ਸੀ ਲੜਦਾ, ਹੁਣ ਰਾਜਿਆਂ ਦੇ ਨਾਲ ਲੜ ਰਿਹਾ ਸੀ
ਅਲਫ ਖ਼ਾਨ ਨੂੰ ਵੇਖ ਕੇ ਕਾਰ ਉਸਦੀ, ਗੁੱਸਾ ਅੰਦਰੋਂ ਬੜਾ ਹੀ ਚੜ੍ਹ ਰਿਹਾ ਸੀ
ਅੰਨ੍ਹੇਵਾਹ ਲਲਕਾਰਦਾ ਫ਼ੌਜ ਤਾਈਂ, ਸੈਦ ਬੇ.ਗ ਦੀ ਕਾਰ 'ਤੇ ਸੜ ਰਿਹਾ ਸੀ
ਧਾਨਾਂ ਵਾਂਗਰਾਂ 'ਤੀਰ' ਦਸਮੇਸ਼ ਵੱਲੋਂ, ਸੈਦ ਬੇ.ਗ ਪਹਾੜੀਏ ਛੜ ਰਿਹਾ ਸੀ

### ਅਲਫ ਖ਼ਾਂ ਹਾਰ ਗਿਆ (ਵੱਲੋਂ ਕਵੀ)

ਸੈਦ ਬੇ.ਗ ਤੇ ਓਸ ਦੇ ਹੋਰ ਸਾਥੀ, ਜਦੋਂ ਗੁਰਾਂ ਵੱਲੋਂ ਵੇਖੇ ਲੜਨ ਲੱਗੇ
ਪੈਰ ਉੱਖੜੇ ਆਨ ਪਹਾੜੀਆਂ ਦੇ, ਦੌੜ ਪਏ ਸਭ ਖੁੰਧਰੀਂ ਵੜਨ ਲੱਗੇ
ਅਲਫ ਖ਼ਾਨ ਹੋਰੀਂ ਭਲਾ ਜੰਗ ਅੰਦਰ, ਫੇਰ ਕਦੋਂ ਸੀ ਸਾਹਮਣੇ ਅੜਨ ਲੱਗੇ
'ਤੀਰ' ਸਤਿਗੁਰਾਂ ਦੀ ਆਖ਼ਰ ਜਿੱਤ ਹੋਈ, ਸਭ ਮੁੜੇ ਪਿੱਛੇ ਦਿਲੋਂ ਸੜਨ ਲੱਗੇ

### ਦੂਜਾ ਹੱਲਾ ਵੱਲੋਂ ਕਵੀ

ਕੀਤੀ ਸੋਚ ਫਿਰ ਹਾਰਿਆਂ ਰਾਜਿਆਂ ਨੇ, ਖ਼ੂਬ ਆਪਣੀ ਖੁੰਬ ਠਪਾ ਕੇ ਤੇ
ਕੀਤਾ ਫੇਰ ਹੱਲਾ ਉੱਤੇ ਸਤਿਗੁਰਾਂ ਦੇ, ਸਾਰਾ ਦਿੱਲ ਦਾ ਜੋਸ਼ ਵਧਾ ਕੇ ਤੇ
ਐਪਰ ਫੇਰ ਵੀ ਮੂੰਹ ਦੀ ਪਈ ਖਾਣੀ, ਨਾਲ ਸਿਦਕੀਆਂ ਦੇ ਮੱਥਾ ਲਾ ਕੇ ਤੇ
'ਤੀਰ' ਦੰਦ ਜੋ ਗੁਰਾਂ 'ਤੇ ਪੀਹ ਰਹੇ ਸੀ, ਗਏ ਆਪਣੇ ਦੰਦ ਭੰਨਵਾ ਕੇ ਤੇ

### ਸੈਦ ਬੇ.ਗ ਸਤਿਗੁਰਾਂ ਦੇ ਪਾਸ ਹੀ ਰਹਿ ਪਿਆ (ਵੱਲੋਂ ਕਵੀ)

ਸੈਦ ਬੇ.ਗ ਸਤਿਗੁਰਾਂ ਦੇ ਨਾਲ ਆਖ਼ਰ, ਪੁੱਜਾ ਨਾਲ ਹੀ ਪੁਰੀ ਅਨੰਦ ਅੰਦਰ
ਖੁੱਲ੍ਹ ਸੱਕਿਆ ਮੂਲ ਨਾ ਉਮਰ ਸਾਰੀ, ਬੱਝ ਗਿਆ ਪ੍ਰੇਮ ਦੀ ਤੰਦ ਅੰਦਰ
ਸਦਾ ਰਿਹਾ ਸਾਥੀ ਮਦਦਗਾਰ ਸੱਚਾ, ਵਸੀ ਪ੍ਰੀਤ ਉਸਦੇ ਬੰਦ-ਬੰਦ ਅੰਦਰ
'ਤੀਰ' ਚਾਹ ਉਹ ਉਸਦੇ ਵਿੱਚ ਆਈ, ਜੋ ਚਕੋਰ ਨੂੰ ਹੋਂਵਦੀ ਚੰਦ ਅੰਦਰ

### ਅਨੰਦਪੁਰ ਵਿਚ ਕੁਝ ਦਿਨਾਂ ਦੇ ਕੌਤਕ (ਵੱਲੋਂ ਕਵੀ)

ਇਕ ਰੋਜ਼ ਸਤਿਗੁਰਾਂ ਨੇ ਸਣੇ ਸਿੱਖਾਂ, ਸਾਜੀ ਸਾਜਨਾ ਖ਼ੂਬ ਸ਼ਿਕਾਰ ਦੀ ਸੀ
ਸੱਜ ਗਏ ਸੀ ਦੱਲ ਸ਼ਿੰਗਾਰ ਉੱਤੇ, ਦੂਰੋਂ ਪਈ ਕਲਗੀ ਲੱਸਾਂ ਮਾਰਦੀ ਸੀ
ਇੱਕ ਖੇਤ ਵਿੱਚੋਂ ਜਦੋਂ ਜਾਣ ਲੱਗੇ, ਚਾਲ ਰੁਕ ਗਈ ਦੱਲ-ਸ਼ਿੰਗਾਰ ਦੀ ਸੀ
ਜਾਨੀ-ਜਾਣ ਨੇ ਟੋਰਿਆ ਕਈ ਵਾਰੀ, ਐਪਰ ਓਸਦੀ ਅੜੀ ਨਾ ਹਾਰਦੀ ਸੀ

### ਸਿੱਖਾਂ ਦੀ ਪੁੱਛ

ਸਿੱਖਾਂ ਸੇਵਕਾਂ ਪੁੱਛਿਆ ਹੋ ਅੱਗੇ, ਸੱਚੇ ਪਾਤਸ਼ਾਹ ਦੱਸਣਾ ਗੱਲ ਕੀ ਏ
ਅੱਗੇ ਦੱਲ ਸ਼ਿੰਗਾਰ ਨਾ ਪੈਰ ਪਾਵੇ, ਪਈ ਏਸਨੂੰ ਏਸ ਥਾਂ ਠੱਲ੍ਹ ਕੀ ਏ
ਸਾਨੂੰ ਪਤਾ ਨਾ ਲੱਗਦਾ ਏਸ ਥਾਵੇਂ, ਪਿਆ ਵਰਤਦਾ ਸਾਹਿਬੋ! ਛੱਲ ਕੀ ਏ
'ਤੀਰ' ਦਲ ਸ਼ਿੰਗਾਰ ਨਾ ਕਦਮ ਪੁੱਟੇ, ਏਸ ਗੱਲ ਅੰਦਰ ਦੱਸੋ ਵੱਲ ਕੀ ਏ

### ਜਾਨੀ-ਜਾਣ ਜੀ ਦੇ ਬਚਨ

ਕਿਹਾ ਸ੍ਰੀ ਦਸਮੇਸ਼ ਨੇ ਸੁਣੋ ਸਿੱਖੋ, ਪਸ਼ੂ ਹੈ ਪਰ ਬੜਾ ਸੁਚੇਤ ਹੈ ਜੇ
ਇਹਨੂੰ ਕੁਦਰਤੋਂ ਮਿਲੀ ਏ ਬੁੱਧ ਐਸੀ, ਸਾਰੇ ਕੁਦਰਤੀ ਜਾਣਦਾ ਭੇਤ ਹੈ ਜੇ
ਅਸਾਂ ਆਪ ਨੂੰ ਗੱਲ ਸਮਝਾਵਣੀ ਸੀ, ਘੋੜਾ ਅਟਕਿਆ ਆਪਦੇ ਹੇਤ ਹੈ ਜੇ
'ਤੀਰ' ਏਸ ਲਈ ਪਾਏ ਨਾ ਪੈਰ ਅੱਗੇ, ਅੱਗੇ ਇਹ ਤੰਬਾਕੂ ਦਾ ਖੇਤ ਹੈ ਜੇ

### ਮਹਾਰਾਜ ਦੇ ਬਚਨ

ਇਹ ਜੋ ਜ਼ਹਿਰ ਸਿੱਖੋ, ਘਰ ਗੰਦਗੀ ਦਾ, ਛੋਹਿਆਂ ਮਨ ਮਲੀਨ ਹੋ ਜਾਂਵਦਾ ਜੇ
ਸੜੇ ਆਪ ਤੇ ਸਾੜਦਾ ਓਸ ਤਾਈਂ, ਜਿਹੜਾ ਪੁਰਸ਼ ਮੂੰਹ ਏਸਨੂੰ ਲਾਂਵਦਾ ਜੇ
ਕਾਲਖ਼-ਰੂਪ ਇਹ ਮਨ ਨੂੰ ਕਰੇ ਕਾਲਾ, ਰੋਗੀ ਦਿਨਾਂ ਦੇ ਵਿਚ ਬਣਾਂਵਦਾ ਜੇ
'ਤੀਰ' ਤੁਸੀਂ ਵੇਖੋ ਇਹਦੇ ਖੇਤ ਅੰਦਰ, ਅੱਜ ਪਸ਼ੂ ਵੀ ਪੈਰ ਨਾ ਪਾਂਵਦਾ ਜੇ

### ਸ੍ਰੀ ਦਸਮੇਸ਼ ਜੀ ਫੇਰ ਕਹਿੰਦੇ ਹਨ

ਹਿੰਦ ਵਿਚ ਇਹ ਜਦੋਂ ਦੀ ਜ਼ਹਿਰ ਆਈ, ਲੋਕੀਂ ਮੂੰਹ ਜਦ ਤੋਂ ਇਹਨੂੰ ਲਾ ਬੈਠੇ
ਸੱਭੇ ਲਾਲੀਆਂ ਉੱਡੀਆਂ ਚਿਹਰਿਆਂ ਤੋਂ, ਭੁੱਸੇ ਰੰਗ ਮੂੰਹਾਂ ਉੱਪਰ ਆ ਬੈਠੇ
ਰਿਹਾ ਜ਼ੋਰ ਨਾ ਕਿਸੇ ਦੇ ਤਨ ਅੰਦਰ, ਜ਼ੋਰ ਤਾਣ ਜਵਾਨ ਗਵਾ ਬੈਠੇ
ਗਏ ਮੂੰਹ ਫਿੱਟਕੇ, ਹੜਬਾਂ ਨਿਕਲੀਆਂ ਨੇ, ਰੰਗ-ਰੂਪ ਤਾਈਂ ਤੀਲੀ ਲਾ ਬੈਠੇ
ਜਿਨ੍ਹਾਂ-ਜਿਨ੍ਹਾਂ ਪੀਤਾ, ਥੋੜ੍ਹੇ ਦਿਨਾਂ ਅੰਦਰ, ਇਹਨੂੰ ਆਪਣੀ ਰੱਤ ਪਿਆ ਬੈਠੇ
ਅੱਧੀ ਉਮਰ ਗਵਾ ਲਈ ਮੁਫਤ ਉਹਨਾਂ, ਜਿਹੜੇ ਨਾਲ ਇਸਦੇ ਪ੍ਰੀਤ ਪਾ ਬੈਠੇ

ਸਾਹ ਸੱਤ ਗਿਆ, ਜ਼ੋਰ ਜੱਤ ਗਿਆ, ਦਿਨਾਂ ਵਿੱਚ ਜਵਾਨੀਆਂ ਖਾ ਬੈਠੇ
'ਤੀਰ' ਸਿਹਤ ਗਵਾ ਕੇ ਹੋ ਰੋਗੀ, ਪਹਿਲੇ ਸਮੇਂ ਤੋਂ, ਮੜ੍ਹੀ ਵਿਚ ਜਾ ਬੈਠੇ

## ਸ੍ਰੀ ਦਸਮੇਸ਼ ਜੀ ਤੰਬਾਕੂ ਦੀ ਬੁਰਾਈ ਦੱਸਦੇ ਹਨ

ਫੇਰ ਕਿਹਾ ਦਸਮੇਸ਼ ਨੇ ਸੁਣੋ ਸਿੱਖੋ, ਏਦਾਂ 'ਵੇਦ ਵਿਆਸ' ਫੁਰਮਾਂਵਦਾ ਜੇ
ਬ੍ਰਾਹਮਣ ਹੋ ਤੰਬਾਕੂ ਨੂੰ ਵਰਤਦਾ ਜੋ, ਸਿੱਧਾ ਨਰਕ ਦੇ ਵਿੱਚ ਉਹ ਜਾਂਵਦਾ ਜੇ
ਜਿਹੜਾ ਐਸੇ ਬ੍ਰਾਹਮਣ ਨੂੰ ਦਾਨ ਦੇਵੇ, ਕੁੰਭੀ ਨਰਕ ਅੰਦਰ ਡੇਰੇ ਲਾਂਵਦਾ ਜੇ
'ਤੀਰ' ਅੰਤ ਤੰਬਾਕੂ ਦੇ ਪੀਣ ਵਾਲਾ, ਕਿਸੇ ਪਿੰਡ ਦਾ ਸੂਰ ਸਦਵਾਂਵਦਾ ਜੇ

ਉਪਰਲੇ ਭਾਵ ਬਾਬਤ ਮੂਲ ਸਲੋਕ :

ਧੂਮਰ ਪਾਨ ਰਤੇ ਬਿੱਪਰੇ ਦਾਨੰ ਕੁਰ ਬਸਤੂ ਥੇ ਨਰः
ਦਾਤਾਰੋ ਨਰਕੰ ਯਾਂਤੀ, ਬ੍ਰਾਹਮਣੋਂ ਗ੍ਰਾਮ ਸੂਕਰः

## ਹੋਰ

ਫੇਰ ਸ੍ਰੀ ਦਸਮੇਸ਼ ਜੀ ਇਉਂ ਬੋਲੇ, ਫੇਰ 'ਵੇਦ-ਵਿਆਸ' ਫੁਰਮਾਏ ਸਿੱਖੋ
ਅੰਤ ਏਸ ਤੰਬਾਕੂ ਦੇ ਪੀਣ ਵਾਲਾ, ਪ੍ਰੇਤ ਜੂਨ ਅੰਦਰ ਕਸ਼ਟ ਪਾਏ ਸਿੱਖੋ
ਯੁੱਗ ਕਲਪਨਾ ਦਾ ਕਲੂ-ਕਾਲ ਜਾਣੋ, ਜਦੋਂ ਉਹ ਸੰਸਾਰ 'ਤੇ ਛਾਏ ਸਿੱਖੋ
ਧਰਮ ਨੇਮ ਦਾ ਰਹੇਗਾ ਨਾਮ ਨਾਹੀਂ, ਸਾਰੇ ਕੂੜ ਹੀ ਕੂੜ ਵਰਤਾਏ ਸਿੱਖੋ
ਹਾਥੀ ਵਾਂਗ ਨਹਾ ਕੇ ਆਪ ਹੱਥੀਂ, ਜੀਵ ਆਪ ਹੀ ਖੇਹ ਉਡਾਏ ਸਿੱਖੋ
'ਤੀਰ' ਪਾਪ ਕਰਕੇ, ਅੰਤ ਮਰਨ ਵੇਲੇ, ਮੱਲ-ਮੱਲ ਤਲੀਆਂ ਪਛੋਤਾਏ ਸਿੱਖੋ

ਉਪਰਲੇ ਭਾਵ ਬਾਬਤ ਮੂਲ ਸਲੋਕ :

ਧੂਮਰ ਪਾਨੇਨਾ ਭੈ ਪ੍ਰੇਤः ਪ੍ਰੇਤ ਤੱਚੈਵ ਜਾਯਤੇ। ਕਲੌਂਤ ਕਲਿ ਰੂਪੰ
ਹਿਤ ਮਾਲੋਮੇਵ ਜਾਯਤੇ। ਧੂਮ ਪਾਰਸਬ ਪ੍ਰਾਣਸਯ ਮਾਤ੍ਰੇਣ ਦਾਨਾਇਕः
ਕ੍ਰਿਆ ਬ੍ਰਿਥੈਵ ਜਾਯਤੇ ਪ੍ਰੈਤः ਯਥਾ ਕੁੰਚਰ ਸੌਂਚਵਤ।

## ਹੋਰ

ਸੁਣ ਨਾਰਦਾ ਕਹੇ ਵਿਆਸ ਤੈਨੂੰ, ਕਲੂ ਕਰੇਗਾ ਜਦੋਂ ਪਸਾਰ ਵੇਖੀਂ
ਸਿਰਫ ਏਸ ਤੰਬਾਕੂ ਦੇ ਪੀਣ ਤੋਂ ਹੀ, ਏਸ ਜੀਵ ਨੂੰ ਪਏਗੀ ਮਾਰ ਵੇਖੀਂ
ਅੰਤ ਸੁੱਟਿਆ ਜਾਇਗਾ ਨਰਕ ਅੰਦਰ, ਜਿਹੜਾ ਏਸ ਨੂੰ ਕਰੂ ਪਿਆਰ ਵੇਖੀਂ
'ਤੀਰ' ਧਰਮ ਤੇ ਪੁੰਨ ਸਭ ਨਾਸ ਕਰਕੇ, ਹੋਸੀ ਨਰਕ ਦੇ ਵਿਚ ਗਵਾਰ ਵੇਖੀਂ

ਉਪਰਲੇ ਭਾਵ ਬਾਬਤ ਮੂਲ ਸਲੋਕ :

ਨਰਕੇਖੁ ਪਤਖਯੰਤਿ ਤਮਾਲੱਸਯ ਪਾਨਤਾः
ਉਪਾਸ ਤੇ ਤਮਾਲੰ ਵੈਕਲੌਂਤੁ ਪੁਰਖਾਧਮः
ਖਯੀਨ ਪੁੰਨਯਾ ਪਰਖਯੰਤ ਮਹਾਂ ਰੌਰਵ ਸੰਗ ਕੇ।

### ਵੱਲੋਂ ਕਵੀ

ਏਸੇ ਤਰ੍ਹਾਂ ਮਹਾਰਾਜ ਪ੍ਰਮਾਣ ਦੇ ਕੇ, ਗੱਲ ਸੇਵਕਾਂ ਤਾਈਂ ਸਮਝਾਈ ਸਾਰੀ
ਖ਼ੂਬ ਖੋਲ੍ਹ ਕੇ ਇਹਦੇ ਨੁਕਸਾਨ ਦੱਸੇ, ਰੱਖੀ ਸਾਹਮਣੇ ਖੋਲ੍ਹ ਬੁਰਿਆਈ ਸਾਰੀ
ਜਿਹੜੇ ਅਜੇ ਵੀ ਪੀਂਵਦੇ ਹੈਣ ਇਸਨੂੰ, ਉਨ੍ਹਾਂ ਝੱਲਿਆਂ ਹੋਸ਼ ਗਵਾਈ ਸਾਰੀ
'ਤੀਰ' ਏਸ ਤੋਂ ਜੇ ਛੁਡਾਇ ਖਹਿੜਾ, ਤਰ ਜਾਏ ਨਾ ਫੇਰ ਲੁਕਾਈ ਸਾਰੀ

### ਮਹਾਰਾਜ ਸਮੁੱਚੇ ਤੌਰ 'ਤੇ ਨਸ਼ਿਆਂ ਦੀ ਨਿਖੇਧੀ ਕਰਦੇ ਹਨ

ਫੇਰ ਕਹਿਣ ਲੱਗੇ ਜਾਨੀ-ਜਾਣ ਏਦਾਂ, ਕਿਸੇ ਅਮਲ ਦੀ ਵੀ ਨਹੀਂ ਲੋੜ ਸਿੱਖੋ
ਚਰਸ, ਭੰਗ, ਅਫੀਮ, ਸ਼ਰਾਬ ਗਾਂਜਾ, ਨਹੀਂ ਪੰਥ 'ਤੇ ਇਹਨਾਂ ਦਾ ਜੋੜ ਸਿੱਖੋ
ਓਹੋ ਸਿੱਖ ਮੇਰਾ ਨਾਮ ਅਮਲ ਪੀ ਕੇ, ਜਿਹੜਾ ਬਾਕੀਆਂ ਤੋਂ ਲਵੇ ਤੋੜ ਸਿੱਖੋ
ਓਹੋ ਸਿੱਖ ਮੇਰਾ, ਪ੍ਰੇਮ-ਗੁਟ ਹੋ ਕੇ, ਲਵੇ ਮੱਨ ਇਹਨਾਂ ਵੱਲੋਂ ਮੋੜ ਸਿੱਖੋ
ਓਹੋ ਸਿੱਖ ਮੇਰਾ, ਨਾਮ ਲੀਨ ਹੋ ਕੇ, ਰੱਖੇ ਚੰਚਲਾ ਮੱਨ ਜੋ ਹੋੜ ਸਿੱਖੋ
'ਤੀਰ' ਉਸ 'ਤੇ ਸਦਾ ਪ੍ਰਸੰਨ ਹਾਂ ਮੈਂ, ਮੇਰੀ ਬੰਦਨਾ ਉਹਨੂੰ ਕਰੋੜ ਸਿੱਖੋ

### ਵੱਲੋਂ ਕਵੀ

ਭਾਵੇਂ ਧਰਮ ਗ੍ਰੰਥ ਵੀ ਰੋਕਦੇ ਨੇ, ਤਾਂ ਵੀ ਇੱਕ ਨਾ ਮੱਨ 'ਤੇ ਲਾਣ ਲੋਕੀਂ
ਏਸ ਜ਼ਹਿਰ ਨੂੰ ਪੀਂਵਦੇ ਖ਼ੁਸ਼ ਹੋ ਕੇ, ਪਏ ਮੌਤ ਦੇ ਮੂੰਹ ਵਿਚ ਜਾਣ ਲੋਕੀਂ
ਗੰਦੀ ਚੀਜ਼ ਤੋਂ ਨਹੀਂ ਪ੍ਰਹੇਜ਼ ਕਰਦੇ, ਸਗੋਂ ਗੰਦਗੀ ਤਾਈਂ ਵਡਿਆਣ ਲੋਕੀਂ
ਕੋਲੇ ਦਿਲ ਕਰਦੇ, ਇਹਨੂੰ ਪੀ ਪੀ ਕੇ, ਰੋਜ਼ ਪੀਂਵਦੇ ਭੈ ਨਾ ਖਾਣ ਲੋਕੀਂ
ਖੰਘ-ਖੰਘ ਕੇ ਆਂਦਰਾਂ ਬਾਹਰ ਆਵਣ, ਕਰਨ ਏਸ 'ਤੇ ਫੇਰ ਵੀ ਮਾਣ ਲੋਕੀਂ
ਕਿਸੇ ਧਰਮ ਦੇ ਵਿੱਚ ਨਾ ਖੁੱਲ੍ਹ ਭਾਵੇਂ, ਲਾਣ ਮੂੰਹ, ਨਾ ਫੇਰ ਉਕਤਾਣ ਲੋਕੀਂ
ਵੇਦ ਸ਼ਾਸਤਰ ਕਹਿਣ ਜੋ ਇਸ ਬਾਰੇ, ਨਿਗ੍ਹਾ ਓਸ 'ਤੇ ਮੂਲ ਨਾ ਪਾਣ ਲੋਕੀਂ
ਏਸ ਅੱਗ ਨੂੰ ਆਪਣੇ ਰੱਖ ਅੰਦਰ, ਪਏ ਆਪਣੀ ਰੱਤ ਸੁਕਾਣ ਲੋਕੀਂ
ਰੀਝ-ਰੀਝ ਕੇ ਲੱਭਦੇ ਪਏ ਮਹੁਰਾ, ਐਪਰ ਆਪਣੀ ਸਿਹਤ ਗਵਾਣ ਲੋਕੀਂ
'ਤੀਰ' ਨਫ਼ਾ ਨੁਕਸਾਨ ਨਾ ਮੂਲ ਸੋਚਣ, ਫਸੇ ਆਦਤਾਂ ਵਿਚ ਅਨਜਾਣ ਲੋਕੀਂ

### ਫੇਰ ਕਵੀ ਵੱਲੋਂ

ਰੋਜ਼ ਵੇਖਦੇ ਹਾਂ ਲੋਕੀਂ ਲੰਘਦੇ ਨੇ, ਵਿਚ ਮੂੰਹ ਦੇ ਅੱਗ ਮਗ੍ਹਾ ਵੇਖੋ
ਅੰਦਰ ਆਪਣਾ ਜਾਂਵਦੇ ਆਪ ਸਾੜੀ, ਤੀਲੀ ਅਕਲ ਵਿਚਾਰ ਨੂੰ ਲਾ ਵੇਖੋ
ਰੋਜ਼ ਵੇਖਦੇ ਹਾਂ ਪੰਡੇ ਪੀਂਵਦੇ ਨੇ, ਗ੍ਰੰਥ ਭਾਗਵਤ ਕੋਲ ਟਿਕਾ ਵੇਖੋ
ਐਪਰ ਸਿੱਖਿਆ ਵੇਦ ਵਿਆਸ ਵਾਲੀ, ਦਿੱਤੀ ਸਭ ਨੇ ਦਿਲੋਂ ਭੁਲਾ ਵੇਖੋ

ਰੋਜ਼ ਵੇਖਦੇ ਹਾਂ ਲਾਲੇ ਹੈਣ ਬੈਠੇ, ਭੱਖੀ ਗੁੜਗੁੜੀ ਜਾ ਬਜ਼ਾ ਵੇਖੋ
'ਤੀਰ' ਸਿਹਤ ਦਾ ਸਤਿਆਨਾਸ ਕਰਕੇ, ਐਸਾ ਕੁੱਦਿਆ ਆਣ ਸ਼ੁਦਾ ਵੇਖੋ

## ਫੇਰ ਕਹਿੰਦੇ ਹਨ

ਜਿਹੜਾ ਰੱਤ ਸੁਕਾਵਣਾ ਚਾਂਵ੍ਹਦਾ ਨਾ, ਉਹਨੂੰ ਏਸ ਕੋਲੋਂ ਰਹਿਣਾ ਦੂਰ ਚਾਹੀਏ
ਜਿਹੜਾ ਸੱਤ ਗਵਾਵਣਾ ਚਾਂਵ੍ਹਦਾ ਨਾ, ਉਹਨੂੰ ਛੱਡਣਾ ਇਹ ਜ਼ਰੂਰ ਚਾਹੀਏ
ਜਿਹੜਾ ਜੱਤ ਲੁਟਾਵਣਾ ਚਾਂਵ੍ਹਦਾ ਨਾ, ਹੋਣਾ ਅਕਲ ਦੇ ਵਿਚ ਭਰਪੂਰ ਚਾਹੀਏ
ਜਿਹੜਾ ਪੱਤ ਰੁਲਾਵਣਾ ਚਾਂਵ੍ਹਦਾ ਨਾ, ਹੋਣਾ ਉਹ ਨਾ ਨਸ਼ੇ ਵਿਚ ਚੂਰ ਚਾਹੀਏ
ਹੱਥੀਂ ਫੂਕਣਾ ਕਦੇ ਨਾ ਘਰ ਚਾਹੀਏ, ਕਰਨੀ ਮੁਫਤ ਨਾ ਮੌਤ ਮਨਜ਼ੂਰ ਚਾਹੀਏ
'ਤੀਰ' ਆਦਮੀ ਨੂੰ ਹੋਸ਼ ਰੱਬ ਦਿੱਤੀ, ਇਹਨੂੰ ਸਦਾ ਈ ਅਕਲ ਸ਼ਊਰ ਚਾਹੀਏ

## ਹਿੰਦ ਵਾਸੀ

ਕਰਦੇ ਏਤਨੀ ਸੋਚ ਤਾਂ ਹਿੰਦ ਵਾਸੀ, ਕਿਉਂ ਆਪਣਾ ਆਪ ਤਬਾਹ ਕਰਦੇ
ਕਿਉਂ ਸਾੜਦੇ ਆਪਣਾ ਆਪ ਏਦਾਂ, ਧਨ ਮਾਲ ਨੂੰ ਕਿਉਂ ਸਵਾਹ ਕਰਦੇ
ਹੋਸ਼ ਸਿਹਤ ਸੂਰਤ ਜਿਹੜੀ ਨਾਸ ਕਰਦੀ, ਉਸ ਚੀਜ਼ ਦੀ ਫੇਰ ਕਿਉਂ ਚਾਹ ਕਰਦੇ
'ਤੀਰ' ਹੋਣ ਝੱਲੇ ਜਿਹੜੇ ਜੱਗ ਅੰਦਰ, ਹਾਣ ਲਾਭ ਦੀ ਨਹੀਂ ਪ੍ਰਵਾਹ ਕਰਦੇ

# ਖੰਡ ਛੇਵਾਂ

## ਨਵੇਂ ਘਮਸਾਨ ਦਾ ਮੁੱਢ (ਵੱਲੋਂ ਕਵੀ)

ਅੱਚਨਚੇਤ ਚਮਕੌਰ ਦੀ ਜੂਹ ਅੰਦਰ, ਖਾਧੀ ਰੱਜ ਕੇ ਮਾਰ ਜਾਂ ਰਾਜਿਆਂ ਨੇ
ਆਲਫ਼ ਖ਼ਾਂ ਦੀ ਵੀ ਖ਼ੂਬ ਗੱਤ ਬਣਦੀ, ਡਿੱਠੀ ਨੱਠਦੀ ਵਾਰ ਜਾਂ ਰਾਜਿਆਂ ਨੇ
ਬੀਰ ਸੂਰਮੇ ਸ੍ਰੀ ਦਸਮੇਸ਼ ਅੱਗੇ, ਡਿੱਠੀ ਸਦਾ ਦੀ ਹਾਰ ਜਾਂ ਰਾਜਿਆਂ ਨੇ
'ਤੀਰ' ਅੰਤ ਨੂੰ ਇਹ ਸਲਾਹ ਹੋਈ, ਕੀਤੀ ਰੱਲ ਵਿਚਾਰ ਜਾਂ ਰਾਜਿਆਂ ਨੇ

## ਕੀ ਸਲਾਹ ਹੋਈ ?

ਦਿੱਲੀ ਪੱਤ ਨੂੰ ਲਿਖੀਏ ਹਾਲ ਸਾਰਾ, ਵਿਚ ਓਸਦੇ ਰੱਲ ਸਵਾਲ ਕਰੀਏ
ਦੇਵੇ ਓਹ ਸਹਾਇਤਾ ਜੇ ਸਾਨੂੰ, ਫੇਰ ਜੰਗ ਦਾ, ਅਸੀਂ ਖ਼ਿਆਲ ਕਰੀਏ
ਫੇਰ ਗੁਰੂ ਦੀ ਪੁਰੀ ਅਨੰਦ ਉੱਤੇ, ਹੱਲਾ ਡੱਟ ਕੇ ਹੌਸਲੇ ਨਾਲ ਕਰੀਏ
'ਤੀਰ' ਲਾਹ ਲਾਹ ਕੇ ਆਹੂ ਜੰਗ ਅੰਦਰ, ਤਾਰ ਤਾਰ ਦਸਮੇਸ਼ ਦਾ ਜਾਲ ਕਰੀਏ

## ਅਰਜ਼ੀ ਲਿਖੀ ਗਈ (ਵੱਲੋਂ ਕਵੀ)

ਪਾਤਸ਼ਾਹ ਵੱਲੇ ਲਿਖੀ ਇਉਂ ਅਰਜ਼ੀ, ਆਲੀਜਾਹ ਅਸੀਂ ਤਾਬੇਦਾਰ ਦਿਲ ਤੋਂ
ਮਰਨ ਜੀਣ ਸਾਂਝਾ ਨਾਲ ਆਪਦੇ ਹੈ, ਅਸਾਂ ਸਾਰਿਆਂ ਲਿਆ ਵਿਚਾਰ ਦਿਲ ਤੋਂ
ਮਾਈ ਬਾਪ ਸਾਡੇ ਤੁਸੀਂ ਜੱਗ ਅੰਦਰ, ਅਸੀਂ ਆਪ ਦਾ ਬਾਗ਼ ਪਰਵਾਰ ਦਿਲ ਤੋਂ
ਤਾਜ-ਤਖ਼ਤ ਦੇ ਅਸੀਂ ਗ਼ਰੀਬ ਗੋਲੇ, ਸਾਡਾ ਆਪਦੇ ਨਾਲ ਪਿਆਰ ਦਿਲ ਤੋਂ
ਅੱਗੇ ਆਪ ਦੇ ਅਰਜ਼ ਗੁਜ਼ਾਰਨੇ ਹਾਂ, ਬਾਗ਼ੀ ਹੈ ਦਸਮੇਸ਼ ਅਵਤਾਰ ਦਿਲ ਤੋਂ
ਆਲਫ ਖ਼ਾਨ ਨੂੰ ਓਸਨੇ ਭਾਜ ਦਿੱਤੀ, ਭਾਵੇਂ ਨਾਲ ਹੈਸੀ ਬਾਈਧਾਰ ਦਿਲ ਤੋਂ
ਸਾਨੂੰ ਆਪ ਵੀ ਬੜੀ ਸ਼ਰਮਿੰਦਗੀ ਏ, ਐਵੇਂ ਮੂਲ ਨਾ ਲੱਥਦਾ ਭਾਰ ਦਿਲ ਤੋਂ
ਅਸੀਂ ਲੜਾਂਗੇ ਗੁਰੂ ਦੇ ਨਾਲ ਸਾਰੇ, ਜੇ ਸਹਾਇਤਾ ਕਰੇ ਸਰਕਾਰ ਦਿਲ ਤੋਂ

ਆਪ ਨਾਲ ਸਾਡੀ ਪੱਕੀ ਦੋਸਤੀ ਏ ਅਤੇ ਗੁਰੂ ਦੇ ਨਾਲ ਹੈ ਖ਼ਾਰ ਦਿਲ ਤੋਂ
ਲਾਹੋ ਤੁਸੀਂ ਵੀ ਜੇ ਕਦੇ ਅਲਖ ਇਹਦੀ, ਹੈ ਚਲਾਵਣੀ ਅਸਾਂ ਤਲਵਾਰ ਦਿਲ ਤੋਂ
ਤੁਸੀਂ ਸਦਾ ਹੀ ਰਹੋ ਸਿਰਤਾਜ ਸਾਡੇ, ਸਾਨੂੰ ਭਾਂਵਦੀ ਮੁਗ਼ਲ ਸਰਕਾਰ ਦਿਲ ਤੋਂ
ਦੰਮੋ-ਦਮ ਹਾਂ ਆਪਦਾ ਵਿਰਦ ਕਰਦੇ, ਦੇਣਾ ਤੁਸਾਂ ਨਾ ਕਿਤੇ ਵਿਸਾਰ ਦਿਲ ਤੋਂ
ਦਾਨੇ ਆਖਦੇ ਬਣੇ ਜੋ ਦਿਲੋਂ ਦੋਸਤ, ਆਪ ਹੋਵੀਏ ਓਸਦੇ ਯਾਰ ਦਿਲ ਤੋਂ
'ਤੀਰ' ਵੇਖਣਾ ਕਿਤੇ ਨਾ ਸੁੱਟ ਪਾਣੀ, ਸਾਡੀ ਨਿਕਲੀ ਹੋਈ ਪੁਕਾਰ ਦਿਲ ਤੋਂ

### *ਰਾਜਿਆਂ ਨੇ ਔਰੰਗਜ਼ੇਬ ਨੂੰ ਹੋਰ ਕੀ ਲਿਖਿਆ ?*

ਅੱਗੇ ਕਈ ਵਾਰੀ ਖ਼ੂਬ ਝੜਪ ਹੋਈ, ਗਲੀ ਮੂਲ ਨਾ ਕਿਸੇ ਦੀ ਦਾਲ ਕੋਈ
ਪਿਆ ਹਾਰਨਾ ਈ ਅਸਾਂ ਸਾਰਿਆਂ ਨੂੰ, ਝੱਲ ਸੱਕਿਆ ਮੂਲ ਨਾ ਝਾਲ ਕੋਈ
ਸ਼ਾਹੀ ਫ਼ੌਜ ਆਈ, ਗਈ ਹਾਰ ਖਾ ਕੇ, ਸੱਕੀ ਜ਼ੋਰ ਨਾ ਮੂਲ ਵਿਖਾਲ ਕੋਈ
ਗਾਜ਼ੀ ਬੱਕਰੇ ਵਾਂਗ ਹਲਾਲ ਹੋਏ, ਗਿਆ ਜਿੱਤ ਨਾ ਨਿਮਕ-ਹਲਾਲ ਕੋਈ
ਗੱਲਾਂ ਨਾਲ ਜਾਵੇ ਗੁਰੂ ਜਿੱਤਿਆ ਨਾ, ਸੂਰੇ ਘੱਟ ਨਹੀਂ ਏਸਦੇ ਨਾਲ ਕੋਈ
'ਤੀਰ' ਓਸਦੀ ਗਾਣਗੇ ਵਾਰ ਸਾਰੇ, ਇਹਨੂੰ ਜਿੱਤੇ ਜੋ ਮਾਈ ਦਾ ਲਾਲ ਕੋਈ

### *ਜਿੱਤ ਕਿਵੇਂ ਹੋ ਸਕਦੀ ਹੈ*

ਹੋਰ ਲਿੱਖਿਆ ਓਸ ਦੇ ਵਿਚ ਏਦਾਂ, ਸਾਡੀ ਗੱਲ ਨਾ ਦਿਲੋਂ ਭੁਲਾਈ ਜਾਵੇ
ਖ਼ਾਸ ਚੋਣਵੀਂ ਫ਼ੌਜ ਦਸਮੇਸ਼ ਉੱਤੇ, ਖ਼ੂਬ ਐਤਕੀਂ ਵਾਰ ਚੜ੍ਹਾਈ ਜਾਵੇ
ਪਾਤਸ਼ਾਹ ਵੱਲੋਂ ਹੋਵੇ ਹੁਕਮ ਸਾਰੇ, ਮਦਦ ਫ਼ੌਜ ਨੂੰ ਖ਼ੂਬ ਪੁਚਾਈ ਜਾਵੇ
ਅਸੀਂ ਨਾਲ ਹੋ ਕਰਾਂਗੇ ਕਾਰ ਸਾਰੀ, ਘੇਰਾ ਪਾਣ ਦੀ ਬਣਤ ਬਣਾਈ ਜਾਵੇ
ਰੁੱਕਣ ਪੁਰੀ ਅਨੰਦ ਦੇ ਚਾਰ ਪਾਸੇ, ਮਦਦ ਬਾਹਰ ਦੀ ਸਭ ਅਟਕਾਈ ਜਾਵੇ
ਏਦਾਂ ਗੁਰੂ ਨੂੰ ਘੇਰ ਕੇ ਸ਼ਹਿਰ ਅੰਦਰ, ਤੇਗ਼ ਖ਼ੂਬ ਚੁਫ਼ੇਰ ਚਮਕਾਈ ਜਾਵੇ
ਏਨਾ ਜੋਸ਼-ਭਰਿਆ ਹੱਲਾ ਜਾਏ ਕੀਤਾ, ਨਾਲ ਇੱਟ ਦੇ ਇੱਟ ਖੜਕਾਈ ਜਾਵੇ
ਗੁਰੂ ਨਿੱਕਲੇ ਬਾਹਰ ਜੇ ਕਿਲ੍ਹੇ ਵਿਚੋਂ, ਉਹਨੂੰ ਕੈਦ ਕਰਕੇ ਬੇੜੀ ਪਾਈ ਜਾਵੇ
ਜੇ ਨਾ ਜੀਂਵਦਾ, ਜਾਗਦਾ ਆਏ ਕਾਬੂ, ਉਹਦੀ ਮਾਰ ਕੇ ਅਲਖ ਮੁਕਾਈ ਜਾਵੇ
ਫੇਰ ਓਸਦੀ ਪੁਰੀ ਅਨੰਦ ਅੰਦਰ, ਰੱਜ-ਰੱਜ ਕੇ ਲੁੱਟ ਮਚਾਈ ਜਾਵੇ
ਜਿੰਨੀ ਮਿਲੇ ਦੌਲਤ ਉਹਦੇ ਸ਼ਹਿਰ ਵਿਚੋਂ, ਸਾਰੀ ਆਪ ਦੇ ਕੋਲ ਪੁਚਾਈ ਜਾਵੇ
'ਤੀਰ' ਉੱਗਿਆ ਰੁੱਖ ਬਗ਼ਾਵਤਾਂ ਦਾ, ਜੜ੍ਹ ਏਸਦੀ ਹੁਣੇ ਪੁਟਾਈ ਜਾਵੇ

### *ਅਰਜ਼ੀ ਪੁੱਜਣ 'ਤੇ ਔਰੰਗਜ਼ੇਬ ਦੀ ਵਿਚਾਰ (ਵੱਲੋਂ ਕਵੀ)*

ਔਰੰਗਜ਼ੇਬ ਨੂੰ ਮਿਲੀ ਜਾਂ ਇਹ ਅਰਜ਼ੀ, ਕੀਤੀ ਹਾਕਮਾਂ ਨਾਲ ਵਿਚਾਰ ਉਸਨੇ

ਕਹਿੰਦਾ : ਦੱਸਵੇਂ ਗੁਰੂ ਨੇ ਅੱਤ ਚਾਈ, ਤੰਗ ਕਰ ਦਿੱਤੀ ਬਾਈਧਾਰ ਉਸਨੇ
ਹੈ ਬਗ਼ਾਵਤਾਂ ਦਾ ਮੁੱਢ ਬੰਨ੍ਹ ਰਿਹਾ, ਚੁੱਕੀ ਰਾਜ ਵਿਰੁੱਧ ਤਲਵਾਰ ਉਸਨੇ
ਅਲਫ਼ ਖ਼ਾਨ ਜਾਂ ਓਸਦੇ ਨਾਲ ਲੜਿਆ, ਦਿੱਤੀ ਓਸਨੂੰ ਵੀ ਖ਼ੂਬ ਹਾਰ ਉਸਨੇ
ਵੇਖੋ ਫ਼ੱਕਰਾਂ ਦੀ ਗੱਦੀ ਬੈਠ ਕੇ 'ਤੇ, ਫੜੀ ਪਾਤਸ਼ਾਹਾਂ ਵਾਲੀ ਕਾਰ ਉਸਨੇ
ਹਿੰਦੂ ਵੱਖ ਨੇ ਓਸ ਤੋਂ ਨੱਕ ਆਏ, ਦਿੱਤਾ ਰੋਅਬ ਸਾਡਾ ਵੀ ਵਿਸਾਰ ਉਸਨੇ
ਪਿਆ ਵੱਧਦਾ ਏ ਕੌੜੀ ਵੇਲ ਵਾਂਗੂੰ, ਲਿਆ ਕਰ ਹੈ ਦਲ ਤਿਆਰ ਉਸਨੇ
ਚਲਾ ਜਾਇਗਾ ਫੇਰ ਪੰਜਾਬ ਹੱਥੋਂ, ਕਦੇ ਜਾਲ ਜੇ ਲਿਆ ਖਿਲਾਰ ਉਸਨੇ
ਉਹਦੇ ਪਾਸ ਕਹਿੰਦੇ ਬੜੀ ਫ਼ੌਜ ਹੋਈ, 'ਕੱਠੀ ਕਰ ਲਈ ਕਈ ਹਜ਼ਾਰ ਉਸਨੇ
ਪਿੱਛੋਂ ਕੱਢਣਾ ਹੋਇਗਾ ਬਹੁਤ ਔਖਾ, ਲਏ ਹੋਰ ਜੇ ਪੈਰ ਪਸਾਰ ਉਸਨੇ
ਬਾਈਧਾਰ ਸਾਰੀ ਓਸੇ ਦੁਖੀ ਕੀਤੀ, ਕੀਤੀ ਅਰਜ਼ ਇਹ ਹੋ ਲਾਚਾਰ ਉਸਨੇ
'ਤੀਰ' ਜੇ ਕਦੇ ਨਾ ਉਹਨੂੰ ਪਾਰ ਕੀਤਾ, ਦੇਣਾ ਹੋਣ ਨਾ ਸਤਲੁਜੋਂ ਪਾਰ ਉਸਨੇ

### *ਔਰੰਗਜ਼ੇਬ ਫੇਰ ਕਹਿੰਦਾ ਹੈ*

ਇਹ ਤਾਂ ਠੀਕ ਹੈ ਦੇਸ਼ ਦੇ ਵਿੱਚ ਥਾਂ ਥਾਂ, ਮੱਚੇ ਹੋਏ ਨੇ ਜੰਗ ਘਮਸਾਣ ਅੱਜ ਕਲ੍ਹ
ਚੁੱਕੀ ਹੋਈ ਹੈ ਅੱਤ ਮਰਹੱਟਿਆਂ ਨੇ, ਸਾਰਾ ਲਾਂਵਦੇ ਪਏ ਨੇ ਤਾਣ ਅੱਜ ਕਲ੍ਹ
ਕਈ ਕਈ ਥਾਈਂ ਕਈਆਂ ਸਿਰ ਚੁੱਕੇ, ਬਾਗ਼ੀ ਪਏ ਸ਼ੋਰੂ ਥਾਂ ਥਾਂ ਪਾਣ ਅੱਜ ਕਲ੍ਹ
ਇਧਰ ਵਿਚ ਪੰਜਾਬ ਦੇ ਪਿਆ ਰੌਲਾ, ਹੋ ਰਹੀ ਹੈ ਰਾਜ ਦੀ ਹਾਣ ਅੱਜ ਕਲ੍ਹ
ਭਾਵੇਂ ਕੁੱਝ ਹੋਵੇ ਅਤੇ ਕਿਵੇਂ ਹੋਵੇ, ਫ਼ੌਜਾਂ ਵੱਲ ਪੰਜਾਬ ਦੇ ਜਾਣ ਅੱਜ ਕਲ੍ਹ
ਛੇਤੀ ਪੁੱਜ ਕੇ ਪੁਰੀ ਅਨੰਦ ਅੰਦਰ, ਟੁੱਟ ਪੈਣ ਤਲਵਾਰ ਚਮਕਾਣ ਅੱਜ ਕਲ੍ਹ
ਪੁੱਟ ਪੁਰੀ ਅਨੰਦ ਦੀ ਨੀਂਹ ਦੇਵਣ, ਨਾਲ ਇੱਟ ਦੇ ਇੱਟ ਖੜਕਾਣ ਅੱਜ ਕਲ੍ਹ
ਨਾਲੇ ਦੱਸਵੇਂ ਗੁਰੂ ਨੂੰ ਕੈਦ ਕਰਕੇ, ਮੇਰੇ ਰੂਬਰੂ ਬੰਨ੍ਹ ਲਿਆਣ ਅੱਜ ਕਲ੍ਹ
ਇਕੇ ਰੱਲ ਕੇ ਅਲਖ ਮੁਕਾਣ ਉਸਦੀ, ਮਿਟੇ ਸੂਰਮੇ ਓਸਦਾ ਮਾਣ ਅੱਜ ਕਲ੍ਹ
ਕੰਡਾ ਉੱਗਿਆ ਜੋ ਬਗ਼ਾਵਤਾਂ ਦਾ, ਭੰਨ ਤੋੜ ਕੇ ਉਹਨੂੰ ਗਵਾਣ ਅੱਜ ਕਲ੍ਹ
ਤੋਪਾਂ ਚੁਣ ਮੈਦਾਨ ਦੇ ਵਿੱਚ ਭੇਜੋ, ਉਹਦੇ ਸ਼ਹਿਰ ਦੀ ਮਿੱਟੀ ਉਡਾਣ ਅੱਜ ਕਲ੍ਹ
'ਤੀਰ' ਘੱਲਣਾ ਗੋਲਾ ਬਰੂਦ ਕਾਫ਼ੀ, ਬਾਗ਼ੀ ਗੁਰੂ ਨੂੰ ਮਜ਼ਾ ਚਖਾਣ ਅੱਜ ਕਲ੍ਹ

### *ਦਿੱਲੀ ਤੋਂ ਸ਼ਾਹੀ ਫ਼ੌਜ ਦੀ ਚੜ੍ਹਾਈ ਦਾ ਹੁਕਮ ਗਾਜ਼ੀਆਂ ਨੂੰ*

ਹੋਇਆ ਹੁਕਮ ਇਹ ਚੋਣਵੇਂ ਗਾਜ਼ੀਆਂ ਨੂੰ, ਤੁਸਾਂ ਫ਼ੌਜ ਪੰਜਾਬ ਲਿਜਾਵਣੀ ਜੇ
ਉਥੇ ਪੁੱਜ ਕੇ ਪੁਰੀ ਅਨੰਦ ਅੰਦਰ, ਵੇਖੋ ਖ਼ੂਬ ਤਲਵਾਰ ਚਮਕਾਵਣੀ ਜੇ
ਬਾਗ਼ੀ ਗੁਰੂ ਦੀ ਤੁਸਾਂ ਪੰਜਾਬ ਵਿੱਚੋਂ, ਪੁੱਟ ਘੱਤਣੀ ਗਾਜ਼ੀਓ ਛਾਵਣੀ ਜੇ
ਬਾਈਧਾਰ ਨੂੰ ਨਾਲ ਰਲਾ ਲੈਣਾ, ਉਹ ਵੀ ਕੰਮ ਸਰਕਾਰ ਦੇ ਆਵਣੀ ਜੇ

ਇਕੇ ਕੈਦ ਕਰਨਾ ਇਕੇ ਮਾਰ ਦੇਣਾ, ਇਕੇ ਗੁਰੂ ਨੂੰ ਦੀਨ ਮਨਾਵਣੀ ਜੇ
ਜਿਹਨੇ ਮੋਰਚਾ ਜਿੱਤਿਆ ਇਹ ਜਾ ਕੇ, ਉਹਨੇ ਆਣ ਏਥੇ ਇੱਜ਼ਤ ਪਾਵਣੀ ਜੇ
ਉਹਨੂੰ ਮੂੰਹ ਸਰਕਾਰ ਨੇ ਨਹੀਂ ਲਾਣਾ, ਜਿਹਨੇ ਲੜਦਿਆਂ ਪਿੱਠ ਵਿਖਾਵਣੀ ਜੇ
ਗੁਰੂ ਦੱਸਵਾਂ ਰਹੇ ਨਾ ਕਿਸੇ ਜੋਗਾ, ਪਾਤਸ਼ਾਹ ਦੀ ਇਹੋ ਈ ਭਾਵਣੀ ਜੇ
ਤੁਸਾਂ ਪੰਜ ਦਰਿਆਵਾਂ ਦੀ ਭੋਂ ਉੱਤੇ, ਨਦੀ ਖ਼ੂਨ ਦੀ ਨਵੀਂ ਵਗਾਵਣੀ ਜੇ
ਸਿੱਖ ਕੌਮ ਜੋ ਉੱਗ ਰਹੀ ਵਾਂਗ ਸੂਲਾਂ, ਪੁੱਟ ਓਸਦੀ ਜੜ੍ਹ ਵਗਾਵਣੀ ਜੇ
ਯਾਦ ਰੱਖਣਾ ਪੁਰੀ ਅਨੰਦ ਅੰਦਰ, ਬਾਜ਼ੀ ਸਿਰ ਧੜ ਦੀ ਖ਼ੂਬ ਲਾਵਣੀ ਜੇ
'ਤੀਰ' ਦੱਸਵੇਂ ਗੁਰੂ ਨੂੰ ਸਰ ਕਰਕੇ, ਤੁਸਾਂ ਘਰ ਨੂੰ ਵਾਗ ਭੁਆਵਣੀ ਜੇ

### ਵੱਲੋਂ ਕਵੀ

ਔਰੰਗਜ਼ੇਬ ਭੋਲਾ, ਭੁੱਲਾ, ਭੁੱਲ ਅੰਦਰ, ਨਹੀਂ ਸਮਝਿਆ ਗੁਰੂ ਰਣਬੀਰ ਤਾਈਂ
ਬੱਦਲ ਢੱਕਣਾ ਚਾਹੁੰਦਾ ਦਿਹੁੰ ਤਾਈਂ, ਅੱਗ ਸਾੜਨਾ ਚਾਂਵ੍ਹਦੀ ਨੀਰ ਤਾਈਂ
ਤੇਗ ਨਾਲ ਨਿਵਾਵਣਾ ਚਾਂਹਵਦਾ ਏ, ਨਹੀਂ ਝੁਕਦਾ ਪੀਰਾਂ ਦੇ ਪੀਰ ਤਾਈਂ
ਜੇਕਰ ਪਾਤਸ਼ਾਹ ਤੀਰ-ਦਨਾ ਹੁੰਦਾ, ਲੈਂਦਾ ਚੁੰਮ ਦਸਮੇਸ਼ ਦੇ 'ਤੀਰ' ਤਾਈਂ

### ਸ਼ਾਹੀ ਫ਼ੌਜ ਚੜ੍ਹ ਪਈ (ਵੱਲੋਂ ਕਵੀ)

ਹੁਕਮ ਹੁੰਦਿਆਂ ਚੜ੍ਹੀ ਸਿਰਲੱਥ ਸੈਨਾ, ਝੱਟ ਕਈ ਹਜ਼ਾਰ ਜਵਾਨ ਚੜ੍ਹਿਆ
ਦੀਨਾ ਬੇਗ, ਰਮਜ਼ਾਨ ਖ਼ਾਂ ਮੁਗ਼ਲ ਵੇਖੋ, ਸੈਦ ਖ਼ਾਂ, ਸੂਰਾ ਹੈਬਤ ਖ਼ਾਨ, ਚੜ੍ਹਿਆ
ਚੜ੍ਹਿਆ ਖ਼ਾਨ ਅਮੀਰ ਤ੍ਰਾਵੜੀ ਦਾ, ਜੁੜ ਕੇ ਵੀਹ ਹਜ਼ਾਰ, ਤੂਫ਼ਾਨ ਚੜ੍ਹਿਆ
ਸਣੇ ਪਲਟਨਾਂ ਅਤੇ ਰਸਾਲਿਆਂ ਦੇ, ਗ਼ਾਜ਼ੀ-ਦੱਲ ਮਾਰਨ ਨੂੰ ਮੈਦਾਨ ਚੜ੍ਹਿਆ
ਉੱਡੀ ਗ਼ਰਦ ਅਕਾਸ਼ ਨਾ ਨਿਗ੍ਹਾ ਆਵੇ, ਦਿੱਸੇ ਵਿਚ ਅਸਮਾਨ ਨਾ ਭਾਨ ਚੜ੍ਹਿਆ
ਪਿਛੇ ਟੁਰੀ ਸੈਨਾ ਮਾਰ-ਖੋਰਿਆਂ ਦੀ, ਤੇ ਜਹਾਦ ਦਾ ਨਾਲ ਨਿਸ਼ਾਨ ਚੜ੍ਹਿਆ
ਸ਼ਾਹੀ ਫ਼ੌਜ ਨੂੰ ਦੇਣ ਇਮਦਾਦ ਸਾਰੇ, ਅੱਗੇ ਪਾਤਸ਼ਾਹ ਵੱਲੋਂ ਐਲਾਨ ਚੜ੍ਹਿਆ
ਕੀਤੀ ਘੱਟ ਨਾ ਗ਼ਾਜ਼ੀਆਂ ਰਾਹ ਪੈਂਡੇ, ਗਿਆ ਲੁੱਟਿਆ ਜਿਹੜਾ ਧਿਆਨ ਚੜ੍ਹਿਆ
ਖੁਣਸ ਖਾ ਖਾ ਮੁਗ਼ਲ ਦਲੇਰ ਚੜ੍ਹਿਆ, ਮੁੱਛਾਂ ਵੱਟਦਾ ਨਾਲ ਪਠਾਨ ਚੜ੍ਹਿਆ
'ਤੀਰ' ਰਣ ਅੰਦਰ ਟਿੱਡੀ ਦੱਲ ਵੇਖੋ, ਮੱਥਾ ਨਾਲ ਪਹਾੜ ਦੇ ਲਾਣ ਚੜ੍ਹਿਆ

### ਸ੍ਰੀ ਦਸਮੇਸ਼ ਜੀ ਦੀ ਮੁੱਠੀ ਭਰ ਫ਼ੌਜ (ਵੱਲੋਂ ਕਵੀ)

ਪਾਸ ਸ੍ਰੀ ਦਸਮੇਸ਼ ਦੇ ਏਸ ਵੇਲੇ, ਕੇਵਲ ਸੂਰਮੇ ਪੰਜ ਹਜ਼ਾਰ ਹੈਸਨ
ਇਧਰ ਉਂਗਲਾਂ 'ਤੇ ਗਿਣੇ ਜਾਣ ਜੋਗੇ, ਉਧਰ ਜੁੜੇ ਗ਼ਾਜ਼ੀ ਬੇਸ਼ੁਮਾਰ ਹੈਸਨ
ਬਾਈਧਾਰ ਵੀ ਉਹਨਾਂ ਦੇ ਨਾਲ ਹੋਈ, ਕੋਲ ਲੋੜ ਤੋਂ ਵੱਧ ਹਥਿਆਰ ਹੈਸਨ

ਇੱਧਰ ਸਤਿਗੁਰਾਂ ਕੋਲ ਜੋ ਸਨ ਸੂਰੇ, ਮਾਰਨ ਮਰਨ ਦੇ ਲਈ ਤਿਆਰ ਹੈਸਨ
ਡਰ ਮੌਤ ਦਾ ਨਹੀਂ ਸੀ ਇੱਕ ਨੂੰ ਵੀ, ਸਾਰੇ ਜਿੰਦੜੀ ਸੱਕਦੇ ਵਾਰ ਹੈਸਨ
ਉਧਰ ਵੀਹ ਹਜ਼ਾਰ ਤੇ ਹੋਰ ਬਾਕੀ, ਪਏ ਕੱਟਦੇ ਦਿਲੋਂ ਵਗਾਰ ਹੈਸਨ
ਤਾਂ ਵੀ ਬਹੁਤਿਆਂ ਦੀ ਬਹੁਤੀ ਧੂੰਮ ਹੁੰਦੀ, ਰਾਹ ਪੰਧ ਕਰਦੇ ਮਾਰੋ-ਮਾਰ ਹੈਸਨ
ਇੱਧਰ ਰੱਖ ਕੇ ਓਟ ਅਕਾਲ ਉੱਤੇ, ਕਿਲ੍ਹੇ ਵਿੱਚ ਬੈਠੇ ਸਿਰਜਨਹਾਰ ਹੈਸਨ
ਥੋੜ੍ਹੇ ਹੁੰਦਿਆਂ ਵੀ ਯੋਧੇ ਸਤਿਗੁਰਾਂ ਦੇ, ਤੇਗ਼ਾਂ, ਬਰਛੀਆਂ ਰਹੇ ਸਵਾਰ ਹੈਸਨ
ਤੱਕ ਜੰਗ ਦੀ ਸਾਹਮਣੇ ਈਦ ਆਈ, ਪਏ ਚਮਕਦੇ 'ਤੀਰ' ਤਲਵਾਰ ਹੈਸਨ

### ਅਨੋਖਾ ਟਾਕਰਾ

ਹੱਲਾ ਆਣ ਕੇ ਬੋਲਿਆ ਗਾਜ਼ੀਆਂ ਨੇ, ਨੇਜ਼ੇ, ਬਰਛੀਆਂ ਰੰਗ ਵਿਖਾਣ ਲੱਗੇ
ਬੇਸ਼ੁਮਾਰ ਓਧਰ, ਮੁੱਠੀ ਭੱਰ ਏਧਰ, ਹੋਲੀ ਖ਼ੂਨ ਦੀ ਖ਼ੂਬ ਮਚਾਣ ਲੱਗੇ
ਚੇਤੇ ਪਾਤਸ਼ਾਹ ਦਾ ਹੁਕਮ ਰੱਖ ਗਾਜ਼ੀ, ਟਿੱਲ ਆਪਣੇ ਆਪਣੇ ਲਾਣ ਲੱਗੇ
ਸਿੱਖ ਸੂਰਮੇ ਜੀਉਣਾ ਭੁੱਲ ਦਿਲ ਤੋਂ, ਚੰਡੀ ਰਣ ਦੇ ਵਿਚ ਚਮਕਾਣ ਲੱਗੇ
ਚੜ੍ਹੀ ਲੋਥ ਉੱਤੇ ਲੋਥ ਪੱਲ ਅੰਦਰ, ਲਾਹੁਣ ਸੂਰਮੇ ਬੀਰਾਂ ਦੇ ਘਾਣ ਲੱਗੇ
ਕੁਝ ਚਿੱਰ ਤਾਂ ਡੱਟ ਕੇ ਲੜੇ ਗਾਜ਼ੀ, ਐਪਰ ਅੰਤ ਨੂੰ ਹੋਣ ਹੈਰਾਨ ਲੱਗੇ
ਮਾਰੀ ਬਹੁਤਿਆਂ ਦੀ ਮੱਤ, ਥੋੜ੍ਹਿਆਂ ਨੇ, ਆਏ ਚੜ੍ਹ ਕੇ, ਜਾਨ ਲੁਕਾਣ ਲੱਗੇ
ਹਾਏ ਆਖਦਾ ਨਾ ਜਿਹਨੂੰ ਤੇਗ਼ ਛੋਹੇ, ਪਾਣੀ ਮੰਗਦਾ ਨਾ ਜਿਹਨੂੰ ਬਾਣ ਲੱਗੇ
ਪੀੜ ਮੰਨਦਾ ਨਾ ਜਿਹੜਾ ਖਾਏ ਗੋਲੀ, ਜਾਵੇ ਸੌਂ ਜਿਸਨੂੰ ਬਰਛੀ ਆਣ ਲੱਗੇ
ਪਏ ਮੌਤ ਦੇ ਮੂੰਹ ਦੇ ਵਿੱਚ ਆ ਕੇ, ਗਾਜ਼ੀ ਵੇਖ ਕੇ ਜੰਗ ਘਬਰਾਣ ਲੱਗੇ
ਸਾਰੇ ਕਰਨ ਗੱਲਾਂ ਏਸ ਹਾਲ ਅੰਦਰ, ਅਸੀਂ ਕਦੇ ਨਹੀਂ ਬੱਚ ਕੇ ਜਾਣ ਲੱਗੇ
'ਤੀਰ' ਗੁਰੂ ਦੇ ਸੂਰਮੇਂ ਮੌਤ ਬਣ ਕੇ, ਸਾਡੀ ਅੱਜ ਨੇ ਅਲਖ ਮੁਕਾਣ ਲੱਗੇ

### ਸੈਦ ਖ਼ਾਨ (ਵੱਲੋਂ ਕਵੀ)

ਸੈਦ ਖ਼ਾਂ ਸੀ ਸੂਰਮਾ ਬਲੀ ਬਾਂਕਾ, ਸਾਰੇ ਮੰਨਿਆ ਧਨੀ ਤਲਵਾਰ ਦਾ ਸੀ
ਫ਼ੌਜ ਵਿਚ ਵੀ ਓਸਦਾ ਮਾਣ ਹੈਸੀ, ਆਗੂ ਖ਼ਾਸ ਉਹ ਮੁਗ਼ਲ ਸਰਕਾਰ ਦਾ ਸੀ
ਉਹਦੇ ਹੱਥ ਸੀ ਅੱਜ ਕਮਾਨ ਸਾਰੀ, ਅਹੁਦਾ ਓਸਦਾ ਸਿਪਾਹ-ਸਲਾਰ ਦਾ ਸੀ
'ਤੀਰ' ਜੋਸ਼ ਵਿਚ ਆਪਣੀ ਫ਼ੌਜ ਤਾਈਂ, ਲੜਨ ਵਾਸਤੇ ਪਿਆ ਵੰਗਾਰਦਾ ਸੀ

### ਸੈਦ ਖ਼ਾਂ ਕੌਣ ਸੀ (ਵੱਲੋਂ ਕਵੀ)

ਬੁਧੂ ਸ਼ਾਹ ਸੱਯਦ ਸਿਦਕਵਾਨ ਪੂਰਾ, ਜੋ ਸੀ ਗੀਤ ਦਸਮੇਸ਼ ਦੇ ਗਾਣ ਵਾਲਾ
ਸੈਦ ਖ਼ਾਨ ਸਾਕੋਂ, ਸਾਲਾ ਓਸਦਾ ਸੀ, ਉੱਘੇ ਨਾਮ ਵਾਲਾ ਅਣਖ, ਆਣ ਵਾਲਾ

ਉਹਨੇ ਭੈਣ ਭਣਵੱਈਏ ਤੋਂ ਸੀ ਸੁਣਿਆ, ਜੱਸ ਗੁਰੂ ਜੀ ਦਾ ਠੰਢ ਪਾਣ ਵਾਲਾ
ਐਪਰ ਸ਼ੱਕ ਸੀ ਅਜੇ ਵੀ ਦਿੱਲ ਅੰਦਰ, ਹੈਸੀ ਭੁੱਲਿਆ ਤਦੇ ਪਛਾਣ ਵਾਲਾ
ਪਿਆ ਦਿਲ ਅੰਦਰ ਇਹੋ ਸੋਚਦਾ ਸੀ, ਕਿਥੇ ਹੈ ਦਸਮੇਸ਼ ਸਦਾਣ ਵਾਲਾ
ਕਿਹੋ ਜਿਹਾ ਜਲਵਾ, ਕਿਹੋ ਜਿਹੀ ਸੂਰਤ, ਕਿਹੋ ਜਿਹਾ ਹੈ 'ਤੀਰ' ਚਲਾਣ ਵਾਲਾ

### ਸੈਦ ਖ਼ਾਂ ਨੇ ਕੀ ਡਿੱਠਾ (ਵੱਲੋਂ ਕਵੀ)

ਸੈਦ ਖ਼ਾਨ ਨੇ ਵੇਖਿਆ ਰਣ ਅੰਦਰ, ਖ਼ੂਬ ਸਿੱਖ ਸੂਰੇ ਸਿਦਕਵਾਨ ਲੜਦੇ
ਗੁਰੂ ਵੱਲ ਹੋ ਕੇ ਗੁਰੂ-ਪ੍ਰੇਮ ਭਿੱਜੇ, ਸਾਡੇ ਨਾਲ ਵੀ ਨੇ ਮੁਸਲਮਾਨ ਲੜਦੇ
ਸਾਡੇ ਸੂਰਮੇ ਜਾਨ ਬਚਾ ਲੜਦੇ, ਐਪਰ ਉਹ ਨੇ ਤੋੜ ਕੇ ਜਾਨ ਲੜਦੇ
'ਤੀਰ' ਸੈਦ ਖ਼ਾਂ ਬੜਾ ਹੈਰਾਨ ਹੋਇਆ, ਵੇਖ ਸੂਰਮੇ ਲਹੂ-ਲੁਹਾਨ ਲੜਦੇ

### ਸੈਦ ਖ਼ਾਨ ਦੇ ਮਨ ਵਿਚ ਇਕ ਖ਼ਿਆਲ ਆ ਗਿਆ (ਵੱਲੋਂ ਕਵੀ)

ਆਈ ਕੁਝ ਸ਼ਰਧਾ ਉਹਦੇ ਦਿਲ ਅੰਦਰ, ਐਪਰ ਝੱਟ ਹੀ ਫੇਰ ਖ਼ਿਆਲ ਆਇਆ
ਬਾਰ-ਬਾਰ ਆਖੇ ਦਿਲ ਆਪਣੇ ਨੂੰ, ਓ! ਤੂੰ ਪਕੜ ਕੇ ਹੈਂ ਤੇਗ ਢਾਲ ਆਇਆ
ਇਥੇ ਆਣ ਕੇ ਪਿਆ ਕੀ ਸੋਚਦਾ ਏਂ, ਉਥੋਂ ਲੜਨ ਸੈਂ ਗੁਰਾਂ ਦੇ ਨਾਲ ਆਇਆ
'ਤੀਰ' ਸੋਚ ਕੇ ਏਤਨੀ ਗੱਲ ਵੇਖੋ, ਸੈਦ ਖ਼ਾਨ ਨੂੰ ਫੇਰ ਉਬਾਲ ਆਇਆ

### ਮੈਮੂੰ ਖ਼ਾਂ ਤੇ ਸੈਦ ਖ਼ਾਂ ਦਾ ਜ਼ੋਰਦਾਰ ਹੱਲਾ

ਮੈਮੂੰ ਖ਼ਾਂ ਨੂੰ ਝੱਟ ਹੀ ਨਾਲ ਲੈ ਕੇ, ਸੈਦ ਖ਼ਾਨ ਡਾਢਾ ਕੜਕ ਉੱਠਿਆ ਏ
ਐਸਾ ਤੋਪ, ਤਲਵਾਰ ਦਾ ਮੀਂਹ ਵਰ੍ਹਿਆ, ਦਿੱਲ ਧੌਲ ਦਾ ਵੀ ਧੜਕ ਉੱਠਿਆ ਏ
ਗਾਜ਼ੀ-ਦੱਲ ਸਾਰਾ ਦਿਲੋਂ ਰੋਹ ਖਾ ਕੇ, ਵਾਂਗ ਭਾਂਬੜਾਂ ਦੇ ਭੜਕ ਉੱਠਿਆ ਏ
ਨੇਜ਼ਾ ਕਿਸੇ ਦੀ ਹਿੱਕ 'ਚੋਂ ਲੰਘ ਤੁਰਿਆ, ਅੰਦਰ ਕਾਲਜੇ ਦੇ ਰੜਕ ਉੱਠਿਆ ਏ
ਗੋਲੀ ਕਿਸੇ ਦੇ ਸੀਨੇ ਦੇ ਨਾਲ ਲੱਗੀ, ਖੰਡਾ ਕਿਸੇ ਥਾਵੇਂ ਖੜਕ ਉੱਠਿਆ ਏ
'ਤੀਰ' ਮੱਚਿਆ ਏ ਫੇਰ ਜੰਗ ਮੁੜ ਕੇ, ਲਹੂ ਗਾਜੀਆਂ ਦਾ ਗੜ੍ਹਕ ਉੱਠਿਆ ਏ

### ਲੜਾਈ ਦਾ ਨਜ਼ਾਰਾ (ਵੱਲੋਂ ਕਵੀ)

ਮੌਤ ਨੱਚਦੀ ਜਾਪਦੀ ਰਣ ਅੰਦਰ, ਮੱਚੀ ਚਵ੍ਹੀਂ ਪਾਸੀਂ ਮਾਰੋ-ਮਾਰ ਜਾਪੇ
ਤੋਪਾਂ ਅੱਗ ਵਸਾਂਦੀਆਂ ਨਾਲ ਫੁਰਤੀ, ਆਸ-ਪਾਸ ਸਭ ਧੁੰਦ ਗੁਬਾਰ ਜਾਪੇ
ਤੀਰ ਉੱਡਣੇ ਨਾਗ ਦਾ ਰੂਪ ਹੋਏ, ਮੱਚੀ ਸਭ ਪਾਸੇ ਹਾਹਾਕਾਰ ਜਾਪੇ
ਪਿਆ ਸਿਰ ਕੋਈ ਤੌੜੀ ਵਾਂਗ ਜਾਪੇ, ਕੋਈ ਲੱਤ ਪਈ ਲੱਕੜੀ-ਹਾਰ ਜਾਪੇ
ਹੱਥ ਵੱਢਿਆ ਕਿਸੇ ਦਾ ਰੱਤ ਅੰਦਰ, ਅਤੇ ਮੁੱਠ ਦੇ ਵਿਚ ਹਥਿਆਰ ਜਾਪੇ
ਮੱਛੀ-ਤੇਗ ਜਾਪੇ ਲਹੂ ਵਿਚ ਤਰਦੀ, ਉਹਦੀ ਧਾਰ 'ਤੇ ਰੱਤ ਦੀ ਧਾਰ ਜਾਪੇ

ਕੋਈ ਸੂਰਮਾ ਖਲਾ ਉਰਾਰ ਜਾਪੇ, ਕੋਈ ਹੋਂਵਦਾ ਜਾਪਦਾ ਪਾਰ ਜਾਪੇ
ਲੱਥ ਪੱਥ ਹੋਇਆ ਕੋਈ ਰੱਤ ਅੰਦਰ, ਠੀਕ ਠੀਕ ਨਾ ਮੂਲ ਨੁਹਾਰ ਜਾਪੇ
ਹਿੱਕ ਕਿਸੇ ਦੀ 'ਚੋਂ ਵਗੇ ਰੱਤ-ਧਾਰਾ, ਵਿੱਚ ਰਣ ਦੇ ਨਿਕਲਦੀ ਖ਼ਾਰ ਜਾਪੇ
ਕਈ ਸਿਰ ਲੱਥੇ ਟਿੰਡਾਂ ਵਾਂਗ ਜਾਪਣ, ਲਾਂਦਾ ਸੂਰਮਾ ਵਾਂਗ ਕੁੰਭਾਰ ਜਾਪੇ
ਗਾਜ਼ੀ ਉਧਰੋਂ, ਏਧਰੋਂ ਸਿੱਖ ਸੂਰਾ, ਵਾਰ ਲਈ ਹੋਇਆ ਪੱਬਾਂ ਭਾਰ ਜਾਪੇ
ਵਾਢੀ ਪਈ ਜਾਪੇ ਪੱਕੇ ਖੇਤ ਅੰਦਰ, ਲਥੇ ਸਾਹਮਣੇ ਖ਼ੂਬ ਸਥਾਰ ਜਾਪੇ
ਲਹੂ ਮਿੱਝਦੀ ਜਾਪਦੀ ਹੋਈ ਘਾਣੀ, ਰਣ-ਲੱਥੇ ਵਰਿਆਮਾਂ ਦੀ ਕਾਰ ਜਾਪੇ
ਇਧਰ ਸੈਦ ਖ਼ਾਂ ਕੁੱਦ ਕੇ ਲੜੇ ਵੇਖੋ, ਉਧਰ ਨਾਚ ਕਰਦਾ ਦਲ-ਸ਼ਿੰਗਾਰ ਜਾਪੇ
ਏਦਾਂ ਲੜਦਿਆਂ ਵੀ ਦੋਹਾਂ ਦਿਲਾਂ ਅੰਦਰ, ਕੋਈ ਖੜਕਦੀ ਪ੍ਰੇਮ ਦੀ ਤਾਰ ਜਾਪੇ
'ਤੀਰ' ਸਿਪਾਹ-ਸਲਾਰਾਂ ਦੇ ਦਿਲ ਅੰਦਰ, ਸੱਚਾ ਪੱਕਦਾ ਪਿਆ ਪਿਆਰ ਜਾਪੇ

### ਸੈਦ ਖ਼ਾਂ ਨੂੰ ਸਤਿਗੁਰਾਂ ਦੇ ਦੂਰੋਂ ਦੀਦਾਰ ਹੋਣੇ (ਵੱਲੋਂ ਕਵੀ)

ਸੈਦ ਖ਼ਾਂ ਨੇ ਲੜਦਿਆਂ ਅਚਨਚੇਤੀ, ਖਲਾ ਦੂਰ ਸੋਹਣਾ ਦਲ-ਸ਼ਿੰਗਾਰ ਡਿੱਠਾ
ਬੈਠਾ ਦਲ-ਸ਼ਿੰਗਾਰ ਦੀ ਪਿੱਠ ਉੱਤੇ, ਕਲਗੀਧਰ ਦਿਲ ਦੀ ਜਾਣਨਹਾਰ ਡਿੱਠਾ
ਦਿਲ ਉਸਦਾ ਰਿਹਾ ਨਾ ਮੂਲ ਕਾਬੂ, ਜਦੋਂ ਓਸ, ਗੁਰ ਨੂੰ ਝਾਤੀ ਮਾਰ ਡਿੱਠਾ
ਹੱਥੋਂ ਤੇਗ ਖਿੜਕੀ, ਪੈਰੋਂ, ਪੈਰ ਥਿੜਕੇ, ਵਿਚੋਂ ਦਿਲ ਨੇ ਦਿਲੀ ਪਿਆਰ ਡਿੱਠਾ
ਭੁੱਲੀ ਝੱਟ ਦਿੱਲੀ, ਦਿਲੀ-ਯਾਦ ਵਿਚੋਂ, ਸੁਣਿਆ ਜੋ ਸੋ ਅੱਜ ਦਿਲਦਾਰ ਡਿੱਠਾ
'ਤੀਰ' ਪ੍ਰੇਮ-ਕੁੱਠੇ ਸੈਦ ਖ਼ਾਂ ਵੇਖੋ, ਘੜੀ ਵਿਚ ਐਸਾ ਚਮਤਕਾਰ ਡਿੱਠਾ

### ਸੈਦ ਖ਼ਾਨ ਉੱਤੇ ਦੀਦਾਰ ਦਾ ਅਸਰ (ਵੱਲੋਂ ਕਵੀ)

ਕਰਨ ਜੰਗ ਆਇਆ ਘਰੋਂ ਜੋਸ਼ ਅੰਦਰ, ਇਥੇ ਆਣ ਕੇ ਸੁੱਟ ਹਥਿਆਰ ਬੈਠਾ
ਵੈਰ ਧਾਰ ਕੇ ਨਿਕਲਿਆ ਘਰੋਂ ਹੈਸੀ, ਇਥੇ ਦਿੱਲ ਤੋਂ ਵੈਰ ਵਿਸਾਰ ਬੈਠਾ
ਐਸੀ ਖਿੱਚ ਆ ਕੇ ਪਈ ਦਿਲ ਅੰਦਰ, ਜੋੜ ਨਾਲ ਦਸਮੇਸ਼ ਦੇ ਤਾਰ ਬੈਠਾ
ਗਿਆ ਜਿੱਤਿਆ ਨੈਣਾਂ ਦੀ ਮਾਰ ਖਾ ਕੇ, ਵਿੱਚ ਪੱਲ ਦੇ ਹੌਸਲਾ ਹਾਰ ਬੈਠਾ
ਤੱਕਣ ਸਾਰ ਹੋ ਗਿਆ ਮੁਰੀਦ ਪੱਕਾ, ਪੱਕੀ ਪ੍ਰੇਮ ਦੀ ਧਾਰਨਾ ਧਾਰ ਬੈਠਾ
'ਤੀਰ' ਕੋਲ ਆ ਜਾਏ ਤਾਂ ਚਰਨ ਚੁੰਮਾਂ, ਖਲਾ ਖਲਾ ਈ ਕਰੇ ਵਿਚਾਰ ਬੈਠਾ

### ਸੈਦ ਖ਼ਾਨ ਗੋੜ ਭਰੇ ਦਿਲ ਨਾਲ ਦਿਲ ਵਿਚ ਹੀ ਇਹ ਕਹਿੰਦਾ ਹੈ

ਲੜੇ ਫ਼ੌਜ ਪਰ ਸੈਦ ਖ਼ਾਂ ਲੀਨ ਹੋ ਕੇ, ਆਖੀ ਜਾਏ ਓ ਸੋਹਣਿਆ ਆਏਂ ਜੇ ਤੂੰ
ਤੇਰੇ ਕਦਮ ਚੁੰਮਾਂ, ਤੇਰੀ ਧੂੜ ਚੁੰਮਾਂ, ਮੇਰੇ ਵੱਲ ਆ ਕੇ ਫੇਰੀ ਪਾਏਂ ਜੇ ਤੂੰ
ਤੇਰੇ ਤੀਰ ਚੁੰਮਾਂ, ਤੇਰੀ ਤੇਗ ਚੁੰਮਾਂ, ਮੇਰੇ ਸਾਹਮਣੇ ਆਣ ਚਮਕਾਏਂ ਜੇ ਤੂੰ

ਤੇਰੇ ਦੱਲ-ਸ਼ਿੰਗਾਰ ਦੇ ਸੁੰਮ ਚੁੰਮਾਂ, ਮੇਰੇ ਕੋਲ ਆ ਰਤਾ ਖਲ੍ਹਵਾਏਂ ਜੇ ਤੂੰ
ਵੱਸ ਅੱਖੀਆਂ ਵਿਚ ਖ਼ੁਦਾ ਜਾਵੇ, ਨਿਗ੍ਹਾ ਵਿਚ ਅੱਜ ਨਿਗ੍ਹਾ ਰਲਾਏਂ ਜੇ ਤੂੰ
ਤੇਰੇ ਦਿਲ ਅੰਦਰ ਵੱਸਾਂ ਪ੍ਰੇਮ ਹੋ ਕੇ, ਮੇਰੇ ਦਿਲ ਦੀ ਰੀਝ ਪੁਗਾਏਂ ਜੇ ਤੂੰ
ਰੱਬ ਨਾਲ ਗੱਲਾਂ ਹੋਣ ਅੱਜ ਏਥੇ, ਮੈਨੂੰ ਸੈਦ ਖ਼ਾਂ ਆਖ ਬੁਲਾਏਂ ਜੇ ਤੂੰ
'ਤੀਰ' ਤੇਗ਼ ਤੇਰੇ ਕਦਮਾਂ ਵਿੱਚ ਸੁੱਟਾਂ, ਮੈਨੂੰ ਮੁੱਖ ਦੀ ਝਲਕ ਵਿਖਾਏਂ ਜੇ ਤੂੰ

### ਸੈਦ ਖ਼ਾਨ ਫੇਰ ਕਹਿੰਦਾ ਹੈ

ਆ ਵੇ ਸੋਹਣਿਆਂ ਦਿਆ ਸੁਲਤਾਨ ਸ਼ਾਹਾ! ਤੇਰੇ ਦੀਦ ਦੀ ਏ ਵੇਖ ਲੋੜ ਏਧਰ
ਦਿਲੋਂ ਹੋ ਗਿਆ ਏ ਸੈਦ ਖ਼ਾਂ ਗੋਲਾ, ਵਾਗ ਆਪਣੇ ਨੀਲੇ ਦੀ ਮੋੜ ਏਧਰ
ਟੁੱਟ ਗਿਆ ਗ਼ੁਲਾਮ ਇਹ ਜ਼ੁਲਮ ਨਾਲੋਂ, ਵੇਖ ਆਪਣੇ ਨਾਲ ਹੁਣ ਜੋੜ ਏਧਰ
'ਤੀਰ' ਦੁੱਖ ਹੁਣ ਜਾਪਦਾ ਓਸ ਪਾਸੇ, ਸੁੱਖ ਜਾਪਦੇ ਹੈਣ ਕਰੋੜ ਏਧਰ

### ਧਿਆਨ-ਮਗਨ ਹੋ ਕੇ ਸੈਦ ਖ਼ਾਂ ਫਿਰ ਕਹਿੰਦਾ ਹੈ

ਲਓ ਜੀ ਮੇਰੇ ਮਹਿਬੂਬ ਮੈਂ ਸੁੱਟ ਘੱਤੀ, ਹੱਥੋਂ ਆਪਣੀ ਤੇਜ਼ ਤਲਵਾਰ ਹੁਣ ਤੇ
ਲਓ ਜੀ ਪ੍ਰੇਮ-ਕੁੱਠੇ ਮੇਰੇ ਦੀਦਿਆਂ 'ਚੋਂ, ਚੱਲ ਪਈ ਪ੍ਰੇਮ-ਫੁਹਾਰ ਹੁਣ ਤੇ
ਲਓ ਜੀ ਸਦਾ ਦੀ ਹਾਰ ਹੈ ਮੰਨ ਬੈਠਾ, ਆਪ ਸਾਹਮਣੇ ਸਿਪਾਹ-ਸਲਾਰ ਹੁਣ ਤੇ
ਲਓ ਜੀ ਅੱਜ ਤੋਂ ਸੂਰਮਾ ਰਿਹਾ ਨਾਹੀਂ, ਦਿਲੋਂ ਹੋ ਗਿਆ ਤਾਬਿਆਦਾਰ ਹੁਣ ਤੇ
ਲਓ ਜੀ ਏਸ ਮੁਰੀਦ ਦੇ ਦਿਲ ਵਿਚੋਂ, ਵਗ ਪਿਆ ਜੇ ਵਹਿਣ-ਪਿਆਰ ਹੁਣ ਤੇ
ਲਓ ਜੀ ਆਪਣੇ ਦਿਲ 'ਚੋਂ ਬਾਹਰ ਕੱਢੀ, ਰੋ ਰੋ ਅੱਖੀਆਂ ਦੇ ਰਾਹੀਂ ਖ਼ਾਰ ਹੁਣ ਤੇ
ਲਓ ਜੀ ਆਪਣੇ ਸਿਰੋਂ ਵਗਾਹ ਮਾਰੀ, ਪ੍ਰੀਤ ਵਾਸਤੇ ਮੁਗ਼ਲ-ਸਰਕਾਰ ਹੁਣ ਤੇ
ਲਓ ਜੀ ਰਹਾਂਗਾ ਦਿਲੋਂ ਹਮੇਸ਼ ਗੋਲਾ, ਲਈ ਸਿਦਕ ਦੀ ਧਾਰਨਾ ਧਾਰ ਹੁਣ ਤੇ
ਲਓ ਜੀ ਲਓ ਮੈਂ ਧੌਣ ਝੁਕਾ ਛੱਡੀ, ਕਰੋ ਆਪਣਾ ਆਣ ਕੇ ਵਾਰ ਹੁਣ ਤੇ
ਲਓ ਜੀ ਦਿਲ-ਵਿਹੜਾ ਹੂੰਝ ਸੁੱਟਿਆ ਏ, ਵੇਖੋ ਏਸ ਅੰਦਰ ਝਾਤੀ ਮਾਰ ਹੁਣ ਤੇ
ਲਓ ਜੀ ਮੰਨਿਆ ਸੱਚੇ ਮਲਾਹ ਹੋ ਜੀ, ਬੇੜੀ ਸੈਦ ਖ਼ਾਂ ਦੀ ਕਰੋ ਪਾਰ ਹੁਣ ਤੇ
ਲਓ ਜੀ ਹੋਰ ਮੈਂ ਸਭੋ ਵਿਸਾਰ ਦਿੱਤੇ, ਲਵੋ ਆਪਣੇ ਬਣੇ ਦੀ ਸਾਰ ਹੁਣ ਤੇ
ਲਓ ਜੀ ਅੱਖੀਆਂ 'ਚੋਂ ਗੁੱਸਾ ਕੱਢ ਦਿੱਤਾ, ਏਸ ਤੱਪਦੇ ਨੂੰ ਛੱਡੋ ਠਾਰ ਹੁਣ ਤੇ
ਡੁੱਬਾ ਪਿਆ ਹਾਂ ਪ੍ਰੀਤ ਦੇ ਵਹਿਣ ਅੰਦਰ, ਜਾਣੀ-ਜਾਣ ਜੀਓ ਦਿਓ ਤਾਰ ਹੁਣ ਤੇ
ਓ! ਮੈਂ ਜਿੱਤਿਆ ਗਿਆ ਹਾਂ ਬਿਨਾਂ ਤੇਗ਼ੋਂ, ਅੰਦਰ ਆਪਦੀ ਏ ਯਾਦਗਾਰ ਹੁਣ ਤੇ
ਲਾਹ ਲਓ ਆਪਣੀ ਤੇਗ਼ ਦੇ ਨਾਲ ਭਾਵੇਂ, ਮੈਨੂੰ ਸਿਰ ਹੈ ਜਾਪਦਾ ਭਾਰ ਹੁਣ ਤੇ
ਵੇਖੋ ਪ੍ਰੇਮ ਦੀ ਤਾਰ ਨੇ ਖਿੱਚ ਬੱਧਾ, ਸੈਦ ਖ਼ਾਨ ਦੀ ਜਿੰਦ ਲਾਚਾਰ ਹੁਣ ਤੇ
ਪ੍ਰੇਮ ਨਾਲ ਚੁੰਮਾਂ ਤਿੱਖੇ 'ਤੀਰ' ਦਾਤਾ, ਮੈਨੂੰ ਸੋਹਣਿਓ! ਦਿਓ ਦੀਦਾਰ ਹੁਣ ਤੇ

### ਜਾਨੀ-ਜਾਣ ਦਿਲ ਦੀ ਜਾਣ ਕੇ ਪੁੱਜ ਪਏ (ਵੱਲੋਂ ਕਵੀ)

ਜਾਣ ਦਿਲ ਦੀ ਲੋਚਨਾ ਪੱਲ ਅੰਦਰ, ਸੈਦ ਖ਼ਾਂ ਸਾਹਵੇਂ, ਜਾਨੀ-ਜਾਣ ਆਏ
ਜਿਹਨੇ ਆਪ ਉੱਤੇ ਦਿਲੋਂ ਮਾਣ ਕੀਤਾ, ਰੱਖਣ ਵਾਸਤੇ ਓਸਦਾ ਮਾਣ ਆਏ
ਭੌਰ ਫੁੱਲ ਦੇ ਕੋਲ ਹੈ ਸਦਾ ਜਾਂਦਾ, ਭੌਰ ਪਾਸ ਗੁਰ-ਫੁੱਲ ਮਹਿਕਾਣ ਆਏ
ਦਿਲੋਂ ਓਸਦੇ ਚੱਲ ਕੇ ਬਣਨ ਆਏ, ਉਹਨੂੰ ਆਪਣਾ ਦਿਲੋਂ ਬਣਾਣ ਆਏ
ਵੈਰ, ਵੈਰੀਆਂ ਨਾਲ ਵੀ ਨਹੀਂ ਸਾਡਾ, ਭੁੱਲੇ ਜੱਗ ਨੂੰ ਗੱਲ ਸਮਝਾਣ ਆਏ
ਪਾਈ ਤੇਗ਼ ਦੀ ਸਾਂਝ ਸੀ ਜਿਹਨੇ ਆ ਕੇ, ਉਹਦੇ ਨਾਲ ਗਲਵੱਕੜੀ ਪਾਣ ਆਏ
ਦੀਦ ਵਾਸਤੇ ਜਿੰਦੜੀ ਤੱਪਦੀ 'ਤੇ, ਮੀਂਹ ਮਿਹਰ ਦੇ, ਠੰਢ ਵਰਤਾਣ ਆਏ
ਨਾਲੇ ਦੱਸਿਆ ਕਰ ਇਹ ਕਾਰਨਾਮਾ, ਹੈਣ ਵੈਰ ਦਸਮੇਸ਼ ਮਿਟਾਣ ਆਏ
ਹੈਣ ਮਿਲਦੇ ਪ੍ਰੇਮ ਦੇ ਭੌਰ ਹੋ ਕੇ, ਹਿੰਦੂ ਆਏ ਭਾਵੇਂ ਮੁਸਲਮਾਣ ਆਏ
'ਤੀਰ' ਹੋ ਗਿਆ ਜਾਂ ਸੈਦ ਖ਼ਾਂ ਸਦਕੇ, ਗਲੇ ਉਹਨੂੰ, ਦਸਮੇਸ਼ ਜੀ ਲਾਣ ਆਏ

### ਮਹਾਰਾਜ ਐਨ ਸਾਹਮਣੇ ਸੈਦ ਖ਼ਾਂ ਨੂੰ ਕਹਿੰਦੇ ਹਨ

ਘੋੜਾ ਛੇੜ ਪੁੱਜੇ ਇੱਕੋ ਪੱਲ ਅੰਦਰ, ਬੋਲੇ ਸੈਦ ਖ਼ਾਂ ਖ਼ੁਸ਼ ਸਰਕਾਰ ਕਰ ਲੈ
ਗੁਰੂ ਦੱਸਵਾਂ ਖਲ੍ਹਾ ਹੈ ਪਾਸ ਤੇਰੇ, ਬਣ ਸੂਰਮਾ ਸਫ਼ਲ ਹਥਿਆਰ ਕਰ ਲੈ
ਬਿੱਟ ਬਿੱਟ ਕਾਹਨੂੰ ਪਿਆ ਵੇਖਦਾ ਹੈਂ, ਓ! ਤੂੰ ਹੱਥ ਦੋ ਸਿਪਾਹ-ਸਲਾਰ ਕਰ ਲੈ
ਜੇ ਦੀਦਾਰ ਦੀ ਚਾਹ ਦੀਦਾਰ ਕਰ ਲੈ, ਜੇ ਹੈ ਵਾਰ ਦੀ ਚਾਹ ਤਾਂ ਵਾਰ ਕਰ ਲੈ
ਜੇ ਪ੍ਰੇਮ ਕਰਨਾ ਤਾਂ ਵੀ ਖੁੱਲ੍ਹ ਤੈਨੂੰ, ਜੇਕਰ ਖ਼ਾਰ ਕਰਨੀ ਪੂਰੀ ਖ਼ਾਰ ਕਰ ਲੈ
'ਤੀਰ' ਜਿਸ ਤਰ੍ਹਾਂ ਹੈਂ ਕਾਬੂ ਕਰ ਸਕਦਾ, ਸੈਦ ਖ਼ਾਨ! ਹੁਣ ਤੂੰ ਉਹੋ ਕਾਰ ਕਰ ਲੈ

### ਸੈਦ ਖ਼ਾਂ ਨੂੰ ਪ੍ਰਤੱਖ ਦਰਸ਼ਨ ਹੋ ਗਏ

ਸੈਦ ਖ਼ਾਂ ਸੀ ਮਗਨ, ਧਿਆਨ ਅੰਦਰ, ਖੁੱਲ੍ਹੀ ਅੱਖ ਤਾਂ ਹੋ ਹੈਰਾਨ ਵੇਖੇ
ਹੱਥੀਂ ਤੀਰ ਕਮਾਨ ਤੇ ਸੀਸ ਕਲਗੀ, ਸਾਹਵੇਂ ਸੋਹਣਿਆਂ ਦਾ ਸੁਲਤਾਨ ਵੇਖੇ
ਜਾਨ ਆਪਣੀ ਭੇਟ ਚੜ੍ਹਾ ਬੈਠਾ, ਬੁੱਤ ਵਿਚ ਨਾ ਆਪਣੀ ਜਾਨ ਵੇਖੇ
ਮੂੰਹੋਂ ਕੁਝ ਵੀ ਮੂਲ ਨਾ ਓਹ ਬੋਲੇ, ਨਿਗ੍ਹਾ ਗੱਡ ਦਸਮੇਸ਼ ਦੀ ਸ਼ਾਨ ਵੇਖੇ
ਆਖ਼ਰ ਹੌਸਲੇ ਨਾਲ ਅਗਾਂਹ ਹੋਇਆ, ਜਾਨੀ-ਜਾਣ ਨੂੰ ਨਾਲ ਧਿਆਨ ਵੇਖੇ
ਆਖੇ ਦਿਲ ਅੰਦਰ ਸੋਹਣਾ ਸੱਭ ਨਾਲੋਂ, ਅੱਜ ਤੀਕ ਮੈਂ ਜਿੰਨੇ ਜਵਾਨ ਵੇਖੇ
ਏਨੇ ਵਿਚ ਚਰਨਾਂ ਉੱਤੇ ਆਣ ਢੱਠਾ, ਉੱਚੀ ਅੱਖ ਕਰ ਨਾ ਸੈਦ ਖ਼ਾਨ ਵੇਖੇ
'ਤੀਰ' ਸੱਚੇ ਪ੍ਰੇਮ ਦੀ ਜਿੱਤ ਹੋਈ, ਹੇਠੋਂ ਧਰਤ ਉੱਤੋਂ ਆਸਮਾਨ ਵੇਖੇ

### ਮਹਾਰਾਜ ਦੇ ਬਚਨ

ਜਾਨੀ-ਜਾਣ ਦਸਮੇਸ਼ ਜੀ ਇਉਂ ਬੋਲੇ, ਵੇਖ! ਸਮਾਂ ਖੁੰਝਾ ਨਾ ਸੈਦ ਖ਼ਾਨਾ

ਦਿਲੋਂ ਦਿੱਲੀਓਂ ਚੱਲਿਓ ਜੰਗ ਖ਼ਾਤਰ, ਕੀਤਾ ਕੌਲ ਭੁਲਾ ਨਾ ਸੈਦ ਖ਼ਾਨਾ
ਤੂੰ ਤੇ ਸਿਪਾਹ-ਸਲਾਰ ਹੈਂ ਗਾਜ਼ੀਆਂ ਦਾ, ਧਾਰੀ ਨੀਤ ਵਟਾ ਨਾ ਸੈਦ ਖ਼ਾਨਾ
'ਤੀਰ' ਸਾਹਮਣੇ ਹੈ ਤੇਰਾ ਅੱਜ ਵੈਰੀ, ਵੇਖ ਗੱਲ ਗਵਾ ਨਾ ਸੈਦ ਖ਼ਾਨਾ

### ਸੈਦ ਖ਼ਾਨ ਭਰੀਂ ਨੇਤਰੀਂ ਬੇਨਤੀ ਕਰਦਾ ਹੈ

ਸੈਦ ਖ਼ਾਨ ਨੇ ਆਖਿਆ ਭਰੇ ਨੈਣੀਂ, ਆਲੀਜਾਹ ਨਾ ਸਿਪਾਹ-ਸਲਾਰ ਆਖੋ
ਆਖ ਸੱਕਦੇ ਹੋ ਤਾਂ ਗ਼ੁਲਾਮ ਆਖੋ, ਇਕੋ ਆਪਣਾ ਤਾਬਿਆਦਾਰ ਆਖੋ
ਸੈਦ ਖ਼ਾਂ ਨੂੰ ਹੁਣ ਦਰਵੇਸ਼ ਜਾਣੋ, ਏਸ ਘਰ ਦਾ ਖ਼ਾਕ, ਸਰਕਾਰ ਆਖੋ
'ਤੀਰ' ਵਾਰਿਆ ਗਿਆ ਏ ਆਪ ਉੱਤੋਂ, ਲੜਨ ਵਾਸਤੇ ਨਾ ਵਾਰ ਵਾਰ ਆਖੋ

### ਫੇਰ ਕਹਿੰਦਾ ਹੈ

ਨਿਕਲ ਗਏ ਮੇਰੇ ਸਾਰੇ ਸ਼ੱਕ ਦਿਲ ਦੇ, ਹੁਣ ਤਾਂ ਆਪ ਦਾ ਦਿਲੋਂ ਮੁਰੀਦ ਹਾਂ ਮੈਂ
ਕਰੋ ਮਿਹਰ ਮੁਰੀਦ ਬਣਾਓ ਮੈਨੂੰ, ਇਹੋ ਚਾਹਵਦਾ ਅੱਜ ਰਸ਼ੀਦ ਹਾਂ ਮੈਂ
ਸਦਾ ਵਾਸਤੇ ਗਲੇ ਲਗਾ ਲਓ ਗੇ, ਦਿਲੋਂ ਰੱਖਦਾ ਇਹੋ ਉਮੀਦ ਹਾਂ ਮੈਂ
'ਤੀਰ' ਦੀਦਿਆਂ ਨੂੰ ਰਵ੍ਹਾਂ ਠਾਰਦਾ ਮੈਂ, ਬੱਸ ਆਪਦਾ ਮੰਗਦਾ ਦੀਦ ਹਾਂ ਮੈਂ

### ਫਿਰ ਕਹਿੰਦਾ ਹੈ

ਮੇਰੀ ਜਿੱਤ ਹੈ ਏਸ ਦੇ ਵਿੱਚ ਹੋਈ, ਸੁਣੀ ਆਪ ਨੇ ਦਿਲੀ ਫ਼ਰਿਆਦ ਮੇਰੀ
ਮੱਚੇ ਜੰਗ ਅੰਦਰ ਗਲੇ ਲਾਓ ਮੈਨੂੰ, ਰਹੇ ਸਦਾ ਦੇ ਵਾਸਤੇ ਯਾਦ ਮੇਰੀ
ਬੱਸ ਅੱਜ ਤੋਂ ਆਪ ਦੀ ਜ਼ਾਤ ਦਾ ਈ, ਪਾਣੀ ਭਰੇਗੀ ਆਲ-ਔਲਾਦ ਮੇਰੀ
'ਤੀਰ' ਤੁਸੀਂ ਹੋ ਪਾਤਸ਼ਾਹ ਬਖ਼ਸ਼ਸ਼ਾਂ ਦੇ, ਮਾਫ਼ ਕਰੋ ਸਰਕਾਰ ਬੇਦਾਦ ਮੇਰੀ

### ਪੀਰ ਮੁਰੀਦ ਦੀ ਪ੍ਰੇਮ ਮਿਲਣੀ (ਵੱਲੋਂ ਕਵੀ)

ਏਨਾ ਸੁਣਦਿਆਂ ਈਂ ਲਹਿਰ ਵਿਚ ਆ ਕੇ, ਨੂਰੀ ਨੈਣ ਦਸਮੇਸ਼ ਨੇ ਭਰੇ ਦੋਵੇਂ
ਸੈਦ ਖ਼ਾਂ ਗਲਵੱਕੜੀ ਵਿਚ ਲੀਤਾ, ਨੈਣੋਂ ਵਰ੍ਹੇ ਦੋਵੇਂ, ਦਿਲੋਂ ਠਰੇ ਦੋਵੇਂ
ਦੋਵੇਂ ਜਿੱਤ ਗਏ ਜੰਗ ਪ੍ਰੇਮ ਵਾਲੀ, ਐਪਰ ਜੰਗ ਤਲਵਾਰ ਦੀ ਹਰੇ ਦੋਵੇਂ
'ਤੀਰ' ਖ਼ੂਨ ਦੀ ਚੜ੍ਹੀ ਝਨਾਂ ਅੰਦਰ, ਤੁਲ੍ਹੇ ਪ੍ਰੇਮ ਦੇ ਬੰਨ੍ਹ ਕੇ ਤਰੇ ਦੋਵੇਂ

### ਸੈਦ ਖ਼ਾਨ ਦੀ ਜੋਦੜੀ ਸ੍ਰੀ ਦਸਮੇਸ਼ ਜੀ ਅੱਗੇ

ਸੈਦ ਖ਼ਾਂ ਨੇ ਆਖਿਆ ਨੈਣ ਭਰ ਕੇ, ਕਰੋ ਮਿਹਰ ਗ਼ੁਲਾਮ ਬਣਾਓ ਮੈਨੂੰ
ਰਹੀ ਨਹੀਂ ਬਹਿਸ਼ਤ ਦੀ ਲੋੜ ਕੋਈ, ਸਦਾ ਆਪਣੇ ਕੋਲ ਵਸਾਓ ਮੈਨੂੰ
ਨਾ ਨਜਾਤ ਦੀ ਚਾਹ ਈ ਰੱਖਦਾ ਹਾਂ, ਜ਼ਾਤ ਆਪਣੀ ਵਿੱਚ ਰਲਾਓ ਮੈਨੂੰ

'ਤੀਰ' ਆਪਦਾ ਸਦਾ ਦੀਦਾਰ ਹੋਵੇ, ਇਹੋ ਦਿਲ ਤੋਂ ਉੱਠਦਾ ਚਾਓ ਮੈਨੂੰ

### ਜਾਨੀ-ਜਾਣ ਜੀ ਦੀ ਮਿਹਰ

ਕਿਹਾ ਸ੍ਰੀ ਦਸਮੇਸ਼ ਨੇ ਸਿਦਕਵਾਨਾ! ਜਿਵੇਂ ਤੂੰ ਚਾਹਵੇਂ ਤਿਵੇਂ ਕਾਰ ਹੋਸੀ
ਏਸ ਜੰਗ ਦੀ ਜਦੋਂ ਤੂੰ ਯਾਦ ਕਰਸੇਂ, ਤੈਨੂੰ ਓਸ 'ਚੋਂ ਪਿਆ ਦੀਦਾਰ ਹੋਸੀ
ਸਦਾ ਲਈ ਮੈਂ ਹੋ ਗਿਆ ਦਿਲੋਂ ਤੇਰਾ, ਤੇਰੇ ਨਾਲ ਮੇਰਾ ਪੱਕਾ ਪਿਆਰ ਹੋਸੀ
'ਤੀਰ' ਨਾਲ ਤੇਰੇ, ਤੇਰੇ ਘਰਦਿਆਂ ਦਾ, ਏਸ ਪ੍ਰੀਤ ਕਰਕੇ ਬੇੜਾ ਪਾਰ ਹੋਸੀ

### ਸੈਦ ਖ਼ਾਨ ਜੰਗ 'ਚੋਂ ਇਕ ਪਾਸੇ ਹੋ ਗਿਆ (ਵੱਲੋਂ ਕਵੀ)

ਏਦਾਂ ਸੈਦ ਖ਼ਾਂ ਸਿਦਕ-ਪ੍ਰੇਮ-ਕੁੱਠਾ, ਪੱਕੀ ਸਿਦਕ ਦੀ ਧਾਰਨਾ ਧਾਰ ਗਿਆ
ਮੱਚੇ ਜੰਗ ਨੂੰ ਵਿੱਚ ਹੀ ਛੱਡ ਗਿਆ, ਸੁੱਟ ਵਿਚ ਮੈਦਾਨ ਤਲਵਾਰ ਗਿਆ
ਆਇਆ ਗੁਰੂ ਜਿੱਤਣ ਪੱਕੀ ਗੰਢ ਦੇ ਕੇ, ਐਪਰ ਪ੍ਰੇਮ ਦੇ ਵੱਸ ਹੋ ਹਾਰ ਗਿਆ
'ਤੀਰ' ਵੇਖਦੇ ਸਾਰਿਆਂ ਗਾਜ਼ੀਆਂ ਦੇ, ਦੱਸ ਗੁਰੂ ਸੱਚਾ ਚਮਤਕਾਰ ਗਿਆ

### ਸ੍ਰੀ ਦਸਮੇਸ਼ ਮੁੜ ਆਪਣੇ ਦਲ ਵਿਚ (ਵੱਲੋਂ ਕਵੀ)

ਫੇਰ ਵੇਖਦੇ ਵੇਖਦੇ ਸਾਰਿਆਂ ਦੇ, ਪਰਤ ਝੱਟ ਪਿੱਛੇ ਕਲਗੀਧੱਰ ਆਏ
ਅੱਖੀਂ ਵੇਖਿਆ ਦੂਰ ਤੋਂ ਸੇਵਕਾਂ ਨੇ, ਕੌਤਕ ਅਜਬ ਮਹਾਰਾਜ ਨੇ ਕੱਰ ਆਏ
ਵੈਰੀ ਵੇਖ ਕੇ ਪ੍ਰੇਮ ਦੇ ਵੱਸ ਹੋਇਆ, ਕਈਆਂ ਸਾਦਕਾਂ ਦੇ ਨੈਣ ਭੱਰ ਆਏ
'ਤੀਰ' ਚੀਰਦੇ ਮਾਰਦੇ ਗਾਜ਼ੀਆਂ ਨੂੰ, ਜਾਨੀ-ਜਾਣ ਮੁੜ ਆਪਣੇ ਘੱਰ ਆਏ

### ਨਵਾਂ ਜਰਨੈਲ (ਵੱਲੋਂ ਕਵੀ)

ਸੈਦ ਖ਼ਾਂ ਨੂੰ ਵੇਖ ਕੇ ਗਿਆਂ ਏਦਾਂ, ਪੁੱਜਾ ਨਵਾਂ ਜਰਨੈਲ ਦਲੇਰ ਸਮਝੋ
ਉਹਦਾ ਨਾਮ *ਰਮਜ਼ਾਨ ਖ਼ਾਂ ਬੜਾ ਉੱਘਾ, ਗਾਜ਼ੀ ਮਰਦ ਮੈਦਾਨ ਦਾ ਸ਼ੇਰ ਸਮਝੋ
ਸਾਰੇ ਪੈਂਤੜੇ ਜਾਣਦਾ ਜੰਗ ਵਾਲੇ, ਖ਼ੂਬ ਵਰਤ ਲੈਂਦਾ ਹੇਰ-ਫੇਰ ਸਮਝੋ
ਜਦੋਂ ਨਿਕਲਦਾ ਤੇਗ਼ ਲੈ ਰਣ ਅੰਦਰ, ਸੀ ਮਚਾਂਵਦਾ ਖ਼ੂਬ ਅਨ੍ਹੇਰ ਸਮਝੋ
ਜਾਬਰ ਉਹ ਸਾਰੇ ਸ਼ਾਹੀ ਦੱਲ ਵਿਚੋਂ, ਬਾਕੀ ਸੱਭ ਗਾਜ਼ੀ ਉਸਦੇ ਜ਼ੇਰ ਸਮਝੋ
'ਤੀਰ' ਪੁਰੀ ਅਨੰਦ ਤੇ ਫ਼ੌਜ ਸਾਰੀ, ਉਹਨੇ, ਸੁੱਟ ਦਿੱਤੀ ਇੱਕੋ ਵੇਰ ਸਮਝੋ

### ਸ੍ਰੀ ਦਸਮੇਸ਼ ਦਾ ਨਿਸ਼ਾਨਾ (ਵੱਲੋਂ ਕਵੀ)

ਪਿੱਛੇ ਮੁੜਦਿਆਂ ਸ੍ਰੀ ਦਸਮੇਸ਼ ਜੀ ਨੇ, ਚਾੜ੍ਹ ਚਾੜ੍ਹ ਚਿੱਲੇ ਮਾਰੇ ਤੀਰ ਚੰਗੇ
ਕਈ ਫੱਟ ਸੁੱਟੇ, ਕਈ ਸੱਲ ਸੁੱਟੇ, ਕਈ ਪਾਰ ਕੀਤੇ ਸੂਰਬੀਰ ਚੰਗੇ

---

* ਇਹ ਸੈਦ ਖ਼ਾਨ ਦਾ ਭਰਾ ਸੀ।

ਸੁੱਤੇ ਸਦਾ ਦੇ ਲਈ ਮੈਦਾਨ ਅੰਦਰ, ਕਈ ਛੈਲ, ਸਡੌਲ ਸਰੀਰ ਚੰਗੇ
'ਤੀਰ' ਖ਼ਾਲਸੇ ਦੀ ਤੇਗ ਪਈ ਓਧਰ, ਆਰੀ ਵਾਂਗ ਸੀ ਪਾਂਵਦੀ ਚੀਰ ਚੰਗੇ

### ਅਨੰਦਪੁਰ ਵਿਚ ਲੁੱਟ ਮਾਰ (ਵੱਲੋਂ ਕਵੀ)

ਐਪਰ ਖ਼ਾਲਸਾ ਫ਼ੌਜ ਸੀ ਬਹੁਤ ਥੋੜ੍ਹੀ, ਹੱਲਾ ਇਹ ਨਾ ਮੂਲ ਸਹਾਰ ਸੱਕੀ
ਲੜੀ ਜੰਮ ਕੇ ਘੜੀ ਦੀ ਘੜੀ ਭਾਵੇਂ, ਮਾਰੂ ਕਾਂਗ ਤਾਈਂ ਨਾ ਖਲ੍ਹਾਰ ਸੱਕੀ
ਤੇਗਾਂ ਮਾਰਦੀ ਮਾਰਦੀ ਹਟੀ ਪਿੱਛੇ, ਗਾਜ਼ੀ-ਦੱਲ ਦੀ ਝੱਲ ਨਾ ਮਾਰ ਸੱਕੀ
ਵੈਰੀ ਪੁਰੀ ਅਨੰਦ ਵਿਚ ਵੜੇ ਆ ਕੇ, 'ਤੀਰ' ਰੋਕ ਨਾ ਸਿੱਖ-ਤਲਵਾਰ ਸੱਕੀ

### ਅਨੰਦਪੁਰ ਦੀ ਲੁੱਟ (ਵੱਲੋਂ ਕਵੀ)

ਗਾਜ਼ੀ-ਦੱਲ ਨੇ ਢਿੱਲ ਨਾ ਮੂਲ ਲਾਈ, ਜ਼ੋਰ ਲਾ ਲਾ ਕੇ ਲਾਇਆ ਝੁੱਟ ਉਸਨੇ
ਝੱਟ ਪੁਰੀ ਅਨੰਦ ਦਾ ਕੁੱਝ ਹਿੱਸਾ, ਪਲੋਪਲੀ ਅੰਦਰ ਲਿਆ ਲੁੱਟ ਉਸਨੇ
ਜੋ ਵੀ ਮਾਲ ਮੱਤਾ ਏਦਾਂ ਹੱਥ ਲੱਗਾ, ਲਿਆ ਖੁਰਜੀਆਂ ਦੇ ਅੰਦਰ ਸੁੱਟ ਉਸਨੇ
ਘੜੀ ਵਿਚ ਹੀ ਆਣ ਕੇ ਸ਼ਹਿਰ ਅੰਦਰ, 'ਤੀਰ' ਤੇਗ ਦੀ ਧਰੀ ਕੜਕੁੱਟ ਉਸਨੇ

### ਵੱਲੋਂ ਕਵੀ

ਏਦਾਂ ਲੁੱਟ ਕੇ ਸ਼ਹਿਰ ਦਾ ਕੁੱਝ ਹਿੱਸਾ, ਦਿਲੋਂ ਗਾਜ਼ੀਆਂ ਮਾਹਰਕਾ ਮਾਰਿਆ ਏ
ਗਏ ਪਰਤ ਪਿੱਛੇ, ਪੁੱਜੇ ਕੈਂਪ ਅੰਦਰ, ਉਨ੍ਹਾਂ ਰੱਬ ਦਾ ਸ਼ੁਕਰ ਗੁਜ਼ਾਰਿਆ ਏ
ਕਹਿਣ ਸ਼ੁਕਰ ਅੱਲਾ ਸਾਡੀ ਜਿੱਤ ਹੋਈ, ਗੁਰੂ ਦਸਵਾਂ ਅੱਜ ਤਾਂ ਹਾਰਿਆ ਏ
'ਤੀਰ' ਹੋਰ ਹੋਣੀ ਸਿਰੀਂ ਕੂਕਦੀ ਏ, ਇਹ ਨਾ ਭੋਲਿਆਂ ਉਨ੍ਹਾਂ ਵਿਚਾਰਿਆ ਏ

### ਖ਼ਾਲਸੇ ਦਾ ਗੁਰਮਤਾ (ਵੱਲੋਂ ਕਵੀ)

ਇਧਰ ਸਿੱਖ ਸੂਰੇ ਦੰਦ ਪੀਂਹਦੇ ਸੀ, ਗਾਜ਼ੀ-ਦਲ ਕੋਲੋਂ ਖਾ ਕੇ ਹਾਰ ਸਾਰੇ
ਦਿਨ ਡੁੱਬਦੇ ਨਾਲ ਹੋ ਗਏ 'ਕੱਠੇ, ਕਰਨ ਵਾਸਤੇ ਕੋਈ ਵਿਚਾਰ ਸਾਰੇ
ਝਟਾ ਪਟ ਗੁਰਮਤਾ ਇਹ ਸੋਧਿਓ ਨੇ, ਵਾਹੋ ਰਾਤ ਨੂੰ ਚੱਲ ਤਲਵਾਰ ਸਾਰੇ
'ਤੀਰ' ਲੁੱਟ ਲੁੱਟੋ ਏਦਾਂ ਗਾਜ਼ੀਆਂ ਦੀ, ਮਾਰ ਮਾਰ ਖੋਹ ਲਵੋ ਹਥਿਆਰ ਸਾਰੇ

### ਗਾਜ਼ੀ-ਦਲ ਵਿਚ ਖ਼ੁਸ਼ੀਆਂ (ਵੱਲੋਂ ਕਵੀ)

ਗਾਜ਼ੀ-ਦੱਲ ਦੇ ਸੂਰਮੇ ਜਿੱਤ ਪਾ ਕੇ, ਖ਼ੂਬ ਖ਼ੁਸ਼ੀ ਦੇ ਵਿੱਚ ਭਰਪੂਰ ਹੈਸਨ
ਕੁੱਝ ਸਨ ਥੱਕੇ ਦਿਨੇ ਜੰਗ ਕਰਕੇ, ਕੁਝ ਨੀਂਦ ਅੰਦਰ ਹੋਏ ਚੂਰ ਹੈਸਨ
ਕੁੱਝ ਵਹਿਣ ਸ਼ਰਾਬ ਦੇ ਵਿਚ ਡੁੱਬੇ, ਕੁਝ ਅਮਲ ਦੇ ਵਿਚ ਮਖ਼ਮੂਰ ਹੈਸਨ
ਕੁੱਝ ਮਸਤ ਹੈਸਨ ਰਾਗ-ਰੰਗ ਅੰਦਰ, 'ਤੀਰ' ਜੰਗ ਵੱਲੋਂ ਹੋਏ ਦੂਰ ਹੈਸਨ

### ਖ਼ਾਲਸਈ ਹੱਲੇ ਦੀ ਅਚਨਚੇਤੀ ਬਿੱਜ ਪੈ ਗਈ (ਵੱਲੋਂ ਕਵੀ)

ਅੱਚਨਚੇਤ ਜਾਂ ਖ਼ਾਲਸਾ ਫ਼ੌਜ ਕੜਕੀ, ਗਈ ਗਾਜ਼ੀਆਂ ਦੀ ਹੋਸ਼ ਭੁੱਲ ਵੇਖੋ
ਮੱਚੀ ਹੱਫੜਾ-ਦੱਫੜੀ ਸੱਭ ਪਾਸੇ, ਗਏ ਸਿਰਾਂ ਵਾਲੇ ਖੱਪਰ ਖੁੱਲ੍ਹ ਵੇਖੋ
ਕੋਈ ਉੱਠ ਨੱਠਾ, ਕੋਈ ਲੜਨ ਲੱਗਾ, ਪੱਗ ਕਿਸੇ ਦੀ ਗਈ ਜੇ ਰੁੱਲ ਵੇਖੋ
'ਤੀਰ' ਘੜੀ ਅੰਦਰ ਜਿੱਤੇ ਗਾਜ਼ੀਆਂ ਦੀ, ਕੀਤੀ ਖ਼ਾਲਸੇ ਫਟਕੜੀ ਫੁੱਲ ਵੇਖੋ

### ਸ਼ਾਹੀ ਫ਼ੌਜ ਵਿਚ ਭਾਜੜ ਪੈ ਗਈ (ਵੱਲੋਂ ਕਵੀ)

ਫ਼ੁਰਤੀ ਨਾਲ ਸਿੰਘਾਂ ਐਸੀ ਤੇਗ਼ ਵਾਹੀ, ਸਕੇ ਹੋਸ਼ ਨਾ ਮੂਲ ਸੰਭਾਲ ਗਾਜ਼ੀ
ਨੱਠਣ ਬਾਝ ਨਾ ਕੋਈ ਵੀ ਵਾਹ ਲੱਭੀ, ਨੱਠੇ ਜਾਨ ਲੈ ਕੇ ਬੁਰੇ ਹਾਲ ਗਾਜ਼ੀ
ਰਹੀ ਲੁੱਟ ਲਿਜਾਵਣੀ ਇੱਕ ਪਾਸੇ, ਸਗੋਂ ਛੱਡ ਗਏ ਆਪਣਾ ਮਾਲ ਗਾਜ਼ੀ
'ਤੀਰ' 'ਸਿੱਖ ਤਾਂ ਹੈਣ ਅਫ਼ਾਤ ਕੋਈ', ਗੱਲਾਂ ਕਰਨ ਇੱਕ ਦੂਸਰੇ ਨਾਲ ਗਾਜ਼ੀ

### ਸਿੱਖ ਫ਼ੌਜਾਂ ਅਨੰਦਪੁਰ ਵਿਚ (ਵੱਲੋਂ ਕਵੀ)

ਏਸ ਫ਼ੌਜ ਦਾ ਮੁਖੀ ਅਜੀਤ ਸਿੰਘ ਸੀ, ਵੱਡਾ ਗੁਰੂ ਦਸਮੇਸ਼ ਦਾ ਚੰਦ ਸਮਝੋ
ਜੱਥੇਦਾਰ ਬਣ ਕੇ ਉਹਨੇ ਖ਼ਾਲਸੇ ਦਾ, ਖੱਟੇ ਗਾਜ਼ੀਆਂ ਦੇ ਕੀਤੇ ਦੰਦ ਸਮਝੋ
ਮਾਲ ਲੁੱਟਿਆ ਪਰਤ ਕੇ ਵੰਡ ਦਿੱਤਾ, ਸ਼ਾਨ ਇਸ ਤਰ੍ਹਾਂ ਹੋਈ ਬੁਲੰਦ ਸਮਝੋ
'ਤੀਰ' ਜਿੱਤ ਕੇ ਦੇਸ਼ ਦੇ ਵੈਰੀਆਂ ਨੂੰ, ਹੋਈ 'ਪੁਰੀ ਅਨੰਦ' ਅਨੰਦ ਸਮਝੋ

### ਵੱਲੋਂ ਕਵੀ

ਜਦੋਂ ਇਸ ਤਰ੍ਹਾਂ ਖ਼ਾਲਸੇ ਖੁੰਬ ਠੱਪੀ, ਅਚਨਚੇਤ ਰਾਤੋ ਰਾਤ ਜਾ ਕੇ ਤੇ
ਜਦੋਂ ਗਾਜ਼ੀਆਂ ਦੇ ਸੁੱਟੇ ਲਾਹ ਪੜਛੇ, ਸਿੱਖਾਂ ਸੂਰਿਆਂ ਤੇਗ਼ ਖੜਕਾ ਕੇ ਤੇ
ਜਦੋਂ ਲੁੱਟ, ਲੁੱਟੀ ਹੋਈ ਗਈ ਲੁੱਟੀ, ਪਿਆ ਖ਼ਾਲਸਾ ਰੋਹ ਵਿਚ ਆ ਕੇ ਤੇ
'ਤੀਰ' ਫ਼ੌਜ ਸ਼ਾਹੀ ਸ਼ਰਮਸਾਰ ਹੋਈ, ਬੁਰੇ ਹਾਲ ਡਾਢੀ ਹਾਰ ਖਾ ਕੇ ਤੇ

### ਸੂਬੇ ਸਰਹੰਦ ਦੀ ਪਹਾੜੀ ਰਾਜਿਆਂ ਨੂੰ ਝਾੜ

'ਕੱਠੇ ਕਰ ਕੇ ਚੋਣਵੇਂ ਸੱਭ ਆਗੂ, ਇਉਂ ਸੂਬਾ ਸਰਹੰਦ ਵੰਗਾਰਦਾ ਏ
ਯਾਰੋ ਅਣਖੀਆਂ ਨੂੰ ਸੀਨੇ ਸੱਲ ਡਾਢਾ, ਏਸ ਅਚਨਚੇਤੀ ਹੋਈ ਹਾਰ ਦਾ ਏ
ਸਾਨੂੰ ਸੱਭ ਨੂੰ ਬੜੀ ਸ਼ਰਮਿੰਦਗੀ ਏ, ਨੱਕ ਵੱਢਿਆ ਗਿਆ ਸਰਕਾਰ ਦਾ ਏ
'ਤੀਰ' ਇਉਂ ਕਹਿ ਕੇ ਬਾਈਧਾਰੀਆਂ ਨੂੰ, ਸੂਬਾ ਲੂਹਣ ਵਾਲਾ ਮਿਹਣਾ ਮਾਰਦਾ ਏ

### ਸੂਬਾ ਸਰਹੰਦ ਬਾਈਧਾਰ ਦੇ ਰਾਜਿਆਂ ਨੂੰ ਕਹਿੰਦਾ ਏ

ਭੱਤ ਖਾਣਿਓ, ਕਾਣਿਓਂ, ਮਰੋ ਡੁੱਬ ਕੇ, ਨਿਗ੍ਹਾ ਕਿਸੇ ਨੂੰ ਕੁੱਝ ਵੀ ਆਇਆ ਨਾ

ਸਿੱਖ ਇਸ ਤਰ੍ਹਾਂ ਨੇ ਅਚਨਚੇਤ ਪੈਂਦੇ, ਤੁਸਾਂ ਮੂਲ ਇਹ ਭੇਦ ਸਮਝਾਇਆ ਨਾ
ਤੁਸਾਂ ਕੋੜ੍ਹਿਓ ਕੱਲ੍ਹ ਵੀ ਗਿੱਲ ਗਾਲੀ, ਕਿਸੇ ਤੇਗ਼ ਦਾ ਜੌਹਰ ਵਿਖਾਇਆ ਨਾ
ਰਹੇ ਆਪਣਾ ਆਪ ਬਚਾਂਵਦੇ ਹੀ, ਕੋਈ ਵੈਰੀਆਂ ਦੇ ਵੱਲ ਧਾਇਆ ਨਾ
ਸਾਡੇ ਨਾਲ ਕਰ ਗਏ ਨੇ ਹੱਥ ਵੈਰੀ, ਤੁਸਾਂ ਕਿਸੇ ਨੂੰ ਵੀ ਹੱਥ ਪਾਇਆ ਨਾ
'ਤੀਰ' ਲਈ ਫਿਰਦੇ ਭਾਰੀ ਰਾਜ-ਪੂਤੀ, ਵੇਲੇ ਜੰਗ ਦੇ ਰੰਗ ਖਿੜਾਇਆ ਨਾ

### ਫੇਰ ਕਹਿੰਦਾ ਹੈ

ਸ਼ਰਮ ਹੈ ਜੇ ਹਾਰ ਦੀ ਦਿਲਾਂ ਅੰਦਰ, ਉੱਠੋ ਉੱਠ ਕੇ ਤੇਗ਼ ਚਮਕਾਓ ਮੁੜ ਕੇ
ਲੁੱਟੋ ਪੁਰੀ ਅਨੰਦ ਨੂੰ ਬੋਲ ਹੱਲਾ, ਨਾਲ ਇੱਟ ਦੇ ਇੱਟ ਖੜਕਾਓ ਮੁੜ ਕੇ
ਲੋਥਾਂ ਮੱਛੀਆਂ ਦੇ ਵਾਂਗ ਤਰਨ ਪਈਆਂ, ਉੱਥੇ ਖ਼ੂਨ ਦੇ ਵਹਿਣ ਵਹਾਓ ਮੁੜ ਕੇ
ਜੀਂਦੇ ਜੀ ਨਹੀਂ ਛੱਡਦੇ ਖ਼ੋਰ ਅਣਖੀ, ਦਸਮ ਗੁਰੂ ਨੂੰ ਗੱਲ ਸਮਝਾਓ ਮੁੜ ਕੇ
ਸਾਰੇ ਜਣੇ ਸਿਰਾਂ ਉੱਤੇ ਬੰਨ੍ਹ ਖ਼ੱਫਣ, ਖ਼ੂਨੀ ਰੰਗ ਦਾ ਜੰਗ ਮਚਾਓ ਮੁੜ ਕੇ
ਭੰਨੋਂ ਦੰਦ ਦਸਮੇਸ਼ ਦੇ ਸੂਰਿਆਂ ਦੇ, ਖ਼ੂਬ ਲੋਹੇ ਦੇ ਚਣੇ ਚਬਾਓ ਮੁੜ ਕੇ
ਹੱਥੋਂ ਲੁੱਟ ਜੇ ਗਈ ਤਾਂ ਗਏ ਲੁੱਟੇ, ਮਰਦ ਹੋ ਤਾਂ ਮੋੜ ਲਿਆਓ ਮੁੜ ਕੇ
ਅੱਗੋਂ ਲਾਹਨਤਾਂ ਸੱਭ ਨੂੰ ਪੈਣੀਆਂ ਨੇ, ਘਰੀਂ ਗਏ ਜੇ ਇਉਂ ਭਰਾਓ! ਮੁੜ ਕੇ
ਬੁਰੀ ਹੋਏਗੀ ਰਾਜ-ਦਰਬਾਰ ਵੱਲੋਂ, ਮਾੜੀ ਗੱਲ ਹੈ ਜੇ ਝਾੜਾਂ ਖਾਓ ਮੁੜ ਕੇ
'ਤੀਰ' ਹਾਰ ਜੋ ਅਸਾਂ ਨੂੰ ਦੇ ਗਏ ਨੇ, ਉੱਠੋ ਉਨ੍ਹਾਂ ਨੂੰ ਫੇਰ ਹਰਾਓ ਮੁੜ ਕੇ

### ਫਿਰ ਘਮਸਾਨ ਦਾ ਯੁੱਧ (ਵੱਲੋਂ ਕਵੀ)

ਜਦੋਂ ਇਸ ਤਰ੍ਹਾਂ ਸੂਬੇ ਨੇ ਅੱਗ ਫ਼ੂਕੀ, ਅਣਖ ਵਿਚ ਆ ਗਏ ਜਵਾਨ ਮੁੜ ਕੇ
ਆਪੋ ਆਪਣੀ ਥਾਂ ਤੇ ਜਿੱਤ ਦੀਆਂ, ਲੱਗੇ ਜੋਸ਼ ਅੰਦਰ ਸਹੁੰਆਂ ਖਾਨ ਮੁੜ ਕੇ
ਕਈ ਕਹਿਣ ਲੱਗੇ, ਏਦਾਂ ਹਾਰ ਖਾ ਕੇ, ਘਰ ਜਾਂਵਦਾ ਨਾ ਮੁਸਲਮਾਨ ਮੁੜ ਕੇ
ਕਈ ਕਹਿਣ ਲੱਗੇ, ਪਿੱਠ ਦੱਸ ਏਦਾਂ, ਦੱਸੋ ਵੇਖਣਾ ਕੀ ਜਹਾਨ ਮੁੜ ਕੇ
ਏਸ ਗੱਲ ਦਾ ਨਿਕਲਿਆ ਇਹ ਸਿੱਟਾ, ਗਰਮ ਹੋ ਗਿਆ ਫੇਰ ਮੈਦਾਨ ਮੁੜ ਕੇ
ਫੇਰ ਜੰਗ ਦੀ ਜਾਗ ਉਮੰਗ ਉੱਠੀ, ਜੰਗੀ ਚੁੱਕਿਆ ਗਿਆ ਨਿਸ਼ਾਨ ਮੁੜ ਕੇ
ਆਣ ਛਾਤੀਆਂ ਦੇ ਅੰਦਰ ਗਰਮ ਹੋਈ, ਪਲੋ-ਪਲੀ ਅੰਦਰ ਅਣਖ ਆਨ ਮੁੜ ਕੇ
ਧਾਵਾ ਬੋਲਿਆ ਗਿਆ ਅਨੰਦਪੁਰ ਤੇ, ਸਾਰਾ ਲਾਣ ਦੇ ਵਾਸਤੇ ਤਾਨ ਮੁੜ ਕੇ
ਸੂਹੇ ਜਾਂ ਦਸਮੇਸ਼ ਨੂੰ ਖ਼ਬਰ ਦਿੱਤੀ, ਗਰਮ ਹੋਵਸੀ ਫੇਰ ਘਮਸਾਨ ਮੁੜ ਕੇ
ਜਾਣੀ-ਜਾਣ ਨੇ ਝੱਟ ਹੀ ਹੁਕਮ ਕੀਤਾ, ਸਿਦਕਵਾਨ ਹੋਵਣ ਸਾਵਧਾਨ ਮੁੜ ਕੇ
ਗਾਜ਼ੀ-ਦੱਲ ਪਹਾੜੀਏ ਮਾਨ-ਮੱਤੇ, ਵੇਖਣ ਪੰਥ ਦੀ ਆਏ ਕਿਰਪਾਨ ਮੁੜ ਕੇ
ਮੇਰੇ ਸਿਦਕੀਓ! ਜੂਝ ਕੇ ਪਾਸ ਹੋਣਾ, ਫੇਰ ਹੋਣ ਲੱਗਾ ਇਮਤਿਹਾਨ ਮੁੜ ਕੇ

ਅਜੇ ਨਹੀਂ ਵੈਰੀ ਸਾਨੂੰ ਸਮਝ ਸੱਕੇ, ਇਹਨਾਂ ਤਾਈਂ ਕਰਾਓ ਗਿਆਨ ਮੁੜ ਕੇ
'ਤੀਰ' ਜਾਪਦਾ ਪੁਰੀ ਅਨੰਦ ਮੇਰੀ, ਅੱਜ ਹੋਵਣੀ ਲਹੂ-ਲੁਹਾਨ ਮੁੜ ਕੇ

### ਰਣ-ਤੱਤੇ ਦੇ ਨਜ਼ਾਰੇ (ਵੱਲੋਂ ਕਵੀ)

ਪੁੱਜੀ ਓਧਰੋਂ ਆਣ ਕੇ ਫ਼ੌਜ ਸ਼ਾਹੀ, ਸਿੱਖ ਏਧਰੋਂ ਗੁਰੂ ਚਿਤਾਰ ਨਿਕਲੇ
ਆਏ ਓਧਰੋਂ ਰਲ ਰਜਪੂਤ ਗਾਜ਼ੀ, ਸਿੱਖ ਇਧਰੋਂ ਲੈ ਹਥਿਆਰ ਨਿਕਲੇ
ਹੋਲੀ ਖ਼ੂਨ ਵਾਲੀ ਖੇਡੀ ਜਾਣ ਲੱਗੀ, ਪਈ ਧੜਾਂ 'ਚੋਂ ਰੱਤ ਦੀ ਧਾਰ ਨਿਕਲੇ
ਤੇਗ਼ ਨੱਚਦੀ ਕਿਸੇ ਦੇ ਸੀਸ ਚੜ੍ਹ ਕੇ, ਗੋਲੀ ਕਿਸੇ ਦੀ ਸੀਨਿਓਂ ਪਾਰ ਨਿਕਲੇ
ਤੌਬਾ ਕਿਸੇ ਦੇ ਮੂੰਹ ਦੇ ਵਿੱਚ ਰਹਿੰਦੀ, ਹਾਏ ਕਿਸੇ 'ਚੋਂ ਅੰਤ ਦੀ ਵਾਰ ਨਿਕਲੇ
ਸਿੱਖ ਜਦੋਂ ਵੀ ਹੋਣ ਸ਼ਹੀਦ ਲੱਗੇ, ਉਹਦੇ ਮੂੰਹ 'ਚੋਂ ਸੱਤਿ-ਕਰਤਾਰ ਨਿਕਲੇ
ਗਾਜ਼ੀ ਜਦੋਂ ਕੋਈ ਜਾਨ ਦੇਣ ਲੱਗੇ, 'ਅੱਲਾ ਹੂ ਅਕਬਰ' ਆਖ਼ਰਕਾਰ ਨਿਕਲੇ
ਜਦੋਂ ਕੋਈ ਪਹਾੜੀਆ ਜਾਨ ਤੋੜੇ, ਰੋਂਦੀ ਓਸਦੀ ਜਾਨ ਗ਼ੱਦਾਰ ਨਿਕਲੇ
ਚੜ੍ਹੀ ਲੋਥ ਉੱਤੇ ਲੋਥ ਹਰ ਪਾਸੇ, ਵਹਿਣ ਰੱਤ ਵਾਲੇ ਠਾਠਾਂ ਮਾਰ ਨਿਕਲੇ
ਤੀਰ ਗੁਰਾਂ ਦੇ ਉੱਡਣੇ ਨਾਗ ਜਾਪਣ, ਡੰਗ ਡੰਗ ਕੇ ਹੋ ਉਡਾਰ ਨਿਕਲੇ
ਨੇਜ਼ੇ ਬਰਛੀਆਂ ਵਿੰਨ੍ਹਦੇ ਜਾਣ ਸੀਨੇ, ਇੱਕ ਇੱਕ ਵਿੱਚੋਂ ਜਾਣ ਚਾਰ ਨਿਕਲੇ
ਤੇਗ਼ ਇਸ ਪਾਸੋਂ, ਲਵੇ ਕੱਢ ਸੀਨਾ, ਛਾਤੀ ਸੂਰਮਾ ਉਧਰ ਉਭਾਰ ਨਿਕਲੇ
ਮਿਲਣ ਤੇਗ਼ ਤੇ ਸੂਰਮਾ ਗਲੇ ਲੱਗ ਕੇ, ਉਸਦਾ ਦਿਲ ਲੈ ਕੇ ਚਤੁਰ ਨਾਰ ਨਿਕਲੇ
ਪਈ ਤੇਜ਼ ਤਲਵਾਰ 'ਚੋਂ ਚਮਕ ਨਿਕਲੇ, ਸੂਹੀ ਢਾਲ 'ਚੋਂ ਪਈ ਛਣਕਾਰ ਨਿਕਲੇ
ਪਏ ਸਿਰ ਹਦਵਾਣਿਆਂ ਵਾਂਗ ਖਿੱਲਰੇ, ਵੇਖ ਕਵੀ ਦੇ ਦਿਲੋਂ ਵਿਚਾਰ ਨਿਕਲੇ
ਸੁੱਟ ਨਾਰੀਅਲ ਜਿਸ ਤਰ੍ਹਾਂ ਗਿਆ ਕੋਈ, ਜਿਵੇਂ *ਝਾਹ ਹੋਵਣ ਬੇਸ਼ੁਮਾਰ ਨਿਕਲੇ
ਜਿਵੇਂ ਹੋਣ ਮੁੱਛੇ ਬੂਝੇ ਸਰਕੜੇ ਦੇ, ਖਿੱਦੋ ਜਿਸ ਤਰ੍ਹਾਂ ਬਾਲ ਖਿਲਾਰ ਨਿਕਲੇ
ਟਿੰਡਾਂ ਜਿਸ ਤਰ੍ਹਾਂ ਥਾਂ ਥਾਂ ਹੋਣ ਪਈਆਂ, ਪੱਥਰ ਜਿਸ ਤਰ੍ਹਾਂ ਹੋਣ ਅਪਾਰ ਨਿਕਲੇ
ਧੜ ਵੱਖ ਕਿੱਧਰੇ, ਸਿਰ ਵੱਖ ਕਿਧਰੇ, ਘਰੋਂ ਸਨ 'ਕੱਠੇ ਭਾਵੇਂ ਯਾਰ ਨਿਕਲੇ
ਰੱਤ ਨਿਕਲੇ ਨਾ 'ਤੀਰ' ਛਾਤੀਆਂ 'ਚੋਂ, ਰਣ ਵਿਚ ਪਈ ਦਿਲਾਂ ਦੀ ਖ਼ਾਰ ਨਿਕਲੇ

### ਹੋਰ ਨਜ਼ਾਰਾ

ਦਿੱਸੇ ਕਲਮ ਤਲਵਾਰ ਦੇ ਰੂਪ ਅੰਦਰ, ਨਵਾਂ ਲਿੱਖਦੀ ਪਈ ਇਤਿਹਾਸ ਜਾਪੇ
ਖ਼ੂਬ ਚੜ੍ਹੀ ਜਾਪੇ ਕਾਂਗ ਜੋਸ਼ ਵਾਲੀ, ਖ਼ੂਨੀ ਉਛਲਦੀ ਨਦੀ ਬਿਆਸ ਜਾਪੇ
ਕੋਈ ਭੌਰ ਉਡਾਰੀਆਂ ਮਾਰ ਚੁੱਕਾ, ਕੋਈ ਕੋਈ ਵਿਰੋਲਦਾ ਸਾਸ ਜਾਪੇ

---

* ਉਹ ਕੰਡਿਆਂ ਵਾਲਾ ਜਾਨਵਰ ਜੋ ਝਟ ਪਟ ਸੁੰਗੜ ਕੇ ਖਿਦੋ ਵਾਂਗ ਹੋ ਜਾਂਦਾ ਹੈ।

ਕੋਈ ਮੌਤ ਦੇ ਪੰਧ ਦਾ ਰਾਹ ਪੁੱਛੇ, ਕਿਸੇ ਕਿਸੇ ਨੂੰ ਜੀਣ ਦੀ ਆਸ ਜਾਪੇ
ਕੋਈ ਫੱਟਿਆ ਸੂਰਮਾ ਜੂਝ ਰਿਹਾ, ਲੱਥੇ ਲੇਫੜੇ ਲਮਕਦਾ ਮਾਸ ਜਾਪੇ
'ਸੱਚੇ ਪਾਤਸ਼ਾਹ ਲਈਂ ਕਬੂਲ ਸੇਵਾ', ਕਿਸੇ ਮੂੰਹ ਦੇ ਵਿਚ ਅਰਦਾਸ ਜਾਪੇ
ਤੇਗ਼ਾਂ ਖਿੰਡੀਆਂ 'ਚੰਦ ਤ੍ਰਿਤੀਏ' ਦੇ, ਧਰਤ ਰੰਗਲੀ ਨਵਾਂ ਅਕਾਸ਼ ਜਾਪੇ
ਪਏ ਸਿਰ ਲੁਕਾਂਵਦੇ ਫਿਰਨ ਗੀਦੀ, ਅਤੇ ਸੂਰਿਆਂ ਚਿੱਤ ਹੁਲਾਸ ਜਾਪੇ
ਹੋਵੇ ਨਾਚ ਪਿਆ ਨੇਜ਼ੇ ਬਰਛੀਆਂ ਦਾ, ਨਵੇਂ ਰੰਗ ਅੰਦਰ ਪੈਂਦੀ ਰਾਸ ਜਾਪੇ
ਜੀਭ ਮੌਤ ਦੀ ਬਣੀ ਤਲਵਾਰ ਫਿਰਦੀ, ਉਹ ਬੁਝਾਂਵਦੀ ਦਿਲੀ ਪਿਆਸ ਜਾਪੇ
ਕੋਈ ਸੂਰਮਾ ਦਿੱਸੇ ਉਤਸ਼ਾਹ ਅੰਦਰ, ਕੋਈ ਸਹਿਮਿਆ ਡਰੂ ਉਦਾਸ ਜਾਪੇ
'ਤੀਰ' ਗੁਰੂ ਦਸਮੇਸ਼ ਦੀ ਜਿੱਤ ਹੋਸੀ, ਪਿਆ ਖ਼ਾਲਸੇ ਦੇ ਵਾਰੋਂ ਖ਼ਾਸ ਜਾਪੇ

### ਖ਼ਾਲਸਈ ਫ਼ੌਜ ਦਾ ਅਦੁੱਤੀ ਕਾਰਨਾਮਾ (ਵੱਲੋਂ ਕਵੀ)

ਏਸ ਸਮੇਂ ਵਰਿਆਮਤਾ ਖ਼ੂਬ ਦੱਸੀ, ਸੂਰਬੀਰ ਸਿਰਲੱਥ ਅਕਾਲੀਆਂ ਨੇ
ਰਹੀ ਸੁਰਤ ਸੰਭਾਲ ਨਾ ਵੈਰੀਆਂ ਨੂੰ, ਤੇਗ਼ਾਂ ਸੂਰਿਆਂ ਜਦੋਂ ਉਛਾਲੀਆਂ ਨੇ
ਜਾਣ ਛਾਂਗਦੇ ਵੱਢਦੇ ਗਾਜ਼ੀਆਂ ਨੂੰ, ਜਿਵੇਂ ਮਾਲੀਆਂ ਛਾਂਗੀਆਂ ਡਾਲੀਆਂ ਨੇ
ਹੱਲ ਤੇਗ਼ ਦਾ ਫੇਰਿਆ ਚਵ੍ਹੀ ਪਾਸੀਂ, ਜੋਤੇ ਲਾ ਰੱਣਖੇਤ ਦੇ ਹਾਲੀਆਂ ਨੇ
ਪਾਣੀ ਲਹੂ ਦਾ ਸਿੰਜਿਆ ਗਿਆ ਖਲ੍ਹਾ, ਨੱਕੋ ਨੱਕ ਹੋਏ ਖਾਲ-ਖਾਲੀਆਂ ਨੇ
ਮੂੰਹੀਂ ਸੂਰਿਆਂ ਦੇ ਖ਼ੂਬ ਲਾਲੀਆਂ ਨੇ, ਅੱਖਾਂ ਜੋਸ਼ ਦੇ ਵਿਚ ਮਤਵਾਲੀਆਂ ਨੇ
ਲਾੜੇ ਬਣੇ, ਸ਼ਹੀਦੀ ਦੇ ਰਣ ਅੰਦਰ, ਵਾਹ ਝਾਕੀਆਂ ਅਜਬ ਨਿਰਾਲੀਆਂ ਨੇ
ਵਾਲ ਸਿਰਾਂ 'ਤੇ ਜਾਪਦਾ ਲਾਲ ਸਿਹਰਾ, ਮੋਤੀ ਦੋਂਵਦੇ ਵਿੱਚ ਵਿਖਾਲੀਆਂ ਨੇ
ਜਦੋਂ ਗੋਲੀਆਂ ਆਣ ਕੇ ਤਾੜ ਵੱਜਣ, ਲਾੜੇ ਕਹਿਣ ਗੀਟੇ ਮਾਰੇ ਸਾਲੀਆਂ ਨੇ
'ਤੀਰ' ਖੀਰ ਜਾਪੇ ਰਿਝੀ ਮਿੱਝ ਚਰਬੀ, ਤੇ ਪਰੋਸੀਆਂ ਵਾਹ ਢਾਲਾਂ ਥਾਲੀਆਂ ਨੇ

### ਸ਼ਾਹੀ ਦਲ ਨੂੰ ਫਿਰ ਹਾਰ (ਵੱਲੋਂ ਕਵੀ)

ਸਾਰਾ ਦਿਨ ਘਮਸਾਣ ਪੁਰ-ਜੋਸ਼ ਰਿਹਾ, ਲੜੇ ਟਿੱਲ ਲਾ ਲਾ ਜਾਨਾਂ ਤੋੜ ਗਾਜ਼ੀ
ਤਾਂ ਵੀ ਗੁਰੂ ਦਸਮੇਸ਼ ਦੇ ਸੂਰਿਆਂ ਨੇ, ਸੱਥਰ ਪਾ ਦਿੱਤੇ ਲੋੜ ਲੋੜ ਗਾਜ਼ੀ
ਭਾਵੇਂ ਕਈ ਵਾਰੀ ਸਾਰਾ ਜ਼ੋਰ ਲਾ ਕੇ, ਪਏ ਫ਼ੌਜ ਸ਼ਾਹੀ ਜੋੜ ਜੋੜ ਗਾਜ਼ੀ
ਮਰਦ ਗੁਰੂ ਦੇ, ਬੀਰ-ਅਕਾਲੀਆਂ ਦਾ, ਹੜ੍ਹ ਜੋਸ਼ ਦਾ ਸੱਕੇ ਨਾ ਹੋੜ ਗਾਜ਼ੀ
ਸ਼ਾਮਾਂ ਹੁੰਦਿਆਂ ਅੰਤ ਨੂੰ ਹਾਰ ਖਾ ਕੇ, ਗਏ ਮੂੰਹ ਪਿਛਾਂਹ ਨੂੰ ਮੋੜ ਗਾਜ਼ੀ
'ਤੀਰ' ਆਏ ਸੀ ਪੁਰੀ ਅਨੰਦ ਲੁੱਟਣ, ਸਗੋਂ ਮਾਲ ਮੱਤਾ ਨੱਠੇ ਛੋੜ ਗਾਜ਼ੀ

### ਔਰੰਗਜ਼ੇਬ ਉੱਤੇ ਇਸ ਹਾਰ ਦਾ ਅਸਰ (ਵੱਲੋਂ ਕਵੀ)

ਦਿੱਲੀ ਖ਼ਬਰਾਂ ਪੁੱਜੀਆਂ ਜਦੋਂ ਜਾ ਕੇ, ਸ਼ਾਹੀ ਫ਼ੌਜ ਨੂੰ ਫੇਰ ਹੈ ਹਾਰ ਹੋਈ
ਸਾਡੇ ਸੂਰਮੇ ਗਾਜ਼ੀਆਂ ਰਾਜਿਆਂ ਦੀ, ਮਿੱਟੀ ਪੁੱਜ ਕੇ ਖ਼ੂਬ ਖਵਾਰ ਹੋਈ
ਗੁਰੂ ਦੱਸਵਾਂ ਜਿੱਤਿਆ ਗਿਆ ਨਾਹੀਂ, ਖੁੰਢੀ ਮੂਲ ਨਾ ਉਹਦੀ ਤਲਵਾਰ ਹੋਈ
ਸ਼ਾਹੀ ਫ਼ੌਜ ਦਾ ਬੜਾ ਨੁਕਸਾਨ ਹੋਇਆ, ਸ਼ਰਮਸਾਰ ਸਾਰੀ ਬਾਈਧਾਰ ਹੋਈ
ਅੱਗ ਲੱਗ ਉੱਠੀ ਔਰੰਗਜ਼ੇਬ ਤਾਈਂ, ਤਿੱਖੀ ਦਿਲ ਅੰਦਰ ਸਗੋਂ ਖ਼ਾਰ ਹੋਈ
'ਤੀਰ' ਇਸ ਤਰ੍ਹਾਂ ਦੀ ਲਿਖੀ ਓਸ ਚਿੱਠੀ, ਜਦੋਂ ਆਗੂਆਂ ਨਾਲ ਵਿਚਾਰ ਹੋਈ

### ਔਰੰਗਜ਼ੇਬ ਦਾ ਸੱਦਾ ਸ੍ਰੀ ਦਸਮੇਸ਼ ਜੀ ਨੂੰ

ਔਰੰਗਜ਼ੇਬ ਨੇ ਲਿੱਖਿਆ ਗੁਰੂ ਜੀ ਨੂੰ, ਵੇਖੋ ਵੈਰ ਵਧਾਵਣਾ ਚਾਹੀਦਾ ਨਹੀਂ
ਲਹੂ ਕੀਮਤੀ ਹਰ ਇਨਸਾਨ ਦਾ ਏ, ਭੰਗ-ਭਾ ਵਗਾਵਣਾ ਚਾਹੀਦਾ ਨਹੀਂ
ਨਾਲੇ ਸਮੇਂ ਦੇ ਪਾਤਸ਼ਾਹ ਨਾਲ ਸੋਚੋ, ਮੱਥਾ ਕਦੇ ਵੀ ਲਾਵਣਾ ਚਾਹੀਦਾ ਨਹੀਂ
ਮੇਰੀ ਚਾਹ ਹੈ ਆਣ ਕੇ ਮਿਲੋ ਮੈਨੂੰ, ਹੱਥੋਂ ਸਮਾਂ ਖੁੰਝਾਵਣਾ ਚਾਹੀਦਾ ਨਹੀਂ
ਪਾਤਸ਼ਾਹ ਤਾਈਂ ਕਦੇ ਆਪ ਜੀ ਨੂੰ, ਏਸ ਤਰ੍ਹਾਂ ਕਲਪਾਵਣਾ ਚਾਹੀਦਾ ਨਹੀਂ
'ਤੀਰ' ਪਰਬਤਾਂ ਦੇ ਨਾਲ ਮਾਰ ਟੱਕਰ, ਸਿਰ ਕਦੇ ਪੜਵਾਵਣਾ ਚਾਹੀਦਾ ਨਹੀਂ

### ਔਰੰਗਜ਼ੇਬ ਨੇ ਹੋਰ ਲਿਖਿਆ

ਜੇਕਰ ਆਪ ਜੀ ਨਾ ਮੇਰੇ ਕੋਲ ਆਏ, ਫੇਰ ਬੜਾ ਹੀ ਕੰਮ ਖ਼ਰਾਬ ਹੋਸੀ
ਮੇਰੇ ਰੋਸ ਦੀ ਹੱਦ ਨਾ ਮੂਲ ਰਹਿਸੀ, ਆਪ ਵਾਸਤੇ ਇਹ ਅਜ਼ਾਬ ਹੋਸੀ
ਮੇਰੇ ਰੋਹ ਦੀ ਮਾਰ ਹੈ ਬੜੀ ਡਾਢੀ, ਦੁਖੀ ਏਸ ਤੋਂ ਸਦਾ ਪੰਜਾਬ ਹੋਸੀ
ਉਦੋਂ ਆਪ ਜੀ ਵੀ ਬੜੇ ਦੁਖੀ ਹੋਸੋ, 'ਤੀਰ' ਤੇਗ ਦਾ ਜਦੋਂ ਹਿਸਾਬ ਹੋਸੀ

### ਵੱਲੋਂ ਕਵੀ

ਜਾਣੀ-ਜਾਣ ਸਤਿਗੁਰੂ ਜੀ ਬੀਰ ਯੋਧੇ, ਜੋ ਸੀ ਕਾਰ ਉਪਕਾਰ ਦੀ ਕਰਨ ਵਾਲੇ
ਇਨ੍ਹਾਂ ਭਬਕੀਆਂ ਤੋਂ ਭਲਾ ਕਿਵੇਂ ਡਰਦੇ, ਸਦਾ ਦਮ ਅਜ਼ਾਦੀ ਦਾ ਭਰਨ ਵਾਲੇ
ਉਹ ਤੇ ਦੇਸ਼ ਦੇ ਭੌਰ ਸੀ ਦੇਸ਼ ਖ਼ਾਤਰ, ਹੱਸ ਹੱਸ ਮੁਸੀਬਤਾਂ ਜਰਨ ਵਾਲੇ
'ਤੀਰ' ਦਿਲੋਂ ਨੇ ਸਦਾ ਤਿਆਰ ਰਹਿੰਦੇ, ਦੁਖੀ ਦੇਸ਼ ਦੇ ਵਾਸਤੇ ਮਰਨ ਵਾਲੇ

### ਔਰੰਗਜ਼ੇਬ ਦੀ ਚਿੱਠੀ ਦਾ ਦਸਮੇਸ਼ ਜੀ 'ਤੇ ਅਸਰ (ਵੱਲੋਂ ਕਵੀ)

ਔਰੰਗਜ਼ੇਬ ਦਾ ਪੜ੍ਹਦਿਆਂ ਹੁਕਮਨਾਮਾ, ਜਾਣੀ-ਜਾਣ ਨੇ ਸੋਚ ਦੁੜਾਈ ਵੇਖੋ
ਝੱਟ ਲਿਆ ਕਾਗਜ਼ ਡੂੰਘੀ ਸੋਚ ਕਰਕੇ, ਝੱਟ ਕਲਮ ਦਵਾਤ ਮੰਗਾਈ ਵੇਖੋ

ਉੱਤਰ ਲਿਖਿਆ ਖ਼ੂਬ ਦਲੀਲ-ਭਰਿਆ, ਰੱਜ ਰੱਜ ਕੇ ਭਰੀ ਦਨਾਈ ਵੇਖੋ
ਔਰੰਗਜ਼ੇਬ ਨੂੰ 'ਤੀਰ' ਜਵਾਬ ਦਿੱਤਾ, ਚਿੱਠੀ ਇਸ ਤਰ੍ਹਾਂ ਲਿੱਖ ਮੁਕਾਈ ਵੇਖੋ

### ਔਰੰਗਜ਼ੇਬ ਨੂੰ ਦਸਮੇਸ਼ ਜੀ ਵੱਲੋਂ ਉੱਤਰ

ਮੈਂ ਫ਼ਕੀਰ ਹਾਂ ਬੰਦਗੀ ਕਾਰ ਮੇਰੀ, ਨਾਮ ਰੱਬ ਦਾ ਦਿਲੋਂ ਭੁਲਾਵਣਾ ਨਹੀਂ
ਕਿਸੇ ਨਾਲ ਮੈਂ ਈਰਖਾ ਰੱਖਦਾ ਨਾ, ਉੱਕੀ ਲੜਨ ਵਾਲੀ ਮੇਰੀ ਭਾਵਣਾ ਨਹੀਂ
ਸਦਾ ਲਈ ਨਿਰਵੈਰ ਹੈ ਦਿਲ ਮੇਰਾ, ਨਾਲ ਕਿਸੇ ਦੇ ਵੈਰ ਵਧਾਵਣਾ ਨਹੀਂ
ਏਥੇ ਕੱਟਣਾ ਆਪ ਨਿਰਭਉ ਜੀਵਨ, ਕਦੇ ਕਿਸੇ ਨੂੰ ਮੂਲ ਡਰਾਵਣਾ ਨਹੀਂ
ਰੋਹਬ ਕਿਸੇ ਦੇ ਹੇਠ ਨਾ ਆਪ ਰਹਿਣਾ, ਰੋਹਬ ਕਿਸੇ ਤੇ ਸ਼ਾਹ ਜੀ ਪਾਵਣਾ ਨਹੀਂ
ਅਸਾਂ ਦੇਸ਼ ਨਾ ਕੋਈ ਵੀ ਮੱਲ ਬਹਿਣਾ, ਤਖ਼ਤ ਸਾਂਭ ਕੇ ਰਾਜ ਕਮਾਵਣਾ ਨਹੀਂ
ਬੰਦੇ ਰੱਬ ਦੇ ਸੱਭ ਭਰਾ ਸਾਡੇ, ਅਸੀਂ ਚਾਂਹਵਦੇ ਖ਼ੂਨ ਵਹਾਵਣਾ ਨਹੀਂ
ਔਪਰ ਆਪ ਨੇ ਸ਼ਾਹ ਜੀ ਜਦੋਂ ਤੋੜੀ, ਮੰਨੋ ਸੱਚ ਸੁਭਾਅ ਵਟਾਵਣਾ ਨਹੀਂ
ਜ਼ੁਲਮ ਛੱਡ ਕੇ ਦਰਦ ਦੇ ਪੁੰਜ ਬਣ ਕੇ, ਜਦੋਂ ਤੀਕ ਕਿ ਤੁਸਾਂ ਵਿਖਾਵਣਾ ਨਹੀਂ
ਹੋ ਕੇ ਪਾਤਸ਼ਾਹ ਲਿੱਸਿਆਂ ਮਾੜਿਆਂ ਨੂੰ, ਤੁਸਾਂ ਜਦੋਂ ਤੋੜੀ ਗਲੇ ਲਾਵਣਾ ਨਹੀਂ
ਤੁਸਾਂ ਜਦੋਂ ਤੀਕਰ ਮੋਮਨ ਬਣ ਸੱਚੇ, ਮੱਨ ਆਪਣਾ ਮੋਮ ਬਣਾਵਣਾ ਨਹੀਂ
ਜਦੋਂ ਤੀਕ ਨਾ ਛੱਡਸੋ ਜ਼ੁਲਮ ਕਰਨਾ ਅਤੇ ਦੁਖੀ ਦਾ ਦਰਦ ਵੰਡਾਵਣਾ ਨਹੀਂ
ਜਦੋਂ ਤੀਕ ਨਾ ਹੋਵਸੋ ਆਪ ਸਿੱਧੇ, ਅਸਾਂ ਤੀਰ ਤਰਕਸ਼ ਅੰਦਰ ਪਾਵਣਾ ਨਹੀਂ
ਜਦੋਂ ਤੀਕ ਨਾ ਆਪ ਨਿਆਂ ਕਰਸੋ, ਸਾਡਾ ਦੱਲ ਇਹ ਠੱਲ੍ਹਿਆ ਜਾਵਣਾ ਨਹੀਂ
ਜਦੋਂ ਤੀਕ ਨਾ ਆਓਗੇ ਰਾਸਤੀ 'ਤੇ, 'ਤੀਰ' ਕੋਲ ਤੁਸਾਡੜੇ ਆਵਣਾ ਨਹੀਂ

### ਪਾਤਸ਼ਾਹ ਔਰੰਗਜ਼ੇਬ ਇਹ ਉੱਤਰ ਪੜ੍ਹ ਕੇ ਸੜ-ਬਲ ਉੱਠਿਆ

ਉੱਤਰ ਪਹੁੰਚਿਆ ਗੁਰਾਂ ਦਾ ਵਿੱਚ ਦਿੱਲੀ, ਔਰੰਗਜ਼ੇਬ ਪੜ੍ਹ ਕੇ ਖਾਧੀ ਖ਼ਾਰ ਵੇਖੋ
ਟੁੱਕੇ ਉਂਗਲਾਂ ਤੇ ਪਿਆ ਦੰਦ ਪੀਹੇ, ਉਹਦੇ ਨੈਣ ਹੋ ਗਏ ਅੰਗਾਰ ਵੇਖੋ
ਫਰਕ ਪਏ ਡੌਲੇ, ਚਿਹਰਾ ਲਾਲ ਹੋ ਕੇ, ਅੰਦਰ ਕੁੱਦਿਆ ਮਾਣ ਹੰਕਾਰ ਵੇਖੋ
ਲੱਗਾ ਕਹਿਣ ਇਸ ਗੁਰੂ ਨੂੰ ਕੀ ਹੋਇਆ, ਚੁੱਕ ਲਈ ਏ ਇਹਨੇ ਤਲਵਾਰ ਵੇਖੋ
ਹਾਰ ਮੰਨਦਾ ਨਹੀਂ ਹਕੂਮਤਾਂ ਤੋਂ, ਨੱਚੇ ਸਿਰ ਇਸਦੇ ਹੋਣਹਾਰ ਵੇਖੋ
ਮੇਰੀ ਜ਼ਾਤ ਦੇ ਜ਼ੋਰ ਨੂੰ ਜਾਣਦਾ ਨਾ, ਭੁੱਖੇ ਸ਼ੀਂਹ ਨੂੰ ਰਿਹਾ ਵੰਗਾਰ ਵੇਖੋ
ਝੱਟ ਉਸੇ ਵੇਲੇ, ਉਹਨੇ ਸਭਾ ਅੰਦਰ, ਤੁਰਤ-ਫੁਰਤ ਕਰ ਲਈ ਵਿਚਾਰ ਵੇਖੋ
'ਤੀਰ' ਹੁਕਮ ਦਿੱਤਾ ਸਾਰੇ ਸੂਬਿਆਂ ਨੂੰ, ਔਰੰਗਜ਼ੇਬ ਨੇ ਇਉਂ ਨਿਤਾਰ ਵੇਖੋ

### ਸਾਰੇ ਸੂਬਿਆਂ ਨੂੰ ਸਖ਼ਤ ਹੁਕਮ

ਮਰਦ ਗਾਜ਼ੀਓ ਸ਼ਰਮ ਦੀ ਗੱਲ ਭਾਰੀ, ਸੱਰ ਅਜੇ ਨਾ ਗੁਰੂ ਦਸਮੇਸ਼ ਹੋਇਆ

ਅਜੇ ਤੀਕ ਬਗ਼ਾਵਤਾਂ ਦੱਬੀਆਂ ਨਾ, ਪਾਕ ਅਜੇ ਨਾ ਕੁਫਰ ਤੋਂ ਦੇਸ਼ ਹੋਇਆ
ਗੁਰੂ ਲਫਜ਼ ਦੋ ਅੱਖਰਾ ਆਪ ਕੋਲੋਂ, ਪੱਟੀ ਹਿੰਦ ਤੋਂ ਮੂਲ ਨਾ ਮੇਸ਼ ਹੋਇਆ
'ਤੀਰ' ਤੇਗ਼ ਦਾ ਕੀ ਫੇਰ ਵੇਸ ਹੋਇਆ, ਜੇਕਰ ਦੂਰ ਨਾ ਇਹ ਕਲੇਸ਼ ਹੋਇਆ

### ਔਰੰਗਜ਼ੇਬ ਹੋਰ ਜੋਸ਼ ਨਾਲ ਆਖਦਾ ਹੈ

ਓ ਲਾਹੌਰ ਦੇ ਵਾਸੀਓ ਸ਼ੇਰ ਮਰਦੋ!, ਉੱਠੋ ਜ਼ੌਹਰ ਵਿਖਾ ਦਿਓ ਰਣ ਅੰਦਰ
ਓ ਸਰ੍ਹੰਦੀਓ, ਅਜ਼ਲ ਦੇ ਦੰਦ ਬਣ ਕੇ, ਗੁਰੂ ਤਾਈਂ ਚਬਾ ਦਿਓ ਰਣ ਅੰਦਰ
ਦਿੱਲੀ ਵਾਲਿਓ! ਦਿਲ ਫ਼ੌਲਾਦ ਕਰਕੇ, ਧੂੰਮਾਂ ਡੱਟ ਕੇ ਪਾ ਦਿਓ ਰਣ ਅੰਦਰ
ਓ ਪਹਾੜੀਓ, ਹਾਥੀਓ! ਹੱਥ ਕਰਕੇ, ਗੁਰੂ ਤਾਈਂ ਹਰਾ ਦਿਓ ਰਣ ਅੰਦਰ
ਛੱਡੇ ਓਹ ਹਥਿਆਰ ਲਾਚਾਰ ਹੋ ਕੇ, ਉਹਦੇ ਛੱਕੇ ਛੁਡਾ ਦਿਓ ਰਣ ਅੰਦਰ
ਜੇਕਰ ਕਰੇ ਤੌਬਾ ਅੱਗੋਂ ਲੜਨ ਵੱਲੋਂ, ਕੰਨੀਂ ਹੱਥ ਲੁਆ ਦਿਓ ਰਣ ਅੰਦਰ
ਰਤੀ ਭਰ ਜੇਕਰ ਕੋਈ ਮਾਣ ਦੱਸੇ, ਉਹਦੀ ਰੱਤ ਵਹਾ ਦਿਓ ਰਣ ਅੰਦਰ
ਦਿੱਸੇ ਕੁਝ ਨਾ ਉਹਦੇ ਅਕਾਲੀਆਂ ਨੂੰ, ਜਾ ਅਨ੍ਹੇਰ ਵਰਤਾ ਦਿਓ ਰਣ ਅੰਦਰ
ਹੁੰਦਾ ਟਾਕਰਾ ਨਹੀਂ ਹਕੂਮਤਾਂ ਦਾ, ਉਹਨੂੰ ਖ਼ੂਬ ਸਮਝਾ ਦਿਓ ਰਣ ਅੰਦਰ
ਉਹਦੇ ਸਿੱਖ ਜੋ ਆਕੜੇ ਹੈਣ ਫਿਰਦੇ, ਮਾਰ ਮਾਰ ਮੁਕਾ ਦਿਓ ਰਣ ਅੰਦਰ
ਸਾਰੀ ਲੁੱਟ ਲਓ ਪੁਰੀ ਅਨੰਦ ਉਸਦੀ, ਉਹਦੀ ਹੋਸ਼ ਗਵਾ ਦਿਓ ਰਣ ਅੰਦਰ
'ਤੀਰ' ਤੇਗ਼ ਉਸਦੀ ਭੂਏ ਹੋਈ ਜਿਹੜੀ, ਓਹਨੂੰ ਮਜ਼ਾ ਚਖਾ ਦਿਓ ਰਣ ਅੰਦਰ

### ਸ਼ਾਹੀ ਫ਼ੌਜ ਦੀ ਫਿਰ ਚੜ੍ਹਾਈ (ਵੱਲੋਂ ਕਵੀ)

ਅੱਗ ਵਾਂਗ ਸਾਰੇ, ਸ਼ਾਹੀ ਹੁਕਮ ਫਿਰਿਆ, ਨੱਚੀ ਸੀਨਿਆਂ ਦੇ ਅੰਦਰ ਖ਼ਾਰ ਮੁੜ ਕੇ
ਹਾਰੇ ਹੋਏ ਸਰ੍ਹੰਦੀਆਂ ਗਾਜ਼ੀਆਂ ਨੇ, ਲਈ ਲੜਨ ਦੀ ਧਾਰਨਾ ਧਾਰ ਮੁੜ ਕੇ
ਗ਼ੁਸਾ ਖਾ ਖਾ, ਨਾਲ ਲਾਹੌਰੀਆਂ ਨੇ, ਲੱਕ ਬੰਨ੍ਹ ਲਏ ਫੇਰ ਹਥਿਆਰ ਮੁੜ ਕੇ
ਮਾਰੀ ਮੱਤ ਗਈ ਫੇਰ ਪਹਾੜੀਆਂ ਦੀ, ਲੜਨ ਵਾਸਤੇ ਹੋਏ ਤਿਆਰ ਮੁੜ ਕੇ
ਨੱਚ ਪਿਆ 'ਅਜਮੇਰ' ਬਿਲਾਸਪੁਰੀਆ, ਉਹਨੇ ਚੁੱਕ ਲਈ ਝੱਟ ਤਲਵਾਰ ਮੁੜ ਕੇ
ਚੜ੍ਹ ਪਿਆ ਘੁਮੰਡ ਚੰਦ ਕਾਂਗੜੇ ਤੋਂ, ਪੈਦਾ ਹੋ ਗਿਆ ਜਿਵੇਂ ਹੰਕਾਰ ਮੁੜ ਕੇ
ਵੀਰ ਸਿੰਘ ਜਸਪਾਲੀਆ ਨਾਲ ਰਲਿਆ, ਖੜਕ ਪਈ ਏ ਜੰਗ ਦੀ ਕਾਰ ਮੁੜ ਕੇ
ਕੁਲੂ ਕੈਂਥਲੋਂ ਮੰਡੀਓਂ ਚੰਬਿਓਂ ਵੀ, ਚੜ੍ਹੇ ਪਰਬਤੀ ਸਗਨ ਵਿਚਾਰ ਮੁੜ ਕੇ
ਜੰਮੂ, ਨੂਰਪੁਰ ਅਤੇ ਗੁਲੇਰਪੁਰੀਏ, ਰਾਜੇ ਨਾਲ ਹੋ ਗਏ ਗ਼ੱਦਾਰ ਮੁੜ ਕੇ
ਸ੍ਰੀ ਨਗਰ, ਢਡਵਾਲ ਤੇ ਭਿਜਰ ਵਾਲੀ, ਆਏ ਰੋਹ ਖਾ ਕੇ ਵਾਰੋਵਾਰ ਮੁੜ ਕੇ
ਤਿੰਨੇ ਦਿੱਲੀ, ਲਾਹੌਰ, ਸਰਹੰਦ ਰਲ ਕੇ, ਸ਼ਾਹੀ ਫ਼ੌਜ ਹੋਈ ਬੇ-ਸ਼ੁਮਾਰ ਮੁੜ ਕੇ
'ਤੀਰ' ਸਮੇਂ ਨੂੰ ਇਹੋ ਈ ਭਾਂਵਦਾ ਸੀ, ਗਰਮ ਜੰਗ ਦਾ ਹੋਇ ਬਜ਼ਾਰ ਮੁੜ ਕੇ

## ਸ੍ਰੀ ਦਸਮੇਸ਼ ਜੀ ਦੀਆਂ ਤਿਆਰੀਆਂ ਤੇ ਸਿੱਖਾਂ ਪ੍ਰਤੀ ਹੁਕਮਨਾਮਾ

ਪੁੱਜੀ ਖ਼ਬਰ ਜਾਂ ਸ੍ਰੀ ਦਸਮੇਸ਼ ਜੀ ਨੂੰ, ਹੁਕਮ ਚਾੜ੍ਹਿਆ ਉਨ੍ਹਾਂ ਪਿਆਰਿਆਂ ਨੂੰ
ਆਓ ਸਿਦਕਵਾਨੋ! ਹੱਸ ਹੱਸ ਆਓ, ਜਿਨ੍ਹਾਂ ਵੇਖਣਾ ਤੇਗ਼-ਨਜ਼ਾਰਿਆਂ ਨੂੰ
ਆਓ ਉਹ ਏਥੇ, ਜਿਨ੍ਹਾਂ ਮੱਤ ਦੇਣੀ, ਮਾਣ-ਮੱਤਿਆਂ ਦਿਲੋਂ ਹੰਕਾਰਿਆਂ ਨੂੰ
ਆਓ ਉਹ ਏਥੇ, ਜਿਨ੍ਹਾਂ ਵੇਖਣਾ ਏਂ, ਸਿਰੋਂ ਫੁੱਟਦੇ ਖ਼ੂਨ-ਫ਼ੁਹਾਰਿਆਂ ਨੂੰ
ਆਓ ਉਹ ਏਥੇ, ਜਿਨ੍ਹਾਂ ਵੇਖਣਾ ਏਂ, ਖੇਤ ਵਿੱਚ ਸਿੱਖੋ ਸਿਰਾਂ ਵਾਰਿਆਂ ਨੂੰ
ਆਓ ਉਹ ਏਥੇ, ਡੋਲ੍ਹ ਰੱਤ ਜਿਨ੍ਹਾਂ, ਦੇਣਾ ਹੌਸਲਾ ਦੀਨ-ਦੁਖਿਆਰਿਆਂ ਨੂੰ
ਆਓ ਉਹ ਏਥੇ, ਜਿਨ੍ਹਾਂ ਡੇਗਣਾ ਏਂ, ਜ਼ੋਰ ਜ਼ੁਲਮ ਦੇ ਮਰਦ-ਮੁਨਾਰਿਆਂ ਨੂੰ
ਆਓ ਉਹ ਏਥੇ, ਸੀਸ ਦੇਵਣੇ ਦਾ, ਵਣਜ ਜਿਨ੍ਹਾਂ ਪਰਵਾਨ ਵਣਜਾਰਿਆਂ ਨੂੰ
ਅਸਾਂ ਹੱਤਿਆ ਕਰਨ ਤੋਂ ਰੋਕਣਾ ਏਂ, ਸਦਾ ਵਾਸਤੇ ਹੁਣ ਹਤਿਆਰਿਆਂ ਨੂੰ
ਅਸਾਂ ਗਲੇ ਲਾਉਣਾ ਅਤੇ ਚੁੱਕਣਾ ਏਂ, ਦੁਖੀ ਡਿੱਗਿਆਂ ਢੱਠਿਆਂ ਹਾਰਿਆਂ ਨੂੰ
ਅਸਾਂ ਦੇਸ਼ ਵਿਚੋਂ, ਸਿੱਖੋ! ਮੇਟਣਾ ਏਂ, ਜ਼ੋਰ ਜ਼ੁਲਮ ਤੇ ਪਾਪ ਦੇ ਕਾਰਿਆਂ ਨੂੰ
'ਤੀਰ' ਉਹ ਆਵੇ ਏਸ ਰਣ ਖ਼ਾਤਰ, ਜਿਨ੍ਹੇ ਮਾਣਨਾ ਮੌਤ-ਹੁਲਾਰਿਆਂ ਨੂੰ

## ਅਣਖ ਦੇ ਪੁਤਲੇ ਸਿੱਖ ਆ ਗਏ (ਵੱਲੋਂ ਕਵੀ)

ਆਏ ਸ੍ਰੀ ਦਸਮੇਸ਼ ਦਾ ਹੁਕਮ ਸੁਣ ਕੇ, ਹੱਸ ਹੱਸ ਜਾਨਾਂ ਘੋਲੀ ਕਰਨ ਵਾਲੇ
ਪੱਕੇ ਆਪਣੇ ਦਿਲ ਫ਼ੌਲਾਦ ਕਰਕੇ, ਵਾਰ ਆਪਣੀ ਹਿੱਕ 'ਤੇ ਜਰਨ ਵਾਲੇ
ਸੀਸ ਤਲੀ 'ਤੇ ਰੱਖ ਕੇ ਪ੍ਰੇਮ ਅੰਦਰ, ਵਹਿਣ ਰੱਤ ਦੇ ਹੱਸ ਕੇ ਤਰਨ ਵਾਲੇ
ਜ਼ੁਲਮ ਜ਼ੋਰ ਨੂੰ ਹੱਥ ਵਿਖਾਣ ਵਾਲੇ, ਪੈਰ ਤੇਗ਼ ਦੀ ਧਾਰ 'ਤੇ ਧਰਨ ਵਾਲੇ
ਲਾਵਾਂ ਨਾਲ ਸ਼ਹੀਦੀ ਦੇ ਲੈਣ ਵਾਲੇ, ਗਾਨੇ ਬੰਨ੍ਹ ਕੇ ਮੌਤ ਨੂੰ ਵਰਨ ਵਾਲੇ
ਦਮੋਂ ਦੱਮ ਦਾਤਾ ਯਾਦ ਕਰਨ ਵਾਲੇ, ਦੱਮ ਦੇਸ਼-ਪ੍ਰੇਮ ਦਾ ਭਰਨ ਵਾਲੇ
ਭਾਰਤ ਮਾਤ ਦੇ ਦੁੱਖੜੇ ਹਰਨ ਵਾਲੇ, ਜ਼ੋਰ ਜ਼ੁਲਮ ਦੀ ਖੇਤਰੀ ਚਰਨ ਵਾਲੇ
'ਤੀਰ' ਗੁਰੂ ਦੇ ਵਾਸਤੇ ਜੀਣ ਵਾਲੇ ਅਤੇ ਗੁਰੂ ਦੇ ਵਾਸਤੇ ਮਰਨ ਵਾਲੇ

## ਸ਼ਾਹੀ ਫ਼ੌਜ ਤੇ ਖ਼ਾਲਸਈ ਫ਼ੌਜ (ਵੱਲੋਂ ਕਵੀ)

ਭਾਵੇਂ ਸਿੱਖ ਸੂਰੇ ਆਏ ਧਾ ਧਾ ਕੇ, ਤਾਂ ਵੀ ਫ਼ੌਜ ਹੈਸੀ ਬੇਸ਼ੁਮਾਰ ਓਧਰ
ਵਿੱਚੋਂ ਇੱਕ ਹੈਸੀ ਫ਼ਰਕ ਬਹੁਤ ਭਾਰਾ, ਸੀ ਪਿਆਰ ਏਧਰ ਤੇ ਵਗਾਰ ਓਧਰ
ਦਿਲੋਂ ਜਾਣਦੇ ਸੀ ਮੌਤ ਖੇਡ ਏਧਰ, ਦਿਲਾਂ ਵਿੱਚ ਸੀ ਸਹਿਮ ਵਿਚਾਰ ਓਧਰ
ਅੱਖਾਂ ਵਿਚ ਸੀ ਗੁਰੂ ਕਰਤਾਰ ਏਧਰ, ਨਿਗ੍ਹਾ ਵਿਚ ਸੀ ਨਿਰਾ ਸੰਸਾਰ ਓਧਰ
ਜੁੜੇ ਗੇਣਵੇਂ ਸੀ ਜਾਂ-ਨਿਸਾਰ ਏਧਰ, ਧਾੜ ਮਾਂਗਵੀਂ ਸੀ ਡੀਹ ਹਜ਼ਾਰ ਓਧਰ

ਸਿੱਖਾਂ ਲਈ ਸੀ ਦੇਸ਼ ਦੀ ਕਾਰ ਏਧਰ, ਹੈਸੀ ਜ਼ੁਲਮ ਦਾ ਨਿਰਾ ਵਿਹਾਰ ਓਧਰ
ਹੈ ਸੀ ਜੋਸ਼ ਦੇ ਵਿੱਚ ਉਪਕਾਰ ਏਧਰ, ਨੱਚ ਰਿਹਾ ਸੀ ਅੱਤਿਆਚਾਰ ਓਧਰ
'ਤੀਰ' ਗੁਰੂ ਸੀ ਰੱਬ ਦਾ ਯਾਰ ਏਧਰ, ਵੈਰੀ ਰੱਬ ਦੀ ਮੁਗ਼ਲ-ਸਰਕਾਰ ਓਧਰ

### ਅਨੰਦਪੁਰ ਦੇ ਗਿਰਦ ਘਮਸਾਣ (ਵੱਲੋਂ ਕਵੀ)

ਸੁੱਖੀ ਵਸਦੀ ਪੁਰੀ ਅਨੰਦ ਗਿਰਦੇ, ਨਵਾਂ ਮੱਚਿਆ ਫੇਰ ਘਮਸਾਣ ਮੁੜ ਕੇ
ਸੀਸ ਲਹਿਣ ਲੱਗੇ ਵਹਿਣ ਵਹਿਣ ਲੱਗੇ, ਭੋਇੰ ਹੋ ਗਈ ਲਹੂ-ਲੁਹਾਣ ਮੁੜ ਕੇ
ਕੱਟਾ-ਵੱਢ ਦਾ ਗਰਮ ਬਾਜ਼ਾਰ ਹੋਇਆ, ਲੱਗੇ ਸੂਰਮੇ ਜੌਹਰ ਵਿਖਾਣ ਮੁੜ ਕੇ
ਤੇਗ਼ਾਂ ਗੋਪੀਆਂ ਨੱਚੀਆਂ ਰਣ ਅੰਦਰ, ਰਾਸ ਲੱਗੀਆਂ ਨਵੀਂ ਹੀ ਪਾਣ ਮੁੜ ਕੇ
'ਸੱਪ ਉੱਡਣੇ' ਹੋ ਹੋ ਪਏ ਡੰਗਣ, ਫਿਰਨ ਸ਼ੂਕਦੇ ਉਡਦੇ ਬਾਣ ਮੁੜ ਕੇ
ਸ਼ਾਹੀ ਫ਼ੌਜ ਕਰਦੀ ਮਾਰੋ ਮਾਰ ਆਵੇ, ਸਿੱਖ ਸੂਰਮੇ, ਮੂੰਹ ਭਵਾਣ ਮੁੜ ਕੇ
ਲੱਗਣ ਗੋਲੀਆਂ ਜਿਨ੍ਹਾਂ ਦੇ ਗਲੀਂ ਜਾ ਕੇ, ਪਰਲੋ ਤੀਕ ਨਾ ਘਰਾਂ ਨੂੰ ਜਾਣ ਮੁੜ ਕੇ
'ਤੀਰ' ਨਿਕਲਦੇ ਜਿਨ੍ਹਾਂ ਦੀ ਦੇਹ ਵਿਚੋਂ, ਉਨ੍ਹਾਂ ਵਿੱਚ ਨਾ ਪੈਣ ਪ੍ਰਾਣ ਮੁੜ ਕੇ

### ਵੱਲੋਂ ਕਵੀ

ਸ਼ਾਹੀ ਫ਼ੌਜ ਨਾ ਕਿਲ੍ਹੇ ਨੂੰ ਜਿੱਤ ਸੱਕੀ, ਟਿੱਲ ਆਪਣਾ ਸਾਰਾ ਹੀ ਲਾ ਚੁੱਕੀ
ਹੱਲੇ ਕਈ ਕੀਤੇ ਜ਼ੋਰਦਾਰ ਮੁੜ ਮੁੜ, ਕਈ ਤਰ੍ਹਾਂ ਦੇ ਢੰਗ ਬਣਾ ਚੁੱਕੀ
ਰਤਾ ਖ਼ਾਲਸਾ-ਤੇਗ਼ ਨਾ ਗਈ ਜਿੱਤੀ, ਜ਼ੋਰ ਲਾ ਲਾ ਤੇਗ਼ ਖੜਕਾ ਚੁੱਕੀ
ਹਾਰ ਮੰਨ ਕੇ ਬਣੇ ਨਾ ਸਿੱਖ ਗੋਲੇ, ਗੋਲੇ, ਗੋਲੀਆਂ ਖ਼ੂਬ ਵਰ੍ਹਾ ਚੁੱਕੀ
ਸਗੋਂ ਕੀ ਦਸਮੇਸ਼ ਨੂੰ ਜਿੱਤਣਾ ਸੀ, ਜੋਧੇ ਕੀਮਤੀ ਕਈ ਗਵਾ ਚੁੱਕੀ
'ਸ਼ਹਿਰ ਘੇਰ ਲਓ' ਅੰਤ ਸਲਾਹ ਹੋਈ, 'ਤੀਰ' ਅੱਤ ਜਰਵਾਣਿਆਂ ਆ ਚੁੱਕੀ

### ਸ਼ਾਹੀ ਫ਼ੌਜ ਦਾ ਫ਼ੈਸਲਾ

ਗਿਣ ਮਿੱਥ ਕੇ ਫ਼ੈਸਲਾ ਇਹ ਹੋਇਆ, ਕੋਈ ਦਿਲ ਤੋਂ ਗੱਲ ਭੁਲਾਏ ਨਾਹੀਂ
ਘੇਰਾ ਪੁਰੀ ਅਨੰਦ ਨੂੰ ਪਏ ਪੱਕਾ, ਅੰਦਰ ਅੰਨ ਦਾਣਾ ਮੂਲ ਜਾਏ ਨਾਹੀਂ
ਆਪੋ ਆਪਣੀ ਥਾਂ ਹੁਸ਼ਿਆਰ ਸਾਰੇ, ਕੋਈ ਕੀਮਤੀ ਸਮਾਂ ਗਵਾਏ ਨਾਹੀਂ
ਦਿਨੇ ਅੱਖ ਰੱਖੋ ਰਾਹਾਂ ਸਾਰਿਆਂ 'ਤੇ, ਰਾਤੀਂ ਭੁੱਲ ਕੋਈ ਅੱਖ ਲਾਏ ਨਾਹੀਂ
ਜਿਹੜਾ ਨਿਗ੍ਹਾ ਆਵੇ ਵੱਢੋ ਥਾਂ ਉੱਤੇ, ਸਿੱਖ ਏਸ ਪਾਸੇ ਮੂਲੋਂ ਆਏ ਨਾਹੀਂ
'ਤੀਰ' ਕਿਸੇ 'ਤੇ ਨਹੀਂ ਇਤਬਾਰ ਸਾਡਾ, ਕੋਈ ਕਿਸੇ ਕੋਲੋਂ ਧੋਖਾ ਖਾਏ ਨਾਹੀਂ

### ਸ਼ਾਹੀ ਫ਼ੌਜ ਦੇ ਆਗੂ ਫੇਰ ਕਹਿੰਦੇ ਹਨ

ਮੁੱਕ ਜਾਇਗੀ ਜਦੋਂ ਖ਼ੁਰਾਕ ਅੰਦਰ, ਹੋ ਜਾਣਗੇ ਸਿੱਖ ਲਾਚਾਰ ਆਪੇ

ਜਦੋਂ ਖਾਣ ਨੂੰ ਮੂਲ ਨਾ ਕੁੱਝ ਲੱਭਾ, ਮੰਨ ਲੈਣਗੇ ਹਾਰ ਕੇ ਹਾਰ ਆਪੇ
ਜਦੋਂ ਮਾਰਿਆ ਜਾ ਅਸਾਂ ਭੁੱਖਿਆਂ ਨੂੰ, ਰੱਖ ਦੇਣਗੇ ਝੱਟ ਹਥਿਆਰ ਆਪੇ
ਮੰਨੇ ਫੇਰ ਵੀ ਨਾ ਤਾਂ ਸਹਿ ਭੁੱਖਾਂ, ਮਰ ਜਾਣਗੇ ਇਹ ਆਖ਼ਰਕਾਰ ਆਪੇ
ਅੰਤ ਇਉਂ ਹੋ ਜਾਇਗੀ ਜਿੱਤ ਸਾਡੀ, ਨਿਉਂ ਜਾਣਗੇ ਗੁਰੂ ਦੇ ਯਾਰ ਆਪੇ
'ਤੀਰ' ਭੁੱਖਿਆਂ ਨੂੰ ਅੰਤ ਜਿੱਤ ਲਾਂਗੇ, ਵੈਰੀ ਗੁਰੂ ਨੂੰ ਲਵਾਂਗੇ ਮਾਰ ਆਪੇ

### *ਵੱਲੋਂ ਕਵੀ*

ਭਲਾ ਉਹ ਅਣਜਾਣ ਕੀ ਜਾਣਦੇ ਸੀ, ਅਣਖਵਾਨ ਜੋ ਹੋਣ ਸੰਸਾਰ ਉੱਤੇ
ਆਈ ਮੌਤ ਨੂੰ ਜੱਫੀਆਂ ਪਾਂਵਦੇ ਨੇ, ਢੋਲੇ ਗਾਂਵਦੇ ਨੇ ਸਦਾ ਦਾਰ ਉੱਤੇ
ਦਿਲੀਂ ਜਿਨ੍ਹਾਂ ਪ੍ਰੀਤ ਦੀ ਗੰਢ ਪਾਈ, ਪਏ ਰੀਝ ਜੋ ਸੱਚੇ ਪਿਆਰ ਉੱਤੇ
ਉਹ ਤੇ, ਅੱਗ ਨੂੰ ਵੀ ਸੇਜ ਜਾਣਦੇ ਨੇ, ਨਾਚ ਨੱਚਦੇ ਤੇਜ਼ ਤਲਵਾਰ ਉੱਤੇ
ਜਿਨ੍ਹਾਂ ਆਪਣਾ ਆਪ ਗਵਾ ਦਿੱਤਾ, ਦਿਲੋਂ ਆਸਰਾ ਰੱਖਿਆ ਯਾਰ ਉੱਤੇ
ਉਨ੍ਹਾਂ ਵਾਸਤੇ, ਜੱਗ ਦੀ ਖੇਡ ਮਰਨਾ, ਜਾਨਾਂ ਵਾਰਦੇ ਹੱਸ ਦਿਲਦਾਰ ਉੱਤੇ
ਵਤਨ-ਪ੍ਰੇਮ ਨੂੰ ਜਿਨ੍ਹਾਂ ਅਪਣਾ ਲੀਤਾ, ਲੱਕ ਬੰਨ੍ਹਿਆ ਜਿਨ੍ਹਾਂ ਉਪਕਾਰ ਉੱਤੇ
'ਤੀਰ' ਰੱਖ ਕੇ ਸੀਸ ਹਥੇਲੀਆਂ 'ਤੇ, ਮੌਜਾਂ ਮਾਣਦੇ ਤੇਗ਼ ਦੀ ਧਾਰ ਉੱਤੇ

### *ਘਿਰੇ ਹੋਏ ਖ਼ਾਲਸਾ ਬੀਰਾਂ ਨੇ ਰਾਤੀਂ ਛਾਪੇ ਮਾਰ ਮਾਰ ਕੇ ਸ਼ਾਹੀ ਫ਼ੌਜ ਦੇ ਛੱਕੇ ਛੁੜਾ ਦਿੱਤੇ*

ਘੇਰੇ ਵਿੱਚ ਘੇਰੇ ਸੂਰਬੀਰ ਗੁਰ ਦੇ, ਰੱਤੇ, ਰੋਹ ਅੰਦਰ ਨਿਕਲ ਆਣ ਰਾਤੀਂ
ਸ਼ਾਹੀ ਫ਼ੌਜ ਨੂੰ ਰਹੇ ਨਾ ਹੋਸ਼ ਮਾਸਾ, ਕਾਹਲੀ ਵਿਚ ਐਸਾ ਭੜਥੂ ਪਾਣ ਰਾਤੀਂ
ਛਾਪਾ ਮਾਰ ਕੇ ਫ਼ੌਜ ਦਾ ਅੰਨ ਦਾਣਾ, ਪਲੋ ਪਲੀ ਵਿਚ ਲੁੱਟ ਲੈ ਜਾਣ ਰਾਤੀਂ
'ਤੀਰ' ਕਿਸੇ ਨੂੰ ਕੁਝ ਨਾ ਪਤਾ ਲੱਗੇ, ਹੋਵੇ ਕਹਿਰ ਦਾ ਯੁੱਧ ਘਮਸਾਣ ਰਾਤੀਂ

### *ਦਿਨ ਦੇ ਹੱਲੇ (ਵੱਲੋਂ ਕਵੀ)*

ਅੱਚਨਚੇਤ ਹੀ ਖ਼ਾਲਸਾ ਕਈ ਵਾਰੀ, ਦਿਨੇ ਦੁਸ਼ਮਣਾਂ 'ਤੇ ਪਵੇ ਟੁੱਟ ਰਲ ਕੇ
ਸ਼ਾਹੀ ਫ਼ੌਜ ਪਹਾੜੀਆਂ ਰਾਜਿਆਂ ਨੂੰ, ਚਾੜ੍ਹੇ ਤੇਜ਼ ਤਲਵਾਰ ਦੀ ਕੁੱਟ ਰਲ ਕੇ
ਕਈ ਵਾਰ ਹੋ ਸਿੱਖ ਸ਼ਹੀਦ ਜਾਂਦੇ, ਲੜਨ ਪਰਬਤੀ ਫ਼ੌਜ ਦੇ ਜੁੱਟ ਰਲ ਕੇ
'ਤੀਰ' ਕਈ ਵਾਰੀ ਸਿੱਖ ਲੁੱਟ ਲੈਂਦੇ, ਕਈ ਵਾਰ ਖੋਹ ਲੈਣ ਉਹ ਲੁੱਟ ਰਲ ਕੇ

### *ਵਜ਼ੀਰ ਖ਼ਾਨ ਤੇ ਜ਼ਬਰਦਸਤ ਖ਼ਾਨ ਦਾ ਸੁਨੇਹਾ ਸਤਿਗੁਰਾਂ ਪਾਸ*

ਕੁਝ ਦਿਨਾਂ ਪਿੱਛੋਂ ਦੋਹਾਂ ਸੂਬਿਆਂ ਨੇ, ਖ਼ੂਬ ਦਿਲ ਦੇ ਵਿੱਚ ਵਿਚਾਰ ਕਰਕੇ
ਇਕ ਏਲਚੀ ਭੇਜਿਆ ਗੁਰਾਂ ਵੱਲੇ, ਸਾਰੀ ਗੱਲ ਸਮਝਾ ਹੁਸ਼ਿਆਰ ਕਰਕੇ

ਪੁੱਜਾ ਓਹ ਸਤਿਗੁਰਾਂ ਦੇ ਪਾਸ ਆ ਕੇ, ਬੈਠਾ ਸਾਹਿਬਾਂ ਨੂੰ ਨਿਮਸ਼ਕਾਰ ਕਰਕੇ
'ਤੀਰ' ਸੂਬਿਆਂ ਵੱਲੋਂ ਉਹ ਕਹਿਣ ਲੱਗਾ, ਗੱਲ ਗੱਲ ਵਿੱਚ ਮਾਣ ਟੰਗਾਰ ਕਰਕੇ

### ਏਲਚੀ ਵੱਲੋਂ ਦਸਮੇਸ਼ ਜੀ ਨੂੰ ਸੂਬਿਆਂ ਦਾ ਸੁਨੇਹਾ

ਸੁਣੋ ਗੁਰੂ ਜੀ ਆਖਿਆ ਸੂਬਿਆਂ ਨੇ, ਕਾਹਨੂੰ ਨਿੱਤ ਦੇ ਦੁੱਖ ਸਹਾਰਦੇ ਓ
ਫ਼ੌਜ ਨਹੀਂ ਇਹ ਕੋਈ ਪਹਾੜੀਆਂ ਦੀ, ਜਿਹਨੂੰ ਅੱਜ ਤੋੜੀ ਰਹੇ ਮਾਰਦੇ ਓ
ਔਰੰਗਜ਼ੇਬ ਗ਼ਾਜ਼ੀ ਦੀ ਇਹ ਫ਼ੌਜ ਹੈ ਜੇ, ਜਿਹਨੂੰ ਉਠ ਕੇ ਪਏ ਵੰਗਾਰਦੇ ਓ
ਉਹਨੂੰ ਕੁਲ ਵਲਾਇਤਾਂ ਮੰਨ ਰਹੀਆਂ, ਤੁਸੀਂ ਵੈਰ ਵਿਰੋਧ ਪਏ ਧਾਰਦੇ ਓ
ਪਾਤਸ਼ਾਹ ਦੇ ਨਾਲ ਮੁਕਾਬਲੇ ਕੀ, ਏਨੀ ਗੱਲ ਨਾ ਤੁਸੀਂ ਵਿਚਾਰਦੇ ਓ
ਇਹ ਤਾਂ ਮੰਨਿਆ ਬੜੇ ਹੋ ਅਣਖ ਵਾਲੇ ਅਤੇ ਰੱਜ ਕੇ ਧਨੀ ਤਲਵਾਰ ਦੇ ਓ
ਐਪਰ ਗੱਲ ਸਾਨੂੰ ਤੁਸੀਂ ਇਹ ਦੱਸੋ, ਜੰਗ ਵਿੱਢ ਕੇ ਕੀ ਸਵਾਰਦੇ ਓ
ਅਸੀਂ ਆਪ ਨੂੰ ਕੁਝ ਨਾ ਆਖਦੇ ਹਾਂ, ਤੁਸੀਂ ਨੀਤ ਜੇ ਮੇਲ ਦੀ ਧਾਰਦੇ ਓ
ਉਨਾ ਚਿਰ ਨਸੀਬ ਨਹੀਂ ਚੈਨ ਹੋਣਾ, ਜਿੰਨਾ ਚਿਰ ਇਹ ਹੱਠ ਨਾ ਹਾਰਦੇ ਓ
'ਤੀਰ' ਇਹ ਵੀ ਭਾਂਵਦਾ ਨਹੀਂ ਸਾਨੂੰ, ਨਵਾਂ ਮੱਤ ਜੋ ਪਏ ਪਰਚਾਰਦੇ ਓ

### ਏਲਚੀ ਫਿਰ ਕਹਿੰਦਾ ਹੈ

ਸੋਚੋ ਗੁਰੂ ਜੀ ਇਸ ਤਰ੍ਹਾਂ ਨਾਲ ਸਾਡੇ, ਰੋਜ਼ ਯੁੱਧ ਮਚਾਣ ਦਾ ਲਾਭ ਕੀ ਏ
ਰਾਈ, ਪਰਬਤਾਂ ਦੇ ਅੱਗੇ ਚੀਜ਼ ਕੀ ਏ, ਉਹਦਾ ਮਾਣ ਵਿੱਚ ਆਣ ਦਾ ਲਾਭ ਕੀ ਏ
ਕੀ ਮੁਕਾਬਲਾ ਕੀੜਿਆਂ ਹਾਥੀਆਂ ਦਾ, ਐਵੇਂ ਜਾਨ ਗਵਾਣ ਦਾ ਲਾਭ ਕੀ ਏ
'ਤੀਰ' ਨਾਲ ਹਕੂਮਤਾਂ ਮੇਲ ਚੰਗਾ, ਦੱਸੋ ਵੈਰ ਵਧਾਣ ਦਾ ਲਾਭ ਕੀ ਏ

### ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਅਣਖ ਜੋਸ਼ ਵਿਚ ਆ ਗਈ

ਸੁਣ ਰਹੇ ਸੀ ਕੋਲ ਅਜੀਤ ਸਿੰਘ ਜੀ, ਗੱਲ ਸੁਣਦਿਆਂ ਹੀ ਰੂਪ ਕਾਲ ਹੋਏ
ਅਣਖ ਜਾਗ ਉਠੀ ਝੱਟ ਵਿਚ ਸੀਨੇ, ਚਿਹਰਾ ਭੱਖਿਆ ਪੈਂਦਾ ਜਲਾਲ ਹੋਏ
ਬੋਲੇ ਗੱਜ ਕੇ ਇਸ ਤਰ੍ਹਾਂ ਏਲਚੀ ਨੂੰ, ਮੈਥੋਂ ਜਰਨ ਨਾ ਤੇਰਾ ਖ਼ਿਆਲ ਹੋਏ
'ਤੀਰ' ਕੁਦ ਕੇ ਸਾਹਮਣੇ ਖੜ੍ਹੇ ਹੋ ਗਏ, ਤੇਗ਼ ਸੂਤ ਲੀਤੀ ਲਾਲੋ-ਲਾਲ ਹੋਏ

### ਸਾਹਿਬਜ਼ਾਦਾ ਅਜੀਤ ਸਿੰਘ ਜੀ ਏਲਚੀ ਨੂੰ ਕਹਿੰਦੇ ਹਨ

ਲੱਗੇ ਗੱਜ ਕੇ ਕਹਿਣ ਅਜੀਤ ਸਿੰਘ ਜੀ, ਬਾਜ਼ ਆ ਨਹੀਂ ਤਾਂ ਲੇਖੇ ਲਾ ਦਿਆਂਗਾ
ਕਰ ਲੈ ਬੰਦ ਜ਼ਬਾਨ, ਸ਼ੈਤਾਨ ਛੇਤੀ, ਨਹੀਂ ਤੇ ਵੱਢ ਕੇ, ਹੁਣੇ ਗਵਾ ਦਿਆਂਗਾ
ਦੌੜ ਹੁਣੇ ਏਥੋਂ ਨਹੀਂ ਤੇ ਯਾਦ ਰੱਖੀ, ਹੁਣੇ ਮੌਤ ਦੇ ਰਾਹ 'ਤੇ ਪਾ ਦਿਆਂਗਾ
ਦੂਰ ਹੋ ਪਾਪੀ ਹੁਣੇ ਅੱਖੀਆਂ ਤੋਂ, ਨਹੀਂ ਤਾਂ ਅੱਖੀਆਂ ਹੁਣੇ ਕਢਵਾ ਦਿਆਂਗਾ

ਬਹੁਤਾ ਸਿਰੇ ਨਾ ਚੜ੍ਹ ਹੰਕਾਰ ਕਰਕੇ, ਤੇਗ਼ ਮਾਰ ਕੇ ਸਿਰ ਉਡਾ ਦਿਆਂਗਾ
ਪਿਤਾ ਗੁਰੂ ਦੀ ਨਿੰਦਿਆ ਕਰਨ ਵਾਲਾ, 'ਤੀਰ' ਜੱਗ ਤੋਂ ਮੂੰਹ ਮਿਟਾ ਦਿਆਂਗਾ

### ਸ੍ਰੀ ਅਜੀਤ ਸਿੰਘ ਜੀ ਫੇਰ ਕਹਿੰਦੇ ਹਨ

ਵੇਖ ਸਤਿਗੁਰੂ ਹੈਣ ਸਿਰਤਾਜ ਸਾਡੇ, ਅਸੀਂ ਸਦਾ ਹਾਂ ਇਹਨਾਂ 'ਤੇ ਮਾਣ ਕਰਦੇ
ਸਾਂਝੇ ਸੱਭ ਦੇ ਰੱਬ ਦੇ ਰੂਪ ਪੂਰੇ, ਹੈਣ ਜੱਗ ਦੀ ਪਏ ਕਲਿਆਣ ਕਰਦੇ
ਦੀਨ ਦੇਸ਼ ਦੇ ਵਾਸਤੇ ਅੱਜ ਇਹੋ, ਵਾਰੇ ਆਪਣੇ ਹੈਣ ਪਰਾਣ ਕਰਦੇ
ਜਿਹੜੇ ਇਨ੍ਹਾਂ ਦੇ 'ਤੀਰ' ਨੂੰ ਜਾਣਦੇ ਨਹੀਂ, ਉਹੋ ਇਉਂ ਨੇ ਮਾਣ ਅੰਜਾਣ ਕਰਦੇ

### ਅਨੰਦਪੁਰ ਦਾ ਘੇਰਾ ਹੋਰ ਪੱਕਾ ਕੀਤਾ ਗਿਆ (ਵੱਲੋਂ ਕਵੀ)

ਗਿਆ ਏਲਚੀ ਇਸ ਤਰ੍ਹਾਂ ਝਾੜ ਖਾ ਕੇ, ਦੱਸੇ ਸਭ ਸਵਾਲ ਜਵਾਬ ਹੋਏ
ਸੁਣੀ ਗੱਲ ਤਾਂ ਕਾਲਜੇ ਸੱਲ ਹੋਏ, ਸੜ-ਭੁੱਜ ਨਵਾਬ ਕਬਾਬ ਹੋਏ
ਦਿੱਤਾ ਹੁਕਮ ਘੇਰਾ ਹੋਰ ਕਰੋ ਪੱਕਾ, ਦੂਣਾ ਇਨ੍ਹਾਂ ਨੂੰ ਵੱਧ ਅਜ਼ਾਬ ਹੋਏ
'ਤੀਰ' ਜਦੋਂ ਤੋੜੀਂ ਇਹ ਨਾ ਸੱਰ ਹੋਵਣ, ਉਦੋਂ ਤੀਕ ਨਾ ਸੱਰ ਪੰਜਾਬ ਹੋਏ

### ਘਿਰੇ ਹੋਏ ਅਨੰਦਪੁਰ ਉੱਤੇ ਜਿੱਤ ਦੇ ਹੱਲੇ (ਵੱਲੋਂ ਕਵੀ)

ਕਈ ਰੋਜ਼ ਇਹ ਰਿਹਾ ਘਮਸਾਣ ਏਦਾਂ, ਵੈਰੀ ਨਿੱਤ ਕਚੀਚੀਆਂ ਖਾ ਆਏ
ਤੋਪਾਂ ਗੋਲੀਆਂ ਦੀ ਮਾਰੋ-ਮਾਰ ਹੋਈ, ਦਲ ਬੱਦਲਾਂ ਵਾਂਗ ਉਮਡਾ ਆਏ
ਨੇਜ਼ੇ ਬਰਛੀਆਂ ਆਂਵਦੇ ਬੰਨ੍ਹ ਪਾਲਾਂ, ਫੱਨ ਜਿਸ ਤਰ੍ਹਾਂ ਨਾਗ ਫੈਲਾ ਆਏ
ਤੇਗਾਂ ਰੱਤ ਭਰੀਆਂ ਏਦਾਂ ਲਾਲ ਹੋਈਆਂ, ਜਿਵੇਂ ਪਾਨ ਸ਼ੁਕੇ, ਬਾਂਕੇ ਖਾ ਆਏ
ਖੰਡੇ ਖੜਕਦੇ ਚਮਕਦੇ ਇਉਂ ਜਾਪਣ, ਤਾਰੇ ਟੁੱਟ ਜਿਉਂ ਭੋਂ ਨੂੰ ਧਾ ਆਏ
ਚੱਕਰ ਚੱਲਦੇ ਇਉਂ ਅਕਾਲੀਆਂ ਦੇ, ਸੂਰਜ ਸੈ ਜਿਉਂ ਪਾਲ ਬਣਾ ਆਏ
'ਤੀਰ' ਸ਼ੂਕਦੇ ਜਾਪਦੇ ਵਾਂਗ ਨਾਗਾਂ, ਨੁੱਕੇ ਜ਼ਹਿਰ ਦੇ ਡੰਗ ਵਧਾ ਆਏ

### ਰਣਖੇਤ ਦਾ ਨਜ਼ਾਰਾ (ਵੱਲੋਂ ਕਵੀ)

ਇੱਕ ਦੂਸਰੇ 'ਤੇ ਵਾਰ ਕਰਨ ਸਾਰੇ, ਸੱਟ ਕਿਸੇ ਪਾਸੇ ਚਾਲ ਕਿਸੇ ਪਾਸੇ
ਸਿਰ ਧੜਾਂ ਤੋਂ ਉੱਤਰੇ ਪਏ ਥਾਂ ਥਾਂ, ਮਿੱਝ ਕਿਸੇ ਪਾਸੇ ਵਾਲ ਕਿਸੇ ਪਾਸੇ
ਵਢੀ ਬਾਂਹ ਤੇ ਡਿੱਗ ਪਈ ਹੱਥ ਵਿਚੋਂ, ਤੇਗ਼ ਕਿਸੇ ਪਾਸੇ ਢਾਲ ਕਿਸੇ ਪਾਸੇ
ਕੁੱਦਣ ਬੀਰ ਬਾਂਕੇ ਮੱਚੇ ਰਣ ਅੰਦਰ, ਧਾਵਾ ਕਿਸੇ ਪਾਸੇ ਛਾਲ ਕਿਸੇ ਪਾਸੇ
ਵਾਂਗ ਬੂਟਿਆਂ ਜਾਣ ਸਰੀਰ ਛਾਂਗੇ, ਪੱਤ ਕਿਸੇ ਪਾਸੇ ਡਾਲ ਕਿਸੇ ਪਾਸੇ
'ਤੀਰ' ਪਏ ਸੰਭਾਲਦੇ ਫਿਰਨ ਜਾਨਾਂ, ਹੋਣੀ ਕਿਸੇ ਪਾਸੇ ਕਾਲ ਕਿਸੇ ਪਾਸੇ

### ਹੋਰ ਨਜ਼ਾਰਾ (ਵੱਲੋਂ ਕਵੀ)

ਬੀਰ ਗੱਜਦੇ ਸੱਜਦੇ ਜੰਗ ਅੰਦਰ, ਛਾਤੀ ਡਰੂ ਦੀ ਧੜਕਦੀ ਪਈ ਜਾਪੇ
ਦਲ ਗੱਜਦੇ ਬੱਦਲਾਂ ਵਾਂਗ ਜਾਪਣ, ਤੇਗ਼ ਬਿੱਜਲੀ ਕੜਕਦੀ ਪਈ ਜਾਪੇ
ਤੋਪ ਧਰਤ ਦੀ ਪਈ ਹਲਾਏ ਛਾਤੀ, ਗੋਦੀ ਦਲਾਂ ਨੂੰ ਤੜਕਦੀ ਪਈ ਜਾਪੇ
ਖੰਡੇ ਧੜ ਜਾਪਣ ਖੰਡ ਖੰਡ ਕਰਦੇ, ਮਛੀ ਵਾਂਗ ਦੇਹ ਤੜਫ਼ਦੀ ਪਈ ਜਾਪੇ
ਚਮਕ ਸ਼ਸਤਰਾਂ ਦੀ ਮੱਚੇ ਰਣ ਅੰਦਰ, ਅੱਗ ਕਹਿਰ ਦੀ ਭੜਕਦੀ ਪਈ ਜਾਪੇ
ਤਾਲ ਢਾਲ 'ਚੋਂ ਨਿਕਲਦੇ ਬੀਰਤਾ ਦੇ, ਤੇਗ਼ ਤੇਗ਼ 'ਤੇ ਖੜਕਦੀ ਪਈ ਜਾਪੇ
ਰੂਹ ਕਿਸੇ ਦੀ ਦੇਹ 'ਚੋਂ ਨਿਕਲ ਦੌੜੇ, ਕੋਈ ਦੇਹ ਵਿਚ ਫੜਕਦੀ ਪਈ ਜਾਪੇ
ਛਾਤੀ ਕਿਸੇ ਦੀ ਲਹੂ-ਲੁਹਾਨ ਵਿੱਚੋਂ, ਅਣੀ 'ਤੀਰ' ਦੀ ਰੜਕਦੀ ਪਈ ਜਾਪੇ

### ਸਿੱਖਾਂ ਦੀ ਬਹਾਦਰੀ (ਵੱਲੋਂ ਕਵੀ)

ਸ਼ਾਹੀ ਫ਼ੌਜ ਭਾਵੇਂ ਹੱਦੋਂ ਵੱਧ ਹੈਸੀ, ਐਪਰ ਲੋੜ੍ਹ-ਹੱਥੇ ਲਾਏ ਤਾਣ ਸਿੰਘਾਂ
ਸ੍ਰੀ ਸਾਹਿਬ ਨੂੰ ਪੂਜਿਆ ਰਣ ਅੰਦਰ, ਕਰ ਰੱਤ ਵਿੱਚ ਲਹੂ-ਲੁਹਾਣ ਸਿੰਘਾਂ
ਕਣਕ ਵਾਂਗ ਧਰ ਕੇ, ਸ਼ਾਹੀ ਫ਼ੌਜ ਵੱਢੀ, ਬਾਈਧਾਰ ਦਾ ਤੋੜਿਆ ਮਾਣ ਸਿੰਘਾਂ
ਜਿਹੜਾ ਸਾਹਮਣੇ ਆ ਗਿਆ ਲੜਨ ਖ਼ਾਤਰ, ਦਿੱਤਾ ਬੱਚ ਕੇ ਮੂਲ ਨਾ ਜਾਣ ਸਿੰਘਾਂ
ਰੋਜ਼ ਕਿਲ੍ਹੇ 'ਚੋਂ ਨਿਕਲ ਕੇ ਵਾਢ ਕੀਤੀ, ਲਾਹੇ ਵੈਰੀਆਂ ਦੇ ਖ਼ੂਬ ਘਾਣ ਸਿੰਘਾਂ
ਲੋਹੇ ਵਾਂਗਰਾਂ ਕੁੱਟਿਆ ਦਲ-ਸ਼ਾਹੀ, ਖੰਡੇ ਸੂਤ ਲਏ ਵਾਂਗ ਵਦਾਣ ਸਿੰਘਾਂ
ਕੀਤੀ ਛਾਨਣੀ ਛਾਨਣੀ ਫ਼ੌਜ ਸਾਰੀ, ਬਾਈਧਾਰ ਭੁੰਨੀ ਵਾਂਗ ਧਾਣ ਸਿੰਘਾਂ
ਧੁੰਮ ਮੱਚ ਗਈ ਏਸ ਬਹਾਦਰੀ ਦੀ, ਪਾਲੀ ਰਣ ਅੰਦਰ ਅਣਖ ਆਣ ਸਿੰਘਾਂ
ਤੇਗ਼ਾਂ ਤਿੱਖੀਆਂ ਕੀਤੀਆਂ ਲਾ ਲਾ ਕੇ, ਧੜ ਵੈਰੀਆਂ ਦੇ ਜਾਣ ਸਾਣ ਸਿੰਘਾਂ
ਵੱਢੀ ਜ਼ੁਲਮ ਦੀ ਖੇਤਰੀ ਡੰਝ ਲਾਹ ਕੇ, ਸੱਥਰ ਪਾ ਦਿੱਤੇ ਵਾਹ ਵਾਹ ਬਾਣ ਸਿੰਘਾਂ
ਮਾਣ ਜਿਨ੍ਹਾਂ ਦੇ ਕਾਲਜੀਂ ਨੱਚਦੇ ਸੀ, ਕੱਢੇ ਉਨ੍ਹਾਂ ਦੇ ਖ਼ੂਬ ਪ੍ਰਾਣ ਸਿੰਘਾਂ
'ਤੀਰ' ਗਾਜ਼ੀਆਂ ਅਤੇ ਪਹਾੜੀਆਂ ਨੂੰ, ਕਿਤੇ ਪੈਰ ਵੀ ਨਾ ਦਿੱਤੇ ਲਾਣ ਸਿੰਘਾਂ

### ਜੰਗ ਵਿਚ ਅਨੋਖੀ ਝਾਕੀ (ਵੱਲੋਂ ਕਵੀ) ਦਵੱਯਾ ਛੰਦ

ਏਦਾਂ ਜਦੋਂ ਅਨੰਦਪੁਰ ਗਿਰਦੇ, ਮੱਚਿਆ ਘੱਲੂ-ਘਾਰਾ
ਰਣ ਤੱਤੇ ਵਿਚ ਜੁੱਟ ਖਲੋਤੀ, ਰਲ-ਮਿਲ ਪਰਬਤ ਧਾਰਾ
ਜਦੋਂ ਇਸ ਤਰ੍ਹਾਂ, ਤੇਗ਼ ਕਲਮ ਨੇ, ਚਿੱਤਰ ਅਨੋਖੇ ਵਾਹੇ
ਹਰ ਇਕ ਧਿਰ ਨੇ ਖੰਡੇ ਵਾਹ ਵਾਹ, ਆਹੂ ਰਜ ਰਜ ਲਾਹੇ
ਲੋਥਾਂ ਉੱਤੇ ਲੋਥਾਂ ਚੜ੍ਹੀਆਂ, ਥਾਂ ਥਾਂ ਚਾਰ-ਚੁਫ਼ੇਰੇ
ਸਨ ਤੜਫ਼ਦੇ, ਫੱਟੜ ਥਾਂ ਥਾਂ, ਤੜਫ਼ਣ ਜਿਵੇਂ ਬਟੇਰੇ

ਲੱਤਾਂ, ਬਾਂਹਵਾਂ ਸਿਰ, ਧੜ ਵਿਛੜੇ, ਇੱਕ ਦੂਜੇ ਦੇ ਨਾਲੋਂ
ਵਿਛੜੀ ਤੇਗ਼ ਪਈ ਰੱਤ-ਰੰਗੀ, ਅਡਰੀ ਹੋ ਕੇ ਢਾਲੋਂ
ਇੱਲਾਂ, ਕਾਂ ਉੱਡਣ ਪਏ ਉੱਤੇ, ਮਾਸ ਖਾਣ ਲਈ ਆਏ
ਬੀਰ, ਸੂਰਮੇ ਅਣਖਾਂ ਵਾਲੇ, ਤੇਗ਼ਾਂ-ਮਾਰ ਸੁਆਏ
ਨਾਲ ਸਿੱਖ ਦੇ ਤੁਰਕ ਤੜਫ਼ਦਾ, ਐਸੀ ਟੁਰੀ ਕਹਾਣੀ
ਦੋ ਮੂੰਹਾਂ 'ਚੋਂ ਸਾਂਝੀ ਨਿਕਲੇ, ਹਾ ਪਾਣੀ! ਹਾ ਪਾਣੀ!!
ਸੁੱਕੇ ਬੁਲ੍ਹ ਉੱਤਰੀਆਂ ਅੱਖਾਂ, ਪ੍ਰਾਣ ਦੁਹਾਂ ਦੇ ਟੁੱਟਦੇ
ਘੁੱਟ ਪਾਣੀ ਬਿਨ ਰਣ ਦੇ ਅੰਦਰ, ਜਾਂਦੇ ਸਾਸ ਨਿਖੁਟਦੇ
ਏਸ ਸਮੇਂ ਕੱਟ ਵਢ ਦੇ ਅੰਦਰ, ਵੇਖੋ ਅਜਬ ਨਜ਼ਾਰਾ
ਪਾਣੀ ਪਿਆ ਪਿਲਾਵੇ ਸਭ ਨੂੰ, ਇਕ ਸਭਨਾਂ ਦਾ ਪਿਆਰਾ
ਮੈਲੀ ਕੱਛ, ਪੱਗ ਸਿਰ ਪਾਟੀ, ਚੋਲਾ ਭਿੱਜਾ ਹੋਇਆ
ਜੀਵਣ ਜੋਗਾ ਇਕ ਅਨੋਖਾ, ਦਰਦਾਂ ਅੰਦਰ ਮੋਇਆ
'ਤੂੰ ਹੀ ਤੂੰ ਏਂ' ਤੂੰ ਹੀ ਤੂੰ ਏਂ, ਮੂੰਹ ਤੋਂ ਪਲ ਪਲ ਗਾਵੇ
'ਤੂੰ ਹੀ ਤੂੰ' ਕਹਿ ਹਰ ਫੱਟੜ ਨੂੰ, ਪਾਣੀ ਪਿਆ ਪਿਲਾਵੇ
ਸਿੱਖ ਵੀ ਤੂੰ ਹਿੰਦੂ ਵੀ ਤੂੰ ਹੀਂ, ਤੂੰ ਹੀਂ ਹਰ ਰੰਗ ਅੰਦਰ
ਤੂੰ ਹੀਂ ਸੁਲ੍ਹਾ-ਸਫ਼ਾਈਆਂ ਅੰਦਰ, ਤੂੰ ਹੀ ਤੂੰ ਜੰਗ ਅੰਦਰ
ਪਾਣੀ! ਹਾ ਪਾਣੀ ਦੀ ਜਿਧਰੋਂ ਸੱਦ ਏਸ ਨੂੰ ਆਵੇ
ਭੱਜ ਪਹੁੰਚਦਾ ਓਸੇ ਥਾਵੇਂ, ਢਿੱਲ ਰਤਾ ਨਾ ਲਾਵੇ
ਮਰਦੇ ਦੇ ਮੂੰਹ ਪਾ ਕੇ ਪਾਣੀ, ਮੁਰਦਾ ਕਰ ਦਏ ਜੀਂਦਾ
ਲੱਖ ਲੱਖ ਦਏ ਅਸੀਸਾਂ ਇਸਨੂੰ, ਜੋ ਜੋ ਪਾਣੀ ਪੀਂਦਾ
ਏਦਾਂ ਇਹ ਰੰਗ-ਰੱਤਾ ਪਿਆਰਾ, ਸਾਂਝੀ ਟਹਿਲ ਕਮਾਵੇ
ਸਿੱਖ ਤੁਰਕ ਨੂੰ ਬਾਝ ਵਿਤਕਰੇ, ਪਾਣੀ ਪਿਆ ਪਿਲਾਵੇ
ਜਾਂ ਕੋਈ ਪੀ ਪਾਣੀ ਇਸ ਤੋਂ, ਅੱਖ ਪੁੱਟੇ ਇਕ ਵਾਰੀ
ਰੂਹ ਏਸ ਦੀ ਦਰਦਾਂ-ਭਿੱਜੀ, ਸਦਕੇ ਹੋਵੇ ਸਾਰੀ
ਮੋਢੇ ਮਸ਼ਕ, ਗਲਾਸ ਹੱਥਾਂ ਵਿਚ, ਸੇਵਾ ਕਰਦਾ ਜਾਵੇ
ਪਾਣੀ ਦੇ ਤ੍ਰਿਹਾਇਆਂ ਤਾਈਂ, ਦਿਲ ਤੋਂ ਠਰਦਾ ਜਾਵੇ
ਓਧਰ ਤਾਂ ਤਲਵਾਰਾਂ ਖੜਕਣ, ਚਮਕਣ ਨੇਜੇ ਭਾਲੇ
ਏਧਰ ਇਹ ਅਨੋਖਾ ਸੇਵਕ, ਫ਼ਰਜ਼ ਅਨੋਖਾ ਪਾਲੇ
'ਤੀਰ' ਸਿੱਖ ਇਕ ਵੇਖ ਰਿਹਾ ਸੀ, ਅੱਖੀਂ ਏਹ ਨਜ਼ਾਰਾ
ਪਾਣੀ ਵੇਖ ਤੁਰਕ ਨੂੰ ਦੇਂਦਾ, ਕੋਲੇ ਹੋ ਗਿਆ ਸਾਰਾ

## ਇਕ ਸਿੱਖ ਨੇ ਦਸਮੇਸ਼ ਜੀ ਪਾਸ ਸ਼ਿਕਾਇਤ ਕਰਨੀ

ਉਹ ਇਹ ਸੇਵਾ ਜਰ ਨਾ ਸੱਕਿਆ, ਭੇਦ ਪਛਾਣ ਨਾ ਸੱਕਿਆ
ਸੱਚੇ ਸਿੱਖ ਦੀ ਸੱਚੀ ਸੇਵਾ, ਭੋਲਾ ਜਾਣ ਨਾ ਸੱਕਿਆ
ਭੱਜਾ ਆਇਆ ਰੋਹ ਵਿਚ ਭਰਿਆ, ਆ ਕੇ ਅਰਜ਼ ਗੁਜ਼ਾਰੇ
ਅੰਤਰਜਾਮੀ! ਕੀ ਮੈਂ ਦੱਸਾਂ, ਕੀ ਹੋ ਰਹੇ ਨੇ ਕਾਰੇ
ਸਿੱਖ ਆਪਦਾ, ਭਾਈ ਸਾਡਾ, ਗੁਰ-ਘਰ ਅੰਦਰ ਪਲਿਆ
ਮੈਨੂੰ ਜਾਪੇ ਅੱਜ ਲਾਲਚੀ, ਨਾਲ ਦੁਸ਼ਮਣਾਂ ਰਲਿਆ
ਮੋਢੇ ਮਸ਼ਕ ਉਠਾਈ ਉਸਨੇ, ਮੂੰਹ ਤੋਂ 'ਤੂੰ ਤੂੰ' ਗਾਵੇ
ਸਿੱਖ ਦੇ ਨਾਲ ਤੁਰਕ ਨੂੰ ਐਪਰ, ਪਾਣੀ ਪਿਆ ਪਿਲਾਵੇ
ਮਾਰਨ ਰਣ ਵਿੱਚ ਸਿੱਖ ਜਿਨ੍ਹਾਂ ਨੂੰ, ਉਨ੍ਹਾਂ ਨੂੰ ਉਹ ਜੀਵਾਵੇ
ਹੁਕਮ ਆਪ ਦਾ ਬਿਪਤਾ ਵੇਲੇ, ਇਉਂ ਅਦੂਲੀ ਜਾਵੇ
ਜੇਕਰ ਉਹ ਇਸ ਤਰ੍ਹਾਂ ਏਥੇ, ਕਹਿਰ ਰਿਹਾ ਵਰਤਾਂਦਾ
ਮੇਰੀ ਗੱਲ ਲਕੀਰ ਪੱਥਰ 'ਤੇ, ਰਣ ਨਹੀਂ ਜਿੱਤਿਆ ਜਾਂਦਾ
ਮਿਹਰ ਕਰੋ ਸਮਝਾਵੋ ਉਸਨੂੰ, ਕੁਝ ਤੇ ਸੋਚ ਦੁੜਾਵੇ
ਵੈਰੀ ਤਾਈਂ ਪਿਆ ਕੇ ਪਾਣੀ, ਅੱਗ ਨਾ ਸਾਨੂੰ ਲਾਵੇ
'ਤੀਰ' ਇਸ ਤਰ੍ਹਾਂ ਸਿੱਖ ਜਦੋਂ ਉਹ, ਸਤਿਗੁਰ ਅੱਗੇ ਰੋਇਆ
ਜਾਣੀ-ਜਾਣ ਵੱਲੋਂ ਤਦ ਏਦਾਂ, ਹੁਕਮ ਅਨੋਖਾ ਹੋਇਆ

## ਦਸਮੇਸ਼ ਜੀ ਦੇ ਹੁਕਮ ਕਰਨ 'ਤੇ ਸਿੱਖ ਪਾਣੀ ਪਿਲਾਉਣ ਵਾਲੇ ਸਿੱਖ ਨੂੰ ਫੜ ਲਿਆਉਂਦੇ ਹਨ

ਚੋਜੀ ਸ੍ਰੀ ਸਤਿਗੁਰ ਜੀ ਬੋਲੇ, ਝੱਟ-ਪੱਟ ਸਿੱਖੋ ਜਾਵੋ
ਕੌਣ ਸਿੱਖ ਤੇ ਕੀ ਹੈ ਕਰਦਾ? ਵੇਖੋ! ਪਕੜ ਲਿਆਵੋ
ਪਰ ਨਾ ਹੋਏ ਨਿਰਾਦਰ ਉਸਦਾ, ਇਹ ਗੱਲ ਨਾ ਭੁੱਲ ਜਾਣੀ
ਸੁਣਦੇ ਹਾਂ ਅੱਜ ਉਸਦੇ ਪਾਸੋਂ, ਉਸਦੀ ਰਾਮ-ਕਹਾਣੀ
ਦੌੜੇ ਸਿੱਖ ਗਏ ਉਸ ਪਾਸੇ, ਕਾਹਲੀ ਕਾਹਲੀ ਧਾਏ
ਜੋ ਸੀ ਪਿਆ ਪਿਲਾਂਦਾ ਪਾਣੀ, ਫੜ ਉਸਨੂੰ ਲੈ ਆਏ
ਕੀਤਾ ਪੇਸ਼ ਹਜ਼ੂਰੀ ਅੰਦਰ, ਦੋਸ਼ੀ ਚੋਰ ਬਣਾ ਕੇ
ਹੱਥ ਜੋੜ ਸਭ ਆਖਣ ਲੱਗੇ, ਪੱਲੇ ਗਲ ਵਿਚ ਪਾ ਕੇ
ਜਾਣੀ-ਜਾਣ ਵੇਖਿਆ ਜਾ ਕੇ, ਅਪਣੀ ਅੱਖੀਂ ਦਾਸਾਂ
ਮਿੱਟੀ ਵਿਚ ਮਿਲਾਂਦਾ ਹੈਸੀ, ਸਾਡੀ ਜਿੱਤ ਦੀਆਂ ਆਸਾਂ
ਪਾਣੀ ਪੀ ਪੀ ਸਾਡੇ ਵੈਰੀ, ਨਵੇਂ ਨਰੋਏ ਹੋ ਕੇ
ਤੇਗਾਂ ਸੂਤ ਸਾਹਮਣੇ ਹੁੰਦੇ, ਲੜਦੇ ਫੇਰ ਖਲੋ ਕੇ

ਉਹ ਆ ਆ ਕੇ ਮਾਰਨ ਸਾਨੂੰ, ਯੁੱਧ ਮਚਾਵਣ ਭਾਰਾ
ਇਹ ਉਨ੍ਹਾਂ ਨੂੰ ਜੱਲ ਛਕਾਵੇ, ਕੇਡਾ ਹੈ ਹਤਿਆਰਾ
ਹੁਕਮ ਕਰੋ ਤਾਂ ਫੜ ਕੇ ਇਸਨੂੰ, ਚਾਹਟਾ ਹੁਣੇ ਛਕਾਈਏ
ਪਾਣੀ ਦਏ ਨਾ ਵੈਰੀ ਤਾਈਂ, ਇਸਦੀ ਅਲਖ ਮੁਕਾਈਏ
ਮੂੰਹ ਤੋਂ 'ਤੂੰ ਹੀ ਤੂੰ' ਸੁਣਾਵੇ, ਘੋਰ ਅਨਰਥ ਕਮਾਵੇ
ਵੈਰੀ ਪੰਥ ਦੇਸ਼ ਦੇ ਜਿਹੜੇ, ਉਹਨਾਂ ਨੂੰ ਜੀਵਾਵੇ
ਇਹ ਸੁਣ ਕੇ ਦਸਮੇਸ਼ 'ਤੀਰ' ਜੀ ਰਮਜ਼ ਭਰੇ ਮੁਸਕਾਏ
ਪੁੱਛਣ ਲੱਗੇ ਦੱਸ ਦੇ ਸਿੱਖਾ! ਇਹ ਕੀ ਚਾਲੇ ਚਾਏ

### *ਜਾਣੀ-ਜਾਣ ਜੀ ਭਾਈ ਘਨੱਈਏ ਤੋਂ ਪੁੱਛਦੇ ਹਨ*

ਦੱਸ ਸਿੱਖਾ! ਇਹ ਕੀ ਹਨ ਕਹਿੰਦੇ, ਕੀ ਸੈਂ ਤੂੰ ਅੱਜ ਕਰਦਾ
ਵੈਰੀ ਤਾਈਂ ਪਿਲਾਵੇਂ ਪਾਣੀ, ਨਹੀਂ ਪੰਥ ਤੋਂ ਡਰਦਾ
ਕੀ ਹੈ ਗੱਲ ਅਸਲ ਵਿਚ ਸਾਰੀ, 'ਤੀਰ' ਖੋਲ੍ਹ ਸਮਝਾ ਦੇ
ਤੈਨੂੰ ਦੋਸ਼ੀ ਆਖਣ ਸਾਰੇ, ਸਭ ਦਾ ਭਰਮ ਮਿਟਾ ਦੇ

### *ਭਾਈ ਘਨੱਈਆ ਉੱਤਰ ਦਿੰਦਾ ਹੈ*

ਪੱਗ ਦਾ ਪੱਲਾ ਗਲ ਵਿਚ ਪਾ ਕੇ, ਹੱਥ ਜੋੜ ਘਿਗਿਆ ਕੇ
ਆਖਣ ਲੱਗਾ ਸਿੱਖ ਘਨੱਈਆ, ਨੈਣੋਂ ਨੀਰ ਵਹਾ ਕੇ
ਜਾਣੀ-ਜਾਣ ਆਪ ਹੀ ਪਹਿਲੇ, ਤੂੰ ਇਹ ਗੱਲ ਸਮਝਾਈ
ਹਰ ਹਰ ਸ਼ੈ ਵਿਚ ਰਵਿਆ 'ਹਰਿ ਜੀ', ਹਰ ਪਾਸੇ ਹਰ-ਜਾਈ
ਪਾਣੀ, ਪਰਬਤ, ਪੱਤ ਪੱਤ ਅੰਦਰ, ਰਵਿਆ ਹੈ 'ਹਰ ਥਾਵਾਂ'
ਹਰ ਰੰਗ ਅੰਦਰ, ਹਰ ਅੰਗ ਅੰਦਰ, ਹਰਿ ਦਾ ਹੈ ਪਰਛਾਵਾਂ
ਉਹ ਹਰਿ, ਤੂੰ ਹਰਿ ਇੱਕੋ ਮੈਨੂੰ, ਫ਼ਰਕ ਨਾ ਜਾਪੇ ਮਾਸਾ
ਹਰ ਥਾਂ 'ਤੇ, ਹੇ ਹਰਿ ਜੀ ਮੈਨੂੰ, ਦਿਸਦਾ ਤੇਰਾ ਵਾਸਾ
'ਤੂੰ ਤੂੰ ਕਰਦਾ' ਮੈਂ ਤੂੰ ਹੋਇਆ, ਮੈਂ ਵਿਚ 'ਮੈਂ' ਨਹੀਂ ਰਾਈ
ਹਰ ਵਿਚ ਮੈਨੂੰ ਤੇਰੀ ਸੂਰਤ, ਹਰਿ ਜੀ ਨਜ਼ਰੀਂ ਆਈ
ਰੂਹ ਵਿਚ ਤੂੰ ਹੈਂ, ਦਿਲ ਵਿਚ ਤੂੰ ਹੀ, ਸਾਸਾਂ ਵਿਚ ਵੀ ਤੂੰ ਹੀ
ਤੂੰ ਹੀ ਹੈਂ ਅਰਦਾਸਾਂ ਅੰਦਰ, ਆਸਾਂ ਵਿਚ ਵੀ ਤੂੰ ਹੀ
ਅੱਖਾਂ, ਹੱਥਾਂ, ਪੈਰਾਂ ਅੰਦਰ, ਸਭ ਵਿਚ ਤੇਰਾ ਵਾਸਾ
ਰਣ ਅੰਦਰ ਵੀ ਮੈਨੂੰ ਦਿੱਸੇਂ, ਤੂੰ ਹੀਂ ਏਂ ਅੱਜ ਪਿਆਸਾ
ਕੌਣ ਆਖਦਾ ਵੈਰੀ ਤਾਈਂ, ਪਾਣੀ ਮੈਂ ਪਿਲਾਵਾਂ?
ਤੇਰੇ ਮੂੰਹ ਵਿਚ ਮੈਂ ਤੇ, ਹਰ ਥਾਂ, ਪਾਣੀ ਪਿਆ ਚੁਆਵਾਂ

ਤੇਰੀ ਬੋਲੀ ਸੁਣਦੀ ਮੈਨੂੰ, ਹਰ ਗੱਲ ਹਰ ਮੂੰਹ ਅੰਦਰ
ਹਰ ਹਿਰਦਾ ਹੈ ਦਿਸਦਾ ਮੈਨੂੰ, ਤੇਰਾ ਹੀ ਹਰਿਮੰਦਰ
ਤੂੰ ਹੀ ਦੱਸ ਜਦ ਤੂੰ ਹੀ ਮੰਗੇਂ, ਮਾਰ ਅਵਾਜ਼ਾਂ ਪਾਣੀ
ਮੈਂ ਨਾ ਕਿਵੇਂ ਪਿਲਾਵਾਂ ਤੈਨੂੰ, ਪੜ੍ਹ ਪੜ੍ਹ ਤੇਰੀ ਬਾਣੀ
ਤੂੰ ਹੀ ਤੂੰ, ਦਿੱਸੇਂ ਹਰ ਪਾਸੇ, ਹੋਰ ਨਾ ਦਿੱਸੇ ਕੋਈ
'ਮੈਂ ਮੇਰੀ' ਵੱਸ ਤੇਰੇ ਅੰਦਰ, ਜੀਵਨ-ਦਾਤਾ! ਮੋਈ
ਜਦੋਂ ਪਿਆਸਾ ਕੋਈ ਕਿਧਰੇ! ਘੁੱਟ ਪਾਣੀ ਦਾ ਭਰਦਾ
ਮੇਰੇ ਦਿਲ ਨੂੰ ਠੰਢਕ ਪੈਂਦੀ, ਲੂੰ ਲੂੰ ਮੇਰਾ ਠਰਦਾ
ਬੇਸ਼ਕ ਡੰਨ ਦਿਓ ਜੋ ਚਾਹੋ, ਕਰ ਦਿਓ ਬੇਰਾ ਬੇਰਾ
ਪਰ ਜੱਗ-ਜੀਵਨ ਸੇਵਾ ਕਰਨੀ, ਪਰਮ ਧਰਮ ਹੈ ਮੇਰਾ
'ਤੀਰ' ਇਸ ਤਰ੍ਹਾਂ ਸਿੱਖ ਘਨੱਈਏ, ਰੋ ਰੋ ਜਦੋਂ ਸੁਣਾਇਆ
ਨੈਣ ਭਰੇ ਤੇ ਗਦ ਗਦ ਹੋਇਆ, ਮਾਂ ਗੁਜਰੀ ਦਾ ਜਾਇਆ
ਚੁੱਕ ਲਿਆ ਝੱਟ ਪੁੱਤਰ ਵਾਂਗੂੰ, ਝੱਟ ਕਲੇਜੇ ਲਾਇਆ
'ਧੰਨ ਸਿੱਖੀ' ਧੰਨ ਸਿੱਖੀ ਸਿੱਖਾ! ਕਹਿ ਕੇ ਇਉਂ ਫ਼ੁਰਮਾਇਆ

### *ਦਸਮੇਸ਼ ਜੀ ਦੇ ਬਚਨ ਭਾਈ ਘਨੱਈਏ ਪ੍ਰਤੀ*

ਧੰਨ ਓ ਸਿੱਖਾ! ਵਾਹ ਓ ਸਿੱਖਾ, ਧੰਨ ਧੰਨ ਤੇਰੀ ਸਿੱਖੀ
ਸਿੱਖੀ ਮੇਰੀ ਤੂੰ ਹੈ ਸਿੱਖੀ, ਦਿਲ ਆਪਣੇ 'ਤੇ ਲਿੱਖੀ
ਸਿੱਖੀ ਹੈ ਸੇਵਾ ਦਾ ਜੀਵਨ, ਸਿੱਖੀ ਸੱਚ ਦਾ ਗਹਿਣਾ
ਸੱਚ ਬੋਲੇ ਤੇ ਸੇਵ ਕਮਾਵੇ, ਜਿਸਨੇ ਸਿੱਖ ਹੈ ਰਹਿਣਾ
ਬਿਲਕੁਲ ਠੀਕ ਕਿਸੇ ਨੂੰ ਜਿਹੜਾ, ਪਾਣੀ ਤੂੰ ਪਿਲਾਇਆ
ਵੈਰੀ ਦੇ ਮੂੰਹ ਵਿਚ ਨਹੀਂ ਪਾਇਆ, ਮੇਰੇ ਮੂੰਹ ਵਿਚ ਪਾਇਆ
ਹਰ ਇਕ ਅੰਦਰ ਵੇਖ ਹਰੀ ਨੂੰ, ਜੋ ਤੂੰ ਦਿਲ ਤੋਂ ਵਿੱਸਿਆ
ਮੈਂ ਹੀ ਸਾਂ ਹਰ ਅੰਦਰ ਤੈਨੂੰ, ਮੇਰੇ ਸਿੱਖਾ! ਦਿੱਸਿਆ
ਮੈਂ ਸਦਕੇ ਮੈਂ ਵਾਰੇ ਤੈਥੋਂ, ਤੂੰ ਮੇਰਾ ਸਿੱਖ ਸੁੱਚਾ
ਮੈਂ ਹਾਂ ਐਸੇ ਸਿੱਖ ਤੋਂ ਨੀਵਾਂ, ਐਸਾ ਸਿੱਖ ਹੈ ਉੱਚਾ
ਤੂੰ ਸੇਵਾ ਦਾ ਸ਼ੁੱਧ ਨਮੂਨਾ, ਸੇਵਾ ਤੇਰੀ ਕਰਨੀ
ਵਾਹ ਸਿੱਖਾ! ਤੂੰ ਨਿਵ ਨਾ ਮੈਨੂੰ, ਮੈਂ ਹਾਂ ਤੇਰੀ ਚਰਨੀਂ
ਤੇਰੀ ਏਸ ਕਾਰ ਦੇ ਸਦਕੇ, ਪੰਥ ਫੈਲਸੀ ਤੇਰਾ
'ਸੇਵਾ-ਪੰਥੀ' 'ਤੇਰੇ ਸੇਵਕ, ਹੋਸਨ' ਕਹਿਣਾ ਮੇਰਾ
ਜਿਸ ਸਿੱਖ ਅੰਦਰ ਜੀਵਨ ਤੇਰਾ, ਵਸ ਜਾਵੇਗਾ ਆ ਕੇ
ਉਹ ਕਰੇਗਾ ਸਭ ਦੀ ਸੇਵਾ, ਮੈਨੂੰ ਦਿੱਲ ਵਸਾ ਕੇ

ਅੱਜ ਤੋਂ ਨਿਰਾ ਪਿਲਾ ਨਾ ਪਾਣੀ, ਸੇਵਾ ਹੋਰ ਵਧਾ ਦੇ
ਪਾਣੀ ਨਾਲ ਮਲ੍ਹਮ ਵੀ ਰੱਖ ਲੈ, ਹਰ ਫੱਟ ਉੱਤੇ ਲਾ ਦੇ
ਹਰਿ ਦਾ ਰੂਪ ਘਨੱਈਆ ਹਰਿ ਦਾ, ਹਰਿ ਦੀ ਕਰ ਤੂੰ ਸੇਵਾ
'ਤੀਰ' ਬਖ਼ਸ਼ਿਆ ਅੱਜ ਤੋਂ ਤੈਨੂੰ, ਇਹ ਸੇਵਾ ਦਾ ਮੇਵਾ

### ਧੰਨ ਸ੍ਰੀ ਦਸਮੇਸ਼ ਪਿਤਾ (ਵੱਲੋਂ ਕਵੀ) ਦਵੱਯਾ ਛੰਦ

ਵਾਹ ਦਸਮੇਸ਼ ਧਰਮ ਦੇ ਪੁਤਲੇ, ਤੇਰੀ ਧੰਨ ਕਮਾਈ
ਤੇਰੇ ਵਰਗੀ ਦੁਨੀਆ ਉੱਤੇ, ਤੇਰੀ ਹੈ ਵਡਿਆਈ
ਨਾਲ ਜ਼ੁਲਮ ਦੇ ਆਢਾ ਤੇਰਾ, ਨਾਲ ਧਰਮ ਦੇ ਪ੍ਰੀਤੀ
ਮਾਣਸ ਜਾਤ ਇੱਕ ਹੈ ਜੱਗ 'ਤੇ, ਤੂੰ ਚਲਾਈ ਰੀਤੀ
ਵੈਰੀ ਸੱਜਣ ਦੁੱਖ ਦੇ ਵੇਲੇ, ਤੈਨੂੰ ਸੱਭ ਪਿਆਰੇ
ਤੂੰ ਦੁਖੀਆਂ ਦਾ ਸੱਚਾ ਦਰਦੀ, ਸਭ ਤੋਂ ਜਾਵੇਂ ਵਾਰੇ
ਹਿੰਦੂ, ਮੁਸਲਮਾਨ, ਸਿੱਖ ਦਾ, ਫ਼ਰਕ ਨਾ ਜਾਣੇਂ ਮਾਸਾ
ਸਭ ਦਾ ਸਾਂਝਾ ਸਭ ਦਾ ਪ੍ਰੀਤਮ, ਸਭ ਦੀ ਪੂਰੇਂ ਆਸਾ
ਸ਼ਿਵ ਦੱਤ ਪੰਡਤ ਪਟਨੇ ਅੰਦਰ, ਜੋ ਤੈਥੋਂ ਜਿੰਦ ਵਾਰੇ
ਸਦਕੇ ਹੋਏ 'ਕਰੀਮ' ਤੇਰੇ ਤੋਂ, ਤੇ 'ਰਹੀਮ' ਬਲਿਹਾਰੇ
ਜੇਕਰ ਆਣ ਅਸਾਮ-ਪਤੀ ਨੇ, ਤੈਨੂੰ ਸੀਸ ਨਿਵਾਇਆ
ਬੁੱਧੂ ਸ਼ਾਹ ਸਿਦਕ ਦਾ ਭਰਿਆ, ਤੈਥੋਂ ਘੋਲ ਘੁਮਾਇਆ
ਪੰਜ ਪਿਆਰੇ ਜੇਕਰ ਤੈਥੋਂ, ਵਾਰੇ ਹੋ ਗਏ ਹੱਸ ਕੇ
ਬੁੱਧੂ ਸ਼ਾਹ ਦੇ ਹੀਰੇ ਪੁੱਤਰ, ਜੂਝੇ ਕਮਰਾਂ ਕੱਸ ਕੇ
ਸੈਦ ਖ਼ਾਨ ਤੇਰਾ ਹੋ ਸਿਦਕੀ, ਸਦਾ ਲਈ ਸਿੱਖ ਹੋਇਆ
ਹਰ ਕੋਈ ਤੈਥੋਂ ਜੀਵਨ ਲੈ ਕੇ, ਦਰ ਤੇਰੇ 'ਤੇ ਮੋਇਆ
ਜ਼ਾਲਮ ਨਾਲ ਅਦਾਵਤ ਸਿੱਖ ਦੀ, ਆਜਜ਼ ਨਾਲ ਪ੍ਰੀਤੀ
ਇਹ ਮਿਸਾਲ ਨਵੀਂ ਦੁਨੀਆ 'ਤੇ, ਤੂੰਹੀਏਂ ਕਾਇਮ ਕੀਤੀ
ਦੇਸ਼ ਵਾਸਤੇ ਜੀਊਣਾ ਮਰਨਾ, ਦੇਸ਼ ਲਈ ਦੁੱਖ ਸਹਿਣਾ
ਦੇਸ਼-ਗ਼ੱਦਾਰ ਕਦੇ ਨਾ ਬਣਨਾ, ਇਹ ਹੈ ਤੇਰਾ ਕਹਿਣਾ
ਜੋ ਤੇਰੀ ਸਿੱਖਿਆ ਦੇ ਉੱਤੇ, ਸੇਵਕ ਸਿੱਖ ਹੈ ਚਲਦਾ
ਹੋ ਜਾਵੇ ਕੁਰਬਾਨ ਧਰਮ ਤੋਂ, ਹੱਸ ਹੱਸ ਕੇ ਦੁੱਖ ਝਲਦਾ
'ਤੀਰ' ਤੇਰੇ ਲਾਸਾਨੀ ਸਤਿਗੁਰ, ਤੇਗ ਤੇਰੀ ਲਾਸਾਨੀ
ਗਲ ਤੇਰੇ ਦੀ ਗਾਨੀ ਬਣ ਕੇ, ਸੋਭੇ ਗੀ ਕੁਰਬਾਨੀ

# ਖੰਡ ਸਤਵਾਂ

## ਅਨੰਦਪੁਰ ਅੰਦਰ ਫ਼ੌਜੀ ਘੇਰੇ ਦੀਆਂ ਮੁਸੀਬਤਾਂ (ਵੱਲੋਂ ਕਵੀ)

ਘੇਰਾ ਪਿਆ ਜਾਂ ਬੀਤ ਗਏ ਕਈ ਸਾਤੇ, ਅੰਤ ਹੋ ਗਏ ਸਿੱਖ ਲਾਚਾਰ ਅੰਦਰ
ਮਾਤਾ ਗੁੱਜਰੀ ਤੇ ਸ੍ਰੀ ਸਾਹਿਬ ਦੇਵਾਂ, ਡੱਕੇ ਪਏ ਸਨ ਸਣੇ ਪਰਵਾਰ ਅੰਦਰ
ਜ਼ੋਰਾਵਰ ਤੇ ਫਤ੍ਹੇ ਸਿੰਘ ਸਹਿਣ ਭੁੱਖਾਂ, ਨਾਲੇ ਹੈਣ ਅਜੀਤ ਜੁਝਾਰ ਅੰਦਰ
ਮੁੱਕਾ ਅੰਨ ਦਾਣਾ ਗਿਆ ਵਰਤ ਭਾਣਾ, ਭੁੱਖੇ ਕਈ ਹੈਸੀ ਅਵਾਜ਼ਾਰ ਅੰਦਰ
ਭੁੱਖ ਨਾਲ *ਪ੍ਰਸਾਦੀ ਦੀ ਜਾਨ ਨਿਕਲੀ, ਢੇਰੀ ਹੋ ਗਿਆ ਦੱਲ-ਸ਼ਿਗਾਰ ਅੰਦਰ
ਇਹ ਤਾਂ ਠੀਕ ਹੈ ਮਾਰ ਕੇ ਸਿੱਖ ਛਾਪੇ, ਸੀ ਲਿਆਂਵਦੇ ਅੱਖ ਪਲਕਾਰ ਅੰਦਰ
ਬਹੁਤ ਖਾਣ ਵਾਲੇ ਮਿਲੇ ਅੰਨ ਥੋੜ੍ਹਾ, ਏਸ ਤਰ੍ਹਾਂ ਦਾ ਰਹੇ ਵਿਹਾਰ ਅੰਦਰ
ਸੱਚ ਆਖਦੇ ਨੇ ਕਈ ਸੂਝ ਵਾਲੇ, ਅੰਨ ਹੈ ਭਗਵਾਨ ਸੰਸਾਰ ਅੰਦਰ
ਅੰਨ ਬਿਨਾਂ ਨਾ ਤੱਗਦਾ ਪੱਲ ਬੰਦਾ, ਸਾਰਾ ਤਾਣ ਹੈ ਅੰਨ-ਅਹਾਰ ਅੰਦਰ
ਪਈ ਉੱਜੜੀ ਪੁਰੀ ਅਨੰਦ ਹੈਸੀ, ਭਲਾ ਵੱਸਦਾ ਕੌਣ ਤਲਵਾਰ ਅੰਦਰ
ਰਹੀ ਇਕ ਨਾ ਮੂਲ ਦੁਕਾਨ ਖੁੱਲ੍ਹੀ, ਘੁੱਗ ਵਸਦੇ ਗਲੀ-ਬਾਜ਼ਾਰ ਅੰਦਰ
ਆਖ਼ਰ ਤੰਗ ਹੋਏ ਸਾਰੇ ਘਿਰੇ ਹੋਏ, ਲੰਮੀ ਭੁੱਖ ਸਹਾਰ ਸਹਾਰ ਅੰਦਰ
ਆਏ ਰੱਲ ਕੇ ਪਾਸ ਦਸਮੇਸ਼ ਜੀ ਦੇ, ਲੱਗੇ ਇਸ ਤਰ੍ਹਾਂ ਕਹਿਣ ਪਿਆਰ ਅੰਦਰ
ਜਾਨੀ-ਜਾਣ ਜੀ ਖਾਂਦਿਆਂ ਮੁੱਕ ਗਏ ਨੇ, ਲੱਗੇ ਸੀ ਜੋ ਅੰਨ-ਅੰਬਾਰ ਅੰਦਰ
ਮਾਰੇ ਭੁੱਖ ਦੇ ਦੁੱਖ ਦੇ ਮਰਨ ਲੱਗੇ, ਬਿਰਧ, ਬਾਲ, ਬੱਚੇ, ਨਰ-ਨਾਰ ਅੰਦਰ
ਸਾਰੇ ਸ਼ਹਿਰ ਵਾਸੀ ਏਥੋਂ ਭੱਜ ਗਏ ਨੇ, ਪੁਰੀ ਵੱਸਦੀ ਰੱਤ ਦੀ ਧਾਰ ਅੰਦਰ
ਸਾਡੀ ਬੇਨਤੀ ਕਰੋ ਪਰਵਾਨ ਦਾਤਾ, ਨਿਕਲ ਚੱਲੀਏ ਧੁੰਦ ਗੁਬਾਰ ਅੰਦਰ
ਚਾਰੇ ਸਾਹਿਬਜ਼ਾਦੇ, ਮਾਤਾ ਮਹਿਲ ਲੈ ਕੇ, ਚਾਲੇ ਪਾਓ, ਨਾ ਰਵ੍ਹੋ ਦਾਤਾਰ ਅੰਦਰ

* ਉਹ ਹਾਥੀ ਜਿਹੜਾ ਅਸਾਮ ਦੇ ਰਾਜੇ ਨੇ ਸਤਿਗੁਰਾਂ ਨੂੰ ਭੇਟਾ ਕੀਤਾ ਸੀ।

ਜਾਣੀ-ਜਾਣ ਨੇ ਆਖਿਆ ਸਿਦਕਵਾਨੋ! ਸਦਾ ਚਿੱਤ ਰੱਖੋ ਸਿਰਜਨਹਾਰ ਅੰਦਰ
ਉਹਦਾ ਆਸਰਾ ਉਸੇ ਦੀ ਟੇਕ ਸਾਨੂੰ, ਉਹੋ ਦਿਲ ਅੰਦਰ ਉਹੋ ਕਾਰ ਅੰਦਰ
ਅਸਾਂ ਨੱਠ ਕੇ ਜਾਨ ਬਚਾਵਣੀ ਨਾ, ਲਵੋ ਅੱਜ ਤੋਂ ਤੁਸੀਂ ਵਿਚਾਰ ਅੰਦਰ
ਏਨੀ ਗੱਲ ਸੁਣ ਕੇ ਡੋਲੇ ਕਈ ਦਿਲ ਤੋਂ, ਰੱਤੀ ਰਿਹਾ ਨਾ ਧੀਰ ਅਧਾਰ ਅੰਦਰ
ਕਈ ਥਾਂ ਘੁੱਸਰ ਮੁੱਸਰ ਹੋਣ ਲੱਗੀ, 'ਅਸੀਂ ਕੀ ਲੈਣਾ? ਦੱਸੋ ਯਾਰ ਅੰਦਰ'
'ਤੀਰ' ਦੇਸ਼ ਦਾ ਦੇਵਤਾ ਗੁਰੂ ਸੱਚਾ, ਹੈਸੀ ਦੇਸ਼ ਦੀ ਜਾਣਦਾ ਸਾਰ ਅੰਦਰ

### *ਦੁਸ਼ਮਣਾਂ ਦੀ ਘਬਰਾਹਟ*

ਸੁੱਝੀ ਗੱਲ ਘੇਰਾ ਪਾਣ ਵਾਲਿਆਂ ਨੂੰ, ਅਸੀਂ ਨਹੀਂ ਏਦਾਂ ਫ਼ਤਹਿ ਪਾ ਸਕਦੇ
ਜਿਵੇਂ ਸਿੱਖ ਖੜਕਾਂਵਦੇ ਹੈਣ ਤੇਗ਼ਾਂ, ਅਸੀਂ ਤੇਗ਼ ਨਹੀਂ ਕਦੇ ਖੜਕਾ ਸਕਦੇ
ਸਿੱਖ ਲੋਹੇ ਦੇ ਚਣੇ ਨੇ ਜੱਗ ਅੰਦਰ, ਅਸੀਂ ਉਨ੍ਹਾਂ ਨੂੰ ਨਹੀਂ ਚਬਾ ਸਕਦੇ
ਠੀਕ ਹੈ ਕਿ ਘੇਰਿਆ ਅਸਾਂ ਚੰਗਾ, ਕਿਤੇ ਨਹੀਂ ਉਹ ਪੁਰੀ 'ਚੋਂ ਜਾ ਸਕਦੇ
ਤਾਂ ਵੀ ਇੱਕ ਵੀ ਹੋਏ ਜੋ ਕਿਲ੍ਹੇ ਅੰਦਰ, ਅਸੀਂ ਈਨ ਨਾ ਉਹਨੂੰ ਮਨਾ ਸਕਦੇ
ਗੁਰੂ ਸੂਰਮਾ, ਬੀਰ ਨੇ ਸਿੱਖ ਉਸਦੇ, ਕਦੇ ਉਨ੍ਹਾਂ ਨੂੰ ਨਹੀਂ ਹਰਾ ਸਕਦੇ
'ਤੀਰ' ਏਸ ਥਾਂ ਪਿੱਠ ਵਿਖਾਵੀਏ ਤਾਂ, ਦਿੱਲੀ ਵਿੱਚ ਨਹੀਂ ਮੂੰਹ ਵਿਖਾ ਸਕਦੇ

### *ਸ਼ਾਹੀ ਫ਼ੌਜ ਦੇ ਆਗੂਆਂ ਦੀ ਚਲਾਕੀ (ਵੱਲੋਂ ਕਵੀ)*

ਸ਼ਾਹੀ ਦੱਲ ਨੂੰ ਲੱਗ ਗਈ ਸੂਹ ਰੱਬੋਂ, ਰਹਿ ਕੇ ਭੁੱਖਿਆਂ ਸਿੱਖ ਘਬਰਾਵਣੇ ਦੀ
ਕਿਸੇ ਤਰ੍ਹਾਂ ਇਹ ਵੀ ਪਤਾ ਜਾ ਪੁੱਜਾ, ਰਾਤੀਂ ਗੱਲ ਚੱਲੀ ਬਾਹਰ ਜਾਵਣੇ ਦੀ
ਘੇਰੇ ਪਿਆਂ ਦੇ ਦੋ ਖ਼ਿਆਲ ਹੋ ਗਏ, ਝਾਕੀ ਵੇਖ ਕੇ ਸਮੇਂ ਡਰਾਵਣੇ ਦੀ
'ਤੀਰ' ਇਉਂ ਕੀਤੀ ਸੋਚ ਸਾਰਿਆਂ ਨੇ, ਏਸ ਸਮੇਂ ਤੋਂ ਲਾਭ ਉਠਾਵਣੇ ਦੀ

### *ਦਸਮੇਸ਼ ਜੀ ਪਾਸ ਦੋ ਏਲਚੀ ਟੋਰੇ ਗਏ*

ਸ਼ਾਹੀ ਦੱਲ, ਪਹਾੜੀਆਂ ਰੱਲ-ਮਿਲ ਕੇ, ਕੀਤੇ ਏਲਚੀ ਦੋ ਤਿਆਰ ਵੇਖੋ
ਕਿਹਾ ਉਨ੍ਹਾਂ ਨੂੰ ਤੁਸਾਂ ਹੈਂ ਕੰਮ ਕਰਨਾ, ਪਾਸ ਗੁਰਾਂ ਦੇ ਹੋ ਹੁਸ਼ਿਆਰ ਵੇਖੋ
ਸਹੁੰ ਗਊ ਦੀ ਕਸਮ ਕੁਰਾਨ ਦੀ ਵੀ, ਕਹਿਣਾ ਖਾਂਵਦੀ ਅੱਜ ਸਰਕਾਰ ਵੇਖੋ
'ਤੀਰ' ਇਸ ਤਰ੍ਹਾਂ ਗੁਰੂ ਜੇ ਹੋਏ ਸਿੱਧਾ, ਵਰਤ ਚਾਲ ਦਾ ਨਵਾਂ ਹਥਿਆਰ ਵੇਖੋ

### *ਏਲਚੀਆਂ ਨੇ ਪੁੱਜ ਕੇ ਸ੍ਰੀ ਦਸਮੇਸ਼ ਜੀ ਪਾਸ ਬੇਨਤੀ ਕਰਨੀ*

ਬ੍ਰਾਹਮਣ ਦੇਵਤਾ ਤੇ ਸੱਯਦ ਰਲ ਓਥੋਂ, ਗੁਰਾਂ ਨਾਲ ਖੇਡਣ ਆਏ ਚਾਲ ਵੇਖੋ
ਪਹੁੰਚ ਸ੍ਰੀ ਦਸਮੇਸ਼ ਦੀ ਵਿੱਚ ਸੇਵਾ, ਝੁੱਕੇ ਜ਼ਾਹਿਰਾ ਸਿਦਕ ਦੇ ਨਾਲ ਵੇਖੋ
ਹੱਥ ਜੋੜ ਦੋਵੇਂ ਫੇਰ ਕਹਿਣ ਲੱਗੇ, "ਮਹਾਰਾਜ ਪਰਵਾਰ ਦਾ ਹਾਲ ਵੇਖੋ

ਪੁਰੀ ਉੱਜੜੀ ਸਿਰਾਂ ਦੀ ਵਾਢ ਹੋਈ, ਇਰਦ-ਗਿਰਦ ਹੋ ਗਿਆ ਏ ਲਾਲ ਵੇਖੋ
ਦੋਹਾਂ ਧਿਰਾਂ ਦਾ ਬੜਾ ਨੁਕਸਾਨ ਹੋਇਆ, ਕਾਈਂ ਕੁੱਤੀਂ ਗਵਾਚਿਆ ਮਾਲ ਵੇਖੋ
ਨਾਹੀਂ ਤੁਸੀਂ ਹਾਰੇ, ਨਾਹੀਂ ਅਸੀਂ ਹੰਭੇ, ਸ਼ਾਹੀ ਫ਼ੌਜ ਦਾ ਹੈ ਇਹ ਖ਼ਿਆਲ ਵੇਖੋ
ਜਾਨ ਮਾਲ ਦਾ ਬੜਾ ਨੁਕਸਾਨ ਹੋਇਆ, ਸੈਆਂ ਸੂਰਮੇ ਲੈ ਗਿਆ ਕਾਲ ਵੇਖੋ
ਸਾਰੇ ਸੂਬਿਆਂ ਅਤੇ ਪਹਾੜੀਆਂ ਨੇ, ਕਿਹਾ ਤੁਸੀਂ ਨਾ ਹੋਰ ਵਬਾਲ ਵੇਖੋ
ਕਿਲ੍ਹਾ ਛੱਡ ਜਾਵੋ ਏਸੇ ਘੜੀ ਏਥੋਂ, ਹੋਰ ਖੜਕਦੀ ਨਾ ਤੇਗ਼ ਢਾਲ ਵੇਖੋ
ਕੋਈ ਆਪ ਨੂੰ ਕਹੇਗਾ ਕੁੱਝ ਨਾਹੀਂ, ਤੁਸੀਂ ਐਤਕੀਂ ਮੰਨ ਸਵਾਲ ਵੇਖੋ
ਸ਼ਾਹੀ ਫ਼ੌਜ ਦੇ ਸੂਰਿਆਂ ਨਾਲ ਲੜ ਕੇ, ਏਥੇ ਕਿਸੇ ਦੀ ਗਲੇ ਨਾ ਦਾਲ ਵੇਖੋ
'ਤੀਰ' ਇਸ ਤਰ੍ਹਾਂ ਦੋਹਾਂ ਹੀ ਚਾਤਰਾਂ ਨੇ, ਆ ਕੇ ਤਾਣਿਆ ਚਾਲ ਦਾ ਜਾਲ ਵੇਖੋ

### ਏਲਚੀ ਫੇਰ ਕਹਿੰਦੇ ਹਨ

ਮਹਾਰਾਜ! ਨਾ ਜਾਣਨਾ ਝੂਠ ਮਾਸਾ, ਸੱਚੀ ਗੱਲ ਇਹ ਧਰਮ ਈਮਾਨ ਦੀ ਏ
ਚਲੇ ਜਾਓ ਤਾਂ ਕੋਈ ਵੀ ਛੇੜਸੀ ਨਾ, ਪੱਕੀ ਗੱਲ ਇਹ ਸਾਡੀ ਜ਼ਬਾਨ ਦੀ ਏ
ਕੁਝ ਦਿਨਾਂ ਪਿੱਛੋਂ ਭਾਵੇਂ ਪਰਤ ਆਓ, ਅੜ ਰੱਖਣੀ ਅਸਾਂ ਸੁਲਤਾਨ ਦੀ ਏ
ਸਹੁੰ ਹਿੰਦੂਆਂ ਨੂੰ ਗਊ ਮਾਤ ਦੀ ਏ, ਕਸਮ ਮੋਮਨਾਂ ਤਾਈਂ ਕੁਰਾਨ ਦੀ ਏ
ਅਸਾਂ ਸੁਰਖ਼ਰੂ ਹੋਵਣਾ ਸ਼ਾਹ ਵੱਲੋਂ, ਸਾਨੂੰ ਲੋੜ ਨਾ ਕਿਸੇ ਦੀ ਜਾਨ ਦੀ ਏ
'ਤੀਰ' ਅੰਤ ਨੂੰ ਪੁਰੀ ਇਹ ਆਪਦੀ ਏ, ਐਵੇਂ ਗੱਲ ਇਹ ਆਨ ਦੀ ਆਨ ਦੀ ਏ

### ਸ੍ਰੀ ਦਸਮੇਸ਼ ਜੀ ਏਲਚੀਆਂ ਨੂੰ ਕਹਿੰਦੇ ਹਨ

ਬੋਲੇ ਹੱਸ ਕੇ ਸ੍ਰੀ ਦਸਮੇਸ਼ ਏਦਾਂ, ਬਚਨ-ਬਾਣ ਕਲੇਜਿਓਂ ਪਾਰ ਕਰਦੇ
ਭਾਈ! ਆਪਦੇ ਮਾਲਕਾਂ ਜ਼ਾਲਮਾਂ 'ਤੇ, ਅਸੀਂ ਕਦੇ ਵੀ ਨਹੀਂ ਇਤਬਾਰ ਕਰਦੇ
ਝੂਠੇ ਹੈਣ ਜਹਾਨ ਦੇ ਉਹ ਸਾਰੇ, ਪੂਰਾ ਕਦੇ ਵੀ ਨਹੀਂ ਇਕਰਾਰ ਕਰਦੇ
ਜਿਹੜੇ ਫੁੱਲ ਦੀ ਮਾਣਦੇ ਮਹਿਕ ਮਿੱਠੀ, ਉਸੇ ਨਾਲ ਨੇ ਅੰਦਰੋਂ ਖ਼ਾਰ ਕਰਦੇ
ਹੱਥ ਜੋੜਦੇ, ਡਰਦਿਆਂ ਜਿਸ ਅੱਗੇ, ਵੇਲਾ ਵੇਖ ਕੇ ਉਸੇ 'ਤੇ ਵਾਰ ਕਰਦੇ
ਚਾਲ ਖੇਡਦੇ, ਜਾਲ ਵਿਛਾਂਵਦੇ ਨੇ, ਦਿਲਾਂ ਵਿਚ ਨੇ ਕਪਟ-ਵਿਕਾਰ ਕਰਦੇ
ਨਹੁੰਆਂ ਸਾਡਿਆਂ ਵਿੱਚ ਨੇ ਉਹ ਗੱਲਾਂ, ਹੈਣ ਜਿਨ੍ਹਾਂ ਦਾ ਉਹ ਹੰਕਾਰ ਕਰਦੇ
ਚੜ੍ਹੇ ਦਿੱਲੀਓਂ, ਪਰਬਤੋਂ ਰੋਹ ਖਾ ਕੇ, ਆਏ ਜੰਗ ਖ਼ਾਤਰ ਮਾਰੋ-ਮਾਰ ਕਰਦੇ
ਘੇਰੇ ਘੱਤ ਬੈਠੇ, ਡੋਲ੍ਹ ਰੱਤ ਬੈਠੇ, ਵਿੱਚੋਂ ਪਏ ਨੇ ਤੇਜ਼ ਹਥਿਆਰ ਕਰਦੇ
'ਤੀਰ' ਜਾਣਦੇ ਹਾਂ ਅਸੀਂ ਸਾਰਿਆਂ ਨੂੰ, ਸੱਚੀ ਗੱਲ ਨਹੀਂ ਕਦੇ ਮੱਕਾਰ ਕਰਦੇ

### ਮਹਾਰਾਜ ਫੇਰ ਕਹਿੰਦੇ ਹਨ

ਰਾਜੇ ਪਰਬਤੀ ਨੇ ਚਾਲਬਾਜ਼ ਪੂਰੇ, ਗੱਲ ਦਿੱਲ ਦੀ ਕਿਸੇ ਨੂੰ ਦੱਸਦੇ ਨਾ

ਰੱਖਣ ਈਰਖਾ ਸਦਾ ਉਹ ਮੱਨ ਅੰਦਰ, ਕਦੇ ਮੇਲ-ਮਿਲਾਪ ਵਿਚ ਵੱਸਦੇ ਨਾ
ਅਸੀਂ ਰਣ-ਮੈਦਾਨ ਦੇ ਸੂਰਮੇ ਹਾਂ, ਕਦੇ ਪਿੱਠ ਵਿਖਾ ਕੇ ਨੱਸਦੇ ਨਾ
'ਤੀਰ' ਜਾਲ ਜੋ ਚਤੁਰ ਖਿਲਾਰਦੇ ਨੇ, ਚਾਤਰ ਓਸ ਅੰਦਰ ਕਦੇ ਫੱਸਦੇ ਨਾ

## ਡੋਲੇ ਹੋਏ ਸਿੱਖਾਂ ਦੇ ਤਰਲੇ

ਜਿਹੜੇ ਘਾਬਰੇ ਹੋਏ ਸੀ ਸਿੱਖ ਅੰਦਰ, ਮਾਤਾ ਗੁੱਜਰੀ ਨੂੰ ਵਰਗਲਾਂਵਦੇ ਨੇ
ਜਾ ਕੇ ਕਹਿਣ ਲੱਗੇ ਵੇਖੋ ਮਾਤ ਜੀਓ, ਵੈਰੀ ਪਏ ਹੁਣ ਤੇ ਸਹੁੰਆਂ ਖਾਂਵਦੇ ਨੇ
ਦੇਂਦੇ ਗਊ ਕੁਰਾਨ ਦੀ ਜ਼ਾਮਨੀ ਨੂੰ, ਤਾਂ ਵੀ ਨਾਂਹ ਸਤਿਗੁਰ ਕਰੀ ਜਾਂਵਦੇ ਨੇ
'ਤੀਰ' ਇਸ ਤਰ੍ਹਾਂ ਆਖ ਕੇ ਮਾਤ ਤਾਈਂ, ਡਰੂ ਆਪਣੇ ਮੱਨ ਵਿਖਾਂਵਦੇ ਨੇ

## ਮਾਤਾ ਗੁਜਰੀ ਜੀ ਨੂੰ ਡੋਲੇ ਹੋਏ ਸਿੱਖ ਕਹਿੰਦੇ ਹਨ

ਤੁਸੀਂ ਲਵੋ ਮਨਾ ਮਹਾਰਾਜ ਜੀ ਨੂੰ, ਕਰੋ ਹੁਣੇ ਹੀ ਇਹ ਉਪਕਾਰ ਮਾਤਾ
ਭੁੱਖੇ ਮਰਨ ਪਏ ਆਪ ਦੇ ਸਿੱਖ ਬੱਚੇ, ਹੋਰ ਸੱਕਦੇ ਨਹੀਂ ਸਹਾਰ ਮਾਤਾ
ਇੱਥੋਂ ਬੱਚ ਕੇ ਚੱਲੀਏ ਅੱਜ ਜੇਕਰ, ਨਵੀਂ ਲਵਾਂਗੇ ਪੁਰੀ ਉਸਾਰ ਮਾਤਾ
ਬੱਚ ਜਾਣ ਨਾਲੇ ਚਾਰੇ ਸਾਹਿਬਜ਼ਾਦੇ, ਨਾਲੇ ਸਿੱਖ ਤੇ ਹੋਰ ਪਰਵਾਰ ਮਾਤਾ
ਵੇਖ ਸਮਾਂ ਡਰਾਉਣਾ ਸਿਰਾਂ ਉੱਤੇ, ਭੋਲੇ ਭਾ ਹੋ ਪਈ ਤਿਆਰ ਮਾਤਾ
'ਤੀਰ' ਸ੍ਰੀ ਦਸਮੇਸ਼ ਦੇ ਪਾਸ ਆ ਕੇ, ਬੋਲੀ ਇਸ ਤਰ੍ਹਾਂ ਨਾਲ ਪਿਆਰ ਮਾਤਾ

## ਮਾਤਾ ਗੁਜਰੀ ਜੀ ਸ੍ਰੀ ਦਸਮੇਸ਼ ਜੀ ਨੂੰ ਕਹਿੰਦੇ ਹਨ

ਬੇਟਾ! ਜਦੋਂ ਨੇ ਉਹ ਸੌਗੰਧ ਖਾਂਦੇ, ਫੇਰ ਜੰਗ ਇਹ ਕਰਨ ਦੀ ਲੋੜ ਕੀ ਏ
ਜਦੋਂ ਜੀਂਵਦੇ ਅਸੀਂ ਜਾ ਸੱਕਦੇ ਹਾਂ, ਭਾੜੇ ਭੰਗ ਦੇ ਮਰਨ ਦੀ ਲੋੜ ਕੀ ਏ
ਜਦੋਂ ਹੋਰ ਥਾਂ ਹਾਂ ਸੁਖੀ ਰਹਿ ਸੱਕਦੇ, ਏਥੇ ਭੁੱਖ ਫਿਰ ਜਰਨ ਦੀ ਲੋੜ ਕੀ ਏ
ਚਲੋ ਸਰਸਿਓਂ ਪਾਰ ਹੋ ਸੁਖ ਮਾਣੋ, ਨਦੀ ਲਹੂ ਦੀ ਤਰਨ ਦੀ ਲੋੜ ਕੀ ਏ
ਪੱਥਰ-ਚਿਤ ਵੀ ਅੱਜ ਨੇ ਢਲੇ ਹੋਏ, ਲੂਣ ਵਾਂਗਰਾਂ ਖਰਨ ਦੀ ਲੋੜ ਕੀ ਏ
'ਤੀਰ' ਰਾਹ ਲੱਭੇ ਜਦੋਂ ਜ਼ਿੰਦਗੀ ਦਾ, ਪੈਰ ਮੌਤ ਵੱਲ ਧਰਨ ਦੀ ਲੋੜ ਕੀ ਏ

## ਮਾਤਾ ਜੀ ਫੇਰ ਕਹਿੰਦੇ ਹਨ

ਚਲੋ ਚੰਦ ਜੀ ਰੱਬ ਨੇ ਸਮਾਂ ਦਿੱਤਾ, ਨਿਕਲ ਚੱਲੀਏ ਬਾਗ਼ ਪਰਵਾਰ ਲੈ ਕੇ
ਜ਼ੋਰਾਵਰ ਲੈ ਕੇ ਫ਼ਤਹਿ ਸਿੰਘ ਲੈ ਕੇ, ਸਿੱਖ-ਪੁੱਤ ਅਜੀਤ, ਜੁਝਾਰ ਲੈ ਕੇ
ਧੰਨ ਮਾਲ ਲਦਵਾ ਕੇ ਨਾਲ ਲੈ ਲਓ, ਕੀ ਲੜਨ ਦੀ ਲੋੜ ਤਲਵਾਰ ਲੈ ਕੇ
'ਤੀਰ' ਠੰਢ ਹੋ ਜਾਇਗੀ ਜਦੋਂ ਏਥੇ, ਪਰਤ ਪਵਾਂਗੇ, ਪੁਰੀ ਦੀ ਸਾਰ ਲੈ ਕੇ

### ਸ੍ਰੀ ਦਸਮੇਸ਼ ਜੀ ਮਾਤਾ ਗੁਜਰੀ ਨੂੰ ਕਹਿੰਦੇ ਹਨ

ਹੱਥ ਜੋੜ ਕੇ ਸ੍ਰੀ ਦਸਮੇਸ਼ ਬੋਲੇ, ਮੈਨੂੰ ਦਿੱਲ ਤੋਂ ਤੇਰਾ ਸਤਿਕਾਰ ਅੰਮੀਂ
ਤੇਰੇ ਵਾਂਗਰਾਂ ਹੀ ਮਿੱਠੇ ਲੱਗਦੇ ਨੇ, ਮੈਨੂੰ ਆਪਣੇ ਚੰਦ ਇਹ ਚਾਰ ਅੰਮੀਂ
ਵੱਧ ਇਨ੍ਹਾਂ ਤੋਂ ਭਾਂਵਦੇ ਦਿਲੋਂ ਮੈਨੂੰ, ਪ੍ਰੇਮੀ ਸਿੱਖ ਇਹ ਰੂਪ-ਪਿਆਰ ਅੰਮੀਂ
ਏਸੇ ਵਾਸਤੇ ਤਾਂ ਝੂਠੇ ਵੈਰੀਆਂ 'ਤੇ, ਮੇਰਾ ਬੱਝਦਾ ਨਹੀਂ ਇਤਬਾਰ ਅੰਮੀਂ
ਮੈਨੂੰ ਹੈ ਨਿਸਚਾ ਚਾਲ ਖੇਡਦੇ ਨੇ, ਮੇਰੇ ਨਾਲ ਉਹ ਦੇਸ਼-ਗ਼ੱਦਾਰ ਅੰਮੀਂ
ਅਸੀਂ ਨਿੱਕਲੇ ਤਾਂ ਉਨ੍ਹਾਂ ਟੁੱਟ ਪੈਣਾ, ਵੇਲਾ ਤਾੜ ਕੇ ਕਰਨਗੇ ਵਾਰ ਅੰਮੀਂ
ਖਾਂਦੇ ਝੂਠੀਆਂ ਸਹੁੰਆਂ ਤੇ ਛਲ ਕਰਦੇ, ਦਿਲੋਂ ਰੱਖਦੇ ਨੇ ਬੜੀ ਖ਼ਾਰ ਅੰਮੀਂ
'ਤੀਰ' ਉਹ ਜੋ ਕਰੇ ਸੋ ਹੋਵਣਾ ਏਂ, ਸਬਰ-ਸ਼ੁਕਰ ਦੀ ਧਾਰਨਾ ਧਾਰ ਅੰਮੀਂ

### ਵੱਲੋਂ ਕਵੀ

ਐਪਰ ਘਾਬਰੇ ਸਿੱਖ ਜੋ ਝੱਲ ਭੁੱਖਾਂ, ਟਿੱਲ ਆਪਣਾ ਆਪਣਾ ਲਾਣ ਮੁੜ ਮੁੜ
ਮਹਾਰਾਜ ਹੁਣ ਨਿਕਲਨਾ ਚਾਹੀਦਾ ਏ, ਆਖ ਆਖ ਕੇ ਪਏ ਮਨਾਣ ਮੁੜ ਮੁੜ
ਜਾਣੀ-ਜਾਣ ਜੀ ਬੜਾ ਧਰਵਾਸ ਦੇਂਦੇ, ਨਿਰਾ ਛੱਲ ਜੋ ਪਏ ਸਮਝਾਣ ਮੁੜ ਮੁੜ
'ਤੀਰ' ਨਿਕਲਨੇ ਦੇ ਰਾਹੇ ਪੈਣ ਵਾਲੇ, ਨਵੇਂ ਰਾਹ ਦਸਮੇਸ਼ ਨੂੰ ਪਾਣ ਮੁੜ ਮੁੜ

### ਦਸਮੇਸ਼ ਜੀ ਦਾ ਅਨੋਖਾ ਢੰਗ (ਵੱਲੋਂ ਕਵੀ)

ਅੰਤ ਸ੍ਰੀ ਦਸਮੇਸ਼ ਜੀ ਕਹਿਣ ਲੱਗੇ, ਚੰਗਾ ਸੁਣੋ ਤੜਕੇ ਚੱਲੇ ਜਾਵਣਾ ਏਂ
ਪਹਿਲੇ ਜਾਣ ਤੋਂ ਮਾਲ ਅਸਬਾਬ ਸਾਰਾ, ਅਸਾਂ ਢੱਗਿਆਂ ਉੱਤੇ ਲਦਾਵਣਾ ਏਂ
ਧੰਨ ਮਾਲ ਹੋ ਜਾਇਗਾ ਬਾਹਰ ਪਹਿਲੇ, ਅਸਾਂ ਪੈਰ ਪਿੱਛੋਂ ਬਾਹਰ ਪਾਵਣਾ ਏਂ
ਜਾਓ ਏਲਚੀ ਜੀ ਤੁਸੀਂ ਜਾ ਆਖੋ, ਪੂਰੀ ਆਪ ਦੀ ਹੋ ਗਈ ਭਾਵਣਾ ਏਂ
ਐਪਰ ਵੇਖਣਾ! ਕਿ ਮਾਲ ਧੰਨ ਸਾਡਾ, ਇਹਨੂੰ ਕਿਸੇ ਵੀ ਹੱਥ ਨਾ ਲਾਵਣਾ ਏਂ
ਨਿਕਲ ਜਾਣਗੇ ਜਦੋਂ ਇਹ ਸਿੱਖ ਲੈ ਕੇ, ਅਸਾਂ ਆਪਣਾ ਕੂਚ ਬੁਲਾਵਣਾ ਏਂ
ਵੇਖੋ ਕਿਸੇ ਨਹੀਂ ਵੇਖਣਾ ਮਾਲ ਵੱਲੇ, ਬਚਨ ਆਪਣਾ ਤੁਸਾਂ ਨਿਭਾਵਣਾ ਏਂ
ਜੇਕਰ ਤੁਸੀਂ ਵੀ ਜੰਗ ਦੇ ਨਹੀਂ ਹਾਮੀ, ਅਸਾਂ ਕਾਸ ਨੂੰ ਜੰਗ ਮਚਾਵਣਾ ਏਂ
'ਤੀਰ' ਗੁਰੂ ਦੇ ਰਿਦੇ ਦੀ ਗੁਰੂ ਜਾਣੇ, ਉਹਨੇ ਕੀ ਕੀ ਚੋਜ ਵਰਤਾਵਣਾ ਏਂ

### ਏਲਚੀ ਕਹਿੰਦੇ ਹਨ

ਬੋਲੇ ਏਲਚੀ ਸੱਚ ਸੌਗੰਧ ਸਾਡੀ, ਰਤਾ ਏਸਦੇ ਵਿਚ ਨਾ ਸ਼ੱਕ ਜਾਣੋ
ਕੋਈ ਅੱਖ ਨਾ ਕਰੇਗਾ ਆਪ ਵੱਲੇ, ਸ਼ਾਹੀ ਦੱਲ ਵੱਲੋਂ ਹੋਈ ਪੱਕ ਜਾਣੋ
ਅਸੀਂ ਆਪਣੇ ਕੌਲ ਨੂੰ ਹਾਰੀਏ ਤਾਂ, ਸਾਡਾ ਵੱਢਿਆ ਜਾਇਗਾ ਨੱਕ ਜਾਣੋ
'ਤੀਰ' ਮਾਲ ਬੇਸ਼ਕ ਪਹਿਲੇ ਬਾਹਰ ਘੱਲੋ, ਕੋਈ ਰੋਕ ਤੇ ਕੋਈ ਨਾ ਝੱਕ ਜਾਣੋ

### ਕਸਮਾਂ ਤੇ ਸੌਗੰਧਾਂ ਦਾ ਪਾਜ ਉਘੜ ਗਿਆ (ਵੱਲੋਂ ਕਵੀ)

ਰਾਤ ਪਈ ਤਾਂ ਸ੍ਰੀ ਦਸਮੇਸ਼ ਜੀ ਨੇ, ਚੋਜ ਇਉਂ ਅਚਰਜ ਵਰਤਾ ਦਿੱਤੇ
ਬਲਦ ਬਹੁਤ ਸਾਰੇ ਕੱਠੇ ਕਰ ਲੀਤੇ, ਛੱਟਾਂ ਭਰ ਕੇ ਸੱਭ ਲਦਵਾ ਦਿੱਤੇ
ਇੱਕ ਇੱਕ ਦੇ ਨਾਲ ਮਸ਼ਾਲ ਬੱਧੀ, ਹਿੱਕਣ ਵਾਸਤੇ ਸਿੱਖ ਦੋ ਲਾ ਦਿੱਤੇ
ਬੂਹਾ ਕਿਲ੍ਹੇ ਦਾ ਖੋਲ੍ਹ ਕੇ ਰਾਤ ਵੇਲੇ, ਸਾਰੇ ਲੱਦੇ ਲਦਾਏ ਤੁਰਵਾ ਦਿੱਤੇ
ਮਾਲ ਗੁਰਾਂ ਦਾ ਜਾ ਰਿਹਾ ਬਾਹਰ ਵੇਖੋ, ਨਾਅਰੇ ਪੰਜ ਛੇ ਖ਼ੂਬ ਲੁਆ ਦਿੱਤੇ
'ਤੀਰ' ਝੂਠ ਦੀ ਸਹੁੰ ਤੇ ਕਸਮ ਵਾਲੇ, ਵਿੱਚ ਘੜੀ ਦੇ ਪਾਜ ਉਘੜਾ ਦਿੱਤੇ

### ਸ਼ਾਹੀ ਫ਼ੌਜ ਲੁੱਟਣ ਆ ਪਈ (ਵੱਲੋਂ ਕਵੀ)

ਸਹੁੰ ਗਊ, ਕੁਰਾਨ ਦੀ ਕਸਮ ਭੁੱਲੀ, ਪਏ ਮਾਲ ਉੱਤੇ ਆਨ ਟੁੱਟ ਝੂਠੇ
ਇੱਕੋ ਪਲਕ ਅੰਦਰ ਘੇਰੇ ਬਲਦ ਸਾਰੇ, ਲੈ ਗਏ, ਕੈਂਪ ਅੰਦਰ ਕੁੱਟ ਕੁੱਟ ਝੂਠੇ
'ਅਸਾਂ ਗੁਰੂ ਦਾ ਲੁੱਟਿਆ ਮਾਲ ਸਾਰਾ', ਏਸ ਖ਼ੁਸ਼ੀ ਅੰਦਰ ਹੋਏ ਗੁੱਟ ਝੂਠੇ
ਖੋਲ੍ਹ ਖੋਲ੍ਹ ਛੱਟਾਂ 'ਤੀਰ' ਉਸੇ ਵੇਲੇ, ਵੰਡਣ ਜਦੋਂ ਲੱਗੇ ਲੁੱਟੀ ਲੁੱਟ ਝੂਠੇ

### ਛੱਟਾਂ ਵਿਚੋਂ ਕੀ ਕੀ ਮਾਲ ਨਿਕਲਿਆ (ਵੱਲੋਂ ਕਵੀ)

ਛੱਟਾਂ ਖੋਲ੍ਹੀਆਂ ਤਾਂ ਲੱਭਾ ਮਾਲ ਚੋਖਾ, ਪਾਟੀ ਕਿਸੇ 'ਚੋਂ ਜਰਜਰੀ ਦਰੀ ਨਿਕਲੀ
ਕੋਈ ਛਿੱਤਰਾਂ ਟੁਟਿਆਂ ਖੁਸਿਆਂ ਦੀ, ਛੱਟ ਰੰਗਲੀ ਅੰਦਰੋਂ ਭਰੀ ਨਿਕਲੀ
ਕੂੜਾ ਕੱਖ ਮਿੱਟੀ ਘੱਟਾ ਕਿਸੇ ਵਿਚੋਂ, ਢੀਮ ਕਿਸੇ ਵਿਚੋਂ ਭਾਰੀ ਧਰੀ ਨਿਕਲੀ
'ਤੀਰ' ਲਿੱਦ ਤੇ ਹੱਡੀਆਂ ਕਿਸੇ ਵਿੱਚੋਂ, ਚਾਂਦੀ ਲੋਭੀਆਂ ਵਾਸਤੇ ਖਰੀ ਨਿਕਲੀ

### ਛੱਟਾਂ ਵਿਚੋਂ ਹੋਰ ਕੀ ਕੀ ਨਿਕਲਿਆ

ਲੱਭੇ ਰੂੰ ਦੇ ਧੱਕਲੇ ਕਿਸੇ ਵਿਚੋਂ, ਭੂਰਾ ਕਿਸੇ 'ਚੋਂ ਕਿਸੇ 'ਚੋਂ ਲੋਈ ਲੱਭੀ
ਪਿੰਜਰ ਕਿਸੇ ਵਿਚੋਂ ਲੱਭੇ ਕੁੱਤਿਆਂ ਦੇ, ਕਿਸੇ ਕਿਸੇ ਵਿਚੋਂ ਬਿੱਲੀ ਮੋਈ ਲੱਭੀ
ਲੱਖਾਂ ਠੀਕਰਾਂ ਬੱਬਰਾਂ ਹੱਥ ਆਈਆਂ, ਟੁੱਟੀ ਦੇਗਚੀ ਤੇ ਬੂੜੀ ਡੋਈ ਲੱਭੀ
'ਤੀਰ' ਇਕ ਚਾਦਰ ਮੈਲੀ ਰੂਪ-ਮਿੱਟੀ, ਏਸ ਲੁੱਟ ਵਿਚੋਂ ਲੀਰਾਂ ਹੋਈ ਲੱਭੀ

### ਝੂਠੇ ਬੜੇ ਹੀ ਸ਼ਰਮਿੰਦੇ ਹੋਏ

ਹੋਈ ਬੜੀ ਸ਼ਰਮਿੰਦਗੀ ਸਾਰਿਆਂ ਨੂੰ, ਸਾਰੇ ਕਹਿਣ ਹੋਇਆ ਡਾਢਾ ਛੱਲ ਵੇਖੋ
ਸਾਡੀ ਸਹੁੰ ਸੁਗੰਧ ਦਾ ਪਾਜ ਖੁੱਲ੍ਹਾ, ਗਿਆ ਮਾਣ ਮਿੱਟੀ ਘੱਟੇ ਰੱਲ ਵੇਖੋ
ਸਾਡੀ ਚਾਲ ਨਾ ਵੇਖ ਲਓ ਇਕ ਚੱਲੀ, ਲੱਗਾ ਆਸ ਨੂੰ ਮੂਲ ਨਾ ਫੱਲ ਵੇਖੋ
ਸਾਡੇ ਸਾਰਿਆਂ ਦੇ ਸੀਨ ਗਏ ਸੱਲੇ, 'ਤੀਰ' ਗਿਆ ਦਸਮੇਸ਼ ਦਾ ਚੱਲ ਵੇਖੋ

### ਵੱਲੋਂ ਕਵੀ

ਦਿਨ ਕਿਤਨੇ ਹੀ ਦੋਹਾਂ ਪਾਸਿਆਂ ਤੋਂ, ਭਰੀ ਜੋਸ਼ ਦੀ ਰਹੀ ਤਲਵਾਰ ਚਲਦੀ
ਰਹੇ ਚੱਲਦੇ ਜੋਸ਼ ਵਿੱਚ ਖ਼ੂਬ ਖੰਡੇ, ਰਹੀ ਥਾਂ ਥਾਂ ਰੱਤ ਦੀ ਧਾਰ ਚਲਦੀ
ਕਿਵੇਂ ਗੁਰੂ ਜੀ ਤੋਂ ਜਾਏ ਛੁੱਟ ਖਹਿੜਾ, ਸ਼ਾਹੀ ਫ਼ੌਜ ਵਿੱਚ ਰਹੀ ਵਿਚਾਰ ਚਲਦੀ
'ਤੀਰ' ਗਲਦੀ ਦਾਲ ਨਾ ਗੁਰਾਂ ਅੱਗੇ, ਹੈਸੀ ਰੋਜ਼ ਹੀ ਚਾਲ ਸਰਕਾਰ ਚਲਦੀ

### ਨਵੀਂ ਜੁਗਤ (ਵੱਲੋਂ ਕਵੀ)

ਅੰਤ ਇੱਕ ਚਿੱਠੀ ਔਰੰਗਜ਼ੇਬ ਕੋਲੋਂ, ਕਲਮ ਆਪਣੀ ਨਾਲ ਲਿਖਾਈ ਉਹਨਾਂ
ਵਿਚ ਓਸਦੇ ਸ੍ਰੀ ਦਸਮੇਸ਼ ਜੀ ਦੀ, ਰੱਜ-ਰੱਜ ਕਰਵਾਈ ਵਡਿਆਈ ਉਹਨਾਂ
ਬੜੇ ਜਤਨ ਤੇ ਬੜੀ ਉਚੇਚ ਕਰਕੇ, ਥੋੜ੍ਹੇ ਸਮੇਂ ਵਿੱਚ ਬਣਤ ਬਣਾਈ ਉਹਨਾਂ
ਬੋਲੀ ਬੜੀ ਮਿੱਠੀ, ਵਾਕ ਬੜੇ ਸੋਹਣੇ, ਚਿੱਠੀ ਲਿਖ ਕੇ ਹੱਦ ਮੁਕਾਈ ਉਹਨਾਂ
ਉਹਦੀ ਹੋਰ ਵੀ ਕਦਰ ਵਧਾਣ ਖ਼ਾਤਰ, ਉੱਤੇ ਰਾਜ ਦੀ ਮੁਹਰ ਲੁਆਈ ਉਹਨਾਂ
ਭੇਜੀ ਗਈ ਛੇਤੀ ਸ਼ਾਹੀ ਫ਼ੌਜ ਅੰਦਰ, ਉੱਥੇ ਪੁੱਜਦਿਆਂ ਢਿੱਲ ਨਾ ਲਾਈ ਉਹਨਾਂ
ਖ਼ਾਸ ਏਲਚੀ ਹੱਥ, ਦਸਮੇਸ਼ ਜੀ ਨੂੰ, ਓਸੇ ਘੜੀ ਹੀ ਝੱਟ ਪੁਚਾਈ ਉਹਨਾਂ
'ਤੀਰ' ਰੰਗ ਕੀ ਨਵੇਂ ਵਿਖਾਲਦਾ ਏ, ਵੇਖੋ ਸਮੇਂ ਤੇ ਅੱਖ ਟਿਕਾਈ ਉਹਨਾਂ

### ਔਰੰਗਜ਼ੇਬ ਦੀ ਭੇਜੀ ਗਈ ਚਿੱਠੀ ਦਾ ਮਜ਼ਮੂਨ ਇਉਂ ਸੀ

ਮੈਨੂੰ ਕਸਮ ਕੁਰਾਨ ਦੀ ਸੱਚ ਜਾਣੋ, ਨਹੀਂ ਵੈਰ ਵਧਾਣ ਦੀ ਨੀਤ ਮੇਰੀ
ਸੁਲ੍ਹਾਕੁਲ ਮੈਂ, ਤੁਸੀਂ ਵੀ ਅਮਨ ਚਾਹੋ, ਨਹੀਂ ਯੁੱਧ ਮਚਾਣ ਦੀ ਨੀਤ ਮੇਰੀ
ਬੂੰਦ ਲਹੂ ਦੀ ਕੀਮਤੀ ਮੋਤੀਆਂ ਤੋਂ, ਨਹੀਂ ਖ਼ੂਨ ਵਹਾਣ ਦੀ ਨੀਤ ਮੇਰੀ
ਤੁਸੀਂ ਬੰਦੇ ਖ਼ੁਦਾ ਦੇ, ਤੁਸਾਂ ਤਾਈਂ, ਨਹੀਂ ਦੁੱਖ ਪੁਚਾਣ ਦੀ ਨੀਤ ਮੇਰੀ
ਮੈਂ ਤੇ ਆਪਦੇ ਨਾਲ ਹਾਂ ਮੇਲ ਚਾਂਹਦਾ, ਨਹੀਂ ਲੜਨ-ਲੜਾਣ ਦੀ ਨੀਤ ਮੇਰੀ
'ਤੀਰ' ਚੈਨ ਵਿਚ ਤੁਸੀਂ ਲੰਘਾਓ ਜੇਕਰ, ਅਮਨ ਵਿਚ ਬਿਤਾਣ ਦੀ ਨੀਤ ਮੇਰੀ

### ਔਰੰਗਜ਼ੇਬ ਨੇ ਚਿੱਠੀ ਵਿੱਚ ਹੋਰ ਕੀ ਕੀ ਲਿਖਿਆ

ਮੈਨੂੰ ਕਸਮ ਹੈ ਫਿਰਾਂ ਜੇ ਏਸ ਵੱਲੋਂ, 'ਕਾਫ਼ਰ ਹਾਂ' ਸਮਝੋ ਮੁਸਲਮਾਨ ਨਾਹੀਂ
ਤੁਸੀਂ ਪੁਰੀ ਅਨੰਦ ਜੇ ਛੱਡ ਜਾਓ, ਦੋਹਾਂ ਧਿਰਾਂ ਦਾ ਹੋਏ ਨੁਕਸਾਨ ਨਾਹੀਂ
ਤੁਸੀਂ ਆਪ ਜੇਕਰ ਮੈਨੂੰ ਮਿਲੋ ਆ ਕੇ, ਜ਼ਾਇਆ ਇਕ ਵੀ ਹੋਂਵਦੀ ਜਾਨ ਨਾਹੀਂ
ਜੋ ਦੀਦਾਰ ਦੇਵੋ, ਏਨੀ ਖ਼ੁਸ਼ੀ ਮੈਨੂੰ, ਮੂੰਹੋਂ ਹੋਂਵਦੀ ਜੋ ਬਿਆਨ ਨਾਹੀਂ
ਕਿਤੇ ਮੰਨ ਮਰਜ਼ੀ ਨਾਲ ਚਲੇ ਜਾਓ, ਮੇਰੀ ਏਸ ਗੱਲੇ ਕੋਈ ਹਾਨ ਨਾਹੀਂ
ਮੰਨੋ ਤੁਸੀਂ ਨਾ ਸੱਚ ਤਾਂ ਗੁਰੂ ਨਾਹੀਂ, ਮੁੜਾਂ ਮੈਂ ਤਾਂ ਫੇਰ ਸੁਲਤਾਨ ਨਾਹੀਂ

ਪਿੱਛੇ ਹੋਈ ਬੀਤੀ ਸਾਰੀ ਭੁੱਲ ਜਾਵੋ, ਕਿਸੇ ਗੱਲ ਦਾ ਕਰੋ ਧਿਆਨ ਨਾਹੀਂ
'ਤੀਰ' ਰਾਜਿਆਂ ਫੱਕਰਾਂ ਸਾਰਿਆਂ ਨੇ, ਮੱਲ ਬੈਠਨਾ ਸਦਾ ਜਹਾਨ ਨਾਹੀਂ

### ਏਲਚੀ ਦੀ ਆਪਣੇ ਵੱਲੋਂ ਬੇਨਤੀ

ਕਿਹਾ ਆਪਣੀ ਵੱਲੋਂ ਵੀ ਏਲਚੀ ਨੇ, ਬੰਦਾ ਝੂਠ ਨਾ ਮੂਲ ਅਲਾਂਵਦਾ ਏ
ਪਾਤਸ਼ਾਹ ਦੇ ਕੋਲ ਹੈ ਸਿਫ਼ਤ ਕਰਦਾ, ਜੋ ਵੀ ਆਪ ਨੂੰ ਵੇਖ ਕੇ ਜਾਂਵਦਾ ਏ
ਮਹਾਰਾਜ ਜੀਓ ਸ਼ਹਿਨਸ਼ਾਹ ਸਾਡਾ, ਦਿਲੋਂ ਆਪ ਨੂੰ ਸੀਸ ਨਿਵਾਂਵਦਾ ਏ
ਉਹਦੇ ਮੰਨ ਸਤਿਕਾਰ ਹੈ ਆਪ ਜੀ ਦਾ, ਏਸ ਵਾਸਤੇ ਪਿਆ ਬੁਲਾਂਵਦਾ ਏ
ਖ਼ੁਸ਼ ਹੋਇਗਾ ਬੜਾ ਹੀ ਮੇਲ ਕਰਕੇ, ਮੇਲ ਆਪਦਾ ਓਸਨੂੰ ਭਾਂਵਦਾ ਏ
'ਤੀਰ' ਆਪ ਵਰਗਾ ਸੱਚਾ ਪੁਰਖ ਪੂਰਨ, ਲੱਭਾ ਸਮਾਂ ਨਾ ਮੂਲ ਖੁੰਝਾਂਵਦਾ ਏ

### ਏਲਚੀ ਫੇਰ ਕਹਿੰਦਾ ਹੈ

ਪਿੱਛੇ ਜਿਨ੍ਹਾਂ ਕੀਤੀ, ਉਨ੍ਹਾਂ ਸਜ਼ਾ ਪਾਈ, ਬੀਤੀ ਹੋਈ ਦੀ ਦਿਲੋਂ ਵਿਚਾਰ ਛੱਡੋ
ਪਾਤਸ਼ਾਹ ਦੇ ਨਾਲ ਪਿਆਰ ਪਾਓ, ਫੜੋ ਮੇਲ-ਮਿਲਾਪ, ਤਲਵਾਰ ਛੱਡੋ
ਲੁੱਟੇ ਬਲਦ ਜਿਨ੍ਹਾਂ, ਗਏ ਕੈਦ ਕੀਤੇ , ਬੀਤੀ ਗੱਲ ਨੂੰ ਤੁਸੀਂ ਵਿਸਾਰ ਛੱਡੋ
'ਤੀਰ' ਮੇਲ ਦੇ ਜਿਹੀ ਨ ਚੀਜ਼ ਕੋਈ, ਮੇਰੀ ਅਰਜ਼ ਮੰਨੋਂ ਦਿਲੋਂ ਖਾਰ ਛੱਡੋ

### ਏਲਚੀ ਫੇਰ ਆਖਦਾ ਹੈ

ਜੇਕਰ ਆਪ ਖ਼ਾਲੀ ਕਿਲ੍ਹਾ ਕਰ ਜਾਵੋ, ਕੋਈ ਆਪ 'ਤੇ ਹੱਥ ਉਠਾਇਗਾ ਨਾ
ਜੇਕਰ ਨਾਲ ਮੇਰੇ ਪਵੋ ਟੁਰ ਦਿੱਲੀ, ਦਿੱਲ ਆਪਦਾ ਕੋਈ ਦੁਖਾਇਗਾ ਨਾ
ਹੋਲੀ ਜੰਗ ਦੀ ਜਾਇਗੀ ਰੁਕ ਆਪੇ, ਕੋਈ ਰੱਤ ਦਾ ਰੰਗ ਵਹਾਇਗਾ ਨਾ
ਸ਼ਾਹੀ ਫ਼ੌਜ ਦੀ ਵੀ 'ਤੀਰ' ਰਹਿ ਆਊ, ਕੋਈ ਓਸਦੇ ਸਾਹਮਣੇ ਆਇਗਾ ਨਾ

### ਸ੍ਰੀ ਦਸਮੇਸ਼ ਜੀ ਦੇ ਬਚਨ

ਅੱਗੋਂ ਹੱਸ ਕੇ ਸ੍ਰੀ ਦਸਮੇਸ਼ ਬੋਲੇ, "ਸਾਨੂੰ ਜੰਗ ਦੀ ਨਾ ਦਿਲੋਂ ਚਾਹ ਕੋਈ
ਤਾਂ ਵੀ ਜ਼ੁਲਮ ਹੁੰਦਾ ਵੇਖ ਲਿੱਸਿਆਂ 'ਤੇ, ਤੇਗ ਵਾਹਣ ਤੋਂ ਬਿਨਾ ਨਾ ਵਾਹ ਕੋਈ
ਜੋ ਤੂੰ ਗੱਲ ਆਖੀ ਪਾਤਸ਼ਾਹ ਵੱਲੋਂ, ਨਹੀਂ ਸੱਜਣਾ! ਏਸਦਾ ਲਾਹ ਕੋਈ
ਕਿਉਂਕਿ ਸਹੁ-ਸੁਗੰਧ ਜੋ ਜ਼ਾਲਮਾਂ ਦੀ, ਨਹੀਂ ਓਸ ਦਾ ਮੂਲ ਵਿਸਾਹ ਕੋਈ
ਜਿਵੇਂ ਜਾ ਰਿਹਾ ਏ ਸ਼ਹਿਨਸ਼ਾਹ ਤੇਰਾ, ਨਹੀਂ ਜਾਂਵਦਾ ਇੱਦਾਂ ਦੇ ਰਾਹ ਕੋਈ
ਜਿਵੇਂ ਉਹ ਪਰਜਾ ਕੋਹੀ ਜਾਂਵਦਾ ਏ, ਨਹੀਂ ਕਾਤਲਾਂ ਨੂੰ ਦੇਂਦਾ ਫਾਹ ਕੋਈ
ਜਿਵੇਂ ਉਹ ਮੰਦਰ, ਖੰਡਰ ਰੋਜ਼ ਕਰਦਾ, ਅਕਲਵੰਦ ਨਾ ਸੱਕਦਾ ਢਾਹ ਕੋਈ
ਜਿਵੇਂ ਵੱਢਦਾ ਉਹ ਬੇਦੋਸਿਆਂ ਨੂੰ, ਵੱਢੇ ਇਉਂ ਕਿਰਸਾਨ ਨਾ ਘਾਹ ਕੋਈ

ਜਿਵੇਂ ਉਹ ਮੋਛੇ ਪਾਏ ਹਿੰਦੂਆਂ ਦੇ, ਵੱਢੇ ਇਉਂ ਨਾ ਕਿੱਕਰ, ਫਲਾਹ ਕੋਈ
ਉਹ ਤੇ ਚਾਂਹਵਦਾ ਹੈ ਜ਼ੁਲਮ ਪਿਆ ਹੋਵੇ, ਐਪਰ ਦਰਦ ਦੀ ਭਰੇ ਨਾ ਆਹ ਕੋਈ
ਜਿਵੇਂ ਬੇੜੀਆਂ ਵਿਚ ਉਹ ਪਾਏ ਵੱਟੇ, ਏਦਾਂ ਕਰੇ ਨਾ ਸੁਘੜ ਮਲਾਹ ਕੋਈ
ਜਿਵੇਂ ਵੈਰ ਵਧਾਂਵਦਾ ਸ਼ਾਹ ਤੇਰਾ, ਕਰਦਾ ਨਹੀਂ ਏਦਾਂ ਖਾਹ-ਮਖਾਹ ਕੋਈ
ਕਿਉਂ ਕੋਂਹਵਦਾ ਉਹ ਨਿਮਾਣਿਆਂ ਨੂੰ, ਦੱਸੇ ਉਨ੍ਹਾਂ ਦਾ ਕੱਢ ਗੁਨਾਹ ਕੋਈ
'ਤੀਰ' ਅੱਖੀਆਂ ਹੁੰਦਿਆਂ ਕਿਵੇਂ ਵੇਖੇ, ਜ਼ੋਰ ਜ਼ੁਲਮ ਦੀ ਭੜਕਦੀ ਭਾਹ ਕੋਈ

### ਮਹਾਰਾਜ ਫਿਰ ਕਹਿੰਦੇ ਹਨ

ਤੈਨੂੰ ਪਤੇ ਦੀ ਏਲਚੀ ਗੱਲ ਦੱਸਾਂ? ਵੱਲ ਰੱਬ ਦੇ ਉਹਦਾ ਧਿਆਨ ਨਾਹੀਂ
ਕਰੇ ਓਸ ਤੇ ਕੀ ਇਤਬਾਰ ਕੋਈ, ਬਚਨ ਪਾਲਦੀ ਉਹਦੀ ਜ਼ਬਾਨ ਨਾਹੀਂ
ਮੋਮਨ ਮੋਮ ਹੋਵੇ, ਦਿਲੋਂ ਜੱਗ ਅੰਦਰ, ਪੱਥਰ ਚਿੱਤ ਬਣਦਾ ਮੁਸਲਮਾਨ ਨਾਹੀਂ
ਕਿਵੇਂ ਓਸਦੀ ਗੱਲ ਨੂੰ ਸੱਚ ਮੰਨਾਂ, ਸੱਚਾ ਜਿਸਦਾ ਕੋਈ ਬਿਆਨ ਨਾਹੀਂ
ਬੇਸ਼ਕ ਲਿਖ ਕੁਰਾਨ ਨਿਰਬਾਹ ਕਰਦਾ, ਐਪਰ ਮੰਨਦਾ ਦਿਲੋਂ ਕੁਰਾਨ ਨਾਹੀਂ
ਹੈ ਕੁਰਾਨ ਕਹਿੰਦਾ 'ਕਰੇ ਕਹਿਰ ਜਿਹੜਾ', ਉਹਦੇ ਘਰ ਵਿਚ ਉਹ ਪ੍ਰਵਾਨ ਨਾਹੀਂ
ਬੰਦਾ ਬੰਦਗੀ ਕਰਦਿਆਂ ਭਾਏ ਉਹਨੂੰ, ਰਤਾ ਭਾਂਵਦਾ ਉਹਨੂੰ ਸ਼ੈਤਾਨ ਨਾਹੀਂ
'ਤੀਰ' ਉਸ 'ਤੇ ਨਹੀਂ ਇਤਬਾਰ ਕੋਈ, ਜਿਹਨੂੰ ਦਿਸਦਾ ਰੱਬ ਰਹਿਮਾਨ ਨਾਹੀਂ

### ਭੁੱਖ-ਸਤਾਏ ਹੋਏ ਸਿੱਖਾਂ ਦੀ ਦਸਮੇਸ਼ ਜੀ ਪਾਸ ਅਰਜ਼ੋਈ

ਕਈ ਮਾਹ ਲੰਘੇ ਅੰਦਰ ਬੰਦ ਹੋਇਆਂ, ਸਿੰਘਾਂ ਸੇਵਕਾਂ ਭੁੱਖਿਆਂ-ਭਾਣਿਆਂ ਨੂੰ
ਉਨ੍ਹਾਂ ਆਣ ਕੇ ਇਸ ਤਰ੍ਹਾਂ ਅਰਜ਼ ਕੀਤੀ, ਜਾਣੀ-ਜਾਣ ਸਮੇਟ ਲਓ ਭਾਣਿਆਂ ਨੂੰ
ਅਸਾਂ ਹੌਸਲਾ ਰੱਖਿਆ ਅੱਜ ਤੋੜੀ, ਖ਼ੂਬ ਚਣੇ ਚਬਾਏ ਜਰਵਾਣਿਆਂ ਨੂੰ
ਤੇਗ਼ਾਂ ਸਾਡੀਆਂ ਨੇ ਹੋ ਕੇ ਕਾਲ-ਜੀਭਾ, ਰੱਜ-ਰੱਜ ਖਾਧਾ ਬੰਦੇ-ਖਾਣਿਆਂ ਨੂੰ
ਐਪਰ ਅੰਨ ਭੋਰਾ ਹੱਥ ਆਂਵਦਾ ਨਾ, ਪਏ ਤਰਸੀਏ ਭੁੱਜਿਆਂ ਦਾਣਿਆਂ ਨੂੰ
ਚਾਰੇ ਆਪ ਦੇ ਲਾਲ ਨਢਾਲ ਹੋਏ, ਨਹੀਂ ਲੱਭਦਾ ਕੁੱਝ ਅੰਜਾਣਿਆਂ ਨੂੰ
ਕੁੱਝ ਦਿੱਨ ਬੀਤੇ ਏਸ ਹਾਲ ਅੰਦਰ, ਭੁੱਖਾਂ ਸਹਿੰਦਿਆਂ ਇਨ੍ਹਾਂ ਨਮਾਣਿਆਂ ਨੂੰ
ਡੁੱਬ ਜਾਇਗੀ ਸਭ ਦੀ ਦੇਹ-ਬੇੜੀ, ਛੱਡ ਦਏਗੀ ਜੀਵ-ਮੁਹਾਣਿਆਂ ਨੂੰ
ਜੇਕਰ ਐਸ ਵੇਲੇ, ਬਾਹਰ ਨਿਕਲ ਚੱਲੋ, ਫੇਰ ਸਿੱਝ ਲਾਂਗੇ ਨਿੱਘਰ-ਜਾਣਿਆਂ ਨੂੰ
ਤਾਜ਼ਾ ਦਮ ਹੋ ਕੇ, ਮਾਰੂ ਬੋਲ ਹੱਲਾ, ਪੁੱਟ ਦਿਆਂਗੇ ਜ਼ੁਲਮ ਦੇ ਥਾਣਿਆਂ ਨੂੰ
ਕਰੋ ਬੇਨਤੀ ਅੱਜ ਪ੍ਰਵਾਨ ਸਾਡੀ, ਚਾਹੀਏ ਸਾਂਭਣਾ ਸਮਾਂ ਸਿਆਣਿਆਂ ਨੂੰ
ਜੇਕਰ ਆਣ ਕੇ ਪੈਣਗੇ ਗੱਲ ਸਾਡੇ, ਭੰਨ ਲਵਾਂਗੇ ਇਨ੍ਹਾਂ ਹਦਵਾਣਿਆਂ ਨੂੰ
ਮਿਹਰ ਆਪਦੀ ਨਾਲ ਸੁਧਾਰ ਲਾਂਗੇ, ਸਾਰੇ ਈਰਖੀ ਮੁੱਲਾਂ, ਮੁਲਾਣਿਆਂ ਨੂੰ

'ਤੀਰ' ਅੱਜ ਐਪਰ ਇਥੋਂ ਬਾਹਰ ਕੱਢੋ, ਢਿੱਡੋਂ ਭੁੱਖਿਆਂ ਤੇ ਬੇ-ਪਰਾਣਿਆਂ ਨੂੰ

### ਘਾਬਰੇ ਹੋਏ ਸਿੰਘ ਅੰਦਰ ਦੀ ਹਾਲਤ ਦੱਸਦੇ ਹਨ

ਜਾਣੀ-ਜਾਣ ਜੀ ਰਹੀ ਨਾ ਵਾਹ ਕੋਈ, ਘੇਰੇ ਪਿਆਂ ਨੇ ਸਿਦਕ ਨਿਭਾਏ ਨੇ ਜੀ
ਪਹਿਲੇ-ਪਹਿਲ ਜੋ ਪਾਸ ਸੀ ਅੰਨ-ਦਾਣਾ, ਨਾਲ ਓਸਦੇ ਡੰਗ ਟਪਾਏ ਨੇ ਜੀ
ਰਾਤੀਂ ਲੁੱਟ ਕੇ ਬਾਹਰ ਦੇ ਵੈਰੀਆਂ ਨੂੰ, ਬਹੁਤ ਵਾਰ ਇਹ ਦਾਸ ਲਿਆਏ ਨੇ ਜੀ
ਐਪਰ ਖ਼ਰਚ ਬਹੁਤਾ ਅਤੇ ਲੁੱਟ ਥੋੜ੍ਹੀ, ਕਈ ਵਾਰ *ਬਦਾਮ ਚਬਾਏ ਨੇ ਜੀ
ਭੇਡਾਂ, ਬੱਕਰੇ, ਗਏ ਨੇ ਸੱਭ ਖਾਧੇ, ਢਿੱਡੋਂ ਭੁੱਖਿਆਂ ਮਾਰ ਮੁਕਾਏ ਨੇ ਜੀ
ਬਾਜ਼ੀ ਫੇਰ ਆਈ ਛਿੱਲਾਂ-ਪੱਤਰਾਂ 'ਤੇ, ਖਾਧੇ ਲਾਹ-ਲਾਹ ਡੰਗ ਲੰਘਾਏ ਨੇ ਜੀ
ਸਾਤਾ ਹੋ ਗਿਆ ਰੋਜ਼ ਦੇ ਰੋਜ਼ ਫਾਕੇ, ਨਿੱਕੇ ਬਾਲ ਗੁਪਾਲ ਘਬਰਾਏ ਨੇ ਜੀ
ਦਇਆ ਕਰੋ ਦਾਤਾ ਕਿਲ੍ਹਾ ਛੱਡ ਚੱਲੋ, ਅਸਾਂ ਗਲ ਪੱਲੇ ਵੇਖੋ ਪਾਏ ਨੇ ਜੀ
ਪਾਣੀ ਲੱਗਦਾ ਕਾਲਜੇ ਨਿਰਨਿਆਂ ਨੂੰ, ਏਸੇ ਵਾਸਤੇ ਸਿੰਘ ਤਿਹਾਏ ਨੇ ਜੀ
'ਤੀਰ' ਅੱਜ ਬਚਾ ਲਓ ਪੁੱਤਰਾਂ ਨੂੰ, ਜਿਹੜੇ ਤੇਗ ਦੀ ਧਾਰ ਤੋਂ ਜਾਏ ਨੇ ਜੀ

### ਸ੍ਰੀ ਦਸਮੇਸ਼ ਜੀ ਧੀਰਜ ਦੇਂਦੇ ਹਨ

ਬੜੇ ਦਰਦ ਦੇ ਨਾਲ ਦਸਮੇਸ਼ ਬੋਲੇ, ਰੱਖੋ ਸਿਦਕ ਮੇਰੇ ਹੋਣਹਾਰ ਸਿੰਘੋ
ਲੋਭੀ, ਠੱਗ, ਝੂਠੇ, ਜ਼ਾਲਮ ਮੀਸਣੇ ਦਾ, ਹੁੰਦਾ ਨਹੀਂ ਜੇ ਰਤਾ ਇਤਬਾਰ ਸਿੰਘੋ
ਪੱਥਰ ਚਿਤ ਤੇ ਕਦੀ ਵੀ ਵਿੱਸੀਏ ਨਾ, ਕਸਮ ਖਾਂਵਦਾ ਫਿਰੇ ਹਜ਼ਾਰ ਸਿੰਘੋ
ਤੁਸੀਂ ਅੱਖੀਆਂ ਵਿਚ ਪਰਤਾ ਲੀਤੀ, ਕਸਮ ਇਨ੍ਹਾਂ ਦੀ ਪਿੱਛਲੀ ਵਾਰ ਸਿੰਘੋ
ਜਦੋਂ ਕਿਲ੍ਹੇ ਵਿਚੋਂ ਅਸੀਂ ਬਾਹਰ ਹੋਏ, ਘੱਟ ਕਰਨਗੇ ਨਹੀਂ ਗ਼ੱਦਾਰ, ਸਿੰਘੋ
ਸ਼ਾਹੀ ਫ਼ੌਜ ਸਮੇਤ ਹੈ ਟੁੱਟ ਪੈਣੀ, ਸਿਰਾਂ ਸਾਡਿਆਂ 'ਤੇ ਬਾਈਧਾਰ ਸਿੰਘੋ
ਤੁਸੀਂ ਸਭ ਮੇਰੇ ਜ਼ੋਰਾਵਰ ਪੁੱਤਰ, ਤੁਸੀਂ ਸੱਭ ਅਜੀਤ, ਜੁਝਾਰ ਸਿੰਘੋ
ਫਤਹਿ ਤੁਸੀਂ ਮੇਰੇ, ਤੁਸਾਂ ਫਤਹਿ ਪਾਣੀ, ਹਾਰ ਜਾਣਗੇ ਅੰਤ ਮੱਕਾਰ ਸਿੰਘੋ
ਮੇਰਾ ਦਿੱਲ ਨਹੀਂ ਮੰਨਦਾ ਏਸੇ ਵੇਲੇ, ਪੁੱਤਰ ਭੰਗ-ਭਾੜੇ ਦਿਆਂ ਵਾਰ ਸਿੰਘੋ
ਮਾਰੇ ਜਾਓਗੇ ਪਲਕ ਦੀ ਝਲਕ ਅੰਦਰ, ਸ਼ਾਹੀ ਫ਼ੌਜ ਪੈਸੀ ਮਾਰੋ-ਮਾਰ ਸਿੰਘੋ
ਥੋੜ੍ਹੇ ਦਿਨਾਂ ਦੀ ਗੱਲ ਹੈ ਕਰੋ ਜੇਰਾ, ਲਵੋ ਭੁੱਖ ਦਾ ਦੁੱਖ ਸਹਾਰ ਸਿੰਘੋ
ਚਲੇ ਜਾਣਗੇ ਆਪ ਹੀ ਤੰਗ ਪੈ ਕੇ, ਕੱਟ ਰਹੇ ਜੋ ਬਾਹਰ ਵਗਾਰ ਸਿੰਘੋ
ਫੇਰ ਪੁਰੀ ਅਨੰਦ ਆਨੰਦ ਹੋਸੀ, ਖਿੜ ਪਏਗੀ ਫੇਰ ਗੁਲਜ਼ਾਰ ਸਿੰਘੋ
ਫੇਰ ਰਲ ਕੇ ਹਿੰਦ ਤੋਂ ਲਾਹ ਦਿਆਂਗੇ, ਜ਼ੋਰ ਜ਼ੁਲਮ ਗ਼ੁਲਾਮੀ ਦਾ ਭਾਰ ਸਿੰਘੋ
ਫੇਰ ਮਾਂ ਭਾਰਤ ਸਾਡੀ ਸੁਖੀ ਹੋਸੀ, ਜਿਹੜੀ ਅੱਜ ਜਾਪੇ ਅਵਾਜ਼ਾਰ ਸਿੰਘੋ

* ਭੁੱਜੇ ਹੋਏ ਛੋਲੇ।

'ਤੀਰ' ਪਏ ਜ਼ਾਲਮ ਸਾਨੂੰ ਚਾਰਦੇ ਜੇ, ਅੰਦਰ ਦਿਨ ਕੱਟੋ ਅਜੇ ਚਾਰ ਸਿੰਘੋ

*ਨਿਰਾਸਤਾ ਕੀ ਕੀ ਕਰਦੀ ਹੈ (ਵੱਲੋਂ ਕਵੀ)*

ਜਦੋਂ ਕਦੇ ਵੀ ਕਿਸੇ ਦੇ ਦਿੱਲ ਉੱਤੇ, ਕਹਿੰਦੇ ਆਣ ਨਿਰਾਸਤਾ ਛਾਂਵਦੀ ਏ
ਪੈਰ ਖਿੜਕ ਜਾਂਦੇ, ਜੇਰਾ ਡੋਲ ਜਾਂਦਾ, ਅੰਦਰ ਇਕ ਭੁਚਾਲ ਲਿਆਂਵਦੀ ਏ
ਦਿੱਸਣ ਰੁੱਖ ਰਾਖਸ਼, ਜਾਨ ਲੈਣ ਵਾਲੇ, ਰੱਸੀ ਨਾਗ-ਕਾਲਾ ਨਜ਼ਰ ਆਂਵਦੀ ਏ
ਅੱਖ ਵੇਖਣੋਂ ਜਾਂਵਦੀ ਹੋ ਅੰਨ੍ਹੀ, ਗੱਲ ਕਰਦਿਆਂ ਜੀਭ ਥਥਲਾਂਵਦੀ ਏ
ਕਿਤੇ ਜਾਨ ਲੁਕਾਣ ਦੀ ਪੈ ਜਾਂਦੀ, ਡਾਢੀ ਦਿਲ ਨੂੰ ਭਉਜਲੀ ਪਾਂਵਦੀ ਏ
ਅਕਲ ਗੁੰਮ ਹੁੰਦੀ, ਸ਼ਕਲ ਵਿਗੜ ਜਾਂਦੀ, ਨਵੇਂ ਆਣ ਕੇ ਰੰਗ ਵਿਖਾਂਵਦੀ ਏ
ਲਾਭ-ਹਾਨ ਨਾ ਸੁੱਝਦਾ ਆਦਮੀ ਨੂੰ, ਚੰਗੇ ਭਲੇ ਦੀ ਹੋਸ਼ ਭੁਲਾਂਵਦੀ ਏ
ਸ਼ੱਕ ਕਰੇ ਪੈਦਾ ਜਣੀ-ਖਣੀ ਉੱਤੇ, ਲੱਕ ਤੋੜਦੀ ਨੱਕ ਰਗੜਾਂਵਦੀ ਏ
ਰਿਦੇ ਵਿਚ ਅਨ੍ਹੇਰ ਵਰਤਾ ਦੇਂਦੀ, ਸੂਝ-ਬੂਝ ਦੀ ਜੋਤ ਬੁਝਾਂਵਦੀ ਏ
ਕਿਸੇ ਗੱਲ 'ਤੇ ਰਹੇ ਨਾ ਨੀਤ ਪੱਕੀ, ਪਲਾਂ ਵਿਚ ਯਕੀਨ ਉਲਟਾਂਵਦੀ ਏ
ਬੰਦਾ ਸੋਚ ਦੇ ਵਹਿਣ ਵਿਚ ਡੁੱਬ ਜਾਂਦਾ, ਉਹਦੀ ਜਿੰਦ ਲੱਖਾਂ ਗੋਤੇ ਖਾਂਵਦੀ ਏ
'ਤੀਰ' ਏਸ ਨਿਰਾਸਤਾ ਵਸ ਹੋ ਕੇ, ਮੱਤ ਬੰਦਿਆਂ ਦੀ ਮਾਰੀ ਜਾਂਵਦੀ ਏ

*ਘਾਬਰੇ ਹੋਏ ਬਾਬਤ (ਵੱਲੋਂ ਕਵੀ)*

ਐਪਰ ਗੁਰੂ ਦੇ ਲਾਡਲੇ ਸਿੱਖ ਸੂਰੇ, ਲੰਮੀ ਭੁੱਖ ਸਹਾਰ ਕੇ ਥੱਕ ਗਏ ਸੀ
ਘੇਰਾ ਪਿਆ ਨਾ ਕਿਤੋਂ ਵੀ ਰਤਾ ਢਿੱਲਾ, ਛਾਪੇ ਸੈਂਕੜੇ ਮਾਰ ਕੇ ਥੱਕ ਗਏ ਸੀ
ਵੈਰੀ ਡੱਟ ਕੇ ਨਹੀਂ ਸੀ ਜੰਗ ਕਰਦੇ, ਲੰਮੀ ਜੰਗ ਵਿਚਾਰ ਕੇ ਥੱਕ ਗਏ ਸੀ
'ਤੀਰ' ਪੇਟ ਦੀ ਪੇਟੀ ਨੂੰ ਬੰਦ ਕਰਕੇ, ਭੁੱਖ ਜੰਦਰੇ ਮਾਰ ਕੇ ਥੱਕ ਗਏ ਸੀ

*ਏਲਚੀ ਮਾਤਾ ਗੁਜਰੀ ਜੀ ਪਾਸ ਪ੍ਰੇਰਨਾ ਲਈ ਭੇਜੇ ਗਏ*

ਭੇਜੇ ਏਲਚੀ ਫੇਰ ਪਹਾੜੀਆਂ ਨੇ, ਮਾਤਾ ਗੁੱਜਰੀ ਜੀ ਪਾਸ ਆਂਵਦੇ ਨੇ
ਆ ਕੇ ਕਹਿਣ ਲੱਗੇ 'ਵੇਖੋ ਤੁਸੀਂ ਮਾਤਾ! ਸਿੱਖ ਭੰਗ-ਭਾੜੇ ਮਾਰੇ ਜਾਂਵਦੇ ਨੇ
ਮਰਨ ਕੁੱਝ ਲੜ ਕੇ, ਜਰਨ ਕੁੱਝ ਭੁੱਖਾਂ, ਤਾਂ ਵੀ ਆਪਣਾ ਫ਼ਰਜ਼ ਨਿਭਾਂਵਦੇ ਨੇ
'ਤੀਰ' ਮਿੱਠੀਆਂ-ਮਿੱਠੀਆਂ ਕਰ ਗੱਲਾਂ, ਮਾਤਾ ਜੀ ਨੂੰ ਇਉਂ ਸਮਝਾਂਵਦੇ ਨੇ

*ਏਲਚੀ ਤੇ ਕੁਝ ਸਿੱਖ ਮਾਤਾ ਗੁਜਰੀ ਜੀ ਨੂੰ ਕਹਿੰਦੇ ਹਨ*

ਪੂਜਾਯੋਗ ਮਾਤਾ! ਮੰਨੋ ਅਰਜ਼ ਸਾਡੀ, ਤੁਸੀਂ ਰੱਖ ਲਓ ਸੇਵਕਾਂ ਸਾਰਿਆਂ ਨੂੰ
ਨਾਲੇ ਆਪਣੇ ਪੰਜਾਂ ਪਿਆਰਿਆਂ ਨੂੰ, ਨਾਲੇ ਪੋਤਿਆਂ ਚਾਰ ਦੁਲਾਰਿਆਂ ਨੂੰ
ਤੁਸੀਂ ਹੋਵੋ ਤਿਆਰ ਤਾਂ ਪਊ ਤੁਰਨਾ, ਸੱਚੇ ਸਤਿਗੁਰਾਂ ਪ੍ਰੇਮ-ਵਣਜਾਰਿਆਂ ਨੂੰ

'ਤੀਰ' ਰੁੱਲ ਕੇ ਮੂਲ ਨਾ ਮਰਨ ਦੇਵੋ, ਪੁੱਤ, ਪੋਤਿਆਂ, ਗੁਰੂ-ਸਵਾਰਿਆਂ ਨੂੰ

### ਮਾਤਾ ਗੁਜਰੀ ਜੀ ਸ੍ਰੀ ਦਸਮੇਸ਼ ਜੀ ਨੂੰ ਸਮਝਾਉਂਦੇ ਹਨ

ਮਾਤਾ ਗੁਜਰੀ ਦਸਮੇਸ਼ ਦੇ ਪਾਸ ਪੁੱਜੇ, ਕੀਤਾ ਇਉਂ ਅਰੰਭ ਸਮਝਾਵਣਾ ਏ
ਮੇਰੇ ਚੰਦ ਜੀ! ਕਰੇ ਅਕਾਲ ਪੂਰੀ, ਦੇਸ਼ ਲਈ ਜੋ ਆਪ ਦੀ ਭਾਵਣਾ ਏ
ਐਪਰ ਲਾਲ ਜੀਓ ਮੈਨੂੰ ਦਿੱਸ ਰਿਹਾ, ਅੱਖਾਂ ਸਾਹਮਣੇ ਸਮਾਂ ਡਰਾਵਣਾ ਏ
ਘੇਰਾ ਟੁੱਟਿਆ ਨਾ, ਅੰਨ ਖੁੱਟਿਆ ਏ, ਕੀ ਭੁੱਖਿਆਂ ਜੰਗ ਮਚਾਵਣਾ ਏ
ਇਹ ਤਾਂ ਮੰਨਿਆਂ ਕਿ ਸਿੱਖਾਂ ਸੇਵਕਾਂ ਨੇ, ਜਾਨ ਹੂਲ ਕੇ ਪ੍ਰੇਮ ਨਿਭਾਵਣਾ ਏ
ਐਪਰ 'ਤੀਰ' ਮਰਵਾ ਕੇ ਸਿੱਖ ਏਦਾਂ, ਦੱਸੋ ਹੱਥ ਕੀ ਅਸਾਂ ਦੇ ਆਵਣਾ ਏ

### ਮਾਤਾ ਜੀ ਫਿਰ ਕਹਿੰਦੇ ਹਨ

ਮੇਰੇ ਟਹਿਕਦੇ ਬਾਗ਼ ਦੇ ਫ਼ੁੱਲ ਚਾਰੇ, ਏਸ ਕੈਦ ਵਿਚ ਪਏ ਕੁਮਲਾ ਰਹੇ ਨੇ
ਮੇਰੇ ਸਿੱਖ-ਪੁੱਤਰ ਸਦਾ ਜੀਣ ਜੋਗੇ, ਭੁੱਖੇ ਮੌਤ ਦੇ ਮੂੰਹ ਵਿਚ ਜਾ ਰਹੇ ਨੇ
ਭੁੱਖੇ ਲੁੱਛਦੇ ਵੇਖ ਕੇ ਪੁੱਤਰਾਂ ਨੂੰ, ਮੇਰੇ ਨੈਣ ਦੋਵੇਂ ਛਹਿਬਰ ਲਾ ਰਹੇ ਨੇ
'ਤੀਰ' ਭੁੱਖ ਦੇ ਡੰਗ ਲਡਿਕਿਆਂ ਨੂੰ, ਵਾਂਗ ਸੱਪ ਦੇ ਵਿਹੁ ਚੜ੍ਹਾ ਰਹੇ ਨੇ

### ਮਾਤਾ ਜੀ ਫਿਰ ਕਹਿੰਦੇ ਹਨ

ਪਾਤਸ਼ਾਹ ਹੈ ਚੁੱਕਦਾ ਸਹੁੰ ਹੁਣ 'ਤੇ, ਪਿਆ ਦਿਲ ਤੋਂ ਕਰੇ ਇਕਰਾਰ ਬੇਟਾ
ਚਲੋ ਕਿਲ੍ਹੇ ਚੋਂ ਨਿਕਲੀਏ ਰਾਤ ਵੇਲੇ, ਭਲੀ ਕਰੇਗਾ ਆਪ ਕਰਤਾਰ ਬੇਟਾ
ਨਾਲੇ ਫ਼ੌਜ ਸ਼ਾਹੀ ਦਿੱਲੀ ਪਰਤ ਜਾਵੇ, ਨਾਲੇ ਗਲੋਂ ਲੱਥੇ ਬਾਈਧਾਰ ਬੇਟਾ
'ਤੀਰ' ਫੇਰ ਆ ਵਸਾਂਗੇ ਝੱਬ ਏਥੇ, ਕਿਸੇ ਥਾਂ ਕੁੱਝ ਦਿਨ ਗੁਜ਼ਾਰ ਬੇਟਾ

### ਸ੍ਰੀ ਦਸਮੇਸ਼ ਜੀ ਮਾਤਾ ਗੁਜਰੀ ਜੀ ਨੂੰ ਕਹਿੰਦੇ ਹਨ

ਹੱਥ ਜੋੜ ਕੇ ਸ੍ਰੀ ਦਸਮੇਸ਼ ਬੋਲੇ, "ਕਾਰ ਧਰਮ ਦੀ ਅੰਮੀਏਂ ਕਰਨ ਦੇ ਤੂੰ
ਭੁੱਖਾ ਰਹੇਗਾ ਕੋਈ ਨਾ ਦੇਸ਼ ਵਾਸੀ, ਭੁੱਖ ਦੇਸ਼-ਭਗਤਾਂ ਤਾਈਂ ਜਰਨ ਦੇ ਤੂੰ
ਡੁੱਬ ਜਾਇਗਾ ਜ਼ੁਲਮ ਇਹ ਰੱਤ ਅੰਦਰ, ਮੇਰੀ ਤੇਗ਼ ਨੂੰ ਖ਼ੂਨ ਵਿਚ ਤਰਨ ਦੇ ਤੂੰ
ਫੇਰ ਦੇਸ਼ ਵਿਚ ਸ਼ਾਦੀਆਂ ਹੋਣਗੀਆਂ, ਲਾਜ਼ੀ ਮੌਤ ਪਰਵਾਰ ਨੂੰ ਵਰਨ ਦੇ ਤੂੰ
ਬੁੱਝ ਅਤਿਆਚਾਰ ਦੀ ਅੱਗ ਜਾਸੀ, ਰੱਤ ਨਾਲ ਇਸ ਦੇਸ਼ ਨੂੰ ਠਰਨ ਦੇ ਤੂੰ
ਮੋਏ ਦੇਸ਼ ਨੂੰ ਜ਼ਿੰਦਗੀ ਦੇਣ ਖ਼ਾਤਰ, ਪੈਰ ਮੌਤ ਦੇ ਰਾਹ 'ਤੇ ਧਰਨ ਦੇ ਤੂੰ
ਮੈਨੂੰ ਦੀਨ ਦੁਖਿਆਰ ਦੇ ਭਲੇ ਖਾਤਰ, ਅੱਜ ਦੰਮ ਆਜ਼ਾਦੀ ਦਾ ਭਰਨ ਦੇ ਤੂੰ
'ਤੀਰ' ਹਿੰਦ ਦੇ ਪੁੱਤ ਜੀਵਾਣ ਖਾਤਰ, ਭੁੱਖੇ ਆਪਣੇ ਬੱਚੜੇ ਮਰਨ ਦੇ ਤੂੰ

### ਡੋਲੇ ਹੋਏ ਸਿੱਖ ਨਾ ਰਹਿ ਸਕੇ (ਵੱਲੋਂ ਕਵੀ)

ਕੁਝ ਸਿੰਘ ਸੀ ਦਿਲੋਂ ਘਬਰਾਏ ਡਾਢੇ, ਚਲੇ ਜਾਣ ਖ਼ਾਤਰ ਜ਼ੋਰ ਲਾਣ ਲੱਗੇ
ਸੱਚੇ ਪਾਤਸ਼ਾਹ ਡੋਲਿਆਂ ਸਹਿਮਿਆਂ ਨੂੰ, ਬੜੇ ਹਿੱਤ ਦੇ ਨਾਲ ਸਮਝਾਣ ਲੱਗੇ
ਐਪਰ ਉਨ੍ਹਾਂ 'ਤੇ ਅਸਰ ਨਾ ਕੁਝ ਹੋਇਆ, ਚੰਗੇ ਗੁਰੂ ਤੋਂ, ਦਿਲੋਂ ਪ੍ਰਾਣ ਲੱਗੇ
ਧਰੀ ਇਕ ਨਾ ਕੰਨਾਂ 'ਤੇ ਗੱਲ ਕੋਈ, ਕੰਨੀ ਢੰਗ ਦੇ ਨਾਲ ਕਤਰਾਣ ਲੱਗੇ
ਐਸਾ ਘੇਰਿਆ ਆਨ ਨਿਰਾਸਤਾ ਨੇ, ਡਰ ਮੌਤ ਦੀ ਮਾਰ ਦਾ ਖਾਣ ਲੱਗੇ
'ਤੀਰ' ਸ੍ਰੀ ਦਸਮੇਸ਼ ਜੀ ਇਉਂ ਬੋਲੇ, ਜਦੋਂ ਸਿੱਖ ਡੋਲੇ ਹੋਏ ਜਾਣ ਲੱਗੇ

### ਸ੍ਰੀ ਦਸਮੇਸ਼ ਜੀ ਜਾਣ ਵਾਲਿਆਂ ਨੂੰ ਫ਼ੁਰਮਾਉਂਦੇ ਹਨ

"ਜਾਣ ਵਾਲਿਓ! ਸੋਹਣਿਓਂ! ਜਾਵਣਾ ਤਾਂ, ਲਵੋ ਗੱਲ ਮੁਕਾ ਕੇ ਚਲੇ ਜਾਓ
ਜਿਹੜੀ ਸਾਂਝ ਹੈ ਜੋ ਮੇਰੇ ਨਾਲ ਪਾਈ, ਹੱਥੀਂ ਓਹ ਮਿਟਾ ਕੇ ਚਲੇ ਜਾਓ
ਸਾਕ ਗੁਰੂ ਤੇ ਸਿੱਖ ਦਾ ਤੋੜ ਜਾਓ, ਫੇਰ ਪਿੱਠ ਵਿਖਾ ਕੇ ਚਲੇ ਜਾਓ
"ਨਾ ਤੂੰ ਗੁਰੂ, ਨਾ ਅਸੀਂ ਹਾਂ ਸਿੱਖ ਤੇਰੇ" ਹੱਥੀਂ ਲਿਖਤ ਇਹ ਪਾ ਕੇ ਚਲੇ ਜਾਓ
ਜਿਹੜੀ ਧਰਤ ਉੱਤੇ ਸਿੱਖੀ ਲਈ ਸਾਜੇ, ਉਸੇ ਉੱਤੇ ਗਵਾ ਕੇ ਚਲੇ ਜਾਓ
'ਤੀਰ' ਨਹੀਂ ਐਵੇਂ ਇਥੋਂ ਜਾ ਸਕਦੇ, ਬੇਸ਼ਕ ਗੁਰੂ ਭੁਲਾ ਕੇ ਚਲੇ ਜਾਓ

### ਡੋਲੇ ਹੋਏ ਸਿੱਖਾਂ ਬੇਦਾਵਾ ਲਿਖ ਦਿੱਤਾ (ਵੱਲੋਂ ਕਵੀ)

ਕੀਤੀ ਸੋਚ ਨਾ ਸੋਚ ਵਿਚ ਡੁੱਬਿਆਂ ਨੇ, ਡਿੱਗਾ ਦਿਲ ਨਿਰਾਸਤਾ-ਰੋਲਿਆਂ ਦਾ
ਲਾਲ ਸਿਦਕ ਦਾ ਹੱਥ ਚੋਂ ਸੁੱਟ ਬੈਠੇ, ਸੌਦਾ ਕਰ ਲੀਤਾ ਸਗੋਂ ਕੋਲਿਆਂ ਦਾ
ਯਾਰੀ ਯਾਰ ਦੇ ਨਾਲ ਨਾ ਮੂਲ ਪਾਲੀ, ਕੱਚੀ ਪ੍ਰੀਤ ਦੱਸੀ ਵੱਢ ਛੋਲਿਆਂ ਦਾ
ਹਿੱਤ ਗੁਰੂ ਦਸਮੇਸ਼ ਦਾ ਦਿਲੋਂ ਲੱਥਾ, ਮੋਹ ਜਾਗਿਆ ਮਿੱਟੀ ਦੇ ਚੋਲਿਆਂ ਦਾ
ਡਰ ਨਿਕਲਿਆ ਮੂਲ ਨਾ ਕਿਸੇ ਹੀਲੇ, ਔਖੀ ਬਣੀ ਵੇਲੇ ਵਹਿਮੀ ਢੋਲਿਆਂ ਦਾ
ਅੰਤ ਮੌਤ ਦੇ ਮੂੰਹ ਵਿੱਚ ਜਾ ਪੈਣਾ, ਦਿਲ ਇਹ ਨਾ ਸਮਝਿਆ ਭੋਲਿਆਂ ਦਾ
ਇਹ ਵੀ ਸੋਚਿਆ ਨਾ ਸਿੱਟਾ ਕੀ ਹੋਸੀ, ਇਨ੍ਹਾਂ ਸਾਡਿਆਂ ਘੋਲਣੇ ਘੋਲਿਆਂ ਦਾ
'ਨਾ ਤੂੰ ਗੁਰੂ ਨਾ ਅਸੀਂ ਹਾਂ ਸਿੱਖ ਤੇਰੇ', ਲਿਖੀ ਹੱਥ ਗਿਆ ਦਿਲੋਂ ਡੋਲਿਆਂ ਦਾ
ਅੰਤ ਤੀਕ ਉਪਦੇਸ਼ ਨਾ ਸੁਣ ਸਕਿਆ, ਕੰਨ ਡਰ-ਭਰਿਆ ਸਿੱਖਾਂ ਬੋਲਿਆਂ ਦਾ
ਘੱਟਾ 'ਤੀਰ' ਜੀ ਪਾ ਗਿਆ ਕਈ ਅੱਖੀਂ, ਝੱਖੜ ਸਹਿਮ ਦੇ ਵਾ-ਵਰੋਲਿਆਂ ਦਾ

### ਪਿੱਛੋਂ ਗੱਲਾਂ (ਵੱਲੋਂ ਕਵੀ)

ਕੁਝ ਰਹੇ ਪੱਕੇ ਸਿੱਖੀ ਸਿਦਕ ਅੰਦਰ, ਕੁਝ ਸਿਦਕ ਗਵਾ ਕੇ ਗਏ ਚੱਲੇ
ਪਿੱਛੋਂ ਕਈ ਥਾਈਂ ਇਉਂ ਹੋਣ ਗੱਲਾਂ, 'ਡਰੂ' ਪਿੱਠ ਵਿਖਾ ਕੇ ਗਏ ਚੱਲੇ

ਔਖੀ ਘੜੀ ਵੇਲੇ ਸੱਚੇ ਪਾਤਸ਼ਾਹ ਤੋਂ, ਵੇਖੋ ਮੂੰਹ ਭੁਆ ਕੇ ਗਏ ਚੱਲੇ
'ਤੀਰ' ਬਣੇ 'ਬੇਦਾਵੀਏ' ਜੰਗ ਅੰਦਰ, ਛੁੱਟੀ ਗੁਰਾਂ ਤੋਂ ਪਾ ਕੇ ਗਏ ਚੱਲੇ

### ਬੇਦਾਵਾ ਲਿਖਣ ਵਾਲੇ ਕਿਤਨੇ ਸਨ (ਵੱਲੋਂ ਕਵੀ)

ਠੀਕ-ਠੀਕ ਨਹੀਂ ਦੱਸਿਆ ਜਾ ਸਕਦਾ, ਹੈਸਨ ਕਿਤਨੇ ਇਸ ਤਰ੍ਹਾਂ ਜਾਣ ਵਾਲੇ
ਉਦੋਂ ਪੰਜ ਹਜ਼ਾਰ ਦੀ ਕੁੱਲ ਗਿਣਤੀ, ਹੈਣ ਦੱਸਦੇ, ਸੂਝ-ਪਛਾਨ ਵਾਲੇ
ਏਨੀ ਫ਼ੌਜ ਦਸਮੇਸ਼ ਦੇ ਪਾਸ ਹੈਸੀ, ਜਦੋਂ ਆਪ ਸੀ ਯੁੱਧ ਮਚਾਣ ਵਾਲੇ
'ਤੀਰ' ਕਈ ਲੇਖਕ ਭੁੱਲੇ ਲਿਖ ਗਏ ਨੇ, ਗੱਲਾਂ ਨਾਲ ਅਨੁਮਾਨ ਲਗਾਣ ਵਾਲੇ

### ਵੱਲੋਂ ਕਵੀ

ਚਾਲੀ ਰਹੇ ਸਤਿਗੁਰਾਂ ਦੇ ਪਾਸ ਬਾਕੀ, 'ਚਾਲੀ ਗਏ' ਇਹ ਕਈ ਸੁਣਾਂਵਦੇ ਨੇ
ਐਪਰ ਪੰਜ ਹਜ਼ਾਰ ਦੀ ਦੱਲ-ਗਿਣਤੀ, ਭੁੱਲ ਵਿੱਚ ਪਏ ਉਹ ਭੁਲਾਂਵਦੇ ਨੇ
ਗ਼ਲਤ ਜਾਪਦਾ ਪਰਖ ਦੀ ਅੱਖ ਅੰਦਰ, ਏਸ ਤਰ੍ਹਾਂ ਅਨੁਮਾਨ ਜੋ ਲਾਂਵਦੇ ਨੇ
'ਤੀਰ' ਚਾਲੀਆਂ ਦੀ ਗੱਲ ਕਰਨ ਲੱਗੇ, ਨਾ ਉਹ ਰਤਾ ਦਲੀਲ ਦੁੜਾਂਵਦੇ ਨੇ

### ਕਵੀ ਵੱਲੋਂ ਹੋਰ ਦਲੀਲ

ਭਲਾ ਪੰਜ ਹਜ਼ਾਰ 'ਚੋਂ ਜੰਗ ਅੰਦਰ, ਜੂਝੇ ਲੜਦਿਆਂ ਤਿੰਨ ਹਜ਼ਾਰ ਹੋਸਨ
ਬਾਕੀ ਦੋ ਹਜ਼ਾਰ ਨੇ ਬੱਚ ਜਾਂਦੇ, ਕਈ ਉਨ੍ਹਾਂ ਵਿਚੋਂ ਅਵਾਜ਼ਾਰ ਹੋਸਨ
ਅੱਧੇ ਨਹੀਂ ਤਾਂ ਅੱਧਿਓਂ ਕੁੱਝ ਥੋੜ੍ਹੇ, ਕਰ ਗਏ ਬੇਦਾਵੇ ਦੀ ਕਾਰ ਹੋਸਨ
'ਤੀਰ' ਕੀ ਹੋਇਆ ਜੇਕਰ ਪਿੱਠ ਦੇ ਗਏ, ਅੰਤ ਸਿਦਕੀਆਂ ਵਿਚ ਸ਼ੁਮਾਰ ਹੋਸਨ

### ਸਰਸੇ ਦੇ ਯੁੱਧ ਦੀ ਦਲੀਲ

ਫੇਰ ਉਹੀ ਲੇਖਕ ਆਪ ਲਿੱਖਦੇ ਨੇ, 'ਸਰਸਾ ਉਤੇ ਬਿਕਰਾਲ ਘਮਸਾਨ ਹੋਏ'
ਤੇਗ਼ ਖ਼ਾਲਸੇ ਨੇ ਵਾਹੀ ਜੋਸ਼ ਅੰਦਰ, ਵਹਿਣ ਜੱਲ ਦੇ ਲਹੂ-ਲੁਹਾਨ ਹੋਏ
ਕਿਵੇਂ ਚਾਲੀਆਂ ਰਹਿੰਦਿਆਂ ਫ਼ੌਜ ਰੋਕੀ, ਜਦੋਂ ਪਾਰ ਸੀ ਗੁਰੂ ਸੁਲਤਾਨ ਹੋਏ
ਪੰਜ ਸੱਤ ਸੌ 'ਤੀਰ' ਜ਼ਰੂਰ ਹੋਸਨ, ਲੋਕੀਂ ਏਸ ਗੱਲੋਂ ਬੇਧਿਆਨ ਹੋਏ

### ਅਨੰਦਪੁਰ ਤੋਂ ਵਿਦਾਇਗੀ (ਵੱਲੋਂ ਕਵੀ)

ਜਦੋਂ ਸਿੱਖ ਥੋੜ੍ਹੇ ਰਹੇ ਕਿਲ੍ਹੇ ਅੰਦਰ, ਸ਼ਾਹੀ ਫ਼ੌਜ ਨੇ ਜੁਗਤ ਬਣਾਈ ਵੇਖੋ
ਮਾਤਾ ਗੁਜਰੀ ਦੇ ਪਾਸ ਦੂਤ ਘੱਲੇ, ਉਨ੍ਹਾਂ ਆਣ ਕੇ ਗੱਲ ਹਿਲਾਈ ਵੇਖੋ
ਲੱਗੇ ਕਹਿਣ 'ਕਿ ਮਾਤ ਜੀ ਏਸ ਵੇਲੇ, ਸ਼ਾਹੀ ਫ਼ੌਜ ਕਰੋਧ ਵਿਚ ਆਈ ਵੇਖੋ
ਇੱਕ ਦੋ ਦਿਨ ਨੂੰ ਫੇਰ ਏਸ ਥਾਵੇਂ, ਮਾਰੂ ਮੱਚਣੀ ਖ਼ੂਬ ਲੜਾਈ ਵੇਖੋ

ਤੁਸੀਂ ਸਣੇ ਪਰਵਾਰ ਤਿਆਰ ਹੋਵੋ, ਘੜੀ ਸਿਰਾਂ 'ਤੇ ਕਹਿਰ ਦੀ ਛਾਈ ਵੇਖੋ
'ਤੀਰ' ਉਨ੍ਹਾਂ ਦੀ ਚਾਲ ਦੇ ਵਿੱਚ ਆਈ, ਦੇਸ਼-ਭਗਤ ਦਸਮੇਸ਼ ਦੀ ਮਾਈ ਵੇਖੋ

*ਵੱਲੋਂ ਕਵੀ*

ਭਾਵੇਂ ਆਖਿਆ ਸ੍ਰੀ ਦਸਮੇਸ਼ ਜੀ ਨੇ, 'ਦਿੱਨ ਹੋਰ ਗੁਜ਼ਾਰਨੇ ਚਾਹੀਦੇ ਨੇ'
ਭਾਵੇਂ ਆਖਿਆ ਸ੍ਰੀ ਦਸਮੇਸ਼ ਜੀ ਨੇ, 'ਹੋਰ ਦੁੱਖ ਸਹਾਰਨੇ ਚਾਹੀਦੇ ਨੇ'
ਭਾਵੇਂ ਆਖਿਆ ਪੁਰੀ ਅਨੰਦ ਉੱਤੋਂ, ਸੀਸ ਹੋਰ ਵੀ ਵਾਰਨੇ ਚਾਹੀਦੇ ਨੇ
ਭਾਵੇਂ ਆਖਿਆ 'ਤੀਰ' ਦਸਮੇਸ਼ ਜੀ ਨੇ, ਏਦਾਂ ਦਿੱਲ ਨਾ ਹਾਰਨੇ ਚਾਹੀਦੇ ਨੇ

*ਦਸਮੇਸ਼ ਜੀ ਦਾ ਕਹਿਣਾ ਤਦ ਵੀ ਵਿਅਰਥ ਗਿਆ*

ਤਾਂ ਵੀ ਮਾਤ ਦਾ ਬੱਝਿਆ ਹੌਸਲਾ ਨਾ, ਨਾਲ ਮਾਤ ਦੇ ਸਿੱਖ ਤਿਆਰ ਹੋਏ
ਬੱਝ ਲੋੜ ਦਾ ਗਿਆ ਸਮਾਨ ਸਾਰਾ, ਬੰਨ੍ਹ-ਰੁਨ੍ਹ, ਤਿਆਰ ਸਭ ਭਾਰ ਹੋਏ
ਮਾਤਾ ਸਾਹਿਬ ਦੇਵਾਂ, ਚਾਰੇ ਸਾਹਿਬਜ਼ਾਦੇ, ਜੀਤੋ ਜੀ ਸਾਥੀ ਆਖਰਕਾਰ ਹੋਏ
'ਤੀਰ' ਸ੍ਰੀ ਦਸਮੇਸ਼ ਵੀ ਏਸ ਕਰਕੇ, ਗਏ ਮੰਨ ਜਾਂ ਅੰਤ ਲਾਚਾਰ ਹੋਏ

*ਸ੍ਰੀ ਦਸਮੇਸ਼ ਜੀ ਅਨੰਦਪੁਰ ਤੋਂ ਜਾਣ ਲਈ ਮਜਬੂਰ ਹੋ ਗਏ (ਵੱਲੋਂ ਕਵੀ)*

ਮਾਤਾ, ਮਹਿਲ, ਬੱਚੇ ਸਾਰੇ, ਸਿੱਖ ਸਾਥੀ, 'ਕੱਲੇ ਜਾਣ ਨਾ, ਇਹ ਵਿਚਾਰ ਹੋਈ
ਬਾਹਰ ਫ਼ੌਜ ਸ਼ਾਹੀ ਅੱਖਾਂ ਟੱਡ ਬੈਠੀ, ਲਾਗੂ ਨਾਲ ਸਾਰੀ ਬਾਈਧਾਰ ਹੋਈ
ਵਾਢੀ ਪਾਣ ਦੇ ਲਈ ਮੈਦਾਨ ਅੰਦਰ, ਨਿਕਲ ਖੋਲ ਤੋਂ ਬਾਹਰ ਤਲਵਾਰ ਹੋਈ
'ਤੀਰ' ਵੱਸਦੀ ਪੁਰੀ ਅਨੰਦ ਨਾਲੋਂ, ਅੱਡ ਜਾਣ ਲਓ ਬਾਗ਼-ਬਹਾਰ ਹੋਈ

*ਵੱਲੋਂ ਕਵੀ*

ਜੋ ਸਮਾਨ ਸੀ ਅੱਤ ਦਾ ਲੋੜਵੰਦਾ, ਘੋੜੇ, ਖੱਚਰਾਂ ਉੱਤੇ ਲਦਾ ਦਿੱਤਾ
ਜਾ ਸੱਕਦਾ ਨਹੀਂ ਸੀ ਨਾਲ ਜਿਹੜਾ, ਹੱਥੀਂ ਤੀਲੀਆਂ ਲਾ ਜਲਾ ਦਿੱਤਾ
ਕੁੱਝ ਮਾਤ ਨੇ ਵੰਡ-ਵਰਤਾ ਦਿੱਤਾ, ਕੁੱਝ ਵਿਚ ਦਰਿਆ ਰੁੜ੍ਹਾ ਦਿੱਤਾ
ਕਈ ਰੇੜ੍ਹੀਆਂ ਕੀਮਤੀ ਹੱਥ-ਲਿਖਤਾਂ, ਸਮਾਂ ਜਿਨ੍ਹਾਂ 'ਤੇ ਸੀ ਚੋਖਾ ਲਾ ਦਿੱਤਾ
ਏਸ ਪਿੱਛੋਂ ਤਿਆਰੀਆਂ ਹੋ ਪਈਆਂ, ਜਾਣੀ-ਜਾਣ ਨੇ ਚੋਜ ਵਰਤਾ ਦਿੱਤਾ
'ਤੀਰ' ਦੇਸ਼ ਦੇ ਭੌਰ ਦਸਮੇਸ਼ ਜੀ ਨੂੰ, ਨਵੇਂ ਰਾਹ 'ਤੇ ਸਮੇਂ ਨੇ ਪਾ ਦਿੱਤਾ

*ਅਨੰਦਪੁਰ ਨੂੰ ਵਿਛੋੜਾ (ਵਲੋਂ ਕਵੀ)*

*ਚੁੱਪ-ਚਾਪ, ਚੁਫੇਰ, ਅਨ੍ਹੇਰ ਛਾਇਆ, ਅੱਧੀ ਰਾਤ, ਵੇਲਾ ਸੁੰਨਸਾਨ ਵੇਖੋ

---

* ਬਿਕਰਮੀ ੧੭੬੧, ੧੫ ਮੱਘਰ

ਛੱਡ ਪੁਰੀ ਅਨੰਦ ਨੂੰ ਦੇਸ਼ ਖ਼ਾਤਰ, ਘਰੋਂ ਚੱਲਿਆ ਦੇਸ਼ ਦਾ ਮਾਨ ਵੇਖੋ
ਮਾਤਾ ਗੁਜਰੀ ਤੇ ਮਹਿਲ ਸ੍ਰੀ ਜੀਤੋ, ਚਾਰੇ ਬੱਚੜੇ ਨਾਲ ਨਿਸ਼ਾਨ ਵੇਖੋ
ਸ੍ਰੀ ਸਾਹਿਬ ਦੇਵਾਂ ਅਤੇ ਸਿੰਘ ਚੱਲੇ, ਨਵੀਂ ਅੱਜ ਦਸਮੇਸ਼ ਦੀ ਸ਼ਾਨ ਵੇਖੋ
ਜਾਨ ਪੁਰੀ ਅਨੰਦ ਦੀ ਜਾ ਰਹੀ ਜੇ, ਪਈ ਟੁੱਟਦੀ ਓਸਦੀ ਜਾਨ ਵੇਖੋ
'ਤੀਰ' ਦੇਸ਼-ਭਗਤਾਂ ਦੇਸ਼-ਪ੍ਰੇਮੀਆਂ ਦਾ, ਹੋਣੀ ਲੈਣ ਲੱਗੀ ਇਮਤਿਹਾਨ ਵੇਖੋ

### ਦਸਮੇਸ਼ ਜੀ ਦਾ ਅਨੰਦਪੁਰ ਨਾਲ ਪ੍ਰੇਮ (ਵੱਲੋਂ ਕਵੀ)

ਉਹ ਅਨੰਦਪੁਰ, ਆਣ ਕੇ ਰੰਗ ਅੰਦਰ, ਖੇਡੀਂ ਪਏ ਦਸਮੇਸ਼ ਅਵਤਾਰ ਜਿੱਥੇ
ਉਹ ਅਨੰਦਪੁਰ, ਪਿਤਾ ਦਾ ਸੀਸ ਧਰ ਕੇ, ਕੀਤਾ ਆਪਣੇ ਆਪ ਸਸਕਾਰ ਜਿੱਥੇ
ਉਹ ਅਨੰਦਪੁਰ, ਸ਼ਾਨ ਤੇ ਠਾਠ ਵਾਲੇ, ਸੱਜੇ ਨਿੱਤ ਹੀ ਪ੍ਰੇਮ-ਦਰਬਾਰ ਜਿੱਥੇ
ਉਹ ਅਨੰਦਪੁਰ, ਖਾਲਸਾ ਪੰਥ ਯੋਧਾ, ਕੀਤਾ ਤੇਗ਼ ਚੋਂ ਗਿਆ ਤਿਆਰ ਜਿੱਥੇ
ਉਹ ਅਨੰਦਪੁਰ, ਪਾਲਿਆ ਆਪ ਹੱਥੀਂ, ਸੱਚੇ ਪਿਤਾ ਨੇ ਪੰਥ-ਪਰਵਾਰ ਜਿੱਥੇ
ਉਹ ਅਨੰਦਪੁਰ, ਕਿ ਜੰਮੇ, ਪਲੇ, ਖੇਡੇ, ਚਾਈਂ-ਚਾਈਂ ਅਜੀਤ, ਜੁਝਾਰ ਜਿੱਥੇ
ਉਹ ਅਨੰਦਪੁਰ, ਰਾਤ ਦਿਨ ਰਹੇ ਕਰਦੇ, ਜ਼ੋਰਾਵਰ ਤੇ ਫ਼ਤਹਿ ਪਿਆਰ ਜਿੱਥੇ
ਉਹ ਅਨੰਦਪੁਰ, ਰਹੇ ਅਨੰਦ ਲੈਂਦੇ, ਰੱਤੇ ਸਿਦਕ ਅੰਦਰ ਨਰ-ਨਾਰ ਜਿੱਥੇ
ਉਹ ਅਨੰਦਪੁਰ, ਕਿ ਬੇੜੇ ਪ੍ਰੇਮੀਆਂ ਦੇ, ਰਹੇ ਲਾਂਵਦੇ ਸਤਿਗੁਰੂ ਪਾਰ ਜਿੱਥੇ
ਉਹ ਅਨੰਦਪੁਰ, ਆਣ ਕੇ ਝੁੱਕਦੀ ਸੀ, ਜਾਣੀ-ਜਾਣ ਅੱਗੇ ਬਾਈਧਾਰ ਜਿੱਥੇ
ਉਹ ਅਨੰਦਪੁਰ, ਕਿ ਗਲੀ-ਗਲੀ ਅੰਦਰ, ਹੈਸੀ ਨੱਚਦਾ ਦੱਲ-ਸ਼ਿੰਗਾਰ ਜਿੱਥੇ
ਉਹ ਅਨੰਦਪੁਰ, ਕਿ *ਚਿੱਟੀ ਸੁੰਡ ਵਾਲਾ, ਹਾਥੀ ਸੋਭਿਆ ਚੌਰ-ਬਰਦਾਰ ਜਿੱਥੇ
ਉਹ ਅਨੰਦਪੁਰ, ਕਿ ਸਿੱਖਾਂ ਸੂਰਿਆਂ ਨੇ, ਸਿੱਖੀ ਦੇਸ਼ ਦੇ ਲਈ ਤਲਵਾਰ ਜਿੱਥੇ
ਉਹ ਅਨੰਦਪੁਰ, ਭੁੱਲਿਆਂ ਭਟਕਿਆਂ ਦਾ, ਕੀਤਾ ਸਤਿਗੁਰਾਂ ਸਦਾ ਉਧਾਰ ਜਿੱਥੇ
ਉਹ ਅਨੰਦਪੁਰ, ਸਦਾ ਹੀ ਵਸਦੀ ਸੀ, ਸੋਹਣੀ ਪ੍ਰੇਮ ਦੀ ਬਾਗ਼-ਬਹਾਰ ਜਿੱਥੇ
ਉਹ ਅਨੰਦਪੁਰ, ਫੁੱਲ ਸੀ ਜਿਹਦੇ ਵਾਸੀ, ਨਾਮ ਲੈਣ ਨੂੰ ਨਹੀਂ ਸੀ ਖ਼ਾਰ ਜਿੱਥੇ
ਉਹ ਅਨੰਦਪੁਰ, ਅੱਜ ਉਜਾੜ ਹੋਇਆ, ਹੈਸਨ ਸੱਜਦੇ ਹੱਟ ਬਾਜ਼ਾਰ ਜਿੱਥੇ
'ਤੀਰ' ਰੌਣਕਾਂ ਓਸ ਤੋਂ ਲੱਦ ਤੁਰੀਆਂ, ਹੈਸੀ ਝੁੱਕਦਾ ਆਣ ਸੰਸਾਰ ਜਿੱਥੇ

### ਅਨੰਦਪੁਰ ਨੂੰ ਛੱਡਣ ਸਮੇਂ ਦਸਮੇਸ਼ ਜੀ ਦੇ ਵਲਵਲੇ

ਰਾਤੀਂ ਇਸ ਤਰ੍ਹਾਂ ਜਦੋਂ ਅਨੰਦਪੁਰੀਓਂ, ਜਾਣੀ-ਜਾਣ ਦਾਤਾਰ ਜੀ ਜਾਣ ਲੱਗੇ
ਜਦੋਂ ਇਸ ਤਰ੍ਹਾਂ ਪੁਰੀ ਅਨੰਦ ਤਾਈਂ, ਛੱਡਣ ਪੁਰੀ ਅਨੰਦ ਦੇ ਮਾਣ ਲੱਗੇ
ਅੱਖਾਂ ਭਰ ਡਿੱਠਾ ਉਨ੍ਹਾਂ ਕਈ ਵਾਰੀ, ਦਿਲੀ ਵਲਵਲੇ ਕਲਵਲਾਂ ਖਾਣ ਲੱਗੇ

* ਪਰਸਾਦੀ ਹਾਥੀ

'ਤੀਰ' ਆਪਣੀ ਪੁਰੀ ਅਨੰਦ ਤਾਈਂ, ਏਦਾਂ ਸ੍ਰੀ ਦਸਮੇਸ਼ ਫ਼ੁਰਮਾਨ ਲੱਗੇ

### ਦਰਦ-ਭਿੱਜੇ ਸ੍ਰੀ ਦਸਮੇਸ਼ ਜੀ ਅਨੰਦਪੁਰ ਨੂੰ ਕਹਿੰਦੇ ਹਨ

"ਸੁਖੀ ਵੱਸ ਨੀ ਪਈ ਅਨੰਦਪੁਰੀਏ! ਮੇਰੇ ਸਾਈਂ ਦੀ ਇਹੋ ਹੀ ਭਾਵਣਾ ਏਂ
ਅਸੀਂ ਜਾਵਣਾ ਉਹਦੀ ਰਜ਼ਾ ਅੰਦਰ, ਤੇਰੇ ਕੋਲ ਨਾ ਪਰਤ ਕੇ ਆਵਣਾ ਏਂ
ਸਦਾ ਅੱਖੀਆਂ ਵਿਚ ਤੂੰ ਵੱਸਣਾ ਏਂ, ਤੈਨੂੰ ਅੱਖੀਆਂ ਵਿਚ ਵਸਾਵਣਾ ਏਂ
ਤੈਨੂੰ ਦਿਲ 'ਤੇ ਰੱਖ ਅਨੰਦ ਪੁਰੀਏ! ਅਸਾਂ ਪੈਰ ਨਾ ਤੇਰੇ 'ਤੇ ਪਾਵਣਾ ਏਂ
ਨੀ ਮੈਂ ਮੁੜ ਨਾ ਮਾਣਨੀ ਗੋਦ ਤੇਰੀ, ਨਾ ਹੀ ਕਦੇ ਦੀਵਾਨ ਸਜਾਵਣਾ ਏਂ
ਨਾਹੀਂ ਮੇਰਿਆਂ ਸੁਘੜ ਕਵੀਸ਼ਰਾਂ ਨੇ, ਕਦੇ ਕਵੀ-ਦਰਬਾਰ ਲਗਾਵਣਾ ਏਂ
ਜ਼ੋਰਾਵਰ ਤੇ ਫ਼ਤਹਿ ਨੇ ਖੇਡਣਾ ਨਾ, ਨਾ ਅਜੀਤ, ਜੁਝਾਰ ਸੁਹਾਵਣਾ ਏਂ
ਨਾਹੀਂ ਮੇਰਿਆਂ ਤੀਰ ਅਣਿਆਲਿਆਂ ਨੇ, ਵਾਂਗ ਨਾਗ ਦੇ ਸ਼ੂਕਦੇ ਜਾਵਣਾ ਏਂ
ਨਾਹੀਂ ਦੱਲ-ਸ਼ਿੰਗਾਰ ਨੇ ਖ਼ੁਸ਼ ਹੋ ਕੇ, ਤੈਨੂੰ ਆਪਣਾ ਨਾਚ ਵਿਖਾਵਣਾ ਏਂ
ਚਿੱਟੀ ਸੁੰਡ ਵਾਲੇ ਹਾਥੀ ਆਣ ਤੈਨੂੰ, ਹੁਣ ਚੌਰ ਨਾ ਕਦੇ ਝੁਲਾਵਣਾ ਏਂ
ਕਦੇ ਆਵਣਾ ਪਰਤ ਕੇ ਨਹੀਂ ਏਥੇ, ਐਸਾ ਅੱਜ ਪੁਰੀਓ! ਚਲੇ ਜਾਵਣਾ ਏਂ
ਐਪਰ ਤੇਰਿਆਂ ਰੂਪ-ਨਜ਼ਾਰਿਆਂ ਨੇ, ਮੇਰੇ ਨਾਲ ਹੀ ਸਾਥ ਨਿਭਾਵਣਾ ਏਂ
ਤੇਰੀ ਨਦੀ ਸੋਹਣੀ, ਸ਼ਹਿਰ ਮਹਿਲ ਪੁਰੀਏ, ਅਸਾਂ ਦਿੱਲ ਦੇ ਵਿੱਚ ਟਿਕਾਵਣਾ ਏਂ
'ਤੀਰ' ਤੇਰੇ ਪਿਆਰ ਨੂੰ ਹਿੰਦ ਉਤੋਂ, ਮੈਨੂੰ ਪੈ ਗਿਆ ਅੱਜ ਘੁਮਾਵਣਾ ਏਂ

### ਸ੍ਰੀ ਦਸਮੇਸ਼ ਜੀ ਅਨੰਦਪੁਰੀ ਨੂੰ ਫੇਰ ਕਹਿੰਦੇ ਹਨ

ਹੈ ਤਾਂ ਠੀਕ ਨੀ ਮੇਰੀ ਅਨੰਦਪੁਰੀਏ! ਤੂੰ ਹੈਂ ਜਿੰਦ ਮੇਰੀ, ਤੂੰ ਹੈਂ ਮਾਣ ਮੇਰਾ
ਤੇਰਾ ਵੱਸਣਾ ਭਾਂਵਦਾ ਦਿਲੋਂ ਮੈਨੂੰ, ਤੇਰੇ ਵਿੱਚ ਹੈ ਸਦਾ ਧਿਆਨ ਮੇਰਾ
ਐਪਰ ਦਿੱਸਦਾ ਏ ਮੈਨੂੰ ਏਸ ਵੇਲੇ, ਦੁੱਖ-ਪੁਰੀ ਬਣਿਆ ਹਿੰਦੁਸਤਾਨ ਮੇਰਾ
ਵੱਧ ਮੁਰਦਿਓਂ ਆਂਵਦਾ ਨਜ਼ਰ ਮੈਨੂੰ, ਦੁਖੀ ਦੇਸ਼ ਵਾਸੀ ਨੌਜਵਾਨ ਮੇਰਾ
ਇਹੋ ਚਾਂਵ੍ਹਦਾ ਹਾਂ ਨੀ ਅਨੰਦਪੁਰੀਏ! ਸਦਾ ਲਈ ਹੈ ਇਹੋ ਬਿਆਨ ਮੇਰਾ
"ਭਾਵੇਂ ਵੱਸਦੇ-ਰੱਸਦੇ ਜੱਗ ਅੰਦਰ, ਕੋਈ ਰਹੇ ਨਾ ਮਹਿਲ-ਮਕਾਨ ਮੇਰਾ
ਭਾਵੇਂ ਟੱਪਰੀ ਦਾ ਵਾਸ ਮਿਲੇ ਨਾਹੀਂ, ਘਰ ਘਾਟ ਹੋ ਜਾਏ ਵਿਰਾਨ ਮੇਰਾ
ਭਾਵੇਂ ਹੋ ਪੋਟਾ-ਪੋਟਾ ਦੇਸ਼ ਖਾਤਰ, ਇਹ ਸਰੀਰ ਹੋਵੇ ਬਲੀਦਾਨ ਮੇਰਾ
ਬੇਸ਼ਕ ਫ਼ਤਹਿ ਜਾਵੇ, ਜ਼ੋਰਾਵਰ ਜਾਵੇ, ਜਾਵੇ 'ਜੀਤ, ਜੁਝਾਰ ਪ੍ਰਾਨ ਮੇਰਾ
'ਤੀਰ' ਦੇਸ਼ ਦਾ ਸਦਾ ਨਿਸ਼ਾਨ ਝੂਲੇ, ਭਾਵੇਂ ਰਹੇ ਨਾ ਨਾਮ-ਨਿਸ਼ਾਨ ਮੇਰਾ"

### ਅਨੰਦਪੁਰੋਂ ਵਹੀਰ ਟੁਰ ਪਈ (ਵੱਲੋਂ ਕਵੀ)

ਏਦਾਂ ਦਿਲ ਦੇ ਵਲਵਲੇ ਜ਼ਾਹਰ ਕਰਕੇ, ਦੇਸ਼-ਭਗਤ ਦਸਮੇਸ਼ ਅਵਤਾਰ ਨਿਕਲੇ
ਸਿੱਖ ਸੂਰਮੇ ਨਾਲ ਹੀ ਸਿਦਕਧਾਰੀ, ਰਾਖੀ ਵਾਸਤੇ ਬੰਨ੍ਹ ਹਥਿਆਰ ਨਿਕਲੇ
ਕਈ ਟੁਰੇ ਪੈਦਲ ਪੰਧ ਕਰਨ ਖਾਤਰ, ਕਈ ਹੋ ਕੇ ਘੋੜ-ਸਵਾਰ ਨਿਕਲੇ
ਦਿਲੋਂ ਦਰਦ ਅਰਮਾਨ ਦੇ ਭਰੇ ਹੋਏ, ਜਦੋਂ ਲਾਲ ਅਜੀਤ, ਜੁਝਾਰ ਨਿਕਲੇ
ਅੱਠਾਂ ਅੱਖੀਆਂ ਤੇ ਚੌਹਾਂ ਛਾਤੀਆਂ ਚੋਂ, ਫੁੱਟ-ਫੁੱਟ ਕੇ ਪ੍ਰੇਮ ਫਟਾਰ ਨਿਕਲੇ
ਪਰਤ-ਪਰਤ ਵੇਖਣ ਪਿੱਛੇ ਲਾਲ ਚਾਰੇ, ਪਈ ਅੱਖੀਓਂ ਨੀਰ ਦੀ ਧਾਰ ਨਿਕਲੇ
ਜਨਮ-ਭੂਮ ਦੀ ਪ੍ਰੀਤ ਨੇ ਲਹਿਰ ਮਾਰੀ, ਜਦੋਂ ਬਾਹਰ ਸ਼ਹਿਰੋਂ ਹੋਣਹਾਰ ਨਿਕਲੇ
'ਤੀਰ' ਚੱਲੇ ਹਾਂ ਅਸੀਂ ਅਨੰਦ ਪੁਰੀਏ, ਚੌਹਾਂ ਮੂੰਹਾਂ ਵਿੱਚੋਂ ਚਾਰੇ ਵਾਰ ਨਿਕਲੇ

### ਇੱਕ ਸਿੱਖ ਨੇ ਸਾਹਿਬਜ਼ਾਦਿਆਂ ਤੋਂ ਮੁੜ ਮੁੜ ਪਿੱਛੇ ਵੇਖਣ ਦਾ ਕਾਰਨ ਪੁੱਛਣਾ

ਇੱਕ ਸਿੱਖ ਨੇ ਪੁੱਛਿਆ ਲਾਲ ਜੀਓ! ਰੁਕ ਰੁਕ ਕੇ ਕੀ ਵਿਚਾਰਦੇ ਓ
ਕਿਹੜੇ ਸਾਥ ਨੂੰ ਪਏ ਉਡੀਕਦੇ ਓ? ਮੁੜ ਮੁੜ ਪਿੱਛੇ ਝਾਤੀ ਮਾਰਦੇ ਓ
ਦੱਸੋ ਕਿਸ ਦੀ ਹੋਰ ਉਡੀਕ ਹੈ ਜੇ? ਜਾ ਰਹੇ ਕੀ ਧਾਰਨਾ ਧਾਰਦੇ ਓ
'ਤੀਰ' ਕਿਸ ਦੇ ਵਲਵਲੇ ਵਿੱਚ ਆ ਕੇ, ਮੋਤੀ ਅੱਖੀਓਂ ਅੱਜ ਪਏ ਵਾਰਦੇ ਓ

### ਸਾਹਿਬਜ਼ਾਦਿਆਂ ਦਾ ਉੱਤਰ

ਸਾਹਿਬਜ਼ਾਦਿਆਂ ਆਖਿਆ ਸਿੱਖ ਵੀਰਾ! ਅਸੀਂ ਦਿਲੀ ਅਰਮਾਨ ਪੁਗਾ ਰਹੇ ਹਾਂ
ਸਾਨੂੰ ਅੱਜ ਹੈ ਜਾਪਦਾ ਏਸ ਥਾਂ ਤੋਂ, ਸਦਾ ਵਾਸਤੇ ਹੀ ਚਲੇ ਜਾ ਰਹੇ ਹਾਂ
ਅਸੀਂ ਪੁਰੀ ਅਨੰਦ ਨੂੰ ਦਿਲ ਅੰਦਰ, ਏਸੇ ਵਾਸਤੇ ਅੱਜ ਵਸਾ ਰਹੇ ਹਾਂ
ਜਨਮ-ਭੂਮ ਉਤੋਂ ਅੱਜ ਅੱਖੀਆਂ ਚੋਂ, ਮੋਤੀ ਪ੍ਰੇਮ ਦੇ ਅਸੀਂ ਲੁਟਾ ਰਹੇ ਹਾਂ
ਪਰਤ-ਪਰਤ ਹਾਂ ਵੇਖਦੇ ਹਾਣੀਆਂ ਨੂੰ, ਕਈ ਮੂਰਤਾਂ ਦਿਲੀਂ ਲਟਕਾ ਰਹੇ ਹਾਂ
ਵੇਖ-ਵੇਖ ਕੇ 'ਤੀਰ' ਅਨੰਦਪੁਰ ਨੂੰ, ਅਸੀਂ ਆਪਣੇ ਦਿਲ ਰਜਾ ਰਹੇ ਹਾਂ

### ਸਾਹਿਬਜ਼ਾਦੇ ਫਿਰ ਕਹਿੰਦੇ ਹਨ

ਅਸੀਂ ਅੱਖੀਆਂ ਰਾਹੀਂ ਲੰਘਾ ਰਹੇ ਹਾਂ, ਅੰਦਰ ਆਪਣੇ ਇਹਦੇ ਦੀਦਾਰਿਆਂ ਨੂੰ
ਅਸੀਂ ਅੱਖੀਆਂ ਦੇ ਰਾਹੀਂ ਪੀ ਰਹੇ ਹਾਂ, ਨਦੀ, ਨਾਲਿਆਂ ਅਤੇ ਨਜ਼ਾਰਿਆਂ ਨੂੰ
ਅਸੀਂ ਦਿਲਾਂ ਦੇ ਵਿਚ ਵਸਾ ਰਹੇ ਹਾਂ, ਪੁਰੀ ਵਾਸੀਆਂ ਯਾਰ, ਪਿਆਰਿਆਂ ਨੂੰ
ਅਸੀਂ ਆਪਣੇ ਅੰਦਰ ਉਸਾਰ ਰਹੇ ਹਾਂ, ਏਸ ਪੁਰੀ ਦੇ ਮਹਿਲ-ਚੁਬਾਰਿਆਂ ਨੂੰ
ਅਸੀਂ ਦਰਦ ਦੇ ਭਰੇ ਉਛਾਲ ਰਹੇ ਹਾਂ, ਇਹਦੇ ਵਾਸਤੇ ਨੈਣ ਫੁਹਾਰਿਆਂ ਨੂੰ
ਅਸੀਂ ਭਰੇ-ਨੈਣੀਂ ਚਾਰੇ ਵੇਖ ਰਹੇ ਹਾਂ, ਏਸ ਪੁਰੀ ਦੇ ਚੰਦ ਤੇ ਤਾਰਿਆਂ ਨੂੰ

ਅਸੀਂ ਸੱਜਣਾ! ਸੱਕਦੇ ਰੋਕ ਨਾਹੀਂ, ਆਏ ਏਸਦੇ ਪ੍ਰੇਮ-ਹੁਲਾਰਿਆਂ ਨੂੰ
'ਤੀਰ' ਮਿਲੇ ਵਿਛੋੜਦੀ ਘੜੀ ਅੰਦਰ, ਕਿਹਨੇ ਰੋਕਿਆ ਹੋਣੀ ਦੇ ਕਾਰਿਆਂ ਨੂੰ

### ਸਾਹਿਬਜ਼ਾਦੇ ਫਿਰ ਕਹਿੰਦੇ ਹਨ

ਸਾਨੂੰ ਜਾਪਦਾ ਹੈ ਫੇਰ ਸਮੇਂ ਸਾਨੂੰ, ਏਹ ਪੁਰੀ ਅਨੰਦ ਵਿਖਾਵਣੀ ਨਹੀਂ
ਅਸਾਂ ਆਪਣੇ ਹਾਣੀਆਂ ਸਾਥੀਆਂ ਨੂੰ, ਫੇਰ ਆਣ ਗਲਵੱਕੜੀ ਪਾਵਣੀ ਨਹੀਂ
ਸਾਡੀ ਏਸ ਥਾਂ ਜਾਪਦੀ ਬੱਸ ਹੋਈ, ਏਥੇ ਪਰਤ ਕੇ ਖੇਡ ਮਚਾਵਣੀ ਨਹੀਂ
'ਤੀਰ' ਮੁੜ-ਮੁੜ ਕੇ ਤਦੇ ਵੇਖਦੇ ਹਾਂ, ਘੜੀ ਹੱਥ ਇਹ ਕਦੇ ਵੀ ਆਵਣੀ ਨਹੀਂ

### ਸੁਣਨ ਵਾਲਿਆਂ 'ਤੇ ਅਸਰ (ਵੱਲੋਂ ਕਵੀ)

ਸਾਹਿਬਜ਼ਾਦਿਆਂ ਤੋਂ ਸੁਣ ਕੇ ਵਾਕ ਐਸੇ, ਕਈ ਸਿੱਖ ਨਢਾਲ-ਬੇਹਾਲ ਹੋਏ
ਵੱਗੇ ਸਭ ਦੇ ਨੈਣ ਦਰਿਆ ਬਣ ਕੇ, ਜਾਰੀ ਪ੍ਰੇਮ ਦੇ ਆਣ ਉਛਾਲ ਹੋਏ
ਕਈ ਪੀਹਣ ਪਏ ਦੰਦ ਜਰਵਾਣਿਆਂ 'ਤੇ, ਪੈਰੋਂ ਜਿਨ੍ਹਾਂ ਦੀ ਅੱਜ ਇਹ ਹਾਲ ਹੋਏ
ਅੱਖਾਂ ਰੋਹ-ਭਰੀਆਂ ਅੱਗ ਵਾਂਗ ਜਾਪਣ, ਮੂੰਹ ਰੋਹ ਅੰਦਰ ਲਾਲੋ-ਲਾਲ ਹੋਏ
ਕਹਿਣ 'ਸੱਚ ਹੈ ਆਖਿਆ ਇਨ੍ਹਾਂ ਚੌਹਾਂ, ਇਥੇ ਪਰਤਣਾ ਹੁਣ ਮੁਹਾਲ ਹੋਏ'
'ਹੱਛਾ 'ਤੀਰ ਜੀ' ਸਭ ਅਕਾਲੀਆਂ ਦਾ, ਰਾਖਾ ਸਦਾ ਹੀ ਆਪ ਅਕਾਲ ਹੋਏ

### ਵੈਰੀ ਦਲਾਂ ਦੇ ਰੂਬਰੂ ਦੀਵਾਨ (ਵੱਲੋਂ ਕਵੀ)

ਥੋੜ੍ਹੇ ਮੀਲ ਹੀ ਜਦੋਂ ਅਨੰਦ ਪੁਰੀਓਂ, ਪੁੱਜੇ ਸ੍ਰੀ ਦਸਮੇਸ਼ ਸੁਲਤਾਨ ਵੇਖੋ
ਹੱਥ ਜੋੜ ਕੇ ਦਿਲੋਂ ਸਤਿਕਾਰ ਕਰਕੇ, ਲੱਗੇ ਕਹਿਣ ਗੁਰਸਿੱਖੀ ਨਿਰਮਾਨ ਵੇਖੋ
ਜਾਣੀ-ਜਾਣ ਜੀ ਆਣ ਪਰਭਾਤ ਹੋਈ, ਕੀਤਾ ਯਾਦ ਨਹੀਂ ਅੱਜ ਭਗਵਾਨ ਵੇਖੋ
ਸ੍ਰੀ ਆਸਾ ਦੀ ਵਾਰ ਤੋਂ ਰਹੇ ਵਾਂਝੇ, ਜਿਹਦੇ ਨਾਲ ਹੈ ਸਾਡਾ ਜਹਾਨ ਵੇਖੋ
ਬੋਲੇ ਸ੍ਰੀ ਦਸਮੇਸ਼ ਪ੍ਰਸੰਨ ਹੋ ਕੇ, ਹੈਣ ਸਿੱਖ ਮੇਰੇ ਸਾਵਧਾਨ ਵੇਖੋ
ਕੀਤਾ ਹੁਕਮ ਕਿ ਸੰਗਤਾਂ ਸੱਜ ਜਾਵਣ, ਹੋਵੇ ਕੀਰਤਨ ਸ਼ੁਰੂ ਨਿਰਬਾਨ ਵੇਖੋ
ਉਸੇ ਘੜੀ ਸਿਦਕੀ ਭੌਰੇ ਜੁੜ ਬੈਠੇ, ਫੱਬ ਗਈ ਦਰਬਾਰ ਦੀ ਸ਼ਾਨ ਵੇਖੋ
ਲੱਗੇ ਨਾਮ-ਰਸੀਏ ਲੈਣ ਰਸ ਰੱਬੀ, ਮਾਣਨ ਲੱਗ ਪਏ ਬ੍ਰਹਮ-ਗਿਆਨ ਵੇਖੋ
ਵੈਰੀ-ਦਲਾਂ ਨੂੰ ਦਿਲੋਂ ਵਿਸਾਰ ਦਿੱਤਾ, ਲਿਆ ਸਭ ਨੇ ਜੋੜ ਧਿਆਨ ਵੇਖੋ
ਤੇਗ਼ਾਂ ਸੂਤੀਆਂ, ਚਮਕਦੇ ਹੱਥ ਖੰਡੇ, ਨਾਮ ਜੱਪਦੀ ਪਈ ਜ਼ਬਾਨ ਵੇਖੋ
ਮਿਲੀ ਦੇਸ਼-ਭਗਤੀ ਅੰਦਰ ਰੱਬ-ਭਗਤੀ, ਨਵਾਂ ਹੋਣ ਲੱਗਾ ਇਮਤਿਹਾਨ ਵੇਖੋ
'ਤੀਰ' ਵੈਰੀਆਂ ਦੱਲਾਂ ਦੇ ਰੂਬਰੂ ਵੀ, ਬੈਠੇ ਲਾ ਦਸਮੇਸ਼ ਦੀਵਾਨ ਵੇਖੋ

## ਦੀਵਾਨ ਦਾ ਨਜ਼ਾਰਾ (ਵੱਲੋਂ ਕਵੀ)

ਚੋਜੀ! ਸ੍ਰੀ ਦਸਮੇਸ਼ ਵਾਹ ਸ਼ਾਨ ਤੇਰੀ, ਪਲ ਭਰ ਦੇਸ਼ ਪਿਆਰ ਨਾ ਭੁੱਲਿਆ ਤੂੰ
ਕਿਸੇ ਥਾਂ ਅਤੇ ਕਿਸੇ ਸਮੇਂ ਉਤੇ, ਘੜੀ ਪਲ ਕਰਤਾਰ ਨਾ ਭੁੱਲਿਆ ਤੂੰ
ਦਿਲੋਂ ਜੇ ਕਰਤਾਰ 'ਤੇ ਅੱਖ ਰੱਖੀ, ਹੱਥੋਂ ਮੂਲ ਤਲਵਾਰ ਨਾ ਭੁੱਲਿਆ ਤੂੰ
ਜੇ ਤਲਵਾਰ ਰੱਖੀ ਸੱਜੇ ਹੱਥ ਅੰਦਰ, ਤਾਂ ਵੀ ਆਸਾ ਦੀ ਵਾਰ ਨਾ ਭੁੱਲਿਆ ਤੂੰ
ਤੇਰੀ ਜੱਗ 'ਤੇ ਸ਼ਾਨ ਅਨੋਖੜੀ ਏ, ਜੰਗ ਵਿਚ ਦਾਤਾਰ ਨਾ ਭੁੱਲਿਆ ਤੂੰ
'ਤੀਰ' ਪੁਰੀ ਅਨੰਦ ਨੂੰ ਭੁੱਲਿਆ ਏਂ, ਤਾਂ ਵੀ ਦਿਲੋਂ ਉਪਕਾਰ ਨਾ ਭੁੱਲਿਆ ਤੂੰ

## ਧੰਨ ਸ੍ਰੀ ਦਸਮੇਸ਼ (ਵੱਲੋਂ ਕਵੀ)

ਯੋਗੀ-ਰਾਜ ਸਮਾਧੀਆਂ ਲਾ ਬੈਠੇ, ਵੇਖੋ ਦਿਲੋਂ ਅਕਾਲ ਧਿਆ ਰਹੇ ਸੀ
ਰਸ-ਰੰਗ ਅੰਦਰ ਭਰੇ ਗਲੇ ਵੇਖੋ, ਬਾਣੀ ਧੁਰੋਂ ਆਈ ਖ਼ੂਬ ਗਾ ਰਹੇ ਸੀ
ਸਿਦਕਵਾਨ ਨਿਰਛੱਲ ਨਿਰਵੈਰ ਰਸੀਏ, ਕਿਸੇ ਲੋਰ ਅੰਦਰ ਝੂਟੇ ਖਾ ਰਹੇ ਸੀ
ਹਰੇ ਘਾਹ ਦੇ ਫ਼ਰਸ਼ 'ਤੇ ਰੰਗ-ਰੱਤੇ, ਨਿੱਤ-ਨੇਮ ਦਾ ਨੇਮ ਨਿਭਾਅ ਰਹੇ ਸੀ
'ਪ੍ਰੇਮ' ਉਤਰਿਆ ਜਾਪਦਾ ਧਰਤ ਉੱਤੇ, ਸਮੇਂ ਸ਼ਾਂਤ ਤੇ ਚੁੱਪ ਦੇ ਛਾ ਰਹੇ ਸੀ
'ਤੀਰ' ਜਾਗਦੀ ਜੋਤ ਦੇ ਗਿਰਦ ਬਹਿ ਕੇ, ਸਿੱਖ ਦਿਲਾਂ ਦੀ ਜੋਤ ਜਗਾ ਰਹੇ ਸੀ

## *ਸਰਸਾ ਕੰਢੇ ਯੁੱਧ (ਵੱਲੋਂ ਕਵੀ)

ਇਧਰ ਇਸ ਤਰ੍ਹਾਂ ਸੀ ਸੁਰਤ ਜੋੜ ਬੈਠੇ, ਸਣੇ ਸੇਵਕਾਂ ਦਸਮ ਅਵਤਾਰ ਵੇਖੋ
ਪਤਾ ਉੱਧਰੋਂ ਹੋਣ ਤੇ ਚੜ੍ਹ ਆਏ, ਵੈਰੀ-ਦੱਲ ਕਰਦੇ ਮਾਰੋ-ਮਾਰ ਵੇਖੋ
ਇਧਰ ਸ੍ਰੀ ਦਸਮੇਸ਼ ਤੇ ਸਿੱਖ ਸਾਰੇ, ਹੈਸੀ ਯਾਦ ਕਰਦੇ ਸਿਰਜਨਹਾਰ ਵੇਖੋ
ਪਈ ਓਧਰੋਂ ਟੁੱਟ ਕੇ ਸਿਰਾਂ ਉੱਤੇ ਐਨ ਏਸ ਵੇਲੇ ਬਾਈਧਾਰ ਵੇਖੋ
ਇਧਰ ਪਈ ਸੀ ਜਦੋਂ ਅਰਦਾਸ ਹੁੰਦੀ, ਉਨ੍ਹਾਂ ਸੂਤ ਲਈ ਤਦੋਂ ਤਲਵਾਰ ਵੇਖੋ
ਅੱਖਾਂ ਮੁੰਦੀਆਂ ਸਣੇ ਹੀ ਸੀਸ ਲਾਹੇ, ਦਿੱਤੇ ਮੌਤ ਦੇ ਘਾਟ ਉਤਾਰ ਵੇਖੋ
ਤਾਂ ਵੀ ਸ੍ਰੀ ਦਸਮੇਸ਼ ਤੇ ਖ਼ਾਲਸੇ ਦੀ, ਤੁਸੀਂ ਅੱਖੀਆਂ ਵਾਲਿਓ! ਕਾਰ ਵੇਖੋ
ਨਾਨਕ ਨਾਮ ਚੜ੍ਹਦੀ ਕਲਾ ਕਹੀ ਜਾਂਦੇ, ਰਹੇ 'ਭਲਾ ਸਰਬੱਤ' ਚਿਤਾਰ ਵੇਖੋ
ਰੰਗੀ ਰੰਗ ਅੰਦਰ ਪਈ ਦੇਹ ਤੜਫੇ, ਰੱਬੀ ਆਸ਼ਕਾਂ ਦਾ ਦੇਸ਼-ਪਿਆਰ ਵੇਖੋ
ਬਾਣੀ ਪੜ੍ਹਦਿਆਂ ਜੋੜਿਆ ਦਿਲ ਸੁਰਤੀ, ਦਿੱਤੀ ਜ਼ਿੰਦਗੀ ਮੌਤ ਵਿਸਾਰ ਵੇਖੋ
ਸਿਰ ਧੜੋਂ ਲਹਿ ਕੇ, ਡਿੱਗੇ ਧਰਤ ਉੱਤੇ, ਨਵੀਂ ਤਰ੍ਹਾਂ ਕੀਤੀ ਨਿਮਸ਼ਕਾਰ ਵੇਖੋ
ਤਿਲਕ ਰੱਤ ਦੇ ਲੱਗੇ ਨੇ ਚਿਹਰਿਆਂ 'ਤੇ, ਰੱਬ-ਪੂਜਕਾਂ ਦੀ ਇਹ ਵਿਚਾਰ ਵੇਖੋ
ਅਜੇ 'ਭਲਾ ਸਰਬੱਤ ਦਾ' ਜੀਭ ਉੱਤੇ, ਭਾਵੇਂ ਆਤਮਾ ਹੋਈ ਉਡਾਰ ਵੇਖੋ

* ਨੋਟ-ਇਹ ਦੀਵਾਨ ਵੀ ਸਰਸਾ ਕੰਢੇ ਸਜਿਆ ਸੀ।

ਭੋਗ ਪੈਂਦਿਆਂ ਹੀ ਤੇਗਾਂ ਚਮਕ ਪਈਆਂ, ਸਿੱਖ ਸੂਰਮੇ ਹੋਏ ਹੁਸ਼ਿਆਰ ਵੇਖੋ
ਸਰਸੇ ਵਿੱਚ ਸਰਸਾ ਨਵਾਂ ਹੋਰ ਬਣਿਆ, ਲਹੂ ਵਹਿਣ ਲੱਗਾ ਲਗਾਤਾਰ ਵੇਖੋ
ਪਏ ਨੱਚਦੇ ਸਿਰਾਂ 'ਤੇ ਨਾਚ ਮਾਰੂ, ਮੌਤ ਰੂਪ ਹੋ ਖ਼ੂਬ ਹਥਿਆਰ ਵੇਖੋ
ਬਾਣ ਸ਼ੂਕਦੇ ਸ੍ਰੀ ਦਸਮੇਸ਼ ਜੀ ਦੇ, ਦੱਸ ਰਹੇ ਬਰਸਾਤ ਬਹਾਰ ਵੇਖੋ
ਐਸੇ ਚੱਲਦੇ ਸੱਲਦੇ ਜਾਣ ਸੀਨੇ, ਇੱਕ ਇੱਕ ਹੈ ਵਿੰਨ੍ਹਦਾ ਚਾਰ ਵੇਖੋ
ਤੇਗ਼ ਦਾਤਰੀ ਵਾਂਗਰਾਂ ਪਈ ਫਿਰਦੀ, ਵਾਢੇ ਵੱਢਦੇ ਜਿਵੇਂ ਜਵਾਰ ਵੇਖੋ
ਪਈ ਹੱਫੜਾ ਦੱਫੜੀ ਏਸ ਵੇਲੇ, ਰਹੀ ਕਿਸੇ ਨੂੰ ਸੁਰਤ ਨਾ ਸਾਰ ਵੇਖੋ
ਕੋਈ ਗਿਆ ਐਧਰ ਕੋਈ ਗਿਆ ਓਧਰ, ਚਵ੍ਹਾਂ ਲਾਲਾਂ ਦਾ ਟੁੱਟਿਆ ਹਾਰ ਵੇਖੋ
ਜਾਨੀ-ਜਾਣ ਠਿੱਲ੍ਹੇ ਅੰਤ ਵਿੱਚ ਸਰਸੇ, ਤਰਨ ਵਿਚ ਪਾਣੀ 'ਤਾਰਨਹਾਰ' ਵੇਖੋ
ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ, ਭੁੱਲੀ ਪਏ ਪਛੜ, ਆਖ਼ਰਕਾਰ ਵੇਖੋ
'ਤੀਰ' ਸਿੱਖ ਕੁਝ ਰੁੜ੍ਹੇ ਸ਼ਹੀਦ ਹੋਏ, ਕੁੱਝ ਹੋ ਗਏ ਸਰਸਿਓਂ ਪਾਰ ਵੇਖੋ

### ਹਫੜਾ ਦਫੜੀ ਦੀ ਜੰਗ (ਵੱਲੋਂ ਕਵੀ)

ਪਈ ਹਲਚਲੀ ਖਾਲਸਾ ਦੱਲ ਅੰਦਰ, ਰਹੀ ਮੂਲ ਨਾ ਕਿਸੇ ਨੂੰ ਸਾਰ ਕੋਈ
ਕੋਈ ਠਿੱਲ੍ਹਿਆ ਦੌੜ ਕੇ ਵਿੱਚ ਸਰਸੇ, ਰਿਹਾ ਵਾਹੁੰਦਾ ਤੇਗ਼ ਦੀ ਧਾਰ ਕੋਈ
ਐਸੇ, ਅਥਤਰੀ ਦੇ ਘੋਰ ਯੁੱਧ ਅੰਦਰ, ਸਾਂਭ ਸੱਕਿਆ ਨਹੀਂ ਪਰਵਾਰ ਕੋਈ
ਕੋਈ ਸਤਿਗੁਰਾਂ ਦੇ ਨਾਲ ਪਾਰ ਪੁੱਜਾ, ਤੇ ਉਰਾਰ ਲੜਿਆ ਲਗਾਤਾਰ ਕੋਈ
ਰੁੜ੍ਹੇ ਕੀਮਤੀ ਕਈ ਗ੍ਰੰਥ ਏਥੇ, ਆ ਕੇ ਜਿਹੀ ਵਰਤੀ ਹੋਣਹਾਰ ਕੋਈ
'ਤੀਰ' ਬੜੇ ਗੁਰਸਿੱਖ ਸ਼ਹੀਦ ਹੋਏ, ਥੋੜ੍ਹੇ ਹੋਣਗੇ ਲੱਗੇ ਜੁ ਪਾਰ ਕੋਈ

### ਸ੍ਰੀ ਦਸਮੇਸ਼ ਜੀ ਸਰਸੇ ਤੋਂ ਪਾਰ ਪੈਦਲ ਜਾ ਰਹੇ (ਵੱਲੋਂ ਕਵੀ)

ਦੇਸ਼-ਭਗਤ ਪ੍ਰੇਮ ਦਾ ਪੁੰਜ ਪੂਰਾ, ਲੋਕੋ! ਔਹ ਵੇਖੋ ਚਲਾ ਜਾਂਵਦਾ ਏ
ਨਾਲ ਉਸਦੇ ਪਿਆ ਅਜੀਤ ਜਾਂਦਾ, ਤੇ ਜੁਝਾਰ ਵੀ ਸਾਥ ਨਿਭਾਂਵਦਾ ਏ
ਸਿੱਖ ਗੇਣਵੇਂ ਰਹੇ ਨੇ ਨਾਲ ਭਾਵੇਂ, ਤਾਂ ਵੀ ਰਤਾ ਨਾ ਦਿੱਲ ਡੁਲਾਂਵਦਾ ਏ
ਤੇਗ਼ਾਂ ਰੰਗੀਆਂ ਜ਼ੁਲਮ ਦੀ ਰੱਤ ਅੰਦਰ, ਜੱਥਾ ਸੇਵਕਾਂ ਦਾ ਰੰਗ ਲਾਂਵਦਾ ਏ
ਟਿੱਡੀ ਦੱਲ ਪਿੱਛੇ ਮਾਰੋ-ਮਾਰ ਕਰਦਾ, ਫੜਨ ਵਾਸਤੇ ਦੌੜਿਆ ਆਂਵਦਾ ਏ
ਸਮਾਂ ਦੈਂਤ ਵਾਂਗੂ ਚੌਹਾਂ ਪਾਸਿਆਂ ਤੋਂ, ਪਿਆ ਆਪਣੇ ਦੰਦ ਵਿਖਾਂਵਦਾ ਏ
ਹੋਣਹਾਰ ਕਹਿੰਦੀ 'ਹੋਣਹਾਰ' ਲੈਣੇ, ਗੁਰੂ ਜਿਨ੍ਹਾਂ ਨੂੰ ਲਾਡ ਲਡਾਂਵਦਾ ਏ
ਭਾਰਤ ਮਾਂ ਦੇ ਲਾਡਲੇ ਪੁੱਤ ਉੱਤੇ, ਰਤੀ ਭਰ ਵੀ ਸਹਿਮ ਨਾ ਛਾਂਵਦਾ ਏ
'ਭਾਣਾ ਸਦਾ ਹੀ ਤੇਰਾ ਦਾਤਾਰ ਮਿੱਠਾ', ਏਸ ਹਾਲ ਦੇ ਵਿੱਚ ਵੀ ਗਾਂਵਦਾ ਏ
ਤਾਂ ਵੀ 'ਤੀਰ' ਧਰਮੀ ਕਲਗੀਧਰ ਮੇਰਾ, ਸੁਆਸ-ਸੁਆਸ ਅਕਾਲ ਧਿਆਂਵਦਾ ਏ

# ਖੰਡ ਅਠਵਾਂ

## ਚਮਕੌਰ ਦਾ ਯੁੱਧ (ਵੱਲੋਂ ਕਵੀ)

ਏਸ ਹਾਲ ਵਿੱਚ ਸਰਸਿਓਂ ਪਾਰ ਹੋ ਕੇ, ਲੱਗੇ ਸੋਚ ਦੁੜਾਣ ਦਸਮੇਸ਼ ਮੇਰੇ
ਕਿਲ੍ਹਾ ਗੜ੍ਹੀ ਨਾ ਕੋਈ ਵੀ ਨਿਗ੍ਹਾ ਆਵੇ, ਜਿੱਥੇ ਸਿਰ ਲੁਕਾਣ ਦਸਮੇਸ਼ ਮੇਰੇ
'ਚਲੋ ਕੂਚ ਚਮਕੌਰ ਦੇ ਵੱਲ ਕਰੀਏ', ਲੱਗੇ ਅੰਤ ਫ਼ੁਰਮਾਨ ਦਸਮੇਸ਼ ਮੇਰੇ
'ਤੀਰ' ਨਵੇਂ ਹੀ ਰੰਗ ਦਾ ਜੱਗ ਅੰਦਰ, ਲੱਗੇ ਜੰਗ ਮਚਾਣ ਦਸਮੇਸ਼ ਮੇਰੇ

## ਹੋਰ ਨਵੀਂ ਮੁਸੀਬਤ (ਵੱਲੋਂ ਕਵੀ)

ਅਜੇ ਇਹ ਸਲਾਹ ਈ ਪੱਕ ਰਹੀ ਸੀ, ਨਵੀਂ ਹੋਰ ਵਰਤੀ ਹੋਣਹਾਰ ਅੱਗੇ
ਸ਼ਾਹੀ ਫੌਜ ਅੱਗੋਂ ਹੋਰ ਆਣ ਪਹੁੰਚੀ, ਵਧੀ ਖ਼ੂਬ ਕਰਦੀ ਮਾਰੋ ਮਾਰ ਅੱਗੇ
ਡਾਢੀ ਆਣ ਕੇ ਬਿੱਖੜੀ ਘੜੀ ਪੁੱਜੀ, ਟੁਰਨ ਦਏ ਨ ਕਦਮ ਜੋ ਚਾਰ ਅੱਗੇ
ਕੀ ਮੁਕਾਬਲਾ ਸੀ ਭਲਾ ਚਾਲੀਆਂ ਦਾ, ਸੱਜਰ ਸਾਹ ਇਸ ਕਈ ਹਜ਼ਾਰ ਅੱਗੇ
ਇਹ ਤਾਂ ਠੀਕ ਸੀ ਕਿ ਮੌਤ ਸਹਿਮ ਦੀ ਸੀ, ਇੱਕ ਸਿੱਖ ਦੀ ਤੇਜ਼ ਤਲਵਾਰ ਅੱਗੇ
ਐਪਰ 'ਤੀਰ' ਜੀ ਦੋ ਹੀ ਰਾਹ ਹੈਸਨ, ਔਖੀ ਬਣੀ ਵੇਲੇ ਕਲਗੀਧਾਰ ਅੱਗੇ

## ਕਿਹੜੇ ਦੋ ਰਾਹ ਸਨ? (ਵੱਲੋਂ ਕਵੀ)

ਪਹਿਲਾ ਰਾਹ ਸੀ ਕਿ ਈਨ ਮੰਨ ਲੈਂਦੇ, ਏਦਾਂ ਆਪਣਾ ਆਪ ਬਚਾ ਲੈਂਦੇ
ਸਦਾ ਗੂੰਜ ਅਜ਼ਾਦੀ ਦੀ ਪਾਣ ਵਾਲੇ, ਗਲੇ ਹੋਰ ਗ਼ੁਲਾਮੀਆਂ ਪਾ ਲੈਂਦੇ
ਬਾਈਧਾਰ ਜਿੱਦਾਂ ਦਿਨ ਕੱਟਦੀ ਸੀ, ਦੜ ਵੱਟ ਕੇ, ਤਿਵੇਂ ਲੰਘਾ ਲੈਂਦੇ
ਦੇਸ਼ ਪ੍ਰੇਮ ਦੀ ਆਪਣੇ ਦਿੱਲ ਵਿੱਚੋਂ, ਸਦਾ ਵਾਸਤੇ ਜੋਤ ਬੁਝਾ ਲੈਂਦੇ
ਦੂਜਾ ਰਾਹ ਸੀ ਅਣਖ ਦੇ ਵਸ ਹੋ ਕੇ, ਸਿੱਖ ਸੂਰਮੇ ਘੋਲ ਘੁਮਾ ਲੈਂਦੇ
ਅੱਖਾਂ ਵਿੱਚ ਅਜੀਤ, ਜੁਝਾਰ ਤਾਈਂ, ਏਥੇ ਸਦਾ ਦੀ ਨੀਂਦ ਸੁਆ ਲੈਂਦੇ

ਆਪ ਜੂਝਦੇ ਰਣ ਮੈਦਾਨ ਅੰਦਰ, ਅਤੇ ਆਪਣਾ ਆਪ ਮੁਕਾ ਲੈਂਦੇ
ਏਥੇ ਹੋ ਜਾਂਦੇ ਖੰਡ-ਖੰਡ ਭਾਵੇਂ, ਖੰਡਾ ਡੱਟ ਕੇ ਖ਼ੂਬ ਖੜਕਾ ਲੈਂਦੇ
ਦੱਸੋ ਅਣਖ ਤੇ ਆਣ ਦੇ ਧਨੀ ਪੂਰੇ, ਕਿਵੇਂ ਨੀਵੀਆਂ ਅੱਖੀਆਂ ਪਾ ਲੈਂਦੇ
ਜ਼ੁਲਮ ਮੇਟਨੇ ਦਾ ਪਾਪੀ ਮਾਰਨੇ ਦਾ, ਕਿਵੇਂ ਆਪਣਾ ਫ਼ਰਜ਼ ਭੁਲਾ ਲੈਂਦੇ
ਜਿਨ੍ਹਾਂ ਦੇਸ਼ ਦੇ ਮੋਏ ਜਿਵਾਵਣੇ ਸੀ, ਕਿਵੇਂ ਆਪਣਾ ਆਪ ਬਚਾ ਲੈਂਦੇ
ਜਿਨ੍ਹਾਂ ਦੇਸ਼ ਦੇ ਬਾਲ ਬਚਾਵਣੇ ਸੀ, ਕਿਵੇਂ ਆਪਣੇ ਲਾਲ ਲੁਕਾ ਲੈਂਦੇ
ਜਿਨ੍ਹਾਂ ਸੱਨ ਗ਼ੁਲਾਮ ਆਜ਼ਾਦ ਕਰਨੇ, ਕਿਵੇਂ ਗਲੇ ਗ਼ੁਲਾਮੀ ਨੂੰ ਲਾ ਲੈਂਦੇ
ਜਿਨ੍ਹਾਂ ਬੱਝਿਆ ਦੇਸ਼ ਛੁਡਾਵਣਾ ਸੀ, ਖਹਿੜਾ ਆਪਣਾ ਕਿਵੇਂ ਛੁਡਾ ਲੈਂਦੇ
ਜਿਨ੍ਹਾਂ ਜ਼ੁਲਮ ਦਾ ਮੂੰਹ ਭੁਆਵਣਾ ਸੀ, ਕਿਵੇਂ ਜੰਗ ਤੋਂ ਮੂੰਹ ਭਵਾ ਲੈਂਦੇ
'ਤੀਰ' ਜਿਹੜੇ ਆਜ਼ਾਦੀ ਦੇ ਹੋਣ ਲਾੜੇ, ਜਾਨ ਵਾਰ ਕੇ ਉਹਨੂੰ ਪਰਣਾ ਲੈਂਦੇ

### ਦਸਮੇਸ਼ ਜੀ ਦਾ ਹੌਸਲਾ

ਭਾਵੇਂ ਆਪਦੇ ਨਾਲ ਸੀ ਸਿੱਖ ਚਾਲੀ, ਤਾਂ ਵੀ ਦਿਲ ਦਾ ਹੌਸਲਾ ਹਾਰਿਆ ਨਾ
ਔਖੀ ਬਣੀ ਤੇ ਵਾਂਗ *ਨਪੋਲੀਅਨ ਦੇ, ਦੇਸ਼ ਆਪਣਾ ਜਾਨ ਤੋਂ ਵਾਰਿਆ ਨਾ
ਚਿਹਰੇ ਉਤੇ ਨਾ ਰਤਾ ਮਲਾਲ ਆਇਆ, ਡਰ ਰਤਾ ਵੀ ਦਿਲ 'ਤੇ ਧਾਰਿਆ ਨਾ
'ਤੀਰ' ਕੋਈ ਵੀ ਸਮਾਂ ਨਾ ਜਾਣ ਦਿੱਤਾ, ਜਦੋਂ ਜ਼ਾਲਮਾਂ ਤਾਈਂ ਵੰਗਾਰਿਆ ਨਾ

### ਸ੍ਰੀ ਦਸਮੇਸ਼ ਜੀ ਚਮਕੌਰ ਦੀ ਕੱਚੀ ਗੜ੍ਹੀ ਵਿਚ (ਵੱਲੋਂ ਕਵੀ)

ਜਾਣੀ-ਜਾਣ ਜੀ ਨੇ ਝੱਟ ਕੂਚ ਕੀਤਾ, ਉਸੇ ਜੰਗ ਦੇ ਚੱਲਦੇ ਦੌਰ ਅੰਦਰ
ਸਿੱਖਾਂ ਸੇਵਕਾਂ ਦੇ ਸਣੇ ਕਰ ਧਾਈ, ਪੁੱਜੇ ਦਲਾਂ ਨੂੰ ਚੀਰ ਚਮਕੌਰ ਅੰਦਰ
ਕੱਚੀ ਗੜ੍ਹੀ ਇੱਕ ਜੱਟ ਦੀ ਵੇਖਦੇ ਹੀ, ਝੱਟ ਸੱਜ ਗਏ ਆਪ ਸਿਰਮੌਰ ਅੰਦਰ
ਵੇਖੋ 'ਤੀਰ' ਤਲਵਾਰ ਦੀ ਛਾਂ ਹੇਠਾਂ, ਲੱਗਾ ਹੋਣ ਦਸਮੇਸ਼ ਤੇ ਚੌਰ ਅੰਦਰ

### ਚਾਲੀਆਂ ਸਿਰਲੱਥਾਂ ਦੀ ਵੰਡ (ਵੱਲੋਂ ਕਵੀ)

ਅੱਠ ਅੱਠ ਵੰਡੇ ਸ਼ੇਰ ਚਵ੍ਹੀਂ ਪਾਸੀਂ, ਚਾਰ ਗਸ਼ਤ ਉੱਤੇ ਗਿਰਦ ਲਾਏ ਦਾਤੇ
ਸੇਵਾਦਾਰ ਦੋ ਆਪਣੇ ਕੋਲ ਰੱਖੇ, ਨਵੇਂ ਮੋਰਚੇ ਇਉਂ ਡਟਾਏ ਦਾਤੇ
ਅੱਖਾਂ ਸਾਹਮਣੇ ਆਪਣੇ ਚੰਨ ਦੋਵੇਂ, ਦੀਦ ਅੰਤਲੇ ਲਈ ਬਿਠਾਏ ਦਾਤੇ
'ਤੀਰ' ਵੰਡ ਵਰਤਾ ਬਰੂਦ ਸਿੱਕਾ, ਅੰਦਰ ਲੜਨ ਦੇ ਭੇਦ ਸਮਝਾਏ ਦਾਤੇ

### ਦਸਮੇਸ਼ ਜੀ ਦੀ ਅਨੋਖੀ ਲੜਾਈ (ਵੱਲੋਂ ਕਵੀ)

ਸਿੱਖਾਂ ਚਾਲੀਆਂ ਸਣੇ ਦਸਮੇਸ਼ ਮੇਰੇ, ਧਰਮ ਯੁੱਧ ਲਈ ਹੋ ਤਿਆਰ ਬੈਠੇ

* ਫ਼ਰਾਂਸੀਸੀਆਂ ਦਾ ਜਰਨੈਲ

ਦੋਵੇਂ ਸਾਹਿਬਜ਼ਾਦੇ ਅਤੇ ਸਿੱਖ ਸੂਰੇ, ਜੰਗ ਵਾਸਤੇ ਲੈ ਹਥਿਆਰ ਬੈਠੇ
ਕਦੇ ਸਮਾਂ ਸੀ ਕਿ ਕਲਗੀਧਰ ਗਿਰਦੇ, ਸਿੱਖ ਹੋਂਵਦੇ ਸੀ ਬੇਸ਼ੁਮਾਰ ਬੈਠੇ
'ਤੀਰ' ਗੇਣਵੇਂ ਅੱਜ ਜੋ ਰਹੇ ਬਾਕੀ, ਕਰਦੇ ਮੌਤ ਦੀ ਨੇ ਇੰਤਜ਼ਾਰ ਬੈਠੇ

## ਵੈਰੀਆਂ ਦੇ ਹੱਲੇ

ਰਾਤੋ ਰਾਤ ਆ ਅੱਪੜੀ ਫ਼ੌਜ ਸ਼ਾਹੀ, ਉਨ੍ਹਾਂ ਲਿਆ ਚਮਕੌਰ ਨੂੰ ਘੇਰ ਵੇਖੋ
ਸੰਤ-ਸੂਰਮੇ ਪੁੱਤ ਅਕਾਲ ਦੇ ਨੂੰ, ਜਬਰ ਕਰਨ ਆਏ ਘਰੋਂ ਜ਼ੋਰ ਵੇਖੋ
ਹੱਲਾ ਬੋਲਿਆ ਗਿਆ ਸਤਿਗੁਰਾਂ ਉੱਤੇ, ਝੱਟ ਹੁੰਦਿਆਂ ਸਾਰ ਸਵੇਰ ਵੇਖੋ
'ਤੀਰ' ਰੱਲ ਗਿੱਦੜ ਡੂਕਾਂ ਪਏ ਮਾਰਨ, ਘੁਰਨੇ ਵਿੱਚ ਭਬਕਣ ਇਧਰ ਸ਼ੇਰ ਵੇਖੋ

## ਸ਼ਾਹੀ ਫੌਜ ਦੇ ਖ਼ਿਆਲ

ਸ਼ਾਹੀ ਫ਼ੌਜ ਨੂੰ ਦਿਲੋਂ ਖ਼ਿਆਲ ਹੈ ਸੀ, ਕੰਮ ਗੇਣਵੇਂ ਸਿੱਖਾਂ ਨੇ ਆਵਣਾ ਏਂ
ਘੜੀ ਪਹਿਰ ਨਾ ਲੱਗਣਾ, ਦੱਲ ਸਾਡੇ, ਮਾਰ ਖ਼ਾਲਸੇ ਤਾਈਂ ਮੁਕਾਵਣਾ ਏਂ
ਐਪਰ ਗੜ੍ਹੀ ਨੇੜੇ ਢੁੱਕੇ ਜਦੋਂ ਜਾ ਕੇ, ਪੂਰੀ ਹੋਈ ਨਾ ਉਨ੍ਹਾਂ ਦੀ ਭਾਵਣਾ ਏਂ
ਅੱਗੋਂ 'ਜੀ ਆਏ, ਆਖੀ ਗੋਲੀਆਂ ਨੇ, ਭੁੱਲਾ ਆਪਣਾ ਆਪ ਬਚਾਵਣਾ ਏਂ
ਪਹਿਲੀ ਪਾਲ ਦੀ ਪਾਲ ਹੀ ਪਾਰ ਬੋਲੀ, ਪਿਆ ਵੈਰੀਆਂ ਨੂੰ ਪਛੋਤਾਵਣਾ ਏਂ
'ਤੀਰ' ਹੁਣ ਸਮਝੀ ਠੀਕ ਫ਼ੌਜ ਸ਼ਾਹੀ, ਔਖਾ ਲੋਹੇ ਦਾ ਚਣਾ ਚਬਾਵਣਾ ਏਂ

## ਸਿੱਖ ਸੂਰਬੀਰਾਂ ਦਾ ਮਾਰੂ ਹੱਲਾ (ਵੱਲੋਂ ਕਵੀ)

ਸ਼ਾਹੀ ਫ਼ੌਜ ਨੂੰ ਵੇਖ ਕੇ ਐਨ ਨੇੜੇ, ਤੇਗ਼ਾਂ ਸੂਤ ਕੁਝ ਗੁਰੂ ਦੇ ਬੀਰ ਨਿਕਲੇ
ਕਟਾ ਵੱਢ ਕੀਤੀ ਪਲੋਪਲੀ ਅੰਦਰ, ਦੱਲ ਦਲਾਂ ਨੂੰ, ਦਿਹਾਂ ਨੂੰ ਚੀਰ ਨਿਕਲੇ
ਚੱਲ ਪਈਆਂ ਤਤੀਰੀਆਂ ਰੱਤ ਦੀਆਂ, ਜਿਵੇਂ ਪਿਆ ਫਵਾਰਿਓਂ ਨੀਰ ਨਿਕਲੇ
ਵੱਗੇ ਮਿੱਝ ਚਰਬੀ ਪਈ ਸਿਰਾਂ ਵਿੱਚੋਂ, ਜਿਵੇਂ ਮੱਖੀਓਂ ਪਿਆ ਪਨੀਰ ਨਿਕਲੇ
ਏਦਾਂ ਜਾਪੀਆਂ ਆਂਦਰਾਂ ਪੇਟ ਦੀਆਂ, ਖਿੱਦੋ ਪਾਟਿਆਂ ਜਿਸ ਤਰ੍ਹਾਂ ਲੀਰ ਨਿਕਲੇ
ਛਿੱਟੇ ਲਹੂ ਦੇ ਪਏ ਪੁਸ਼ਾਕਿਆਂ 'ਤੇ, ਸੂਹੇ ਜਿਸ ਤਰ੍ਹਾਂ ਫੁੱਲ ਕਰੀਰ ਨਿਕਲੇ
ਬਾਣ ਗੁਰੂ ਜੀ ਦੇ ਏਦਾਂ ਬਾਹਰ ਆਵਣ, ਨਾਗ ਜਿਸ ਤਰ੍ਹਾਂ ਬੰਨ੍ਹ ਵਹੀਰ ਨਿਕਲੇ
ਢਹਿਣ ਸੂਰਮੇ ਹਾਥੀਆਂ ਵਾਂਗ ਭੋਂ 'ਤੇ, ਦੱਸ ਦੱਸ ਚੋਂ ਇਕ ਇਕ ਤੀਰ ਨਿਕਲੇ

## ਦੂਜਾ ਹੱਲਾ (ਵੱਲੋਂ ਕਵੀ)

ਗਾਜ਼ੀ ਟੁੱਟ ਕੇ ਜੋਸ਼ ਖਾ ਫੇਰ ਆਏ, ਘੇਰੀ ਫੇਰ ਆ ਕੇ ਉਨ੍ਹਾਂ ਗੜ੍ਹੀ ਵੇਖੋ
ਫੇਰ ਗੁਰੂ ਦੇ ਸੂਰਮੇ ਅੱਠ ਨਿਕਲੇ, ਸ੍ਰੀ ਸਾਹਿਬ ਹਰ ਇੱਕ ਨੇ ਫੜੀ ਵੇਖੋ
ਖ਼ੂਬ ਅੰਦਰੋਂ ਸ੍ਰੀ ਦਸਮੇਸ਼ ਜੀ ਨੇ, ਲਾਈ ਸ਼ੂਕਦੇ ਨਾਗਾਂ ਦੀ ਝੜੀ ਵੇਖੋ

ਕੀਤੀ ਘੱਟ ਨਾ ਪਰਬਤੀ ਗਾਜ਼ੀਆਂ ਨੇ, ਐਪਰ ਸ਼ੇਰ ਸਿੱਖਾਂ ਭੰਨੀ ਅੜੀ ਵੇਖੋ
ਰਾਈ ਨਾਲ ਪਹਾੜ ਦੇ ਟੱਕਰੀ ਏ, ਦਾਅਵੇ ਮੌਤ ਦੇ ਬੰਨ੍ਹ ਕੇ ਲੜੀ ਵੇਖੋ
ਅੱਠਾਂ ਸੂਰਿਆਂ ਤੇਗ਼ ਦੇ ਪੂਰਿਆਂ ਦੀ, ਤੇਗ਼ ਖ਼ੂਨ ਮੰਗੇ ਅੱਗ ਸੜੀ ਵੇਖੋ
ਸਿਰ ਵਾਂਗ ਹਦਵਾਣਿਆਂ ਪਏ ਜਾਪਣ, ਪਈ ਲੋਥ ਉੱਤੇ ਲੋਥ ਚੜ੍ਹੀ ਵੇਖੋ
ਸ਼ਾਹੀ ਦੱਲ ਨੂੰ ਭਉਜਲੀ ਪਾ ਦਿੱਤੀ, ਫੌਜ ਉੱਖੜੀ ਘੜੀ ਦੀ ਘੜੀ ਵੇਖੋ
ਜਿੰਦ ਗਾਜ਼ੀਆਂ ਦੀ ਅੱਠਾਂ ਸੂਰਿਆਂ ਨੇ, ਵਾਂਗ ਮੌਤ-ਫਰੇਸ਼ਤੇ ਫੜੀ ਵੇਖੋ
ਵਹਿਣ ਰੱਤ ਤੇ ਮਿੱਝ ਦੇ ਵਹਿਣ ਲੱਗੇ, ਰੱਤੀ ਲਾਲ ਹੋਈ ਭੋਇੰ ਰੜੀ ਵੇਖੋ
ਬਹੁਤ ਮਾਰ ਨਾ ਮੂਲ ਸਹਾਰ ਸੱਕੀ, ਸ਼ਾਹੀ ਫੌਜ ਦੀ ਟੁੱਟ ਗਈ ਕੜੀ ਵੇਖੋ
ਪਿੱਛੇ ਹੱਟ ਗਈ 'ਤੀਰ' ਜੀ ਛੱਡ ਜੇਰਾ, ਪੂਰੀ ਤੁਲੀ ਨਾ ਪਾਪ ਦੀ ਧੜੀ ਵੇਖੋ

### ਦਰਵਾਜ਼ਾ ਭੰਨਣ ਦੀ ਸਲਾਹ ਕਰਕੇ ਹੱਲਾ ਕੀਤਾ ਗਿਆ (ਵੱਲੋਂ ਕਵੀ)

ਥੋੜ੍ਹੀ ਦੇਰ ਪਿੱਛੋਂ ਫੇਰ ਫੌਜ ਸ਼ਾਹੀ, ਆਈ ਗੜ੍ਹੀ ਵਾਲਾ ਬੂਹਾ ਤੋੜਨੇ ਨੂੰ
ਫੇਰ ਸ੍ਰੀ ਦਸਮੇਸ਼ ਨੇ ਤੀਰ ਛੱਡੇ, ਜ਼ੁਲਮ ਪਾਪ ਵਾਲਾ ਬੇੜਾ ਬੋੜਨੇ ਨੂੰ
ਫੇਰ ਨਿੱਤਰੇ ਗੁਰੂ ਦੇ ਬੀਰ ਬਾਂਕੇ, ਹੜ੍ਹ ਜ਼ੁਲਮ ਅਨਿਆਂ ਦਾ ਹੋੜਨੇ ਨੂੰ
'ਤੀਰ' ਤੇਗ਼ ਲੈ ਕੇ ਫੇਰ ਅੱਠ ਨਿਕਲੇ, ਸ਼ਾਹੀ ਗਾਜ਼ੀਆਂ ਦਾ ਮੂੰਹ ਮੋੜਨੇ ਨੂੰ

### ਦਸਮੇਸ਼ ਜੀ ਦੇ ਸ਼ਹੀਦੀ ਲਾੜਿਆਂ ਦੀ ਜੰਞ ਚੜ੍ਹ ਪਈ (ਵੱਲੋਂ ਕਵੀ)

ਸਿਹਰੇ ਬੰਨ੍ਹ ਚਮਕੌਰ ਦੀ ਗੜ੍ਹੀ ਵਿੱਚੋਂ, ਜੰਞ ਨਿੱਕਲੀ ਲਾੜਿਆਂ ਦਾਨਿਆਂ ਦੀ
ਕੜੇ ਪਏ ਹੱਥੀਂ ਮਾਰਨ ਪਏ ਚਮਕਾਂ, ਸ਼ਕਲ ਉਨ੍ਹਾਂ ਦੀ ਜਾਪਦੀ ਗਾਨਿਆਂ ਦੀ
ਤੇਗ਼ਾਂ ਨੰਗੀਆਂ ਲਾਟ ਦੇ ਵਾਂਗ ਵੇਖੋ, ਸਿੰਘ ਜਾਪਦੇ ਡਾਰ ਪ੍ਰਵਾਨਿਆਂ ਦੀ
ਪਾਣ ਭੰਗੜਾ ਪਏ ਮੈਦਾਨ ਅੰਦਰ, ਨੱਚੇ ਮੰਡਲੀ ਜਿਵੇਂ ਮਸਤਾਨਿਆਂ ਦੀ
ਵਾਰ ਮੌਤ ਦੀ ਪਈ ਤਲਵਾਰ ਗਾਵੇ, ਤੀਰ ਸ਼ੂਕਦੇ ਤਾਨ ਤਰਾਨਿਆਂ ਦੀ
ਢਾਲ ਖੜਕਦੀ ਤਾਲ ਦਾ ਕੰਮ ਦੇਵੇ, ਸਿਰ ਉੱਡਦੇ ਸ਼ਕਲ ਭੁਕਾਨਿਆਂ ਦੀ
ਰੰਗ ਰੱਤ ਦਾ ਪਿਆ ਚੁਫ਼ੇਰ ਡੁੱਲ੍ਹੇ, ਹੋਲੀ ਮੱਚ ਪਈ ਜਿਵੇਂ ਯਰਾਨਿਆਂ ਦੀ
ਲੱਥੇ ਲੇਫੜੇ ਤਨਾਂ ਦੇ ਪਏ ਏਦਾਂ, ਯਾਦ ਆਂਵਦੀ ਮੱਛੀ ਦੇ ਚਾਨਿਆਂ ਦੀ
ਬਾਹਵਾਂ ਲੰਮੀਆਂ ਲੰਮੀਆਂ ਵੱਖ ਵੇਖਾਂ, ਜਿਵੇਂ ਕਿਸੇ ਕੀਤੀ ਵਾਢੀ ਕਾਨਿਆਂ ਦੀ
ਰੁਲਣ ਥਾਂ-ਥਾਂ ਵਾਂਗ ਨਰੀਏਲ ਸਿਰੀਆਂ, ਨਾ ਜ਼ਬਾਨ ਹਿੱਲੇ ਬੇਜ਼ਬਾਨਿਆਂ ਦੀ
ਸੌਂਦੇ ਸਿਰਾਂ ਤੇ ਧੜਾਂ ਦੇ ਹੋਈ ਜਾਵਣ, ਕੋਈ ਹਾਲ ਨਾ ਹੋਇ ਬਿਆਨਿਆਂ ਦੀ
ਸੋਹਣੀ ਤੇਗ਼ ਜਾ ਕੇ ਜਿਹਦੇ ਗਲ ਲੱਗੇ, ਉਹਨੂੰ ਲੋੜ ਨਾ ਪਏ ਬਹਾਨਿਆਂ ਦੀ
ਅਣੀ ਤੀਰ ਦੀ ਪੁੱਜ ਕੇ ਸਾਰ ਲੈਂਦੀ, ਵੈਰੀ ਦੱਲਾਂ ਦੇ ਦਿਲਾਂ ਦੇ ਖ਼ਾਨਿਆਂ ਦੀ
ਲੋਥਾਂ ਥਾਂ-ਥਾਂ ਇਉਂ ਚੁਫੇਰ ਪਈਆਂ, ਸੁੱਤੀ ਜਿਸ ਤਰ੍ਹਾਂ ਜੰਞ ਦੀਵਾਨਿਆਂ ਦੀ

ਇੱਕੇ ਰਾਤ ਦੇ ਗੁੱਟ ਸ਼ਰਾਬੀਆਂ ਨੂੰ, ਭੁੱਲੀ ਮੈ ਤੇ ਹੋਸ਼ ਮੈਖਾਨਿਆਂ ਦੀ
'ਤੀਰ' ਪਏ ਸੀ ਸ੍ਰੀ ਦਸਮੇਸ਼ ਕਰਦੇ, ਮਹਿਮਾ ਆਪਣੇ ਅਤੇ ਬਿਗਾਨਿਆਂ ਦੀ

## ਯੁੱਧ ਦਾ ਰੰਗ (ਵੱਲੋਂ ਕਵੀ)

ਮਾਰੋ ਮਾਰ ਦੀ ਪਈ ਆਵਾਜ਼ ਆਵੇ, ਗੂੰਜੇ ਅਲੀ ਓਧਰ ਤੇ ਅਕਾਲ ਏਧਰ
ਜ਼ੋਰ ਖਾ ਖਾ ਹਿੱਕ ਦੇ ਧੱਕਿਆਂ ਦਾ, ਬੱਝੇ ਜੁੱਟ ਓਧਰ ਟੁੱਟੇ ਪਾਲ ਏਧਰ
ਜਿਵੇਂ ਨੱਚਦਾ ਘੁੰਘਰੂ ਬੰਨ੍ਹ ਕੋਈ, ਨੱਚੇ ਤੇਗ਼ ਓਧਰ ਛਣਕੇ ਢਾਲ ਏਧਰ
ਆਪੋ ਆਪਣਾ ਪੈਂਤੜਾ ਲੈਣ ਸੂਰੇ, ਹੋਵੇ ਵਾਰ ਓਧਰ ਵੱਜੇ ਛਾਲ ਏਧਰ
ਕੋਈ ਕਿਸੇ ਤੋਂ ਘੱਟ ਸਦਾਂਵਦਾ ਨਾ, ਬੇਮਿਸਾਲ ਓਧਰ ਬੇਮਿਸਾਲ ਏਧਰ
ਮਸਤੀ ਚੜ੍ਹੀ ਮੈਦਾਨ ਦੀ ਸਾਰਿਆਂ ਨੂੰ, ਖੀਵੇ ਨੈਣ ਓਧਰ ਪਏ ਹਾਲ ਏਧਰ
ਤੇਗ਼ਾਂ ਰੰਗੀਆਂ ਰੱਤੀਆਂ ਗਲੇ ਲੱਗਣ, ਲਾਲੋ-ਲਾਲ ਓਧਰ ਲਾਲੋ-ਲਾਲ ਏਧਰ
ਮੌਤ ਸੂਰਿਆਂ ਦੇ ਸਿਰੀਂ ਪਈ ਨੱਚੇ, ਬਣ ਅਜ਼ਲ ਓਧਰ ਹੋ ਹੋ ਕਾਲ ਏਧਰ
ਚਤਰ ਦਾਅ ਤਾੜਨ ਦੋਹਾਂ ਪਾਸਿਆਂ ਦੇ, ਹੋਵੇ ਵਾਰ ਓਧਰ ਚਲੇ ਚਾਲ ਏਧਰ
ਘੇਰਾ ਪਾਣ ਬਹੁਤੇ ਆ ਕੇ ਥੋੜ੍ਹਿਆਂ ਨੂੰ, ਫਾਹੀ ਲਾਣ ਓਧਰ ਟੁੱਟੇ ਜਾਲ ਏਧਰ
ਆਵੇ ਹੜ੍ਹ ਚੜ੍ਹਿਆ ਤੇਗ਼ਾਂ ਨੰਗੀਆਂ ਦਾ, ਰੋੜ੍ਹੇ ਓਹ ਓਧਰ ਝੱਲੇ ਝਾਲ ਏਧਰ
ਰੁੱਖਾਂ ਵਾਂਗਰਾਂ ਜਾਣ ਸਰੀਰ ਛਾਂਗੇ, ਕੋਈ ਡਾਲ ਓਧਰ ਕੋਈ ਡਾਲ ਏਧਰ
ਹੋਵੇ ਨਾਚ ਸ਼ਹੀਦੀ ਦੇ ਨਾਚਿਆਂ ਦਾ, ਝੜੇ ਗੁਰ ਓਧਰ ਵੱਜੇ ਤਾਲ ਏਧਰ
ਖੇਡਣ ਖੇਨੂੰਆਂ ਸਿਰਾਂ ਦੀ ਖੇਡ ਤੇਗ਼ਾਂ, ਮੀਟੀ ਚੜ੍ਹੇ ਓਧਰ ਪੈਂਦੇ ਥਾਲ ਏਧਰ
ਕੋਈ ਕਿਸੇ ਨੂੰ ਆਪਣੇ ਆਪ ਵਾਲੀ, ਨਾ ਸੰਭਾਲ ਓਧਰ ਨਾ ਸੰਭਾਲ ਏਧਰ
ਸੁੱਤੇ ਸੂਰਮੇ ਜੱਫੀਆਂ ਪਾ ਪਾ ਕੇ, ਨਾਲੋ ਨਾਲ ਓਧਰ ਨਾਲੋ ਨਾਲ ਏਧਰ
ਧੜ ਧੜਾਂ ਉੱਤੇ ਪਏ ਢੇਰ ਬਣ ਕੇ, ਲੱਗੇ ਟਾਲ ਓਧਰ ਲੱਗੇ ਟਾਲ ਏਧਰ
'ਤੀਰ' ਉਪਮਾ ਇਨ੍ਹਾਂ ਦੀ ਕਰੇ ਕਿਹੜਾ, ਜੇ ਕਮਾਲ ਓਧਰ ਤਾਂ ਕਮਾਲ ਏਧਰ

## ਸਿੱਖ ਸੂਰਿਆਂ ਦੀ ਸ਼ਹੀਦੀ

ਭਾਵੇਂ ਸ਼ੂਕਦੇ ਤੀਰ ਦਸਮੇਸ਼ ਜੀ ਦੇ, ਕਈ ਸੈਂਕੜੇ ਛਾਤੀਆਂ ਛਾਣ ਨਿਕਲੇ
ਭਾਵੇਂ ਸੂਰਮੇ ਸਿੱਖ ਵੀ ਗੜ੍ਹੀ ਵਿੱਚੋਂ, ਜੋਸ਼ ਨਾਲ ਸਨ ਵਿੱਚ ਘਮਸਾਣ ਨਿਕਲੇ
ਲੜੇ ਬਿੱਜਲੀ ਦੀ ਤੇਜ਼ੀ ਧਾਰ ਕੇ ਵੀ, ਝੱਟ ਏਧਰੋਂ ਉਧਰ ਨੂੰ ਜਾਣ ਨਿਕਲੇ
ਜਿਹਦੀ ਹਿੱਕ ਅੰਦਰ ਜਾ ਕੇ ਤੇਗ਼ ਖੋਭਣ, ਸਣੇ ਕਾਲਜੇ ਦੇ ਉਹਦਾ ਮਾਣ ਨਿਕਲੇ
ਕੀਤੇ ਪਾਰ ਉਹਨਾਂ ਤੁਰਤ-ਫੁਰਤ ਅੰਦਰ, ਜਿਹੜੇ ਸਾਹਮਣੇ ਆਣ ਪਠਾਣ ਨਿਕਲੇ
ਖਾਧੇ ਰੱਜ ਕੇ ਉਨ੍ਹਾਂ ਨੇ ਫੱਟ ਡੂੰਘੇ, ਭੁੱਖੇ ਗੜ੍ਹੀ ਵਿੱਚੋਂ ਜੋ ਸੀ ਖਾਣ ਨਿਕਲੇ
ਬਾਹਵਾਂ ਪੱਛੀਆਂ ਫੱਟੀਆਂ ਥਾਂ-ਥਾਂ ਤੋਂ, ਸਾਰੇ ਅਜੇ ਨਾ ਉਨ੍ਹਾਂ ਦੇ ਤਾਣ ਨਿਕਲੇ

ਬਾਜ਼ੀ ਸਿਰਾਂ 'ਤੇ ਧੜਾਂ ਦੀ ਉਨ੍ਹਾਂ ਲਾਈ, ਜੋ ਸੀ ਧੜ ਦੀ ਬਾਜ਼ੀ ਲਾਣ ਨਿਕਲੇ
ਆ ਕੇ ਮੌਤ ਨੇ ਉਨ੍ਹਾਂ ਨੂੰ ਤਿਲਕ ਲਾਏ, ਜੋ ਸੀ ਮੌਤ ਨੂੰ ਜੱਫੀਆਂ ਪਾਣ ਨਿਕਲੇ
ਲਾਵਾਂ ਲੈ ਸ਼ਹੀਦੀ ਦੇ ਨਾਲ ਮੋਏ, ਜੋ ਸੀ ਮੌਤ ਨੂੰ ਘਰੋਂ ਪਰਚਾਣ ਨਿਕਲੇ
ਵੈਰੀ ਦੱਲਾਂ ਦੇ ਹੌਸਲੇ ਉਨ੍ਹਾਂ ਤੋੜੇ, ਪੱਕੇ ਗੁਰੂ ਦੇ ਸਿੱਖ ਵਦਾਣ ਨਿਕਲੇ
'ਤੀਰ' ਬੈਠ ਦਸਮੇਸ਼ ਦੀ ਨਿਗ੍ਹਾ ਅੰਦਰ, ਵੇਖੋ ਹੱਸਦੇ ਸੈਆਂ ਦੇ ਪ੍ਰਾਣ ਨਿਕਲੇ

### *ਸਾਹਿਬ ਅਜੀਤ ਸਿੰਘ ਜੀ ਦੀ ਵਾਰੀ (ਵੱਲੋਂ ਕਵੀ)*

ਰਹੇ ਗੇਣਵੇਂ ਸੂਰਮੇ ਗੜ੍ਹੀ ਅੰਦਰ, ਜਿਹੜੇ ਨਿਕਲੇ ਬਾਹਰ ਕੁਰਬਾਨ ਹੋਏ
ਸਿੱਧੇ ਤੁਰੇ ਉਹ ਤੇਗ਼ ਦੀ ਧਾਰ ਉੱਤੇ, ਸਿੱਖੀ ਸਿਦਕ ਦੇ ਵਿਚ ਪਰਵਾਨ ਹੋਏ
ਬਣੇ ਦਿਲੀ ਨਿਸ਼ਾਨ ਦਸਮੇਸ਼ ਜੀ ਦੇ, ਭਾਵੇਂ ਜੱਗ ਵਿਚੋਂ ਬੇਨਿਸ਼ਾਨ ਹੋਏ
ਸੋਚਾਂ ਸੋਚ ਕੇ 'ਤੀਰ' ਕੁਝ ਸਿੱਖ ਰਹਿੰਦੇ, ਪੁੱਜੇ ਗੁਰਾਂ ਦੇ ਕੋਲ ਨਿਰਮਾਨ ਹੋਏ

### *ਗੜ੍ਹੀ ਵਿਚ ਬੈਠੇ ਹੋਏ ਸਿੱਖਾਂ ਦੀ ਵਿਚਾਰ (ਵੱਲੋਂ ਕਵੀ)*

ਸਿੱਖਾਂ ਇਹ ਵਿਚਾਰ ਵਿਚਾਰਿਆ ਸੀ, ਕੰਨੀ ਗੁਰੂ ਜੀ ਜੇ ਕਤਰਾ ਜਾਵਣ
ਅੱਖੀਂ ਪਾ ਘੱਟਾ ਖਲ੍ਹੇ ਵੈਰੀਆਂ ਦੀ, ਕਿਸੇ ਤਰ੍ਹਾਂ ਜੇ ਅੱਖ ਬਚਾ ਜਾਵਣ
ਅਸੀਂ ਲੜਾਂਗੇ ਮਰਨ ਦੇ ਤੀਕ ਏਥੇ, ਭਾਵੇਂ ਦੂੱਗਣੇ ਦੱਲ ਵੀ ਆ ਜਾਵਣ
'ਤੀਰ' ਵੈਰੀਆਂ ਨਾਲ ਦਸਮੇਸ਼ ਸਾਡੇ, ਖੇਡ ਘੜੀ ਦੀ ਘੜੀ ਪਰ ਦਾਅ ਜਾਵਣ

### *ਵੱਡੇ ਸਾਹਿਬਜ਼ਾਦੇ ਵੱਲੋਂ ਜੰਗ ਦੀ ਮੰਗ*

ਰਹੇ ਵੇਖਦੇ ਲਾਲ ਅਜੀਤ ਸਿੰਘ ਜੀ, ਸਿੱਖ ਸੂਰਮੇ ਸੁਰਖਰੂ ਹੋ ਗਏ ਨੇ
ਨਹਾਤੇ ਰੱਜ ਕੇ ਤੇਗ਼ ਦੀ ਧਾਰ ਅੰਦਰ, ਖ਼ੂਬ ਦਾਗ਼ ਗ਼ੁਲਾਮੀ ਦੇ ਧੋ ਗਏ ਨੇ
ਸੀਖਾਂ ਨਾਲ ਜਿਉਂ ਹੋਣ ਕਬਾਬ ਲੱਗੇ, ਵੈਰੀ ਦੱਲਾਂ ਨੂੰ ਨੇਜ਼ੀਂ ਪਰੋ ਗਏ ਨੇ
'ਤੀਰ' ਆਣ ਸ਼ਹੀਦੀ ਦੇ ਚਾਅ ਅੰਦਰ, ਪਿਤਾ ਸਾਹਮਣੇ ਅੰਤ ਖਲੋ ਗਏ ਨੇ

### *ਸਾਹਿਬਜ਼ਾਦੇ ਅਜੀਤ ਸਿੰਘ ਜੀ ਦੀ ਪਿਤਾ ਅੱਗੇ ਬੇਨਤੀ*

ਹੱਥ ਜੋੜ ਬੋਲੇ 'ਪਿਤਾ ਸ਼ਹਿਨਸ਼ਾਹ ਜੀ! ਅੱਜ ਆਖ਼ਰੀ ਦਿਹੋ ਅਸੀਸ ਮੈਨੂੰ
ਵੀਰਾਂ ਵਾਂਗ ਮੈਦਾਨ ਵਿਚ ਜੂਝਣੇ ਦੀ, ਦਿਲੋਂ ਆਂਵਦੀ ਪਈ ਏ ਰੀਸ ਮੈਨੂੰ
ਕਿਵੇਂ ਲੜਾਂਗਾ ਆਪ ਨੇ ਵੇਖ ਲੈਣਾ, ਤੁਸੀਂ ਆਗਿਆ ਦਿਓ ਜਗਦੀਸ਼ ਮੈਨੂੰ
'ਤੀਰ' ਵੇਖ ਕੇ ਵੀਰਾਂ ਦੇ ਸੀਸ ਲੱਥੇ, ਨਹੀਂ ਧੱੜ 'ਤੇ ਭਾਂਵਦਾ ਸੀਸ ਮੈਨੂੰ'

### *ਦਸਮੇਸ਼ ਜੀ ਪ੍ਰਸੰਨ ਹੋ ਕੇ ਆਪਣੇ ਬੱਚੇ ਨੂੰ ਕਹਿੰਦੇ ਨੇ*

ਹੋਏ ਬੜੇ ਹੀ ਖ਼ੁਸ਼ ਦਸਮੇਸ਼ ਸੁਣ ਕੇ, ਬੋਲੇ 'ਜੰਮਣਾ ਹੈ ਤੇਰਾ ਧੰਨ ਬੱਚਾ

ਦੇਂਦਾ ਖ਼ੁਸ਼ੀ ਦੇ ਨਾਲ ਮੈਂ ਆਗਿਆ ਹਾਂ, ਜੂਝ ਜੰਗ ਅੰਦਰ ਮੇਰੇ ਚੰਨ ਬੱਚਾ
ਏਸੇ ਹੌਸਲੇ ਦੇਸ਼ ਆਜ਼ਾਦ ਕਰਨਾ, ਮੇਰੀ ਆਤਮਾ ਰਹੀ ਏ ਮੰਨ ਬੱਚਾ
'ਤੀਰ' ਵੇਖ ਔਹ ਪਏ ਉਡੀਕਦੇ ਨੀ, ਜਾ ਕੇ ਜ਼ਾਲਮਾਂ ਦੀ ਅੜੀ ਭੰਨ ਬੱਚਾ

### ਦਸਮੇਸ਼ ਜੀ ਲਾਡ ਵਿਚ ਆ ਕੇ ਅਜੀਤ ਸਿੰਘ ਨੂੰ ਫਿਰ ਕਹਿੰਦੇ ਹਨ

ਮੇਰੇ ਲਾਲ! ਆ ਹਿੱਕ ਦੇ ਨਾਲ ਲਾ ਕੇ, ਤੇਰੇ ਦਿਲ ਅੰਦਰ ਦਿਲ ਪਾ ਦਿਆਂ ਮੈਂ
ਉਰ੍ਹੇ ਹੋ, ਅੱਜ ਲੱਗਾ ਹੈਂ ਬਣਨ ਲਾੜਾ, ਹੱਥੀਂ ਆਪਣੀ ਸਿਹਰਾ ਸਜਾ ਦਿਆਂ ਮੈਂ
ਮੇਰਾ ਜੀਅ ਕਰਦਾ, ਸਿਰ 'ਤੇ ਹੱਥ ਧਰ ਕੇ, ਤੇਰੇ ਜੋਸ਼ ਨੂੰ ਹੋਰ ਚਮਕਾ ਦਿਆਂ ਮੈਂ
ਮੀਟ ਅੱਖੀਆਂ ਬੱਚਿਆ ਅੱਜ ਤੈਨੂੰ , 'ਮੀਰੀ ਪੀਰੀ ਦੀ ਤੇਗ਼ ਵਿਖਾ ਦਿਆਂ ਮੈਂ
ਆ ਜਾ ਕੋਲ ਮੇਰੇ ਤੇਰੀ ਪਿੱਠ ਉੱਤੇ, ਪੁੱਤਰ! ਆਖਰੀ ਥਾਪੜਾ ਲਾ ਦਿਆਂ ਮੈਂ
ਆ ਜਾ ਆਖਰੀ ਵਾਰ ਪਿਆਰ ਕਰਕੇ, ਤੇਰਾ ਦਿਲੋਂ ਪਿਆਰ ਮਿਟਾ ਦਿਆਂ ਮੈਂ
ਲੋਕੀਂ ਪੁੱਤਰਾਂ ਨੂੰ ਘੋੜੀ ਚਾੜ੍ਹਦੇ ਨੇ, ਤੈਨੂੰ ਮੌਤ-ਘੋੜੀ 'ਤੇ ਚੜ੍ਹਾ ਦਿਆਂ ਮੈਂ
'ਤੀਰ' ਉਸਨੂੰ ਹੈ ਮਨਜ਼ੂਰ ਇਹੋ, ਦੇਸ਼ ਵਾਸਤੇ ਲਾਲ ਲੁਟਾ ਦਿਆਂ ਮੈਂ

### ਹਜ਼ੂਰ ਫੇਰ ਫ਼ੁਰਮਾਉਂਦੇ ਹਨ

ਮਾਰੂ ਵਹਿਣ ਹੈ ਸਾਹਮਣੇ ਵੈਰੀਆਂ ਦਾ, ਇਹਨੂੰ ਤਾਰੂਆਂ ਦੇ ਵਾਂਗ ਤਰੀਂ ਬੱਚਾ
'ਸਮਝ ਬੱਕਰੇ ਅਲੀ ਦੇ ਹੱਥ ਆਏ', ਨਾਲ ਤੇਗ਼ ਦੇ ਡੱਕਰੇ ਕਰੀਂ ਬੱਚਾ
ਮਾਰੀਂ ਕਿਸੇ ਨੂੰ ਪਿੱਠ ਦੇ ਵਿੱਚ ਨਾਹੀਂ, ਅਤੇ ਆਪ ਵੀ ਹਿੱਕ 'ਤੇ ਜਰੀਂ ਬੱਚਾ
ਮਰਨ ਸੂਰਮੇ ਜੂਝ ਮੈਦਾਨ ਅੰਦਰ, ਗੀਦੀ ਮੰਜਿਆਂ 'ਤੇ ਮਰਨ ਘਰੀਂ ਬੱਚਾ
ਵੇਖ ਸਾਹਮਣੇ ਜ਼ੁਲਮ ਦਾ ਖੇਤ ਪੱਕਾ, ਜੀਭ ਤੇਗ਼ ਦੀ ਨਾਲ ਜਾ ਚਰੀਂ ਬੱਚਾ
ਤੇਰੇ ਸਾਹਮਣੇ ਕੀੜੀਆਂ ਹੈਣ ਫੌਜਾਂ, ਜਾਵੀਂ ਮਿਧਦਾ ਮੂਲ ਨਾ ਡਰੀਂ ਬੱਚਾ
ਵੈਰੀ-ਦੱਲ ਭਾਵੇਂ ਪਿੱਛੇ ਪਏ ਸਾਰਾ, ਤਾਂ ਵੀ ਪੈਰ ਪਿਛਾਂਹ ਨਾ ਧਰੀਂ ਬੱਚਾ
ਉੱਤੇ ਦੇਸ਼ ਦੇ ਦੁੱਖੜੇ ਟੁੱਟ ਪਏ ਨੀਂ, ਜੂਝ ਜਿੱਤ ਕੇ ਇਨ੍ਹਾਂ ਨੂੰ ਹਰੀਂ ਬੱਚਾ
ਮੈਨੂੰ ਖ਼ੁਸ਼ੀ ਹੋਸੀ ਤੇਰੇ ਵਿਆਹ ਜਿੰਨੀ, ਦੇਸ਼ ਵਾਸਤੇ ਹੱਸ ਕੇ ਮਰੀਂ ਬੱਚਾ
ਤੈਨੂੰ 'ਤੀਰ' ਸ਼ਹੀਦੀ ਉਡੀਕਦੀ ਏ, ਉਹਨੂੰ ਵਿੱਚ ਮੈਦਾਨ ਦੇ ਵਰੀਂ ਬੱਚਾ

### ਮਹਾਰਾਜ ਹੋਰ ਪੱਕੀ ਕਰਦੇ ਹਨ

ਮੇਰੇ ਸੋਹਣਿਆ ਪੁੱਤ ਅਜੀਤ ਸਿੰਘਾ!, ਵੇਖੀਂ ਨਾਮਣੇ ਨੂੰ ਲੀਕ ਲਾਈਂ ਨਾ ਤੂੰ
ਤੇਰਾ ਨਾਮ ਅਜੀਤ ਹੈ, ਜੰਗ ਅੰਦਰ, ਪੁੱਤਰ! ਜੀਂਵਦੇ ਜੀ ਹਾਰ ਖਾਈਂ ਨਾ ਤੂੰ
ਤੈਨੂੰ ਮੂੰਹ ਉੱਤੇ ਤਦੇ ਆਖਦਾ ਹਾਂ, ਹਾਰ ਗਿਓਂ ਤਾਂ ਮੂੰਹ ਵਿਖਾਈਂ ਨਾ ਤੂੰ
ਜਿਧਰ ਮੂੰਹ ਹੋਵੇ ਓਧਰ ਚਲਾ ਜਾਈਂ, ਕੋਲ ਪਿਓ ਦੇ ਪਰਤ ਕੇ ਆਈਂ ਨਾ ਤੂੰ

ਤੂੰ ਹੈਂ ਸ਼ੇਰਨੀ ਮਾਂ ਦਾ ਦੁੱਧ ਪੀਤਾ, ਪੀਤਾ ਦੁੱਧ ਇਹ ਕਿਤੇ ਗਵਾਈਂ ਨਾ ਤੂੰ
ਵੇਖੀਂ ਅੱਜ ਦੇ ਦਿਨ ਗੋਬਿੰਦ ਸਿੰਘ ਨੂੰ, ਢੇਰੀ ਢਾਹ ਕੇ ਸ਼ਰਮ ਦਿਵਾਈਂ ਨਾ ਤੂੰ
ਦਾਦੇ ਆਪਣੇ ਦੀ ਗੋਦ ਵਿਚ ਜਾਵੀਂ, ਮੈਂ ਵੀ ਪੁੱਜਸਾਂ, ਪੁੱਤ ਘਬਰਾਈਂ ਨਾ ਤੂੰ
'ਤੀਰ' ਮਰੀਂ ਮੈਦਾਨ ਵਿਚ ਖਿੜੇ ਮੱਥੇ, ਲੱਥੇ ਸੀਸ ਤਾਂ ਵੀ ਪਛੋਤਾਈਂ ਨਾ ਤੂੰ

## *ਮਹਾਰਾਜ ਸਾਹਿਬਜ਼ਾਦੇ ਨੂੰ ਆਪਣੇ ਦਿਲ ਦੀ ਰੀਝ ਦੱਸਦੇ ਹਨ*

ਤੇਰੀ ਚੱਲਦੀ ਤੇਗ਼ ਅਜੀਤ ਸਿੰਘਾ! ਏਦਾਂ ਭੱਲ ਮੈਦਾਨ ਦੀ ਖੱਟ ਜਾਏ
ਪੱਕੀ ਹੋਈ ਜਵਾਰ ਦੇ ਟਾਂਡਿਆਂ ਦੀ, ਵਾਢੀ ਜਿਸ ਤਰ੍ਹਾਂ ਪਾਂਵਦਾ ਜੱਟ ਜਾਏ
ਬਣ ਕੇ ਮੌਤ ਦੀ ਜੀਭ ਮੈਦਾਨ ਅੰਦਰ, ਪਾਪੀ ਜ਼ਾਲਮਾਂ ਦੀ ਰੱਤ ਚੱਟ ਜਾਏ
ਖੁੱਭੇ ਵਿਚ ਛਾਤੀ ਕਹਿਰੀ ਹੋ ਕਾਤੀ, ਸਾਰੇ ਖੋਲ੍ਹਦੀ ਦਿਲਾਂ ਦੇ ਵੱਟ ਜਾਏ
ਇਹਦੀ ਸੱਟ ਖਾ ਕੇ ਏਦਾਂ ਸਿਰ ਟੁੱਟੇ, ਟੁੱਟ ਜਿਵੇਂ ਲਲਾਰੀ ਦਾ ਮੱਟ ਜਾਏ
ਜਾਵੇ ਰੇਲਦੀ, ਪੇਲਦੀ ਦਲਾਂ ਉੱਤੇ, ਬਾਜ਼ੀ ਪਾਂਵਦਾ ਜਿਸ ਤਰ੍ਹਾਂ ਨੱਟ ਜਾਏ
ਇਹਦੀ ਧਾਰ ਵਿਚੋਂ ਵਗੇ ਧਾਰ ਖ਼ੂਨੀ, ਖੇਤ ਮਿੱਝ ਚਰਬੀ ਨਾਲ ਅੱਟ ਜਾਏ
ਸੱਟ ਕਰਨ ਦੀ ਕਰੇ ਨਾ ਸੁਰਤ ਵੈਰੀ, ਐਸੀ ਕਰ ਇਹ ਆਪਣੀ ਸੱਟ ਜਾਏ
ਤੇਰੇ ਵਾਰ ਅੱਗੇ ਓ ਅਜੀਤ ਸਿੰਘਾ! ਜੇਕਰ ਮੌਤ ਵੀ ਆਏ ਤਾਂ ਹੱਟ ਜਾਏ
ਚੁੰਮੀਂ ਰੰਗ ਕੇ ਏਸ ਨੂੰ ਕਈ ਵਾਰੀ, ਤਾਂ ਕਿ ਹੌਸਲਾ ਨਾ ਤੇਰਾ ਘੱਟ ਜਾਏ
ਮਾਰੀਂ ਮੂਲ ਨਾ ਸਹਿਮ ਕੇ ਨੱਠਦੇ ਨੂੰ, ਛੱਡੀਂ ਓਸਨੂੰ ਨਾ ਜਿਹੜਾ ਡੱਟ ਜਾਏ
ਪੁੱਤਰ! ਖੇਡ ਕੇ ਅੱਜ ਵਿਖਾਲ ਹੋਲੀ, ਲਾਲ ਰੰਗ ਵਾਲਾ ਬੱਝ ਠੱਟ ਜਾਏ
ਏਦਾਂ ਸੀਨਿਆਂ 'ਚੋਂ ਤੇਰੀ ਤੇਗ਼ ਨਿਕਲੇ, ਜਿਵੇਂ ਹੱਥ 'ਚੋਂ ਨਿਕਲਦਾ ਪੱਟ ਜਾਏ
ਕੈਂਚੀ ਵਾਂਗਰਾਂ ਫਿਰੇ ਇਹ ਦੱਲ ਅੰਦਰ, ਉਹਨੂੰ ਕੱਪੜੇ ਵਾਂਗਰਾਂ ਕੱਟ ਜਾਏ
ਵੇਖੀਂ ਹੌਸਲਾ ਰੱਖ ਕੇ ਲੜੀਂ ਬੱਚਾ! ਕਿਤੇ ਖੁੰਝ ਨਾ ਕੀਮਤੀ ਝੱਟ ਜਾਏ
'ਤੀਰ' ਅੱਜ ਭਾਵੇਂ ਹਿੰਦ-ਵਾਸੀਆਂ ਤੋਂ, ਏਥੇ ਲਹਿ 'ਗ਼ੁਲਾਮੀ ਦੀ ਛੱਟ' ਜਾਏ

## *ਸਾਹਿਬ ਅਜੀਤ ਸਿੰਘ ਜੀ ਦੀ ਅੰਤਮ ਬੇਨਤੀ*

ਹੱਥ ਜੋੜ ਕੇ ਕਿਹਾ ਅਜੀਤ ਸਿੰਘ ਨੇ, ਜੀ ਮੈਂ! ਤੇਗ਼ ਦੇ ਜੌਹਰ ਵਿਖਾ ਦਿਆਂਗਾ
ਵੇਖੋ ਆਪ ਮੈਂ ਪਹੁੰਚ ਮੈਦਾਨ ਅੰਦਰ, ਵੈਰੀ ਦਲਾਂ ਨੂੰ ਚਣੇ ਚਬਾ ਦਿਆਂਗਾ
ਜਿਵੇਂ ਹੋਣ ਲੱਗੇ ਢੇਰ ਲੱਕੜਾਂ ਦੇ, ਤਿਵੇਂ ਸੂਰਿਆਂ ਦੇ ਢੇਰ ਲਾ ਦਿਆਂਗਾ
ਕਾਰ ਜਿਨ੍ਹਾਂ ਹੈ ਜ਼ੁਲਮ ਦੀ ਫੜੀ ਹੋਈ, ਛੱਕੇ ਉਨ੍ਹਾਂ ਦੇ ਅੱਜ ਛੁੜਾ ਦਿਆਂਗਾ
ਏਸ ਆਪਣੀ ਤੇਗ਼ ਦੀ ਧਾਰ ਅੰਦਰ, ਸਾਰਾ ਜ਼ੋਰ ਤੇ ਜ਼ੁਲਮ ਰੁੜ੍ਹਾ ਦਿਆਂਗਾ
ਵੇਖੋ ਸਾਹਮਣੇ ਦਲਾਂ ਖਲੋਤਿਆਂ ਨੂੰ, ਮੈਂ 'ਲਾਹੌਲ' 'ਲਾਹੌਲ' ਪੜ੍ਹਾ ਦਿਆਂਗਾ
ਰਾਹ ਮਿਲੇਗਾ ਮੂਲ ਨਾ ਵੈਰੀਆਂ ਨੂੰ, ਜਿਹੀ ਲੋਥ 'ਤੇ ਲੋਥ ਚੜ੍ਹਾ ਦਿਆਂਗਾ

ਘੇਰ ਲਵਾਂਗਾ ਮੈਂ 'ਕੱਲਾ ਸਾਰਿਆਂ ਨੂੰ, ਘੜੀ ਪੱਲ ਵਿਚ ਅਲਖ ਮੁਕਾ ਦਿਆਂਗਾ
ਜੌਹਰ ਦੱਸ ਕੇ ਤੇਗ਼-ਬਹਾਦਰੀ ਦੇ, ਮੂੰਹੀਂ ਉਂਗਲਾਂ ਅੱਜ ਪੁਆ ਦਿਆਂਗਾ
ਪੇਂਜੇ ਵਾਂਗਰਾਂ ਫਿਰਾਂਗਾ ਦਲ ਅੰਦਰ, ਸਿਰ ਤੂੰਬਿਆਂ ਵਾਂਗ ਉਡਾ ਦਿਆਂਗਾ
ਪੂਜ ਪਿਤਾ ਜੀ! ਅੱਜ ਮੈਂ ਭੋਇੰ ਨੂੰ ਹੀ, ਵੇਖੋ ਨਵਾਂ ਅਸਮਾਨ ਬਣਾ ਦਿਆਂਗਾ
ਧਰਮ-ਵੈਰੀਆਂ ਇਨ੍ਹਾਂ ਹੱਤਿਆਰਿਆਂ ਨੂੰ, ਤਾਰੇ ਤੇਗ਼ ਦੇ ਦਿਨੇ ਵਿਖਾ ਦਿਆਂਗਾ
ਅੱਗੋਂ ਰੱਤ ਗ਼ਰੀਬਾਂ ਦੀ ਪੀਣਗੇ ਨਾ, ਰੱਤ ਉਨ੍ਹਾਂ ਦੀ ਅੱਜ ਸੁਕਾ ਦਿਆਂਗਾ
ਜਿਹੜੀ ਤੇਗ਼ ਇਹ ਫੇਰਦੇ ਆਜਜ਼ਾਂ ਤੇ, ਸਣੇ ਸਿਰ ਉਹ ਤੇਗ਼ ਝਟਕਾ ਦਿਆਂਗਾ
ਢੁੱਡਾਂ ਮਾਰਦੇ ਫਿਰਨ ਜੋ ਦੇਸ਼ ਅੰਦਰ, ਨੱਕ ਨੱਥ ਮੈਂ ਉਨ੍ਹਾਂ ਨੂੰ ਪਾ ਦਿਆਂਗਾ
ਲੂਹਣ ਵਾਸਤੇ ਜ਼ੁਲਮ ਦੇ ਮੂਸਲਾਂ ਨੂੰ, ਏਸ ਤੇਗ਼ 'ਚੋਂ ਅੱਗ ਵਰ੍ਹਾ ਦਿਆਂਗਾ
ਜਿਹਨੇ ਵਖ਼ਤ ਪਾਏ ਹਿੰਦ ਦੇਸ਼ ਤਾਈਂ, ਓਸ ਤਖ਼ਤ ਨੂੰ ਅੱਜ ਉਲਟਾ ਦਿਆਂਗਾ
ਮੇਰਾ ਨਾਮ 'ਅਜੀਤ' ਹੈ ਅੱਜ ਵੇਖੋ, ਜਿੱਤ ਮੁੜਾਂਗਾ ਦੱਲ ਹਰਾ ਦਿਆਂਗਾ
ਮੈਨੂੰ ਮੌਤ ਵੀ ਸੱਕਦੀ ਜਿੱਤ ਨਾਹੀਂ, ਜੇਕਰ ਸਾਹਮਣੇ ਆਈ ਡਰਾ ਦਿਆਂਗਾ
ਮੈਂ ਜਿੱਤ ਆਇਆ, ਹੱਥ ਜੋੜ ਦੋਵੇਂ, ਆ ਕੇ ਆਪ ਨੂੰ ਫਤਹਿ ਗਜਾ ਦਿਆਂਗਾ
ਗਿਆ ਜਿੱਤਿਆ ਜੇ ਕਦੇ ਰਣ ਅੰਦਰ, ਰਹਿਣ ਲਈ ਸਰੀਰ ਵਿਛਾ ਦਿਆਂਗਾ
ਜੇਕਰ ਸਦਾ ਦੀ ਨੀਂਦਰੇ ਸੌਂ ਗਿਆ ਮੈਂ, ਸੁੱਤਾ ਦੇਸ਼ ਹਲੂਣ ਜਗਾ ਦਿਆਂਗਾ
'ਤੀਰ' ਦੇਸ਼ ਖ਼ਾਤਰ ਮੇਰੀ ਜ਼ਿੰਦਗੀ ਏ, ਦੇਸ਼ ਵਾਸਤੇ ਜਾਨ ਲੜਾ ਦਿਆਂਗਾ

### *ਸਾਹਿਬਜ਼ਾਦੇ ਦੀ ਜੋਸ਼ ਭਰੀ ਸੂਰਤ (ਵੱਲੋਂ ਕਵੀ)*

ਏਨਾ ਆਖਦੇ-ਆਖਦੇ ਸੂਰਮੇ ਦੀ, ਸਗੋਂ ਰੋਹਬ ਵਾਲੀ ਦੂਣੀ ਦੱਖ ਹੋ ਗਈ
ਹੱਥ ਜੋਸ਼ ਵਿਚ ਪੁੱਜਿਆ ਮੁੱਠ ਉੱਤੇ, ਝੱਟ ਤੇਗ਼ ਮਿਆਨ 'ਚੋਂ ਵੱਖ ਹੋ ਗਈ
ਛਾਤੀ ਚੌਗਣੀ ਜੋਸ਼ ਦੇ ਵਿਚ ਹੋਈ, ਲਾਲ ਵਾਂਗ ਅੰਗਿਆਰ ਦੇ ਅੱਖ ਹੋ ਗਈ
'ਤੀਰ' ਵੇਖ ਕੇ ਸ੍ਰੀ ਦਸਮੇਸ਼ ਬੋਲੇ, "ਵੈਰੀ ਦਲਾਂ ਦੀ ਮੌਤ ਪਰਤੱਖ ਹੋ ਗਈ"

# ਗੜ੍ਹੀ-ਚਮਕੌਰ ਦੀ ਸ਼ਹੀਦੀ ਵਾਰ

ਜਦ *ਚੜ੍ਹਿਆ ਬੀਰ ਅਜੀਤ ਸਿੰਘ, ਦਸਮੇਸ਼-ਨਿਸ਼ਾਨੀ
ਉਸ ਸੱਦੀ ਵਾਜਾਂ ਮਾਰ ਕੇ, ਲਾੜੀ ਕੁਰਬਾਨੀ
ਉਸ ਭੇਟਾ ਕੀਤੀ ਦੇਸ਼ ਦੀ, ਦੇਹ ਜਾਨ ਜਵਾਨੀ
ਉਸ ਤੇਗ਼ ਫੜੀ ਹੱਥ ਕਹਿਰ ਦੀ, ਕੁੱਦ ਪਿਆ ਮੈਦਾਨੀ
ਇਉਂ ਕਰੇ ਕਵੀਸ਼ਰ ਉੱਪਮਾ, ਰੰਗ ਵੇਖ ਜ਼ਬਾਨੀ
ਉਹ ਚਮਕੇ ਵਾਂਗਣ ਬਿੱਜਲੀ, ਅੱਤ ਤੇਜ਼ ਰਵਾਨੀ
ਉਹ ਨੱਚਦੀ ਚੜ੍ਹ ਕੇ ਸਿਰਾਂ 'ਤੇ, ਨਾਚੀ ਮਸਤਾਨੀ
ਜਦ ਰਣ ਵਿੱਚ ਚਮਕੀ 'ਤੀਰ' ਜੀ, ਕਈ ਮਰ ਗਏ ਮਾਨੀ

ਤਦ ਨਾਲ ਸੂਰਮੇ-ਬਾਲ ਦੇ, ਸਿੰਘ ਆ ਗਏ ਚੜ੍ਹ ਕੇ
ਉਹ ਸੂਰੇ ਬਣ ਰਣਖੇਤ ਦੇ, ਸ਼ੇਰਾਂ ਜਿਉਂ ਬੜ੍ਹਕੇ
ਆ ਇਰਦ ਗਿਰਦ ਚਮਕੌਰ ਦੇ, ਰੱਜ ਖੰਡੇ ਖੜਕੇ
ਆ ਖ਼ੂਬ ਦੁਵੱਲਿਓਂ ਸੂਰਮੇ, ਗੱਜੇ ਤੇ ਕੜਕੇ
ਸੈ ਦੇਹੀਆਂ ਉੱਡਣ ਓਸ ਥਾਂ, ਹੋ ਫੜਕੇ ਫੜਕੇ
ਉਥੇ ਖੁਣਸਾਂ ਖਾ ਖਾ ਸੂਰਮੇ, ਬਣ ਭਾਂਬੜ ਭੜਕੇ
ਜਦ ਬੁੱਕੇ ਸਿੰਘ ਨਿਡੱਰ ਹੋ, ਡਰੂਆਂ ਦਿਲ ਧੜਕੇ
ਪਏ ਹੱਸ ਹੱਸ ਮਰਦੇ ਸੂਰਮੇ, ਰਣ ਅੰਦਰ ਲੜ ਕੇ

ਝਟ ਲਾੜੇ ਲਾੜੀ ਮੌਤ ਦੇ, ਬਣ ਠਣ ਕੇ ਲੱਥੇ
ਝਟ ਗੁੱਥ-ਮ-ਗੁੱਥਾ ਹੋ ਗਏ, ਸ਼ੇਰਾਂ ਦੇ ਜੱਥੇ

---

* ਨੋਟ—ਇਸ ਵਾਰ ਵਿਚ ਤੇ ਭੰਗਾਣੀ ਦੀ ਵਾਰ ਦੀਆਂ ਪਉੜੀਆਂ ਵਿਚ ਦੋ ਜਾਂ ਤਿੰਨ ਮਾਤਰਾ ਜਾਣ ਕੇ ਵੱਧ ਰੱਖੀਆਂ ਗਈਆਂ ਹਨ। ਚਾਲ ਚੁਸਤ ਕਰਨ ਲਈ, ਢਾਡੀ ਚਾਹੁਣ ਤਾਂ ਹਰ ਤੁਕ ਵਿਚੋਂ ਪਹਿਲੀਆਂ ਦੋ ਮਾਤਰਾ ਛੱਡ ਕੇ ਗਾ ਸਕਦੇ ਹਨ।

ਉਹ ਕਰਦੇ ਫੁਰਤੀ ਲੋੜ੍ਹ ਦੀ, ਦਾ ਪੇਚ ਪਲੱਥੇ
ਉਹ ਵੈਰੀ ਵੱਢ ਵੱਢ ਸੁਟਦੇ, ਦੱਥਿਆਂ ਦੇ ਦੱਥੇ
ਝਟ ਕਈਆਂ ਦੇ ਸਿਰ ਲਹਿ ਗਏ, ਕਈਆਂ ਦੇ ਮੱਥੇ
ਕਈ ਗੁੱਟ ਝੜੇ ਵਿਚ ਖੇਤ ਦੇ, ਲੜਦੇ ਇੱਕ ਹੱਥੇ
ਇਉਂ ਖਾਲੀ ਕਈਆਂ ਕਰ ਲਏ, ਤੀਰਾਂ ਦੇ ਭੱਥੇ
ਪਏ ਰਣ ਵਿਚ ਜੂਝਣ ਸੂਰਮੇ, ਦੱਸ ਹੱਥ ਸਰੱਥੇ

ਜਦ ਸਾਹਿਬਜ਼ਾਦਾ ਤੇਗ਼ ਲੈ, ਰਣ ਜੂਝਣ ਚੜ੍ਹਿਆ
ਉਹ ਜਾ ਭੁੱਖੇ ਬਘਿਆੜ ਜਿਉਂ, ਫੌਜਾਂ ਵਿਚ ਵੜਿਆ
ਜਿਉਂ ਸੁੱਟੀਏ ਅੰਦਰ ਰੂੰ ਦੇ, ਚੰਗਿਆਰਾ ਸੜਿਆ
ਉਹ ਫੂਕ ਦਏ ਸਭ ਢੇਰ ਨੂੰ, ਇਉਂ ਕਾਰਾ ਫੜਿਆ
ਉਸ ਪਾਰ ਬੁਲਾਇਆ ਪੁੱਜਕੇ, ਜੋ ਅੱਗੇ ਅੜਿਆ
ਉਸ ਡੱਕਰੇ ਕੀਤੇ ਫ਼ੌਜ ਦੇ, ਦੱਲ ਸਾਰਾ ਛੜਿਆ
ਉਹ ਕਲਗੀਧਰ ਦਾ ਲਾਡਲਾ, ਅਣਖਾਂ ਦਾ ਘੜਿਆ
ਉਹ ਇੱਕ ਇਕੱਲਾ ਸੂਰਮਾ, ਲੱਖਾਂ ਸੰਗ ਲੜਿਆ

ਫਿਰ ਇਧਰੋਂ ਸ੍ਰੀ ਦਸਮੇਸ਼ ਨੇ, ਇਉਂ ਕਿਹਾ ਸੁਣਾ ਕੇ
ਹੁਣ ਪਿੱਠ ਨਾ ਦੱਸਣੀ ਸੂਰਿਓ, ਰਣ ਅੰਦਰ ਜਾ ਕੇ
ਅੱਜ ਵੈਰੀ ਨੂੰ ਚਕਰਾ ਦਿਓ, ਚੰਡੀ ਚਮਕਾ ਕੇ
ਅੱਜ ਖ਼ੂਬ ਦਲਾਂ ਨੂੰ ਦਲ ਦਿਓ, ਰਣ ਘੋਰ ਮਚਾ ਕੇ
ਅੱਜ ਸਨਮੁਖ ਵਾਰੋ ਜਿੰਦੜੀ, ਵਰਿਆਮ ਸਦਾ ਕੇ
ਲਓ ਸ਼ਰਤ ਸਿਰਾਂ 'ਤੇ ਧੜਾਂ ਦੀ, ਅੱਜ ਦੱਸੋ ਲਾ ਕੇ
ਲਓ ਦੱਸ ਦਿਓ ਖਾਂ ਦਲਾਂ ਦੀ, ਅੱਜ ਵਾਢੀ ਪਾ ਕੇ
ਕੁਲ ਦੁਨੀਆ ਵੇਖੇ ਜੂਝਦੇ, ਇਉਂ ਬੀਰ ਲੜਾਕੇ

ਬੱਸ ਏਸ ਹੁਕਮ ਦੀ ਦੇਰ ਸੀ, ਚੱਲੀਆਂ ਤਲਵਾਰਾਂ
ਬਣ ਬਿਜਲੀ ਮਾਰਨ ਲੱਗੀਆਂ, ਤੇਗ਼ਾਂ ਲਿਸ਼ਕਾਰਾਂ
ਉਹ ਡੱਕਰੇ ਕਰ ਕਰ ਧਰਦੀਆਂ, ਸਿਰਲੱਥ ਹਜ਼ਾਰਾਂ
ਉਥੇ ਵਹਿ ਤੁਰੀਆਂ ਰਤ-ਰੰਗੀਆਂ, ਬੰਨ੍ਹ ਟੀਂਡ ਝਲਾਰਾਂ

ਇਹ ਲੋਚੇ ਹਰ ਇਕ ਸੂਰਮਾ, ਮੈਂ ਬਹੁਤੇ ਮਾਰਾਂ
ਲੜ ਲੜ ਮਰ ਜਾਵਾਂ ਸਾਹਮਣੇ, ਪਰ ਮੂਲ ਨ ਹਾਰਾਂ
ਪਏ ਵਧ ਵਧ ਲੜਦੇ ਸੂਰਮੇ, ਖਾ ਖਾ ਕੇ ਖਾਰਾਂ
ਵਾਹ ਖੜਕਣ ਢਾਲਾਂ ਰੱਤੀਆਂ, ਤੇਗ਼ਾਂ ਦੀਆਂ ਧਾਰਾਂ

ਡਟ ਭਾਈ ਹਿੰਮਤ ਸਿੰਘ ਜੀ, ਉਹ ਲੜੇ ਲੜਾਈ
ਉਫ਼! ਤੌਬਾ! ਤੌਬਾ!! ਕਹਿ ਉੱਠੇ, ਦੁਸ਼ਮਣ ਦੁਖਦਾਈ
ਵਾਹ ਰਣ ਵਿਚ ਦੂਲੇ ਸਿੰਘ ਨੇ, ਬਿਜਲੀ ਲਿਸ਼ਕਾਈ
ਤੱਕ ਜਿਸ ਨੂੰ ਵੈਰੀ ਦੱਲ ਦੀ, ਅੱਖ ਹੀ ਚੁੰਧਿਆਈ
ਪਰ ਪ੍ਰਾਣ ਲੜਦਿਆਂ ਬੀਰ ਦੇ, ਹੋ ਗਏ ਹਵਾਈ
ਉਹ ਸਾਹਵੇਂ ਲੜਿਆ ਸੂਰਮਾ, ਨਾ ਪਿੱਠ ਵਿਖਾਈ
ਉਸ ਨਾਰ ਸ਼ਹੀਦੀ ਹੱਸ ਕੇ, ਰਣ ਵਿਚ ਪਰਣਾਈ
ਤੱਕ ਕਲਗੀਧਰ ਜੀ ਕਹਿ ਉੱਠੇ, ਧੰਨ ਧੰਨ ਕਮਾਈ

ਹੁਣ ਏਧਰ ਸ਼ੇਰ ਅਜੀਤ ਨੇ, ਕੀਤੇ ਵਾਹ ਕਾਰੇ
ਉਸ ਚੁਣ ਚੁਣ ਗਾਜ਼ੀ ਸੂਰਮੇ, ਰਣ ਅੰਦਰ ਮਾਰੇ
ਉਹ ਵਾਂਗ ਬਲੀ ਖਹਿ ਕਾਲ ਦੇ, ਦੱਲ ਨੂੰ ਲਲਕਾਰੇ
ਉਹ ਸੀਸ ਉਤਾਰੇ ਧੜਾਂ ਤੋਂ, ਅਸਚਰਜ ਨਜ਼ਾਰੇ
ਜਿਉਂ ਟਿੰਡਾਂ ਲਾਹ ਲਾਹ ਚੱਕ ਤੋਂ, ਘੁਮਿਆਰ ਉਤਾਰੇ
ਪਈ ਉਸਦੀ ਤੇਗ਼ ਵਗਾਂਵਦੀ, ਰੰਗ ਖ਼ੂਨ-ਫੁਹਾਰੇ
ਉਹ ਕਲਗੀਧਰ ਦਾ ਲਾਡਲਾ, ਲੜਦਾ ਨਾ ਹਾਰੇ
ਦੱਸ 'ਤੀਰ' ਕਿਸ ਤਰ੍ਹਾਂ ਓਸਦੀ, ਚੰਡੀ ਚਮਕਾਰੇ

### ਸਾਹਿਬਜ਼ਾਦੇ ਅਜੀਤ ਸਿੰਘ ਜੀ ਦੀ ਤੇਗ਼ ਨੂੰ ਵੇਖ ਕੇ ਕਵੀ ਵੱਲੋਂ ਉਪਮਾ (ਨਵੀਨ ਬੈਂਤ)

ਦੱਸਾਂ ਕੀ ਉਹ ਕੀ ਸੀ ਕਿਹੋ ਜਿਹੀ ਸੀ, ਕਿਹਦੇ ਕੋਲ ਸੀ ਤੇ ਕਿਵੇਂ ਦਮਕਦੀ ਸੀ
ਉਹਨੇ ਹੱਥ ਸੀ ਦੂਜ ਦਾ ਚੰਦ ਫੜਿਆ, ਮੌਤ ਪਈ ਜਾਂ ਅੱਖੀਆਂ ਝਮਕਦੀ ਸੀ
ਇਕੋ ਚੱਕਰ ਸੁਦਰਸ਼ਨ ਸੀ ਪਿਆ ਫਿਰਦਾ, ਜਾਂ ਉਹ ਚੰਡਕਾ ਦੈਂਤਾਂ 'ਤੇ ਧਮਕਦੀ ਸੀ
ਜਾਂ ਉਹ ਕਾਲ ਦੇ ਹੱਥ ਵਿਚ ਦਾਤਰੀ ਸੀ, ਖੇਤ ਵੱਢਦੀ ਸੀ ਖ਼ੂਬ ਤਮ੍ਹਕਦੀ ਸੀ
ਚੱਟਣ ਵਾਸਤੇ ਰੱਤ ਜਰਵਾਣਿਆਂ ਦੀ, ਜੀਭ ਮੌਤ ਦੀ ਪਈ ਜਾਂ ਲਮਕਦੀ ਸੀ
ਨਹੀਂ 'ਤੀਰ' ਤੂੰ ਭੁੱਲ ਨਾ ਪਰਖ ਅੰਦਰ, ਉਹ ਤਾਂ ਤੇਗ਼ ਅਜੀਤ ਦੀ ਚਮਕਦੀ ਸੀ

ਆਰੀ ਕਾਲ ਦੀ ਅੱਗ ਦੀ ਲਾਟ ਸੀ ਜਾਂ, ਕਿਰਨ ਨੂਰ ਦੀ ਪਈ ਜਾਂ ਚਿਲਕਦੀ ਸੀ
'ਨੈਂ ਪਾਰੇ' ਦੀ ਵਗਦੀ ਜਾਪਦੀ ਸੀ, ਨੱਚ ਨੱਚ ਜੋ ਦੱਲਾਂ ਚੋਂ ਢਿਲਕਦੀ ਸੀ
ਜਾਂ ਉਹ ਆਪ ਹੀ ਮੌਤ ਸੀ ਜਿਸ ਅੱਗੇ, ਜਿੰਦ ਦੱਲ ਦੀ ਦੰਦੀਆਂ ਵਿਲਕਦੀ ਸੀ
ਖੁੱਲ੍ਹੀ ਹੋਈ ਜਾਂ ਕਿਸੇ ਦੀ ਹਿੱਕ ਉੱਤੇ, ਤਣੀ ਚੋਗੇ ਦੀ ਜਾਪਦੀ ਤਿਲਕਦੀ ਸੀ
ਪਰੀ ਸੀ ਜਾਂ ਨੂਰ ਦੀ ਭਰੀ ਹੋਈ, ਪਈ ਸਿਰਾਂ 'ਤੇ ਟਹਿਲਦੀ ਰਮਕਦੀ ਸੀ
ਨਹੀਂ 'ਤੀਰ' ਤੂੰ ਵੇਖ ਕੇ ਭੁੱਲਿਆ ਏਂ, ਉਹ ਤੇ ਤੇਗ਼ ਅਜੀਤ ਦੀ ਚਮਕਦੀ ਸੀ

ਜਾਂ ਉਹ ਸੱਪਣੀ ਸ਼ੂਕਰਾਂ ਮਾਰਦੀ ਸੀ, ਬੇੜੀ ਵਹਿਣ ਅੰਦਰ ਇਕੋ ਤਰ ਰਹੀ ਸੀ
ਮਸਤ ਹੋ ਕੇ ਜਾਂ ਉਹ ਆਪ ਗੋਪੀ, ਦੱਲ-ਕ੍ਰਿਸ਼ਨ ਅੱਗੇ ਨਾਚ ਕਰ ਰਹੀ ਸੀ
ਮਾਰ ਮਾਰ ਛਾਲਾਂ, ਕੋਈ ਇੱਕ ਹਰਨੀ, ਪੱਕੀ ਜ਼ੁਲਮ ਦੀ ਖੇਤਰੀ ਚਰ ਰਹੀ ਸੀ
ਲਈ ਲਾੜੀ ਸ਼ਹੀਦੀ ਨੇ ਲਾ ਮਹਿੰਦੀ, ਚੁਣ ਚੁਣ ਜਵਾਨ ਨੂੰ ਵਰ ਰਹੀ ਸੀ
ਇਕੋ ਚੜ੍ਹੀ ਦਰਿਆ ਦੀ ਲਹਿਰ ਹੈ ਸੀ, ਸਕੀ ਭੈਣ ਜਾਂ ਜਮਾਂ ਦੀ ਛਮਕਦੀ ਸੀ
ਨਹੀਂ 'ਤੀਰ' ਤੂੰ ਭੁੱਲ ਨਾ ਪਰਖ ਅੰਦਰ, ਉਹ ਤੇ ਤੇਗ਼ ਅਜੀਤ ਦੀ ਚਮਕਦੀ ਸੀ

ਡੰਡਾ ਸੀ ਜਾਂ ਬਾਲ ਦੇ ਹੱਥ ਅੰਦਰ, ਸਿਰਾਂ ਗੁੱਲੀਆਂ ਨੂੰ ਟੁੱਲੇ ਲਾ ਰਿਹਾ ਸੀ
ਹੱਥ ਰੱਬ ਦਾ ਬਾਲ ਦੇ ਹੱਥ ਅੰਦਰ, ਇਕੋ ਆਪਣੇ ਹੱਥ ਵਿਖਾ ਰਿਹਾ ਸੀ
ਇਕੋ ਸਦਾ ਦੀ ਨੀਂਦ ਦੀ ਪੁੜੀ ਹੈਸੀ, ਜਿਹੜਾ ਖਾਂਵਦਾ ਸੀ ਸੌਂਦਾ ਜਾ ਰਿਹਾ ਸੀ
ਜਾਂ ਸੀ ਅਲਫ਼ ਲਿਖਿਆ ਸੂਰਬੀਰਤਾ ਦਾ, ਜਿਹੜਾ ਗੁਰੂ ਦਾ ਪੁੱਤ ਪਕਾ ਰਿਹਾ ਸੀ
ਖ਼ੂਬ ਜੰਗ ਦੇ ਵਿਚ ਪਈ ਨੱਚਦੀ ਸੀ, ਵਾਹ ਵਾਹ ਗੂੰਜ ਪੈਂਦੀ ਭੇਹਰ ਟਮਕਦੀ ਸੀ
'ਤੀਰ' ਤੇਗ਼-ਬਹਾਦਰ ਦੇ ਪੋਤਰੇ ਦੀ, ਤੇਗ਼ ਬਿੱਜਲੀ ਵਾਂਗ ਪਈ ਚਮਕਦੀ ਸੀ

ਪਉੜੀ— ਜਦ ਏਦਾਂ ਬੀਰ ਅਜੀਤ ਨੇ, ਚੰਡੀ ਚਮਕਾਈ
ਤਦ ਵੈਰੀ ਦੱਲ ਵਿਚ ਪੈ ਗਈ, ਇਉਂ ਹਾਲ ਦੁਹਾਈ
'ਇਸ ਗੋਬਿੰਦ ਸਿੰਘ ਦੇ ਪੁੱਤ ਨੇ, ਉਹ ਤੇਗ਼ ਚਲਾਈ
ਸਭ ਸਾਡੇ ਸ਼ਾਹੀ ਦੱਲ ਦੀ, ਫ਼ੜ ਹੋਸ਼ ਭੁਲਾਈ
ਇਸ ਆ ਕੇ ਵਾਂਗਰ ਵਾਢਿਆਂ, ਅੱਜ ਵਾਢੀ ਪਾਈ
ਅੱਜ ਦਾਲ ਦੱਲਾਂ ਦੀ ਨਾ ਗਲੀ, ਇਸ ਅੱਗੇ ਕਾਈ'
ਸਭ ਆਗੂ ਆਖਣ ਗਾਜ਼ੀਓ, ਕੁਝ ਸੋਚੋ ਭਾਈ
ਅੱਜ ਮਰਦੋ ਮੁਰਦੇ ਬਣੋਗੇ, ਜੇ ਪਿੱਠ ਵਿਖਾਈ

ਤਦ ਖਾਧੀ ਖੁਣਸ ਲੜਾਕਿਆਂ, ਮੁੜ ਜੰਗ ਨੂੰ ਜੁੱਟੇ
ਉਹ 'ਕੱਠੇ ਹੋ ਅਜੀਤ 'ਤੇ, ਬਿਜਲੀ ਬਣ ਟੁੱਟੇ
ਉਨ੍ਹਾਂ ਵਾਰ ਇਕੱਲੇ ਸ਼ੇਰ 'ਤੇ, ਰਲਵੇਂ ਆ ਸੁੱਟੇ
ਹਾਂ ਤਦ ਵੀ ਸਿੰਘ ਅਜੀਤ ਜੀ, ਨਾ ਸਹਿਮੇ ਹੁੱਟੇ
ਨਾ ਪੈਰ ਪਿਛਾਂਹ ਵੱਲ ਭੁੱਲ ਕੇ, ਰਣ ਵਿਚੋਂ ਪੁੱਟੇ
ਉਹ ਰਣ ਅੰਦਰ ਰਹੇ ਗੱਜਦੇ, ਲਾਹ ਸੱਥਰ ਸੁੱਟੇ
ਲੜ ਲੜ ਕੇ ਲਾਏ ਜ਼ੁਲਮ ਤੇ, ਰੱਜ ਰੱਜ ਕੇ ਝੁੱਟੇ
ਤੱਕ ਤੱਕ ਕੇ ਦੁਸ਼ਮਣ ਦਲਾਂ ਦੇ, ਰਣ-ਛੱਕੇ-ਛੁੱਟੇ

ਫਿਰ ਮਾਰੀ ਭੱਬਕ ਅਜੀਤ ਨੇ, ਵਧ ਹੱਥ ਵਿਖਾਏ
ਸੁਣ ਲੱਖਾਂ ਗ਼ਾਜ਼ੀ ਕਹਿ ਉੱਠੇ, ਡਰ 'ਹਾਏ ਹਾਏ'
ਉਸ ਤੁੱਰਿਆਂ ਵਾਲੇ ਸੂਰਮੇ, ਸੱਥਰਾਂ 'ਤੇ ਪਾਏ
ਪਰ ਆਖ਼ਰ ਸੋਹਲ ਸਰੀਰ ਨੂੰ, ਸੈਆਂ ਘਾ ਆਏ
ਬਣ ਬਣ ਕੇ ਲਹੂ ਤਤੀਰੀਆਂ, ਵਹਿੰਦਾ ਹੀ ਜਾਏ
ਉਹ ਆਖ਼ਰ ਬੇਸੁੱਧ ਹੋ ਡਿੱਗਾ, ਭੋਂ 'ਤੇ ਗਸ਼ ਖਾਏ
ਉਸ ਨਾਲ ਪਰਾਣਾਂ ਆਪਣੇ, ਇਹ ਬੋਲ ਪੁਗਾਏ
ਰਣ ਅੰਦਰ ਮਰਦਾ ਸੂਰਮਾ, ਨਾ ਪਿੱਠ ਵਿਖਾਏ

ਜਦ ਉਧਰੋਂ ਸ੍ਰੀ ਦਸਮੇਸ਼ ਨੇ, ਉਠ ਝਾਤੀ ਮਾਰੀ
ਉਹ 'ਸ਼ਾਬਾ ਸ਼ਾਬਾ' ਕਹਿ ਉਠੇ, ਮੂੰਹ ਤੋਂ ਕਈ ਵਾਰੀ
ਤੂੰ ਜੁਗ ਜੁਗ ਜੀਵੇਂ ਪੁੱਤਰਾ! ਸਦਕੇ ਬਲਿਹਾਰੀ
ਤੂੰ ਹੋਲੀ ਖੇਡੀ ਖ਼ੂਨ ਦੀ, ਸੰਸਾਰੋਂ ਨਿਆਰੀ
ਤੂੰ ਰੰਗੀ ਚੋਲੀ ਆਪਣੀ, ਭਰ ਭਰ ਪਿਚਕਾਰੀ
ਪੁੱਤ! ਤੇਰੀ ਕਰਨੀ ਗਾਇਗੀ, ਹੁਣ ਦੁਨੀਆ ਸਾਰੀ
ਰੰਗ ਲਾਇਗੀ ਇਸ ਹਿੰਦ ਨੂੰ, ਕੁਰਬਾਨੀ ਪਿਆਰੀ
ਹੁਣ ਭਾਰਤ ਸੁਖੀਆ ਹੋਵਸੀ, ਚਿਰ ਦੀ ਦੁਖਿਆਰੀ

ਇਹ ਤੇਰਾ ਵਿਚ ਮਦਾਨ ਦੇ, ਜੂਝਣ ਲਈ ਵੜਨਾ
ਇਹ ਤੇਰਾ ਤੇਗ਼ ਹੁਲਾਰ ਕੇ, ਹਿੱਕ ਡਾਹ ਕੇ ਲੜਨਾ
ਇਹ ਤੇਰਾ ਸ਼ਾਹੀ ਫ਼ੌਜ ਨੂੰ, ਚੀਣੇ ਜਿਉਂ ਛੜਨਾ
ਇਹ ਤੇਰਾ ਸਾਹਵੇਂ ਦੱਲਾਂ ਦੇ, ਰੱਖ ਜੇਰਾ ਅੜਨਾ

ਇਹ ਤੇਰਾ ਭੇਟਾ ਦੇਸ਼ ਦੀ, ਅੱਜ ਦੇ ਦਿਨ ਚੜ੍ਹਨਾ
ਇਹ ਤੇਰਾ ਭਾਰਤ ਵਾਸਤੇ, ਹੱਥ ਚੰਡੀ ਫੜਨਾ
ਇਹ ਤੇਰਾ ਵਿਚ ਮੈਦਾਨ ਦੇ, ਹੋ ਟੋਟੇ ਝੜਨਾ
ਹੁਣ ਭਾਰਤ ਦਾ ਛੁਡਵਾਇਗਾ, ਕੁੜ੍ਹਨਾ ਤੇ ਸੜਨਾ

### ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀ ਵਾਰੀ

ਉਨ ਡਿੱਠਾ ਜਦੋਂ ਜੁਝਾਰ ਨੇ, ਜੂਝੇ ਸਭ ਸੰਗੀ
ਅੱਜ ਹੋਲੀ ਰੱਤ ਵਿਚ ਖੇਡ ਕੇ, ਚੋਲੀ ਨੇ ਰੰਗੀ
ਤਦ ਉਠ ਖਲੋਤਾ ਆਸਨੋਂ, ਉਹ ਬਾਲ-ਭੁਝੰਗੀ
ਉਸ ਆਸਾ ਜੱਗ 'ਤੇ ਜੀਣ ਦੀ, ਛਿੱਕੇ 'ਤੇ ਟੰਗੀ
ਉਹ ਬੁੱਕਿਆ ਪੁੱਤਰ ਸ਼ੇਰ ਦਾ, ਅੱਗ ਲੂੰਬਾ ਜੰਗੀ
ਉਹ ਦਿਲ ਆਪਣੇ ਨੂੰ ਆਖਦਾ, ਸੁਣ ਓ ਬਹੁ ਢੰਗੀ
ਫਿਰ ਘੜੀ ਨਾ ਇਸ ਤੋਂ ਲੱਭਣੀ, ਦੁਨੀਆ 'ਤੇ ਚੰਗੀ
ਉਸ ਉੱਠ ਸ੍ਰੀ ਦਸਮੇਸ਼ ਤੋਂ, ਇਉਂ ਆਗਿਆ ਮੰਗੀ

### ਜੁਝਾਰ ਸਿੰਘ ਜੀ ਕੀ ਕਹਿੰਦੇ ਹਨ ॥ ਕਬਿੱਤ ॥

ਮੈਨੂੰ ਵੀ ਅਸੀਸ ਦੇ ਕੇ ਟੋਰ ਦਿਓ ਪਿਤਾ ਜੀਓ,
ਰੱਜ ਰੱਜ ਘਾਣ ਜਾ ਕੇ ਵੈਰੀਆਂ ਦੇ ਲਾਵ੍ਹਾਂਗਾ।
ਸਿੰਘ ਮੇਰਾ ਨਾਮ, ਕਾਰ ਕਰਾਂਗਾ ਮੈਂ ਸਿੰਘਾਂ ਵਾਲੀ,
ਵੈਰੀਆਂ ਨੂੰ ਚਣੇ ਖ਼ੂਬ ਲੋਹੇ ਦੇ ਚਬਾਵਾਂਗਾ।
ਨਾਮ ਹੈ ਜੁਝਾਰ ਮੇਰਾ ਕੰਮ ਮੇਰਾ ਜੂਝਣਾ ਏ,
ਪੱਕੀ ਜਾਣੋ ਵੈਰੀਆਂ ਤੋਂ ਜਿੱਤਿਆ ਨਾ ਜਾਵਾਂਗਾ।
ਆਵਾਂਗਾ ਤਾਂ ਜਿੱਤ, ਨਹੀਂ ਤਾਂ ਹੋਵਾਂਗਾ ਸ਼ਹੀਦ 'ਤੀਰ',
ਹਾਰ ਕੇ ਨਾ ਆਪ ਤਾਈਂ ਮੂੰਹ ਇਹ ਵਿਖਾਵਾਂਗਾ।

### ਜੁਝਾਰ ਸਿੰਘ ਜੀ ਪਿਤਾ ਅੱਗੇ ਹਾੜੇ ਪਾਉਂਦੇ ਹਨ (ਪਉੜੀ)

ਜੀ! ਮੈਥੋਂ ਡਿੱਠਾ ਜਾਇ ਨਾ, ਇਹ ਖ਼ੂਨੀ ਕਾਰਾ
ਜੀ! ਅੱਖੀਆਂ ਸਾਹਵੇਂ ਤੁਰ ਗਿਆ, ਔਹ! ਵੀਰ ਪਿਆਰਾ
ਜੀ! ਜੀਵਣ ਕੌੜਾ ਹੋ ਗਿਆ, ਅੱਜ ਮੇਰਾ ਸਾਰਾ
ਜੀ! ਵੀਰਾਂ ਬਾਝੋਂ ਆਖਦੇ, ਜੱਗ ਨਹੀਂ ਸਹਾਰਾ

ਜੀ! ਵੀਰ ਮਰੇ ਬਾਂਹ ਭੱਜਦੀ, ਇਕ ਹੋਇ ਕਨਾਰਾ
ਜੀ! ਆਇਆ ਦਿਲ ਨੂੰ ਅੰਦਰੋਂ, ਹੈ ਜੋਸ਼-ਹੁਲਾਰਾ
ਮੈਂ ਜਾਣਾ! ਪਿੱਛੇ ਵੀਰ ਦੇ, ਕਰ ਦਿਓ ਤਿਆਰਾ
ਅੱਜ ਮੈਂ ਵੀ ਕਰਨਾ ਪਿਤਾ ਜੀ, ਭਾਰਤ ਸੁਖਿਆਰਾ

### ਜੁਝਾਰ ਸਿੰਘ ਫੇਰ ਕਹਿੰਦਾ ਹੈ

ਲਓ ਮੈਨੂੰ ਦੇ ਦਿਓ ਆਗਿਆ, ਦੋ ਹੱਥ ਵਿਖਾਵਾਂ
ਮੈਂ ਬਰਕਤ ਪਾ ਕੇ ਆਪ ਦੀ, ਕਿਰਪਾਨ ਚਲਾਵਾਂ
ਮੈਂ ਖ਼ੂਨੀ ਵੱਡੇ ਵੀਰ ਦੇ, ਸਭ ਮਾਰ ਮੁਕਾਵਾਂ
ਮੈਂ ਬਦਲਾ ਲਵਾਂ ਅਜੀਤ ਦਾ, ਪੈਰਾਂ 'ਤੇ ਸਾਵਾਂ
ਮੈਂ ਰਣ ਵਿਚ ਯਾਦ ਕਰਾ ਦਿਆਂ, ਮਰਦਾਂ ਨੂੰ ਮਾਵਾਂ
ਮੈਂ ਖਿੱਦੋ ਵਾਂਗਣ ਪਿਤਾ ਜੀ, ਸਿਰ ਧੜੋਂ ਉਡਾਵਾਂ
ਮੈਂ ਦਲਦੀਆਂ ਕਰਕੇ 'ਜੰਡੀਆਂ', ਵਾਹ ਵੰਡੀਆਂ ਪਾਵਾਂ
ਇਸ ਨਿੱਕੀ ਜਿਹੀ ਕਿਰਪਾਨ ਦੇ, ਅੱਜ ਜੌਹਰ ਵਿਖਾਵਾਂ

### ਦਸਮੇਸ਼ ਜੀ ਨੇ ਆਖਿਆ

ਸੁਣ ਬੋਲ ਪਏ ਦਸਮੇਸ਼ ਜੀ, ਹੇ ਪੁੱਤ ਜੁਝਾਰੇ!
ਇਹ ਕੋਮਲ ਤੇਰੇ ਹੱਥ ਨੇ, ਫੁੱਲਾਂ ਜਿਉਂ ਪਿਆਰੇ
ਤੇ ਕੱਚਾ ਸਭ ਸਰੀਰ ਹੈ, ਕੂਲੇ ਅੰਗ ਸਾਰੇ
ਪਰ ਵਾਂਗ *'ਵਹੀ' ਦੇ ਨੇ ਖੜ੍ਹੇ, ਵੈਰੀ-ਦਲ ਭਾਰੇ
ਪੁੱਤ! ਵਾਰ ਉਨ੍ਹਾਂ ਦੇ ਸੂਰਮਾ, ਕੁਈ ਬੀਰ ਸਹਾਰੇ
ਉਹ ਕਰਦੇ ਨੇ ਕੁੱਦ ਕੁੱਦ ਕੇ, ਅੱਜ ਵਾਰ ਕਰਾਰੇ
ਨਾ ਜਾਣੇ ਤੂੰ ਰਣ-ਜੂਝਣਾ, ਅੰਜਾਣ ਦੁਲਾਰੇ
ਦੱਸ ਕੀਕਣ ਸੱਟਾਂ ਸਹੇਂਗਾ, ਅੱਖੀਆਂ ਦੇ ਤਾਰੇ

### ਜੁਝਾਰ ਸਿੰਘ ਦੀ ਬੇਨਤੀ

ਹਾਂ ਭਾਵੇਂ ਪਿਆਰੇ ਪਿਤਾ ਜੀ, ਮੈਂ ਬਾਲ ਅੰਜਾਣਾ
ਪਰ ਅੱਜ ਮੈਂ ਛੱਤਰੀ ਧਰਮ ਨੂੰ, ਵੱਟਾ ਨਹੀਂ ਲਾਣਾ
ਜੀ ਛੱਤਰੀ ਦਾ ਇਹ ਧਰਮ ਹੈ, 'ਦੋ ਹੱਥ ਵਿਖਾਣਾ'
ਲੜ ਮਰ ਜਾਣਾ ਪਰ ਹਾਰ ਕੇ, ਘਰ ਪਰਤ ਨਾ ਆਣਾ

* ਜਮ ਜਾਨ ਕੱਢਣ ਵਾਲਾ

ਅੱਜ ਖ਼ੁਸ਼ ਹੋ ਬਖ਼ਸ਼ੋ ਆਗਿਆ, ਮੰਗ ਰਿਹਾ ਨਿਮਾਣਾ
ਅੱਜ ਅੰਤ ਸਮੇਂ ਸਮਝਾ ਦਿਓ, ਜੋ ਕੁਝ ਸਮਝਾਣਾ
ਹੁਣ ਮੈਂ ਵੀ ਪਿਆਰੇ ਪਿਤਾ ਜੀ, ਹੈ ਧਰਮ ਨਿਭਾਣਾ
ਹਨ ਜਿੱਧਰ ਗਏ ਅਜੀਤ ਜੀ, 'ਮੈਂ ਉਧਰ ਜਾਣਾ'

### ਸ੍ਰੀ ਦਸਮੇਸ਼ ਜੀ ਕਹਿੰਦੇ ਹਨ

ਸੁਣ ਮੈਨੂੰ ਲਾਲ ਜੁਝਾਰ ਜੀ, ਇਹ ਹੈਣ ਵਿਚਾਰਾਂ
ਔਹ ਦੁਸ਼ਮਣ ਡਟ ਕੇ ਖਲੇ ਨੇ, ਧੂਹ ਕੇ ਤਲਵਾਰਾਂ
ਔਹ ਵੇਲਾ ਪਏ ਉਡੀਕਦੇ, ਵਰਿਆਮ ਹਜ਼ਾਰਾਂ
ਅੱਜ ਹਰ ਇਕ ਏਹੋ ਆਖਦਾ, ਮੈਂ ਬਹੁਤੇ ਮਾਰਾਂ
ਪਰ ਤੂੰ ਅਣਜਾਣ ਜੁਝਾਰ ਜੀ, ਕੀ ਜਾਣੇ ਸਾਰਾਂ
ਔਹ ਵੇਖ ਕਿਵੇਂ ਨੇ ਵਹਿੰਦੀਆਂ, ਅੱਜ ਖ਼ੂਨੀ ਧਾਰਾਂ
ਅੱਜ ਟੁੱਟ ਟੁੱਟ ਪੈਂਦੇ ਸੂਰਮੇ, ਖਾ ਖਾ ਕੇ ਖ਼ਾਰਾਂ
ਮੈਂ ਸੋਚਾਂ, ਸੁਣ ਡਰ ਜਾਏਂ ਨਾ, ਗੂੰਜਾਂ ਖੜਕਾਰਾਂ

### ਜੁਝਾਰ ਸਿੰਘ ਦੀ ਬੇਨਤੀ ਦਸਮੇਸ਼ ਜੀ ਅੱਗੇ

ਤਦ ਜੋੜੇ ਹੱਥ ਜੁਝਾਰ ਨੇ, ਫਿਰ ਅੱਗੇ ਹੋ ਕੇ
ਉਹ ਕਲਗੀਧਰ ਨੂੰ ਆਖਦਾ, ਬਾਲਾਂ ਜਿਉਂ ਰੋ ਕੇ
ਹੁਣ ਬੱਸ ਪਿਤਾ ਜੀ! ਨਾ ਦਿਓ, ਡਰ ਫੋਕੇ ਫੋਕੇ
ਅੱਜ ਮਾਰਾਂਗਾ ਮੈਂ ਦੱਲਾਂ ਨੂੰ, ਪਿੜ ਵਿਚ ਖਲੋ ਕੇ
ਅੱਜ ਉੱਲੀ ਲਾਹਵਾਂ ਤੇਗ਼ ਦੀ, ਰੱਤ ਅੰਦਰ ਧੋ ਕੇ
ਅੱਜ ਦੱਲ ਦਾ ਕੁਤਰਾ ਕਰਾਂਗਾ, ਜਿਓਂ ਕਰਦੇ ਟੋਕੇ
ਮੈਂ ਮੂੰਹ ਮੋੜਾਂ ਕਿਉਂ ਲੜਨ ਤੋਂ, ਛੱਤਰੀ-ਪੁੱਤ ਹੋ ਕੇ
ਜੱਗ ਜੰਮਿਆ ਕਿਹੜਾ ਸੂਰਮਾ, ਜੋ ਮੈਨੂੰ ਰੋਕੇ?

ਤਦ ਕਲਗੀਧਰ ਨੇ ਲਾਲ ਨੂੰ, ਸੱਦ ਕੋਲ ਬਿਠਾਇਆ
ਉਹਦਾ ਮੁੜ ਮੁੜ ਮੱਥਾ ਚੁੰਮਿਆ, ਹਿੱਕ ਨਾਲ ਲਗਾਇਆ
ਗੁੰਦ ਸਿਹਰਾ ਹੱਥੀਂ ਆਪਣੀਂ, ਚਾ ਨਾਲ ਸਜਾਇਆ
ਪੁੱਤ-ਲਾੜਾ ਘੋੜੀ ਮੌਤ ਦੀ, ਝੱਟ ਆਪ ਚੜ੍ਹਾਇਆ
ਸੰਗ ਪੰਜ ਸੱਤ ਕਰਕੇ ਸੂਰਮੇ, ਧੌਂਸਾ ਖੜਕਾਇਆ
ਪਰ ਜਿਉਂ ਈ ਪੈਰ ਜੁਝਾਰ ਨੇ, ਰਣ ਵੱਲ ਉਠਾਇਆ

ਤਦ ਰੱਬ ਜਾਣੇ ਦਸਮੇਸ਼ ਦੇ, ਦਿਲ ਵਿਚ ਕੀ ਆਇਆ
ਉਸ ਟੁਰਦੇ ਹੀਰੇ ਪੁੱਤ-ਨੂੰ, ਇਹ ਹੁਕਮ ਸੁਣਾਇਆ :

ਲਓ ਜਾਓ ਲਾਲ ਜੁਝਾਰ ਜੀ, ਜੇ ਜੂਝਣ ਜਾਣਾ
ਅੱਜ ਵਾਂਗ ਸੂਰਿਆਂ ਗੱਜਣਾ, ਘਮਸਾਣ ਮਚਾਣਾ
ਅੱਜ ਦੱਲ ਦੇ ਆਹੂ ਲਾਹੁਣੇ, ਚੰਡੀ ਚਮਕਾਣਾ
ਅੱਜ ਰਣ ਵਿਚ ਪਿੱਠ ਨਾ ਦੱਸਣੀ, ਵਰਿਆਮ ਸਦਾਣਾ
ਅੱਜ ਖ਼ੂਨੀ ਹੋਲੀ ਖੇਡਣੀ, ਰੱਤ-ਰੰਗ ਉਡਾਣਾ
ਅੱਜ ਸਿੱਧੇ ਮੱਥੇ ਜੂਝਣਾ, ਫੱਟ ਹਿੱਕ 'ਤੇ ਖਾਣਾ
ਅੱਜ ਆਣਾ ਏਧਰ ਜਿੱਤ ਕੇ, ਖਾ ਹਾਰ ਨਾ ਆਣਾ
ਜਾਂ ਜਿੱਧਰ ਗਏ ਅਜੀਤ ਜੀ, ਟੁਰ ਓਧਰ ਜਾਣਾ

ਉਹ ਨਿੱਕਾ ਟਿੱਕਾ ਸੂਰਮਾ, ਜੰਗ ਜੂਝਣ ਧਾਇਆ
ਉਸ ਪਿੜ ਵਿਚ ਬਣ ਕੇ ਖਾੜਕੂ, ਘਮਸਾਣ ਮਚਾਇਆ
ਉਸ ਜਿਹੜਾ ਆਇਆ ਸਾਹਮਣੇ, ਫੜ ਪਾਰ ਬੁਲਾਇਆ
ਅਜ ਨਿੱਕੀ ਨੱਨੀ ਤੇਗ਼ ਨੇ, ਵਾਹ ਜੌਹਰ ਵਖਾਇਆ
ਉਸ ਬੱਕਰੇ ਵਾਂਗੂ ਦੱਲਾਂ ਨੂੰ, ਫੜ ਫੜ ਝਟਕਾਇਆ
ਉਹ ਫਿਰਦਾ ਵਿਚ ਰਣਖੇਤ ਦੇ, ਅੱਜ ਰੱਤ-ਤਿਹਾਇਆ
ਉਹ ਵਾ-ਵਰੋਲਾ ਗੁਰੂ ਦਾ, 'ਜੀਤੋ ਦਾ' ਜਾਇਆ
ਉਸ ਮਿੱਟੀ ਘੱਟੇ ਵਾਂਗਰਾਂ, ਦੱਲ ਖ਼ੂਬ ਉਡਾਇਆ

ਉਹ ਆਹੂ ਲਾਹ ਲਾਹ ਦਲਾਂ ਦੇ, ਜਾਵੇ ਇਉਂ ਧਰਦਾ
ਕੁਈ ਵਾਢਾ ਜਿਵੇਂ ਜਵਾਰ ਦੀ, ਵਾਢੀ ਹੈ ਕਰਦਾ
ਕੋਈ ਮਾਰਿਆ ਉਸਦੀ ਮਾਰ ਦਾ, ਤੜਫ਼ੇ ਨਾ ਮਰਦਾ
ਉਸ ਸਾਹਵੇਂ ਹੋਏ ਨਾ ਸੂਰਮਾ, ਕੋਈ ਤੇਗ਼ੋਂ ਡਰਦਾ
ਉਸ ਅੱਗੇ ਅੜੇ ਸੁ ਰਾਹ ਫੜੇ, ਝੱਟ ਅਗਲੇ ਘਰ ਦਾ
ਉਹ ਜਾਵੇ ਰੱਤ ਦੇ ਵਹਿਣ ਨੂੰ, ਬਣ ਤਾਰੂ ਤਰਦਾ
ਅੱਜ ਵੇਖ ਬੁੱਕਦਾ ਸ਼ੇਰ ਨੂੰ, ਦਲ ਦੱਮ ਨਾ ਭਰਦਾ
ਅੱਜ ਵੇਖੋ ਪੁੱਤਰ ਜੂਝਦਾ, ਗੁਰ ਕਲਗੀਧਰ ਦਾ

## ਵੈਰੀ ਦਲ ਹੈਰਾਨ ਹੋ ਕੇ ਆਖਦੇ ਹਨ

ਪਏ ਆਖਣ ਵੈਰੀ ਆ ਗਿਆ, ਇਹ 'ਵਾ-ਵਰੋਲਾ'
ਅੱਜ ਟੁੱਟਾ ਸਾਡੀ ਜਾਨ 'ਤੇ, ਇਹ ਗ਼ੈਬੋਂ ਗੋਲਾ
ਅੱਜ ਦਿੱਲ ਦਲਾਂ ਦੇ ਸਾੜਦਾ, ਇਹ ਮਘਿਆ ਕੋਲਾ
ਅੱਜ ਚੱਤਰਾਂ ਨੂੰ ਚਕਰਾ ਰਿਹਾ, ਇਹ ਆਲਾ ਭੋਲਾ
ਹੈ ਸਭ ਨੂੰ ਮੌਤ ਮਿਲਾ ਰਿਹਾ, ਅੱਜ ਬਾਲ-ਵਿਚੋਲਾ
ਇਹ ਤੋਲੇ ਤੱਕੜੀ ਤੇਗ਼ ਦੀ, ਸਿਰੀਆਂ ਦਾ ਤੋਲਾ
ਅੱਜ ਸਾਡੀ ਹੋਸ਼ ਉਡਾ ਰਿਹਾ, ਇਹ ਝੱਖੜ-ਝੋਲਾ
ਹੱਥ ਕੰਨੀ ਲਾਵੇ 'ਤੀਰ' ਜੀ, ਦੁਸ਼ਮਣ ਦਾ ਟੋਲਾ

ਸਭ ਸਾਥੀ ਸਿੱਖ ਜੁਝਾਰ ਦੇ, ਰਣ ਨੱਚ ਖਲੋਤੇ
ਉਨ੍ਹਾਂ ਵਾਹ ਵਾਹ ਖੰਡੇ ਆਪਣੇ, ਰੱਤ ਅੰਦਰ ਧੋਤੇ
ਮਿਝ ਅੰਦਰ ਤੇਗ਼ਾਂ ਬਰਛੀਆਂ, ਲੱਖ ਮਾਰਨ ਗੋਤੇ
*ਸੇਹ ਵਾਂਗਣ ਤਨ ਪਏ ਦਿੱਸਦੇ, ਸੈ ਤੀਰ ਪਰੋਤੇ
ਉਨ੍ਹਾਂ ਪੰਜ ਸੱਤ ਅਣਖੀ ਸੂਰਿਆਂ, ਰੱਜ ਲਾਏ ਜੋਤੇ
ਉਨ੍ਹਾਂ ਦੱਲ ਦੇ ਦਿਲੋਂ ਉਡਾ ਦਿੱਤੇ, ਹੋਸ਼ਾਂ ਦੇ ਤੋਤੇ
ਵਾਹ ਦੱਸੀ ਤੇਗ਼-ਬਹਾਦਰੀ, ਗੁਜਰੀ ਦੇ ਪੋਤੇ
ਪਰ ਆਖ਼ਰ ਲਾੜੀ ਮੌਤ ਨੂੰ, ਵਰ ਗਿਆ ਅਛੋਤੇ

ਬਣ ਝੰਬਣੀ ਤੇਗ਼ ਜੁਝਾਰ ਦੀ, ਦਲ ਰੂੰ ਜਿਉਂ ਝੰਬੇ
ਅੱਜ ਵੈਰੀ ਵੇਖ ਦਲੇਰੀਆਂ, ਸਭ ਥਰ ਥਰ ਕੰਬੇ
ਪਏ ਨੱਠਣ ਗ਼ਾਜ਼ੀ ਸੂਰਮੇ, ਧੂਹ ਧੂਹ ਕੇ ਤੰਬੇ
ਪਈ ਉਡਦੀ ਤੇਗ਼ ਜੁਝਾਰ ਦੀ, ਬਣ ਰੂੰ ਦੇ ਫੰਬੇ
ਧਰ ਇੱਕੋ ਟੱਕ ਉਸ ਸੂਰਮੇ, ਵੱਢਣੇ ਆਰੰਭੇ
ਧੜ, ਧੜ-ਧੜ ਕਰ ਕੇ ਡਿੱਗਦੇ, ਜਿਉਂ ਭਾਰੇ ਖੰਭੇ
ਇਉਂ ਲੜਦੇ ਬੀਰ-ਜੁਝਾਰ ਜੀ, ਸਨ ਭਾਵੇਂ ਹੰਬੇ
ਪਏ ਬਲ ਬਲ ਉਠਣ ਅੱਖੀਓਂ, ਅੱਜ ਅੱਗ-ਅਲੰਬੇ

* ਇਕ ਲੰਮੀਆਂ ਲੰਮੀਆਂ ਸੂਲਾਂ ਵਾਲਾ ਜਾਨਵਰ ਜਿਸ ਦੇ ਪਿੰਡੇ ਤੇ ਇਹ ਸੂਏ ਉਗੇ ਹੋਏ ਹੁੰਦੇ ਹਨ।

### ਜੁਝਾਰ ਸਿੰਘ ਦੀ ਸ਼ਹੀਦੀ

ਪਰ ਟਿੱਡੀ ਦਲ ਨੇ ਅੰਤ ਨੂੰ, ਕਰ ਦਿੱਤੀ ਧਾਈ
ਉਸ ਘੇਰ ਲਿਆ ਜੋਝਾਰ ਨੂੰ, ਕਰਕੇ ਪਕਿਆਈ
ਉਸ ਤੇਗ਼ ਖਟਾ ਖੱਟ ਆਣ ਕੇ, ਚੌਗਿਰਦ ਚਲਾਈ
ਵਾਹ ਤਾਂ ਵੀ ਸਿੰਘ ਜੁਝਾਰ ਨੇ ਚੰਡੀ ਚਮਕਾਈ
ਉਹ ਹਰ ਥਾਂ ਬਹੁਕਰ ਵਾਂਗਰਾਂ, ਕਰ ਗਈ ਸਫ਼ਾਈ
ਪਰ ਕੱਲਮਕੱਲਾ ਬਾਲ ਸੀ, ਉਹ ਲੱਖ ਲੁਕਾਈ
ਉਸ ਲੜਦੇ ਭਿੜਦੇ ਸ਼ੇਰ ਨੂੰ, ਕਾਰੀ ਸੱਟ ਆਈ
ਉਹ ਸਾਹਵੇਂ ਢੱਠਾ ਲੜਦਿਆਂ, ਜਿੰਦ ਲੇਖੇ ਲਾਈ

### ਸ੍ਰੀ ਦਸਮੇਸ਼ ਜੀ ਪੁੱਤਰ ਦੀ ਸ਼ਹੀਦੀ ਵੇਖ ਕੇ ਬੋਲ ਉਠਦੇ ਹਨ

ਜਦ ਕਲਗੀਧਰ ਨੇ ਵੇਖਿਆ, ਇਹ ਨਵਾਂ ਨਜ਼ਾਰਾ
ਟੁਰ ਚਲਿਆ ਅੱਖੀਂ ਵੇਖਦੇ, ਅੱਖੀਆਂ ਦਾ ਤਾਰਾ
ਤਦ ਆਖਣ ਲੱਗੇ ਹੱਸ ਕੇ ! 'ਵਾਹ ਪੁੱਤ ਜੁਝਾਰਾ !
ਅੱਜ ਹੋਇਓਂ ਹੱਸ ਸ਼ਹੀਦ ਤੂੰ, ਟਿੱਲ ਲਾ ਕੇ ਸਾਰਾ
ਤੂੰ ! ਪਰਉਪਕਾਰ ਕਮਾ ਗਿਓਂ, ਭਾਰਤ 'ਤੇ ਭਾਰਾ
ਹੁਣ ਤੇਰੇ ਸੋਹਲੇ ਗਾਇਗਾ, ਹਰ ਇੱਕ ਦੁਖਿਆਰਾ
ਜਾਹ ਤੈਨੂੰ ਮਿਲਸੀ ਜਾਂਦਿਆਂ, ਅੱਜ ਵੀਰ ਪਿਆਰਾ
ਗਲਵੱਕੜੀ ਪਾ ਕੇ ਆਖਸੀ, 'ਪਿਆਰਾ ਜੋਝਾਰਾ'

### ਵੱਲੋਂ ਕਵੀ

ਹੁਣ ਦੁਨੀਆਂਦਾਰਾਂ ਵਾਂਗ ਨਾ, ਕਲਗੀਧਰ ਡੋਲੇ
ਉਹ ਹੋਏ ਮੂਲ ਨਾ ਅੰਦਰੋਂ, ਮਾਸੇ ਤੇ ਤੋਲੇ
ਉਨ੍ਹਾਂ ਦਿਲ ਦੇ ਅਪਣੇ ਦੁੱਖੜੇ, ਨਾ ਦੱਸੇ ਫੋਲੇ
ਅੱਜ ਲਾਲ ਅਮੁੱਲੇ ਆਪਣੇ, ਭਾਰਤ ਲਈ ਰੋਲੇ
ਘੱਲ ਹੱਥੀਂ ਕੀਤੇ ਚੌਖਣੇ, ਦੋ ਆਲੇ ਭੋਲੇ
ਉਹ ਪਲ ਵਿੱਚ ਹੋ ਗਏ 'ਤੀਰ' ਜੀ ਅੱਖੀਆਂ ਤੋਂ ਉਹਲੇ
ਜਦ ਲੱਦ ਗਏ ਪਰਲੋਕ ਨੂੰ, ਪੁੱਤ ਗਾਂਦੇ ਢੋਲੇ
ਤਦ ਹੱਥ ਜੋੜ ਦਸਮੇਸ਼ ਜੀ, ਮੁਖ ਤੋਂ ਇਉਂ ਬੋਲੇ

"ਵਾਹ ਸਿਰਜਣਹਾਰੇ ਸਾਹਿਬਾ! ਤੇਰੀਆਂ ਤੂੰ ਜਾਣੇ
ਇਕ ਪਲ ਵਿਚ ਕਰ ਦਏਂ ਮੰਗਤੇ, ਤੂੰ ਰਾਜੇ-ਰਾਣੇ
ਤੂੰ ਸ਼ਾਹੀ ਬਖਸ਼ੇਂ ਓਸ ਨੂੰ, ਜੋ ਛਾਈਆਂ ਛਾਣੇ
ਇਹ ਭੁੱਲਣ ਹਾਰੇ ਜੀਵ ਨੇ, ਤੂੰ ਬਿਰਦ ਪਛਾਣੇ
ਨਿੱਤ ਤੈਥੋਂ ਹੀ ਵਰਸਾਂਵਦੇ, ਦੁਖਿਆਰ ਨਿਮਾਣੇ
ਜਗਿ ਤੇਰੇ ਸਦਾ ਅਮਿੱਟ ਨੇ, ਕਾਰੇ ਤੇ ਭਾਣੇ
ਅੱਜ ਸਫਲੇ ਮੇਰੇ ਹੋ ਗਏ, ਸਭ ਪੇਟੇ ਤਾਣੇ
ਲੈ ਤੈਨੂੰ ਸੌਂਪੇ ਅੱਜ ਮੈਂ, ਦੋ ਬਾਲ ਅੰਜਾਣੇ"

ਤੂੰ ਦੇਵੀਂ ਬਰਕਤ ਮੁੱਝ ਨੂੰ, ਮੈਂ ਧਰਮ ਕਮਾਵਾਂ
ਮੈਂ ਬੂਟਾ ਜੱਗ 'ਤੇ ਸੱਚ ਦਾ, ਰੱਤ ਸਿੰਜ ਉਗਾਵਾਂ
ਮੈਂ ਨਾਲ ਜ਼ੁਲਮ ਦੇ ਟਾਕਰਾ, ਲੱਕ ਬੰਨ੍ਹ ਕੇ ਲਾਵਾਂ
ਮੈਂ ਜ਼ੋਰ-ਜਬਰ ਨੂੰ ਹਿੰਦ ਚੋਂ, ਫੜ ਤੇਗ਼ ਉਡਾਵਾਂ
ਇਸ ਭਾਰਤ ਅੰਦਰ ਫੇਰ ਮੈਂ, ਸ਼ਾਂਤੀ ਵਰਤਾਵਾਂ
ਮੈਂ ਹੱਸ ਹੱਸ ਕੇ ਰੱਤ ਆਪਣੀ, ਸੱਚ ਲਈ ਵਹਾਵਾਂ
ਮੈਂ ਦੁਖ-ਸੁਖ ਅੰਦਰ ਸਾਹਿਬਾ! ਜੱਸ ਤੇਰਾ ਗਾਵਾਂ
ਇਸ ਦੇਸ਼ ਦੁਖੀ ਤੋਂ 'ਤੀਰ ਜੀ', ਜਿੰਦ ਘੋਲ ਘੁਮਾਵਾਂ

ਮੈਂ ਪੂਰਾਂ ਪਾ ਪਾ ਬੱਚੜੇ, ਅਨਿਆਂ ਦਾ ਖਾਤਾ
ਮੈਂ ਮਾਤਾ ਵਾਰ ਬਚਾ ਦਿਆਂ, ਇਹ ਭਾਰਤ-ਮਾਤਾ
ਮੈਂ ਲਾਵਾਂ ਜ਼ਾਲਮ ਜ਼ੁਲਮ ਨੂੰ, ਫੜ ਤੇਗ਼-ਮੁਆਤਾ
ਮੈਂ ਲਵਾਂ ਛੁਡਾ ਗ਼ੁਲਾਮੀਓਂ, ਇਹ ਹਿੰਦ-ਅਹਾਤਾ
ਮੈਂ ਦੀਨਾਂ-ਦੁਖੀਆਂ ਵਾਸਤੇ, ਬਣ ਜਾਵਾਂ ਛਾਤਾ
ਨਾ ਦਿੱਸੇ ਅੰਦਰ ਹਿੰਦ ਦੇ, ਕੋਈ ਗਿਆ ਗਵਾਤਾ
ਜੇ ਮਰ ਕੇ ਦੇਸ਼ ਜਿਵਾ ਦਿਆਂ, ਤਦ ਗੰਗਾ ਨ੍ਹਾਤਾ
ਤੂੰ ਮੈਨੂੰ ਸਦਕੇ ਹੋਣ ਦਾ, ਬਲ ਬਖਸ਼ੀਂ ਦਾਤਾ!

### *ਸਾਹਿਬ ਜੁਝਾਰ ਸਿੰਘ ਜੀ ਦੀ ਤੇਗ਼ ਕਿਵੇਂ ਬਣੀ, ਕਿਵੇਂ ਚੱਲੀ, ਇਸ ਬਾਬਤ ਖ਼ਿਆਲੀ ਉਡਾਰੀ (ਘਨਾਛਰੀ ਕਬਿਤ) ਵੱਲੋਂ ਕਵੀ*

'ਵੱਡਾ ਚੰਨ' ਜਦੋਂ ਦਸਮੇਸ਼ ਦਾ ਦੂ-ਖੰਨ ਹੋਇਆ,
'ਨਿੱਕੇ ਚੰਨ' ਵਾਸਤੇ ਦਲੀਲ ਇਹ ਦੁੜਾਈ ਗਈ।

'ਦੁੱਤੀਏ ਦੇ ਚੰਦ ਤਾਈਂ' ਅੰਬਰੋਂ ਬੁਲਾਇਆ ਗਿਆ,
ਆਹਾਂ ਵਾਲੀ ਭੱਠੀ ਵਿੱਚ ਜਿੰਦ ਉਹਦੀ ਪਾਈ ਗਈ।
'ਹੌਕਿਆਂ ਦੀ ਧੌਂਕਣੀ' ਦੇ ਨਾਲ ਹਵਾ ਦਿੱਤੀ ਗਈ,
ਅੱਗ 'ਦੁਖਿਆਰਿਆਂ ਦੇ ਦਿਲ ਦੀ' ਭਖ਼ਾਈ ਗਈ।
'ਅਣਖਾਂ ਦੀ ਅਹਿਰਨ' 'ਤੇ ਰੱਖ 'ਤੀਰ' ਘੜੀ ਗਈ,
ਕਾੜ ਕਾੜ ਸੱਟ 'ਕੁਰਬਾਨੀਆਂ' ਦੀ ਲਾਈ ਗਈ।

ਕਬਿੱਤ

'ਮੌਤ ਦੀਆਂ ਅੱਖਾਂ ਵਿਚੋਂ ਪਾਣ ਉਹਨੂੰ ਚਾੜ੍ਹੀ ਗਈ,
'ਦੁਖੀਆਂ ਦੇ ਪਿੱਤਿਆਂ ਦੀ' ਜ਼ਹਿਰ 'ਚ ਬੁਝਾਈ ਗਈ।
ਵਾਲ ਨਾਲੋਂ ਪਤਲਾ ਮੂੰਹ ਕੀਤਾ ਗਿਆ 'ਨਾਗਣੀ' ਦਾ,
ਬਿਜਲੀ ਦੀ ਤੇਜ਼ੀ ਉਹਦੀ ਜਿੰਦ ਚ ਵਸਾਈ ਗਈ।
ਕਈ ਵਾਰੀ ਕੁਟ ਕੁਟ ਜੱਮ ਦੀ ਓਹ ਜੀਭ ਬਣੀ,
'ਰੱਤ ਪੀਣ ਵਾਲੀ' ਉਹਦੀ ਤੇਹ ਚਮਕਾਈ ਗਈ।
'ਦੁੱਤੀਏ ਦੇ ਚੰਦ ਦੀ' ਉਹ ਨਿੱਕੇ ਜਿਹੇ ਚੰਦ ਹੱਥੀਂ,
ਨਿੱਕੀ ਜਿਹੀ ਤੇਗ਼ 'ਤੀਰ' ਘੜ ਕੇ ਫੜਾਈ ਗਈ।

ਕਬਿੱਤ

ਉਹਦੇ ਲਿਸ਼ਕਾਰੇ ਵਿਚੋਂ ਨਿੱਕੇ ਜਿਹੇ ਲਾਡਲੇ ਨੂੰ,
"ਮੌਤ ਜਰਵਾਣੀ" ਕੀੜੀ ਵਾਂਗਰਾਂ ਵਿਖਾਈ ਗਈ।
ਜ਼ੁਲਮ ਨੂੰ ਹੱਥ-ਪੈਰ ਪਏ ਪਲੋ ਪਲੀ ਵਿੱਚ,
ਗਾਤਰੇ ਚੋਂ ਹੱਥ ਜਾਂ ਜੁਝਾਰ ਦੇ ਸਜਾਈ ਗਈ।
ਕੁੱਦਿਆ ਜਾਂ 'ਅੱਗ-ਲਾਟ' ਲੈ ਕੇ ਵਾ-ਵਰੋਲੇ ਵਾਂਗ,
ਦਲਾਂ ਦਿਆਂ ਦਿਲਾਂ ਵਿੱਚ ਮੱਚਦੀ ਦੁਹਾਈ ਗਈ।
ਗੜ੍ਹੀ ਚਮਕੌਰ ਵਿਚੋਂ ਚੰਡੀ ਚਮਕਾਂਦਿਆਂ ਈਂ,
ਵਾਹਿਗੁਰੂ ਦੀ ਫਤਹਿ 'ਤੀਰ' ਪਿਤਾ ਨੂੰ ਬੁਲਾਈ ਗਈ।

ਕਬਿੱਤ

ਚੱਲੀ ਮਾਨ-ਮੱਤੀ, ਰੰਗ-ਰੱਤੀ, ਰਣ-ਖੇਤ ਵਿੱਚ,
ਰੱਤ ਦੇ ਤਿਲਕ ਸੈਆਂ ਸੂਰਿਆਂ ਨੂੰ ਲਾਈ ਗਈ।

ਧੜ ਗਈ ਚੀਰਦੀ ਲਕੀਰਾਂ ਜਿਹੀਆਂ ਪਾਈ ਗਈ,
ਦੇਵੀ ਜਿਵੇਂ ਜੰਞੂ ਗਲੇ ਬਾਹਮਣਾਂ ਦੇ ਪਾਈ ਗਈ।
ਸਿਰ ਧੜੋਂ ਲਹਿਣ ਲੱਗੇ ਰੱਤ ਵਹਿਣ ਵਹਿਣ ਲੱਗੇ,
ਗੰਗਾ ਜਿਵੇਂ ਸ਼ਿਵਜੀ ਦੇ ਸੀਸ ਚੋਂ ਵਗਾਈ ਗਈ।
ਰੰਗੀ ਗਈ ਜੀਭ ਵਾਂਗ 'ਤੀਰ' ਲਾਲੋ ਲਾਲ ਹੋਈ,
ਬੋਟੀਆਂ ਕਲੇਜਿਆਂ ਚੋਂ ਪਾਨ ਵਾਂਗ ਖਾਈ ਗਈ।

*ਕਬਿੱਤ*

ਅੰਮੜੀ ਦੇ ਹੱਥ ਵਾਂਗ ਦੇਂਵਦੀ ਦਿਲਾਸੇ ਗਈ,
ਜਿਨ੍ਹਾਂ ਸੀ ਜਗਾਈ ਕਲਹ ਉਨ੍ਹਾਂ ਨੂੰ ਸੁਵਾਈ ਗਈ।
ਸੁੱਟੇ ਚੰਗਿਆੜੇ ਪਿਆ ਅੱਖੀਓਂ ਜੁਝਾਰ ਸਿੰਘ,
ਐਸੀ ਕੋਈ ਅੱਗ ਉਹਦੇ ਕਾਲਜੇ ਨੂੰ ਲਾਈ ਗਈ।
ਸੇਕ ਸੱਕੇ ਵੀਰ ਦੇ ਨੇ ਸਾੜ ਦਿੱਤੀ ਨਾੜ ਨਾੜ,
ਤਨ ਵਿਚੋਂ ਬੂੰਦ ਬੂੰਦ ਪਾਣੀ ਦੀ ਸੁਕਾਈ ਗਈ।
ਅੱਖਾਂ ਲਾਲ, ਚਿਹਰਾ ਲਾਲ, ਲੜੇ ਲਾਲ ਤੇਗ਼ ਫੜੀ,
ਲਾਲ ਲਹੂ ਵਿੱਚ 'ਤੀਰ' ਮੱਛੀ ਉਹ ਤਰਾਈ ਗਈ।

*ਕਬਿੱਤ*

ਪਾਪੀ ਜਰਵਾਣਿਆਂ ਨੂੰ ਅੱਖ ਪਲਕਾਰੇ ਵਿੱਚ,
ਪੁੱਜ ਪੁੱਜ ਮੌਤ ਵਾਲੀ ਗੁੜ੍ਹਤੀ ਪਿਆਈ ਗਈ।
ਵੱਢ ਵੱਢ ਜ਼ਾਲਮਾਂ ਨੂੰ ਕੱਢ ਕੱਢ ਸੈਆਂ ਜਾਨਾਂ,
ਨਿੱਕੇ ਜਿਹੇ ਲਾਡਲੇ ਨੂੰ ਦੇਂਦੀ ਵਡਿਆਈ ਗਈ।
ਘੇਰ ਘੇਰ, ਫੇਰ ਫੇਰ ਦੇਸ਼ ਦਿਆਂ ਵੈਰੀਆਂ ਦੇ,
ਬੱਕਰੇ ਦੇ ਵਾਂਗ ਵੱਢ ਡੱਕਰੇ ਬਣਾਈ ਗਈ।
ਲੋਥਾਂ ਵਾਂਗ ਮੱਛੀਆਂ ਦੇ ਤਾਰੀ 'ਤੀਰ' ਲੈਣ ਪਈਆਂ,
ਢਾਲਾਂ ਕਛੂ-ਕੁੰਮਿਆਂ ਦੀ ਜੁੰਡਲੀ ਖਿਡਾਈ ਗਈ।

*ਕਬਿੱਤ*

ਏਨੇ ਫੱਟ ਲੱਗੇ ਅੰਤ ਫੁੱਲ ਦੇ ਸਰੀਰ ਉੱਤੇ,
ਵਰੀ ਲਈ ਜਿਵੇਂ ਫੁਲਕਾਰੀ ਕੱਢਵਾਈ ਗਈ।

ਵਾਸ਼ਨਾ ਦੇ ਵਾਂਗ ਉੱਡੀ ਆਤਮਾ ਸਰੀਰ ਵਿਚੋਂ,
ਪੱਤੀ ਪੱਤੀ ਫੁੱਲ ਦੇ ਸਰੀਰ ਦੀ ਉਡਾਈ ਗਈ।
ਲੋਥਾਂ ਦਿਆਂ ਢੇਰਾਂ ਵਿਚ ਦੋਹਾਂ ਵੀਰਾਂ ਸੱਕਿਆਂ ਦੀ,
ਸਦਾ ਲਈ ਪੱਕੀ ਗਲਵੱਕੜੀ ਪੁਆਈ ਗਈ।
'ਤੀਰ' ਚਮਕੌਰ ਵਿੱਚ ਜੂਝਿਆ ਜੁਝਾਰ ਸਿੰਘ,
ਆਪ ਵੀ ਤਿਹਾਇਆ ਉਹਦੀ ਤੇਗ ਵੀ ਤਿਹਾਈ ਗਈ।

### ਦਸਮੇਸ਼ ਜੀ ਦੀ ਕੁਰਬਾਨੀ (ਵੱਲੋਂ ਕਵੀ)

ਏਦਾਂ ਦੇਸ਼ ਦੇ ਵਾਸਤੇ ਜੰਗ ਅੰਦਰ, ਵਾਰੇ ਪੁੱਤ ਨਿਦਾਨ ਦਸਮੇਸ਼ ਜੀ ਨੇ
ਸਦਾ ਲਈ 'ਕੁਰਬਾਨੀਆਂ' ਸੁੱਚੀਆਂ ਦੇ, ਦਿੱਤੇ ਗੱਡ ਨਿਸ਼ਾਨ ਦਸਮੇਸ਼ ਜੀ ਨੇ
ਸਮੇਂ ਆਖਿਆ 'ਜ਼ੁਲਮ ਮਿਟਾਣ ਖ਼ਾਤਰ, 'ਵਾਰੇ ਚੰਦ ਤੇ ਭਾਨ ਦਸਮੇਸ਼ ਜੀ ਨੇ'
ਲਾਲ ਹੋ ਚਮਕੌਰ ਦੀ ਧਰਤ ਬੋਲੀ, 'ਮੇਰਾ ਰੱਖਿਆ ਮਾਨ ਦਸਮੇਸ਼ ਜੀ ਨੇ'
ਭਾਰਤ ਮਾਂ ਭਰ ਕੇ ਦੋਵੇਂ ਨੈਣ ਆਖੇ, 'ਮੈਨੂੰ ਬਖਸ਼ਿਆ ਦਾਨ ਦਸਮੇਸ਼ ਜੀ ਨੇ'
ਗੂੰਜੀ ਇਸ ਤਰ੍ਹਾਂ ਉਤੋਂ ਅਕਾਸ਼ ਬਾਣੀ, 'ਪਾਲੀ ਖ਼ੂਬ ਜ਼ਬਾਨ' ਦਸਮੇਸ਼ ਜੀ ਨੇ
ਦੋਹਾਂ ਚੰਦਾਂ ਦੀ ਆਤਮਾ ਗਈ ਕਹਿੰਦੀ, 'ਕਰ ਲਿਆ ਪਰਵਾਨ' ਦਸਮੇਸ਼ ਜੀ ਨੇ
ਵੇਖੋ ਬਲੀ ਦੇ ਕੇ ਏਦਾਂ ਪੁੱਤਰਾਂ ਦੀ, ਕੀਤਾ ਜੱਗ ਹੈਰਾਨ ਦਸਮੇਸ਼ ਜੀ ਨੇ
ਜਿੰਦ ਪੁੱਤਰਾਂ ਦੀ ਵਾਰ ਆਜਜ਼ਾਂ ਤੋਂ, ਪਾਈ ਦੇਸ਼ ਵਿਚ ਜਾਨ ਦਸਮੇਸ਼ ਜੀ ਨੇ
ਲਹੂ ਲਾਲਾਂ ਦਾ ਵੀਟ ਕੇ ਦੇਸ਼ ਖਾਤਰ, ਕੀਤਾ ਗੰਗਾ-'ਸ਼ਨਾਨ ਦਸਮੇਸ਼ ਜੀ ਨੇ
ਏਦਾਂ ਪਾਲ ਕੇ ਆਪਣੀ ਦੇਸ਼-ਭਗਤੀ, ਕੀਤਾ ਖ਼ੁਸ਼ ਭਗਵਾਨ ਦਸਮੇਸ਼ ਜੀ ਨੇ
'ਤੀਰ' ਰੋੜ੍ਹਿਆ ਜ਼ੁਲਮ ਨੂੰ ਕਰ ਜੇਰਾ, ਰੱਤ ਵਿੱਚ ਸੁਲਤਾਨ ਦਸਮੇਸ਼ ਜੀ ਨੇ

### ਦਸਮੇਸ਼ ਜੀ ਦੇ ਚਰਨਾਂ ਵਿਚ ਫੇਰ ਕਵੀ ਵੱਲੋਂ ਸ਼ਰਧਾ ਦੇ ਫੁੱਲ

ਡੱਕਣ ਵਾਸਤੇ ਖ਼ੂਨ ਬੇਦੋਸ਼ਿਆਂ ਦਾ, ਦਿੱਤੇ ਪੁੱਤ ਕੁਹਾ ਦਸਮੇਸ਼ ਜੀ ਨੇ
ਬੱਚੇ ਆਪਣੇ ਵਾਰ ਕੇ ਖਿੜੇ ਮੱਥੇ, ਲਏ ਦੀਨ ਬਚਾ ਦਸਮੇਸ਼ ਜੀ ਨੇ
ਮੌਤ ਵਰਨ ਦੇ ਵਾਸਤੇ ਪੁੱਤ ਹੀਰੇ, ਦਿੱਤੇ ਲਾੜੇ ਬਣਾ ਦਸਮੇਸ਼ ਜੀ ਨੇ
ਹੱਥੀਂ ਆਪਣੀ ਟੋਰਿਆ ਚਾਨਣਾਂ ਨੂੰ, ਹੱਥੀਂ ਸਿਹਰੇ ਸਜਾ ਦਸਮੇਸ਼ ਜੀ ਨੇ
ਲਾਲ ਦੇਸ਼ ਦੇ ਵਾਸਤੇ ਦੇਣ ਵੇਲੇ, ਨਹੀਂ ਪੁੱਛਿਆ ਭਾ ਦਸਮੇਸ਼ ਜੀ ਨੇ
ਕੀਤਾ ਸ਼ੁਕਰ ਅਕਾਲ ਦਾ ਨੈਣ-ਭਰ ਕੇ, ਕਰਕੇ ਦਿੱਲ ਦਰਿਆ ਦਸਮੇਸ਼ ਜੀ ਨੇ
ਭਾਰਤ ਮਾਂ ਗ਼ੁਲਾਮੀ ਦੀ ਰੋਗਣੀ ਨੂੰ, ਦਿੱਤੀ ਅਜਬ ਦਵਾ ਦਸਮੇਸ਼ ਜੀ ਨੇ
ਚਰਬੀ ਬੱਚਿਆਂ ਦੀ ਮਲੀ ਹਿੱਕ ਉੱਤੇ, ਦਿੱਤਾ ਖ਼ੂਨ ਪਿਘਲਾ ਦਸਮੇਸ਼ ਜੀ ਨੇ
ਏਦਾਂ ਕਰ ਟੀਕਾ 'ਮੋਏ ਹਿੰਦ ਤਾਈਂ', ਲੀਤਾ ਝੱਟ ਜਿਵਾ ਦਸਮੇਸ਼ ਜੀ ਨੇ

ਹਿੰਦ ਵਾਸੀਆਂ ਮੌਤ ਤੋਂ ਡਰਦਿਆਂ ਨੂੰ, ਦਿੱਤਾ ਮਰਨ ਸਿਖਾ ਦਸਮੇਸ਼ ਜੀ ਨੇ
ਪੁੱਤਰ ਆਪਣੇ ਟੋਰ ਕੇ ਜੰਗ ਅੰਦਰ, ਲਿਆ ਰੰਗ ਜਮਾ ਦਸਮੇਸ਼ ਜੀ ਨੇ
ਸੰਗਲ ਗਾਲ਼ਣੇ ਲਈ ਗ਼ੁਲਾਮੀਆਂ ਦੇ, ਦਿੱਤੇ ਦਿਲ ਭਖ਼ਾ ਦਸਮੇਸ਼ ਜੀ ਨੇ
ਹੋਰ ਹੋ ਨਹੀਂ ਸੱਕਣਾ ਜ਼ੁਲਮ ਏਥੇ, ਦਿੱਤੀ ਗੱਲ ਸਮਝਾ ਦਸਮੇਸ਼ ਜੀ ਨੇ
ਵਾਰੇ ਸਿੱਖ ਤਾਂ ਪੁੱਤ ਲੁਕਾਏ ਨਾਹੀਂ, ਮੇਰੇ ਸੁਘੜ-ਦਨਾ ਦਸਮੇਸ਼ ਜੀ ਨੇ
ਦੇਸ਼-ਪ੍ਰੇਮ ਦੀ ਇਸ ਤਰ੍ਹਾਂ ਦਿਲਾਂ ਅੰਦਰ, ਦਿੱਤੀ ਜੋਤ ਜਗਾ ਦਸਮੇਸ਼ ਜੀ ਨੇ
'ਤੀਰ' ਲਾਡਲੇ ਲਾਲ ਦੋ ਆਜਜ਼ਾਂ ਤੋਂ, ਦਿੱਤੇ ਹੱਸ ਲੁਟਾ ਦਸਮੇਸ਼ ਜੀ ਨੇ

### ਦਸਮੇਸ਼ ਜੀ ਦੀ ਹਜ਼ੂਰੀ ਵਿੱਚ ਸਿੱਖਾਂ ਦੀ ਬੇਨਤੀ (ਵੱਲੋਂ ਕਵੀ)

ਦਿਨ ਡੁੱਬਿਆ ਸੰਧਿਆ ਆਣ ਹੋਈ, ਵਿਚ ਗੜ੍ਹੀ ਦੇ ਹੋਈ ਸਲਾਹ ਵੇਖੋ
'ਅਸੀਂ ਗੇਣਵੇਂ ਗੜ੍ਹੀ ਦੇ ਵਿਚ ਬਾਕੀ, ਸ਼ਾਹੀ ਦੱਲ ਹੈ ਬਾਹਰ ਅਥਾਹ ਵੇਖੋ
ਮਾਰੂ-ਕਾਂਗ ਵਾਂਗੂੰ ਫ਼ੌਜ ਚੜ੍ਹੀ ਆਵੇ, ਦੇਂਦੀ ਲੈਣ ਨਾ ਰੱਜਵਾਂ ਸਾਹ ਵੇਖੋ
'ਤੀਰ' ਆਣ ਕੇ ਸ੍ਰੀ ਦਸਮੇਸ਼ ਜੀ ਨੂੰ, ਦੱਸੀ ਉਹਨਾਂ ਨੇ ਦਿਲਾਂ ਦੀ ਚਾਹ ਵੇਖੋ

### ਸਿਦਕੀ ਸਿੱਖ ਕਹਿੰਦੇ ਹਨ

'ਸੱਚੇ ਪਾਤਸ਼ਾਹ ਜੀ ਸੁਣੋ ਅਰਜ਼ ਸਾਡੀ, ਆਪ ਅੱਖ ਬਚਾ ਕੇ ਚਲੇ ਜਾਓ
ਐਨ ਰਾਤ ਵੇਲੇ ਅੱਖੀਂ ਵੈਰੀਆਂ ਦੀ, ਘੱਟਾ ਪਿਤਾ ਜੀ! ਪਾ ਕੇ ਚਲੇ ਜਾਓ
ਅਸੀਂ ਕਰਾਂਗੇ ਟਾਕਰਾ ਰਹਿ ਪਿੱਛੇ, ਤੁਸੀਂ ਪੱਲਾ ਛੁਡਾ ਕੇ ਚਲੇ ਜਾਓ
'ਤੀਰ' ਹੱਥ ਵਿਖਾਵਣੇ ਅਸਾਂ ਏਥੇ, ਤੁਸੀਂ ਹੱਥ ਵਿਖਾ ਕੇ ਚਲੇ ਜਾਓ'

### ਫੇਰ ਅਰਜ਼ ਕਰਦੇ ਹਨ

'ਤੁਸੀਂ ਜੇ ਕਦੇ ਹੋਏ ਸ਼ਹੀਦ ਏਥੇ, ਸਾਡੀ ਰਾਸ ਮੂੜੀ ਲੁੱਟੀ ਜਾਵਣੀ ਏਂ
ਚਲੇ ਜਾਓ ਤਾਂ ਪੰਥ ਨੇ ਫੇਰ ਵਧ ਕੇ, ਜ਼ੁਲਮ-ਪਾਪ ਨੂੰ ਭਉਜਲੀ ਪਾਵਣੀ ਏਂ
ਤੁਸੀਂ ਖ਼ਾਲਸਾ ਹੋਰ ਸਜਾ ਲਓ ਗੇ, ਜਿਹਨੇ, ਪੰਥ ਦੀ ਸ਼ਾਨ ਵਧਾਵਣੀ ਏਂ
'ਤੀਰ' ਹਿੰਦ ਚੋਂ ਦਿਨਾਂ ਦੇ ਵਿੱਚ ਏਦਾਂ, ਪੁੱਟੀ ਜਾਵਣੀ ਜ਼ੁਲਮ ਦੀ ਛਾਵਣੀ ਏਂ

### ਸਿੱਖ ਫੇਰ ਬੇਨਤੀ ਕਰਦੇ ਹਨ

ਲਵੋ ਮੰਨ ਦਾਤਾਰ ਅਰਦਾਸ ਸਾਡੀ, ਅਸੀਂ ਮੰਗ ਇਹ ਆਪ ਤੋਂ ਮੰਗਦੇ ਹਾਂ
ਆਪ ਨਿਕਲ ਜਾਓ ਏਸ ਗੜ੍ਹੀ ਵਿਚੋਂ, ਅਸੀਂ ਰੰਗ ਨਿਖਾਰਦੇ ਜੰਗ ਦੇ ਹਾਂ
ਟਿੱਡੀ-ਦੱਲ ਨੂੰ ਆਪ ਦੀ ਮਿਹਰ ਕਰਕੇ, ਅਸੀਂ ਵਾਂਗ ਸਪੋਲੀਏ ਡੰਗਦੇ ਹਾਂ
'ਤੀਰ' ਤਿੱਖੀਆਂ ਤੇਗਾਂ ਨੂੰ ਦੇਸ਼ ਖਾਤਰ, ਵੇਖੋ ਰੱਤ ਅੰਦਰ ਖ਼ੂਬ ਰੰਗਦੇ ਹਾਂ

### ਸ੍ਰੀ ਦਸਮੇਸ਼ ਜੀ ਸਿੱਖਾਂ ਪ੍ਰਤੀ ਕਹਿੰਦੇ ਹਨ

ਜਾਣੀ-ਜਾਣ ਬੋਲੇ ਜੁੱਟੀ ਜੰਗ ਵਿਚੋਂ, ਕਿਵੇਂ ਜਾਨ ਬਚਾ ਕੇ ਚਲਾ ਜਾਵਾਂ
ਮੇਰੇ ਪੁੱਤਰੋ! ਭੜਕਦੀ ਅੱਗ ਅੰਦਰ, ਕਿਵੇਂ ਤੁਸਾਂ ਨੂੰ ਪਾ ਕੇ ਚਲਾ ਜਾਵਾਂ
ਹੋ ਕੇ ਛੱਤਰੀ ਰਣ ਮੈਦਾਨ ਵਿਚੋਂ, ਕੰਨੀ ਕਿਵੇਂ ਕਤਰਾ ਕੇ ਚਲਾ ਜਾਵਾਂ
ਤੁਸੀਂ ਲੜੋ ਤੇ ਲੁਕ ਕੇ ਮੈਂ ਰਾਤੀਂ, ਕਿਵੇਂ ਮੂੰਹ ਛੁਪਾ ਕੇ ਚਲਾ ਜਾਵਾਂ
ਲੜਨ ਸੂਰਮੇਂ ਜਾਨ ਦੀ ਆਸ ਲਾਹ ਕੇ, ਪਰ ਡਰੂ ਸੱਦਵਾ ਕੇ ਚਲਾ ਜਾਵਾਂ
'ਤੀਰ' ਕਹੇਗਾ ਕੀ ਜਹਾਨ ਮੈਨੂੰ, ਜੇਕਰ ਸਹਿਮ ਅੱਜ ਖਾ ਕੇ ਚਲਾ ਜਾਵਾਂ

### ਸ੍ਰੀ ਦਸਮੇਸ਼ ਫਿਰ ਸਿੱਖਾਂ ਪ੍ਰਤੀ ਫ਼ੁਰਮਾਉਂਦੇ ਹਨ

ਭਾਵੇਂ ਦੇਹ ਪੋਟਾ ਪੋਟਾ ਕੱਟ ਜਾਵੇ, ਕਾਰ ਇਹ ਨਾ ਪੁੱਤਰੋ ਕਰਾਂਗਾ ਮੈਂ
ਜਿੰਨਾ ਚਿਰ ਹੈ ਦੇਹ ਤੇ ਸਾਹ ਮੇਰਾ, ਬਾਹਰ ਗੜ੍ਹੀ 'ਚੋਂ ਪੈਰ ਨਾ ਧਰਾਂਗਾ ਮੈਂ
ਇਹ ਤਾਂ ਹੱਨ ਵੈਰੀ ਜੇਕਰ ਕਾਲ ਆਵੇ, ਸਾਵ੍ਹੇਂ ਲੜਾਂਗਾ, ਕਦੇ ਨਾ ਡਰਾਂਗਾ ਮੈਂ
ਜਿਵੇਂ ਤੁਸੀਂ ਜਰਸੋ ਵਾਰ ਵੈਰੀਆਂ ਦੇ, ਤਿਵੇਂ ਮੇਰਿਓ ਪੁੱਤਰੋ! ਜਰਾਂਗਾ ਮੈਂ
ਜਿਵੇਂ ਤੁਸੀਂ ਤਰਸੋ ਵਹਿਣ ਰੱਤ ਵਾਲਾ, ਤਿਵੇਂ ਤਾਰੂਆਂ ਦੇ ਵਾਂਗ ਤਰਾਂਗਾ ਮੈਂ
ਜਿਵੇਂ ਤੁਸੀਂ ਵਰਸੋ ਲਾੜੀ ਮੌਤ ਤਾਈਂ, ਤਿਵੇਂ ਰਣ ਅੰਦਰ ਮੌਤ ਵਰਾਂਗਾ ਮੈਂ
ਜਿਵੇਂ ਤੁਸੀਂ ਚਰਸੋ ਜ਼ੁਲਮ-ਖੇਤਰੀ ਨੂੰ, ਤਿਵੇਂ ਚੁੰਗੀਆਂ ਲਾ ਲਾ ਚਰਾਂਗਾ ਮੈਂ
'ਤੀਰ' ਤੁਸੀਂ ਮਰਸੋ ਜਿਵੇਂ ਰਣ ਅੰਦਰ, ਤਿਵੇਂ ਜੂਝ ਕੇ ਸਾਹਮਣੇ ਮਰਾਂਗਾ ਮੈਂ

### ਸ੍ਰੀ ਦਸਮੇਸ਼ ਜੀ ਫਿਰ ਕਹਿੰਦੇ ਹਨ

ਉਰ੍ਹੇ ਕਰੋ ਭੱਥਾ ਨਾਗਾਂ ਮੇਰਿਆਂ ਦਾ, ਫ਼ੌਜ ਚੀਰ ਸੁੱਟਾਂ ਸੂਰੇ ਡੰਗ ਸੁੱਟਾਂ
ਸੱਥਰ ਲਾਹ ਸੁੱਟਾਂ, ਬੀਰ ਢਾਹ ਸੁੱਟਾਂ, ਨਾਲ ਲਹੂ ਦੇ ਕਾਨੀਆਂ ਰੰਗ ਸੁੱਟਾਂ
ਕਰਾਂ ਛਾਨਣੀ ਛਾਨਣੀ ਫ਼ੌਜ ਸਾਰੀ, ਵਿਨ੍ਹ ਜ਼ਾਲਮਾਂ ਦਾ ਅੰਗ ਅੰਗ ਸੁੱਟਾਂ
ਭੇਟ ਚਾੜ੍ਹ ਕੇ ਮੌਤ ਦੀ ਮਾਣ-ਮੱਤੇ, ਮੇਟ ਪਾਪ ਅਧਰਮ ਦੀ ਕੰਗ ਸੁੱਟਾਂ
ਮੇਰਾ ਜੀ ਕਰਦਾ ਏਸ ਅੰਤ ਵੇਲੇ, ਕਰ ਸੂਰਿਆਂ ਭਟਾਂ ਨੂੰ 'ਦੰਗ' ਸੁੱਟਾਂ
ਭੱਥੇ ਵਿਚ ਜਿਹੜੇ ਸਾਂਭੇ ਅਜੇ ਤੋੜੀ, ਲਾਹ ਉਨ੍ਹਾਂ ਸੰਗ-ਚੂਰਾਂ ਦੀ ਸੰਗ ਸੁੱਟਾਂ
ਨਾਗ-ਫਾਸ ਪਾਵਾਂ ਰੱਤ-ਪੀਣਿਆਂ ਨੂੰ, ਪੇਲ ਪੇਲ ਕੇ ਖ਼ੂਬ ਭੁਜੰਗ ਸੁੱਟਾਂ
'ਤੀਰ' ਮਾਰ ਕੇ ਦੇਸ਼ ਦੇ ਵੈਰੀਆਂ ਨੂੰ, ਕਰ ਜ਼ੁਲਮ ਦਾ ਕਾਫੀਆ ਤੰਗ ਸੁੱਟਾਂ

### ਮਹਾਰਾਜ ਕਰੜਾ ਹੁਕਮ ਦੇਂਦੇ ਹਨ

ਇਥੇ ਬੈਠ ਮੈਂ ਦੱਲਾਂ ਨੂੰ ਵਿਨ੍ਹਦਾ ਹਾਂ, ਜ਼ੋਰ ਤੁਸੀਂ ਵੀ ਆਪਣਾ ਲਾਓ ਰਲ ਕੇ
ਤਾੜ ਤਾੜ ਮੈਂ ਤੀਰ ਚਲਾਂਵਦਾ ਹਾਂ, ਉਠੋ ਤੁਸੀਂ ਵੀ ਮੀਂਹ ਵਰ੍ਹਾਓ ਰਲ ਕੇ

ਬੂਹਾ ਮੱਲ ਲਓ ਠੱਲ੍ਹ ਲਓ, ਕਾਂਗ-ਮਾਰੂ, ਹੱਥੋ ਹੱਥ ਹੁਣ ਹੱਥ ਵਿਖਾਓ ਰਲ ਕੇ
ਸਮਾਂ ਆ ਗਿਆ ਜਿਹਨੂੰ ਉਡੀਕਦੇ ਸਾਂ, ਸਾਰਾ ਲਾ ਦਿਓ ਜ਼ੋਰ ਭਰਾਓ ਰਲ ਕੇ
ਮੈਂ ਵੀ ਆਪ ਦੇ ਨਾਲ ਸ਼ਹੀਦ ਹੋਸਾਂ, ਏਥੇ ਅੱਜ ਸ਼ਹੀਦੀਆਂ ਪਾਓ ਰਲ ਕੇ
ਸਾਡੇ ਦੇਸ਼ ਦੀ ਕੱਲਰੀ ਭੋਂ ਹੋਈ, ਅੱਜ ਏਸ ਨੂੰ ਰੱਤ ਪਿਆਓ ਰਲ ਕੇ
ਸਾਂਝ ਪਾਣ ਲਈ ਹਿੰਦ ਦੇ ਵਾਸੀਆਂ ਦੀ, ਸਾਂਝਾ ਸੂਰਿਓ ਖ਼ੂਨ ਵਹਾਓ ਰਲ ਕੇ
'ਤੀਰ' ਸਿਰਾਂ ਉਤੋਂ ਕਰਜ਼ ਲਾਹ ਸਾਰੇ, ਖ਼ੂਬ ਵਤਨ ਦਾ ਫ਼ਰਜ਼ ਨਿਭਾਓ ਰਲ ਕੇ

### ਵੱਲੋਂ ਕਵੀ

ਬਸ ਫੇਰ ਕੀ ਸੀ ਤੀਰ ਵਰ੍ਹਨ ਲੱਗੇ, ਸੌਣ ਭਾਦਰੋਂ ਦੀ ਲੱਗੀ ਝੜੀ ਜਾਪੇ
ਉੱਡਣ ਉੱਡਣੇ ਸੱਪ ਮੈਦਾਨ ਅੰਦਰ, ਜ਼ਹਿਰ ਹਰ ਇਕ ਅਣੀ ਨੂੰ ਚੜ੍ਹੀ ਜਾਪੇ
ਜਾਣ ਡੰਗਦੇ ਸੰਗਦੇ ਮੂਲ ਨਾਹੀਂ, ਕਾਹਲੀ ਹਰ ਇਕ ਨੂੰ ਦਿਲੋਂ ਬੜੀ ਜਾਪੇ
ਲੰਘਣ ਜਿਸ ਪਾਸੋਂ ਪਾਈ ਰਾਹ ਜਾਂਦੇ, ਸੂਰੇ ਪੈਣ, ਸੱਥਰ ਧਰਤ ਰੜੀ ਜਾਪੇ
ਕੰਨ ਕਿਸੇ ਦਾ ਵਿੰਨ੍ਹਿਆ ਪਿਆ ਵੱਗੇ, ਕਾਨੀ ਕਿਸੇ ਦੇ ਕਾਲਜੇ ਅੜੀ ਜਾਪੇ
ਕੋਈ ਸ਼ੂਕਦਾ ਕਿਸੇ ਦੇ ਸੀਸ ਉੱਤੇ, ਆ ਕੇ ਸਿਰ ਉੱਤੇ ਮੌਤ ਖੜ੍ਹੀ ਜਾਪੇ
ਜਾਨ ਦੇਹ 'ਚੋਂ ਲੱਭ ਕੇ ਕੱਢ ਲੈਂਦਾ, ਭਾਵੇਂ ਦੱਸਵੇਂ ਦੁਆਰ ਵੀ ਦੜੀ ਜਾਪੇ
ਪਿੱਛੇ ਇਕ ਦੇ ਇਕ ਤੋਂ ਇਕ ਅੱਗੇ, ਕੰਵਲ-ਨਾਲੀਆਂ ਦੀ ਬੱਝੀ ਲੜੀ ਜਾਪੇ
ਚੜ੍ਹੀ ਲੋਥ ਉੱਪਰ ਏਦਾਂ ਲੋਥ ਆ ਕੇ, ਬਣੀ ਮੌਤ ਦੇ ਵਾਸਤੇ ਥੜ੍ਹੀ ਜਾਪੇ
ਆਏ ਬਾਨ ਕੀ ਰਣ ਮੈਦਾਨ ਅੰਦਰ, ਆਈ ਜੱਗ ਉੱਤੇ ਪਰਲੈ-ਘੜੀ ਜਾਪੇ
ਹਿੱਕ ਸੂਰਮੇ ਦੀ ਅੰਦਰ ਕੋਈ ਕਾਨੀ, ਖੁੱਭੀ ਖ਼ੂਬ, ਵਿਚ ਵਿਹੁ ਦੇ ਸੜੀ ਜਾਪੇ
'ਤੀਰ' ਫ਼ੌਜ ਚੌਗਿਰਦ ਪਰਿਵਾਰ ਵਾਂਗੂੰ, ਚੰਦ ਵਾਂਗ ਚਮਕੌਰ ਦੀ ਗੜ੍ਹੀ ਜਾਪੇ

### ਵੈਰੀਆਂ ਦਾ ਜ਼ਬਰਦਸਤ ਹੱਲਾ (ਵੱਲੋਂ ਕਵੀ)

ਐਪਰ ਵੈਰੀਆਂ ਦੇ ਟਿੱਡੀ-ਦੱਲ ਨੇ ਵੀ, ਹੱਲਾ ਕਰ ਦਿੱਤਾ ਮਾਰੋ ਮਾਰ ਵੇਖੋ
ਬਾਣ ਛਾਨਣੀ ਛਾਨਣੀ ਕਰੀ ਜਾਵਣ, ਆਹੂ ਲਾਂਹਵਦੀ ਤੇਜ਼ ਤਲਵਾਰ ਵੇਖੋ
ਘਿਰੀ ਗੜ੍ਹੀ, ਚਮਕੌਰ ਦੀ ਹਰ ਪਾਸੋਂ, ਨੱਚੀ ਜੋਸ਼ ਖਾ ਕੇ ਬਾਈਧਾਰ ਵੇਖੋ
'ਤੀਰ' ਸੱਲ ਦੇ ਚੱਲਦੇ ਚਾਲ ਤਿੱਖੀ, ਪਈ ਚੱਲਦੀ ਰੱਤ-ਫੁਹਾਰ ਵੇਖੋ

### ਵੱਲੋਂ ਕਵੀ

ਸ਼ਾਹੀ ਫ਼ੌਜ ਭਾਵੇਂ ਹੱਦੋਂ ਵੱਧ ਹੈਸੀ, ਐਪਰ ਗੜ੍ਹੀ ਦੇ ਕੋਲ ਨਾ ਆ ਸੱਕੀ
ਭਾਵੇਂ ਟਿੱਲ ਲਾਏ ਬਾਈਧਾਰ ਨੇ ਵੀ, ਪਰ ਨਾ ਆਪਣਾ ਲੋਹਾ ਮੰਨਾ ਸੱਕੀ
ਕਟਾ ਵੱਢ ਚਾਰੇ ਪਹਿਰ ਰਹੀ ਜਾਰੀ, ਦੱਸ ਸਿੰਘ ਨਾ ਫ਼ੌਜ ਹਰਾ ਸੱਕੀ
'ਤੀਰ' ਹਾਰ ਕੇ ਦਿਨ ਹੋ ਗਿਆ ਓਹਲੇ, ਝਾਕੀ ਓਸ ਤੋਂ ਨਾ ਵੇਖੀ ਜਾ ਸੱਕੀ

### ਸਿੱਖਾਂ ਦਾ ਗੁਰਮਤਾ (ਵੱਲੋਂ ਕਵੀ)

ਦਿਨ ਡੁੱਬਿਆ ਤੇ ਹਟੀ ਫ਼ੌਜ ਸ਼ਾਹੀ, ਸਿੱਖਾਂ ਬੈਠ ਕੇ ਰਾਤ ਵਿਚਾਰ ਕੀਤੀ
ਇਹ ਤਾਂ ਠੀਕ ਅੱਜ ਡੱਟ ਕੇ ਦਿਨ ਸਾਰਾ, ਖ਼ੂਬ ਬਾਣ-ਬਰਖਾ ਹੈ ਦਾਤਾਰ ਕੀਤੀ
ਐਪਰ ਦੱਸ ਕੀ ਕਰਨਗੇ ਦਲ ਅੱਗੇ, ਤੇਜ਼ ਕਲ੍ਹ ਜਾਂ ਗਈ ਤਲਵਾਰ ਕੀਤੀ
'ਤੀਰ' ਆਣ ਦਸਮੇਸ਼ ਦੇ ਪਾਸ ਵੇਖੋ, ਪੰਜਾਂ ਪਿਆਰਿਆਂ ਇਉਂ ਪੁਕਾਰ ਕੀਤੀ

### ਪੰਜ ਪਿਆਰਿਆਂ ਦੀ ਬੇਨਤੀ

ਹੱਥ ਜੋੜ ਕੇ ਕਿਹਾ ਪਿਆਰਿਆਂ ਨੇ, ਸੱਚੇ ਪਾਤਸ਼ਾਹ ਰਤਾ! ਧਿਆਨ ਕਰਨਾ
ਯਾਦ ਆਪ ਨੂੰ ਹੋਵਸੀ ਖ਼ੂਬ ਦਾਤਾ! ਕੇਸ ਗੜ੍ਹ ਦੇ ਵਿੱਚ ਐਲਾਨ ਕਰਨਾ
ਉਦੋਂ ਆਪ ਨੇ ਈ ਉੱਚੀ ਆਖਿਆ ਸੀ, ਉੱਚਾ ਪੰਥ ਦਾ ਸਦਾ ਮੈਂ ਮਾਣ ਕਰਨਾ
ਪੰਜਾਂ-ਪਿਆਰਿਆਂ ਵਿਚ ਹੈ ਪੰਥ ਮੇਰਾ, ਮੈਨੂੰ ਬੱਲ ਹੈ ਪੰਜਾਂ ਨੇ ਦਾਨ ਕਰਨਾ
ਪੰਥ-ਗੁਰੂ ਹੈ ਜੱਗ 'ਤੇ ਖ਼ਾਲਸੇ ਦਾ, ਸਦਾ ਪੰਜਾਂ ਦਾ ਹੁਕਮ ਪਰਵਾਨ ਕਰਨਾ
'ਤੀਰ' ਅੱਜ ਪਰ ਵੇਖਣਾ ਪਾਤਸ਼ਾਹ ਜੀ, ਪੰਜਾਂ ਤਾਈਂ ਨਾ ਕਿਤੇ ਹੈਰਾਨ ਕਰਨਾ

### ਪੰਜ ਸਿੱਖ ਹੁਕਮ ਦੇਂਦੇ ਹਨ

ਅਸੀਂ ਪੰਜ ਹਾਂ, ਪੰਥ ਹਾਂ ਇਸ ਵੇਲੇ, ਹੁਕਮ ਪੰਥ ਦਾ ਆਪ ਦਾਤਾਰ ਸੁਣ ਲਓ
ਏਥੋਂ ਚਲੇ ਜਾਓ, ਭਲਾ ਇਸੇ ਅੰਦਰ, ਕਰ ਸੱਕਦੇ ਨਹੀਂ ਇਨਕਾਰ ਸੁਣ ਲਓ
ਇਥੋਂ ਬਾਹਰ ਜਾ ਕੇ ਬਲੀ ਪੰਥ ਬਾਂਕਾ, ਕਰੋ ਥਾਂ ਥਾਂ ਹੋਰ ਤਿਆਰ ਸੁਣ ਲਓ
'ਤੀਰ' ਪੰਥ ਦੇ ਨਾਮ ਦਾ ਵਾਸਤਾ ਜੇ, ਸਾਡੀ ਅਰਜ਼ ਵੀ ਨਾਲ ਪਿਆਰ ਸੁਣ ਲਓ

### ਪਿਆਰੇ ਅਰਜ਼ ਵੀ ਕਰਦੇ ਹਨ

ਪੁੱਤਰ ਜਾਣਦੇ ਹੋ ਜੇਕਰ ਆਪ ਸਾਨੂੰ, ਇਨ੍ਹਾਂ ਪੁੱਤਰਾਂ 'ਤੇ ਤਰਸ ਖਾਓ ਦਾਤਾ
ਇਥੋਂ ਚਲੇ ਜਾਓ, ਨਵੇਂ ਦੱਲ ਜੋੜੋ, ਫੇਰ ਧਰਮ ਦੇ ਯੁੱਧ ਮਚਾਓ ਦਾਤਾ
ਏਦਾਂ ਕੱਟਣੇ ਫਾਹ ਗ਼ੁਲਾਮੀਆਂ ਦੇ, ਬੱਝਾ ਦੇਸ਼ ਆਜ਼ਾਦ ਕਰਾਓ ਦਾਤਾ
ਸਮਾਂ ਵਰਤ ਲਓ 'ਤੀਰ' ਉਪਕਾਰ ਖ਼ਾਤਰ, ਸਾਡੀ ਮੰਨ ਕੇ ਢਿੱਲ ਨਾ ਲਾਓ ਦਾਤਾ

### ਪੰਥ ਨੂੰ ਗੁਰਿਆਈ (ਵੱਲੋਂ ਕਵੀ)

ਹੁਕਮ ਪੰਥ ਦਾ ਬੇਨਤੀ ਪ੍ਰੇਮੀਆਂ ਦੀ, ਔਖਾ ਹੋ ਗਿਆ ਹੁਣ ਇਨਕਾਰ ਕਰਨਾ
ਝੁਕੇ ਅੰਤ ਨੂੰ ਸ੍ਰੀ ਦਸਮੇਸ਼ ਚੋਜੀ, ਬੇੜਾ ਦੇਸ਼ ਦਾ ਸੀ ਜਿਨ੍ਹਾਂ ਪਾਰ ਕਰਨਾ
ਹੁਕਮ ਪੰਥ ਦਾ ਮੰਨ ਤਿਆਰ ਹੋਏ, ਹੋਰ ਛੱਡ ਦਿੱਤਾ ਇੰਤਜ਼ਾਰ ਕਰਨਾ
'ਤੀਰ' ਜਾਣ ਲੱਗੇ, ਆਖਣ ਕੀ ਲੱਗੇ, ਪੜ੍ਹਨ ਵਾਲਿਓ ਜ਼ਰਾ ਵਿਚਾਰ ਕਰਨਾ

### ਸ੍ਰੀ ਦਸਮੇਸ਼ ਜੀ ਦੇ ਬਚਨ ਖ਼ਾਲਸੇ ਪ੍ਰਤੀ

ਮੇਰੇ ਪੰਥ! ਤੂੰ ਗੁਰੂ, ਮੈਂ ਸਿੱਖ ਤੇਰਾ, ਤੇਰੇ ਹੁਕਮ ਤਾਈਂ ਮੋੜ ਸੱਕਦਾ ਨਹੀਂ
ਤੇਰੇ ਹੁਕਮ ਅੰਦਰ ਜੀਵਨ ਮਰਨ ਮੇਰਾ, ਹੋਰ ਧਿਰ ਕੋਈ ਲੋੜ ਸੱਕਦਾ ਨਹੀਂ
ਮੇਰਾ ਤੂੰ ਪਾਨੀ ਤੇਰੀ ਮੈਂ ਮੱਛੀ, ਤੇਰੀ ਪ੍ਰੀਤ ਦਿਲ ਤੋਂ ਤੋੜ ਸੱਕਦਾ ਨਹੀਂ
ਮੈਨੂੰ ਸਾਰਾ ਜਹਾਨ ਵੀ ਛੋੜ ਜਾਵੇ, ਤੈਨੂੰ ਮੈਂ ਪੰਥਾ! ਛੋੜ ਸੱਕਦਾ ਨਹੀਂ
ਹੈਂ ਤੂੰ ਰੱਬ ਮੇਰਾ ਮੈਂ ਗ਼ੁਲਾਮ ਤੇਰਾ, ਹੱਥ ਹੋਰ ਅੱਗੇ ਜੋੜ ਸੱਕਦਾ ਨਹੀਂ
'ਤੀਰ' ਚੱਲਾਂਗਾ ਤੇਰੀ ਰਜ਼ਾ ਅੰਦਰ, ਤੇਰੀ ਆਗਿਆ ਨੂੰ ਹੋੜ ਸੱਕਦਾ ਨਹੀਂ

### ਸ੍ਰੀ ਦਸਮੇਸ਼ ਜੀ ਫਿਰ ਫ਼ੁਰਮਾਉਂਦੇ ਹਨ

ਬਾਨੀ-ਗੁਰੂ ਤੇ ਗੁਰੂ ਹੈ ਰੂਪ-ਬਾਨੀ, ਬਾਨੀ-ਰੂਪ ਹੋ ਕੇ ਬਾਨੀ ਗਾਈ ਏ ਮੈਂ
ਬਾਨੀ ਗੁੰਨ੍ਹ ਕੇ ਖੰਡੇ ਦੀ ਧਾਰ ਅੰਦਰ, ਸਾਫ਼ ਜੱਲ ਦੇ ਵਿਚ ਰਲਾਈ ਏ ਮੈਂ
ਬਾਨੀ ਵਿਚ ਮਿਠਾਸ ਪ੍ਰੀਤ ਵਾਲੀ, ਕੱਢ ਆਪਣੇ ਦਿਲ 'ਚੋਂ ਪਾਈ ਏ ਮੈਂ
ਦਿਲ ਆਪਣਾ ਘੋਲਿਆ ਵਿਚ ਬਾਟੇ, ਏਦਾਂ ਅੰਮ੍ਰਤੀ-ਧਾਰ ਬਣਾਈ ਏ ਮੈਂ
ਓਹੋ ਅੰਮ੍ਰਤੀ-ਧਾਰ ਫਿਰ ਸਾਰਿਆਂ ਨੂੰ, ਕੇਸ ਗੜ੍ਹ ਦੇ ਵਿੱਚ ਪਿਆਈ ਏ ਮੈਂ
ਓਸੇ ਕੇਸ ਗੜ੍ਹ ਦੀ ਪਾਵਨ ਧਰਤ ਉਤੇ, ਜਾਤ-ਪਾਤ ਦੀ ਲੀਕ ਮਿਟਾਈ ਏ ਮੈਂ
ਓਸੇ ਕੇਸ ਗੜ੍ਹ ਵਿੱਚ ਬਰਾਬਰੀ ਦੀ, ਮੇਰੇ ਚਾਨਣੋ ਜੋਤ ਜਗਾਈ ਏ ਮੈਂ
ਦੱਸੇ ਰੂਪ ਰਲਾ ਕੇ ਵਿਚ ਪੰਜਾਂ, ਦਿੱਤੀ ਪੰਥ ਨੂੰ ਦੇ ਵਡਿਆਈ ਏ ਮੈਂ
ਏਦਾਂ ਆਪਣੀ ਤੇ ਗੁਰੂ-ਪੰਥ ਸੰਦੀ, ਸਦਾ ਵਾਸਤੇ ਸਾਂਝ ਬਣਾਈ ਏ ਮੈਂ
ਲਵੋ ਪੰਥ ਦਾ ਹੁਕਮ ਪਰਵਾਨ ਮੈਨੂੰ, ਅੱਗੇ ਆਪ ਦੇ ਧੌਣ ਨਿਵਾਈ ਏ ਮੈਂ
ਕਿਵੇਂ ਪੰਥ ਦੀ ਗੱਲ ਉਲਟਾ ਛੱਡਾਂ, ਅੱਗੇ ਕਦੇ ਨਾ ਜਦੋਂ ਉਲਟਾਈ ਏ ਮੈਂ
ਏਸ ਵਾਸਤੇ ਹੀ ਬੀਰ ਪੰਥ ਤਾਈਂ, ਦਿੱਤੀ ਆਪਣੀ ਸੌਂਪ ਗੁਰਿਆਈ ਏ ਮੈਂ
ਗੁਰੂ ਪੰਥ ਹੋ ਸੱਕਦਾ ਹੁਣ ਅੱਗੋਂ, ਸੋਚ ਸੋਚ ਸਲਾਹ ਪਕਾਈ ਏ ਮੈਂ
'ਤੀਰ' ਪੰਥ ਸਤਿਗੁਰੂ ਹੈ ਖ਼ਾਲਸੇ ਦਾ, ਏਸ ਗੱਲ ਉੱਤੇ ਮੁਹਰ ਲਾਈ ਏ ਮੈਂ

### ਹਜ਼ੂਰ ਫਿਰ ਫ਼ੁਰਮਾਉਂਦੇ ਹਨ

ਪੂਰਾ ਹੋ ਗਿਆ ਅੱਜ ਵਿਸ਼ਵਾਸ ਮੈਨੂੰ, ਖ਼ੂਬ ਫੁੱਲੇ ਤੇ ਫੱਲੇਗਾ ਪੰਥ ਮੇਰਾ
ਰਹਿ ਕੇ ਤਾਬਿਆ ਗੁਰੂ ਗ੍ਰੰਥ ਜੀ ਦੀ, ਏਸ ਜੱਗ ਤੇ ਚਲੇਗਾ ਪੰਥ ਮੇਰਾ
ਦੇਸ਼-ਵੈਰੀਆਂ ਜ਼ਾਲਮਾਂ, ਜਾਬਰਾਂ ਨੂੰ, ਘਰ ਮੌਤ ਦੇ ਘਲੇਗਾ ਪੰਥ ਮੇਰਾ
ਦੀਨ ਦੇਸ਼ ਉੱਤੇ, ਔਖੀ ਬਣੀ ਵੇਲੇ, ਕਦੇ ਮੂਲ ਨਾ ਟਲੇਗਾ ਪੰਥ ਮੇਰਾ
ਜੂਝ ਜਾਏਗਾ ਮਰਦਿ-ਮੈਦਾਨ ਹੋ ਕੇ, ਵਾਰ ਹਿੱਕ ਤੇ ਝਲੇਗਾ ਪੰਥ ਮੇਰਾ
ਦੱਲ ਆਣਗੇ ਜਦੋਂ ਜਰਵਾਣਿਆਂ ਦੇ, ਹਿੱਕਾਂ ਡਾਹ ਕੇ ਠੱਲ੍ਹੇਗਾ ਪੰਥ ਮੇਰਾ

ਧਰਮ ਪ੍ਰੇਮ ਤੇ ਵਤਨ ਦੀ ਲਾਟ ਉੱਤੇ, ਵਾਂਗ ਭੰਬਟਾਂ ਜਲੇਗਾ ਪੰਥ ਮੇਰਾ
ਲੋਹਾ ਦੋਖੀਆਂ ਵਾਸਤੇ ਹੁੰਦਿਆਂ ਵੀ, ਦੀਨਾਂ ਵਾਸਤੇ ਢਲੇਗਾ ਪੰਥ ਮੇਰਾ
ਚੱਕੀ ਝੋਇਗਾ ਜਿਹੀ ਕੁਰਬਾਨੀਆਂ ਦੀ, ਦਾਣੇ ਜ਼ੁਲਮ ਦੇ ਦਲੇਗਾ ਪੰਥ ਮੇਰਾ
ਜਦੋਂ ਆਇਗੀ ਰੁੱਤ ਸ਼ਹੀਦੀਆਂ ਦੀ, ਥਾਂ ਮੁਹਰਲੀ ਮੱਲੇਗਾ ਪੰਥ ਮੇਰਾ
ਰੱਤ ਪੀ ਪੀ ਜ਼ਾਲਮਾਂ ਪਾਪੀਆਂ ਦੀ, ਛਾਵੇਂ ਤੇਗ਼ ਦੀ ਪਲੇਗਾ ਪੰਥ ਮੇਰਾ
ਲੋਭਾਂ ਲਾਲਚਾਂ ਦੀ ਪੈ ਕੇ ਅੱਗ ਅੰਦਰ, ਕਿਸੇ ਸਮੇਂ ਨਾ ਗਲੇਗਾ ਪੰਥ ਮੇਰਾ
ਕਦਮ ਰੱਖ ਕੇ ਜੰਗ ਮੈਦਾਨ ਅੰਦਰ, ਪੈਰੋਂ ਮੂਲ ਨਾ ਹਲੇਗਾ ਪੰਥ ਮੇਰਾ
'ਤੀਰ' ਦੇਸ਼ ਦੇ ਵੈਰੀਆਂ ਜ਼ਾਲਮਾਂ ਦੇ, ਸੀਨੇ ਸਦਾ ਈ ਸਲੇਗਾ ਪੰਥ ਮੇਰਾ

## ਮਹਾਰਾਜ ਦਾ ਭਵਿੱਖਤ ਵਾਕ

ਮੇਰੇ ਪੰਥ ਦੀ ਵੱਖਰੀ ਚਾਲ ਹੋਸੀ, ਸਦਾ ਵੱਖਰੀ ਜੱਗ 'ਤੇ ਕਾਰ ਹੋਸੀ
ਇਹਦੇ ਦਿਲ ਦੇ ਵਿੱਚ ਭਗਵਾਨ ਹੋਸੀ, ਇਹਦੇ ਹੱਥ ਦੇ ਵਿੱਚ ਤਲਵਾਰ ਹੋਸੀ
ਇਹਦੀ ਲਿੱਸਿਆਂ ਦੇ ਨਾਲ ਸਾਂਝ ਹੋਸੀ, ਇਹਦੀ ਜ਼ਾਲਮਾਂ ਦੇ ਨਾਲ ਖ਼ਾਰ ਹੋਸੀ
ਇਹਦੀ ਅੱਖ ਦੇ ਵਿੱਚ ਨਿਆਂ ਹੋਸੀ, ਬੋਲਾਂ ਇਹਦਿਆਂ ਵਿੱਚ ਪਿਆਰ ਹੋਸੀ
ਪੈਰਾਂ ਇਹਦਿਆਂ ਵਿੱਚ ਉਤਸ਼ਾਹ ਹੋਸੀ, ਕੰਨਾਂ ਇਹਦਿਆਂ ਵਿੱਚ ਪੁਕਾਰ ਹੋਸੀ
ਇਹ੍ਦੀ ਜੀਭ ਤੇ ਰੱਬ ਦਾ ਨਾਮ ਹੋਸੀ, ਇਹਦੀ ਆਤਮਾ ਵਿੱਚ ਕਰਤਾਰ ਹੋਸੀ
ਹੋਸੀ ਇਹ ਗੋਲਾ ਸੇਵਾਦਾਰ ਸਭ ਦਾ, ਗੋਲਾ ਏਸਦਾ ਸੱਭ ਸੰਸਾਰ ਹੋਸੀ
ਜਿੱਥੇ ਪੈਰ ਇਹ ਧਰੇਗਾ ਪ੍ਰੇਮ-ਪੁਤਲਾ, ਉਥੋਂ ਦੂਰ ਸਭ ਵੈਰ ਦਾ ਭਾਰ ਹੋਸੀ
ਜੱਤ-ਰੂਪ ਹੋਸੀ ਸੱਤ-ਰੂਪ ਹੋਸੀ, ਪੱਤ ਏਸਦੀ ਜਗਤ-ਅਧਾਰ ਹੋਸੀ
ਹੋਸੀ ਫੱਕਰਾਂ ਜਿਹੀ ਗੁਜ਼ਰਾਨ ਇਸਦੀ, ਇਹਦਾ ਪਾਤਸ਼ਾਹ ਵਾਂਗ ਦਰਬਾਰ ਹੋਸੀ
ਜਗਤ-ਜੀਵਣਾ ਜਾਣਸੀ ਚਾਰ ਘੜੀਆਂ, ਮੌਤ ਵਾਸਤੇ ਸਦਾ ਤਿਆਰ ਹੋਸੀ
ਵੇਲਾ ਆਇਗਾ ਜਦੋਂ ਸ਼ਹੀਦੀਆਂ ਦਾ, ਫੁੱਲ ਫੁੱਲ ਕੇ ਇੱਕ ਤੋਂ ਚਾਰ ਹੋਸੀ
ਦੇਸ਼-ਸੇਵਕਾਂ ਦਾ ਹੋਸੀ ਇਹ ਸੰਗੀ, ਵੈਰੀ ਏਸਦਾ ਦੇਸ਼-ਗ਼ੱਦਾਰ ਹੋਸੀ
ਰਾਖਾ ਆਜਜ਼ਾਂ ਦਾ, ਓਟ ਲਿੱਸਿਆਂ ਦੀ, ਸਦਾ ਵਾਸਤੇ ਦਿਲੋਂ ਉਦਾਰ ਹੋਸੀ
ਕੌਮੀ-ਜੰਗ ਅੰਦਰ ਇਹਦੀ ਜਿੱਤ ਹੋਸੀ, ਇਹਦੇ ਸਾਹਮਣੇ ਜ਼ੁਲਮ ਨੂੰ ਹਾਰ ਹੋਸੀ
ਜਦੋਂ ਸੁਣੇਗਾ ਕੂਕ ਨਿਮਾਣਿਆਂ ਦੀ, ਓਸ ਘੜੀ ਡਾਢਾ ਬੇਕਰਾਰ ਹੋਸੀ
ਜਦੋਂ ਸੁਣੇਗਾ ਜ਼ੁਲਮ ਜਰਵਾਣਿਆਂ ਦਾ, ਉਦੋਂ ਗਾਂਵਦਾ ਜੰਗ ਦੀ ਵਾਰ ਹੋਸੀ
ਜਦੋਂ ਬਹੇਗਾ ਆਣ ਸਤਿਸੰਗ ਅੰਦਰ, ਭਜਨ ਬੰਦਗੀ-ਰੂਪ-ਸਾਕਾਰ ਹੋਸੀ
ਜਦੋਂ ਵਿਚ ਲੰਗਰ ਕਰਸੀ ਟਹਿਲ ਸੇਵਾ, ਪੂਰਾ ਓਸ ਵੇਲੇ ਸੇਵਾਦਾਰ ਹੋਸੀ
ਖੇਡ ਖੇਡਸੀ ਤੇਗ਼ ਦੀ ਰਣ ਅੰਦਰ, ਇਹਦਾ ਓਸਦੇ ਨਾਲ ਮਲ੍ਹਾਰ ਹੋਸੀ

ਸੁੱਚਾ ਭਗਤ, ਸ਼ਹੀਦ, ਸਰਬੰਸ ਦਾਨੀ, ਮੇਰਾ ਪੰਥ ਗ਼ਰੀਬਾਂ ਦਾ ਯਾਰ ਹੋਸੀ
'ਤੀਰ' ਏਸਦਾ ਕਰੇਗਾ ਪੱਖ ਜਿਹੜਾ, ਬੇੜਾ ਓਸਦਾ ਭਉਜਲੋਂ ਪਾਰ ਹੋਸੀ

*ਖ਼ਾਲਸੇ ਦਾ ਦੂਜਾ ਗੁਰਮਤਾ (ਵੱਲੋਂ ਕਵੀ)*

ਦੂਜਾ ਗੁਰਮਤਾ ਖ਼ਾਲਸੇ ਇਹ ਕੀਤਾ, 'ਕੱਲੇ ਮੂਲ ਨਾ ਗੁਰੂ ਦਾਤਾਰ ਜਾਵਣ
ਦਯਾ, ਧਰਮ ਤੇ ਮਾਨ ਸਿੰਘ ਚਰਨ-ਭੌਰੇ, ਤਿੰਨੇ ਨਾਲ ਬਣ ਕੇ ਸੇਵਾਦਾਰ ਜਾਵਣ
ਚਾਰੇ ਤਾਰੇ ਦੀ ਸੇਧ 'ਤੇ ਤੁਰੇ ਜਾਵਣ, 'ਕੱਠੇ ਹੋ ਏਦਾਂ ਆਖ਼ਰਕਾਰ ਜਾਵਣ
'ਤੀਰ' ਜਾਣ ਲੱਗੇ ਵੀ ਕਮਾਲ ਦੱਸਣ, ਵੈਰੀ ਜਾਂਵਦੇ ਜਾਂਵਦੇ ਮਾਰ ਜਾਵਣ

*ਸ੍ਰੀ ਦਸਮੇਸ਼ ਜੀ ਦੀ ਚਮਕੌਰ ਤੋਂ ਰਵਾਨਗੀ (ਵੱਲੋਂ ਕਵੀ)*

ਜਦੋਂ ਸੱਭ ਤਿਆਰੀਆਂ ਹੋ ਗਈਆਂ, ਗੁਪਤ ਬੂਹੇ 'ਚੋਂ ਸ੍ਰੀ ਸਰਕਾਰ ਨਿਕਲੇ
ਤਿੰਨੇ ਸਿੱਖ ਸੂਰੇ ਨਾਲ ਸਤਿਗੁਰਾਂ ਦੇ, ਸ਼ੇਰਾਂ ਵਾਂਗ ਪਿੱਛੇ ਛਾਲਾਂ ਮਾਰ ਨਿਕਲੇ
'ਗੁਰੂ ਖ਼ਾਲਸੇ ਦਾ ਵੇਖੋ ਚੱਲਿਆ ਜੇ', ਕਈ ਵਾਰ ਲਲਕਾਰ ਲਲਕਾਰ ਨਿਕਲੇ
'ਤੀਰ' ਤੇਗ਼ ਵਿਚੋਂ ਪਈ ਚਮਕ ਨਿਕਲੇ, ਜੀਭ ਵਿਚੋਂ ਕਰਤਾਰ ਕਰਤਾਰ ਨਿਕਲੇ

*ਸ਼ਾਹੀ ਫ਼ੌਜ ਵਿਚ ਹਫੜਾ ਦਫੜੀ (ਵੱਲੋਂ ਕਵੀ)*

ਵੇਖੋ ਏਸ ਲਲਕਾਰ ਨੇ ਫ਼ੌਜ ਅੰਦਰ, ਝਟ ਹੱਫੜਾ ਦੱਫੜੀ ਪਾ ਦਿੱਤੀ
ਅੰਨ੍ਹੇ ਵਾਹ ਜਾਗੀ, ਅੰਨ੍ਹੇ ਵਾਹ ਦੌੜੀ, ਆਪੋ ਵਿਚ ਹੀ ਤੇਗ਼ ਖੜਕਾ ਦਿੱਤੀ
ਦੋ ਮਸ਼ਾਲਚੀ ਗੁਰਾਂ ਦੇ ਵੱਲ ਆਏ, ਗੁਰਾਂ ਉਨ੍ਹਾਂ ਦੀ ਅਲਖ ਮੁਕਾ ਦਿੱਤੀ
ਬਾਕੀ ਆਪਣੇ ਆਪ ਵਿਚ ਲੜ ਮੋਏ, ਜਿਵੇਂ ਰੱਬ ਨੇ ਕਿਹੀ ਸਜ਼ਾ ਦਿੱਤੀ
ਫ਼ੌਜ ਚੀਰ ਕੇ ਇਉਂ ਦਸਮੇਸ਼ ਨਿਕਲੇ, ਵੈਰੀ ਦਲਾਂ ਦੀ ਹੋਸ਼ ਭੁਲਾ ਦਿੱਤੀ
'ਤੀਰ' ਸਿੱਖ ਐਪਰ ਇਥੋਂ ਅੱਡ ਹੋ ਗਏ, ਸਮੇਂ ਆਪਣੀ ਕਲਾ ਵਰਤਾ ਦਿੱਤੀ

*ਵੱਲੋਂ ਕਵੀ*

ਹੋਈ ਆਖਦੇ ਇਉਂ ਅਕਾਸ਼ ਬਾਨੀ, ਜਦੋਂ ਗੜ੍ਹੀ ਵਿਚੋਂ ਸੋਹਣਾ ਢੋਲ ਤੁਰਿਆ
ਹਿੰਦ ਵਾਸੀਓ ਵੇਖ ਲਓ ਦੇਸ਼ ਖ਼ਾਤਰ, ਹੀਰੇ ਸ੍ਰੀ ਦਸਮੇਸ਼ ਹੈ ਰੋਲ ਤੁਰਿਆ
ਦੇਸ਼-ਭਗਤ ਪੂਰਾ ਦੇਸ਼ ਆਪਣੇ ਤੋਂ, ਸੂਰੇ ਸਿੱਖ, ਪੁੱਤਰ ਹੱਥੀਂ ਘੋਲ ਤੁਰਿਆ
'ਤੀਰ' ਸਿੰਜਣੇ ਵਾਸਤੇ ਮਾਤ-ਭੂਮੀ, ਲਾਲ, ਪੁੱਤਰਾਂ ਦਾ ਖ਼ੂਨ ਡੋਲ੍ਹ ਤੁਰਿਆ

*ਭਾਈ ਸੰਤ ਸਿੰਘ ਦੇ ਸਿਰ 'ਤੇ ਕਲਗੀ (ਵੱਲੋਂ ਕਵੀ)*

ਰਾਜਨੀਤ ਖੇਡੀ ਅੰਦਰ ਵਾਲਿਆਂ ਨੇ, ਪਲਾਂ ਵਿੱਚ ਕਮਾਲ ਵਿਖਾ ਦਿੱਤਾ
ਸੰਤ ਸਿੰਘ ਨੂੰ ਝੱਟ ਸਲਾਹ ਕਰਕੇ, ਜਾਣੀ-ਜਾਣ ਦਾ ਰੂਪ ਬਣਾ ਦਿੱਤਾ

ਬਾਣਾ ਗੁਰਾਂ ਦਾ ਗੁਰਾਂ ਦੀ ਲਾ ਕਲਗੀ, ਆਸਨ ਗੁਰਾਂ ਦੇ ਉੱਤੇ ਬਿਠਾ ਦਿੱਤਾ
'ਤੀਰ' ਵੈਰੀਆਂ ਚੰਚਲਾਂ ਚਾਤਰਾਂ ਨੂੰ, ਏਸ ਚਾਲ ਦੇ ਨਾਲ ਚਕਰਾ ਦਿੱਤਾ

### ਗੜ੍ਹੀ ਵਿਚਲੇ ਸਿੰਘਾਂ ਦੀ ਸ਼ਹੀਦੀ (ਵੱਲੋਂ ਕਵੀ)

ਏਸ ਤਰ੍ਹਾਂ ਦਾ ਰੱਚ ਕੇ ਢੰਗ ਗੁੱਝਾ, ਕੀਤੀ ਚਾਤਰੀ ਹੋਰ ਅਖ਼ੀਰ ਸਿੰਘਾਂ
ਸੰਤ ਸਿੰਘ ਜੀ ਨੂੰ ਸੋਂਪ ਉਸੇ ਵੇਲੇ, ਸੋਨਮੁਖੀ ਵਾਲੇ ਦਿੱਤੇ ਤੀਰ ਸਿੰਘਾਂ
ਨਾਲੇ, ਅੰਦਰੋਂ ਦਿੱਤਾ ਵਜਾ ਧੌਂਸਾ, ਚੱਲੀ ਚਾਲ ਸਿਰਲੱਥ ਗੰਭੀਰ ਸਿੰਘਾਂ
ਸ਼ਾਹੀ ਫ਼ੌਜ ਸੁਣ ਕੇ, ਬਾਹਰੋਂ ਉਮਡ ਆਈ, ਜੇਰੇ ਨਾਲ ਰੋਕੀ ਸੂਰਬੀਰ ਸਿੰਘਾਂ
ਵਾਹੇ ਬਾਣ ਐਸੇ ਕੱਚੀ ਗੜ੍ਹੀ ਵਿਚੋਂ, ਦਲ ਆਂਵਦਾ ਸੁੱਟਿਆ ਚੀਰ ਸਿੰਘਾਂ
ਮਸੇ-ਵੀਹ ਏਧਰ, ਵੀਹ ਹਜ਼ਾਰ ਓਧਰ, ਵੇਖੋ ਮੂਲ ਨਾ ਛੱਡਿਆ ਧੀਰ ਸਿੰਘਾਂ
ਐਪਰ ਫ਼ੌਜ ਸ਼ਾਹੀ ਵੜੀ ਆਣ ਅੰਦਰ, ਤਾਂ ਵੀ ਵਾਢ ਕੀਤੀ ਕਰਮ-ਵੀਰ ਸਿੰਘਾਂ
ਤੇਗਾਂ ਸੂਤ ਕੇ ਤੁੱਲਵੇਂ ਵਾਰ ਕੀਤੇ, ਡੋਲ੍ਹੀ ਰੱਜ ਕੇ ਰੱਤ ਬਲਬੀਰ ਸਿੰਘਾਂ
ਮੰਨੀ ਹਾਰ ਨਾ ਮੂਲ ਹਥਿਆਰ ਸੁੱਟੇ, ਹੋ ਕੇ ਗੜ੍ਹੀ ਅੰਦਰ ਲੀਰ ਲੀਰ ਸਿੰਘਾਂ
'ਤੀਰ' ਅੰਤ ਸ਼ਹੀਦੀਆਂ ਪਾ ਜੂਝੇ, ਲਾਏ ਦੇਸ਼ ਦੇ ਅਰਥ ਸਰੀਰ ਸਿੰਘਾਂ

### ਭਾਈ ਸੰਤ ਸਿੰਘ ਜੀ ਦਾ ਸੀਸ ਕੱਟਿਆ ਗਿਆ (ਵੱਲੋਂ ਕਵੀ)

ਸੀਸ ਵੱਢ ਲੀਤਾ ਸੰਤ ਸਿੰਘ ਜੀ ਦਾ, ਢਿੱਲ ਰਤੀ ਨਾ ਲਾਈ ਏ ਵੈਰੀਆਂ ਨੇ
ਕਲਗੀ ਜਿਗ੍ਹਾ ਤੱਕ ਕੇ ਸੱਜੀ ਸੀਸ ਉੱਤੇ, ਬੜੀ ਖ਼ੁਸ਼ੀ ਮਨਾਈ ਏ ਵੈਰੀਆਂ ਨੇ
ਰੂਪ ਗੁਰਾਂ ਵਰਗਾ ਵੇਖ ਖ਼ੁਸ਼ ਹੋਏ, ਸਾਰੇ ਖ਼ਬਰ ਧੁੰਮਾਈ ਏ ਵੈਰੀਆਂ ਨੇ
'ਗੁਰੂ ਦੱਸਵਾਂ ਅਸਾਂ ਨੇ ਮਾਰ ਲੀਤਾ', ਡੌਂਡੀ ਖ਼ੂਬ ਪਿਟਾਈ ਏ ਵੈਰੀਆਂ ਨੇ
ਚੰਗੀ ਤਰ੍ਹਾਂ ਪਰ ਜਦੋਂ ਪੜਤਾਲ ਹੋਈ, ਅਸਲ ਗੱਲ ਤਦ ਪਾਈ ਏ ਵੈਰੀਆਂ ਨੇ
ਘੱਟਾ ਪਾ ਗਿਆ 'ਤੀਰ' ਦਸਮੇਸ਼ ਅੱਖੀਂ, ਐਵੇਂ ਗੱਲ ਗਵਾਈ ਏ ਵੈਰੀਆਂ ਨੇ

### ਸਿਰ ਕੱਟ ਕੇ ਸ਼ਾਹੀ ਆਗੂਆਂ ਕੀ ਸੋਚਿਆ ਸੀ (ਵੱਲੋਂ ਕਵੀ)

ਸ਼ਾਹੀ ਫ਼ੌਜੀਆਂ ਦਿਲੋਂ ਇਹ ਸੋਚਿਆ ਸੀ, ਸੀਸ ਪਾਤਸ਼ਾਹ ਪਾਸ ਪੁਚਾਵਣਾ ਏਂ
ਮਾਣ, ਮਰਤਬਾ ਮਿਲੇਗਾ ਏਸ ਗੱਲੇ, ਪਾਤਸ਼ਾਹ ਨੇ ਖ਼ੁਸ਼ ਹੋ ਜਾਵਣਾ ਏਂ
ਵੱਡੇ ਵੱਡੇ ਇਨਾਮ ਜਗੀਰ ਲੈ ਕੇ, ਸਮਾਂ ਸੁੱਖ ਦਾ ਸਦਾ ਬਿਤਾਵਣਾ ਏਂ
'ਤੀਰ' ਪਤਾ ਕੀ ਸੀ ਉਹਨਾਂ ਭੋਲਿਆਂ ਨੂੰ, ਏਸ ਤਰ੍ਹਾਂ ਪੈਣਾ ਪਛੋਤਾਵਣਾ ਏਂ

### ਜੰਗ ਚਮਕੌਰ ਦਾ ਅੰਤ (ਵੱਲੋਂ ਕਵੀ)

ਏਦਾਂ ਜੰਗ ਚਮਕੌਰ ਦਾ ਅੰਤ ਹੋਇਆ, ਖ਼ੂਬ ਬੱਝਿਆ ਰੰਗ ਤਲਵਾਰ ਦਾ ਜੇ
ਸ਼ਾਹੀ ਫ਼ੌਜ ਆਖ਼ਰ ਪਰਤ ਗਈ ਪਿੱਛੇ, ਮੋੜਾ ਪਿਆ ਪਿੱਛੇ ਬਾਈਦਾਰ ਦਾ ਜੇ

ਐਪਰ ਢੀਠ ਨਵਾਬ-ਸਰਹੰਦ ਭਾਰਾ, ਹੈਂਕੜਵਾਨ ਭਰਿਆ ਦਿਲੋਂ ਖ਼ਾਰ ਦਾ ਜੇ
ਉਹਨੇ ਵੰਡ ਚਾਰੇ ਪਾਸੇ ਫ਼ੌਜ ਚਾੜ੍ਹੀ, ਪਿੱਛਾ ਕਰਨ ਦੀ ਗੱਲ ਵਿਚਾਰਦਾ ਜੇ
ਹੁਕਮ ਚਾੜ੍ਹਿਆ ਫੜੋ ਦਸਮੇਸ਼ ਤਾਈਂ, ਬਾਗ਼ੀ ਗੁਰੂ ਹੁਣ ਮੁਗ਼ਲ-ਸਰਕਾਰ ਦਾ ਜੇ
ਉਹਨੂੰ ਕੋਈ ਵੀ ਦਏ ਨਾ ਅੰਨ-ਦਾਨਾ, ਵਫ਼ਾਦਾਰ ਨਾ ਓਹ ਦਰਬਾਰ ਦਾ ਜੇ
ਜਿਹੜਾ ਚੱਲੇਗਾ ਏਸਦੇ ਉਲਟ ਕੋਈ, ਉਹਦੇ ਲਈ ਸਮਝੋ ਝੂਟਾ ਦਾਰ ਦਾ ਜੇ
'ਤੀਰ' ਰੱਬ ਪਰ ਰੱਖਦਾ ਆਪ ਜਿਸਨੂੰ, ਉਹਨੂੰ ਕੋਈ ਨਾ ਜੱਗ 'ਤੇ ਮਾਰਦਾ ਜੇ

### *ਕਲਗੀਧਰ ਜੀ ਦਾ ਰਾਤ ਦਾ ਪੰਧ, ਵੱਲੋਂ ਕਵੀ (ਖ਼ਿਆਲ)*

ਕਾਲੀ ਰਾਤ ਅਨ੍ਹੇਰ ਦੀ ਚਵ੍ਹੀ ਪਾਸੀਂ, ਤਾਰੇ ਪਏ ਵੇਖਣ ਕਲਗੀਧਰ ਚਲਿਆ
ਨਾਲ ਸੈਨਤਾਂ ਦੇ ਆਪੋ ਵਿਚ ਆਖਣ, ਵੇਖੋ ਕਿਵੇਂ ਕੁਰਬਾਨੀਆਂ ਕੱਰ ਚਲਿਆ
ਸੱਲ ਲੈ ਚਲਿਆ ਸੋਆਂ ਪਿਆਰਿਆਂ ਦੇ, ਸੂਲ ਪੁੱਤਰਾਂ ਦਾ ਸੀਨੇ ਜੱਰ ਚਲਿਆ
ਦੇਸ਼ ਵਾਸਤੇ ਗੁਰੂ ਦਸਮੇਸ਼ ਵੇਖੋ, ਅੱਜ ਰੱਤ ਦੇ ਵਹਿਣ ਹੈ ਤੱਰ ਚਲਿਆ
ਘਰ ਘਾਟ ਹੈ ਹੱਥੀਂ ਉਜਾੜ ਆਇਆ, ਹੁਣ ਰੱਬ ਜਾਣੇ ਕਿਹੜੇ ਘੱਰ ਚਲਿਆ
ਵੇਖੋ ਕੱਲਰੀ ਧਰਤ ਚਮਕੌਰ ਤਾਈਂ, ਲਹੂ ਨਾਲ ਭਰ ਕੇ ਕਰਕੇ ਸੱਰ ਚਲਿਆ
ਖ਼ੂਬ ਫ਼ਰਜ਼ ਤੋਂ ਸੁਰਖ਼ਰੂ ਹੋ ਚਲਿਆ, ਗੰਗਾ ਨ੍ਹਾ ਚਲਿਆ ਖ਼ੂਬ ਠੱਰ ਚਲਿਆ
'ਤੀਰ' ਜਾਨ 'ਕੱਲੀ ਤਾਂ ਵੀ ਵਣ ਅੰਦਰ, ਜਾਵੇ ਕੰਡਿਆਂ ਉਤੇ ਨਿਡੱਰ ਚਲਿਆ

### *ਸਬਰ ਸ਼ੁਕਰ ਦੇ ਰੂਪ ਦਸਮੇਸ਼ ਜੀ (ਵੱਲੋਂ ਕਵੀ)*

ਹੋਇਆ ਕੀ ਜੇਕਰ ਅੰਨ ਨਹੀਂ ਲੱਭਾ, ਦੇਸ਼ ਵਾਸਤੇ ਝਾਗਦਾ ਭੁੱਖ ਹੈ ਜੇ
ਦੁੱਖਾਂ ਚਾਰ ਚੁਫੇਰਿਓਂ ਘੇਰ ਲੀਤਾ, ਤਾਂ ਵੀ ਅੰਦਰੋਂ ਮਾਣਦਾ ਸੁੱਖ ਹੈ ਜੇ
ਚਿਹਰੇ ਉਤੇ ਮਲਾਲ ਨਾ ਰਤੀ-ਮਾਸਾ, ਵੇਖੋ ਨੂਰ ਭਰਿਆ ਨੂਰੀ ਮੁੱਖ ਹੈ ਜੇ
ਅੱਜ ਵੇਖ ਕੇ ਕਰਨੀਆਂ ਇਹਦੀਆਂ ਨੂੰ, ਹੈ ਡੰਡੌਤ ਕਰਦਾ ਹੱਰ ਰੁੱਖ ਹੈ ਜੇ
ਗਈ ਗੁੱਜਰੀ ਹਿੰਦ ਬਚਾਣ ਖ਼ਾਤਰ, ਪਿਆ ਗੁੱਜਰੀ ਮਾਂ ਦੀ ਕੁੱਖ ਹੈ ਜੇ
'ਤੀਰ' ਸਮੇਂ ਨੂੰ ਇਤਨੇ ਸਬਰ ਵਾਲਾ, ਨਿਗ੍ਹਾ ਪਿਆ ਨਾ ਕਦੇ ਮਨੁੱਖ ਹੈ ਜੇ

### *ਵਾਹ ਕੁਦਰਤ ਤੇਰੇ ਰੰਗ (ਵੱਲੋਂ ਕਵੀ)*

ਵਾਹ ਵਾਹ ਕੁਦਰਤੇ ਬੜੀ ਬਿਅੰਤ ਹੈਂ ਤੂੰ, ਰੰਗ ਨਵੇਂ ਤੋਂ ਨਵੇਂ ਵਿਖਾਂਵਦੀ ਏਂ
ਥਲੋਂ ਜੱਲ ਕਰਕੇ ਜਲੋਂ ਥੱਲ ਕਰਕੇ, ਵਿਚ ਪਲਾਂ ਦੇ ਰੰਗ ਪਲਟਾਂਵਦੀ ਏਂ
ਕਦੇ ਕਿਸੇ ਦੇ ਸੀਸ 'ਤੇ ਆਪ ਹੱਥੀਂ, ਸ਼ਾਹੀ ਰਾਜ ਦਾ ਤਾਜ ਪਹਿਨਾਂਵਦੀ ਏਂ
ਕਦੇ ਪਾਤਸ਼ਾਹ ਕਿਸੇ ਨੂੰ ਕਰੇਂ ਘਾਹੀ, ਰੰਬਾ ਤੰਗੜੀ ਹੱਥ ਫੜਾਂਵਦੀ ਏਂ
ਕਦੇ ਆਸਨਾਂ ਉੱਤੇ ਸਜਾਂਵਦੀ ਏਂ, ਰੜੇ-ਰੋੜ 'ਤੇ ਕਦੇ ਬਿਠਾਂਵਦੀ ਏਂ

ਕਦੇ ਟੋਟ ਨਾ ਛੱਤੀ ਪਦਾਰਥਾਂ ਦੀ, ਕਦੇ ਭੁੱਖਿਆਂ ਪਈ ਰਖਾਂਵਦੀ ਏਂ
ਕਦੇ ਅੱਖੀਆਂ ਦੇ ਚਾਨਣ ਬਖ਼ਸ਼ਦੀ ਏਂ, ਕਦੇ ਮਾਰ ਕੇ ਫੂਕ ਬੁਝਾਂਵਦੀ ਏਂ
ਕਦੇ ਆਨ ਅਨ੍ਹੇਰ ਵਰਤਾਂਵਦੀ ਏਂ, ਬੁਝੀ ਜੋਤ ਨੂੰ ਕਦੇ ਜਗਾਂਵਦੀ ਏਂ
ਕਦੇ ਮੰਗਤੇ ਨੂੰ ਪਾਤਸ਼ਾਹ ਕਰਦੀ, ਕਦੇ ਪਾਤਸ਼ਾਹਾਂ ਤੋਂ ਮੰਗਾਂਵਦੀ ਏਂ
ਕਦੇ ਸੇਜ 'ਤੇ ਚੁੱਕ ਸੁਆਂਵਦੀ ਏਂ, ਕਦੇ ਸੱਥਰਾਂ ਉੱਤੇ ਰੁਲਾਂਵਦੀ ਏਂ
ਕਦੇ ਕਿਸੇ ਨੂੰ ਖ਼ੂਬ ਹਸਾਂਵਦੀ ਏਂ, ਕਦੇ ਦੇ ਦੇ ਦੁੱਖ ਰੁਆਂਵਦੀ ਏਂ
ਕਦੇ ਵਸਦਿਆਂ ਤਾਈਂ ਉਜਾੜਦੀ ਏਂ, ਕਦੇ ਉੱਜੜੇ ਆਣ ਵਸਾਂਵਦੀ ਏਂ
ਪਲੋ ਪਲੀ ਅੰਦਰ ਵਟਣ ਰੰਗ ਤੇਰੇ, ਇਕੋ ਰੰਗ ਵਿਚ ਨਿਗ੍ਹਾ ਨਾ ਆਂਵਦੀ ਏਂ
ਵਖਤ ਪਿਆਂ ਨੂੰ ਤਖ਼ਤ ਬਹਾਂਵਦੀ ਏਂ, ਤਖ਼ਤ ਵਾਲਿਆਂ ਨੂੰ ਵਖਤ ਪਾਂਵਦੀ ਏਂ
ਜਦੋਂ ਸੋਹਣੀਏਂ ਅੱਖ ਝਮਕਾਂਵਦੀ ਏਂ, ਝੱਟ ਹੋਰ ਦੀ ਹੋਰ ਹੋ ਜਾਂਵਦੀ ਏਂ
ਕਦੇ ਤੀਰਥੀਂ ਪਈ ਨਹਾਂਵਦੀ ਏਂ, ਕਦੇ ਰੱਤ ਵਿਚ ਤਾਰੀਆਂ ਲਾਂਵਦੀ ਏਂ
ਜੱਗ ਜਿਨ੍ਹਾਂ ਨੂੰ ਚੁੱਕਦਾ ਅੱਖੀਆਂ ਤੇ, ਪਈ ਉਨ੍ਹਾਂ ਨੂੰ ਕਦੇ ਭਟਕਾਂਵਦੀ ਏਂ
ਦੇਸ਼-ਭਗਤ ਦਸਮੇਸ਼ ਦੇ ਨਾਲ ਇਹ ਤੂੰ, ਦੱਸ ਕਹਿਰ ਕੀ ਪਈ ਕਮਾਂਵਦੀ ਏਂ
ਨੀ! ਹੈ ਦਿਲਾਂ ਦੇ ਰਾਹ ਦਾ ਪ੍ਰੇਮ-ਪਾਂਧੀ, ਪੈਰੀਂ ਜਿਸਨੂੰ ਪਈ ਟੁਰਾਂਵਦੀ ਏਂ
'ਤੀਰ' ਨੀਂਦ ਤੇ ਭੁੱਖ ਹਰਾਮ ਹੁੰਦੀ, ਜਾਂ ਤੂੰ ਸੁੱਤੀਆਂ ਕਲਾਂ ਜਗਾਂਵਦੀ ਏਂ

## ਸਮੇਂ ਨੂੰ, ਵੱਲੋਂ ਕਵੀ

ਰਤਾ ਅੱਖ ਭਰ ਕੇ ਝਾਕੀ ਵੇਖ ਸਮਿਆਂ, ਕਿਉਂਕਿ ਹੈਂ ਤੂੰ ਵੀ ਚੱਕਰ ਖਾਣ ਵਾਲਾ
ਪੈਰੀਂ ਆਪਣਾ ਪੰਧ ਮੁਕਾ ਰਿਹਾ ਏ, ਜਨਮ ਜੂਨ ਦੇ ਪੰਧ ਮੁਕਾਣ ਵਾਲਾ
ਨੰਗੇ ਚਰਨ, ਚੁੱਭਣ ਸੈਆਂ ਰੋੜ ਕੰਡੇ, ਸ਼ੁਕਰ ਕਰ ਰਿਹਾ ਸ਼ੁਕਰ ਮਨਾਣ ਵਾਲਾ
ਨਿਰਨਾ ਕਾਲਜਾ ਅੰਨ ਨਾ ਮੂਲ ਖਾਧਾ, ਇਹ ਸੀ ਲੱਖ ਨਿਆਮਤਾਂ ਖਾਣ ਵਾਲਾ
'ਕੱਲੀ ਜਾਨ ਜਾਂਦਾ ਜਾਪੇ, ਕਿਸੇ ਪਾਸੇ, ਲੱਖਾਂ ਅੱਖੀਆਂ ਵਿਚ ਸਮਾਣ ਵਾਲਾ
ਬੀਤੇ ਕਈ ਸਾਤੇ, ਪਲਕ ਨਹੀਂ ਸੁੱਤਾ, ਸੇਜਾਂ ਸੋਹਣੀਆਂ 'ਤੇ ਡੇਰੇ ਲਾਣ ਵਾਲਾ
ਪੈਰੀਂ ਪਏ ਛਾਲੇ, ਵਿਚੋਂ ਲਹੂ ਸਿੰਮੇ, ਟੁਰੀ ਜਾ ਰਿਹਾ ਏ ਤਾਂ ਵੀ ਜਾਣ ਵਾਲਾ
ਕਹਿਰੀ ਪੋਹ ਦੇ ਭੰਨਵੇਂ ਸੀਤ ਅੰਦਰ, ਗੀਤ ਗਾਂਵਦਾ ਗੀਤ ਦੇ ਗਾਣ ਵਾਲਾ
ਪਿਆ ਰੁਲਦਾ ਹੈ ਵਿੱਚ ਜੰਗਲਾਂ ਦੇ, ਦੇਸ਼ ਵਾਸਤੇ ਬੰਸ ਲੁਟਾਣ ਵਾਲਾ
'ਤੀਰ' ਤਾਰਿਆਂ ਦੇ ਹੇਠ ਜਾ ਰਿਹਾ ਏ, ਸੋਹਣਾ ਸੀਸ ਤੇ ਛਤਰ ਝੁਲਾਣ ਵਾਲਾ

## ਪਿਆਰਾ ਅਨੋਖੇ ਰੰਗ ਵਿਚ (ਵੱਲੋਂ ਕਵੀ)

ਨਵੇਂ ਰੰਗ ਅੰਦਰ ਚੋਜੀ ਜਾ ਰਿਹਾ ਏ, ਰੰਗਾਂ ਇਹਦਿਆਂ ਦਾ ਪਾਰਾਵਾਰ ਕੋਈ ਨਾ
'ਕੱਲਾ ਜਾਪਦਾ ਫੁੱਲ ਕੁਰਬਾਨੀਆਂ ਦਾ, ਨਾਲ ਜਾਪਦੀ ਬਾਗ਼-ਬਹਾਰ ਕੋਈ ਨਾ

ਕਾਲੀ ਰਾਤ ਤੇ ਪੰਧ ਵੀ ਕੰਡਿਆਂ ਤੇ, ਹੇਠ ਏਸਦੇ ਦੱਲ-ਸ਼ਿੰਗਾਰ ਕੋਈ ਨਾ
ਸੇਵਾਦਾਰ ਇਹ ਦੇਸ਼ ਦਾ ਜਾ ਰਿਹਾ ਏ, ਇਹਦੇ ਨਾਲ ਇਸਦਾ ਸੇਵਾਦਾਰ ਕੋਈ ਨਾ
ਕਿਵੇਂ ਜਾਵਣਾ ਏਂ, ਕਿੱਥੇ ਜਾਵਣਾ ਏਂ, ਕਿੱਥੇ ਰਹੇਗਾ ਕਿਸੇ ਨੂੰ ਸਾਰ ਕੋਈ ਨਾ
ਦੇਸ਼ ਲਈ ਜੀਣਾ, ਦੇਸ਼ ਲਈ ਮਰਨਾ, ਇਹੋ ਕਾਰ ਇਸ ਦੀ ਹੋਰ ਕਾਰ ਕੋਈ ਨਾ
ਮਹਿਲ-ਮਾੜੀਆਂ ਸਾਰੀਆਂ ਛੱਡ ਬੈਠਾ, ਅੱਜ ਨਾਲ ਇਹਦੇ ਇਹਦੀ ਨਾਰ ਕੋਈ ਨਾ
ਨਾਹੀਂ ਅੰਮੜੀ ਏਸਦੀ ਨਾਲ ਇਹਦੇ, ਠੰਢ ਪਾਣ ਵਾਲਾ ਹੋਣਹਾਰ ਕੋਈ ਨਾ
ਜ਼ੋਰਾਵਰ ਵੀ ਨਾ, ਲਾਲ ਫਤਹਿ ਵੀ ਨਾ, ਦਿਲੀ-ਠੰਢ ਅਜੀਤ, ਜੁਝਾਰ ਕੋਈ ਨਾ
ਤਾਂ ਵੀ ਸ਼ੁਕਰ ਅੰਦਰ ਚਲਾ ਜਾਂਵਦਾ ਏ, ਇਹਦੇ ਦਿਲ ਤੇ ਜਾਪਦਾ ਭਾਰ ਕੋਈ ਨਾ
ਦੇਸ਼ ਉੱਜੜੇ ਵਾਸਤੇ ਉੱਜੜਿਆ ਏ, ਇਹਦਾ ਆਪਣੇ ਲਈ ਪਿਆਰ ਕੋਈ ਨਾ
'ਤੀਰ' ਏਸਦੇ ਜਿਹਾ ਜਹਾਨ ਅੰਦਰ, ਲੱਭੇ ਆਜਜ਼ਾਂ ਦਾ ਮਦਦਗਾਰ ਕੋਈ ਨਾ

### ਸ੍ਰੀ ਦਸਮੇਸ਼ ਜੀ ਖੇੜੀ ਪਿੰਡ ਦੇ ਨੇੜੇ ਪੁੱਜੇ—ਦੋ ਗੁੱਜਰਾਂ ਦਾ ਅੰਤ (ਵੱਲੋਂ ਕਵੀ)

ਸੱਚੇ ਪਾਤਸ਼ਾਹ ਇਸ ਤਰ੍ਹਾਂ ਪੰਧ ਕਰਦੇ, ਖੇੜੀ ਪਿੰਡ ਨੇੜੇ ਜਦੋਂ ਆਏ ਵੇਖੋ
ਦੋਹਾਂ ਗੁੱਜਰਾਂ ਆਪ ਨੂੰ ਵੇਖ ਲੀਤਾ, ਗਏ ਹੋ ਓਹ ਰੱਤ-ਤਿਹਾਏ ਵੇਖੋ
ਰੌਲਾ ਪਾ ਦਿੱਤਾ 'ਗੁਰੂ ਜਾ ਰਿਹਾ ਜੇ', ਫੜੋ ਏਸਨੂੰ ਨੱਠ ਨਾ ਜਾਏ ਵੇਖੋ
ਮਹਾਰਾਜ ਨੇ ਦਿੱਤੀਆਂ ਦੋ ਮੁਹਰਾਂ, ਤਾਂ ਵੀ ਉਹ ਨਾ ਰਹੇ ਹਲਕਾਏ ਵੇਖੋ
ਜਦੋਂ ਫੇਰ ਰੌਲਾ ਦੋਵੇਂ ਪਾਣ ਲੱਗੇ, ਜਾਣੀ-ਜਾਣ ਨੇ ਚੋਜ ਵਰਤਾਏ ਵੇਖੋ
ਇੱਕੋ ਝਟਕ ਦੇ ਨਾਲ ਤਲਵਾਰ ਫੜ ਕੇ, ਪਾਪੀ ਬੱਕਰੇ ਵਾਂਗ ਝਟਕਾਏ ਵੇਖੋ
ਗਿਆ ਹੋ ਸਰੀਰ ਕਮਜ਼ੋਰ ਭਾਵੇਂ, ਤਾਂ ਵੀ ਨਹੀਂ ਦਸਮੇਸ਼ ਘਬਰਾਏ ਵੇਖੋ
'ਤੀਰ' ਸੋਹਣਿਆਂ ਦਿਲਾਂ ਦੇ ਮਾਲਕਾਂ ਨੂੰ, ਸਮੇਂ ਕੀ ਕੀ ਰੰਗ ਵਿਖਾਏ ਵੇਖੋ

### ਸ੍ਰੀ ਦਸਮੇਸ਼ ਜੀ ਅਨੋਖੀ ਸੇਜਾ 'ਤੇ (ਵੱਲੋਂ ਕਵੀ)

ਭਾਵੇਂ ਆਤਮਾ ਤਾਂ ਓਸੇ ਤੌਰ ਹੈ ਸੀ, ਐਪਰ ਨਹੀਂ ਸਰੀਰ ਸਹਾਰ ਸੱਕਿਆ
ਕਿਉਂਕਿ ਅੰਨ ਦਾ ਵੇਖਿਆ ਮੂੰਹ ਨਾ ਸੀ, ਨਾ ਸੀ ਪੇਟ ਨੂੰ ਲੱਭ ਅਧਾਰ ਸੱਕਿਆ
ਸਿਰੜ ਨਾਲ ਸਹਾਰਦਾ ਰਿਹਾ ਭੁੱਖਾ, ਤਾਣ ਹੁੰਦਿਆਂ ਜਿੰਨਾ ਸਹਾਰ ਸੱਕਿਆ
ਐਪਰ 'ਤੀਰ' ਜੀ ਅੰਤ ਸਰੀਰ ਹੀ ਸੀ, ਜਦੋਂ ਥੱਕਿਆ ਨਾ ਪੈਂਡਾ ਮਾਰ ਸੱਕਿਆ

### ਕੀ ਹੋਇਆ

ਤਦੋਂ ਸ੍ਰੀ ਦਸਮੇਸ਼ ਨੇ ਸ਼ਾਂਤ ਰਹਿ ਕੇ, ਰੁੱਖਾਂ-ਬੂਟਿਆਂ ਵਿਚ ਨਿਵਾਸ ਕੀਤਾ
ਆਈ ਊਂਘ ਜਾਂ ਇਕ ਸਰੀਰ ਤਾਈਂ, ਉਨ੍ਹਾਂ ਸ਼ੁਕਰ ਕਰਤਾਰ ਦਾ ਖ਼ਾਸ ਕੀਤਾ
ਏਦਾਂ ਬੈਠਿਆਂ ਸੁੱਤਿਆਂ ਸਤਿਗੁਰਾਂ ਨੇ, ਸਫ਼ਲ ਆਪਣਾ ਹੱਰ ਸ੍ਵਾਸ ਕੀਤਾ
'ਤੀਰ' ਲਿੱਖਿਆ ਖ਼ੂਨ ਦਾ ਰੰਗ ਦੇ ਕੇ, ਜੋ ਸੀ ਆਪ ਨੇ ਸ਼ੁਰੂ ਇਤਿਹਾਸ ਕੀਤਾ

## ਅਨੋਖੇ ਦਰਸ਼ਨ (ਵੱਲੋਂ ਕਵੀ)

ਸੱਥਰ-ਸੇਜ ਤੇ ਚਾਂਦਨੀ ਰੁੱਖ ਦੀ ਏ, ਰੱਖੀ ਢੀਮ ਸਿਰ੍ਹਾਣੇ ਦੀ ਥਾਂ ਵੇਖੋ
ਕੋਲ ਪੁੱਤ ਪਰਵਾਰ ਨਾ ਸਿੱਖ ਸੂਰੇ, ਨਿਗ੍ਹਾ ਆਂਵਦੇ ਨਾ ਪਿਤਾ, ਮਾਂ ਵੇਖੋ
ਬਣੀ ਪੁਰੀ ਅਨੰਦ ਅੱਜ ਏਸ ਖ਼ਾਤਰ, ਪੱਤਝੜੇ ਦਰਖ਼ਤਾਂ ਦੀ ਛਾਂ ਵੇਖੋ
'ਤੀਰ' ਪਿਆ ਛੁਡਾਂਵਦਾ ਬੁੱਚੜਾਂ ਤੋਂ, ਧਨੀ ਤੇਗ਼ ਦਾ ਹਿੰਦ ਦੀ ਗਾਂ ਵੇਖੋ

## ਧੰਨ ਜਿਗਰਾ (ਵੱਲੋਂ ਕਵੀ)

ਗਈ ਵੇਖਦੇ ਪੁਰੀ ਅਨੰਦ ਲੁੱਟੀ, ਉਥੇ ਰਹਿਣ ਦਾ ਰਿਹਾ ਨਾ ਹਾਲ ਕੋਈ
ਟੁੱਟ ਗਿਆ ਪਰਿਵਾਰ ਬੇ-ਪਤਾ ਕਿਧਰੇ, ਸਿੱਖਾਂ ਪ੍ਰੇਮੀਆਂ ਵਿਚੋਂ ਨਾ ਨਾਲ ਕੋਈ
ਡੁੱਬ ਗਿਆ ਏ ਕੀਮਤੀ 'ਪੁਸਤਕਾਲਾ' ਪੱਲੇ ਰਿਹਾ ਨਾ ਧੰਨ ਤੇ ਮਾਲ ਕੋਈ
ਨਾਹੀਂ ਮਹਿਲ ਨਾ ਅੰਮੜੀ ਨਾਲ ਦਿੱਸੇ, ਕੋਲ ਚੌਂਹਾਂ 'ਚੋਂ ਇੱਕ ਨਾ ਲਾਲ ਕੋਈ
ਦੱਲ-ਸ਼ਿੰਗਾਰ ਵੀ ਨਾ, ਤਾਜ ਬਾਜ ਵੀ ਨਾ, ਕਿਸੇ ਗੱਲ ਦੀ ਨਹੀਂ ਸੰਭਾਲ ਕੋਈ
ਤਾਂ ਵੀ ਜਾਪਦਾ ਏ ਚਿਹਰਾ ਨੂਰ-ਭਰਿਆ, ਮਾਸਾ ਮੂੰਹ 'ਤੇ ਨਹੀਂ ਮਲਾਲ ਕੋਈ
ਝੁੱਗੇ ਉੱਜੜੇ ਦਾ ਟੱਬਰ ਵਿੱਛੜੇ ਦਾ, ਨਹੀਂ ਦਿੱਲ ਦੇ ਵਿਚ ਖ਼ਿਆਲ ਕੋਈ
ਇਹ ਵੀ ਨਹੀਂ ਚਿੰਤਾ ਔਖੀ ਬਣੀ ਵੇਲੇ, ਬਣੇ ਦੁੱਖ ਦਾ ਨਾ ਭਾਈਵਾਲ ਕੋਈ
ਸੁੱਤਾ ਪਿਆ ਨਚਿੰਤ ਸਰਬੰਸ ਦਾਨੀ, ਨਾਲ ਨਹੀਂ ਭਾਵੇਂ ਅੰਗਪਾਲ ਕੋਈ
'ਤੀਰ' ਧੰਨ ਜਿਗਰਾ ਮਰਦ ਸੂਰਮੇ ਦਾ, ਇਹਦੀ ਲੱਭਦੀ ਨਹੀਂ ਮਿਸਾਲ ਕੋਈ

## ਸ੍ਰੀ ਦਸਮੇਸ਼ ਜੀ ਦਾ ਅਨੋਖੇ ਰੰਗ ਵਿਚ ਅਨੋਖਾ ਗੀਤ (ਵੱਲੋਂ ਕਵੀ)

ਰੱਖੀ ਢੀਮ ਸਿਰ੍ਹਾਣੇ ਤੇ ਭੋਇੰ ਉਤੇ, ਪਿਆ ਲੰਮੀਆਂ ਮੰਜ਼ਲਾਂ ਝਾਗ ਵੇਖੋ
ਮਾਤਾ ਗੁਜਰੀ ਦਾ ਚੰਦ ਪੁੱਤ ਸੋਹਣਾ, ਮਹਿਲ ਸ੍ਰੀ ਜੀਤੋ ਦਾ ਸੁਹਾਗ ਵੇਖੋ
ਹਾਂ ਇਹ ਉਹੋ ਹੈ ਪੁਰੀ ਅਨੰਦ ਅੰਦਰ, ਜੋ ਸੀ ਪੰਥ ਦਾ ਲਾਂਵਦਾ ਬਾਗ਼ ਵੇਖੋ
ਹਾਂ ਇਹ ਉਹੋ ਹੈ ਕਲ੍ਹ ਚਮਕੌਰ ਅੰਦਰ, ਜੋ ਸੀ ਝੱਲਦਾ ਪੁੱਤਾਂ ਦੇ ਦਾਗ ਵੇਖੋ
ਹਾਂ, ਹਾਂ ਉਹੋ ਈ ਸੁੱਤਾ ਏ ਸੱਥਰਾਂ 'ਤੇ, ਜੋ ਜਗਾਂਵਦਾ ਦੇਸ਼ ਦੇ ਭਾਗ ਵੇਖੋ
ਇਹਦਾ ਖ਼ੂਨ ਨ ਰਤਾ ਵੀ ਸਰਦ ਹੋਇਆ, ਭਾਵੇਂ ਠਾਰਦਾ ਪੋਹ ਤੇ ਮਾਘ ਵੇਖੋ
ਹਾਂ ਜੀ ਔਹ ਵੇਖੋ ਚੋਜੀ ਉਠ ਬੈਠਾ, ਨੂਰੀ ਮੁੱਖ ਵਾਲਾ ਪਿਆ ਜਾਗ ਵੇਖੋ
ਸੁਣੋ ਕੰਨ ਧਰ ਕੇ ਤੇਗ 'ਤੀਰ' ਵਾਲਾ, ਹੈ ਅਨੋਖੜਾ ਗਾਂਵਦਾ ਰਾਗ ਵੇਖੋ

## ਦਸਮੇਸ਼ ਜੀ ਅਨੋਖੇ ਰਾਗ ਵਿਚ ਅਨੋਖਾ ਗੀਤ ਗਾਉਂਦੇ ਹਨ

*ਹੇ ਨੀ ਹੋਣੀਏ! ਮਿੱਤਰ ਪਿਆਰੜੇ ਨੂੰ, ਕਹੀਂ ਹਾਲ ਮੁਰੀਦਾਂ ਪਿਆਰਿਆਂ ਦਾ

* ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ—ਵਾਲੇ ਸ਼ਬਦ ਦਾ ਸਰਲ ਭਾਵ ਹੈ।

ਤੇਰੇ ਬਿਨਾਂ ਰਜਾਈਆਂ ਦਾ ਰੋਗ ਓਢਣ, ਵਾਸ ਵੱਸਣਾ ਨਾਗ ਹਤਿਆਰਿਆਂ ਦਾ
ਦਿੱਸੇ ਸੂਲ ਸੁਰਾਹੀਆਂ ਖੰਜਰ ਪਿਆਲਾ, ਸਹਿਣਾ ਬਿੰਗ ਕਸਾਈ ਦੇ ਕਾਰਿਆਂ ਦਾ
'ਤੀਰ' ਯਾਰ ਦਾ ਸੱਥਰ ਮਨਜ਼ੂਰ ਸਾਨੂੰ, ਭੱਠ ਜਾਪਦਾ ਵਾਸ ਚੁਬਾਰਿਆਂ ਦਾ

### ਵੱਲੋਂ ਕਵੀ

ਲਓ ਜੀ ਇਹ ਹੈ ਜੇ ਦੇਸ਼-ਭਗਤ ਸੱਚਾ, ਦੇਸ਼ ਵਾਸਤੇ ਦੁੱਖ ਉਠਾਣ ਵਾਲਾ
ਲਓ ਜੀ ਇਹ ਜੇ ਪੁੰਜ-ਕੁਰਬਾਨੀਆਂ ਦਾ, ਦੀਨਾਂ ਲਈ ਸਰਬੰਸ ਲੁਟਾਣ ਵਾਲਾ
ਲਓ ਜੀ ਇਹ ਜੇ ਮਰਦ ਸਰਬੰਸ ਦਾਨੀ, ਘਰ-ਬਾਰ ਪਰਵਾਰ ਭੁਲਾਣ ਵਾਲਾ
ਲਓ ਜੀ ਇਹ ਜੇ ਦੇਸ਼ ਦਾ ਦਿਲੋਂ ਦਰਦੀ, ਦੁਖੀ ਦੇਸ਼ ਦੇ ਦਰਦ ਘਟਾਣ ਵਾਲਾ
ਲਓ ਜੀ ਇਹ ਜੇ ਸੂਰਮਾ ਧਨਖ-ਧਾਰੀ, ਦੇਸ਼ ਵਾਸਤੇ ਧਨਖ ਚੜ੍ਹਾਣ ਵਾਲਾ
ਲਓ ਜੀ ਇਹ ਜੇ ਬਲੀ ਬਲਵੰਤ ਹਠੀਆ, ਬੱਚੇ ਵਾਰ ਕੇ ਸ਼ੁਕਰ ਮਨਾਣ ਵਾਲਾ
ਲਓ ਜੀ ਇਹ ਜੇ ਭਾਰਤ-ਸਪੂਤ ਸੁੱਚਾ, ਬਲੀ ਆਪਣੇ ਪਿਤਾ ਦੀ ਲਾਣ ਵਾਲਾ
ਲਓ ਜੀ ਇਹ ਜੇ ਤੇਗ਼ ਦਾ ਧਨੀ ਜੋਧਾ, ਧਰਮ ਵਾਸਤੇ ਤੇਗ਼ ਖੜਕਾਣ ਵਾਲਾ
ਲਓ ਜੀ ਇਹ ਜੇ ਹਿੰਦ ਦਾ ਸੁਘੜ ਮਾਲੀ, ਰੱਤ ਪਾ ਪਾ ਬਾਗ਼ ਮਹਿਕਾਣ ਵਾਲਾ
ਲਓ ਜੀ ਇਹ ਜੇ ਭੌਰ ਅਜ਼ਾਦੀਆਂ ਦਾ, ਮਿੱਠੇ ਗੀਤ ਅਜ਼ਾਦੀ ਦੇ ਗਾਣ ਵਾਲਾ
ਲਓ ਜੀ ਇਹ ਹੈ ਜੇ ਸ਼ਹਿਨਸ਼ਾਹ ਸੱਚਾ, ਸੋਹਣੇ ਸੀਸ ਤੇ ਛਤਰ ਝੁਲਾਣ ਵਾਲਾ
ਲਓ ਜੀ ਇਹ ਜੇ ਸ੍ਰੀ ਦਸਮੇਸ਼ ਮੇਰਾ, ਤੇਗ਼ 'ਤੀਰ' ਵਾਲਾ ਅਣਖ-ਆਣ ਵਾਲਾ

### ਫਿਰ ਵੱਲੋਂ ਕਵੀ

ਨੰਗੇ ਪੈਰ ਕੁੜਤਾ ਲੀਰੋ-ਲੀਰ ਵੇਖੋ, ਅਜਬ ਰੰਗ ਅੰਦਰ ਚਲਿਆ ਜਾ ਰਿਹਾ ਏ
ਚਿਹਰਾ ਰੂਪ ਹੈ ਨਿਰਾ ਗੰਭੀਰਤਾ ਦਾ, ਤੇ ਪ੍ਰਭਾਵ ਅਨੋਖੜਾ ਛਾ ਰਿਹਾ ਏ
ਅੱਖਾਂ ਰੰਗ-ਭਰੀਆਂ ਨੇ ਉਮੰਗ ਅੰਦਰ, ਅੰਗ-ਅੰਗ ਸਰੂਰ ਵਿਚ ਆ ਰਿਹਾ ਏ
ਹੋ ਕੇ ਸੁਰਖ਼ਰੂ ਲਾਡਲਾ ਗੁੱਜਰੀ ਦਾ, ਅੱਜ ਨਵੇਂ ਹੀ ਚੋਜ ਵਰਤਾ ਰਿਹਾ ਏ
ਭੋਇੰ ਚੁੰਮਦੀ ਪਈ ਏ ਚਰਨ ਇਸਦੇ, ਆਸਮਾਨ ਵੀ ਜਾਨ ਘੁਮਾ ਰਿਹਾ ਏ
ਹਿੰਦ ਵਾਸੀਆਂ ਨੂੰ ਸੱਚੀ ਦੇਸ਼-ਭਗਤੀ, ਦੇਸ਼-ਭਗਤ ਇਹ ਖ਼ੂਬ ਸਿਖਾ ਰਿਹਾ ਏ
ਵੇਖੋ ਪੁੱਤ ਪਰਵਾਰ ਕੁਰਬਾਨ ਕਰਕੇ, ਦਿਲੋਂ ਰੱਬ ਦਾ ਸ਼ੁਕਰ ਮਨਾ ਰਿਹਾ ਏ
ਰਾਜ਼ੀ ਰਹੀ ਦਾ ਕਿਵੇਂ ਰਜ਼ਾ ਅੰਦਰ, ਰਮਜ਼ ਨਾਲ ਇਹ ਭੇਤ ਸਮਝਾ ਰਿਹਾ ਏ
ਕਿਵੇਂ ਕੱਟਦੇ ਹੈਣ ਦਲੇਰ 'ਬਣੀਆਂ', ਲੋਕਾਂ ਵਾਸਤੇ ਪੂਰਨੇ ਪਾ ਰਿਹਾ ਏ
ਰਤਾ ਵੇਖਣਾ ਸਿੰਮਦੇ ਚਰਨ ਦੋਵੇਂ, ਲਹੂ ਭੋਇੰ ਨੂੰ ਰੰਗ ਚੜ੍ਹਾ ਰਿਹਾ ਏ
ਤਾਂ ਵੀ ਦੇਸ਼ ਤੇ ਕੌਮ ਦਾ ਇਹ ਦਰਦੀ, ਸਾਰੇ ਆਪਣੇ ਦਰਦ ਭੁਲਾ ਰਿਹਾ ਏ
ਵਲੀ ਹੋਣੀਆਂ ਦਾ ਸਾਈਂ ਕਰਨੀਆਂ ਦਾ, ਪੈਰੀਂ ਆਪਣਾ ਪੰਧ ਮੁਕਾ ਰਿਹਾ ਏ

ਇਹਦੀ ਵੇਖ ਕਰਨੀ ਚਰਨਾਂ ਇਹਦਿਆਂ 'ਤੇ, ਰੁੱਖ ਹਰ ਇੱਕ ਸੀਸ ਝੁਕਾ ਰਿਹਾ ਏ
'ਤੀਰ' ਦਿਲ ਦੀ ਸੁਰ ਸਿਤਾਰ ਕਰਕੇ, ਗੀਤ ਮਿੱਤਰ ਪਿਆਰੇ ਦੇ ਗਾ ਰਿਹਾ ਏ

### *ਸ੍ਰੀ ਦਸਮੇਸ਼ ਜੀ ਨੇ ਕੀ ਕੀ ਕੀਤਾ (ਵੱਲੋਂ ਕਵੀ)*

ਏਸੇ ਬੀਰ ਬਲਵਾਨ ਨੇ ਬੱਲ ਦੇ ਕੇ, ਢੱਠੇ ਹਿੰਦੀਆਂ ਤਾਈਂ ਉਭਾਰਿਆ ਏ
ਏਸ ਤੇਗ ਦੇ ਧਨੀ ਨੇ ਜ਼ੁਲਮ ਤਾਈਂ, ਬਣ ਮਰਦਿ-ਮੈਦਾਨ ਲਲਕਾਰਿਆ ਏ
ਏਸੇ ਸ਼ੇਰ ਨੇ ਡਿੱਗਦੀ ਕੌਮ ਤਾਈਂ, ਪੈਰੀਂ ਆਪਣੀ ਆਣ ਖਲ੍ਹਾਰਿਆ ਏ
ਏਸੇ ਲਹੂ ਵਿਚ ਡੋਬ ਕੇ ਪੁੱਤਰਾਂ ਨੂੰ, ਗੋਤੇ ਖਾਂਵਦੇ ਦੇਸ਼ ਨੂੰ ਤਾਰਿਆ ਏ
ਏਸੇ ਦੇਸ਼ ਦੇ ਪਿਤਾ ਬਚਾਣ ਖ਼ਾਤਰ, ਪਿਤਾ ਆਪਣਾ ਹੱਸ ਕੇ ਵਾਰਿਆ ਏ
ਏਸ ਦੇਸ਼ ਤੇ ਕੌਮ ਦੇ ਵਾਸਤੇ ਈ, ਅੱਜ ਵੇਸ ਦਰਵੇਸ਼ ਦਾ ਧਾਰਿਆ ਏ
ਲਗਾਤਾਰ ਮੁਸੀਬਤਾਂ ਕੱਟੀਆਂ ਸੂ, ਰਤੀ ਭੱਰ ਨਾ ਮੂਲ ਪਰ ਹਾਰਿਆ ਏ
ਰੱਤ ਪਾ ਪਾ ਆਪਣੇ ਕਾਲਜੇ ਦੀ, ਏਸੇ ਲੂਸਦੇ ਹਿੰਦ ਨੂੰ ਠਾਰਿਆ ਏ
'ਬੰਦੇ ਰੱਬ ਦੇ ਅਸੀਂ ਭਰਾ ਸਾਰੇ', ਏਸੇ ਜੱਗ ਦੇ ਵਿੱਚ ਪਰਚਾਰਿਆ ਏ
ਹੈ ਏਹ ਦੇਵਤਾ ਦੇਸ਼ ਦੀ ਏਕਤਾ ਦਾ, ਏਸੇ ਸੁਖ ਦੀਨਾਂ ਖ਼ਾਤਰ ਵਾਰਿਆ ਏ
ਏਸੇ ਬੀਰ ਰਣਧੀਰ ਦਸਮੇਸ਼ ਨੇ ਹੀ, ਵੱਡੇ ਜ਼ਾਲਮਾਂ ਨੂੰ ਚੁਣ ਕੇ ਮਾਰਿਆ ਏ
'ਤੀਰ' ਇਸੇ ਪਿਆਰਿਆ ਦੇਸ਼ ਤਾਈਂ, ਮਾਤਾ ਗੁਜਰੀ ਇਹਨੂੰ ਪਿਆਰਿਆ ਏ

### *ਸ੍ਰੀ ਦਸਮੇਸ਼ ਜੀ ਮਾਛੀਵਾੜੇ ਦੇ ਜੰਗਲ ਵਿਚ (ਵੱਲੋਂ ਕਵੀ)*

ਏਦਾਂ ਪੰਧ ਮੁਕਾਂਵਦੇ ਰੰਗ ਅੰਦਰ, ਥੋੜ੍ਹੀ ਦੂਰ ਜਾਂ ਆਏ ਦਸਮੇਸ਼ ਮੇਰੇ
ਥੱਕ ਗਏ ਨਾ ਚੱਲ ਅਗਾਂਹ ਸੱਕੇ, ਰਾਹ-ਪੰਧ-ਥਕਾਏ ਦਸਮੇਸ਼ ਮੇਰੇ
ਮਸਾਂ ਮਸਾਂ ਮਾਛੀਵਾੜੇ ਵਿੱਚ ਪੁੱਜੇ, ਭਾਗ ਓਸਨੂੰ ਲਾਏ ਦਸਮੇਸ਼ ਮੇਰੇ
'ਤੀਰ' ਸੌਣ ਖ਼ਾਤਰ ਲੱਭਣ ਥਾਂ ਲੱਗੇ, ਮਾਤਾ ਗੁਜਰੀ-ਜਾਏ ਦਸਮੇਸ਼ ਮੇਰੇ

### *ਦਸਮੇਸ਼ ਜੀ ਇਕ ਟੁੱਟੇ-ਖੁਸੇ ਬਾਗ਼ ਵਿਚ (ਵੱਲੋਂ ਕਵੀ)*

ਪੁੱਜੇ ਇੱਕ ਟੁੱਟੇ-ਖੁੱਸੇ ਬਾਗ਼ ਅੰਦਰ, ਦੁਖੀ ਦੇਸ਼ ਦੇ ਮਾਣ ਦਸਮੇਸ਼ ਮੇਰੇ
ਰੱਖੀ ਟਿੰਡ ਸਿਰ੍ਹਾਣੇ ਦੀ ਥਾਂ ਲੈ ਕੇ, ਸੁੱਤੇ ਲੰਮੀਆਂ ਤਾਣ ਦਸਮੇਸ਼ ਮੇਰੇ
ਸੱਥਰ ਬਿਸਤਰਾ ਤੇ ਅੰਬਰ ਸ਼ਾਮਿਆਨਾ, ਰੰਗ ਪਏ ਵਿਖਾਣ ਦਸਮੇਸ਼ ਮੇਰੇ
'ਤੀਰ' ਰੱਬ ਨੂੰ ਇਹੋ ਮਨਜ਼ੂਰ ਹੈਸੀ, ਏਦਾਂ ਸਮਾਂ ਲੰਘਾਣ ਦਸਮੇਸ਼ ਮੇਰੇ

### *ਤਿੰਨੇ ਸਾਥੀ ਆ ਪੁੱਜੇ (ਵੱਲੋਂ ਕਵੀ)*

ਭਾਣਾ ਰੱਬ ਦਾ ਦਯਾ ਸਿੰਘ ਧਰਮ ਸਿੰਘ ਜੀ, ਮਾਨ ਸਿੰਘ ਹੋਰੀਂ ਏਧਰ ਆ ਨਿਕਲੇ
ਸੁੱਤਾ ਸਤਿਗੁਰੂ ਵੇਖ ਕੇ ਸੱਥਰਾਂ ਤੇ, ਵੱਗ ਸਭ ਦੇ ਨੈਣ-ਦਰਿਆ ਨਿਕਲੇ

ਏਸ ਰੰਗ ਵਿਚ ਵੇਖ ਦਾਤਾਰ ਸੁੱਤਾ, ਮੱਛੀ ਵਾਂਗ ਤੜਫੇ ਕਾਨੀ ਖਾ ਨਿਕਲੇ
'ਤੀਰ' ਤਿੰਨਾਂ ਦੇ ਦਿਲ 'ਚੋਂ ਇਉਂ ਅੱਖਰ, ਤਿੰਨੇ ਵਲਵਲੇ ਰੋ ਕੁਰਲਾ ਨਿਕਲੇ

*(ਭਾਈ ਦਇਆ ਸਿੰਘ ਜੀ ਦੇ ਦਿਲ ਦਾ ਵਲਵਲਾ) ਭਾਈ ਜੀ, ਦਸਮੇਸ਼ ਜੀ ਨੂੰ ਸੱਥਰ ਤੇ ਸੁੱਤਾ ਵੇਖ ਕੇ ਦਿਲ ਵਿਚ ਕਹਿੰਦੇ ਹਨ*

### *ਕਬਿੱਤ*

ਕੌਣ ਹੈ ਇਹ ? ਉਹੋ ਹੈ ? ਅਨੰਦ ਪੁਰੀ ? ਜੱਚਦਾ ਨਾ,
ਕਦੋਂ ? ਕਿਵੇਂ ? ਕਿਉਂ ਛੱਡ ਆਇਆ ਪਾਤਸ਼ਾਹੀ ਨੂੰ ?
ਹੈਂ ! ਏਦਾਂ ਨੰਗੇ ਪੈਰ ? ਭੁੰਵੇ ਸੁੱਤਾ ? ਏਹ ਕੀ ਲੋੜ ?
ਕਿਹੀ ਸਿਰ ਆ ਕੇ ਬਣੀ, ਅਰਸ਼ਾਂ ਦੇ ਮਾਹੀ ਨੂੰ ?
ਸੱਪਣੀ ਕਮਾਨ ਸੂ ਸਿਰ੍ਹਾਣੇ ਕਿਵੇਂ ਦੱਬੀ ਹੋਈ,
ਪੱਟ ਦੀ ਥਾਂ ਕਿਉਂ ਸੂ ਵਿਛਾਇਆ ਹੇਠ ਕਾਹੀ ਨੂੰ ?
ਲੰਮੀ ਕਾਲੀ ਬੱਦਲੀ 'ਚ ਬਿਜਲੀ ਸੂ ਡੱਕੀ ਹੋਈ,
ਹਿੱਕ ਉੱਤੇ ਰੱਖਿਆ ਸੂ ਕਿਵੇਂ ਬੇ-ਵਸਾਹੀ ਨੂੰ ?
ਵੇਖ ਇਹਨੂੰ ਏਦਾਂ ਪਿਆਂ ਅੱਗ ਲੱਗ ਉੱਠਦੀ ਏ,
ਆਂਵਦੇ ਉਬਾਲ ਲੱਖਾਂ ਦਿਲ ਦੀ ਕੜਾਹੀ ਨੂੰ।
ਸੱਥਰਾਂ 'ਤੇ ਸੁੱਤਾ 'ਤੀਰ' ! ਅੱਜ ਜਿਹਨੂੰ ਵੇਖਦਾ ਏਂ,
ਸੇਜਾਂ ਉੱਤੇ ਵੇਖਿਆ ਈ ਕਦੇ ਏਸ ਰਾਹੀ ਨੂੰ ?

### *ਕਬਿੱਤ*

ਜਨਮੋਂ ਤੇ ਜੂਨੋਂ ਛੁਟਕਾਰਾ ਦੇਣ ਵਾਲੀ ਜਾਣ,
ਜੱਗ ਗਲੇ ਪਾਂਵਦਾ ਏ ਇਸੇ ਦੀ ਹੀ ਫਾਹੀ ਨੂੰ।
ਖੰਡੇ ਧਾਰੋਂ ਇਸੇ ਨੇ ਹੀ ਅੰਮ੍ਰਤੀ ਵਿਖਾਏ ਜੌਹਰ,
ਧੋ ਦਿੱਤਾ ਜਿਨ੍ਹਾਂ ਜਾਤ-ਪਾਤ ਦੀ ਸਿਆਹੀ ਨੂੰ।
ਰੋਕ ਜਿੰਦ ਰੱਖਦੇ ਨੇ ਸੂਰਮੇ ਜਵਾਨ ਅੱਗੋਂ,
ਜਦੋਂ ਕਦੇ ਤੀਰ ਇਹਦਾ ਪੁੱਜੇ ਉਗ੍ਰਾਹੀ ਨੂੰ।
ਰੱਤ ਪਿਤਾ ਪੁੱਤਰਾਂ ਦੀ ਪਾ ਪਾ ਇਸੇ ਸਿੰਜਿਆ ਏ,
ਕੱਲਰਾਂ ਦੀ ਖਾਧੀ ਸੁੱਕੀ ਸੜੀ ਹਿੰਦ ਚਾਹੀ ਨੂੰ।
ਲਾੜ੍ਹਾ ਕੁਰਬਾਨੀ ਦਾ ਈ ! ਲਾਲ ਹੈਈ ਗੁਜਰੀ ਦਾ,
ਜਾਣਦਾ ਏਂ 'ਤੀਰ' ! ਏਸ ਸੁੱਤੇ ਹੋਏ ਰਾਹੀ ਨੂੰ।

## ਕਬਿੱਤ

ਅੱਖਾਂ ਵਿਚ ਵਸ ਮਾਛੀਵਾੜੇ ਦਿਆ ਜੰਗਲਾ ਵੇ,
ਅੱਖਾਂ 'ਚ ਵਸਾਇਆ ਈ ਅਨੰਦ ਪੁਰੀ ਮਾਹੀ ਨੂੰ।
ਵੱਸੋਂ ਸਾਰੇ ਜੱਗ ਦੀ ਉਜਾੜ ਤੇਰੀ ਉੱਤੋਂ ਵਾਰਾਂ,
ਲੱਖ ਵਾਰ ਵਾਰਾਂ ਤੇਰੇ ਕੱਲਰਾਂ ਤੋਂ ਚਾਹੀ ਨੂੰ।
ਤੇਰੀ ਪਗਡੰਡੀ ਉੱਤੇ ਪੱਗ ਸਣੇ ਸਿਰ ਧਰਾਂ,
ਸਿਰ ਤੋਂ ਲੰਘਾਇਆ ਜਿਹਨੇ, ਸੱਚ ਦੇ ਸਿਪਾਹੀ ਨੂੰ।
ਪੰਧ ਪਿਆ ਜਿਹਦੇ ਹੇਠ ਪੱਲ ਘੜੀ ਕੱਟ ਆਇਆ,
ਫੁੱਲ ਚਾੜ੍ਹਾਂ ਉਸ ਕੰਡਿਆਲੜੀ ਫੁਲਾਹੀ ਨੂੰ।
ਨੈਣਾਂ ਦਿਆਂ ਅਰਘਿਆਂ 'ਚੋਂ ਪਾਣੀ ਪਾ ਕੇ ਹੰਝੂਆਂ ਦਾ,
ਤੁਲਸੀ ਦੇ ਵਾਂਗ ਪੂਜਾਂ ਏਸ ਦੱਭ ਕਾਹੀ ਨੂੰ।
ਜਿਹਨੇ ਸਿਰ ਅੱਖੀਆਂ 'ਤੇ ਚੁੱਕ ਲਿਆ, ਮਾਣ ਨਾਲ,
ਦਿਲ 'ਤੇ ਸੁਆਇਆ 'ਤੀਰ' ਜਿਹਨੇ ਏਸ ਰਾਹੀ ਨੂੰ।

## ਕਬਿੱਤ

ਜੰਡਾ! ਤੇਰੇ ਭਾਗ ਜਾਗੇ, ਤੇਰੇ ਹੇਠ ਰੱਬ ਸੁੱਤਾ,
ਚੌਰ ਹੋ ਕੇ ਝੁੱਲੀ ਜਾ ਤੂੰ ਜੋਤਨਾ ਇਲਾਹੀ ਨੂੰ।
ਚਾਂਦੀ-ਰੰਗੇ ਚੰਦਾ! ਤੇਰੀ ਚਾਨਣੀ ਤੋਂ ਚੌਖਨੇ ਹਾਂ,
ਬਣ ਕੇ ਮਿਸਾਲ ਦੱਸ ਏਸ ਉਤਸ਼ਾਹੀ ਨੂੰ।
ਪਾਣੀ ਸ਼ੇਸ਼ ਨਾਗਾ! ਓ ਹਜ਼ਾਰਾਂ ਵਲ ਖਾਂਦਿਆ ਓ,
ਦੱਬੇ ਪੈਰੀਂ ਲੰਘੀਂ ਜੀਵੇਂ ਛੱਡੀਂ ਵਾਹੋ ਦਾਹੀ ਨੂੰ।
ਹੁਣੇ ਸੁੱਤਾ, ਸਉਣ ਦੇ, ਉਨੀਂਦਰੇ ਦਾ ਮਾਰਿਆ ਏ,
ਅੱਖ ਕਿਤੇ ਲਾਈ ਸੂ ਇਹ ਵਰ੍ਹੇ ਜਾਂ ਛਿਮਾਹੀ ਨੂੰ।
ਪੱਤਿਓ! ਕੁਪੱਤਿਓ! ਬਿਪੱਤਿਓ! ਕੁਦਾੜੇ ਛੱਡੋ,
ਚੁੱਪ ਹੋ ਕੇ ਵੇਖੋ ਮੇਰੇ ਨੂਰੀ ਦਰਗਾਹੀ ਨੂੰ।
ਹੇ ਨੀ ਪੌਣ ਰਾਣੀਏਂ! ਤੂੰ ਸਾਹ ਵੀ ਨਾ ਭਰੀਂ ਉੱਚਾ,
ਵੇਖੀਂ ਨਾ ਜਗਾਈਂ ਮੇਰੇ ਥੱਕੇ ਠਰੇ ਰਾਹੀ ਨੂੰ।

## ਵੱਲੋਂ ਕਵੀ

ਦਯਾ ਸਿੰਘ ਜੀ ਵੇਖ ਦਸਮੇਸ਼ ਜੀ ਨੂੰ, ਰੰਗੇ ਗਏ ਜਾਂ ਇਸ ਤਰ੍ਹਾਂ ਰੰਗ ਅੰਦਰ
ਦਰਦ ਵਲਵਲਾ ਆ ਗਿਆ ਨਵਾਂ ਏਧਰ, ਧਰਮ ਸਿੰਘ ਜੀ ਦੇ ਅੰਗ ਅੰਗ ਅੰਦਰ

ਉਹ ਬੇਸੁਰਤ ਹੋਏ ਵੇਖ ਇਹ ਝਾਕੀ, ਕੋਈ ਦਰਦ ਵਾਲਾ ਵੱਜਾ ਡੰਗ ਅੰਦਰ
'ਤੀਰ' ਇਸ ਤਰ੍ਹਾਂ ਸ੍ਰੀ ਦਸਮੇਸ਼ ਜੀ ਨੂੰ, ਲੱਗੇ ਕਹਿਣ ਉਹ ਕਿਸੇ ਉਮੰਗ ਅੰਦਰ

*ਭਾਈ ਧਰਮ ਸਿੰਘ ਜੀ ਵਲਵਲੇ ਵਿਚ ਆ ਕੇ ਸ੍ਰੀ ਦਸਮੇਸ਼ ਜੀ ਨੂੰ ਸੁੱਤੇ ਹੋਏ ਵੇਖ ਕੇ ਕਹਿੰਦੇ ਹਨ*

ਦਵੱਈਆ ਛੰਦ—

ਤੇਗ਼ ਬਹਾਦਰ ਦੇ ਅੱਖ-ਚਾਨਣ ਹੇ ਗੁਜਰੀ ਦੇ ਤਾਰੇ!
ਹੇ ਕੁਰਬਾਨੀ ਦੇ ਚੰਦ ਸੋਹਣੇ! ਸੱਚ ਦੇ ਸੂਰਜ ਪਿਆਰੇ!
ਹੇ ਦਰਦਾਂ ਦੇ ਭਰੇ ਸਮੁੰਦਰ! ਪ੍ਰੀਤਾਂ ਦੇ ਵਣਜਾਰੇ!
ਹੇ ਧੀਰਜ ਦੇ ਦਿਲ ਦੇ ਧੀਰਜ! ਹਿੰਦ ਦੇ ਅਣਖ ਸਹਾਰੇ!
ਹੇ ਮਹਾਂਕਾਲ ਬਲੀ ਦੇ ਬਾਲਕ! ਮੈਂ ਸਦਕੇ ਮੈਂ ਵਾਰੇ!
ਦੱਸ ਤੂੰ, ਇਹ ਕੀ ਦੱਸ ਰਿਹਾ ਏਂ, ਜੰਗਲ ਵਿਚ ਨਜ਼ਾਰੇ!

ਰਾਜਾ ਹੋ ਕੇ ਤੀਨ ਲੋਕ ਦਾ, ਪੈਰੀਂ ਪੰਧ ਮੁਕਾਣਾ!
ਸੇਜ-ਦਿਲਾਂ ਦੀ ਸੁੰਞੀ ਛੱਡ ਕੇ, ਸੱਥਰ ਡੇਰਾ ਲਾਣਾ!
ਧਰਤੀ ਅੰਬਰ, ਲੇਫ ਨਿਹਾਲੀ, ਸਿਰ ਦਾ ਟਿੰਡ ਸਿਰ੍ਹਾਣਾ!
ਚੰਦਨ-ਚੌਰ ਭੁਲਾ ਕੇ ਦਿਲ ਤੋਂ, ਜੰਡ ਤੋਂ ਚੌਰ ਝੁਲਾਣਾ!
ਤੈਨੂੰ ਵੇਖ ਉਜਾੜਾਂ ਅੰਦਰ, ਜਾਪਣ ਭੱਠ ਚੁਬਾਰੇ!
ਓ ਦਾਤਾ ਕੀ ਦੱਸ ਰਿਹਾ ਏਂ? ਸਾਨੂੰ ਨਵੇਂ ਨਜ਼ਾਰੇ!

ਕਿੱਥੇ ਨੀ ਅੱਜ ਘੋੜੇ ਜੋੜੇ? ਜੜਤ ਜੜੇ ਚਮਕਾਏ!
ਕਿੱਥੇ ਨੀ ਅੱਜ ਧੌਂਸੇ ਧੌਲਰ? ਸੋਹਜਾਂ ਨਾਲ ਸਜਾਏ!
ਕਿੱਥੇ ਨੀ ਅੱਜ ਸਾਥੀ ਸਿੱਦਕੀ? ਅਣਖੀ-ਤੇਗ਼ੋਂ ਜਾਏ!
ਕਿੱਥੇ ਪੁਰੀ ਅਨੰਦ ਗਈ ਏ? ਜਿੱਥੇ ਦਿਲ ਹੁਲਸਾਏ!
ਕਿੱਥੇ ਈ ਪਰਸਾਦੀ ਹਾਥੀ? ਤੇ ਰਣਜੀਤ-ਨਗਾਰੇ!
ਕਿੱਥੇ ਨੀਂ ਪੰਜ ਪਿਆਰੇ ਹੀਰੇ? ਲਾਲ ਕਿੱਥੇ ਨੀਂ ਚਾਰੇ?

ਸੱਜਦੇ ਨਾ ਹੇ ਨੂਰੀ ਚੰਦਾ, ਤੈਨੂੰ ਕੱਪੜੇ ਕਾਲੇ!
ਆ ਮੈਂ ਰੰਗ ਮਜੀਠੀ-ਦਿਲ ਵਿਚ, ਤੈਨੂੰ ਦਿਆਂ ਦੁਸ਼ਾਲੇ!
ਚਿਰ ਦਾ ਵੇਖ ਪਿਆਸਾ ਤੈਨੂੰ, ਛਲਕੇ ਨੈਣ-ਪਿਆਲੇ!
ਛਾਲੇ ਤੱਕ ਤੱਕ ਤੇਰੀ ਪੈਰੀਂ, ਪੈ ਗਏ ਦਿਲ 'ਤੇ ਛਾਲੇ!

ਚਰਨਾਂ 'ਚੋਂ ਰੱਤ ਤਕ ਤਕ ਸਿੰਮਦੀ, ਹਿੱਕ 'ਤੇ ਢਹਿਣ ਅੰਗਾਰੇ!
ਸੋਹਣਿਆਂ ਦੇ ਸੁਲਤਾਨਾ! ਨਾ ਦੱਸ, ਸਾਨੂੰ ਇਹ ਨਜ਼ਾਰੇ!

ਵਿੱਚੋ ਵਿੱਚ ਦਿਲ ਢਹਿੰਦਾ ਜਾਂਦਾ, ਥੱਕਿਆ ਦੇ ਦੇ ਬੁੱਤੇ!
ਸਦਕੇ ਜਾਵਾਂ ਠਰ ਨਾ ਬਾਹਰ, ਬਾਹਰ ਸਿਆਲੀ-ਰੁੱਤੇ!
ਆ ਜਾ ਲੰਘ ਕੇ ਨੈਣਾਂ ਥਾਣੀਂ, ਦਿਲ-ਸੇਜਾ ਦੇ ਉੱਤੇ!
ਲਾਹ ਥਕੇਵਾਂ, ਭਾਗ ਜਗਾ ਦੇ, ਇਸ ਸਾਥੀ ਦੇ ਸੁੱਤੇ!
ਅੰਦਰ ਵੱਸ ਅਨੰਦਪੁਰ ਜਾਵੇ, ਦਿਲ ਵਿਚ ਹੋਣ ਦੀਦਾਰੇ!
'ਤੀਰ' ਕਮਾਨ ਤੇਰੇ ਹੱਥ ਦੋਵੇਂ, ਵੇਖਾਂ ਨਵੇਂ ਨਜ਼ਾਰੇ

### ਬੈਂਤ

ਮਾਨ ਸਿੰਘ ਜੀ ਨੇ ਦੋਵੇਂ ਨੈਣ ਭਰ ਕੇ, ਡਿਠਾ ਦੇਸ਼ ਦਾ ਇਉਂ ਜਾਂ ਮਾਣ ਅੱਖੀਂ
ਆਈ ਕੰਬਣੀ ਦਰਦ ਦੀ ਦਿਲ ਅੰਦਰ, ਗੋਤੇ ਪ੍ਰੀਤ ਵਿਚ ਲੱਗੀਆਂ ਖਾਣ ਅੱਖੀਂ
ਅੱਖਾਂ ਵਿੱਚ ਖ਼ੂਨੀ ਸਾਕੇ ਫਿਰਨ ਲੱਗੇ, ਵੇਖੋ ਲੱਗੀਆਂ ਛਹਿਬਰਾਂ ਲਾਣ ਅੱਖੀਂ
'ਤੀਰ' ਇਸ ਤਰ੍ਹਾਂ ਦਰਦ ਦੀ ਕੂਕ ਨਿਕਲੀ, ਜਦੋਂ ਇਉਂ ਡਿਠਾ ਜਾਣੀ-ਜਾਣ ਅੱਖੀਂ

### *ਭਾਈ ਮਾਨ ਸਿੰਘ ਜੀ ਵਲਵਲੇ ਵਿਚ ਆ ਕੇ ਕਹਿੰਦੇ ਹਨ*

ਲੋਕੋ! ਵੇਖ ਲਓ ਆਣ ਕੇ ਅੱਜ ਅੱਖੀਂ, ਕਿਵੇਂ ਸੱਥਰਾਂ ਤੇ ਸਿਰਜਨਹਾਰ ਸੁੱਤਾ
ਗਈ ਗੁੱਜਰੀ ਹਿੰਦ ਬਚਾਣ ਵਾਲਾ, ਮਾਤਾ ਗੁੱਜਰੀ ਦਾ ਹੋਣਹਾਰ ਸੁੱਤਾ
ਭੱਥਾ ਨਾਲ ਮੋਢੇ, ਤੀਰ ਧਨਖ ਚੜ੍ਹਿਆ, ਸੋਹਣੀ ਹਿੱਕ 'ਤੇ ਰੱਖ ਤਲਵਾਰ ਸੁੱਤਾ
ਖੀਵਾ ਦੇਸ਼ ਪ੍ਰੇਮ ਦੇ ਅਮਲ ਅੰਦਰ, ਘਰ ਘਾਟ ਦੀ ਸੁਰਤ ਵਿਸਾਰ ਸੁੱਤਾ
ਕੁਦਰਤ ਏਸ ਤੋਂ ਪਈ ਕੁਰਬਾਨ ਹੁੰਦੀ, ਵੇਖੋ ਕੁਦਰਤਾਂ ਰੱਚ ਕਰਤਾਰ ਸੁੱਤਾ
ਪੌਣ ਦੱਸਦੀ ਪਈ ਏ ਥਾਂ ਥਾਂ 'ਤੇ, ਵੇਖੋ ਦੇਸ਼ ਦਾ ਮਾਣ ਪਿਆਰ ਸੁੱਤਾ
ਵੇਖੋ ਰੰਗ ਕਰਤਾਰ ਦੇ, ਆਣ ਕਿੱਥੇ, ਸੋਹਣਾ ਸੋਹਣਿਆਂ ਦਾ ਸੱਰਦਾਰ ਸੁੱਤਾ
ਕਿੱਥੇ ਆਪ ਸੁੱਤਾ, ਤੇ ਅਜੀਤ ਕਿੱਥੇ, ਕਿੱਥੇ ਲਾਡਲਾ ਇਹਦਾ ਜੁਝਾਰ ਸੁੱਤਾ
ਜਾਣੇ ਰੱਬ ਕਿੱਥੇ ਜ਼ੋਰਾਵਰ ਸੁੱਤਾ, ਫਤਹਿ ਸਿੰਘ ਕਿੱਥੇ ਧੀਰ ਧਾਰ ਸੁੱਤਾ
ਰਾਹੀ ਇਹ ਵੇਖੋ! ਸਾਈਂ ਕਰਨੀਆਂ ਦਾ, ਦੇਸ਼ ਲਈ ਪੈਂਡਾ ਮਾਰ ਮਾਰ ਸੁੱਤਾ
ਇਹਦੇ ਵਾਸਤੇ ਨੇ ਲੱਖਾਂ ਦਿਲ-ਸੇਜਾ, ਸਾਰੇ ਸੁੱਖ ਪਰ ਦਿਲੋਂ ਵਿਸਾਰ ਸੁੱਤਾ
ਏਥੇ ਆਣ ਕੇ ਸੁਰਖਰੂ ਹੋ ਸੁੱਤਾ, ਪੁੱਤਰ ਘੋਲ ਸੁੱਤਾ, ਪਿਤਾ ਵਾਰ ਸੁੱਤਾ
ਪੱਤਝੜ ਵਿਚ ਬੂਟਿਆਂ ਹੇਠ ਸੁੱਤਾ, ਭੁੱਲ ਆਪਣੀ ਬਾਗ-ਬਹਾਰ ਸੁੱਤਾ
'ਤੀਰ' ਦੇਸ਼ ਦੇ ਵਾਸਤੇ ਅੱਜ ਵੇਖੋ, ਸੱਥਰ ਉੱਤੇ ਗਰੀਬਾਂ ਦਾ ਯਾਰ ਸੁੱਤਾ

### ਭਾਈ ਮਾਨ ਸਿੰਘ ਜੀ ਫਿਰ ਕਹਿੰਦੇ ਹਨ

ਇਹਨੂੰ ਅੱਜ ਜੇ ਗੁੱਜਰੀ ਮਾਂ ਵੇਖੇ, ਕਦੇ ਦਿਲ ਨਾ ਠੱਲ੍ਹਿਆ ਜਾਏ ਉਸਦਾ
ਅੱਜ ਲਾਡਲੇ ਨੂੰ ਪਿਤਾ ਵੇਖ ਲਏ ਜੇ, ਦਿਲ ਵੇਂਹਦਿਆਂ ਈ ਡੋਬਾ ਖਾਏ ਉਸਦਾ
ਵੇਖੇ ਸੁੰਦਰੀ ਆਣ ਜੇ ਪਤੀ ਤਾਈਂ, ਪ੍ਰੇਮ ਅੱਥਰੂ ਪਿਆ ਵਹਾਏ ਉਸਦਾ
'ਤੀਰ' ਸਾਹਿਬ ਦੇਵਾਂ ਜੇਕਰ ਆਣ ਵੇਖੇ, ਦਿਲ ਵੇਖਦੇ ਸਾਰ ਵਿਲਲਾਏ ਉਸਦਾ

### ਸਤਿਗੁਰਾਂ ਨੂੰ ਆਖ਼ਰ ਬੜੇ ਅਦਬ ਨਾਲ ਜਗਾਇਆ ਗਿਆ (ਵੱਲੋਂ ਕਵੀ)

ਸੋਚਾਂ ਵਿੱਚ ਗੁਜ਼ਾਰ ਕੇ ਸਮਾਂ ਕਾਫ਼ੀ, ਕੀਤਾ ਹੌਸਲਾ ਤਿੰਨਾਂ ਪਿਆਰਿਆਂ ਨੇ
ਸੱਚੇ ਪਾਤਸ਼ਾਹ ਆਪ ਦੇ ਦਾਸ ਆਏ, ਨਾਲ ਅਦਬ ਦੇ ਆਖਿਆ ਸਾਰਿਆਂ ਨੇ
ਸੱਦ ਸੁਣਦਿਆਂ ਈ ਝੱਟ ਨੈਣ ਖੋਲ੍ਹੇ, ਸੱਚੇ ਸਤਿਗੁਰਾਂ ਪ੍ਰੇਮ-ਵਣਜਾਰਿਆਂ ਨੇ
'ਤੀਰ' ਧਰਮੀਆਂ ਨੂੰ ਕਿਵੇਂ ਵਖਤ ਪਾਏ, ਵੇਖੋ ਜ਼ੋਰ ਤੇ ਜ਼ੁਲਮ ਦੇ ਕਾਰਿਆਂ ਨੇ

### ਤਿੰਨ ਸਿੱਖ ਬੇਨਤੀ ਕਰਦੇ ਹਨ

ਹੱਥ ਜੋੜ ਬੋਲੇ ਸਿਦਕਵਾਨ ਤਿੰਨੇ, ਸੱਚੇ ਪਾਤਸ਼ਾਹ! ਸਮਾਂ ਡਰਾਵਣਾ ਏਂ
ਸ਼ਾਹੀ ਫ਼ੌਜ ਪਿੱਛੇ ਵਾਹੋ ਦਾਹ ਆਵੇ, ਊਧਮ ਆਣ ਕੇ ਉਹਨੇ ਮਚਾਵਣਾ ਏਂ
ਏਥੇ ਅਟਕੀਏ ਨਾ, ਹੋਰ ਪੰਧ ਕਰੀਏ, ਸਾਡੀ ਇਹੋ ਹੀ ਦਿਲਾਂ ਦੀ ਭਾਵਣਾ ਏਂ
'ਤੀਰ' ਆਪ ਦੀ ਜਿਵੇਂ ਰਜ਼ਾ ਹੋਵੇ, ਅਸਾਂ ਓਸ ਤੋਂ ਸੀਸ ਘੁਮਾਵਣਾ ਏਂ

### ਬੇਨਤੀ ਪ੍ਰਵਾਨ ਹੋ ਗਈ (ਵੱਲੋਂ ਕਵੀ)

ਜਾਣੀ-ਜਾਣ ਨੇ ਆਪਣੇ ਪਿਆਰਿਆਂ ਦੀ, ਗੱਲ ਮੰਨ ਲੀਤੀ ਦਿਲੋਂ ਮਾਣ ਕੀਤਾ
ਐਪਰ 'ਚਰਨ ਹਜ਼ੂਰ' ਦੇ ਦੁੱਖਦੇ ਸੀ, ਹੈਸੀ ਛਾਲਿਆਂ ਬੜਾ ਹੈਰਾਨ ਕੀਤਾ
ਮਾਨ ਸਿੰਘ ਜੀ ਨੇ ਮੋਢੇ ਚੁੱਕ ਆਖ਼ਰ, ਇਕ ਖੂਹ 'ਤੇ ਆਣ ਅਸਥਾਨ ਕੀਤਾ
'ਤੀਰ' ਓਸ ਥਾਂ ਸ੍ਰੀ ਦਸਮੇਸ਼ ਜੀ ਨੇ, ਕਈ ਦਿਨਾਂ ਦੇ ਬਾਅਦ ਇਸ਼ਨਾਨ ਕੀਤਾ

### ਗੁਲਾਬੇ ਦੇ ਦਿਲ ਦਾ ਪ੍ਰੇਮ ਵੀ ਤੇ ਡਰ ਵੀ (ਵੱਲੋਂ ਕਵੀ)

ਖੂਹ ਇਹ ਗੁਲਾਬੇ ਦੀ ਮਾਲਕੀ ਸੀ, ਜੋ ਮਸੰਦ ਸੀ ਗੁਰਾਂ ਦੀ ਕਾਰ ਕਰਦਾ
ਸੋ ਸੁਣਦਿਆਂ ਈਂ ਦੀਦ ਲਈ ਆਇਆ, ਹੈਸੀ ਸਤਿਗੁਰਾਂ ਨਾਲ ਪਿਆਰ ਕਰਦਾ
ਬਾਗ ਆਪਣੇ ਵਿਚ ਲੁਆਏ ਡੇਰੇ, ਐਪਰ ਦਿਲ ਤੋਂ ਰਿਹਾ ਵਿਚਾਰ ਕਰਦਾ
ਕਿਵੇਂ ਸਤਿਗੁਰੂ ਦੀ ਕਰਾਂ ਟਹਿਲ ਪੂਰੀ, ਜੋ ਹੈ ਜੱਗ ਦਾ ਪਿਆ ਉਧਾਰ ਕਰਦਾ
ਧੰਨ ਭਾਗ ਮੇਰੇ ਗੁਰਾਂ ਚਰਨ ਪਾਏ, ਮਾਣ ਜਿਨ੍ਹਾਂ 'ਤੇ ਸਭ ਸੰਸਾਰ ਕਰਦਾ
'ਤੀਰ' ਆਪਣੇ ਵੀਰ ਦੇ ਨਾਲ ਰੱਲ ਕੇ, ਸ਼ੁਰੂ ਇਓਂ ਪ੍ਰੇਮ ਦੀ ਵਾਰ ਕਰਦਾ

### ਦਸਮੇਸ਼ ਜੀ ਅੱਗੇ ਗੁਲਾਬੇ ਦੀ ਬੇਨਤੀ

ਸੱਚੇ ਪਾਤਸ਼ਾਹ ਆਪ ਬਿਰਾਜ ਜਾਓ, ਸਣੇ ਆਪਣੇ ਤਿੰਨਾਂ ਪਿਆਰਿਆਂ ਦੇ
ਲਵੋ ਲਾਹ ਉਨੀਂਦਰਾ ਸੁੱਖ ਮਾਣੋ, ਸਣੇ ਆਪਣੇ ਪ੍ਰੇਮ-ਵਣਜਾਰਿਆਂ ਦੇ
ਅਸੀਂ ਆਪ ਦੇ ਤਾਬਿਆਰ ਗੋਲੇ, ਵਰੋਸਾਏ ਹਾਂ ਆਪਦੇ ਕਾਰਿਆਂ ਦੇ
'ਤੀਰ' ਚੰਦ ਦੇ ਏਸ ਚਕੋਰ ਤਾਈਂ, ਨੇ ਦੀਦਾਰ ਹੋਏ ਸਣੇ ਤਾਰਿਆਂ ਦੇ

### ਵੱਲੋਂ ਕਵੀ

ਪਹਿਲੇ ਟਹਿਲ ਕੀਤੀ ਜਾਨੀ-ਜਾਨ ਜੀ ਦੀ, ਸਣੇ ਸੇਵਕਾਂ ਦੁੱਧ ਛਕਾ ਕੇ ਤੇ
ਫੇਰ ਸੌਂ ਗਏ ਜਦੋਂ ਸਰੀਰ ਚਾਰੇ, ਪੀਤੇ ਦੁੱਧ ਦੇ ਅਮਲ ਵਿੱਚ ਆ ਕੇ ਤੇ
ਪਹਿਰਾ ਦੇਂਵਦੇ ਰਹੇ ਭਰਾ ਦੋਵੇਂ, ਸਿਦਕ ਪ੍ਰੇਮ ਨੂੰ ਖ਼ੂਬ ਵਧਾ ਕੇ ਤੇ
'ਤੀਰ' ਰਾਤ ਨੂੰ ਘਰ ਲੁਆਏ ਡੇਰੇ, ਨਾਲ ਮਾਣ ਦੇ ਖ਼ੂਬ ਲਿਜਾ ਕੇ ਤੇ

### ਬੁਰੇ ਕਰਨ ਬੁਰਿਆਈਆਂ (ਵੱਲੋਂ ਕਵੀ)

ਮਿਸ਼ਰ ਇੱਕ ਸੀ ਤੇ ਸੱਯਦ ਦੂਸਰਾ ਸੀ, ਜੋ ਗਵਾਂਢ ਗੁਲਾਬੇ ਦੇ ਵਸਦੇ ਸੀ
ਚੁਗਲ ਚੰਦਰੇ ਦੋਵੇਂ ਹੀ ਦੇਸ਼-ਵੈਰੀ, ਨਾਗ ਵਾਂਗ ਸਚਿਆਰ ਨੂੰ ਡੱਸਦੇ ਸੀ
ਸੂਹ ਜਦੋਂ ਕੋਈ ਕਿਤੇ ਲੱਗ ਜਾਂਦੀ, ਝੱਟ ਹਾਕਮਾਂ ਦੇ ਕੋਲ ਨੱਸਦੇ ਸੀ
'ਤੀਰ' ਪੇਟ ਦੇ ਦੋਵੇਂ ਈ ਸਨ ਕੁੱਤੇ, ਜਾ ਜਾ ਖ਼ਾਲਸੇ ਦੇ ਭੇਦ ਦੱਸਦੇ ਸੀ

### ਉਹਨਾਂ ਕੀ ਕੀਤਾ (ਵੱਲੋਂ ਕਵੀ)

'ਕੌਣ ਹੈਣ ਗੁਲਾਬੇ ਦੇ ਘਰ ਆਏ', 'ਕੱਠੀ ਰੱਲ ਕੇ ਉਨ੍ਹਾਂ ਵਿਚਾਰ ਕੀਤੀ
ਪਤਾ ਕੱਢ ਲੀਤਾ ਕਈ ਢੰਗ ਕਰਕੇ, ਦੌੜ ਭੱਜ ਕੀਤੀ ਮਾਰੋ-ਮਾਰ ਕੀਤੀ
ਗੁਰੂ ਦੱਸਵਾਂ ਤੇ ਨਾਲ ਸਿੱਖ ਉਸਦੇ, ਤੰਗ ਜਿਨ੍ਹਾਂ ਹੈ ਮੁਗ਼ਲ-ਸਰਕਾਰ ਕੀਤੀ
'ਇਹਦੇ ਘਰ ਹੈ' ਮੁਖ਼ਬਰੀ 'ਤੀਰ' ਕਰੀਏ, ਚਾਹੁੰਦੇ ਨੀਚਤਾ ਦਿਲੋਂ ਗ਼ੱਦਾਰ ਕੀਤੀ

### ਗੁਲਾਬੇ ਨੂੰ ਇਨ੍ਹਾਂ ਦੀ ਨੀਚਤਾ ਦਾ ਪਤਾ ਲੱਗ ਗਿਆ (ਵੱਲੋਂ ਕਵੀ)

ਐਪਰ ਪਤਾ ਗੁਲਾਬੇ ਨੂੰ ਲੱਗ ਗਿਆ, ਬੱਦ ਚੰਦਰੇ ਬਦੀ ਨੇ ਕਰਨ ਲੱਗੇ
ਦੋਵੇਂ ਵੀਰ ਇਹ ਸੋਚ ਕੇ ਦਿਲ ਅੰਦਰ, ਸਮਾਂ ਬਿਖੜਾ ਜਾਣ ਕੇ ਡਰਨ ਲੱਗੇ
ਮਾਰੇ ਜਾਂਗੇ ਅਸੀਂ ਵੀ ਨਾਲ ਐਵੇਂ, ਗੁਰੂ-ਸਿੱਖ ਤਾਂ ਭਲਾ ਨੇ ਮਰਨ ਲੱਗੇ
'ਤੀਰ' ਏਤਨੀ ਸੋਚ ਕੇ ਝੱਟ ਦੋਵੇਂ, ਆਣ ਸ੍ਰੀ ਦਸਮੇਸ਼ ਦੇ ਚਰਨ ਲੱਗੇ

### ਦੋਵੇਂ ਭਰਾ ਬੇਨਤੀ ਕਰਦੇ ਹਨ

ਜਾਨੀ-ਜਾਨ ਮਜਬੂਰ ਹਾਂ ਅਸੀਂ ਦੋਵੇਂ, ਸੇਵਾ ਟਹਿਲ ਨਹੀਂ ਹੋਰ ਕਮਾ ਸਕਦੇ

ਭਲਾ ਆਪ ਤੋਂ ਕੀ ਲੁਕਾ ਕਰੀਏ, ਏਥੇ ਆਪ ਨੂੰ ਨਹੀਂ ਲੁਕਾ ਸਕਦੇ
ਚੁਗ਼ਲ ਚੁਗ਼ਲੀ ਕਰਨ ਤੋਂ ਟਲੇ ਨਾਹੀਂ, ਪੁੱਜੇ ਜਾ ਉਥੇ ਜਿਥੇ ਜਾ ਸਕਦੇ
'ਤੀਰ' ਤੁਸੀਂ ਵੀ ਹੋਰ ਹੁਣ ਥਾਂ ਲੱਭੋ, ਅਸੀਂ ਆਪ ਨੂੰ ਨਹੀਂ ਟਿਕਾ ਸਕਦੇ

### ਵਾਹ ਕੁਦਰਤਾਂ ਤੇਰੀਆਂ (ਵੱਲੋਂ ਕਵੀ)

ਰੱਬਾ! ਵਾਹ ਓ! ਤੇਰੀਆਂ ਕੁਦਰਤਾਂ ਨੇ, ਅਜਬ ਰੰਗ ਹੈਂ ਤੂੰ ਵਿਖਾਣ ਵਾਲਾ
ਅੱਜ ਹੁਕਮ ਤੇਰੇ ਅੰਦਰ ਪਿਆ ਫਿਰਦਾ, ਲੋਕਾਂ ਲਈ ਸਰਬੰਸ ਲੁਟਾਣ ਵਾਲਾ
ਉਹਨੂੰ ਆਪਣੇ ਕੋਲ ਨਹੀਂ ਰੱਖ ਸਕਦਾ, ਉਹਦੇ ਘਰ ਤੋਂ ਰੋਟੀਆਂ ਖਾਣ ਵਾਲਾ
ਉਹਨੂੰ 'ਤੀਰ' ਜੀ ਅੱਜ ਨਾ ਥਾਂ ਕੋਈ, ਜੋ ਹੈ ਦੇਸ਼ ਲਈ ਦੁੱਖ ਉਠਾਣ ਵਾਲਾ

### ਸ੍ਰੀ ਦਸਮੇਸ਼ ਜੀ ਦੇ ਚਰਨਾਂ ਵਿਚ (ਵੱਲੋਂ ਕਵੀ)

ਧੰਨ ਸ੍ਰੀ ਦਸਮੇਸ਼ ਜੀ ਧੰਨ ਹੈਂ ਤੂੰ, ਦੇਸ਼ ਵਾਸਤੇ ਦੁੱਖੜੇ ਸਹਿਣ ਵਾਲਾ
ਦੇਸ਼ ਵਾਸਤੇ ਤੇਗ਼ ਉਠਾਣ ਵਾਲਾ, ਦੇਸ਼ ਲਈ ਚੱਲਣ ਉਠਣ ਬਹਿਣ ਵਾਲਾ
ਸ਼ੇਰ-ਮਰਦ ਪੂਰਾ ਸੱਚਾ ਦੀਨ ਦਰਦੀ, ਮਸਤ ਦੇਸ਼ ਦੇ ਦਰਦ 'ਚ ਰਹਿਣ ਵਾਲਾ
'ਤੀਰ' ਹਿੰਦ ਉੱਤੋਂ ਪਰਲੇ ਕਾਲ ਤੋੜੀ, ਤੇਰਾ ਭਲਾ ਉਪਕਾਰ ਨਹੀਂ ਲਹਿਣ ਵਾਲਾ

### ਮਹਾਰਾਜ ਦੀ ਸਹਿਨਸ਼ੀਲਤਾ (ਵੱਲੋਂ ਕਵੀ)

ਭਾਵੇਂ ਗੱਲ ਗੁਲਾਬੇ ਦੀ ਸੀ ਕੋਰੀ, ਕੀਤਾ ਸਤਿਗੁਰਾਂ ਮੂਲ ਖ਼ਿਆਲ ਕੋਈ ਨਾ
ਫਿੱਕਾ ਬੋਲ ਨਾ ਬੋਲਿਆ ਇਕ ਮੂੰਹੋਂ, ਆਇਆ ਮੁੱਖ 'ਤੇ ਮੂਲ ਮਲਾਲ ਕੋਈ ਨਾ
ਸਮਾਂ ਵੇਖ ਕੇ ਝੱਟ ਤਿਆਰ ਹੋਏ, ਆਏ ਕ੍ਰੋਧ ਵਿਚ ਦੀਨ ਦਿਆਲ ਕੋਈ ਨਾ
'ਤੀਰ' ਜੱਗ ਅੰਦਰ ਪ੍ਰੀਤ ਸ਼ੀਲਤਾ ਦੀ, ਏਸ ਤਰ੍ਹਾਂ ਦੀ ਮਿਲੇ ਮਿਸਾਲ ਕੋਈ ਨਾ

### ਇਕ ਬਿਰਧ ਮਾਈ ਦੀ ਭੇਟ ਪਰਵਾਨ

ਉਸੇ ਪਿੰਡ ਅੰਦਰ ਸਿਦਕ ਪ੍ਰੇਮ-ਭਿੱਜੀ, ਹੈ ਸੀ ਇੱਕ ਰਹਿੰਦੀ ਸਿਦਕਵਾਨ ਮਾਈ
ਜਾਣੀ-ਜਾਣ ਜੀ ਨੂੰ ਸਦਾ ਪੂਜਦੀ ਸੀ, ਦਿਲੋਂ ਜਾਣ ਕੇ ਆਪਣੀ ਜਾਨ ਮਾਈ
ਉਹਨੂੰ ਸੱਦਿਆ ਸ੍ਰੀ ਦਸਮੇਸ਼ ਜੀ ਨੇ, ਛੇਤੀ ਆਣ ਕੇ ਲੈ ਜਾ ਮਾਨ ਮਾਈ
ਸਾਡੀ ਤਾਂਘ ਤੈਨੂੰ, ਤੇਰੀ ਤਾਂਘ ਸਾਨੂੰ, ਦੋਵੇਂ ਇੱਕ ਹਾਂ ਭਗਤ ਭਗਵਾਨ ਮਾਈ
ਅਸੀਂ ਚੱਲ ਕੇ ਆਏ ਹਾਂ ਕੋਲ ਤੇਰੇ, ਤੇਰਾ ਪ੍ਰੇਮ ਹੋ ਗਿਆ ਪਰਵਾਨ ਮਾਈ
ਖ਼ਬਰ ਸੁਣਦਿਆਂ ਈ ਸਮਝ ਹੁਕਮਨਾਮਾ, ਝੱਟ ਪੱਟ ਹੋ ਪਈ ਰਵਾਨ ਮਾਈ
ਸੋਹਣੇ ਦੀਦ ਕਰਕੇ ਠਰੀ ਜਿੰਦ ਉਹਦੀ, ਹੋਈ ਦਿਲ ਤੋਂ ਝੱਟ ਕੁਰਬਾਨ ਮਾਈ
'ਤੀਰ' ਗੁਰਾਂ ਨੇ ਹੱਸ ਪ੍ਰਵਾਨ ਕੀਤਾ, ਜੋ ਲਿਆਈ ਸੀ ਗਾੜ੍ਹੇ ਦਾ ਥਾਨ ਮਾਈ

### ਗ਼ਨੀ ਖਾਂ ਤੇ ਨਬੀ ਖਾਂ ਗੁਰ-ਚਰਨਾਂ ਦੇ ਭੌਰੇ (ਵੱਲੋਂ ਕਵੀ)

ਇਹ ਰੁਹੇਲੇ ਪਠਾਣ ਸੀ ਵੀਰ ਦੋਵੇਂ, ਸਦਾ ਗੁਰਾਂ ਦਾ ਹੁਕਮ ਵਜਾਂਵਦੇ ਰਹੇ
ਦਲ ਸ੍ਰੀ ਦਸਮੇਸ਼ ਦੇ ਵਿੱਚ ਰਹਿ ਕੇ, ਗੁਰੂ ਘਰ ਦੀ ਟਹਿਲ ਕਮਾਂਵਦੇ ਰਹੇ
ਕਦੇ ਕਦੇ ਸੁਦਾਗਰੀ ਰਹੇ ਕਰਦੇ, ਘੋੜੇ ਵਣਜਦੇ ਅਤੇ ਵਿਕਾਂਵਦੇ ਰਹੇ
'ਤੀਰ' ਹਰ ਥਾਵੇਂ, ਹਰ ਹਾਲ ਅੰਦਰ, ਐਪਰ ਦਿਲੋਂ ਦਸਮੇਸ਼ ਧਿਆਂਵਦੇ ਰਹੇ

### ਉਹਨਾਂ ਨੂੰ ਸਭ ਹਾਲ ਦਾ ਪਤਾ ਸੀ (ਵੱਲੋਂ ਕਵੀ)

ਦੋਵੇਂ ਜਾਣਦੇ ਸੀ ਚੰਗੀ ਤਰ੍ਹਾਂ ਦਿਲ ਤੋਂ, ਹੈਣ ਉੱਜੜੇ ਹੋਏ ਦਾਤਾਰ ਅੱਜ ਕੱਲ੍ਹ
ਵੈਰੀ ਆਪਦੀ ਜਾਨ ਦੀ ਬਣੀ ਹੋਈ, ਖਹਿੜੇ ਪਈ ਏ ਮੁਗ਼ਲ ਸਰਕਾਰ ਅੱਜ ਕੱਲ੍ਹ
ਪਿੱਛੇ ਆਪਦੇ ਪਏ ਨੇ ਹੱਥ ਧੋ ਕੇ, ਲੋਭੀ ਲਾਲਚੀ ਦੇਸ਼-ਗ਼ੱਦਾਰ ਅੱਜ ਕੱਲ੍ਹ
ਜਾਨ ਆਪਣੀ ਮੌਤ ਦੇ ਮੂੰਹ ਦੇਣੀ, ਨਾਲ ਇਹਨਾਂ ਦੇ ਪਾਲਣਾ ਪਿਆਰ ਅੱਜ ਕੱਲ੍ਹ
ਗਾਜ਼ੀ ਸੂਰਮੇਂ ਚੜ੍ਹੇ ਨੇ ਰੋਹ ਖਾ ਕੇ, ਸ਼ਾਇਦ ਦੇਣਗੇ ਗੁਰਾਂ ਨੂੰ ਮਾਰ ਅੱਜ ਕੱਲ੍ਹ
'ਤੀਰ' ਨਾਲ ਦਸਮੇਸ਼ ਦੇ ਪ੍ਰੀਤ ਪਾਣੀ, ਜਾਪੇ ਚੁੰਮਣੀ ਤੇਜ਼ ਤਲਵਾਰ ਅੱਜ ਕੱਲ੍ਹ

### ਦਸਮੇਸ਼ ਜੀ ਦੀ ਮਦਦ ਦੀ ਕੀ ਸਜ਼ਾ ਮਿਲੇਗੀ ? (ਵੱਲੋਂ ਕਵੀ)

ਇਹ ਵੀ ਜਾਣਦੇ ਸੀ ਜਿਹੜਾ ਏਸ ਵੇਲੇ, ਦਿਲੋਂ ਮਨੋ ਦਸਮੇਸ਼ ਦਾ ਯਾਰ ਬਣਸੀ
ਸ਼ਾਹੀ ਫ਼ੌਜ ਦੀ ਅੱਖ ਦਾ ਕਹਿਰ ਬਣਸੀ, ਪਾਤਸ਼ਾਹ ਦੀ ਅੱਖ ਦਾ ਖ਼ਾਰ ਬਣਸੀ
ਉਹਦਾ ਪੀੜਿਆ ਜਾਇਗਾ ਘਾਣ-ਬੱਚਾ, ਉਹਦਾ ਕੋਈ ਵੀ ਨਾ ਮਦਦਗਾਰ ਬਣਸੀ
ਸ਼ੁਗਲ ਏਸ ਵਿਚ ਜਾਇਗਾ ਰੁੱਝ ਜਿਹੜਾ, ਵੈਰੀ ਓਸਦੀ ਮੁਗ਼ਲ-ਸਰਕਾਰ ਬਣਸੀ
ਜਿਹੜਾ ਗੁਰੂ ਦੀ ਜਿੰਦ ਦਾ ਬਣੂ ਰਾਖਾ, ਮੌਤ ਓਸਦੇ ਗਲੇ ਦਾ ਹਾਰ ਬਣਸੀ
'ਤੀਰ' ਪ੍ਰੇਮ ਦਸਮੇਸ਼ ਨੂੰ ਕਰਨ ਵਾਲਾ, ਸ਼ਾਹੀ ਤੇਗ਼ ਦਾ ਇਕੋ ਈ ਵਾਰ ਬਣਸੀ

### ਉਹ ਇਹ ਵੀ ਜਾਣਦੇ ਸੀ (ਵੱਲੋਂ ਕਵੀ)

ਇਹ ਵੀ ਜਾਣਦੇ ਸੀ ਦੋਵੇਂ ਉਹ ਸਿਦਕੀ, ਸਿੱਖ ਓਹ ਅਸੀਂ ਮੁਸਲਮਾਨ ਦੋਵੇਂ
ਇਹ ਵੀ ਜਾਣਦੇ ਸੀ ਏਸ ਹਿੰਦ ਅੰਦਰ, ਵੱਖੋ ਵੱਖਰੇ ਨੇ ਖ਼ਾਨਦਾਨ ਦੋਵੇਂ
ਇਹ ਵੀ ਜਾਣਦੇ ਸੀ ਇਹਦੀ ਮੁੱਠ ਅੰਦਰ, ਕੀਤੇ ਹੈਣ ਖ਼ੁਦਾ ਜਹਾਨ ਦੋਵੇਂ
'ਤੀਰ' ਅੰਤ ਨੂੰ ਫ਼ੈਸਲਾ ਦੋਹਾਂ ਕੀਤਾ, ਜਿੰਦ ਕਰਾਂਗੇ ਹੱਸ ਕੁਰਬਾਨ ਦੋਵੇਂ

### ਦੋਹਾਂ ਭਰਾਵਾਂ ਸੇਵਾ ਕਰਨ ਦਾ ਪੱਕਾ ਫੈਸਲਾ ਕਰ ਲਿਆ

ਅਸੀਂ ਆਪਣੇ ਏਸ ਮਹਿਬੂਬ ਤਾਈਂ, ਸੱਚਾ ਕਰਾਂਗੇ ਸਦਾ ਪਿਆਰ ਦਿਲ ਤੋਂ
ਅਸੀਂ ਏਸਦੇ ਕਦਮਾਂ ਦੀ ਖ਼ਾਕ ਦੋਵੇਂ, ਸਾਨੂੰ ਭਾਂਵਦਾ ਇਹੋ ਦਿਲਦਾਰ ਦਿਲ ਤੋਂ

ਭਾਵੇਂ ਮਿਲੇ ਜੀਵਨ ਭਾਵੇਂ ਮੌਤ ਆਵੇ, ਲੱਥ ਸੱਕਦਾ ਨਾ ਕਦੇ ਯਾਰ ਦਿਲ ਤੋਂ
'ਤੀਰ' ਯਾਰ ਲਈ ਮੌਤ ਮਨਜ਼ੂਰ ਸਾਨੂੰ, ਲੀਤੀ ਅਸਾਂ ਹੈ ਧਾਰਨਾ ਧਾਰ ਦਿਲ ਤੋਂ

### ਦਿਲਾਂ ਨੂੰ ਦਿਲਾਂ ਦੇ ਰਾਹ (ਵੱਲੋਂ ਕਵੀ)

ਜਾਨੀ-ਜਾਨ ਜੀ ਵੀ ਦਿਲੋਂ ਜਾਣਦੇ ਸੀ, ਸੁੱਚੇ ਹੈਨ ਮੇਰੇ ਸਿਦਕਵਾਨ ਦਿਲ ਤੋਂ
ਮੇਰੀ ਉਨ੍ਹਾਂ ਪ੍ਰੀਤ ਪਰਵਾਨ ਕੀਤੀ, ਕੀਤੇ ਮੈਂ ਵੀ ਹੈਣ ਪਰਵਾਨ ਦਿਲ ਤੋਂ
ਝੱਟ ਆਪਣਾ ਉਨ੍ਹਾਂ ਨੂੰ ਪਤਾ ਦਿੱਤਾ, ਜਾਨੀ-ਜਾਣ ਹੋਏ ਮਿਹਰਵਾਨ ਦਿਲ ਤੋਂ
'ਤੀਰ' ਭਗਤ ਜੋ ਪ੍ਰੀਤ ਦੇ ਹੋਣ ਭੌਰੇ, ਚਾਹੇ ਉਨ੍ਹਾਂ ਨੂੰ ਸਦਾ ਭਗਵਾਨ ਦਿਲ ਤੋਂ

### ਗ਼ਨੀ ਖਾਂ ਤੇ ਨਬੀ ਖਾਂ ਸਤਿਗੁਰਾਂ ਦੀ ਹਜ਼ੂਰੀ ਵਿਚ (ਵੱਲੋਂ ਕਵੀ)

ਜਦੋਂ ਖ਼ਬਰ ਪੁੱਜੀ ਦੋਹਾਂ ਸਾਦਕਾਂ ਨੂੰ, ਝੱਟ ਪਾਸ ਦਸਮੇਸ਼ ਦੇ ਆਏ ਵੇਖੋ
ਛਾਲੇ ਵੇਖ ਫਿਸਦੇ ਚਰਨਾਂ ਸੋਹਣਿਆਂ ਦੇ, ਰੋ ਰੋ ਦੁਹਾਂ ਨੇ ਨੈਣ ਵਹਾਏ ਵੇਖੋ
ਚੀਸਾਂ ਪੈਂਦੀਆਂ ਵੇਖ ਦਸਮੇਸ਼ ਜੀ ਨੂੰ, ਤੜਫ਼ ਪਏ ਤੇ ਬੜੇ ਘਬਰਾਏ ਵੇਖੋ
'ਤੀਰ' ਕਰਨੀਆਂ ਤੋਲ ਦਸਮੇਸ਼ ਦੀਆਂ, ਦੋਹਾਂ ਸਿਦਕ ਵਿਚ ਸੀਸ ਨਿਵਾਏ ਵੇਖੋ

### ਗ਼ਨੀ ਖਾਂ ਤੇ ਨਬੀ ਖਾਂ ਦੀ ਅਰਜ਼ੋਈ

ਹੱਥ ਜੋੜ ਦੋਵੇਂ ਏਦਾਂ ਕਹਿਣ ਲੱਗੇ, ਅਸੀਂ ਰਹਾਂਗੇ ਆਗਿਆਕਾਰ ਦੋਵੇਂ
ਓ ਮਹਿਬੂਬ! ਹੰਝੂ ਦੇ ਕੇ ਮੰਗਦੇ ਹਾਂ, ਸਦਾ ਵਾਸਤੇ ਦਿਲੋਂ ਦੀਦਾਰ ਦੋਵੇਂ
ਸਾਡਾ ਮਰਨ ਜੀਵਨ ਤੇਰੇ ਵੱਸ ਹੋਇਆ! ਅਸੀਂ ਹੋਏ ਹਾਂ ਦਿਲੋਂ ਬਲਿਹਾਰ ਦੋਵੇਂ
ਲੋੜ ਪਈ ਤਾਂ ਹੱਸ ਕੇ ਵਾਂਗ ਮਰਦਾਂ, ਜਾਨਾਂ ਦੇਸ਼ ਤੋਂ ਦਿਆਂਗੇ ਵਾਰ ਦੋਵੇਂ
ਅਸੀਂ ਆਪਦੀ ਰੱਖਿਆ ਲਈ ਦਾਤਾ, ਚੱਖ ਲਵਾਂਗੇ ਤੇਗ਼ ਦੀ ਧਾਰ ਦੋਵੇਂ
'ਤੀਰ' ਜੱਗ ਅੰਦਰ ਮੁਸਲਮਾਨ ਹੋ ਕੇ, ਨਾਲ ਪਾਲਾਂਗੇ ਤੇਰੇ ਪਿਆਰ ਦੋਵੇਂ

### ਨਵੀਂ ਸਲਾਹ (ਵੱਲੋਂ ਕਵੀ)

ਅੰਤ ਦੇਰ ਦੀ ਸੋਚ-ਵਿਚਾਰ ਪਿੱਛੋਂ, ਨਵੀਂ ਇਹ ਸਲਾਹ ਪਕਾਈ ਉਹਨਾਂ
ਰੇਜਾ ਰੰਗ ਮਾਈ ਵਾਲਾ ਖ਼ੂਬ ਨੀਲਾ, ਨੀਲੀ ਇੱਕ ਪੁਸ਼ਾਕ ਸਵਾਈ ਉਹਨਾਂ
ਮੇਰੇ ਕਲਗੀਆਂ ਵਾਲੇ ਨੂੰ ਉਸੇ ਵੇਲੇ, ਨਾਲ ਅਦਬ ਦੇ ਆਪ ਪਹਿਨਾਈ ਉਹਨਾਂ
ਤਿਨਾਂ ਪਿਆਰਿਆਂ ਲਈ ਵੀ ਇਹੋ ਵਰਦੀ, ਇਸ ਢੰਗ ਦੇ ਨਾਲ ਬਣਾਈ ਉਹਨਾਂ
ਪਿੱਛੇ ਕੇਸ ਸੁੱਟੇ, ਵੇਸ ਸੱਯਦਾਂ ਦਾ, ਗੱਲ ਵਿਚ ਏਹ ਗੱਲ ਸਮਝਾਈ ਉਹਨਾਂ
ਜਾਨੀ-ਜਾਨ ਦੇ ਵਾਸਤੇ ਉਸੇ ਵੇਲੇ, ਫੇਰ ਪਾਲਕੀ ਇਕ ਮੰਗਾਈ ਉਹਨਾਂ
ਉਹਦੇ ਵਿਚ ਦਸਮੇਸ਼ ਜੀ ਆਪ ਬੈਠੇ, ਕਲਾ ਵੇਖ ਲਓ ਨਵੀਂ ਵਰਤਾਈ ਉਹਨਾਂ
ਧਰਮ ਸਿੰਘ ਤੇ ਮਾਨ ਸਿੰਘ ਹੋਏ ਪਿੱਛੇ, ਏਦਾਂ ਦਿੱਲ ਦੀ ਪ੍ਰੀਤ ਵਧਾਈ ਉਹਨਾਂ

ਅੱਗੇ ਗ਼ਨੀ ਖਾਂ ਨਬੀ ਖਾਂ ਵੀਰ ਦੋਵੇਂ, ਲਈ ਟਹਿਲ ਦੀ ਇਉਂ ਵਡਿਆਈ ਉਹਨਾਂ
ਦਇਆ ਸਿੰਘ ਜੀ ਚੌਰ ਬਰਦਾਰ ਹੋਏ, ਗੁਰੂ-ਪਾਲਕੀ ਰਲ ਉਠਾਈ ਉਹਨਾਂ
ਟੁਰੇ ਇਉਂ ਕੌਤਕਹਾਰ ਰੱਚ ਕੌਤਕ, ਮਿੱਟੀ ਅੱਖੀਂ ਗ਼ੱਦਾਰਾਂ ਦੀ ਪਾਈ ਉਹਨਾਂ
'ਤੀਰ' ਇਸ ਤਰ੍ਹਾਂ ਸਿੱਖਾਂ ਤੇ ਮੋਮਨਾਂ ਦੀ, ਸਦਾ ਵਾਸਤੇ ਸਾਂਝ ਰਲਾਈ ਉਹਨਾਂ

## ਉੱਚ ਦੇ ਪੀਰ (ਵੱਲੋਂ ਕਵੀ)

ਲਓ ਜੀ ਔਹ ਵੇਖੋ, ਸਿਦਕਵਾਨ ਪੰਜੇ, ਭਿੱਜੇ ਸਿਦਕ ਅੰਦਰ ਚਲੇ ਜਾਂਵਦੇ ਜੇ
ਚੁੱਕੀ ਪਾਲਕੀ ਪ੍ਰੀਤ ਸਤਕਾਰ ਅੰਦਰ, ਉਹਨੂੰ ਤੁਰਦਿਆਂ ਸੀਸ ਨਿਵਾਂਵਦੇ ਜੇ
ਪੁੱਛੇ ਕੋਈ ਤਾਂ ਉਸਨੂੰ ਦਯਾ ਸਿੰਘ ਜੀ, ਅੱਗੋਂ ਝੱਟ ਇਸ ਤਰ੍ਹਾਂ ਸੁਣਾਂਵਦੇ ਜੇ
'ਜੀ ਇਹ ਉੱਚ ਦੇ ਪੀਰ ਨੇ ਵਲੀ-ਅੱਲਾ, ਨਾਲ ਨਿਗ੍ਹਾ ਦੇ ਦੁੱਖ ਗਵਾਂਵਦੇ ਜੇ'
ਲੋਕੀਂ ਆ ਆ ਕੇ ਰਾਹ ਪੰਧ ਅੰਦਰ, ਚਰਨ-ਧੂੜ ਮੱਥੇ ਉੱਤੇ ਲਾਂਵਦੇ ਜੇ
ਜਦੋਂ ਕੋਈ ਆ ਕੇ ਮੁਸਲਮਾਨ ਪੁੱਛੇ, ਗ਼ਨੀ ਨਬੀ ਖਾਂ ਉਹਨੂੰ ਸਮਝਾਂਵਦੇ ਜੇ
ਏਦਾਂ ਸ੍ਰੀ ਦਸਮੇਸ਼ ਦੇ ਵੈਰੀਆਂ ਦੀ, ਅੱਖੀਂ ਪਏ ਘੱਟਾ ਸੇਵਕ ਪਾਂਵਦੇ ਜੇ
'ਤੀਰ' ਏਸ ਤੋਂ ਵੀ ਅੱਗੇ ਹੋਰ ਵੇਖੋ, ਜਾਣੀ-ਜਾਣ ਕੀ ਚੋਜ ਵਰਤਾਂਵਦੇ ਜੇ

## ਕਰੜੀ ਪੁੱਛ ਪੜਤਾਲ (ਵੱਲੋਂ ਕਵੀ)

ਰਾਹੇ ਜਾਂਦਿਆਂ ਜਾਂਦਿਆਂ ਕੁਦਰਤੋਂ ਈਂ, ਸਮੇਂ ਤਾਣਿਆ ਆਪਣਾ ਜਾਲ ਵੇਖੋ
ਹੋਇਆ ਟਾਕਰਾ ਉੱਚ ਦੇ ਪੀਰ ਜੀ ਦਾ, ਇੱਕਾ ਇੱਕ ਸ਼ਾਹੀ ਫ਼ੌਜ ਨਾਲ ਵੇਖੋ
ਸ਼ਾਹੀ ਫ਼ੌਜ ਦਾ ਇਹ ਸੀ ਇੱਕ ਹਿੱਸਾ, ਕਰ ਰਿਹਾ ਸੀ ਗੁਰਾਂ ਦੀ ਭਾਲ ਵੇਖੋ
ਉਹਦੇ ਇੱਕ ਸਰਦਾਰ ਨੇ ਵੇਖਦੇ ਹੀ, ਕੀਤੀ ਖ਼ੂਬ ਆ ਪੁੱਛ ਪੜਤਾਲ ਵੇਖੋ
ਔਪਰ ਚਤਰ ਪਠਾਣ ਨਾ ਰਤਾ ਥਿੜਕੇ, ਕੀਤਾ ਦੋਹਾਂ ਨੇ ਖ਼ੂਬ ਕਮਾਲ ਵੇਖੋ
ਤਾੜ ਤਾੜ ਕੇ ਉਹਨਾਂ ਜਵਾਬ ਦਿੱਤੇ, ਹੋਏ ਜੋ ਜੋ ਸੁਖਨ-ਸਵਾਲ ਵੇਖੋ
ਜੀ ਇਹ ਉੱਚ ਦੇ ਪੀਰ ਨੇ ਪਏ ਜਾਂਦੇ, ਮੁਰਸ਼ਦ ਹੈਣ ਸਾਡੇ ਅੰਗਪਾਲ ਵੇਖੋ
'ਤੀਰ' ਸੀ ਸਰਦਾਰ ਚਲਾਕ ਭਾਰਾ, ਉਹਨੇ ਹੋਰ ਖੇਡੀ ਅੱਗੋਂ ਚਾਲ ਵੇਖੋ

## ਫ਼ੌਜੀ ਸਰਦਾਰ ਦੀ ਚਲਾਕੀ

ਪਰਖ ਲਈ ਸਰਦਾਰ ਨੇ ਗੱਲ ਕੀਤੀ, ਖਾਣਾ ਅੱਜ ਮੇਰੇ ਡੇਰੇ ਖਾਵਣਾ ਜੇ
ਧੰਨ ਭਾਗ ਮੇਰੇ, ਮੇਰੇ ਕੋਲ ਡੇਰੇ, ਹੋਇਆ ਉੱਚ ਦੇ ਪੀਰ ਦਾ ਆਵਣਾ ਜੇ
ਨਾਲੇ ਉੱਚ ਦੇ ਪੀਰ ਨੂੰ ਕਹਿਣ ਲੱਗਾ, ਮੈਂ ਵੀ ਅੱਜ ਮੁਰੀਦ ਸਦਾਵਣਾ ਜੇ
'ਤੀਰ' ਚੋਜੀਆਂ ਗੁਰਾਂ ਨੇ ਏਸ ਥਾਂ ਵੀ, ਵੇਖੋ ਚੋਜ ਅਸਚਰਜ ਵਰਤਾਵਣਾ ਜੇ

### ਊੱਚ ਦੇ ਪੀਰ ਜੀ ਕਹਿੰਦੇ ਹਨ

ਬੋਲੇ ਇਸ ਤਰ੍ਹਾਂ ਊੱਚ ਦੇ ਪੀਰ! ਅੱਗੋਂ, ਤੇਰਾ ਰੱਖਿਆ ਦਿਲ ਤੋਂ ਮਾਣ ਖ਼ਾਨਾ
ਤੇਰਾ ਨਿਉਂਦਾ ਵੇਖ ਪ੍ਰੀਤ ਤੇਰੀ, ਮੈਨੂੰ ਖ਼ੁਸ਼ੀ ਦੇ ਨਾਲ ਪਰਵਾਨ ਖ਼ਾਨਾ
ਪਰ ਆਪ 'ਤੇ ਰੱਖਿਆ ਹੈ ਰੋਜ਼ਾ, ਕਿਉਂਕਿ ਜੋੜਦਾ ਹਾਂ ਮੈਂ ਧਿਆਨ ਖ਼ਾਨਾ
'ਤੀਰ' ਖਾਣਗੇ ਆਣ ਮੁਰੀਦ ਮੇਰੇ, ਹਾਂ ਮੈਂ ਜਿਨ੍ਹਾਂ ਦੀ ਜਾਨ ਦੀ ਜਾਨ ਖ਼ਾਨਾ

### ਊੱਚ ਦੇ ਪੀਰ ਫੇਰ ਕਹਿੰਦੇ ਹਨ

ਜੇ ਤੂੰ ਇਨ੍ਹਾਂ ਨੂੰ ਅੱਜ ਪਰਸੰਨ ਕੀਤਾ, ਮੈਨੂੰ ਜਾਣ ਲੈ ਦਿਲੋਂ ਰੀਝਾ ਲੀਤਾ
ਜੇਕਰ ਇਨ੍ਹਾਂ ਤੇਰਾ ਖਾਣਾ ਖਾ ਲੀਤਾ, ਜਾਣ ਊੱਚ ਦੇ ਪੀਰ ਨੇ ਖਾ ਲੀਤਾ
ਜੇ ਤੂੰ ਏਹਨਾਂ ਪੰਜਾਂ ਨੂੰ ਰਜਾ ਲੀਤਾ, ਮੈਨੂੰ ਜਾਣ ਤੂੰ ਖ਼ੂਬ ਰਜਾ ਲੀਤਾ
'ਤੀਰ' ਵੀਰ ਜੇ ਇਨ੍ਹਾਂ ਨੂੰ ਜਾਣਿਆ ਤੂੰ, ਮੈਨੂੰ ਜਾਣ ਤੂੰ ਮੁਰਸ਼ਦ ਬਣਾ ਲੀਤਾ

### ਸਤਿਗੁਰਾਂ ਦਾ ਤਿੰਨਾਂ ਸਿੱਖਾਂ ਨੂੰ ਹੁਕਮ

ਰੋਟੀ ਆਖ ਸਰਦਾਰ ਜਾਂ ਚਲਾ ਗਿਆ, ਕੀਤਾ ਸ਼ੁਰੂ ਜਾ ਖਾਣਾ ਤਿਆਰ ਕਰਨਾ
ਏਧਰ ਗੁਰਾਂ ਨੇ ਕਿਹਾ ਪਿਆਰਿਆਂ ਨੂੰ, ਬੇਟਾ ਤੁਸਾਂ ਨਾ ਕੋਈ ਵਿਚਾਰ ਕਰਨਾ
ਕਰਕੇ ਭੇਟ ਕ੍ਰਿਪਾਨ ਸਭ ਛਕ ਲੈਣਾ, ਖ਼ੂਬ ਰੱਜ ਕੇ ਅੱਜ ਅਹਾਰ ਕਰਨਾ
'ਤਵਪ੍ਰਸਾਦ' ਕਹਿ 'ਭਰਮ ਦਾ ਨਾਸ' ਕਹਿ ਕੇ, ਰਾਜ਼ੀ ਇਸ ਤਰ੍ਹਾਂ 'ਤੀਰ' ਸਰਦਾਰ ਕਰਨਾ

### ਵੱਲੋਂ ਕਵੀ

ਆਖਰ ਅੰਨ ਸਰਦਾਰ ਦਾ ਜਾ ਛਕਿਆ, ਪੰਜਾਂ ਸੇਵਕਾਂ ਛੱਡ ਵਿਚਾਰ ਦਿਲ ਤੋਂ
ਕੀਤੀ ਭੇਟ ਕ੍ਰਿਪਾਨ ਤੇ ਭੋਗ ਲਾਇਆ, ਕੀਤਾ ਸਤਿਗੁਰਾਂ ਨਾਲ ਪਿਆਰ ਦਿਲ ਤੋਂ
ਐਪਰ ਫੇਰ ਵੀ ਸ਼ੱਕ ਦੇ ਵਿਚ ਰਿਹਾ, ਮੰਨ ਸੱਕਿਆ ਨਾ ਸਰਦਾਰ ਦਿਲ ਤੋਂ
'ਤੀਰ' ਊੱਚ ਦੇ ਪੀਰ ਨੂੰ ਪਰਖਣੇ ਦੀ, ਸੋਚੀ ਹੋਰ ਇਕ ਓਸਨੇ ਕਾਰ ਦਿਲ ਤੋਂ

### ਸਰਦਾਰ ਨੇ ਗੁਰੂ ਜੀ ਨੂੰ ਪਛਾਣਨ ਲਈ ਕਾਜ਼ੀ ਪੀਰ ਮੁਹੰਮਦ ਨੂੰ ਸੱਦਿਆ

ਉਹਨੇ ਆਦਮੀ ਭੇਜ ਕੇ ਉਸੇ ਵੇਲੇ, ਕਾਜ਼ੀ ਪੀਰ ਮੁਹੰਮਦ ਸਦਵਾਇਆ ਏ
ਓਹਨੂੰ ਕਿਹਾ ਪਛਾਣ ਕੇ ਦੱਸ ਮੈਨੂੰ, ਇਨ੍ਹਾਂ ਕੀ ਇਹ ਸਾਂਗ ਬਣਾਇਆ ਏ
ਠੀਕ ਊੱਚ ਦਾ ਪੀਰ ਹੈ ਇਹ ਜਾਂਦਾ, ਜਾਂ ਕਿ ਏਸ ਵਿਚ ਭੇਦ ਲੁਕਾਇਆ ਏ
'ਤੀਰ' ਹੋਏ ਨਾ ਕਿਤੇ ਦਸਮੇਸ਼ ਇਹੋ, ਜਿਨ੍ਹੇ ਵਖ਼ਤ ਸਰਕਾਰ ਨੂੰ ਪਾਇਆ ਏ

### ਕਾਜ਼ੀ ਪੀਰ ਮੁਹੰਮਦ ਕੌਣ ਸੀ (ਵੱਲੋਂ ਕਵੀ)

ਕਾਜ਼ੀ ਇਹ ਸੀ ਰੱਬ ਦੇ ਤਰਸ ਵਾਲਾ, ਨਾਲੇ ਸੱਚਮੁੱਚ ਦਾ ਮੁਸਲਮਾਨ ਹੈ ਸੀ

ਸ਼ਰਧਾਵਾਨ ਇਹ ਸ੍ਰੀ ਦਸਮੇਸ਼ ਦਾ ਸੀ, ਦਿਲੋਂ ਵਾਰਦਾ ਗੁਰਾਂ ਤੇ ਜਾਨ ਹੈ ਸੀ
ਇਹ ਤਾਂ ਠੀਕ ਸੀ ਕਿ ਜਾਨੀ-ਜਾਣ ਜੀ ਨੂੰ, ਲਿਆ ਓਸਨੇ ਝੱਟ ਪਛਾਨ ਹੈ ਸੀ
'ਤੀਰ' ਇਹ ਵੀ ਖ਼ੂਬ ਪਰ ਜਾਣਦਾ ਸੀ, ਕਿ ਸਰਦਾਰ ਚਲਾਕ ਸ਼ੈਤਾਨ ਹੈ ਸੀ

### ਕਾਜ਼ੀ ਪੀਰ ਮੁਹੰਮਦ ਆਖਦਾ ਹੈ

ਕਾਜ਼ੀ ਬੋਲਿਆ ਝੱਟ ਸਰਦਾਰ ਤਾਈਂ, ਭਾਈ ਬੋਲਿਆ! ਕਰ ਵਿਚਾਰ ਨਾ ਤੂੰ
ਨਹੀਂ ਇਹ ਦਸਮੇਸ਼, ਦਰਵੇਸ਼ ਕੋਈ, ਕੋਈ ਹੋਰ ਈ ਧਾਰਨਾ ਧਾਰ ਨਾ ਤੂੰ
ਠੀਕ ਉੱਚ ਦੇ ਪੀਰ ਨੇ ਇਹ ਕਾਮਲ, ਕਰਕੇ ਸ਼ੱਕ ਐਵੇਂ ਲੋੜ੍ਹਾ ਮਾਰ ਨਾ ਤੂੰ
'ਤੀਰ' ਨਿਉਂਕੇ ਭੁਲ ਬਖਸ਼ਾ ਛੇਤੀ, ਐਵੇਂ ਚੁੱਕ ਗੁਨਾਹਾਂ ਦਾ ਭਾਰ ਨਾ ਤੂੰ

### ਕਾਜ਼ੀ ਫੇਰ ਕਹਿੰਦਾ ਹੈ

ਹੱਥ ਜੋੜ ਕੇ ਭੁੱਲ ਬਖਸ਼ਾ ਅਪਣੀ, ਆਖ ਜਿਥੇ ਰਜ਼ਾ ਹੈ ਚਲੇ ਜਾਓ
ਕੋਈ ਦੇ ਨਾ ਬੱਦ ਦੁਆ ਜਾਣੀ, ਮੈਥੋਂ ਹੋਈ ਖ਼ਤਾ ਹੈ ਚਲੇ ਜਾਓ
ਹੋਏ ਤੁਸੀਂ ਮੋਮਨ ਨਾਲੇ ਅਸੀਂ ਮੋਮਨ, ਸਾਡਾ ਪ੍ਰੇਮ ਤੇ ਭਾ ਹੈ ਚਲੇ ਜਾਓ
'ਤੀਰ' ਮੈਂ ਨਹੀਂ ਆਪ ਨੂੰ ਕੁਝ ਕਹਿੰਦਾ, ਜ਼ਾਮਨ ਵਿੱਚ ਖ਼ੁਦਾ ਹੈ ਚਲੇ ਜਾਓ

### ਫ਼ੌਜੀ ਸਰਦਾਰ ਨੇ ਭੁੱਲ ਬਖਸ਼ਾਈ

ਹੱਥ ਜੋੜ ਸਰਦਾਰ ਨੇ ਅਰਜ਼ ਕੀਤੀ, ਮਾਫ਼ ਪੀਰ ਜੀ! ਮੇਰੀ ਖ਼ਤਾ ਹੋਵੇ
ਭੁੱਲਣ-ਹਾਰ ਬੰਦਾ ਐਵੇਂ ਭੁੱਲ ਗਿਆ, ਕੀਤੀ ਭੁੱਲ ਦਾ ਇਉਂ ਉਪਾਅ ਹੋਵੇ
ਮੰਨੇ ਭੁੱਲ ਜੋ ਬਖ਼ਸ਼ਿਆ ਜਾਏ ਉਹੋ, ਉਹਦੇ ਹੱਕ ਦੇ ਵਿਚ ਦੁਆ ਹੋਵੇ
'ਤੀਰ' ਮਾਫ਼ ਕਰ ਦਿਓ ਗੁਨਾਹ ਮੇਰਾ, ਜਾਓ ਜਿੱਸ ਪਾਸੇ ਦੀ ਰਜ਼ਾ ਹੋਵੇ

### ਅਗਲਾ ਪੰਧ (ਵੱਲੋਂ ਕਵੀ)

ਏਦਾਂ ਚੋਜ ਵਰਤਾ ਕੇ ਹੋਰ ਅੱਗੇ, ਟੁਰੇ ਪੰਜੇ ਮੁਰੀਦ ਤੇ ਪੀਰ ਵੇਖੋ
ਪੀਰ ਪਾਲਕੀ ਵਿੱਚ, ਮੁਰੀਦ ਪੈਦਲ, ਪੰਧ ਕੱਟਦੇ ਛੇ ਸਰੀਰ ਵੇਖੋ
ਨੀਲਾ ਵੇਸ ਦਰਵੇਸ਼ ਦਾ ਅਜਬ ਸੋਹੇ, ਨਵੀਂ ਤਰ੍ਹਾਂ ਦੀ ਨਵੀਂ ਤਸਵੀਰ ਵੇਖੋ
ਨਵੇਂ ਰੂਪ ਅੰਦਰ ਨਵੇਂ ਰੰਗ ਅੰਦਰ, ਜਾਂਦੀ ਦੇਸ਼ ਦੀ ਪਈ ਤਕਦੀਰ ਵੇਖੋ
ਜਾਣੇ ਰੱਬ ਕਿਹੜੇ ਪਾਸੇ ਪਈ ਜਾਂਦੀ, ਇਹ ਅਨੋਖੜੀ ਪ੍ਰੇਮ-ਵਹੀਰ ਵੇਖੋ
ਗੁੱਝੇ ਚੋਜ ਕੋਈ ਇਹਦੀ ਚਾਲ ਅੰਦਰ, ਖੇਡ ਖੇਡਦਾ ਪਿਆ ਫ਼ਕੀਰ ਵੇਖੋ
ਫ਼ਕਰ-ਰੂਪ ਨੇ ਭਾਵੇਂ ਮੁਰੀਦ ਇਸਦੇ, ਪੰਜੇ ਜਾਪਦੇ ਪਰ ਸੂਰਬੀਰ ਵੇਖੋ
ਕਿਧਰ ਜਾਂਵਦੇ ਨੇ ਕਿਥੇ ਜਾਂਵਦੇ ਨੇ, ਕਿਧਰ ਚੱਲਦੇ ਨੇ ਤੁਸੀਂ 'ਤੀਰ' ਵੇਖੋ

### ਮਹੰਤ ਕਿਰਪਾਲ ਨਾਲ ਮੇਲ (ਵੱਲੋਂ ਕਵੀ)

ਸਣੇ ਸਾਦਕਾਂ ਦੇ ਜਦੋਂ ਹੇਹੜ* ਪੁੱਜੇ, ਉਥੇ ਆਣ ਮਹੰਤ ਕਿਰਪਾਲ** ਮਿਲਿਆ
ਜਾਣੀ-ਜਾਣ ਨੂੰ ਵੇਖ ਡੰਡੌਤ ਕੀਤੀ, ਹੱਥ ਜੋੜ ਕੇ ਸਿਦਕ ਦੇ ਨਾਲ ਮਿਲਿਆ
ਐਪਰ ਗੁਰੂ ਜੀ ਦੇ ਉਲਟ ਰਾਜ ਵੱਲੋਂ, ਸੀ ਮਹੰਤ ਨੂੰ ਖ਼ਾਸ ਖ਼ਿਆਲ ਮਿਲਿਆ
'ਤੀਰ' ਪੈ ਗਿਆ ਡਰ ਹਕੂਮਤਾਂ ਦਾ, ਖ਼ੂਬ ਆਪਣਾ ਆਪ ਸੰਭਾਲ ਮਿਲਿਆ

### ਮਹੰਤ ਕਿਰਪਾਲ ਨੂੰ ਹਕੂਮਤ ਦਾ ਡਰ (ਵੱਲੋਂ ਕਵੀ)

ਭਾਵੇਂ ਚਾਂਵ੍ਹਦਾ ਸੀ ਸੇਵਾ ਟਹਿਲ ਕਰਨੀ, ਡਰ ਵੱਸ ਨਾ ਐਪਰ ਕਮਾ ਸਕਿਆ
ਚਾਂਹਦਾ ਅੱਖੀਆਂ ਉੱਤੇ ਟਿਕਾਵਣਾ ਸੀ, ਘਰ ਵਿਚ ਨਾ ਤਾਂ ਵੀ ਟਿਕਾ ਸਕਿਆ
ਕੋਲ ਗੁਰੂ ਦਸਮੇਸ਼ ਨੂੰ ਰੱਖ ਲੈਂਦਾ, ਐਪਰ ਹੌਸਲੇ ਵਿਚ ਨਾ ਆ ਸਕਿਆ
'ਤੀਰ' ਦੱਸਿਆ ਉਹਨੇ ਦਸਮੇਸ਼ ਜੀ ਨੂੰ, ਗੱਲ ਦਿਲ ਦੀ ਨਹੀਂ ਲੁਕਾ ਸਕਿਆ

### ਗ਼ਨੀ ਖਾਂ ਨਬੀ ਖਾਂ ਦੀ ਚਾਹ (ਵੱਲੋਂ ਕਵੀ)

ਭਾਵੇਂ ਗ਼ਨੀ ਖਾਂ ਨਬੀ ਖਾਂ ਮਜ਼ਹਬ ਕਰਕੇ, ਮੁਸਲਮਾਨ ਸਨ ਕੌਮ ਪਠਾਨ ਦੋਵੇਂ
ਐਪਰ ਸ੍ਰੀ ਦਸਮੇਸ਼ ਦੇ ਭੌਰ ਹੈਸਨ, ਸਿਦਕ ਪੁੰਜ ਹੈਸਨ ਸਿਦਕਵਾਨ ਦੋਵੇਂ
ਉਹ ਤਾਂ ਸ੍ਰੀ ਦਸਮੇਸ਼ ਤੋਂ ਚਾਂਹਵਦੇ ਸੀ, ਵੇਲੇ ਲੋੜ ਦੇ ਵਾਰਨੀ ਜਾਨ ਦੋਵੇਂ
ਹੱਥ ਜੋੜ ਕੇ 'ਤੀਰ' ਜੀ ਕਹਿਣ ਲੱਗੇ, ਦਿਲੋਂ ਮਨੋ ਹੋ ਇੱਕ ਜ਼ਬਾਨ ਦੋਵੇਂ

### ਦੋਵੇਂ ਪਠਾਣ ਵੀਰ ਆਖਦੇ ਹਨ

ਓ ਦਿਲਦਾਰ ਜੀ! ਰਤਾ ਨਾ ਕਰੋ ਚਿੰਤਾ, ਹੱਸ ਦੁਖੜੇ ਜਰਾਂਗੇ ਅਸੀਂ ਦੋਵੇਂ
ਦਿਲੋਂ ਮਨੋ ਹਾਂ ਆਪਦੇ ਅਸੀਂ ਗੋਲੇ, ਕਾਰ ਹੁਕਮ ਵਿਚ ਕਰਾਂਗੇ ਅਸੀਂ ਦੋਵੇਂ
ਆਪ ਕਰੋਗੇ ਹੁਕਮ ਤਾਂ ਵੇਖ ਲੈਣਾ, ਪੈਰ ਅੱਗ ਵਿਚ ਧਰਾਂਗੇ ਅਸੀਂ ਦੋਵੇਂ
ਸੈਨਤ ਆਪ ਦੀ 'ਤੇ ਸੱਚ ਆਖਦੇ ਹਾਂ, ਵਹਿਣ ਰੱਤ ਦੇ ਤਰਾਂਗੇ ਅਸੀਂ ਦੋਵੇਂ
ਭਾਵੇਂ ਤੇਗ਼ ਦੀ ਧਾਰ ਤੇ ਗਲਾ ਹੋਵੇ, ਦੱਮ ਪ੍ਰੀਤ ਦਾ ਭਰਾਂਗੇ ਅਸੀਂ ਦੋਵੇਂ
ਜੇਕਰ ਸੂਲੀਆਂ 'ਤੇ ਚੜ੍ਹਨਾ ਪਿਆ ਸਾਨੂੰ, ਜਾਣੋ ਪੱਕ ਨਾ ਡਰਾਂਗੇ ਅਸੀਂ ਦੋਵੇਂ
ਜੇਕਰ ਆਪ ਉਤੇ ਕਿਸੇ ਵਾਰ ਕੀਤਾ, ਵਾਰ ਰੋਕ ਕੇ ਮਰਾਂਗੇ ਅਸੀਂ ਦੋਵੇਂ
ਸਾਨੂੰ ਸਾਹਿਬੋ! ਆਪਣੇ ਕੋਲ ਰੱਖੋ, ਦੀਦ ਕਰ ਕਰ ਠਰਾਂਗੇ ਅਸੀਂ ਦੋਵੇਂ
ਕਦੇ ਦਿਲ ਤੋਂ ਪ੍ਰੀਤ ਪਿਆਰ ਵਾਲੀ, ਬਾਜ਼ੀ ਮੂਲ ਨਾ ਹਰਾਂਗੇ ਅਸੀਂ ਦੋਵੇਂ
'ਤੀਰ' ਵੱਸ ਕੇ ਆਪਦੇ ਹੁਕਮ ਅੰਦਰ, ਲਾੜ੍ਹੀ ਮੌਤ ਨੂੰ ਵਰਾਂਗੇ ਅਸੀਂ ਦੋਵੇਂ

---

* ਇਹ ਪਿੰਡ ਜ਼ਿਲ੍ਹਾ ਲੁਧਿਆਣਾ ਵਿਚ ਹੈ।

** ਉਹ ਮਹੰਤ ਕਿਰਪਾਲ ਜਿਸ ਨੇ ਭੰਗਾਣੀ ਦੇ ਯੁੱਧ ਵਿਚ ਹਠੀ ਹਯਾਤ ਖਾਂ ਨੂੰ ਕੁਤਕੇ ਮਾਰਿਆ ਸੀ।

### ਉਹ ਫਿਰ ਕਹਿੰਦੇ ਹਨ

ਸਾਨੂੰ ਰੀਝ ਹੈ ਆਪ ਦੇ ਦਰਸ਼ਨਾਂ ਦੀ, ਦੀਦ ਨਿਤ ਸਾਨੂੰ ਜਾਨੀ-ਜਾਨ ਬਖ਼ਸ਼ੋ
ਅਸੀਂ ਵੱਸੀਏ ਆਪ ਦੇ ਕੋਲ ਦਾਤਾ, ਸਾਨੂੰ ਨਿੱਤ ਦੇ ਸਾਥ ਦਾ ਮਾਣ ਬਖ਼ਸ਼ੋ
ਅਸੀਂ ਦੇਸ਼-ਸੇਵਾ ਆਪ ਵਾਂਗ ਕਰੀਏ, ਸਾਨੂੰ ਚਾਅ ਬਖ਼ਸ਼ੋ ਸਾਨੂੰ ਤਾਣ ਬਖ਼ਸ਼ੋ
'ਤੀਰ' ਸਾਂਝ ਸਾਡੀ ਇਹ ਅਟੁੱਟ ਹੋਵੇ, ਸਾਨੂੰ ਸਿਦਕ ਪ੍ਰੀਤ ਦੀ ਖਾਣ ਬਖ਼ਸ਼ੋ

### ਦਸਮੇਸ਼ ਜੀ ਦੀ ਪ੍ਰਸੰਨਤਾ ਪਠਾਣ ਭਾਈਆਂ 'ਤੇ

ਹੋ ਕੇ ਦਰਦ-ਭਰਪੂਰ ਦਸਮੇਸ਼ ਬੋਲੇ, ਤੁਸੀਂ ਸੋਹਣਿਓ ਹੋ ਮੇਰੀ ਜਾਨ ਦੋਵੇਂ
ਮੇਰੇ ਦਰਦ ਪਿਆਰ ਦਾ ਰੂਪ ਦੋਵੇਂ, ਮੇਰੀ ਸਾਂਝ ਪ੍ਰੀਤ ਦੀ ਸ਼ਾਨ ਦੋਵੇਂ
ਮੇਰੀ ਅੱਖ ਅੰਦਰ ਸਾਰੀ ਉਮਰ ਵਸੋ, ਬਣੇ ਰਹੋਗੇ ਮੇਰਾ ਧਿਆਨ ਦੋਵੇਂ
ਚੰਦ ਵਾਂਗ ਮੈਂ ਤੁਸਾਂ ਦੇ ਵਿਚ ਰਹਿਸਾਂ, ਤੁਸੀਂ ਹੋ ਮੇਰਾ ਆਸਮਾਨ ਦੋਵੇਂ
ਮੈਂ ਤੇ ਤੁਸਾਂ ਉੱਤੋਂ ਵਾਰੇ ਹੋ ਗਿਆ ਹਾਂ, ਹੋਏ ਤੁਸੀਂ ਹੀ ਨਹੀਂ ਕੁਰਬਾਨ ਦੋਵੇਂ
'ਤੀਰ' ਇਹ ਲੈ ਲਓ ਯਾਦਗਾਰ ਮੇਰੀ, ਦੋਹਾਂ ਲਈ ਨੇ ਮੇਰੇ ਨਿਸ਼ਾਨ ਦੋਵੇਂ

### ਮਹਾਰਾਜ ਦੀਆਂ ਬਖ਼ਸ਼ਿਸ਼ਾਂ ਗਨੀ ਖਾਂ ਨਬੀ ਖਾਂ ਨੂੰ

ਹੱਥੋਂ ਲਾਹ ਕੇ ਸੋਨੇ ਦੇ ਕੜੇ ਦਿੱਤੇ, ਦਿੱਤਾ ਹੁਕਮਨਾਮਾ ਦੋਹਾਂ ਪਿਆਰਿਆਂ ਨੂੰ
ਮੁੱਖੋਂ ਬਚਨ ਕੀਤਾ ਰੱਖੇ ਰੱਬ ਰਾਜ਼ੀ, ਮੇਰੇ ਸਾਦਕਾਂ ਪ੍ਰੀਤ-ਵਣਜਾਰਿਆਂ ਨੂੰ
ਮੈਨੂੰ ਦਿਲੋਂ ਰਿਝਾ ਲਿਆ ਦੁਹਾਂ ਵੀਰਾਂ, ਦਿਲੋਂ ਭੁੱਲਣਾ ਨਹੀਂ ਇਨ੍ਹਾਂ ਕਾਰਿਆਂ ਨੂੰ
'ਤੀਰ' ਬਖ਼ਸ਼ਸ਼ਾਂ ਬਖ਼ਸ਼ ਕੇ ਫੇਰ ਬੋਲੇ, ਨਬੀ ਗ਼ਨੀ ਖਾਂ ਅੱਖ ਦੇ ਤਾਰਿਆਂ ਨੂੰ

### ਦਸਮੇਸ਼ ਜੀ ਪਿਆਰ ਵੱਸ ਹੋ ਕੇ ਕਹਿੰਦੇ ਹਨ

ਮੇਰੇ ਸਾਦਕੋ! ਮੇਰੀਆਂ ਇਹ ਚੀਜ਼ਾਂ, ਤੁਸੀਂ ਇਨ੍ਹਾਂ ਦੇ ਨਾਲ ਪਿਆਰ ਕਰਿਓ
ਮੇਰਾ ਹੋਇਗਾ ਓਹ ਸਤਿਕਾਰ ਪੂਰਾ, ਤੁਸੀਂ ਇਨ੍ਹਾਂ ਦਾ ਦਿਲੋਂ ਸਤਿਕਾਰ ਕਰਿਓ
ਮੇਰੀ ਯਾਦ ਵਿਚ ਇਨ੍ਹਾਂ ਨੂੰ ਵੇਖਿਆ ਜੇ, ਏਦਾਂ ਦਿਲ ਦੋਵੇਂ ਠੰਢੇ-ਠਾਰ ਕਰਿਓ
'ਤੀਰ' ਸਦਾ ਕਰਿਓ ਕਾਰ ਨੇਕੀਆਂ ਦੀ, ਭਲਾ ਕਰਨ ਲੱਗੇ ਨਾ ਵਿਚਾਰ ਕਰਿਓ

### ਦਾਤਾ ਜੀ ਦੀ ਅਤੁੱਟ ਮਿਹਰ

ਚੇਤੇ ਰੱਖਣਾ ਦੋਹਾਂ ਦੇ ਹੱਥ ਅੰਦਰ, ਫੜਿਆ ਜਦੋਂ ਇਹ ਇੱਕ ਇੱਕ ਕੜਾ ਹੋਸੀ
ਚਮਕ ਇਨ੍ਹਾਂ ਦੀ ਵਿੱਚ ਪ੍ਰੀਤਵਾਨੋ! ਚਮਤਕਾਰ ਇੱਕ ਵੇਖਣਾ ਬੜਾ ਹੋਸੀ
ਓਸ ਚਮਕ ਉੱਤੇ ਜਦੋਂ ਅੱਖ ਧਰਸੋ, ਡੁੱਲ ਰਿਹਾ ਪ੍ਰੇਮ ਦਾ ਧੜਾ ਹੋਸੀ
'ਤੀਰ' ਰੱਜ ਕੇ ਪਏ ਦੀਦਾਰ ਕਰਿਓ, 'ਪੀਰ ਉੱਚ ਦਾ' ਓਸ ਵਿਚ ਖੜ੍ਹਾ ਹੋਸੀ

### ਹੋਰ ਪ੍ਰੇਮ ਵਰਖਾ ਕਰਦੇ ਹਨ

ਰੀਝ ਦੋਹਾਂ ਈ ਵੀਰ ਪਿਆਰਿਆਂ ਦੀ, ਹਰ ਘੜੀ ਪੁਗਾਇਗਾ ਹੁਕਮਨਾਮਾ
ਉੱਥੇ ਆਪਦਾ ਮਾਣ ਸਤਿਕਾਰ ਹੋਸੀ, ਜਿੱਥੇ ਜਿੱਥੇ ਇਹ ਜਾਇਗਾ ਹੁਕਮਨਾਮਾ
ਜਦੋਂ ਤੁਸਾਂ ਦੋਹਾਂ ਵਿਚੋਂ ਪੜ੍ਹ ਪੜ੍ਹ ਕੇ, ਕੋਈ ਕਿਤੇ ਸੁਣਾਇਗਾ ਹੁਕਮਨਾਮਾ
'ਤੀਰ' ਦੋਹਾਂ ਦੀ ਜ਼ੀਭ ਤੇ ਓਸ ਵੇਲੇ, ਉੱਚ-ਪੀਰ ਸਦਵਾਇਗਾ ਹੁਕਮਨਾਮਾ

### ਮਹਾਰਾਜ ਦੋਹਾਂ ਨੂੰ ਵਿਦਾਇਗੀ ਦੇਂਦੇ ਹਨ

ਜਾਓ ਸੁਖੀ ਵੱਸੋ! ਮੇਰੇ ਪ੍ਰੀਤਵਾਨੋ, ਤੁਸੀਂ ਜੁੜ ਗਏ ਹੋ ਮੇਰੇ ਨਾਲ ਅੱਜ ਤੋਂ
ਮੇਰੀ ਪ੍ਰੀਤ ਹੈ ਆਪ ਦੀ ਜਿੰਦ ਹੋਈ, ਕਰ ਦਿੱਤਾ ਹੈ ਨਦਰ-ਨਿਹਾਲ ਅੱਜ ਤੋਂ
ਸੇਵਾ ਦੇਸ਼ 'ਦਰਵੇਸ਼' ਦੀ ਕਰੀ ਜਾਣੀ, ਜਾਣਾ ਭੁੱਲ ਨਾ ਕਿਤੇ ਖ਼ਿਆਲ ਅੱਜ ਤੋਂ
ਬੋਲੇ 'ਤੀਰ' ਵਿਦਾਇਗੀ ਦੇਣ ਲੱਗੇ, ਮੇਰੇ ਤੁਸੀਂ ਹੀਰੇ, ਪੰਨੇ ਲਾਲ ਅੱਜ ਤੋਂ

### ਦੋਵੇਂ ਪਿਆਰੇ ਚਲੇ ਗਏ

ਭਾਵੇਂ ਗ਼ਨੀ ਖਾਂ ਨਬੀ ਖਾਂ ਚਾਂਹਵਦੇ ਸੀ, ਹੋਰ ਟਹਿਲ ਸੇਵਾ ਤੇ ਪਿਆਰ ਕਰਨਾ
ਹੋਰ ਚਰਨ-ਧੂੜੀ ਲਾਣੀ ਮੱਥਿਆਂ 'ਤੇ, ਹੋਰ ਨਾਲ ਰਹਿ ਨਿੱਤ ਦੀਦਾਰ ਕਰਨਾ
ਐਪਰ ਮੰਨਿਆ ਹੁਕਮ ਦਸਮੇਸ਼ ਜੀ ਦਾ, ਔਖਾ ਹੋ ਗਿਆ ਜਦੋਂ ਇਨਕਾਰ ਕਰਨਾ
ਦੋਵੇਂ ਵਿੱਛੜਿਆ 'ਤੀਰ' ਜੀ ਵੀਰ ਹੋਏ, ਥੋੜ੍ਹੀ ਗੱਲ ਦਾ ਕੀ ਵਿਸਥਾਰ ਕਰਨਾ

### ਵੱਲੋਂ ਕਵੀ

ਮੁਸਲਮਾਨ ਪ੍ਰੇਮੀ ਜਾਣੀ-ਜਾਣ ਜੀ ਦੇ, ਵੇਖੋ ਪ੍ਰੇਮ ਨਿਭਾ ਕੇ ਗਏ ਦੋਵੇਂ
ਸਾਦਕ ਸ੍ਰੀ ਦਸਮੇਸ਼ ਦੇ ਦੇਸ਼-ਪ੍ਰੇਮੀ, ਸਾਂਝ ਸਿਦਕ ਦੀ ਪਾ ਕੇ ਗਏ ਦੋਵੇਂ
ਪ੍ਰੇਮ ਪ੍ਰੇਮੀਆਂ ਨਾਲ ਹੈ ਸਤਿਗੁਰਾਂ ਦਾ, ਜੱਗ ਤਾਈਂ ਵਿਖਾ ਕੇ ਗਏ ਦੋਵੇਂ
'ਤੀਰ' ਗੁਰਾਂ ਨੂੰ ਕਹਿਣ ਜੋ ਤੁਰਕ-ਵੈਰੀ, ਥੱਪੜ ਉਨ੍ਹਾਂ ਨੂੰ ਲਾ ਕੇ ਗਏ ਦੋਵੇਂ

### ਸ੍ਰੀ ਦਸਮੇਸ਼ ਜੀ ਕਿਰਪਾਲ ਚੰਦ ਕੋਲੋਂ ਚੱਲ ਪਏ (ਵੱਲੋਂ ਕਵੀ)

ਡਰਿਆ ਵੇਖ ਕਿਰਪਾਲ ਨੂੰ ਗੁਰੂ ਜੀ ਨੇ, ਮਿਹਣਾ ਓਸ ਤਾਈਂ ਮੂਲ ਮਾਰਿਆ ਨਾ
ਉੱਥੋਂ ਤਿੰਨਾਂ ਪਿਆਰਿਆਂ ਸਣੇ ਨਿਕਲੇ, ਥੱਕੇ ਹੋਣ 'ਤੇ ਵੀ ਹੱਠ ਹਾਰਿਆ ਨਾ
ਏਸ ਸਮੇਂ ਮਹੰਤ ਦੀ ਬੇਰੁਖੀ ਦਾ, ਰੋਸ ਰਤੀ ਵੀ ਆਪ ਨੇ ਧਾਰਿਆ ਨਾ
'ਤੀਰ' ਗ਼ਨੀ ਖਾਂ ਨਬੀ ਖਾਂ ਹੋਏ ਸਦਕੇ, ਗਿਆ ਗੁਰਾਂ ਉਤੋਂ ਸਾਧ ਵਾਰਿਆ ਨਾ

### ਸ੍ਰੀ ਦਸਮੇਸ਼ ਜੀ ਰਾਇ ਕੱਲ੍ਹੇ ਪਾਸ (ਵੱਲੋਂ ਕਵੀ)

ਜੱਟ ਪੁਰੇ ਜਾ ਸ੍ਰੀ ਦਸਮੇਸ਼ ਪੁੱਜੇ, ਉਥੇ ਪੁੰਜ ਸੀ ਪਿਆਰ ਦਾ ਰਾਇ ਕੱਲ੍ਹਾ

ਪੱਕਾ ਮਜ਼ਹਬ ਕਰਕੇ ਮੁਸਲਮਾਨ ਭਾਵੇਂ, ਹੈਸੀ ਭੌਰ ਦੀਦਾਰ ਦਾ ਰਾਇ ਕਲ੍ਹਾ
ਪੁੱਜਾ ਆਣ ਕੇ ਪਾਸ ਦਸਮੇਸ਼ ਜੀ ਦੇ, ਡਰ ਲਾਹ ਸਰਕਾਰ ਦਾ ਰਾਇ ਕਲ੍ਹਾ
ਸੁਣ ਸੁਣ ਮੁਸੀਬਤਾਂ ਗੁਰਾਂ ਦੀਆਂ, ਢਾਹਾਂ ਰੋ ਰੋ ਮਾਰਦਾ ਰਾਇ ਕਲ੍ਹਾ
ਹੱਥੀਂ ਚਰਨ ਝੱਸੇ, ਨੈਣੋਂ ਪਿਆ ਵਸੇ, ਰੂਪ ਪ੍ਰੇਮ-ਸਤਿਕਾਰ ਦਾ ਰਾਇ ਕਲ੍ਹਾ
ਉਥੋਂ ਬੱਚ ਕੇ ਸ੍ਰੀ ਦਸਮੇਸ਼ ਆ ਗਏ, ਵੇਖ ਸ਼ੁਕਰ ਗੁਜ਼ਾਰਦਾ ਰਾਇ ਕਲ੍ਹਾ
ਦਿਲੋਂ ਜ਼ਾਲਮਾਂ ਨੂੰ ਦੇਵੇ ਬਦ ਸੀਸਾਂ, ਡਰ ਭੈਅ ਵਿਸਾਰਦਾ ਰਾਇ ਕਲ੍ਹਾ
'ਤੀਰ' ਰੋ ਰੋ ਸ੍ਰੀ ਦਸਮੇਸ਼ ਜੀ ਤੋਂ, ਪੁੱਛੇ ਹਾਲ ਪਰਵਾਰ ਦਾ ਰਾਇ ਕਲ੍ਹਾ
ਦੋਹਿਰਾ—ਹੇ ਮੇਰੇ ਸਿਰਤਾਜ ਜੀ, ਹੇ ਮੇਰੇ ਦਾਤਾਰ॥
ਕਿਥੇ ਸਿੱਖੀ ਸੇਵਕੀ, ਕਿਥੇ ਪੁੱਤ ਪਰਿਵਾਰ॥

### *ਸ੍ਰੀ ਦਸਮੇਸ਼ ਜੀ ਰਾਇ ਕਲ੍ਹੇ ਨੂੰ ਬੀਤੀਆਂ ਦੱਸਦੇ ਹਨ*

ਰਾਇ ਕਲ੍ਹਿਆ! ਅੱਜ ਮੈਂ ਚੱਲ ਆਪੇ, ਤੈਨੂੰ ਸੋਹਣਿਆ ਕਰਨ ਪਿਆਰ ਆਇਆ
ਕੀ ਤੂੰ ਪੁੱਛਦਾ ਏਂ? ਅੱਜ ਥਾਂ ਕਿਹੜੀ, ਛੱਡ ਆਪਣਾ ਬਾਗ਼ ਪਰਵਾਰ ਆਇਆ
ਲਹੂ ਪਿਤਾ ਦਾ ਡੋਲ੍ਹ ਕੇ ਵਿਚ ਦਿੱਲੀ, ਦੇਸ਼ ਡੁੱਬਦੇ ਦੀ ਬੇੜੀ ਤਾਰ ਆਇਆ
ਸਿਹਰਾ ਬੰਨ੍ਹ ਕੇ ਟੋਰ ਅਜੀਤ ਆਇਆ, ਕੋਲ ਰੱਬ ਦੇ ਘੱਲ ਜੁਝਾਰ ਆਇਆ
ਜ਼ੋਰਾਵਰ ਤੇ ਫ਼ਤਹਿ ਦੀ ਸਾਰ ਨਾਹੀਂ, ਅੰਮਾਂ ਬੁੱਢੜੀ ਕਿਤੇ ਵਿਸਾਰ ਆਇਆ
'ਤੀਰ' ਉਜੜੇ ਦੇਸ਼ ਦੇ ਵਾਸਤੇ ਮੈਂ, ਜਿੰਦੇ ਪੁਰੀ ਅਨੰਦ ਨੂੰ ਮਾਰ ਆਇਆ

### *ਰਾਏ ਕਲ੍ਹੇ 'ਤੇ ਅਸਰ (ਵੱਲੋਂ ਕਵੀ)*

ਜਦੋਂ ਦਰਦ-ਕਹਾਣੀਆਂ ਇਹ ਸੁਣੀਆਂ, ਨੈਣੋਂ ਨੀਰ ਵਹਾਂਵਦਾ ਰਾਇ ਕਲ੍ਹਾ
ਜ਼ੁਲਮ-ਰਾਜ ਤੇ ਜ਼ਾਲਮਾਂ ਹਾਕਮਾਂ ਨੂੰ, ਲੱਖਾਂ ਲਾਹਨਤਾਂ ਪਾਂਵਦਾ ਰਾਇ ਕਲ੍ਹਾ
ਜਾਨੀ-ਜਾਣ ਦੇ ਕਹਿਣ 'ਤੇ ਉਸੇ ਵੇਲੇ, ਬੰਦਾ ਇੱਕ ਬੁਲਾਂਵਦਾ ਰਾਇ ਕਲ੍ਹਾ
ਮਾਹੀ ਨਾਮ ਉਸਦਾ 'ਤੀਰ' ਨੈਣ ਭਰ ਕੇ, ਉਹਨੂੰ ਹੁਕਮ ਸੁਣਾਂਵਦਾ ਰਾਇ ਕਲ੍ਹਾ

### *ਰਾਇ ਕਲ੍ਹਾ ਮਾਹੀ ਹਲਕਾਰੇ ਨੂੰ ਕਹਿੰਦਾ ਹੈ*

ਮਾਹੀ! ਜਾਹ ਤੇ ਪਤਾ ਲਿਆ ਜਾ ਕੇ, ਮੇਰੇ ਮਾਹੀ ਦੇ ਬਾਗ਼ ਪਰਵਾਰ ਦਾ ਤੂੰ
ਵੇਖੀਂ ਅੱਟਕੀਂ ਨਾ ਬਹੁਤਾ ਕਿਸੇ ਥਾਵੇਂ, ਪੁੱਜੀਂ ਥਾਂ ਥਾਂ ਮੰਜ਼ਲਾਂ ਮਾਰਦਾ ਤੂੰ
ਕਿੱਥੇ ਗਏ, ਕੀ ਬਣੀ ਤੇ ਹੈਣ ਕਿੱਥੇ? ਪਤਾ ਕਰ ਆਵੀਂ ਏਸ ਕਾਰ ਦਾ ਤੂੰ
'ਤੀਰ' ਬੱਚਿਆਂ ਦੀ ਸੁਰਤ ਲੈ ਛੇਤੀ, ਭੌਰਾ ਹੈਂ ਜੇ ਮੇਰੇ ਪਿਆਰ ਦਾ ਤੂੰ

### *ਮਾਹੀ ਹਲਕਾਰਾ ਚਲਾ ਗਿਆ (ਵੱਲੋਂ ਕਵੀ)*

ਮਾਹੀ ਦਰਦ ਅੰਦਰ ਗਿਆ ਭਿੱਜ ਐਨਾ, ਚੋਟ ਦਰਦ ਦੀ ਖਾ ਕੇ ਚਲਾ ਗਿਆ

ਸੁਰਤ ਲੈਣ ਖ਼ਾਤਰ ਦਾਦੀ ਪੋਤਿਆਂ ਦੀ, ਨੈਣੋਂ ਨੀਰ ਵਹਾ ਕੇ ਚਲਾ ਗਿਆ
'ਪਰਤ ਪਵਾਂਗਾ ਕੱਢ ਕੇ ਸੂਹ ਛੇਤੀ', ਨਿਸਚਾ ਇਹ ਬੰਨ੍ਹਵਾ ਕੇ ਚਲਾ ਗਿਆ
'ਤੀਰ' ਰਾਇ ਕੱਲ੍ਹੇ ਤੇ ਦਸਮੇਸ਼ ਜੀ ਨੂੰ, ਆਖ਼ਰ ਸੀਸ ਨਿਵਾ ਕੇ ਚਲਾ ਗਿਆ

### ਵੱਲੋਂ ਕਵੀ

ਮਾਹੀ ਪਰਤਿਆ ਕਦੋਂ ? ਤੇ ਕਿਵੇਂ ਪੁੱਜਾ ? ਕਿੱਥੇ ਗਿਆ ਤੇ ਖ਼ਬਰ ਲਿਆਇਆ ਕੀ
ਪਿਆ ਅਸਰ ਕੀ ਓਸਦਾ ਸਤਿਗੁਰਾਂ ਤੇ, ਉਹਨੇ ਆਣ ਕੇ ਹਾਲ ਸੁਣਾਇਆ ਕੀ
ਦਾਦੀ, ਪੋਤਿਆਂ ਦੇ ਨਾਲ ਕੀ ਬੀਤੀ, ਉਨ੍ਹਾਂ ਜੱਗ ਨੂੰ ਜੌਹਰ ਵਿਖਾਇਆ ਕੀ
'ਤੀਰ' ਪੜ੍ਹੋ ਉਹ ਕਾਲਜੇ ਥੰਮ੍ਹ ਸਾਰੇ, ਭਾਣਾ ਰੱਬ ਨੇ ਹੋਰ ਵਰਤਾਇਆ ਕੀ

# ਖੰਡ ਨੌਵਾਂ

## ਬੇਦੋਸ਼ਿਆਂ ਦਾ ਖ਼ੂਨ (ਵੱਲੋਂ ਕਵੀ)

ਕਲਮ! ਆ ਹੁਣ ਕਾਵਿ ਦਾ ਰੂਪ ਹੋ ਕੇ, ਸ਼ੁਰੂ ਦਰਦ ਦੀ ਨਵੀਂ ਵਿਚਾਰ ਕਰੀਏ
ਨਵੇਂ ਦਰਦ ਦੇ ਸੋਹਿਲੇ ਗਾ ਗਾ ਕੇ, ਰੂਪ ਦਰਦ ਦਾ ਸੱਭ ਸੰਸਾਰ ਕਰੀਏ
ਪੜ੍ਹੇ ਸੁਣੇ ਜਿਹੜਾ ਅੱਖਾਂ ਉਹਦੀਆਂ 'ਚੋਂ, ਪੈਦਾ ਨਵੀਂ ਬਰਸਾਤ ਬਹਾਰ ਕਰੀਏ
ਇੱਟਾਂ ਜੋੜ ਮਾਸੂਮਾਂ ਦੇ ਸਿਰਾਂ ਦੀਆਂ, ਸਿੱਖ ਕੌਮ ਦਾ ਮਹਿਲ ਤਿਆਰ ਕਰੀਏ
ਜ਼ੋਰਾਵਰ, ਫ਼ਤਹਿ ਮਾਤਾ ਗੁੱਜਰੀ ਦਾ, ਭਰੀਂ ਨੇਤਰੀਂ ਚੱਲ ਦੀਦਾਰ ਕਰੀਏ
'ਤੀਰ' ਦੱਸ ਬੇਦਰਦਾਂ ਦੇ ਕਾਰਨਾਮੇ, ਸ਼ੁਰੂ ਨਵੀਂ ਕੁਰਬਾਨੀ ਦੀ ਵਾਰ ਕਰੀਏ

## ਮਾਹੀ ਹਲਕਾਰਾ ਸਰਹੰਦ ਵਿਚ (ਵੱਲੋਂ ਕਵੀ)

ਰਾਇ ਕਲ੍ਹੇ ਨੇ ਭੇਜਿਆ ਜਦੋਂ ਮਾਹੀ, ਸੀ ਉਹ ਭਿੱਜਿਆ ਦਰਦ ਪਿਆਰ ਅੰਦਰ
ਪੁੱਛਾਂ ਪੁੱਛਦਾ ਆਨ ਸਰਹੰਦ ਵੜਿਆ, ਡਿੱਠਾ ਡੁਬਿਆ ਸ਼ਹਿਰ ਵਿਚਾਰ ਅੰਦਰ
ਲੋਕੀਂ ਆਖਦੇ ਨੇ ਜ਼ੁਲਮ ਚਮਕਿਆ ਏ, ਅੱਜ ਤੁਰਕ ਦੀ ਤੇਗ਼ ਦੀ ਧਾਰ ਅੰਦਰ
ਇਨ੍ਹਾਂ ਤਿੰਨ ਬੇਦੋਸ਼ ਨੇ ਕਤਲ ਕੀਤੇ, ਆ ਕੇ ਰਾਜ ਦੇ ਮਾਣ ਹੰਕਾਰ ਅੰਦਰ
ਮਿਣੇ ਪੋਟਿਆਂ ਨਾਲ ਦਸਮੇਸ਼ ਜਿਹੜੇ, ਇਨ੍ਹਾਂ ਲਾਲ ਉਹ ਚਿਣੇ ਦੀਵਾਰ ਅੰਦਰ
ਰੋਂਦੇ ਮਾਹੀ ਨੇ ਵੇਖਿਆ ਦਰਦ-ਭਰਿਆ, ਨਾਅਰਾ ਦਰਦ ਵਾਲਾ ਨੱਰ ਨਾਰ ਅੰਦਰ
ਉਥੇ ਠਹਿਰ ਨਾ ਸੱਕਿਆ, ਪਈ ਕਾਹਲੀ, ਐਸੀ ਆਣ ਕੇ ਦਿੱਲ ਬੇਜ਼ਾਰ ਅੰਦਰ
ਉੱਠ ਦੌੜਿਆ ਹੋਣੀਆਂ ਸੱਭ ਸੁਣ ਕੇ, ਜੱਟਪੁਰੇ ਦੀ ਆ ਗਿਆ ਬਾਰ ਅੰਦਰ
ਅੱਗੇ ਸ੍ਰੀ ਦਸਮੇਸ਼ ਤੇ ਰਾਇ ਕਲ੍ਹਾ, ਬੈਠੇ ਸਨ ਉਸ ਦੀ ਇੰਤਜ਼ਾਰ ਅੰਦਰ
ਦਇਆ, ਧਰਮ ਅਤੇ ਮਾਨ ਸਿੰਘ ਤਿੰਨੇ, ਸਜੇ ਹੋਏ ਸੀ ਗੁਰੂ-ਦਰਬਾਰ ਅੰਦਰ
ਮਾਹੀ ਆਂਵਦੇ ਨੇ ਰੋ ਕੇ ਢਾਹ ਮਾਰੀ, ਉਹਨੂੰ ਲੱਗ ਗਈ ਜਿਵੇਂ ਕਟਾਰ ਅੰਦਰ
ਛਮਾ ਛਮ ਉਸਦੇ ਨੈਣ ਵਹਿਣ ਲੱਗੇ, ਜਿਵੇਂ ਮੀਂਹ ਬਰਸਾਤ ਬਹਾਰ ਅੰਦਰ

ਹੱਥ ਜੋੜ ਕੇ ਸਿਸਕੀਆਂ ਲੈ ਲੈ ਕੇ, ਗੁੱਝੇ ਦਰਦ ਦੀ ਝੱਲ ਕੇ ਮਾਰ ਅੰਦਰ
'ਤੀਰ' ਇਉਂ ਨਿਕਲੀ ਉਹਦੇ ਮੂੰਹ ਵਿਚੋਂ, ਭਰੀ ਪਈ ਸੀ ਜਿਹੜੀ ਪੁਕਾਰ ਅੰਦਰ

### ਮਾਹੀ ਹਲਕਾਰਾ ਰੋ ਕੇ ਕਹਿੰਦਾ ਹੈ

ਮਾਹੀ ਬੋਲਿਆ 'ਡੋਲਿਆ ਦਿਲ ਮੇਰਾ, ਮੈਥੋਂ ਗੱਲ ਨਾ ਹੋਏ ਬਿਆਨ ਦਾਤਾ
ਜਿਹੜੀ ਵਿਚ ਸਰਹੰਦ ਦੇ ਗੱਲ ਹੋਈ, ਦੱਸ ਸੱਕਦੀ ਨਹੀਂ ਜ਼ਬਾਨ ਦਾਤਾ
ਦੇਸ਼ ਧਰਮ ਦੇ ਵਾਸਤੇ ਖਿੜੇ ਮੱਥੇ, ਵਾਰ ਗਏ ਨੇ ਜਾਨ ਨਦਾਨ ਦਾਤਾ
ਜ਼ੋਰਾਵਰ ਜੀ ਨੇ ਜ਼ੋਰਾਵਰ ਜਿੱਤੇ, ਫ਼ਤਹਿ ਕਰ ਗਿਆ ਫ਼ਤਹਿ ਮੈਦਾਨ ਦਾਤਾ
ਮਾਤਾ ਆਪਦੀ ਵੀ ਭਾਰਤ ਮਾਂ ਖ਼ਾਤਰ, ਛੱਡ ਗਈ ਏ ਆਪ ਜਹਾਨ ਦਾਤਾ
ਭਾਵੇਂ ਮੱਤ 'ਮੇਲਰੀਆਂ' ਬੜੀ ਦਿੱਤੀ, ਤਾਂ ਵੀ ਮੂਲ ਨ ਟਲੇ ਸ਼ੈਤਾਨ ਦਾਤਾ
ਨਿੱਕੇ ਆਪਦੇ ਲਾਡ ਲਡਿੱਕਿਆਂ ਨੇ, ਕਰ ਛੱਡਿਆ ਜੱਗ ਹੈਰਾਨ ਦਾਤਾ
ਦੇਸ਼ ਧਰਮ ਖ਼ਾਤਰ ਸਿੱਖੀ ਸਿਦਕ ਖ਼ਾਤਰ, ਕਰ ਗਏ ਨੇ ਸੀਸ ਕੁਰਬਾਨ ਦਾਤਾ
ਲੋਕੀਂ ਆਖਦੇ ਅੰਬਰੀਂ ਚਮਕਣੇ ਨੇ, ਸਦਾ ਲਈ ਹੋ ਚੰਦ ਤੇ ਭਾਨ ਦਾਤਾ
'ਤੀਰ' ਉਨ੍ਹਾਂ ਦੇ ਹੌਸਲੇ ਯਾਦ ਕਰਕੇ, ਕਾਹਲੇ ਹੈਣ ਪੈਂਦੇ ਮੇਰੇ ਪ੍ਰਾਨ ਦਾਤਾ

### ਸ੍ਰੀ ਦਸਮੇਸ਼ ਜੀ ਮਾਹੀ ਹਲਕਾਰੇ ਨੂੰ ਕਹਿੰਦੇ ਹਨ

ਦਾਤਾ ਹੋ ਕੇ ਗਹਿਰ-ਗੰਭੀਰ ਬੋਲੇ, ਸਬਰ ਹੌਸਲੇ ਵਿਚ ਤੂੰ ਆ ਮਾਹੀ
ਮੇਰੇ ਹੀਰਿਆ! ਮੱਖਣਾਂ ਪੁੱਤਰਾਂ ਦੀ, ਸਾਰੀ ਖੋਲ੍ਹ ਕੇ ਗੱਲ ਸੁਣਾ ਮਾਹੀ
ਡੋਲ੍ਹ ਡੋਲ੍ਹ ਕੇ ਅੱਥਰੂ ਅੱਖੀਆਂ 'ਚੋਂ, ਮੇਰੇ ਕਾਲਜੇ ਛੇਕ ਨਾ ਪਾ ਮਾਹੀ
ਉਥੇ ਕੀ ਹੋਇਆ! ਕਿਹਨੇ ਕੀ ਕੀਤਾ? ਮੈਨੂੰ ਖਿੱਚ ਤਸਵੀਰ ਵਖਾ ਮਾਹੀ
ਮੇਰੀ ਅੰਬੜੀ, ਪਾਲਿਆ ਜਿਹਨੇ ਮੈਨੂੰ, ਜਾਨ ਕਿਸ ਤਰ੍ਹਾਂ ਗਈ ਘੁਮਾ ਮਾਹੀ
ਮੈਂ ਵੀ ਸੁਣਾਂ ਤੇ ਨਾਲ ਹੀ ਰਾਇ ਕਲ੍ਹਾ, ਨਾਲੇ ਸਿੱਖ ਇਹ ਤਿੰਨ ਭਰਾ ਮਾਹੀ
'ਤੀਰ' ਦੱਸ ਸਰਹੰਦ ਵਿਚ ਲਾਲ ਮੇਰੇ, ਗਏ ਕੀ ਨੇ ਜੌਹਰ ਵਿਖਾ ਮਾਹੀ

### ਵੱਲੋਂ ਕਵੀ

ਚੇਤੇ ਕਰ ਸਰਹੰਦ ਦੀ ਖ਼ੂਨ ਝਾਕੀ, ਮਾਹੀ ਕਾਨੀਆਂ ਕਾਲਜੇ ਖਾਣ ਲੱਗਾ
ਅੱਗ ਲੱਗ ਗਈ ਓਸਦੇ ਕਾਲਜੇ ਨੂੰ, ਲਾਂਬੂ ਕਹਿਰ ਵਾਲਾ ਕੋਈ ਆਣ ਲੱਗਾ
ਉਹਦੇ ਅੰਦਰੋਂ ਕਈ ਉਬਾਲ ਉੱਠੇ, ਨੈਣੋਂ ਦਰਦ ਦਾ ਨੀਰ ਵਹਾਣ ਲੱਗਾ
'ਤੀਰ' ਖ਼ੂਨ ਬਿਦੋਸ਼ਾਂ ਦਾ ਕਿਵੇਂ ਹੋਇਆ! ਹਾਲ ਰੋ ਰੋ ਇਉਂ ਸੁਣਾਨ ਲੱਗਾ

### ਦਰਦ ਕਹਾਣੀ ਮਾਹੀ ਹਲਕਾਰੇ ਦੀ ਜ਼ਬਾਨੀ

ਜਦੋਂ ਆਣ ਕੇ ਸਰਸਾ ਦੇ ਕੰਢਿਆਂ 'ਤੇ, ਕਟਾ ਵੱਢ ਵਾਲੀ ਸ਼ੁਰੂ ਵਾਰ ਹੋਈ

ਜਦੋਂ ਅਚਨਚੇਤੀ ਪਈ ਫ਼ੌਜ ਸ਼ਾਹੀ, ਜਦੋਂ ਹੱਰ ਪਾਸੇ ਮਾਰੋ ਮਾਰ ਹੋਈ
ਜੰਗ ਵਿਚ ਸਰਸਾ ਕੰਢੇ ਜਦੋਂ ਦਾਤਾ, ਜਾਰੀ ਰੱਤ ਤੇ ਮਿੱਝ ਦੀ ਧਾਰ ਹੋਈ
ਜਦੋਂ ਠਿਲ੍ਹਿਆ ਖਾਲਸਾ ਵਿਚ ਸਰਸੇ, ਜਦੋਂ ਇਉਂ ਉਥੇ ਹੋਣਹਾਰ ਹੋਈ
ਜਦੋਂ ਦੇਹ ਕੋਈ ਰੁੜ੍ਹੀ ਵਹਿਣ ਅੰਦਰ, ਕੋਈ ਤੱਰ ਜਾਂ ਡੁੱਬ ਕੇ ਪਾਰ ਹੋਈ
ਪਈ ਹੱਫੜਾ-ਦੱਫੜੀ ਆਣ ਐਸੀ, ਨਾਹੀ ਕਿਸੇ ਨੂੰ ਕਿਸੇ ਦੀ ਸਾਰ ਹੋਈ
ਨਿੱਕੇ ਪੋਤਰੇ ਤੇ ਦਾਦੀ ਪਏ ਭੁੱਲੀਂ, ਮਾਤਾ ਪੋਤਿਆਂ ਸਣੇ ਲਾਚਾਰ ਹੋਈ
'ਤੀਰ' ਦਿਲ ਮੇਰਾ ਅੱਗੋਂ ਕਿਵੇਂ ਦੱਸੇ, ਜਿਵੇਂ ਜ਼ੁਲਮ ਤੇ ਕਹਿਰ ਦੀ ਕਾਰ ਹੋਈ

## *ਮਾਹੀ ਹਲਕਾਰਾ ਬਿਪਤਾ ਦੀਆਂ ਘੜੀਆਂ ਦਾ ਬਿਆਨ ਕਰਦਾ ਹੈ*

ਜ਼ੋਰਾਵਰ ਤੇ ਫ਼ਤਹਿ ਅੰਜਾਣ ਦੋਵੇਂ, ਏਦਾਂ ਮੌਤ ਦੇ ਮੂੰਹ ਵਿਚ ਆਏ ਹੋਏ
ਦਾਦੀ ਨਾਲ ਉਜਾੜ ਦੇ ਵਿਚ ਭਟਕੇ, ਭੌਰ ਭੌਰ ਹੈਰਾਨ ਘਬਰਾਏ ਹੋਏ
ਗੰਗੂ ਲਾਂਗਰੀ ਉਨ੍ਹਾਂ ਦੇ ਨਾਲ ਹੈਸੀ, ਬੱਦਲ ਕਹਿਰ ਦੇ ਸੀ ਸਿਰੀਂ ਛਾਏ ਹੋਏ
ਖੱਚਰ ਇਕ ਉੱਤੇ ਮਾਤਾ ਚੜ੍ਹੀ ਹੈਸੀ, ਹਿੱਕ ਨਾਲ ਸੀ ਪੋਤਰੇ ਲਾਏ ਹੋਏ
ਕੋਈ ਰਾਹ ਤੇ ਪੰਧ ਨਾ ਜਾਪਦਾ ਸੀ, ਡਾਢੇ ਸਮੇਂ ਸੀ ਹੋਸ਼ ਭੁਲਾਏ ਹੋਏ
ਜਗ੍ਹਾ ਜਗ੍ਹਾ ਸੀ ਦੇਸ਼-ਗ਼ੱਦਾਰ ਫਿਰਦੇ, ਗੁਰੂ-ਬੰਸ ਦੇ ਰੱਤ-ਤਿਹਾਏ ਹੋਏ
ਥੋੜ੍ਹਾ ਬਹੁਤ ਵਿਸ਼ਵਾਸ ਸੀ ਜਿਨ੍ਹਾਂ ਉੱਤੇ, ਉਹ ਵੀ ਪੇਟ ਦੇ ਲਈ ਪਰਾਏ ਹੋਏ
ਮਾਤਾ ਸੋਚਦੀ ਸੀ ਜਾਵਾਂ ਕਿਸ ਪਾਸੇ, ਹੈਣ ਜ਼ਾਲਮਾਂ ਨੇ ਵਖਤ ਪਾਏ ਹੋਏ
ਦਿਲੋਂ ਡਰੀ ਸਹਿਮੀ ਖੱਚਰ ਜਾਏ ਟੋਰੀ, ਦੋਵੇਂ ਲਾਡਲੇ ਲਾਲ ਲੁਕਾਏ ਹੋਏ
ਮੱਥੇ ਚੁੰਮਦੀ ਜਾਏ ਪਿਆਰ ਦੇਂਦੀ, ਦੋਵੇਂ ਗੋਡਿਆਂ ਉੱਤੇ ਬਿਠਾਏ ਹੋਏ
ਲਾਂਭ-ਚਾਂਭ ਵੇਖਣ ਦੋਏ ਲਾਲ ਸੁੱਚੇ, ਹੈਸੀ ਦੁਹਾਂ ਦੇ ਨੈਣ ਸਧਰਾਏ ਹੋਏ
ਕਿੱਥੇ ਗਈ ਮਾਤਾ, ਪਿਤਾ ਗਿਆ ਕਿੱਥੇ, ਪੁੱਛਣ ਮੁੜ ਮੁੜ ਕੇ ਉਹ ਡਰਾਏ ਹੋਏ
ਦਾਦੀ ਚੁੰਮ ਮੱਥੇ, ਆਖੇ ਪੋਤਿਆਂ ਨੂੰ, ਕਿਸੇ ਕੰਮ ਨੇ ਲਾਲ ਅਟਕਾਏ ਹੋਏ
ਛੇਤੀ ਮੇਲ ਹੋਸੀ ਬੱਚਾ! ਧੀਰ ਰੱਖੋ, ਲਈ ਜਾਂਵਦੀ ਇਉਂ ਪਰਚਾਏ ਹੋਏ
ਐਪਰ ਮੂਲ ਨਾ ਪਏ ਸਮਾਣ ਅੰਦਰ, ਬਿਰਧ ਮਾਤ ਦੇ ਨੈਣ ਉਮਡਾਏ ਹੋਏ
ਬਣੀ ਸਬਰ-ਸੰਤੋਖ ਦਾ ਰੂਪ ਮਾਤਾ, ਵੇਖੇ ਸਮੇਂ ਦੇ ਢੋ ਢੁਕਾਏ ਹੋਏ
ਇਧਰ ਪੋਤਰੇ ਤੇ ਦਾਦੀ ਵੇਖ ਰਹੀ ਸੀ, ਰੰਗ ਰੱਬ ਦੇ ਨਵੇਂ ਵਿਖਾਏ ਹੋਏ
ਉੱਧਰ ਸਮਾਂ ਸੀ ਤਾੜਦੇ ਧਨ ਖ਼ਾਤਰ, ਗੰਗੂ ਨੀਚ ਦੇ ਨੈਣ ਲਲਚਾਏ ਹੋਏ
ਪਏ ਵਿੱਚ ਉਜਾੜ ਦੇ ਭਟਕਦੇ ਸੀ, ਮਹਿਲੀਂ ਜਿਨ੍ਹਾਂ ਸੀ ਦਿੱਨ ਲੰਘਾਏ ਹੋਏ
'ਤੀਰ' ਪਤਾ ਨਹੀਂ ਸੀ ਅੱਗੋਂ ਜਾਣ ਕਿੱਧਰ, ਸ੍ਰੀ ਮਾਤ ਜੀਤੋ ਜੀ ਦੇ ਜਾਏ ਹੋਏ

### ਗੰਗੂ ਬ੍ਰਾਹਮਣ ਦਾ ਮਾਤਾ ਗੁਜਰੀ ਜੀ ਨੂੰ ਕਹਿਣਾ

ਹੱਥ ਜੋੜ ਕੇ ਬੋਲਿਆ ਨੀਚ ਗੰਗੂ, ਮੈਂ ਹਾਂ ਆਪਦਾ ਨਿਮਕ ਹਲਾਲ ਮਾਤਾ
ਸੋਲ੍ਹਾਂ ਸਾਲ ਤੋਂ ਆਪ ਦਾ ਲਾਂਗਰੀ ਹਾਂ, ਕੱਟੀ ਉਮਰ ਹੈ ਆਪ ਦੇ ਨਾਲ ਮਾਤਾ
ਜਦੋਂ ਬਾਲ ਸਨ ਸ੍ਰੀ ਦਸਮੇਸ਼ ਦਾਤੇ, ਮੈਂ ਵੀ ਸਾਂ ਓਦੋਂ ਨਿੱਕਾ ਬਾਲ ਮਾਤਾ
ਉਹ ਵੀ ਪੁੱਤ ਤੇ ਆਪ ਦਾ ਪੁੱਤ ਮੈਂ ਵੀ, ਤੁਸੀਂ ਰਤਾ ਨਾ ਕਰੋ ਖ਼ਿਆਲ ਮਾਤਾ
ਰੱਜ ਰੱਜ ਮੈਂ ਆਪ ਦਾ ਲੂਣ ਖਾਧਾ, ਦਿਲੋਂ ਆਪ ਦਾ ਹਾਂ ਅੰਗ-ਪਾਲ ਮਾਤਾ
ਫਿੱਟੇ ਮੂੰਹ ਮੇਰਾ ਔਖੀ ਬਣੀ ਵੇਲੇ, ਜੇ ਨਾ ਸੱਕਿਆ ਫ਼ਰਜ਼ ਸੰਭਾਲ ਮਾਤਾ
ਪਿੱਛੋਂ ਆਪ ਵੱਲ ਕਰੇਗਾ ਅੱਖ ਕੋਈ, ਮੇਰਾ ਆਵਣਾ ਏ ਪਹਿਲੇ ਕਾਲ ਮਾਤਾ
ਮੈਂ ਵੀ ਗੁਰਾਂ ਦਾ ਸੀਤ-ਪ੍ਰਸ਼ਾਦ ਲੀਤਾ, ਸੋਲ੍ਹਾਂ ਵਰ੍ਹੇ ਪੂਰੇ ਘਾਲੀ ਘਾਲ ਮਾਤਾ
ਜਿਹੜੇ ਨੀਚ ਦੀ ਵੇਖਸਾਂ ਨੀਤ ਭੈੜੀ, ਜੜ੍ਹ ਓਸਦੀ ਦਿਆਂਗਾ ਗਾਲ ਮਾਤਾ
ਮੇਰਾ ਪਿੰਡ ਖੇੜੀ ਇਥੋਂ ਬਹੁਤ ਨੇੜੇ, ਉਥੇ ਚੱਲ ਲਈਏ ਸਮਾਂ ਟਾਲ ਮਾਤਾ
ਨਾਲੇ ਲਾਲ ਵੀ ਕਰਨ ਅਰਾਮ ਚਲ ਕੇ, ਨਾਲੇ ਬਚ ਜਾਵੇ ਧਨ ਮਾਲ ਮਾਤਾ
ਜਦੋਂ ਲੰਘ ਗਏ ਦਿਨ ਮੁਸੀਬਤਾਂ ਦੇ, ਟਲ ਗਿਆ ਜਾਂ ਸਿਰੋਂ ਵਬਾਲ ਮਾਤਾ
ਫੇਰ ਰਲ ਕੇ ਸ੍ਰੀ ਦਸਮੇਸ਼ ਜੀ ਦੀ, ਕਿਤੇ ਕਰ ਲਾਂਗੇ ਢੂੰਡ ਭਾਲ ਮਾਤਾ
ਸਮਾਂ ਵੇਖ ਕੇ ਮੰਨ ਗਈ ਗੱਲ ਉਹਦੀ, 'ਤੀਰ' ਜਾਣ ਹੀ ਨਾ ਸੱਕੀ ਚਾਲ ਮਾਤਾ

### ਦਾਦੀ ਪੋਤਰੇ ਗੰਗੂ ਬ੍ਰਾਹਮਣ ਦੇ ਘਰ ਵਿਚ (ਵੱਲੋਂ ਮਾਹੀ)

ਖੱਚਰ ਫੜ ਅੱਗੋਂ ਖੇੜੀ ਵੱਲ ਟੁਰਿਆ, ਧੋਖੇ, ਮਕਰ ਦੀ ਚੱਲ ਕੇ ਚਾਲ ਗੰਗੂ
ਮੋਮੋ-ਠੱਗਣਾ, ਮੀਸਣਾ ਦਿਲ ਅੰਦਰ, ਗਿਆ ਤਾਣਦਾ ਛਲਾਂ ਦੇ ਜਾਲ ਗੰਗੂ
ਗੱਲਾਂ ਮਿੱਠੀਆਂ ਮਿੱਠੀਆਂ ਗਿਆ ਕਰਦਾ, ਸ੍ਰੀ ਗੁੱਜਰੀ ਮਾਤ ਦੇ ਨਾਲ ਗੰਗੂ
ਅਸਲ ਵਿੱਚ ਸੀ ਨੀਤ ਨੂੰ ਹਾਰ ਬੈਠਾ, ਵਿਚ ਛੱਟ ਦੇ ਵੇਖ ਕੇ ਮਾਲ ਗੰਗੂ
ਪਿੰਡ ਪੁੱਜ ਕੇ, ਬੜਾ ਪ੍ਰਸੰਨ ਹੋਇਆ, ਚਿਹਰੇ ਮੋਹਰਿਓਂ ਖ਼ੂਬ ਖੁਸ਼ਹਾਲ ਗੰਗੂ
ਲੂਣ ਖਾ ਕੇ ਨਿਮਕ-ਹਲੂਣ ਬਣਿਆ, ਸੋਚੇ ਸੌ ਸੌ ਪੱਜ ਪਲਾਲ ਗੰਗੂ
ਕਿਵੇਂ ਧਨ ਲੁੱਟਾਂ? ਕਿਵੇਂ ਦਾਅ ਫੱਬੇ? ਦਿਲੋਂ ਪੈ ਗਿਆ ਏਸ ਖ਼ਿਆਲ ਗੰਗੂ
'ਤੀਰ' ਪੁੱਤ ਸੀ ਭਾਵੇਂ ਬ੍ਰਾਹਮਣਾਂ ਦਾ, ਐਪਰ ਨਿਕਲਿਆ ਨਿਰਾ ਚੰਡਾਲ ਗੰਗੂ

### ਦਾਦੀ ਪੋਤਰੇ ਅਨ੍ਹੇਰੀ ਕੋਠੜੀ ਵਿਚ (ਮਾਹੀ ਦੱਸਦਾ ਹੈ)

ਪਿੱਛੇ ਇੱਕ ਸੀ ਬਣੀ ਅਨ੍ਹੇਰ-ਕੋਠੀ, ਉਹਦੀ ਮਾਂ ਨੇ ਉਹਨੂੰ ਸਵਾਰ ਦਿੱਤਾ
ਦਾਦੀ ਪੋਤਰੇ ਓਸ ਬਿਠਾਏ ਉੱਥੇ, ਬੂਹੇ ਕੋਲ ਸਾਮਾਨ ਉਤਾਰ ਦਿੱਤਾ
ਲਾਏ ਫ਼ਰਸ਼ 'ਤੇ ਬਿਸਤਰੇ ਸਾਰਿਆਂ ਨੇ, ਕੀਤਾ ਸ਼ੁਕਰ ਵੇਲਾ ਹੋਣਹਾਰ ਦਿੱਤਾ
ਦਾਦੀ ਮੂੰਹ ਧੋਤਾ ਚੰਦ ਪੋਤਿਆਂ ਦਾ, ਵਾਰੋ ਵਾਰ ਦੋਹਾਂ ਨੂੰ ਪਿਆਰ ਦਿੱਤਾ

ਦੋਵੇਂ ਗੋਡਿਆਂ ਉੱਤੇ ਸੁਆਲ ਦਿੱਤੇ, ਆਪ ਊਂਘ ਵਿਚ ਸਮਾਂ ਗੁਜ਼ਾਰ ਦਿੱਤਾ
'ਤੀਰ' ਊਂਘਦੀ ਵੇਖ ਕੇ ਬਿਰਧ ਮਾਤਾ, ਝੱਟ ਨੀਚ ਗੰਗੂ ਬੂਹਾ ਮਾਰ ਦਿੱਤਾ

*ਮਹਾਰਾਜਾ! ਵਾੜ ਖੇਤ ਨੂੰ ਖਾ ਗਈ (ਮਾਹੀ ਦੱਸਦਾ ਹੈ)*

ਘਰ ਸੱਦ ਏਦਾਂ ਦਾਦੀ ਪੋਤਿਆਂ ਨੂੰ, ਘਰ ਲੋਭ ਦੇ ਆ ਗਿਆ ਨੀਚ ਗੰਗੂ
ਛੱਟ ਮਾਲ ਮੁਹਰਾਂ ਵਾਲੀ ਪੱਲ ਅੰਦਰ, ਇੱਲ ਵਾਂਗੂੰ ਉਡਾ ਗਿਆ ਨੀਚ ਗੰਗੂ
ਸੋਲ੍ਹਾਂ ਸਾਲ ਜੋ ਗੁਰਾਂ ਦਾ ਲੂਣ ਖਾਧਾ, ਪਲਾਂ ਵਿਚ ਭੁਲਾ ਗਿਆ ਨੀਚ ਗੰਗੂ
'ਤੀਰ' ਵਾੜ ਬਣ ਕੇ ਖੇਤੀ ਆਪਣੀ ਨੂੰ, ਵੇਖੋ ਕਿਸ ਤਰ੍ਹਾਂ ਖਾ ਗਿਆ ਨੀਚ ਗੰਗੂ

*ਖੜਾਕ ਨੇ ਮਾਤਾ ਜੀ ਨੂੰ ਸੁਚੇਤ ਕਰ ਦਿੱਤਾ (ਮਾਹੀ ਦੱਸਦਾ ਹੈ)*

ਖੜਕ ਸੁਣਦਿਆਂ ਹੋਈ ਸੁਚੇਤ ਮਾਤਾ, ਐਪਰ ਵੇਖ ਕੇ ਹੋਈ ਹੈਰਾਨ ਉਲਟੀ
ਆਈ ਸੀ ਕੱਟਣ ਏਸ ਘਰ ਬਿਪਤਾ, ਫਸੀ ਵਿਚ ਬਿਪਤਾ ਸਗੋਂ ਜਾਨ ਉਲਟੀ
ਦਿੱਸੀ ਮਾਲ ਦੀ ਛੱਟ ਨਾ ਮੂਲ ਕਿਧਰੇ, ਗੰਗੂ ਖਾ ਗਿਆ ਸਗੋਂ ਅਮਾਨ ਉਲਟੀ
'ਤੀਰ' ਆਖਦੀ ਆਪਣੇ ਦਿਲ ਅੰਦਰ, ਕਾਰ ਹੋ ਕੀ ਗਈ ਭਗਵਾਨ! ਉਲਟੀ

*ਨੀਚ ਗੰਗੂ ਦੀ ਅਨੋਖੀ ਨੀਚਤਾ (ਮਾਹੀ ਆਖਦਾ ਹੈ)*

ਉਧਰ ਨੀਚ ਨੇ ਨੀਚਤਾ ਹੋਰ ਖੇਡੀ, ਵੇਖੋ ਗ਼ਰਕ-ਜਾਣਾ ਗਰਕ ਜਾਣ ਲੱਗਾ
ਸੋਲ੍ਹਾਂ ਸਾਲ ਖਾ ਲੂਣ ਦਸਮੇਸ਼ ਜੀ ਦਾ, ਜ਼ਹਿਰ ਲੋਭ ਦਾ ਨਵਾਂ ਇਹ ਖਾਣ ਲੱਗਾ
ਜਿਹੜਾ ਨਾਮਣਾ ਖੱਟਿਆ ਟਹਿਲ ਕਰਕੇ, ਭਾੜੇ ਭੰਗ ਦੇ ਮੂੜ੍ਹ ਗਵਾਣ ਲੱਗਾ
'ਤੀਰ' ਚੜ੍ਹ ਕੋਠੇ ਉੱਤੇ ਉਸੇ ਵੇਲੇ, ਝੂਠ-ਮੂਠ ਏਦਾਂ ਰੌਲਾ ਪਾਣ ਲੱਗਾ

*ਨੀਚ ਗੰਗੂ ਨੇ ਚੋਰ ਓਇ! ਚੋਰ ਓਇ! ਦਾ ਰੌਲਾ ਪਾ ਦਿੱਤਾ*

ਕੋਠੇ ਚੜ੍ਹ ਕੇ ਕੂਕਿਆ ਰਾਤ ਵੇਲੇ, ਕਹਿਰ ਹੋ ਗਿਆ ਅੱਖ ਦੇ ਫੋਰ ਲੋਕੋ
ਹਾਂ! ਮੈਂ ਲੁੱਟਿਆ ਗਿਆ ਗ਼ਰੀਬ ਵੇਖੋ, ਮੈਨੂੰ ਲੁੱਟ ਲੈ ਗਏ ਜੇ ਚੋਰ ਲੋਕੋ
ਅੰਦਰ ਕੱਖ ਨਾ ਛੱਡਿਆ ਮੂਲ ਉਹਨਾਂ, ਕੋਈ ਕੱਢਿਆ ਨੇ ਜਿਵੇਂ ਖੋਰ ਲੋਕੋ
'ਕੱਲਾ ਮੈਂ ਤੇ ਕਈ ਸਨ ਓਹ ਪਾਪੀ, ਮੇਰਾ ਮੂਲ ਨਾ ਚੱਲਿਆ ਜ਼ੋਰ ਲੋਕੋ
ਗਿਆ ਮਾਰਿਆ ਅੱਜ ਮੈਂ ਰੜੇ ਉੱਤੇ, ਕਿਵੇਂ ਘਰ ਦੀ ਟੁਰੇਗੀ ਟੋਰ ਲੋਕੋ
ਬੁੱਢੀ ਮਾਂ ਮੇਰੀ 'ਤੀਰ' ਗਈ ਮਾਰੀ, ਏਸ ਘਰ 'ਤੇ ਜਿਹਦੀ ਸੀ ਡੋਰ ਲੋਕੋ
ਦੋਹਿਰਾ—ਸੁਣਕੇ ਮਾਤਾ ਗੁੱਜਰੀ, ਹੋਈ ਦਿਲੋਂ ਹੈਰਾਨ।
ਗੰਗੂ ਨੂੰ ਉਸ ਆਖਿਆ, ਵੇ ਪੁੱਤਰ ਕਰ ਧਿਆਨ।

### ਮਾਤਾ ਗੁਜਰੀ ਦਾ ਗੰਗੂ ਨੂੰ ਕਹਿਣਾ

ਲੱਗੀ ਪਲਕ ਨਾ! ਜਾਗਦੀ ਰਹੀ ਹਾਂ ਮੈਂ, ਕੋਈ ਵੇਖਿਆ ਆਂਵਦਾ ਹੋਰ ਨਾਹੀਂ
ਐਪਰ ਛੁੱਟ ਸਾਡੀ ਨਿਗ੍ਹਾ ਆਂਵਦੀ ਨਾ, ਹੱਛਾ ਉਹ ਜਾਣੇ ਕੋਈ ਜ਼ੋਰ ਨਾਹੀਂ
ਪੁੱਤਰ! ਚੁੱਪ ਕਰ ਜਾ ਰੌਲਾ ਪਾ ਨਾਹੀਂ, ਹੋਰ ਪੈਣ ਆ ਚੋਰਾਂ ਨੂੰ ਮੋਰ ਨਾਹੀਂ
'ਤੀਰ' ਜਾਗਦੀ ਨੇ ਏਸ ਘਰ ਅੰਦਰ, ਕੋਈ ਆਂਵਦਾ ਵੇਖਿਆ! ਚੋਰ ਨਾਹੀਂ

### ਗੰਗੂ ਦੀਆਂ ਅੱਖੀਆਂ ਲਾਲ ਹੋ ਗਈਆਂ (ਮਾਹੀ ਗੁਰੂ ਜੀ ਨੂੰ ਦੱਸਦਾ ਹੈ)

ਮਾਰੇ ਰੋਹ ਦੇ ਅੱਖੀਆਂ ਲਾਲ ਹੋਈਆਂ, ਸੜ ਭੁੱਜ ਕੇ ਹੋ ਗਿਆ ਹੋਲ ਗੰਗੂ
ਜ਼ਹਿਰੀ ਨਾਗ ਵਾਂਗੂੰ ਮਾਰਨ ਡੰਗ ਲੱਗਾ, ਵਿਹੁ ਆਪਣੇ ਆਪ ਵਿਚ ਘੋਲ ਗੰਗੂ
ਕਾਬੂ ਮਾਲ ਕੀਤਾ, ਨੀਚ ਚਾਲ ਚੱਲੀ, ਖੜਕ ਪਿਆ ਫਿਰ ਦਗੇ ਦਾ ਢੋਲ ਗੰਗੂ
'ਤੀਰ' ਕੜਕ ਕੇ ਬਿੱਜਲੀ ਵਾਂਗ ਸਿਰ 'ਤੇ, ਏਸ ਤਰ੍ਹਾਂ ਦੇ ਬੋਲਿਆ ਬੋਲ ਗੰਗੂ

### ਗੰਗੂ ਕਹਿਰੀ ਬੋਲ ਬੋਲਦਾ ਹੈ

ਲਓ ਜੀ ਆਹ ਵੇਖੋ ਡਾਢੀ ਖਰੀ ਹੋਈ, ਮੈਨੂੰ ਭਲਾ ਕਮਾਣ ਦਾ ਫੱਲ ਮਿਲਿਆ
ਘਰੋਂ ਲੁੱਟਿਆ ਗਿਆ ਹਾਂ ਘੜੀ ਅੰਦਰ, ਬਾਗ਼ੀ ਘਰ ਲਿਆਣ ਦਾ ਫੱਲ ਮਿਲਿਆ
ਚੋਰ ਹੋ ਗਿਆ ਅੱਜ ਮੈਂ ਜੱਗ ਅੰਦਰ, ਮੈਨੂੰ ਚੋਰ ਲੁਕਾਣ ਦਾ ਫੱਲ ਮਿਲਿਆ
ਵਖਤ ਪਏਗਾ ਮੇਰਿਆਂ ਬੱਚਿਆਂ ਨੂੰ, ਮੈਨੂੰ ਬੱਚੇ ਬਚਾਣ ਦਾ ਫੱਲ ਮਿਲਿਆ
ਕਲਹਿ ਜਾਗ ਉੱਠੀ, ਮੇਰੇ ਲਈ ਵੇਖੋ, ਏਨ੍ਹਾਂ ਤਾਈਂ ਸੁਆਣ ਦਾ ਫੱਲ ਮਿਲਿਆ
ਦਾਦੀ ਪੋਤਿਆਂ ਖ਼ੂਬ ਇਨਾਮ ਦਿੱਤਾ, ਮੌਤ-ਮੂੰਹੋਂ ਛਡਾਣ ਦਾ ਫੱਲ ਮਿਲਿਆ
ਖਾਣ ਲਈ ਨਾ ਕੱਖ ਵੀ ਕੋਲ ਰਿਹਾ, ਮੈਨੂੰ ਇਹ ਖੁਆਣ ਦਾ ਫੱਲ ਮਿਲਿਆ
ਹਰਜ ਹੋ ਗਿਆ ਧਨ ਤੇ ਮਾਲ ਘਰ ਤੋਂ, ਮੈਨੂੰ ਫਰਜ਼ ਨਿਭਾਣ ਦਾ ਫੱਲ ਮਿਲਿਆ
ਮਿਲ ਰਹੀ ਏ ਦਾਤ ਬਦਨਾਮੀਆਂ ਦੀ, ਭੋਰੇ ਤਿੰਨਾਂ ਨੂੰ ਪਾਣ ਦਾ ਫੱਲ ਮਿਲਿਆ
ਅੱਜ ਗੁਰੂ ਦਸਮੇਸ਼ ਦੀ ਮਾਂ ਕੋਲੋਂ, ਮੈਨੂੰ ਚਿਰਾਂ ਦੇ ਮਾਣ ਦਾ ਫੱਲ ਮਿਲਿਆ
ਪਾਪ ਮੈਂ ਕੀਤਾ ਲੈ ਕੇ ਘਰ ਪੁੱਜਾ, ਮੈਨੂੰ ਇਹ ਭੁੱਲ ਜਾਣ ਦਾ ਫੱਲ ਮਿਲਿਆ
'ਤੀਰ' ਮਾਰ ਕੇ ਕਾਲਜਾ ਸੱਲਿਆ ਸੂ, ਇਹ ਹਸਾਨ ਚੜ੍ਹਾਣ ਦਾ ਫੱਲ ਮਿਲਿਆ

### ਨੀਚ ਗੰਗੂ ਨੇ ਫਿਰ ਆਖਿਆ

ਵੇਖੋ ਉੱਜੜੀ ਬੁੱਢੜੀ ਘਰੋਂ ਘਾਟੋਂ, ਵਾਂਗ ਬਿੱਜਲੀ ਮੇਰੇ 'ਤੇ ਵੱਸ ਰਹੀ ਏ
ਇਹਨੂੰ ਦੁੱਧ ਪਿਆਲਿਆ ਭੁੱਲ ਕੇ ਮੈਂ, ਤਦੇ ਸੱਪਣੀ ਇਹ ਮੈਨੂੰ ਡੱਸ ਰਹੀ ਏ
ਮੈਂ ਤੇ ਜਾਣਦਾ ਸਾਂ ਐਵੇਂ ਆਖਦੀ ਏ, ਠੱਠੇ ਪਈ ਕਰਦੀ ਹਾਸਾ ਹੱਸ ਰਹੀ ਏ
ਐਪਰ ਹੁਣ ਹਕੀਕਤਾਂ ਖੁੱਲ੍ਹੀਆਂ ਨੇ, ਮਿਹਣੇ ਮਾਰਦੀ ਏ ਤੋੜੇ ਕੱਸ ਰਹੀ ਏ

ਮੈਨੂੰ ਚੋਰੀਆਂ ਦੀ ਊਜ ਲਾ ਰਹੀ ਏ, ਭਲਾ ਭੁੱਲ ਮੇਰਾ ਪਾ ਭੱਸ ਰਹੀ ਏ
'ਤੀਰ' ਜਿਸਦੀ ਜਾਨ ਬਚਾਈ ਵੇਖੋ, ਮੈਨੂੰ ਚੋਰ ਉਹ ਆਪਣਾ ਦੱਸ ਰਹੀ ਏ

### ਚੰਡਾਲ ਨੇ ਫਿਰ ਆਖਿਆ

ਹੱਛਾ ਅੱਜ ਮੈਂ ਜਾਨ ਬਚਾਣ ਵਾਲਾ, ਚੋਰ ਆਪ ਨੂੰ ਜੇ ਨਿਗ੍ਹਾ ਆਂਵਦਾ ਹਾਂ
ਏਸ ਲਾਏ ਕਲੰਕ ਦਾ ਆਪ ਤਾਈਂ, ਹੁਣੇ ਵੇਖ ਲਓ ਮਜ਼ਾ ਚਖਾਂਵਦਾ ਹਾਂ
ਕੌਣ ਚੋਰ ਤੇ ਕੌਣ ਹੈ ਸਾਧ ਸੱਚਾ, ਠਹਿਰੋ! ਰਤਾ ਕੁ, ਹੁਣੇ ਵਿਖਾਂਵਦਾ ਹਾਂ
ਕੈਦ ਮੈਂ, ਜਾਂ ਹੋਵਣਾ ਤੁਸਾਂ ਤਿੰਨਾਂ, ਠਾਣੇ ਪੁੱਜ ਨਿਆਂ ਕਰਾਂਵਦਾ ਹਾਂ
ਕੀਤਾ ਆਪਣਾ ਪਾਉਗੇ ਕੱਲ੍ਹ ਤਿੰਨੇ, ਹੁਣੇ ਚਾੜ੍ਹ ਮੁਰਿੰਡੀਏ* ਲਿਆਂਵਦਾ ਹਾਂ
'ਤੀਰ' ਬੱਚ ਕੇ ਜਾਓਗੇ ਮੂਲ ਨਾਹੀਂ, ਵੇਖੋ ਚੌਧਰੀ ਪਾਸ ਮੈਂ ਜਾਂਵਦਾ ਹਾਂ

### ਮਾਤਾ ਗੁਜਰੀ ਜੀ ਨੇ ਗੰਗੂ ਨੂੰ ਆਖਿਆ

ਮਾਤਾ ਆਖਿਆ ਮਾਂ ਦੀ ਸਹੁੰ ਤੈਨੂੰ, ਵੇਖੀਂ ਕਹਿਰ ਕਮਾਈਂ ਨਾ ਗੰਗਿਆ ਵੇ
ਮੇਰੇ ਚੰਦ ਦੇ ਹੀਰਿਆਂ ਪੰਨਿਆਂ ਦੀ, ਕਿਤੇ ਦੱਸ ਵੀ ਪਾਈਂ ਨਾ ਗੰਗਿਆ ਵੇ
ਮੇਰੇ ਲਾਲ ਦੇ ਲਾਲਾਂ ਦੀ ਰੱਤ ਅੰਦਰ, ਗੁੱਸੇ ਵਿੱਚ ਨਹਾਈਂ ਨਾ ਗੰਗਿਆ ਵੇ
ਹੋਰ ਲਈਂ ਜਿਨਾ ਧੰਨ ਲੋੜ ਤੈਨੂੰ, ਠਾਣੇ ਭੁੱਲ ਕੇ ਜਾਈਂ ਨਾ ਗੰਗਿਆ ਵੇ
ਮੇਰੇ ਚੰਦ ਦੇ ਚੰਦ ਇਹ ਜੀਊਣ ਜੋਗੇ, ਭਾੜੇ ਭੰਗ ਮਰਵਾਈਂ ਨਾ ਗੰਗਿਆ ਵੇ
ਜੇ ਇਹ ਮਾਂ ਤੇਰੀ, ਮੈਂ ਵੀ ਮਾਂ ਤੇਰੀ, ਦਿਲੋਂ ਗੱਲ ਭੁਲਾਈਂ ਨਾ ਗੰਗਿਆ ਵੇ
ਪੁੱਤਰ! ਤਰਸ ਖਾਵੀਂ ਏਸ ਅੰਮੜੀ 'ਤੇ, ਬੁੱਢੀ ਮਾਂ ਫੜਾਈਂ ਨਾ ਗੰਗਿਆ ਵੇ
ਲੈ ਮੈਂ ਕੁੱਝ ਵੀ ਆਖਦੀ ਨਹੀਂ ਤੈਨੂੰ, ਤੂੰ ਵੀ ਗੱਲ ਵਧਾਈਂ ਨਾ ਗੰਗਿਆ ਵੇ
ਮੇਰੇ ਪੁੱਤ ਦੇ ਕੋਲ ਪੁਚਾਣ ਦੀ ਥਾਂ, ਵੈਰੀ ਕੋਲ ਪੁਚਾਈਂ ਨਾ ਗੰਗਿਆ ਵੇ
ਭੱਠ ਪਿਆ ਸੋਨਾ ਜਿਹੜਾ ਕੰਨ ਪਾੜੇ, ਸਾਨੂੰ ਧੰਨ ਵਿਖਾਈਂ ਨਾ ਗੰਗਿਆ ਵੇ
ਤੈਨੂੰ ਪੁੱਤਰਾ! ਸਹੁੰ ਈ ਪੁੱਤਰਾਂ ਦੀ, ਐਪਰ ਕਲ੍ਹਾ ਜਗਾਈਂ ਨਾ ਗੰਗਿਆ ਵੇ
ਮੇਰੇ ਪੋਤਿਆਂ ਨੂੰ ਦੁੱਖਾਂ ਵੱਸ ਪਾ ਕੇ, ਖਹਿੜਾ ਕਿਤੇ ਛੁਡਾਈਂ ਨਾ ਗੰਗਿਆ ਵੇ
ਤੈਨੂੰ ਧੰਨ ਦੇ ਨਾਲ ਰਜਾ ਦਿਆਂਗੀ, ਵੇਖੀਂ ਦੁਸ਼ਟ ਬੁਲਾਈਂ ਨਾ ਗੰਗਿਆ ਵੇ
ਸੱਲੀ ਪਈ ਹਾਂ ਮੈਂ ਅੱਗੇ ਕਾਨੀਆਂ ਦੀ, ਹੋਰ 'ਤੀਰ' ਚਲਾਈਂ ਨਾ ਗੰਗਿਆ ਵੇ

### ਮਾਹੀ ਹਲਕਾਰਾ ਸ੍ਰੀ ਦਸਮੇਸ਼ ਜੀ ਨੂੰ ਦੱਸਦਾ ਹੈ

ਐਪਰ ਗੁਰੂ ਜੀ ਆਖਿਆ ਦਾਨਿਆਂ ਨੇ, ਵੇਲਾ ਪੈਣ 'ਤੇ ਬਦੀ ਬੁਰਿਆਰ ਕਰਦੇ
ਲੋਭ ਜਿਨ੍ਹਾਂ ਦੇ ਦਿਲਾਂ 'ਤੇ ਰਾਜ ਕਰਦਾ, ਨਹੀਂ ਕਿਸੇ ਨੂੰ ਮੂਲ ਪਿਆਰ ਕਰਦੇ

---

* ਮੋਰਿੰਡਾ ਉਸ ਵੇਲੇ ਮੁਗਲ ਸਰਕਾਰ ਦਾ ਥਾਣਾ ਸੀ ਜੋ ਖੇੜੀ ਤੋਂ ਬਿਲਕੁਲ ਨੇੜੇ ਸੀ।

ਸੱਪ ਬਾਜ ਨਾ ਆਂਵਦੇ ਡੰਗਣੇ ਤੋਂ, ਸਦਾ ਨੀਚ ਨੇ ਨੀਚ ਵਿਹਾਰ ਕਰਦੇ
'ਤੀਰ' ਦਿਲ ਦੇ ਹੋਣ ਮਕਾਰ ਜਿਹੜੇ, ਕਦੇ ਉਹ ਨਾ ਭਲੇ ਦੀ ਕਾਰ ਕਰਦੇ

### ਨੀਚ ਗੰਗੂ ਪਿੰਡ ਦੇ ਮੁਸਲਮਾਨ ਚੌਧਰੀ ਪਾਸ ਪੁੱਜ ਗਿਆ (ਮਾਹੀ ਦੱਸਦਾ ਹੈ)

ਪਾਪੀ ਪਾਪ ਤੋਂ ਮੂਲ ਨਾ ਬਾਜ਼ ਆਇਆ, ਪੁੱਜਾ ਪਿੰਡ ਦੇ ਚੌਧਰੀ ਪਾਸ ਵੇਖੋ
ਉਹਨੂੰ ਸੱਦ ਨਵੇਕਲੇ ਇਕ ਪਾਸੇ, ਗੁੱਝੀ ਗੱਲ ਕੀਤੀ ਕੋਈ ਖ਼ਾਸ ਵੇਖੋ
ਸੋਲ੍ਹਾਂ ਵਰ੍ਹੇ ਦਸਮੇਸ਼ ਦਾ ਲੂਣ ਖਾ ਕੇ, ਕੀਤਾ ਮੂਲ ਨਾ ਦਿਲੋਂ ਕਿਆਸ ਵੇਖੋ
ਧਨ ਲੁੱਟ ਲੀਤਾ, ਦਾਦੀ ਪੋਤਿਆਂ ਦਾ, ਲੱਗਾ ਹੁਣ ਵੇਚਣ ਪਾਪੀ ਮਾਸ ਵੇਖੋ
ਗੱਲ ਦੱਸ ਦਿੱਤੀ ਸਾਰੀ ਚੌਧਰੀ ਨੂੰ, ਰੱਖ ਲਈ ਇਨਾਮ ਦੀ ਆਸ ਵੇਖੋ
'ਤੀਰ' ਲੋਭ ਦੇ ਵੱਸ ਲੁਟਾਨ ਲੱਗਾ, ਦੇਸ਼-ਭਗਤ ਦਸਮੇਸ਼ ਦੀ ਰਾਸ ਵੇਖੋ

### ਦਾਦੀ ਪੋਤਰੇ ਕੈਦੀ ਹੋ ਗਏ (ਮਾਹੀ ਦੱਸਦਾ ਹੈ)

ਮਾਤਾ ਗੁੱਜਰੀ ਜਿਹਨੂੰ ਉਡੀਕਦੀ ਸੀ, ਹੋਣੀ ਆਣ ਉਹ ਸਮਾਂ ਵਿਖਾਲਿਆ ਜੇ
ਝੱਟ ਚੌਧਰੀ ਆ ਗਿਆ ਗੱਲ ਸੁਣ ਕੇ, ਉਹਨੇ ਮੌਤ ਦਾ ਰੂਪ ਬਣਾ ਲਿਆ ਜੇ
ਵਾਂਗ ਡੰਗਰਾਂ ਦੇ ਦਾਦੀ ਪੋਤਿਆਂ ਨੂੰ, ਉਹਨੇ ਹੁਕਮ ਦੇ ਕੇ ਅੱਗੇ ਲਾ ਲਿਆ ਜੇ
ਝਟਾ ਪੱਟ 'ਮੁਰਿੰਡੇ' ਦੇ ਵੱਲ ਤੋਰੇ, ਵੇਖੋ ਸਮੇਂ ਕੈਸਾ ਪਾਸਾ ਢਾਲਿਆ ਜੇ
ਉਥੋਂ ਟੁਰਨ ਲੱਗੀ ਮਾਤਾ ਗੁੱਜਰੀ ਨੇ, ਝੱਟ ਆਪਣਾ ਆਪ ਸੰਭਾਲਿਆ ਜੇ
'ਤੀਰ' ਇਸ ਤਰ੍ਹਾਂ ਆਖ ਕੇ ਅੱਖੀਆਂ 'ਚੋਂ, ਉਹਨੇ ਦਰਦ ਤੂਫ਼ਾਨ ਉਛਾਲਿਆ ਜੇ

### ਮਾਤਾ ਗੁਜਰੀ ਜੀ ਨੇ ਤੁਰਦਿਆਂ ਗੰਗੂ ਨੂੰ ਆਖਿਆ

ਤੈਨੂੰ ਸਣੇ ਸੰਤਾਨ ਦੇ ਲਏ 'ਗੰਗਾ', ਨਾਗਾ-ਜ਼ਹਿਰੀਆ ਕਹਿਰੀਆ ਗੰਗਿਆ ਵੇ
ਮਾਲ ਧਨ ਵੀ ਰਹੇ ਨਾ ਕੋਲ ਤੇਰੇ, ਜਿਹਦੇ ਰੰਗ ਦੇ ਵਿੱਚ ਹੈਂ ਰੰਗਿਆ ਵੇ
ਕੁੱਤੇ ਖਾਣ ਇਹ ਤੋੜ ਜ਼ਬਾਨ ਤੇਰੀ, ਜਿਹਨੇ ਗੁਰੂ ਦੀ ਬੰਸ ਨੂੰ ਡੰਗਿਆ ਵੇ
ਸੋਲ੍ਹਾਂ ਵਰ੍ਹੇ ਤੂੰ ਜਿਨ੍ਹਾਂ ਦਾ ਲੂਣ ਖਾਧਾ, ਬੁਰਾ ਉਨ੍ਹਾਂ ਦਾ ਈ ਅੰਤ ਮੰਗਿਆ ਵੇ
ਖ਼ਫ਼ਣ ਹੋਏ ਨਾ ਅੰਤ ਨਸੀਬ ਤੈਨੂੰ, ਠੱਗਾ ਲੋਭੀਆ ਹੋਛਿਆ ਨੰਗਿਆ ਵੇ
ਸੋਲ੍ਹਾਂ ਵਰ੍ਹੇ ਸਤਿਸੰਗ ਦੇ ਵਿਚ ਰਹਿ ਕੇ, ਨਹੀਂ ਪਾਪ ਕਮਾਣ ਤੋਂ ਸੰਗਿਆ ਵੇ
ਹੋਏ ਪੋਤਰੇ ਮੇਰੇ ਸ਼ਹੀਦ ਜੇਕਰ, ਤੂੰ ਵੀ ਜਾਏਂਗਾ ਸੂਲੀ 'ਤੇ ਟੰਗਿਆ ਵੇ
'ਤੀਰ' ਲੋਭ ਵਿਚ ਆਣ ਕੇ ਬੁਰਾ ਬਣਿਓਂ, ਕੀਤਾ ਓਹੀ ਜੋ ਮਨੋ ਸੀ ਅੰਗਿਆ ਵੇ

### ਮਾਹੀ ਹਲਕਾਰਾ ਸ੍ਰੀ ਦਸਮੇਸ਼ ਜੀ ਨੂੰ ਦੱਸਦਾ ਹੈ

ਏਦਾਂ ਖੇੜੀਓਂ ਬੰਨ੍ਹ ਕੇ ਗਏ ਟੋਰੇ, ਮਾਤਾ ਗੁਜਰੀ ਤੇ ਦੋਵੇਂ ਲਾਲ ਗੁਰ ਜੀ
ਪੁੱਜੇ ਜਦੋਂ ਮੁਰਿੰਡੇ ਦੇ ਵਿਚ ਜਾ ਕੇ, ਅੱਗੋਂ ਇਉਂ ਬੀਤੀ ਤਿੰਨਾਂ ਨਾਲ ਗੁਰ ਜੀ

ਹਵਾਲਾਤ ਅੰਦਰ ਦਿੱਤੇ ਡੱਕ ਉਹਨਾਂ, ਟਲੇ ਪਾਪ ਤੋਂ ਨਹੀਂ ਚੰਡਾਲ ਗੁਰ ਜੀ
ਸਾਰੀ ਰਾਤ ਰੋਲੇ ਉਹਨਾਂ ਸੱਥਰਾਂ 'ਤੇ, ਦਾਦੀ ਨਾਲ ਹੀ ਹੋਈ ਬੇਹਾਲ ਗੁਰ ਜੀ
ਬੁੱਢੀ ਦੇਹ, ਅੰਜਾਣਿਆਂ ਬੱਚਿਆਂ ਦਾ, ਕੀਤਾ ਰਤਾ ਨਾ ਉਨ੍ਹਾਂ ਖ਼ਿਆਲ ਗੁਰ ਜੀ
ਤਿੰਨਾਂ ਭੁੱਖਿਆਂ ਭਾਣਿਆਂ ਰਾਤ ਕੱਟੀ, ਦਿਲੋਂ ਆਸਰਾ ਰੱਖ ਅਕਾਲ ਗੁਰ ਜੀ
ਸੂਰਜ ਚੜ੍ਹਦਿਆਂ ਸਾਰ ਸਰਹੰਦ ਤੋਰੇ, ਇਕ ਰੱਥ ਦੇ ਵਿਚ ਬਿਠਾਲ ਗੁਰ ਜੀ
ਲੋਕੀਂ ਆਖਦੇ ਵੇਖਿਆ ਅਸਾਂ ਅੱਖੀਂ, ਡਾਢੇ ਘਾਬਰੇ ਹੋਏ ਸੀ ਬਾਲ ਗੁਰ ਜੀ
ਝੱਲ ਝੱਲ ਕੇ ਭੁੱਖ ਕੁਮਲਾਏ ਚਿਹਰੇ, ਸ੍ਰੀ ਮਾਤ ਵੀ ਸੀ ਇਸੇ ਹਾਲ ਗੁਰ ਜੀ
'ਤੀਰ' ਇਉਂ ਸਰਹੰਦ ਵਿਚ ਪਤਾ ਲੱਗਾ, ਕੀਤੀ ਜਦੋਂ ਮੈਂ ਪੁੱਛ ਪੜਤਾਲ ਗੁਰ ਜੀ

### *ਸਰਹੰਦ ਵਿਚ ਕਿਵੇਂ ਗੁਜ਼ਰੀ (ਮਾਹੀ ਦੱਸਦਾ ਹੈ)*

ਸੱਚੇ ਪਾਤਸ਼ਾਹ! ਦੱਸਿਆ ਨਹੀਂ ਜਾਂਦਾ, ਜੋ ਜੋ ਝਲਣਾ ਪਿਆ ਅੰਜਾਣਿਆਂ ਨੂੰ
ਰੋਟੀ ਰੱਜ ਕੇ ਮੂਲ ਨਾ ਕਿਸੇ ਦਿੱਤੀ, ਰਹੇ ਤਰਸਦੇ ਭੁੰਨਿਆਂ ਦਾਣਿਆਂ ਨੂੰ
ਉਨ੍ਹਾਂ ਦੁਖੀ ਕੀਤਾ ਮਾਤਾ ਗੁੱਜਰੀ ਨੂੰ, ਆਏ ਤਰਸ ਨਾਹੀ ਬੰਦੇ ਖਾਣਿਆਂ ਨੂੰ
'ਤੀਰ' ਲੋਕ ਸੀ ਇਹੋ ਅਰਦਾਸ ਕਰਦੇ, ਰੱਬਾ ਪੁੱਟ ਛੇਤੀ ਪਾਪ-ਥਾਣਿਆਂ ਨੂੰ

### *ਮਾਹੀ ਫਿਰ ਸ੍ਰੀ ਦਸਮੇਸ਼ ਜੀ ਨੂੰ ਕਹਿੰਦਾ ਹੈ*

ਮਹਾਰਾਜ! ਹੈ ਦੱਸਿਆ ਭੇਤੀਆਂ ਨੇ, ਭੁੱਖੇ ਰਹੇ ਨੇ ਆਪ ਦੇ ਜਾਏ ਦੋਵੇਂ
ਰਾਤ ਪਈ ਤਾਂ ਰੱਬ ਨੂੰ ਯਾਦ ਕਰਕੇ, ਦਾਦੀ ਪੋਤਰੇ ਕਾਲਜੇ ਲਾਏ ਦੋਵੇਂ
ਫੇਰ ਬੈਠ ਰਹਿਰਾਸ ਦਾ ਪਾਠ ਕੀਤਾ, ਮੱਥੇ ਚੁੰਮ ਕੇ ਫੇਰ ਸੁਆਏ ਦੋਵੇਂ
ਸੀਸ ਦੋਹਾਂ ਦੇ ਆਪਣੇ ਗੋਡਿਆਂ ਤੇ, ਬਿਰਧ ਮਾਂ ਨੇ ਰਾਤ ਟਿਕਾਏ ਦੋਵੇਂ
ਆਪ ਜਾਗਦੀ ਰਹੀ ਉਹ ਰਾਤ ਸਾਰੀ, ਸੁੱਤੇ ਲਾਲ ਪਰ ਨਹੀਂ ਜਗਾਏ ਦੋਵੇਂ
'ਤੀਰ' ਆਣ ਜਾਂ ਦੁੱਖਾਂ ਦਾ ਦਿਨ ਚੜ੍ਹਿਆ, ਝੱਟ ਜ਼ਾਲਮਾਂ ਪਾਸ ਬੁਲਾਏ ਦੋਵੇਂ

### *ਸੂਬੇ ਸਰਹੰਦ ਦਾ ਸੱਦਾ ਆ ਗਿਆ*

ਕਿਸੇ ਆਣ ਕੇ ਆਖਿਆ ਬੁਰਜ ਹੇਠਾਂ, ਛੇਤੀ ਪੋਤਰੇ ਕਰ ਤਿਆਰ ਮਾਈ
ਹਾਂ ਉਡੀਕਦੇ ਭੇਜ ਦੇ ਨਾਲ ਸਾਡੇ, ਸੂਬੇ ਸੱਦਿਆ ਵਿਚ ਦਰਬਾਰ ਮਾਈ
ਅਸੀਂ ਆਣ ਕੇ ਖਲੇ ਕਦੋਕਣੇ ਹਾਂ, ਵੇਖ ਹੋਰ ਨਾ ਸਮਾਂ ਗੁਜ਼ਾਰ ਮਾਈ
'ਤੀਰ' ਭੇਜ ਛੇਤੀ ਹੇਠਾਂ ਪੋਤਿਆਂ ਨੂੰ, ਉਥੇ ਹੋਂਵਦੀ ਏ ਇੰਤਜ਼ਾਰ ਮਾਈ

### *ਮਾਤਾ ਗੁਜਰੀ ਜੀ ਨੇ ਪੋਤਿਆਂ ਨੂੰ ਜਗਾਇਆ*

ਮਾਰੂ ਮੌਤ ਦੇ ਮੂੰਹ ਦੀ ਸੱਦ ਸੁਣ ਕੇ, ਜ਼ੋਰਾਵਰ ਤੇ ਫ਼ਤਹਿ ਜਗਾਏ ਮਾਤਾ
ਵਾਰ ਵਾਰ ਫਿਰ ਦੋਹਾਂ ਦੇ ਮੂੰਹ ਚੁੰਮੇ, ਘੁੱਟ ਘੁੱਟ ਛਾਤੀ ਨਾਲ ਲਾਏ ਮਾਤਾ

ਝਾੜੇ ਕੱਪੜੇ ਪਿੱਠਾਂ 'ਤੇ ਹੱਥ ਫੇਰੇ, ਸੋਹਣੇ ਧਣਖੀਆ ਤੀਰ ਸਜਾਏ ਮਾਤਾ
ਜਾ ਕੇ ਵਿਚ ਕਚਹਿਰੀ ਦੇ ਕੀ ਕਹਿਣਾ, ਸਿੱਖ ਪੁਣੇ ਦੇ ਭੇਦ ਸਮਝਾਏ ਮਾਤਾ
ਹੋਣੀ ਹੱਸਦੀ ਸੀ ਖਲ੍ਹੀ ਦਰ ਅੱਗੇ, ਪਈ ਨੇਤਰੋਂ ਨੀਰ ਵਹਾਏ ਮਾਤਾ
ਜਾਂਦੀ ਵਾਰ ਗਲਵੱਕੜੀ ਵਿੱਚ ਲੈ ਕੇ, ਪਈ ਠੰਢ ਕਲੇਜੇ ਨੂੰ ਪਾਏ ਮਾਤਾ
ਪ੍ਰੇਮ-ਵੱਸ ਹੋ ਕੇ ਦੋਵੇਂ ਲਾਲ ਸੁੱਚੇ, ਨੈਣ ਹੰਝੂਆਂ ਵਿਚ ਨੁਹਾਏ ਮਾਤਾ
'ਤੀਰ' ਇਸ ਤਰ੍ਹਾਂ ਆਖ ਕੇ ਚੰਦ ਪੋਤੇ, ਵੇਖੋ ਮੌਤ ਦੇ ਮੂੰਹ ਵਿਚ ਪਾਏ ਮਾਤਾ

### *ਮਾਤਾ ਗੁਜਰੀ ਜੀ ਨੇ ਪੋਤਿਆਂ ਨੂੰ ਭੇਜਣ ਲੱਗੇ ਆਖਿਆ*

ਜਾਓ ਲਾਲ ਜੀ! ਦੋਹਾਂ ਦਾ ਗੁਰੂ ਰਾਖਾ, ਬੇਟਾ ਗੁਰੂ 'ਤੇ ਰੱਖ ਕੇ ਮਾਣ ਜਾਓ
ਤੁਸੀਂ ਖ਼ੂਨ ਹੋ ਤੇਗ਼-ਬਹਾਦਰੀ ਦਾ, ਉਸੇ ਖ਼ੂਨ ਦੇ ਜੌਹਰ ਵਿਖਾਣ ਜਾਓ
ਜ਼ੋਰਾਵਰ ਜੀਓ! ਜਾਓ ਜ਼ੋਰ ਦੱਸੋ, ਜ਼ੋਰਾਵਰਾਂ ਉੱਤੇ ਫ਼ਤਹਿ ਪਾਣ ਜਾਓ
ਬੇਟਾ ਦੇਸ਼ ਨੂੰ ਲੋੜ ਹੈ ਏਸ ਵੇਲੇ, ਦੇਸ਼ ਵਾਸਤੇ ਸੀਸ ਘੁਮਾਣ ਜਾਓ
ਜੋਤ ਬੁੱਝ ਨਾ ਜਾਏ ਕੁਰਬਾਨੀਆਂ ਦੀ, ਮੇਰੇ ਲਾਲ ਜੀ ਜੋਤ ਜਗਾਣ ਜਾਓ
'ਤੀਰ' ਉੱਜੜੀ ਦਾਦੀ ਇਹ ਆਖਦੀ ਜੇ, ਤੁਸੀਂ ਉਜੜੇ ਦੁਖੀ ਵਸਾਣ ਜਾਓ

### *ਦਾਦੀ ਨੇ ਪੋਤਿਆਂ ਨੂੰ ਹੋਰ ਕੀ ਕਿਹਾ (ਮਾਹੀ ਦੱਸਦਾ ਹੈ)*

ਦੇਖੋ ਲਾਲ ਜੀ ਜ਼ਾਲਮਾਂ ਕੋਲ ਜਾ ਕੇ, ਡਰ ਸਹਿਮ ਮਾਸਾ ਰਤੀ ਖਾਵਣਾ ਨਾ
ਖ਼ੂਬ ਫ਼ਤਹਿ ਬਲਾਵਣੀ ਗੱਜ ਓਥੇ, ਜ਼ੋਰਾਵਰ ਹੋ ਦਿਲੋਂ ਘਬਰਾਵਣਾ ਨਾ
ਜਾਲ ਲੱਖ ਵਿਛਾਣ ਉਹ ਨੀਚ ਪਾਪੀ, ਕਿਸੇ ਚਾਲ ਅੰਦਰ ਤੁਸਾਂ ਆਵਣਾ ਨਾ
ਭਾਵੇਂ ਦੇਣ ਪਏ ਲੋਭ ਹਜ਼ਾਰ ਬੱਚਾ, ਤੁਸਾਂ ਲੋਭ ਵੱਲੇ ਪੈਰ ਪਾਵਣਾ ਨਾ
ਦਾਦੇ ਵਾਂਗ ਜੇ ਲਾਲ ਜੀ ਲੋੜ ਭਾਸੀ, ਸੀਸ ਵਾਰਨਾ ਦਿਲ ਡੁਲਾਵਣਾ ਨਾ
ਸਿੱਖੀ ਸਿਦਕ ਦਾ ਕੀਮਤੀ ਲਾਲ ਸੁੱਚਾ, ਏਸ ਖੇਡ ਦੇ ਵਿਚ ਗਵਾਵਣਾ ਨਾ
ਦਿਲੋਂ ਰੱਬ ਨੂੰ ਰੱਖਣਾ ਯਾਦ ਬੇਟਾ! ਹੋਰ ਕਿਸੇ ਨੂੰ ਸੀਸ ਨਿਵਾਵਣਾ ਨਾ
ਏਸ ਦੇਹ ਦੀ ਨਹੀਂ ਪਰਵਾਹ ਕਰਨੀ, ਗੀਤ ਮੋਹ-ਸੰਸਾਰ ਦੇ ਗਾਵਣਾ ਨਾ
ਉਥੇ ਅੱਖੀਆਂ ਨੀਵੀਆਂ ਪਾਣੀਆਂ ਨਾ, ਦੇਣਾ ਤੋੜ ਜਵਾਬ ਸ਼ਰਮਾਵਣਾ ਨਾ
ਕਿਤੇ ਵੇਖਣਾ ਲਾਲ ਜੀ ਅੱਜ ਏਥੇ, ਪਵੇ ਗੁੱਜਰੀ ਨੂੰ ਪਛੋਤਾਵਣਾ ਨਾ
ਸੋਢੀ ਕੁੱਲ ਦੇ ਸੋਹਣਿਓਂ ਦੇਸ਼-ਭਗਤੋ! ਗੀਤ ਕਿਸੇ ਵੀ ਹੋਰ ਦੇ ਗਾਵਣਾ ਨਾ
'ਤੀਰ' ਹੱਸ ਕੇ ਜਾਨ ਕੁਰਬਾਨ ਕਰਨੀ, ਦਾਗ਼ ਬੰਸ ਤਾਈਂ ਔਪਰ ਲਾਵਣਾ ਨਾ

### *ਜਾਂਦੇ ਪੋਤਿਆਂ ਨੇ ਦਾਦੀ ਨੂੰ ਕੀ ਕਿਹਾ*

ਹੱਥ ਜੋੜ ਕੇ ਆਖਿਆ ਪੋਤਿਆਂ ਨੇ, ਵੇਖੀਂ ਮੂਲ ਨਾ ਡਰਾਂਗੇ ਅਸੀਂ ਦਾਦੀ

ਭਾਵੇਂ ਹਾਂ ਨਿੱਕੇ ਨਿੱਕੇ ਬਾਲ ਦੋਵੇਂ, ਵੱਡਾ ਕੰਮ ਪਰ ਕਰਾਂਗੇ ਅਸੀਂ ਦਾਦੀ
ਦਾਦੇ ਜੀਓ ਨੇ ਜਿਵੇਂ ਸੀ ਜਾਨ ਵਾਰੀ, ਤਿਵੇਂ ਮੌਤ ਨੂੰ ਵਰਾਂਗੇ ਅਸੀਂ ਦਾਦੀ
ਧਾਰ ਤੇਗ਼ ਦੀ ਤਰੀ ਸੀ ਜਿਵੇਂ ਉਹਨਾਂ, ਉਸੇ ਤਰ੍ਹਾਂ ਹੀ ਤਰਾਂਗੇ ਅਸੀਂ ਦਾਦੀ
ਭਾਵੇਂ ਢਹਿਣ ਪਹਾੜ ਮੁਸੀਬਤਾਂ ਦੇ, ਸਿਰ ਡਾਹ ਕੇ ਜਰਾਂਗੇ ਅਸੀਂ ਦਾਦੀ
ਜਿਵੇਂ ਸਿੱਖ ਨੇ ਤਲੀ 'ਤੇ ਸੀਸ ਧਰਦੇ, ਤਿਵੇਂ ਸੀਸ ਅੱਜ ਧਰਾਂਗੇ ਅਸੀਂ ਦਾਦੀ
ਦੇਸ਼ ਵਾਸਤੇ ਪਿਤਾ ਦਸਮੇਸ਼ ਵਾਂਗੂ, ਬਣੀ ਸਿਰਾਂ 'ਤੇ ਜਰਾਂਗੇ ਅਸੀਂ ਦਾਦੀ
ਦੇਸ਼ ਵਾਸਤੇ ਜੀਆਂਗੇ 'ਤੀਰ' ਜੱਗ 'ਤੇ, ਦੇਸ਼ ਵਾਸਤੇ ਮਰਾਂਗੇ ਅਸੀਂ ਦਾਦੀ

### *ਜਾਣ ਲੱਗੇ ਜ਼ੋਰਾਵਰ ਸਿੰਘ ਨੇ ਦਾਦੀ ਨੂੰ ਕੀ ਆਖਿਆ?*

ਜ਼ੋਰਾਵਰ ਨੇ ਆਖਿਆ ਟੇਕ ਮੱਥਾ, ਤੁਸੀਂ ਕਰੋ ਨਾ ਰਤਾ ਖ਼ਿਆਲ ਮਾਤਾ
ਤੁਸੀਂ ਵੇਖ ਲੈਣਾ, ਜ਼ੋਰਾਵਰ ਹਾਂ ਮੈਂ, ਜਾ ਕੇ ਲੜਾਂਗਾ ਜ਼ੁਲਮ ਦੇ ਨਾਲ ਮਾਤਾ
ਓਸ ਗੁਰੂ ਦਸਮੇਸ਼ ਦਾ ਲਾਡਲਾ ਹਾਂ, ਜਿਹਦੀ ਕੋਈ ਨਾ ਝੱਲਦਾ ਝਾਲ ਮਾਤਾ
'ਤੀਰ' ਜਿੱਤ ਕੇ ਆਇਗਾ ਕੋਲ ਤੇਰੇ, ਨਹੀਂ ਤਾਂ ਜੂਝ ਜਾਸੀ ਤੇਰਾ ਲਾਲ ਮਾਤਾ

### *ਸਾਹਿਬਜ਼ਾਦਾ ਫ਼ਤਹਿ ਸਿੰਘ ਜੀ ਨੇ ਕੀ ਆਖਿਆ?*

ਫ਼ਤਹਿ ਸਿੰਘ ਨੇ ਆਖਿਆ ਵੇਖ ਅੰਮੀਂ, ਫ਼ਤਹਿ ਅੱਜ ਇਹ ਮੋਰਚਾ ਕਰਾਂਗਾ ਮੈਂ
ਭਾਵੇਂ ਹਾਂ ਨਿੱਕਾ ਜ਼ੋਰਾਵਰ ਕੋਲੋਂ, ਪਹਿਲੇ ਏਸ ਤੋਂ ਦੇਸ਼ ਲਈ ਮਰਾਂਗਾ ਮੈਂ
ਜੇਕਰ ਮੌਤ ਵੀ ਸਾਹਮਣੇ ਆ ਜਾਵੇ, ਤਾਂ ਵੀ ਦਿਲ ਤੋਂ ਕਦੇ ਨਾ ਡਰਾਂਗਾ ਮੈਂ
ਬੈਠੀ ਬੁਰਜ 'ਚ ਘੋੜੀਆਂ 'ਤੀਰ' ਗਾਵੀਂ, ਜਦੋਂ ਲਾੜੀ ਸ਼ਹੀਦੀ ਨੂੰ ਵਰਾਂਗਾ ਮੈਂ

### *ਦੋਵੇਂ ਲਾਲ ਕਚਹਿਰੀ ਵੱਲ ਤੋਰੇ ਗਏ (ਮਾਹੀ ਦੱਸਦਾ ਹੈ)*

ਮੱਥੇ ਤੀਊੜੀ ਪਾ ਪਾ ਪੁਲਸੀਆਂ ਨੇ, ਅੱਗੇ ਆਪਣੇ ਅੰਤ ਨੂੰ ਲਾਏ ਦੋਵੇਂ
ਹਸੂੰ ਹਸੂੰ ਕਰਦੇ ਖਿੜੇ ਫੁੱਲ ਜਾਪਣ, 'ਜੀਤੋ ਜੀ' ਦਸਮੇਸ਼ ਦੇ ਜਾਏ ਦੋਵੇਂ
ਉਹ ਅਡੋਲ ਸਨ ਵਾਂਗ ਹਿਮਾਲੀਆ ਦੇ, ਰੱਤੀ ਭਰ ਨਾ ਮੂਲ ਘਬਰਾਏ ਦੋਵੇਂ
ਪੁੱਜ ਵਿਚ ਕਚਹਿਰੀ ਦੇ ਜਿਸ ਵੇਲੇ, ਸੂਬੇ ਸਾਹਮਣੇ ਜਦੋਂ ਖਲ੍ਹਵਾਏ ਦੋਵੇਂ
ਚਿਹਰੇ ਉਨ੍ਹਾਂ ਦੇ ਭਰੇ ਜਲਾਲ ਦੇ ਸੀ, ਹੈ ਸੀ ਸੋਭਦੇ ਸਜੇ ਸਜਾਏ ਦੋਵੇਂ
ਡਿੱਠੇ ਅੱਖ ਭਰ ਜਦੋਂ ਦਰਬਾਰੀਆਂ ਨੇ, ਉਨ੍ਹਾਂ ਸਾਰਿਆਂ ਨੂੰ ਦਿਲੋਂ ਭਾਏ ਦੋਵੇਂ
ਕਈ ਕਹਿਣ ਲੱਗੇ ਵਿੱਚੋ ਵਿੱਚ ਦੁਖ ਕੇ, ਗੰਗੂ ਨੀਚ ਨੇ ਕਿਉਂ ਫੜਾਏ ਦੋਵੇਂ
'ਤੀਰ' ਵਾਹਿਗੁਰੂ ਦੀ ਫ਼ਤਹਿ ਉਨ੍ਹਾਂ ਬੋਲੀ, ਸੂਬੇ ਸਾਹਮਣੇ ਚੱਲ ਜਾਂ ਆਏ ਦੋਵੇਂ

### *ਸਾਹਿਬਜ਼ਾਦਿਆਂ ਦਾ ਰੋਅਬ ਕਿੱਦਾਂ ਦਾ ਸੀ (ਮਾਹੀ ਦੱਸਦਾ ਹੈ)*

ਵੇਖਣ ਵਾਲਿਆਂ ਨੀਵੀਆਂ ਪਾ ਲਈਆਂ, ਮੂੰਹੋਂ ਇੱਕ ਵੀ ਆਖ ਨਾ ਗੱਲ ਸੱਕੇ

ਨੂਰੀ ਮੁੱਖੜੇ ਵੇਖ ਲਡਿੱਕਿਆਂ ਦੇ, ਖੱਬੀਖਾਨ ਵੀ ਝਾਲ ਨਾ ਝੱਲ ਸਕੇ
ਪੱਥਰ ਚਿੱਤ ਢੱਲੇ ਕਈ ਵੇਖਦੇ ਈ, ਸਾਰੀ ਉਮਰ ਜੋ ਦਿਲੋਂ ਨਾ ਢੱਲ ਸਕੇ
'ਤੀਰ' ਘੁਸਰ-ਮੁਸਰ ਏਦਾਂ ਕਰਨ ਲੱਗੇ, ਜਦੋਂ ਦਿੱਲ ਨਾ ਆਪਣੇ ਠੱਲ੍ਹ ਸਕੇ

## ਦਰਬਾਰੀਆਂ ਦੀਆਂ ਗੱਲਾਂ

ਯਾਰੋ ! ਵੇਖਣਾ ਇਨ੍ਹਾਂ ਦੇ ਰੂਪ ਵੱਲੇ, ਦਿੱਸੇ ਐਨ ਨੁਹਾਰ ਦਸਮੇਸ਼ ਵਰਗੀ
ਇੱਨ-ਬਿੱਨ ਪੁਸ਼ਾਕੀਆਂ ਓਸ ਜਿਹੀਆਂ, ਸਿਰੀਂ ਹੈ ਦਸਤਾਰ ਦਸਮੇਸ਼ ਵਰਗੀ
ਹੈਣ ਗਾਤਰੇ ਗੁਰੂ ਦਸਮੇਸ਼ ਵਰਗੇ, ਸੋਭੇ ਪਈ ਤਲਵਾਰ ਦਸਮੇਸ਼ ਵਰਗੀ
'ਤੀਰ' ਕੱਲ੍ਹ ਇਹ ਜਦੋਂ ਜਵਾਨ ਹੋਏ, ਸਾਰੀ ਕਰਨਗੇ ਕਾਰ ਦਸਮੇਸ਼ ਵਰਗੀ

## ਸੁੱਚਾ ਨੰਦ ਵਜ਼ੀਰ ਦੀਆਂ ਮੋਮੋ ਠੱਗਣੀਆਂ

ਸੁੱਚਾ ਨੰਦ ਵਜ਼ੀਰ ਨੇ ਉੱਠ ਕਿਹਾ, ਖ਼ਾਨ ਸਾਹਿਬ ਨੂੰ ਸੀਸ ਨਿਵਾਓ ਕਾਕਾ
ਕਰੋ ਝੁਕ ਸਲਾਮ ਸਰਦਾਰ ਅੱਗੇ, ਏਸ ਥਾਂ ਨਾ ਫ਼ਤਹਿ ਬੁਲਾਓ ਕਾਕਾ
ਏਥੇ ਦੇਸ਼ ਦੇ ਪਾਤਸ਼ਾਹ ਹੈਣ ਬੈਠੇ, ਤੁਸੀਂ ਕੁਝ ਤੇ ਸੋਚ ਦੁੜਾਓ ਕਾਕਾ
'ਤੀਰ' ਅੱਜ ਜੇ ਕਰੋ ਸਲਾਮ ਦੋਵੇਂ, ਮਾਨ ਮਰਤਬੇ, ਰੱਜ ਕੇ ਪਾਓ ਕਾਕਾ

## ਮਾਹੀ ਹਲਕਾਰਾ ਦਸਮੇਸ਼ ਜੀ ਨੂੰ ਦੱਸਦਾ ਹੈ (ਡਿਉਢ ਛੰਦ)

ਸੁੱਚਾ ਨੰਦ ਵਜ਼ੀਰ ਗੁਰੂ ਜੀ, ਜਾਂ ਇਹ ਗੱਲ ਸੁਣਾਈ, ਕਰ ਚਤੁਰਾਈ
ਕਰਕੇ ਅਜਬ ਜਲਾਲੀ ਚਿਹਰਾ, ਬੋਲੇ ਦੋਵੇਂ ਭਾਈ, ਦੱਸ ਦਨਾਈ
ਦਿੱਤਾ ਖ਼ੂਬ ਜਵਾਬ ਦੁਹਾਂ ਨੇ, ਦਿਲ ਦੀ ਕਰ ਪਕਿਆਈ, ਡਰੇ ਨਾ ਰਾਈ
'ਤੀਰ' ਫ਼ਤਹਿ ਤੇ ਜ਼ੋਰਾਵਰ ਨੇ, ਗੁਰ ਘਰ ਦੀ ਵਡਿਆਈ, ਰੱਖ ਵਿਖਾਈ

## ਸਾਹਿਬਜ਼ਾਦਿਆਂ ਦਾ ਉੱਤਰ ਸੁੱਚਾ ਨੰਦ ਨੂੰ

ਸਾਡੇ ਗੁਰ ਦਸਮੇਸ਼ ਪਿਤਾ ਦੀ, ਇਹ ਕਹਿੰਦੀ ਹੈ ਬਾਣੀ, ਰਮਜ਼-ਰਬਾਣੀ
ਰੱਬ ਅਤੇ ਸਤਿਗੁਰ ਦੇ ਬਾਝੋਂ, ਕਿਤੇ ਨਾ ਧੌਣ ਝੁਕਾਣੀ, ਰੀਤ ਨਿਭਾਣੀ
ਜੱਗ 'ਤੇ ਧਨੀ ਸੂਰਮੇ ਸੂਬੇ, ਭਰਦੇ ਗੁਰ ਦਾ ਪਾਣੀ, ਤੂੰ ਸੱਚ ਜਾਣੀ
'ਤੀਰ' ਅਸਾਂ ਨਹੀਂ ਸੂਬੇ ਅੱਗੇ, ਅਪਣੀ ਧੌਣ ਨਿਵਾਣੀ, ਫ਼ਤਹਿ ਬੁਲਾਣੀ

ਫ਼ਤਹਿ ਅਸਾਡੇ ਘਰ ਦੀ ਬੋਲੀ, ਨਿਤ ਹਾਂ ਫ਼ਤਹਿ ਬੁਲਾਂਦੇ, ਜਿਸ ਥਾਂ ਜਾਂਦੇ
ਸਿੱਖ ਹੋਣ ਜੋ ਕਲਗੀਧਰ ਦੇ, ਉਹ ਨਹੀਂ ਫਰਜ਼ ਭੁਲਾਂਦੇ, ਹੈਣ ਨਿਭਾਂਦੇ
ਅਸਾਂ ਸਲਾਮ ਕਦੇ ਨਾ ਕਰਨੀ, ਕਾਹਨੂੰ ਹੋ ਸਮਝਾਂਦੇ, ਸਮਾਂ ਗਵਾਂਦੇ
'ਤੀਰ' ਦੋਹਾਂ ਦਾ ਉੱਤਰ ਸੁਣ ਕੇ, ਸੜ ਬਲ ਸਾਰੇ ਜਾਂਦੇ, ਗੁੱਸਾ ਖਾਂਦੇ

## ਵੱਲੋਂ ਮਾਹੀ

ਖ਼ਾਨ ਵਜ਼ੀਦੇ ਨੂੰ, ਸੁਣ ਉੱਤਰ, ਨਾਗ ਕਲੇਜੇ ਲੜਿਆ, ਗੁੱਸਾ ਚੜ੍ਹਿਆ
ਪਰ ਝੱਟ ਮੂੰਹ ਦਾ ਮਿੱਠਾ ਬਣਿਆ, ਦਿਲ ਤੋਂ ਭਾਵੇਂ ਸੜਿਆ, ਕੁੜ੍ਹਿਆ-ਕੜ੍ਹਿਆ
ਸੂਰਤ ਭੋਲੀ ਵੇਖ ਦੁਹਾਂ ਦੀ, ਗਿਆ ਕਲੇਜਾ ਫੜਿਆ, ਮੱਕਰਾਂ-ਘੜਿਆ
'ਤੀਰ' ਇਸ ਤਰ੍ਹਾਂ ਆਖਣ ਲੱਗਾ, ਉਹ ਛੱਲੀ ਛੱਲ-ਛੱੜਿਆ, ਛੱਲਵੱਲ ਪੜ੍ਹਿਆ

## ਖ਼ਾਨ ਵਜ਼ੀਦੇ ਨੇ ਸਾਹਿਬਜ਼ਾਦਿਆਂ ਨੂੰ ਆਖਿਆ

ਪਿਤਾ ਤੁਹਾਡਾ ਗਿਆ ਮਾਰਿਆ, ਮੋਏ ਵੀਰ ਪਿਆਰੇ, ਤੇ ਸਿੱਖ ਸਾਰੇ
ਸ਼ਾਹੀ ਫ਼ੌਜ ਫੜੇ ਹਨ ਸਾਰੇ, ਸਭ ਦੇ ਸੀਸ ਉਤਾਰੇ, ਗਿਣ ਗਿਣ ਮਾਰੇ
ਬੀਜ ਸਿੱਖ ਦਾ ਮਿਲੇ ਨ ਕਿਧਰੇ, ਹੋ ਗਏ ਖ਼ੂਨੀ ਕਾਰੇ, ਸੁਣੋ ਪਿਆਰੇ
ਸ਼ੁਕਰ ਅੱਲਾ ਦਾ ਦੋਵੇਂ ਆ ਗਏ, 'ਤੀਰ' ਏਸ ਦਰਬਾਰੇ, ਅੱਖ ਦੇ ਤਾਰੇ

ਕੀ ਲੈਣਾ ਜੇ ਕਾਫ਼ਰ ਰਹਿ ਕੇ, ਕਾਕਾ ਸੋਚ ਦੁੜਾਓ, ਨਾ ਦੁੱਖ ਪਾਓ
ਮੁੱਸਲਮਾਨ ਬਣੋ ਤੇ ਅੱਜ ਹੀ, ਮਾਲ ਜਗੀਰਾਂ ਪਾਓ, ਸੁੱਖ ਹੰਢਾਓ
ਆਖ਼ਰ ਨੂੰ ਇਸ ਦੁਨੀਆ ਵਿੱਚੋਂ, ਵਿੱਚ ਬਹਿਸ਼ਤਾਂ ਜਾਓ, ਗ਼ਮ ਗਵਾਓ
'ਤੀਰ' ਦਿਲੋਂ ਦਸਮੇਸ਼ ਗੁਰੂ ਨੂੰ, ਅੱਜ ਤੋਂ ਤੁਸੀਂ ਭੁਲਾਓ, ਮਜ਼ਹਬ ਵਟਾਓ

ਮੈਂ ਵੀ ਗੋਦੀ ਵਿਚ ਦੁਹਾਂ ਨੂੰ, ਪੁੱਤਰਾਂ ਵਾਂਗ ਬਿਠਾਸਾਂ, ਛਾਤੀ ਲਾਸਾਂ
ਸੋਹਣੇ ਕਪੜੇ ਨਿੱਤ ਨਵੇਂ ਮੈਂ, ਦੋਹਾਂ ਲਈ ਸੁਆਸਾਂ, ਆਪ ਪੁਆਸਾਂ
ਤਰ੍ਹਾਂ ਤਰ੍ਹਾਂ ਦੇ ਖਾਣੇ ਬੇਟਾ! ਹੱਥੀਂ ਪਿਆ ਖੁਆਸਾਂ, ਸਦਕੇ ਜਾਸਾਂ
ਦੋਹਾਂ ਨੂੰ ਖ਼ਾਨਾਂ ਦੇ ਘਰ ਤੋਂ, 'ਤੀਰ' ਹੁਣੇ ਪਰਣਾਸਾਂ, ਸੁਖ ਪੁਚਾਸਾਂ

ਅਜੇ ਤੁਸਾਂ ਨਾ ਹੋਸ਼ ਸੰਭਾਲੀ, ਵੱਧ ਫੁੱਲ ਹੋਸ਼ ਸੰਭਾਲੋ, ਸੁੱਚਿਓ ਲਾਲੋ!
ਦੋਵੇਂ ਦੇਹੀਆਂ ਹੈਣ ਮੋਹਣੀਆਂ, ਨਾਲ ਖੁਰਾਕਾਂ ਪਾਲੋ, ਭੋਲੇ ਬਾਲੋ!
ਮਹਿਲੀਂ ਵੱਸੋ, ਮੌਜਾਂ ਮਾਣੋਂ, ਘੋੜੇ ਪਏ ਉਛਾਲੋ, ਨੌਂ ਨਿਹਾਲੋ!
'ਤੀਰ' ਇਸ ਤਰ੍ਹਾਂ ਕਾਫ਼ਰ ਰਹਿ ਕੇ, ਮੌਤ ਮੂਲ ਨਾ ਭਾਲੋ, ਨਾ ਜਿੰਦ ਗਾਲੋ!

ਪਰ ਜੇ ਕਾਕਾ! ਸਿੱਖਾਂ ਵਾਂਗੂ, ਹੋਣਾ ਜੇ ਇਨਕਾਰੀ, ਜਾਵਾਂ ਵਾਰੀ
ਕੀ ਆਖਾਂ ਮੈਂ ਜ਼ੁਲਮ ਹੋਇਗਾ, ਮੇਰੇ ਲਈ ਵੀ ਭਾਰੀ, ਕਿਸਮਤ ਹਾਰੀ

ਏਥੇ ਕਤਲ ਜਾਓਗੇ ਕੀਤੇ, ਫਿਰਸੀ ਤੇਜ਼ ਕਟਾਰੀ, ਹੇ ਹਤਿਆਰੀ
'ਤੀਰ' ਹਕੀਕਤ ਹੈ ਦੱਸ ਦਿੱਤੀ, ਠੀਕ ਦੁਹਾਂ ਨੂੰ ਸਾਰੀ, ਕਰੋ ਤਿਆਰੀ

ਮੇਰਾ ਦਿਲ ਨਾ ਚਾਹਵੇ ਕਾਕਾ, ਮਾਰੇ ਜਾਓ ਅਜਾਈਂ, ਅੱਜ ਇਥਾਈਂ
ਰੂਪ ਤੁਹਾਡੇ ਰੋਲਣ ਜੋਗੇ, ਨਹੀਂ ਬਣਾਏ ਸਾਈਂ, ਕੁੱਤੀ ਕਾਈਂ
ਪਰ ਜੇ ਗੱਲ ਤੁਸੀਂ ਨਾ ਮੰਨੇ, ਹਾਕਮ ਹੈਣ ਬਲਾਈਂ, ਬੜੇ ਨਿਆਈਂ
'ਤੀਰ' ਸੋਹਣੀਆਂ ਸ਼ਕਲਾਂ ਦੋਵੇਂ, ਹੋਸਨ ਛਾਈਂ-ਮਾਈਂ, ਪਲ ਛਿਨ ਤਾਈਂ

### ਜ਼ੋਰਾਵਰ ਸਿੰਘ ਜੀ ਨੇ ਫ਼ਤਹਿ ਸਿੰਘ ਨੂੰ ਪੁੱਛਿਆ

ਸੂਬੇ ਦੀ ਇਸ ਕਹਿਰੀ ਬੋਲੀ, ਅਜਬ ਕਲਾ ਵਰਤਾਈ, ਚੁੱਪ-ਚਾਂ ਛਾਈ
ਜ਼ੋਰਾਵਰ ਨੇ ਵੱਲ ਫ਼ਤਹਿ ਦੇ, ਐਪਰ ਅੱਖ ਉਠਾਈ, ਪੁੱਛਦਾ ਭਾਈ
ਦਈਏ ਕੀ ਜਵਾਬ ਇਨ੍ਹਾਂ ਨੂੰ, ਦੱਸ ਤੂੰ ਬੀਬੇ ਭਾਈ! ਨਾਲ ਦਨਾਈ
'ਤੀਰ' ਫ਼ਤਹਿ ਨੇ ਫ਼ਤਹਿ ਬੁਲਾ ਕੇ, ਏਦਾਂ ਗੱਲ ਸੁਣਾਈ, ਲੈ ਵਡਿਆਈ

### ਸ੍ਰੀ ਫ਼ਤਹਿ ਸਿੰਘ ਜੀ ਦਾ ਉੱਤਰ

ਬੀਬੇ ਵੀਰਾ! ਦੱਸ ਮੈਂ ਤੈਨੂੰ, ਕੀ ਸਮਝਾਵਾਂ ਵਾਰੀ, ਗੱਲ ਨਿਆਰੀ
ਦਾਦੇ ਜੀ ਦੇ ਦਾਦੇ* ਵਾਲੀ, ਗੱਲ ਤੂੰ ਨਹੀਂ ਵਿਚਾਰੀ, ਕਰਨੀ ਭਾਰੀ
ਤੇ ਪੜਦਾਦੇ** ਜੀ ਨੇ ਹੈਸੀ, 'ਮੀਰੀ ਪੀਰੀ' ਧਾਰੀ, ਬਰਕਤ ਸਾਰੀ
'ਤੀਰ' ਅਤੇ ਸ੍ਰੀ ਦਾਤਾ*** ਜੀ ਨੇ, ਦਿੱਲੀ ਸੀ ਜਿਉਂ ਮਾਰੀ, ਜਿੰਦੜੀ-ਵਾਰੀ

ਵੀਰਾ ਨਹੀਂ ਨਵੀਂ ਇਹ ਆਈ, ਅੱਜ ਅਸਾਡੇ ਉੱਤੇ, ਜ਼ੁਲਮੀ-ਰੁੱਤੇ
ਰੁੱਤ ਸ਼ਹੀਦੀ ਆ ਗਈ ਏ ਹੁਣ, ਭਾਗ ਜਾਗ ਪਏ ਸੁੱਤੇ, ਨੀਂਦ-ਵਿਗੁੱਤੇ
ਮੌਤ ਅਸਾਡੇ ਘਰ ਦੀ ਗੋਲੀ, ਮੌਤੋਂ ਡਰਦੇ ਕੁੱਤੇ, ਜੋਨੀਂ-ਜੁੱਤੇ
'ਤੀਰ' ਮਰਨ ਵਿਚ ਜੀਵਣ ਸਾਡਾ, ਮਰਸਨ ਨੀਚ ਨਿਪੁੱਤੇ, ਜ਼ਾਲਮ-ਕੁੱਤੇ

ਆਖ਼ਰ ਜੇ ਮਰ ਜਾਣਾ ਵੀਰਾ! ਫੇਰ ਕਿਉਂ ਘਬਰਾਣਾ, ਧਰਮ ਗਵਾਣਾ
ਮਹਿਲਾਂ, ਹੂਰਾਂ ਅਤੇ ਪੁਸ਼ਾਕਾਂ, ਨਾਲ ਅੰਤ ਨਾ ਜਾਣਾ, ਵਿੱਚ ਮਸਾਣਾਂ
ਭਾਵੇਂ ਹਾਂ ਅੱਜ ਸੱਤ ਸਾਲ ਦਾ, ਉਮਰੋਂ ਬਾਲ ਅੰਜਾਣਾ, ਪਰ ਇਹ ਜਾਣਾ
'ਤੀਰ' ਸ਼ਹੀਦੀ ਵਰਨੀ ਮੈਂ ਤੇ, ਮੰਨ ਸਾਹਿਬ ਦਾ ਭਾਣਾ, ਸੀਸ ਘੁਮਾਣਾ

* ਗੁਰੂ ਅਰਜਨ ਦੇਵ ਤੋਂ ਮੁਰਾਦ ਹੈ।
** ਗੁਰੂ ਹਰਿਗੋਬਿੰਦ ਜੀ ਤੋਂ ਮੁਰਾਦ ਹੈ।
*** ਗੁਰੂ ਤੇਗ ਬਹਾਦਰ ਜੀ ਵੱਲ ਇਸ਼ਾਰਾ ਹੈ।

ਮੇਰੀ ਤਾਂ ਅਰਦਾਸ ਇਹੋ ਹੈ, ਸਿਰ ਜਾਵੇ ਤਾਂ ਜਾਵੇ, ਸਿਦਕ ਨਾ ਜਾਵੇ
ਵੀਰਾ! ਧਰਮ ਗਵਾ ਕੇ ਜੀਣਾ, ਮੈਨੂੰ! ਮੂਲ ਨਾ ਭਾਵੇ, ਉਲਟਾ ਖਾਵੇ
ਇਹ ਝੂਠੇ ਹਨ ਸਾਰੇ ਏਥੇ, ਝੂਠੇ ਸਭ ਦੇ ਦਾਅਵੇ, ਛੱਲ-ਛਲਾਵੇ
'ਤੀਰ' ਪੁੱਤ ਦਸਮੇਸ਼ ਗੁਰੂ ਦਾ, ਖੇਡ ਜਾਨ 'ਤੇ ਜਾਵੇ, ਧਰਮ ਨਿਭਾਵੇ

### ਵੱਲੋਂ ਮਾਹੀ ਹਲਕਾਰਾ

ਇਹ ਸਵਾਲ ਜਵਾਬ ਦੁਹਾਂ ਦਾ, ਕਈ ਬੈਠਿਆਂ ਸੁਣਿਆ, ਤੇ ਸਿਰ ਧੁਣਿਆ
ਆਖਣ ਲਗੇ ਵੇਖੋ ਯਾਰੋ! ਤੱਤ ਦੋਹਾਂ ਨੇ ਪੁਣਿਆ, ਕਰ ਅਣ-ਸੁਣਿਆ
ਕਈਆਂ ਦਾ ਇਹ ਗੱਲਾਂ ਸੁਣ ਕੇ, ਗਿਆ ਕਾਲਜਾ ਘੁਣਿਆ, ਤੇ ਸੁੱਖ ਲੁਣਿਆ
'ਤੀਰ' ਸੂਰਮੇ ਜ਼ੋਰਾਵਰ ਨੇ, ਰਾਹ ਮੌਤ ਦਾ ਚੁਣਿਆ, ਦਿਲ ਵਿਚ ਗੁਣਿਆ

### ਸਾਹਿਬਜ਼ਾਦੇ ਜ਼ੋਰਾਵਰ ਸਿੰਘ ਜੀ ਨੇ ਕੀ ਕਿਹਾ

ਜ਼ੋਰਾਵਰ ਨੇ ਕਿਹਾ ਖਾਨ ਜੀ, ਕੂੜ ਤੁਸਾਂ ਫੁਰਮਾਇਆ, ਮਾਣ ਗਵਾਇਆ
ਕਹਿੰਦੇ ਹੋ ਗੁਰ-ਸਿਖ ਮਾਰ ਕੇ, ਸਭ ਦਾ ਬੀ ਮੁਕਾਇਆ, ਖ਼ੂਨ ਵਹਾਇਆ
ਪਰ ਹੈ ਇਹੋ ਯਕੀਨ ਅਸਾਨੂੰ, ਕੂੜ ਆਪ ਨੇ ਗਾਇਆ, ਫੰਧ ਚਲਾਇਆ
'ਤੀਰ' ਪਿਤਾ ਦਸਮੇਸ਼ ਗੁਰੂ ਨੂੰ, ਸਿਰਜਨਹਾਰ ਬਚਾਇਆ, ਉਸਦੀ ਮਾਇਆ

ਹੈਣ ਅਜੇ ਦਸਮੇਸ਼ ਪਿਤਾ ਨੇ, ਜ਼ਾਲਮ ਨੀਚ ਮੁਕਾਣੇ, ਜੋ ਜਰਵਾਣੇ
ਹੈਣ ਅਜੇ ਦਸਮੇਸ਼ ਪਿਤਾ ਨੇ, ਹਿੰਦ 'ਚੋਂ ਆਪ ਹਟਾਣੇ, ਜ਼ੋਰ ਧਿੰਗਾਣੇ
ਹੈਣ ਅਜੇ ਦਸਮੇਸ਼ ਪਿਤਾ ਨੇ, ਪੁੱਟਣੇ ਜ਼ੁਲਮੀ-ਥਾਣੇ, ਦੀਨ ਬਚਾਣੇ
'ਤੀਰ' ਕੋਈ ਨਹੀਂ ਜੰਮਿਆ ਜੱਗ 'ਤੇ, ਜੋ ਸਤਿਗੁਰ ਨੂੰ ਰਾਣੇ, ਜਿੱਤਣਾ ਜਾਣੇ

ਸਾਡੇ ਗੁਰ ਦਸਮੇਸ਼ ਪਿਤਾ ਨੇ, ਭਾਰਤ ਅਜੇ ਛੁਡਾਣੀ, ਦਰਦ ਰੰਞਾਣੀ
ਸਾਡੇ ਗੁਰ ਦਸਮੇਸ਼ ਪਿਤਾ ਨੇ, ਮੋਈ ਕੌਮ ਜਿਵਾਣੀ, ਕਲਾ ਵਿਖਾਣੀ
ਸਾਡੇ ਗੁਰ ਦਸਮੇਸ਼ ਪਿਤਾ ਨੇ, ਉਲਟ ਹਕੂਮਤ ਜਾਣੀ, ਆਦਮ-ਖਾਣੀ
'ਤੀਰ' ਤੇਰੇ ਜਿਹੇ ਲੱਖਾਂ ਉਸਦਾ, ਨਿਤ ਭਰਦੇ ਨੇ ਪਾਣੀ, ਨੈਣਾਂ ਥਾਣੀਂ

ਸਾਡੇ ਗੁਰੂਆਂ ਜ਼ਾਲਮ ਪੀਠੇ, ਚੱਕੀਆਂ ਆਪ ਚਲਾ ਕੇ, ਜੇਹਲੀਂ ਜਾ ਕੇ
ਸਾਡੇ ਦਾਦੇ ਜੀ ਦੇ ਦਾਦੇ, ਲੋਹ 'ਤੇ ਆਸਨ ਲਾ ਕੇ, ਕੀਤੇ ਸਾਕੇ
ਤਨ 'ਤੇ ਸੜਦੀ ਰੇਤ ਪੁਆਈ, ਗੀਤ ਪ੍ਰਭੂ ਦੇ ਗਾ ਕੇ, ਦੇਗੀਂ ਨ੍ਹਾ ਕੇ
'ਤੀਰ' ਅਸਾਡੇ ਦਾਦੇ ਜਿੱਤੀ, ਕਲ੍ਹ ਦਿੱਲੀ ਸਿਰ ਲਾ ਕੇ, ਜਾਨ ਘੁਮਾ ਕੇ

ਉਹੋ ਖ਼ੂਨ, ਬੰਸ ਵੀ ਉਹੋ, ਰਾਜ ਉਹੀ ਜਰਵਾਣਾ, ਜ਼ੁਲਮ-ਕਮਾਣਾ
ਉਹੋ ਈਨ, ਦੀਨ ਦੀ ਦੱਸੋ, ਧਰਮ ਸਿਦਕ ਭੁੱਲ ਜਾਣਾ, ਡਰ ਭੈ ਖਾਣਾ
ਪਰ ਸੂਬਾ ਜੀ ਨਿਸਚਾ ਰੱਖੋ, ਜੋ ਇਹ ਕਹੇ ਅੰਜਾਣਾ, ਸੁੱਟ ਨਾ ਧਾਣਾ
'ਤੀਰ' ਅਸਾਂ ਕੁਰਬਾਨੀ ਕਰਕੇ, ਪੈਰੋਂ ਜ਼ੁਲਮ ਹਿਲਾਣਾ, ਜੜ੍ਹ ਪੁੱਟ ਜਾਣਾ

ਮੈਂ ਜ਼ੋਰਾਵਰ ਕਲਗੀਧਰ ਦਾ, ਸਿਮਰਾਂ ਕਲਗੀਧਰ ਨੂੰ, ਲਾਹ ਕੇ ਡਰ ਨੂੰ
ਦੁਨੀਆ ਅੰਦਰ ਮੂਲ ਨਾ ਕੋਈ, ਜਿੱਤੇ ਜੋ ਇਸ 'ਸਰ' ਨੂੰ, ਜ਼ੋਰਾਵਰ ਨੂੰ
ਹਰ ਰੰਗ ਅੰਦਰ ਸਿੱਖ ਵੇਖਦਾ, ਹਰ ਵੇਲੇ ਈ ਹਰਿ ਨੂੰ, ਉਸ ਦੇ ਦਰ ਨੂੰ
'ਤੀਰ' ਮਾਰ ਕੇ ਸਿਰ ਦੀ ਟੱਕਰ, ਢਾਹਸਾਂ ਜ਼ੁਲਮੀਂ ਘਰ ਨੂੰ, ਨਿੱਤ ਦੇ 'ਕਰ' ਨੂੰ

ਦੌਲਤ ਮਾਲ ਜਗੀਰਾਂ ਜੋ ਜੋ, ਆਪ ਪਏ ਹੋ ਦੱਸਦੇ, ਹੱਸਦੇ ਹੱਸਦੇ
ਐਸ਼, ਆਰਾਮ ਜਗਤ ਦੇ ਸਾਰੇ, ਸਾਡੇ ਦਿਲ ਨਹੀਂ ਵੱਸਦੇ, ਉਲਟਾ ਡੱਸਦੇ
ਲਾਲਚ ਇਹ ਉਹਨਾਂ ਨੂੰ ਦੇਣਾ, ਜੋ ਇਹਨਾਂ ਲਈ ਤੱਸਦੇ, ਲੱਭਦੇ ਨੱਸਦੇ
'ਤੀਰ' ਅਸੀਂ ਹਾਂ ਰਸੀਏ ਦੋਵੇਂ, ਗੁਰ ਦੇ ਅੰਮ੍ਰਿਤ ਰੱਸ ਦੇ, ਤੇ ਹਰਿ ਜੱਸਦੇ

ਧਰਮ ਗਵਾ ਕੇ ਜੀਣਾ ਸਾਨੂੰ, ਮੌਤੋਂ ਪਰੇ ਪਰੇਰੇ, ਵਿਚ ਅਨ੍ਹੇਰੇ
ਏਸ ਲਈ ਠੱਗ ਸਕਦੇ ਨਾਹੀਂ, ਸਾਨੂੰ ਲਾਲਚ ਤੇਰੇ, ਵੱਡ ਵਡੇਰੇ
ਹੋਰ ਕਿਸੇ ਨੂੰ ਪਾਵੀਂ ਜਾ ਕੇ, ਇਹ ਚਾਲਾਂ ਦੇ ਘੇਰੇ, ਸੰਝ-ਸਵੇਰੇ
'ਤੀਰ' ਸ਼ਹੀਦੀ ਨਾਲ ਲਵਾਂਗੇ, ਦੋਵੇਂ ਹੱਸ ਹੱਸ ਫੇਰੇ, ਕਰਕੇ ਜੇਰੇ

ਸਿਦਕ ਅਸਾਡਾ ਵੱਧ ਫ਼ੁਲਾਦੋਂ, ਨਾ ਇਹ ਗਾਜਰ ਮੂਲੀ, ਘਾਹ ਦੀ ਪੂਲੀ
ਇਹ ਛੱਡਣਾ ਪਰਵਾਨ ਕਦੇ ਨਾ, ਕਰਸਾਂ ਹੁਕਮ ਅਦੂਲੀ, ਚੜ੍ਹਸਾਂ ਸੂਲੀ
ਸੂਲੀ ਸਾਨੂੰ ਧਰਮ ਵਾਸਤੇ, ਫੁੱਲ ਦੇ ਵਾਂਗਣ ਕੂਲੀ, ਰੰਗ ਚਲੂਲੀ
'ਤੀਰ' ਧਰਮ ਲਈ ਅੱਜ ਅਸਾਂ ਨੇ, ਪਾ ਜੀਵਨ ਨੂੰ ਚੂਲੀ, ਮੌਤ ਕਬੂਲੀ

### ਸਾਹਿਬਜ਼ਾਦਾ ਫ਼ਤਹਿ ਸਿੰਘ ਨੇ ਕੀ ਕਿਹਾ

ਜ਼ੋਰਾਵਰ ਦੇ ਚੁੱਪ ਹੁੰਦਿਆਂ, ਔਖਾ ਹੋ ਗਿਆ ਜਰਨਾ, ਤੇ ਚੁੱਪ ਕਰਨਾ
ਫ਼ਤਹਿ ਸਿੰਘ ਨੇ ਕਿਹਾ ਗਰਜ ਕੇ, ਆਖ਼ਰ ਹੈ ਜਾਂ ਮਰਨਾ, ਫਿਰ ਕੀ ਡਰਨਾ?
ਜਿਹੜੇ ਸਰ ਵਿਚ ਵੀਰ ਤਰੇਗਾ, ਮੈਂ ਵੀ ਉਸ ਵਿਚ ਤਰਨਾ, ਬਣੀਆਂ ਜਰਨਾ
'ਤੀਰ' ਜ਼ੁਲਮ ਦੇ ਏਸ ਕਿਲ੍ਹੇ ਨੂੰ ਮੈਂ ਫ਼ਤਹਿ ਹੈ ਕਰਨਾ, ਢਾਹ ਕੇ ਧਰਨਾ

ਸੱਤ ਸਾਲ ਦੀ ਉਮਰਾ ਮੇਰੀ, ਸਤਿਗੁਰ ਚਿੱਤ ਵਸਾ ਕੇ, 'ਸੱਤਿ' ਧਿਆ ਕੇ
ਸੱਤ ਪੁਸ਼ਤਾਂ ਦੀ ਜ਼ਾਲਮ-ਸ਼ਾਹੀ, ਪੁੱਟਣੀ ਜੜ੍ਹੋਂ ਹਿਲਾ ਕੇ, ਸੁੱਟਣੀ ਢਾਹ ਕੇ
ਸੱਤ ਸਮੁੰਦਰਾਂ ਦੇ ਵਿੱਚ ਇਸਨੂੰ, ਸੁੱਟਣਾ ਲਹੂ ਵਹਾ ਕੇ, ਕਾਂਗ ਚੜ੍ਹਾ ਕੇ
'ਤੀਰ' ਵੇਖਣਾ। ਰਾਜੇ ਰਾਣੇ, ਠੂਠੇ ਫਿਰਸਨ ਚਾ ਕੇ, ਕੱਟਸਨ ਫ਼ਾਕੇ

ਭਾਰਤ ਦੇ ਗਲ ਪਈ ਗ਼ੁਲਾਮੀ, ਜਾਨ ਵਾਰ ਕੇ ਲਾਹਣੀ, ਬੰਧ ਛੁਡਾਣੀ
ਰੱਤ ਡੋਲ੍ਹ ਕੇ ਜਾਗ ਅਨੋਖੀ, ਦੇਸ਼-ਪ੍ਰੇਮ ਦੀ ਲਾਣੀ, ਸੇਵ ਕਮਾਣੀ
ਰੁੜ੍ਹ ਜਾਵਣਗੇ ਇਸ ਰੱਤ ਅੰਦਰ, ਜ਼ਾਲਮ ਰਾਜਾ ਰਾਣੀ, ਵਾਂਗਰ ਪਾਣੀ
'ਤੀਰ' ਵੀਰ ਦੋਵੇਂ ਈ ਮਰ ਕੇ, ਵਰਸਾਂ ਮੌਤ ਸਵਾਣੀ, ਸੁੰਦਰ ਰਾਣੀ

### ਵੱਲੋਂ ਮਾਹੀ ਹਲਕਾਰਾ

ਜ਼ੋਰਾਵਰ ਤੇ ਫ਼ਤਹਿ ਸਿੰਘ ਦੇ, ਬੋਲ ਤੀਰ ਅਣੀਆਲੇ, ਵਿੰਨ੍ਹਣ ਵਾਲੇ
ਸੂਬੇ ਦੇ ਦਿਲ ਅੰਦਰ ਇਹਨਾਂ, ਅੱਗ ਅਲੰਬੇ ਬਾਲੇ, ਨਵੇਂ ਨਿਰਾਲੇ
ਗੁੱਸੇ ਵਿਚ ਉਬਾਲੇ ਖਾ ਕੇ, ਹੋ ਗਿਆ ਛਾਲੇ ਛਾਲੇ, ਉਲਟੇ ਚਾਲੇ
'ਤੀਰ' ਕਚਹਿਰੀ ਬਿੱਟ ਬਿੱਟ ਵੇਖੇ, ਬਾਲ ਕਟਾਰਾਂ ਵਾਲੇ, ਭੋਲੇ ਭਾਲੇ

### ਸੁੱਚਾ ਨੰਦ ਵਜ਼ੀਰ ਨੇ ਇਹ ਕਹਿ ਕੇ ਬਲਦੀ 'ਤੇ ਤੇਲ ਪਾਇਆ

ਸੁੱਚਾ ਨੰਦ ਵਜ਼ੀਰ ਉੱਠ ਕੇ, ਸੂਬੇ ਤਾਈਂ ਸੁਣਾਵੇ, ਗੱਲ ਵਧਾਵੇ
ਹੁਣ ਹੀ ਆਪ ਹਜ਼ੂਰ ਵੇਖ ਲਓ, ਕੀ ਬੰਨ੍ਹਦੇ ਹਨ ਦਾਅਵੇ, ਬਾਲ 'ਛਲਾਵੇ'
ਅੱਜ ਤੇ ਹੈਣ ਚਿਣਗ ਦੇ ਵਾਂਗੂੰ, ਕੱਲ੍ਹ ਬਣਨਗੇ ਆਵੇ, 'ਅੱਗ ਦੇ ਲਾਵੇ'
'ਤੀਰ' ਹਜ਼ੂਰ ਸੁਣੇ ਜੇ ਮੇਰੀ, ਹੁਣ ਹੀ ਅਲਖ ਮੁਕਾਵੇ, ਤਰਸ ਨਾ ਖਾਵੇ

ਸੁਣਿਆ ਜੇ, ਕੀ ਆਖ ਰਹੇ ਨੇ, ਅੱਗ ਦੇ ਇਹ ਚੰਗਿਆੜੇ, ਰੱਖਣੇ ਮਾੜੇ
ਪਿਤਾ ਇਨ੍ਹਾਂ ਦਾ ਇਕ ਚੰਗਿਆੜਾ, ਪਿਆ ਹਕੂਮਤ ਸਾੜੇ, ਰੋਜ਼ ਦਿਹਾੜੇ
ਵੱਡੇ ਹੋ ਇਹ ਕਰਸਨ ਪੈਦਾ, ਹੋਰ ਨਤੀਜੇ ਮਾੜੇ, ਬੰਨ੍ਹ ਅਖਾੜੇ
'ਤੀਰ' ਇਨ੍ਹਾਂ ਦੀ ਅਲਖ ਮੁਕਾਓ, ਹੋਰ ਨਾ ਪੈਣ ਉਜਾੜੇ, ਡਾਕੇ ਧਾੜੇ

ਇਹ ਫਨੀਅਰ ਦੇ ਪੁੱਤਰ ਜ਼ਹਿਰੀ, ਘੋਲਣ ਵਿਹੁ ਹਠੀਲੇ, ਰਹਿਣ ਨਾ ਕੀਲੇ
ਡੰਗ ਮਾਰਸਨ ਵੱਡੇ ਹੋ ਕੇ, ਬਣ ਬਣ ਕੇ ਜ਼ਹਿਰੀਲੇ, ਇਹ ਹਰ ਹੀਲੇ
ਕਾਬੂ ਆ ਗਏ ਅੱਜ ਅਸਾਡੇ, ਇਹ ਸ਼ਤਰੰਜੀ ਫੀਲੇ, ਰੰਗ-ਰੰਗੀਲੇ
'ਤੀਰ' ਪੰਜਾਬ ਵਿੱਚੋਂ ਕੱਟ ਸੁਟੋ, ਖੇਤੋਂ ਵਾਂਗਣ ਡੀਲੇ, ਬਾਗੀ ਤੀਲੇ

### ਨਵਾਬ ਨੇ ਪਰਵਾਨਗੀ ਦੇ ਦਿੱਤੀ (ਮਾਹੀ ਦੱਸਦਾ ਹੈ)

ਵੇਖ ਚੁਫੇਰੇ ਬੋਲਿਆ ਸੂਬਾ, ਸੁਣਦੇ ਹੋ ਦਰਬਾਰੀ, ਵਾਰੀ ਵਾਰੀ
ਸੁਣੀ ਕਚਹਿਰੀ ਨੇ ਕੰਨ ਲਾ ਕੇ, ਅਸਲ ਹਕੀਕਤ ਸਾਰੀ, ਗੱਲ ਵਿਚਾਰੀ
ਹੋਰ ਕੋਈ ਨਾ ਜੋ ਇਹ ਚਾਹਵੇ, ਬਣ ਬੰਦਾ ਸਰਕਾਰੀ, ਹੈ ਇਤਬਾਰੀ
'ਤੀਰ' ਕਹੇ ਉਹ ਵਿੱਚ ਕਚਹਿਰੀ, ਇਹ ਮਸਲਾ ਹੈ ਭਾਰੀ, ਨਹੀਂ ਵਿਹਾਰੀ

### ਕਚਹਿਰੀ 'ਤੇ ਕੀ ਅਸਰ ਹੋਇਆ (ਮਾਹੀ ਦੱਸਦਾ ਹੈ)

ਭਰੀ ਕਚਹਿਰੀ ਵਿੱਚੋਂ ਪਰ ਨਾ, ਅੱਗੇ ਇਕ ਵੀ ਆਇਆ, ਰੱਤ ਤਿਹਾਇਆ
ਚੁੱਪ ਚਾਪ ਸਭ ਬੈਠੇ ਰਹਿ ਗਏ, ਜਿਹਾ ਸਨਾਟਾ ਛਾਇਆ, ਰੱਬ ਨੂੰ ਭਾਇਆ
ਕਾਜ਼ੀ ਇਕ ਕੁਰਾਨ ਪਕੜ ਕੇ, ਉਠਿਆ ਜਿਵੇਂ ਚਿੜਾਇਆ, ਅੱਤ ਦਾ ਸਾਇਆ
'ਤੀਰ' ਓਸਨੇ ਸੂਬੇ ਤਾਈਂ, ਏਦਾਂ ਆਖ ਸੁਣਾਇਆ, ਫਤ੍ਹਵਾ ਲਾਇਆ

ਸੁਣੋ ਹਜ਼ੂਰ ਸ਼ਰਹਿ ਦੀਆਂ ਗੱਲਾਂ, ਇਉਂ ਸ਼ਰਹਿ ਫੁਰਮਾਵੇ, ਭੇਦ ਖੁਲ੍ਹਾਵੇ
ਕਾਫ਼ਰ ਜਾਂ ਕਾਫ਼ਰ ਦਾ ਪੁੱਤਰ, ਜੋ ਵੀ ਕਾਬੂ ਆਵੇ, ਮਾਰਿਆ ਜਾਵੇ
ਇਹ ਕਾਫ਼ਰ ਦੇ ਪੁੱਤਰ ਕਾਫ਼ਰ, ਸੋਚ ਹਜ਼ੂਰ ਦੁੜਾਵੇ, ਤਰਸ ਨਾ ਖਾਵੇ
'ਤੀਰ' ਇਸ ਤਰ੍ਹਾਂ ਕਾਜੀ ਪਾਜੀ, ਫਤਵੇ ਝੂਠੇ ਲਾਵੇ, ਪਾਪ ਕਮਾਵੇ

### ਮਲੇਰਕੋਟਲੇ ਦੇ ਨੇਕ-ਦਿਲ ਪਠਾਣਾਂ ਕੀ ਆਖਿਆ?

ਉੱਠ ਨਵਾਬ ਮਲੇਰ-ਕੋਟਲਾ, ਐਪਰ ਤਰਕ ਉਠਾਂਦਾ, ਗੱਲ ਹਲਾਂਦਾ
ਕਤਲ ਮਸੂਮਾਂ ਨੂੰ ਇਉਂ ਕਰਨਾ, ਨਹੀਂ ਕੁਰਾਨ ਸਿਖਾਂਦਾ, ਜ਼ੁਲਮ ਨਾ ਭਾਂਦਾ
ਪਿਓ ਦਾ ਬਦਲਾ ਲਵੋ ਪਿਓ ਤੋਂ, ਜੋ ਹੈ ਪਿਆ ਸਤਾਂਦਾ, ਜੰਗ ਮਚਾਂਦਾ
'ਤੀਰ' ਜ਼ੁਲਮ ਇਹ ਬੱਚਿਆਂ ਉੱਤੇ, ਡਿੱਠਾ ਨਹੀਂ ਜੇ ਜਾਂਦਾ, ਦਿਲ ਨੂੰ ਖਾਂਦਾ

ਕੀ ਜਾਨਣ ਇਹ ਵੈਰ ਮਿੱਤਰਤਾ? ਭੋਲੇ ਬਾਲ-ਅੰਜਾਣੇ, ਨਹੀਂ ਸਿਆਣੇ
ਜ਼ੁਲਮ ਸਿਤਮ ਹੈ, ਬਾਲੀ ਉਮਰੇ, ਏਦਾਂ ਮਾਰ ਮੁਕਾਣੇ, ਬਣ ਜਰਵਾਣੇ
'ਪਿਉ ਦੀ ਕੀਤੀ ਪੁੱਤ ਨਾ ਭੁਗਤੇ', ਪਿਆ ਕੁਰਾਨ ਵਖਾਣੇ, ਜੀ ਜੀ ਜਾਣੇ
'ਤੀਰ' ਆਪਣੀ ਕੀਤੀ ਆਪੇ, ਭੋਗਣ ਰਾਜੇ ਰਾਣੇ, ਸ਼ਰਹਿ ਪਛਾਣੇ

### ਨਵਾਬ ਮਲੇਰਕੋਟਲੇ ਦੀ ਕਾਜ਼ੀ ਨੇ ਵਿਰੋਧਤਾ ਕੀਤੀ

ਸੁਣ ਕੇ ਕਾਜ਼ੀ ਆਖਣ ਲੱਗਾ, ਰੋਹ ਵਿਚ ਸੜਿਆ ਬਲਿਆ, ਰਿਹਾ ਨਾ ਠੱਲ੍ਹਿਆ
ਸਾਡਾ ਬਹੁਤ ਉਮਰ ਦਾ ਹਿੱਸਾ, ਵਿਚ ਸ਼ਰਹਿ ਦੇ ਗਲਿਆ, ਸੁਣ ਓਇ ਭਲਿਆ

ਭਲਾ ਸ਼ਰਹਿ ਨੂੰ ਉਹ ਕੀ ਸਮਝੇ, ਜੋ ਮਹਿਲੀਂ ਹੈ ਪਲਿਆ, ਐਸ਼ਾਂ ਵੱਲਿਆ
'ਤੀਰ' ਕੁਰਾਨ ਦਏ ਕੀ ਫਤ੍ਹਵਾ, ਪਤਾ ਅਸਾਂ ਨੂੰ ਚੱਲਿਆ, ਸੁਣ ਓ! ਝੱਲਿਆ

ਤਰਸ ਹਜ਼ੂਰ ਕਰੋ ਨਾ ਮਾਸਾ, ਫਤ੍ਹਵਾ ਨਾ ਉਲਟਾਓ, ਸ਼ਰਹਿ ਨਿਭਾਓ
ਬਾਗ਼ੀ ਕਾਫ਼ਰ ਦੇ ਇਹ ਪੁੱਤਰ, ਦੇਰੀ ਪਲ ਨਾ ਲਾਓ, ਮਾਰ ਮੁਕਾਓ
ਜਾਂ ਇਸਲਾਮ ਕਬੂਲਣ ਦੋਵੇਂ, ਜਾਂ ਸਿਰ ਧੜੋਂ ਉਡਾਓ, ਮਜ਼ਾ ਚਖਾਓ
'ਤੀਰ' ਨਵਾਬ ਦੀਆਂ ਗੱਲਾਂ ਉਤੇ, ਭੁੱਲ ਕੇ ਵੀ ਨਾ ਜਾਓ, ਤੇਗ਼ ਚਲਾਓ

### ਗੱਲ ਦੂਜੇ ਦਿਨ 'ਤੇ ਪੈ ਗਈ (ਮਾਹੀ ਕਹਿੰਦਾ ਹੈ)

ਸੁਣ ਕੇ ਸੂਬੇ ਹੁਕਮ ਸੁਣਾਇਆ, ਅੱਜ ਵਾਪਸ ਲੈ ਜਾਓ, ਕੱਲ੍ਹ ਲਿਆਓ
ਜੋ ਹੋਵੇਗੀ ਕਰ ਗੁਜ਼ਰਾਂਗੇ, ਅੱਜ ਦਾ ਦਿਨ ਲੰਘਾਓ, ਤੇ ਸਮਝਾਓ
ਫੇਰ ਦੋਹਾਂ ਨੂੰ ਆਖਿਆ ਸੂਬੇ, ਕਾਕਾ! ਸੋਚ ਦੁੜਾਓ, ਜਾਨ ਬਚਾਓ
'ਤੀਰ' ਸੋਚ ਕੇ ਉੱਤਰ ਦੇਣਾ, ਕੱਲ੍ਹ ਜਦੋਂ ਮੁੜ ਆਓ, ਦੁੱਖ ਨਾ ਪਾਓ

### ਫਿਰ ਬੁਰਜ ਵਿਚ ਭੇਜਣਾ ਦਾਦੀ ਕੋਲ

ਲੈ ਦੋਹਾਂ ਨੂੰ ਟੁਰੇ ਸਿਪਾਹੀ, ਡਰ ਦੇਂਦੇ ਧਮਕਾਂਦੇ, ਰੋਅਬ ਵਿਖਾਂਦੇ
ਆਖਣ ਕਾਕਾ! ਸੂਬੇ ਦੀ ਗੱਲ, ਮੰਨ ਕਿਉਂ ਨਹੀਂ ਜਾਂਦੇ, ਜਾਨ ਬਚਾਂਦੇ
ਸਾਹਿਬਜ਼ਾਦੇ ਜਦ ਕੁਝ ਬੋਲਣ, ਜਾਨ ਪੁਲਸੀਏ ਖਾਂਦੇ, ਘੂਰੀ ਪਾਂਦੇ
'ਤੀਰ' ਲਾਡਲੇ ਕਲਗੀਧਰ ਦੇ, ਗੀਤ ਗੁਰੂ ਦੇ ਗਾਂਦੇ, ਆਉਂਦੇ ਜਾਂਦੇ

### ਰਾਹ ਜਾਂਦੇ ਸਾਹਿਬਜ਼ਾਦਿਆਂ ਦੀਆਂ ਆਪਸ ਵਿਚ ਗੱਲਾਂ

ਜ਼ੋਰਾਵਰ ਨੂੰ ਕਹੇ ਫ਼ਤਹਿ ਸਿੰਘ, ਸੁਣ ਵੀਰਾ! ਗੱਲ ਮੇਰੀ, ਇਹ ਪੰਜ-ਸੇਰੀ
ਕਲਗੀਧਰ ਜੀ ਗੁੱਸੇ ਹੋਸਨ, ਜੇ ਤੂੰ ਅੱਥਰੂ ਕੇਰੀ, ਢਾਹ ਕੇ ਢੇਰੀ
ਵਾਂਗ ਹਿਮਾਲਾ ਧੀਰਜ ਰੱਖੀਂ, ਝੁੱਲੇ ਜ਼ੁਲਮ-ਅਨ੍ਹੇਰੀ, ਜੇ ਸੌ ਵੇਰੀ
'ਤੀਰ' ਧਰਮ ਦੀ ਖ਼ਾਤਰ ਸਾਨੂੰ, ਜੀਣੋਂ ਮੌਤ ਭਲੇਰੀ, ਹੈ ਬਿਨ ਦੇਰੀ

### ਦਾਦੀ ਪੋਤਿਆਂ ਦਾ ਮੇਲ

ਹੇਠ ਬੁਰਜ ਦੇ ਆ ਕੇ ਬੋਲੇ, ਪਹਿਰੇਦਾਰ ਕਸਾਈ, ਆਹ ਲੈ ਮਾਈ
ਤੇਰੇ ਕੋਲ ਅਮਾਨਤ ਤੇਰੀ, ਜਿਉਂ ਦੀ ਤਿਉਂ ਪੁਚਾਈ, ਅੱਜ ਤਾਂ ਭਾਈ
ਕੱਲ੍ਹ ਪਤਾ ਕੀ ਤੈਨੂੰ ਇਹਨਾਂ, ਦੇਣੀ ਪਰਤ ਵਿਖਾਈ, ਪਤਾ ਨਾ ਰਾਈ
'ਤੀਰ' ਵੇਖ ਕੇ ਪੋਤੇ ਆ ਗਏ, ਦਾਦੀ ਦੀ ਜਿੰਦ ਆਈ, ਰੱਬ ਪਰਤਾਈ

### ਦਾਦੀ ਨੇ ਪੋਤਿਆਂ ਤੋਂ ਪੁੱਛਿਆ

ਦਾਦੀ ਨੇ ਮੂੰਹ ਚੁੰਮ ਦੁਹਾਂ ਦੇ, ਆਖਿਆ ਕੋਲ ਬਿਠਾ ਕੇ, ਛਾਤੀ ਲਾ ਕੇ
ਲਾਲ ਜੀਓ! ਅੱਜ ਕੀ ਕੀਤਾ ਜੇ, ਵਿਚ ਕਚਹਿਰੀ ਜਾ ਕੇ, ਪੱਕ ਪਕਾ ਕੇ
ਕੀ ਕਹਿੰਦੇ ਸਨ ਜ਼ਾਲਮ ਪਾਪੀ, ਅੱਖਾਂ ਲਾਲ ਵਿਖਾ ਕੇ, ਅਤੇ ਡਰਾ ਕੇ
'ਤੀਰ' ਹਕੀਕਤ ਦੱਸੋ ਸਾਰੀ, ਗੱਲ ਰਤਾ ਸਮਝਾ ਕੇ, ਜੱਫੀ ਪਾ ਕੇ

### ਪੋਤਿਆਂ ਨੇ ਦਾਦੀ ਨੂੰ ਕੀ ਦੱਸਿਆ

ਪਾ ਗਲਵੱਕੜੀ ਦਾਦੀ ਤਾਈਂ, ਬਾਲ ਪੋਤਰੇ ਬੋਲੇ, ਆਲੇ-ਭੋਲੇ
ਦਾਦੀ ਜੀ! ਉਹ ਕਹਿੰਦੇ ਹੈਸਨ, ਸੜ ਸੜ ਹੋ ਕੇ ਕੋਲੇ, ਅੱਗ-ਬਗੋਲੇ
ਮੁਸਲਮਾਨ ਬਣੋ ਛੱਡ ਸਿੱਖੀ, ਧੰਨ ਲਵੋ ਅਣਤੋਲੇ, ਬਣ ਕੇ ਗੋਲੇ
'ਤੀਰ' ਧੀਆਂ ਦੇ ਦੇਂਦੇ ਹੈਸਨ, ਅਸਾਂ ਦੋਹਾਂ ਨੂੰ ਡੋਲੇ, ਅਸੀਂ ਨਾ ਡੋਲੇ

ਫਿਰ ਅੰਮੀ ਜੀ ਘੂਰ ਘੂਰ ਕੇ, ਕਹਿੰਦੇ ਸੀ ਹਤਿਆਰੇ, ਰੱਬ ਦੇ ਮਾਰੇ
ਜੇ ਨਾ ਗੱਲ ਮੰਨੋਗੇ ਸਾਡੀ, ਕੱਲ੍ਹ ਜਾਵੋਗੇ ਮਾਰੇ, ਵਿਚ ਬਜਾਰੇ
ਪਰ ਮਾਤਾ ਜੀ ਅਸਾਂ ਦੁਹਾਂ ਵੀ, ਦਿੱਤੇ ਉੱਤਰ ਸਾਰੇ, ਖ਼ੂਬ ਕਰਾਰੇ
'ਤੀਰ' ਦੋਹਾਂ ਨੂੰ ਉਹ ਮੁੜ ਮੁੜ ਕੇ, ਦੇਂਦੇ ਸੀ ਲੱਖ ਲਾਰੇ, ਬਣੇ ਸਵਾਰੇ

ਫਿਰ ਉਹ ਆਖਣ ਕਲਗੀਧਰ ਨੂੰ, ਫ਼ੌਜਾਂ ਮਾਰ ਮੁਕਾਇਆ, ਬੜਾ ਡਰਾਇਆ
ਵੱਡਿਆਂ ਵੀਰਾਂ ਬਾਬਤ ਉਹਨਾਂ, ਸਾਨੂੰ ਇਹੋ ਸੁਣਾਇਆ, ਬੀ ਮੁਕਾਇਆ
ਪਰ ਅੰਮੀ ਜੀ! ਸਾਨੂੰ ਨਿਸਚਾ, ਮੂਲ ਨਹੀਂ ਜੇ ਆਇਆ, ਸੱਚ ਅਲਾਇਆ
'ਤੀਰ' ਥੱਕ ਗਏ ਜਾਂ ਕਹਿ ਕੇ, ਅੰਤ ਮੋੜ ਭਿਜਵਾਇਆ, ਕੱਲ੍ਹ 'ਤੇ ਪਾਇਆ

### ਦਾਦੀ ਦੀ ਅਸੀਸ

ਦਾਦੀ ਆਖੇ ਅੱਜ ਕੀਤੀ ਜੇ, ਕਾਰ ਸਿਦਕੀਆਂ ਵਾਲੀ, ਹੋ ਅਕਾਲੀ
ਵਿੱਚ ਕਚਹਿਰੀ ਗੱਲ ਸਿਆਣੀ, ਕੀਤੀ ਖ਼ੂਬ ਨਿਰਾਲੀ, ਉਮਰਾ ਬਾਲੀ
ਦੇਸ਼ ਵਾਸਤੇ ਬੇਟਾ ਜੀ ਅੱਜ, ਦੋਨਾਂ ਅਣਖ ਵਿਖਾਲੀ, ਸਿੱਖੀ ਪਾਲੀ
'ਤੀਰ' ਕੱਲ੍ਹ ਵੀ ਧਰਮ ਨਿਭਾਣਾ, ਜੇ ਕੁਝ ਕਹਿਣ ਪਲਾਲੀ, ਖੇਡਣ ਚਾਲੀ

### ਠੰਢੇ ਬੁਰਜ ਵਿਚ ਦੂਜੀ ਰਾਤ ਕਿਵੇਂ ਬੀਤੀ (ਮਾਹੀ ਦੱਸਦਾ ਹੈ)

ਠੰਢਾ ਬੁਰਜ ਕਹਿਰ ਦੀ ਸਰਦੀ, ਹੱਡਾਂ ਨੂੰ ਕੜਕਾਵੇ, ਵਿੰਨ੍ਹਦੀ ਜਾਵੇ
ਦਾਦੀ ਪੋਤਰਿਆਂ ਨੂੰ ਲੈ ਕੇ, ਪਈ ਕਲੇਜੇ ਲਾਵੇ, ਨਿੱਘ ਪੁਚਾਵੇ

ਲੰਮੀ ਰਾਤ ਸਿਆਲੀ ਠੰਢੀ, ਦੇਹੀਆਂ ਨੂੰ ਅਕੜਾਵੇ, ਜਾਨ ਕੰਬਾਵੇ
'ਤੀਰ' ਗੁੱਜਰੀ ਮਾਤਾ ਬੈਠੀ, ਗੀਤ ਦੇਸ਼ ਦੇ ਗਾਵੇ, ਭਰ ਭਰ ਹਾਵੇ

ਨੈਣ ਉਛਾਲੇ, ਦਿਲ ਭਰ ਗਾਵੇ, ਹੇ ਭਾਰਤ ਦੁਖਿਆਰੇ, ਕਰਮਾਂ-ਮਾਰੇ
ਰੱਖ ਯਕੀਨ ਜਾਣਗੇ ਕੱਟੇ, ਤੇਰੇ ਸੰਗਲ ਸਾਰੇ, ਭਾਰੇ ਭਾਰੇ
ਹੋਸੀ ਦੂਰ ਗ਼ੁਲਾਮੀ ਤੇਰੀ, ਰਹਿਣੇ ਨਾ ਹਤਿਆਰੇ, ਜ਼ੁਲਮੀ-ਕਾਰੇ
'ਤੀਰ' ਜਾਣਗੇ ਰੁੜ੍ਹ-ਪੁੜ ਪਾਪੀ, ਜਦ ਮੈਂ ਪੋਤੇ ਵਾਰੇ, ਅੱਖ ਦੇ ਤਾਰੇ

ਪੜ੍ਹ ਰਹਿਰਾਸ ਅੰਤ ਨੂੰ ਰਾਤੀਂ, ਦੋਵੇਂ ਲਾਲ ਲਿਟਾਏ, ਜੀਤੋ-ਜਾਏ
ਗੋਦੀ ਵਿੱਚ ਧਰ ਸੀਸ ਦੁਹਾਂ ਦੇ, ਸਦਕੇ ਵਾਰੇ ਜਾਏ, ਲਾਡ ਲਡਾਏ
ਚਾਰੇ ਪਹਿਰ ਜਾਗ ਕੇ ਏਦਾਂ, ਗੁਜਰੀ ਮਾਤ ਲੰਘਾਏ, ਬਾਣੀ ਗਾਏ
'ਤੀਰ' ਨਿਕਲਿਆ ਸੂਰਜ ਉਧਰੋਂ, ਉਧਰੋਂ ਸੱਦਣ ਆਏ, ਉਹ ਹਲਕਾਏ

### ਸਿਪਾਹੀਆਂ ਨੇ ਆਖਿਆ

ਮਾਈ! ਘੱਲ ਜਗਾ ਕੇ ਹੇਠਾਂ, ਝੱਟ ਆਪਣੇ ਪੋਤੇ, ਅਸੀਂ ਖਲੋਤੇ
ਬੰਦੀ-ਵਾਨਾਂ ਨੂੰ ਕੀ ਆਖਣ, ਏਡੇ ਲੰਮੇ ਸੋਤੇ, ਪ੍ਰੇਮ-ਪਰੋਤੇ
ਸੁਣਦੇ ਹੀ ਮਾਤਾ ਗੁਜਰੀ ਦੇ, ਹੱਥੋਂ ਉੱਡ ਗਏ ਤੋਤੇ, ਖਾ ਗਈ ਗੋਤੇ
'ਤੀਰ' ਜਗਾਏ ਦੋਵੇਂ ਪੋਤੇ, ਹੰਝੂਆਂ-ਹਾਰ ਪਰੋਤੇ, ਤੇ ਮੂੰਹ ਧੋਤੇ

### ਮਾਤਾ ਗੁਜਰੀ ਨੇ ਪੋਤਿਆਂ ਨੂੰ ਜਗਾ ਕੇ ਕੀ ਆਖਿਆ

ਜਾਓ ਲਾਲ! ਅਕਾਲ ਹਵਾਲੇ, ਅੱਜ ਦਾਦੀ ਜੇ ਕਰਦੀ, ਇਹ ਗੱਲ ਸਰਦੀ
ਬੱਚਿਓ! ਫੇਰ ਚਲੇ ਹੋ ਓਥੇ, ਕੋਈ ਨ ਜਿਥੇ ਦਰਦੀ, ਹੈ ਅੱਤ-ਗਰਦੀ
ਏਨਾ ਆਖ ਦੁਹਾਂ ਦੀ ਝਾੜਦੀ, ਝੱਟ ਦਾਦੀ ਨੇ ਵਰਦੀ, ਨੈਣੋਂ ਵਰ੍ਹਦੀ
'ਤੀਰ' ਦੁਹਾਂ ਨੂੰ ਏਦਾਂ ਕਹਿੰਦੀ, ਮਾਤਾ ਕਲਗੀਧਰ ਦੀ, ਸੂਲਾਂ ਜਰਦੀ

ਵੇ ਜ਼ੋਰਾਵਰ! ਵੇਖੀਂ ਬੇਟਾ, ਜਿੱਤੀਂ ਜ਼ੋਰਾਵਰ ਨੂੰ, ਚਿੱਤ ਰੱਖ ਹਰਿ ਨੂੰ
ਨੇੜੇ ਆਣ ਦਈਂ ਨਾ ਚੰਦਾ! ਲਾਲਚ ਮੋਹ ਤੇ ਡਰ ਨੂੰ, ਦੌਲਤ ਜ਼ਰ ਨੂੰ
ਤਰ ਕੇ ਦੱਸੀਂ ਵਾਂਗ ਤਾਰੂਆਂ, ਅੱਜ ਸਿਦਕ ਦੇ ਸਰ ਨੂੰ, ਪਰਤੀਂ ਘਰ ਨੂੰ
'ਤੀਰ' ਅੱਖੀਆਂ ਅੰਦਰ ਰੱਖੀਂ, ਤੂੰ ਹਰ ਥਾਵੇਂ ਹਰਿ ਨੂੰ, ਕਲਗੀਧਰ ਨੂੰ

ਫ਼ਤਹਿ ਕਰੀਂ ਤੂੰ ਫ਼ਤਹਿ ਜ਼ੁਲਮ ਦਾ, ਇਹ ਕਿਲ੍ਹਾ ਜਰਵਾਣਾ, ਜ਼ੁਲਮੀ ਥਾਣਾ
ਬੇਟਾ! ਤੇਰੀ ਏਸ ਫ਼ਤਹਿ ਨੇ, ਹਿੰਦ ਆਜ਼ਾਦ ਕਰਾਣਾ, ਸੁਖੀ ਬਣਾਣਾ

ਏਸ ਫ਼ਤਹਿ ਨੇ ਤਖ਼ਤ ਜ਼ੁਲਮ ਦਾ, ਅੱਜ ਕਲ੍ਹ ਹੈ ਉਲਟਾਣਾ, ਦੇਸ਼ ਬਚਾਣਾ
'ਤੀਰ' ਫ਼ਤਹਿ ਤੇ ਜ਼ੋਰਾਵਰ ਨੇ, ਜ਼ੋਰ ਜਦੋਂ ਹੈ ਲਾਣਾ, ਵਰਤੂ ਭਾਣਾ

### ਦਾਦੀ ਦੀ ਅੰਤਮ ਸਿੱਖਿਆ

ਬੇਟਾ! ਦੇਸ਼-ਭਗਤ ਬਣ ਸੱਚੇ, ਮਰਨੋਂ ਮੂਲ ਨਾ ਡਰਨਾ, ਹੱਸ ਕੇ ਮਰਨਾ
ਤੇਗ਼-ਬਹਾਦਰ ਦਾਦੇ ਵਾਂਗੂੰ, ਧਾਰ ਤੇਗ਼ ਦੀ ਤਰਨਾ, ਰੱਤ ਵਿਚ ਠਰਨਾ
ਲਾਲਚ ਲੋਭ ਮਾਮਤਾ ਜੱਗ ਦੀ, ਦਿਲ 'ਤੇ ਕਦੇ ਨਾ ਧਰਨਾ, ਬਣੀਆਂ ਜਰਨਾ
'ਤੀਰ' ਸ਼ਹੀਦੀ-ਬਹੂ ਅਨੋਖੀ, ਸਿਹਰੇ ਬੰਨ੍ਹ ਕੇ ਵਰਨਾ, ਮੂਲ ਨਾ ਡਰਨਾ

### ਮਾਹੀ ਹਲਕਾਰਾ ਸ੍ਰੀ ਦਸਮੇਸ਼ ਨੂੰ ਕਹਿੰਦਾ ਹੈ

ਜਾਣੀ-ਜਾਣ ਜੀਓ! ਫਿਰ ਦੋਵੇਂ, ਵਿਚ ਕਚਹਿਰੀ ਆਏ, ਜੀਤੇ ਜਾਏ
ਦੋਹਾਂ ਨੇ ਪੁੱਜ ਕੇ ਜੈਕਾਰੇ, ਉੱਚੀ ਖ਼ੂਬ ਗਜਾਏ, ਨਾ ਘਬਰਾਏ
ਫ਼ਤਹਿ ਬੁਲਾਈ ਦੂਹਾਂ ਭਰਾਵਾਂ, ਡਰੇ ਨਾ ਮੂਲ ਡਰਾਏ, ਸਜੇ ਸਜਾਏ
'ਤੀਰ' ਕਚਹਿਰੀ ਦੇ ਦਿਲ ਅੰਦਰ, ਲਾਂਬੂ ਸੱਜਰੇ ਲਾਏ, ਤੇ ਭੜਕਾਏ

ਫਿਰ ਅੱਗੇ ਹੋ ਖਾਨ ਵਜ਼ੀਦੇ, ਬਣ ਬਣ ਕੇ ਮਠਿਆਈ, ਗੱਲ ਚਲਾਈ
ਕਾਕਾ! ਦੱਸੋ ਜਾ ਕੇ ਰਾਤੀਂ, ਕੀ ਸਲਾਹ ਪਕਾਈ, ਸੋਚ ਦੁੜਾਈ
ਇਕ ਪਾਸੇ ਹੈ ਮੌਤ ਸਿਰਾਂ 'ਤੇ, ਦੂਜੀ ਵੱਲ ਵਡਿਆਈ, ਤੇ ਉੱਚਤਾਈ
'ਤੀਰ' ਦੋਹਾਂ ਨੂੰ ਕਹਿੰਦੀ ਕੀ ਸੀ, ਰਾਤੀਂ ਬੁੱਢੜੀ ਮਾਈ, ਕਾਬੂ ਆਈ

### ਸਾਹਿਬਜ਼ਾਦਿਆਂ ਨੇ ਆਖਿਆ

ਦੋਵੇਂ ਲਾਡ ਲਡਿੱਕੇ ਬੋਲੇ-ਅਣਖੀ ਕਾਰੇ ਕਰਦੇ, ਰਤਾ ਨਾ ਡਰਦੇ
ਦੇਸ਼ ਧਰਮ ਦੀ ਇੱਜ਼ਤ ਖ਼ਾਤਰ, ਹੱਸਦੇ ਹੱਸਦੇ ਮਰਦੇ, ਸਭ ਦੁੱਖ ਜਰਦੇ
ਦੇਸ਼ ਭਗਤ ਹਾਂ ਅਸੀਂ ਸੂਬਿਆ! ਪੁੱਤਰ ਕਲਗੀਧਰ ਦੇ, ਤਾਰੂ ਸਰ ਦੇ
'ਤੀਰ' ਮੌਤ ਪਰਵਾਨ ਦੋਹਾਂ ਨੂੰ, ਧਰਮ ਨਾ ਐਪਰ ਹਰਦੇ, ਬਣ ਕੇ ਬਰਦੇ

### ਸੂਬੇ ਕੀ ਕੀਤਾ (ਮਾਹੀ ਕਹਿੰਦਾ ਹੈ)

ਖ਼ਾਨ ਵਜ਼ੀਦੇ ਨੇ ਫਿਰ ਗੁਰ ਜੀ, ਪਲ ਵੀ ਮੂਲ ਨਾ ਲਾਇਆ, ਰੋਹ ਵਿਚ ਆਇਆ
ਨੇੜੇ ਸੱਦ 'ਮਲੇਰ ਕੋਟੀਏ', ਨੂੰ ਉਸਨੇ ਸਮਝਾਇਆ, ਢੰਗ ਚਲਾਇਆ
ਪਿਓ ਤੁਸਾਡਾ ਪਿਓ ਇਨ੍ਹਾਂ ਦੇ, ਕਹਿੰਦੇ ਮਾਰ ਮੁਕਾਇਆ, ਵੈਰ ਵਧਾਇਆ
ਬਦਲਾ ਲਵੋ ਪਿਓ ਦਾ ਖਾਨੋਂ! ਹੱਥ ਵੇਲਾ ਜੇ ਆਇਆ, 'ਤੀਰ' ਸਵਾਇਆ

ਫੜ ਲਓ ਤੇਗ਼ਾਂ ਦੋਵੇਂ ਹੁਣ ਹੀ, ਦੋਵੇਂ ਸੀਸ ਉਤਾਰੋ, ਦਿਲ ਨਾ ਹਾਰੋ
ਪਿਉ ਬਦਲੇ ਵੈਰੀ ਦੇ ਪੁੱਤਰ, ਅੱਜ ਪਕੜ ਕੇ ਮਾਰੋ, ਹਿੰਮਤ ਧਾਰੋ
ਗਾਜ਼ੀ ਮਰਦ ਬਣੋ ਇਸ ਵੇਲੇ, ਹੋਰ ਨਾ ਕੁੱਝ ਵਿਚਾਰੋ, ਤੇਗ਼ ਉਲਾਰੋ
'ਤੀਰ' ਇਨ੍ਹਾਂ ਨੂੰ ਮਾਰਨ ਲੱਗੇ, ਰਹਿਮ ਰਤਾ ਨਾ ਧਾਰੋ, ਕੋਹ ਕੇ ਮਾਰੋ

### *ਮਲੇਰਕੋਟੀਆਂ ਨੇ ਇਉਂ ਕਹਿ ਕੇ ਇਨਕਾਰ ਕੀਤਾ*

ਬੋਲੇ ਖ਼ਾਨ ਮਲੇਰਕੋਟੀਏ, ਸੁਣ ਸੂਬੇ ਸੁਣ ਕਾਜ਼ੀ, ਹੋ ਕੇ ਰਾਜ਼ੀ
ਗੱਲ ਤੁਹਾਡੀ ਮੰਨ ਲਈਏ ਤਾਂ, ਹੋਸਨ ਖ਼ੁਸ਼ ਨਿਮਾਜ਼ੀ, ਮੋਮਨ ਹਾਜੀ
ਪਰ ਸੂਬਾ ਜੀ! ਪੁੱਤਰ ਕੋਲੋਂ, ਪਿਉ ਦੀ ਲੈਣੀ ਭਾਜੀ, ਬਣਨਾ ਪਾਜੀ
'ਤੀਰ' ਇਉਂ ਨਹੀਂ ਬਣਦਾ ਕੋਈ, ਜੱਗ ਅੰਦਰ ਮਹਿਰਾਜ਼ੀ, ਸੂਰਾ ਗਾਜ਼ੀ

ਜੇ ਦਸਮੇਸ਼ ਹੋਏ ਅੱਜ ਸਾਹਵੇਂ, ਢਿੱਲ ਰਤਾ ਨਾ ਲਾਈਏ, ਤੇਗ਼ ਚਲਾਈਏ
ਆਪਣੇ ਪਿਓ ਦੇ ਸਾਵੇਂ ਬਦਲੇ, ਲੈ ਕੇ ਖ਼ੂਬ ਵਿਖਾਈਏ, ਮਰਦ ਸਦਾਈਏ
ਪਰ ਬੱਚਿਆਂ 'ਤੇ ਜ਼ੁਲਮ ਕਮਾ ਕੇ, ਜ਼ਾਲਮ ਕਿਵੇਂ ਸਦਾਈਏ, ਸ਼ਾਨ ਗਵਾਈਏ
'ਤੀਰ' ਗਵਾਇਆ ਕੁਝ ਨਾ ਏਹਨਾਂ, ਕਾਹਨੂੰ ਖ਼ੂਨ ਵਹਾਈਏ, ਅਣਖ ਰੁਲਾਈਏ

ਏਹ ਦੋਵੇਂ ਹਨ ਭੋਲੇ-ਭਾਲੇ, ਬਿਨਾਂ ਕਸੂਰ ਅੰਜਾਣੇ, ਭੁੱਖੇ ਭਾਣੇ
ਚੰਗੀ ਗੱਲ ਨਾਹੀਂ ਸੂਬਾ ਜੀ! ਏਦਾਂ ਮਾਰ ਮੁਕਾਣੇ, ਜ਼ੁਲਮ ਕਮਾਣੇ
ਛੱਡ ਦਿਓ ਜੇ ਸਾਡੀ ਮੰਨੋ, ਫੇਰ ਨਾ ਸੱਦੋ ਥਾਣੇ, ਜੀ-ਭਿਆਣੇ
'ਤੀਰ' ਟਲਣ ਪਰ ਮੂਲ ਨਾ ਜ਼ੁਲਮੋਂ, ਜੋ ਹੋਵਣ ਜਰਵਾਣੇ, ਨਿੱਘਰ ਜਾਣੇ

### *ਕਾਜ਼ੀ ਦੀ ਕਰਤੂਤ (ਮਾਹੀ ਦੱਸਦਾ ਹੈ)*

ਪਰ ਦਾਤਾ ਜੀ! ਜ਼ਾਲਮ ਕਾਜ਼ੀ, ਚਾਲ ਸ਼ਰ੍ਹਾ ਦੀ ਚਲਿਆ, ਸੜਿਆ ਬੱਲਿਆ
ਕੜਕ ਬੋਲਿਆ—ਸੁਣੋ ਖ਼ਾਨ ਜੀ, ਜੋ ਮਸਲਾ ਹੈ ਹੱਲਿਆ, ਰਹੇ ਨਾ ਠੱਲਿਆ
ਕਾਫ਼ਰ ਨੂੰ ਜਾਵੇ ਕਤਲਾਇਆ, ਦੀਨ ਨਹੀਂ ਜੋ ਰੱਲਿਆ, ਉਲਟਾ ਚੱਲਿਆ
'ਤੀਰ' ਬਣੇ ਨਾ ਮੋਮਨ ਜਿਹੜਾ, ਜਾਵੇ ਦੋਜ਼ਕ ਘੱਲਿਆ, ਉਹ ਅੱਗ-ਜਲਿਆ

ਸ਼ਰਹਿ ਸਾਫ਼ ਪਈ ਦੱਸਦੀ ਸਾਡੀ, ਜੇਕਰ ਤੁਸੀਂ ਵਿਚਾਰੋ, ਦਿਲ 'ਤੇ ਧਾਰੋ
ਜੇ ਇਹ ਦੀਨ ਕਬੂਲਣ ਨਾਹੀਂ, ਕੰਧਾਂ ਵਿਚ ਚਿਣ ਮਾਰੋ, ਹੱਠ ਨਾ ਹਾਰੋ
ਰਾਜ ਮਜੂਰ ਹੁਣੇ ਬੁਲਵਾਓ, ਹੁਣ ਹੀ ਕੰਧ ਉਸਾਰੋ, ਵਿਚ ਖਲ੍ਹਾਰੋ
'ਤੀਰ' ਦੀਨ ਦਾ ਫਰਜ਼ ਸਿਰਾਂ ਤੋਂ, ਏਦਾਂ ਸਿਰੋਂ ਉਤਾਰੋ, ਅੱਜ ਸਰਦਾਰੋ!

ਫਿਰ ਕੀ ਸੀ ਝੱਟ ਹੁਕਮ ਹੋ ਗਿਆ, ਰਾਜ ਗਏ ਮੰਗਵਾਏ, ਦੌੜੇ ਆਏ
ਇੱਟਾਂ ਚੂਨਾ ਹੋ ਗਿਆ ਕੱਠਾ, ਲਾਲ ਗਏ ਖਲ੍ਹਵਾਏ, ਹਾਏ! ਹਾਏ!
ਕੰਧ ਉਸਾਰਨ ਗਿਰਦ ਉਨ੍ਹਾਂ ਦੇ, ਤਰਸ ਕੋਈ ਨਾ ਖਾਏ, ਸਭ ਪਰਾਏ
'ਤੀਰ' ਅਡੋਲ ਖਲੋਤੇ ਦੋਵੇਂ, ਪਰ ਜੀਤੇ ਦੇ ਜਾਏ, ਨਾ ਘਬਰਾਏ

### ਵੱਲੋਂ ਕਵੀ

ਆਖਦਿਆਂ ਇਹ ਮਾਹੀ ਡਾਢਾ, ਦਰਦਾਂ ਵਿੱਚ ਪੁਰ ਹੋਇਆ, ਦਰਦ ਵਿਗੋਇਆ
ਭੁੱਬਾਂ ਮਾਰ ਮਾਰ ਫਿਰ ਅੱਗੋਂ, ਹਾਲ ਸੁਣਾਂਦਾ ਰੋਇਆ, ਸੂਲ-ਪਰੋਇਆ
ਸਿੰਜਣ ਲਈ ਦਰਦ ਦੀ ਖੇਤੀ, ਖੂਹ-ਨੈਣ ਉਸ ਜੋਇਆ, ਸਦਕੇ ਹੋਇਆ
'ਤੀਰ' ਸੁਣਾਵਣ ਲੱਗਾ ਸਾਕਾ, ਇਉਂ ਜੀਂਵਦਾ ਮੋਇਆ, ਨੈਣੋਂ ਚੋਇਆ

### ਸ੍ਰੀ ਦਸਮੇਸ਼ ਜੀ ਨੂੰ ਮਾਹੀ ਭੁੱਬਾਂ ਮਾਰ ਕੇ ਦੱਸਦਾ ਹੈ

ਕੀ ਦੱਸਾਂ ਸਤਿਗੁਰ ਜੀ ਅੱਗੋਂ, ਗੱਲਾਂ ਮੈਂ ਗਿਣ ਗਿਣ ਕੇ, ਹਠ ਨੂੰ ਜਿਣਕੇ
ਲਾਲਾਂ ਦੇ ਚੌਫ਼ੇਰੇ ਲਾਵਣ, ਇੱਟਾਂ ਉਹ ਚਿਣ ਚਿਣ ਕੇ, ਥਾਂ ਮਿਣ ਮਿਣ ਕੇ
ਮਿੱਟੀ ਘੱਟੇ ਵਿਚ ਰੁਲਾਏ, ਉਹਨਾਂ ਪਾਰਸ-ਕਿਣਕੇ, ਸਮਝੇ ਤਿਣਕੇ
'ਤੀਰ' ਆਪਣੀ ਨੀਂਹ ਪੁੱਟੀ ਨੇ, ਲਾਲ ਨੀਂਹਾਂ ਵਿਚ ਚਿਣਕੇ, ਹਾਰੇ ਜਿਣਕੇ

ਪਰ ਸਤਿਗੁਰ ਜੀ ਮੈਂ ਸੁਣ ਆਇਆ, ਓਥੋਂ ਗੱਲ ਨਿਆਰੀ, ਦਰਦ-ਪਟਾਰੀ
ਜ਼ੋਰਾਵਰ ਦੇ ਮੋਢੇ ਤਕ ਜਾਂ, ਪੁੱਜੀ ਆਣ ਉਸਾਰੀ, ਉਸ ਢਾਹ ਮਾਰੀ
ਫਤਹਿ ਸਿੰਘ ਦੇ ਬੁੱਲ੍ਹ ਸੀ ਬਾਹਿਰ, ਓਸ ਸੁਣੀ ਜਦ ਜ਼ਾਰੀ, ਇਹ ਦੁਖਿਆਰੀ
'ਤੀਰ' ਓਸ ਨੇ ਜ਼ੋਰਾਵਰ ਨੂੰ, ਏਦਾਂ ਬੋਲੀ ਮਾਰੀ, ਆਖ਼ਰ ਵਾਰੀ

ਵਾਹ ਓ ਵੀਰ! ਨੀਰ ਛੱਡ ਦਿਤਾ, ਇਹ ਤੂੰ ਕੀ ਹੈਂ ਕਰਦਾ, ਮੌਤੋਂ ਡਰਦਾ
ਕਾਲ ਅਸਾਡੀ ਕੁਲ ਦਾ ਗੋਲਾ, ਦਮ ਦਮ ਪਾਣੀ ਭਰਦਾ, ਸੇਵਕ ਦਰ ਦਾ
ਡੁਸਕ ਡੁਸਕ ਓ ਜ਼ੋਰਾਵਰ ਤੂੰ! ਡੁਬਦਾ ਹੈਂ ਕਿਉਂ ਤਰਦਾ, ਤਾਰੂ ਸਰਦਾ
'ਤੀਰ' ਦੱਸ ਕੀ! ਤੂੰ ਨਹੀਂ ਜੱਗ 'ਤੇ, ਪੁੱਤਰ ਕਲਗੀਧਰ ਦਾ, ਜ਼ੋਰਾਵਰ ਦਾ?

ਗੁਰ ਅਰਜਨ ਦੀ ਬੰਸੋਂ ਹੋ ਕੇ, ਡਰ ਮੌਤੋਂ ਕੁਰਲਾਣਾ, ਗੱਲ ਗਵਾਣਾ
ਤੇਗ਼-ਬਹਾਦਰ ਦੇ ਹੋ ਪੋਤੇ, ਫਿਰ ਏਦਾਂ ਘਬਰਾਣਾ, ਕਾਲਖ ਲਾਣਾ
ਕਲਗੀਧਰ ਦੇ ਪੁੱਤਰ ਹੋ ਕੇ, ਪਹਿਨ ਓਸਦਾ ਬਾਣਾ, ਦਿਲ ਡੁਲਾਣਾ
'ਤੀਰ' ਜਾਪਦਾ ਦੁਨੀਆ ਉੱਤੇ, ਇਹ ਹੈ ਕੰਮ ਅਜਾਣਾ, ਨਹੀਂ ਸਿਆਣਾ

ਕੀ ਵੀਰਾ! ਅੱਜ ਤੈਨੂੰ ਘਰ ਦੇ, ਸੁੱਖ ਦਾ ਚੇਤਾ ਆਇਆ, ਜਿੰਸ ਭੁਲਾਇਆ ?
ਕੀ ਵੀਰਾ! ਮਾਂ ਆ ਗਈ ਚੇਤੇ, ਗੋਦੀ ਜਿਹਨੇ ਖਿਡਾਇਆ, ਦੁੱਧ ਚੁੰਘਾਇਆ ?
ਕੀ ਵੀਰਾ! ਅੱਜ ਮੋਹਿਆ ਤੈਨੂੰ, ਦੁਨੀਆ ਦੀ ਮੋਹ-ਮਾਇਆ, ਜੱਗ ਹੈ ਭਾਇਆ ?
'ਤੀਰ' ਪਤਾ ਕੁਝ ਲਗਦਾ ਨਾਹੀਂ, ਕਿਉਂ ਤੂੰ ਨੀਰ ਵਹਾਇਆ, ਮਾਂ-ਪਿਓ ਜਾਇਆ ?

### *ਜ਼ੋਰਾਵਰ ਨੇ ਰੋਣ ਦਾ ਕੀ ਕਾਰਨ ਦੱਸਿਆ ?*

ਜ਼ੋਰਾਵਰ ਨੇ ਕਿਹਾ ਫ਼ਤਹਿ ਨੂੰ, ਸੁਣ ਓ ਮਾਂ ਪਿਓ ਜਾਇਆ, ਜੇ ਸਧਰਾਇਆ
ਮੇਰੇ ਨਾਲ ਗੁਰੂ ਤੇ ਰੱਬ ਨੇ, ਅੱਜ ਹੈ ਜ਼ੁਲਮ ਕਮਾਇਆ, ਦਿਲੋਂ ਭੁਲਾਇਆ
ਵਾਰੀ ਮੇਰੀ ਦਿੱਤੀ ਤੈਨੂੰ, ਮੇਰਾ ਹੱਕ ਗਵਾਇਆ, ਤਾਂ ਘਬਰਾਇਆ
ਪਹਿਲੇ 'ਤੀਰ' ਸ਼ਹੀਦ ਹੋਏਂ ਤੂੰ, ਜੱਗ ਵਿਚ ਪਿੱਛੋਂ ਆਇਆ, ਉਸਦੀ ਮਾਇਆ

ਪਹਿਲੇ ਉਸ ਨੇ ਤੇਰੇ ਕੋਲੋਂ, ਮੈਨੂੰ ਜੱਗ ਵਿਚ ਘਲਿਆ, ਲਾਡੀਂ-ਪਲਿਆ
ਪਰ ਤੂੰ ਪਿੱਛੋਂ ਆ ਕੇ ਵੀਰਾ, ਪਹਿਲੇ ਹੈਂ ਟੁਰ ਚਲਿਆ, ਮੈਨੂੰ ਛੱਲਿਆ
ਪਹਿਲੇ ਵਰੇਂ ਸ਼ਹੀਦੀ ਨੂੰ ਤੂੰ, ਨਿੱਕਾ ਹੋ ਨਾ ਟਲਿਆ, ਰਿਹੋਂ ਨਾ ਠਲ੍ਹਿਆ
'ਤੀਰ' ਏਸ ਅਨਿਆਂ ਦੀ ਗੱਲ ਨੇ, ਅੱਜ ਕਲੇਜਾ ਸੱਲਿਆ, ਤਾਂ ਦਿਲ ਹੱਲਿਆ

### *ਮਾਹੀ ਨੇ ਦਸਮੇਸ਼ ਜੀ ਨੂੰ ਕਹਿਣਾ*

ਜਾਨੀ-ਜਾਣ ਜੀਓ ਹਨ ਕਹਿੰਦੇ, ਮੋਢੀਂ ਜਾਂ ਕੰਧ ਆਈ, ਡਰੇ ਨਾ ਰਾਈ
ਧੂਹ ਤਲਵਾਰਾਂ ਆਣ ਖਲੋਤੇ, ਪਲਕਾਂ ਵਿੱਚ ਕਸਾਈ, ਢਿੱਲ ਨਾ ਲਾਈ
ਇੱਕੋ ਇੱਕੋ ਵਾਰ ਦੋਹਾਂ ਦੀ, ਤੇਗਾਂ ਧੌਣ ਉਡਾਈ, ਰੱਤ ਵਹਾਈ
'ਤੀਰ' ਸੁਣਦਿਆਂ ਹੌਕਾ ਲੈ ਕੇ, ਟੁਰ ਗਈ ਗੁਜਰੀ ਮਾਈ, ਦਰਦ-ਸਤਾਈ

ਟੋਡਰ ਮੱਲ ਆਪ ਦਾ ਪ੍ਰੇਮੀ, ਸੁਣ ਕੇ ਰੋਂਦਾ ਆਇਆ, ਦਰਦ ਸਤਾਇਆ
ਉਸਨੇ ਆ ਕੇ ਕਰਨੀ ਕੀਤੀ, ਏਦਾਂ ਸਿਦਕ ਨਿਭਾਇਆ, ਪਲ ਨਾ ਲਾਇਆ
ਤਿੰਨੇ ਲੋਥਾਂ ਲਈਆਂ ਉੱਥੋਂ, ਖੁੱਲ੍ਹੀ ਖ਼ਰਚੀ ਮਾਇਆ, ਨੀਰ ਵਹਾਇਆ
'ਤੀਰ' ਦੋਹਾਂ ਸਸਕਾਰਨ ਖ਼ਾਤਰ, ਸੋਨਾ ਓਸ ਵਿਛਾਇਆ, ਘੋਲ ਘੁਮਾਇਆ

ਧਰਤੀ ਲਈ ਵਿਛਾ ਕੇ ਮੁਹਰਾਂ, ਲਾਲ ਉਹਨੇ ਸਸਕਾਰੇ, ਗੁਰ ਕੁਲ-ਤਾਰੇ
ਦਾਦੀ ਦੀ ਗੋਦੀ ਵਿਚ ਸੌਂ ਗਏ, ਭੋਲੇ ਅਤੇ ਪਿਆਰੇ, ਹੋ ਗਏ ਵਾਰੇ
ਅੱਖੀਂ ਵੇਖ ਜ਼ੁਲਮ ਦੀ ਘਟਨਾ, ਰੋ ਪਏ ਰੁੱਖ ਵਿਚਾਰੇ, ਦਰਦਾਂ-ਮਾਰੇ
'ਤੀਰ' ਮੂੰਹੋਂ ਪਰ ਬੋਲ ਨਾ ਸੱਕੇ, ਵੱਢਣ ਨਾ ਹਤਿਆਰੇ, ਧਰ ਕੇ ਆਰੇ

ਲਾਲਾਂ ਦੀ ਰੱਤ ਜਿਉਂ ਹੀ ਡੁੱਲ੍ਹੀ, ਰੋ ਪਈ ਧਰਤ ਵਿਚਾਰੀ, ਕਰਮਾਂ ਮਾਰੀ
ਸੂਰਜ ਰੋਇਆ ਚੰਦ ਵੀ ਰੋਇਆ, ਲੱਗੀ ਦਰਦ-ਕਟਾਰੀ, ਕਰ ਗਈ ਕਾਰੀ
ਰੋਏ ਫੁੱਲ ਤ੍ਰੇਲੀ-ਅੱਥਰੂ, ਪੀੜ ਨਾ ਗਈ ਸਹਾਰੀ, ਕਰਦੇ ਜ਼ਾਰੀ
'ਤੀਰ' ਹਿਲਾ ਗਿਆ ਨੀਂਹ ਜ਼ੁਲਮ ਦੀ, ਇਹ ਹਲੂਣਾ ਭਾਰੀ, ਆਖ਼ਰ ਵਾਰੀ

ਗੰਗੂ ਦੀ ਵੀ ਅੰਤ ਗੁਰੂ ਜੀ, ਕਹਿੰਦੇ ਡੁੱਬ ਗਈ ਬੇੜੀ, ਅੰਦਰ ਖੇੜੀ
ਜੋ ਪਾਪੀ ਨੇ ਮਾਇਆ ਲੁੱਟੀ, ਉਹ ਉਸ ਮੌਤ ਸਹੇੜੀ, ਹੋਣੀ ਛੇੜੀ
ਉਸਦੇ ਨਾਲ ਬੁਰੀ ਹੈ ਹੋਈ, ਗਿਣ ਗਿਣ ਦੱਸਾਂ ਕੇਹੜੀ, ਬੀਤੀ ਜੇਹੜੀ
'ਤੀਰ' ਲੁੱਟਿਆ ਗਿਆ ਅਨੱਰਥੀ, ਉੱਜੜੀ ਉਸਦੀ ਖੇੜੀ, ਫਿੱਟਣ-ਫੇੜੀ

ਮੁੱਸਲਮਾਨ ਅਫਸਰਾਂ ਨੇ ਜਾਂ, ਸੋਅ ਕਿਤੋਂ ਸੁਣ ਪਾਈ, ਲੁੱਟੀ ਮਾਈ
ਵਾਹੋ ਦਾਹ ਜਾ ਪੁੱਜੇ ਖੇੜੀ, ਢਿੱਲ ਰਤਾ ਨਾ ਲਾਈ, ਕੀਤੀ ਧਾਈ
ਟੁੱਟ ਪਏ ਗੰਗੂ ਦੇ ਘਰ 'ਤੇ, ਰੱਜ ਕੇ ਲੁੱਟ ਮਚਾਈ, ਧੁੰਮ ਧੁਮਾਈ
'ਤੀਰ' ਕੁੱਟ ਕੁੱਟ ਆਖ਼ਰ ਉਸਦੀ, ਕਹਿੰਦੇ ਅਲਖ ਮੁਕਾਈ, ਜਾਨ ਗਵਾਈ

### *ਮਾਹੀ ਦੀ ਜ਼ਬਾਨੀ ਸੁਣੀ ਦਰਦ ਕਹਾਣੀ ਦਾ ਸਰੋਤਿਆਂ 'ਤੇ ਅਸਰ (ਵੱਲੋਂ ਕਵੀ)*

ਸੁਣਦੇ ਗਏ ਗੰਭੀਰ ਗੁਰੂ ਜੀ, ਮਾਹੀ ਗਿਆ ਸੁਣਾਂਦਾ, ਨੈਣ ਵਹਾਂਦਾ
ਸੁਣ ਸੁਣ ਸਭ ਦੇ ਨੈਣਾਂ ਵਿਚੋਂ, ਨੀਰ ਨਾ ਠਲ੍ਹਿਆ ਜਾਂਦਾ, ਦਰਦ ਵਧਾਂਦਾ
ਰਾਏ ਕੱਲ੍ਹਾ ਪੁੰਜ ਦਰਦ ਦਾ, ਲੱਖ ਲੱਖ ਡੋਬੇ ਖਾਂਦਾ, ਡੁੱਬਦਾ ਜਾਂਦਾ
'ਤੀਰ' ਕਤਲ ਬੇਦੋਸਾਂ ਦਾ ਇਹ, ਪੱਥਰ ਪਿਆ ਰੁਆਂਦਾ, ਦਿਲ ਨੂੰ ਖਾਂਦਾ

ਪਰ ਦਸਮੇਸ਼ ਗੰਭੀਰ ਚਿੱਤ ਦੇ, ਦਿਲ ਤੋਂ ਰਤਾ ਨਾ ਡੋਲੇ, ਨਾ ਕੁਝ ਬੋਲੇ
ਸੁਣਦੇ ਰਹੇ, ਅੰਜਾਣੇ ਪੁੱਤਰ, ਕਿਵੇਂ ਹੋਏ ਨੇ ਘੋਲੇ, ਆਲੇ-ਭੋਲੇ
ਦਿਲ ਵਿਚ ਭਾਵੇਂ ਮੁੜ ਮੁੜ ਉਠੇ, ਲੱਖਾਂ ਵਾ-ਵਰੋਲੇ, ਝੱਖੜ ਝੋਲੇ
'ਤੀਰ' ਨਾਲ ਪੁੱਟ ਕਾਹੀ ਜੜ੍ਹ ਤੋਂ, ਆਖ਼ਰ ਏਦਾਂ ਬੋਲੇ, ਬੁੱਲ੍ਹ ਪਲੋਲੇ

ਇਹ ਕਾਹੀ ਦੀ ਜੜ੍ਹ ਨਹੀਂ ਪੁੱਟੀ, ਜ਼ਾਲਮ ਦੀ ਜੜ੍ਹ ਪੁੱਟੀ, ਪੁੱਟ ਕੇ ਸੁੱਟੀ
ਅੱਜ ਤੋਂ ਜਾਣੋ ਪਾਪ ਰਾਜ ਦੀ, ਸੰਘੀ ਗਈ ਏ ਘੁੱਟੀ, ਚੋਗ ਨਿਖੁੱਟੀ
ਉੱਜੜੇਗਾ ਉਹ ਸ਼ਹਿਰ ਅੰਤ ਨੂੰ, ਜਿਸ ਅੱਥਰ ਨਹੀਂ ਸੁੱਟੀ, ਅੱਖ ਨਾ ਫੁੱਟੀ
'ਤੀਰ' ਜਾਇਗੀ ਵਸਤੀ ਐਸੀ, ਇਕ ਦਿਨ ਸਾੜੀ ਲੁੱਟੀ, ਲਾ ਲਾ ਛੁੱਟੀ

ਮਰੇ ਨਹੀਂ ਇਹ ਮੇਰੇ ਪੁੱਤਰ, ਜੀਵਨ-ਪਦਵੀ ਪਾ ਗਏ, ਜੌਹਰ ਵਿਖਾ ਗਏ
ਦੇਸ਼-ਭਗਤ ਸਨ ਬੱਚੇ ਮੇਰੇ, ਸੇਵਾ-ਦੇਸ਼ ਸਿਖਾ ਗਏ, ਰਾਹੇ ਪਾ ਗਏ
ਦਰਦੀ ਵੀਰ 'ਮਲੇਰਕੋਟੀਏ', ਆਪਣੀ ਉਮਰ ਵਧਾ ਗਏ, ਮੈਨੂੰ ਭਾ ਗਏ
'ਤੀਰ' ਜੋਤ ਕੁਰਬਾਨੀ ਵਾਲੀ, ਮੇਰੇ ਲਾਲ ਜਗਾ ਗਏ, ਧਰਮ ਨਿਭਾ ਗਏ

ਸੁਣ ਸੁਣ ਕਰਨੀ ਦਰਦਾਂ ਵਾਲੀ, ਨੈਣ ਨਾ ਮੂਲ ਉਛਾਲੋ, ਮੇਰੇ ਲਾਲੋ
ਚਾਰ ਗਏ ਚਾਲੀ ਵੀ ਚਲ ਗਏ, ਗਏ ਬਿਅੰਤ ਖ਼ਿਆਲੋ, ਦਿੱਲ ਸੰਭਾਲੋ
ਨਾ ਰੋਵੋ ਨਾ ਰੋਵੋ ਪੁੱਤਰੋ! ਹੁਕਮ ਪ੍ਰਭੂ ਦਾ ਪਾਲੋ, ਘਾਲਾਂ ਘਾਲੋ
'ਤੀਰ' ਸ਼ੁਕਰ ਵਿਚ ਲੂੰ ਲੂੰ ਭਰਿਆ, ਜੇ ਮੈਨੂੰ ਪੜਤਾਲੋ, ਵੇਖੋ ਭਾਲੋ

### *ਰਾਇ ਕਲ੍ਹੇ ਦੀ ਜੋਦੜੀ*

ਰਾਇ ਕਲ੍ਹੇ ਰੋ ਕਿਹਾ ਗੁਰੂ ਜੀ, ਔਖਾ ਹੈ ਸੱਲ ਸਹਿਣਾ, ਤੇ ਚੁੱਪ ਰਹਿਣਾ
ਏਸ ਆਪ ਦੇ ਧੀਰਜ ਅੱਗੇ, ਕੀ ਕੁਝ ਜਾਣੇ ਕਹਿਣਾ, ਜੀਵ ਟਟਹਿਣਾ
ਆਪ ਜਾਣਦੇ ਹੋ ਦਾਤਾ ਜੀ, ਵਿਚ ਰਜ਼ਾ ਦੇ ਰਹਿਣਾ, ਉੱਠਣਾ-ਬਹਿਣਾ
'ਤੀਰ' ਕੁਦਰਤੀ ਗੱਲ ਹੈ ਸੁਣ ਕੇ, ਦਰਦਾਂ ਅੰਦਰ ਵਹਿਣਾ, ਧੀਰਜ ਢਹਿਣਾ

ਧੰਨ ਹੋ ਆਪ, ਆਪ ਦਾ ਜਿਗਰਾ, ਹੱਥੀਂ ਪਿਤਾ ਘੁਮਾਇਆ, ਧਰਮ ਕਮਾਇਆ
ਦੋ ਹੀਰੇ ਪੁੱਤਾਂ ਨੂੰ ਰਣ ਵਿਚ, ਸਾਹਵੇਂ ਸ਼ਹੀਦ ਕਰਾਇਆ, ਲੇਖੇ ਲਾਇਆ
ਦੋਹਾਂ ਦੀ ਹਲਕਾਰਾ ਮਾਹੀ, ਅੱਜ ਜੋ ਖ਼ਬਰ ਲਿਆਇਆ, ਓਸ ਰੁਆਇਆ
'ਤੀਰ' ਬੁੱਢੜੀ ਮਾਤਾ ਦਾ ਵੀ, ਸੀਸ ਆਪ ਨੇ ਲਾਇਆ, ਭੁੱਲ ਮੋਹ ਮਾਇਆ

ਵਾਹ ਵਾਹ ਧੰਨ ਆਪ ਦੀ ਕਰਨੀ, ਵਾਹ ਬੰਸ ਦੇ ਦਾਨੀ! ਵਾਹ ਕੁਰਬਾਨੀ
ਭਾਵੇਂ ਜੱਗ ਤੇ ਅੱਜ ਆਪ ਦੀ, ਰਹੀ ਨਾ ਇਕ-ਨਿਸ਼ਾਨੀ, ਜੋਤ-ਨੂਰਾਨੀ
ਤਾਂ ਵੀ ਰਤਾ ਮਲਾਲ ਨਾ ਜਾਪੇ, ਡਲ੍ਹਕੇ ਪਈ ਪੇਸ਼ਾਨੀ, ਵੇਖ ਹੈਰਾਨੀ
'ਤੀਰ' ਸੁਣਦਿਆਂ ਸਾਰ ਅਸਾਂ ਨੂੰ, ਧੱਸ ਗਈ ਸੀਨੇ ਕਾਨੀ, ਹੇ ਦਿਲਜਾਨੀ

### *ਦਸਮੇਸ਼ ਜੀ ਦੀ ਨਿਸ਼ਕਾਮਤਾ*

ਬੋਲੇ ਸ੍ਰੀ ਦਸਮੇਸ਼ ਕਲ੍ਹਿਆ! ਕਿਉਂ ਅੱਖਾਂ ਭਰ ਆਈਆਂ, ਤੇ ਉਛਲਾਈਆਂ
ਮੈਂ ਕੀ ਚੀਜ਼, ਕਰਨ ਕੀ ਜੋਗਾ, ਓਸ ਦੀਆਂ ਵਡਿਆਈਆਂ, ਸਭ ਬਣਾਈਆਂ
ਸਨ ਪਰਵਾਰ ਮੇਰੇ ਦੀਆਂ ਲੀਕਾਂ ਸੱਤ* ਉਸੇ ਨੇ ਪਾਈਆਂ, ਕਰ ਚਤਰਾਈਆਂ
ਹਿਰਖ ਸੋਗ ਕੀ 'ਤੀਰ' ਏਸ ਦਾ, ਪਾ ਕੇ ਓਸ ਮਿਟਾਈਆਂ, ਉਸ ਮਨ-ਭਾਈਆਂ

* ਚਾਰ ਸਾਹਿਬਜ਼ਾਦੇ, ਮਾਤਾ, ਪਿਤਾ, ਦਸਮੇਸ਼।

ਜਿੱਸ ਦਿਹਾੜੇ ਮੈਂ ਵੀ ਮਿੱਤਰਾ! ਦੇਸ਼ ਕੌਮ ਲਈ ਮਰਸਾਂ, ਦੁੱਖੜੇ ਜਰਸਾਂ
ਜਿਸ ਦਿਹਾੜੇ ਤੇਗ-ਧਾਰ ਨੂੰ, ਮੈਂ ਤਾਰੂ ਬਣ ਤਰਸਾਂ, ਦਿਲ ਤੋਂ ਠਰਸਾਂ
ਜਿਸ ਦਿਹਾੜੇ ਨਾਰ ਸ਼ਹੀਦੀ, ਮੈਂ ਸਿਹਰੇ ਬੰਨ੍ਹ ਵਰਸਾਂ, ਰੰਗ ਵਿਚ ਭਰਸਾਂ
ਦਿਲੋਂ 'ਤੀਰ' ਮੈਂ ਓਸ ਦਿਹਾੜੇ, ਸ਼ੁਕਰ ਸਾਈਂ ਦਾ ਕਰਸਾਂ, ਭੇਟਾ ਧਰਸਾਂ

### ਰਾਏ ਕਲ੍ਹੇ ਦੀ ਜੋਦੜੀ

ਹੱਥ ਜੋੜ ਫਿਰ ਰਾਏ ਕਲ੍ਹਾ, ਏਸ ਤਰ੍ਹਾਂ ਘਿਘਿਆਵੇ, ਅਰਜ਼ ਸੁਣਾਵੇ
ਜਾਣੀ-ਜਾਣ ਆਪ ਨੇ ਕਹਿਆ, "ਜੜ੍ਹ ਤੁਰਕ ਦੀ ਜਾਵੇ, ਰੱਬ ਪੁਟਾਵੇ"
ਪਰ ਦਾਤਾ ਜੀ ਮੈਂ ਵੀ ਉਹ ਹਾਂ, ਪਿਆ ਤੌਖ਼ਲਾ ਖਾਵੇ, ਦਿਲ ਡਰਾਵੇ
'ਤੀਰ' ਮੇਰੇ 'ਤੇ ਮਿਹਰ ਕਰੋ ਜੀ, ਜੇਕਰ ਮਨ ਨੂੰ ਭਾਵੇ, ਮੂਲ ਨਾ ਦਾਅਵੇ

### ਸਤਿਗੁਰਾਂ ਦੀ ਅਸੀਸ ਰਾਇ ਕਲ੍ਹੇ ਨੂੰ

ਗੁਰ ਬੋਲੇ ਤੂੰ ਚਿੰਤਾ ਨਾ ਕਰ, ਤੂੰ ਮੇਰਾ ਮੈਂ ਤੇਰਾ, ਸਿਦਕੀ ਸ਼ੇਰਾ
ਤੈਨੂੰ ਨਹੀਂ ਅਸਰ ਕਰ ਸਕਦਾ, ਵਾਕ ਮੇਰੇ ਦਾ ਘੇਰਾ, ਕਰ ਤੂੰ ਜੇਰਾ
ਆਹ ਲੈ ਤੇਗ ਨਿਸ਼ਾਨੀ ਮੇਰੀ, ਪੂਜੀਂ ਸੰਝ-ਸਵੇਰਾ, ਸੁੱਖ ਘਣੇਰਾ
'ਤੀਰ' ਜਦੋਂ ਤੱਕ ਮੰਨਸੀ ਇਸਨੂੰ, ਫੁੱਲਸੀ ਬੰਸ ਵਧੇਰਾ, ਕਹਿਣਾ ਮੇਰਾ
ਦੋਹਿਰਾ—ਪੁੱਤਰਾਂ ਦਾ ਤੇ ਮਾਤ ਦਾ, ਸੁਣ ਮਾਹੀ ਤੋਂ ਹਾਲ।
ਮਿਹਰ ਦਯਾ ਵਿਚ ਆਣ ਕੇ, ਬੋਲੇ ਦੀਨ ਦਿਆਲ।

### ਮਾਹੀ ਹਲਕਾਰੇ ਪ੍ਰਤੀ ਦਸਮੇਸ਼ ਜੀ ਦੇ ਬਚਨ

ਓ ਮਾਹੀ ਤੂੰ ਮੇਰਾ ਮਾਹੀ, ਮੇਰਾ ਪਰਮ ਪਿਆਰਾ, ਅੱਖ ਦਾ ਤਾਰਾ
ਮੈਨੂੰ ਹੈ ਤੂੰ ਬੰਨ੍ਹ ਵਿਖਾਇਆ, ਖ਼ੂਨੀ ਅੱਜ ਨਜ਼ਾਰਾ, ਨਵਾਂ ਨਿਆਰਾ
ਤੇਰੀ ਮੇਰੀ ਪ੍ਰੀਤ ਸਦਾ ਦੀ, ਹੋ ਗਈ ਏ ਦਿਲਦਾਰਾ, ਯਾਦ ਸਹਾਰਾ
'ਤੀਰ' ਮੇਰੇ ਲਈ ਮਾਹੀ ਮੇਰੇ, ਕੰਮ ਕੀਤਾ ਤੂੰ ਭਾਰਾ, ਕਰਕੇ ਚਾਰਾ

### ਵੱਲੋਂ ਕਵੀ

ਏਸ ਤਰ੍ਹਾਂ ਇਹ ਖ਼ੂਨੀ ਝਾਕੀ, ਜਿਸ ਦਿਹਾੜੇ ਹੋਈ, ਦੁਨੀਆ ਰੋਈ
ਜਿਸ ਵੀ ਸੁਣਿਆ ਰੱਜ ਕੇ ਰੋਇਆ, ਜਰ ਨਾ ਸੱਕਿਆ ਕੋਈ, ਵਰ੍ਹਿਆ ਸੋਈ
ਨਰਮ ਦਿਲਾਂ ਦੀ, ਸੂਲਾਂ ਅੰਦਰ, ਸੁਣ ਕੇ ਜਿੰਦ ਪਰੋਈ, ਆਖੇ ਲੋਈ
'ਤੀਰ' ਜਿਨ੍ਹਾਂ ਨੇ ਬੱਚੇ ਕੋਹੇ, ਦਰਗਹਿ ਲੈਣ ਨਾ ਢੋਈ, ਜ਼ਾਲਮ ਜੋਈ

ਭਾਵੇਂ ਹੱਦ ਜ਼ੁਲਮ ਦੀ ਹੋਈ, ਨੀਂਹ ਵਿਚ ਗਏ ਖਲ੍ਹਾਰੇ, ਗੁਰੂ-ਦੁਲਾਰੇ
ਭਾਵੇਂ ਤੇਗ਼ ਦੋਹਾਂ 'ਤੇ ਚੱਲੀ, ਕਰ ਗਈ ਕਹਿਰੀ ਕਾਰੇ, ਸੀਸ ਉਤਾਰੇ
ਮਰ ਕੇ ਜ਼ਿੰਦਾ ਹੋਇ ਸਦਾ ਲਈ, ਜੀਤੇ ਜੀ ਦੇ ਤਾਰੇ, ਪਰਮ ਪਿਆਰੇ
'ਤੀਰ' ਦੇਸ਼ ਤੇ ਕੌਮ ਬਚਾ ਗਏ, ਹੋ ਕੇ ਸਦਕੇ ਵਾਰੇ, ਫੁੱਲ-ਹਜ਼ਾਰੇ

### *ਜੱਟਪੁਰੇ ਤੋਂ ਵਿਦਾਇਗੀ ਵੇਲੇ ਰਾਇ ਕਲ੍ਹੇ ਨੂੰ ਦਸਮੇਸ਼ ਜੀ ਦਾ ਕਹਿਣਾ (ਦਵੱਯਾ ਛੰਦ—)*

ਮਾਹੀ ਰਾਇ ਕਲ੍ਹੇ ਨੂੰ ਆਖ਼ਰ, ਨਾਲ ਕਲੇਜੇ ਲਾ ਕੇ
ਕਲਗੀਧਰ ਜੀ ਆਖਣ ਲੱਗੇ, ਏਸ ਤਰ੍ਹਾਂ ਸਮਝਾ ਕੇ
ਪ੍ਰੀਤੀਵਾਨੋ! ਦਿਓ ਵਿਦਾਇਗੀ, ਅਗਲਾ ਪੰਧ ਮੁਕਾਈਏ
ਜਿੱਧਰ ਉਸਦਾ ਭਾਣਾ ਹੋਵੇ, ਓਧਰ ਤੁਰਦੇ ਜਾਈਏ
ਮੇਰੇ ਲਈ ਤੁਸਾਂ ਜੋ ਕੀਤੀ, ਦਿਲ ਤੋਂ ਨਾ ਉਹ ਲਹਿਣੀ
ਬਣ ਕੇ ਯਾਦ ਪ੍ਰੀਤ ਤੁਹਾਡੀ, ਵਸਦੀ ਅੰਦਰ ਰਹਿਣੀ
ਮੁਗ਼ਲ-ਰਾਜ ਦੇ ਹੁੰਦੇ ਏਥੇ, ਛਿੱਕੇ 'ਤੇ ਧਰ ਡਰ ਨੂੰ
ਤੁਸਾਂ ਬਿਠਾਇਆ ਕੋਲ ਆਪਣੇ, ਬਾਗ਼ੀ ਕਲਗੀਧਰ ਨੂੰ
ਮੇਰੇ ਨਾਲ ਸਦਾ ਦੀ ਮਿੱਤਰੋ, ਸਾਂਝ ਤੁਸਾਂ ਇਹ ਪਾਈ
ਫ਼ਿਰਕੇਦਾਰੀ ਦੀ ਗੱਲ ਸਾਰੀ, ਦੋਹਾਂ ਦਿਲੋਂ ਭੁਲਾਈ
ਜੇ ਇਸ ਫ਼ਿਰਕੇਦਾਰੀ ਤਾਈਂ, ਹਿੰਦੀ ਦਿਲੋਂ ਭੁਲਾਵਣ
ਕਦੇ ਗ਼ੁਲਾਮ ਸਦਾਵਣ ਨਾਹੀਂ, ਧੱਕੇ ਮੂਲ ਨਾ ਖਾਵਣ
'ਹਿੰਦ ਵਤਨ, ਹਿੰਦੀ ਹਾਂ ਸਾਰੇ', ਜੇ ਜਾਣਨ ਹਿੰਦ ਵਾਲੇ
ਕਿਉਂ ਡਸਣ ਪਰਦੇਸੀ ਸਾਨੂੰ, ਫਨੀਅਰ ਬਣ ਬਣ ਕਾਲੇ
ਹੱਛਾ ਰੱਬ ਕਰੇਗਾ ਆਖ਼ਰ, ਅਕਲ ਹਿੰਦ ਨੂੰ ਆਸੀ
ਸਿੱਖ ਹਿੰਦੂ ਮੋਮਨ ਰਲ ਬਹਿਸਣ, ਹੋਸੀ ਬੰਦ ਖਲਾਸੀ
'ਤੀਰ' ਏਤਨਾ ਆਖ ਗੁਰੂ ਜੀ, ਪਾਣ ਲੱਗੇ ਜਾਂ ਚਾਲੇ
ਮਾਹੀ ਅੱਤੇ ਰਾਇ ਕਲ੍ਹੇ ਦੇ, ਖਾ ਗਏ ਨੈਣ ਉਛਾਲੇ

### *ਸ੍ਰੀ ਦਸਮੇਸ਼ ਜੀ ਦੀਨੇ ਪਿੰਡ ਵਿਚ (ਵੱਲੋਂ ਕਵੀ)*

ਜੱਟ ਪੁਰੇ ਤੋਂ ਦੀਨੇ ਅੰਦਰ, ਆ ਗਏ ਸਤਿਗੁਰ ਪਿਆਰੇ
ਉਥੇ ਮਿਲ ਪਏ ਤਿੰਨੇ ਸਿਦਕੀ, ਪ੍ਰੀਤਾਂ ਦੇ ਵਣਜਾਰੇ
ਤਖ਼ਤ ਮੱਲ, ਲਖਮੀਰ, ਸ਼ਮੀਰਾ, ਤਿੰਨੇ ਸੱਕੇ ਭਾਈ
ਤਿੰਨਾਂ ਆਣ ਹਜ਼ੂਰੀ ਅੰਦਰ, ਗੁਰ ਨੂੰ ਧੌਣ ਨਿਵਾਈ

ਸੇਵਾ ਕੀਤੀ, ਸਦਕੇ ਹੋਏ ਕਿਹਾ ਗ਼ਰੀਬ ਨਿਵਾਜ਼ੋ!
ਸਿਰ ਅੱਖਾਂ 'ਤੇ ਆਸਨ ਲਾਓ, ਮਹਿਲੀਂ ਚੱਲ ਬਿਰਾਜੋ
ਅਸੀਂ ਆਪ ਦੇ ਘਰ ਦੇ ਗੋਲੇ, ਲੱਖ ਵਾਰੀ ਬਲਿਹਾਰੇ
ਜਾਣੀ-ਜਾਣ ਜੀਓ ਸੁਣ ਲੀਤੇ, ਚੋਜ ਆਪ ਦੇ ਸਾਰੇ
ਹੁਣ ਨਾ ਕਸ਼ਟ ਸਹਾਰੋ ਦਾਤਾ, ਸੁੱਖ ਦੇ ਦਿੱਨ ਬਿਤਾਓ
ਘਰ ਅਸਾਡੇ ਅੰਦਰ ਚੱਲ ਕੇ, ਨੂਰੀ ਜੋਤ ਜਗਾਓ
'ਤੀਰ' ਇਸ ਤਰ੍ਹਾਂ ਤਿੰਨਾਂ ਵੀਰਾਂ, ਬੋਲ ਪ੍ਰੇਮ ਦੇ ਬੋਲੇ
ਕਲਗੀਧਰ ਨੇ ਸੁਣ ਕੇ ਮੂੰਹ ਤੋਂ, ਏਦਾਂ ਮੋਤੀ ਰੋਲੇ

### ਸ੍ਰੀ ਦਸਮੇਸ਼ ਜੀ ਨੇ ਤਿੰਨਾਂ ਭਰਾਵਾਂ ਨੂੰ ਆਖਿਆ

ਬੋਲੇ ਸ੍ਰੀ ਦਸਮੇਸ਼ ਦਿਆਲੂ, ਸੱਜਣੋ! ਸੋਚ ਦੁੜਾਓ
ਇਸ ਵੇਲੇ ਕੇਹੜੀ ਗੱਲ ਅੰਦਰ, ਆਵੇ ਨਿਗ੍ਹਾ-ਬਚਾਓ
ਜੇਕਰ ਅਪਣੇ ਘਰ ਵਿਚ ਮੈਨੂੰ ਅੱਜ ਕੱਲ ਤੁਸੀਂ ਟਿਕਾਸੋ
ਭੰਗ ਦੇ ਭਾੜੇ ਨਾਲ ਮੇਰੇ ਹੀ, ਐਵੇਂ ਮਾਰੇ ਜਾਸੋ
ਸ਼ਾਹੀ ਫ਼ੌਜ ਪਈ ਹੈ ਲੱਭਦੀ, ਕਰ ਗੁਜ਼ਰੇਗੀ ਕਾਰੇ
ਆਟੇ ਨਾਲ ਪਿਸੋਗੇ ਘੁਣ ਜਿਉਂ, ਤਿੰਨੇ ਵੀਰ ਪਿਆਰੇ
ਏਸ ਲਈ ਭੁੱਲ ਜਾਵੋ ਮੈਨੂੰ, ਜਾਣ ਦਿਓ ਹੁਣ ਅੱਗੇ
ਐਵੇਂ ਆਟੇ ਨਾਲ ਪਿਆ ਨਾ, ਕਿਤੇ ਪਲੇਥਣ ਲੱਗੇ
'ਤੀਰ' ਬੀਰ ਦਸਮੇਸ਼ ਗੁਰੂ ਨੇ, ਜਾਂ ਇਹ ਬਚਨ ਸੁਣਾਏ
ਤਖ਼ਤ ਮੱਲ, ਲਖਮੀਰ, ਸ਼ਮੀਰਾ, ਫਿਰ ਤਿੰਨੇ ਘਿਘਿਆਏ

### ਤਿੰਨਾਂ ਸਿਦਕੀਆਂ ਆਖਿਆ

ਹੱਥ ਜੋੜ ਕੇ ਕਿਹਾ ਸ਼ਮੀਰੇ, ਸਭ ਕੁਝ ਸਦਕੇ ਕਰਸਾਂ
ਜਾਣੀ-ਜਾਣ ਆਪ ਦੀ ਖ਼ਾਤਰ, ਤਿੰਨੇ ਹੱਸ ਕੇ ਮਰਸਾਂ
ਮਿਹਰ ਆਪ ਦੀ ਹੋਵੇ ਜੇਕਰ, ਫੇਰ ਹਾਰ ਨਹੀਂ ਸੱਕਦੇ?
ਆਪ ਉਤੋਂ ਕੀ ਬਣੀਆਂ ਵੇਲੇ, ਜਾਨ ਵਾਰ ਨਹੀਂ ਸੱਕਦੇ?
ਚਿੰਤਾ ਕਰੋ ਨਾ ਮਾਸਾ ਦਾਤਾ! ਤਿੰਨੇ ਸਦਕੇ ਹੋਸਾਂ
ਜੇਕਰ ਰਣ ਦੀ ਨੌਬਤ ਆਈ, ਤਿੰਨੇ ਨੱਚ ਖਲੋਸਾਂ
ਪਹਿਲੇ, ਆਪ ਹੋਵਾਂਗੇ ਸਦਕੇ, ਸ਼ਾਨ ਆਪਦੀ ਖ਼ਾਤਰ
ਵਾਰ ਦਿਆਂਗੇ ਤਿੰਨੇ ਜਾਨਾਂ, ਜਾਨ ਆਪਦੀ ਖ਼ਾਤਰ
ਮਾਤਾ ਪਿਤਾ ਤੇ ਪੁੱਤਰ ਸੇਵਕ, ਸੱਭ ਆਪ ਨੇ ਵਾਰੇ

ਕਿਉਂ ਕੁਰਬਾਨੀ ਕਰਨੋਂ ਝਕੀਏ, ਬਣ ਕੇ ਅਸੀਂ ਨਿਕਾਰੇ ?
ਜੋ ਹੋਵੇ, ਲੱਖ ਵਾਰੀ ਹੋਵੇ, ਟਹਿਲ ਅਸਾਂ ਹੈ ਕਰਨੀ
ਮੌਤ ਆਏ ਤਾਂ ਸਿਰ ਅੱਖਾਂ 'ਤੇ, ਸੀਸ ਟਿਕਾਣਾ ਚਰਨੀਂ
'ਤੀਰ' ਇਸ ਤਰ੍ਹਾਂ ਤਿੰਨਾਂ ਕਹਿ ਕੇ, ਭਰ ਕੇ ਨੈਣ ਵਹਾਏ
ਦੇਸ਼-ਭਗਤ ਦਸਮੇਸ਼ ਗੁਰੂ ਨੂੰ, ਅਪਣੇ ਘਰ ਲੈ ਆਏ

### ਸ਼ਮੀਰੇ ਤੇ ਉਸਦੇ ਭਰਾਵਾਂ ਦੀ ਬਹਾਦਰੀ

ਥੋੜ੍ਹੇ ਦਿਨ ਹੋਏ ਸੀ ਐਪਰ, ਪਰਖ ਪਈ ਇਉਂ ਆ ਕੇ
ਦੀਨੇ ਵਿਚ ਦਸਮੇਸ਼ ਲੁਕੇ ਨੇ, ਚੁਗਲਾਂ ਦੱਸਿਆ ਜਾ ਕੇ
ਸੁਣਦੇ ਹੀ ਝੱਟ ਖ਼ਾਨ ਵਜੀਦੇ, ਸ਼ਾਹੀ ਹੁਕਮ ਚੜ੍ਹਾਇਆ
ਲੈ ਕੇ ਇੱਕ ਦੂਤ ਸਰਕਾਰੀ, ਕੋਟ ਸ਼ਮੀਰੇ ਆਇਆ
ਲਿਖਿਆ ਕਿ ਸਾਡਾ ਹੈ 'ਬਾਗ਼ੀ, ਕੋਲ ਤੁਹਾਡੇ ਵਸਦਾ
ਹਾਜ਼ਰ ਕਰੋ ਕਚਹਿਰੀ ਅੰਦਰ, ਫਿਰਦਾ ਹੈ ਉਹ ਨੱਸਦਾ'
ਐਪਰ ਰਿਹਾ ਸ਼ਮੀਰਾ ਪੱਕਾ, ਉੱਤਰ ਉਸ ਇਹ ਲਿਖਿਆ
'ਬਾਗ਼ੀ ਨਹੀਂ ਮੁਰਸ਼ਦ ਹੈ ਸਾਡਾ, ਜਿਸ ਤੋਂ ਲੀਤੀ ਸਿੱਖਿਆ
ਮੁਰਸ਼ਦ ਤਾਈਂ ਅੱਖੀਆਂ ਅੰਦਰ, ਆਦਰ ਨਾਲ ਬਿਠਾਣਾ
ਲੱਗ ਕੇ ਮੂਲ ਤੁਹਾਡੇ ਆਖੇ, ਕੈਦ ਨਹੀਂ ਕਰਵਾਣਾ
ਇਹ ਗੱਲ ਹੋ ਸਕੇ ਨਾ ਸਾਥੋਂ, ਜੋ ਹੋਣੀ ਸੋ ਹੋਵੇ
ਮੁਰਦਾ ਹੈ ਜੋ ਮੁਰਸ਼ਦ ਤਾਈਂ, ਦੁੱਖ ਦੇ ਮੂੰਹ ਵਿੱਚ ਢੋਵੇ
ਅਸੀਂ ਤਿਆਰ ਵੀਰ ਹਾਂ ਤਿੰਨੇ, ਜੋ ਕਰਨੀ ਸੋ ਕਰ ਲੈ
ਜ਼ੋਰ ਪਏ ਤਾਂ ਨਾਲ ਗੁਰਾਂ ਦੇ, ਸਾਨੂੰ ਬੇਸ਼ਕ ਧਰ ਲੈ'
ਇਹ ਜਵਾਬ ਗਿਆ ਜਾਂ ਘੱਲਿਆ, ਚਾਲ ਸ਼ਮੀਰੇ ਕੀਤੀ
ਸੂਹੀਏ ਨੂੰ ਸਰਹੰਦ ਟੋਰਿਆ, ਦੱਸੇ ਆ ਕੀ ਬੀਤੀ
ਉਸਨੇ ਆ ਕੇ ਗੱਲ ਸੁਣਾਈ, 'ਹੁਕਮ ਚੜ੍ਹਨ ਦਾ ਹੋਇਆ
ਪਰ ਨਾ ਫੌਜ ਚੜ੍ਹੀ ਇਸ ਪਾਸੇ, ਭੇਦ ਕੋਈ ਹੈ ਗੋਇਆ'
'ਤੀਰ' ਵੇਖ ਕੇ ਠੰਢਕ ਵਰਤੀ, ਸ਼ੁਕਰ ਸਾਈਂ ਦਾ ਕਰਦੇ
ਅੱਗੇ ਕੌਤਕ ਹੋਰ ਵੇਖ ਲੌ, ਦਾਤੇ ਕਲਗੀਧਰ ਦੇ

### ਦੀਨੇ ਵਿਚ ਦਸਮੇਸ਼ ਜੀ ਦੇ ਦਰਬਾਰ (ਵਲੋਂ ਕਵੀ)

ਥੋੜ੍ਹੇ ਦਿਨ ਟਿਕੇ ਵਿੱਚ ਦੀਨੇ, ਜਾਂ ਕਲਗੀਧਰ ਪਿਆਰੇ
ਆ ਗਏ ਉੱਥੇ ਵੀ ਸੁਣ ਸੁਣਕੇ, ਪ੍ਰੀਤਾਂ ਦੇ ਵਣਜਾਰੇ

ਸੰਤ ਸੂਰਮੇ ਅੰਮ੍ਰਿਤਧਾਰੀ, ਸ਼ਸਤਰ-ਬੱਧ ਸਿਪਾਹੀ
ਹੋ ਗਏ ਫੇਰ ਇਕੱਠੇ ਆ ਕੇ, ਦੇਸ਼-ਭਗਤ ਉਤਸ਼ਾਹੀ
ਇਹ ਸਨ ਰੱਣ ਵਿੱਚ ਮਰਦਾਂ ਵਾਂਙੂ, ਤੇਗ਼ਾਂ ਮਾਰਨ ਵਾਲੇ
ਸਨਮੁੱਖ ਲੜ ਕੇ ਜੂਝਣ ਵਾਲੇ, ਜਾਨਾਂ ਵਾਰਨ ਵਾਲੇ
ਕੁੱਝ ਬੈਰਾੜ ਸੂਰਮੇ ਜੋਧੇ, ਤੇ ਮਲਵਈ ਹਠੀਲੇ
ਨੌਕਰ ਰੱਖੇ ਕਲਗੀਧਰ ਨੇ, ਤਲਬਾਂ ਬੰਨ੍ਹ ਵਸੀਲੇ
ਜਾਣੀ ਜਾਣ, ਜਾਣਦੇ ਹੈਸਨ, ਫੌਜ ਆਈ ਕਿ ਆਈ
ਟੱਲ ਨਹੀਂ ਸੱਕਦੀ ਸਾਡੇ ਸਿਰ ਤੋਂ, ਬਹੁਤੀ ਦੇਰ ਲੜਾਈ
ਬੀਰ ਗੁਰੂ ਦਸਮੇਸ਼ ਨਹੀਂ ਸਨ, ਜੰਗ ਕੋਲੋਂ ਛੁਟ ਸਕਦੇ
ਨਾਹੀਂ ਸਨ ਹਥਿਆਰ ਹੱਥ 'ਚੋਂ, ਈਨ ਮੰਨ ਸੁੱਟ ਸਕਦੇ
ਇਹ ਖ਼ਿਆਲ ਨਹੀਂ ਸੀ ਆਇਆ, ਕਦੇ ਆਪਦੇ ਅੰਦਰ
ਮੰਨ ਕੇ ਈਨ ਬਚਾਈਏ ਆਪਣੇ, ਪੁੱਤਰ, ਧੰਨ ਤੇ ਮੰਦਰ
ਚੜ੍ਹਦੀ ਕਲਾ ਰਹੀ ਸਤਿਗੁਰ ਦੀ, ਸਦਾ ਜਲਾਲੀ ਚਿਹਰਾ
ਤਾਹੀਏਂ ਤਾਂ ਕੁਰਬਾਨੀ ਵਾਲਾ, ਸੋਭੇ ਸਿਰ 'ਤੇ ਸਿਹਰਾ
ਭਾਵੇਂ ਪੁਰੀ ਅਨੰਦ ਵੀ ਉੱਜੜੀ, ਉੱਜੜੇ ਚੋਜ ਤਮਾਸ਼ੇ
ਪਰ ਦਸਮੇਸ਼ ਸਦਾ ਹੀ ਜੀਵੇ, ਸਾਹਿਬ ਦੇ ਭਰਵਾਸੇ
ਭਾਵੇਂ ਦੁੱਖ ਕਲੇਸ਼ਾਂ ਭਰੀਆਂ, ਚੜ੍ਹ-ਚੜ੍ਹ ਕਾਂਗਾਂ ਆਈਆਂ
ਭਾਵੇਂ ਪੁੱਤਰ ਕੋਹ ਕੋਹ ਮਾਰੇ, ਬੱਕਰੇ ਵਾਂਗ ਕਸਾਈਆਂ
ਭਾਵੇਂ ਤੁਰ ਗਏ ਸਿੱਖ ਸੂਰਮੇ, ਜਿੰਦ ਨਾਲੋਂ ਵੀ ਪਿਆਰੇ
ਭਾਵੇਂ ਕੋਲ ਰਹੇ ਨਾ ਆਖਰ, ਪ੍ਰੀਤਾਂ ਦੇ ਵਣਜਾਰੇ
ਭਾਵੇਂ ਭੁੱਖਾਂ ਝੱਲ ਝੱਲ ਕੇ, ਹੋਇਆ ਤੱਨ ਨਿਸੱਤਾ
ਭਾਵੇਂ ਦੁਸ਼ਮਣ ਬਣਿਆ ਦਿਲ ਤੋਂ, ਹਰ ਰੁੱਖ, ਪੱਤਾ ਪੱਤਾ
ਭਾਵੇਂ ਟੁਰ ਟੁਰ ਨੰਗੇ ਪੈਰੀਂ, ਪੈ ਗਏ ਕਹਿਰੀ-ਛਾਲੇ
ਪਰ ਨਾ ਮੂਲ ਡੁਲਾਇਆ ਦਿਲ ਨੂੰ, ਹਠੀਏ ਕਲਗੀ ਵਾਲੇ
ਭਾਰਤ ਲਈ ਪਿਆਰੀ ਮਾਤਾ, ਵੇਖੋ ਹੱਸ ਕੇ ਵਾਰੀ
ਲੁੱਟੀ ਗਈ ਸਮੇਤ ਕਬੀਲੇ, ਭਾਵੇਂ ਪੂੰਜੀ ਸਾਰੀ
ਤਾਂ ਵੀ ਦੇਸ਼-ਭਗਤ ਗੁਰ ਮੇਰਾ, ਵੇਖੋ ਰਤਾ ਨਾ ਝੰਵਿਆਂ
ਥੱਕਾ ਟੁੱਟਾ ਭੁੱਖਾ ਭਾਣਾ, ਸੱਥਰਾਂ ਉਤੇ ਸੌਂਵਿਆਂ
ਦੇਸ਼-ਪ੍ਰੇਮ ਦੀ ਜੋਤ ਅਨੋਖੀ, ਹਿੰਦੀਆਂ ਲਈ ਜਗਾਈ
ਦੀਨ ਦੁਖੀ ਦੀ ਹਮਦਰਦੀ ਦੀ, ਸੋਹਣੀ ਜਾਚ ਸਿਖਾਈ

ਜਿਸ ਦਿਨ ਭੁੱਲੇ ਹਿੰਦੀਆਂ ਤਾਈਂ, ਪ੍ਰੇਮ ਇਉਂ ਆ ਜਾਸੀ
ਓਸ ਦਿਹਾੜੇ ਭਾਰਤ ਦੇ ਗਲ, ਸੰਗਲ ਕੋਈ ਨਾ ਪਾਸੀ
ਜਿਸ ਦਿਨ ਕਰਸਣ, ਹਿੰਦੀ ਰਲ ਕੇ, ਕੌਮ ਲਈ ਕੁਰਬਾਨੀ
ਜਿਸ ਦਿਨ ਬਣਸਨ ਵੀਰ ਪਿਆਰੇ, ਸਾਰੇ ਹਿੰਦੁਸਤਾਨੀ
ਜਿਸ ਦਿਨ ਕਲਗੀਧਰ ਦੇ ਵਾਂਗੂ, ਕਰਨੀ ਰਲ ਕੇ ਕਰਸਨ
ਜਿਸ ਦਿਨ 'ਕੱਠੇ ਹੋ ਕੇ ਜੀਸਨ, ਜਿਸ ਦਿਨ ਰਲ ਕੇ ਮਰਸਨ
'ਤੀਰ' ਜਾਣ ਲਉ ਓਸੇ ਦਿਨ ਤੋਂ, ਹਿੰਦ ਗ਼ੁਲਾਮ ਨਾ ਰਹਿਣਾ
ਹਿੰਦੀਆਂ ਨੂੰ ਜਦ ਹਿੰਦ ਦੀ ਖਾਤਰ, ਆ ਗਿਆ ਰਲ ਕੇ ਬਹਿਣਾ

## ਪਾਤਸ਼ਾਹ ਵੱਲੋਂ ਤੀਜੀ ਚਿੱਠੀ ਤੇ ਸਤਿਗੁਰਾਂ ਦਾ ਜੁਆਬ (ਵੱਲੋਂ ਕਵੀ)

ਦੀਨੇ ਵਿੱਚ ਹੀ ਸਤਿਗੁਰ ਸੱਚੇ, ਜਦ ਕੌਤਕ ਸੀ ਕਰਦੇ
ਆਣ ਆਣ ਜਦ ਸਾਦਕ ਭੌਰੇ, ਮਹਿਕ ਮਾਣ ਸੀ ਤਰਦੇ
ਕਰਦੇ ਸੀ ਗੁਜਰੀ ਦੇ ਚਾਨਣ, ਮੁੜ ਜਾਂ ਨਵੀਂ ਤਿਆਰੀ
ਜੋੜ ਰਹੇ ਸੀ ਫ਼ੌਜ-ਅਕਾਲੀ, ਜਦ ਮੁੜ ਕੇ ਉਪਕਾਰੀ
ਏਸ ਸਮੇਂ ਵਿਚ ਇੱਕ ਏਲਚੀ, ਦਿੱਲੀ ਤੋਂ ਫਿਰ ਆਇਆ
ਔਰੰਗਜ਼ੇਬ ਘੱਲੀ ਜੋ ਚਿੱਠੀ, ਸਤਿਗੁਰ ਕੋਲ ਲਿਆਇਆ
ਦੋ ਸੀ ਪੁਰੀ ਅਨੰਦ ਦੇ ਅੰਦਰ, ਆਈਆਂ ਸਤਿਗੁਰ ਲਈਆਂ
ਤੀਜੀ ਇਹ ਆਈ ਵਿੱਚ ਦੀਨੇ, ਧੁੰਮਾਂ ਜਿਸ ਦੀਆਂ ਪਈਆਂ
ਏਸ ਵਿਚ ਵੀ ਲਿਖਿਆ ਹੈ ਸੀ, ਓਹੋ ਭਾਵ ਪੁਰਾਣਾ
'ਮੈਂ ਨਹੀਂ ਚਾਂਹਦਾ ਆਪ ਜੀਉ ਨੂੰ, ਅੱਗੋਂ ਲਈ ਦੁਖਾਣਾ
ਪਿੱਛੇ ਜੋ ਬੀਤੀ ਸੋ ਬੀਤੀ, ਬੀਤੀ ਨੂੰ ਭੁੱਲ ਜਾਓ
ਮੇਰੀ ਚਾਹ ਦਿਲੋਂ ਹੈ ਗੁਰ ਜੀ, ਦਿੱਲੀ ਵਿਚ ਜੇ ਆਓ
ਦੋਵੇਂ ਰੱਲ ਕੇ 'ਕੱਠੇ ਬਹਿ ਕੇ, ਕਰੀਏ ਸੁਲਾਹ ਸਫਾਈ
ਮੇਲ ਸਦਾ ਹੀ ਚੰਗਾ ਹੁੰਦਾ, ਚੰਗੀ ਨਹੀਂ ਲੜਾਈ
ਲਾਲ ਆਪਦੇ ਮਰ ਜਾਵਣ ਦਾ, ਸੱਲ ਕਲੇਜੇ ਮੈਨੂੰ
ਕਸਮ ਖੁਦਾ ਦੀ, ਚੇਤੇ ਕਰਕੇ, ਵੱਜਦੇ ਨੇਜੇ ਮੈਨੂੰ
ਜੈਸੀ ਮਾਂ ਤੁਹਾਡੀ ਹੈਸੀ, ਤੈਸੀ ਮਾਂ ਅਸਾਡੀ
ਆਦਰ ਯੋਗ ਸਭਸ ਦੀ ਅੰਮਾਂ, ਹਿਤ ਦੀ ਥਾਂ ਅਸਾਡੀ
ਸੁਣਿਆ ਮੈਂ ਜਦ ਵਿੱਚ ਬੁਰਜ ਦੇ, ਹਉਕਾ ਲੈ ਕੇ ਮੋਈ
ਸੱਚ ਮੰਨਣਾ ਸੁਣ ਇਹ ਘਟਨਾ, ਰੂਹ ਮੇਰੀ ਸੀ ਰੋਈ

ਪਰ ਇਹ 'ਹੋ ਗਈ' ਹੱਥ ਨਾ ਆਵੇ, ਕਹਿੰਦੇ ਸਾਰੇ ਦਾਨੇ
ਅੱਗੋਂ ਲਈ 'ਤੀਰ ਜੀ' ਆਵੋ, ਪੱਕੇ ਪੈਣ ਯਰਾਨੇ

## ਔਰੰਗਜ਼ੇਬ ਦੀ ਇਸ ਸਮੇਂ ਦੀ ਹਾਲਤ ਬਾਬਤ (ਵਲੋਂ ਕਵੀ)

ਹੋ ਸਕਦਾ ਹੈ ਛਲਿਆ ਹੋਵੇ, ਆਲਮਗੀਰ ਭੁਲਾਦੀ
ਹੋ ਸਕਦਾ ਹੈ, ਖਿਝਿਆ ਹੋਵੇ, ਵੇਖ ਵੇਖ ਬਰਬਾਦੀ
ਹੋ ਸਕਦਾ ਹੈ, ਆਖਿਆ ਹੋਵੇ ਓਸ ਵਜੀਦੇ ਤਾਈਂ
ਹੁਣ ਕਦੇ ਨਾ ਕਲਗੀਧਰ 'ਤੇ, ਸ਼ਾਹੀ ਫੌਜ ਚੜ੍ਹਾਈਂ
ਹੋ ਸਕਦਾ ਹੈ ਚਾਹਿਆ ਉਸ ਨੇ, ਵੈਰ ਗਵਾਨਾ ਹੋਵੇ
ਹੋ ਸਕਦਾ ਹੈ ਸਿੱਧੇ ਰਾਹ ਉਸ, ਚਾਹਿਆ ਆਨਾ ਹੋਵੇ
ਪਰ ਇਤਬਾਰ ਜਿਦ੍ਹਾ ਉੱਡ ਜਾਵੇ, ਉਨ੍ਹੇਂ ਲੁਟਾਇਆ ਤੋਸਾ
ਉਸ ਦੇ ਉੱਤੇ ਦਾਨੇ ਚਾਤਰ, ਕਰਦੇ ਨਹੀਂ ਭਰੋਸਾ
ਜਿਸ ਨੇ ਅੱਗੇ ਵੀ ਕਈ ਵਾਰੀ, ਕਸਮਾਂ ਲਿਖ ਕੇ ਘੱਲੀਆਂ
ਪਰ ਉਹ ਟੁੱਟ ਕੇ ਵਿਚ ਚੁਰਾਹੇ, ਮਿੱਟੀ ਅੰਦਰ ਰਲੀਆਂ
ਸਭ ਇਕਰਾਰ ਜਿਦ੍ਹੇ ਕੱਚ ਨਿਕਲੇ, ਵੰਗਾਂ ਵਾਂਗਰਾਂ ਟੁੱਟੇ
ਸਾਰੇ ਭਾ ਭਰੋਸੇ ਜਿਸ ਨੇ, ਮਿੱਟੀ ਖੇਹ ਵਿੱਚ ਸੁੱਟੇ
ਕੌਲਾਂ ਦੇ ਕੱਚੇ 'ਤੇ ਦੱਸੋ, ਕਲਗੀਧਰ ਕਿਉਂ ਵਿੱਸਦਾ
ਪੈਰ ਪੈਰ 'ਤੇ ਕੌਲ ਤੋੜ ਕੇ, ਪੈਰ ਫਿੱਸਲਿਆ ਜਿਸ ਦਾ
ਓਸ ਉੱਤੇ ਹੁਣ ਨਿਸਚਾ ਨਹੀਂ ਸੀ, ਕਿਸੇ ਤਰ੍ਹਾਂ ਹੋ ਸਕਦਾ
ਕਲਗੀਧਰ ਤਾਂ ਕਾਰ ਉਦ੍ਹੀ ਨੂੰ, ਮੁਦਤਾਂ ਤੋਂ ਸੀ ਤੱਕਦਾ
ਤਿੰਨ ਚਿੱਠੀਆਂ ਦਾ ਪੂਰਾ ਉੱਤਰ, ਲਿਖਣੇ ਦਾ ਸੀ ਵੇਲਾ
'ਤੀਰ' ਅੰਤ ਇਉਂ ਲਿਖਣ ਲੱਗਾ, 'ਮਹਾਂ-ਕਾਲ ਦਾ ਚੇਲਾ'

## ਸ੍ਰੀ ਦਸਮੇਸ਼ ਜੀ ਨੇ ਔਰੰਗਜ਼ੇਬ ਲਈ ਜ਼ਫਰਨਾਮਾ ਲਿਖਿਆ (ਫਤਹਿ ਦੀ ਚਿੱਠੀ)

ਉੱਚੇ ਭਾਵ ਜ਼ਬਾਨ ਫ਼ਾਰਸੀ, ਵਾਕ ਤੀਰ ਅਣਿਆਲੇ
ਔਰੰਗਜ਼ੇਬ ਲਈ ਲਿਖ ਲੀਤੇ, ਸਤਿਗੁਰ ਕਲਗੀ ਵਾਲੇ
'ਜ਼ੱਫਰ ਨਾਮਾ' ਨਾਮ ਓਸਦਾ, ਭਾਵ 'ਫਤਹਿ' ਦੀ ਚਿੱਠੀ
ਅੱਸ਼ ਅੱਸ਼ ਕਰ ਉਠਿਆ ਜਿਸ ਨੇ, ਪੜ੍ਹ ਇਹ ਰਚਨਾ ਡਿੱਠੀ
ਕਲਗੀਧਰ ਨੇ ਉਸ ਦੇ ਅੰਦਰ, ਕੀ ਲਿਖਿਆ ਕੀ ਭਰਿਆ
ਗੁੱਝਾ ਤੀਰ ਓਸ ਵਿੱਚ ਏਦਾਂ, ਪਾਤਸ਼ਾਹ ਲਈ ਧਰਿਆ

'ਮੈਨੂੰ ਤੇਰੀਆਂ ਕਸਮਾਂ ਉਤੇ, ਨਹੀਂ ਭਰੋਸਾ ਤਿਲ ਦਾ
ਖੋਟਾ ਖੋਟਾ ਛਲੀਆ ਤੇਰਾ, ਝੂਠਾ ਖੋਟਾ ਦਿਲ ਦਾ
ਜ਼ਾਮਨ ਰੱਖ ਮੁਹੰਮਦ ਸਾਹਿਬ, ਫਿਰ ਵੀ ਨਾ ਤੂੰ ਸੰਗਿਆ
ਧਰਮ ਈਮਾਨ ਕਸਮ ਨੂੰ ਪਿੱਛੋਂ, ਛਿੱਕੇ ਉੱਤੇ ਟੰਗਿਆ
ਵੇਖੀ ਗਈ ਖ਼ੁਦਾ-ਪ੍ਰਸਤੀ, ਝੂਠੇ ਸ਼ਾਹਾ! ਤੇਰੀ
ਕਰਨਾ ਕੌਲ ਅਤੇ ਫਿਰ ਜਾਣਾ, ਕਰ ਕਰਕੇ ਕਈ ਵੇਰੀ
ਧੋਖਾ ਮੱਕਰ ਫ਼ਰੇਬ ਨਿਰਾ ਈ, ਤੇਰਾ ਹੈ ਸਰਮਾਇਆ
'ਕਸਮ ਖੁਦਾ ਦੀ' ਤੇਰੇ ਨੇੜੇ, ਕਦੇ ਖ਼ੁਦਾ ਨਹੀਂ ਆਇਆ
ਵਾਲੀ ਹੈਂ ਤੂੰ ਠੀਕ ਹਿੰਦ ਦਾ, ਸ਼ਹਿਨਸ਼ਾਹ ਸਦਵਾਵੇਂ
ਪਰ ਸੱਚ ਆਖਾਂ ਤੈਨੂੰ ਮੂੰਹ 'ਤੇ, ਪਿਆ ਕੁਰਾਹੇ ਜਾਵੇਂ
ਸੂਰਾ ਵੀ ਜਰਨੈਲ ਹਠੀ ਵੀ, ਮੈਂ ਤੈਨੂੰ ਹਾਂ ਮੰਨਦਾ
ਪਰ ਤੂੰ ਦੀਨਦਾਰ ਨਹੀਂ ਸੱਚਾ, ਕੂੜੇ ਦਾਅਵੇ ਬੰਨ੍ਹਦਾ
ਸੱਚਾ ਦੀਨ ਮੂਲ ਨਹੀਂ ਢੁੱਕਾ, ਸ਼ਾਹਾ ਤੇਰੇ ਨੇੜੇ
ਤੂੰ ਨਹੀਂ ਵੜਿਆ ਇੱਕ ਵਾਰੀ ਵੀ, ਦੀਨ ਧਰਮ ਦੇ ਵੇੜ੍ਹੇ
ਧਰਮ ਅਤੇ ਇਨਸਾਫ਼ ਨਾਲ ਤਾਂ, ਖ਼ੈਰ ਜਾਪਦਾ ਤੇਰਾ
ਮੂੰਹ ਤੋਂ ਹੋਰ ਕਰੇਂ ਪਰ ਦਿਲ ਹੈ, ਹੋਰ ਜਾਪਦਾ ਤੇਰਾ
ਤੂੰ ਪਰਜਾ ਨੂੰ ਲਿੱਤੜੀ ਜਾਵੇਂ, ਅੱਜ ਤਾਂ ਵਾਂਗਣ ਘਾਹ ਦੇ
ਦੱਸ ਦਏਂਗਾ ਉੱਤਰ ਕੀ ਤੂੰ, ਅੱਗੇ ਬੇ-ਪਰਵਾਹ ਦੇ
ਜੇ ਤੂੰ ਕਾਰ ਦਿਲੋਂ ਨਾ ਛੱਡੀ, ਕਹਿਰ ਅਨੱਰਥਾਂ ਵਾਲੀ
ਕਹਿਰ ਢਾਇਗਾ ਤੇਰੇ ਉਤੇ, ਵੇਖ ਲਈਂ *ਲੌ ਬਾਲੀ
ਜਿਉਂ ਜਿਉਂ ਕੋਈ ਨਿਮਾਣਾ ਆਜਜ਼, ਕਹਿਰ ਤੇਰੇ ਤੋਂ ਰੋਸੀ
ਨਿਸਚਾ ਰੱਖੀਂ ਤੇਰੀ ਕੁੱਲ ਨੂੰ, ਦੋਜ਼ਕ ਵਿੱਚ ਡਬੋਸੀ
ਕੀ ਦੱਸਾਂ ਬਦੀਆਂ ਦੇ ਰਾਹ ਨੂੰ, ਛੇਤੀ ਛੱਡ ਉਇ ਝੱਲਿਆ
ਜ਼ੁਲਮ ਕਮਾ ਕੇ ਆਪਣੀ ਆਪੇ, ਜੜ੍ਹ ਨਾ ਵੱਢ ਓ ਝੱਲਿਆ
ਕੀ ਹੋਇਆ ਚਮਕੌਰ ਵਿੱਚ ਜੇ, ਖ਼ੂਨੀ-ਧਾਰਾਂ ਚਲੀਆਂ
ਕੀ ਹੋਇਆ ਜੇ ਬਾਗ ਮੇਰੇ 'ਚੋਂ, ਟੁਟੀਆਂ ਕੋਮਲ-ਕਲੀਆਂ
ਕੀ ਹੋਇਆ ਜੇ ਫ਼ੌਜ ਤੇਰੀ ਵੀ, ਛਾ ਗਈ ਘਟ ਬਣ ਕਾਲੀ
ਕੀ ਹੋਇਆ ਜੇ ਸਦਕੇ ਹੋ ਗਏ, ਮੇਰੇ ਮਰਦ ਅਕਾਲੀ
ਕੀ ਹੋਇਆ ਜੇ ਮੇਰੇ ਪੁੱਤਰ, ਖਾਨ ਵਜ਼ੀਦੇ ਮਾਰੇ

* ਖ਼ੁਦਾ, ਰੱਬ

ਨੀਂਹਾਂ ਅੰਦਰ ਚਿਣ ਜ਼ਾਲਮ ਨੇ, ਕੀਤੇ ਖ਼ੂਨੀ ਕਾਰੇ
ਮੇਰੀ ਨੀਂਹ ਗਈ ਹੈ ਰੱਖੀ, ਰੱਖ ਗਏ ਬਾਲ ਅੰਜਾਣੇ
ਤੇਰੀ ਨੀਂਹ ਹਿਲਾ ਗਏ ਸ਼ਾਹਾ! ਜੇ ਤੂੰ ਅੱਜ ਪਛਾਣੇ
ਕੀ ਹੋਇਆ ਜੇ ਫੌਜ ਤੇਰੀ ਨੇ, ਘੱਤਿਆ ਹੈਸੀ ਘੇਰਾ
ਵਿੰਗਾ ਵਾਲ ਨਾ ਕੀਤਾ ਤਦ ਵੀ, ਉਸ ਨੇ ਹੁਣ ਤਕ ਮੇਰਾ
ਮੈਂ ਹਾਂ ਜੀਉਂਦਾ ਵੇਖ ਅਜੇ ਵੀ, ਅਜੇ ਖਾਲਸਾ ਜੀਂਦਾ
ਜੀਂਦਾ ਪੰਥ ਰਹੇਗਾ ਸ਼ਾਹਾ! ਰੱਤ ਜ਼ੁਲਮ ਦੀ ਪੀਂਦਾ
ਫਿਰ ਤੂੰ ਲਿਖਿਆ ਹੈਸੀ ਸ਼ਾਹਾ, 'ਜੇਕਰ ਮੈਂ ਨਾ ਆਇਆ'
'ਤੂੰ ਆਵੇਂਗਾ ਕੋਲ ਚੱਲ ਕੇ', ਪਰ ਤੂੰ ਕੌਲ ਭੁਲਾਇਆ
ਪੂਰਾ ਕਰ ਸੱਕਿਆ ਏਂ ਪਿੱਛੇ, ਤੂੰ ਇਕਰਾਰ ਨਾ ਕੋਈ
ਤੇਰੇ ਵਰਗੇ ਝੂਠੇ ਸ਼ਾਹ ਦਾ, ਹੁਣ ਇਤਬਾਰ ਨਾ ਕੋਈ
ਮੈਂ ਤੇ ਨਹੀਂ ਆਵਣਾ ਓਧਰ, ਪਰ ਜੇਕਰ ਤੂੰ ਆਵੇਂ
ਨਿਸਚਾ ਰੱਖ ਮੇਰੀ ਗੱਲ ਸੁਣ ਕੇ, ਸਿੱਧੇ ਰਾਹ ਪੈ ਜਾਵੇਂ
ਤੂੰ ਤੇ ਮੈਂ ਇਕੱਠੇ ਦੋਵੇਂ, ਇੱਕ ਥਾਵੇਂ ਬਹਿ ਲਈਏ
ਦਿਲ ਦਈਏ ਦਿਲ ਲਈਏ ਦੋਵੇਂ, ਕੁਝ ਸੁਣੀਏ ਕੁਝ ਕਹੀਏ
ਜ਼ੁਲਮੋਂ ਝੱਟ ਹਟਾਵਾਂ ਤੈਨੂੰ, ਕਰਨਾ ਤਰਸ ਸਿਖਾਵਾਂ
ਤੈਨੂੰ ਤੇਰੀ ਕਾਰ ਜ਼ੁਲਮ ਦੀ, ਅੱਖੀਆਂ ਨਾਲ ਵਿਖਾਵਾਂ
'ਤੀਰ' ਆਏਂ ਜੋ ਕੋਲ ਮੇਰੇ ਤੂੰ, ਦੁੱਖ ਨਾ ਹੋਸੀ ਤੈਨੂੰ
*ਮੈਂ ਤੇਰਾ ਹਮਦਰਦ ਦਿਲੋਂ ਹਾਂ, ਵੈਰੀ ਜਾਣ ਨਾ ਮੈਨੂੰ

### *ਦਇਆ ਸਿੰਘ ਤੇ ਧਰਮ ਸਿੰਘ ਨੂੰ ਦਸਮੇਸ਼ ਜੀ ਵੱਲੋਂ ਜ਼ਫਰਨਾਮਾ ਪਾਤਸ਼ਾਹ ਨੂੰ ਪੁਚਾਣ ਦਾ ਹੁਕਮ*

ਇਹ ਫ਼ਤਹਿ ਦੀ ਚਿੱਠੀ ਲਿਖ ਕੇ, ਮੁਹਰ ਸਤਿਗੁਰਾਂ ਲਾਈ
ਦਇਆ ਸਿੰਘ ਤੇ ਧਰਮ ਸਿੰਘ ਨੂੰ, ਓਸੇ ਸਮੇਂ ਫੜਾਈ
ਕੀਤਾ ਹੁਕਮ ਮੁਕਾਓ ਪੈਂਡਾ, ਹਿੰਮਤ ਖ਼ੂਬ ਵਿਖਾ ਕੇ
ਔਰੰਗਜ਼ੇਬ ਤਾਈਂ ਇਹ ਦੇਣੀ, ਆਪਣੀ ਹੱਥੀਂ ਜਾ ਕੇ
ਸਿੰਘ ਸੂਰਮੇ ਸਿਦਕੀ ਗੁਰ ਦੇ, ਦੋਵਾਂ ਧੌਣ ਝੁਕਾਈ
ਹੁਕਮ ਗੁਰਾਂ ਦਾ ਪਾਲਣ ਖਾਤਰ, ਝੱਟ ਪੱਟ ਕੀਤੀ ਧਾਈ

* ਉਪਰਲੇ ਸਿਰਲੇਖ ਹੇਠ ਲਿਖੀਆਂ ਸਤਰਾਂ ਜ਼ਫਰਨਾਮੇ ਦਾ ਖੁੱਲ੍ਹਾ ਭਾਵ ਹੈ।

*ਅਹਿਮਦ ਨਗਰ ਵਿਚ ਪੁੱਜੇ ਜਾ ਕੇ, ਸੇਵਕ ਕਲਗੀਧਰ ਦੇ
ਔਰੰਗਜ਼ੇਬ ਤਾਈਂ ਦੇ ਚਿੱਠੀ, ਸ਼ੁਕਰ ਗੁਰਾਂ ਦਾ ਕਰ ਦੇ
ਪਾਤਸ਼ਾਹ ਨੇ ਓਸੇ ਵੇਲੇ, ਚਿੱਠੀ ਜਾਂ ਉਹ ਖੋਲ੍ਹੀ
ਪੜ੍ਹਦੇ ਸਾਰ ਦਰਦ ਦੀ ਸੀਨੇ, ਲੱਗ ਗਈ ਗੁੱਝੀ ਗੋਲੀ
ਗੁੱਝਾ 'ਤੀਰ' ਅਨੋਖਾ ਕੋਈ, ਵਿੱਚ ਕਲੇਜੇ ਪੁੜਿਆ
ਲੱਗਾ ਐਨ ਨਿਸ਼ਾਨੇ ਉੱਤੇ, ਗਿਆ ਖਤਾ ਨਾ ਮੁੜਿਆ
ਐਸਾ ਅਸਰ ਹੋਇਆ ਦਿੱਲ ਉੱਤੇ, ਪੀੜ ਉਠੀ ਇੱਕ ਭਾਰੀ
ਪਰ ਬੈਠੇ ਸਨ ਸ਼ਾਹ ਸਾਹਮਣੇ, ਉੱਘੇ ਕੁਝ ਦਰਬਾਰੀ
ਭੇਦ ਦਰਦ ਦਾ ਫੋਲ ਨਾ ਸਕਿਆ, ਮੂੰਹ ਤੋਂ ਬੋਲ ਨਾ ਸੱਕਿਆ
ਘੁੱਟ ਗਿਆ ਅੰਦਰੋ ਹੀ ਅੰਦਰ, ਘੁੰਡੀ ਖੋਲ੍ਹ ਨਾ ਸੱਕਿਆ

### ਔਰੰਗਜ਼ੇਬ ਉਤੇ ਫਤਹਿ ਦੀ ਚਿੱਠੀ ਦਾ ਅਸਰ (ਵੱਲੋਂ ਕਵੀ)

ਏਸ ਚਿੱਠੀ ਦਾ ਅੱਸਰ ਐਸਾ, ਸ਼ਾਹ ਦੇ ਦਿਲ 'ਤੇ ਹੋਇਆ
ਚਿਹਰੇ ਉੱਤੇ ਆਈ ਉਦਾਸੀ, ਸੋਚਾਂ-ਸੂਲ ਚਭੋਇਆ
ਭਾਵੇਂ ਸਖ਼ਤ ਇਬਾਰਤ ਇਸਦੀ, ਦਿਲ ਨੂੰ ਰਤਾ ਨਾ ਭਾਈ
ਐਪਰ ਇਸਨੇ ਰਾਜ-ਜ਼ੁਲਮ ਦੀ, ਮੂਰਤ ਚਿਤਰ ਵਖਾਈ
ਇਸ ਮੂਰਤ ਵਿੱਚ ਦਿੱਸੇ ਸ਼ਾਹ ਨੂੰ, ਆਪਣੇ ਕਹਿਰੀ ਕਾਰੇ
ਮਾਸੂਮਾਂ ਦੀਆਂ ਲੋਥਾਂ ਦਿੱਸੀਆਂ, ਦਿੱਸੇ ਖ਼ੂਨ-ਫ਼ੁਹਾਰੇ
ਥਾਂ ਥਾਂ ਉੱਤੇ ਕੁਸਦੇ ਦਿੱਸੇ, ਆਜਜ਼ ਅਤੇ ਨਿਮਾਣੇ
ਹਾਕਮ ਅਪਣੇ ਦਿੱਸੇ ਉਸਨੂੰ, ਜ਼ਾਲਮ ਤੇ ਜਰਵਾਣੇ
ਉੱਜੜੇ ਦਿੱਸੇ, ਰੁਲਦੇ ਦਿੱਸੇ, ਮਰਦੇ ਮੌਤ ਅਜਾਈਂ
ਸਤ ਸਤੀਆਂ ਦਾ ਰੁਲਦਾ ਦਿੱਸਿਆ, ਸ਼ਾਹ ਨੂੰ ਕੁੱਤੀ ਕਾਈਂ
ਦੋਜ਼ਕ-ਰੂਪ ਹਿੰਦ ਸਭ ਦਿੱਸਿਆ, ਵੇਖ ਵੇਖ ਘਬਰਾਇਆ
ਔਰੰਗਜ਼ੇਬ ਦਿਲੋਂ ਉਸ ਵੇਲੇ, ਭੈ ਦੇ ਘਰ ਵਿੱਚ ਆਇਆ
ਭਾਵੇਂ ਉਹ ਸੀ ਦੀਨੀ ਪੂਰਾ, ਆਪਣੇ ਤਾਈਂ ਗਿਣਦਾ
ਹੁਣ ਪਰ ਘੱਟ ਜਾਪਿਆ ਉਸਨੂੰ, ਮੁੜਮੁੜ ਮਨ ਸੀ ਮਿਣਦਾ
ਭਾਵੇਂ ਆਪਣੀ ਜ਼ਿੰਦਗੀ ਬਾਬਤ, ਉਹਨੂੰ ਸੀ ਤਸੱਲੀ
ਪਰ ਇਹ ਚਿੱਠੀ ਪੜ੍ਹ ਕੇ ਉਸਨੂੰ, ਜਾਪੀ ਹੋਂਦ ਨਗੱਲੀ
ਸੋਚੀਂ ਪਿਆ, ਪਿਆ ਇਹ ਸੋਚੇ, ਇਹ ਤਾਂ ਮਾੜੀ ਹੋਈ

* ਇਹ ਅਹਿਮਦ ਨਗਰ ਦੱਖਣ ਵਿਚ ਹੈ।

ਜੇ ਇਹ ਸੱਚ ਤਾਂ ਦਰਗਹਿ ਅੰਦਰ, ਮਿਲਣੀ ਮੂਲ ਨਾ ਢੋਈ
ਅੰਤ ਇਸ ਤਰ੍ਹਾਂ ਸਿਰ ਧੁਣ ਧੁਣ ਕੇ, ਜਾਂ ਉਸ ਤਲੀਆਂ ਮਲੀਆਂ
ਕਹਿੰਦੇ ਹਨ ਸਰੁੰਦ ਵਿਚ ਉਸਨੇ, ਲਿਖ ਕੇ ਲਿਖਤਾਂ ਘਲੀਆਂ
ਆਖਿਆ ਖਾਨ ਵਜ਼ੀਦੇ ਤਾਈਂ, ਬਾਜ਼ ਅੱਗੇ ਤੋਂ ਆਵੇ
ਕਲਗੀਧਰ ਨੂੰ ਕੁਝ ਨਾ ਆਖੇ, ਹੋਰ ਨਾ ਮੂਲ ਸਤਾਵੇ
ਅੱਗੇ ਕੀਤੀ ਜਿਨ੍ਹਾਂ ਵਧੀਕੀ, ਖ਼ੂਬ ਉਹਨਾਂ ਨੂੰ ਤਾੜੇ
ਨਾ ਕੁਈ ਨਾਲ ਲੜੇ ਸਤਿਗੁਰ ਦੇ, ਨਾ ਕੁਈ ਸ਼ਹਿਰ ਉਜਾੜੇ
ਦਇਆ ਸਿੰਘ ਤੇ ਧਰਮ ਸਿੰਘ ਨੂੰ, ਦੇ ਦਿੱਤੀ ਰਾਹ-ਦਾਰੀ
'ਤੀਰ' ਇਸ ਤਰ੍ਹਾਂ ਪਾਤਸ਼ਾਹ ਵੀ, ਪਛਤਾਇਆ ਸੌ ਵਾਰੀ

### ਦੀਨੇ ਤੋਂ ਵਿਦਾਇਗੀ (ਵੱਲੋਂ ਕਵੀ)

ਏਧਰ ਇਹ ਅਫ਼ਵਾਹ ਗਰਮ ਸੀ, 'ਸਮਝੋ ਫ਼ੌਜਾਂ ਚੜ੍ਹੀਆਂ'
'ਸਮਝੋ ਖਾਨ ਸਰੁੰਦ ਆ ਗਿਆ,' ਜੰਗ ਵਿਚ ਬਾਕੀ ਘੜੀਆਂ
ਜਾਣੀ ਜਾਣ ਵਿਚਾਰਨ ਲੱਗੇ, ਜੰਗ ਵਸਤੀ ਵਿੱਚ ਮੰਦਾ
ਜੰਗ ਮਚਾਵੇ, ਦੂਰ ਵਸਤੀਓਂ, ਜੋ ਹੈ ਚਾਤਰ ਬੰਦਾ
ਐਵੇਂ ਲੋਕ ਜਾਣਗੇ ਮਾਰੇ, ਜਾਂ ਹੋਸਨ ਦੁਖਿਆਰੇ
ਇਸ ਲਈ ਗੁਰ ਕਲਗੀਧਰ ਨੇ, ਕਰ ਲਏ ਕੂਚ ਤਿਆਰੇ
ਇਹ ਗੱਲ ਜਾਪੇ ਦਿੱਲੀ ਵੱਲੋਂ, ਅਜੇ ਵਜ਼ੀਦੇ ਤਾਈਂ
ਨਹੀਂ ਸੀ ਲਿਖਤ ਸ਼ਾਹ ਦੀ ਅਪੜੀ, ਨਹੀਂ ਤਾਂ ਲੜਦਾ ਨਾਹੀਂ
ਦੇਸ਼-ਭਗਤ ਦਸਮੇਸ਼ ਗੁਰੂ ਜੀ, ਚੋਜ ਕਈ ਵਰਤਾਂਦੇ
ਦੀਨੇ ਤੋਂ ਜਦ ਅੱਗੇ ਨਿਕਲੇ, ਪ੍ਰੇਮ-ਨਾਮ-ਰੰਗ ਲਾਂਦੇ
ਸੰਗਤਾਂ ਆ ਆ ਜੁੜਨ ਹਜ਼ਾਰਾਂ, ਸਿੰਘ ਨਵੇਂ ਨਿੱਤ ਸੱਜਦੇ
ਫ਼ੌਜ ਖਾਲਸਾ ਜੁੜ ਪਈ ਮੁੜ ਕੇ, ਖ਼ੂਬ ਜੈਕਾਰੇ ਗੱਜਦੇ
ਭਰਤੀ ਰੋਜ਼ ਹੋਏ ਸਤਿਗੁਰ ਦੀ, ਨੌਕਰ ਹੋਣ ਸਿਪਾਹੀ
ਤਲਬਾਂ ਵੀ ਤੇ ਮੁਕਤੀ ਵੀ ਲੈ, ਮਾਣਨ ਬੇਪਰਵਾਹੀ
'ਤੀਰ' ਸਮਾਨ ਇਕੱਠਾ ਹੋਇਆ, ਫੇਰ ਜੰਗ ਦਾ ਮੁੜ ਕੇ
ਦੱਲ ਅਕਾਲੀ ਸੁਣ ਸੁਣ ਖ਼ਬਰਾਂ, ਵੇਖੋ ਬੈਠਾ ਜੁੜ ਕੇ

### ਕਪੂਰੇ ਦੀ ਕਮ-ਦਿਲੀ (ਵੱਲੋਂ ਕਵੀ)

ਭਗਤੇ ਅਤੇ ਜਲਾਲ ਪੁਰੇ ਤੋਂ, ਸਤਿਗੁਰ ਅੰਤਰਯਾਮੀ
ਕੋਟ ਕਪੂਰੇ ਵਿੱਚ ਆ ਪਹੁੰਚੇ, ਕੱਟਣ ਲਈ ਗ਼ੁਲਾਮੀ

ਇੱਥੇ ਸੀ ਇੱਕ ਝੀਲ ਸੁਹਾਵੀ, ਉਸ ਵਿੱਚ ਸੀ ਇੱਕ ਧੋੜਾ
ਇਹ ਸੀ ਵੈਰੀ ਰੋਕਣ ਖ਼ਾਤਰ, ਇੱਕ ਅਨੋਖਾ ਹੋੜਾ
ਏਸ ਗੜ੍ਹੀ ਦਾ ਮਾਲਕ ਹੈ ਸੀ, ਤਲਕੇ-ਦਾਰ ਕਪੂਰਾ
ਪਰ ਸੀ ਕਾਇਰ ਅਤੇ ਡਰਾਕਲ, ਸਿਦਕੋਂ ਨਿਰਾ ਅਧੂਰਾ
ਉਸਨੂੰ ਸੱਦਿਆ ਕਲਗੀਧਰ ਨੇ, ਚਲ ਕੇ ਤਾਂ ਉਹ ਆਇਆ
ਪਰ ਜਾਂ ਸੁਣੀਆਂ ਆ ਕੇ ਗੱਲਾਂ, ਡਾਢਾ ਈ ਘਬਰਾਇਆ
ਕਲਗੀਧਰ ਜੀ ਹੱਸ ਕੇ ਬੋਲੇ! "ਜੇ ਤੂੰ ਸਾਡੀ ਮੰਨੇਂ
ਜੰਗ ਮਚਾ ਕੇ ਵਿੱਚ ਗੜ੍ਹੀ ਦੇ, ਕਰੀਏ ਜ਼ਾਲਮ ਬੰਨੇ
ਜ਼ਾਲਮ ਹੈਣ ਆਂਵਦੇ ਚੜ੍ਹ ਕੇ, ਏਥੇ ਜੌਹਰ ਵਿਖਾਈਏ
ਦੇਸ਼ ਗ਼ੁਲਾਮ ਕਰਨ ਜੋ ਸਾਡਾ, ਉਹ ਅੱਜ ਮਾਰ ਮੁਕਾਈਏ"
ਕਿਹਾ ਕਪੂਰੇ ਨੇ ਪਰ ਡਰ ਕੇ, 'ਮੈਂ ਇਹ ਨਹੀਂ ਕਰ ਸਕਦਾ
ਭੰਗ ਦੇ ਭਾੜੇ ਨਾਲ ਤੁਹਾਡੇ, ਜੰਗ ਵਿੱਚ ਨਹੀਂ ਮਰ ਸਕਦਾ
ਗੜ੍ਹੀ ਹਵਾਲੇ ਕਰ ਨਹੀਂ ਸਕਦਾ, ਪੈਂਦਾ ਨਹੀਂ ਇਸ ਰਾਹੇ
ਇਹ ਕੀਤਾ ਤਾਂ ਤੁਰਕ ਲਾਣਗੇ, ਪਹਿਲੇ ਮੈਨੂੰ ਫਾਹੇ
ਤੁਸੀਂ ਆਪਣੀ ਥਾਂ ਬਣਾਓ, ਮੈਨੂੰ ਨਾ ਮਰਵਾਓ
ਜੋ ਜੀ ਕਰਦਾ ਜਾ ਕੇ ਕਰ ਲੌ, ਜਿਧਰ ਜੀ ਹੈ ਜਾਓ'
ਬੋਲੇ ਕਲਗੀਧਰ ਜੀ ਹੱਸ ਕੇ, 'ਢਾਹ ਦਿੱਤੀ ਊ ਢੇਰੀ
ਤੈਨੂੰ ਮਾਰੇਗੀ ਪਰ ਆਖ਼ਰ, ਕਾਇਰਤਾ ਇਹ ਤੇਰੀ'
ਏਨੀ ਕਹਿ ਕੇ 'ਤੀਰ' ਗੁਰੂ ਜੀ, ਤੁਰ ਪਏ ਵੇਖੋ ਅੱਗੇ
ਨਵੇਂ-ਨਵੇਂ ਕਈ ਕੌਤਕ ਜੱਗ 'ਤੇ, ਚੋਜੀ ਰੱਚਣ ਲੱਗੇ

## *ਸ੍ਰੀ ਦਸਮੇਸ਼ ਜੀ ਢਿਲਵਾਂ ਵਿਚ*

ਉੱਥੋਂ ਢਿਲਵਾਂ ਦੇ ਵਿਚ ਪੁੱਜੇ, ਦੇਸ਼-ਭਗਤ ਗੁਰ ਪਿਆਰੇ
ਕੌਲਾ* ਜੀ ਨੇ ਜਾਂ ਇਹ ਸੁਣਿਆ, ਆਏ ਚੱਲ ਦੁਆਰੇ
ਨਾਲ ਸਿਦਕ ਦੇ ਆ ਕੇ ਉਹਨਾਂ, ਅਪਣੀ ਧੌਣ ਨਿਵਾਈ
ਹੱਥ ਜੋੜ ਗਲ ਪੱਲਾ ਪਾ ਕੇ, ਏਦਾਂ ਅਰਜ਼ ਸੁਣਾਈ
ਜਾਣੀਜਾਣ ਜੀਓ ਸੇਵਕ ਦੀ, ਤੁੱਠ ਕੇ ਪੈਜ ਸਵਾਰੋ
ਆਹ ਲੌ! ਚਿੱਟਾ ਬਾਣਾ ਪਹਿਨੋ, ਨੀਲਾ ਵੇਸ ਉਤਾਰੋ
ਜਾਣੀਜਾਣ ਮੰਨ ਗਏ ਉਸਦੀ, ਸਿਦਕ ਓਸ ਦਾ ਫੱਲਿਆ

* ਇਹ ਕੌਲਾ ਜੀ, ਪ੍ਰਿਥੀ ਚੰਦ ਦੀ ਔਲਾਦ ਵਿਚੋਂ ਸਨ।

ਹਾਲਤ ਵੇਖ ਗੁਰਾਂ ਦੀ ਉਸਦਾ, ਗਿਆ ਕਲੇਜਾ ਸੱਲਿਆ
ਪਹਿਨ ਪੁਸ਼ਾਕੇ ਚਿੱਟੇ ਦਾਤੇ, ਨੀਲੇ ਜਦੋਂ ਉਤਾਰੇ
ਲੀਰਾਂ ਕਰ ਕਰ ਅੱਗ ਵਿਚ ਸੁੱਟੇ, ਮੁੱਖ ਤੋਂ ਵਾਕ ਉਚਾਰੇ—
ਰਮਜ਼ ਕਿਸੇ ਵਿੱਚ ਚੋਜਾਂ ਵਾਲੇ, ਇਉਂ ਉਚਾਰੀ ਬਾਣੀ
ਨੀਲ ਬਸਤਰ ਲੇ ਕੱਪੜੇ ਫਾੜੇ, ਇਹ ਸਾਹਿਬ ਨੂੰ ਭਾਣੀ
'ਤੁਰ ਪਠਾਣੀ ਅਮਲ ਗਿਆ', ਹੁਣ ਬਦਲੀ ਰੁੱਤ ਜਰਵਾਣੀ
ਹੁਣ ਨਾ ਰਹਿਣੀ ਦੁਖੀਆ ਭਾਰਤ, ਅੱਗੋਂ ਲਈ ਨਿਮਾਣੀ
ਨੀਲੀ ਲੀਰ ਇੱਕ ਜੋ ਰਹਿ ਗਈ, ਸੜੀ ਨਾ ਜੋ ਅੱਗ ਅੰਦਰ
ਭਾਈ ਮਾਨ ਸਿੰਘ ਨੇ ਲੈ ਕੇ, ਉਹ ਟੰਗੀ ਪੱਗ ਅੰਦਰ
ਬਣਿਆ ਬਾਣਾ ਇਹ ਨਿਹੰਗੀ, ਉੱਚੇ ਸੋਹਣ ਦੁਮਾਲੇ
'ਤੀਰ' ਇਸ ਤਰ੍ਹਾਂ ਕੌਤਕ ਰੱਚਿਆ, ਸਤਿਗੁਰ ਕਲਗੀ ਵਾਲੇ

## ਕਪੂਰੇ ਨੂੰ ਹੋਸ਼ ਆ ਗਈ (ਵੱਲੋਂ ਕਵੀ)

ਕਲਗੀਧਰ ਜਾਂ ਟੁਰ ਗਏ ਕੋਲੋਂ, ਕੀਤੀ ਸੋਚ ਕਪੂਰੇ
'ਗੁਰ ਦਸਮੇਸ਼ ਨਰਾਜ਼ ਕਰ ਲਿਆ', ਸੋਚ ਸੋਚ ਉਹ ਝੂਰੇ
ਲੰਮੀ ਸੋਚ ਓਸਨੇ ਕੀਤੀ, ਕੀਤੀ ਤੇ ਪਛਤਾਇਆ
ਰੋਂਦੀ-ਅੱਖੀਂ, ਜੋੜੀਂ-ਹੱਥੀਂ, ਪਾਸ ਗੁਰਾਂ ਦੇ ਆਇਆ
ਆਖਣ ਲੱਗਾ 'ਬਖਸ਼ੋ ਮੈਨੂੰ, ਮੇਰੀ ਕਾਰ ਭੁਲਾਓ
ਜਾਣੀਜਾਣ! ਕਪੂਰੇ ਤਾਈਂ, ਆਪਣਾ ਫੇਰ ਬਣਾਓ'
ਹੱਸ ਕਿਹਾ ਦਸਮੇਸ਼ ਪਿਤਾ ਨੇ, ਕਾਇਰਤਾ ਨੂੰ ਛੱਡ ਦੇ
ਡਰ ਤੁਰਕ ਦਾ ਅਪਣੇ ਅੰਦਰੋਂ, ਸਦਾ ਵਾਸਤੇ ਕੱਢ ਦੇ
ਅੰਮ੍ਰਿਤ ਛੱਕ ਲੈ ਤੇ ਸਿੰਘ ਸੱਜ ਜਾ, ਦਿਲ ਵਿਚ ਧਾਰ ਦਲੇਰੀ
ਫਿਰ ਮੇਰਾ ਸਭ ਕੁਝ ਹੈ ਤੇਰਾ, ਜਾਨ ਮੇਰੀ ਵੀ ਤੇਰੀ
ਪਰ ਅਰਦਾਸ ਕਪੂਰੇ ਕੀਤੀ, ਬਖਸ਼ਨ ਹਾਰ ਨਿਵਾਜੋ
ਕਰ ਕੇ ਹੁਣ ਪਰਵਾਨ ਪੋਤਰੇ, ਪੰਥ ਆਪਣਾ ਸਾਜੋ
ਅੰਮ੍ਰਿਤ ਬਖਸ਼ੋ ਓਹਨਾਂ ਤਾਈਂ, ਸੱਜਣ ਸਿੰਘ ਅਕਾਲੀ
'ਤੀਰ' ਕਬੂਲੀ ਭੇਟਾ ਉਸਦੀ, ਸਤਿਗੁਰ ਜਗ ਦੇ ਵਾਲੀ

## ਸ੍ਰੀ ਦਸਮੇਸ਼ ਜੀ ਜੈਤੋ ਵਿਚ (ਵੱਲੋਂ ਕਵੀ)

ਢਿੱਲਵਾਂ ਤੋਂ ਤੁਰ ਕਲਗੀ ਵਾਲੇ, ਜੈਤੋ ਆ ਰੰਗ ਲਾਇਆ
ਏਥੇ ਖ਼ਬਰ ਮਿਲੀ ਕਿ ਸੂਬਾ, ਲੈ ਫ਼ੌਜਾਂ ਹੈ ਆਇਆ

ਪੰਜ ਹਜ਼ਾਰ ਉਦ੍ਹਾ ਦਲ ਚੜ੍ਹਿਆ, ਆਵਣ ਮਛਰੇ ਗਾਜ਼ੀ
ਤੀਰ, ਤੇਗ਼ ਬੰਦੂਕ, ਤੋਪ ਦੀ, ਵੰਡਣੀ ਪਏਗੀ ਭਾਜੀ
ਚਾਰ ਦਿਨਾਂ ਤਕ ਅਪੜੇ ਜਾਣੇ, ਜੰਗ ਹੋਇਗਾ ਭਾਰਾ
ਕਿਹਾ ਕਪੂਰੇ ਨੂੰ ਸਤਿਗੁਰ ਨੇ, ਸੁਣ ਓ ਦਿਲਬਰ ਯਾਰਾ
ਜਾਣੂ ਇੱਕ ਕੋਈ ਦੇਹ ਬੰਦਾ, ਨਾਲ ਮੇਰੇ ਜੋ ਜਾਵੇ
ਅੱਜ ਢਾਬ ਖਿਦਰਾਣੇ ਉੱਤੇ, ਜੋ ਮੈਨੂੰ ਛੱਡ ਆਵੇ
ਸਤਿ ਬਚਨ ਕਹਿ ਝੱਟ ਕਪੂਰੇ, ਬੰਦਾ ਇਕ ਇਤਬਾਰੀ
ਸਤਿਗੁਰ ਅੱਗੇ ਹਾਜ਼ਰ ਕੀਤਾ, ਆਖਿਆ ਜਾਂਦੀ ਵਾਰੀ
ਓ ਤੂੰ ਜਾਣੀਜਾਣ ਮੇਰੇ ਦੀ, ਦਿਲ ਤੋਂ ਟਹਿਲ ਕਮਾਵੀਂ
ਜਿੱਥੇ ਆਖਣ ਤੇ ਜਿਉਂ ਆਖਣ, ਓਥੇ ਛੱਡ ਕੇ ਆਵੀਂ
'ਤੀਰ' ਇਸ ਤਰ੍ਹਾਂ ਟੂਰੇ ਪ੍ਰੀਤਮ, ਜੋਸ਼ ਦਿਲਾਂ ਵਿਚ ਭਰਦੇ
ਅੱਗੋਂ ਵੇਖੋ ਭਾਰਤ ਖ਼ਾਤਰ, ਕੀ ਕੌਤਕ ਹਨ ਕਰਦੇ

# ਖੰਡ ਦਸਵਾਂ

*ਬੇਦਾਵੀਆਂ ਦੀ ਹਾਲਤ (ਵੱਲੋਂ ਕਵੀ)*

ਜਦੋਂ ਪੁਰੀ ਅਨੰਦ ਦੀ ਧਰਤ ਉੱਤੇ, ਲੱਗੀ ਤੋਪ ਬੰਦੂਕ ਦੀ ਝੜੀ ਹੈਸੀ
ਜਦੋਂ ਦੱਲ ਬੱਦਲ ਵਾਂਗ ਗੱਜਦੇ ਸੀ, ਜਦੋਂ ਰੱਤ ਵਾਲੀ ਕਾਂਗ ਚੜ੍ਹੀ ਹੈਸੀ
ਜਦੋਂ ਤੇਗ ਦੀ ਬਿੱਜਲੀ ਚਮਕਦੀ ਸੀ, ਜਦੋਂ ਸਿਰਾਂ 'ਤੇ ਕਾਲ ਦੀ ਘੜੀ ਹੈਸੀ
ਜਦੋਂ ਖਾਲਸਾ ਫ਼ੌਜ ਦਲੇਰ ਹੋ ਕੇ, ਆਸ ਜੀਣ ਦੀ ਲਾਹ ਕੇ ਲੜੀ ਹੈਸੀ
ਜਦੋਂ ਅੰਦਰੋਂ ਸੀ ਮੁੱਕਾ ਅੰਨ ਦਾਣਾ, ਜਦੋਂ ਜਾਨ ਅਜ਼ਾਬ ਨੂੰ ਫੜੀ ਹੈਸੀ
ਜਦੋਂ ਭੁੱਖ ਸਤਾਏ ਸੀ ਸਿੰਘ ਅੰਦਰ, ਜਦੋਂ ਤੁੱਲਦੀ ਦੁਖ ਦੀ ਧੜੀ ਹੈਸੀ
ਜਦੋਂ ਮੌਤ ਵਾਂਙੂ ਲੰਮੇ ਦੰਦ ਕੱਢੀ, ਸ਼ਾਹੀ ਫ਼ੌਜ ਸ਼ਿਕਾਰ ਲਈ ਖੜ੍ਹੀ ਹੈਸੀ
'ਤੀਰ' ਓਸ ਵੇਲੇ, ਪਿੱਛੇ ਦੱਸਿਆ ਏ, ਹੋਈ ਇੱਕ ਘਟਨਾ ਬੁਰੀ ਬੜੀ ਹੈਸੀ

*ਕੀ ਹੋਇਆ ਸੀ? (ਵੱਲੋਂ ਕਵੀ)*

ਲੜ ਲੜ ਕੇ ਘਾਬਰੇ ਦਿਲੋਂ ਜੇੜ੍ਹੇ, ਸਾਥ ਸ੍ਰੀ ਦਸਮੇਸ਼ ਦਾ ਛੋੜ ਗਏ ਸੀ
'ਨਾ ਤੂੰ ਗੁਰੂ ਨਾ ਅਸੀਂ ਹਾਂ ਸਿੱਖ ਤੇਰੇ', ਇਉਂ ਲਿਖਤ ਦੇ ਕੇ ਸਾਕ ਤੋੜ ਗਏ ਸੀ
ਪਿੱਠ ਸ੍ਰੀ ਦਸਮੇਸ਼ ਨੂੰ ਦੇ ਗਏ ਸੀ, ਮੂੰਹ ਦੇਸ਼ ਤੇ ਕੌਮ ਤੋਂ ਮੋੜ ਗਏ ਸੀ
'ਤੀਰ' ਆਪਣੀ ਵੱਲੋਂ ਤਾਂ ਉਹ ਜਾਣੋਂ, ਮੰਝਧਾਰ ਅੰਦਰ ਬੇੜੀ ਬੋੜ ਗਏ ਸੀ

*ਜਦੋਂ ਬੇਦਾਵੀਏ ਘਰੀਂ ਪੁੱਜੇ ਤਾਂ ਕੀ ਹੋਇਆ? (ਵੱਲੋਂ ਕਵੀ)*

ਜਦੋਂ ਜਾ ਬੇਦਾਵੀਏ ਘਰੀਂ ਪੁੱਜੇ, ਪੁੱਛੇ ਉਨ੍ਹਾਂ ਨੂੰ ਪਿਆ ਪਰਵਾਰ ਸਿੰਘੋ
ਕਿਵੇਂ ਜਿੱਤ ਕੇ ਆਏ ਜੇ ਜ਼ਾਲਮਾਂ ਨੂੰ, ਉਥੇ ਵਾਹੀ ਜੇ ਕਿਵੇਂ ਤਲਵਾਰ ਸਿੰਘੋ?
ਕਿਵੇਂ ਲੋਥ ਉਤੇ ਲੋਥ ਚੜ੍ਹੀ ਓਥੇ, ਵਗੀ ਕਿਸ ਤਰ੍ਹਾਂ ਰੱਤ ਦੀ ਧਾਰ ਸਿੰਘੋ?
ਕਿਵੇਂ ਗੂੰਜ ਪੈਂਦੀ ਸੀ ਜੈਕਾਰਿਆਂ ਦੀ, ਕਿਵੇਂ ਹੋਂਵਦੀ ਸੀ ਮਾਰੋ ਮਾਰ ਸਿੰਘੋ?

ਕਿਵੇਂ ਸਤਿਗੁਰਾਂ ਦੇ ਤੀਰ ਚੱਲਦੇ ਸੀ, ਕਿਵੇਂ ਖੜਕਦੇ ਰਹੇ ਹਥਿਆਰ ਸਿੰਘੋ ?
ਗੋਲੀ ਕਿਵੇਂ ਓਥੇ ਛਾਤੀ ਵਿੰਨ੍ਹਦੀ ਸੀ, ਕਿਵੇਂ ਤੋਪ ਚੱਲੀ ਪਾ ਗੁਬਾਰ ਸਿੰਘੋ ?
ਕਿਵੇਂ ਨਾਗ ਦਾ ਹੋ ਕੇ ਰੂਪ ਬਰਛੀ, ਡੰਗ ਲਾਉਂਦੀ ਸੀ ਜ਼ਹਿਰਦਾਰ ਸਿੰਘੋ ?
ਕਿਵੇਂ ਪਈ ਵਾਢੀ-ਮਾਰੂ ਖੇਤ ਅੰਦਰ, ਲਾਹੇ ਖ਼ਾਲਸੇ ਕਿਵੇਂ ਸਥਾਰ ਸਿੰਘੋ ?
ਕਿਵੇਂ ਪਾਤਸ਼ਾਹੀ ਫ਼ੌਜ ਉੱਠ ਨੱਠੀ, ਦੱਸੋ ਜੰਗ ਦੀ ਗੱਲ ਨਿਤਾਰ ਸਿੰਘੋ ?
ਕਿੱਥੇ ਹੈਨ ਦਸਮੇਸ਼ ਸਿਰਤਾਜ ਸਾਡੇ, ਕਿੱਥੇ ਹੈਣ ਅਜੀਤ ਜੁਝਾਰ ਸਿੰਘੋ ?
ਜ਼ੋਰਾਵਰ ਕਿੱਥੇ, ਫ਼ਤਿਹ ਸਿੰਘ ਕਿੱਥੇ, ਕਿੱਥੇ ਗੁੱਜਰੀ ਮਾਤ ਸਰਦਾਰ ਸਿੰਘੋ ?
ਮਹਿਲ ਸ੍ਰੀ ਜੀਤੋ ਅਤੇ ਸਾਹਿਬ ਦੇਵਾਂ, ਕਿੱਥੇ ਹੈਣ, ਨਹੀਂ ਦੱਸਦੇ ਸਾਰ ਸਿੰਘੋ ?
ਜਿੱਤ ਕਿਵੇਂ ਹੋਈ ਗੁਰੂ ਖਾਲਸੇ ਦੀ, ਹੋਈ ਜ਼ਾਲਮਾਂ ਨੂੰ ਕਿਵੇਂ ਹਾਰ ਸਿੰਘੋ ?
ਕਿਵੇਂ ਜੁੱਗ ਆਜ਼ਾਦੀ ਦਾ ਪਲਟਿਆ ਜੇ, ਰੱਤ ਵਿੱਚ ਗ਼ੁਲਾਮੀ ਨਿਘਾਰ ਸਿੰਘੋ ?
ਉਥੇ ਦੱਲ ਸ਼ਾਹੀ ਕਿੰਨਾ ਸੀ ਜੁੜਿਆ, ਹੈ ਸੀ ਖਾਲਸਾ ਕਿੰਨੇ ਹਜ਼ਾਰ ਸਿੰਘੋ ?
ਕਿੱਥੇ 'ਤੀਰ ਜੀ' ਗੁਰੂ ਦਸਮੇਸ਼ ਸਾਡਾ, ਕਰ ਆਏ ਹੋ ਜਿਦ੍ਹਾ ਦੀਦਾਰ ਸਿੰਘੋ ?

### ਸ਼ਰਮਿੰਦੇ ਬੇਦਾਵੀਏ ਕੁਝ ਨਾ ਦੱਸਣ (ਵੱਲੋਂ ਕਵੀ)

ਦੇਵੇ ਇੱਕ ਨਾ ਮੂਲ ਜਵਾਬ ਕੋਈ, ਅੱਖਾਂ ਨੀਵੀਆਂ ਪਾਂਵਦੇ ਫਿਰਨ ਸਾਰੇ
ਆਏ ਕਰ ਜੋ ਕਾਰ ਬੇਮੁੱਖਤਾ ਦੀ, ਪੱਜਾਂ ਨਾਲ ਲੁਕਾਂਵਦੇ ਫਿਰਨ ਸਾਰੇ
ਰੰਗ ਉੱਡ ਗਏ ਸਭ ਦੇ ਚਿਹਰਿਆਂ ਦੇ, ਵਿੱਚੋ ਵਿੱਚ ਸ਼ਰਮਾਂਵਦੇ ਫਿਰਨ ਸਾਰੇ
'ਤੀਰ' ਕਈ ਵਾਰੀ ਕੀਤੀ ਆਪਣੀ ਤੇ, ਨੈਣੋਂ ਨੀਰ ਵਹਾਂਵਦੇ ਫਿਰਨ ਸਾਰੇ

### ਅਸਲੀਅਤ ਦਾ ਭੇਦ ਖੁੱਲ੍ਹ ਗਿਆ (ਵੱਲੋਂ ਕਵੀ)

ਅੰਤ ਲੁੱਕਿਆ ਭੇਦ ਇਹ ਸਭ ਖੁੱਲ੍ਹਾ, ਕੜ੍ਹੀ ਇਹ ਅਨੰਦਪੁਰ ਘੋਲ ਆਏ
ਡਰ, ਸਹਿਮ, ਤੇ ਮੋਹ ਦੀ ਗਰਦ ਅੰਦਰ, ਸਿੱਖੀ ਸਿਦਕ ਵਾਲਾ ਮੋਤੀ ਰੋਲ ਆਏ
ਲੱਜ ਦੇਸ਼ ਦੀ ਅੱਧ ਵਿੱਚ ਛੱਡ ਆਏ, ਡੋਲ ਵਾਂਗਰਾਂ ਜੰਗ 'ਚੋਂ ਡੋਲ ਆਏ
ਹੀਰੇ, ਆਪਣੇ ਆਪ ਗਵਾ ਆਏ, ਲੈ ਕੇ ਘੋਗਿਆਂ ਦੀ ਘਰੀਂ ਝੋਲ ਆਏ
ਮੌਤ ਮਰਦ ਦੀ ਨਹੀਂ ਕਬੂਲ ਕੀਤੀ, ਗੀਦੀ ਪੁਣੇ ਦਾ ਤੁੱਲ ਕੇ ਤੋਲ ਆਏ
ਤੇਗ਼ਾਂ ਸੁੱਟ ਮੈਦਾਨ 'ਚੋਂ ਨੱਠ ਆਏ, ਖ਼ਾਲੀ ਉਨ੍ਹਾਂ ਦੇ ਬੰਨ੍ਹ ਕੇ ਖੋਲ ਆਏ
'ਨਾ ਤੂੰ ਗੁਰੂ ਨਾ ਅਸੀਂ ਹਾਂ ਸਿੱਖ ਤੇਰੇ', ਲਿਖਤ ਦੇ ਆਏ, ਬੋਲੀ ਬੋਲ ਆਏ
ਸੱਚੇ ਗੁਰੂ ਨੂੰ ਪਿੱਠ ਵਿਖਾ ਆਏ, ਦੌੜ, ਪੁੱਤ, ਧੀਆਂ, ਰੰਨਾਂ ਕੋਲ ਆਏ
ਨਾਹੀਂ ਰਣ ਮੈਦਾਨ 'ਚੋਂ ਜਿੱਤ ਆਏ, ਨਾ ਵਜਾ ਅਜ਼ਾਦੀ ਦਾ ਢੋਲ ਆਏ
'ਤੀਰ' ਜਾਨ ਬਚਾ ਕੇ ਨੱਠ ਆਏ, ਅੰਤ ਖਿੱਦੂਆਂ ਦੇ ਨਿਕਲ ਪੋਲ ਆਏ

### ਬੇਦਾਵੀਆਂ ਨੂੰ ਘਰੋਂ ਮਿਹਣੇ (ਭੈਣ ਭਰਾ ਨੂੰ ਕਹਿੰਦੀ ਏ)

ਭੈਣ ਆਖਦੀ ਵੀਰ ਬੇਦਾਵੀਏ ਨੂੰ, ਕੀ ਕਾਰ ਕੀਤੀ ਸੂਰਬੀਰ ਵੀਰਾ
ਗੁਰੂ ਦੱਸਵੇਂ ਦਾ ਅੰਮ੍ਰਿਤ ਪਾਨ ਕਰਕੇ, ਡਰ ਮੌਤ ਤੋਂ ਛੱਡਿਆ ਧੀਰ ਵੀਰਾ
ਤੇਰਾ ਕਿਵੇਂ ਇਹ ਕਰਨ 'ਤੇ ਜੀ ਕੀਤਾ, ਹੈਸੇਂ ਬੜਾ ਈ ਮਰਦ ਰਣਧੀਰ ਵੀਰਾ
ਤੈਨੂੰ ਬੰਨ੍ਹ ਸਿਹਰੇ ਘਰੋਂ ਟੋਰਿਆ ਸੀ, ਫੁੱਟ ਗਈ ਪਰ ਮੇਰੀ ਤਕਦੀਰ ਵੀਰਾ
ਹੈਂ ਤੂੰ ਰੋਂਵਦਾ ਏਂ? ਸੂਰਬੀਰ ਹੋ ਕੇ, ਤੇਰੀ ਨੇਤਰੀਂ ਆ ਗਿਆ ਨੀਰ ਵੀਰਾ
ਰੋਬ੍ਹ ਰਿਹਾ ਨਾਹੀਂ ਤੇਰੇ ਮੂੰਹ ਉੱਤੇ, ਕਿਹੋ ਜਹੀ ਹੈ ਤੇਰੀ ਤਸਵੀਰ ਵੀਰਾ
ਜਾਨੀ ਜਾਣ ਨਾਲੋਂ ਕਿਵੇਂ ਤੋੜ ਆਇਓਂ, ਟੁੱਟੀ ਪ੍ਰੇਮ ਦੀ ਕਿਵੇਂ ਜ਼ੰਜੀਰ ਵੀਰਾ
ਤੂੰ ਤੇ ਹੈ ਸੈਂ ਲਾੜਾ ਆਜ਼ਾਦੀਆਂ ਦਾ, ਵਰੀ ਗਈ ਨਾ ਜਿੱਤ ਦੀ ਹੀਰ ਵੀਰਾ
ਬਾਣ ਧਾਰ ਕੇ ਅੱਜ ਡਰਾਕਲਾਂ ਦੀ, ਕਾਹਨੂੰ ਭੈਣ ਨੂੰ ਮਾਰਿਆ 'ਤੀਰ' ਵੀਰਾ

### ਮਾਤਾ ਕਹਿੰਦੀ ਏ

ਮਾਂ ਆਖਦੀ ਜੰਮਦੋਂ ਨਿੱਜ ਬੱਚਾ, ਨਾ ਮੈਂ ਸੌਂਤਰੀ ਵਿਚ ਸੰਸਾਰ ਹੁੰਦੀ
ਵੇ! ਤੂੰ ਆਂਵਦੋਂ ਨਾ ਮੇਰੀ ਕੁੱਖ ਅੰਦਰ, ਤੇਰੀ ਹੋਂਦ ਨਾ ਭੋਇੰ ਲਈ ਭਾਰ ਹੁੰਦੀ
ਵੇ ਮੈ ਭੁੱਲ ਕੇ ਨਾ ਤੇਰੀ ਮਾਂ ਹੁੰਦੀ, ਮੇਰੀ ਅੱਜ ਨਾ ਮਿੱਟੀ-ਖਵਾਰ ਹੁੰਦੀ
ਚੰਗਾ ਏਸ ਤੋਂ ਸੀ ਏਸ ਜੱਗ ਅੰਦਰ, ਤੇਰੀ ਜ਼ਾਹਰ ਨਾ ਮੂਲ ਨੁਹਾਰ ਹੁੰਦੀ
ਮੇਰੇ ਹਾਲ ਤੇ ਰੱਬ ਜੇ ਮਿਹਰ ਕਰਦਾ, ਪੇਟ ਵਿਚ ਤੈਨੂੰ ਗੜੇ-ਮਾਰ ਹੁੰਦੀ
ਭਾਵੇਂ ਤੂੰ ਮਰਦੋਂ ਮੇਰੇ ਪੇਟ ਅੰਦਰ, ਤੇਰੇ ਨਾਲ ਹੀ ਮੈਂ ਪਰਲੇ-ਪਾਰ ਹੁੰਦੀ
ਐਪਰ ਅੱਜ ਇਹ ਲੀਕ ਲੁਆਣ ਵਾਲੀ, ਏਸ ਤੱਤੜੀ ਲਈ ਨਾ ਕਾਰ ਹੁੰਦੀ
ਵੇ! ਮੈਂ ਖ਼ੁਸ਼ ਹੁੰਦੀ ਜੇਕਰ ਜੰਗ ਅੰਦਰ, ਤੇਰੀ ਚਮਕਦੀ ਤੇਜ਼ ਤਲਵਾਰ ਹੁੰਦੀ
ਵੇ ਮੈਂ, ਹਰੀ ਹੋਂਦ ਕੌੜੀ ਵੇਲ ਵਾਂਙੂ, ਜੇ ਪਰਵਾਨ ਤੇਰੀ ਲਹੂ-ਧਾਰ ਹੁੰਦੀ
ਦੇਸ਼ ਵਾਸਤੇ ਅਤੇ ਦਸਮੇਸ਼ ਖਾਤਰ, ਤੇਰੀ ਜਿੰਦ ਜੇ ਹੱਸ ਨਿਸਾਰ ਹੁੰਦੀ
ਭਾਰਤ ਮਾਂ ਜੇ ਅੱਜ ਸੁਖਿਆਰ ਕਰਦੋਂ, ਵੇ ਮੈਂ ਦੁਖੀ ਨ ਅੱਜ ਦੁਖਿਆਰ ਹੁੰਦੀ
ਵੇ ਮੈਂ ਸਿੰਘਣੀ, ਪੁੱਤ ਤੂੰ ਸਿੰਘਣੀ ਦਾ, ਤੈਨੂੰ ਏਤਨੀ ਦਿਲੋਂ ਵਿਚਾਰ ਹੁੰਦੀ
ਅੱਖਾਂ ਚੁੱਕ ਸ਼ਰਮਿੰਦਿਆ! ਵੇਖ ਐਧਰ, ਵੇਖ ਅਣਖ ਮੇਰੀ ਤਾਰ ਤਾਰ ਹੁੰਦੀ
ਵੇ! ਤੂੰ ਓਸ ਦਸਮੇਸ਼ ਤੋਂ ਤੋੜ ਆਇਓਂ, ਤਿੰਨ ਕਾਲ ਵੀ ਨਾ ਜਿਹਨੂੰ ਹਾਰ ਹੁੰਦੀ
'ਤੀਰ' ਤੂੰ ਜੇ ਜੁਝ ਦੋ ਟੁੱਕ ਹੁੰਦੋਂ, ਖੁਸ਼ੀ ਵਿੱਚ ਮੈਂ ਇੱਕ ਤੋਂ ਚਾਰ ਹੁੰਦੀ

### ਬੇਦਾਵੀਏ ਨੂੰ ਪਤਨੀ ਆਖਦੀ ਏ

ਘੋਲੀ ਮੇਰਿਆ ਸਿਹਰਿਆਂ ਵਾਲਿਆ ਵੇ, ਮੇਰਾ ਨਹੀਂ ਜਹਾਨ 'ਤੇ ਭਾਗ ਚੰਗਾ
ਮੂੰਹ ਫੇਰ ਕੇ ਸ੍ਰੀ ਦਸਮੇਸ਼ ਵੱਲੋਂ, ਮੇਰੇ ਵਾਸਤੇ ਨਹੀਂ ਸੁਹਾਗ ਚੰਗਾ

ਤੇਰੇ ਚਾਅ ਮਲ੍ਹਾਰ ਦੀ ਲੋੜ ਨਾ ਸੀ, ਮੇਰੇ ਵਾਸਤੇ ਸੀ ਮਾਰੂ-ਰਾਗ ਚੰਗਾ
ਜੇ ਤੂੰ ਸੀਸ ਦਾ ਚਾੜ੍ਹਦੋਂ ਫੁੱਲ ਭੇਟਾ, ਮੇਰੇ ਲਈ ਸੀ ਸਿਦਕ ਦਾ ਬਾਗ਼ ਚੰਗਾ
ਤੇਰਾ ਮੇਲ ਜੇ ਗੁਰਾਂ ਦੇ ਨਾਲ ਰਹਿੰਦਾ, ਮੇਰੇ ਲਈ ਸੀ ਬਿਰ੍ਹੋਂ ਦਾ ਦਾਗ਼ ਚੰਗਾ
ਤੂੰ ਤੇ ਮੁੱਢ ਨੂੰ ਭੁੱਲ ਕੇ ਛੱਡ ਆਇਓਂ, ਵੇ ਤੂੰ ਸਮਝਿਆ ਗੰਨੇ ਦਾ ਆਗ ਚੰਗਾ
ਤੇਰੀ ਮੱਤ ਉੱਤੇ ਐਸਾ ਪਿਆ ਪਰਦਾ, ਜਾਣ ਲਿਆ ਹੰਸੋਂ ਹੋਣਾ ਕਾਗ ਚੰਗਾ
ਤੇਰੇ ਏਸ ਸੁਹਾਗ ਤੋਂ 'ਤੀਰ' ਮੈਨੂੰ, ਚੜ੍ਹਨਾ ਚਿਖਾ ਚੰਗਾ ਲੜਨਾ ਨਾਗ ਚੰਗਾ

### *ਸਿੰਘਣੀ ਫੇਰ ਕਹਿੰਦੀ ਹੈ*

ਵੇ ਤੂੰ ਮਰਦ ਹੈਂ ਦੇਸ਼ ਤੇ ਬਣੀ ਵੇਲੇ, ਜਿਹੜਾ ਜਾਨ ਬਚਾ ਕੇ ਚਲਾ ਆਇਓਂ ?
ਵੇ ਤੂੰ ਸਿੱਖ ਹੈਂ ਗੁਰੂ ਦਾ, ਗੁਰੂ ਤਾਈਂ, ਜਿਹੜਾ ਪਿੱਠ ਵਿਖਾ ਕੇ ਚਲਾ ਆਇਓਂ ?
ਕੜ੍ਹੀ ਘੋਲ ਆਇਓਂ ਦਿਲੋਂ ਡੋਲ ਆਇਓਂ, ਖ਼ੂਬ ਪੂਰੀਆਂ ਪਾ ਕੇ ਚਲਾ ਆਇਓਂ ?
'ਤੀਰ' ਮੂੰਹ ਨਹੀਂ ਲਾਵਣਾ ਮੈਂ ਤੈਨੂੰ, ਰਣੋਂ ਮੂੰਹ ਭੁਆ ਕੇ ਚਲਾ ਆਇਓਂ ?

### *ਬੇਦਾਵੀਏ ਨੂੰ ਪਿਤਾ ਨੇ ਕੀ ਆਖਿਆ*

ਕਿਹਾ ਪਿਤਾ ਨੇ ਪੁੱਤਰਾ ! ਧਰਮ ਖਾਤਰ, ਘਰੋਂ ਗਿਆ ਸੈਂ ਵਰਨ ਕੁਰਬਾਨੀਆਂ ਓਇ
ਮੇਰੇ ਨਾਮਣੇ ਨੂੰ ਲੀਕਾਂ ਲਾਈਆਂ ਨੀ, ਸਿੱਖੀ ਛੱਡ ਕੇ ਪੁੰਜ-ਗਿਆਨੀਆਂ ਓਇ
ਚੌੜ੍ਹ ਚਾਨਣਾ ਚੰਗੀਆਂ ਕੀਤੀਆਂ ਨੀ, ਸਫਲ ਕੀਤੀਆਂ ਖ਼ੂਬ ਜਵਾਨੀਆਂ ਓਇ
ਮਰਦ ਹੋ ਮੈਦਾਨ 'ਚੋਂ ਨੱਠ ਆਇਓਂ, ਛਾਤੀ ਡਾਹ ਨਾ ਖਾਧੀਆਂ ਕਾਨੀਆਂ ਓਇ
ਵੇਲੇ ਲੋੜ ਦੇ ਸੀਸ ਨਾ ਵਾਰਿਓ ਈ, ਕੇਸ ਗੜ੍ਹ ਦੇ ਸੀਸ ਦੇ ਦਾਨੀਆਂ ਓਇ
ਭਲਾ ਆਪ ਤਾਂ ਜੂਝਣਾ ਕੀ ਹੈਸੀ, ਸਗੋਂ ਹੋਰ ਵੀ ਮਾਰੀਆਂ ਭਾਨੀਆਂ ਓਇ
ਨਾ ਤੂੰ ਗੁਰੂ, ਨਾ ਮੈਂ ਹਾਂ ਸਿੱਖ ਤੇਰਾ, ਜਦੋਂ ਇਸ ਤਰ੍ਹਾਂ ਕਿਹਾ ਐਲਾਨੀਆਂ ਓਇ
ਬੱਚਾ ਸ਼ਰਮ ਅੰਦਰ ਉੱਥੇ ਡੁੱਬ ਮਰਦੋਂ, ਜਾਨ ਰਖ਼ੁਆ ਭਾਰਿਆ ਮਾਨੀਆਂ ਓਇ
ਚੰਗੀ ਹਿੰਦ ਦੀ ਰੱਖ ਕੇ ਪੱਤ ਆਇਓਂ, ਡੁੱਬ ਮਰ ਕਿਧਰੇ ! ਹਿੰਦੋਸਤਾਨੀਆਂ ਓਇ
'ਤੀਰ' ਸਾਹਮਣੇ ਵੇਖ ਕੇ ਮੌਤ ਆਈ, ਮਰਦ ਮਾਰਦੇ ਨਹੀਂ ਘਚਾਨੀਆਂ ਓਇ

### *ਪਿਤਾ ਨੇ ਫਿਰ ਆਖਿਆ*

ਜੇ ਤੂੰ ਸਿੰਘ ਹੁੰਦੋਂ ਅਤੇ ਮਰਦ ਹੁੰਦੋਂ, ਅੱਜ ਅੱਖੀਆਂ ਨੀਵੀਆਂ ਪਾਂਵਦੋਂ ਨਾ
ਜੇ ਤੂੰ ਸਿੰਘ ਹੁੰਦੋਂ ਅਤੇ ਮਰਦ ਹੁੰਦੋਂ, ਤਾਂ ਤੂੰ ਇਸ ਤਰ੍ਹਾਂ ਪਿੱਠ ਵਿਖਾਂਵਦੋਂ ਨਾ
ਜੇ ਤੂੰ ਸਿੰਘ ਹੁੰਦੋਂ ਅਤੇ ਮਰਦ ਹੁੰਦੋਂ, ਏਦਾਂ ਬੱਚਿਆ ! ਜਾਨ ਬਚਾਂਵਦੋਂ ਨਾ
ਜੇ ਤੂੰ ਸਿੰਘ ਹੁੰਦੋਂ ਅਤੇ ਮਰਦ ਹੁੰਦੋਂ, ਕਦੇ ਦੇਸ਼, ਦਸਮੇਸ਼ ਭੁਲਾਂਵਦੋਂ ਨਾ

ਜੇ ਤੂੰ ਸਿੰਘ ਹੁੰਦੋਂ ਅਤੇ ਮਰਦ ਹੁੰਦੋਂ, ਵਾਂਗ ਗਿੱਦੜਾਂ ਦੇਹ ਛੁਪਾਂਵਦੋਂ ਨਾ
'ਤੀਰ' ਹੋਂਵਦੋਂ ਮਰਦ ਮੈਦਾਨ ਦਾ ਜੇ, ਕਦੇ ਇਸ ਤਰ੍ਹਾਂ ਪਰਤ ਕੇ ਆਂਵਦੋਂ ਨਾ

### ਭਰਾਵਾਂ ਨੇ ਬੇਦਾਵੀਏ ਨੂੰ ਕੀ ਆਖਿਆ

ਵੀਰਾਂ ਆਖਿਆ ਵੀਰ ਬੇਦਾਵੀਏ ਨੂੰ! ਯਾਰੋ ਵੇਖ ਲੌ ਮਰਦਿ-ਮੈਦਾਨ ਆਇਆ
ਨਵੀਂ ਤਰ੍ਹਾਂ ਦਾ ਜੰਗ ਜੇ ਜਿੱਤ ਆਇਆ, ਨਵੀਂ ਤਰ੍ਹਾਂ ਵਿਖਾ ਕੇ ਸ਼ਾਨ ਆਇਆ
ਸਾਥੀ ਵਿੱਚ ਮੈਦਾਨ ਦੇ ਛੱਡ ਆਇਆ, ਵਹੁਟੀ ਕੋਲ ਹੈ ਆਪ ਜਵਾਨ ਆਇਆ
ਹੈਸੀ ਮਰਨ ਦਾ ਏਸ ਨੇ ਪ੍ਰਣ ਕੀਤਾ, ਵੇਖੋ ਵਾਰ ਜੇ ਆਪਣੀ ਜਾਨ ਆਇਆ
ਅਸਾਂ ਆਖਿਆ ਸੀ ਅਸੀਂ ਜਾਂਵਦੇ ਹਾਂ, ਓਦੋਂ ਏਸਨੂੰ ਸੀ ਦਿਲੋਂ ਮਾਨ ਆਇਆ
ਗਿਆ ਜੋਸ਼ ਖਾ ਕੇ ਨੱਠਾ ਜਾਨ ਲੈ ਕੇ, ਵੇਖੋ ਮੁੜ ਪਿੱਛੇ ਆਕੜ ਖਾਨ ਆਇਆ
ਜ਼ਰਾ ਦੱਸੋ ਨਾ ਸਿੰਘ ਜੀ ਰਣ ਅੰਦਰ, ਕਿਵੇਂ ਘਰ ਦਾ ਫੇਰ ਧਿਆਨ ਆਇਆ
'ਤੀਰ' ਗੁਰੂ ਵੀ ਮੂਲ ਨਾ ਰਿਹਾ ਚੇਤੇ, ਤੇ ਨਾ ਯਾਦ ਬੱਝਾ ਹਿੰਦੁਸਤਾਨ ਆਇਆ

### ਟੁੱਟੀ ਗੰਢਣ ਵਾਲੀ ਸੂਰਬੀਰ ਸਿੰਘਣੀ ਦਾ ਕਾਰਨਾਮਾ (ਵੱਲੋਂ ਕਵੀ)

ਮਾਝੇ ਵਿੱਚ ਝਬਾਲ ਦੀ ਰਹਿਣ ਵਾਲੀ, ਅਣਖ-ਪੁੱਤਲੀ ਇੱਕ ਸੀ ਮਾਈ ਭਾਗੋ
ਸੱਚੀ ਸਿੰਘਣੀ ਰੂਹ ਦਸਮੇਸ਼ ਜੀ ਦੀ, ਸ੍ਰੀ ਸਾਹਿਬ ਦੇਵਾਂ ਜੀ ਦੀ ਜਾਈ ਭਾਗੋ
ਸੁਣ ਸੁਣ ਕਰਤੂਤ ਬੇਦਾਵੀਆਂ ਦੀ, ਅੱਖ ਸੋਚ ਅੰਦਰ ਨੀਵੀਂ ਪਾਈ ਭਾਗੋ
ਫੇਰ ਉਹ ਭੱਜੀ ਪਿੰਡੋ ਪਿੰਡ ਪੁੱਜੀ, ਅੱਗ ਜੋਸ਼ ਦੀ ਨਵੀਂ ਮਗ੍ਹਾਈ ਭਾਗੋ
ਗੱਲ ਗੱਲ ਕਰਦੀ ਜਾਵੇ ਜੋਸ਼ ਭਰਦੀ, ਸੁੱਤੀ ਬੀਰਤਾ ਫੇਰ ਜਗਾਈ ਭਾਗੋ
ਟੁੱਟ ਆਏ ਭਰਾਵਾਂ ਦੇ ਹਾਲ ਉੱਤੇ, ਜਾਵੇ ਅੱਖੀਓਂ ਨੀਰ ਵਹਾਈ ਭਾਗੋ
ਜੱਥਾ ਜੋੜ ਲੀਤਾ ਏਦਾਂ ਦਿਨਾਂ ਅੰਦਰ, ਗੱਲ ਆਪਣੀ ਰੱਖ ਵਖਾਈ ਭਾਗੋ
'ਤੀਰ' ਜ਼ਾਲਮਾਂ ਦਾ ਲੱਕ ਤੋੜਨੇ ਨੂੰ, ਲੱਕ ਬੰਨ੍ਹ ਮੈਦਾਨ ਵਿੱਚ ਆਈ ਭਾਗੋ

### ਮਾਈ ਭਾਗੋ ਥਾਂ ਥਾਂ ਕੀ ਕਹਿੰਦੀ ਸੀ

ਜਿਥੇ ਚਾਰ ਬੇਦਾਵੀਏ ਕਰੇ 'ਕੱਠੇ, ਉੱਥੇ ਆਖਦੀ ਹੋਰ ਵੀ ਲੋੜ ਲਈਏ
ਚੱਲੋ ਗੁਰੂ ਤੋਂ ਟੁੱਟਿਓ! ਵਾਰ ਜਾਨਾਂ, ਫੇਰ ਨਾਲ ਦਸਮੇਸ਼ ਦੇ ਜੋੜ ਲਈਏ
ਮੂੰਹ ਮੋੜ ਜਰਵਾਣਿਆਂ ਜ਼ਾਲਮਾਂ ਦੇ, ਗਈ ਹੋਈ ਸਿੱਖੀ ਵੀਰੋ ਮੋੜ ਲਈਏ
ਦੇਸ਼ ਡੁੱਬਦੇ ਤਾਈਂ ਬਚਾ ਲਈਏ, ਜ਼ੁਲਮ ਜਬਰ ਵਾਲੀ ਬੇੜੀ ਬੋੜ ਲਈਏ
ਜਿਨ੍ਹਾਂ ਰੱਤ ਪੀਤੀ ਦੀਨਾਂ ਆਜਜ਼ਾਂ ਦੀ, ਆਓ ਉਨ੍ਹਾਂ ਦੀ ਰੱਤ ਨਿਚੋੜ ਲਈਏ
ਜਿਨ੍ਹਾਂ ਧੌਣ ਮਰੋੜੀ ਏ ਲਿੱਸਿਆਂ ਦੀ, ਆਓ ਓਨ੍ਹਾਂ ਦੀ ਧੌਣ ਮਰੋੜ ਲਈਏ
'ਤੀਰ' ਗੰਢੀਏ ਗੁਰਾਂ ਦੇ ਨਾਲ ਰਿਸ਼ਤਾ, ਨਾਲੇ ਸੰਗਲ ਗ਼ੁਲਾਮੀ ਦੇ ਤੋੜ ਲਈਏ

### ਮਾਈ ਭਾਗੋ ਬੀਰਤਾ ਦਾ ਰੂਪ (ਵੱਲੋਂ ਕਵੀ)

ਏਸ ਤਰ੍ਹਾਂ ਬਣਾਂਵਦੀ ਜਾਏ ਜੱਥਾ, ਅਣਖ ਆਨ ਤੇ ਜੋਸ਼ ਦੀ ਘੜੀ ਹੋਈ
ਅੰਗ ਅੰਗ ਫ਼ੌਲਾਦ ਦੇ ਬਣੇ ਜਿਸਦੇ, ਪਾਣ ਅੰਮ੍ਰਿਤੀ ਜਿੰਦ ਨੂੰ ਚੜ੍ਹੀ ਹੋਈ
ਛਾਪ ਸਿਦਕ ਦੀ ਓਸਦਾ ਦਿੱਲ ਜਾਪੇ, ਵਿੱਚ ਦਿੱਲ ਦੇ ਬੀਰਤਾ ਜੜੀ ਹੋਈ
ਦੇਵੀ ਰਾਖ਼ਸ਼ਾਂ ਤੇ ਲੱਗੀ ਚੜ੍ਹਨ ਮਾਨੋ, ਹੱਥ ਚੰਡਕਾ ਨੇ ਚੰਡੀ ਫੜੀ ਹੋਈ
ਉੱਤੇ ਜ਼ੁਲਮ ਦੇ ਦੰਦੀਆਂ ਪਈ ਪੀਹੇ, ਵੇਖ ਵੇਖ ਖ਼ੂਨੀ ਕਾਰੇ ਸੜੀ ਹੋਈ
ਏਦਾਂ ਜਾਪਦਾ ਏ ਮੌਤ ਪਾਪੀਆਂ ਦੀ, ਜਾਨ ਕੱਢਣ ਦੇ ਲਈ ਹੈ ਖੜ੍ਹੀ ਹੋਈ
ਅੱਖ ਓਸ ਦੀ ਲਹੂ ਦੇ ਰੰਗ-ਰੰਗੀ, ਜਾਪੇ ਅੱਗ ਹੈ ਨਿਗ੍ਹਾ ਵਿੱਚ ਮੜ੍ਹੀ ਹੋਈ
'ਤੀਰ' ਰੱਣ ਮੈਦਾਨ ਨੂੰ ਪਈ ਤਾਂਘੇ, ਸਾਰੇ ਗੁਰ ਰੱਣ-ਖੇਤ ਦੇ ਪੜ੍ਹੀ ਹੋਈ

### ਮੁੜ ਤਿਆਰੀ ਹੋ ਪਈ (ਵੱਲੋਂ ਕਵੀ)

ਮਹਾਂ ਸਿੰਘ ਰਟੋਲ ਦਾ ਜੋਸ਼ ਖਾ ਕੇ, ਸਾਥੀ ਸਿੰਘਣੀ ਦਾ ਆਖ਼ਰਕਾਰ ਬਣਿਆ
ਜੰਗ ਵਾਸਤੇ ਬਣੀ ਜਰਨੈਲ ਭਾਗੋ, ਜਥੇ ਲਈ ਮਹਾਂ ਸਿੰਘ ਜਥੇਦਾਰ ਬਣਿਆ
ਨਵੇਂ ਸਿਰੇ ਬੇਦਾਵੀਏ ਹੋਏ 'ਕੱਠੇ, ਗਹਿਣਾ ਜੰਗ ਦਾ ਫੇਰ ਤਲਵਾਰ ਬਣਿਆ
ਫੇਰ ਆਣ ਕੇ ਜੋਸ਼ ਦੀ ਅੱਗ ਭੜਕੀ, ਹਰ ਇੱਕ ਦਾ ਦਿਲ ਅੰਗਾਰ ਬਣਿਆ
ਨਵੇਂ ਸਿਰੇ ਤਿਆਰੀਆਂ ਹੋ ਪਈਆਂ, ਨਵਾਂ ਫੇਰ ਸ਼ਹੀਦ ਪਰਵਾਰ ਬਣਿਆ
'ਤੀਰ' ਦੂਸਰੇ ਦਾ ਹੋਵੇ ਉਹ ਕੀਕੂੰ, ਜਿਦ੍ਹਾ ਨਾਲ ਦਸਮੇਸ਼ 'ਪਿਆਰ' ਬਣਿਆ

### ਵੱਲੋਂ ਕਵੀ

ਬਹੁਤੇ ਰਲੇ ਬਿਦਾਵੀਏ ਵਿੱਚ ਜੱਥੇ, ਨਵੇਂ ਜੋਸ਼ ਨੱਚੇ ਪਛੋਤਾਣਿਆਂ ਦੇ
ਆਏ ਕੁੱਝ ਲਾਹੌਰੀਏ ਕਰ ਧਾਈ, ਪੈਰ ਰੱਖਦੇ ਵਿੱਚ ਸਿਆਣਿਆਂ ਦੇ
ਨਾਲੇ ਮਾਣ ਰਸੂਖ ਦਾ ਰੱਖਦੇ ਸੀ, 'ਰਾਜ ਨਾਲ' ਵਾਂਙੂ ਪੇਟੇ ਤਾਣਿਆਂ ਦੇ
'ਤੀਰ' ਸਮਾਂ ਹੀ ਇਹ ਤਾਂ ਜਾਣਦਾ ਸੀ, ਕਿਵੇਂ ਭੱਜਣੇ ਦੰਦ ਜਰਵਾਣਿਆਂ ਦੇ

### ਵੱਲੋਂ ਕਵੀ

ਮੰਨੇ ਗਏ ਬੇਦਾਵੀਏ ਹੈਣ ਚਾਲੀ, ਲਿਖੇ ਆਂਵਦੇ ਸਿੱਖ ਇਤਿਹਾਸ ਅੰਦਰ
ਤਾਂ ਵੀ ਠੀਕ ਨਾ ਜਾਪਦੀ ਇਹ ਗਿਣਤੀ, ਗੱਲ ਆਂਵਦੀ ਨਹੀਂ ਕਿਆਸ ਅੰਦਰ
ਖੈਰ! ਜਿਤਨੇ ਵੀ ਹੋਏ ਕੀ ਕਹਿਣਾ, ਚੱਲੇ ਮਰਨ ਸਭ ਜੀਣ ਦੀ ਆਸ ਅੰਦਰ
'ਤੀਰ' ਮਰਨਗੇ ਜੂਝ ਕੇ ਵੇਖ ਲੈਣਾ, ਵਾਧਾ ਕਰ ਸ਼ਹੀਦੀ ਦੀ ਰਾਸ ਅੰਦਰ

### ਲਾਹੌਰੀ ਜਥੇ ਦਾ ਤੇ ਦਸਮੇਸ਼ ਜੀ ਦਾ ਮੇਲ (ਵੱਲੋਂ ਕਵੀ)

ਹੋ ਲਾਹੌਰੀਆਂ ਦਾ ਸਨਧਬੱਧ ਜੱਥਾ, ਜਾ ਕੇ ਗੁਰੂ ਜੀ ਨੂੰ ਆਖਰਕਾਰ ਮਿਲਿਆ

ਚਰਨ ਬੰਦਨਾ ਪੂਜ ਕੇ ਦਿਲੋਂ ਕੀਤੀ, ਪੱਛੋ ਤਾ ਦਿਲ ਤੋਂ ਢਾਹਾਂ ਮਾਰ ਮਿਲਿਆ
ਦਿੱਲ ਸੱਭ ਦੇ ਖਿੜੇ ਪ੍ਰਸੰਨ ਹੋਏ, ਕੀਤਾ ਸ਼ੁਕਰ ਕਿ ਤ੍ਰੱਬ ਦਿਲਦਾਰ ਮਿਲਿਆ
'ਤੀਰ' ਗੁਰਾਂ ਨੂੰ ਇਸ ਤਰ੍ਹਾਂ ਮਿਲੇ ਰੋ ਕੇ, ਚਿਰੀਂ ਪਿਤਾ ਨੂੰ ਜਿਵੇਂ ਪਰਵਾਰ ਮਿਲਿਆ

### ਲਾਹੌਰੀਏ ਸਿਆਣਿਆਂ ਦੀ ਦਸਮੇਸ਼ ਜੀ ਨੂੰ ਸਲਾਹ

ਹੱਥ ਜੋੜ ਲਾਹੌਰੀਆਂ ਅਰਜ਼ ਕੀਤੀ, ਕੰਗ ਜੰਗ ਦੀ ਅਸੀਂ ਮੁਕਾ ਦਈਏ
ਸੱਚੇ ਪਾਤਸ਼ਾਹ ਜੀ! ਕਰੋ ਹੁਕਮ ਜੇਕਰ, ਅਸੀਂ ਆਪ ਦੀ ਸੁਲ੍ਹਾ ਕਰਵਾ ਦਈਏ
ਤੁਸੀਂ ਕਰੋ ਫੁਰਮਾਨ ਜੇ ਖ਼ੁਸ਼ ਹੋ ਕੇ, ਅਸੀਂ ਜ਼ੋਰ ਰਸੂਖ ਦਾ ਲਾ ਦਈਏ
ਪੱਕੀ ਸੁਲਾਹ ਸਫ਼ਾਈ ਦਾ ਆਪ ਖਾਤਰ, ਜੇਕਰ ਕਹੋ ਤਾਂ 'ਤੀਰ' ਚਲਾ ਦਈਏ

### ਸ੍ਰੀ ਦਸਮੇਸ਼ ਜੀ ਦਾ ਜਵਾਬ

ਕਿਹਾ ਸ੍ਰੀ ਦਸਮੇਸ਼ ਨੇ ਹੱਸ ਅੱਗੋਂ, ਅਸਲ ਗੱਲ ਨਹੀਂ ਤੁਸੀਂ ਵਿਚਾਰ ਸੱਕੇ
ਨਾਲ ਜ਼ੁਲਮ ਦੇ ਮਿਤ੍ਰਤਾ ਪਾਣ ਵਾਲਾ, ਸਿੱਖੋ ਕਦੇ ਵੀ ਨਾ ਸਿੱਖੀ ਧਾਰ ਸੱਕੇ
ਸਿੱਖੀ ਧਾਰ ਨਾ ਸੱਕਦਾ ਦਿਲੋਂ ਜਿਹੜਾ, ਜਾਨ ਉਹ ਨਾ ਦੇਸ਼ ਤੋਂ ਵਾਰ ਸੱਕੇ
ਜਾਨ ਦੇਸ਼ ਤੋਂ ਨਾ ਜਿਹੜਾ ਵਾਰ ਸੱਕੇ, ਉਹ ਨਾ ਕੌਮ ਦਾ ਕੁੱਝ ਸਵਾਰ ਸੱਕੇ
ਜਿਹੜਾ ਕੌਮ ਦਾ ਕੁੱਝ ਸਵਾਰਦਾ ਨਾ, ਤੇਗ਼ ਉਹ ਨਾ ਡਟ ਕੇ ਮਾਰ ਸੱਕੇ
ਜਿਹੜਾ ਤੇਗ਼ ਨਾ ਮਾਰਦਾ ਰੱਣ ਅੰਦਰ, ਦੇ ਮੂਲ ਨਾ ਵੈਰੀ ਨੂੰ ਹਾਰ ਸੱਕੇ
ਜਿਹੜਾ ਵੈਰੀਆਂ ਨੂੰ ਨਾ ਹਰਾ ਸਕੇ, ਉਹ ਨਾ ਕਿਸੇ ਦਾ ਕਾਲਜਾ ਠਾਰ ਸੱਕੇ
ਜਿਨ੍ਹੇ ਜੱਗ ਦੇ ਸੁਖ 'ਤੇ ਅੱਖ ਰੱਖੀ, ਦੀਨ ਲਈ ਨਾ ਦੁੱਖ ਸਹਾਰ ਸੱਕੇ
ਜੋ ਨਾ ਦੀਨ ਲਈ ਦੁੱਖ ਸਹਾਰ ਸਕੇ, ਵੱਰ ਕਿਵੇਂ ਆਜ਼ਾਦੀ ਦੀ ਨਾਰ ਸੱਕੇ
ਜਿਨ੍ਹੇ ਵਰੀ ਆਜ਼ਾਦੀ ਦੀ ਬਹੂ ਨਾਹੀਂ, ਉਹ ਨਾ ਆਪਣੀ ਹਿੱਕ ਉਭਾਰ ਸੱਕੇ
ਜੋ ਨਾ ਮਾਣ ਵਿੱਚ ਟੁਰੇ ਉਭਾਰ ਛਾਤੀ, ਕੱਢ ਦਿਲ ਦੀ ਕਦੇ ਨਾ ਖ਼ਾਰ ਸੱਕੇ
ਕੱਢ ਸੱਕਦਾ ਦਿੱਲ ਦੀ ਖ਼ਾਰ ਨਾ ਜੋ, ਕਦੇ ਚੁੱਕ ਨਾ ਉਹ ਹਥਿਆਰ ਸੱਕੇ
ਸਮੇਂ ਸਿਰ ਜੋ ਨਾ ਹਥਿਆਰ ਚੁੱਕੇ, ਸਿਰੋਂ ਲਾਹ ਨਾ ਕਦੇ ਵਗਾਰ ਸੱਕੇ
'ਤੀਰ' ਸੁਲ੍ਹਾ ਦੀ ਛੋੜ ਵਿਚਾਰ ਕੱਚੀ, ਕੋਈ ਕਿਵੇਂ ਦਸਮੇਸ਼ ਨੂੰ ਚਾਰ ਸੱਕੇ

### ਸ੍ਰੀ ਦਸਮੇਸ਼ ਜੀ ਫਿਰ ਉਚਾਰਦੇ ਹਨ

ਤੁਸੀਂ ਜਾਣਦੇ ਹੋ ਕਿਸੇ ਗਰਜ਼ ਖਾਤਰ, ਛੇੜੀ ਭੋਲਿਓ ਇਹ ਲੜਾਈ ਨਾ ਮੈਂ
ਖਾਸ ਆਦਮੀ ਕੌਮ ਜਾਂ ਕੋਈ ਫ਼ਿਰਕਾ, ਤੇਗ਼ ਕਿਸੇ ਵਿਰੁੱਧ ਉਠਾਈ ਨਾ ਮੈਂ

---

* ਇਹ ਸਤਿਗੁਰਾਂ ਦਾ ਮੇਲ ਇਸ ਜਥੇ ਨਾਲ ਰਾਮਿਆਣੇ ਤੇ ਖਿਦਰਾਣੇ ਵਿਚਕਾਰ ਹੋਇਆ ਸੀ।
(ਕਰਤਾਰ ਸਿੰਘ ਐਮ.ਏ. ਦੀ ਕਿਰਤ ਜੀਵਨ ਕਥਾ ਗੁਰੂ ਗੋਬਿੰਦ ਸਿੰਘ ਸਫ਼ਾ ੨੪੮)

ਮੱਲਾਂ ਮਾਰੀਆਂ ਨਹੀਂ ਮੈਂ ਲੋਭ ਖਾਤਰ, ਪਾਈ ਵਿੱਚ ਖੀਸੇ ਕੱਚੀ ਪਾਈ ਨਾ ਮੈਂ
'ਤੀਰ' ਦੀਨ ਦੁਖਿਆਰ ਦੀ ਰੋਜ਼ ਭਾਈਓ, ਸੁਣ ਸੱਕਦਾ ਹਾਲ ਦੁਹਾਈ ਨਾ ਮੈਂ

*ਮਹਾਰਾਜ ਫਿਰ ਕਹਿੰਦੇ ਹਨ*

ਮੈਂ ਇਹ ਵੇਖਦਾ ਹਾਂ ਦੱਸੋ ਜਰਾ ਕੀਕੂੰ, ਤੇਗ ਜ਼ੁਲਮ ਦੀ ਜ਼ੁਲਮ ਕਮਾ ਰਹੀ ਏ
ਸੱਤ ਪੱਤ ਗ਼ਵਾ ਬੇਦੋਸ਼ਿਆਂ ਦਾ, ਥਾਓਂ ਥਾਂ 'ਤੇ ਰੱਤ ਵਹਾ ਰਹੀ ਏ
ਮੈਂ ਇਹ ਵੇਖਦਾ ਹਾਂ ਦੁਖੀ ਹਿੰਦ ਸਾਰੀ, ਪੀਠੀ ਜਾਂਵਦੀ ਅਤੇ ਕੁਰਲਾ ਰਹੀ ਏ
ਮੈਨੂੰ ਚੈਨ ਨਾ ਆਂਵਦਾ ਸੁਣ ਸੁਣ ਕੇ, ਕੂਕ ਦੁਖੀ ਦੀ ਜਾਨ ਨੂੰ ਖਾ ਰਹੀ ਏ
ਮੈਂ ਇਹ ਵੇਖਦਾ ਹਾਂ ਦੇਸ਼ ਵਾਸੀਆਂ ਤੇ, ਭੀੜ ਨਵੀਂ ਤੋਂ ਨਵੀਂ ਹੀ ਆ ਰਹੀ ਏ
ਲਹੂ ਡੁਲ੍ਹਦਾ ਵੇਖ ਬੇਦੋਸ਼ਿਆਂ ਦਾ, ਮੈਨੂੰ ਆਪਣੀ ਪੀੜ ਰੁਆ ਰਹੀ ਏ
ਮੈਂ ਇਹ ਵੇਖਦਾ ਹਾਂ ਅੱਜ ਮੁਗਲ-ਸ਼ਾਹੀ, ਰੋਜ਼ ਕਹਿਰ ਉੱਤੇ ਕਹਿਰ ਢਾ ਰਹੀ ਏ
'ਤੀਰ' ਆਪ ਦੀ ਗੱਲ 'ਤੇ ਕਿਵੇਂ ਆਵਾਂ, ਮੈਨੂੰ ਦੁਖੀ ਮਖ਼ਲੂਕ ਬੁਲਾ ਰਹੀ ਏ

*ਫਿਰ ਕਹਿੰਦੇ ਹਨ*

ਤੁਸੀਂ ਭੁੱਲਦੇ ਹੋ ਜੇਕਰ ਸੋਚਦੇ ਹੋ, ਕਿ ਮੈਂ ਨਾਲ ਸਰਕਾਰ ਦੇ ਲੜ ਰਿਹਾ ਹਾਂ
ਤੁਸੀਂ ਭੁੱਲਦੇ ਹੋ ਜੇਕਰ ਸੋਚਦੇ ਹੋ, ਕਿ ਮੈਂ ਰਾਹ ਅਵੱਲੜਾ ਫੜ ਰਿਹਾ ਹਾਂ
ਤੁਸੀਂ ਭੁੱਲਦੇ ਹੋ ਜੇਕਰ ਸੋਚਦੇ ਹੋ, ਕਿ ਮੈਂ ਕਿਸੇ ਫਿਰਕੇ ਨਾਲ ਅੜ ਰਿਹਾ ਹਾਂ
'ਤੀਰ' ਮੈਂ ਤੇ ਆਪਣੇ ਦੇਸ਼ ਉੱਤੇ, ਏਦਾਂ ਭੇਟਾ ਅਜ਼ਾਦੀ ਦੀ ਚੜ੍ਹ ਰਿਹਾ ਹਾਂ

*ਦਸਮੇਸ਼ ਜੀ ਦੇ ਵਤਨ ਪ੍ਰੇਮ ਦੀ ਹੱਦ ਹੋ ਗਈ*

ਨੈਣ ਭਰ ਦਸਮੇਸ਼ ਜੀ ਫੇਰ ਬੋਲੇ, ਮੈਨੂੰ ਦੇਸ਼ ਹੈ ਦੁੱਖਾਂ ਦੀ ਖਾਣ ਦਿਸਦਾ
ਆਣ ਆਣ ਗ਼ੁਲਾਮੀਆਂ ਗਲੇ ਪਈਆਂ, ਏਹਨੂੰ ਬੰਨ੍ਹਦਾ ਮੁਗ਼ਲ ਪਠਾਣ ਦਿਸਦਾ
ਮੇਰਾ ਦੇਸ਼-ਵਾਸੀ ਭਾਵੇਂ ਕੋਈ ਹੋਵੇ, ਮੈਨੂੰ ਅੱਜ ਹੈ ਲਹੂ ਲੁਹਾਣ ਦਿਸਦਾ
ਮੇਰੇ ਸੱਟ ਕਲੇਜੇ 'ਤੇ ਲੱਗਦੀ ਏ, ਜਦੋਂ ਦੇਸ਼ ਦਾ ਟੁੱਟਦਾ ਮਾਣ ਦਿਸਦਾ
ਮੇਰੀ ਜਾਨ ਨੂੰ ਤੜਫਣੀ ਲੱਗਦੀ ਏ, ਦੇਸ਼ ਤੋੜਦਾ ਜਦੋਂ ਪ੍ਰਾਣ ਦਿਸਦਾ
ਜ਼ੁਲਮ-ਰਾਜ ਕੋਲੋਂ ਜਦੋਂ ਦੁਖੀ ਰੋਂਦਾ, ਮੈਨੂੰ ਸਿੱਖ, ਹਿੰਦੂ, ਮੁਸਲਮਾਣ ਦਿਸਦਾ
ਮੇਰੀ ਅਣਖ ਨੂੰ ਟੁੰਬਦਾ ਦਿੱਲ ਮੇਰਾ, ਜਦੋਂ ਦੇਸ਼ ਬੇ-ਅਣਖ ਬੇ-ਆਣ ਦਿਸਦਾ
'ਤੀਰ' ਦੇਸ਼ ਦੇ ਬੰਧ ਛੁਡਾਏ ਜੇੜ੍ਹਾ, ਕਿਸੇ ਇੱਕ ਵਿੱਚ ਨਹੀਂ ਉਹ ਤਾਣ ਦਿਸਦਾ

*ਮਹਾਰਾਜ ਫਿਰ ਕਹਿੰਦੇ ਹਨ*

ਜੇਕਰ ਦਿਲ ਦੇ ਵਿੱਚ ਨਾ ਦਰਦ ਹੋਵੇ, ਮਰ ਸ਼ਰਮ ਵਿੱਚ ਜਾਵਣਾ ਚਾਹੀਦਾ ਏ
ਜੇਕਰ ਮਰਦ ਹੋ ਕੇ ਰਹਿਣਾ ਪਏ ਗੋਲਾ, ਆਪਾ ਮਾਰ ਮੁਕਾਵਣਾ ਚਾਹੀਦਾ ਏ

ਜੇਕਰ ਦੇਸ਼ ਹੋਵੇ ਭੁੱਖਾਂ ਕੱਟ ਰਿਹਾ, ਮੌਹਰਾ ਮੰਗ ਕੇ ਖਾਵਣਾ ਚਾਹੀਦਾ ਏ
ਜੇਕਰ ਦੇਸ਼ ਹੋਵੇ ਨੰਗਾ ਪੱਤ ਹੀਣਾ, ਖੱਫਣ ਆਪ ਹੰਡਾਵਣਾ ਚਾਹੀਦਾ ਏ
ਜੇਕਰ ਦੁੱਖ ਫਾਥੇ ਹੋਣ ਦੇਸ਼-ਵਾਸੀ, ਫੱਕਰ-ਵੇਸ ਬਣਾਵਣਾ ਚਾਹੀਦਾ ਏ
ਜੇ ਨਾ ਪਾਤਸ਼ਾਹ ਜ਼ੁਲਮ ਤੋਂ ਬਾਜ਼ ਆਵੇ, ਤੇਗ਼ ਨਾਲ ਉਡਾਵਣਾ ਚਾਹੀਦਾ ਏ
ਜੇਕਰ ਪੱਗ ਦੀ ਲਾਜ ਨਾ ਜਾਏ ਰੱਖੀ, ਜੱਗ ਛੋੜ ਸਿਧਾਵਣਾ ਚਾਹੀਦਾ ਏ
'ਤੀਰ' ਕੋਈ ਵੀ ਢੰਗ ਨਾ ਜਦੋਂ ਜਾਪੇ, ਫੇਰ ਜੰਗ ਮਚਾਵਣਾ ਚਾਹੀਦਾ ਏ

### ਮਹਾਰਾਜ ਫਿਰ ਕਹਿੰਦੇ ਹਨ

ਮੈਨੂੰ ਨਹੀਂ ਪਰਵਾਹ, ਕਿ ਪਿਤਾ ਮੇਰਾ, ਮੇਰਾ ਸੁੱਖ ਸਿਰ ਦਾ, ਮੇਰੀ ਛਾਂ ਨਾ ਰਹੀ
ਮੈਨੂੰ ਨਹੀਂ ਪਰਵਾਹ, ਕਿ ਜੱਗ ਅੰਦਰ, ਲਾਡ ਕਰਨ ਵਾਲੀ, ਮੇਰੀ ਮਾਂ ਨਾ ਰਹੀ
ਮੈਨੂੰ ਨਹੀਂ ਪਰਵਾਹ, ਕਿ ਪੁੱਤ ਮੋਏ, ਮੇਰੀ ਸਾਂਝ ਵਾਲੀ ਲੰਮੀ ਲਾਂ ਨਾ ਰਹੀ
'ਤੀਰ' ਨਹੀਂ ਪਰਵਾਹ, ਕਿ ਕਿਸੇ ਪਾਸੇ, ਮੈਨੂੰ ਸਿਰ ਲੁਕਾਣ ਦੀ ਥਾਂ ਨਾ ਰਹੀ
ਸਾਰਾ ਜੱਗ ਮੇਰਾ ਘਰ ਦਿੱਸਦਾ ਏ, ਸਾਰਾ ਜੀਵ ਜੰਤੂ ਹੈ ਪਰਵਾਰ ਮੇਰਾ
ਸਾਰੀ ਭੋਂ ਮੈਨੂੰ ਜਾਪੇ ਤਖ਼ਤ ਮੇਰਾ, ਹਰ ਰੰਗ ਦੇ ਵਿੱਚ ਦਰਬਾਰ ਮੇਰਾ
ਜਦੋਂ ਕੋਈ ਵੀ ਨਿਗਾਹ ਅਨਾਥ ਆਵੇ, ਕੂਕ ਉੱਠਦਾ ਦਿਲ ਦੁਖਿਆਰ ਮੇਰਾ
'ਤੀਰ' ਓਸ ਅੰਦਰ ਜ਼ੋਰਾਵਰ ਦਿੱਸੇ, ਦਿਸੇ ਫਤਹਿ, ਅਜੀਤ, ਜੁਝਾਰ ਮੇਰਾ
ਜਦੋਂ ਪੁੱਤ ਮੇਰੇ ਏਦਾਂ ਦੁਖੀ ਹੋਵਣ, ਦੱਸੋ ਜੰਗ ਨਾ ਕਰਾਂ ਤਾਂ ਕੀ ਕਰਾਂ ਮੈਂ
ਜਦੋਂ ਜ਼ੁਲਮ ਮਿਟਾਨ ਦੀ ਲੋੜ ਹੋਵੇ, ਸੀਸ-ਮੰਗ ਨਾ ਕਰਾਂ ਤਾਂ ਕੀ ਕਰਾਂ ਮੈਂ
ਜਦੋਂ ਪਾਤਸ਼ਾਹ ਅੱਤ ਤੋਂ ਟਲੇ ਨਾਹੀਂ, ਉਹਨੂੰ ਤੰਗ ਨਾ ਕਰਾਂ ਤਾਂ ਕੀ ਕਰਾਂ ਮੈਂ
'ਤੀਰ' ਅੱਕ ਕੇ ਤੇਗ਼ ਉਠਾਣ ਵਾਲਾ, ਦੱਸੋ ਢੰਗ ਨਾ ਕਰਾਂ ਤਾਂ ਕੀ ਕਰਾਂ ਮੈਂ
ਮੈਨੂੰ ਸਿੱਖਿਆ ਦਿਓ ਨਾ ਹੋਰ ਸਿੱਖੋ, ਸਿੱਖ ਬਣੋ ਤੇ ਚੜ੍ਹੋ ਤਲਵਾਰ ਫੜ ਕੇ
ਦਿੱਸੇ ਕਿਤੇ ਵੀ ਬੀਜ ਗ਼ੱਦਾਰ ਦਾ ਨਾ, ਸਾਰੀ ਕੋਹ ਸੁੱਟੋ ਬਾਈਧਾਰ ਫੜ ਕੇ
ਕੱਢ ਦੇਸ਼ ਨੂੰ ਲਵੋ ਗ਼ੁਲਾਮੀਆਂ 'ਚੋਂ, ਕੱਢੋ ਡੁੱਬਦੀ ਹਿੰਦ ਦੁਖਿਆਰ ਫੜ ਕੇ
'ਤੀਰ' ਆਜਜ਼ਾਂ 'ਤੇ ਜੇੜ੍ਹੀ ਵਾਰ ਕਰਦੀ, ਮੇਟ ਦਿਓ ਉਹ ਮੁਗ਼ਲ ਸਰਕਾਰ ਫੜ ਕੇ

### ਉਪਰਲੇ ਬਚਨ ਕਰਕੇ ਸ੍ਰੀ ਦਸਮੇਸ਼ ਖਿਦਰਾਣੇ ਵੱਲ ਚਲੇ ਗਏ

ਏਨੇ ਬਚਨ ਕਹਿ ਆਪਣੇ ਸੇਵਕਾਂ ਨੂੰ, ਹੋਏ ਫੇਰ ਰਵਾਨ ਦਸਮੇਸ਼ ਚੋਜੀ
ਨਿਕਲ ਗਏ ਖਿਦਰਾਣੇ ਦੇ ਵੱਲ ਉਥੋਂ, ਦੇਸ਼ ਕੌਮ ਦੀ ਸ਼ਾਨ ਦਸਮੇਸ਼ ਚੋਜੀ
ਖਲੇ ਝੂਰਦੇ ਰਹੇ ਲਾਹੌਰੀਏ ਵੀ, ਕੀਤਾ ਅਜਬ ਬਿਆਨ ਦਸਮੇਸ਼ ਚੋਜੀ
'ਤੀਰ' ਬਾਕੀਆਂ ਵੀ ਉਂਧੀ ਪਾ ਲੀਤੀ, ਲੱਕ ਤੋੜ ਗਏ ਜਿਵੇਂ ਦਸਮੇਸ਼ ਚੋਜੀ

### ਸ੍ਰੀ ਦਸਮੇਸ਼ ਜੀ ਦੇ ਚਲੇ ਜਾਣ ਪਿੱਛੋਂ ਇੱਕ ਕਾਰਨਾਮਾ

ਮਹਾਂ ਸਿੰਘ ਜੀ ਨੇ ਬੜੀ ਸੋਚ ਕਰਕੇ, ਜਾਣੀ ਜਾਣ ਦੇ ਵੱਲ ਧਿਆਨ ਕੀਤਾ
ਫੇਰ ਦਿਲ ਅੰਦਰ ਕੋਈ ਗੰਢ ਪਾ ਕੇ, ਉਹਨੇ ਸ਼ੁਰੂ ਏਦਾਂ ਇਮਤਿਹਾਨ ਕੀਤਾ
ਖਿੱਚੀ ਸਾਮ੍ਹਣੇ ਇੱਕ ਲਕੀਰ ਲੰਮੀ, ਵੇਖਣ ਵਾਲਿਆਂ ਤਾਈਂ ਹੈਰਾਨ ਕੀਤਾ
ਆਪ ਹੋ ਲਕੀਰ ਦੇ ਇੱਕ ਪਾਸੇ, ਉੱਚੀ ਇਸ ਤਰ੍ਹਾਂ 'ਤੀਰ' ਐਲਾਨ ਕੀਤਾ

### ਭਾਈ ਮਹਾਂ ਸਿੰਘ ਜੀ ਦਾ ਐਲਾਨ

ਬੀਰ ਖਾਲਸਾ ਜੀ! ਸਮਾਂ ਹੱਥ ਆਇਆ, ਨਹੀਂ ਸੋਚਣੇ ਦਾ, ਕੁੱਝ ਕਰਨ ਦਾ ਏ
ਜਾਨ ਵਾਰਨੇ ਦਾ ਹਿੰਦ ਤਾਰਨੇ ਦਾ, ਸੀਸ ਆਪਣਾ ਤਲੀ ਤੇ ਧਰਨ ਦਾ ਏ
ਸਿਹਰੇ ਬੰਨ੍ਹਣੇ ਦਾ ਜ਼ੁਲਮ ਡੰਨ੍ਹਣੇ ਦਾ, ਲਗਨ ਲਾੜੀ ਸ਼ਹੀਦੀ ਨੂੰ ਵਰਨ ਦਾ ਏ
'ਤੀਰ' ਜੀਵਣੇ ਦੀ ਆਸ ਟੰਗ ਛਿਕੇ, ਵੇਲਾ ਦੇਸ਼ ਦੇ ਵਾਸਤੇ ਮਰਨ ਦਾ ਏ

### ਭਾਈ ਮਹਾਂ ਜੀ ਫਿਰ ਕਹਿੰਦੇ ਹਨ

ਪਏ ਅੱਖੀਆਂ ਸਾਹਮਣੇ ਵੇਖਦੇ ਓ, ਖਿੱਚੀ ਹੋਈ ਲਕੀਰ ਜੋ ਖ਼ਾਲਸਾ ਜੀ
ਇਹਨੂੰ ਟੱਪ ਆਵਣ ਓਹੋ ਏਸ ਪਾਸੇ, ਵਾਰ ਦੇਣ ਸਰੀਰ ਜੋ ਖ਼ਾਲਸਾ ਜੀ
ਮਰਨ ਖਿੜੇ ਮੱਥੇ ਕਰਨ ਜੰਗ ਮਾਰੂ, ਖ਼ੂਬ ਰੱਖ ਕੇ ਧੀਰ ਜੋ ਖ਼ਾਲਸਾ ਜੀ
ਛਾਤੀ ਤਾਣ ਕੇ ਤਾਣ ਦੇ ਨਾਲ ਜੂਝਣ, ਸੁੱਟਣ ਦਲਾਂ ਨੂੰ ਚੀਰ ਜੋ ਖ਼ਾਲਸਾ ਜੀ
ਏਦਾਂ ਗੰਢ ਲਾਂ ਗੇ ਟੁੱਟੀ ਅੱਜ ਏਥੇ, ਸੁੱਝ ਪਈ ਤਦਬੀਰ ਜੋ ਖ਼ਾਲਸਾ ਜੀ
ਜਾਨ ਵਾਰ ਕੇ ਏਸ ਥਾਂ ਮੋੜ ਲਈਏ, ਚੱਲ ਗਿਆ ਏ 'ਤੀਰ' ਜੋ ਖ਼ਾਲਸਾ ਜੀ

### ਮਹਾਂ ਸਿੰਘ ਜੀ ਫਿਰ ਕਹਿੰਦੇ ਹਨ

ਜਿਨ੍ਹੇ ਗੁਰੂ ਤੇ ਦੇਸ਼ ਦੀ ਪੱਤ ਖਾਤਰ, ਅੱਜ ਆਪਣੀ ਵਾਰਨੀ ਜਾਨ ਹੋਵੇ
ਜਿਨ੍ਹੇ ਆਜਜ਼ਾਂ ਵਾਸਤੇ ਰੱਣ ਅੰਦਰ, ਅੱਜ ਵਾਹੁਣੀ ਖ਼ੂਬ ਕ੍ਰਿਪਾਨ ਹੋਵੇ
ਜਿਨ੍ਹੇ ਆਪਣੀ ਰੱਤ ਦੇ ਰੰਗ ਅੰਦਰ, ਅੱਜ ਰੰਗਣਾ ਲਾਲ ਮੈਦਾਨ ਹੋਵੇ
ਉਹੋ ਏਸ ਲਕੀਰ ਤੋਂ ਪਾਰ ਹੋਵੇ, ਜਿਹਨੂੰ ਹੱਸ ਕੇ ਮੌਤ ਪਰਵਾਨ ਹੋਵੇ
ਉਹੋ ਏਸ ਲਕੀਰ ਤੋਂ ਪਾਰ ਹੋਵੇ, ਦੇਸ਼ ਲਈ ਜਿਹੜਾ ਬਲੀਦਾਨ ਹੋਵੇ
ਉਹੋ ਏਸ ਲਕੀਰ ਤੋਂ ਪਾਰ ਹੋਵੇ, ਜਿਹਨੂੰ ਆਪਣੀ ਅਣਖ 'ਤੇ ਮਾਣ ਹੋਵੇ
ਉਹੋ ਏਸ ਲਕੀਰ ਤੋਂ ਪਾਰ ਹੋਵੇ, ਜਿਦ੍ਹਾ ਸਤਿਗੁਰਾਂ ਵੱਲ ਧਿਆਨ ਹੋਵੇ
ਉਹੋ ਏਸ ਲਕੀਰ ਤੋਂ ਪਾਰ ਹੋਵੇ, ਦਿੱਲ ਜਾਨ ਜਿਸ ਦੀ ਹਿੰਦੋਸਤਾਨ ਹੋਵੇ
ਹੁਣੇ ਸੋਚ ਕੇ ਪਾਵਣਾ ਪੈਰ ਅੱਗੇ, ਪਿੱਛੋਂ ਪਿਆ ਨਾ ਕੋਈ ਹੈਰਾਨ ਹੋਵੇ
ਕੋਈ ਸੂਰਮਾ 'ਤੀਰ' ਹੀ ਪਾਸ ਹੁੰਦਾ, ਜਦੋਂ ਮੌਤ ਵਾਲਾ ਇਮਤਿਹਾਨ ਹੋਵੇ

### ਕੋਈ ਵੀ ਪਿੱਛੇ ਨਾ ਰਿਹਾ (ਵੱਲੋਂ ਕਵੀ)

ਏਦਾਂ ਜਦੋਂ ਵੰਗਾਰਿਆ ਮਹਾਂ ਸਿੰਘ ਨੇ, ਸਿੰਘ ਸੂਰਮੇ ਲੀਕ ਤੋਂ ਪਾਰ ਹੋ ਗਏ
ਚਿਹਰੇ ਸਾਰਿਆਂ ਦੇ, ਸੂਹੇ ਲਾਲ ਹੋਏ, ਨੈਣ ਸੱਭ ਦੇ ਭਖ਼ੇ ਅੰਗਾਰ ਹੋ ਗਏ
ਢਾਲਾਂ ਖੜਕੀਆਂ ਆਨ ਕੇ ਜੋਸ਼ ਅੰਦਰ, ਰੰਗ ਵੇਖ ਕੇ ਤੇਜ਼ ਹਥਿਆਰ ਹੋ ਗਏ
'ਤੀਰ' ਵੈਰੀਆਂ ਦੀ ਛਾਤੀ ਵਿਨ੍ਹਣੇ ਨੂੰ, ਸੂਰਬੀਰ ਤਿਆਰ ਬਰਤਿਆਰ ਹੋ ਗਏ

### ਕੁਝ ਵਾਪਸ ਵੀ ਪਰਤੇ (ਵੱਲੋਂ ਕਵੀ)

ਜੋ ਸੀ ਗੇਣਵੇਂ ਸੁਲਾਹ ਕਰਾਣ ਆਏ, ਪਿੱਛੇ ਪਰਤ ਪਏ ਫੇਰ ਲਾਹੌਰ ਉਹੋ
ਜਿਨ੍ਹਾਂ ਫੁੱਲ ਕੁਰਬਾਨੀ ਦਾ ਸੁੰਘਣਾ ਸੀ, ਪੱਕੇ ਰਹੇ ਪ੍ਰੇਮ ਦੇ ਭੌਰ ਉਹੋ
ਗੱਲਾਂ ਜੋਸ਼-ਭਰੀਆਂ ਅੱਖਾਂ ਅੱਗ-ਭਰੀਆਂ, ਅੰਦਰ ਬੀਰਤਾ ਦੇ ਆਏ ਤੌਰ ਉਹੋ
'ਤੀਰ' ਜੰਗ ਜਿਹੜੇ ਕੋਲੋਂ ਸੰਗ ਗਏ ਸੀ, ਉਹਨਾਂ ਫੇਰ ਅਰੰਭਿਆ ਦੌਰ ਉਹੋ

### ਭਾਈ ਮਹਾਂ ਸਿੰਘ ਜੀ ਜਥੇ ਸਮੇਤ ਖਿਦਰਾਣੇ ਦੀ ਢਾਬ ਉਤੇ ਪੁੱਜ ਪਏ (ਵੱਲੋਂ ਕਵੀ)

ਕਰਕੇ ਗੁਰਮਤਾ ਇਹ ਉਥੋਂ ਕੂਚ ਕੀਤਾ, ਆ ਕੇ ਢਾਬ ਖਿਦਰਾਣੇ 'ਤੇ ਲਾਏ ਡੇਰੇ
ਇਥੋਂ ਨਿਕਲ ਦਸਮੇਸ਼ ਜੀ ਗਏ ਅੱਗੇ, ਏਨੀ ਸੋਚ ਕੇ ਖ਼ੂਬ ਜਮਾਏ ਡੇਰੇ
ਨਵੀਂ ਤਰ੍ਹਾਂ ਦੀ ਛਾਵਣੀ ਰੱਚ ਲੀਤੀ, ਨਵੀਂ ਤਰ੍ਹਾਂ ਦੇ ਖਾਲਸੇ ਪਾਏ ਡੇਰੇ
'ਤੀਰ' ਮਹਾਂ ਸਿੰਘ ਤੇ ਉਦ੍ਹੇ ਸਾਥੀਆਂ ਨੇ, ਅਜਬ ਤਰ੍ਹਾਂ ਦੇ ਤੱਕੋ ਬਣਾਏ ਡੇਰੇ

### ਅਨੋਖੀ ਛਾਉਣੀ ਬਣਾਈ ਗਈ (ਵਲੋਂ ਕਵੀ)

ਝੱਟ ਚਾਦਰਾਂ ਤਾਣੀਆਂ ਝਾੜੀਆਂ 'ਤੇ, ਝੂਠ ਮੂਠ ਦੇ ਚੁੱਕ ਬਣਾਏ ਤੰਬੂ
ਦੂਰੋਂ ਦਿਸਦਾ ਸੀ ਕੋਈ ਫ਼ੌਜ ਲੱਥੀ, ਆਣ ਓਸ ਨੇ ਆਪਣੇ ਲਾਏ ਤੰਬੂ
ਸ਼ਾਹੀ ਫ਼ੌਜ ਨੂੰ ਭਉਜਲੀ ਪਾਈ ਜਾਵੇ, ਏਸ ਲਈ ਸੀ ਚੁੱਕ ਬਣਾਏ ਤੰਬੂ
'ਤੀਰ' ਚਾਲ ਆਖਰ ਵੇਖੋ ਸਫਲ ਹੋਈ, ਕੰਮ ਖ਼ਾਲਸੇ ਦੇ ਖੂਬ ਆਏ ਤੰਬੂ

### ਸ਼ਾਹੀ ਫ਼ੌਜ ਆ ਗਈ (ਵੱਲੋਂ ਕਵੀ)

ਸ਼ਾਹੀ ਫ਼ੌਜ ਪਹੁੰਚੀ ਜਦੋਂ ਆਣ ਓਥੇ, ਤੰਬੂ ਵੇਖ ਦੂਰੋਂ ਇਹ ਵਿਚਾਰ ਕਰਦੇ
'ਡੇਰਾ ਇਹ ਹੈ ਗੁਰੂ ਤੇ ਖਾਲਸੇ ਦਾ', ਏਨੀ ਸੋਚ ਪੁੱਜੇ ਮਾਰੋ ਮਾਰ ਕਰਦੇ
ਤਾੜ ਤਾੜ ਗੋਲੀ ਵਰ੍ਹੇ ਤੰਬੂਆਂ 'ਤੇ, ਖੜਕ ਖੜਕ ਹਥਿਆਰ ਖੜਕਾਰ ਕਰਦੇ
'ਤੀਰ' ਮਹਾਂ ਸਿੰਘ ਦੇ ਸਾਥੀ ਰੋਹ-ਰੱਤੇ, ਵੇਖੋ ਕਿਸ ਤਰ੍ਹਾਂ ਆਪਣਾ ਵਾਰ ਕਰਦੇ

### ਖਿਦਰਾਣੇ ਦੀ ਢਾਬ ਉਤੇ ਜੰਗ (ਵੱਲੋਂ ਕਵੀ)

ਪਲੋ ਪਲੀ ਅੰਦਰ ਪਏ ਜੁੱਟ ਸੂਰੇ, ਦੋਹਾਂ ਪਾਸਿਆਂ ਤੋਂ ਵਾਢ ਹੋਣ ਲੱਗੀ
ਤੇਗ ਖ਼ਾਲਸੇ ਦੀ ਸੁੱਤੀ ਜਾਗ ਉੱਠੀ, ਮੂੰਹ ਆਪਣਾ ਰੱਤ ਵਿੱਚ ਧੋਣ ਲੱਗੀ
ਗੋਲੀ ਗਾਜ਼ੀਆਂ ਦੀ ਸਿੰਘਾਂ ਸੂਰਿਆਂ ਦੀ, ਕਰਨ ਆਪਣੀ ਆਪਣੀ ਚੋਣ ਲੱਗੀ
ਬਰਛੀ ਬਣੀ ਸੂਈ, ਗਲੇ ਪਾਣ ਖਾਤਰ, ਦਿਲ-ਫੁੱਲਾਂ ਦੇ ਹਾਰ ਪਰੋਣ ਲੱਗੀ
ਪਈ ਅਜ਼ਲ ਨੂੰ ਕਾਹਲ ਤੇ ਫਿਰੇ ਭੱਜੀ, ਜਿੰਦਾਂ ਬੰਨ੍ਹ ਬੰਨ੍ਹ ਕੇ ਪੰਡਾਂ ਢੋਣ ਲੱਗੀ
'ਤੀਰ' ਚੱਲਦੇ ਸੱਲਦੇ ਜਾਣ ਸੀਨੇ, ਖੂਬ ਮਿੱਝ ਦੀ ਧਰਤ ਨੂੰ ਮੋਣ* ਲੱਗੀ

### ਸਿਰਲੱਥਾਂ ਦੀ ਲੜਾਈ (ਵੱਲੋਂ ਕਵੀ)

ਫਿਕਰ ਕਿਸੇ ਨੂੰ ਆਪਣੀ ਜਾਨ ਦਾ ਨਾ, ਪਏ ਹੱਦ ਮੁਕਾਂਵਦੇ ਲੜਨ ਵਾਲੇ
ਤੇਗ ਮਾਰਦੇ ਵੈਰੀ ਦੀ ਹਿੱਕ ਅੰਦਰ, ਆਪ ਹਿੱਕ 'ਤੇ ਖਾਂਵਦੇ ਲੜਨ ਵਾਲੇ
ਪਈ ਖ਼ੂਨ-ਧਾਰਾ ਜਾਵੇ ਓਸ ਪਾਸੇ, ਜਿਧਰ ਜਿਧਰ ਵੀ ਜਾਂਵਦੇ ਲੜਨ ਵਾਲੇ
ਢਾਲਾਂ ਖੜਕ ਕੇ ਤਾਲ ਦਾ ਕੰਮ ਦੇਵਣ, ਰਾਗ ਮੌਤ ਦਾ ਗਾਂਵਦੇ ਲੜਨ ਵਾਲੇ
ਅੱਲਾ ਹੂ, 'ਅਕਾਲ ਅਕਾਲ' ਗੂੰਜੇ, ਨਾਹਰੇ ਜੋਸ਼ ਦੇ ਲਾਂਵਦੇ ਲੜਨ ਵਾਲੇ
'ਤੀਰ' ਹੋਲੀਆਂ ਖੇਡਦੇ ਨਿਗ੍ਹਾ ਆਵਨ, ਖ਼ੂਨੀ ਰੰਗ ਉਡਾਂਵਦੇ ਲੜਨ ਵਾਲੇ

### ਮਾਈ ਭਾਗੋ ਦਾ ਹੌਸਲਾ (ਵੱਲੋਂ ਕਵੀ)

ਫਿਰੇ ਬਿੱਫਰੀ ਸ਼ੇਰਨੀ ਵਾਂਗ ਸਾਰੇ, ਥਾਓਂ ਥਾਂ ਲਲਕਾਰਦੀ ਮਾਈ ਭਾਗੋ
ਹਾਏ ਕਹਿਣ ਦਾ ਨਾ ਉਹਨੂੰ ਸਮਾਂ ਦੇਵੇ, ਜਿਹਨੂੰ ਪੁੱਜ ਕੇ ਮਾਰਦੀ ਮਾਈ ਭਾਗੋ
ਫਿਰੇ ਜੰਗ ਅੰਦਰ ਹੋ ਕੇ ਵਾਵਰੋਲਾ, ਸਿਰ ਧੜੋਂ ਉਡਾਰਦੀ ਮਾਈ ਭਾਗੋ
ਜਾਨ ਓਸਦੀ ਨਿਕਲ ਕੇ ਨੱਠ ਜਾਂਦੀ, ਜਿਹਨੂੰ ਜਾ ਵੰਗਾਰਦੀ ਮਾਈ ਭਾਗੋ
ਭਰੀ ਉਛਲਦੀ ਰੱਤ ਦੀ ਨਦੀ ਅੰਦਰ, ਮੱਛੀ ਤੇਗ ਨੂੰ ਤਾਰਦੀ ਮਾਈ ਭਾਗੋ
ਫੁੱਲ ਪਾਂਵਦੀ ਜਾਂਵਦੀ ਲਾਲ ਸੂਹੇ, ਐਸੀ ਵਿਓਂਤ ਵਿਚਾਰਦੀ ਮਾਈ ਭਾਗੋ
ਸ਼ਾਹੀ ਫ਼ੌਜ ਨੂੰ ਟੱਕਰੀ ਮੌਤ ਹੋ ਕੇ, ਦਿਲੋਂ ਰਤਾ ਨਹੀਂ ਹਾਰਦੀ ਮਾਈ ਭਾਗੋ
'ਤੀਰ' ਵੈਰੀਆਂ ਦੇ ਆਹੂ ਲਾਹੀ ਜਾਵੇ, ਬਣ ਅੰਮ੍ਰਿਤੀਂ-ਧਾਰ ਦੀ ਮਾਈ ਭਾਗੋ

### ਸਿੰਘ ਸੂਰਮੇ

ਮਹਾਂ ਸਿੰਘ ਜੀ ਤੇ ਬਾਕੀ ਬੀਰ ਸਾਥੀ, ਸ਼ਾਹੀ ਫ਼ੌਜ ਦੀ ਅਲਖ ਮੁਕਾਈ ਜਾਂਦੇ
ਮਾਣ ਮੱਤਿਆਂ ਜ਼ਾਲਮਾਂ ਸੀਨਿਆਂ 'ਚੋਂ, ਤੀਰ ਗੋਲੀਆਂ ਖੂਬ ਲੰਘਾਈ ਜਾਂਦੇ
ਲੋਰੀ ਮੌਤ ਦੀ ਦੇ ਦੇ ਗਾਜ਼ੀਆਂ ਨੂੰ, ਸੂਰੇ ਸਦਾ ਦੀ ਨੀਂਦ ਸਵਾਈ ਜਾਂਦੇ

* ਬਿੱਧਿਆਈ।

ਸੱਥਰ ਲਾਹੀ ਜਾਂਦੇ, ਵਾਢੀ ਪਾਈ ਜਾਂਦੇ, ਲਾਵੇ ਜਿਸ ਤਰ੍ਹਾਂ ਕਰੀ ਵਢਾਈ ਜਾਂਦੇ
ਰੱਖ ਗੁਰੂ ਦਸਮੇਸ਼ ਨੂੰ ਦਿੱਲ ਅੰਦਰ, ਸਿੰਘ ਸੂਰਮੇ ਤੇਗ਼ ਖੜਕਾਈ ਜਾਂਦੇ
ਮਾਰ ਮਾਰ ਵੈਰੀ, ਵਾਰ ਝੱਲ ਸੀਨੇ, ਖਿੜੇ ਮੱਥੇ ਸ਼ਹੀਦੀਆਂ ਪਾਈ ਜਾਂਦੇ
ਮੁਕਤ ਦੇਸ਼ ਨੂੰ ਜ਼ੁਲਮ ਤੋਂ ਕਰੀ ਜਾਂਦੇ, ਆਪ ਮੁਕਤ ਹੋ ਕੇ ਕਰੀ ਧਾਈ ਜਾਂਦੇ
'ਤੀਰ' ਮੂੰਹ ਵਿੱਚ ਉਂਗਲਾਂ ਪਾਣ ਗਾਜ਼ੀ, ਵੇਖੋ! ਖਾਲਸੇ ਕਹਿਰ ਵਸਾਈ ਜਾਂਦੇ

### *ਸ਼ਾਹੀ ਫ਼ੌਜ ਦੀ ਦਲੇਰੀ ਦਾ ਨਜ਼ਾਰਾ (ਵੱਲੋਂ ਕਵੀ)*

ਦਿਲ ਰੱਖ ਕੇ ਟੱਕਰੀ ਫ਼ੌਜ ਸ਼ਾਹੀ, ਫ਼ਤਹਿ ਖ਼ਾਲਸਾ ਫ਼ੌਜ 'ਤੇ ਪਾਣ ਖ਼ਾਤਰ
ਖ਼ੂਬ ਪੈਰ ਜਮਾ ਕੇ ਲੜੀ ਜਾਏ, ਪੈਰੋਂ ਖ਼ਾਲਸੇ ਤਾਈਂ ਹਿਲਾਣ ਖ਼ਾਤਰ
ਸਿਰ ਪਈ ਉਡਾਂਵਦੀ ਸਿਦਕੀਆਂ ਦੇ, ਸਿਰੋਂ ਆਪਣਾ ਫਰਜ਼ ਭੁਗਤਾਣ ਖ਼ਾਤਰ
ਹੱਥੋ ਹੱਥ ਪਈ ਜੋਸ਼ ਵਧਾਂਵਦੀ ਏ, ਵਿੱਚ ਰੱਣ ਦੇ ਹੱਥ ਵਿਖਾਣ ਖ਼ਾਤਰ
'ਮਾਰ ਲਏ ਬਾਗ਼ੀ, ਮਾਰ ਲਏ ਬਾਗ਼ੀ', ਰੌਲਾ ਪਾਈ ਜਾਵੇ ਅਣਖ ਆਣ ਖ਼ਾਤਰ
'ਤੀਰ' ਖ਼ੂਬ ਦੁਪਾਸਿਓਂ ਖੀਰ ਰਿੱਝੀ, ਲਹੂ ਮਿੱਝ ਦੀ, ਮੌਤ ਰਜਾਣ ਖ਼ਾਤਰ

### *ਦਸਮੇਸ਼-ਕੌਤਕ (ਵੱਲੋਂ ਕਵੀ)*

ਇਧਰ ਇਉਂ ਹੈਸੀ ਕਟਾ ਵੱਢ ਹੁੰਦੀ, ਉਧਰ ਚੋਜ ਵਰਤਾਏ ਦਸਮੇਸ਼ ਜੀ ਨੇ
ਦੂਰ, ਮੀਲ ਦੀ ਵਿੱਥ 'ਤੇ ਵੇਖ ਟਿੱਬਾ, ਡੇਰੇ ਓਸ 'ਤੇ ਲਾਏ ਦਸਮੇਸ਼ ਜੀ ਨੇ
ਏਥੋਂ ਜੰਗ ਸਾਰਾ ਨਿਗ੍ਹਾ ਆਂਵਦਾ ਸੀ, ਵੇਖੋ ਜੌਹਰ ਵਿਖਾਏ ਦਸਮੇਸ਼ ਜੀ ਨੇ
ਚਿਲੇ ਚਾੜ੍ਹ ਕੇ, ਮੌਤ ਦੀ ਬਾਣ ਵਾਲੇ, ਖ਼ੂਬ ਤੀਰ ਚਲਾਏ ਦਸਮੇਸ਼ ਜੀ ਨੇ
ਜਾਣ ਉੱਡਦੇ ਸ਼ੂਕਦੇ ਉੱਡਣੇ ਉਹ, ਜ਼ਹਿਰੀ ਨਾਗ ਉਡਾਏ ਦਸਮੇਸ਼ ਜੀ ਨੇ
ਡੰਗਣ ਜਿਨ੍ਹਾਂ ਨੂੰ ਬਸ ਉਹ ਮੌਤ ਮੰਗਣ, ਐਹੋ ਜਿਹੇ ਸਿਖਾਏ ਦਸਮੇਸ਼ ਜੀ ਨੇ
ਤਾੜ ਤਾੜ ਛੱਡੇ ਤਾੜ ਤਾੜ ਮਾਰੇ, ਸੈਆਂ ਮਾਰ ਮੁਕਾਏ ਦਸਮੇਸ਼ ਜੀ ਨੇ
ਵਿਨ੍ਹੀ ਪੁੜਪੁੜੀ ਕਿਸੇ ਦੀ ਅਚਨਚੇਤੀ, ਛੇਕ ਕਾਲਜੀਂ ਪਾਏ ਦਸਮੇਸ਼ ਜੀ ਨੇ
ਵੱਖੀ ਕਿਸੇ ਦੀ ਸੱਲ ਦੋ ਪਾਰ ਕੀਤੀ, ਉਦ੍ਹੇ ਸਾਸ ਪੁਗਾਏ ਦਸਮੇਸ਼ ਜੀ ਨੇ
'ਤੀਰ' ਪਿਆ ਸਰੀਰ 'ਚੋਂ ਲਹੂ ਚੋਵੇ, ਸੋਮੇ ਨਵੇਂ ਵਗਾਏ ਦਸਮੇਸ਼ ਜੀ ਨੇ

### *ਦਸਮੇਸ਼ ਜੀ ਦੇ ਤੀਰ (ਵੱਲੋਂ ਕਵੀ)*

ਇੱਕ ਇੱਕ ਕਮਾਨ 'ਚੋਂ ਛੁੱਟਦਾ ਈ, ਸੀਨੇ ਵੀਹ ਵੀਹ ਦੇ ਜਾਂਦਾ ਸੱਲਦਾ ਸੀ
ਉਧਰ ਗਾਜ਼ੀਆਂ ਦਾ ਸਾਹ ਸੁੱਕਦਾ ਸੀ, ਤੀਰ ਜਦੋਂ ਕਮਾਨ 'ਚੋਂ ਚੱਲਦਾ ਸੀ
ਜਿਦ੍ਹੇ ਕੋਲ ਸੀ ਪੁੱਜਦਾ ਸੋਨ-ਮੁੱਖੀਆ, ਉਹਨੂੰ ਮੌਤ ਦੀ ਗੋਦ ਵਿੱਚ ਘੱਲਦਾ ਸੀ
'ਤੀਰ' ਦੱਸ ਤੂੰ ਕਿਵੇਂ ਓਹ ਚੱਲਦਾ ਸੀ, ਕਿਵੇਂ ਕੋਈ ਗਾਜ਼ੀ ਉਨ੍ਹੂੰ ਝੱਲਦਾ ਸੀ

## ਕਲਗੀਧਰ ਜੀ ਦੇ ਚਲਦੇ ਤੀਰ ਦਾ ਨਜ਼ਾਰਾ (ਵੱਲੋਂ ਕਵੀ)

### ਘਨਾਛਰੀ ਕਬਿੱਤ

ਮੰਨ ਦਸਮੇਸ਼ ਦੀਆਂ ਸੈਨਤਾਂ ਔਹ ਕੁੱਦ ਪਿਆ,
ਚਲਿਆ ਕਮਾਨ ਵਿੱਚੋਂ ਲੈ ਕੇ ਮਨਜ਼ੂਰੀ ਤੀਰ।
ਅੰਬਰਾਂ ਦੀ ਬਿੱਜਲੀ ਵੀ ਨੀਵੀਂ ਪਈ ਪਾਂਵਦੀ ਏ,
ਸ੍ਰੀ ਦਸਮੇਸ਼ ਜੀ ਦਾ, ਵੇਖ ਵੇਖ ਨੂਰੀ ਤੀਰ।
ਸੁੱਸਰੀ ਦੇ ਵਾਂਗ ਸੌਂਦੇ ਸੂਰਮੇ ਨੇ ਥਾਓਂ ਥਾਈਂ,
ਜਿੱਥੇ ਜਿੱਥੇ ਵੱਟਦਾ ਏ, ਗੁੱਸੇ ਵਿੱਚ ਘੂਰੀ ਤੀਰ।
ਵੇਖੋ ਪਿਆ ਲਾਂਵਦਾ ਜੇ ਜੋਧਿਆਂ ਦੇ ਮੱਥਿਆਂ 'ਤੇ,
ਲਾਲ ਲਾਲ ਗੂੜ੍ਹਾ ਗੂੜ੍ਹਾ ਤਿਲਕ ਸੰਧੂਰੀ ਤੀਰ।

### ਕਬਿੱਤ

ਔਹ ਵੇਖੋ! ਉਹਨੂੰ ਪਿਆ, ਸੱਪ ਵਾਂਗ ਡੰਗ ਗਿਆ,
ਲੱਭ ਲੱਭ ਮਾਰਦਾ ਏ ਜ਼ਾਲਮ ਕਸੂਰੀ ਤੀਰ!
ਸੂਰਿਆਂ ਦੇ ਕਾਲਜੇ ਦੀ ਡਾਢੀ ਇਹਨੂੰ ਭੁੱਖ ਲੱਗੀ,
ਰੱਤ ਵਿੱਚ ਕੁੱਟ ਕੁੱਟ, ਖਾਂਵਦਾ ਏ ਚੂਰੀ ਤੀਰ।
ਜਿਦ੍ਹੇ ਕੋਲ ਜਾਂਵਦਾ ਏ, ਅਮਲੀ ਬਣਾਵੇ ਉਹਨੂੰ,
ਪਹੁੰਚ ਕੇ ਪਿਲਾਵੇ ਮਦ ਓਸ ਨੂੰ ਅੰਗੂਰੀ ਤੀਰ।
ਜੂਝ ਰਹੇ ਸਿੱਖ ਜਦੋਂ ਵੇਖਦੇ ਤਾਂ ਆਖਦੇ ਨੇ,
'ਸੋਹਣਾ ਤੀਰ! ਮੋਹਣਾ ਤੀਰ, ਵਾਹਵਾ ਏ "ਹਜ਼ੂਰੀ ਤੀਰ।"

### ਕਬਿੱਤ

ਖਿੱਚੇ ਜਾਂਦੇ ਸਾਸ ਵਰਿਆਮਾਂ ਦਿਆਂ ਤਨਾਂ ਵਿੱਚੋਂ,
ਖਿੱਚਦਾ ਕਮਾਨੋਂ ਜਦੋਂ ਦਸਮੇਸ਼ ਬੀਰ ਤੀਰ।
ਮੱਖਣੀ ਦੇ ਵਿੱਚੋਂ ਜਿਵੇਂ ਵਾਲ ਲੰਘੇ ਰੋਕ ਬਿਨਾਂ,
ਦਿਲਾਂ ਵਿੱਚੋਂ ਏਦਾਂ ਪਿਆ ਲੰਘੇ ਚੀਰ ਚੀਰ ਤੀਰ।
ਲੀਰ ਪੱਟੀ ਬੰਨ੍ਹਣੇ ਦੀ ਵੇਹਲ ਵੀ ਨਾ ਦੇਂਵਦਾ ਏ,
ਕਰੀ ਜਾਵੇ ਸੈਂਕੜੇ ਸਰੀਰ ਲੀਰ ਲੀਰ ਤੀਰ।
ਟਿਡੀ-ਦੱਲ ਵਿੱਚ ਮੌਤ ਆਂਵਦੀ ਨਜ਼ਰ ਪਵੇ,
ਗੁਜਰੀ ਦੇ ਚੰਦ ਦਾ ਏ ਐਸਾ ਬੇ-ਨਜ਼ੀਰ ਤੀਰ।

### ਕਬਿੱਤ

ਇੱਕ ਪੈਰ ਅੱਗੇ ਪੁੱਟ ਸਕਦਾ ਨਾ ਸੂਰਮਾ ਓਹ,
ਜਿਦ੍ਹੀ ਹਿੱਕ ਉਤੇ ਜਾ ਕੇ ਖਿੱਚਦਾ ਲਕੀਰ ਤੀਰ।
ਸਿੱਖ ਸੀ ਇਹ ਆਖਦੇ ਕਿ ਕਿਸੇ ਥਾਓਂ ਏਸ ਪਾਸੇ,
ਵੇਖੋ ਜੀ ਚਲਾਂਵਦਾ ਹੈ ਉੱਚ ਦਾ ਇਹ ਪੀਰ ਤੀਰ।
ਸ਼ਹਿਨਸ਼ਾਹ ਏ ਜੱਗ ਦਾ, ਗੋਬਿੰਦ ਸਿੰਘ ਸੂਰਬੀਰ,
ਉਦ੍ਹੇ ਵੱਲੋਂ ਆਂਵਦਾ ਏ ਚੱਤਰ ਵਜ਼ੀਰ ਤੀਰ।
ਏਸ ਪਾਸੇ, ਓਸ ਪਾਸੇ, ਵੈਰੀਆਂ ਦੇ ਦਿਲਾਂ ਵਿੱਚ,
ਚਾਰੇ ਪਾਸੇ ਸ਼ੂਕੇ ਦਸਮੇਸ਼ ਦਾ ਈ 'ਤੀਰ' ਤੀਰ।

### ਸਿੰਘਾਂ ਦੇ ਤੀਰ ਮੁੱਕ ਗਏ (ਵੱਲੋਂ ਕਵੀ)

ਆਣ ਤੀਰ ਤੇ ਗੋਲੀਆਂ ਜਦੋਂ ਮੁੱਕੇ, ਝੱਟ ਕੱਢ ਲਈ ਤੇਜ਼ ਤਲਵਾਰ ਸਿੰਘਾਂ
ਕੀਤੀ ਵਾਢ ਮੈਦਾਨ ਦੇ ਵਿੱਚ ਚੰਗੀ, ਰੱਜ ਰੱਜ ਕੇ ਲਾਹੇ ਸਥਾਰ ਸਿੰਘਾਂ
'ਏਥੋਂ ਜਾਨ ਬਚਾ ਕੇ ਨੱਠ ਜਾਈਏ' , ਕੀਤੀ ਰਤਾ ਨਾ ਦਿਲੋਂ ਵਿਚਾਰ ਸਿੰਘਾਂ
ਲਾਹੀ ਆਸ ਜਹਾਨ 'ਤੇ ਜੀਵਣੇ ਦੀ, ਕੀਤੀ ਜੋਧਿਆਂ ਦੇ ਵਾਂਗ ਕਾਰ ਸਿੰਘਾਂ
ਇੱਕ ਇੱਕ ਕਰਕੇ ਗਏ ਜਾਨ ਦੇਂਦੇ, ਸੁੱਟੇ ਮੂਲ ਨਾ ਡਰ ਹਥਿਆਰ ਸਿੰਘਾਂ
ਏਦਾਂ ਜਾਨ 'ਤੇ ਖੇਡ ਕੇ ਧਰਮ ਖਾਤਰ, ਜਾਨਾਂ ਹੱਸ ਕੇ ਦਿਤੀਆਂ ਵਾਰ ਸਿੰਘਾਂ
ਕੁੱਝ ਹੋਇ ਫੱਟੜ, ਬਾਕੀ ਪਾਰ ਬੋਲੇ, ਖ਼ੂਬ ਪਾਲਿਆ ਦੇਸ਼-ਪਿਆਰ ਸਿੰਘਾਂ
'ਤੀਰ' ਵੇਖ ਟਿਬੀ ਸਾਸ ਦੇਣ ਵੇਲੇ*, ਕੀਤੀ ਕਈ ਵਾਰੀ ਨਿਮਸ਼ਕਾਰ ਸਿੰਘਾਂ

### ਵਜ਼ੀਰ ਖਾਂ ਦੀ ਨਿਰਾਸਤਾ (ਵੱਲੋਂ ਕਵੀ)

ਜਦੋਂ ਇਸ ਤਰ੍ਹਾਂ ਯੁੱਧ ਦਾ ਅੰਤ ਹੋਇਆ, ਤਾਂ ਵਜ਼ੀਰ ਖਾਂ ਵੇਖ ਹੈਰਾਨ ਹੋਇਆ
ਢਾਬ ਪਈ ਸੁੱਕੀ, ਪਾਣੀ ਬੂੰਦ ਨਾਹੀਂ , ਸ਼ਾਹੀ ਫ਼ੌਜ ਦਾ ਵੇਖ ਨੁਕਸਾਨ ਹੋਇਆ
'ਮਤੇ ਲੋਥ ਦਸਮੇਸ਼ ਦੀ ਲੱਭ ਜਾਵੇ', ਇਧਰ ਓਸਦਾ ਫੇਰ ਧਿਆਨ ਹੋਇਆ
'ਤੀਰ' ਕੁੱਝ ਵੀ ਨ ਐਪਰ ਹੱਥ ਆਇਆ, ਪਛੋਤਾਣ ਲੱਗਾ ਪਸ਼ੇਮਾਨ ਹੋਇਆ

### (ਵੱਲੋਂ ਕਵੀ)

ਉਤੋਂ ਮਾਹ ਵੈਸਾਖ ਦਾ ਪਏ ਗਰਮੀ, ਫ਼ੌਜੀ ਪਏ 'ਪਾਣੀ ਪਾਣੀ' ਕਰਨ ਸਾਰੇ
ਪਵੇ ਮੂਹ ਦੇ ਵਿੱਚ ਜ਼ਬਾਨ ਨਾਹੀਂ, ਹੌਂਕਣ ਪਏ ਸਾਰੇ ਹੌਕੇ ਭਰਨ ਸਾਰੇ

---

* ਜਿਸ ਟਿੱਬੀ ਵੱਲੋਂ ਦਸਮੇਸ਼ ਜੀ ਦੇ ਤੀਰ ਆਉਂਦੇ ਸਨ।

ਅੱਗੇ ਪਤਾ ਕੀ 'ਮਿਲੇ ਨਾ ਮਿਲੇ ਪਾਣੀ', ਅੱਗੇ ਪੈਰ ਵਧਾਵਣੋਂ ਡਰਨ ਸਾਰੇ
'ਤੀਰ' ਛੱਡ ਫੱਟੜ ਮੁਰਦੇ ਮੁੜੇ ਪਿੱਛੇ, ਲੱਗੇ ਤੇਹ ਮਾਰੇ ਜਦੋਂ ਮਰਨ ਸਾਰੇ

### ਮੈਦਾਨ ਵਿਚ ਪਈਆਂ ਹੋਈਆਂ ਲੋਥਾਂ (ਵੱਲੋਂ ਕਵੀ)

ਲੋਥਾਂ ਨਾਲ, ਖਿਦਰਾਣੇ ਦੀ ਭੋਂ ਰੁੱਝੀ, ਜਾਨਾਂ ਸੂਰਮੇ ਹੱਸ ਕੇ ਵਾਰ ਸੁੱਤੇ
ਪਹਿਲੇ ਵਾਰ ਅੰਦਰ ਕਈ ਗਏ ਮਾਰੇ, ਕਈ ਕਈ, ਕਈਆਂ ਤਾਈਂ ਮਾਰ ਸੁੱਤੇ
ਸਿੰਘ ਆਏ ਜਿੰਨੇ ਰਹੇ ਖੇਤ ਓਨੇ, ਗਾਜ਼ੀ ਨਾਲ ਪਰ ਤਿੰਨ ਹਜ਼ਾਰ ਸੁੱਤੇ
ਸੁੱਤੇ ਨਿਰੇ ਨਾ ਸੂਰਮੇ ਖੇਤ ਅੰਦਰ, ਹੱਥੋਂ ਡਿੱਗ ਕੇ ਨਾਲ ਹਥਿਆਰ ਸੁੱਤੇ
ਕਈ ਧੜ ਸੁੱਤੇ ਸਿਰੋਂ ਅੱਡ ਹੋ ਕੇ, ਲਾਹ ਕੇ ਆਪਣੇ ਮੋਢਿਓਂ ਭਾਰ ਸੁੱਤੇ
'ਤੀਰ' ਸਦਾ ਦੇ ਵਾਸਤੇ ਰਣ ਅੰਦਰ, ਕਲਗੀਧਰ ਜੀ ਦੇ ਹੋਣਹਾਰ ਸੁੱਤੇ

### ਟੁੱਟੀ ਗੰਢੀ ਗਈ (ਵੱਲੋਂ ਕਵੀ) ਨਵੀਨ ਬੈਂਤ

ਜਾਨਾਂ ਵਾਰ ਕੇ ਜੂਝ ਕੇ ਜਦੋਂ ਏਦਾਂ, ਨਾਂਵਾਂ ਚਾੜ੍ਹਿਆ ਗਿਆ ਇਤਿਹਾਸ ਅੰਦਰ
ਸਦਾ ਲਈ ਸਮਾਧੀਆਂ ਲਾ ਸੁੱਤੇ, ਜੋਗੀ ਜੰਗ ਦੇ ਜਦੋਂ ਬਨਬਾਸ ਅੰਦਰ
ਇੱਕ ਸਿੱਕਦਾ ਸੀ ਉਨ੍ਹਾਂ ਸਾਰਿਆਂ 'ਚੋਂ, ਅੱਜੇ ਜੀਂਵਦਾ ਸੀ ਕਿਸੇ ਆਸ ਅੰਦਰ
ਤਾਂਘ ਦਰਸ਼ਨਾਂ ਦੀ ਪਈ ਤਾਂਘਦੀ ਸੀ, ਉਦ੍ਹੇ ਟੁੱਟਦੇ ਹੱਡ ਤੇ ਮਾਸ ਅੰਦਰ
ਹੱਥ ਜੁੜੇ ਹੋਏ, ਅੱਖਾਂ ਵਗ ਰਹੀਆਂ, ਉਹਨੂੰ ਦਰਦ ਪ੍ਰੀਤ ਦਾ ਹੋ ਰਿਹਾ ਸੀ
ਡੁੱਲ੍ਹ ਰਹੀ ਅਰਦਾਸ ਸੀ ਦਿਲ ਵਿੱਚੋਂ, ਤੇ ਉਹ ਇਸ ਤਰ੍ਹਾਂ ਲੁੱਛਕੇ ਰੋ ਰਿਹਾ ਸੀ

'ਤੂੰ ਏਂ ਪਿਤਾ ਤੇ ਮੈਂ ਹਾਂ ਪੁੱਤ ਤੇਰਾ, ਪਿਤਾ ਪੁੱਤ ਨੂੰ ਕਦੇ ਵਿਛੋੜਦਾ ਨਹੀਂ
ਪੁੱਤਰ ਲੱਖ ਵਾਰੀ ਤਿਣਕਾ ਤੋੜ ਜਾਵੇ, ਪਿਤਾ ਪੁੱਤਰਾਂ ਤੋਂ ਕਦੇ ਤੋੜਦਾ ਨਹੀਂ
ਭਾਵੇਂ ਪੁੱਤ ਕਪੁੱਤ ਵੀ ਹੋ ਜਾਵੇ, ਕਦੇ ਪਿਉ ਕੁ-ਪਿਉ ਹੋ ਛੋੜਦਾ ਨਹੀਂ
ਪੁੱਤਰ ਲੱਖ ਵਾਰੀ ਭਾਵੇਂ ਕੱਢ ਦੇਵੇ, ਪਿਤਾ ਪੁੱਤ ਵੱਲੋਂ ਮੂੰਹ ਮੋੜਦਾ ਨਹੀਂ
ਪਿਤਾ ! ਪੁੱਤ ਨੂੰ ਮੁੱਖ ਵਿਖਾਏ ਜੇਕਰ, ਵੇਲੇ ਅੰਤ ਦੇ ਸੁਰਖਰੂ ਹੋ ਜਾਵਾਂ
ਪੁੱਤਰ-ਪੁਣੇ 'ਤੇ ਜਿਹੜਾ ਕਲੰਕ ਲਇਆ, ਮੇਰਾ ਜੀ ਕਰਦਾ ਰੋ ਰੋ ਧੋ ਜਾਵਾਂ'

ਏਸ ਹਾਲ ਵਿੱਚ ਸਿੱਕਦਾ ਸਿੱਖ ਏਧਰ, ਦੀਦ ਵਾਸਤੇ ਵਾਸਤੇ ਪਾ ਰਿਹਾ ਸੀ
ਉਧਰ ਪਿਤਾ ਦਸਮੇਸ਼ ਵੀ ਖਿੱਚ ਖਾ ਕੇ, ਏਸੇ ਸੇਧ ਉੱਤੇ ਭੱਜਾ ਆ ਰਿਹਾ ਸੀ
ਮਹਾਂ ਸਿੰਘ 'ਦਾਤਾਰ ਦਾਤਾਰ' ਕਹਿ ਕੇ, ਇਧਰ ਹਾੜਿਆਂ ਨਾਲ ਬੁਲਾ ਰਿਹਾ ਸੀ
ਉਧਰ ਚਾਲ੍ਹੀਆਂ ਦੇ ਚੁੰਮ ਚੁੰਮ ਮੱਥੇ, ਛਾਤੀ ਨਾਲ ਬਾਜਾਂ ਵਾਲਾ ਲਾ ਰਿਹਾ ਸੀ

ਹਰ ਇੱਕ ਸ਼ਹੀਦ ਨੂੰ ਚੁੱਕ ਗੋਦੀ, ਵਾਂਗ ਪੁੱਤਰਾਂ ਲਾਡ ਲਡਾਂਵਦਾ ਸੀ
ਪੂੰਝ ਪੂੰਝ ਕੇ ਸਭ ਦੇ ਮੂੰਹ ਮੱਥੇ, ਏਦਾਂ ਪ੍ਰੇਮ ਵਿੱਚ ਆਖਦਾ ਜਾਂਵਦਾ ਸੀ

'ਮੇਰੇ ਪੰਜ ਹਜ਼ਾਰੀਆ' ਬੱਚਿਆ ਓ! ਮੇਰੀ ਆਤਮਾ ਹੈਂ ਮੇਰੀ ਜਾਨ ਹੈਂ ਤੂੰ
ਮੇਰੇ 'ਦੱਸ ਹਜ਼ਾਰੀਆ' ਸ਼ੇਰ ਮਰਦਾ! ਬੱਚਾ ਜੱਗ ਅੰਦਰ ਮੇਰਾ ਮਾਣ ਹੈਂ ਤੂੰ
ਦੇਸ਼ ਲਈ ਓ ਮੇਰਿਆ ਅਣਖ ਵਾਨਾਂ, ਹੱਸ ਹੱਸ ਹੋਇਆ ਬਲੀਦਾਨ ਹੈਂ ਤੂੰ
ਲਹੂ ਡੋਲ੍ਹ ਖਿਦਰਾਣੇ ਦੀ ਢਾਬ ਉੱਤੇ, ਬੱਚਾ, ਰੰਗ ਚੁਕਾ ਹਿੰਦੋਸਤਾਨ ਹੈਂ ਤੂੰ
ਅੱਖੋਂ ਕਿਰਨ ਹੰਝੂ ਬੋਲ ਬੋਲ ਮਿੱਠੇ, ਦਰਦ-ਕਾਨੀਆਂ ਕਾਲਜੇ ਖਾ ਗਿਆ ਓਹ
'ਤੀਰ' ਲੋੜਦਾ ਭਾਲਦਾ ਅੰਤ ਵੇਖੋ, ਮਹਾਂ ਸਿੰਘ ਜੀ ਦੇ ਕੋਲ ਆ ਗਿਆ ਓਹ

ਮੋਤੀ ਅੱਖੀਓਂ ਵਾਰ ਕੇ ਕਹਿਣ ਲੱਗਾ , 'ਮੇਰੇ ਲਾਲ ਕੀ ਰੰਗ ਬਣਾ ਲਿਆ ਈ
ਮੇਰੀ ਤੇਗ਼ ਦੇ ਲਾਡਲੇ ਪੁੱਤਰਾ ਓ, ਇਹ ਕੀ ਆਪਣਾ ਜੌਹਰ ਵਿਖਾ ਲਿਆ ਈ
ਜੰਗ ਵਿੱਚ ਹੀ ਛੱਡ ਕੇ ਆ ਗਿਆ ਸੈਂ, ਕਿਉਂ ਫੇਰ ਇਹ ਜੰਗ ਮਚਾ ਲਿਆ ਈ
ਉਦੋਂ ਸੁਣੀ ਨਾ ਮੂਲ ਆਵਾਜ਼ ਮੇਰੀ, ਅੱਜ ਦੱਸ ਪਰ ਕਿਉਂ ਬੁਲਾ ਲਿਆ ਈ
ਜੀਵੇਂ ਮੇਰਿਆ ਪੁੱਤਰਾ! ਜੁੱਗ ਚਾਰੇ, ਤੈਨੂੰ ਲੱਖ ਵਾਰੀ ਆਖਾਂ ਜੀ ਬੱਚਾ
ਕੀ ਹੈ ਮੰਗ ਤੇਰੀ? ਮੰਗ! ਸੰਗ ਨਾ ਤੂੰ, ਦੱਸ ਕਰਾਂ ਤੇਰੀ ਖ਼ਾਤਰ ਕੀ ਬੱਚਾ

ਰੁਕ ਰੁਕ ਕੇ ਸਿੱਖ ਦੀ ਜੀਭ ਬੋਲੀ, ਪਿਤਾ! ਕੀ ਆਖਾਂ ਨਹੀਂ ਕਹਿਣ ਹੁੰਦਾ
ਰਹਿ ਰਹਿ ਕੇ, ਅੱਥਰੂ ਡੁੱਲ੍ਹਦੇ ਨੇ, ਆਵੇ ਝੱਕ ਤਾਂ ਵੀ ਨਹੀਂ ਰਹਿਣ ਹੁੰਦਾ
ਅੰਦਰ ਹੜ੍ਹ ਆਏ ਪਛੋਤਾਵਿਆਂ ਦੇ, ਜਿਵੇਂ ਕਿਸੇ ਦਰਿਆ ਦਾ ਵਹਿਣ ਹੁੰਦਾ
ਤੇਰਾ ਪੁੱਤ ਹੋ ਕੇ, ਏਸ ਹਿੱਕ ਉਤੇ, ਨਾਹੀਂ ਦਾਗ਼ ਬੇਦਾਵੇ ਦਾ ਸਹਿਣ ਹੁੰਦਾ
ਅਸੀਂ ਭੁੱਲ ਕੇ ਗੋਦੀਓਂ ਡਿੱਗ ਪਏ ਹਾਂ, ਫੇਰ ਗੋਦ ਦੇ ਵਿੱਚ ਬਿਠਾ ਸਾਨੂੰ
ਚੌਹਾਂ ਪੁੱਤਾਂ ਦੇ ਨਾਮ ਦਾ ਵਾਸਤਾ ਈ, ਪਿਤਾ! ਪਰਤ ਕੇ ਪੁੱਤ ਬਣਾ ਸਾਨੂੰ

ਦਸਮ ਪਿਤਾ ਜੀ, ਸਿੱਖ ਦੀ ਗੱਲ ਸੁਣ ਕੇ, ਉਦ੍ਹੀ ਆਤਮਾ ਜਿਵੇਂ ਟਟੋਲਦੇ ਰਹੇ
ਰਾਹੀ ਪੁੱਤ ਨੂੰ, ਰਹੇ ਧਰਵਾਸ ਦੇਂਦੇ, ਭਿੱਜੇ ਪ੍ਰੇਮ ਅੰਦਰ ਬੋਲ ਬੋਲਦੇ ਰਹੇ
ਉਦ੍ਹੇ ਇੱਕ ਇੱਕ ਲਹੂ ਦੀ ਛਿੱਟ ਉਤੇ, ਹੰਝੂ ਸੌ ਸੌ ਅੱਖੀਓਂ ਡੋਲ੍ਹਦੇ ਰਹੇ
ਹੋਏ ਗੁੰਮ ਦਾਤੇ ਕਿਸੇ ਯਾਦ ਅੰਦਰ, ਹਥੀਂ ਮੁੜ ਮੁੜ ਕੇ ਜੇਬਾਂ ਫੋਲਦੇ ਰਹੇ
ਛੇਤੀ ਨਾਲ ਫਿਰ ਖੋਲ੍ਹਿਆ ਕਮਰਕੱਸਾ, ਵਿੱਚੋਂ ਕਾਗਜ਼ ਬੇਦਾਵੇ ਦਾ ਪਾ ਲੀਤਾ
ਮਹਾਂ ਸਿੰਘ ਨੂੰ ਆਪ ਨੇ ਇਉਂ ਕਹਿ ਕੇ, ਛਾਤੀ ਰੋਂਦਿਆਂ ਰੋਂਦਿਆਂ ਲਾ ਲੀਤਾ

ਵੇਖ ਵੇਖ ਉਇ ਮੇਰਿਆ ਮਹਾਂ ਸਿੰਘਾ, ਅੱਜ ਦੱਲ-ਸ਼ਿੰਗਾਰ ਗਵਾ ਲਿਆ ਮੈਂ
ਦਿੱਤੀ ਪੁਰੀ ਅਨੰਦ ਵੀ ਵੈਰੀਆਂ ਨੂੰ, ਉਦ੍ਹਾ ਸ਼ਾਹੀ ਦਰਬਾਰ ਗਵਾ ਲਿਆ ਮੈਂ
ਹੱਥੀਂ ਰੋੜ੍ਹ ਦਿੱਤਾ ਸਾਰਾ ਮਾਲ ਦੌਲਤ, ਖੁਸ਼ੀ ਖੁਸ਼ੀ ਪਰਵਾਰ ਗਵਾ ਲਿਆ ਮੈਂ
ਜ਼ੋਰਾਵਰ ਤੇ ਫਤਹਿ ਗਵਾ ਲਿਆ ਮੈਂ, ਤੇ ਅਜੀਤ ਜੁਝਾਰ ਗਵਾ ਲਿਆ ਮੈਂ
ਸਭੋ ਕੁਝ ਗਵਾ ਲਿਆ ਖਿੜੇ ਮੱਥੇ, ਐਪਰ ਨਹੀਂ ਬੇਦਾਵਾ ਗਵਾ ਸਕਿਆ
ਭਾਵੇਂ ਤੁਸੀ ਤਾਂ ਆਏ ਭੁਲਾ ਮੈਨੂੰ, ਐਪਰ ਨਹੀਂ ਮੈਂ ਦਿਲੋਂ ਭੁਲਾ ਸਕਿਆ

ਮੈਂ ਸਾਂ ਪਿਤਾ ਤੇ ਤੁਸੀਂ ਸੌ ਪੁੱਤ ਮੇਰੇ, ਤੁਸਾਂ ਭੁੱਲ ਅੰਦਰ ਦਿੱਤੀ ਕੰਡ ਮੈਨੂੰ
ਤੁਸਾਂ ਜਾਂਦਿਆਂ ਦੀ ਕੰਡ ਵੇਖ ਕੇ ਵੀ, ਮੇਰੇ ਬੱਚਿਓ! ਪੈਂਦੀ ਸੀ ਠੰਡ ਮੈਨੂੰ
ਮੇਰੀ ਸੱਖਣੀ ਗੋਦ ਦੀ ਤੁਸੀਂ ਰੌਣਕ, ਇਹੋ ਲਾਹ ਲੱਭਾ ਹੰਢ ਹੰਢ ਮੈਨੂੰ
ਮੈਂ ਕੀ ਤੁਸਾਂ ਨੂੰ ਗੰਢਣਾ ਮਹਾਂ ਸਿੰਘਾ, ਤੁਸਾਂ ਅੱਜ ਲੀਤਾ ਆਪ ਗੰਢ ਮੈਨੂੰ
ਜਾਓ ਮੁਕਤ ਸਾਰੇ, ਤੁਸਾਂ ਸਾਰਿਆਂ ਦਾ, ਨਾਵਾਂ ਸਿੱਖੀ ਦੀ ਵਹੀ 'ਤੇ ਚਾੜ੍ਹ ਦਿੱਤਾ
'ਤੀਰ' ਏਤਨਾ ਆਖ ਦਸਮੇਸ਼ ਜੀ ਨੇ, ਹੱਥੀਂ ਕਾਗਜ਼ ਬੇਦਾਵੇ ਦਾ ਪਾੜ ਦਿੱਤਾ

### *ਸ਼ਹੀਦਾਂ ਦੀਆਂ ਲੋਥਾਂ ਦਾ ਸਸਕਾਰ (ਵੱਲੋਂ ਕਵੀ)*

ਟੁੱਟੀ ਗੰਢ ਕੇ ਇਸ ਤਰ੍ਹਾਂ ਭਰੇ ਨੈਣੀਂ, ਜਾਨੀ ਜਾਨ ਨੇ ਹੋਰ ਉਪਕਾਰ ਕੀਤਾ
ਹੱਰ ਲੋਥ ਨੂੰ ਪੂੰਝਿਆ ਚੁੰਮ ਮੱਥਾ, ਸੱਕੇ ਪੁੱਤਰਾਂ ਵਾਂਙ ਪਿਆਰ ਕੀਤਾ
ਫੇਰ ਸੱਭ ਲੋਥਾਂ ਜੋੜ ਇੱਕ ਥਾਵੇਂ, ਲਾਂਬੂ ਲਾਣ ਦਾ ਅੰਤ ਵਿਚਾਰ ਕੀਤਾ
ਚਿੱਖਾ ਚਿਣੀ ਸਾਂਝੀ ਸਿੱਖਾਂ-ਪੁੱਤਰਾਂ ਦੀ, ਫੇਰ ਬੈਠ ਕੇ ਯਾਦ ਕਰਤਾਰ ਕੀਤਾ
ਆਪੇ ਅੱਗ ਲਾਈ ਦਇਆ ਪੁੰਜ ਜੀ ਨੇ, ਹੱਥੀਂ ਆਪਣੀ ਇਉਂ ਸਸਕਾਰ ਕੀਤਾ
'ਤੀਰ' ਅੰਤ ਏਥੇ 'ਟੁੱਟੀ ਗਈ ਗੰਢੀ', ਏਸ ਗੱਲ ਦਾ ਸ਼ੁਕਰ ਹਜ਼ਾਰ ਕੀਤਾ

### *ਮਾਈ ਭਾਗੋ ਬਚ ਰਹੀ*

ਐਪਰ ਮਾਈ ਭਾਗੋ ਬਚੀ ਜੰਗ ਵਿੱਚੋਂ, ਹੋਈ ਕੁੱਝ ਫੱਟੜ ਕੁੱਝ ਚੂਰ ਹੋਈ
ਥੱਕੀ ਲੜ ਲੜ ਕੇ, ਹੋ ਬਿਹੋਸ਼ ਡਿੱਗੀ, ਕਿਸੇ ਖ਼ੁਸ਼ੀ ਦੇ ਵਿੱਚ ਮਖਮੂਰ ਹੋਈ
ਉਹ ਬੇਹੋਸ਼ ਵੀ ਪਈ ਸੀ ਸ਼ੁਕਰ ਕਰਦੀ, ਘਾਲ ਗੁਰੂ ਦੇ ਘਰ ਮਨਜ਼ੂਰ ਹੋਈ
'ਤੀਰ' ਸ਼ੇਰਨੀ ਦੇਸ਼-ਦਸਮੇਸ਼ ਖਾਤਰ, ਵੇਖੋ ਪ੍ਰੇਮ ਦੇ ਵਿੱਚ ਭਰਪੂਰ ਹੋਈ

### *ਮਾਈ ਭਾਗੋ ਤੇ ਦਸਮੇਸ਼ ਜੀ ਦਾ ਮੇਲ*

ਲੋਥਾਂ ਸੱਭ ਸਸਕਾਰ ਦਸਮੇਸ਼ ਚੋਜੀ, ਅੱਗੇ ਹੋਏ ਤਾਂ ਦਿੱਸ ਪਈ ਮਾਈ ਭਾਗੋ
ਜਾਣੀ ਜਾਣ ਨੇ ਝੱਟ ਸੰਭਾਲ ਕੀਤੀ, ਚੁੱਕ ਨਾਲ ਕਲੇਜੇ ਦੇ ਲਾਈ ਭਾਗੋ

'ਮੇਰੀ ਬੱਚੀ ਬੀਰੰਗਣਾ ਧਰਮ-ਦੇਵੀ', ਕਹਿ ਕੇ ਸ੍ਰੀ ਦਸਮੇਸ਼ ਵਡਿਆਈ ਭਾਗੋ
'ਟੁੱਟੀ ਗੰਢਣੇ ਦੀ' ਸਾਰੀ ਗੱਲ ਦੱਸੀ, ਜਦੋਂ ਪਰਤ ਕੇ ਹੋਸ਼ ਵਿਚ ਆਈ ਭਾਗੋ
ਸੁਣੀ ਗੱਲ ਤਾਂ ਬੜੀ ਪ੍ਰਸੰਨ ਹੋਈ, ਜਾਣੀ ਜਾਣ ਨੂੰ ਧੌਣ ਨਿਵਾਈ ਭਾਗੋ
ਜਾਣੀ ਜਾਣ ਨੇ ਵੀ ਐਸੀ ਮਿਹਰ ਕੀਤੀ, ਸਦਾ ਆਪਣੇ ਕੋਲ ਟਿਕਾਈ ਭਾਗੋ
ਮਰਦੇ ਦੱਮ ਤੀਕਰ ਗੁਰਾਂ ਨਾਲ ਰਹਿ ਕੇ, ਕੀਤੀ ਨਾਮ ਦੀ ਖ਼ੂਬ ਕਮਾਈ ਭਾਗੋ
'ਤੀਰ' ਮਰ ਕੇ ਜੱਗ ਨੂੰ ਮਿਲੇ ਜੇਹੜੀ, 'ਜੀਵਨ ਮੁਕਤ' ਜੀਂਦੇ ਏਦਾਂ ਪਾਈ ਭਾਗੋ

### ਖਿਦਰਾਣੇ ਤੋਂ ਮੁਕਤਸਰ (ਵੱਲੋਂ ਕਵੀ)

ਵੇਖ ਵੇਖ ਖਿਦਰਾਣੇ ਦੀ ਢਾਬ ਤਾਈਂ, ਜਾਣੀ ਜਾਣ ਬੋਲੇ ਮੇਰਾ ਘਰ ਹੈ ਇਹ
ਮੁਕਤ ਏਸ ਦਾ ਭਰੇਗੀ ਨਿਤ ਪਾਣੀ, ਹੋਇਆ ਅੱਜ ਤੋਂ ਲੈ ਮੇਰਾ ਵਰ ਹੈ ਇਹ
ਮੇਰੇ ਬੱਚੜੇ ਇਥੇ ਸ਼ਹੀਦ ਹੋਏ, ਮੇਰੇ ਹੀਰੇ ਸ਼ਹੀਦਾਂ ਦਾ ਦਰ ਹੈ ਇਹ
'ਤੀਰ' ਢਾਬ ਨੇ ਹੈ ਨਵਾਂ ਜਨਮ ਲੀਤਾ, ਮੇਰੇ ਮੁਕਤਿਆਂ ਦਾ *ਮੁਕਤਸਰ ਹੈ ਇਹ

### ਅਗਲਾ ਪੰਧ (ਵੱਲੋਂ ਕਵੀ)

ਏਦਾਂ ਬਖ਼ਸ਼ਸ਼ਾਂ ਬਖ਼ਸ਼ ਕੇ ਮੁਕਤਿਆਂ ਨੂੰ, ਅੱਗੇ ਚੱਲ ਪਏ ਗੁਰੂ ਦਾਤਾਰ ਵੇਖੋ
ਜਿਥੇ ਜਾਣ ਉਥੇ ਨਾਮ ਦਾਨ ਕਰਦੇ, ਕਰਨ ਡੁੱਬਿਆਂ ਜੀਆਂ ਨੂੰ ਪਾਰ ਵੇਖੋ
ਨਵੇਂ ਦਿਲਾਂ ਵਿੱਚ ਨਵਾਂ ਉਤਸ਼ਾਹ ਭਰਦੇ, ਪੈਦਾ ਦੇਸ਼ ਦਾ ਕਰਨ ਪਿਆਰ ਵੇਖੋ
'ਤੀਰ' ਦੀਨ-ਦਰਦੀ ਵੇਖ ਗੁਰੂ ਆਏ, ਜੁੜੇ ਸਿੱਖ ਸੇਵਕ ਪ੍ਰੇਮ-ਧਾਰ ਵੇਖੋ

### ਫੇਰ

ਪਾਪ ਬਦੀ ਬੁਰਿਆਈ ਦਾ ਬੀਜ ਮਾਰਨ, ਦੇਣ ਸੇਵਕਾਂ ਤਾਈਂ ਉਪਦੇਸ਼ ਐਸਾ
ਕਹਿਣ ਜ਼ੁਲਮ ਕਮਾਏ ਜੋ ਤਖ਼ਤ ਬਹਿ ਕੇ, ਰਹਿਣਾ ਚਾਹੀਦਾ ਨਹੀਂ ਨਰੇਸ਼ ਐਸਾ
ਦੀਨ ਰੱਖਣੇ, ਜ਼ੁਲਮ ਉਖੇੜ ਦੇਣਾ, ਰਹੇ ਸਿੱਖ ਦਾ ਪ੍ਰੱਣ ਹਮੇਸ਼ ਐਸਾ
'ਤੀਰ' ਦੇਸ਼-ਭਗਤੀ ਜਿਸ ਤੋਂ ਹੋਇ ਪੈਦਾ, ਕਰਨ ਸਦਾ ਹੀ ਕੰਮ ਦਸਮੇਸ਼ ਐਸਾ

### ਫੇਰ

ਏਦਾਂ ਸ੍ਰੀ ਦਸਮੇਸ਼ ਜੀ ਚੋਜ ਕਰਦੇ, ਜਦੋਂ ਮਾਲਵੇ ਨੂੰ ਭਾਗ ਲਾ ਰਹੇ ਸੀ
ਜਦੋਂ ਆਪ ਜੀ ਦੇ ਨਾਲ ਸਿੱਖ-ਪ੍ਰੇਮੀ, ਸੇਵਾ ਟਹਿਲ ਕਮਾਣ ਨੂੰ ਜਾ ਰਹੇ ਸੀ
ਜਦੋਂ ਸਾਹਮਣੇ ਆਣ ਕੇ ਸਮਾਂ ਹੋਰੀ, ਕਹਿਰੀ ਆਪਣੇ ਦੰਦ ਵਿਖਾ ਰਹੇ ਸੀ
'ਤੀਰ' ਹੱਥ ਖਾਲੀ ਜਾਣੀ ਜਾਣ ਮੇਰੇ, ਜਦੋਂ ਆਪਣਾ ਸਮਾਂ ਬਿਤਾ ਰਹੇ ਸੀ

---

* ਅੱਜ ਕੱਲ੍ਹ ਇਹ ਗੁਰਦਵਾਰਾ ਮੁਕਤਸਰ, ਜ਼ਿਲ੍ਹਾ ਫਿਰੋਜ਼ਪੁਰ ਵਿਚ ਹੈ।

## ਉਦੋਂ ਕੀ ਹੋਇਆ

ਉਦੋਂ ਇੱਕ ਹੋਣੀ ਹੋਈ ਭੇਦ ਵਾਲੀ, ਦੁਖੇ ਦਿਲਾਂ ਦੇ ਦਰਦ ਵਧਾਣ ਵਾਲੀ
ਕੁੱਝ ਸਿਦਕੀਆਂ ਦੇ ਡੋਲ ਜਾਣ ਵਾਲੀ, ਪਰਖ ਪ੍ਰੇਮੀਆਂ ਦਿਲਾਂ ਨੂੰ ਪਾਣ ਵਾਲੀ
ਸਿੱਖੀ ਮਾਲਵੇ ਦੀ ਨੂੰ ਬਚਾਣ ਵਾਲੀ, ਸਿੱਖੀ ਸਿਦਕ ਦੀ ਗੁੱਡੀ ਚੜ੍ਹਾਣ ਵਾਲੀ
'ਤੀਰ' ਏਸ ਲਈ ਏਸ ਥਾਂ ਲਿਖਦੇ ਹਾਂ, ਕਿਉਂਕਿ ਹੈ ਇਹ ਸਿਦਕ ਨਿਭਾਣ ਵਾਲੀ

## ਕੀ ਘਟਨਾ ਹੋਈ ? (ਵੱਲੋਂ ਕਵੀ) ਨਵੀਨ ਬੈਂਤ

ਇੱਕ ਸੂਰਮਾ ਪਾਸ ਦਸਮੇਸ਼ ਦੇ ਸੀ, ਨਿਰੀ ਸਿਦਕ ਦੀ ਜਾਨ ਲੌ ਕਣੀ ਹੈਸੀ
ਬਾਂਹ ਓਸਦੀ ਜਿੰਦ ਸੀ ਬੀਰਤਾ ਦੀ, ਖਾ ਖਾ ਜੋਸ਼ ਫ਼ੌਲਾਦ ਦੀ ਬਣੀ ਹੈਸੀ
ਉਹਦੀ ਅੱਖ ਅੰਦਰ ਅਣਖ ਸ਼ੇਰ ਦੀ ਸੀ, ਕਲਗੀਧਰ ਦੇ ਤਾਜ ਦੀ ਮਣੀ ਹੈਸੀ
ਉਹਦੇ ਵਾਰ ਤੋਂ ਮੌਤ ਵੀ ਬੱਚਦੀ ਸੀ, ਇਹੋ ਜਿਹਾ ਉਹ ਤੇਗ਼ ਦਾ ਧਨੀ ਹੈਸੀ
ਤਿੱਖਾ ਏਤਨਾ ਸੀ ਸਦਾ ਜ਼ਾਲਮਾਂ ਦੀ, ਰੱਤ ਤੇਗ਼ ਦੀ ਨੋਕ 'ਤੇ ਚੱਖਦਾ ਸੀ
ਹੈਸੀ ਸਿੰਘ ਸ਼ਹੀਦੀ ਦਾ ਛੈਲ-ਲਾੜਾ, ਸਦਾ ਸਿਹਰਾ ਸਜਾ ਕੇ ਰੱਖਦਾ ਸੀ

ਜਦੋਂ ਵੈਰੀਆਂ ਦੀ ਕਾਲੀ ਘਟਾ ਅੰਦਰ, ਉਹਦੀ ਤੇਗ਼-ਬਿਜਲੀ ਨਾਚ ਨੱਚਦੀ ਸੀ
ਮੁੜ੍ਹਕੋ ਮੁੜਕ ਸੀ ਇੰਦਰ ਦੀ ਦੇਹ ਹੁੰਦੀ, ਵਿੱਚ ਬੱਦਲਾਂ ਖਲਬਲੀ ਮੱਚਦੀ ਸੀ
ਉਹਦੇ ਸਾਮ੍ਹਣੇ ਹੁੰਦਿਆਂ ਦੱਲਾਂ ਵਿੱਚੋਂ, ਜਾਨ ਜਾਨ ਛੁਡਾ ਕੇ ਬੱਚਦੀ ਸੀ
ਉਦੋਂ ਹੂਰਾਂ ਦੇ ਪੈਰ ਵੀ ਥਿੜਕਦੇ ਸੀ, ਜਦੋਂ ਤੇਗ਼ ਉਹਦੀ ਨਾਚ ਨੱਚਦੀ ਸੀ
ਜੰਗ ਵਿਚ ਉਹ 'ਜੰਡੀਆਂ' ਕਰਨ ਲੱਗਾ, ਦੇਂਦਾ ਸਿਰ ਬੇਰਾਂ ਵਾਂਙ ਝਾੜ ਹੈਸੀ
'ਜਥੇਦਾਰ ਦਾਨਾ' ਉਹਨੂੰ ਆਖਦੇ ਸੀ, ਦਾਨਾ ਨਾਮ 'ਮਲਵੱਈ ਬੈਰਾੜ' ਹੈਸੀ

ਦਸਮ ਪਿਤਾ ਜੀ ਵੀ ਓਸ ਸੂਰਮੇ ਤੋਂ, ਦਿਲੋਂ ਲੱਖ ਵਾਰੀ ਆਪਾ ਘੋਲਦੇ ਸੀ
ਉਹਦੀ ਪ੍ਰੀਤ ਵਿੱਚ ਝੁੱਕਦੀ ਆਤਮਾ ਨੂੰ, ਨੈਣ-ਤੱਕੜੀ 'ਤੇ ਸਦਾ ਤੋਲਦੇ ਸੀ
ਸੀਨੇ ਵਿਚ ਸੀ ਰੱਖਦੇ ਦਿਲ ਵਾਂਙੂ, ਉਹਲੇ ਹੋਏ ਤਾਂ ਦਿਲ ਟਟੋਲਦੇ ਸੀ
ਜਦੋਂ ਪ੍ਰੇਮ ਭਿੱਜਾ 'ਦਾਨਾ' ਬੋਲਦਾ ਸੀ, ਵਿੱਚੋਂ ਪਏ ਦਸਮੇਸ਼ ਜੀ ਬੋਲਦੇ ਸੀ
ਜਿੰਦ ਸਾਹ ਉਹ ਸ੍ਰੀ ਦਸਮੇਸ਼ ਦਾ ਸੀ, ਸਿੰਘ ਦੱਲਾਂ ਦੀ ਦਿੱਲ ਤੇ ਜਾਨ ਹੈਸੀ
ਕਲਗੀਧਰ ਦੀ ਜੇ ਕਲਗੀ ਜੱਸ ਦੀ ਸੀ, ਦਾਨਾ ਓਸਦੇ ਜੱਸ ਦੀ ਸ਼ਾਨ ਹੈਸੀ

ਵੇਖੋ ਆਣ ਕੇ ਕੁਦਰਤੋਂ ਖੇਡ ਵਰਤੀ, ਦਾਨਾ ਆ ਗਿਆ ਪਰਖ ਦੇ ਵਾਰ ਅੱਗੇ
ਪਿੱਛੇ ਦੱਲ ਬੈਰਾੜਾਂ ਦਾ ਚੱਲਦਾ ਸੀ, ਹੈਸੀ ਜਾਂਵਦੀ ਪਈ ਸਰਕਾਰ ਅੱਗੇ

ਆਈ 'ਸਾਬੋ ਤਲਵੰਡੀ' ਦੀ ਜੂਹ ਹੈ ਸੀ, ਸੂਰਜ ਠਹਿਰ ਨਾ ਸਕੇ ਨੁਹਾਰ ਅੱਗੇ
ਕਾਲੀ ਘਟਾ ਹੈਸੀ ਫ਼ੌਜ ਖ਼ਾਲਸੇ ਦੀ, ਨੱਚੇ ਬਿਜਲੀ ਤੇਗ਼ ਦੀ ਧਾਰ ਅੱਗੇ
ਜਾਣੇ ਰੱਬ ਕੀ ਆਗਿਆ ਦਿਲ ਅੰਦਰ, ਵਧੇ ਕੁੱਝ ਅੱਗੇ ਜੇਰਾ ਬੜਾ ਕਰਕੇ
ਫੜੀ ਦੱਲ-ਸ਼ਿਗਾਰ ਦੀ ਵਾਗ ਅੱਗੋਂ, ਏਦਾਂ ਸੋਢੀ ਸੁਲਤਾਨ ਨੂੰ ਖੜ੍ਹਾ ਕਰਕੇ

### ਰੋਕਣ ਵਾਲਿਆਂ ਨੇ ਕੀ ਆਖਿਆ ?

ਲੱਗੇ ਕਹਿਣ 'ਲੌ ਗੁਰੂ ਜੀ ਬੱਸ ਸਾਡੀ, ਅਸਾਂ ਜੰਗ ਦੀ ਖੱਟ ਹੁਣ ਹੋਕਣੀ ਨਹੀਂ
ਤਪੇ ਹੋਏ ਲੜਾਈ ਦੇ ਭੱਠ ਅੰਦਰ, ਜਿੰਦ ਕਿਸੇ ਬੈਰਾੜ ਨੇ ਝੋਕਣੀ ਨਹੀਂ
ਸਾਡਾ ਦੱਲ ਦਾ ਦੱਲ ਹੀ ਰਿਹਾ ਵਾਂਢਾ, ਤਰੀ ਕਿਸੇ ਦੀ ਤਲਬ ਚਰੋਕਣੀ ਨਹੀਂ
ਹੈਸੋ ਆਖਦੇ, ਹੋਇਗੀ ਬੜੀ ਵਰਖ਼ਾ, ਕਿਤੇ ਕਣੀ ਵੀ ਪਈ ਕਦੋਕਣੀ ਨਹੀਂ
ਦੱਮਾਂ ਬਾਝ ਨਾ ਜੱਗ ਦੇ ਕੰਮ ਹੁੰਦੇ, ਦੱਮਾਂ ਬਾਝ ਜੰਗ ਜਿੱਤਿਆ ਜਾਵਣਾ ਨਹੀਂ
ਸਾਡਾ ਲੇਖਾ ਮੁਕਾਓ ਜੀ ਅੱਜ ਏਥੇ, ਅਸਾਂ ਪੈਰ ਐਵੇਂ ਅੱਗੇ ਪਾਵਣਾ ਨਹੀਂ

ਜਾਣੀ ਜਾਣ ਪ੍ਰੀਤ ਦੇ ਭਰੇ ਬੋਲੇ, ਅਜੇ ਟੁੱਟਨੇ ਦਾ ਸਮਾਂ ਆਇਆ ਨਹੀਂ
ਮੇਰੇ ਦਿੱਲ ਨੂੰ ਵੀ ਤੁਸੀਂ ਜਾਣਦੇ ਹੋ, ਕੋਲ ਹੁੰਦਿਆਂ ਕਦੇ ਲੁਕਾਇਆ ਨਹੀਂ
ਰਤੀ ਆਪਣੇ ਆਪ ਦਾ ਲੋਭ ਸਿੰਘੋ, ਮੇਰੇ ਵਿਚ ਕਰਤਾਰ ਨੇ ਪਾਇਆ ਨਹੀਂ
ਦੱਸੋ ਏਸ ਵੇਲੇ ਤਲਬਾਂ ਤਰਨ ਕਿੱਥੋਂ, ਮੇਰੇ ਕੋਲ ਜਾਂ ਹੀਰਿਓ! ਮਾਇਆ ਨਹੀਂ
ਦਾਨਾ ਵੇਖਦਾ ਪਿਆ ਸੀ ਕਾਰ ਸਾਰੀ, ਰੋਂਦਾ ਦਿਲੋਂ ਸੀ ਵੀਰਾਂ ਦੀ ਭੁੱਲ ਉੱਤੇ
ਹੈਸੀ ਸੋਚਦਾ ਦਾਗ਼ ਨਾ ਲੱਗ ਜਾਵੇ, ਕਿਤੇ 'ਬੀਰ ਬੈਰਾੜਾਂ' ਦੀ ਕੁੱਲ ਉੱਤੇ

ਅੰਤ ਵੇਖਿਆ ਜਦੋਂ ਦਸਮੇਸ਼ ਜੀ ਨੇ, ਦਿਲੋਂ ਡੋਲਿਆਂ ਨੇ ਦਿਲੀ ਧੀਰ ਛੱਡਿਆ
ਸਿੱਧਾ ਵੱਲ ਅਸਮਾਨ ਦੇ ਆਪ ਜੀ ਨੇ, ਚਿੱਲਾ ਚਾੜ੍ਹਿਆ ਤੇ ਇਕੋ ਤੀਰ ਛੱਡਿਆ
ਉਹਨੇ ਜਾਂਦਿਆਂ ਈ ਕਰਾਮਾਤ ਕੀਤੀ, ਇੰਦਰ ਦੇਵ ਦਾ ਕਾਲਜਾ ਚੀਰ ਛੱਡਿਆ
ਮੋਹਲੇ ਧਾਰ ਲੱਥਾ ਭਰੇ ਵਾਹਣ ਵੱਟਾਂ, ਰੱਜ ਰੱਜ ਕੇ ਭੋਇੰ ਨੇ ਨੀਰ ਛੱਡਿਆ
ਏਨੀ ਦੇਰ ਨੂੰ ਆ ਗਿਆ ਇੱਕ ਪ੍ਰੇਮੀ, ਉਹਨੇ ਧਨ ਦਸਮੇਸ਼ ਤੋਂ ਵਾਰ ਦਿੱਤਾ
ਲੈ ਕੇ ਸੋਢੀ ਸੁਲਤਾਨ ਨੇ ਉਸੇ ਵੇਲੇ, ਨਾਵਾਂ ਸਾਰੇ ਬੈਰਾੜਾਂ ਦਾ ਤਾਰ ਦਿੱਤਾ

ਲੱਗੇ ਕਹਿਣ ਫਿਰ, 'ਦਾਨਿਆ ਜਥੇਦਾਰਾ, ਇਨ੍ਹਾਂ ਵਾਂਗ ਹੀ ਲੜੇ ਨੇ ਜੰਗ ਤੂੰ ਵੀ
ਦੱਸ ਆਪਣੀ ਵੀ ਦਿਲੀ ਗੱਲ ਸਾਰੀ, ਜਾਵਾਂ ਚੌਖਨੇ ਮੂਲ ਨਾ ਸੰਗ ਤੂੰ ਵੀ
ਮੇਰੀ ਕਲਗੀ ਦੇ ਹੀਰਿਆ ਜੀਓ ਸਦਕੇ, ਧੰਨ ਵਿੱਚ ਬੱਚਾ ਹੱਥ ਰੰਗ ਤੂੰ ਵੀ
ਲੈ ਲੈ ਦੁੱਗਣੀ ਤਿੱਗਣੀ ਚਾਹੇਂ ਜਿੰਨੀ, ਤਲਬ ਆਪਣੀ ਆਣ ਕੇ ਮੰਗ ਤੂੰ ਵੀ

ਦਾਨੇ ਵਾਕ ਸੁਣ ਕੇ, ਜੋੜੇ ਹੱਥ ਦੋਵੇਂ, ਚਰਨ ਫੜੇ ਤੇ ਹਾਉਕੇ ਭਰਨ ਲੱਗਾ
ਪਹਿਲੇ ਰੋ ਦਸਮੇਸ਼ ਦੇ ਚਰਨ ਧੋਤੇ, ਫੇਰ ਇਸ ਤਰ੍ਹਾਂ ਬੇਨਤੀ ਕਰਨ ਲੱਗਾ

'ਸੱਚੇ ਪਾਤਸ਼ਾਹ ਜੀ! ਦਿਓ ਚਰਨ-ਜੋੜਾ, ਤਾਂ ਕਿ ਸੀਸ ਦਾ ਤਾਜ ਬਣਾਂ ਮੈਂ ਵੀ
ਦਾਤਾ ਆਪਣੇ ਚਰਨਾਂ ਦੀ ਧੂੜ ਬਖਸ਼ੋ, ਸੁਰਮਾ ਅੱਖੀਆਂ ਦੇ ਅੰਦਰ ਪਾਂ ਮੈਂ ਵੀ
ਦਿਓ ਆਪਣੇ ਨੂਰ 'ਚੋਂ ਨੂਰ ਮੈਨੂੰ, ਬੁੱਝੀ ਦਿਲ ਦੀ ਜੋਤ ਜਗਾਂ ਮੈਂ ਵੀ
ਝਾੜੂ ਅੱਜ ਦਰਬਾਰ ਦਾ ਬਖ਼ਸ਼ ਛੱਡੋ, ਛੱਤਰ ਜਾਣ ਕੇ ਸੀਸ ਝਲਾਂ ਮੈਂ ਵੀ
ਮਾਇਆ ਡੈਣ ਦੇ ਪਾਓ ਨਾ ਵੱਸ ਮੈਨੂੰ, ਹੁੰਦਾ ਧਨ ਤੇ ਸਿੱਖੀ ਦਾ ਜੋੜ ਨਾਹੀਂ
ਮੈਨੂੰ ਆਪਣਾ ਦਿੱਲ ਜੇ ਦਿਓ ਦਾਤਾ! ਫੇਰ ਰਾਜ ਤ੍ਰੈਲੋਕੀ ਦੀ ਲੋੜ ਨਾਹੀਂ

ਗਲੇ ਓਸ ਨੂੰ ਲਾ ਦਸਮੇਸ਼ ਬੋਲੇ:—ਮੇਰਾ ਦਾਨਿਆ ਰੂਪ ਪਰਤੱਖ ਹੈਂ ਤੂੰ
ਤੇਰੇ ਵਿੱਚ ਹਾਂ ਮੈਂ ਵਾਂਗ ਪੁੱਤਲੀ ਦੇ, ਅੱਜ ਮੇਰੀ ਜਹਾਨ 'ਤੇ ਅੱਖ ਹੈਂ ਤੂੰ
ਤੇਰੇ ਰੂਪ 'ਚੋਂ ਦਿੱਸਦਾ ਰੂਪ ਮੇਰਾ, ਮੇਰਾ ਜੱਗ 'ਤੇ ਚਾਨਣਾ ਪੱਖ ਹੈਂ ਤੂੰ
ਸਿੱਖੀ ਰੱਖੀ 'ਮਝੈਲਾਂ' ਦੀ ਮਹਾਂ ਸਿੰਘ ਨੇ, ਗਿਆ ਮਾਲਵੇ ਦੀ ਸਿੱਖੀ ਰੱਖ ਹੈਂ ਤੂੰ
ਤਾਂ ਵੀ ਹੀਰਿਆ ਨਾ ਤੇਰਾ ਮੁੱਲ ਪੈਂਦਾ, ਵਾਰਾਂ ਜੱਗ ਜੇ ਤੇਰੇ ਪਿਆਰ ਉੱਤੋਂ
ਮੇਰੀ ਤੇਗ਼ ਵਾਰੀ ਮੇਰਾ 'ਤੀਰ' ਸਦਕੇ, ਸਦਕੇ ਮੈਂ ਐਸੇ ਜੱਥੇਦਾਰ ਉੱਤੋਂ

ਮੇਰੇ ਦਾਨਿਆ! ਸਿਦਕੀਆ ਏਸ ਥਾਂ 'ਤੇ, ਕੀਤਾ ਦਿਲੋਂ ਮੈਂ ਅੱਜ ਪਰਵਾਨ ਤੈਨੂੰ
ਤੇਰਾ ਦਿਲ ਮੈਂ ਲੈ ਲਿਆ ਮੰਗ ਏਥੇ, ਦਿਲ ਆਪਣਾ ਹੈ ਕੀਤਾ ਦਾਨ ਤੈਨੂੰ
ਅੰਮ੍ਰਿਤ ਛੱਕ ਤਿਆਰ ਬਰ ਤਿਆਰ ਹੋ ਜਾ, ਏਦੂੰ ਵੱਧ ਕੇ ਮਿਲੇਗਾ ਮਾਣ ਤੈਨੂੰ
ਸਾਨੂੰ ਆਪਣੀ ਜਾਨ ਤੂੰ ਜਾਣਿਆ ਏ, ਅਸਾਂ ਜਾਣਿਆ ਆਪਣੀ ਜਾਨ ਤੈਨੂੰ
'ਤੀਰ' ਉਸੇ ਵੇਲੇ ਪ੍ਰੀਤਵਾਨ ਦਾਨਾ, ਦਾਨਾ ਸਿੰਘ ਬਣਿਆ ਅੰਮ੍ਰਿਤਪਾਨ ਕਰਕੇ
ਕਲਗੀਧਰ ਦੇ ਸੀਸ ਦਾ ਤਾਜ ਬਣਿਆ, ਸੀਸ ਆਪਣਾ ਦੇਸ਼ ਲਈ ਦਾਨ ਕਰਕੇ

### *ਸ੍ਰੀ ਦਸਮੇਸ਼ ਜੀ ਲੱਖੀ ਜੰਗਲ ਵਿਚ (ਵੱਲੋਂ ਕਵੀ)*

### *ਦਵੱਯਾ ਛੰਦ*

ਦਾਨ ਸਿੰਘ ਜਾਂ ਬਣਿਆ ਏਦਾਂ, ਅੰਮ੍ਰਿਤ ਛੱਕ ਕੇ ਦਾਨਾ
ਜੋਤ ਜਾਗਦੀ ਦਾ ਜਦ ਦਿੱਲ ਤੋਂ, ਹੱਸ ਹੋਇਆ ਪਰਵਾਨਾ
ਲੈ ਤਨਖਾਹ੍ਵਾਂ ਬਾਕੀ ਸਾਥੀ, ਘਰੋ ਘਰੀ ਸਿਧਾਏ
ਦਾਨ ਸਿੰਘ ਨੇ ਕਲਗੀਧਰ ਤੋਂ, ਐਪਰ ਪ੍ਰਾਣ ਘੁਮਾਏ

ਨਾਲ ਰਹੇ ਪਰਛਾਵੇਂ ਵਾਂਙੂ, ਜਿੱਥੇ ਸਤਿਗੁਰ ਜਾਵਣ
ਨੈਣ ਵਿਛਾਵੇ ਦਾਨਾ ਓਥੇ, ਜਿੱਥੇ, ਚਰਨ ਟਿਕਾਵਣ
ਆਖਰ ਦਾਨਾ ਸਿੰਘ ਨੇ ਏਦਾਂ, ਇਕ ਦਿਨ ਅਰਜ਼ ਗੁਜ਼ਾਰੀ
ਹੇ ਸਤਿਗੁਰ! ਹੇ ਮੁਕਤੀ ਦਾਤੇ! ਹੇ ਧਰਮੀ ਉਪਕਾਰੀ !
ਮੇਰੀ ਇਹ ਅਰਦਾਸ ਪਿਤਾ ਜੀ, ਹੋਰ ਨ ਦੁੱਖ ਸਹਾਰੋ
ਮੇਰੇ ਘਰ ਚੱਲ ਮੈਨੂੰ ਤਾਰੋ, ਸੁੱਖ ਦੇ ਦਿੱਨ ਗੁਜ਼ਾਰੋ
ਦਿਲ ਦੀ ਸੇਜ ਵਿਛਾ ਕੇ ਦਾਤਾ! ਆਪ ਤਾਈਂ ਬਿਠਲਾਸਾਂ
ਜਿੱਥੇ ਆਪ ਬਹੋਗੇ ਉੱਥੇ, ਅੱਖੀਆਂ ਹੇਠ ਵਿਛਾਸਾਂ
ਤ੍ਰੁੱਠੋ ਦਾਸ ਨਿਮਾਣੇ ਉੱਤੇ, ਹੇ ਬੱਚਿਆਂ ਦੇ ਦਾਨੀ!
ਦਾਨੇ ਖਾਤਰ ਦੁਨੀਆ ਅੰਦਰ, ਹੋਰ ਕਰੋ ਕੁਰਬਾਨੀ
ਲਵੋ ਨਿਵਾਜ ਨਿਮਾਣੇ ਤਾਈਂ, ਦਇਆ ਕਰੋ ਵਡਿਆਓ
ਮੇਰੀ ਕੁੱਲੀ ਵਿੱਚ ਵੀ ਦਾਤਾ! ਚਰਨ ਸੁਹਾਵੇ ਪਾਓ
ਦਾਨ ਸਿੰਘ ਦਸਮੇਸ਼ ਪਿਤਾ ਤੇ, ਸੂਰੇ ਸਿੰਘ ਅਕਾਲੀ
ਜਾਂਦੇ ਸਨ ਜਦ ਕੌਤਕ ਕਰਦੇ, ਏਦਾਂ ਰੂਪ-ਜਲਾਲੀ
ਵਾਹ ਸੁਹਾਵਾ ਜੰਗਲ ਦਿੱਸਿਆ, ਸ਼ਾਨ ਅਨੋਖੀ ਵਾਲਾ
ਕਾਦਰ ਦੀ ਕੁਦਰਤ ਦਾ ਜਲਵਾ, ਦਿੱਸਿਆ 'ਤੀਰ' ਨਿਰਾਲਾ

## ਕੁਦਰਤੀ ਨਜ਼ਾਰੇ (ਵੱਲੋਂ ਕਵੀ)

ਫੁੱਲ ਖਿੜੇ ਤੇ ਸ਼ਾਖਾਂ ਝੂਮਣ, ਰੱਬੀ-ਪੀਂਘਾਂ ਪਈਆਂ
ਘੁੱਗੀਆਂ ਦੇ ਝੁੰਡ ਝੂਟਣ ਮਾਨੋ, ਸਾਵੇਂ-ਝੂਟਣ ਸਈਆਂ
ਹਰ ਪਾਸੇ ਫੁੱਲ-ਲੱਦੇ ਬੂਟੇ, ਹਰ ਪਾਸੇ ਹਰਿਆਈ
ਕੁਦਰਤ ਰੂਪ ਅਨੋਖੇ ਦੱਸੇ, ਹਰਿਔਲੀ ਮਨ-ਭਾਈ
ਮਹਿਕਾਂ-ਭਰੀ ਹਵਾ ਚੁਫੇਰੇ, ਪਈ ਕਲੋਲਾਂ ਕਰਦੀ
ਹਰ ਬੂਟੇ ਨੇ ਹਰਿ ਤੋਂ ਲੀਤੀ, ਹਰੀ ਹਰੀ ਹੀ ਵਰਦੀ
ਨੱਚਣ ਮੋਰ, ਬੋਲਦੇ ਤਿੱਤਰ, ਕੋਇਲ ਕੂ ਕੂ ਗਾਵੇ
ਹਰਨੀ ਚਰਦੀ ਦੌੜੀ ਜਾਂਦੀ, ਏਦਾਂ ਨਜ਼ਰੀਂ ਆਵੇ
ਕੁਦਰਤ ਵਿੱਚ ਖੁਸ਼ੀ ਦੇ ਆਈ, ਨੱਚਦੀ ਚੁੰਘੀਆਂ ਭਰਦੀ
ਵੇਖ ਵੇਖ ਕੇ ਇਹ ਨਜ਼ਾਰੇ, ਨੈਣ-ਨਿਗ੍ਹਾ ਸੀ ਠਰਦੀ
ਫੁੱਲਾਂ ਨਾਲ ਡਾਲੀਆਂ ਭਰੀਆਂ, ਮਨ-ਹਰ ਮਨ ਹਰ ਰਹੀਆਂ
ਇਉਂ ਜਾਪੇ ਜਿਉਂ ਕਲਗੀਧਰ ਨੂੰ, ਬੰਦਨਾ ਨੇ ਕਰ ਰਹੀਆਂ

ਕਲਗੀਧਰ ਕੁਦਰਤ ਦੇ ਪਿਆਰੇ, ਵੇਖਣ ਪਏ ਨਜ਼ਾਰੇ
ਨੈਣ ਆਪਦੇ ਫਿਰਨ ਚੁਪਾਸੇ, ਸੋਹਜਾਂ ਦੇ ਵਣਜਾਰੇ
ਪੱਤਰ ਵੇਖਣ, ਫੁੱਲ ਨੂੰ ਵੇਖਣ, ਫੱਲ ਵੇਖਣ ਦਿਲ ਭਰ ਕੇ
ਕਾਦਰ ਦਾ ਦਰਸ਼ਨ ਪਏ ਮਾਣਨ, ਕੁਦਰਤ ਅੱਗੇ ਧਰ ਕੇ
ਵੇਖ ਅਨੰਦੀ, ਦਿਲ-ਹੁਲਸਾਣੇ, ਚਾਰ ਚੁਫੇਰ ਨਜ਼ਾਰੇ
ਧਿਆਨ-ਮਗਨ ਹੋਏ ਰੰਗ ਅੰਦਰ, ਜਾਣੀ ਜਾਣ ਪਿਆਰੇ
ਪੰਧ ਪਏ ਵੀ ਯੋਗੀ ਵਾਂਙੂ, ਜੁੜ ਗਏ ਦਿਲ ਦੇ ਅੰਦਰ
ਜੋਤ ਜਾਗਦੀ ਨੂੰ ਪਏ ਪੂਜਣ, ਅੰਦਰ ਮਨ ਦੇ ਮੰਦਰ
ਏਨੇ ਨੂੰ ਇੱਕ ਸਿੱਖ ਬੋਲਿਆ, ਸਿਦਕੀ ਪ੍ਰੇਮ-ਪਰੋਇਆ
ਰਹਿਰਾਸ ਦਾ ਹੇ ਦਾਤਾ ਜੀ, ਹੁਣ ਤਾਂ ਵੇਲਾ ਹੋਇਆ
ਕਰਨਾ ਮਾਫ਼! ਧਿਆਨ ਆਪ ਦਾ, ਏਸ ਦਾਸ ਨੇ ਟੁਕਿਆ
ਏਨਾ ਕਹਿ ਉਹ ਸਿਦਕੀ ਪ੍ਰੇਮੀ, ਸਤਿਗੁਰ ਅੱਗੇ ਝੁਕਿਆ
'ਤੀਰ' ਸੁਣਦਿਆਂ ਸਤਿਗੁਰਾਂ ਨੇ, ਸਿਦਕੀ ਨੂੰ ਵਡਿਆਇਆ
ਓਸੇ ਸਮੇਂ ਉਸੇ ਥਾਂ ਉੱਥੇ, ਏਦਾਂ ਹੁਕਮ ਸੁਣਾਇਆ
'ਸੱਜ ਜਾਵੇ ਸਿੱਖ ਸੰਗਤ ਏਥੇ, ਰੱਲ ਕੇ ਪੜ੍ਹੀਏ ਬਾਣੀ
ਨਿੱਤ ਨੇਮ ਦਾ ਨੇਮ ਨਿਭਾਣਾ, ਇਹ ਹੈ ਗੱਲ ਸਿਆਣੀ
ਏਨੀ ਆਖ ਕਰਨੀਆਂ ਵਾਲੇ, ਸੱਜ ਗਏ ਆਪ ਵਿਚਾਲੇ
ਸੇਵਕ ਸਿੱਖ ਸੂਰਮੇ ਜੋਧੇ, ਬੈਠੇ ਇਉਂ ਦਵਾਲੇ
ਰਾਜ ਰਿਖੀ ਦੇ ਗਿਰਦੇ ਜਿੱਦਾਂ, ਸ਼ਿਸ਼ ਪਿਆਰੇ ਹੋਵਣ
ਚੰਦ ਚੁਫੇਰ ਜਿਉਂ ਝਿਲਮਿਲ ਕਰਦੇ, ਨੂਰੀ ਤਾਰੇ ਹੋਵਣ
ਹਰਿਮੰਦਰ ਦੇ ਗਿਰਦ ਜਿਸ ਤਰ੍ਹਾਂ, ਸੋਭਣ ਭਗਤ ਪਿਆਰੇ
ਕਲਗੀਧਰ ਦੇ ਗਿਰਦੇ ਸੋਭਣ, ਏਦਾਂ ਗੁਰੂ-ਸਵਾਰੇ
ਫੁੱਲ ਗਿਰਦੇ ਜਿਉਂ ਆ ਕੇ ਬੈਠਣ, ਭੌਰੇ ਪ੍ਰੀਤ-ਪਰੋਤੇ
ਏਦਾਂ ਸੋਭਣ ਗੁਰ ਦੇ ਗਿਰਦੇ, ਪ੍ਰੇਮ ਸਿਦਕ ਵਿੱਚ ਧੋਤੇ
ਹੱਥਾਂ ਵਿਚ ਤਲਵਾਰਾਂ ਫੜੀਆਂ, ਅੱਗੇ ਧਰੀਆਂ ਢਾਲਾਂ
ਦੂਜੇ ਹੱਥ ਵਿਚ ਹੈਣ ਸਿਮਰਨੇ, ਬੰਨ੍ਹ ਬੰਨ੍ਹ ਬੈਠੇ ਪਾਲਾਂ
ਮੋਢੇ ਪਈ ਕਮਾਨ ਸੋਭਦੀ, ਪਿੱਠ ਭੱਥੇ ਲਟਕਾਏ
ਦੇਸ਼-ਭਗਤ ਪਏ ਰੱਬ ਧਿਆਵਣ, ਸ਼ਸਤਰ ਸਜੇ ਸਜਾਏ
ਮੀਟੇ ਨੈਣ ਪ੍ਰੇਮ-ਮਤਵਾਲੇ, ਜਿਹਬਾ ਗਾਵੇ ਬਾਣੀ
ਸੁਰਤ ਜੋੜ ਕੇ ਜੰਗਲ ਅੰਦਰ, ਬੈਠੀ ਸਿਦਕੀ ਢਾਣੀ

ਪੜ੍ਹ ਰਹਿਰਾਸ ਜੋੜ ਕੇ ਸੁਰਤੀ, ਫੇਰ ਉੱਠੇ ਇੱਕ ਵਾਰੀ
ਸਾਈਂ ਦੇ ਦਰ ਕਰਨ ਜੋਦੜੀ, ਕਰ ਅਰਦਾਸ ਪਿਆਰੀ
ਕਲਗੀ ਵਾਲਾ ਹੱਥ ਜੋੜ ਕੇ, ਸੁਣ ਲੌ ਕੀ ਹੈ ਕਹਿੰਦਾ
ਹੇ ਦਾਤਾ! ਮੈਂ ਤੈਨੂੰ ਸਿੱਮਰਾਂ, ਸੌਂਦਾ ਉਠਦਾ ਬਹਿੰਦਾ
ਸੁੱਖ ਅੰਦਰ ਤੇ ਦੁੱਖ ਦੇ ਅੰਦਰ, ਦਿਲ ਅੰਦਰ ਤੂੰ ਵਸੇਂ
ਨਿੱਤ ਮੈਂ ਤੇਰੇ ਕੋਲੋਂ ਪੁੱਛਾਂ, ਤੂੰ ਮੈਨੂੰ ਰਾਹ ਦੱਸੇਂ
ਮੇਰਾ ਇੱਕ ਇੱਕ ਸਾਸ ਸਾਹਿਬਾ! ਲੱਗੇ ਹਿੰਦ ਦੇ ਲੇਖੇ
ਮੈਂ ਕੁਰਬਾਨ ਹੋਵਾਂ ਤੇ ਮੈਨੂੰ, ਸਾਰੀ ਦੁਨੀਆ ਵੇਖੇ
ਇਹ ਮੇਰਾ ਜੀਵਨ ਦਾ ਸਾਥੀ, ਪੰਥ, ਅਣਖ ਦਾ ਘੜਿਆ
ਦੇਸ਼-ਪ੍ਰੇਮ ਦੀਆਂ ਸਾਣਾਂ ਉੱਤੇ, ਹੱਸ ਹੱਸ ਕੇ ਹੈ ਚੜ੍ਹਿਆ
ਇਹ ਵੀ ਦੀਨ ਦੁਖੀ ਦੀ ਖਾਤਰ, ਦਾਤਾ! ਸਦਕੇ ਹੋਵੇ
ਫ਼ਤਹਿ ਏਸਦੀ ਬਣੇ ਪੁਜਾਰਨ, ਰੱਣ ਵਿੱਚ ਜਦੋਂ ਖਲੋਵੇ
ਦੇਗ਼ ਤੇਗ਼ ਇਸ ਪੰਥ ਮੇਰੇ ਦੀ, ਰਹੇ ਸਦਾ ਈ ਚਲਦੀ
ਚੜ੍ਹਦੀ ਕਲਾ ਹੋਇ ਹੇ ਦਾਤਾ, ਸਦਾ ਅਕਾਲੀ-ਦਲ ਦੀ
ਹੇ ਗੁਰੂ ਨਾਨਕ! ਹੇ ਗੁਰੂ ਅੰਗਦ, ਅਮਰ ਦੇਵ ਗੁਰ ਪਿਆਰੇ
ਹੇ ਗੁਰੂ ਰਾਮਦਾਸ ਜਗ-ਜੀਵਨ, ਗੁਰ ਅਰਜਨ ਬਲਿਹਾਰੇ
ਹਰ ਗੋਬਿੰਦ ਗੁਰ ਮੀਰੀ ਪੀਰੀ, ਬੀਰ ਪੰਥ ਨੂੰ ਦੇਣੀ
ਹਰੀ ਰਾਇ ਸਤਿਗੁਰ ਜੀ ਹਰਦਮ, ਧੀਰ ਪੰਥ ਨੂੰ ਦੇਣੀ
ਗੁਰ ਹਰੀਕ੍ਰਿਸ਼ਨ ਗੁਰਵਿੱਦਿਆ ਦਾਤੇ, ਕਰਨਾ ਪੰਥ ਸਿਆਣਾ
ਪੂਜ ਪਿਤਾ! ਗੁਰ ਤੇਗ ਬਹਾਦਰ, ਮੰਨਣਾ ਦੱਸਣਾ ਭਾਣਾ
ਗੋਬਿੰਦ ਸਿੰਘ ਵੀ ਆਪ ਵਾਂਗਰਾਂ, ਦੇਸ਼ ਲਈ ਦੇਹ ਲਾਵੇ
ਏਸ ਦੇਸ਼ ਵਿੱਚ ਕਿਧਰੇ ਕੋਈ, ਨਾ ਦੁਖੀਆ ਕੁਰਲਾਵੇ
ਜੋ ਜੀ ਆਵੇ ਰਾਜ਼ੀ ਜਾਵੇ, ਏਸ ਤੇਰੇ ਦਰਬਾਰੋਂ
ਸਾਰੀ ਦੁਨੀਆ ਈ ਸੁੱਖ ਮਾਣੇ, ਤੇਰੀ ਅੰਮ੍ਰਿਤ-ਧਾਰੋਂ
'ਨਾਨਕ ਨਾਮ' ਸਦਾ ਜੱਗ ਸਿਮਰੇ, ਚੜ੍ਹਦੀ ਕਲਾ ਸਦਾ ਈ
ਦਰ ਤੇਰੇ 'ਤੇ ਆ ਸਰਬੱਤ ਦਾ! ਹੋਵੇ ਭਲਾ ਸਦਾ ਈ
ਅੰਤ ਏਤਨਾ ਕਹਿ ਕੇ ਸਭ ਨੇ, ਵੇਖੋ ਧੌਣ ਝੁਕਾਈ
ਧੰਨ ਧੰਨ ਦਾਤੇ ਕਲਗੀਧਰ ਤੂੰ, ਧੰਨ ਤੇਰੀ ਵਡਿਆਈ

### *ਵਿਛੜਿਆਂ ਦਾ ਮੇਲ (ਵੱਲੋਂ ਕਵੀ)*

ਕਲਗੀਧਰ ਜੀ ਨੂੰ ਕੁੱਝ ਐਸਾ, ਲੱਖੀ ਜੰਗਲ ਭਾਇਆ
ਇਸਦੇ ਸੋਹਜ ਨਜ਼ਾਰੇ ਤੱਕ ਕੇ, ਰਸ ਐਸਾ ਕੁੱਝ ਆਇਆ

ਦਿਲ ਤੋਂ ਕੀਤਾ ਇਹ ਫ਼ੈਸਲਾ, ਏਥੇ ਸਮਾਂ ਬਿਤਾਈਏ
ਕੁਦਰਤ ਦੇ ਖੇੜੇ ਵਿੱਚ ਬਹਿ ਕੇ, ਕਾਦਰ ਦਾ ਜੱਸ ਗਾਈਏ
ਪੱਕਾ ਇਓਂ ਇਰਾਦਾ ਕਰਕੇ, ਸਿੱਖ ਪੰਥ ਦੇ ਵਾਲੀ
ਆਏ ਗਏ ਨੂੰ ਤਾਰਨ ਲੱਗੇ, ਸ੍ਰੀ ਦਸਮੇਸ਼ ਅਕਾਲੀ
ਸੁਣ ਸੁਣ ਕੇ ਸਤਿਗੁਰ ਦੀਆਂ ਸੋਆਂ, ਭੌਰ ਪਿਆਰੇ ਆਏ
ਪ੍ਰੇਮ ਪ੍ਰੀਤ ਦੇ, ਸਿਦਕ-ਰੀਤ ਦੇ, ਧਾ ਵਣਜਾਰੇ ਆਏ
ਰੋਜ਼ ਰੋਜ਼ ਆਵਣ ਲੱਗ ਪਈਆਂ, ਸੰਗਤ ਦੀਆਂ ਵਹੀਰਾਂ
ਥਾਂ ਥਾਂ ਸੱਜੀਆਂ ਨਜ਼ਰੀਂ ਆਵਣ, ਪ੍ਰੇਮ ਦੀਆਂ ਤਸਵੀਰਾਂ
ਜੋ ਕਵੀਸ਼ਰ ਪੁਰੀ ਅਨੰਦੋਂ, ਹੈਸੀ ਸਮੇਂ ਖਿੰਡਾਏ
ਉਹ ਵੀ ਲੱਖੀ ਜੰਗਲ ਅੰਦਰ, ਫੇਰ ਪਰਤ ਕੇ ਆਏ
ਜੰਗਲ ਦੀ ਹੱਫੜਾ ਦੱਫੜੀ ਵਿਚ, ਜੋ ਰਹਿ ਗਏ ਸੀ ਫਾਡੀ
ਆ ਗਏ ਵਾਰਾਂ ਗਾਵਣ ਵਾਲੇ, ਕਲਗੀਧਰ ਦੇ ਢਾਡੀ
ਲੱਖੀ ਜੰਗਲ ਅੰਦਰ ਮੰਗਲ, ਬੱਨ ਨਗਰੀ ਹੋ ਵਸਿਆ
ਪ੍ਰੇਮ-ਰੱਸ ਦਾ ਨਵਾਂ ਨਜ਼ਾਰਾ, ਨੈਣਾਂ ਅੰਦਰ ਧੱਸਿਆ
ਮੁੜ ਕੇ ਪੁਰੀ ਅਨੰਦ ਦੇ ਵਾਂਗੂ, ਏਥੇ ਰੌਣਕ ਹੋਈ
ਜਿਸ ਸੁਣਿਆ ਸਤਿਗੁਰ ਦਾ ਟਿੱਕਣਾ, ਪਿੱਛੇ ਰਿਹਾ ਨਾ ਕੋਈ
ਵੇਖ ਵੇਖ ਕੁਦਰਤ ਦੇ ਜੱਲਵੇ, ਝਾਕੀ ਪਿਆਰੀ ਪਿਆਰੀ
ਸਿਰਜਨਹਾਰ ਅਤੇ ਸਤਿਗੁਰ ਦੀ, ਕਵੀਆਂ ਸਿਫਤ ਉਚਾਰੀ
ਮਹਾਂ ਕਵੀ ਸ੍ਰੀ ਕਲਗੀਧਰ ਵੀ, ਮਸਤੀ ਅੰਦਰ ਆਏ
ਆਣ ਵਲਵਲੇ ਦਿਲ ਦੇ ਵਿੱਚੋਂ, ਏਸ ਤਰ੍ਹਾਂ ਉਛਲਾਏ
ਕਿਵੇਂ ਆਪ ਦੀ ਪ੍ਰੀਤੀ ਬੱਧੇ, ਆਏ ਧਾ ਪਿਆਰੇ
'ਤੀਰ' ਆਪ ਨੇ ਆਪਣੇ ਮੁੱਖ ਤੋਂ, ਏਦਾਂ ਵਾਕ ਉਚਾਰੇ
'ਸੁਣ ਕੈ ਸਦ ਮਾਹੀ' ਦੀ ਮੇਹੀਂ, ਪਾਣੀ ਘਾਹ ਮੁਤੋ ਨੇ
ਕਿਸੇ ਨਾਲ ਨਾ ਰਲੀਆ ਕਾਈ, ਕੁਈ ਜੂ ਸ਼ਉਕ ਪਿਓ ਨੇ
ਗਿਆ ਫਿਰਾਕ ਮਿਲਿਆ ਮਿੱਤ ਮਾਹੀ, ਤਾਹੀਂ ਸ਼ੁਕਰ ਕਿਤੋਨੇ

## ਇਬਰਾਹੀਮ ਫ਼ਕੀਰ ਨੇ ਸਿੱਖੀ ਧਾਰੀ

ਏਸ ਤਰ੍ਹਾਂ ਜਦ ਜੰਗਲ ਅੰਦਰ, ਮੰਗਲ ਗਿਆ ਬਣਾਇਆ
ਏਸ ਤਰ੍ਹਾਂ ਜਦ ਕਲਗੀਧਰ ਨੇ, ਮੁੜ ਦਰਬਾਰ ਸਜਾਇਆ
ਮੁੜ ਜਾਂ ਲਹਿਰ ਚਲੀ ਅੰਮ੍ਰਤ ਦੀ, ਜੰਗਲ ਵਿੱਚ ਮਨ ਭਾਣੀ
ਮੁੜ ਜਾਂ ਚੜ੍ਹਨ ਜਹਾਜੇ ਲੱਗੇ, ਆਣ ਆਣ ਕੇ ਪ੍ਰਾਣੀ

ਇਬਰਾਹੀਮ ਫ਼ਕੀਰ ਸਾਈਂ ਦਾ, ਮੁਸਲਮਾਨ ਨਿਮਾਜ਼ੀ
ਮੋਹਿਆ ਗਿਆ ਦਿਲੋਂ ਉਹ ਐਸਾ, ਸਿੱਖੀ ਓਸ ਵਿਹਾਜੀ
ਹਾਜ਼ਰ ਹੋਇਆ ਹੱਥ ਜੋੜ ਕੇ, ਏਦਾਂ ਅਰਜ਼ ਸੁਣਾਵੇ
'ਜਾਣੀਜਾਣ ਜੀਓ ਮੈਨੂੰ ਵੀ, ਅੰਮ੍ਰਿਤ ਬਖ਼ਸ਼ਿਆ ਜਾਵੇ
ਮੈਂ ਵੀ ਹੋ ਕੇ ਸਿੰਘ ਸੂਰਮਾ! ਜ਼ਾਲਮ ਤਾਈਂ ਵੰਗਾਰਾਂ
ਮੈਂ ਵੀ ਤੇਗ ਸੂਤ ਕੇ ਰੱਣ ਵਿੱਚ, ਜਾਬਰ ਪਾਪੀ ਮਾਰਾਂ
ਮੈਨੂੰ ਵੀ ਮਿਲ ਜਾਵੇ ਦਾਤਾ! ਦਾਤ ਆਪ ਦੀ ਸਿੱਖੀ
ਜੋ ਆਖੀਦੀ ਵਾਲਹੁੰ ਨਿੱਕੀ, ਖੰਡੇ ਧਾਰੋਂ ਤਿੱਖੀ
ਮੈਂ ਵੀ ਹੱਸ ਵਤਨ ਦੀ ਖ਼ਾਤਰ, ਸਭ ਕੁਝ ਸਦਕੇ ਕਰਸਾਂ
ਦੀਨ ਦੇਸ਼ ਲਈ ਜੱਗ ਤੇ ਜੀਸਾਂ, ਦੀਨ ਦੇਸ਼ ਲਈ ਮਰਸਾਂ
ਕਲਗੀਧਰ ਜੀ ਨੇ ਝੱਟ ਓਸ ਨੂੰ, ਇਉਂ ਕਿਹਾ ਜੀ ਆਇਆਂ
ਅੰਮ੍ਰਿਤ ਬਖ਼ਸ਼ ਪਿਆਸੇ ਤਾਈਂ, ਪਲਟੀ ਉਸਦੀ ਕਾਇਆਂ
'ਇਬਰਾਹੀਮੋਂ' ਨਾਮ ਵਟਾ ਕੇ, 'ਸਿੰਘ ਅਜਮੇਰ' ਬਣਾਇਆ
ਪਿਓ ਦੇ ਵਾਂਙ ਬਿਠਾ ਕੇ ਗੋਦੀ, ਪੁੱਤਰ ਵਾਂਙ ਖਿਡਾਇਆ
ਏਸ ਤਰ੍ਹਾਂ ਦੁਨੀਆ ਨੂੰ ਦੱਸਿਆ, ਸਤਿਗੁਰ ਕਲਗੀ ਵਾਲੇ
ਰੱਬ ਦੇ ਬੰਦੇ ਸਭ ਇੱਕ ਜੈਸੇ, ਜੋ ਕੁਦਰਤ ਨੇ ਪਾਲੇ
ਸ਼ੂਦਰ, ਵੈਸ਼, ਬ੍ਰਾਹਮਣ, ਖੱਤਰੀ, ਹਿੰਦੂ, ਤੂਰਕ ਇਸਾਈ
ਦਰ ਸਤਿਗੁਰ ਦਾ ਸਭ ਲਈ ਖੁੱਲ੍ਹਾ, ਆਵੇ ਸਭ ਲੁਕਾਈ
ਜਾਤ ਖ਼ਾਲਸਾ, ਗੋਤ ਖ਼ਾਲਸਾ, ਖ਼ਾਲਸ ਕੌਮ ਬਣਾਈ
ਰੋਕ ਅੱਟਕ ਨਾ ਮੂਲ ਨਾ ਕਿਸੇ ਨੂੰ, ਸਭ ਹਨ ਭਾਈ ਭਾਈ
ਸਿੱਖੀ ਲੈ 'ਅਜਮੇਰ ਸਿੰਘ' ਨੇ, ਏਦਾਂ ਅਰਜ਼ ਗੁਜ਼ਾਰੀ
ਹੇ ਦਾਤਾ ਜੀ ਇਸ ਕੀੜੇ 'ਤੇ, ਮਿਹਰ ਆਪ ਨੇ ਧਾਰੀ
ਮਿਹਰ ਕਰੋ ਹੁਣ ਇਹ ਵੀ ਦਾਤਾ! ਜਾਨ ਆਪ ਤੋਂ ਵਾਰਾਂ
ਰਹਿ ਕੇ ਨਿੱਤ ਹਜ਼ੂਰੀ ਅੰਦਰ, ਰਹਿੰਦੇ ਦਿੱਨ ਗੁਜ਼ਾਰਾਂ
'ਤੀਰ' ਓਸ ਦੀ ਮੰਗ ਪ੍ਰੇਮ ਦੀ, ਸਤਿਗੁਰ ਨੇ ਮੰਨ ਲੀਤੀ
ਸਾਰੀ ਉਮਰ ਓਸ ਦੀ ਬਾਕੀ, ਗੁਰ ਚਰਨਾਂ ਵਿੱਚ ਬੀਤੀ
ਰਹਿਰਾਸ ਦਾ ਭੋਗ ਪੈਂਦਿਆਂ, ਦਾਨ ਸਿੰਘ ਘਰ ਧਾਇਆ
ਲੀੜੇ ਕੱਪੜੇ ਤੇ ਅੰਨ ਪਾਣੀ, ਸਤਿਗੁਰ ਲਈ ਲਿਆਇਆ
ਗੁਰ ਚਰਨਾਂ ਦਾ ਭੌਰਾ ਹੋ ਕੇ, ਸੇਵਾ ਟਹਿਲ ਕਮਾਈ
ਏਸ ਤਰ੍ਹਾਂ ਬੈਰਾੜ ਬੰਸ ਦੀ, ਜੜ੍ਹ ਪਤਾਲੀਂ ਲਾਈ

ਵੇਖ ਨਜ਼ਾਰੇ ਇਸ ਜੰਗਲ ਦੇ, ਕਲਗੀਧਰ ਹਰਖਾਏ
ਦਾਨ ਸਿੰਘ ਤੋਂ ਪੁੱਛਣ ਲੱਗੇ, ਮਿਹਰਾਂ ਅੰਦਰ ਆਏ
'ਪ੍ਰੀਤੀਵਾਨਾ! ਇਸ ਜੰਗਲ ਦੀ, ਸ਼ਾਨ ਮੇਰੇ ਮਨ ਭਾਈ
ਮਨ ਮੇਰੇ ਵਿਚ ਵੱਸ ਗਈ ਆ ਕੇ, ਇਸ ਥਾਂ ਦੀ ਹਰਿਆਈ
ਜੀ ਕਰਦਾ ਮੈਂ ਏਥੇ ਵੱਸ ਕੇ, ਕੁਝ ਕੁ ਦਿੱਨ ਗੁਜ਼ਾਰਾਂ
ਇਸ ਦੇ ਅੰਦਰ ਸੁਰਤ ਜੋੜ ਕੇ, ਸਾਹਿਬ ਪਿਆ ਚਿਤਾਰਾਂ
ਇਸ ਜੰਗਲ ਦੀ 'ਤੀਰ' ਸੁੰਦਰਤਾ, ਮੇਰੇ ਮਨ ਹੈ ਭਾਣੀ
ਪਰ ਇਹ ਜੰਗਲ ਕੈਸਾ ਜੰਗਲ, ਕੀ ਹੈ ਇਦ੍ਹੀ, ਕਹਾਣੀ

### *ਸਿਦਕੀ ਦਾਨ ਸਿੰਘ ਸਤਿਗੁਰਾਂ ਨੂੰ ਲੱਖੀ ਜੰਗਲ ਦਾ ਇਤਿਹਾਸ ਦੱਸਦਾ ਹੈ*

ਦਾਨ ਸਿੰਘ ਨੇ ਹੁਕਮ ਸੁਣਦਿਆਂ, ਪੱਲਾ ਗਲ ਵਿੱਚ ਪਾਇਆ
ਹੱਥ ਜੋੜ ਕੇ ਕਲਗੀਧਰ ਨੂੰ, ਏਦਾਂ ਹਾਲ ਸੁਣਾਇਆ
ਜਾਣੀਜਾਣ ਤੁਸੀਂ ਸਭ ਜਾਣੋਂ, ਅਗਮ ਨਿਗਮ ਦੇ ਕਾਰੇ
ਆਪ ਸਾਹਮਣੇ ਚੀਜ਼ ਭਲਾ ਕੀ, ਮੇਰੇ ਜਿਹੇ ਵਿਚਾਰੇ
ਐਪਰ ਜਿਵੇਂ ਰਜ਼ਾ ਆਪਦੀ, ਦਾਸ ਤਿਵੇਂ ਹੈ ਕਰਦਾ
ਹੁਕਮ ਅਦੂਲੇ ਮੂਲ ਕਦੇ ਨਾ, ਸੇਵਕ ਕਲਗੀਧੱਰ ਦਾ
ਦਾਤਾ ਜੀ! ਇਹ *'ਲੱਖੀ ਜੰਗਲ', ਕਈ ਤਰ੍ਹਾਂ ਵਰੁਸਾਇਆ
ਕਈਆਂ ਮਹਾਂ ਪੁਰਸ਼ਾਂ ਨੇ ਇਹਨੂੰ, ਆਨ ਆਨ ਵਡਿਆਇਆ
ਰਾਮ ਚੰਦਰ ਤੇ ਕ੍ਰਿਸ਼ਨ ਮੁਰਾਰੀ, ਵੀ ਵਡਿਆ ਗਏ ਇਸ ਨੂੰ
ਉੱਚਾ ਕਰ ਗਏ ਇਸ ਧਰਤੀ ਨੂੰ, ਅਰਸ਼ ਚੜ੍ਹਾ ਗਏ ਇਸਨੂੰ
'ਹੇਮ ਰਾਓ' ਨੇ ਇਸ ਜੰਗਲ ਤੇ, ਆਣ ਨਿਸ਼ਾਨ ਝੁਲਾਇਆ
ਮਸੂ ਰਾਓ ਫੇਰ ਆ ਗੱਜਿਆ, ਉਸ ਨੇ ਇਹ ਅਪਨਾਇਆ
'ਖੋਟ ਸਿੰਘ' ਬਲਬੀਰ ਸੂਰਮਾ, ਦੂਜਾ ਨਾਂ 'ਰਾ ਖੀਵਾ'
ਉਸ ਵੀ ਅਪਣੇ ਰਾਜ ਭਾਗ ਦਾ, ਆਣ ਜਗਾਇਆ ਦੀਵਾ
'ਰਾਓਬੀਰ' ਫਿਰ ਆਣ ਖੜਕਿਆ, ਉਸ ਵੀ ਰਾਜ ਕਮਾਇਆ
ਇਹ ਲੱਖੀ ਜੰਗਲ ਦਾਤਾ ਜੀ, ਉਸ ਦਾ ਵੀ ਸਦਵਾਇਆ
'ਤਿਲਕ ਰਾਓ' ਫਿਰ ਰਾਜਾ ਯੋਗੀ, ਹੋਇਆ ਇਸ ਦਾ ਵਾਲੀ
ਉਹ ਬਣਿਆ ਗੁਰ ਨਾਨਕ ਘਰ ਦਾ, ਫਕਰਾਂ ਵਾਂਙ ਸਵਾਲੀ

---

* ਇਹ ਲੱਖੀ ਜੰਗਲ ਦਾ ਇਤਿਹਾਸ, ਮਹੰਤ ਸ੍ਰੀ 'ਗੁਰਦਵਾਰਾ ਲੱਖੀ ਜੰਗਲ' ਤੋਂ ਪ੍ਰਾਪਤ ਹੋਇਆ ਹੈ।

ਨੋਟ- ਅੱਜ ਕੱਲ 'ਲੱਖੀ ਜੰਗਲ ਗੁਰਦਵਾਰਾ' ਰਿਆਸਤ ਫਰੀਦਕੋਟ ਵਿਚ ਹੈ। ਪਹਿਲਾਂ ਦੁਸਹਿਰਾ, ਮਾਘੀ ਤੇ ਵਿਸਾਖੀ 'ਤੇ ਮੇਲਾ ਲੱਗਦਾ ਸੀ ਹੁਣ ਪੂਰਨਮਾਸ਼ੀ ਨੂੰ ਵੀ ਲੱਗਦਾ ਹੈ। (ਲੇਖਕ)

ਗੁਰੂ ਨਾਨਕ ਨੇ ਉਸ ਦੇ ਉੱਤੇ, ਪੂਰਨ ਕਿਰਪਾ ਕੀਤੀ
ਉਮਰ ਓਸ ਦੀ ਗੁਰ ਸਿੱਖ ਹੋ ਕੇ, ਜੱਗ ਤੇ ਬਾਕੀ ਬੀਤੀ
'ਗੁਰੂ ਨਾਨਕ' ਨਿਰੰਕਾਰੀ ਨੇ ਵੀ, ਭਾਗ ਏਸ ਨੂੰ ਲਾਏ
ਸਵਾ ਲੱਖ ਸ੍ਰੀ ਜਪੁਜੀ ਜਪ ਕੇ, ਇਸ ਵਿੱਚ ਚੋਜ ਰਚਾਏ
'ਗੁਰੂ ਅੰਗਦ' ਨੇ ਵੀ ਇਸ ਉੱਤੇ, ਨਿਗ੍ਹਾ ਮਿਹਰ ਦੀ ਧਾਰੀ
ਚਰਨ ਛੁਹਾ ਕੇ ਆਪਣੇ ਦਾਤਾ! ਇਹ ਧਰਤੀ ਸੀ ਠਾਰੀ
ਮੀਰੀ ਪੀਰੀ ਦੇ ਗੁਰ ਵਾਲੀ, ਹਰ ਗੋਬਿੰਦ ਪਿਆਰੇ
ਇਸ ਜੰਗਲ ਨੂੰ ਪਾਰਸ ਕਰ ਗਏ, ਛੁਹ ਦੇ ਕੇ ਘਾਹ ਠਾਰੇ
ਹੁਣ ਦਾਤਾ ਜੀ ਆਪ ਜੀਓ ਨੇ, ਆਣ ਇਨੂੰ ਵਡਿਆਇਆ
ਭਾਗਵਾਨ ਇਹ ਜੰਗਲ ਭਾਰਾ, ਹੈ ਸਭ ਦੇ ਮਨ ਭਾਇਆ
ਹੁਣ ਤਾਂ ਇਹ ਸਚਖੰਡ ਹੋ ਗਿਆ, ਆਪ ਇਥੇ ਜਦ ਆਏ
ਜਿਸ ਕਿਣਕੇ ਨੂੰ ਆਪ ਨਿਵਾਜੋ, ਉਹ ਸੂਰਜ ਬਣ ਜਾਏ
ਏਨਾ ਕਹਿ ਜਾਂ ਦਾਨ ਸਿੰਘ ਨੇ, ਅਪਣੀ ਗੱਲ ਮੁਕਾਈ
ਜੋਤ ਜਾਗਦੀ ਕਲਗੀਧਰ ਦੀ, ਮਿਹਰਾਂ ਅੰਦਰ ਆਈ
ਝੱਟ ਲਾਡਲੇ ਦਾਨ ਸਿੰਘ ਨੂੰ, ਚੁੱਕ ਕੇ ਲਾਇਆ ਛਾਤੀ
ਖੋਲ ਕਪਾਟ ਦਿੱਤੇ, ਝੱਟ ਉਸ ਦੇ, ਪਾ ਨੈਣਾਂ ਵਿੱਚ ਝਾਤੀ
ਦਾਨਾ ਸਿੰਘ ਗੁਰ ਕਲਗੀਧਰ ਦਾ, ਪੂਰਨ ਸੇਵਕ ਹੋਇਆ
'ਤੀਰ' ਜੀਵਿਆ ਗੁਰ ਦਾ ਹੋ ਕੇ, ਗੁਰ ਦਾ ਹੋ ਕੇ ਮੋਇਆ

### *ਸ੍ਰੀ ਦਸਮੇਸ਼ ਜੀ ਸਾਬੋ ਕੀ ਤਲਵੰਡੀ ਵਿੱਚ (ਬੈਂਤ ਵੱਲੋਂ ਕਵੀ)*

ਲੱਖੀ ਜੰਗਲੋਂ ਟੁਰੇ ਦਸਮੇਸ਼ ਚੋਜੀ, ਆਏ ਜੀਆਂ ਦਾ ਆਪ ਉਧਾਰ ਕਰਕੇ
ਆਣ 'ਸਾਬੋ ਤਲਵੰਡੀ' ਦੇ ਕੋਲ ਪੁੱਜੇ, ਨਾਲ ਸੇਵਕਾਂ ਦੇ ਪੈਂਡਾ ਮਾਰ ਕਰਕੇ
ਏਥੇ ਸਿੱਖ ਹੈਸੀ ਸਿਦਕਵਾਨ ਡੱਲਾ, ਘਰ ਲੈ ਗਿਆ ਦਿਲੀ ਸਤਿਕਾਰ ਕਰਕੇ
'ਤੀਰ' ਰੱਖਿਆ ਉਹਨੇ ਦਸਮੇਸ਼ ਜੀ ਨੂੰ, ਕੋਲ ਆਪਣੇ ਪ੍ਰੇਮ ਪਿਆਰ ਕਰਕੇ

### *ਡੱਲੇ ਦੀ ਸ਼ਖ਼ਸੀਅਤ*

ਡੱਲਾ ਸੀ ਮਾਲਕ ਸਾਰੇ ਪਰਗਣੇ ਦਾ, ਉਦ੍ਹਾ ਰਾਜਿਆਂ ਜਿਹਾ ਵਿਹਾਰ ਹੈਸੀ
ਹੁਕਮ ਚੱਲਦਾ ਸੀ ਉਦ੍ਹਾ ਹਰ ਪਾਸੇ, ਏਸ ਜੂਹ ਦਾ ਉਹ ਸਰਦਾਰ ਹੈਸੀ
ਮਰਨ ਵਾਸਤੇ ਉਦ੍ਹੇ ਇਸ਼ਾਰਿਆਂ 'ਤੇ, ਹਰ ਘੜੀ ਹਰ ਇੱਕ ਤਿਆਰ ਹੈਸੀ
ਉਹਨੂੰ ਮਾਣ ਹੈਸੀ ਰੋਬ੍ਹ ਆਪਣੇ ਦਾ, ਤੇ ਰਸੂਖ ਦਾ ਕੁੱਝ ਹੰਕਾਰ ਹੈਸੀ
ਉਹਦੇ ਪਾਸ ਸੀ ਸੂਰਮੇ ਬੜੇ ਰਹਿੰਦੇ, ਮੰਨੀ ਓਸ ਦੀ ਗਈ ਤਲਵਾਰ ਹੈਸੀ

'ਤੀਰ' ਸ੍ਰੀ ਦਸਮੇਸ਼ ਦੇ ਨਾਮ ਉੱਤੋਂ, ਡੱਲਾ ਹੋਂਵਦਾ ਦਿਲੋਂ ਨਸਾਰ ਹੈਸੀ

### ਸ੍ਰੀ ਦਸਮੇਸ਼ ਜੀ ਦੇ ਡੇਰੇ

ਜਦੋਂ ਪੁੱਜ ਪਏ ਪਿੰਡ ਦੇ ਐਨ ਨੇੜੇ, ਸੂਰਬੀਰ ਅਟਕਾਏ ਦਸਮੇਸ਼ ਜੀ ਨੇ
*ਏਥੇ ਲਾਓ ਡੇਰੇ ਮੇਰੇ ਖ਼ਾਲਸਾ ਜੀ, ਮਿੱਠੇ ਬਚਨ ਸੁਣਾਏ ਦਸਮੇਸ਼ ਜੀ ਨੇ
ਡੱਲੇ ਝੱਟ ਹੀ ਤੰਬੂ ਲਵਾ ਦਿੱਤੇ, ਡੇਰੇ ਉਨ੍ਹਾਂ ਵਿੱਚ ਲਾਏ ਦਸਮੇਸ਼ ਜੀ ਨੇ
'ਤੀਰ' ਦਮਦਮਾ ਗੁਰੂ ਦਾ ਨਾਮ ਧਰਿਆ, ਇਥੇ ਚੋਜ ਵਿਖਾਏ ਦਸਮੇਸ਼ ਜੀ ਨੇ

### ਡੱਲੇ ਦੀ ਬੇਨਤੀ

ਹੱਥ ਜੋੜ ਦੂਜੇ ਰੋਜ਼ ਕਿਹਾ ਡੱਲੇ, ਏਸ ਦਾਸ 'ਤੇ ਮੇਹਰ ਦੇ ਵਰ੍ਹੋ ਦਾਤਾ
ਜੇੜ੍ਹੇ ਸੂਰਮੇ ਹੈਣ ਤਨਖਾਹ ਲੈਂਦੇ, ਤੁਸੀਂ ਉਨ੍ਹਾਂ ਨੂੰ ਵਿੱਦਿਆ ਕਰੋ ਦਾਤਾ
ਤੁਸੀਂ ਮੇਰੀਆਂ ਅੱਖੀਆਂ ਵਿੱਚ ਵੱਸੋ, ਰੱਤੀ ਭਰ ਨਾ ਏਸ ਥਾਂ ਡਰੋ ਦਾਤਾ
ਕੋਈ ਹੱਥ ਨਾ ਚੁੱਕੇਗਾ 'ਤੀਰ' ਏਧਰ, ਜੇਕਰ ਹੱਥ ਮੇਰੇ ਸਿਰ 'ਤੇ ਧਰੋ ਦਾਤਾ

### ਤਨਖਾਹਦਾਰ ਸਿਪਾਹੀ ਚਲੇ ਗਏ

ਜਾਨੀ ਜਾਨ ਨੇ ਡੱਲੇ ਦੀ ਗੱਲ ਮੰਨੀ, ਨੌਕਰ ਸੂਰਮੇ ਸਭ ਹਟਾਏ ਦਾਤੇ
ਤਲਬ ਸਭ ਦੀ ਸਤਿਗੁਰਾਂ ਤਾਰ ਦਿੱਤੀ, ਆਦਰ ਨਾਲ ਸਭ ਬੀਰ ਤੁਰਾਏ ਦਾਤੇ
ਏਥੇ ਵੱਸ ਕੇ ਸ੍ਰੀ ਦਸਮੇਸ਼ ਮੇਰੇ, ਤਰ੍ਹਾਂ ਤਰ੍ਹਾਂ ਦੇ ਚੋਜ ਵਰਤਾਏ ਦਾਤੇ
'ਤੀਰ' ਏਸ ਥਾਂ ਹੀ ਨਵੀਂ ਪਰਖ ਹੋਈ, ਡੱਲੇ ਲਈ ਏਥੇ ਪਰਚੇ ਪਾਏ ਦਾਤੇ

### ਡੱਲੇ ਦੀਆਂ ਫੜ੍ਹਾਂ

ਇੱਕ ਰੋਜ਼ ਦੀਵਾਨ ਵਿੱਚ ਕਿਹਾ ਡੱਲੇ, ਮੈਨੂੰ ਰੜਕਦੀ ਹੈ ਸਦਾ ਗੱਲ ਦਾਤਾ
ਡਾਢੀ ਗੱਲ ਇਹ ਦਰਦ ਦੀ ਹੈ ਕਾਨੀ, ਮੇਰਾ ਕਾਲਜਾ ਰਹੀ ਏ ਸੱਲ ਦਾਤਾ
ਏਸ ਗੱਲ ਨੇ ਰਾਤ ਦਿਨ ਜਿੰਦ ਮੇਰੀ, ਤੱਤੇ ਤੇਲ ਅੰਦਰ ਸੁੱਟੀ ਤੱਲ ਦਾਤਾ
ਘੜੀ ਚਾਰ ਵੀ ਸਮਾਂ ਨਾ ਹੱਥ ਲੱਗਾ, ਖ਼ਾਲੀ ਗਿਆ ਲੜਾਈ ਦਾ ਪੱਲ ਦਾਤਾ
ਆਪ ਜੰਗ ਦੇ ਸਮੇਂ ਅਨੰਦ ਪੁਰੀਓਂ, ਜੇਕਰ ਆਦਮੀ ਛੱਡਦੇ ਘੱਲ ਦਾਤਾ
ਲੈ ਕੇ ਆਪਣੇ ਸੂਰਮੇ ਪੁੱਜਦਾ ਮੈਂ, ਆਪ ਜਿੱਤ ਦੀ ਖੱਟਦੇ ਭੱਲ ਦਾਤਾ
ਅਸੀਂ ਵੈਰੀਆਂ ਦਾ ਮੂੰਹ ਮੋੜ ਦੇਂਦੇ, ਸ਼ਾਹੀ ਫ਼ੌਜ ਨੂੰ ਪਾਂਵਦੇ ਠੱਲ੍ਹ ਦਾਤਾ
ਅਸੀਂ ਪਿੜ ਅੰਦਰ ਐਸੀ ਤੇਗ ਵਾਂਹਦੇ, ਢਾਹ ਸੁੱਟਦੇ ਸੂਰਮੇ ਮੱਲ ਦਾਤਾ
ਮੇਰੇ ਮਾਰ-ਖੋਰੇ ਸ਼ੇਰ ਮਰਦ ਉੱਥੇ, ਵੱਢ ਵੱਢ ਕੇ ਸੁੱਟਦੇ ਦੱਲ ਦਾਤਾ

* ਏਸ ਥਾਂ ਪਹਿਲੇ ਨੌਂਵੇਂ ਸਤਿਗੁਰੂ ਵੀ ਚਰਨ ਪਾ ਗਏ ਸਨ ਇਸ ਲਈ ਕਲਗੀਧਰ ਜੀ ਨੇ ਇਥੇ ਟਿਕਣ ਦਾ ਹੁਕਮ ਦਿਤਾ ਸੀ, ਹੁਣ ਉਹ ਜਗ੍ਹਾ ਦਮ ਦੇ ਲੈਣ ਦੀ ਜਗ੍ਹਾ ਕਰਕੇ ਦਮਦਮਾ ਸਾਹਿਬ ਵਜੋਂ ਪ੍ਰਸਿੱਧ ਹੈ ਤੇ ਮਾਲਵੇ ਵਿੱਚ ਧਾਰਮਿਕ ਕੇਂਦਰ ਹੈ।

ਵੱਢ ਡੱਕਰੇ ਬੱਕਰੇ ਵਾਂਙ ਕਰਦੇ ਅਤੇ ਲਾਹੁੰਦੇ ਦੱਲਾਂ ਦੀ ਖੱਲ ਦਾਤਾ
ਤੇਗ਼ ਵਾਹੁੰਦੇ ਵਾਂਗਰਾਂ ਦਾਤਰੀ ਦੇ ਅਤੇ ਫੇਰਦੇ ਤੀਰਾਂ ਦੇ ਹੱਲ ਦਾਤਾ
ਮੇਰੇ ਬੀਰ ਤੇ ਮੈਂ ਮੈਦਾਨ ਅੰਦਰ, ਨਹੀਂ ਮੂਲ ਸਾਂ ਸੱਕਦੇ ਟੱਲ ਦਾਤਾ
ਅਸੀਂ ਆਪ ਦੇ ਦੁਸ਼ਮਣਾਂ ਦੂਤੀਆਂ ਨੂੰ, ਹੱਥੋ ਹੱਥ ਚਖਾਂਵਦੇ ਫੱਲ ਦਾਤਾ
ਸਮੇਂ ਸਿਰ ਸਾਨੂੰ ਜੇਕਰ ਸਾਰ ਹੁੰਦੀ, ਡਾਢੀ ਪਾਂਵਦੇ ਅਸੀਂ ਤੜਥੱਲ ਦਾਤਾ
ਮੇਰੇ ਸੂਰਿਆਂ ਅਣਖੀਆਂ ਜੋਧਿਆਂ ਦੇ, ਕੋਈ ਵਾਰ ਨਹੀਂ ਸਕਦਾ ਝੱਲ ਦਾਤਾ
ਵੈਰੀ ਏਸ ਜਹਾਨ ਤੋਂ ਚਲੇ ਜਾਂਦੇ, ਸਾਡੇ 'ਤੀਰ' ਜੇ ਜਾਂਵਦੇ ਚੱਲ ਦਾਤਾ

*ਆਪਣੇ ਸੂਰਮਿਆਂ ਵੱਲ ਸੈਨਤ ਕਰਕੇ ਡੱਲਾ ਕਹਿੰਦਾ ਹੈ*

ਜਾਣੀ ਜਾਣ ਜੀ ਸੂਰਮਾ ਔਹ ਮੇਰਾ, ਇਹਨੂੰ ਕੋਈ ਹਰਾ ਨਾ ਸੱਕਦਾ ਜੇ
ਕਰੇ ਮੂੰਹ ਜਿੱਧਰ ਖੇਤ ਹੋਣ ਖ਼ਾਲੀ, ਕੋਈ ਬੱਚ ਕੇ ਜਾ ਨਾ ਸੱਕਦਾ ਜੇ
ਏਸ ਸ਼ੇਰ ਨੂੰ ਮੌਤ ਦੀ ਮੌਤ ਕਹਿੰਦੇ, ਰਣੋਂ ਮੂੰਹ ਭੁਆ ਨਾ ਸੱਕਦਾ ਜੇ
ਜਦੋਂ ਇਹ ਮੈਦਾਨ ਵਿੱਚ ਹੋਂਵਦਾ ਏ, ਜੱਮ ਸਾਹਮਣੇ ਆ ਨਾ ਸੱਕਦਾ ਜੇ
ਜਾਨ ਲੈਣ ਲਈ ਵਹੀ ਨੇ, ਇਨ੍ਹਾਂ ਤਾਈਂ, ਹੱਥ ਕੋਈ ਵੀ ਪਾ ਨਾ ਸੱਕਦਾ ਜੇ
'ਤੀਰ' ਮੇਰਿਆਂ ਇਨ੍ਹਾਂ ਬਹਾਦਰਾਂ ਦੀ, ਵੈਰੀ ਸੱਟ ਵੀ ਖਾ ਨਾ ਸੱਕਦਾ ਜੇ

*ਫੇਰ ਕਹਿੰਦਾ ਹੈ*

ਜੇਕਰ ਆਪ ਜੀ ਘੱਲਦੇ ਸੱਦ ਮੈਨੂੰ, ਏਸ ਤਰ੍ਹਾਂ ਨਾ ਕਦੇ ਨੁਕਸਾਨ ਹੁੰਦਾ
ਮਾਰੇ ਸਿੱਖ ਨਾ ਜਾਂਵਦੇ ਭੰਗ ਭਾੜੇ, ਨਾ ਅਨੰਦ ਪੁਰ ਕਦੇ ਵੈਰਾਨ ਹੁੰਦਾ
ਸਰਸੇ ਵਿੱਚ ਨਾ ਵੱਗਦਾ ਨਵਾਂ ਸਰਸਾ, ਪੱਤਣ ਪੰਧ ਨਾ ਲਹੂ ਲੁਹਾਨ ਹੁੰਦਾ
ਨਾ ਚਮਕੌਰ ਵਿੱਚ ਚਲਦੀ ਤੇਗ਼ ਸ਼ਾਹੀ, ਨਾ ਅਜੀਤ ਜੁਝਾਰ ਕੁਰਬਾਨ ਹੁੰਦਾ
ਨਾ ਸਰਹੰਦ ਅੰਦਰ ਏਦਾਂ ਕਹਿਰ ਹੁੰਦਾ, ਬਿਰਧ ਮਾਂ ਦਾ ਚੂਰ ਨਾ ਮਾਣ ਹੁੰਦਾ
'ਤੀਰ' ਸਾਥੀਆਂ ਸਣੇ ਜੇ ਮੈਂ ਹੁੰਦਾ, ਵੇਖ ਵੇਖ ਸੰਸਾਰ ਹੈਰਾਨ ਹੁੰਦਾ

*ਸ੍ਰੀ ਦਸਮੇਸ਼ ਜੀ ਦੇ ਬਚਨ ਡੱਲੇ ਪ੍ਰਤੀ*

ਜਾਣੀ ਜਾਣ ਨੇ ਆਖਿਆ ਪ੍ਰੀਤਵਾਨਾ, ਕੋਈ ਲੋੜ ਨਾ ਮੂਲ ਅਫ਼ਸੋਸ ਦੀ ਏ
ਓਸ ਆਤਮਾ ਦਾ ਭਲਾ ਨਹੀਂ ਹੁੰਦਾ, ਜੇੜ੍ਹੀ ਰੱਬੀ-ਰਜ਼ਾ ਨੂੰ ਕੋਸਦੀ ਏ
ਕੋਈ ਲੋੜ ਨਾ ਮੂਲ ਪਛਤਾਵਣੇ ਦੀ, ਮੂਲ ਥਾਂ ਨਾ ਸੱਜਣਾ! ਰੋਸ ਦੀ ਏ
'ਤੀਰ' ਵਰਤ ਕੇ ਹੀ ਸਦਾ ਹੱਟਦੀ ਏ, ਹੋਣੀ ਹੋਣ ਵਾਲੀ ਜੋ ਜੋ ਓਸਦੀ ਏ

*ਮਹਾਰਾਜ ਫਿਰ ਕਹਿੰਦੇ ਹਨ*

ਤੇਰੇ ਇਹ ਜੋ ਨੇ ਸੂਰਬੀਰ ਬਾਂਕੇ, ਦੇਸ਼ ਵਾਸਤੇ ਦਾਨ ਨਹੀਂ ਹੋ ਸਕਦੇ

ਜਿਵੇਂ ਸਿੱਖ ਨੇ ਵਾਰਦੇ ਰਹੇ ਜਾਨਾਂ, ਤਿਵੇਂ ਇਹ ਕੁਰਬਾਨ ਨਹੀਂ ਹੋ ਸਕਦੇ
ਜਿਵੇਂ ਸਿੱਖ ਮੇਰੇ ਕੁੱਦੇ ਰੱਣ ਅੰਦਰ, ਅੱਗੇ ਇਹ ਜਵਾਨ ਨਹੀਂ ਹੋ ਸਕਦੇ
ਜਿਵੇਂ ਛੱਕ ਅੰਮ੍ਰਿਤ ਸਜੇ ਸਿੰਘ ਮੇਰੇ, ਤਿਵੇਂ ਇਹ ਪਰਵਾਨ ਨਹੀਂ ਹੋ ਸਕਦੇ
ਆਣ, ਜੋਸ਼ ਤੇ ਸਿਦਕ ਦੀ ਕਣੀ ਬਾਝੋਂ, ਕਾਰੇ ਕਦੇ ਮਹਾਨ ਨਹੀਂ ਹੋ ਸਕਦੇ
'ਤੀਰ' ਲੋਭੀਆਂ ਭਾੜੇ ਦੇ ਟੱਟੂਆਂ ਤੋਂ, ਕਦੇ ਫ਼ਤਹਿ ਮੈਦਾਨ ਨਹੀਂ ਹੋ ਸਕਦੇ

### *ਡੱਲੇ ਨੇ ਕੀ ਆਖਿਆ*

ਡੱਲੇ ਆਖਿਆ, ਪਾਤਸ਼ਾਹ! ਇਨ੍ਹਾਂ ਤਾਈਂ, ਜਾਣੋ ਮੋਮ ਨਾ ਨਿਰੇ ਫ਼ੌਲਾਦ ਹੈ ਜੇ
ਕੋਹਣ ਬੱਕਰੇ ਜਾਣ ਕੇ ਵੈਰੀਆਂ ਨੂੰ, ਭਗਤ ਨਹੀਂ ਜੇ ਨਿਰੇ ਜੱਲਾਦ ਹੈ ਜੇ
ਜਾਣ ਛਾਂਙਦੇ ਛਿੱਲਦੇ, ਅਲਖ ਲਾਂਹਦੇ, ਵੈਰੀ ਇਨ੍ਹਾਂ ਦੇ ਲਈ ਕਮਾਦ ਹੈ ਜੇ
'ਤੀਰ' ਜੱਗ ਤੇ ਜੰਗ ਦੀ ਵਿੱਦਿਆ ਦੇ, ਸੱਚ ਜਾਣਨਾ ਪੀਰ ਉਸਤਾਦ ਹੈ ਜੇ

### *ਸੂਰਮਿਆਂ ਵੱਲ ਸੈਨਤ ਕਰਕੇ ਫੇਰ ਕਹਿੰਦਾ ਹੈ*

ਉਦ੍ਹੀ ਅੱਖ ਵੇਖੋ, ਅੱਖ ਮੌਤ ਦੀ ਏ, ਉਦ੍ਹੇ ਹੱਥ ਵੇਖੋ ਹੱਥ ਕਾਲ ਦੇ ਨੇ
ਉਦ੍ਹੀ ਹਿੱਕ ਵੇਖੋ ਨਿਰੀ ਲੋਹੇ ਦੀ ਏ, ਡੌਲੇ ਜੱਗ 'ਤੇ ਨਾ ਇਦ੍ਹੇ ਨਾਲ ਦੇ ਨੇ
ਉਦ੍ਹੀ ਤੇਗ਼ ਵੇਖੋ ਰੱਤ ਮੰਗਦੀ ਏ, ਓਦ੍ਹੇ ਤੀਰ ਪਏ ਕਾਲਜੇ ਭਾਲਦੇ ਨੇ
ਉਦ੍ਹੀ ਨਾਗਣੀ ਜੋ ਕਹਿਰ-ਭਰੀ ਬਰਛੀ, ਵਾਰ ਓਸ ਦੇ ਵੈਰੀ ਨੂੰ ਗਾਲਦੇ ਨੇ
ਨੇਜ਼ਾ ਔਸ ਦਾ ਨਿਰਾ ਜੋ ਨਾਗ਼ ਜ਼ਹਿਰੀ, ਜਿਦ੍ਹੇ ਹੱਥ ਪਏ ਖੰਡਾ ਉਛਾਲਦੇ ਨੇ
'ਤੀਰ' ਸੂਰਮੇ ਇਹ ਸਿਰਲੱਥ ਮੇਰੇ, ਗੁਰੂ ਜੱਗ ਅੰਦਰ ਤੇਗ਼ ਢਾਲਦੇ ਨੇ

### *ਸ੍ਰੀ ਦਸਮੇਸ਼ ਜੀ ਦੇ ਭੇਦ ਭਰੇ ਬਚਨ*

ਮਹਾਰਾਜ ਨੇ ਆਖਿਆ! ਬੀਤੀਆਂ 'ਤੇ, ਕੋਈ ਲੋੜ ਨਾ ਨੈਣ ਵਹਾਵਣੇ ਦੀ
ਭਲਾ ਹੁਣ ਪਛਤਾਣ ਦੀ ਲੋੜ ਕੀ ਏ, ਘੜੀ ਬੀਤ ਗਈ ਸਮੇਂ ਡਰਾਵਣੇ ਦੀ
ਜੇਕਰ ਮਾਣ ਤੈਨੂੰ ਏਨ੍ਹਾਂ ਜੋਧਿਆਂ 'ਤੇ, ਅਤੇ ਰੀਝ ਹੈ ਹੱਥ ਵਿਖਾਵਣੇ ਦੀ
'ਤੀਰ' ਪਰਖ ਲਾਂ ਗੇ, ਕਦੇ ਗੱਲ ਤੇਰੀ, ਲੋੜ ਡੱਲਿਆ ਨਹੀਂ ਘਬਰਾਵਣੇ ਦੀ

### *ਪੈਰਾਂ ਉੱਤੇ ਹੀ ਪਰਖ ਆ ਪਈ (ਵੱਲੋਂ ਕਵੀ)*

ਹੋਈ ਗੱਲ ਨਾ ਅੱਜੇ ਸੀ ਮੂਲ ਪੂਰੀ, ਨਵਾਂ ਸਮੇਂ ਨੇ ਚੋਜ ਵਿਖਾਇਆ ਜੇ
ਜਥੇ ਨਾਲ ਇੱਕ ਗੁਰੂ ਕਾ ਸਿੱਖ ਆਇਆ, ਭੇਟਾ ਉਹ ਬੰਦੂਕ ਲਿਆਇਆ ਜੇ
ਮੱਥਾ ਟੇਕ ਸਤਿਗੁਰਾਂ ਦੀ ਭੇਟ ਕੀਤੀ, ਮੂੰਹੋਂ ਓਸ ਨੇ ਬੜਾ ਵਡਿਆਇਆ ਜੇ
ਜਾਣੀ ਜਾਣ ਨੇ ਝੱਟ ਹੀ ਓਸ ਵੇਲੇ, ਡੱਲੇ ਤਾਈਂ ਇਹ ਹੁਕਮ ਸੁਣਾਇਆ ਜੇ
'ਡੱਲਾ ਜੀ! ਦੋ ਆਪਣੇ ਜੋਧਿਆਂ ਨੂੰ, ਰਤਾ ਸਾਹਮਣੇ ਆਣ ਖਲ੍ਹਵਾਇਆ ਜੇ

ਗੋਲੀ ਏਸ ਬੰਦੂਕ ਦੀ ਪਰਖ ਲਈਏ, ਲੋਹਾ ਕਿਹਾ ਲੁਹਾਰ ਨੇ ਲਾਇਆ ਜੇ
ਨਾਲੇ ਕਿੱਤਨੀ ਦੂਰ ਹੈ ਮਾਰ ਕਰਦੀ, ਅਸੀਂ ਚਾਂਹਵਦੇ ਇਹ ਅਜ਼ਮਾਇਆ ਜੇ
ਡੱਲਾ ਸੁਣਦਿਆਂ ਸਾਰ ਤ੍ਰਿਭੱਕ ਗਿਆ, ਡਾਢਾ ਅੰਦਰੋਂ ਆਣ ਘਬਰਾਇਆ ਜੇ
ਉਦ੍ਹੇ ਸੂਰਮੇ ਵੀ ਬਿਤਰ ਬਿਤਰ ਤੱਕਣ, ਭੇਦ ਗੁਰਾਂ ਦਾ ਕਿਸੇ ਨਾ ਪਾਇਆ ਜੇ
ਕਈ ਹੋਇ ਖਿਸਕੂ ਕਈਆਂ ਪਾਈ ਊਂਧੀ, ਡਰ ਸਾਰਿਆਂ ਦੇ ਦਿਲੀਂ ਛਾਇਆ ਜੇ
ਕਈ ਕਰਨ ਗੱਲਾਂ ਡੱਲੇ ਅੱਜ ਸਾਨੂੰ, ਭਾੜੇ-ਭੰਗ ਦੇ ਆਣ ਮਰਵਾਇਆ ਜੇ
'ਤੀਰ' ਨਹੀਂ ਸੀ ਦਿਲੋਂ ਪਸੰਦ ਭਾਵੇਂ, ਡੱਲੇ ਤਦ ਵੀ ਇਉਂ ਸੁਣਾਇਆ ਜੇ

### *ਡੱਲਾ ਆਪਣੇ ਜਵਾਨਾਂ ਨੂੰ ਵੰਗਾਰਦਾ ਹੈ*

'ਉੱਠੋ ਸ਼ੇਰ ਮਰਦੋ ਮਰੋ ਗੁਰੂ ਖਾਤਰ, ਵੇਲਾ ਇਹ ਨਾ ਮੂਲ ਵਿਚਾਰ ਦਾ ਏ
ਪੂਰੇ ਉੱਤਰੋ ਹੀਰਿਓ ਪਰਖ ਵੇਲੇ, ਪਿਆ ਗੁਰੂ ਦਸਮੇਸ਼ ਵੰਗਾਰਦਾ ਏ
ਐਪਰ ਇੱਕ ਨਾ ਉੱਠਿਆ ਮੂਲ ਕੋਈ, ਡੱਲਾ ਲੱਖ ਭਾਵੇਂ ਵਾਜਾਂ ਮਾਰਦਾ ਏ
'ਤੀਰ' ਬੇਪਤੀ ਇਸ ਤਰ੍ਹਾਂ ਜਦੋਂ ਹੋਈ, ਰੰਗ ਉੱਡ ਗਿਆ ਸ਼ਰਮਸਾਰ ਦਾ ਏ

### *ਮਹਾਰਾਜ ਨੇ ਫਿਰ ਡੱਲੇ ਨੂੰ ਕਿਹਾ*

ਕਿਹਾ ਸ੍ਰੀ ਦਸਮੇਸ਼ ਨੇ ਵੇਖ ਡੱਲਾ, ਔਹ ਸਿੱਖ ਦਸਤਾਰ ਸਜਾ ਰਹੇ ਨੇ
ਦੋਵੇਂ ਹੈਣ ਸਿਦਕੀ ਦੋਵੇਂ ਸਿੱਖ ਮੇਰੇ, ਦੋਵੇਂ ਰੱਬ ਨੂੰ ਦਿਲੋਂ ਧਿਆ ਰਹੇ ਨੇ
ਜਾ ਕੇ ਆਖ! ਬੰਦੂਕ ਦੀ ਪਰਖ ਹੋਣੀ, ਇੱਕ ਸਿੱਖ ਮਹਾਰਾਜ ਬੁਲਾ ਰਹੇ ਨੇ
'ਤੀਰ' ਗੁਰਾਂ ਹੱਥੋਂ ਜਿਨ੍ਹੇ ਹੋਏ ਮਰਨਾ, ਚੱਲੇ ਉਹ, ਪਲ ਬੀਤਦੇ ਜਾ ਰਹੇ ਨੇ

### *ਡੱਲੇ ਦੀ ਅਵਾਜ਼ 'ਤੇ ਪੱਗ ਬੰਨ੍ਹਦੇ ਦੋਵੇਂ ਦੌੜ ਪਏ*

ਡੱਲੇ ਦੱਸਿਆ ਹੁਕਮ ਦਸਮੇਸ਼ ਜੀ ਦਾ, ਦੌੜੇ ਦੁਏ ਦਸਤਾਰ ਸਜਾਂਵਦੇ ਈ
'ਦਾਤਾ ਮੈਂ ਹਾਜ਼ਰ, ਦਾਤਾ ਮੈਂ ਹਾਜ਼ਰ', ਉੱਚੀ ਆਖਦੇ ਆਂਵਦੇ ਆਂਵਦੇ ਈ
ਕਦੇ ਉਹ ਅੱਗੇ ਕਦੇ ਉਹ ਅੱਗੇ, ਖੜ੍ਹੇ ਹੋਣ ਹਾੜੇ ਤਰਲੇ ਪਾਂਵਦੇ ਈ
'ਤੀਰ' ਇਸ ਤਰ੍ਹਾਂ ਗੁਰੂ ਨੂੰ ਕਹਿਣ ਲੱਗੇ, ਦੋਵੇਂ ਪੁੱਜ ਕੇ ਸੀਸ ਨਿਵਾਂਵਦੇ ਈ

### *ਦੋਵੇਂ ਸ੍ਰੀ ਦਸਮੇਸ਼ ਜੀ ਨੂੰ ਕਹਿੰਦੇ ਹਨ*

ਸੱਚੇ ਪਾਤਸ਼ਾਹ! ਦੌੜਿਆ ਮੈਂ ਪਹਿਲੇ, ਏਸ ਵਾਸਤੇ ਕਰੋ ਪਰਵਾਨ ਮੈਨੂੰ
ਦੂਜੇ ਆਖਿਆ 'ਮੈਂ ਪਹਿਲੇ ਹੁਕਮ ਸੁਣਿਆ', ਦਿਓ ਪਿਤਾ ਜੀ ਤ੍ਰੁਠ ਕੇ ਮਾਣ ਮੈਨੂੰ
ਪਹਿਲੇ ਆਖਿਆ ਪਹੁੰਚਿਆ ਮੈਂ ਪਹਿਲੇ, ਏਸ ਵਾਸਤੇ ਕਰੋ ਨਿਸ਼ਾਨ ਮੈਨੂੰ
ਦੂਜੇ ਆਖਿਆ ਅਜੇ ਜਵਾਨ ਹੈਂ ਤੂੰ, ਏਸ ਲਈ ਕਰ ਦੇ ਮੌਤ ਦਾਨ ਮੈਨੂੰ
ਪਹਿਲੇ ਆਖਿਆ ਏਸ ਜਵਾਨ ਉਮਰੇ, ਏਥੇ ਹੋਣ ਦੇ ਅੱਜ ਕੁਰਬਾਨ ਮੈਨੂੰ

ਦੂਜੇ ਆਖਿਆ 'ਕੀਮਤੀ ਜਾਨ ਤੇਰੀ', ਲੇਖੇ ਲਾਣ ਦੇ ਸੋਹਣਿਆ ਜਾਨ ਮੈਨੂੰ
ਏਦਾਂ! ਝਗੜਦੇ ਸੀ ਆਪੋ ਵਿੱਚ ਦੋਵੇਂ, ਨਹੀਂ ਸੱਜਣਾ! ਲੋੜ ਪ੍ਰਾਨ ਮੈਨੂੰ
'ਤੀਰ' ਗੁਰੂ ਹੱਥੋਂ ਜੇਕਰ ਮੌਤ ਹੋਵੇ, ਮੌਤ ਜੀਵਣਾ ਫੇਰ ਜਹਾਨ ਮੈਨੂੰ

### ਸ੍ਰੀ ਦਸਮੇਸ਼ ਜੀ ਦਾ ਹੁਕਮ

ਜਾਣੀ ਜਾਣ ਨੇ ਆਖਿਆ ਲੜੋ ਨਾਹੀਂ, ਪਾਲ ਬੰਨ੍ਹ ਕੇ ਜਾਓ ਖਲੋ ਦੋਵੇਂ
ਰੱਖੋ ਛਾਤੀਆਂ ਤਾਣ ਕੇ ਐਨ ਸਾਹਵੇਂ, ਜਾਓ ਡੱਟ ਅੱਗੇ ਪਿੱਛੇ ਹੋ ਦੋਵੇਂ
ਦੋਵੇਂ ਦਰ ਮਨਜ਼ੂਰ ਹੋ ਸਿਦਕਵਾਨੋਂ, ਤੁਸੀਂ ਮੇਰਿਆਂ ਨੈਣਾਂ ਦੀ ਲੋ ਦੋਵੇਂ
'ਤੀਰ' ਅੱਜ ਮੈਂ ਆਪਣੇ ਹਾਰ ਅੰਦਰ, ਮੋਤੀ ਪ੍ਰੇਮ ਦੇ ਲਏ ਪਰੋ ਦੋਵੇਂ

### ਦੋਵੇਂ ਅੱਗੜ-ਪਿੱਛੜ ਖਲੋ ਗਏ (ਵੱਲੋਂ ਕਵੀ)

ਗੋਲੀ ਖਾਣ ਲਈ ਗਏ ਖਲੋ ਦੋਵੇਂ, ਹਿੱਕਾਂ ਤਾਣੀਆਂ ਤਣੇ ਸਰੀਰ ਵੇਖੋ
ਖੁਸ਼ੀ ਨੱਚਦੀ ਪਈ ਹੈ ਚਿਹਰਿਆਂ 'ਤੇ, ਸਿੱਖੀ ਸਿਦਕ ਦੀ ਬਣੀ ਤਸਵੀਰ ਵੇਖੋ
ਮੌਤ ਇਨ੍ਹਾਂ ਨੂੰ ਜ਼ਿੰਦਗੀ ਜਾਪਦੀ ਏ, ਹੈਣ ਮੇਟਦੇ ਪਏ ਤਕਦੀਰ ਵੇਖੋ
ਕਿਵੇਂ ਸਤਿਗੁਰੂ ਤੋਂ ਘੋਲੀ ਸਿੱਖ ਹੁੰਦੇ, ਅੰਦਰ ਅੱਖੀਆਂ ਦੇ ਤੁਸੀਂ 'ਤੀਰ' ਵੇਖੋ

### ਪਰਖ ਹੋ ਗਈ (ਵੱਲੋਂ ਕਵੀ)

ਮਹਾਰਾਜ ਨੇ ਵੇਂਹਦਿਆਂ ਸ਼ਿਸਤ ਬੱਧੀ, ਸੰਗਤ ਵਿੱਚ ਹੈਰਾਨਗੀ ਪਾ ਦਿੱਤੀ
ਦੋਹਾਂ ਸਿਦਕੀਆਂ ਦੇ ਸੋਹਣੇ ਸੀਸ ਉੱਤੋਂ, ਘੋੜਾ ਦੱਬ ਕੇ ਗੋਲੀ ਲੰਘਾ ਦਿੱਤੀ
ਨਾਲੇ ਸਿੱਖ ਪਰਖੇ ਤੇ ਬੰਦੂਕ ਨਾਲੇ, ਨਾਲੇ ਸਿੱਖਾਂ ਦੀ ਜਾਨ ਬਚਾ ਦਿੱਤੀ
'ਤੀਰ' ਸਿੱਖ ਨੂੰ ਮੌਤ ਤੋਂ ਭੈ ਨਾਹੀਂ, ਡੱਲੇ ਤਾਈਂ ਇਹ ਗੱਲ ਸਮਝਾ ਦਿੱਤੀ

### ਡੱਲੇ ਦੀ ਸ਼ਰਮ-ਸਾਰੀ (ਵੱਲੋਂ ਕਵੀ)

ਡੱਲਾ ਵੇਖ ਭਾਢਾ ਸ਼ਰਮ-ਸਾਰ ਹੋਇਆ, ਕੌਤਕ ਕਰ ਬੈਠੇ ਕੌਤਕ ਕਰਨ ਵਾਲੇ
ਦਿਲ ਵਿੱਚ ਕਹਿੰਦਾ ਗੁਰਾਂ ਸੱਚ ਕਿਹਾ, ਹੱਸ ਹੱਸ ਕੇ ਸਿੱਖ ਨੇ ਮਰਨ ਵਾਲੇ
ਭਲਾ ਜੰਗ ਅੰਦਰ ਕਦੋਂ ਤੱਗਣੇ ਸੀ, ਮੇਰੇ ਸੂਰਮੇ ਮੌਤ ਤੋਂ ਡਰਨ ਵਾਲੇ
'ਤੀਰ' ਸ੍ਰੀ ਦਸਮੇਸ਼ ਦੇ ਬਣਨ ਸਾਥੀ, ਸੀਸ ਆਪਣਾ ਤਲੀ ਤੇ ਧਰਨ ਵਾਲੇ

### ਮਹਾਰਾਜ ਜੀ ਦੇ ਬਚਨ

ਮਹਾਰਾਜ ਨੇ ਆਖਿਆ ਭਾਈ ਡੱਲਾ, ਵੇਖ ਲਏ ਹੈ ਨੀ ਸਿਦਕਵਾਨ ਅੱਖੀਂ
ਨਾਲੇ ਆਪਣੇ ਬੀਰ ਵੀ ਪਰਖ ਲਏ ਨੀ, ਨਾਲੇ ਵੇਖਿਆ ਈ ਇਮਤਿਹਾਨ ਅੱਖੀਂ
ਤੇਰੇ ਸੂਰਮੇ ਛੱਡ ਮੈਦਾਨ ਜਾਂਦੇ, ਜੇਕਰ ਵੇਖਦੇ ਯੁੱਧ-ਮੈਦਾਨ ਅੱਖੀਂ

'ਤੀਰ' ਵੇਖ ਹੁਣ ਉੱਚੀਆਂ ਨਹੀਂ ਕਰਦੇ, ਤੇਰੇ ਸੂਰਮੇ ਅਤੇ ਬਲਵਾਨ ਅੱਖੀਂ

### ਮਹਾਰਾਜ ਫੇਰ ਕਹਿੰਦੇ ਹਨ

ਇਹ ਤਾਂ ਠੀਕ ਹੈ ਬਲੀ ਨੇ, ਬੀਰ ਵੀ ਨੇ, ਦੇਓ ਕੱਦ ਇਹ ਛੈਲ ਜਵਾਨ ਵੀ ਨੇ
ਇਹ ਵੀ ਠੀਕ ਹੈ ਚੰਗਿਆਂ ਚੰਗਿਆਂ ਦਾ, ਵੇਲੇ ਲੋੜ ਦੇ ਤੋੜਦੇ ਮਾਣ ਵੀ ਨੇ
ਇਹ ਵੀ ਠੀਕ ਹੈ ਆਪਣੇ ਵੈਰੀਆਂ ਨੂੰ, ਕਰ ਸੱਕਦੇ ਖ਼ੂਬ ਹੈਰਾਨ ਵੀ ਨੇ
ਐਪਰ 'ਤੀਰ' ਤੂੰ ਵੇਖਿਆ ਆਪ ਅੱਖੀਂ, ਸਮੇਂ ਉੱਤੇ ਬਚਾਂਵਦੇ ਜਾਨ ਵੀ ਨੇ

### ਫਿਰ ਕਹਿੰਦੇ ਹਨ

ਜਿਨ੍ਹੇ ਮੌਤ ਨੂੰ ਜਾਣਿਆ ਨਹੀਂ ਠੱਠਾ, ਲੋੜ ਪੈਣ ਤੇ ਹੱਸ ਨਹੀਂ ਮਰ ਸਕਦਾ
ਜੇਰਾ ਜਿੱਸਦਾ ਨਹੀਂ ਹਿਮਾਲੀਆ ਦਾ, ਪੀੜ ਨਹੀਂ ਉਹ ਕਿਸੇ ਦੀ ਜੱਰ ਸਕਦਾ
ਤਾਰੂ ਅੰਮ੍ਰਤੀ ਤਾਲ ਦਾ ਨਹੀਂ ਜੇੜ੍ਹਾ, ਕਦੇ ਭਵਜਲੋਂ ਨਹੀਂ ਉਹ ਤੱਰ ਸਕਦਾ
ਜਿਨ੍ਹੇ ਪ੍ਰੇਮ ਦੀ ਗਲੀ ਨਾ ਪੈਰ ਪਾਇਆ, ਸੀਸ ਨਹੀਂ ਉਹ ਤਲੀ ਤੇ ਧੱਰ ਸਕਦਾ
ਜਿਨ੍ਹੇ ਨਹੀਂ ਕੀਤਾ ਅੰਮ੍ਰਤ-ਪਾਨ ਮੇਰਾ, ਦੇਸ-ਦਰਦ ਵਿੱਚ ਨਹੀਂ ਉਹ ਠੱਰ ਸਕਦਾ
ਦਮੋ-ਦਮ ਨਹੀਂ ਸਿਮਰਦਾ ਰੱਬ ਜਿਹੜਾ, ਦੱਮ-ਦਰਦ ਦਾ ਨਹੀਂ ਉਹ ਭਰ ਸਕਦਾ
ਸਿਹਰਾ ਜੋ ਨਾ ਬੰਨ੍ਹੇ ਕੁਰਬਾਨੀਆਂ ਦਾ, ਨਹੀਂ ਉਹ ਸ਼ਹੀਦੀ ਨੂੰ ਵਰ ਸਕਦਾ
'ਤੀਰ' ਸਿੱਖ ਜੋ ਕੰਮ ਨੇ ਕੱਰ ਸਕਦੇ, ਤੇਰੇ ਜੋਧਿਆਂ ਤੋਂ ਨਹੀਂ ਸੱਰ ਸਕਦਾ

### ਮਹਾਰਾਜ ਫਿਰ ਕਹਿੰਦੇ ਹਨ

ਸਿੱਖੀ ਦਿੱਲ ਜੇ ਇਨ੍ਹਾਂ ਵਿੱਚ ਪਾਵਣਾ ਈ, ਮੇਰੀ ਮੰਨ ਤੇ ਢਿੱਲ ਨਾ ਲਾ ਹੁਣ ਤੂੰ
ਆਪ ਛਕ ਅੰਮ੍ਰਿਤ ਸਿੰਘ ਬੀਰ ਬਣ ਜਾ, ਅਤੇ ਸਾਥੀਆਂ ਤਾਈਂ ਛਕਾ ਹੁਣ ਤੂੰ
ਬੀਤ ਗਈ ਜੇੜ੍ਹੀ ਉਹਨੂੰ ਜਾਣ ਬੀਤੀ, ਹੋਈ ਭੁੱਲ ਨੂੰ ਦਿਲੋਂ ਭੁਲਾ ਹੁਣ ਤੂੰ
'ਤੀਰ' ਮੈਂ ਤੈਨੂੰ ਗਲੇ ਲਾਂਵਦਾ ਹਾਂ, ਮੈਨੂੰ ਪਿਤਾ ਕਹਿ ਕੇ ਗਲੇ ਲਾ ਹੁਣ ਤੂੰ

### ਡੱਲੇ ਤੋਂ ਡੱਲਾ ਸਿੰਘ

ਆਖਰ ਸਾਥੀਆਂ ਸਣੇ ਪ੍ਰਸੰਨ ਹੋ ਕੇ, ਅੰਮ੍ਰਿਤ ਛੱਕ ਸੂਰਾ ਡੱਲਾ ਸਿੰਘ ਬਣਿਆ
ਡੱਲਾ ਰਿਹਾ ਨਾ ਮਾਣ ਦਾ ਨਿਰਾ ਡੱਲਾ, ਸਿਦਕਵਾਨ ਪੂਰਾ ਡੱਲਾ ਸਿੰਘ ਬਣਿਆ
ਮਾਣ ਛੱਡ ਕੇ ਦਿਲੋਂ ਨਿਰਮਾਨ ਬਣਿਆ, ਸ਼ੇਰ ਮਰਦ ਸੂਰਾ ਡੱਲਾ ਸਿੰਘ ਬਣਿਆ
'ਤੀਰ' ਵੈਰੀਆਂ ਦੇ ਦੰਦ ਭੰਨਣੇ ਨੂੰ, ਅੰਮ੍ਰਿਤ ਛਕ ਹੂਰਾ ਡੱਲਾ ਸਿੰਘ ਬਣਿਆ

### ਵੱਲੋਂ ਕਵੀ

ਦਮਦਮੇ ਵਿਚ ਰੌਣਕਾਂ ਆਨ ਲੱਗੀਆਂ, ਜਿਵੇਂ ਆਈ ਏ ਰੁੱਤ ਬਹਾਰ ਮੁੜ ਕੇ

ਆਏ ਕਵੀ ਢਾਡੀ ਸੋਆਂ ਸੁਣ ਸੁਣ ਕੇ, ਸਜਣ ਲੱਗ ਪਏ ਖ਼ੂਬ ਦਰਬਾਰ ਮੁੜ ਕੇ
ਆ ਆ ਚੜ੍ਹਨ ਜਹਾਜ਼ ਬੇਅੰਤ ਪ੍ਰਾਣੀ, ਵੱਗਣ ਲੱਗ ਪਈ ਅੰਮ੍ਰਤੀ-ਧਾਰ ਮੁੜ ਕੇ
ਆਏ ਸੂਰਮੇ, ਯਾਰ ਦਸਮੇਸ਼ ਜੀ ਦੇ, ਮਾਨੋਂ ਜਾਗਿਆ ਨਵਾਂ ਪਿਆਰ ਮੁੜ ਕੇ
ਏਦਾਂ 'ਸਾਬੋ ਤਲਵੰਡੀ' ਦੀ ਜੂਹ ਅੰਦਰ, ਵੱਸ ਪ੍ਰੇਮ ਦਾ ਗਿਆ ਸੰਸਾਰ ਮੁੜ ਕੇ
ਆਏ ਮਹਾਂ ਵਿਦਵਾਨ ਪਿਆਰ-ਬੱਧੇ, ਲੱਗੀ ਹੋਣ ਚਰਚਾ ਤੇ ਵਿਚਾਰ ਮੁੜ ਕੇ
ਜੰਗਲ ਵਿੱਚ ਮੰਗਲ ਜਾਨੀ ਜਾਣ ਕੀਤਾ, ਜੁੜੀ ਸਿੱਖ ਸੰਗਤ ਬੇਸ਼ੁਮਾਰ ਮੁੜ ਕੇ
ਪੂਰੇ ਪੁਰੀ ਅਨੰਦ ਦੇ ਰੰਗ ਪਰਤੇ, 'ਤੀਰ' ਦਮਦਮੇ ਵਿੱਚ ਇੱਕ ਵਾਰ ਮੁੜ ਕੇ

### *ਮਹਾਰਾਜ ਜੀ ਦੇ ਅਨੋਖੇ ਕੌਤਕ (ਵੱਲੋਂ ਕਵੀ)*

ਚੋਜੀ ਸ੍ਰੀ ਦਸਮੇਸ਼ ਜੀ ਨਿੱਤ ਏਥੇ, ਏਸ ਤਰ੍ਹਾਂ ਦੇ ਚੋਜ ਵਰਤਾਂਵਦੇ ਸੀ
ਹੱਥੀਂ ਆਪਣੀ ਕਰਨ ਤਿਆਰ ਅੰਮ੍ਰਤ, ਝਾੜਾਂ ਬੂਟਿਆਂ ਦੇ ਉਪਰ ਪਾਂਵਦੇ ਸੀ
ਘੜ ਘੜ ਕਲਮਾਂ ਰੋਜ਼ ਆਪ ਹੱਥੀਂ, ਰਹਿੰਦੇ ਆਪਣੇ ਗਿਰਦ ਖਿੰਡਾਂਵਦੇ ਸੀ
'ਤੀਰ' ਪੁੱਛਦਾ ਸੀ ਜਦੋਂ ਕੋਈ ਪ੍ਰੇਮੀ, ਅੱਗੋਂ ਇਸ ਤਰ੍ਹਾਂ ਬਚਨ ਸੁਣਾਂਵਦੇ ਸੀ

### *ਮਹਾਰਾਜ ਦੇ ਬਚਨ*

ਮੇਰੇ ਸਿਦਕੀਓ, ਸਮੇਂ ਦੇ ਆਉਣ ਉਤੇ, ਏਸ ਦਮਦਮੇ ਦੀ ਉੱਚੀ ਸ਼ਾਨ ਹੋਸੀ
ਉੱਘਾ ਬਹੁਤ ਇਹ ਧਰਮ ਅਸਥਾਨ ਹੋਸੀ, ਮੇਰੇ ਖਾਲਸੇ ਦੀ ਜਿੰਦ ਜਾਨ ਹੋਸੀ
ਕੇਂਦਰ ਵਿੱਦਿਆ ਦਾ ਇਹ ਮਹਾਨ ਹੋਸੀ, ਏਥੋਂ ਪੜ੍ਹ ਕੇ ਪੰਥ ਵਿਦਵਾਨ ਹੋਸੀ
ਨਾਲੇ ਇਲਮ-ਸੋਮਾ ਨਾਲੇ ਧਰਮ-ਸੋਮਾ, 'ਕਾਂਸ਼ੀ ਗੁਰੂ ਦੀ' ਵਿੱਚ ਜਹਾਨ ਹੋਸੀ
ਇਦ੍ਹੀ ਜੂਹ ਦਾ ਹਰ ਇੱਕ ਝਾੜ ਬੂਟਾ, ਮੇਰਾ ਸਿੱਖ ਬਣਸੀ ਮੇਰਾ ਮਾਣ ਹੋਸੀ
'ਤੀਰ' ਏਸ 'ਤੇ ਰੱਖੇਗਾ ਸਿਦਕ ਜੇੜ੍ਹਾ, ਮੇਰੇ ਦੱਰ 'ਤੇ ਉਹ ਪਰਵਾਨ ਹੋਸੀ

### *ਸਰਹੰਦੋਂ ਹੁਕਮ ਤੇ ਡੱਲਾ ਸਿੰਘ ਦੀ ਦਲੇਰੀ*

ਇਧਰ ਦਮਦਮੇ ਇਉਂ ਸੀ ਚੋਜ ਹੁੰਦੇ, ਉਧਰ ਸਮੇਂ ਨੇ ਰੰਗ ਖਿੜਾਇਆ ਏ
ਡੱਲੇ ਸਿੰਘ ਦੇ ਵੱਲ ਸਰਹੰਦ ਵਿੱਚੋਂ, ਹੁਕਮ ਖ਼ਾਨ ਵਜ਼ੀਰ ਦਾ ਆਇਆ ਏ
'ਬਾਗੀ ਗੁਰੂ ਤੇਰੇ ਕੋਲ ਲੁੱਕਿਆ ਏ, ਜਾਂ ਤੂੰ ਓਸ ਨੂੰ ਆਪ ਟਿਕਾਇਆ ਏ
ਉਨ੍ਹੂੰ ਹਾਕਮਾਂ ਦੇ ਅੱਗੇ ਪੇਸ਼ ਕਰ ਦੇ, ਉਹਨੇ ਰਾਜ ਨੂੰ ਬੜਾ ਸਤਾਇਆ ਏ
ਨਹੀਂ ਤਾਂ ਆਪਣੀ ਵੀ ਜਾਣ ਖੈਰ ਨਾਹੀਂ, ਤੇਰਾ ਜਾਵਣਾ ਤੁਖਮ ਉਡਾਇਆ ਏ'
'ਤੀਰ' ਹੁਕਮ ਸੁਣ ਕੇ ਸਿਦਕਵਾਨ ਡੱਲਾ, ਰੱਤੀ ਭਰ ਨਾ ਦਿਲੋਂ ਘਬਰਾਇਆ ਏ

### *ਡੱਲਾ ਸਿੰਘ ਦਾ ਜਵਾਬ*

ਡੱਲਾ ਸਿੰਘ ਨੇ ਇਹ ਜਵਾਬ ਦਿੱਤਾ, ਇਹ ਅਨੱਰਥ ਦੀ ਕਾਰ ਨਾ ਕਰਾਂਗਾ ਮੈਂ

ਮੇਰਾ ਗੁਰੂ ਹੈ ਸੂਬਿਆ! ਰੱਬ ਮੇਰਾ, ਰੱਬ ਵਾਸਤੇ ਹੱਸ ਕੇ ਮਰਾਂਗਾ ਮੈਂ
ਪਈ ਜੰਗ ਦੀ ਲੋੜ ਤਾਂ ਜੰਗ ਕਰਸਾਂ, ਨਦੀ ਲਹੂ ਤੇ ਮਿੱਝ ਦੀ ਤਰਾਂਗਾ ਮੈਂ
ਦੱਮੋ ਪਰ ਆਪਣੇ ਦਿਲ ਅੰਦਰ, ਦੱਮ ਗੁਰੂ ਦੇ ਪ੍ਰੇਮ ਦਾ ਭਰਾਂਗਾ ਮੈਂ

### ਡੱਲਾ ਸਿੰਘ ਨੇ ਹੋਰ ਇਉਂ ਕਹਿ ਭੇਜਿਆ

ਜੇਕਰ ਵੇਖਿਆ ਆਪਣਾ ਪੱਖ ਹੌਲਾ, ਅਸਾਂ ਜੰਗਲਾਂ ਵਿੱਚ ਜਾ ਵੱਸਣਾ ਏਂ
ਰੱਖੀਂ ਯਾਦ ਪਰ ਚਾਲ ਦੇ ਜਾਲ ਅੰਦਰ, ਡੱਲਾ ਸਿੰਘ ਨੇ ਮੂਲ ਨਾ ਫੱਸਣਾ ਏਂ
ਐਵੇਂ ਕਰੇਂਗਾ ਆਨ ਕੇ ਪੰਧ ਏਧਰ, ਪਾਣੀ ਬੂੰਦ ਨੂੰ ਵੀ ਇਥੇ ਤੱਸਣਾ ਏਂ
'ਤੀਰ' ਸਤਿਗੁਰੂ ਕੀ, ਵਾਲ ਸਤਿਗੁਰਾਂ ਦਾ, ਕਿਸੇ ਤੁਸਾਂ ਨੂੰ ਮੂਲ ਨਾ ਦੱਸਣਾ ਏਂ

### ਮਹਿਲ ਜੀਤੋ ਜੀ ਤੇ ਸਾਹਿਬ ਦੇਵਾਂ ਜੀ ਵੀ ਦਮਦਮੇ ਪੁੱਜ ਗਏ

ਮਹਿਲ ਸ੍ਰੀ ਜੀਤੋ ਅਤੇ ਸਾਹਿਬ ਦੇਵਾਂ, ਏਹਨੀਂ ਦਿਨੀਂ ਹੀ ਦਿੱਲੀਓਂ ਆਏ ਏਥੇ
ਸਿੱਖਾਂ ਸੇਵਕਾਂ ਅਤੇ ਪ੍ਰੇਮੀਆਂ ਨੇ, ਆਦਰ ਮਾਣ ਦੇ ਨਾਲ ਪਹੁੰਚਾਏ ਏਥੇ
ਹੈਸੀ ਪੁਰੀ ਅਨੰਦ ਤੋਂ ਅੱਡ ਹੋਏ, ਸਮੇਂ ਆਣ ਕੇ ਅੱਜ ਮਿਲਾਏ ਏਥੇ
'ਤੀਰ' ਵੇਖਿਆ ਉਨ੍ਹਾਂ ਕਿ ਸਤਿਗੁਰਾਂ ਨੇ, ਹੈਣ ਨਵੇਂ ਈ ਰੰਗ ਬਣਾਏ ਏਥੇ

### ਮਹਿਲਾਂ ਨੇ ਕੀ ਵੇਖਿਆ

ਅੱਖੀਂ ਵੇਖਿਆ ਦੋਹਾਂ ਨੇ ਨੈਣ ਭਰ ਕੇ, ਖ਼ੂਬ ਸੱਜਿਆ ਧਰਮ-ਦਰਬਾਰ ਦਿੱਸਿਆ
ਸਜੇ ਧਰਮ-ਦਰਬਾਰ ਵਿੱਚ ਰੰਗ ਅੰਦਰ, ਦੁਹਾਂ ਤਾਈਂ ਦਸਮੇਸ਼ ਦਿਲਦਾਰ ਦਿੱਸਿਆ
ਫੁੱਲ-ਰੂਪ ਦਸਮੇਸ਼ ਦਿਲਦਾਰ ਗਿਰਦੇ, ਬੀਰ ਖ਼ਾਲਸਾ ਭੌਰ-ਪਰਵਾਰ ਦਿੱਸਿਆ
ਐਪਰ ਏਸ ਪਰਵਾਰ ਵਿਚ ਜਦੋਂ ਡਿੱਠਾ, ਕਾਰਾ ਇੱਕ ਡਾਢਾ ਅਲੋਕਾਰ ਦਿੱਸਿਆ
ਅਲੋਕਾਰ ਇਹ ਏਸ ਥਾਂ ਗੱਲ ਹੋਈ, ਨਾ ਅਜੀਤ ਦਿੱਸਿਆ ਨਾ ਜੁਝਾਰ ਦਿੱਸਿਆ
ਨਾ ਜੁਝਾਰ ਅਜੀਤ ਦੇ ਨਾਲ ਬੈਠਾ, ਜ਼ੋਰਾਵਰ ਤੇ ਫਤਹਿ ਸਰਦਾਰ ਦਿੱਸਿਆ
ਜਦੋਂ ਚੌਹਾਂ 'ਚੋਂ ਮੂਲ ਨਾ ਇੱਕ ਦਿੱਸਿਆ, ਸੁੰਵਾ ਮਾਂ ਨੂੰ ਸੱਭ ਸੰਸਾਰ ਦਿੱਸਿਆ
'ਤੀਰ' ਏਸ ਸੰਸਾਰ ਵਿੱਚ ਅੰਮੜੀ ਨੂੰ, ਪੁੱਤਾਂ ਬਾਝ ਅਨ੍ਹੇਰ ਗੁਬਾਰ ਦਿੱਸਿਆ

### ਮਹਿਲ ਜੀਤੋ ਜੀ ਤੋਂ ਨਾ ਰਿਹਾ ਗਿਆ (ਵੱਲੋਂ ਕਵੀ)

ਸਕੀ ਦਿੱਲ ਨੂੰ ਰੋਕ ਨਾ ਸ੍ਰੀ ਜੀਤੋ, ਉੱਠੀ ਅੰਦਰੋਂ ਹੌਸਲਾ ਧਾਰ ਕਰਕੇ
ਜੋੜੇ ਹੱਥ ਦੋਵੇਂ ਨੈਣ ਭਰੇ ਹੋਏ, ਏਦਾਂ ਕਹਿਣ ਲੱਗੀ ਨਿਮਸ਼ਕਾਰ ਕਰਕੇ
ਜਾਣੀਜਾਣ ਜੀ ਨੈਣ ਨੇ ਸਫਲ ਹੋਏ, ਅੱਜ ਆਪ ਦਾ ਸ਼ੁੱਭ ਦੀਦਾਰ ਕਰਕੇ
ਐਪਰ ਸੱਭ ਪਾਸੇ ਦਾਤਾ ਵੇਖਿਆ ਏ, ਕਈ ਕਈ ਵਾਰੀ ਝਾਤੀ ਮਾਰ ਕਰਕੇ
ਸ੍ਰੀ ਮਾਤ ਨਾ ਕਿਤੇ ਵੀ ਨਜ਼ਰ ਆਈ, ਜਿਨ੍ਹੇ ਰੱਖਿਆ ਮੈਨੂੰ ਪਿਆਰ ਕਰਕੇ

ਨਾ ਅਜੀਤ ਦਿਸਦਾ ਨਾ ਜੁਝਾਰ ਦਿਸਦਾ, ਕੀਤੀ ਪੁਛ ਮੈਂ ਬੜੀ ਵਿਚਾਰ ਕਰਕੇ
ਜੋਰਾਵਰ ਤੇ ਫਤਹਿ ਨਾ ਨਜ਼ਰ ਆਉਣ, ਵੇਖਾਂ ਜਿਨ੍ਹਾਂ ਨੂੰ ਮੈਂ ਚਾ ਮਲ੍ਹਾਰ ਕਰਕੇ
ਕੀ ਉਹ ਗਏ ਨੇ ਰੱਲ ਕੇ ਵੀਰ ਚਾਰੇ ? ਹੁਣੇ ਔਣਗੇ ਸੈਰ ਸ਼ਿਕਾਰ ਕਰਕੇ
ਕੀ ਉਹ ਖੇਡਦੇ ਪਏ ਨੇ ਕਿਤੇ ਜਾ ਕੇ ? ਆ ਜਾਣਗੇ ਸਮਾਂ ਗੁਜ਼ਾਰ ਕਰਕੇ
ਕੀ ਉਹ ਹੈਣ ਸੁੱਤੇ ਅੱਜੇ ਨਹੀਂ ਜਾਗੇ ? ਇਕੇ ਥੱਕ ਗਏ ਨੇ ਪੈਂਡੇ ਮਾਰ ਕਰਕੇ
ਕੀ ਉਹ ਹੈਣ ਚਾਰੇ ਖਾਂਦੇ ਪਏ ਰੋਟੀ ? ਲੰਗਰ ਵਿੱਚ ਜਾ ਮੌਜ ਬਹਾਰ ਕਰਕੇ
'ਤੀਰ' ਹੈਣ ਕਿੱਥੇ ਮੇਰੇ ਲਾਲ ਚਾਰੇ ? ਮੈਨੂੰ ਦੱਸਿਓ ਗੱਲ ਨਤਾਰ ਕਰਕੇ

### *ਜੀਤੋ ਜੀ ਫਿਰ ਕਹਿੰਦੇ ਹਨ*

ਜਾਣੀਜਾਣ ਕਿੱਥੇ ਹੈਣ ਲਾਲ ਮੇਰੇ, ਦੀਦ ਉਨ੍ਹਾਂ ਦਾ ਪਾਵਣਾ ਚਾਂਵ੍ਹਦੀ ਹਾਂ
ਜਿੱਥੇ ਹੈਣ ਮੈਨੂੰ ਦਿਓ ਭੇਜ ਓਥੇ, ਉਨ੍ਹਾਂ ਕੋਲ ਮੈਂ ਜਾਵਣਾ ਚਾਂਵ੍ਹਦੀ ਹਾਂ
ਜੀ ਮੈਂ ਚਵ੍ਹਾਂ ਨੂੰ ਚੁੰਮਣਾ ਚਾਂਵ੍ਹਦੀ ਹਾਂ, ਗੋਦੀ ਵਿੱਚ ਬਿਠਾਵਣਾ ਚਾਂਵ੍ਹਦੀ ਹਾਂ
ਗੱਲਾਂ ਕਰਨੀਆਂ ਉਨ੍ਹਾਂ ਦੇ ਨਾਲ ਚਾਹਵਾਂ, ਗਲੇ ਉਨ੍ਹਾਂ ਨੂੰ ਲਾਵਣਾ ਚਾਂਵ੍ਹਦੀ ਹਾਂ
ਕਿੱਥੇ ਹੈਣ ਉਹ ਦੇਣ ਅਵਾਜ਼ ਮੈਨੂੰ, ਜੀ ਮੈਂ ਮਾਂ ਅਖਵਾਵਣਾ ਚਾਂਵ੍ਹਦੀ ਹਾਂ
'ਕੱਲੇ ਕਿਉਂ ਖੇਡਣ ਹੁੰਦੇ ਅੰਮੜੀ ਦੇ, ਕੋਲ ਸੱਦ ਖਿਡਾਵਣਾ ਚਾਂਵ੍ਹਦੀ ਹਾਂ
ਤੁਸੀਂ ਹੁਣੇ ਬੁਲਾ ਦਿਓ ਲਾਲ ਮੇਰੇ, ਦਾਤਾ! ਮੈਂ ਬੁਲਾਵਣਾ ਚਾਂਵ੍ਹਦੀ ਹਾਂ
'ਤੀਰ' ਉਛਲਦੇ ਪਏ ਨੇ ਨੈਣ ਤਾਹੀਂਏ, ਚਵ੍ਹਾਂ ਤਾਈਂ ਨੁਹਾਵਣਾ ਚਾਂਵ੍ਹਦੀ ਹਾਂ

### *ਵੱਲੋਂ ਕਵੀ*

ਮਾਤਾ ਸ੍ਰੀ ਜੀਤੋ ਏਦਾਂ ਗਈ ਕਹਿੰਦੀ, ਸੁਣੀ ਗਏ ਦਸਮੇਸ਼ ਅਵਤਾਰ ਗੱਲਾਂ
ਉਨ੍ਹਾਂ ਵੇਖਿਆ ਮਾਂ ਦੇ ਮੂੰਹ ਵਿੱਚੋਂ, ਕਿਵੇਂ ਨਿਕਲੀਆਂ ਹੈਣ ਪਿਆਰ ਗੱਲਾਂ
ਆਈਆਂ ਕੁੱਝ ਜ਼ਬਾਨ ਤੇ ਬੋਲ ਬਣਕੇ, ਬਾਕੀ ਵੱਸੀਆਂ ਨੈਣ-ਫੁਹਾਰ ਗੱਲਾਂ
'ਤੀਰ' ਕਰਨੀਆਂ ਈ ਜਦੋਂ ਪੈ ਗਈਆਂ, ਅੰਤ ਕੀਤੀਆਂ ਇਉਂ ਦਾਤਾਰ ਗੱਲਾਂ

### *ਸ੍ਰੀ ਦਸਮੇਸ਼ ਜੀ ਨੇ ਜੀਤੋ ਜੀ ਨੂੰ ਆਖਿਆ*

ਭਾਗਾਂ ਵਾਲੀਏ! ਗਿਆ ਈ ਵਰਤ ਭਾਣਾ, ਭਾਣਾ ਮੂਲ ਨ ਕੋਈ ਪਰਤਾ ਸੱਕੇ
ਤੇਰੇ ਲਾਡਲੇ ਗਏ ਨੀ ਓਸ ਥਾਵੇਂ, ਜਿੱਥੋਂ ਜਾ ਕੇ ਕੋਈ ਨਾ ਆ ਸੱਕੇ
ਸਿਰਜਣਹਾਰ ਨੇ ਲਏ ਬੁਲਾ ਚਾਰੇ, ਦੱਸ ਉਨ੍ਹਾਂ ਨੂੰ ਕੌਣ ਬੁਲਾ ਸੱਕੇ
ਸਾਡੇ ਕੋਲ ਹੁਣ ਨਹੀਂ ਉਹ ਆ ਸਕਦੇ, ਕੋਲ ਉਨ੍ਹਾਂ ਦੇ ਕੋਈ ਨਾ ਜਾ ਸੱਕੇ
ਦੇਸ਼ ਵਾਸਤੇ ਗਏ ਨੀ ਲੱਗ ਲੇਖੇ, ਏਸੇ ਲਈ ਨਹੀਂ ਹੰਝੂ ਵਹਾ ਸੱਕੇ
'ਤੀਰ' ਦਿਲ ਨੂੰ ਦਿਲੋਂ ਮਨਾ ਲੈ ਤੂੰ, ਜੇਕਰ ਰੱਬ ਦਾ ਭਾਣਾ ਮਨਾ ਸੱਕੇ

### ਮਹਾਰਾਜ ਫਿਰ ਕਹਿੰਦੇ ਹਨ

ਉਨ੍ਹਾਂ ਜ਼ੁਲਮ ਦਾ ਖ਼ੂਬ ਸ਼ਿਕਾਰ ਕੀਤਾ, ਕਰਨ ਗਏ ਨਾ ਕਿਤੇ ਸ਼ਿਕਾਰ ਚਾਰੇ
ਉਨ੍ਹਾਂ ਤੇਗ਼ ਤੇ ਤੀਰ ਦੀ ਖੇਡ ਖੇਡੀ, ਬਾਜ਼ੀ ਜਿੱਤ ਗਏ ਨੀ ਹੋਣਹਾਰ ਚਾਰੇ
ਉਹ ਨੇ ਸਦਾ ਦੀ ਨੀਂਦ ਸੁਖਿਆਰ ਸੁੱਤੇ, ਸਦਾ ਵਾਸਤੇ ਪੈਰ ਪਸਾਰ ਚਾਰੇ
ਉਨ੍ਹਾਂ ਜ਼ੁਲਮ ਦਾ ਲਹੂ ਤੇ ਮਾਸ ਖਾਧਾ, ਰੱਜੇ ਸਦਾ ਦੇ ਲਈ ਸਰਦਾਰ ਚਾਰੇ
ਦੇਸ਼ ਵਾਸਤੇ ਗਏ ਨੀ ਵਾਰ ਜਾਨਾਂ, ਪਾਲ ਗਏ ਨੀ ਦੇਸ਼-ਪਿਆਰ ਚਾਰੇ
'ਤੀਰ' ਮਰਦਿਆਂ ਹਿੰਦ ਦੇ ਪੁੱਤਰਾਂ ਤੋਂ, ਤੇਰੇ ਲਾਡਲੇ ਮੈਂ ਦਿੱਤੇ ਵਾਰ ਚਾਰੇ

### ਮਹਾਰਾਜ ਵੇਰਵਾ ਦਸਦੇ ਨੇ

ਚਿਣੇ ਗਏ ਨੀ ਦੋ ਸਰਹੰਦ ਅੰਦਰ, ਮਹਿਲ ਕੌਮ ਦਾ ਇਉਂ ਉਸਾਰ ਗਏ ਨੀ
ਸੁੱਤੇ ਪਏ ਨੀ ਦੋ ਚਮਕੌਰ ਅੰਦਰ, ਜਾਨਾਂ ਦੇਸ਼ ਦੇ ਨਾਮ ਤੋਂ ਵਾਰ ਗਏ ਨੀ
ਅੰਮੀਂ ਜੀਓ ਵੀ ਬਿਰਧ ਸਰੀਰ ਜਿੰਦੇ, ਏਸੇ ਦੇਸ਼ ਤੋਂ ਹੋ ਨਸਾਰ ਗਏ ਨੀ
ਵੇਖ ਪੁੱਤ ਤੇਰੇ ਹਸੂੰ ਹਸੂੰ ਕਰਦੇ, 'ਤੀਰ' ਦੇਸ਼ ਲਈ ਛੱਡ ਸੰਸਾਰ ਗਏ ਨੀ

### ਹੋਰ ਕਹਿੰਦੇ ਹਨ

ਸ਼ੁਕਰ ਕਰ, ਕਿ ਦੇਸ਼ ਤੋਂ ਗਏ ਵਾਰੇ, ਭਾਗਾਂ ਵਾਲੀਏ ਨੀ ਹੋਣ-ਹਾਰ ਤੇਰੇ
ਸ਼ੁਕਰ ਕਰ, ਕਿ ਘਾਲੀਆਂ ਹੈਣ ਘਾਲਾਂ, ਦੇਸ਼ ਵਾਸਤੇ, ਅੱਜ ਪਰਵਾਰ ਤੇਰੇ
ਸ਼ੁਕਰ ਕਰ ਜ਼ੋਰਾਵਰ ਨੇ ਫਤਹਿ ਕੀਤੇ, ਤੇਗ਼ਾਂ ਵਾਹ ਅਜੀਤ ਜੁਝਾਰ ਤੇਰੇ
ਹੋਇਆ ਕੀ ਜੇ ਗਏ ਨੇ ਚਾਰ ਤੇਰੇ, ਬੈਠੇ ਹੈਣ ਇਹ ਕਈ ਹਜ਼ਾਰ ਤੇਰੇ

### ਸੱਚੇ ਪਾਤਸ਼ਾਹ ਫਿਰ ਫ਼ੁਰਮਾਉਂਦੇ ਹਨ

ਸੀ ਵਿਆਵ੍ਹਣੇ ਦੀ ਜੇੜ੍ਹੀ ਰੀਝ ਤੇਰੀ, ਏਦਾਂ ਵੇਖ ਮੈਂ ਉਹੋ ਪੁਗਾ ਆਇਆਂ
ਸਿਹਰੇ ਬੰਨ੍ਹਕੇ ਚਵ੍ਹਾਂ ਨੂੰ ਆਪ ਹੱਥੀਂ, ਘੋੜੀ ਮੌਤ ਦੀ ਆਪ ਚੜ੍ਹਾ ਆਇਆਂ
ਲਹੂ ਮਿਝ ਦਾ ਵੱਟਨਾ ਮੱਲ ਆਇਆ, ਸਿਰਾਂ ਖਾਰਿਆਂ ਉੱਤੇ ਬਿਠਾ ਆਇਆਂ
ਦੇਸ਼ ਵਾਸਤੇ 'ਤੀਰ' ਮੈਂ ਪੁੱਤ ਤੇਰੇ! ਲਾੜੀ ਮੌਤ ਦੇ ਨਾਲ ਪਰਨਾ ਆਇਆਂ

### ਫਿਰ

ਸਾਰਾ ਜੱਗ ਹੀ ਦਿਲੋਂ ਸਤਕਾਰ ਕਰਸੀ, ਦਿਲੋਂ ਪੂਜਸੀ ਤੇਰੇ ਦੁਲਾਰਿਆਂ ਨੂੰ
ਦੇਸ਼-ਭਗਤ ਵਸਾਣਗੇ ਦਿੱਲ ਅੰਦਰ, ਏਨ੍ਹਾਂ ਤੇਰਿਆਂ ਅੱਖਾਂ ਦੇ ਤਾਰਿਆਂ ਨੂੰ
ਲਾਲਾਂ ਤੇਰਿਆਂ ਦਾ ਲਹੂ ਸਤਿ ਦੇਸੀ, ਹਿੰਦ-ਵਾਸੀਆਂ ਦੀਨ ਦੁਖਿਆਰਿਆਂ ਨੂੰ
ਪੱਤ ਪੱਤ ਇਸ ਦੇਸ਼ ਦਾ ਨਿਗ੍ਹਾ ਅੰਦਰ, ਸਦਾ ਰੱਖਸੀ ਇਨ੍ਹਾਂ ਨਜ਼ਾਰਿਆਂ ਨੂੰ

ਤੇਰੇ ਹੀਰਿਆਂ ਪੁੱਤਾਂ ਦਾ ਕਾਰਨਾਮਾ, ਜ਼ੋਰ ਦਏਗਾ ਢੱਠਿਆਂ ਹਾਰਿਆਂ ਨੂੰ
ਅੰਤ ਤੀਕ ਕਰਸੀ 'ਤੀਰ' ਯਾਦ ਦੁਨੀਆ, ਤੇਰੇ ਲਾਡਲੇ ਪੁੱਤਾਂ ਦੇ ਕਾਰਿਆਂ ਨੂੰ

### ਵੱਲੋਂ ਕਵੀ

ਏਨੀ ਆਖ ਦਾਤਾਰ ਨੇ ਰੰਗ-ਭਿੱਜਾ, ਸ਼ਬਦ ਇੱਕ ਗਾਇਆ ਬੇਨਜ਼ੀਰ ਸਮਝੋ
ਸ਼ਬਦ ਕੀ ਸੀ ਦਰਦ ਵੈਰਾਗ ਭਰਿਆ, ਕੋਈ ਤੇਜ਼ ਅਣਿਆਲੜਾ ਤੀਰ ਸਮਝੋ
ਤੀਰ ਕਿਹਾ ਸੀ ਸੱਭ ਦੇ ਦਿਲਾਂ ਉੱਤੇ, ਸਬਰ ਸ਼ੁਕਰ ਦਾ ਪਾ ਗਿਆ ਤੀਰ ਸਮਝੋ
ਚੀਰ ਝੱਲਕੇ ਸੱਚ-ਦਰਬਾਰ ਸਾਰਾ, ਬਣ ਸ਼ੁਕਰ ਦੀ ਗਿਆ ਤਸਵੀਰ ਸਮਝੋ
ਸ਼ੁਕਰ ਸ਼ੁਕਰ ਤੇਰਾ, ਧੰਨ ਧੰਨ ਤੂੰ ਹੈਂ, ਮੁੱਖੋਂ ਨਿਕਲਿਆ ਬੋਲ ਅਖ਼ੀਰ ਸਮਝੋ
'ਤੀਰ' ਸ੍ਰੀ ਜੀਤੋ ਤਾਈਂ ਵਾਕ ਸੁਣਕੇ, ਭਾਣਾ ਜਾਣਕੇ ਆ ਗਿਆ ਧੀਰ ਸਮਝੋ

### ਰਾਮਾ ਤੇ ਤਿਲੋਕਾ ਸਿੱਖ ਬਣੇ (ਵੱਲੋਂ ਕਵੀ)

ਏਸੇ ਭਰੇ ਦਰਬਾਰ ਵਿਚ ਆਣ ਪੁੱਜੇ, ਦੋਵੇਂ ਗੁਰੂ ਘਰ ਦੇ ਵਰੋਸਾਏ ਹੋਏ
ਸਿਦਕਵਾਨ 'ਰਾਮਾ' ਤੇ ਤਿਲੋਕ ਚੰਦ ਜੀ, ਗੁਰੂ ਘਰ ਦੇ ਖ਼ਾਸ ਵਡਿਆਏ ਹੋਏ
ਦੋਹਾਂ ਹੱਥ ਜੋੜੇ ਦੋਵੇਂ ਦਰਦ-ਭਿੱਜੇ, ਪੱਲੇ ਦੋਹਾਂ ਨੇ ਸੀ ਗਲੀਂ ਪਾਏ ਹੋਏ
ਦੋਵੇਂ ਸ੍ਰੀ ਦਸਮੇਸ਼ ਦੀ ਸ਼ਰਨ ਆਏ, ਵਿਚ ਸਿਦਕ ਦੇ ਸੀਸ ਨਿਵਾਏ ਹੋਏ
ਗੱਡੇ ਨਾਲ ਅਨਾਜ ਦੇ ਲਏ ਹੋਏ, ਨਾਲ ਹੋਰ ਸਮਾਨ ਲਿਆਏ ਹੋਏ
'ਤੀਰ' ਸ੍ਰੀ ਦਸਮੇਸ਼ ਦੀ ਨਿਗ੍ਹਾ ਅੰਦਰ, ਹੈਸਨ ਪੁਤਲੀ ਵਾਂਗ ਸਮਾਏ ਹੋਏ

### ਰਾਮੇ ਤਿਲੋਕੇ ਦੀ ਘਾਲ ਦਾ ਜ਼ਿਕਰ (ਵੱਲੋਂ ਕਵੀ)

ਮਹਾਰਾਜ ਨੇ ਦੱਸਿਆ ਸੰਗਤਾਂ ਨੂੰ, ਇਨ੍ਹਾਂ ਸੇਵਕਾਂ ਕਿਵੇਂ ਪਿਆਰ ਕੀਤਾ
ਕਿਵੇਂ ਜੰਗ-ਚਮਕੌਰ ਤੋਂ ਪੁੱਜ ਪਿਛੋਂ, ਇਨ੍ਹਾਂ ਆਪਣਾ ਸ਼ੁਰੂ ਵਿਹਾਰ ਕੀਤਾ
ਕਿਵੇਂ ਸਾਂਭੀਆਂ ਆਣ ਸ਼ਹੀਦ-ਲੋਥਾਂ, ਅਤੇ ਉਨ੍ਹਾਂ ਦਾ ਕਿਵੇਂ ਸਸਕਾਰ ਕੀਤਾ
'ਤੀਰ' ਉਨ੍ਹਾਂ ਦੀ ਘਾਲ ਦਾ ਮੁੱਲ ਪਾ ਕੇ, ਏਦਾਂ ਦੋਹਾਂ ਦਾ ਹੀ ਬੇੜਾ ਪਾਰ ਕੀਤਾ

### ਮਹਾਰਾਜ ਦੇ ਬਚਨ, ਰਾਮੇ ਤੇ ਤਿਲੋਕੇ ਨੂੰ

ਮਹਾਰਾਜ ਨੇ ਆਖਿਆ ਪ੍ਰੀਤਵਾਨੋ, ਹੱਦੋਂ ਵੱਧ ਕੇ ਤੁਸਾਂ ਕਮਾਈ ਸੇਵਾ
ਜਦੋਂ ਨਹੀਂ ਸੰਭਾਲਦੀ ਪੁੱਤ ਮਾਤਾ, ਐਸੇ ਸਮੇਂ ਜੋ ਖ਼ੂਬ ਨਿਭਾਈ ਸੇਵਾ
ਸੇਵਕ ਤੁਸੀਂ ਸੱਚੇ ਦਿਲੋਂ ਗੁਰੂ ਘਰ ਦੇ, ਦਿਲੋਂ ਆਪਦੀ ਗੁਰੂ ਨੂੰ ਭਾਈ ਸੇਵਾ
'ਤੀਰ' ਮੰਗ ਮੰਗੋ ਜਿਹੜੀ ਚਾਹੁੰਦੇ ਹੋ, ਅੱਜ ਆਪ ਦੀ ਹੈ ਵੱਰ ਆਈ ਸੇਵਾ

## ਰਾਮੇ ਤਿਲੋਕੇ ਉੱਤੇ ਦਸਮੇਸ਼ ਜੀ ਦੀ ਮੇਹਰ (ਵੱਲੋਂ ਕਵੀ)

ਜਦੋਂ ਰਾਮੇ ਤਿਲੋਕੇ ਦੀ ਕਾਰ ਉੱਤੇ, ਜਾਣੀ-ਜਾਣ ਜੀ ਇਉਂ ਪਰਸੰਨ ਹੋਏ
ਜਦੋਂ ਆਖਿਆ ਮੰਗ ਲਓ ਅੱਜ ਦੋਵੇਂ, ਜੋ ਵੀ ਚਾਂਵ੍ਹਦਾ ਆਪ ਦਾ ਮੰਨ ਹੋਵੇ
ਹੱਥ ਜੋੜਕੇ ਆਖਿਆ ਦੂਹਾਂ ਅੱਗੋਂ, 'ਦਿੱਤੇ ਆਪ ਦੇ ਨੇ ਮਾਲ ਧੰਨ ਹੋਏ
'ਤੀਰ' ਮਿਲੀ ਜ਼ਮੀਨ ਦੀ ਮਾਲਕੀ ਨਾ, ਪੈਦਾ ਜਿੱਸ ਵਿੱਚੋਂ ਦਾਣਾ ਅੰਨ ਹੋਏ'

## ਮਹਾਰਾਜ ਦੇ ਬਚਨ

ਮਹਾਰਾਜ ਨੇ ਆਖਿਆ ਸਿਦਕਵਾਨੋ, ਪੂਰੀ ਆਪ ਦੀ ਹੋਵਣੀ ਭਾਵਣੀ ਏਂ
ਭੋਇੰ ਨਿਰੀ ਕੀ ਮਾਲਕੀ ਪਰਗਣੇ ਦੀ, ਹਿੱਸੇ ਆਪ ਦੇ ਵੇਖਣਾ ਆਵਣੀ ਏਂ
ਮਾਣ ਮਿਲੇਗਾ ਤਖ਼ਤ ਹਕੂਮਤਾਂ ਦਾ, ਗੁੱਡੀ ਰਾਜ ਦੀ ਅਰਸ਼ ਚੜ੍ਹਾਵਣੀ ਏਂ
ਮੰਗ ਆਪ ਦੇ 'ਫੂਲ ਤੇ ਸੰਦਲੀ ਦੀ', ਸਮੇਂ ਚਾੜ੍ਹਕੇ ਸਿਰੇ ਵਖਾਵਣੀ ਏਂ
ਗੁਰੂ 'ਹਰੀ ਰਾਇ' ਜਿਹੜੀ ਮਿਹਰ ਕੀਤੀ, ਉਹਨੇ ਆਪ ਦੀ ਸ਼ਾਨ ਵਧਾਵਣੀ ਏਂ
'ਤੀਰ' ਛੱਕ ਅੰਮ੍ਰਿਤ ਬਣੋ ਸਿੰਘ ਸੂਰੇ, ਸਿੱਖੀ ਬੰਸ ਦੀ ਜਾਗ ਜੇ ਲਾਵਣੀ ਏਂ

## ਰਾਮਾ ਤਿਲੋਕਾ ਸਿੰਘ ਸਜ ਗਏ

ਸੱਤ ਬਚਨ ਕਹਿਕੇ ਦੋਹਾਂ ਪ੍ਰੇਮੀਆਂ ਨੇ, ਖੰਡੇ ਧਾਰ ਅੰਮ੍ਰਿਤ ਉੱਥੇ ਪਾਨ ਕੀਤਾ
ਸਿੱਖੀ ਲਈ ਦਸਮੇਸ਼ ਤੋਂ ਸਿਰ ਦੇ ਕੇ, ਮਰਨਾ ਦੇਸ਼ ਦੇ ਲਈ ਪਰਵਾਨ ਕੀਤਾ
ਰਾਮ ਸਿੰਘ ਤਿਲੋਕ ਸਿੰਘ ਬਣੇ ਦੋਵੇਂ, ਸਿੱਖੀ ਧਾਰ ਸਤਿਗੁਰਾਂ ਤੇ ਮਾਨ ਕੀਤਾ
ਏਸੇ ਮਾਨ ਨੇ ਹੀ 'ਤੀਰ' ਅੱਜ ਉੱਘਾ, *ਫੂਲ ਸੰਦਲੀ ਦਾ ਖ਼ਾਨਦਾਨ ਕੀਤਾ

## ਦਸਮੇਸ਼ ਜੀ ਵੱਲੋਂ ਮਾਲਵੇ ਨੂੰ ਵਰ

ਦਿੱਤਾ ਵਰ ਮਹਾਰਾਜ ਨੇ ਮਾਲਵੇ ਨੂੰ, ਸਮਾਂ ਆਇਗਾ ਕਿ ਏਦਾਂ ਕਾਰ ਹੋਸੀ
ਧਰਤ ਮਾਲਵੇ ਦੀ ਸੋਨ-ਚਿੜੀ ਹੋਸੀ, ਕਦਰ ਏਸ ਦੀ ਅਪਰ ਅਪਾਰ ਹੋਸੀ
ਜਿੱਥੇ ਅੱਕ ਅੱਜ ਹੈਣ ਬਿਅੰਤ ਲੱਗੇ, ਏਥੇ ਅੰਬ ਹੋਸਨ ਤੇ ਬਹਾਰ ਹੋਸੀ
ਮੋਠ ਬਾਜਰੇ ਦੀ ਜਗ੍ਹਾ ਏਸ ਥਾਂ ਤੇ, ਕਣਕ ਛੋਲਿਆਂ ਦੀ ਭੱਰਮਾਰ ਹੋਸੀ
ਏਦਾਂ ਭਰਨਗੇ ਸਦਾ ਦਰਿਆ ਪਾਣੀ, ਨਹਿਰਾਂ ਚੱਲਸਨ ਦੇਸ਼ ਸਰਸ਼ਾਰ ਹੋਸੀ
'ਤੀਰ' ਸਦਾ ਦੇ ਵਾਸਤੇ ਜੱਗ ਵਿਚੋਂ, ਦੇਸ਼ ਮਾਲਵੇ ਦਾ ਬੇੜਾ ਪਾਰ ਹੋਸੀ

---

* ਨੋਟ (1) ਰਾਮ ਸਿੰਘ ਦੀ ਔਲਾਦ ਵਿਚੋਂ ਮਹਾਰਾਜਾ ਪਟਿਆਲਾ ਹਨ ਤੇ ਤਿਲੋਕ ਸਿੰਘ ਦੀ ਔਲਾਦ ਵਿਚੋਂ ਜੀਂਦ ਤੇ ਨਾਭਾ ਹਨ (ਲੇਖਕ)

(2) ਉਪਰੋਕਤ ਵਰ ਦਾ ਜ਼ਿਕਰ ਪ੍ਰੋਫ਼ੈਸਰ ਕਰਤਾਰ ਸਿੰਘ ਜੀ ਐੱਮ. ਏ. ਲਿਖਤ 'ਜੀਵਨ ਕਥਾ ਗੁਰੂ ਗੋਬਿੰਦ ਸਿੰਘ ਜੀ' ਸਫ਼ਾ 365 ਦੇ ਅਧਾਰ ਤੇ ਕੀਤਾ ਗਿਆ ਹੈ (ਕਰਤਾ)।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੁਬਾਰਾ ਰਚਨਾ

ਇੱਕ ਦਿੱਨ ਮਹਾਰਾਜ ਨੇ ਸੋਚ ਕੀਤੀ, ਸਿੱਖੀ ਹੋਰ ਫੈਲਾਵਣੀ ਚਾਹੀਦੀ ਏ
ਏਸ ਵਾਸਤੇ, ਬੀੜ ਕਰਤਾਰ ਪੁਰ ਤੋਂ, ਦਮਦੱਮੇ ਮੰਗਾਵਣੀ ਚਾਹੀਦੀ ਏ
ਨਾਂਵੇਂ ਸਤਿਗੁਰਾਂ ਦੀ ਲਿਖੀ ਹੋਈ ਬਾਣੀ, ਓਸ ਵਿੱਚ ਚੜ੍ਹਾਵਣੀ ਚਾਹੀਦੀ ਏ
'ਤੀਰ' ਇਸਤਰ੍ਹਾਂ ਆਪਣੀ ਮੁਹਰ ਉੱਤੇ, ਬਾਣੀ ਚਾੜ੍ਹਕੇ ਲਾਵਣੀ ਚਾਹੀਦੀ ਏ

## ਕਰਤਾਰਪੁਰ ਦੇ ਸੋਢੀਆਂ ਪਾਸ ਸਿੱਖ ਭੇਜੇ ਗਏ (ਵੱਲੋਂ ਕਵੀ)

ਸਿੱਖ ਆਪਣੇ ਸੋਢੀਆਂ ਪਾਸ ਭੇਜੇ, ਖ਼ਾਲੀ ਹੱਥ ਪਰ ਪਰਤ ਬਿ-ਆਸ ਆਏ
ਸੁੱਕਾ ਸੋਢੀਆਂ ਰਲ ਜਵਾਬ ਦਿੱਤਾ, ਲੈ ਕੇ ਸ੍ਰੀ ਦਸਮੇਸ਼ ਦੇ ਪਾਸ ਆਏ
ਸਿੱਖਾਂ ਆਣਕੇ ਦੱਸਿਆ ਸਤਿਗੁਰਾਂ ਨੂੰ, ਕਿਸੇ ਢੰਗ ਵੀ ਨਾ ਸੋਢੀ ਰਾਸ ਆਏ
'ਤੀਰ' ਮਾਰਿਆ ਏ ਮਿਹਣਾ ਸੋਢੀਆਂ ਨੇ, ਮੇਹਣਾ ਸੁਣਦਿਆਂ ਪਰਤ ਨੇ ਦਾਸ ਆਏ

## ਸੋਢੀਆਂ ਨੇ ਕੀ ਆਖਿਆ ਸਿਖ ਦੱਸਦੇ ਹਨ

ਸੱਚੇ ਪਾਤਸ਼ਾਹ ਆਖਿਆਂ ਸੋਢੀਆਂ ਨੇ, ਅੱਜ ਗੁਰੂ ਪਿਆ ਅਖਵਾਂਵਦਾ ਏ
ਸਿੱਖੀ ਸੇਵਕੀ ਸੱਦ ਪ੍ਰੇਰ ਸਾਰੀ, ਜਿਹੜਾ ਆਪਣੇ ਹੀ ਪਿੱਛੇ ਲਾਂਵਦਾ ਏ
ਨਵੀਂ ਕੌਮ ਹੈ ਰਿਹਾ ਬਣਾ ਜਿਹੜਾ, ਗੁਰੂ ਦੱਸਵਾਂ ਜੋ ਸਦਵਾਂਵਦਾ ਏ
'ਤੀਰ' ਮੰਗਦਾ ਕਿਉਂ ਹੈ, ਆਪ ਕਿਉਂ ਨਾ, ਨਵੀਂ ਆਪਣੀ ਬੀੜ ਬਣਾਂਵਦਾ ਏ

## ਸੋਢੀਆਂ ਦੇ ਏਸ ਉੱਤਰ ਦਾ ਅਸਰ

ਉੱਤਰ ਸੁਣਦਿਆਂ ਈ ਮਾਨੀ ਸੋਢੀਆਂ ਦਾ, ਜਾਨੀ-ਜਾਣ ਦਾਤੇ ਸਾਵਧਾਨ ਹੋਏ
ਸੁਰਤ ਜੋੜ ਬੈਠੇ ਰੱਬੀ-ਰੰਗ ਅੰਦਰ, ਇੱਕ ਮੰਨ ਹੋਏ ਅੰਤਰ-ਧਿਆਨ ਹੋਏ
ਬਾਣੀ ਬੀੜ ਦੀ ਬੋਲ ਲਿਖਾਣ ਲੱਗੇ, ਜਾਣ ਲਿਖਦੇ *ਦਰ ਪਰਵਾਨ ਹੋਏ
'ਤੀਰ'** ਰਚਨਾ ਨਵੀਂ ਜਾਂ ਇਉਂ ਕੀਤੀ, ਲੋਕੀ ਵੇਖ ਕੇ ਬੜੇ ਹੈਰਾਨ ਹੋਏ

## ਨਵਾਂ ਪੰਧ ਤੇ ਨਵੇਂ ਇਰਾਦੇ (ਵੱਲੋਂ ਕਵੀ)

ਚੋਖਾ ਚਿਰ ਦਸਮੇਸ਼ ਜੀ ਦਮਦਮੇ ਈ, ਭਾਗ ਮਾਲਵੇ ਦੇਸ਼ ਨੂੰ ਲਾਂਵਦੇ ਰਹੇ
ਤ੍ਰੁੱਠ ਤ੍ਰੁੱਠ ਕੇ ਆਪਣੇ ਸੇਵਕਾਂ ਤੇ, ਜਨਮ ਜੂਨ ਦਾ ਪੰਧ ਮੁਕਾਂਵਦੇ ਰਹੇ
ਆਪ ਗੀਤ ਗੋਬਿੰਦ ਦੇ ਗਾਂਵਦੇ ਰਹੇ, ਸਿੱਖ ਆਪ ਨੂੰ ਦਿਲੋਂ ਧਿਆਂਵਦੇ ਰਹੇ
'ਤੀਰ' ਨਿੱਤ ਦਰਬਾਰ ਸਜਾਂਵਦੇ ਰਹੇ, ਸੱਤਿਨਾਮ ਦਾ ਝੰਡਾ ਝੁਲਾਂਵਦੇ ਰਹੇ

---

ਨੋਟ— * ਸੋਢੀਆਂ ਪਾਸ ਜੋ ਬੀੜ ਸੀ, ਉਹ 'ਕਰਤਾਰਪੁਰ' ਵਾਲੀ ਤੇ ਦੂਜੀ 'ਦਮਦਮੇ ਦੀ ਬੀੜ' ਅਖਵਾਉਂਦੀ ਹੈ।
** ਭਾਈ ਮਨੀ ਸਿੰਘ ਜੀ ਲਿਖਦੇ ਹਨ।

### ਵੱਲੋਂ ਕਵੀ

ਆਖ਼ਰ ਆਪ ਨੇ ਫੈਸਲਾ ਇਹ ਕੀਤਾ, ਹੋਰ ਜੱਗ ਨੂੰ ਤਾਰਨਾ ਚਾਹੀਦਾ ਏ
ਜੱਗ ਡੁੱਬਦੇ ਨੂੰ ਬੰਨੇ ਲਾਣ ਖ਼ਾਤਰ, ਪੈਂਡਾ ਹੋਰ ਵੀ ਮਾਰਨਾ ਚਾਹੀਦਾ ਏ
ਹੋਵੇ ਜਿਸ ਤਰ੍ਹਾਂ ਤੇ ਜਿਵੇ ਕਿਵੇਂ ਹੋਵੇ, ਭੁੱਲਾ ਜੱਗ ਸੁਧਾਰਨਾ ਚਾਹੀਦਾ ਏ
'ਤੀਰ' ਖ਼ਾਲਸਾ ਪੰਥ ਦਾ ਨਾਮ ਸਾਰੇ, ਅਜੇ ਹੋਰ ਪ੍ਰਚਾਰਨਾ ਚਾਹੀਦਾ ਏ

### ਭਾਈ ਦਇਆ ਸਿੰਘ ਜੀ ਦੀ ਚਿੱਠੀ ਆ ਗਈ (ਵੱਲੋਂ ਕਵੀ)

ਇਹਨੀਂ ਦਿਨੀਂ ਹੀ ਆਣਕੇ ਮਿਲੀ ਚਿੱਠੀ, ਦਯਾ ਸਿੰਘ ਨੇ ਜੋ ਘਲਾਈ ਹੈਸੀ
ਲਿਖੀ ਫਤਹਿ ਦੀ ਚਿਠੀ ਨੇ ਕੀ ਕੀਤਾ, ਸਾਰੀ ਲਿਖਕੇ ਗੱਲ ਸਮਝਾਈ ਹੈਸੀ
ਔਰੰਗਜ਼ੇਬ ਪੜ੍ਹਿਆ ਜਦੋਂ ਜ਼ਫ਼ਰ-ਨਾਮਾ, ਕਿਵੇਂ ਮੁਰਦਨੀ ਮੂੰਹ ਤੇ ਛਾਈ ਹੈਸੀ
ਨਾਲੇ ਇਹ ਵੀ ਲਿਖਿਆ ਸਿੰਘ ਜੀ ਨੇ, ਏਦਾਂ ਸ਼ਾਹ ਦੇ ਦਿੱਲ ਤੇ ਆਈ ਹੈਸੀ
ਉਹਨੇ ਦੁਹਾਂ ਨਵਾਬਾਂ ਨੂੰ ਖ਼ਾਸ ਕਰਕੇ, ਕੀਤੀ ਕਾਰ ਉੱਤੇ ਝਾੜ ਪਈ ਹੈਸੀ
ਅੱਗੋਂ ਲਈ ਨਾ 'ਤੀਰ' ਜੀ ਛੇੜ ਛੇੜੋ, ਸ਼ਾਹੀ ਆਗਿਆ ਇਉਂ ਸੁਣਾਈ ਹੈਸੀ

### ਹੋਰ ਕੀ ਲਿਖਿਆ

ਹੋਰ ਲਿਖਿਆ ਇਹ ਦਯਾ ਸਿੰਘ ਜੀ ਨੇ, ਏਸ ਲਈ ਹੈ ਸ਼ਾਹ ਲਾਚਾਰ ਹੁਣ ਤੇ
ਉਹਦੇ ਉਲਟ ਮਰਹੱਟਿਆਂ ਰਾਜਪੂਤਾਂ, ਚੁੱਕੀ ਹੋਈ ਏ ਖ਼ੂਬ ਤਲਵਾਰ ਹੁਣ ਤੇ
ਥਾਂਓਂ ਥਾਂ ਬਗ਼ਾਵਤਾਂ ਹੋ ਪਈਆਂ, ਰਾਜ ਹੋ ਰਿਹਾ ਏ ਤਾਰ ਤਾਰ ਹੁਣ ਤੇ
'ਤੀਰ' ਹਰ ਵੇਲੇ ਔਰੰਗਜ਼ੇਬ ਤਾਂਈਂ, ਇਸੇ ਗੱਲ ਦੀ ਰਹੇ ਵਿਚਾਰ ਹੁਣ ਤੇ

### ਹੋਰ ਲਿਖਿਆ

ਏਸੇ ਲਈ ਐਸੇ ਵੇਲੇ ਇੱਕ ਪਾਸੋਂ, ਖਹਿੜਾ ਸ਼ਾਹ ਛੁਡਾਵਣਾ ਚਾਂਹੁੰਦਾ ਏ
ਭਾਵੇ ਅੰਦਰੋਂ ਨੀਤ ਨਾ ਹੋਏ ਉਸਦੀ, ਉਤੋਂ ਮੇਲ ਵਧਾਵਣਾ ਚਾਂਹੁੰਦਾ ਏ
ਜਾਣੀਜਾਣ ਜੀ ਇਸ ਤਰ੍ਹਾਂ ਆਪ ਉਤੇ, ਜਾਲ ਚਾਲ ਦਾ ਪਾਵਣਾ ਚਾਂਹੁੰਦਾ ਏ
'ਤੀਰ' ਵਰਤਦੀ ਵੇਖਕੇ ਰਾਜ-ਗਰਦੀ, ਸਮਾਂ ਸਿਰੋਂ ਲੰਘਾਵਣਾ ਚਾਂਹੁੰਦਾ ਏ

### ਵੱਲੋਂ ਕਵੀ

ਜਾਣੀਜਾਣ ਜੀ ਨੇ ਕਦਮ ਚੁੱਕਿਆ ਸੀ, ਦਿਲੋਂ ਸੋਚਕੇ ਜਗਤ ਉਧਾਰ ਖ਼ਾਤਰ
ਦੀਦ ਸਿੱਕਦੇ ਦਿਲਾਂ ਨੂੰ ਦੇਣ ਖ਼ਾਤਰ, ਸੱਚ ਧਰਮ ਤੇ ਪ੍ਰੇਮ ਪਰਚਾਰ ਖ਼ਾਤਰ
ਸਦਾ ਜੀਂਵਦੇ ਸੀ ਦੇਸ਼ ਪ੍ਰੇਮ ਖ਼ਾਤਰ, ਪਏ ਵਿਚਰਦੇ ਸੀ ਪ੍ਰੇਮ ਪਿਆਰ ਖ਼ਾਤਰ
ਚਲੇ 'ਤੀਰ' ਦਸਮੇਸ਼ ਜੀ ਦਮਦਮੇ ਤੋਂ, ਨਿਰੀ ਸੁਲ੍ਹਾ ਤੇ ਵਣਜ ਵਿਹਾਰ ਖ਼ਾਤਰ

### ਦੱਖਣ ਵੱਲ ਤਿਆਰੀਆਂ (ਵੱਲੋਂ ਕਵੀ)

ਜਾਣੀਜਾਣ ਦਸਮੇਸ਼ ਜੀ ਵੱਲ ਦੱਖਣ, ਜਦੋਂ ਕੂਚ ਤਿਆਰੀਆਂ ਕਰਨ ਲੱਗੇ
ਦੁੱਖ ਦਿਲ ਤੇ ਤੋਲ ਵਿਛੋੜਿਆਂ ਦਾ, ਪ੍ਰੀਤਵਾਨ ਸਾਰੇ ਨੈਣੋਂ ਵਰ੍ਹਨ ਲੱਗੇ
ਕਰਨ ਬੇਨਤੀ 'ਜਾਓ ਨਾ ਗੁਰੂ ਦਾਤਾ! ਅਸੀਂ ਸਦਾ ਹੀ ਰਹਾਂਗੇ ਚਰਨ ਲੱਗੇ
'ਤੀਰ' ਇਸਤਰ੍ਹਾਂ ਆ ਆ ਕਹਿਣ ਲੱਗੇ, ਆਣ ਆਣ ਚਰਨੀਂ ਸੀਸ ਧਰਨ ਲੱਗੇ

### ਭਾਈ ਡੱਲਾ ਸਿੰਘ ਤੇ ਹੋਰ ਪ੍ਰੇਮੀਆਂ ਦੀ ਬੇਨਤੀ

ਡੱਲਾ ਸਿੰਘ ਤੇ ਓਸਦੇ ਹੋਰ ਸਾਥੀ, ਹੱਥ ਜੋੜ ਆਖਣ ਤਰਸ ਖਾਓ ਦਾਤਾ
ਸਾਨੂੰ ਛੱਡ ਕੇ ਮੂਲ ਨਾ ਜਾਓ ਦਾਤਾ! ਅੱਖਾਂ ਸਾਡੀਆਂ ਵਿਚ ਸਮਾਓ ਦਾਤਾ
ਹੋ ਕੇ ਦਯਾ ਸਾਗਰ, ਨਿਗ੍ਹਾ ਵਿਚ ਰੱਖੋ, ਮੱਛੀ ਵਾਂਗ ਨਾ ਸੁੱਟ ਤੜਫ਼ਾਓ ਦਾਤਾ
'ਤੀਰ' ਆਪਦੇ ਹਾਂ ਅਸੀਂ ਦਿਲੋਂ ਗੋਲੇ, ਸਾਨੂੰ ਕੱਲਿਆਂ ਛੱਡ ਨਾ ਜਾਓ ਦਾਤਾ

### ਸ੍ਰੀ ਦਸਮੇਸ਼ ਜੀ ਦੇ ਬਚਨ

ਜਾਣੀਜਾਣ ਨੇ ਆਖਿਆ ਸਿਦਕਵਾਨੋ! ਕਰਨ ਗੋਚਰੀ ਹੈ ਅਜੇ ਕਾਰ ਬਾਕੀ
ਦੱਖਣ ਦੇਸ਼ ਵਿੱਚ ਪਏ ਬੁਲਾਂਵਦੇ ਨੇ, ਸਾਡੀ ਰੂਹ ਨੂੰ ਕਈ ਦੁਖਿਆਰ ਬਾਕੀ
ਅਜੇ ਹੋਰ ਵੀ ਕਰਨੀਆਂ ਕਰਨੀਆਂ ਨੇ, ਕਰਨ-ਯੋਗ ਹੈ ਸੋਧ ਸੁਧਾਰ ਬਾਕੀ
'ਤੀਰ' ਅਸੀਂ ਹਾਂ ਅੱਜ ਤੋਂ ਕੂਚ ਕਰਦੇ, ਦਿੱਲੀ ਜਾਏਗਾ *ਬਾਗ਼ ਪਰਵਾਰ ਬਾਕੀ

### ਜੀਤੋ ਜੀ ਤੇ ਸਾਹਿਬ ਦੇਵਾਂ ਜੀ ਦਿੱਲੀ ਭੇਜੇ ਗਏ

ਫੇਰ ਸਾਹਿਬ ਦੇਵਾਂ 'ਜੀਤੋ ਜੀ' ਤਾਂਈਂ, ਹੁਕਮ ਘੱਲ ਬੁਲਾ ਲਿਆ ਸਤਿਗੁਰਾਂ ਨੇ
ਨਵੇਂ ਪੰਧ ਦੀ ਲੋੜ ਤੇ ਹਾਲ ਸਾਰਾ, ਦੋਹਾਂ ਤਾਂਈਂ ਸੁਣਾ ਲਿਆ ਸਤਿਗੁਰਾਂ ਨੇ
ਹੁਕਮ ਇਹੋ ਅਕਾਲ ਦਾ ਹੈ ਮੈਨੂੰ, ਪ੍ਰੇਮ ਨਾਲ ਸਮਝਾ ਲਿਆ ਸਤਿਗੁਰਾਂ ਨੇ
'ਤੀਰ' ਦੋਹਾਂ ਨੂੰ ਹੀ ਦਿੱਲੀ ਜਾਣ ਖ਼ਾਤਰ, ਆਖ ਵੇਖ ਮਨਾ ਲਿਆ ਸਤਿਗੁਰਾਂ ਨੇ

### ਚਾਲੇ ਪਾ ਦਿੱਤੇ ਗਏ

ਨਾਲ ਚੋਣਵੇਂ ਲਏ ਸਿਰਲੱਥ ਜੋਧੇ, ਅਤੇ ਦਮਦਮੇ ਤੋਂ ਜਾਣੀਜਾਣ ਚੱਲੇ
ਸਮੇਂ ਸਮਝਿਆ ਚੋਜ ਵਰਤਾਣ ਵਾਲੇ, ਨਵੇਂ ਚੋਜ ਨੇ ਹੋਰ ਵਰਤਾਣ ਚੱਲੇ
ਨੈਣ ਡੁਲ੍ਹ ਪਏ ਦਰਦ ਵਿੱਚ ਸੰਗਤਾਂ ਦੇ, ਜਦੋਂ ਵਿਦਾ ਹੋ ਪੰਥ ਦੇ ਮਾਣ ਚੱਲੇ
'ਤੀਰ' ਭਰੇ ਨੈਣੀਂ ਪ੍ਰੀਤਵਾਨ ਬੋਲੇ, ਦਾਤੇ ਜੱਗ ਦੀ ਕਰਨ ਕਲਿਆਣ ਚੱਲੇ

---

* ਮਹਿਲ ਸ੍ਰੀ ਜੀਤੋ ਜੀ ਤੇ ਸ੍ਰੀ ਸਾਹਿਬਦੇਵਾਂ ਵੱਲ ਇਸ਼ਾਰਾ ਹੈ।

### ਕੁਝ ਲਿਖਾਰੀਆਂ ਦੇ ਗ਼ਲਤ ਖ਼ਿਆਲ ਬਾਬਤ (ਵੱਲੋਂ ਕਵੀ)

ਏਸ ਪੰਧ ਦੀ ਘੱਟਨਾ ਰੱਖ ਅੱਗੇ *ਅਸਲ ਗੱਲ ਹੈ ਦਿਲੋਂ ਭੁਲਾਈ ਕਈਆਂ
'ਗੁਰੂ ਗਏ ਦਿੱਲੀ ਔਰੰਗਜ਼ੇਬ ਸੱਦੇ', ਦਿੱਤਾ ਲਿਖ ਨਾ ਸੋਚਿਆ ਰਾਈ ਕਈਆਂ
ਨੀਵਾਂ ਸ੍ਰੀ ਦਸਮੇਸ਼ ਨੂੰ ਕਰਨ ਖ਼ਾਤਰ, ਰੱਜ ਰੱਜ ਕੀਤੀ ਢੀਠਤਾਈ ਕਈਆਂ
ਸ਼ੁੱਧ-ਸਿੱਖ-ਇਤਿਹਾਸ ਦੇ ਦੁੱਧ ਅੰਦਰ, ਕਾਂਜੀ ਕੂੜ ਦੀ ਚੁੱਕ ਰਲਾਈ ਕਈਆਂ
ਅਸਲ ਗੱਲ ਨੂੰ ਕਿਸੇ ਪੜਤਾਲਿਆ ਨਾ, ਦਿੱਤੀ ਹੋਰ ਦੀ ਹੋਰ ਦੁਹਾਈ ਕਈਆਂ
'ਤੀਰ' ਮਜ਼੍ਹਬ ਦੀ ਈਰਖ਼ਾ ਵੱਸ ਹੋ ਕੇ, ਨਹੀਂ ਸਾਰ ਦਸਮੇਸ਼ ਦੀ ਪਾਈ ਕਈਆਂ

### ਦਸਮੇਸ਼ ਜੀ ਔਰੰਗਜ਼ੇਬ ਤੇ ਕਿਵੇਂ ਇਤਬਾਰ ਕਰ ਸਕਦੇ ਸੀ

ਜਿਹਨੂੰ ਰਤੀ ਵੀ ਨਾ ਕਦੇ ਤਰਸ ਆਇਆ, ਦੈਂਤ ਹੋ ਦੱਲਿਆ ਹਿੰਦੁਸਤਾਨ ਜਿਸਨੇ
ਹਿਰਸ ਜੱਗ ਦੀ ਵਾਸਤੇ ਚਾਲ ਕਰਕੇ, ਪਿਓ ਕੈਦ ਕੀਤਾ ਸ਼ਾਹਜਹਾਨ ਜਿਸਨੇ
ਜਿਹੜਾ ਸਕੇ ਭਰਾਵਾਂ ਤੋਂ ਟੱਲਿਆ ਨਾ, ਲੀਤੀ ਮਾਂ ਪਿਓ ਜਾਏ** ਦੀ ਜਾਨ ਜਿਸਨੇ
ਸਹੁੰਆਂ ਝੂਠੀਆਂ ਖਾਧੀਆਂ ਕਈ ਵਾਰੀ, ਪਾਲੀ ਕਦੇ ਨਾ ਮੂਲ ਜ਼ਬਾਨ ਜਿਸਨੇ
ਜਿਹਨੇ ਅਲਖ ਲਾਹੀ ਫੜਕੇ ਸੂਫੀਆਂ ਦੀ, ਕੀਤੇ ਬੱਕਰੇ ਵਾਂਗ ਕੁਰਬਾਨ ਜਿਸਨੇ
ਕਿਵੇਂ ਵਿੱਸਦੇ 'ਤੀਰ' ਦਸਮੇਸ਼ ਉਸ 'ਤੇ, ਛਿੱਕੇ ਟੰਗਿਆ ਦੀਨ ਈਮਾਨ ਜਿਸਨੇ

### ਹੋ ਸਕਦਾ ਹੈ

ਹੋ ਸੱਕਦਾ ਹੈ! ਉਹਦੇ ਦਿਲ ਅੰਦਰ, ਪੜ੍ਹਕੇ ਜ਼ਫ਼ਰਨਾਮਾ ਗੱਲ ਆਈ ਹੋਵੇ
ਹੋ ਸੱਕਦਾ ਹੈ ਕੀਤੀ ਕਾਰ ਉੱਤੇ, ਉਹਦੀ ਅੰਤ ਨੂੰ ਰੂਹ ਪਛਤਾਈ ਹੋਵੇ
ਹੋ ਸੱਕਦਾ ਹੈ ਚਾਹਿਆ ਮੇਲ ਹੋਵੇ, ਅੱਗੋਂ ਵਾਸਤੇ ਛੱਡੀ ਲੜਾਈ ਹੋਵੇ
ਹੋ ਸੱਕਦਾ ਹੈ ਕਲਗੀਧਰ ਜੀ ਦੀ, ਸੂਰਤ ਸੋਚ ਨੇ ਉਹਨੂੰ ਵਿਖਾਈ ਹੋਵੇ
ਗੁਰੂ ਓਸਤੇ ਕਿਵੇਂ ਇਤਬਾਰ ਕਰਦੇ, ਜਿਹਨੇ ਕਦੇ ਨਾ ਗੱਲ ਨਿਭਾਈ ਹੋਵੇ
'ਤੀਰ' ਓਸਨੂੰ ਮਿਲਣ ਸੀ ਕੀ ਜਾਣਾ, ਜਿਹਦੇ ਉੱਤੇ ਇਤਬਾਰ ਨਾ ਰਾਈ ਹੋਵੇ

### ਇੱਕ ਗੱਲ ਹੋਰ ਵੀ ਸੀ

ਇੱਕ ਗੱਲ ਸੀ ਇਹ ਕਿ ਆਪ ਜੀ ਨੇ, ਅਜੇ ਡੁੱਬਦਿਆਂ ਜੀਆਂ ਨੂੰ ਤਾਰਨਾ ਸੀ
ਧੂਣੀ ਤਪਦੇ ਬੀਰ ਬੈਰਾਗੀਆਂ ਦਾ, ਅੰਮੀ ਦੇ ਕੇ ਕਾਲਜਾ ਠਾਰਨਾ ਸੀ
ਕਈ ਸਾਦਕਾਂ ਅਤੇ ਪ੍ਰੇਮੀਆਂ ਨੇ, ਦੱਖਣ ਵਿਚ ਧਾਰੀ ਹੋਈ ਧਾਰਨਾ ਸੀ

---

* ਲਤੀਫ ਆਦਿ ਲਿਖਾਰੀਆਂ ਨੇ।

** ਦਾਰਾ ਔਰੰਗਜ਼ੇਬ ਦਾ ਸੱਕਾ ਭਰਾ ਸੀ, ਉਸ ਦਾ ਸਿਰ ਈਦ ਵਾਲੇ ਦਿਨ ਵੱਢ ਕੇ ਔਰੰਗਜ਼ੇਬ ਨੇ ਆਪਣੇ ਕੈਦੀ ਪਿਓ ਸ਼ਾਹ ਜਹਾਨ ਨੂੰ ਈਦ ਦਾ ਤੋਹਫਾ ਭੇਜਿਆ ਸੀ।

ਹੈ ਸੀ ਉਨ੍ਹਾਂ ਨੂੰ 'ਤੀਰ' ਦੀਦਾਰ ਦੇਣਾ, ਜਾ ਕੇ ਉਨ੍ਹਾਂ ਦਾ ਜਨਮ ਸਵਾਰਨਾ ਸੀ

### ਸ੍ਰੀ ਦਸਮੇਸ਼ ਜੀ ਦੇ ਸਫਰ ਦੀਆਂ ਚੌਫੇਰੇ ਧੁੰਮਾਂ

ਸਣੇ ਦੱਲ ਦਸਮੇਸ਼ ਜੀ ਜਾਣ ਜਿਧਰ, ਸੁਣ ਸੁਣ ਉੱਧਰੋਂ ਪ੍ਰੀਤਵਾਨ ਆਵਣ
ਜੋਤ ਜਾਗਦੀ ਉੱਤੇ ਪਤੰਗ ਬਣਕੇ, ਕਰਨ ਆਪਣਾ ਆਪ ਕੁਰਬਾਨ ਆਵਣ
ਰੰਗ ਸੁਲ੍ਹਾ ਦੇ ਏਸ ਤੋਂ ਭਾਸਦੇ ਨਾ, ਅੱਗੇ ਝੂਲਦੇ ਸਿੱਖੀ ਨਿਸ਼ਾਨ ਆਵਣ
'ਤੀਰ' ਆ ਆ–ਦਿਲਾਂ ਦੀ ਭੇਟ ਚੜ੍ਹਦੀ, ਜਿੱਥੇ ਚੱਲ ਦਸਮੇਸ਼ ਸੁਲਤਾਨ ਆਵਣ

### ਸ੍ਰੀ ਦਸਮੇਸ਼ ਜੀ ਬਘੌਰ ਵਿੱਚ

ਜਾਣੀਜਾਣ ਦਸਮੇਸ਼ ਜੀ ਚੋਜ ਕਰਦੇ, ਮਾਰ ਮੰਜ਼ਲਾਂ ਵਿੱਚ ਬਘੌਰ ਆਏ
ਜਦੋਂ ਪਤਾ ਲੱਗਾ ਸ਼ਹਿਰ ਵਾਸੀਆਂ ਨੂੰ, ਬੱਣ ਬੱਣ ਕੇ ਪ੍ਰੀਤ ਦੇ ਭੌਰ ਆਏ
ਧੁਰ ਧੱਜ ਨਾ ਰਹੀ ਪਦਾਰਥਾਂ ਦੀ, ਜੋ ਜੋ ਸ਼ਹਿਰ 'ਚੋਂ ਭੇਟਾ ਦੇ ਤੌਰ ਆਏ
ਲੋਕੀਂ 'ਤੀਰ' ਜੀ ਸ੍ਰੀ ਦਸਮੇਸ਼ ਉੱਤੇ, ਸਿਦਕ ਨਾਲ ਝੁਲਾਣ ਲਈ ਚੌਰ ਆਏ

### ਔਰੰਗਜ਼ੇਬ ਦੇ ਮਰਨ ਦੀ ਖ਼ਬਰ ਪੁੱਜੀ

ਏਥੇ ਸ੍ਰੀ ਦਸਮੇਸ਼ ਨੂੰ ਖ਼ਬਰ ਪੁੱਜੀ, ਰੱਬੀ–ਕੁਦਰਤੋਂ ਈ ਕਾਜ ਸਰ ਗਿਆ ਏ
ਬੈਠ ਤਖ਼ਤ ਉੱਤੇ ਧੱਕਾ ਕਰਨ ਵਾਲਾ, ਤਾਜ ਤਖ਼ਤ ਤਾਈਂ ਖਾਲੀ ਕਰ ਗਿਆ ਏ
ਜ਼ੋਰ ਜ਼ੁਲਮ ਕਰਕੇ ਜਿੱਤਾਂ ਲੈਣ ਵਾਲਾ, ਅਦਲ ਸੱਚ ਵਾਲੀ ਬਾਜ਼ੀ ਹਰ ਗਿਆ ਏ
ਮੁੱਦਾ ਕੀ ਕਿ 'ਤੀਰ' ਜੀ ਵਿੱਚ ਦੱਖਣ, ਔਰੰਗਜ਼ੇਬ ਪਛਤਾਂਵਦਾ ਮਰ ਗਿਆ ਏ

## ਰਾਜ ਗਰਦੀ

### ਔਰੰਗਜ਼ੇਬ ਦੀ ਮੌਤ ਪਿਛੋਂ ਸ਼ਹਿਜ਼ਾਦਿਆਂ ਵਿਚ ਝਗੜਾ (ਵੱਲੋਂ ਕਵੀ)

ਔਰੰਗਜ਼ੇਬ ਜਾਂ ਇਸਤਰ੍ਹਾਂ ਵਿਚ ਦੱਖਣ, ਚੋਲਾ ਛੱਡ ਜਹਾਨ ਤੋਂ ਧਾ ਗਿਆ
ਗਿਆ ਉਹ ਤਾਂ ਤਖ਼ਤ ਦੇ ਲਈ ਏਧਰ, ਵਖਤ ਪਾਣ ਵਾਲਾ ਸਮਾਂ ਆ ਗਿਆ
ਦਿਲਾਂ ਵਿੱਚ ਖ਼ੁਦਗਰਜ਼ੀਆਂ ਨੱਚ ਪਈਆਂ, ਲੋਭ ਆਣਕੇ ਮਨਾਂ ਤੇ ਛਾ ਗਿਆ
'ਤੀਰ' ਮੈਂ ਹੀ ਤਖ਼ਤ ਦਾ ਬਣਾਂ ਵਾਲੀ, ਹਰ ਇੱਕ ਸ਼ਾਹਜ਼ਾਦੇ ਨੂੰ ਭਾ ਗਿਆ

### ਛੋਟੇ ਸ਼ਾਹਜ਼ਾਦੇ ਨੇ ਤਖ਼ਤ ਮੱਲ ਲਿਆ

ਦੱਖਣ ਦੇਸ਼ *ਆਜ਼ਮ ਸ਼ਾਹ ਦੇ ਕੋਲ ਹੈਸੀ, ਫੱਬ ਓਸਦਾ ਏਸ ਲਈ ਦਾਅ ਗਿਆ
ਛੋਟਾ ਹੁੰਦਿਆਂ ਓਸ ਨਾ ਸੋਚ ਕੀਤੀ, ਹੱਕ ਵੱਡੇ ਭਰਾਵਾਂ ਦਾ ਖਾਅ ਗਿਆ

---

* ਔਰੰਗਜ਼ੇਬ ਦੇ ਤਿੰਨ ਪੁੱਤਰ ਸਨ, ਵੱਡਾ ਮੁਅੱਜ਼ਮ, ਛੋਟਾ ਕਾਇਮ ਬਖਸ਼ ਤੇ ਸਭ ਤੋਂ ਛੋਟਾ ਆਜ਼ਮ।

ਪਾਤਸ਼ਾਹ ਬਣਕੇ ਬੈਠਾ ਤਖ਼ਤ ਉੱਤੇ, ਜਿਵੇਂ ਪਿਓ ਸੁ ਆਪ ਬਿਠਾ ਗਿਆ
'ਤੀਰ' ਜਦੋਂ *ਮੁਅੱਜ਼ਮ ਨੂੰ ਪਤਾ ਲੱਗਾ, ਤਾਂ ਉਹ ਕਾਬਲੋਂ ਰੋਹ ਖਾ ਆ ਗਿਆ

### ਸ਼ਾਹਜ਼ਾਦਾ ਮੁਅੱਜ਼ਮ ਨੂੰ ਆਪਣੀ ਤਾਕਤ ਕਮਜ਼ੋਰ ਜਾਪੀ

ਐਪਰ ਦਿਲੋਂ ਮੁਅੱਜ਼ਮ ਨੂੰ ਪਈ ਚਿੰਤਾ, ਉਹਦਾ ਫ਼ੌਜ ਦਾ ਪੱਖ ਕਮਜ਼ੋਰ ਹੈਸੀ
ਸਿੱਕਾ ਨਿੱਕੇ ਸ਼ਾਹਜ਼ਾਦੇ ਦਾ ਚੱਲਦਾ ਸੀ, ਏਸ ਸਮੇਂ ਇਹ ਰਾਜ ਦਾ ਚੋਰ ਹੈਸੀ
ਲੜਣ ਲਈ ਤਿਆਰੀਆਂ ਹੁੰਦੀਆਂ ਸੀ, ਅੰਦਰ ਦਿਲਾਂ ਦੇ ਭਟਕਦਾ ਖੋਰ ਹੈਸੀ
'ਤੀਰ' ਕਿਵੇਂ ਕੀਤੀ ਜਾਵੇ ਏਸ ਵੇਲੇ, ਲੱਭੂ ਰਿਹਾ ਖ਼ਿਆਲਾਂ ਦੇ ਭੋਰ ਹੈਸੀ

### ਸ਼ਾਹਜ਼ਾਦਾ ਮੁਅੱਜ਼ਮ ਨੂੰ ਕੁਝ ਨਾ ਸੁੱਝੇ

ਜਦੋਂ ਬੈਠ ਇਕੱਲਿਆਂ ਸੋਚਦਾ ਸੀ, ਨਿਗ੍ਹਾ ਚਾਰ ਚੁਫੇਰ ਦੁੜਾਂਵਦਾ ਸੀ
ਮੋਢਾ ਡਾਹਣ ਵਾਲਾ ਇਹਦੇ ਨਾਲ ਹੋਕੇ, ਕੋਈ ਕਿਤੇ ਵੀ ਨਿਗ੍ਹਾ ਨਾ ਆਂਵਦਾ ਸੀ
"ਮੇਰਾ ਹੱਕ ਤੇ ਲਏ ਭਰਾ ਛੋਟਾ, ਸੋਚ ਸੋਚ ਕਚੀਚੀਆਂ ਖਾਂਵਦਾ ਸੀ
'ਤੀਰ' ਕਿਉਂ ਨਾ ਪਿਓ ਦੇ ਕੋਲ ਰਿਹਾ, ਏਨੀ ਗੱਲ ਉੱਤੇ ਪਛੋਤਾਂਵਦਾ ਸੀ

### ਸ਼ਾਹਜ਼ਾਦੇ ਨੂੰ ਤਾਰਨ ਵਾਲਾ ਮਲਾਹ ਲੱਭ ਪਿਆ (ਵੱਲੋਂ ਕਵੀ)

ਆਖ਼ਰ ਬੜੀ ਲੰਮੀ ਡੂੰਘੀ ਸੋਚ ਪਿਛੋਂ, ਸਫਲ ਹੋਣ ਦਾ ਸੁੱਝਿਆ ਰਾਹ ਉਸਨੂੰ
ਖੁਸਾ ਰਾਜ ਤੇ ਕਾਜ ਦਿਵਾਣ ਵਾਲਾ, ਦਿੱਸ ਪਿਆ ਸੱਚਾ ਪਾਤਸ਼ਾਹ ਉਸਨੂੰ
ਭਾਵੇਂ ਜੰਗ ਤੇ ਖ਼ੂਨ ਖ਼ਰਾਬਿਆਂ ਦਾ, ਹੈਸੀ ਦਿੱਸਦਾ ਸ਼ਹੁ ਅਥਾਹ ਉਸਨੂੰ
ਐਪਰ 'ਤੀਰ' ਬੇੜੀ ਬੰਨੇ ਲਾਣ ਵਾਲਾ, ਲੱਭਾ ਸ੍ਰੀ ਦਸਮੇਸ਼ ਮਲਾਹ ਉਸਨੂੰ

### ਸ਼ਾਹਜ਼ਾਦੇ ਨੇ ਦਿਲ ਵਿਚ ਪੱਕੀ ਕਰ ਲਈ (ਵੱਲੋਂ ਕਵੀ)

ਜਦੋਂ ਸੋਚ ਮੁਅੱਜ਼ਮ ਨੂੰ ਇਹ ਸੁੱਝੀ, ਪੱਕਾ ਕਰ ਲਿਆ ਇਹੋ ਖ਼ਿਆਲ ਉਸਨੇ
ਢੂੰਡ ਭਾਲ ਕਰਕੇ ਅਤੇ ਪਤਾ ਕਰਕੇ, ਸਾਥੀ ਲੱਭ ਲੀਤਾ ਨੰਦ ਲਾਲ ਉਸਨੇ
ਕੋਮਲ-ਚਿਤ ਹੈਸੀ ਨੰਦ ਲਾਲ ਅੱਗੇ, ਲੀਤਾ ਹੋਰ ਵੀ ਓਸਨੂੰ ਢਾਲ ਉਸਨੇ
'ਤੀਰ' ਮੀਰ-ਮੁਨਸ਼ੀ ਨੰਦ ਲਾਲ ਤਾਈਂ, ਏਦਾਂ ਰੋ ਰੋ ਦੱਸਿਆ ਹਾਲ ਉਸਨੇ

### ਸ਼ਾਹਜ਼ਾਦੇ ਨੇ ਭਾਈ ਨੰਦ ਲਾਲ ਜੀ ਨੂੰ ਕੀ ਆਖਿਆ

ਵੇਖ! ਮੀਰ ਮੁਨਸ਼ੀ ਨਿਰਾ ਨਹੀਂ ਮੁਨਸ਼ੀ, ਨਿੱਕੇ ਹੁੰਦਿਆਂ ਰਿਹਾ ਹੈਂ ਯਾਰ ਮੇਰਾ
ਨਿਰਾ ਯਾਰ ਨਾ ਇਲਮ-ਉਸਤਾਦ ਵੀ ਏਂ, ਤੇਰੇ ਨਾਲ ਹੈ ਦਿਲੀ ਪਿਆਰ ਮੇਰਾ
ਜਦੋਂ ਆਣ ਕੇ ਤੇਰੇ ਤੇ ਬਣੀ ਹੈਸੀ, ਤੇਰੇ ਲਈ ਸੀ ਕੀ ਵਿਹਾਰ ਮੇਰਾ

* ਸ਼ਾਹਜ਼ਾਦਾ ਮੁਅੱਜ਼ਮ ਔਰਗਜ਼ੇਬ ਦੀ ਮੌਤ ਵੇਲੇ ਅਫ਼ਗਾਨਿਸਤਾਨ ਵਿਚ ਸੀ।

ਤੇਰੀ ਜਾਨ ਬਚਾਈ ਸੀ ਮੈਂ ਓਦੋਂ, ਮਾਰੂ ਜਦੋਂ ਸੀ ਪਿਓ, ਪਰਵਾਰ ਮੇਰਾ
ਮੇਰੀ ਜਾਨ ਉੱਤੇ ਬਣੀ ਅੱਜ ਆ ਕੇ, ਹੱਕ ਲਿਆ ਹੈ ਨਿੱਕਿਆਂ ਮਾਰ ਮੇਰਾ
ਜੇਕਰ ਤੂੰ ਵੀ ਨਾ ਮੇਰੀ ਵੱਲ ਹੋਇਓਂ, ਹੋਰ ਕੌਣ ਹੋਸੀ ਮਦਦਗਾਰ ਮੇਰਾ
ਜੇਕਰ ਤਖ਼ਤ ਤੇ ਤਾਜ ਦਾ ਬਣਾਂ ਵਾਲੀ, ਫੇਰ ਲੱਥਦਾ ਏ ਦਿਲੋਂ ਭਾਰ ਮੇਰਾ
'ਤੀਰ' ਅੱਜ 'ਮਲਾਹ ਹੈ' ਯਾਰ ਤੇਰਾ, ਉਹਨੂੰ ਆਖ 'ਬੇੜਾ ਕਰੇ' ਪਾਰ ਮੇਰਾ

### ਭਾਈ ਨੰਦ ਲਾਲ ਜੀ ਦੀ ਮਿੱਤਰ-ਨਿਵਾਜ਼ੀ

ਨੰਦ ਲਾਲ ਜੀ ਨੇ ਕਿਹਾ 'ਗੱਲ ਦੱਸੋ, ਕਿਵੇਂ ਆਪ ਦਾ ਕੰਮ ਹੈ ਸਰ ਸਕਦਾ
ਮੇਰੇ ਮਰਨ ਤੇ ਆਪ ਜੇ ਸਫਲ ਹੋਵੋ, ਮੈਂ ਹਾਂ ਆਪਦੇ ਵਾਸਤੇ ਮਰ ਸਕਦਾ
ਬੇੜੀ ਆਪ ਦੀ ਹੋਏ ਜੇ ਪਾਰ ਏਦਾਂ, ਤੇਗ਼ ਧਾਰ ਉੱਤੇ ਮੈਂ ਹਾਂ ਤਰ ਸਕਦਾ
'ਤੀਰ' ਕਦੇ ਵੀ ਫ਼ਰਕ ਨਾ ਮੂਲ ਕਰਸਾਂ, ਜੋ ਹਾਂ ਆਪਦੇ ਵਾਸਤੇ ਕਰ ਸਕਦਾ'

### ਸ਼ਾਹਜ਼ਾਦੇ ਨੇ ਆਖਿਆ

ਬੀਬੇ ਮੀਰ ਮੁਨਸ਼ੀ! ਦਿਲੋਂ ਜਾਣਦਾ ਹਾਂ, ਮੇਰੇ ਪਿਤਾ ਵਿਰੋਧ ਖਿਲਾਰਿਆ ਹੈ
ਜੰਗ ਨਾਲ ਦਸਮੇਸ਼ ਦੇ ਵਿੱਢਿਆ ਹੈ, ਵੈਰ ਨਾਲ ਨਿਰਵੈਰ ਦੇ ਧਾਰਿਆ ਹੈ
ਇਹ ਵੀ ਪਤਾ ਮੈਨੂੰ, ਸਾਡੇ ਹਾਕਮਾਂ ਨੇ, ਨਨ੍ਹੇ ਬੱਚਿਆਂ ਨੂੰ ਕੋਹ-ਕੋਹ ਮਾਰਿਆ ਹੈ
ਇਹ ਵੀ ਜਾਣਦਾ ਹਾਂ ਲੰਮਾ ਜੰਗ ਕਰਕੇ, ਦਿਲੋਂ ਮੂਲ ਦਸਮੇਸ਼ ਨਾ ਹਾਰਿਆ ਹੈ
ਐਪਰ ਇਹ ਵੀ ਠੀਕ ਹੈ ਪਤਾ ਮੈਨੂੰ, ਉਹਨੇ ਆਜਜ਼ਾਂ ਤਾਈਂ ਪਿਆਰਿਆ ਹੈ
ਉਹਨੇ ਕਦੀ ਵੀ ਨਹੀਂ ਇਨਕਾਰ ਕੀਤਾ, ਲੋੜਵੰਦ ਨੇ ਜਦੋਂ ਵੰਗਾਰਿਆ ਹੈ
ਵੈਰ-ਭਾਵ ਨਹੀਂ ਓਸ ਦੇ ਦਿਲ ਅੰਦਰ, ਉਹਨੇ ਆਪਣੇ ਸੁੱਖਾਂ ਨੂੰ ਵਾਰਿਆ ਹੈ
'ਤੀਰ' ਉਹਨੂੰ ਬਣਾ ਮਲਾਹ ਮੇਰਾ, ਜਿਹਨੇ ਜੱਗ ਨੂੰ ਪਾਰ ਉਤਾਰਿਆ ਹੈ

### ਫਿਰ ਕਹਿੰਦਾ ਹੈ

ਨਾਲੇ ਪਤਾ ਹੈ ਤੈਨੂੰ ਵੀ ਮੀਰ ਮੁਨਸ਼ੀ! ਜਦੋਂ ਮੈਂ ਪੰਜਾਬ ਵੱਲ ਧਾ ਗਿਆ ਸਾਂ
ਹੈਸੀ ਰਾਜ ਦੇ ਟਕੇ ਵਸੂਲ ਕਰਨੇ, ਤੇਰੇ ਕੋਲ ਮੈਂ ਚੱਲ ਕੇ ਆ ਗਿਆ ਸਾਂ
ਤੇਰੀ ਰਾਹੀਂ ਮਹਾਰਾਜ ਨੂੰ ਰੱਖ ਨਿਸ਼ਚਾ, ਜਾਂਦਾ ਆਪਣਾ ਸੀਸ ਝੁਕਾ ਗਿਆ ਸਾਂ
'ਤੀਰ' ਤਖ਼ਤ ਤੇ ਤਾਜ ਦਾ ਵੱਰ ਲੈ ਕੇ, ਸਾਂਝ ਨਾਲ ਦਸਮੇਸ਼ ਦੇ ਪਾ ਗਿਆ ਸਾਂ

### ਫੇਰ

ਵੇਲਾ ਅੱਜ ਹੈ ਵੇਖ ਲੈ ਮੀਰ ਮੁਨਸ਼ੀ! ਤੇਰੇ ਵਾਸਤੇ ਹੱਥ ਵਧਾਵਣੇ ਦਾ
ਮਹਾਰਾਜ ਨੂੰ ਮੇਰਾ ਬਣਾਵਣੇ ਦਾ, ਮੈਨੂੰ ਤਾਜ ਤੇ ਤਖ਼ਤ ਦਿਵਾਵਣੇ ਦਾ

ਦਿੱਤੇ ਵੱਰ ਤੇ ਫੁੱਲ ਚੜ੍ਹਾਵਣੇ ਦਾ, ਮੇਰੇ ਉੱਤੇ ਐਹਸਾਨ ਚੜ੍ਹਾਵਨੇ ਦਾ
'ਤੀਰ' ਜਿਨ੍ਹਾਂ ਵਧੀਕੀਆਂ ਕੀਤੀਆਂ ਨੇ, ਨਾਲੇ ਉਨ੍ਹਾਂ ਨੂੰ ਫੱਲ ਚਖਾਵਣੇ ਦਾ

### ਭਾਈ ਨੰਦ ਲਾਲ ਜੀ ਦਸਮੇਸ਼ ਜੀ ਦੀ ਹਜ਼ੂਰੀ ਵਿਚ

ਤਰਸ ਖਾ ਮੁਅੱਜ਼ਮ ਦੇ ਹਾਲ ਉੱਤੇ, ਦਿੱਤਾ ਉਸਨੂੰ ਖ਼ੂਬ ਧਰਵਾਸ ਵੇਖੋ
ਨੰਦ ਲਾਲ ਜੀ ਫੇਰ ਬਘੌਰ ਪੁੱਜੇ, ਚੋਜੀ ਪਿਤਾ ਦਸਮੇਸ਼ ਦੇ ਪਾਸ ਵੇਖੋ
ਨੈਣ ਭਰੇ ਹੋਏ, ਪੱਲਾ ਗੱਲ ਪਾਇਆ, ਪਈ ਚਿਹਰਿਓਂ ਟਪਕਦੀ ਆਸ ਵੇਖੋ
'ਤੀਰ' ਨਿਉਂ ਕੇ ਸ੍ਰੀ ਦਸਮੇਸ਼ ਅੱਗੇ, ਕੀਤੀ ਇਸ ਤਰ੍ਹਾਂ ਆਣ ਅਰਦਾਸ ਵੇਖੋ

### ਭਾਈ ਨੰਦ ਲਾਲ ਜੀ ਦੀ ਅਰਦਾਸ

ਸੱਚੇ ਪਾਤਸ਼ਾਹ ਆਪ ਦਾ ਇਹ ਗੋਲਾ, ਸ਼ਰਨ ਆਪਦੀ ਚੱਲ ਕੇ ਆਇਆ ਏ
ਇਹਨੂੰ ਅੱਜ ਮੁਅੱਜ਼ਮ ਨੇ ਘੱਲਿਆ ਏ, ਅੱਜ ਕੱਲ੍ਹ ਉਹ ਬੜਾ ਘਬਰਾਇਆ ਏ
ਉਹਦਾ ਹੱਕ ਹੈਸੀ ਤਖ਼ਤ ਤਾਜ ਉੱਤੇ, ਐਪਰ ਹੇਠਲੇ ਵੀਰ ਦਬਾਇਆ ਏ
'ਤੀਰ' ਆਪਣੇ ਬਚਨ ਨੂੰ ਆਪ ਪਾਲੋ, ਉਹਨੇ ਬਚਨ ਦਾ ਵਾਸਤਾ ਪਾਇਆ ਏ

### ਭਾਈ ਨੰਦ ਲਾਲ ਦੀ ਹੋਰ ਬੇਨਤੀ

ਉਹ ਫ਼ਕੀਰ-ਦੋਸਤ ਸਾਫ਼ ਦਿਲ ਵਾਲਾ, ਨਾਲ ਆਪਦੇ ਦਿਲੀ ਪਿਆਰ ਉਸਦਾ
ਦਾਤਾ! ਏਸ ਵੇਲੇ 'ਸ਼ਾਹੀ ਜੰਗ' ਅੰਦਰ, ਕੋਈ ਨਹੀਂ ਬਣਦਾ ਮਦਦਗਾਰ ਉਸਦਾ
ਆ ਜਾ ਕੇ, ਇੱਕ ਗਰੀਬ ਆਜਜ਼, ਦਾਤਾ! ਮੈਂ ਹੀ ਸਾਂ ਮਿੱਤਰ-ਯਾਰ ਉਸਦਾ
'ਤੀਰ' 'ਆਪ ਦਾ ਮੈਂ' ਤੇ 'ਉਹ ਮੇਰਾ', ਏਸ ਲਈ ਕਰਿਓ ਬੇੜਾ ਪਾਰ ਉਸਦਾ

### ਬੇਨਤੀ ਪਰਵਾਨ ਹੋ ਗਈ (ਵਲੋਂ ਕਵੀ)

ਨੰਦ ਲਾਲ ਜੀ ਇਸਤਰ੍ਹਾਂ ਜਦੋਂ ਰੋਏ, ਦਿਲੀ-ਯਾਰ ਦਾ ਹਾਲ ਬਿਆਨ ਕਰਕੇ
ਜਦੋਂ ਦੂਰ-ਅੰਦੇਸ਼ ਦਸਮੇਸ਼ ਜੀ ਨੇ, ਡਿਠਾ ਆਪਣਾ ਫਰਜ਼ ਧਿਆਨ ਕਰਕੇ
ਓਸੇ ਸਮੇਂ ਪ੍ਰਵਾਨਗੀ ਦੇ ਦਿੱਤੀ, ਮਦਦ ਕਰਨ ਦੀ ਮਿਹਰ ਮਹਾਨ ਕਰਕੇ
'ਤੀਰ' ਉਸੇ ਵੇਲੇ ਟੁਰੇ ਵੱਲ ਦਿਲੀ, ਨੰਦ ਲਾਲ ਦੀ ਅਰਜ਼ ਪਰਵਾਨ ਕਰਕੇ

### ਵੱਲੋਂ ਕਵੀ

ਜਾਣੀਜਾਣ ਦਸਮੇਸ਼ ਜਾ ਮਿਲੇ ਉਹਨੂੰ, ਔਖੀ ਬਣੀ ਵੇਲੇ ਮਦਦਗਾਰ ਬਣਕੇ
ਦਿਲੋਂ ਪਾਲਿਆ ਪ੍ਰੇਮ ਨਿਮਾਣਿਆਂ ਦਾ, ਲੋੜਵੰਦ ਦੇ ਲਈ ਪਿਆਰ ਬਣਕੇ
ਉਹਨੇ ਸਿਰ ਮੱਥੇ ਉੱਤੇ ਰੱਖ ਲੀਤਾ, ਜਾਣੀਜਾਣ ਨੂੰ ਮਾਣ ਸਤਕਾਰ ਬਣਕੇ
'ਤੀਰ' ਆਪਣੇ ਬਿਰਦ ਨੂੰ ਪਾਲਿਆ ਏ, ਗੁਰਾਂ ਦੁਖੀ ਗ਼ਰੀਬ ਦਾ ਯਾਰ ਬਣਕੇ

### ਮਹਾਰਾਜ ਦੇ ਹੁਕਮਨਾਮੇ ਖ਼ਾਲਸੇ ਪ੍ਰਤੀ

ਹੁਕਮ ਸਤਿਗੁਰਾਂ ਚਾੜ੍ਹਿਆ ਖ਼ਾਲਸੇ ਨੂੰ, ਭੁੱਖਾ ਖ਼ਾਲਸਾ ਨਾ ਤਖ਼ਤ ਤਾਜ ਦਾ ਏ
ਨਹੀਂ ਲਛਮੀ ਦੀ ਕੋਈ ਚਾਹ ਇਸਨੂੰ, ਆਸਵੰਦ ਦਾ ਜੱਗ ਦੇ ਰਾਜ ਦਾ ਏ
ਮੇਰਾ ਖ਼ਾਲਸਾ ਓਟ ਹੈ ਲਿੱਸਿਆਂ ਦੀ, ਸਾਥੀ ਸਦਾ ਗ਼ਰੀਬ ਮੁਥਾਜ ਦਾ ਏ
'ਤੀਰ' ਜਿੱਸ ਨੂੰ ਕੋਈ ਨਾ ਥਾਂ ਦੇਵੇ, ਉਹਨੂੰ ਖ਼ਾਲਸਾ ਸਦਾ ਨਿਵਾਜਦਾ ਏ

### ਏਸ ਲਈ

ਏਸੇ ਲਈ ਮੁਅੱਜ਼ਮ ਦੀ ਬਾਂਹ ਫੜਨੀ, ਲਿਆ ਅਸਾਂ ਤੋਂ ਇਹ ਇਕਰਾਰ ਇਸਨੇ
ਏਸੇ ਲਈ ਸਹਾਇਤਾ ਕਰੋ ਇਸਦੀ, ਮੰਨੀ ਹੱਕ ਇਨਸਾਫ਼ ਦੀ ਕਾਰ ਇਸਨੇ
ਜਿੱਤ ਕਰੋ ਇਸ ਦੀ ਕਰੇ ਦੇਸ਼ ਸੁੱਖੀਆ, ਦੱਸੀ ਆਪਣੀ ਦਿਲੀ ਵਿਚਾਰ ਇਸਨੇ
'ਤੀਰ' ਦੋਖੀਆਂ ਨੂੰ ਦੰਡ ਦੇਣ ਦੀ ਵੀ, ਕਹਿੰਦੇ ਲਈ ਹੈ ਧਾਰਨਾ ਧਾਰ ਇਸਨੇ

### *ਮੁਅੱਜ਼ਮ ਦੀ ਫਤਹਿ ਹੋ ਗਈ (ਵੱਲੋਂ ਕਵੀ)

ਭਾਵੇਂ ਕਈ ਹੋਏ ਭਾਰੇ ਘਲੂ ਘਾਰੇ, ਥਾਉਂ ਥਾਂ ਮੁਕਾਬਲਾ ਸਖ਼ਤ ਹੋਇਆ
ਐਪਰ ਖ਼ਾਲਸੇ ਖ਼ੂਬ ਇਮਦਾਦ ਕੀਤੀ, ਜਗ੍ਹਾ ਜਗ੍ਹਾ ਘਮਸਾਣ ਯਕਲੱਖ਼ਤ ਹੋਇਆ
ਰਾਜ ਚਾਂਹਵਦੇ ਨੂੰ ਰਾਜ ਹੱਥ ਆਇਆ, ਤਖ਼ਤ ਮਾਣਦੇ ਵਾਸਤੇ ਵਖ਼ਤ ਹੋਇਆ
'ਤੀਰ' ਦਿਨਾਂ ਅੰਦਰ ਫ਼ਤਹਿ ਹੱਥ ਆਈ, ਤਾਬੇਕੁਲ ਮੁਅੱਜ਼ਮ ਦੇ ਤਖ਼ਤ ਹੋਇਆ

### ਸ਼ਾਹਜ਼ਾਦੇ ਤੋਂ ਪਾਤਸ਼ਾਹ (ਵੱਲੋਂ ਕਵੀ)

ਬਦਲ ਲਿਆ ਮੁਅੱਜ਼ਮੋਂ ਨਾਮ ਉਸਨੇ, ਤਖ਼ਤ ਬੈਠਦੇ ਹੀ ਬ੍ਹਾਦਰ ਸ਼ਾਹ ਹੋਇਆ
ਕਲਗੀਧਰ ਦਾ ਸ਼ੁਕਰ-ਗੁਜ਼ਾਰ ਹੋਇਆ, ਆਖੇ ਆਪਦਾ ਬਿਰਦ, ਮਲਾਹ ਹੋਇਆ
ਦਯਾ ਸਿੰਘ ਜੀ ਦੇ ਹੱਥੀਂ ਆਖ ਘਲਿਆ, ਦਿਲੋਂ ਦੀਦ ਦੇ ਲਈ ਉਮਾਹ ਹੋਇਆ
'ਤੀਰ' ਫ਼ਤਹਿ ਉਪਰੰਤ ਅਖ਼ੀਰ ਏਦਾਂ, ਦੋਹਾਂ ਧਿਰਾਂ ਦੇ ਮੇਲ ਦਾ ਰਾਹ ਹੋਇਆ

### ਆਗਰੇ ਵਿਚ ਮੇਲ (ਵੱਲੋਂ ਕਵੀ)

ਜਾਣੀਜਾਣ ਆ ਆਗਰੇ ਵਿਚ ਪੁੱਜੇ, ਵੱਧ ਚੜ੍ਹ ਮੁਅੱਜ਼ਮ ਨੇ ਮਾਨ ਕੀਤਾ
ਰੱਬ ਬਹੁੜਿਆ ਜਾਣਿਆ ਬਣੀ ਵੇਲੇ, ਜਿਹਨੇ ਆਣ ਕੇ ਇਹਨੂੰ ਸੁਲਤਾਨ ਕੀਤਾ
ਆਓ-ਭਗਤ ਮਹਾਰਾਜ ਦੀ ਰੱਜ ਕੀਤੀ, ਧੰਨ ਆਪ ਤੋਂ ਖ਼ੂਬ ਕੁਰਬਾਨ ਕੀਤਾ
'ਤੀਰ' ਕਿਉਂਕਿ ਡਿੱਗਦਾ ਵੇਖ ਆਜਜ਼, ਮੋਢਾ ਡਾਹੁਣ ਗੁਰਾਂ ਪਰਵਾਨ ਕੀਤਾ

---

* ਇਹੋ ਮੁਅੱਜ਼ਮ ਹੀ ਤਖ਼ਤ 'ਤੇ ਬੈਠ ਕੇ ਬਹਾਦਰ ਸ਼ਾਹ ਦੇ ਨਾਮ 'ਤੇ ਬਾਦਸ਼ਾਹ ਬਣਿਆ।

## ਚੋਖੇ ਚਿਰ ਦਾ ਮੇਲ (ਵੱਲੋਂ ਕਵੀ)

ਚੋਖਾ ਚਿਰ ਇਹ ਮੇਲ ਮਿਲਾਪ ਰਿਹਾ, ਚੋਜੀ ਪਾਤਸ਼ਾਹ ਚੋਜ ਵਰਤਾਂਵਦੇ ਰਹੇ
ਨਵੇਂ ਪਾਤਸ਼ਾਹ ਨੂੰ 'ਪਾਤਸ਼ਾਹ ਸੱਚੇ', ਰੋਜ਼ ਅਦਲ ਦੀ ਗੱਲ ਸਮਝਾਂਵਦੇ ਰਹੇ
ਉਹਨੂੰ ਰਾਹ ਨਿਆਂ ਦਾ ਦੱਸਦੇ ਰਹੇ, ਠੀਕ ਰਾਹ ਤੇ ਓਸਨੂੰ ਪਾਂਵਦੇ ਰਹੇ
ਨਾਲੇ 'ਤੀਰ' ਜੀ ਫਰਜ਼ ਨਿਭਾਂਵਦੇ ਰਹੇ, ਨਾਲੇ ਗੀਤ ਗੋਬਿੰਦ ਦੇ ਗਾਂਵਦੇ ਰਹੇ

## ਆਸ ਪੂਰੀ ਨਾ ਹੋਈ (ਵੱਲੋਂ ਕਵੀ)

ਮਹਾਰਾਜ ਨੂੰ ਆਸ ਸੀ ਰਾਜ ਲੈਕੇ, *ਨਵਾਂ ਪਾਤਸ਼ਾਹ ਅਦਲ ਦੀ ਕਾਰ ਕਰਸੀ
ਹਰ ਕੌਮ ਦਾ ਧਰਮ ਅਜ਼ਾਦ ਹੋਸੀ, ਐਸਾ ਆਪਣਾ ਸਾਫ਼ ਵਿਹਾਰ ਕਰਸੀ
ਸਰ-ਸਬਜ਼ ਹੋਊ ਹਿੰਦੋਸਤਾਨ ਸਾਰਾ, ਵਿਚ ਖ਼ੁਸ਼ੀ ਦੇ ਜੱਗ ਬਹਾਰ ਕਰਸੀ
ਸਿੱਖਾਂ ਹਿੰਦੂਆਂ ਮੋਮਨਾਂ ਸਾਰਿਆਂ ਨੂੰ, ਬੰਦੇ ਰੱਬ ਦੇ ਜਾਣ ਪਿਆਰ ਕਰਸੀ
ਕੋਈ ਕਿਸੇ ਨੂੰ ਮੂਲ ਨਾ ਤੰਗ ਕਰਸੀ, ਕੋਈ ਕਿਸੇ ਤੇ ਮੂਲ ਨਾ ਵਾਰ ਕਰਸੀ
ਪੱਤ ਆਬਰੂ ਬਚੇਗੀ ਸਾਰਿਆਂ ਦੀ, ਕੋਈ ਕੂਕ ਨਾ ਦੁਖੀ ਦੁਖਿਆਰ ਕਰਸੀ
ਦੁਖੀ ਕੋਈ ਨਾ ਕੀਤੇ ਪੁਕਾਰ ਕਰਸੀ, ਕੋਈ ਮੂਲ ਨਾ ਅੱਤਿਆਚਾਰ ਕਰਸੀ
ਸੁਖੀ ਹੋਇਗਾ ਇਸਤਰ੍ਹਾਂ ਦੇਸ਼ ਸਾਰਾ, ਆਪੋ ਵਿੱਚ ਨਾ ਕੋਈ ਵੀ ਖ਼ਾਰ ਕਰਸੀ
ਇਹ ਵੀ ਆਸ ਸੀ ਜ਼ਾਲਮਾਂ ਹਾਕਮਾਂ ਦਾ, ਨਵਾਂ ਪਾਤਸ਼ਾਹ ਆਪ ਸੁਧਾਰ ਕਰਸੀ
ਐਪਰ 'ਤੀਰ' ਜੀ ਕੌਣ ਇਹ ਜਾਣਦਾ ਸੀ, ਪੂਰਾ ਮੂਲ ਨਾ ਸ਼ਾਹ ਇਕਰਾਰ ਕਰਸੀ

## ਬਹਾਦਰ ਸ਼ਾਹ ਇਨਸਾਫ ਕਰਨ ਦਾ ਕੌਲ ਨਾ ਨਿਭਾ ਸਕਿਆ (ਵੱਲੋਂ ਕਵੀ)

ਯਾਰਾਂ ਮਾਂਹ ਤਾਂ ਪਈ ਇਹ ਗੱਲ ਘੀਂਗੇ, ਪਾਤਸ਼ਾਹ ਨਾ ਕੌਲ ਨਿਭਾ ਸਕਿਆ
ਜਿਹੜੇ ਰਾਹ ਦਸਮੇਸ਼ ਲਿਆਂਵਦੇ ਸੀ, ਓਸ ਰਾਹ ਤੇ ਮੂਲ ਨਾ ਆ ਸਕਿਆ
ਅਦਲ ਕਰਨ ਦੀ ਪਈ ਸੀ ਜੋ ਗੁੰਝਲ, ਦਾਨਾ ਹੋ ਨਾ ਉਹਨੂੰ ਸੁਲਝਾ ਸਕਿਆ
ਚਲੀ ਆਂਵਦੀ ਸੀ ਜਿਹੜੀ ਪਿਤਾ ਪੁਰਖੀ, ਉਹਨੂੰ ਛੱਡ ਨਾ ਰਾਹ ਬਣਾ ਸਕਿਆ
'ਨਹੀਂ **ਕਾਫ਼ਰਾਂ ਨਾਲ ਰਿਐਤ ਕਰਨੀ', ਕੁਲਾਰੀਤ ਨਾ ਮੂਲ ਭੁਲਾ ਸਕਿਆ
ਸਾਂਝੀਵਾਲਤਾ ਵੱਲ ਨਾ ਆ ਸਕਿਆ, ਉਲਟ ਏਧਰੋਂ ਨਾ ਉਧਰ ਜਾ ਸਕਿਆ
ਨਾ ਹੀ ਬਦਲੇ ਈਰਖੀ ਓਸ ਕਾਜ਼ੀ, ਨਾ ਹੀ ਸਾਂਝੇ ਕਾਨੂੰਨ ਚਲਾ ਸਕਿਆ
ਨਾ ਹੀ ਸੋਧਿਆ ਓਸਨੇ ਜ਼ਾਲਮਾਂ ਨੂੰ, ਨਾ ਹੀ ਨੌਕਰੀ ਉਤੋਂ ਹਟਾ ਸਕਿਆ
ਪੈਰ ਤਖ਼ਤ ਉਤੇ ਭੀ ਜਮਾ ਲੀਤੇ, ਪਰ ਨਾ ਇਧਰ ਵਿਸ਼ਵਾਸ ਜਮਾ ਸਕਿਆ

---

* ਸ਼ਾਹ ਜਾਂ ਮੁਅਜ਼ਮ ਅਰਥਾਤ ਬਹਾਦਰ ਸ਼ਾਹ

* ਕੁਰਾਨ ਸ਼ਰੀਫ ਦੀ ਕਲਾਮ ਅਨੁਸਾਰ ਭਾਵੇਂ ਕਾਫਰ ਰੱਬ ਨੂੰ ਨਾ ਮੰਨਣ ਵਾਲੇ ਨੂੰ ਆਖਦੇ ਹਨ ਪਰ ਮੁਸਲਮਾਨਾਂ ਤੋਂ ਬਿਨਾਂ ਕਾਜ਼ੀਆਂ ਨੇ ਸਭ ਨੂੰ ਕਾਫਰ ਕਰਾਰ ਦੇ ਦਿੱਤਾ।

ਪਾਤਸ਼ਾਹ ਹੁੰਦਾ ਸਾਂਝੀਆਂ ਰਈਅਤਾਂ ਦਾ, ਇਹੋ ਜਿਹਾ ਨਾ ਉਹ ਸਦਵਾ ਸਕਿਆ
ਪਾਤਸ਼ਾਹ ਹੁੰਦਾ ਸੇਵਕ ਸਾਰਿਆਂ ਦਾ, ਐਪਰ ਪੱਖ ਨਾ ਉਹ ਮਿਟਾ ਸਕਿਆ
ਪਾਤਸ਼ਾਹ ਹੁੰਦਾ ਦਰਦੀ ਦਿਲੋਂ ਸਾਂਝਾ, ਪਰ ਨਾ ਸਭ ਦਾ ਦਰਦ ਵੰਡਾ ਸਕਿਆ
ਪਾਤਸ਼ਾਹ ਹੁੰਦਾ ਲੋਕਾਂ ਲਈ ਚਾਨਣ, ਪਰ ਨਾ ਉਹ ਅਨ੍ਹੇਰ ਗਵਾ ਸਕਿਆ
'ਤੀਰ' ਵਟਿਆ ਅੰਤ ਨੂੰ ਰੰਗ ਉਸਦਾ, ਜਾਣੀਜਾਣ ਨੂੰ ਨਹੀਂ ਜੋ ਭਾ ਸਕਿਆ

### ਵੱਲੋਂ ਕਵੀ

ਅਲੋਕਾਰ ਨਾ ਹੈ ਇਹ ਗੱਲ ਕੋਈ, ਬਦਲ ਜਾਂਦੀਆਂ ਨੇ ਝਟਾ ਪੱਟ ਅੱਖਾਂ
ਜਦੋਂ ਆਦਮੀ ਦੀ ਗਰਜ਼ ਹੋ ਜਾਵੇ, ਝੱਟ ਜਾਂਦੀਆਂ ਉਹਦੀਆਂ ਫੱਟ ਅੱਖਾਂ
ਤਾਰ ਦਿਲ ਨੂੰ ਪਹਿਲੇ ਹੀ ਖੜਕ ਜਾਂਦੀ, ਜਦੋਂ ਮਾਰਨਾ ਚਾਂਹਦੀਆਂ ਸੱਟ ਅੱਖਾਂ
ਦਰਦ ਨਹੀਂ ਰਹਿੰਦਾ ਮਿਹਰ ਲੱਭਦੀ ਨਾ, ਰੰਗ ਲੈਂਦੀਆਂ ਜਿਹੇ ਪਲਟ ਅੱਖਾਂ
ਬੰਦੇ ਗਰਜ਼ ਦੇ ਗਰਜ਼ ਦੇ ਪੁੱਗਦੇ ਈ, ਹੈਣ ਫੇਰ ਮਿਲਾਂਵਦੇ ਘੱਟ ਅੱਖਾਂ
ਜਿਥੇ ਔਖ ਜਾਪੇ ਇਕੇ ਸ਼ਰਮ ਆਵੇ, ਉੱਧਰ ਵੇਖਣੋਂ ਜਾਂਦੀਆਂ ਹੱਟ ਅੱਖਾਂ
ਪਲੋ ਪਲੀ ਅੰਦਰ ਨਵੇਂ ਨਾਚ ਨੱਚਣ, ਬਾਜ਼ੀ ਪਾਂਦੀਆਂ ਨੇ ਵਾਂਗ ਨੱਟ ਅੱਖਾਂ
ਐਪਰ ਵੇਖਦੇ ਹੀ ਭੇਦ ਅੱਖੀਆਂ ਦਾ, ਤਾੜ ਜਾਂਦੀਆਂ ਨੇ ਵਿਚੋਂ ਝੱਟ ਅੱਖਾਂ
ਭੇਦ ਦਿਲ ਦੇ ਦਾਨਿਆਂ ਵਾਂਗ ਲੈ ਕੇ, ਲੈਣ ਅੱਖੀਆਂ ਵਿਚ ਹੀ ਛੱਟ ਅੱਖਾਂ
'ਤੀਰ' ਕੂੜ ਨਹੀਂ ਆਖਿਆ ਦਾਨਿਆਂ ਨੇ, ਗਰਜ਼ ਕੱਢ ਕੇ ਜਾਂਦੀਆਂ ਵੱਟ ਅੱਖਾਂ

### ਫੇਰ ਵੱਲੋਂ ਕਵੀ

ਅੱਖਾਂ ਵੱਟੀਆਂ ਵੇਖ ਸੁਲਤਾਨ ਦੀਆਂ, ਜਾਣੀ-ਜਾਣ ਆਖ਼ਰ ਬੇ-ਕਰਾਰ ਹੋਏ
ਉਹਦਾ *ਸਾਥ ਨਦੇੜ ਤੋਂ ਛੱਡ ਦਿੱਤਾ, ਹੋਰ ਕਰਨ ਲਈ ਚੋਜ ਤਿਆਰ ਹੋਏ
ਸੈਆਂ ਬਣੇ ਆ ਕੇ ਸਿਦਕਵਾਨ ਪ੍ਰੇਮੀ, ਸੈਆਂ ਪ੍ਰੇਮੀਆਂ ਦੇ ਬੇੜੇ ਪਾਰ ਹੋਏ
'ਤੀਰ' ਏਸ ਤੋਂ ਚੱਲ ਕੇ ਹੋਰ ਅੱਗੇ, ਕਈ ਕਈ ਕੌਤਕ ਅਲੋਕਾਰ ਹੋਏ

### ਸ੍ਰੀ ਦਸਮੇਸ਼ ਜੀ ਇਕ ਬੈਰਾਗੀ ਦੇ ਡੇਰੇ (ਵੱਲੋਂ ਕਵੀ)

ਕੰਢੇ ਨਦੀ ਦੇ ਅੱਤ ਰਮਣੀਕ ਸੁੰਦਰ, ਖ਼ੂਬ ਆਸ਼ਰਮ ਇਕ ਸੁਹਾਂਵਦਾ ਸੀ
ਸੀ ਸਥਾਨ ਇਹ ਸਾਧ ਬੈਰਾਗੀਆਂ ਦਾ, ਹਰ ਇੱਕ ਦੇ ਮਨ ਨੂੰ ਭਾਂਵਦਾ ਸੀ
ਗੁਰੂ ਏਸ ਥਾਂ ਦਾ ਮਾਧੋ ਦਾਸ ਹੈਸੀ, ਜਿਹੜਾ ਪਿਆ ਵੈਰਾਗ ਕਮਾਂਵਦਾ ਸੀ
ਸਾਈਂ ਇਹ ਸੀ ਰਿਧੀਆਂ ਸਿੱਧੀਆਂ ਦਾ, ਕਰਾਮਾਤ ਦਾ ਖੱਟਿਆ ਖਾਂਵਦਾ ਸੀ
ਬੜਾ ਮਸ਼ਖ਼ਰਾ ਸੀ ਆਏ ਗਏ ਉੱਤੇ, ਜਾਦੂ ਆਪਣਾ ਇਸਤਰ੍ਹਾਂ ਪਾਂਵਦਾ ਸੀ

---

* ਗੁਰੂ ਜੀ ਬਹਾਦਰ ਸ਼ਾਹ ਤੋਂ ਦੱਖਣ ਵਿਚ ਨਦੇੜ ਸ਼ਹਿਰ ਤੋਂ ਅੱਡ ਹੋਏ ਸਨ।

ਇੱਕ ਪਲੰਘ ਵਿਛਾ ਕੇ ਰੱਖਦਾ ਸੀ, ਆਏ ਓਸਤੇ ਆਣ ਬਿਠਾਂਵਦਾ ਸੀ
ਚਾਰ ਬੀਰ ਸਨ ਓਸ ਨੇ ਵੱਸ ਕੀਤੇ, ਫੇਰ ਚਵ੍ਹਾਂ ਨੂੰ ਹੁਕਮ ਸੁਣਾਂਵਦਾ ਸੀ
ਉਹ ਪਲੰਘ ਸੀ ਝੱਟ ਉਲੱਟ ਦੇਂਦੇ, ਉੱਤੇ ਬਹਿਣ ਵਾਲਾ ਉਲਟ ਜਾਂਵਦਾ ਸੀ
ਉਹ ਤੇ ਡਿੱਗਕੇ ਸੀ ਸ਼ਰਮਸਾਰ ਹੁੰਦਾ, ਮਾਧੋ ਦਾਸ ਪਰ ਖ਼ੁਸ਼ੀ ਮਨਾਂਵਦਾ ਸੀ
ਜਿਹੜਾ ਆਸ਼ਰਮ ਦੇ ਵਿੱਚ ਆ ਜਾਂਦਾ, ਠੱਠਾ ਓਸਦਾ ਖ਼ੂਬ ਉਡਾਂਵਦਾ ਸੀ
ਹੇਠੀ ਕਿਸੇ ਦੀ ਹੋਂਵਦੀ ਵੇਖਦੇ ਹੀ, ਹਾਸਾ ਬੜਾ ਹੰਕਾਰੀ ਨੂੰ ਆਂਵਦਾ ਸੀ
ਚੇਲੇ ਓਸ ਦੇ ਹੁਕਮ ਤੇ ਚੱਲਦੇ ਸੀ, ਏਸ ਤਰ੍ਹਾਂ ਉਹ ਰਾਜ ਕਮਾਂਵਦਾ ਸੀ
ਸੈਆਂ ਕੋਹਾਂ *ਹਿੰਸਾ ਕੋਲੋਂ ਨੱਠਦਾ ਸੀ, ਸਦਾ ਗੀਤ ਅਹਿੰਸਾ ਦੇ ਗਾਂਵਦਾ ਸੀ
'ਤੀਰ' ਸਾਧ ਸ਼ਿਰੋਮਣੀ ਬਣ ਉੱਥੇ, ਪਿਆ ਆਪਣਾ ਆਪ ਪੂਜਾਂਵਦਾ ਸੀ

### ਆਸ਼ਰਮ ਵਿਚ ਕੀ ਹੋਇਆ

ਜਾਣੀਜਾਣ ਦਸਮੇਸ਼ ਜੀ ਸਣੇ ਸਿੱਖਾਂ, ਇੱਥੇ ਚੋਜ ਵਰਤਾਣ ਲਈ ਆਏ ਵੇਖੋ
ਗਿਆ ਬਾਹਰ ਹੈਸੀ ਮਾਧੋਦਾਸ ਕਿਧਰੇ, ਜਾਣੀਜਾਣ ਜੀ ਵੇਖ ਹਰਖਾਏ ਵੇਖੋ
ਅੰਦਰ ਪੁੱਜ ਕੇ ਝੱਟ ਪਲੰਘ ਉੱਤੇ, ਸਤਿਨਾਮ ਕਹਿ ਕੇ ਆਸਨ ਲਾਏ ਵੇਖੋ
ਓਸ ਆਸ਼ਰਮ ਦੇ ਸੇਵਾਦਾਰ ਸਾਧੂ, ਰੰਗ ਵੇਖਦੇ ਸਾਰ ਘਬਰਾਏ ਵੇਖੋ
ਐਪਰ ਮੂੰਹ ਤੋਂ ਬੋਲ ਨਾ ਮੂਲ ਸੱਕੇ, ਕੁੱਝ ਕਿਸੇ ਦੀ ਪੇਸ਼ ਨਾ ਜਾਏ ਵੇਖੋ
ਏਨੇ ਵਿਚ ਹੀ ਸ੍ਰੀ ਦਸਮੇਸ਼ ਜੀ ਨੇ, ਏਦਾਂ ਉਹਨਾਂ ਨੂੰ ਬਚਨ ਫੁਰਮਾਏ ਵੇਖੋ
'ਸੱਚੇ ਸਾਧੂਓ ਆਈ ਏ ਸਾਧ ਸੰਗਤ, ਸਮੇਂ ਆਪ ਦੇ ਭਾਗ ਜਗਾਏ ਵੇਖੋ
ਏਸ ਤਾਈਂ ਛਕਾਓ ਪ੍ਰਸ਼ਾਦ ਪਾਣੀ, ਭੋਜਨ ਜਾਪਦੇ ਹੈਣ ਪਕਾਏ ਵੇਖੋ
ਸਾਧੂ ਤੁਸੀਂ ਵੀ ਇਹ ਵੀ ਸਾਧ ਪੂਰੇ, ਸਾਧ ਸਾਧ ਨੇ ਸਮੇਂ ਮਿਲਾਏ ਵੇਖੋ
'ਤੀਰ' ਸਾਧ ਪ੍ਰਾਹੁਣੇ ਸਾਧੂਆਂ ਦੇ, ਅੱਜ ਕੁਦਰਤੋਂ ਰੱਬ ਬਣਾਏ ਵੇਖੋ'

### ਬੈਰਾਗੀ ਸਾਧੂਆਂ ਨੇ ਆਖਿਆ

ਅੱਗੋਂ ਕਿਹਾ ਬੈਰਾਗੀਆਂ ਸਾਧੂਆਂ ਨੇ, ਅਸੀਂ ਨਹੀਂ ਇਹ ਕਰਮ ਕਮਾ ਸਕਦੇ
ਜਿੰਨਾ ਚਿਰ ਗੁਰੂ ਖਾਏ ਨਾਹੀਂ, ਹੋਰ ਕਿਸੇ ਨੂੰ ਨਹੀਂ ਖੁਆ ਸਕਦੇ
ਪਹਿਲੇ ਗੁਰੂ ਨੂੰ ਲੱਗਦਾ ਭੋਗ ਏਥੇ, ਅਸੀਂ ਨਹੀਂ ਰਵਾਜ ਵਟਾ ਸਕਦੇ
ਗਏ ਬਾਹਿਰ, ਨਾ ਔਣਗੇ ਜਦੋਂ ਤੋੜੀ, ਅਸੀਂ ਅੰਨ ਨਾ ਮੂਲ ਵਰਤਾ ਸਕਦੇ
ਪਹਿਲੇ ਭਗਤ ਤੇ ਖਾਏ ਭਗਵਾਨ ਪਿਛੋਂ, ਅਸੀਂ ਰੀਤ ਨਾ ਨਵੀਂ ਚਲਾ ਸਕਦੇ
'ਤੀਰ' ਨਿਰਾ ਇਨਕਾਰ ਨਹੀਂ ਆਪ ਵੱਲੋਂ, ਅਸੀਂ ਆਪ ਵੀ ਕੁੱਝ ਨਹੀਂ ਖਾ ਸਕਦੇ

* 'ਹਿੰਸਾ' ਜੀਵ ਮਾਰਨ ਨੂੰ ਆਖਦੇ ਹਨ। 'ਅਹਿੰਸਾ' ਜੀਵ ਨਾ ਮਾਰਨ ਨੂੰ।

## ਮਹਾਰਾਜ ਦਾ ਹੁਕਮ ਸਿੱਖਾਂ ਨੂੰ

ਏਨੀ ਸੁਣਦਿਆਂ ਕਿਹਾ ਦਸਮੇਸ਼ ਜੀ ਨੇ, ਸਿੱਖੋ ਸੋਧ ਲਓ ਆਪਣੀ ਕਾਰ ਆਪੇ
ਭੋਜਨ ਜਿਸਤਰ੍ਹਾਂ ਦਾ ਹੋ ਤਿਆਰ ਸੱਕੇ, ਰੱਲ ਮਿਲ ਕੇ ਕਰੋ ਤਿਆਰ ਆਪੇ
ਆਪੇ ਰਿੰਨ੍ਹ ਪਕਾ ਲਓ ਰੱਖ ਇੱਟਾਂ, ਲੰਗਰ ਆਪਣਾ ਲਵੋ ਸੁਵਾਰ ਆਪੇ
'ਤੀਰ' ਇਹ ਤਾਂ ਨਾਮ ਦੀ ਸੀ ਲੀਲ੍ਹਾ, ਹੈਸਨ ਚੋਜ ਕਰਦੇ ਕਰਨਹਾਰ ਆਪੇ

## ਸਿੱਖਾਂ ਕੀ ਕੀਤਾ

ਸਿੱਖਾਂ ਸੇਵਕਾਂ ਉੱਠ ਕੇ ਨਿਗ੍ਹਾ ਮਾਰੀ, ਇੱਕ ਬੱਕਰਾ ਵੇਖ ਕੇ ਫਾਹ ਲੀਤਾ
ਚੇਲੇ ਰਹੇ ਬੈਰਾਗੀ ਦੇ ਮਨ੍ਹਾ ਕਰਦੇ, ਸਿੰਘਾਂ ਵੱਢਕੇ ਓਸ ਨੂੰ ਸਾਹ ਲੀਤਾ
ਨਾਲ ਤੇਗ਼ ਦੇ ਝਟਕਿਆ ਪਲ ਅੰਦਰ, ਇੱਕੋ ਵਾਰ ਅੰਦਰ ਸਿਰ ਲਾਹ ਲੀਤਾ
ਵੱਗੀ ਰੱਤ-ਧਾਰਾ ਵੇਖ ਚੇਲਿਆਂ ਨੇ, ਬੱਕ ਮੂੰਹ ਤੋਂ ਵਾਹ ਤਬਾਹ ਲੀਤਾ
ਰੱਤੋ ਰੱਤ ਹੋਇਆ ਵੇਖ ਆਸ਼ਰਮ ਨੂੰ, ਰੱਤੋ ਰੱਤ ਹੋ ਉਨ੍ਹਾਂ ਨੇ ਰਾਹ ਲੀਤਾ
ਮਾਧੋਦਾਸ ਨੂੰ 'ਤੀਰ' ਜਾ ਦੱਸਿਓ ਨੇ, ਪੱਲੇ ਗੱਲ ਅਤੇ ਮੂੰਹੀਂ ਘਾਹ ਲੀਤਾ

## ਬੈਰਾਗੀਆਂ ਨੇ ਮਾਧੋ ਦਾਸ ਨੂੰ ਦੱਸਿਆ

ਮਹਾਰਾਜ! ਅਨੱਰਥ ਹੋ ਗਿਆ ਭਾਰਾ, ਕੀਤਾ ਸਾਰਿਆਂ ਤਾਈਂ ਹੈਰਾਨ ਉਸਨੇ
ਆਇਆ ਇਕ ਕੋਈ ਬੜਾ ਤੇਜ-ਧਾਰੀ, ਹੱਥ ਲਿਆ ਹੈ ਤੀਰ ਕਮਾਨ ਉਸਨੇ
ਚੁੱਪ ਚਾਪ ਪਲੰਘ ਤੇ ਆਣ ਬੈਠਾ, ਵੇਖੀ ਆਪ ਦੀ ਮੂਲ ਨਾ ਸ਼ਾਨ ਉਸਨੇ
ਉਹਦੇ ਨਾਲ ਦੇ ਵੀ ਹੈਣ ਤੇਗ਼-ਧਾਰੀ, ਪਾਈ ਗਾਤਰੇ ਆਪ ਕ੍ਰਿਪਾਨ ਉਸਨੇ
ਹੈ ਜੇ ਗੁਰੂ ਸਦਾਂਵਦਾ ਸੱਚ ਜਾਣੋਂ, ਚੇਲੇ ਖ਼ੂਬ ਰੱਖੇ ਆਕੜਖਾਨ ਉਸਨੇ
ਆਖੇ ਸਾਧ ਸੰਗਤ ਓਸ ਜੁੰਡਲੀ ਨੂੰ, ਸਾਡੀ ਬੜੀ ਕਲਪਾਈ ਜੇ ਜਾਨ ਉਸਨੇ
ਭੋਜਨ ਮੰਗਿਆ ਸਾਥੀਆਂ ਲਈ ਪਹਿਲੇ, ਬੋਲੀ ਬੜੀ ਹੀ ਮਿੱਠੀ ਜ਼ਬਾਨ ਉਸਨੇ
ਜਦੋਂ ਦੇਣ ਤੋਂ ਅਸਾਂ ਇਨਕਾਰ ਕੀਤਾ, ਕੀਤਾ ਗੁਰੂ ਜੀ ਪਾਪ ਮਹਾਨ ਉਸਨੇ
ਮਾਰ ਸੁੱਟਿਆ ਬੱਕਰਾ *ਆਸ਼ਰਮ ਦਾ, ਕੀਤਾ, ਆਸ਼ਰਮ ਲਹੂ ਲੁਹਾਨ ਉਸਨੇ
ਸਿੱਖਾਂ ਓਹਦਿਆਂ ਇਹ ਅਨੱਰਥ ਕੀਤਾ, ਵਾਹੀ ਆਪ ਨਾ ਤੇਗ਼ ਭਗਵਾਨ ਉਸਨੇ
ਅਸੀਂ ਵੇਖਦੇ ਸਾਰ ਹੀ ਦੌੜ ਆਏ, ਕੀਤਾ ਕਹਿਰ ਦਾ ਜਦੋਂ ਸਾਮਾਨ ਉਸਨੇ
ਰਿੰਨ੍ਹ ਰਿਹਾ ਜੇ ਡੱਕਰੇ ਬੱਕਰੇ ਦੇ, ਏਸ ਕੰਮ ਤੇ ਲਾਏ ਜਵਾਨ ਉਸਨੇ
ਸਾਡੇ ਧਰਮ ਨੂੰ ਓਸ ਭ੍ਰਿਸ਼ਟ ਕੀਤਾ, ਨਾਲ ਜ਼ੋਰ ਦੇ, ਰੜੇ ਮੈਦਾਨ ਉਸਨੇ
'ਤੀਰ' ਕਿਵੇਂ ਹੋਵੇ ਪ੍ਰਾਸਚਿਤ ਇਸਦਾ, ਨਹੀਂ ਵੇਖਿਆ ਧਰਮ-ਅਸਥਾਨ ਉਸਨੇ

* ਜਿਵੇਂ ਅੱਜ ਕਲ ਮਹਾਤਮਾ ਗਾਂਧੀ ਦੇ ਆਸ਼ਰਮ ਵਿੱਚ ਬੱਕਰੀ ਬੱਕਰੇ ਦਾ ਹੋਣਾ ਗ਼ੈਰ-ਕੁਦਰਤੀ ਨਹੀਂ ਸਾਧੋ ਦਾਸ ਦੇ ਆਸ਼ਰਮ ਵਿਚ ਵੀ ਬੱਕਰੀਆਂ ਬੱਕਰੇ ਦਾ ਹੋਣਾ ਗ਼ੈਰ-ਕੁਦਰਤੀ ਨਹੀਂ।

### ਬੈਰਾਗੀ ਮਾਧੋ ਦਾਸ ਨੂੰ ਸੁਣ ਕੇ ਅੱਗ ਲੱਗ ਗਈ

ਸੁਣਨ ਸਾਰ ਬੈਰਾਗੀ ਨੂੰ ਅੱਗ ਲੱਗੀ, ਮਾਰੇ ਰੋਹ ਦੇ ਭੱਖ ਅੰਗਾਰ ਹੋਇਆ
ਲੱਗਾ ਕਹਿਣ ਠਹਿਰੋ ਉਹਨੂੰ ਦੱਸਦਾ ਹਾਂ, ਕਿਹਦੇ ਨਾਲ ਹੈ ਉਦ੍ਹਾ ਤਕਰਾਰ ਹੋਇਆ
ਉਹਨੇ ਆਣ ਕੇ ਕੀ ਕਰਤੂਤ ਕੀਤੀ, ਕਿਹੜੀ ਗੱਲ ਦਾ ਉਹਨੂੰ ਹੰਕਾਰ ਹੋਇਆ
'ਤੀਰ' ਜੋਸ਼ ਅੰਦਰ ਗਿਆ ਚੜ੍ਹ ਪਾਰਾ, ਸਾਧ ਫੁੱਲ ਤੋਂ ਵੱਟਕੇ ਖ਼ਾਰ ਹੋਇਆ

### ਬੈਰਾਗੀ ਨੇ ਕੀ ਕੀਤਾ

ਏਨੀ ਆਖਕੇ ਮੀਟੀਆਂ ਝੱਟ ਅੱਖਾਂ, ਸੁਰਤ ਆਪਣੀ ਕਿਸੇ ਥਾਂ ਲਾਈ ਉਸਨੇ
ਬੁਲ੍ਹ ਫੁਰਕਦੇ ਸੀ, ਇਹੋ ਜਾਪਦਾ ਸੀ, ਬਾਣੀ ਕੋਈ ਵਿਅਰਥ ਹੈ ਗਾਈ ਉਸਨੇ
ਏਦਾਂ ਜਾਪਦਾ ਸੀ ਜਿਵੇਂ ਬੀਰ-ਸ਼ਕਤੀ, ਬੀਰ ਆਪਣੇ ਸੱਦ ਵਧਾਈ ਉਸਨੇ
ਫੇਰ ਲਾਲ ਚੇਹਰਾ ਉਹਦਾ ਦਿਸਦਾ ਸੀ, ਵਿੱਢੀ ਹੋਈ ਏ ਜਿਵੇਂ ਲੜਾਈ ਉਸਨੇ
ਫੇਰ ਜਾਪਦਾ ਸੀ ਫ਼ੌਜ ਸਿੱਧੀਆਂ ਦੀ, ਲੜਨ ਵਾਸਤੇ ਹੋਰ ਮੰਗਾਈ ਉਸਨੇ
ਐਪਰ ਹੱਫ ਗਿਆ ਸਾਰਾ ਜ਼ੋਰ ਲਾ ਕੇ, ਸਾਰੀ ਆਪਣੀ ਕਲਾ ਵਖਾਈ ਉਸਨੇ
'ਮੇਰੇ ਘਰ ਹੈ ਰੱਬ ਦਾ ਰੂਪ ਆਇਆ', ਏਨੀ ਮੂਲ ਨਾ ਸੋਚ ਦੁੜਾਈ ਉਸਨੇ
'ਤੀਰ' ਫੇਰਿਆ ਸਿਰ ਤੇ ਉੱਠ ਬੈਠਾ, ਡਿੱਠਾ ਜ਼ੋਰ ਨ ਚੱਲਦਾ ਰਾਈ ਉਸਨੇ

### ਵੱਲੋਂ ਕਵੀ

ਖ਼ੂਬ ਲਾ ਲਿਆ ਸਾਧ ਨੇ ਜ਼ੋਰ ਸਾਰਾ, ਕੋਈ ਪਰ ਨਾ ਜ਼ੋਰ ਵਿਖਾ ਸਕਿਆ
ਉਦ੍ਹੇ ਬੀਰ, ਤੇ ਉਦ੍ਹੀਆਂ ਸਿੱਧੀਆਂ ਚੋਂ, ਕੋਈ ਇੱਕ ਨਾ ਪਲੰਘ ਉਲਟਾ ਸਕਿਆ
ਜਾਣੀਜਾਣ ਦੀ ਇਹੋ ਰਜ਼ਾ ਹੈਸੀ, ਏਸ ਲਈ ਅੱਗੇ ਉਹ ਨਾ ਜਾ ਸਕਿਆ
'ਤੀਰ' ਨਾਮ ਮਾਤਰ ਐਵੇਂ ਇੱਕ ਪਾਵਾ, ਵਿਛੇ ਪਲੰਘ ਦਾ ਸਾਧ ਹਿਲਾ ਸਕਿਆ

### ਮਾਧੋ ਦਾਸ ਡੇਰੇ ਵਿਚ ਆਣ ਕੇ ਹੋਰ ਟੂਣੇ ਮੰਤਰ ਕਰਨ ਲੱਗਾ (ਵੱਲੋਂ ਕਵੀ

ਫੇਰ ਰੋਹ-ਭਰਿਆ ਪੁੱਜਾ ਵਿਚ ਡੇਰੇ, ਗੱਲਾਂ ਹੋਛੀਆਂ ਹੋਛੀਆਂ ਕਰਨ ਲੱਗਾ
ਜਾਦੂ ਟੂਣਿਆਂ ਦਾ ਜ਼ੋਰ ਲਾਣ ਲੱਗਾ, ਦੰਮ ਮਾਂਦਰੀ ਹੋਣ ਦਾ ਭੋਰਨ ਲੱਗਾ
ਕੋਈ ਸਫਲਤਾ ਹੋਈ ਨਾ ਮੂਲ ਉਸਨੂੰ, ਸਗੋਂ ਵਿਚ ਸ਼ਰਮਿੰਦਗੀ ਮਰਨ ਲੱਗਾ
ਨਾਲੇ ਕੀਤੀਆਂ ਤੇ ਪਛੋਤਾਣ ਲੱਗਾ, ਨਾਲੇ ਹੋਣੀਆਂ ਵੇਖਕੇ ਡਰਨ ਲੱਗਾ
ਉਹਨੂੰ ਅੰਤ ਵਿਸ਼ਵਾਸ ਹੋ ਗਿਆ ਪੱਕਾ, ਕੰਮ ਜਾਦੂਆਂ ਨਾਲ ਨਾ ਸਰਨ ਲੱਗਾ
ਮੇਰੇ ਸੱਤਿ ਨੂੰ ਜਿੱਤਿਆ ਜਿਸ ਆਕੇ, ਏਹਨਾਂ ਚਾਲਿਆਂ ਨਾਲ ਨਾ ਹਾਰਨ ਲੱਗਾ
ਹੱਥ ਜੋੜਕੇ ਸਾਹਮਣੇ ਖਲਾ ਹੋਇਆ, ਚੋਟ ਕੋਈ ਅਨੋਖੜੀ ਜਰਨ ਲੱਗਾ
ਰੂਪ ਵੇਖ ਦਸਮੇਸ਼ ਦਾ ਦਿਲ ਅੰਦਰ, ਗੁੱਸਾ ਲਹਿਣ ਲੱਗਾ, ਹਿਰਦਾ ਠਰਨ ਲੱਗਾ

ਜਿਹਦੀ ਕਦੇ ਵੀ ਓਸ ਨੂੰ ਆਸ ਨਾ ਸੀ, ਓਸ ਰਾਹ ਉੱਤੇ ਪੈਰ ਧਰਨ ਲੱਗਾ
ਇੱਕਾ ਇੱਕ ਉਹਦੇ ਦੋਹਾਂ ਨੇਤਰਾਂ 'ਚੋਂ, ਛੰਮਾ ਛੰਮ ਵੇਖੋ ਨੀਰ ਵਰ੍ਹਨ ਲੱਗਾ
ਭੁੱਬਾਂ ਮਾਰਕੇ ਢਹਿ ਪਿਆ ਮੂੰਹ ਮੂਧੇ, ਜਾਣੀਜਾਣ ਦਸਮੇਸ਼ ਦੇ ਚਰਨ ਲੱਗਾ
'ਤੀਰ' ਡੁੱਬਿਆ ਸੀ ਜਿਹੜਾ ਮਾਣ ਅੰਦਰ, ਪ੍ਰੇਮ-ਸ਼ਹੁ ਅੰਦਰ ਉਹੋ ਤਰਨ ਲੱਗਾ

### ਸ੍ਰੀ ਦਸਮੇਸ਼ ਜੀ ਦੇ ਪ੍ਰਸ਼ਨ ਬੈਰਾਗੀ ਉੱਤੇ

ਜਾਣੀਜਾਣ ਨੇ ਪੁੱਛਿਆ ਦੱਸ ਸਾਧਾ, ਏਸ ਥਾਂ ਤੇ ਕੀ ਹੈ ਕਾਰ ਤੇਰੀ
ਕਿਹੜਾ ਧਰਮ ਤੇਰਾ ? ਕਿਹੜੀ ਲਗਨ ਤੇਰੀ, ਕਿਹੜੇ ਮੱਤ ਦੀ ਦਿਲੋਂ ਵਿਚਾਰ ਤੇਰੀ
ਸਾਡੇ ਨਾਲ ਅੱਜ ਰਿਹਾ ਹੈਂ ਕੀ ਕਰਦਾ, ਕਿਥੇ ਗਈ ਹੁਣ ਦੱਸ ਉਹ ਖ਼ਾਰ ਤੇਰੀ
'ਤੀਰ' ਗਲੇ ਤੇਰੇ ਭਾਵੇਂ ਪਈ ਮਾਲਾ, ਜਾਪੇ ਬੀਰਤੀ ਭਰੀ ਨੁਹਾਰ ਤੇਰੀ

### ਮਾਧੋ ਦਾਸ ਬੈਰਾਗੀ ਦੀ ਅਵਸਥਾ

ਮਾਧੋ ਦਾਸ ਤੇ ਪਿਆ ਪ੍ਰਭਾਵ ਐਸਾ, ਨਾਹੀਂ ਵੇਖ ਸੱਕੇ ਨਾਹੀਂ ਬੋਲ ਸੱਕੇ
ਨਾਹੀਂ ਗੁਰਾਂ ਤੋਂ ਜਾਵਣਾ ਦੂਰ ਚਾਹੇ, ਤੇ ਨਾ ਤੇਜ ਅੱਗੇ ਠਹਿਰ ਕੋਲ ਸੱਕੇ
ਸਾਰੀ ਉਮਰ ਸਮਾਧੀਆਂ ਰਿਹਾ ਲਾਂਦਾ, ਐਪਰ ਦੱਸ ਨਾ ਅੰਦਰਲਾ ਪੋਲ ਸੱਕੇ
ਜੱਕੋ ਤੱਕਿਆਂ ਦੇ ਅੰਦਰ 'ਤੀਰ' ਫਾਥਾ, ਘੁੰਡੀ ਦਿੱਲ ਦੀ ਮੂਲ ਨਾ ਖੋਲ੍ਹ ਸੱਕੇ

### ਆਖ਼ਰ ਬੈਰਾਗੀ ਨੇ ਬੋਲਣ ਦੀ ਹਿੰਮਤ ਕਰ ਲਈ

ਅੰਤ ਬੋਲਿਆ ਜੋੜਕੇ ਹੱਥ ਦੋਵੇਂ, 'ਮਾਫੀ ਮੰਗਦਾ ਹੈ ਗੁਨਾਹਗਾਰ ਬੰਦਾ'
ਤੁਸੀਂ ਬਖ਼ਸ਼ਣੇ ਜੋਗ ਜੇ ਬਖ਼ਸ਼ ਲੈਣਾ, ਭੁੱਲ ਜਾਂਵਦਾ ਹੈ ਆਖ਼ਰਕਾਰ ਬੰਦਾ
ਬੰਦਾ ਰੱਬ ਦਾ, ਧਾਰਿਆ ਪੰਥ ਸਾਧੂ, ਹੋ ਚੁੱਕਾ ਏ ਬੜਾ ਖਵਾਰ ਬੰਦਾ
ਲਛਮਣ ਦੇਵ ਪਹਿਲਾ ਨਾਮ ਮਾਪਿਆਂ ਦਾ, ਰਾਜਪੂਤ ਦਾ ਹੈ 'ਹੋਣਹਾਰ' ਬੰਦਾ
ਜਨਮ-ਭੂਮ ਹੈ ਪੁਣਛ ਦੀ ਸ਼ਾਂਤ ਧਰਤੀ, ਮਾਣ ਚੁਕਾ ਹੈ *ਪਰਬਤੀ ਠਾਰ ਬੰਦਾ
ਰਿਹਾ ਰੱਜਕੇ ਲਾਡਲਾ ਮਾਪਿਆਂ ਦਾ, ਭੋਗ ਚੁੱਕਿਆ ਗੋਦ-ਪਿਆਰ ਬੰਦਾ
ਆਖ਼ਰ ਆਣਕੇ ਜਦੋਂ ਜਵਾਨ ਹੋਇਆ, ਹੈਸੀ ਰੱਖਦਾ ਸ਼ੌਕ ਸ਼ਿਕਾਰ ਬੰਦਾ
ਇੱਕ ਰੋਜ਼ ਜੰਗਲ ਅੰਦਰ ਰੋਜ਼ ਵਾਂਗੂੰ, ਗਿਆ ਰੀਝ ਸ਼ਿਕਾਰ ਦੀ ਧਾਰ ਬੰਦਾ
ਮਾਰੀ ਇੱਕ ਹਿਰਨੀ ਪਛੋਤਾਣ ਲੱਗਾ, ਓਸ ਗਰਭਣੀ ਤੇ ਕਰਕੇ ਵਾਰ ਬੰਦਾ
ਬੱਚੇ ਦੋ ਨਿਕਲੇ ਉਹਦੇ ਪੇਟ ਵਿਚੋਂ, ਵੇਖ ਸੱਕਿਆ ਨਹੀਂ ਸਹਾਰ ਬੰਦਾ
ਜੀਵ ਦਯਾ ਦੀ ਜਦੋਂ ਦੀ ਚਾਟ ਲੱਗੀ, ਬਣ ਗਿਆ ਅਹਿੰਸਾ ਦਾ ਯਾਰ ਬੰਦਾ
ਧਾਰ ਤਦੋਂ ਤੋਂ ਲਿਆ ਵੈਰਾਗ-ਜੀਵਨ, ਆਇਆ ਤੋੜਕੇ ਸੁੱਟ ਤਲਵਾਰ ਬੰਦਾ

---

* ਕਸ਼ਮੀਰ ਦੇ ਪਹਾੜ ਜਿਨ੍ਹਾਂ ਵਿਚ ਰਾਜੋਰੀ ਨਗਰ ਵੱਸਦਾ ਹੈ ਜਿੱਥੇ ਇਹ ਬੈਰਾਗੀ ਜੰਮਿਆ ਸੀ।

ਏਥੇ ਆਨਕੇ ਆਸ਼ਰਮ ਏਸ ਅੰਦਰ, ਏਦਾਂ ਰਿਹਾ ਸੀ ਦਿਨ ਗੁਜ਼ਾਰ ਬੰਦਾ
ਜੀਵ ਹੱਤਿਆ ਦੀ ਜਦੋਂ ਖ਼ਬਰ ਪੁੱਜੀ, ਗੁੱਸੇ ਵਿੱਚ ਹੋਇਆ ਪਰਲੇਪਾਰ ਬੰਦਾ
ਇਹ ਤਾਂ ਮੰਨਿਆ ਕਿ ਆਪ ਬਲੀ ਪੂਰੇ, ਇੱਕੋ ਵਾਰ ਵਿਚ ਲਿਆ ਜੇ ਮਾਰ ਬੰਦਾ
ਇਹ ਵੀ ਠੀਕ ਕਿ ਆਪ ਦੇ ਤੇਜ ਅੱਗੇ, ਬੈਠਾ ਸੁੱਟ ਹੈ ਅੱਜ ਹਥਿਆਰ ਬੰਦਾ
ਐਪਰ ਆਸ਼ਰਮ ਵਿੱਚ ਜੋ ਰੱਤ ਡੁੱਲ੍ਹੀ, ਕਰੇ ਏਸ ਤੇ ਜਦੋਂ ਵਿਚਾਰ ਬੰਦਾ
ਦਿੱਸੇ ਭਜਨ-ਸਥਾਨ ਭ੍ਰਿਸ਼ਟ ਹੋਇਆ, ਰੋਂਦਾ ਏਸ ਲਈ ਹੈ ਜ਼ਾਰੋਜ਼ਾਰ ਬੰਦਾ
ਜੇ ਨਾ ਮਾਸ ਪਖਸ਼ਣ ਏਸ ਜਗ੍ਹਾ ਹੁੰਦਾ, ਕਰਦਾ ਆਪਦਾ ਸ਼ੁਕਰ ਦਾਤਾਰ ਬੰਦਾ
'ਤੀਰ' ਹੁਣ ਦੱਸੋ ਵੱਸੇ ਜਾ ਕਿੱਥੇ, ਨਵਾਂ ਆਸ਼ਰਮ ਹੋਰ ਉਸਾਰ ਬੰਦਾ

### *ਸ੍ਰੀ ਦਸਮੇਸ਼ ਜੀ ਦੇ ਬਚਨ ਬੈਰਾਗੀ ਮਾਧੋ ਦਾਸ ਪ੍ਰਤੀ*

ਜਾਣੀਜਾਣ ਨੇ ਆਖਿਆ ਦੱਸ ਸਾਨੂੰ, ਰਤਾ ਕਰਕੇ ਗੱਲ ਬੇਲਾਗ ਸਾਧਾ
ਇੱਕ ਹਰਾ ਬੂਟਾ ਉੱਥੇ ਕੀ ਖੋਂਹਦਾ, ਸਾਰਾ ਜਿਸ ਥਾਂਵੇਂ ਸੜੇ ਬਾਗ਼ ਸਾਧਾ
ਇੱਕ ਹੰਸ ਦੀ ਕੀ ਹੈ ਦਾਲ ਗਲਦੀ, ਜਿਥੇ ਲੱਖ ਲਾਉਂਦੇ ਹੋਣ ਕਾਗ ਸਾਧਾ
ਜਿੱਥੇ ਦੁੱਧ ਦੀ ਥਾਂ ਤੇ ਹੋਏ ਪਾਣੀ, ਉੱਥੇ ਕੀ ਖੋਹੇ ਲਾਈ ਜਾਗ ਸਾਧਾ
ਇਕ ਮਾਂਦਰੀ ਦਾ ਚੱਲੇ ਕੀ ਚਾਰਾ, ਜਿੱਥੇ ਲੱਖ ਸ਼ੂਕਣ ਕਾਲੇ ਨਾਗ ਸਾਧਾ
ਜਿਸ ਇਸਤਰੀ ਦਾ ਕੰਤ ਨਹੀਂ ਰਾਜ਼ੀ, ਕਿਹੜੇ ਕੰਮ ਹੈ ਉਹਦਾ ਸੁਹਾਗ ਸਾਧਾ
ਕਿਵੇਂ ਤੂੰ ਹੋਇਓਂ ਚੰਗਾ ਜੱਗ ਉੱਤੇ, ਜਦੋਂ ਦੇਸ਼ ਦੇ ਨੇ ਮੰਦੇ ਭਾਗ ਸਾਧਾ
ਕਿਵੇਂ ਮੇਲਾ ਤੇਰਾ ਖ਼ਾਲਕ ਨਾਲ ਹੋਵੇ, ਜਦੋਂ ਰਹੀ ਖ਼ਲਕਤ ਕਸ਼ਟ ਝਾਗ ਸਾਧਾ
ਪੁੱਤਰ ਦੇਸ਼ ਦੇ ਬੱਕਰੇ ਵਾਂਗ ਕੁੱਸੇ, ਤੇ ਤੂੰ ਧਾਰਿਆ ਆਣ ਬੈਰਾਗ ਸਾਧਾ
ਦੱਸ ਜ਼ਾਤ ਦਾ 'ਤੀਰ' ਰਜ-ਪੂਤ ਹੋ ਕੇ, ਤੈਨੂੰ ਆਖਦਾ ਕੀ ਤਿਆਗ ਸਾਧਾ

### *ਮਹਾਰਾਜ ਨੇ ਫਿਰ ਆਖਿਆ*

ਜਦੋਂ ਦੇਸ਼ ਦੇ ਹੈਣ ਦੁਖਿਆਰ ਰੋਂਦੇ, ਏਥੇ ਸੁਰਤ ਤੇਰੀ ਕਿਵੇਂ ਲੱਗ ਰਹੀ ਏ
ਬੁੱਝ ਰਹੇ ਜਾਂ ਦੇਸ਼ ਦੇ ਪੁੱਤ-ਚਾਨਣ, ਤੇਰੀ ਜੋਤ ਸਾਧਾ ਕਿਵੇਂ ਜੱਗ ਰਹੀ ਏ
ਕਿਵੇਂ ਤੂੰ ਬੈਠੋਂ ਏਥੇ ਧਾਰ ਸ਼ਾਂਤੀ, ਜਦੋਂ ਹਿੰਦ ਅੰਦਰ ਭੜਕ ਅੱਗ ਰਹੀ ਏ
ਤੇਰਾ ਆਸ਼ਰਮ ਕਿਵੇਂ ਹੈ ਬੱਚ ਰਿਹਾ, ਜਦੋਂ ਰੱਤ ਬੇਦੋਸ਼ਾਂ ਦੀ ਵੱਗ ਰਹੀ ਏ
ਤੈਨੂੰ ਜਟਾਂ ਇਹ ਕਿਸ ਤਰ੍ਹਾਂ ਭਾਂਦੀਆਂ ਨੇ, ਸਿਰੋਂ-ਲੱਥ ਜਾਂ ਹਿੰਦ ਦੀ ਪੱਗ ਰਹੀ ਏ
'ਤੀਰ' ਜਾਪਦਾ ਏ ਤੇਰੀ ਸੂਝ ਤਾਈਂ, ਭਰਮਭੂਤ ਵਾਲੀ ਲਗਨ ਠੱਗ ਰਹੀ ਏ

### *ਮਹਾਰਾਜ ਫਿਰ ਕਹਿੰਦੇ ਹਨ*

ਇਕ ਬੱਕਰਾ ਝਟਕਿਆ ਤੜਫਿਓਂ ਤੂੰ, ਖਾਂਦੀ ਕਲਵਲਾਂ ਹੈ ਤੇਰੀ ਜਾਨ ਸਾਧਾ
ਐਪਰ ਅੱਖ ਗਿਆਨ ਦੀ ਹੁੰਦਿਆਂ ਵੀ, ਤੈਨੂੰ ਦਿੱਸਦਾ ਨਾ ਹਿੰਦੁਸਤਾਨ ਸਾਧਾ

ਤੇਰਾ ਆਸ਼ਰਮ ਏਸ ਚੌਕਾਂਧ ਅੰਦਰ, ਮੇਰਾ ਆਸ਼ਰਮ ਸਭ ਜਹਾਨ ਸਾਧਾ
ਰਤਾ ਏਸ ਚੁਕਾਂਧ ਤੋਂ ਬਾਹਰ ਹੋ ਕੇ, ਰੰਗ ਵੇਖ ਖਾਂ ਨਾਲ ਧਿਆਨ ਸਾਧਾ
ਥਾਂ-ਥਾਂ ਡੁੱਲ੍ਹਿਆ ਲਹੂ ਬੇਦੋਸ਼ਿਆਂ ਦਾ, ਦੇਸ਼ ਹੋ ਗਿਆ ਲਹੂ ਲੁਹਾਨ ਸਾਧਾ
ਤੂੰ ਤੇ ਦੋ ਬੱਚੇ, ਮਰੇ ਜਰੇ ਨਾਹੀਂ, ਸੁੱਟੀ ਹੱਥ 'ਚੋਂ ਝੱਟ ਕ੍ਰਿਪਾਨ ਸਾਧਾ
ਐਪਰ ਵੇਖ ਉਨ੍ਹਾਂ ਮਾਵਾਂ ਰੋਂਦੀਆਂ ਨੂੰ, ਬੱਚੇ ਜਿਨ੍ਹਾਂ ਦੇ ਮੋਏ ਜਵਾਨ ਸਾਧਾ
ਉਨ੍ਹਾਂ ਨਾਰੀਆਂ ਦਾ ਹਾਲ ਵੇਖ ਜਾ ਕੇ, ਖੁੱਸੇ ਜਿਨ੍ਹਾਂ ਦੇ ਕੰਤ ਭਗਵਾਨ ਸਾਧਾ
ਓਸ ਧਰਤ ਨੂੰ ਵੇਖ ਇੱਕ ਵਾਰ ਅੱਖੀਂ, ਜਿੱਥੇ ਮੈਂ ਕੀਤੇ ਪੁੱਤਰ-ਦਾਨ ਸਾਧਾ
ਓਸ ਕੰਧ ਨੂੰ ਵੇਖ ਸਰੰਦ ਜਾ ਕੇ, ਜੋ ਉਸਾਰ ਗਏ ਬਾਲ ਅੰਜਾਨ ਸਾਧਾ
ਕੋਈ ਸ਼ਹਿਰ ਖੇੜਾ ਪਿੰਡ ਰਿਹਾ ਨਾਹੀਂ, ਡੁਲ੍ਹੀ ਰੱਤ ਨਾ ਜਿੱਥੇ ਨਿਰਬਾਨ ਸਾਧਾ
ਭੈਣਾਂ ਰੋਂਦੀਆਂ ਵੀਰਾਂ ਦੇ ਰਾਹ ਤੱਕਣ, ਮਾਰ ਜਿਨ੍ਹਾਂ ਨੂੰ ਗਏ ਪਠਾਨ ਸਾਧਾ
ਇੱਕ ਵਾਰ ਪੰਜਾਬ ਜੇ ਵੇਖ ਆਵੇਂ, ਭੁੱਲ ਜਾਏ ਇਹ ਤੈਨੂੰ ਗਿਆਨ ਸਾਧਾ
ਜਦੋਂ ਤੀਕ ਨਹੀਂ ਦੇਸ਼ ਦੀ ਮੁਕਤ ਹੁੰਦੀ, ਤੇਰੀ ਹੋਵਣੀ ਨਹੀਂ ਕਲਿਆਨ ਸਾਧਾ
ਤੂੰ ਤੇ ਆਪਣੀ ਵੱਲੋਂ ਸਵੱਛ ਕਰਕੇ, ਕਰਦਾ ਰੋਜ਼ ਹੋਸੇਂ ਅੰਨ-ਪਾਨ ਸਾਧਾ
ਐਪਰ ਹੱਰ ਦਾਣਾ ਲਹੂ-ਰੰਗਿਆ ਏ, ਲਹੂ-ਰੂਪ ਹੈ ਹੋਰ ਸਾਮਾਨ ਸਾਧਾ
ਦੁੱਧ ਲਹੂ ਵਰਗਾ, ਪਾਣੀ ਲਹੂ ਵਰਗਾ, ਤੇਰੀ ਜਿਨ੍ਹਾਂ ਤੇ ਰੋਜ਼ ਗੁਜ਼ਰਾਨ ਸਾਧਾ
ਗਰਮ ਲਹੂ ਪੀਵੇਂ ਰੋਜ਼ ਖੰਡ ਪਾ ਕੇ, ਕਰੇਂ ਲਹੂ ਦੇ ਨਾਲ ਇਸ਼ਨਾਨ ਸਾਧਾ
ਫੇਰ ਪਤਾ ਨਾ ਲੱਗਦਾ ਕਿੱਸ ਗੱਲੇ, ਤੇਰੇ ਮੱਨ ਵਿੱਚ ਆ ਗਿਆ ਮਾਨ ਸਾਧਾ
ਸੁੱਚਾ ਆਪਣਾ ਆਸ਼ਰਮ ਮੰਨ ਬੈਠੋਂ, ਕਿਧਰ ਗਿਆ ਹੈ ਤੇਰਾ ਧਿਆਨ ਸਾਧਾ
ਤੇਰੇ ਦੇਸ ਨੂੰ ਲੋੜ ਹੈ ਅੱਜ ਤੇਰੀ, ਹੋਇਆ ਤੂੰ ਪਰ ਨੀਂਦ ਗ਼ਲਤਾਨ ਸਾਧਾ
ਜਿੱਸ ਦੇਸ਼ ਦੀ ਬਣੀ ਹੈ ਦੇਹ ਤੇਰੀ, ਉੱਠ! ਓਸ ਤੋਂ ਵਾਰ ਪਰਾਨ ਸਾਧਾ
ਜਿੱਸ ਦੇਸ਼ ਦੀ ਹਵਾ ਦੇ ਸਾਸ ਮਾਣੇ, ਆਏ ਓਸ ਤੇ ਹੈਣ ਤੂਫ਼ਾਨ ਸਾਧਾ
ਜਿੱਸ ਦੇਸ਼ ਦਾ ਪੀ ਪੀ ਜੀਏਂ ਪਾਣੀ, ਲਹੂ ਓਸ ਲਈ ਕੱਰ ਕੁਰਬਾਨ ਸਾਧਾ
ਤੇਰੀ ਭਾਓ ਭਗਤੀ ਕਿਸੇ ਕੰਮ ਨਾਹੀਂ, ਕਿਸੇ ਕੰਮ ਨ ਤੇਰਾ ਅਸਥਾਨ ਸਾਧਾ
ਤੇਰਾ ਵੱਸਣਾ ਵੱਧ ਕੇ ਉੱਜੜੇ ਤੋਂ, ਜਦੋਂ ਤੀਕ ਹੈ ਦੇਸ਼ ਵੈਰਾਨ ਸਾਧਾ
ਰਾਜ-ਪੂਤ ਹੋ ਕੇ, ਮੋਇਓਂ ਜੀਂਵਦਾ ਈ, ਬਾਘੀ ਪਾਂਵਦੇ ਜਦੋਂ ਸ਼ੈਤਾਨ ਸਾਧਾ
'ਤੀਰ' ਆਧਰਮ ਦੇਸ਼ ਦਾ ਧੋ ਪਹਿਲੇ, ਖੋਲ੍ਹੀਂ ਫੇਰ ਇਹ ਪਿਆ ਦੁਕਾਨ ਸਾਧਾ

### ਹਜ਼ੂਰ ਨੇ ਫਿਰ ਆਖਿਆ

ਕੱਖ ਕੰਮ ਦਾ ਨਹੀਂ ਉਹ ਮੂਲ ਸਾਧੂ, ਨਿਰਾ ਦਰਦ ਦੀ ਜੋ ਤਸਵੀਰ ਨਾਹੀਂ
ਕੂਕ ਦੁੱਖੀ ਦੀ ਤੇ ਜਿਹੜਾ ਪੁੱਜਦਾ ਨਾ, ਦੀਨ ਲਈ ਜੋ ਡੋਲ੍ਹਦਾ ਨੀਰ ਨਾਹੀਂ
ਜਿਹੜਾ ਹੱਰ ਵਿੱਚ ਵੇਖਦਾ ਹਰਿ ਨਾਹੀਂ, ਜਿਹਦੇ ਕਾਲਜੇ ਪ੍ਰੇਮ ਦਾ ਚੀਰ ਨਾਹੀਂ

ਉਹਨੇ ਮੋਹ ਵਾਲੇ ਸੰਗਲ ਤੋੜਨੇ ਕੀ, ਤੋੜੀ ਦੇਸ਼ ਦੀ ਜਿਹਨੇ ਜ਼ੰਜੀਰ ਨਾਹੀਂ
ਉਹਨੇ ਹੋਰ ਸਰੀਰ ਨੂੰ ਸਾਧਣਾ ਕੀ, ਦਿੱਤਾ ਦੇਸ਼ ਲਈ ਜਿਹਨੇ ਸਰੀਰ ਨਾਹੀਂ
ਮੁਕਤ-ਹੀਰ ਤਾਈਂ ਉਹਨੇ ਪਾਉਣਾ ਕੀ, ਮਾਣੀ ਜਿਹਨੇ ਅਜ਼ਾਦੀ ਦੀ ਹੀਰ ਨਾਹੀਂ
ਕਰਮ-ਰੇਖ ਮਿਟਾਵਣੀ ਕੀ ਉਸਨੇ, ਪਲਟੀ ਦੇਸ਼ ਦੀ ਜਿਹਨੇ ਤਕਦੀਰ ਨਾਹੀਂ
ਸਾਧਾ! ਮਨ ਨਾ ਓਸਤੋਂ ਹੋਇ ਸਿੱਧਾ, ਹੁੰਦਾ ਜ਼ੁਲਮ ਜਿਸਤੋਂ ਸਿੱਧਾ 'ਤੀਰ' ਨਾਹੀਂ

### *ਸੁਣਕੇ ਬੈਰਾਗੀ ਦੀਆਂ ਅੱਖੀਆਂ ਲਾਲ ਹੋ ਗਈਆਂ*

ਏਨਾ ਸ੍ਰੀ ਦਸਮੇਸ਼ ਤੋਂ ਹਾਲ ਸੁਣਕੇ, ਮਾਧੋਦਾਸ ਦੀਆਂ ਹੋਈਆਂ ਲਾਲ ਅੱਖਾਂ
ਕਾਲ-ਰੂਪ ਉਹ ਹੋ ਗਿਆ ਘੜੀ ਅੰਦਰ, ਲਹੂ-ਛੱਟੀਆਂ ਰੂਪ ਬਿਕਰਾਲ ਅੱਖਾਂ
ਪਹਿਲੇ ਰੋਹ ਆਇਆ ਉੱਤੇ ਜ਼ਾਲਮਾਂ ਦੇ, ਖਾਧਾ ਨਾਲ ਹੀ ਕੋਈ ਉਛਾਲ ਅੱਖਾਂ
ਰੋ ਰੋ 'ਤੀਰ' ਦਸਮੇਸ਼ ਨੂੰ ਕਹਿਣ ਲੱਗਾ, ਅਤੇ ਲਾ ਲਾ ਕੇ ਚਰਨਾਂ ਨਾਲ ਅੱਖਾਂ

### *ਵੈਰਾਗੀ ਮਾਧੋਦਾਸ ਦੀ ਜੋਦੜੀ ਦਸਮੇਸ਼ ਜੀ ਦੇ ਚਰਨਾਂ ਵਿਚ*

ਓ ਦਾਤਾਰ! ਮੈਂ ਕੁੱਝ ਵੀ ਰਿਹਾ ਨਾਹੀਂ, ਕੇਵਲ ਰਹਿ ਗਿਆ ਹਾਂ ਔਗਣਹਾਰ ਬੰਦਾ
ਬੰਦਾ ਕਿਸੇ ਦਾ ਨਹੀਂ, ਦਾਤਾਰ ਦਾ ਹਾਂ, ਜਾਣੋ ਆਪਣਾ ਹੁਣ ਸਰਕਾਰ ਬੰਦਾ
ਹੁਕਮ ਕਰੋ ਤੇ ਹੁਣੇ ਹੀ ਕੂਚ ਬੋਲੇ, ਜੀ ਪੰਜਾਬ ਵੱਲੇ ਮਾਰੋ ਮਾਰ ਬੰਦਾ
ਚਿਣੇ ਜਿਸ ਅੰਦਰ ਬੱਚੇ ਜ਼ਾਲਮਾਂ ਨੇ, ਹੱਥੀਂ ਢਾਹ ਉਹ ਦਏ ਦੀਵਾਰ ਬੰਦਾ
ਨਹੀਂ ਸੁਣ ਸੱਕਦਾ ਤੇ ਸਹਾਰ ਸੱਕਦਾ, ਏਦਾਂ ਕਰੇ ਕੋਈ ਕਾਰ ਮਕਾਰ ਬੰਦਾ
ਸੁੱਟੇ ਕੋਹ ਕੋਹ ਪਿਆ ਬੇਦੋਸ਼ਿਆਂ ਨੂੰ, ਮਾਸਾ ਰੱਤੀ ਨਾ ਕਰੇ ਵਿਚਾਰ ਬੰਦਾ
ਓ! ਮੈਂ ਭੁੱਲਿਆ ਹਾਂ ਤੋਬਾ! ਭੁੱਲਿਆ ਹਾਂ, ਵੇਖੋ ਹੋ ਗਿਆ ਮੂੜ੍ਹ ਗਵਾਰ ਬੰਦਾ
ਜਾਣੀਜਾਣ ਦਸਮੇਸ਼ ਪਛਾਣਿਆ ਨਾ, ਜਿਹਦੇ ਦਰ ਦਾ ਸਭ ਸੰਸਾਰ ਬੰਦਾ
ਭਾਵੇਂ ਛੱਡ ਗ੍ਰਸਤ ਨੂੰ ਏਸ ਥਾਵੇਂ, ਰਿਹਾ ਦਿਨ ਸੀ ਨਿਰੇ ਗੁਜ਼ਾਰ ਬੰਦਾ
'ਤੀਰ' ਕਰੋ ਕਿਰਪਾ ਕਰਾਂ ਫਰਜ਼ ਪੂਰਾ, ਰਾਜਪੂਤ ਹੈ ਜੇ ਆਖ਼ਰਕਾਰ ਬੰਦਾ

### *ਸ੍ਰੀ ਦਸਮੇਸ਼ ਦਾ ਹੁਕਮ ਬੈਰਾਗੀ ਨੂੰ*

ਜਾਣੀਜਾਣ ਨੇ ਕਿਹਾ ਜੇ ਠੀਕ ਆਖੇਂ, ਤਾਂ ਇਹ ਛੱਡ ਵੈਰਾਗ ਓ! ਰਾਜਪੂਤਾ
ਖੋਲ੍ਹ ਅੱਖੀਆਂ ਭੈਅ ਦੀ ਨੀਂਦ ਵਿਚੋਂ, ਬੀਰ-ਜਾਗਣੀ ਜਾਗ ਓ! ਰਾਜਪੂਤਾ
ਮਾਲਾਂ ਕੰਠੀਆਂ ਰੋੜ੍ਹ ਦੇ ਨਦੀ ਅੰਦਰ, ਲੋੜ ਨਵਾਂ ਪਰਿਯਾਗ ਓ! ਰਾਜਪੂਤਾ
ਗਲੇ ਗਾਤਰਾ ਪਾ ਕੇ ਛੱਕ ਅੰਮ੍ਰਿਤ, ਇਹ ਤਿਆਗ ਤਿਆਗ ਓ! ਰਾਜਪੂਤਾ
ਤੇਰਾ ਦੇਸ਼ ਮੁੜ ਕੇ ਹਰਾ ਭਰਾ ਹੋਵੇ, ਇਹਦੇ ਸਿੰਜ ਦੇ ਬਾਗ ਓ! ਰਾਜਪੂਤਾ
ਡੰਗਣ ਵਾਸਤੇ ਜ਼ਾਲਮਾਂ ਜਾਬਰਾਂ ਨੂੰ, ਹੋ ਜਾ "ਉੱਡਣਾ ਨਾਗ" ਓ! ਰਾਜਪੂਤਾ

ਛੱਡ ਗੀਤ ਸੰਸਾਰ ਦੀ ਜ਼ਿੰਦਗੀ ਦੇ, ਛੂਹ ਲੈ ਮੌਤ ਦੇ ਰਾਗ ਓ! ਰਾਜਪੂਤਾ
ਲਹੂ ਆਪਣਾ ਡੋਲ੍ਹ ਕੇ ਹਿੰਦ ਉੱਤੋਂ, ਧੋ ਦੇ ਜ਼ੁਲਮ ਦੇ ਦਾਗ ਓ! ਰਾਜਪੂਤਾ
ਪਹਿਣ ਕੜਾ ਕੱਛਾ ਕੰਘਾ ਧਾਰ ਸਿੱਖੀ, ਲੱਕੋਂ ਲਾਹ ਤੜਾਗ ਓ! ਰਾਜਪੂਤਾ
ਜਦੋਂ ਫੜੀ ਗਲੇਲ ਤੂੰ ਬੀਰਤਾ ਦੀ, ਉੱਡ ਜਾਣਗੇ ਕਾਗ ਓ! ਰਾਜਪੂਤਾ
ਜਿਸ ਦੇਸ਼ ਨੇ ਹੈ ਦਿੱਤਾ ਜਨਮ ਤੈਨੂੰ, ਕਸ਼ਟ ਓਸ ਲਈ ਝਾਗ ਓ! ਰਾਜਪੂਤਾ
'ਤੀਰ' ਸਮਾਂ ਵੀ ਤੇ ਸਦਾ ਬਦਲਦਾ ਏ, ਕਦੇ ਹਾੜ ਤੇ ਮਾਘ ਓ! ਰਾਜਪੂਤਾ

### *ਬੈਰਾਗੀ ਸਾਧ ਦੀ ਬੇਨਤੀ*

ਹੱਥ ਜੋੜਕੇ ਬੋਲਿਆ ਸਾਧ ਅੱਗੋਂ, ਜਾਣੀਜਾਣ ਨਾ ਹੋਰ ਤੜਫਾਓ ਮੈਨੂੰ
ਆਹ ਲਓ, ਆਹ ਕੰਠੀ ਮਾਲਾ ਪਈ ਹੈ ਜੇ, ਹੱਥੀਂ ਆਪਣੀ ਤੇਗ਼ ਸਜਾਓ ਮੈਨੂੰ
ਸਾਰੀ ਉਮਰ ਹੈ ਭੁੱਲਦਾ ਰਿਹਾ ਬੰਦਾ, ਅੱਜ ਆਪਣਾ ਬੰਦਾ ਬਣਾਓ ਮੈਨੂੰ
ਜਿਵੇਂ ਇਹ ਬਣਾਏ ਜੇ ਸਿੱਖ-ਪੁੱਤਰ, ਤਿਵੇਂ ਪਿਤਾ ਜੀ ਪੁੱਤ ਬਣਾਓ ਮੈਨੂੰ
ਸਿੰਘ ਸੂਰਮਾ ਬਣਾਂਗਾ ਮੈਂ ਦਾਤਾ, ਤੁਠੋ ਅੰਮ੍ਰਿਤੀ-ਧਾਰ ਪਿਲਾਓ ਮੈਨੂੰ
'ਤੀਰ' ਵਾਸਤਾ ਜੇ ਚੌਹਾਂ ਬੱਚਿਆਂ ਦਾ, ਦੇਸ਼ ਵਾਸਤੇ ਅੱਜ ਬਚਾਓ ਮੈਨੂੰ

### *ਬੈਰਾਗੀ ਤੋਂ ਬੀਰ ਤੇ ਬੰਦੇ ਤੋਂ ਬੰਦਾ ਸਿੰਘ ਬਣਾਇਆ ਗਿਆ*

ਉਸੇ ਘੜੀ ਹੋ ਗਿਆ ਤਿਆਰ ਅੰਮ੍ਰਿਤ, ਜਾਣੀਜਾਣ ਨੇ ਜਦੋਂ ਫੁਰਮਾਨ ਕੀਤਾ
ਪੰਜਾਂ ਪਿਆਰਿਆਂ ਗੁਰੂਦੁਲਾਰਿਆਂ ਤੋਂ, ਮਾਧੋ ਦਾਸ ਹੋਰਾਂ ਅੰਮ੍ਰਿਤ ਪਾਨ ਕੀਤਾ
ਦਿੱਤੀ ਸਿੱਖਿਆ ਆਪ ਦਸਮੇਸ਼ ਜੀ ਨੇ, ਦੂਣਾ ਓਸਦਾ ਇਸ ਤਰ੍ਹਾਂ ਮਾਨ ਕੀਤਾ
'ਤੀਰ' ਝੱਟ ਬੈਰਾਗੀ ਨੂੰ ਬੀਰ ਕਰਕੇ, 'ਬੰਦਾ ਸਿੰਘ' ਤੋਂ ਬੰਦੇ ਅਲਾਨ ਕੀਤਾ

### *ਬੰਦਾ ਸਿੰਘ ਨੇ ਅੰਮ੍ਰਿਤ ਛਕ ਕੇ ਪ੍ਰਤਿੱਗਿਆ ਕੀਤੀ*

ਬੰਦਾ ਸਿੰਘ ਨੇ ਆਖਿਆ ਬੱਸ ਦਾਤਾ, ਤੇਰੇ ਹੁਕਮ ਅੰਦਰ ਕਾਰ ਕਰਾਂਗਾ ਮੈਂ
ਜਿਵੇਂ ਦੇਸ਼ ਖ਼ਾਤਰ ਮੋਏ ਪੁੱਤ ਤੇਰੇ, ਤਿਵੇਂ ਦੇਸ਼ ਦੇ ਵਾਸਤੇ ਮਰਾਂਗਾ ਮੈਂ
ਜਿਵੇਂ ਸਿੱਖ ਧਰਦੇ ਜਾਨ ਤਲੀ ਉੱਤੇ, ਤਿਵੇਂ ਆਪਣੀ ਜਾਨ ਨੂੰ ਧਰਾਂਗਾ ਮੈਂ
'ਤੀਰ' ਦੇਸ਼ ਦੇ ਵਾਸਤੇ ਜੰਗ ਅੰਦਰ, ਹੱਸ ਲਾੜੀ ਸ਼ਹੀਦੀ, ਨੂੰ ਵਰਾਂਗਾ ਮੈਂ

### *ਵੱਲੋਂ ਕਵੀ*

ਬੰਦਾ ਇਉਂ ਜਾਣੋ ਬੰਦਾ ਸਿੰਘ ਬਣਿਆ, ਸਿੱਖੀ ਲਈ ਦਸਮੇਸ਼ ਦੀ ਧਾਰ ਉਸਨੇ
ਇਸ਼ਟ ਮੰਨ ਮਹਾਰਾਜ ਨੂੰ ਦਿੱਲ ਅੰਦਰ, ਬਾਰ-ਬਾਰ ਕੀਤੀ ਨਿਮਸ਼ਕਾਰ ਉਸਨੇ
ਅੰਮ੍ਰਿਤ ਛੱਕਿਆ ਰਤਾ ਵੀ ਝੱਕਿਆ ਨਾ, ਏਦਾਂ ਪਾਲਿਆ ਗੁਰੂ-ਪਿਆਰ ਉਸਨੇ
ਦਿੱਤੀ ਰੀਤ ਤਿਆਗ ਬੈਰਾਗੀਆਂ ਦੀ, ਸਿੱਖੀ ਸਿਦਕ ਦਾ ਲੈ ਵਿਹਾਰ ਉਸਨੇ

ਬੀਰ-ਰੱਸ ਆਇਆ ਉਹਦੇ ਰਿਦੇ ਅੰਦਰ, ਦਿੱਤਾ ਯੋਗ ਦਾ ਛੱਡ ਵਿਹਾਰ ਉਸਨੇ
'ਤੀਰ' ਬੀਰ ਅੰਮ੍ਰਿਤਧਾਰੀ ਸਿੰਘ ਬਣਕੇ, ਵੇਖੋ ਕਿਸ ਤਰ੍ਹਾਂ ਦੀ ਕੀਤੀ ਕਾਰ ਉਸਨੇ

### ਬੰਦਾ ਸਿੰਘ ਦੀ ਬੇਨਤੀ ਮਹਾਰਾਜ ਅੱਗੇ

ਹੱਥ ਜੋੜ ਮਹਾਰਾਜ ਨੂੰ ਕਿਹਾ ਉਸ ਨੇ, ਸੱਚੇ ਪਾਤਸ਼ਾਹ ਹਾਲ ਸੁਣਾਓ ਮੈਨੂੰ
ਕਿਵੇਂ ਪੁਰੀ ਅਨੰਦ ਤੇ ਪਏ ਜ਼ਾਲਮ, ਸਾਰੀ ਖੋਲ੍ਹਕੇ ਗੱਲ ਸਮਝਾਓ ਮੈਨੂੰ
ਕਿਵੇਂ ਆਪ ਦੇ ਲਾਡਲੇ ਗਏ ਮਾਰੇ, ਰਤਾ ਓਹ ਵੀ ਰੰਗ ਵਿਖਓ ਮੈਨੂੰ
ਮੇਰੇ ਦੇਸ਼ ਵਾਸੀ ਕਿਵੇਂ ਰਹੇ ਕਰਦੇ, ਪਤਾ ਉਨ੍ਹਾਂ ਦਾ ਵੀ 'ਤੀਰ' ਲਾਓ ਮੈਨੂੰ

### ਮਹਾਰਾਜ ਦੇ ਬਚਨ ਬੰਦਾ ਸਿੰਘ ਪ੍ਰਤੀ

ਮਹਾਰਾਜ ਨੇ ਆਖਿਆ ਸੁਣ ਸਿੰਘਾ, ਜੇ ਤੂੰ ਆ ਗਿਓਂ ਦੇਸ਼ ਪਿਆਰ ਅੰਦਰ
ਮੋਏ ਜੀਂਵਦੇ ਨੇ ਰਾਜਪੂਤ ਤੇਰੇ, ਅਣਖ ਨਹੀਂ ਰਾਈ ਬਾਈਧਾਰ ਅੰਦਰ
ਹਿੰਦੂ ਉਂਵ ਨੇ ਨਿੱਘਰੇ ਨਿਰੇ ਮੋਏ, ਜਿਹੇ ਹੋਏ ਨਾ ਹੋਏ ਸੰਸਾਰ ਅੰਦਰ
ਜਾਂ ਮੈਂ ਖਾਲਸਾ ਸਾਜਿਆ ਦੇਸ਼ ਖ਼ਾਤਰ, ਵੱਸੇ ਉਹ ਵੀ ਚੰਦਰੀ ਖ਼ਾਰ ਅੰਦਰ
ਮੇਰੀ ਦੇਸ਼-ਅਜ਼ਾਦੀ ਦੀ ਲਹਿਰ ਤਾਈਂ, ਉਨ੍ਹਾਂ ਰੱਖਿਆ ਨਹੀਂ ਵਿਚਾਰ ਅੰਦਰ
ਉਨ੍ਹਾਂ ਅੱਖ ਰੱਖੀ ਦੇਸ਼-ਸੇਵਕਾਂ ਤੇ, ਏਦਾਂ ਰੁੱਝ ਗਏ ਚੰਦਰੀ ਕਾਰ ਅੰਦਰ
ਮਿਲੇ ਜ਼ਾਲਮਾਂ ਦੇ ਨਾਲ ਉਲਟ ਸਾਡੇ, ਉਹ ਪਰੁੱਚ ਕੇ ਜ਼ੁਲਮ ਦੇ ਹਾਰ ਅੰਦਰ
ਹੱਲਾ 'ਪੁਰੀ ਅਨੰਦ' ਤੇ ਬੋਲਿਓ ਨੇ, ਐਪਰ ਆ ਨਾ ਸੱਕੇ ਗ਼ਦਾਰ ਅੰਦਰ
ਲੰਮਾ ਸਮਾਂ ਇਹ ਰਿਹਾ ਘਮਸਾਣ ਜਾਰੀ, ਲੜੇ ਡੱਟਕੇ ਸਿੰਘ ਸਰਦਾਰ ਅੰਦਰ
ਸ਼ਾਹੀ ਫ਼ੌਜ ਦੇ ਛੱਕੇ ਛੁੜਾ ਦਿੱਤੇ, ਸਿੰਘਾਂ ਮੇਰਿਆਂ ਤੇਗ਼ ਦੀ ਮਾਰ ਅੰਦਰ
ਲੰਮੇ ਘੇਰਿਆਂ ਤੋਂ ਅੰਤ ਗਿਆ ਘਾਬਰ, ਜੋ ਸੀ ਡੱਕਿਆ ਸਿੱਖ-ਪਰਵਾਰ ਅੰਦਰ
ਏਸੇ ਵਾਸਤੇ ਪੁਰੀ ਅਨੰਦ ਛੱਡੀ, ਏਸੇ ਗੱਲ ਦੀ ਹੋਈ ਵਿਚਾਰ ਅੰਦਰ
ਸਰਸਾ ਨਦੀ ਉੱਤੇ ਜਦੋਂ ਸਿੰਘ ਪੁੱਜੇ, ਸ਼ਾਹੀ ਫ਼ੌਜ ਆ ਪਈ ਪਲਕਾਰ ਅੰਦਰ
ਦੋਹਾਂ ਧਿਰਾਂ ਉੱਥੇ ਕਟਾ ਵੱਢ ਕੀਤੀ, ਅਜਬ ਰੰਗ ਸੀ ਓਸ ਵਿਹਾਰ ਅੰਦਰ
ਅਸੀਂ ਲੜਦਿਆਂ ਸਰਸਿਓਂ ਪਾਰ ਹੋਏ, ਸਾਰੇ ਆਪਣੀ ਆਪਣੀ ਸਾਰ ਅੰਦਰ
ਕੋਈ ਕਿਸੇ ਪਾਸੇ ਕੋਈ ਕਿਸੇ ਪਾਸੇ, ਜੁੱਟ ਰਿਹਾ ਨਾ ਸਿੰਘਾਂ ਦੀ ਡਾਰ ਅੰਦਰ
ਫੇਰ ਵਿਚ ਚਮਕੌਰ ਘਮਸਾਣ ਹੋਇਆ, ਹੈ ਸਨ ਨਾਲ ਅਜੀਤ ਜੁਝਾਰ ਅੰਦਰ
ਸਣੇ ਸਿੰਘਾਂ ਦੇ ਲੱਗੇ ਨੇ ਉਹ ਉੱਥੇ, ਚੋਲੇ ਰੰਗ ਕੇ ਰੱਤ ਫੁਹਾਰ ਅੰਦਰ
ਦੋਵੇਂ ਲਾਲ ਮੇਰੇ ਗਏ ਜੂਝ ਉੱਥੇ, ਹੱਸ ਹੱਸ ਕੇ ਹੁਕਮ ਕਰਤਾਰ ਅੰਦਰ
ਨਿੱਕੇ ਦੋ ਨੀਂ ਚਿਣੇ ਵਜ਼ੀਰ ਖਾਂ ਨੇ, ਇੱਟਾਂ ਲਾ ਸਰਹਿੰਦ ਦੀਵਾਰ ਅੰਦਰ
ਦੀਨਾਂ ਆਜਜ਼ਾਂ ਦਾ ਕੋਈ ਅੰਤ ਨਾਹੀਂ, ਕੋਹੇ ਗਏ ਜੋ ਨਹੀਂ ਸ਼ੁਮਾਰ ਅੰਦਰ

'ਤੀਰ' ਪਈ ਕੂਕੇ ਭਾਰਤ ਮਾਂ ਤੇਰੀ, ਪੀੜਾਂ ਦੁੱਖ ਸਹਾਰ ਸਹਾਰ ਅੰਦਰ

### ਬੰਦਾ ਸਿੰਘ ਦੀ ਬੇਨਤੀ

ਬੰਦਾ ਸਿੰਘ ਨੇ ਆਖਿਆ ਦਿਓ ਥਾਪੀ, ਮੈਨੂੰ ਜੌਹਰ ਵਿਖਾਣ ਦੇ ਲਈ ਭੇਜੋ
ਲਾਹਿਆ ਅੰਮ੍ਰਿਤੀ ਧਾਰ ਨੇ ਡੱਰ ਮੇਰਾ, ਮੈਨੂੰ ਜੰਗ ਮਚਾਣ ਦੇ ਲਈ ਭੇਜੋ
ਭਾਵੇਂ ਬੜੇ ਨੇ ਹੋ ਘਮਸਾਣ ਚੁੱਕੇ, ਮੈਨੂੰ ਨਵੇਂ ਘਮਸਾਣ ਦੇ ਲਈ ਭੇਜੋ
ਜਿਨ੍ਹਾਂ ਜ਼ੁਲਮ ਕੀਤੇ ਦੀਨਾਂ ਆਜਜ਼ਾਂ ਤੇ, ਜ਼ਾਲਮ ਉਹ ਮੁਕਾਣ ਦੇ ਲਈ ਭੇਜੋ
ਫਿੱਟੇ ਝੋਟਿਆਂ ਤਾਜ਼ਿਆਂ ਮੋਟਿਆਂ ਨੂੰ, ਮੈਨੂੰ ਮਜ਼ਾ ਚਖਾਣ ਦੇ ਲਈ ਭੇਜੋ
ਚਿਣੇ ਗਏ ਨੇ ਲਾਲ ਜਿਸ ਸ਼ਹਿਰ ਅੰਦਰ, ਉਹਦੀ ਇੱਟ ਖੜਕਾਣ ਦੇ ਲਈ ਭੇਜੋ
ਜਿਨ੍ਹਾਂ ਭਉਜਲੀ ਪਾਈ ਏ ਉਨ੍ਹਾਂ ਤਾਈਂ, ਮੈਨੂੰ ਭਉਜਲੀ ਪਾਨ ਦੇ ਲਈ ਭੇਜੋ
'ਤੀਰ' ਤਖ਼ਤ ਜੋ ਦੇਸ਼ ਨੂੰ ਵਖ਼ਤ ਪਾਏ, ਮੈਨੂੰ ਉਹਦੇ ਉਲਟਾਣ ਦੇ ਲਈ ਭੇਜੋ

### ਮਹਾਰਾਜ ਦੀ ਬੰਦਾ ਸਿੰਘ ਤੇ ਮਿਹਰ

ਮਹਾਰਾਜ ਨੇ ਆਖਿਆ ਜਾਹ ਮਰਦਾ, ਮਰਦਾ ਨਹੀਂ ਪਰ ਸਿੱਖ ਸਦਵਾਂਵਦਾ ਰਹੀਂ
ਗੁਰੂ ਬਣੀਂ ਨਾ ਕਦੇ ਵੀ ਮਾਣ ਕਰਕੇ, ਨਾਨਕ ਗੁਰੂ ਨੂੰ ਸਦਾ ਧਿਆਂਵਦਾ ਰਹੀਂ
ਸਦਾ ਆਪਣੇ ਆਪ ਨੂੰ ਦਾਸ ਜਾਣੀਂ, ਆਸ ਰੱਬ ਦੀ ਰੱਖ ਬਿਤਾਂਵਦਾ ਰਹੀਂ
ਕਰੀਂ ਦੰਦ ਖੱਟੇ ਸਦਾ ਜ਼ਾਲਮਾਂ ਦੇ, ਸਦਾ ਆਜਜ਼ਾਂ ਨੂੰ ਗਲੇ ਲਾਂਵਦਾ ਰਹੀਂ
ਇਥੋਂ ਨਾਲ ਲੈ ਜਾ ਪੰਜਾਂ ਪਿਆਰਿਆਂ ਨੂੰ, ਏਨ੍ਹਾਂ ਨਾਲ ਸਲਾਹ ਪਕਾਂਵਦਾ ਰਹੀਂ
'ਤੀਰ' ਜਦੋਂ ਵੀ ਰਣ ਮੈਦਾਨ ਜਿੱਤੇਂ, ਬਾਣੀ ਗੁਰੂ ਮਹਾਰਾਜ ਦੀ ਗਾਂਵਦਾ ਰਹੀਂ

### ਵੱਲੋਂ ਕਵੀ

ਫੇਰ ਬੜੇ ਪਿਆਰ ਦੇ ਵਿੱਚ ਆ ਕੇ, ਨਵੇਂ ਚੋਜ ਵਿਖਾਏ ਦਸਮੇਸ਼ ਜੀ ਨੇ
ਬੰਦਾ ਸਿੰਘ ਨੂੰ ਵਾਂਗਰਾਂ ਪੁੱਤਰਾਂ ਦੇ, ਸ਼ਸਤਰ ਖ਼ੂਬ ਸਜਾਏ ਦਸਮੇਸ਼ ਜੀ ਨੇ
ਧਨੁਖ ਆਪਣਾ ਬਖ਼ਸ਼ਿਆ ਮਿਹਰ ਕਰਕੇ, ਸ਼ਸਤਰ ਇਉਂ ਘੁਮਾਏ ਦਸਮੇਸ਼ ਜੀ ਨੇ
'ਤੀਰ' ਪੰਜ ਦਿਤੇ ਉਹਨੂੰ ਸੋਨ-ਮੁਖੀਏ, ਅਤੇ ਬਚਨ ਸੁਣਾਏ ਦਸਮੇਸ਼ ਜੀ ਨੇ

### ਮਹਾਰਾਜ ਦੇ ਬਚਨ

ਛੱਡੀਂ ਭੀੜ ਵੇਲੇ ਇਹ ਕਮਾਨ ਵਿੱਚੋਂ, ਐਵੇਂ ਤੀਰ ਚਲਾਈਂ ਨਾ ਸਿਦਕਵਾਨਾ
ਤੇਰੀ ਹੋਏਗੀ ਜਿੱਤ ਵਿਸ਼ਵਾਸ ਰੱਖੀਂ, ਕਿਤੇ ਚਿੱਤ ਡੁਲਾਈਂ ਨਾ ਸਿਦਕਵਾਨਾ
ਰੱਖੀਂ ਸਦਾ ਧਿਆਨ ਤੂੰ ਵਾਹਿਗੁਰੂ ਦਾ, ਕਦੇ ਦਿਲੋਂ ਭੁਲਾਈਂ ਨਾ ਸਿਦਕਵਾਨਾ
ਐਪਰ ਸੁੱਟਕੇ ਕਿਤੇ ਇਹ ਮੱਤ ਮੇਰੀ, ਐਵੇਂ 'ਤੀਰ' ਗਵਾਈਂ ਨਾ ਸਿਦਕਵਾਨਾ

## ਦਸਮੇਸ਼ ਜੀ ਦੀ ਅਸੀਸ

ਮੁੱਖੋਂ ਇਸ ਤਰ੍ਹਾਂ ਫੇਰ ਫ਼ੁਰਮਾਨ ਕੀਤਾ, ਸਿੰਘਾ! ਜਾਹ ਸਹਾਈ ਕਰਤਾਰ ਤੇਰਾ
ਜਿੰਨਾ ਚਿਰ ਤੂੰ ਦਿਲੋਂ ਨਿਰਮਾਨ ਰਹਿਸੇਂ, ਕਿਸੇ ਝੱਲ ਨਹੀਂ ਸੱਕਣਾ ਵਾਰ ਤੇਰਾ
ਐਪਰ ਯਾਦ ਰੱਖੀਂ ਕੋਈ ਜਿੱਤ ਪਾ ਕੇ, ਵਧ ਜਾਇਗਾ ਜਦੋਂ ਹੰਕਾਰ ਤੇਰਾ
ਐਵੇਂ ਮਾਰਿਆ ਜਾਏਂਗਾ ਭੰਗ-ਭਾੜੇ, ਹੋ ਜਾਇਗਾ ਜ਼ੋਰ ਖਵਾਰ ਤੇਰਾ

## ਬੰਦਾ ਸਿੰਘ ਨੂੰ ਪੰਜਾਬ ਵੱਲ ਟੋਰਿਆ ਗਿਆ

ਬੰਦਾ ਟੋਰਿਆ ਇਉਂ ਦਸਮੇਸ਼ ਜੀ ਨੇ, ਏਦਾਂ ਗੁਰਾਂ ਤੋਂ ਬੀਰਤਾ ਪਾਈ ਉਸਨੇ
ਲੰਮੀ ਲੜੀ ਹੈ ਓਸਦੀ ਬੀਰਤਾ ਦੀ, ਤੇਗ਼ ਕਿਸ ਤਰ੍ਹਾਂ ਪੁੱਜ ਚਲਾਈ ਉਸਨੇ
ਖ਼ੂਨੀ ਸ਼ਹਿਰ ਸਰਹੰਦ ਦੀ ਕਈ ਵਾਰੀ, ਨਾਲ ਇੱਟ ਦੇ ਇੱਟ ਖੜਕਾਈ ਉਸਨੇ
ਉਹਦਾ ਨਾਮ ਵੀ ਪੈ ਗਿਆ 'ਗੁਰੂਮਾਰੀ', ਦੋਹੀ ਆਪਣੀ ਜਿਹੀ ਫਿਰਾਈ ਉਸਨੇ
ਕਈ ਵਾਰ ਲੁੱਟੀ ਕਈ ਵਾਰ ਪੁੱਟੀ, ਆਖੀ ਆਪਣੀ ਗੱਲ ਨਿਭਾਈ ਉਸਨੇ
ਸਿੰਘ ਨਾਲ ਹੋਏ ਉਹਦੇ ਹੁਕਮ ਅੰਦਰ, ਕੀਤੀ ਜਿੱਸ ਵੇਲੇ ਕਿਤੇ ਧਾਈ ਉਸਨੇ
ਮਿੱਟੀ ਓਸਨੇ ਮਿਣੀ ਵਜ਼ੀਰ ਖਾਂ ਦੀ, ਖ਼ੂਬ ਜ਼ੁਲਮ ਦੀ ਖ਼ਾਕ ਉਡਾਈ ਉਸਨੇ
ਰਿਹਾ ਸਦਾ ਈ ਪੰਥ ਦਾ ਦਾਸ ਹੋ ਕੇ, ਹੱਦੋਂ ਵੱਧ ਰਖੀ ਨਿਮਰਤਾਈ ਉਸਨੇ
ਅੰਤ ਖ਼ਾਲਸੇ ਦੇ ਸਣੇ ਗਿਆ ਫੜਿਆ, ਤਾਂ ਵੀ ਮੂਲ ਨਾ ਅਣਖ ਗਵਾਈ ਉਸਨੇ
ਸਮਾਂ ਆ ਗਿਆ ਜਦੋਂ ਸ਼ਹੀਦੀਆਂ ਦਾ, ਸੁਰਤ ਵਿੱਚ ਨਿਰਵੈਰ ਦੇ ਲਾਈ ਉਸਨੇ
ਅੰਮ੍ਰਿਤ ਧਾਰੀਆਂ ਵਾਂਗ ਸ਼ਹੀਦ ਹੋਇਆ, ਸਿੱਖੀ ਪਾਲ ਕੇ ਖ਼ੂਬ ਵਿਖਾਈ ਉਸਨੇ
ਰਣਾਂ ਵਿੱਚ ਲੜਿਆ ਤੇਗ਼-ਭੇਟ ਚੜ੍ਹਿਆ, ਦੇਸ਼ ਵਾਸਤੇ ਰੱਤ ਵਹਾਈ ਉਸਨੇ
ਡਿਠੇ ਕੱਢਦੇ ਦਿਲ ਪੁੱਤ ਆਪਣੇ ਦਾ, ਅੱਖ ਆਪਣੀ ਨਾਲ ਕਸਾਈ ਉਸਨੇ
ਫੇਰ ਦਿਲ ਮਿਲਿਆ ਉਦ੍ਹੇ ਮੂੰਹ ਅੰਦਰ, ਤਾਂ ਵੀ ਸਿਦਕ ਦੀ ਹੱਦ ਮੁਕਾਈ ਉਸਨੇ
ਮਾਸ ਤੋੜਿਆ ਸੰਨ੍ਹੀਆਂ ਨਾਲ ਗਿਆ, ਤਾਂ ਵੀ ਗੁਰੂ ਨੂੰ ਧੌਣ ਨਿਵਾਈ ਉਸਨੇ
ਹਰ ਵਾਰ ਸਹਿ ਕੇ ਹਰ ਵਾਰ ਮੂੰਹੋਂ, ਸੱਤਿ ਸ੍ਰੀ ਅਕਾਲ ਗਜਾਈ ਉਸਨੇ
ਏਦਾਂ ਹਸਦਿਆਂ ਸਿੰਘ ਸ਼ਹੀਦ ਹੋਇਆ, ਦਿੱਲ ਛੱਡਿਆ ਮੂਲ ਨ ਰਾਈ ਉਸਨੇ
'ਤੀਰ' ਖਿੜੇ ਮੱਥੇ ਦਿੱਲੀ ਵਿਚ ਏਦਾਂ, ਦੇਸ਼ ਵਾਸਤੇ ਜਾਨ ਲੜਾਈ ਉਸਨੇ

## ਵੱਲੋਂ ਕਵੀ

ਬੰਦਾ ਸਿੰਘ ਦੀ ਤੇਗ਼ ਦੇ ਕਾਰਿਆਂ ਦੀ, ਮੋਹਰ ਹੈ ਇਤਿਹਾਸ ਤੇ ਜੜੀ ਹੋਈ
ਕੀ ਕੀ ਓਸ ਕੀਤੀ, ਕਿਹਦੇ ਨਾਲ ਕੀਤੀ, ਹਰ ਜੀਭ ਤੇ ਗੱਲ ਹੈ ਚੜ੍ਹੀ ਹੋਈ
ਏਸ ਥਾਂ ਉਹ ਲਿਖਣ ਦੀ ਲੋੜ ਨਾਹੀਂ, ਹੈਗੀ ਵੱਖਰੀ ਕਵੀ ਨੇ ਘੜੀ ਹੋਈ
'ਤੀਰ' ਸ੍ਰੀ ਦਸਮੇਸ਼ ਦੇ ਹਾਲ ਨਾਲੋਂ, ਏਥੋਂ ਵੱਖਰੀ ਬੰਦੇ ਦੀ ਲੜੀ ਹੋਈ

# ਸੱਚਖੰਡ ਨੂੰ ਤਿਆਰੀ

## ਵੱਲੋਂ ਕਵੀ

ਦੱਖਣ ਵੱਲ ਹੈਸਨ ਜਾਨੀਜਾਨ ਆਏ, ਏਦਾਂ ਸਮੇਂ ਦੇ ਕੁਦਰਤੀ ਗੇੜ ਅੰਦਰ
ਪਾਤਸ਼ਾਹ ਤੇ ਆਪਦੇ ਦਿੱਲ ਵਾਲੀ, ਰਹੀ ਜਿਉਂ ਦੀ ਤਿਉਂ ਹੀ ਤੇੜ ਅੰਦਰ
ਕੰਢੇ ਭਾ ਗਏ ਦਿਲੋਂ ਗੋਦਾਵਰੀ ਦੇ, ਪਹੁੰਚੇ ਜਦੋਂ ਹਜ਼ੂਰ ਨੰਦੇੜ ਅੰਦਰ
'ਤੀਰ' ਸਾਧ ਬੈਰਾਗੀ ਨੂੰ ਜਿੱਤ ਲੀਤਾ, ਜੁਗਤ ਨਾਲ, ਵਿਚਾਰ ਦੇ ਭੇੜ ਅੰਦਰ

## ਫੇਰ ਵੱਲੋਂ ਕਵੀ

ਮੋਹੇ ਗਏ ਨਦੇੜ ਦੀ ਸੁੰਦਰਤਾ ਤੇ, ਜਾਨੀਜਾਨ ਦਸਮੇਸ਼ ਅਵਤਾਰ ਆਖ਼ਰ
'ਰਹਿੰਦੇ ਦਿਨ ਬਾਕੀ ਏਥੇ ਕੱਟ ਲਈਏ', ਪੱਕੀ ਹੋ ਗਈ ਇਹੋ ਵਿਚਾਰ ਆਖ਼ਰ
ਡੇਰੇ ਓਸ ਥਾਂ ਆਪ ਨੇ ਲਾ ਦਿੱਤੇ, ਦਿਲੋਂ ਯਾਦ ਕਰਕੇ ਸਿਰਜਨਹਾਰ ਆਖ਼ਰ
ਥੋੜੇ ਦਿਨਾਂ ਅੰਦਰ ਬਣੀ ਫੇਰ ਰੌਣਕ, ਠਾਠਾਂ ਮਾਰ ਕੇ ਪੁੱਜਾ ਪਿਆਰ ਆਖ਼ਰ
*ਸ਼ਹਿਰ ਵੱਸਿਆ ਆਪਦੀ ਰੀਝ ਗਿਰਦੇ, ਖ਼ੂਬ ਸੱਜ ਗਏ ਹੱਟ ਬਾਜ਼ਾਰ ਆਖ਼ਰ
ਮੇਲਾ ਲੱਗਿਆ ਪੁਰੀ ਅਨੰਦ ਵਾਂਗੂੰ, ਪੱਤ ਝੱੜ ਤੋਂ ਆਈ ਬਹਾਰ ਆਖ਼ਰ
ਕੁੱਝ ਸਮੇਂ ਪਿਛੋਂ ਗਏ ਜਾਣ ਵੇਖੋ, ਗੱਲ ਹੋਣ ਵਾਲੀ ਨੂੰ ਦਾਤਾਰ ਆਖ਼ਰ
ਸੱਦਾ ਆਵਣਾ ਏਂ ਸੱਚੇ ਘਰ ਵਿੱਚੋਂ, ਛੱਡ ਜਾਵਣਾ ਇਹ ਸੰਸਾਰ ਆਖ਼ਰ
ਅਸਾਂ ਪਿਤਾ ਪਰਮਾਤਮਾ ਕੋਲ ਜਾਣਾ, ਦਿਨ ਏਸ ਥਾਂ ਕੱਟਣੇ ਚਾਰ ਆਖ਼ਰ
ਭਾਵੇਂ ਸਿਦਕਣੀ ਏ, ਪ੍ਰੇਮ ਮੂਰਤੀ ਏ, ਹੋਈ ਸਾਹਿਬ ਦੇਵਾਂ 'ਕੱਲੀ ਨਾਰ ਆਖ਼ਰ
ਇਹਨੇ ਇਹ ਸਦਮਾ ਵੇਖ ਨਹੀਂ ਜਰਨਾ, ਸਮੇਂ ਹੈ ਕਰਨਾ ਆਣ ਵਾਰ ਆਖ਼ਰ
**'ਇਹਨੂੰ ਟੋਰ ਦਿੱਲੀ ਹੌਲੇ ਹੋ ਲਈਏ', ਨਿੱਕਾ ਜਿਹਾ ਹੈ ਇਹ ਵੀ ਭਾਰ ਆਖ਼ਰ
ਏਨੀ ਸੋਚ ਕੇ ਸੱਦਿਆ ਪਾਸ ਉਹਨੂੰ, ਗੱਲਾਂ ਕੀਤੀਆਂ ਨਾਲ ਸਤਿਕਾਰ ਆਖ਼ਰ
ਦੱਸੀ ਗੱਲ ਸਾਰੀ ਤੇ ਉਪਦੇਸ਼ ਦਿੱਤਾ, ਜਾਣ ਲਈ ਕਰ ਲਿਆ ਤਿਆਰ ਆਖ਼ਰ
ਮਨੀ ਸਿੰਘ ਜੀ ਨੂੰ ਨਾਲ ਘੱਲ ਦਿੱਤਾ, ਵਾਂਗ ਪਿਤਾ ਦੇ, ਦੇ ਪਿਆਰ ਆਖ਼ਰ
'ਤੀਰ' ਜੋ ਕਰਤਾਰ ਨੂੰ ਭਾਂਵਦਾ ਸੀ, ਹੋਈ ਏਸ ਥਾਂ ਤੇ ਉਹੋ ਕਾਰ ਆਖ਼ਰ

## ਮਹਾਰਾਜ ਦੇ ਲੁਕਵੇਂ ਕਾਤਲ (ਵੱਲੋਂ ਕਵੀ)

ਇਹ ਤਾਂ ਪਤਾ ਹੈ ਸੋਹਣਿਆਂ ਪਾਠਕਾਂ ਨੂੰ, ਹੋਈ ਜੋ ਸਰਹੰਦ ਵਿਚ ਕਾਰ ਹੈਸੀ
ਇਹ ਵੀ ਚਾਨਣਾ ਹੋ ਗਿਆ ਸਭ ਪਿੱਛੇ, ਕਿਵੇਂ ਖ਼ਾਨ ਵਜ਼ੀਰ ਨੂੰ ਖ਼ਾਰ ਹੈਸੀ

---

* ਅਬਿਚਲ ਨਗਰ ਦੀ ਵਸੋਂ ਹੋਈ।

** ਜਦੋਂ ਮਹਾਰਾਜ ਆਗਰੇ ਗਏ ਸੀ ਤਾਂ ਮਾਤਾ ਸਾਹਿਬ ਦੇਵਾਂ ਜੀ ਉਸੇ ਸਮੇਂ ਦਿੱਲੀ ਤੋਂ ਆਪ ਦੇ ਨਾਲ ਆਏ ਸਨ।

ਇਹ ਵੀ ਦੱਸਿਆ ਗਿਆ ਏ ਮੇਲ ਵਾਲੀ, ਚੱਲੀ ਜੱਦ ਤੋਂ ਕੋਈ ਵਿਚਾਰ ਹੈਸੀ
ਲੱਗੀ ਧੁੱਖ ਧਖੀ ਹੈਸੀ ਨਵਾਬ ਤਾਈਂ, ਰਹਿੰਦਾ ਦਿਨੇ ਰਾਤੀਂ ਅਵਾਜ਼ਾਰ ਹੈਸੀ
ਔਰੰਗਜ਼ੇਬ ਸੀ ਆਰਜ਼ੀ ਮੇਲ ਚਾਹੁੰਦਾ, ਉਹਦਾ ਪੁੱਤ ਵੀ ਕੁਝ ਤਿਆਰ ਹੈਸੀ
ਐਪਰ ਅਜੇ ਤੋੜੀ ਚੜ੍ਹੀ ਸਿਰੇ ਨਾ ਸੀ, ਗੱਲ ਸੁਲ੍ਹਾ ਦੀ ਓਸ ਲਈ ਮਾਰ ਹੈਸੀ
ਉਹਦੇ ਨਾਲ ਨਵਾਬ ਲਾਹੌਰ ਵੀ ਸੀ, ਜਿਹੜਾ ਉਹਦਾ ਲੰਗੋਟੀਆ ਯਾਰ ਹੈਸੀ
ਸੁਲ੍ਹਾ ਨਾਲ ਦਸਮੇਸ਼ ਦੇ ਹੋ ਜਾਣੀ, 'ਤੀਰ' ਉਨ੍ਹਾਂ ਦੀ ਕਬਰ ਤਿਆਰ ਹੈਸੀ

*ਮੇਲ ਹੋ ਗਿਆ ਤਾਂ ਸਾਡਾ ਕੀ ਹਾਲ ਹੋਵੇਗਾ, ਦੋਹਾਂ ਨਵਾਬਾਂ ਨੂੰ ਪਤਾ ਸੀ (ਵੱਲੋਂ ਕਵੀ)*

ਦੋਵੇਂ ਜਾਣਦੇ ਸੀ ਗੁਰੂ ਪੰਜਵੇਂ ਨੇ, ਜਦੋਂ ਦੇਹ ਤੇ ਕਸ਼ਟ ਸਹਾਰਿਆ ਸੀ
ਖ਼ੂਨੀ ਜ਼ਾਹਿਰਾ ਚੰਦੂ ਸੀ ਗੁਰੂ ਜੀ ਦਾ, ਜਾਲ ਪਰ ਜਹਾਂਗੀਰ ਖਿਲਾਰਿਆ ਸੀ
ਗੱਲ ਸਾਕ ਦੀ ਗਈ ਸੀ ਧੁੰਮ ਸਾਰੇ, ਭੇਦ ਕਿਸੇ ਨਾ ਤਦੋਂ ਨਿਤਾਰਿਆ ਸੀ
ਐਪਰ ਗੁਰੂ ਛੇਵੇਂ ਵੇਲੇ ਪਾਤਸ਼ਾਹ ਨੇ, ਜਦੋਂ ਸੁਲ੍ਹਾ ਦਾ ਹੱਥ ਪਸਾਰਿਆ ਸੀ
ਚੰਦੂ ਸੌਂਪਿਆ ਗਿਆ ਸੀ ਵੈਰੀਆਂ ਨੂੰ, ਜਿਨ੍ਹਾਂ ਮਾਰਨਾ ਓਸਨੂੰ ਧਾਰਿਆ ਸੀ
ਨੱਕ ਨੱਥ ਤੇ ਸਿੱਖਾਂ ਦੇ ਹੱਥ ਦੇ ਕੇ, ਹੱਟ ਹੱਟ ਤੇ ਗਿਆ ਧਿਰਕਾਰਿਆ ਸੀ
'ਤੀਰ' ਪਾਤਸ਼ਾਹ ਨੂੰ ਕਿਸੇ ਪੁੱਛਿਆ ਨਾ, ਚੰਦੂ ਭੰਗ ਭਾੜੇ ਗਿਆ ਮਾਰਿਆ ਸੀ

*ਦੋਵੇਂ ਨਵਾਬ ਸੋਚਦੇ ਸੀ ਜੇ ਸ੍ਰੀ ਦਸਮੇਸ਼ ਜੀ ਦੀ ਪਾਤਸ਼ਾਹ
ਨਾਲ ਸੁਲ੍ਹਾ ਹੋ ਗਈ ਤਾਂ (ਵੱਲੋਂ ਕਵੀ)*

ਅਜੇ ਸੁਲ੍ਹਾ ਦੀ ਗੱਲ ਹੈ ਟੁਰੀ ਤਾਂ ਵੀ, ਰਹੇ ਪੁੱਜਦੇ ਸ਼ਾਹੀ ਫੁਰਮਾਨ ਸਾਨੂੰ
'ਆਖੋ ਗੁਰੂ ਨੂੰ ਕੁਝ ਨਾ ਮੂਲ ਅੱਗੋਂ', ਲਿੱਖ ਘਲਦਾ ਰਿਹਾ ਸੁਲਤਾਨ ਸਾਨੂੰ
ਜੇਕਰ ਸੱਚ ਹੀ ਸੁਲ੍ਹਾ ਹੋ ਗਈ ਪੂਰੀ, ਫੇਰ ਕਿਸੇ ਨਹੀਂ ਬਖ਼ਸ਼ਣੀ ਜਾਨ ਸਾਨੂੰ
'ਜਾਨ ਗੁਰੂ ਦਸਮੇਸ਼ ਦੀ ਲੈ ਲਈਏ', ਤਦੋ ਜੀਵਣਾ ਮਿਲੇ ਜਹਾਨ ਸਾਨੂੰ
ਨਹੀਂ ਤਾਂ ਵਾਂਗ ਚੰਦੂ ਸਾਡਾ ਹਾਲ ਹੋਸੀ, ਹੋਣਾ ਪਏਗਾ ਅੰਤ ਹੈਰਾਨ ਸਾਨੂੰ
'ਤੀਰ' ਗੁਰੂ ਜੇ ਜੀਂਵਦਾ ਸਫਲ ਹੋਇਆ, ਮਾਰ ਲਏਗਾ ਰੜੇ ਮੈਦਾਨ ਸਾਨੂੰ

*ਦੋਹਾਂ ਨਵਾਬਾਂ ਵੱਲੋਂ ਕੀ ਕੀਤਾ ਗਿਆ (ਵੱਲੋਂ ਕਵੀ)*

*ਆਖ ਵੇਖ ਨਵਾਬ ਸਰਹੰਦ ਹੋਰਾਂ, ਚੋਬਰ ਇਕ ਪਠਾਣ ਤਿਆਰ ਕੀਤਾ
ਮੱਤਾਂ ਓਸ ਨੂੰ ਦਿੱਤੀਆਂ ਗੁਪਤ ਸੈਆਂ, ਹਰ ਤਰ੍ਹਾਂ ਸਮਝਾ ਹੁਸ਼ਿਆਰ ਕੀਤਾ

---

* ਇਹ ਵਾਕਿਆਤ 'ਚਤਰ ਯੁਗੀ' ਪੁਸਤਕ ਜੋ ਕਿ ਹੱਥ ਲਿਖਤ ਹੈ ਅਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਪਾਸ ਹੈ, ਉਨ੍ਹਾਂ ਪਾਸੋਂ ਪ੍ਰਾਪਤ ਕਰ ਕੇ ਪ੍ਰੋਫੈਸਰ ਕਰਤਾਰ ਸਿੰਘ ਜੀ ਐੱਮ.ਏ. (ਜੀਵਨ ਕਥਾ ਗੁਰੂ ਗੋਬਿੰਦ ਸਿੰਘ ਜੀ ਵਿਚ) ਨੇ ਲਿਖੇ ਹਨ ਤੇ ਦਾਸ ਨੇ ਉਹਨਾਂ ਦੀ ਲਿਖੀ ਪੁਸਤਕ ਵਿਚੋਂ ਲਏ ਹਨ ਜਿਸ ਲਈ ਕਰਤਾ ਦੋਹਾਂ ਦਾ ਧੰਨਵਾਦੀ ਹੈ। (ਤੀਰ)

ਦਿੱਲੀ ਪਹੁੰਚ ਕੇ ਓਸ ਨੇ ਪਤਾ ਕੀਤਾ, ਡੇਰਾ ਕਿਸ ਥਾਂ ਸ੍ਰੀ ਦਾਤਾਰ ਕੀਤਾ
'ਤੀਰ' ਦਿੱਲੀਓਂ ਚੱਲ ਕੇ ਓਸ ਵੇਖੋ, ਕਿਵੇਂ ਆਪਣਾ ਮੰਦ ਵਿਹਾਰ ਕੀਤਾ

### ਨੀਚ ਦੀ ਨੀਚ ਕਾਰ (ਵੱਲੋਂ ਕਵੀ)

ਰਵਾਂ ਰਵੀਂ ਨਦੇੜ ਦੇ ਵਿਚ ਪੁੱਜਾ, ਪੱਕਾ ਧਾਰਿਆ ਦਿਲੋਂ ਖ਼ਿਆਲ ਉਸਨੇ
ਜੋੜੇ ਹੱਥ ਦਰਬਾਰ ਦੇ ਵਿੱਚ ਆ ਕੇ, ਡੇਰਾ ਲਿਆ ਮਹਾਰਾਜ ਦਾ ਭਾਲ ਉਸਨੇ
ਕਿਹੜੇ ਸਮੇਂ ਤੇ ਦਾਅ ਹੈ ਫੱਬ ਜਾਂਦਾ, ਬੈਠ ਬੈਠ ਕਰ ਲਈ ਪੜਤਾਲ ਉਸਨੇ
ਵੇਲਾ ਸੰਧਿਆ ਦਾ ਓਸ ਮਿਥ ਲੀਤਾ, ਵੇਲਾ ਮਿਥ ਖੇਡੀ, ਏਦਾਂ ਚਾਲ ਉਸਨੇ
ਨੇਮ ਨਾਲ ਆਵੇ ਰੋਜ਼ ਸ਼ਾਮ ਵੇਲੇ, ਏਸ ਨੇਮ ਦਾ ਤਾਣਿਆ ਜਾਲ ਉਸਨੇ
ਕਈ ਦਿਨ ਨਾ ਓਸ ਦਾ ਦਾਅ ਲੱਗਾ, ਕੀਤੇ ਸੈਂਕੜੇ ਪੱਜ ਪਲਾਲ ਉਸਨੇ
ਇੱਕ ਰੋਜ਼ ਐਪਰ ਹੋਰ ਦੋ ਸਾਥੀ, ਲੀਤੇ ਅੰਤ ਨੂੰ ਆਪਣੇ ਨਾਲ ਉਸਨੇ
ਬੈਠ ਗਿਆ ਮਹਾਰਾਜ ਦੇ ਪਾਸ ਆ ਕੇ, ਸਾਥੀ ਬੂਹੇ ਤੇ ਦਿੱਤੇ ਬਿਠਾਲ ਉਸਨੇ
ਮਹਾਰਾਜ ਦੇ ਪਾਸ ਇੱਕ ਟਹਿਲੀਆ ਸੀ, ਕੀਤੀ ਏਸਦੀ ਨਾ ਪੁੱਛ ਭਾਲ ਉਸਨੇ
ਲੱਗੀ ਲੇਟਿਆਂ ਅੱਖ ਜਾਂ ਗੁਰੂ ਜੀ ਦੀ, ਫੜੀ ਨਾਲ ਫੁਰਤੀ ਤੇਗ਼ ਢਾਲ ਉਸਨੇ
ਕੀਤੇ ਵਾਰ ਦੋ ਪੱਲ ਦੀ ਪੱਲ ਅੰਦਰ, ਜਿਨ੍ਹਾਂ ਲਈ ਸੀ ਗਾਲਿਆ ਸਾਲ ਉਸਨੇ
ਐਪਰ ਤੀਸਰੇ ਵਾਰ ਤੋਂ ਝੱਟ ਪਹਿਲੇ, ਜਿੰਦ ਲਈ ਜਗਾ ਲਿਆ ਕਾਲ ਉਸਨੇ
ਕੀਤਾ ਵਾਰ ਭਰਵਾਂ ਜਾਣੀਜਾਣ ਜੀ ਨੇ, ਦੋਇ ਵਾਰ ਆਖੀ ਹਾਲ ਹਾਲ ਉਸਨੇ
ਤੀਜੀ ਵਾਰ ਨਾ ਮੂੰਹ ਤੋਂ ਬੋਲਿਆ ਉਹ, ਇੱਕ ਵਾਰ ਦੀ ਨਾ ਝੱਲੀ ਝਾਲ ਉਸਨੇ
ਵਾਂਗ ਸੁੱਸਰੀ ਸੌਂ ਗਿਆ ਧਰਤ ਉੱਤੇ, ਭੋਂ ਕਰ ਦਿੱਤੀ ਸੂਹੀ ਲਾਲ ਉਸਨੇ
ਥੇਹ ਹੋ ਗਿਆ ਦੇਹ ਦਾ ਮਹਿਲ ਉਸਦਾ, ਮਾਨੋਂ ਝੱਲਿਆ ਕੋਈ ਭੂੰਚਾਲ ਉਸਨੇ
ਵੇੜ੍ਹਾ ਖ਼ੂਨ-ਭਰਿਆ ਜਾਏ ਖ਼ੂਨ ਵਹਿੰਦਾ, ਖੋਲ੍ਹੀ ਅੱਖ ਹੋਵੇ, ਕੀ ਮਜਾਲ ਉਸਨੇ
'ਤੀਰ' ਘਰੋਂ ਜਿਹੜਾ ਮਾਰਨ ਆ ਗਿਆ ਸੀ, ਲਿਆ ਆਪਣਾ ਆਪ ਈ ਗਾਲ ਉਸਨੇ

### ਮਹਾਰਾਜ ਦੀ ਅਵਾਜ਼

ਏਨੇ ਵਿੱਚ ਮਹਾਰਾਜ ਨੇ ਸੱਦ ਕੀਤੀ, ਕੋਈ ਹੈ, ਸੁਣ ਕੇ ਸਿਦਕਵਾਨ ਦੌੜੇ
ਉਨ੍ਹਾਂ ਵੇਖਿਆ ਵੱਗ ਰਹੀ ਰੱਤ-ਧਾਰਾ, ਅਤੇ ਜਾਣ ਦੋ 'ਔਹ ਪਠਾਨ ਦੌੜੇ'
ਉਨ੍ਹਾਂ ਇੱਕ ਵੀ ਪੈਰ ਨਾ ਜਾਣ ਦਿੱਤੇ, ਸਿੱਖ ਉਨ੍ਹਾਂ ਦੇ ਲੈਣ ਪਰਾਨ ਦੌੜੇ
ਝੱਟ ਪਹੁੰਚਕੇ 'ਤੀਰ' ਝਟਕਾ ਦਿੱਤੇ, ਜੋ ਸੀ ਸਾਂਭ ਕੇ ਆਪਣੀ ਜਾਨ ਦੌੜੇ

### ਅੰਦਰਲਾ ਕੌਤਕ (ਵੱਲੋਂ ਕਵੀ)

ਵੇਖ ਅੰਦਰਲੀ ਖੇਡ ਹੈਰਾਨ ਹੋਏ, ਚੋਟ ਦਿਲਾਂ ਤੇ ਦਰਦ ਦੀ ਜਰਨ ਲੱਗੇ
ਅੱਖਾਂ ਸਾਹਮਣੇ ਵੇਖ ਪਠਾਣ ਸੁੱਤਾ, ਵਾਰ ਤੇਗ਼ ਦਾ ਓਸ ਤੇ ਕਰਨ ਲੱਗੇ

ਜਾਣੀਜਾਣ ਜੀ ਬੋਲ ਪਏ ਸਿਦਕਵਾਨੋ, ਕਿਹਦੇ ਗਲੇ ਤੇ ਹੋ ਤੇਗ਼ ਧਰਨ ਲੱਗੇ
ਮੋਇਆ ਪਿਆ ਹੈ ਕਦੇ ਦਾ ਲੋਥ ਚੁੱਕੋ, 'ਤੀਰ' ਸੁਣ ਏਨੀ ਪ੍ਰੇਮੀ ਚਰਨ ਲੱਗੇ

ਵੱਲੋਂ ਕਵੀ

ਵਰਤ ਗਈ ਕੀ ਖੇਡ ਪਲਕਾਰ ਅੰਦਰ, ਕੀਤਾ ਕਿਸੇ ਨਾ ਬਹੁਤ ਖ਼ਿਆਲ ਵੇਖੋ
ਐਪਰ ਸ੍ਰੀ ਦਸਮੇਸ਼ ਜੀ ਜਦੋਂ ਉੱਠੇ, ਪੈਰੋਂ ਥਿੜਕ ਗਏ ਹੋ ਨਢਾਲ ਵੇਖੋ
ਹੱਥ ਪੈਰ ਪੈ ਗਏ ਸਿੱਖਾਂ ਸੇਵਕਾਂ ਨੂੰ, ਸਾਰਾ ਪਤਾ ਲੱਗਾ ਜਦੋਂ ਹਾਲ ਵੇਖੋ
'ਤੀਰ' ਹੱਸ ਕੇ ਕਿਹਾ ਦਸਮੇਸ਼ ਜੀ ਨੇ, ਜ਼ਖਮ ਸੀ ਦਿਓ ਜੁਗਤ ਦੇ ਨਾਲ ਵੇਖੋ

ਸ੍ਰੀ ਦਸਮੇਸ਼ ਜੀ ਨੇ ਬਚਨ ਕੀਤਾ

ਤੁਸੀਂ ਘਾਬਰੋ ਨਾ ਮੇਰੇ ਸਿਦਕਵਾਨੋ, ਲੱਗਾ ਲੈਣ ਸੀ ਅੱਜ ਚੰਡਾਲ ਮੈਨੂੰ
ਉਹਦੇ ਵਾਰ ਦੋ ਝੱਲ ਕੇ ਅਚਨ-ਚੇਤੀ, ਆਈ ਸੁੱਤਿਆਂ ਜਾਗ ਤੱਤਕਾਲ ਮੈਨੂੰ
ਮੇਰੀ ਰੱਛਿਆ 'ਪੁਰਖ ਅਕਾਲ' ਕੀਤੀ, ਉਹਨੇ ਜਾਣਿਆ ਆਪਣਾ ਬਾਲ ਮੈਨੂੰ
'ਤੀਰ' ਹੋਈ ਬੀਤੀ ਦਾ ਖ਼ਿਆਲ ਛੱਡੋ, ਗਈ ਗੱਲ ਦਾ ਨਹੀਂ ਖ਼ਿਆਲ ਮੈਨੂੰ

ਜ਼ਖ਼ਮ ਸੀਤੇ ਗਏ (ਵੱਲੋਂ ਕਵੀ)

ਬੜੀ ਚੌਕਸੀ ਨਾਲ, ਤੇ ਭਰੇ ਨੈਣੀਂ, ਵੇਖੀ ਗੁਰੂ ਮਹਾਰਾਜ ਦੀ ਸੱਟ ਸਿੱਖਾਂ
ਸੀਉਣ ਵਾਸਤੇ ਜ਼ਖ਼ਮ ਸਤਿਗੁਰੂ ਜੀ ਦੇ, ਸੇਵਾਦਾਰ ਨੂੰ ਭੇਜਿਆ ਝੱਟ ਸਿੱਖਾਂ
ਕਿਤੋਂ ਲਿਆ *ਜਰਾਹ ਨੂੰ ਸੱਦ ਛੇਤੀ, ਕੀਤੀ ਆਪਣੀ ਵੱਲੋਂ ਨਾ ਘੱਟ ਸਿੱਖਾਂ
'ਤੀਰ' ਇਸ ਤਰ੍ਹਾਂ ਝੱਟ ਸਿਵਾ ਦਿੱਤੇ, ਚੋਜੀ ਸ੍ਰੀ ਦਸਮੇਸ਼ ਦੇ ਫੱਟ ਸਿੱਖਾਂ

ਸੀਤੇ ਜ਼ਖ਼ਮ ਖੁੱਲ੍ਹ ਗਏ (ਵਲੋਂ ਕਵੀ)

ਐਪਰ ਸ੍ਰੀ ਦਸਮੇਸ਼ ਜੀ ਜਦੋਂ ਉੱਠੇ, ਤੋਪੇ ਟੁੱਟ ਗਏ, ਜ਼ਖ਼ਮ ਖੁੱਲ੍ਹ ਗਏ
ਵੱਗੀ ਲਹੂ-ਧਾਰਾ ਵੇਖ ਸਿੱਖ ਡੋਲੇ, ਨੈਣ ਸਾਰਿਆਂ ਦੇ ਨਾਲੇ ਡੁੱਲ੍ਹ ਗਏ
ਰੰਗ ਵੇਖ ਡਾਢੇ ਸੋਚਵਾਨ ਹੋਏ, ਵੇਖ ਹੋਣੀਆਂ ਦਰਦ ਵਿੱਚ ਘੁੱਲ ਗਏ
'ਤੀਰ' ਫੇਰ ਸੀਤੇ ਫੱਟ ਸਤਿਗੁਰਾਂ ਦੇ, ਪ੍ਰੇਮੀ ਪ੍ਰੇਮ ਦੀ ਤੱਕੜੀ ਤੁੱਲ ਗਏ

ਵੱਲੋਂ ਕਵੀ

ਬੀਤੀ ਰਾਤ ਤੇ ਜਦੋਂ ਸਵੇਰ ਹੋਈ, ਫੱਟਾਂ ਸੀਤਿਆਂ ਤੇ ਮਲ੍ਹਮ ਲਾਈ ਸਿੰਘਾਂ
ਹੋਰ ਲੋੜ ਅਨੁਸਾਰ ਜੋ ਲੋੜ ਹੈਸੀ, ਉਹ ਵੀ ਝੱਟ ਦਵਾਈ ਮੰਗਾਈ ਸਿੰਘਾਂ
ਫੈਲੀ ਖ਼ਬਰ ਇਹ ਪੁਰੇ ਦੀ ਪੌਣ ਵਾਂਗੂੰ, ਗੱਲ ਸੁਣ ਸੁਣ ਝੜੀ ਵਸਾਈ ਸਿੰਘਾਂ

---

* (ਜਰਾਹ) ਜ਼ਖ਼ਮਾਂ ਦਾ ਇਲਾਜ ਕਰਨ ਵਾਲਾ ਤੇ ਫੱਟ ਆਦਿ ਸੀਉਣ ਵਾਲਾ ਹਕੀਮ ਹੁੰਦਾ ਹੈ।

ਆਣ ਆਣ ਮਹਾਰਾਜ ਦੇ ਦਰਸ ਕੀਤੇ, ਰੱਜ ਰੱਜ ਕੇ ਟਹਿਲ ਕਮਾਈ ਸਿੰਘਾਂ
ਤਿੰਨ ਚਾਰ ਦਿਨ ਰਹੇ ਦਸਮੇਸ਼ ਲੇਟੇ, ਅੰਤ ਆਨਕੇ ਅਰਜ਼ ਸੁਣਾਈ ਸਿੰਘਾਂ
'ਤੀਰ' ਦਰਸ਼ਨਾਂ ਵਾਸਤੇ ਧਾ ਆਈ, ਦੱਸੀ ਬਾਹਰ ਬਿਅੰਤ ਲੁਕਾਈ ਸਿੰਘਾਂ

### ਦਸਮੇਸ਼ ਜੀ ਦੇ ਅੰਤਲੇ ਦਰਬਾਰ (ਵੱਲੋਂ ਕਵੀ)

ਮੰਨ ਬੇਨਤੀ ਆਪਣੇ ਸੇਵਕਾਂ ਦੀ, ਕੀਤੀ ਪ੍ਰੇਮ ਦੀ ਕਾਰ ਦਸਮੇਸ਼ ਜੀ ਨੇ
ਖੁਲ੍ਹੇ ਸ਼ਾਮਿਆਨੇ ਤਨਵਾ ਦਿੱਤੇ, ਲਾਇਆ ਆਣ ਦਰਬਾਰ ਦਸਮੇਸ਼ ਜੀ ਨੇ
ਵੇਖ ਸੰਗਤਾਂ ਬੈਠੀਆਂ ਪ੍ਰੇਮ-ਅੰਦਰ, ਦਿੱਤਾ ਦਿਲੋਂ ਪਿਆਰ ਦਸਮੇਸ਼ ਜੀ ਨੇ
ਮੇਰਾ ਖ਼ਾਲਸਾ ਆਜਜ਼ਾਂ ਵਾਸਤੇ ਜੇ, ਕੀਤਾ ਇਹ ਪਰਚਾਰ ਦਸਮੇਸ਼ ਜੀ ਨੇ
ਵੇਖ ਸੰਗਤਾਂ ਦਿਲੋਂ ਪਰਸੰਨ ਹੋਈਆਂ, ਰਾਜੀ ਹੁਣ ਕਰਤਾਰ ਦਸਮੇਸ਼ ਜੀ ਨੇ
'ਤੀਰ' ਪ੍ਰੇਮ ਸਾਗਰ ਠਾਠਾਂ ਮਾਰਦਾ ਸੀ, ਦਿੱਤੇ ਜਦੋਂ ਦੀਦਾਰ ਦਸਮੇਸ਼ ਜੀ ਨੇ

### ਵੱਲੋਂ ਕਵੀ

ਕਈ ਦਿਨ ਦਰਬਾਰ ਦਸਮੇਸ਼ ਜੀ ਦੇ, ਠਾਠ ਬਾਠ ਪੂਰੇ ਨਾਲ ਸੱਜਦੇ ਰਹੇ
ਸ਼ਰਧਾ-ਵਾਨ ਪ੍ਰੇਮੀ ਭੁੱਖੇ ਦਰਸ਼ਨਾਂ ਦੇ, ਰੋਜ਼ ਨਾਲ ਦੀਦਾਰ ਦੇ ਰੱਜਦੇ ਰਹੇ
ਰੋਜ਼ ਰਹੇ ਉਪਦੇਸ਼ ਦਾਤਾਰ ਕਰਦੇ, ਰੋਜ਼ ਭਗਤ ਭਗਵਾਨ ਨੂੰ ਭੱਜਦੇ ਰਹੇ
'ਤੀਰ' ਰੋਜ਼ ਹੁੰਦਾ ਰਿਹਾ ਕੀਰਤਨ ਵੀ, ਰੋਜ਼ ਰਾਗ ਹੁੰਦੇ ਵਾਜੇ ਵੱਜਦੇ ਰਹੇ

### ਅੰਤਲਾ ਕੌਤਕ (ਵੱਲੋਂ ਕਵੀ)

ਇਕ ਰੋਜ਼ ਏਸੇ ਤਰ੍ਹਾਂ ਸਤਿਗੁਰਾਂ ਦਾ, ਹੈਸੀ ਸੱਜਿਆ ਖ਼ੂਬ ਦੀਵਾਨ ਵੇਖੋ
ਏਸ ਭਰੇ ਦੀਵਾਨ ਦੇ ਵਿਚ ਆਇਆ, ਇਕ ਪ੍ਰੇਮ ਭਰਿਆ ਸਿਦਕਵਾਨ ਵੇਖੋ
ਓਸ ਸੋਹਣੇ ਜਵਾਨ ਨੇ ਭੇਟ ਕੀਤੀ, ਸਣੇ ਤੀਰ ਦੇ ਇੱਕ ਕਮਾਨ ਵੇਖੋ
ਜਾਣੀਜਾਣ ਜੀ ਵੇਖ ਪ੍ਰਸੰਨ ਹੋਏ, ਮੂੰਹੋਂ ਆਖਿਆ ਨਾਲ ਇਹ ਮਾਨ ਵੇਖੋ
ਇਹਦਾ ਰੰਗ ਸੋਹਣਾ ਇਹਦਾ ਢੰਗ ਸੋਹਣਾ, ਇਹਦੇ ਬੰਦ ਸੋਹਣੇ ਇਹਦੀ ਸ਼ਾਨ ਵੇਖੋ
'ਤੀਰ' ਸਣੇ ਕਮਾਨ ਦੇ, ਅੱਜ ਹੋਇਆ, ਭੇਟਾ ਦੇਣ ਵਾਲਾ ਵੀ ਪਰਵਾਨ ਵੇਖੋ

### ਸੱਚੇ ਪਾਤਸ਼ਾਹ ਕਮਾਨ ਚੜ੍ਹਾ ਕੇ ਵੇਖਣ ਲੱਗੇ

ਜਾਣੀਜਾਣ ਨੇ ਆਖਿਆ ਵੇਖ ਸਿੱਖਾ, ਅਸੀਂ ਚਿੱਲਾ ਚੜ੍ਹਾ ਕੇ ਵੇਖਦੇ ਹਾਂ
ਸਾਨੂੰ ਦਿਲੋਂ ਕਮਾਨ ਇਹ ਬਹੁਤ ਭਾਈ, ਇਹਦਾ ਜ਼ੋਰ ਅਜ਼ਮਾ ਕੇ ਵੇਖਦੇ ਹਾਂ
ਕਿੰਨੀ ਨਿਕਲਦੀ ਗੂੰਜ-ਟੰਕਾਰ ਇਸਦੀ, ਤੰਦੀ ਇਹਦੀ ਵਜਾ ਕੇ ਵੇਖਦੇ ਹਾਂ
ਕਿੰਨੀ ਦੂਰ ਹੈ ਚੱਲ ਕੇ ਮਾਰ ਕਰਦਾ, ਅਸੀਂ ਤੀਰ ਚਲਾ ਕੇ ਵੇਖਦੇ ਹਾਂ

### ਚਿੱਲਾ ਚੜ੍ਹਾਣ ਦਾ ਭਿਆਨਕ ਨਤੀਜਾ

ਭਾਵੇਂ ਸਿੱਖ ਸੇਵਕ ਰਹੇ ਮਨ੍ਹਾ ਕਰਦੇ, ਜਾਣੀਜਾਣ ਪਰ ਬਚਨ ਤੇ ਤੁੱਲ ਗਏ
ਚਿੱਲਾ ਚਾੜ੍ਹਿਆ ਖਿੱਚਕੇ ਆਪ ਨੇ ਜਾਂ, ਤੋਪੇ ਟੁੱਟ ਗਏ ਜ਼ਖ਼ਮ ਖੁੱਲ੍ਹ ਗਏ
ਫਰਨ ਫਰਨ ਚੱਲੀ ਵੇਖ ਰੱਤ ਧਾਰਾ, ਨੈਣ ਪ੍ਰੇਮੀਆਂ ਸਿੱਖਾਂ ਦੇ ਡੁੱਲ੍ਹ ਗਏ
'ਤੀਰ' ਵਰਤਿਆ ਵੇਖ ਕੇ ਇਹ ਭਾਣਾ, ਸਿੱਖ ਆਪਣਾ ਆਪ ਹੀ ਭੁੱਲ ਗਏ

### ਦੌੜ ਭੱਜ (ਵੱਲੋਂ ਕਵੀ)

ਸੋਚਵਾਨ ਹੋਏ ਸਾਰੇ ਸਿੱਖ ਪ੍ਰੇਮੀ, ਸੇਵਾ ਟਹਿਲ ਕਮਾਣ ਦੇ ਲਈ ਦੌੜੇ
ਕੋਈ ਗਿਆ ਜਰਾਹ ਦੇ ਵੱਲ ਭੱਜਾ, ਕੋਈ ਮਲ੍ਹਮ ਲਿਆਣ ਦੇ ਲਈ ਦੌੜੇ
ਵੇਖ ਰੱਤ ਵਹਿੰਦੀ ਰੋਣ ਰੱਤ-ਹੰਝੂ, ਕੋਈ ਪੱਟੀ ਲਿਆਣ ਦੇ ਲਈ ਦੌੜੇ
'ਤੀਰ' ਦਰਦ ਦੇ ਪੁੰਜ ਦਸਮੇਸ਼ ਜੀ ਦਾ, ਦਿਲੋਂ ਦਰਦ ਮਿਟਾਣ ਦੇ ਲਈ ਦੌੜੇ

### ਫੱਟ-ਬੰਨ੍ਹ ਆ ਗਿਆ ਤੇ ਕਹਿਣ ਲੱਗਾ

ਫੱਟ-ਬੰਨ੍ਹ ਆਇਆ ਪਲੋ ਪਲੀ ਅੰਦਰ, ਹੱਥ ਜੋੜ ਆਖੇ ਤਾਬੇਦਾਰ ਹਾਂ ਮੈਂ
ਸੱਚੇ ਪਾਤਸ਼ਾਹ ਜਿਸ ਤਰ੍ਹਾਂ ਹੁਕਮ ਹੋਵੇ, ਓਵੇਂ ਟਹਿਲ ਦੇ ਲਈ ਤਿਆਰ ਹਾਂ ਮੈਂ
ਵੇਖ ਆਪ ਦਾ ਇਉਂ ਸਰੀਰ ਫੱਟੜ, ਰਿਹਾ ਦਿਲ ਤੇ ਦਰਦ ਸਹਾਰ ਹਾਂ ਮੈਂ
'ਤੀਰ' ਆਪ ਜੇ ਟਹਿਲ ਦਾ ਸਮਾਂ ਬਖ਼ਸ਼ੋ, ਹੋ ਸੱਕਦਾ ਭਵਜਲੋਂ ਪਾਰ ਹਾਂ ਮੈਂ

### ਮਹਾਰਾਜ ਦੇ ਬਚਨ

ਮਹਾਰਾਜ ਨੇ ਆਖਿਆ ਸਿਦਕਵਾਨਾ, ਮਲ੍ਹਮ ਪੱਟੀਆਂ ਦੀ ਕੋਈ ਲੋੜ ਨਾਹੀਂ
ਭਾਣੇ ਵਿੱਚ ਹੈ ਅੱਜ ਇਹ ਕਾਰ ਹੋਈ, ਭਾਣਾ ਕੋਈ ਵੀ ਸੱਕਦਾ ਹੋੜ ਨਾਹੀਂ
ਜੋੜੇ ਉਹ ਤਾਂ ਜੀਵ ਦਾ ਕੀ ਚਾਰਾ, ਜੋੜੀ ਓਸ ਦੀ ਸੱਕਦਾ ਤੋੜ ਨਾਹੀਂ
ਤੋੜੇ ਉਹ ਤਾਂ ਕੋਈ ਵੀ ਹੋਇ ਭਾਵੇਂ, ਟੁੱਟੀ ਹੋਈ ਨੂੰ ਸੱਕਦਾ ਜੋੜ ਨਾਹੀਂ
ਚਾਹੇ ਉਹ ਤਾਂ ਰੱਖ ਲਏ ਮਰਦਿਆਂ ਨੂੰ, ਉਹਦੇ ਘਰ ਅੰਦਰ ਕੋਈ ਥੋੜ ਨਾਹੀਂ
'ਤੀਰ' ਓਸ ਦਾ ਆ ਗਿਆ ਹੁਕਮ ਸਾਨੂੰ, ਉਹਦੀ ਆਗਿਆ ਸੱਕਦੇ ਮੋੜ ਨਾਹੀਂ

### ਮਹਾਰਾਜ ਫਿਰ ਕਹਿੰਦੇ ਹਨ

ਮੈਂ ਹਾਂ ਜਾਣਦਾ ਮੇਰਿਓ ਪ੍ਰੀਤਵਾਨੋਂ, ਮੇਰੇ ਸਾਈਂ ਦੀ ਇਹੋ ਈ ਭਾਵਣਾ ਏਂ
ਅੱਜ ਹੈ ਜੋ ਇਹ ਸਰੀਰ ਸਾਥੀ, ਕੱਲ੍ਹ ਏਸ ਤੋਂ ਸਾਥ ਤੁੜਾਵਣਾ ਏਂ
ਸਾਡੀ ਆਤਮਾ ਨੇ ਕੱਲ੍ਹ ਹੁਕਮ ਅੰਦਰ, ਰੱਲ ਵਿਚ ਪਰਮਾਤਮਾ ਜਾਵਣਾ ਏਂ
ਪਿਛੋਂ ਜੋਤ ਰਲਾਵਣੀ ਜੋਤ ਅੰਦਰ, ਪਹਿਲੇ ਆਪਣਾ! ਫਰਜ਼ ਨਿਭਾਵਣਾ ਏਂ

ਇਹ ਤਾਂ ਠੀਕ ਹੈ ਕਿ ਮੇਰੇ ਖ਼ਾਲਸੇ ਨੇ, ਚਾਰ ਕੂੰਟ ਵਿਚ ਝੰਡਾ ਝੁਲਾਵਣਾ ਏ
ਐਪਰ 'ਤੀਰ' ਜੀ ਅੱਜ ਸਮਝਾਂਵਦੇ ਹਾਂ, ਬਾਕੀ ਰਹਿ ਜੋ ਗਿਆ ਸਮਝਾਵਣਾ ਏ

### ਮਹਾਰਾਜ ਦੇ ਬਚਨ ਸਿੱਖ ਸੰਗਤ ਪ੍ਰਤੀ

ਇਹ ਜੋ ਗੁਰੂ ਗ੍ਰੰਥ ਪ੍ਰਕਾਸ਼ਿਆ ਏ, ਬਾਣੀ ਰੂਪ ਇਹ ਜੋਤ ਭਗਵਾਨ ਜਾਣੋ
ਏਸ ਜੋਤ ਅੰਦਰ ਦਸੇ ਰੂਪ ਵੇਖੋ, ਦੱਸਾਂ ਗੁਰਾਂ ਦਾ ਇਹ ਗਿਆਨ ਜਾਣੋ
ਗੁਰੂ ਜਾਣਨਾ ਏਸ ਗਿਆਨ ਤਾਈਂ, ਤੇ ਗਿਆਨ ਇਹ ਸੁਖਾਂ ਦੀ ਖਾਨ ਜਾਣੋ
'ਤੀਰ' ਦੇਹ-ਧਾਰੀ ਗੁਰੂ ਮੰਨਣਾ ਨਾ, ਅੱਗੇ ਵਾਸਤੇ ਸਾਫ ਬਿਆਨ ਜਾਣੋ

### ਫੇਰ

ਬਾਣੀ-ਗੁਰੂ ਤੇ ਗੁਰੂ ਹੈ ਵਿੱਚ ਬਾਣੀ, ਬਾਣੀ ਵੱਲ ਹੀ ਅੱਗੇ ਤੋਂ ਧਿਆਨ ਕਰਨਾ
ਬਾਣੀ-ਰੂਪ ਹੋਣਾ ਬਾਣੀ ਸਫਲ ਕਰਨਾ, ਬਾਣੀ ਕਹੇ ਜੋ ਉਹੋ ਪਰਵਾਨ ਕਰਨਾ
ਦਸਾਂ ਗੁਰਾਂ ਦੀ ਦੇਹ ਖ਼ਿਆਲ ਕਰਕੇ, ਸਦਾ ਗੁਰੂ ਗ੍ਰੰਥ ਦਾ ਮਾਨ ਕਰਨਾ
'ਤੀਰ' ਅੰਮ੍ਰਿਤੀ-ਧਾਰ ਹੈ ਇਹ ਬਾਣੀ, ਸਦਾ ਆਤਮਾ ਸਣੇ ਇਸ਼ਨਾਨ ਕਰਨਾ

### ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ

ਏਨੀ ਆਖ ਕੇ ਸ੍ਰੀ ਦਸਮੇਸ਼ ਜੀ ਨੇ, ਪਰੰ-ਪਰਾ ਦੀ ਰੀਤ ਨਿਭਾ ਦਿੱਤੀ
'ਪੈਸੇ ਪੰਜ ਨਲੀਏਰ ਧਰ ਭੇਟ ਅੱਗੇ' ਗੁਰੂ ਗ੍ਰੰਥ ਨੂੰ ਧੌਣ ਨਿਵਾ ਦਿੱਤੀ
'ਦਸਾਂ ਗੁਰਾਂ ਦੀ ਜੋਤ ਹੈ ਇਹ ਬਾਣੀ', ਗੱਲ ਸੰਗਤਾਂ ਤਾਈਂ ਸਮਝਾ ਦਿੱਤੀ
'ਤੀਰ' ਗੁਰੂ ਗ੍ਰੰਥ ਹੈ ਗੁਰੂ ਸੱਚਾ, ਏਸ ਗੱਲ ਉੱਤੇ ਮੋਹਰ ਲਾ ਦਿੱਤੀ

### ਮਹਾਰਾਜ ਦੇ ਬਚਨ ਸਿੱਖਾਂ ਪ੍ਰਤੀ

ਮੇਰਾ ਰੂਪ ਨੇ ਸਦਾ ਈ 'ਪੰਜ ਪਿਆਰੇ', ਪੰਜਾਂ ਨਾਲ ਹੀ ਤੁਸਾਂ ਪਿਆਰ ਕਰਨਾ
ਮੇਰਾ ਪੰਥ ਤੇ ਮੈਂ ਹਾਂ ਰੂਪ ਇਕੋ, ਮੇਰਾ ਪੰਥ 'ਚੋਂ ਤੁਸਾਂ ਦੀਦਾਰ ਕਰਨਾ
ਪੰਥ, ਗੁਰੂ ਗ੍ਰੰਥ ਦੀ ਰਹੇ ਤਾਬੇ, ਗੁਰੂ ਗ੍ਰੰਥ ਨੇ ਜੇ ਬੇੜਾ ਪਾਰ ਕਰਨਾ
ਸਦਾ ਪੰਥ ਗ੍ਰੰਥ ਨੂੰ ਮੁੱਖ ਰੱਖ ਕੇ, 'ਤੀਰ' ਲੋਕ ਪਰਲੋਕ ਸੁਧਾਰ ਕਰਨਾ

### ਮਹਾਰਾਜ ਦੇ ਹੋਰ ਬਚਨ

ਨਾਸ ਵੰਤ ਜਹਾਨ ਹੈ ਇਹ ਸਿੱਖੋ, ਸਦਾ ਉਪਜਣਾ ਬਿਨਸਣਾ ਕਾਰ ਇਸਦੀ
ਇੱਕੋ ਜਿਹੇ ਨਾ ਏਸ ਦੇ ਰੰਗ ਰਹਿੰਦੇ, ਇੱਕੋ ਜਿਹੀ ਨਾ ਰਹੇ ਨੁਹਾਰ ਇਸਦੀ
ਇੱਕੋ ਜਿਹਾ ਨਾਹੀਂ ਸਮਾਂ ਸਦਾ ਰਹਿੰਦਾ, ਇੱਕੋ ਜਿਹੀ ਨਾ ਰਹੇ ਬਹਾਰ ਇਸਦੀ
'ਤੀਰ' ਏਸ ਤੇ ਰੀਝਦਾ ਓਹ ਬਹੁਤਾ, ਜਿਹੜਾ ਜਾਣਦਾ ਮੂਲ ਨਾ ਸਾਰ ਇਸਦੀ

### ਸਿੱਖਾਂ ਨੂੰ ਧਰਵਾਸ

ਭਾਣੇ ਵਿਚ ਹੁੰਦਾ ਆਉਣ ਜਾਣ ਸਿੱਖੋ! ਮੇਰੇ ਬੋਲ ਇਹ ਕਦੇ ਵਿਸਾਰਨਾ ਨਾ
ਹੁਕਮ ਓਸਦਾ ਮੰਨਣਾ ਖਿੜੇ ਮੱਥੇ, ਵੇਲੇ ਬਣੀ ਦੇ ਹੌਂਸਲਾ ਹਾਰਨਾ ਨਾ
ਜਿਹਨੇ ਦੱਮ ਦਿਤੇ ਅਤੇ ਦੇਹ ਦਿੱਤੀ, ਕਦੇ ਓਸ ਅੱਗੇ ਦਮ ਮਾਰਨਾ ਨਾ
'ਤੀਰ' ਕਦੇ ਵੀ ਆਪਣੇ ਮਨ ਅੰਦਰ, ਮੇਰੀ ਮੈਂ ਦੀ ਧਾਰਨਾ ਧਾਰਨਾ ਨਾ

### ਵਿਛੋੜਾ ਸਹਿਣ ਲਈ ਤਿਆਰ ਕਰਦੇ ਹਨ

ਹੋਣਾ ਨਹੀਂ ਮੈਂ ਵੱਖਰਾ ਖਾਲਸੇ ਤੋਂ, ਮੇਰਾ ਰਹੇਗਾ ਪੰਥ ਵਿਚ ਵਾਸ ਸਿੱਖੋ
ਓਥੇ ਮੈਂ ਹੋਸਾਂ ਮੇਰੀ ਜਾਤ ਹੋਸੀ, ਜਿੱਥੇ ਕਰਨਗੇ ਪੰਜ ਅਰਦਾਸ ਸਿੱਖੋ
ਜਦੋਂ ਕੰਮ ਉਪਕਾਰ ਦਾ ਕੋਈ ਕਰਸੋ, ਮੈਨੂੰ ਵੇਖਸੋ ਆਪਣੇ ਪਾਸ ਸਿੱਖੋ
ਮੇਰਾ ਬੱਲ ਹੋਸੀ ਪੱਕੀ ਗੱਲ ਜਾਣੋ, ਜਦੋਂ ਜ਼ੁਲਮ ਦਾ ਕਰੋਗੇ ਨਾਸ ਸਿੱਖੋ
ਅੰਗ ਸੰਗ ਮੈਂ ਸਦਾ ਹੀ ਆਪਦੇ ਹਾਂ, ਤੁਸਾਂ ਹੋਵਣਾ ਨਹੀਂ ਬੇ-ਆਸ ਸਿੱਖੋ
ਦੇਸ਼ ਕੌਮ ਕਰਤਾਰ ਨੂੰ ਭੁੱਲਣਾ ਨਾ, ਯਾਦ ਰੱਖਿਓ ਜੇ ਸਾਸ ਸਾਸ ਸਿੱਖੋ
ਇੱਕ ਗੱਲ ਮੈਂ ਆਖ਼ਰੀ ਆਖਦਾ ਹਾਂ, ਮੇਰੇ ਦਿਲ ਦੀ ਗੱਲ ਜੋ ਖ਼ਾਸ ਸਿੱਖੋ
ਲੋਭ ਵੱਸ ਹੋ ਦੇਸ਼ ਗ਼ਦਾਰ ਬਣ ਕੇ, ਗੰਦਾ ਕਰ ਨਾ ਦੇਣਾ ਇਤਿਹਾਸ ਸਿੱਖੋ
ਸੇਵਾ ਦੇਸ਼ ਦੀ ਕਿਤੇ ਨਾ ਛੱਡ ਬਹਿਣਾ, ਲੈਣੇ ਵਣਜ ਨਾ ਭੋਗ ਬਿਲਾਸ ਸਿੱਖੋ
'ਤੀਰ' ਓਟ ਅਕਾਲ ਦੀ ਛੱਡਣੀ ਨਾ, ਕਾਰਜ ਹੋਂਵਦੇ ਰਹਿਣਗੇ ਰਾਸ ਸਿੱਖੋ

### ਦੂਜੀ ਸਿੱਖਿਆ

ਦੱਸਾਂ ਨਹੁੰਆਂ ਦੀ ਕਿਰਤ ਨੂੰ ਛੱਡਣਾ ਨਾ, ਕਦੇ ਭੁੱਲ ਨਾ ਹੱਡ-ਹਰਾਮ ਹੋਣਾ
ਸੱਚੇ ਨਾਮ ਨੂੰ ਦਿਲੋਂ ਵਿਸਾਰਨਾ ਨਾ, ਬਦੀ ਧਾਰ, ਨਾ ਕਦੇ ਬਦਨਾਮ ਹੋਣਾ
ਗਰਜ਼ ਲਈ ਨਾ ਦੇਸ਼ ਨਿਲਾਮ ਕਰਨਾ, ਲੋਭ ਲਈ ਨਾ ਆਪ ਨਿਲਾਮ ਹੋਣਾ
'ਤੀਰ' ਕਿਸੇ ਨੂੰ ਨਹੀਂ ਗ਼ੁਲਾਮ ਕਰਨਾ, ਆਪ ਕਿਸੇ ਦੇ ਨਹੀਂ ਗ਼ੁਲਾਮ ਹੋਣਾ

### ਤੀਜੀ ਸਿੱਖਿਆ

ਮੇਰੀ ਇਹ ਵੀ ਰੱਖਣੀ ਗੱਲ ਚੇਤੇ, ਕਦੇ ਦਿਲ ਤੋਂ ਮੂਲ ਭੁਲਾਵਣੀ ਨਾ
ਆਇਆ ਸਾਂ ਜਿੱਥੋਂ ਉੱਥੇ ਚੱਲਿਆ ਹਾਂ, ਅੱਖ ਏਸ ਲਈ ਕਿਸੇ ਵਹਾਵਣੀ ਨਾ
*ਕਰਮਕਾਂਡ ਵੱਲ ਨਹੀਂ ਧਿਆਨ ਕਰਨਾ, ਵਿੱਚ ਗੱਲ ਦੇ ਗੱਲ ਗਵਾਵਣੀ ਨਾ
ਤੁਸਾਂ ਮੇਰੇ ਸਸਕਾਰ ਦੀ ਥਾਂ ਉੱਤੇ, 'ਤੀਰ' ਕੋਈ ਸਮਾਧ ਬਣਾਵਣੀ ਨਾ

---

* ਕਿਰਿਆ ਕਰਮ ਆਦਿ ਨਾ ਕਰਨੇ।

### ਮਹਾਰਾਜ ਦੇ ਕਰੜੇ ਬਚਨ

ਚੇਤੇ ਰੱਖਣਾ ਵੇਖਣਾ ਭੁੱਲਣਾ ਨਾ, ਅੰਤ ਸਮੇਂ ਦਾ ਇਹ ਬਿਆਨ ਮੇਰਾ
ਤੁਸਾਂ ਪੂਜਣਾ ਮੰਨਣਾ ਦੇਸ਼ ਤਾਂਈਂ, ਅਸਲ ਦੇਹੁਰਾ ਜੇ ਹਿੰਦੁਸਤਾਨ ਮੇਰਾ
ਹੋ ਕੇ ਦੇਸ਼-ਪ੍ਰੇਮੀ ਦੇਸ਼-ਕਾਰ ਕਰਨੀ, ਜਾਣਾ ਭੁੱਲ ਨਾ ਕਿਤੇ ਫੁਰਮਾਨ ਮੇਰਾ
'ਤੀਰ' ਓਸ ਦਾ ਨਹੀਂ ਨਿਸ਼ਾਨ ਰਹਿਣਾ, ਜਿਹੜਾ ਕਰੇਗਾ ਕਾਇਮ ਨਿਸ਼ਾਨ ਮੇਰਾ

### ਸ੍ਰੀ ਦਸਮੇਸ਼ ਜੀ ਦਾ ਅੰਤਲਾ ਅਸਚਰਜ ਕੌਤਕ (ਵੱਲੋਂ ਕਵੀ)

ਵੇਲੇ ਸੰਧਿਆ ਦੇ ਆਪ ਹੁਕਮ ਦੇ ਕੇ, ਦਿੱਤੀ ਖੇਡ ਵਰਤਾ ਦਾਤਾਰ ਜੀ ਨੇ
ਭਾਰੀ ਇਕ ਕਨਾਤ ਮੰਗਵਾ ਲੀਤੀ, ਲਈ ਉਹ ਲੁਆ ਦਾਤਾਰ ਜੀ ਨੇ
ਫੇਰ ਆਖ ਕੇ ਓਸ ਕਨਾਤ ਅੰਦਰ, ਚੰਦਨ-ਚਿਖਾ ਚਿਣਵਾ ਦਾਤਾਰ ਜੀ ਨੇ
ਖ਼ੂਬ ਸੁੱਟਿਆ ਅਗਰ ਕਪੂਰ ਉਸ ਤੇ, ਹੁਕਮ ਨਾਲ ਮੰਗਵਾ ਦਾਤਾਰ ਜੀ ਨੇ
ਲੈ ਗੁਲਾਬ ਤੇ ਕੇਉੜਾ ਓਸ ਗਿਰਦੇ, ਦਿੱਤਾ ਖ਼ੂਬ ਡੁਲ੍ਹਵਾ ਦਾਤਾਰ ਜੀ ਨੇ
ਸ਼ਾਮੀਂ ਸੰਗਤਾਂ ਤਾਈਂ ਦੀਦਾਰ ਦਿੱਤੇ, ਵਾਹ ਦੀਵਾਨ ਸਜਾ ਦਾਤਾਰ ਜੀ ਨੇ
ਰਾਤ ਨਿੱਤ ਦੇ ਵਾਂਗ ਬਿਸਰਾਮ ਕੀਤਾ, ਸੋਹਣਾ ਪਲੰਘ ਵਿਛਾ ਦਾਤਾਰ ਜੀ ਨੇ
ਉੱਠ ਪਿਛਲੇ ਪਹਿਰ ਇਸ਼ਨਾਨ ਕੀਤਾ, ਸੇਵਕ ਲਿਆ ਜਗਾ ਦਾਤਾਰ ਜੀ ਨੇ
ਸੁੰਦਰ ਤਨ ਤੇ ਨਵੀਂ ਪੁਸ਼ਾਕ ਪਾਈ, ਕਲਗੀ ਜਿਗ੍ਹਾ ਸਜਾ ਦਾਤਾਰ ਜੀ ਨੇ
ਤੇਗ਼ ਗਾਤਰੇ ਵਿੱਚ ਸਜਾ ਲੀਤੀ, ਨਵੇਂ ਧਾਰ ਕੇ ਚਾਅ ਦਾਤਾਰ ਜੀ ਨੇ
ਧਨਖ ਬਾਣ ਫਿਰ ਧਾਰਿਆ ਤੰਨ ਉੱਤੇ, ਬੀਰ-ਰੂਪ ਫਬਾ ਦਾਤਾਰ ਜੀ ਨੇ
ਸਾਰੇ ਹੋਰ ਸ਼ਸਤਰ ਲੈ ਕੇ ਧਾਰ ਲੀਤੇ, ਅੰਤਮ-ਪ੍ਰੇਮ ਵਿਖਾ ਦਾਤਾਰ ਜੀ ਨੇ
ਸੇਵਾਦਾਰ ਨੂੰ ਆਖ ਕੇ ਉਸੇ ਵੇਲੇ, ਘੋੜਾ ਲਿਆ ਕਸਵਾ ਦਾਤਾਰ ਜੀ ਨੇ
ਫੇਰ ਜਾਗਿਆਂ ਸੇਵਕਾਂ ਪ੍ਰੇਮੀਆਂ ਨੂੰ, ਦਿੱਤਾ ਹੁਕਮ ਸੁਣਾ ਦਾਤਾਰ ਜੀ ਨੇ
'ਅੰਦਰ ਕੋਈ ਕਨਾਤ ਦੇ ਆਏ ਨਾਹੀਂ', ਦਿੱਤੇ ਬਾਹਰ ਬਿਠਾ ਦਾਤਾਰ ਜੀ ਨੇ
ਫੇਰ ਹੁਕਮ ਦੇ ਕੇ ਇੱਕ ਖ਼ਾਲਸੇ ਨੂੰ, ਦਿੱਤੀ ਅੱਗ ਮਗ੍ਹਵਾ ਦਾਤਾਰ ਜੀ ਨੇ
ਚਲੇ ਗਏ ਫਿਰ ਆਪ ਕਨਾਤ ਅੰਦਰ, ਘੋੜਾ ਲਿਆ ਦੁੜਾ ਦਾਤਾਰ ਜੀ ਨੇ
ਅੰਦਰ ਛੱਟ ਕਨਾਤ ਦੇ ਹੁੰਦਿਆਂ ਈਂ, ਦਿੱਤੀ ਫਤਹਿ ਗਜਾ ਦਾਤਾਰ ਜੀ ਨੇ
ਜਿਵੇਂ ਆਪ ਦੇ ਮਨ ਨੂੰ ਭਾਂਵਦੀ ਸੀ, ਲਈ ਬਣਤ ਬਣਾ ਦਾਤਾਰ ਜੀ ਨੇ
'ਤੀਰ' ਇਸ ਤਰ੍ਹਾਂ ਗੁਪਤ ਈ ਜੋਤ ਅੰਦਰ, ਦਿੱਤੀ ਜੋਤ ਰਲਾ ਦਾਤਾਰ ਜੀ ਨੇ

### ਲਟ ਲਟ ਕਰਦੀ ਚਿਖ਼ਾ (ਵੱਲੋਂ ਕਵੀ)

ਚੰਦਨ ਚਿਖਾ ਹੀ ਆਖਦੇ ਓਸ ਵੇਲੇ, ਲੱਟਾ ਲੱਟ ਬਲਦੀ ਨਿਗ੍ਹਾ ਆਂਵਦੀ ਸੀ
ਹੱਰ ਲਾਟ ਉਸਦੀ ਉੱਚੀ ਹੋ ਹੋ ਕੇ, ਜਾਣੀਜਾਣ ਦੇ ਭੇਦ ਲੁਕਾਂਵਦੀ ਸੀ

ਹਰ ਲਾਟ ਉਠਕੇ ਨੀਵੀਂ ਹੋਂਵਦੀ ਸੀ, ਜਾਣੀਜਾਣ ਨੂੰ ਸੀਸ ਨਿਵਾਂਵਦੀ ਸੀ
ਮਹਿਕ ਚਿਖਾ ਦੀ ਫੈਲਦੀ ਜਾਂਵਦੀ ਸੀ, 'ਤੀਰ' ਇਸਤਰ੍ਹਾਂ ਆਖਦੀ ਜਾਂਵਦੀ ਸੀ

### ਕੀ ਆਖਦੀ ਸੀ

ਉਠੋ ਸੁੱਤਿਓ! ਅੱਜ ਅਲੋਪ ਹੋਇਆ, ਸੁੱਤੇ ਹਿੰਦੀਆਂ ਤਾਂਈਂ ਜਗਾਣ ਵਾਲਾ
ਉਠੋ ਹਿੰਦੀਓ! ਦੇਸ਼ ਦੇ ਲਈ ਜੀਵੋ, ਅੱਜ ਗਿਆ ਜੇ ਦੇਸ਼ ਜੀਵਾਣ ਵਾਲਾ
ਭਾਰਤ ਮਾਂ ਦੇ ਬੱਚਿਓ ਹੋਸ਼ ਸਾਂਭੋ, ਆਖ ਗਿਆ ਜੇ ਲਾਲ ਕੁਹਾਣ ਵਾਲਾ
'ਤੀਰ' ਅੱਜ ਦਸਮੇਸ਼ ਅਲੋਪ ਹੋਇਆ, ਦੇਸ਼ ਲਈ ਸਰਬੰਸ ਲੁਟਾਣ ਵਾਲਾ

### ਪਿਆਰਿਆਂ ਦੀ ਅਵਸਥਾ (ਵੱਲੋਂ ਕਵੀ)

ਜਦੋਂ ਵਰਤਿਆ ਇਸ ਤਰ੍ਹਾਂ ਰੱਬ-ਭਾਣਾ, ਡਾਵਾਂਡੋਲ ਹੋਈ ਹਾਲਤ ਪਿਆਰਿਆਂ ਦੀ
ਚਿਹਰੇ ਉੱਤਰੇ, ਉੱਡਿਆ ਰੰਗ ਸਭ ਦਾ, ਨੈਣ ਜਾਪਦੇ ਸ਼ਕਲ ਫੁਆਰਿਆਂ ਦੀ
ਕਈ ਰੋ ਉਠੇ ਠੱਲ੍ਹੇ ਰਹੇ ਨਾਹੀਂ, ਵੱਸੀ ਅੱਖੀਓਂ ਸਿੱਕ ਦੀਦਾਰਿਆਂ ਦੀ
'ਤੀਰ' ਹੋਂਵਦੀ ਮੂਲ ਬਿਆਨ ਨਾਹੀਂ, ਦਰਦ-ਵੇਦਨਾ ਸਿਦਕੀਆਂ ਸਾਰਿਆਂ ਦੀ

### ਸ੍ਰੀ ਦਸਮੇਸ਼ ਜੀ ਦੇ ਜੀਵਨ 'ਤੇ ਨਜ਼ਰ (ਵੱਲੋਂ ਕਵੀ)

ਜੀਵਨ ਸ੍ਰੀ ਦਸਮੇਸ਼ ਦਾ ਖ਼ਾਲਸਾ ਜੀ, ਸ਼ੀਸ਼ਾ ਜੱਗ ਤੇ ਪ੍ਰੀਤ ਉਪਕਾਰ ਦਾ ਏ
ਸਾਫ਼ ਸਾਫ਼ ਉਹਨੂੰ ਪਿਆ ਦਿੱਸਦਾ ਏ, ਝਾਤੀ ਏਸ ਦੇ ਵਿਚ ਜੋ ਮਾਰਦਾ ਏ
ਉਹ ਹੈ ਦੇਸ਼ ਦਾ ਇੱਕ ਨਿਸ਼ਕਾਮ ਯੋਧਾ, ਜਿਹੜਾ ਜ਼ਾਲਮਾਂ ਤਾਂਈਂ ਵੰਗਾਰਦਾ ਏ
ਉਹ ਹੈ ਵੇਖਦਾ ਹੋ ਕੇ ਜਾਨ 'ਕੱਲੀ, ਬੀਰ ਹੌਂਸਲਾ ਮੂਲ ਨਾ ਹਾਰਦਾ ਏ
ਉਹ ਹੈ ਵੇਖਦਾ ਪਿਤਾ ਨੂੰ ਆਜਜ਼ਾਂ ਤੋਂ, ਬਾਲ ਬਾਲ ਉਮਰੇ ਪਿਆ ਵਾਰਦਾ ਏ
ਉਹਨੂੰ ਦਿੱਸਦਾ ਲਾਡਲੇ ਪੁੱਤਰਾਂ ਦੀ, ਬਲੀ ਚਾੜ੍ਹਦਾ ਭੁੱਖਾ ਪਿਆਰਦਾ ਏ
ਉਹਨੂੰ ਦਿੱਸਦਾ ਦਿਲਾਂ ਤੇ ਸੌਣ ਵਾਲਾ, ਰਾਤਾਂ ਸੱਥਰੀਂ ਪਿਆ ਗੁਜ਼ਾਰਦਾ ਏ
ਉਹਨੂੰ ਦਿੱਸਦਾ 'ਟੁੱਟੀਆਂ ਗੰਢਦਾ ਏ', ਪ੍ਰੇਮ-ਧਾਰਨਾ ਸੋਹਣੀਆਂ ਧਾਰਦਾ ਏ
ਉਹਨੂੰ ਜਾਪਦਾ ਏ ਮਹਾਂ ਕਵੀ ਬੈਠਾ, ਰੰਗ ਵਿੱਚ ਮਹਾਂਕਾਵਿ ਉਚਾਰਦਾ ਏ
ਉਹਨੂੰ ਜਾਪਦਾ ਚੁੱਕ ਕੇ ਨੀਵਿਆਂ ਨੂੰ, ਗਲੇ ਲਾ ਲਾ ਕੋਈ ਉਬਾਰਦਾ ਏ
'ਤੀਰ' ਪੁੰਜ ਤਿਆਗ ਕੁਰਬਾਨੀਆਂ ਦਾ, ਜੀਵਨ ਗੁਰੂ ਦਸਮੇਸ਼ ਅਵਤਾਰ ਦਾ ਏ

### ਦਸਮੇਸ਼ ਜੀ ਦੇ ਉਪਕਾਰ (ਵੱਲੋਂ ਕਵੀ)

ਰਤੀ ਡੋਲਿਆ ਨਾ, ਤੇਗਾਂ ਬਰਛੀਆਂ ਨੇ, ਭਾਵੇਂ ਗਜ਼ ਬਣ ਕੇ ਬੱਚੇ ਮਿਣੇ ਉਸਦੇ
ਰਤੀ ਡੋਲਿਆ ਨਾ ਹੋਸਿਆਰਿਆਂ ਨੇ, ਨੀਹਾਂ ਵਿਚ ਪੁੱਤਰ ਭਾਵੇਂ ਚਿਣੇ ਉਸਦੇ
ਭਾਵੇਂ ਚੜ੍ਹ ਚੜ੍ਹਕੇ ਆਈਆਂ ਲੱਖ ਫ਼ੌਜਾਂ, ਐਪਰ ਹੌਂਸਲੇ ਕਿਸੇ ਨਾ ਜਿਣੇ ਉਸਦੇ

'ਤੀਰ' ਲੂੰ ਲੂੰ ਵੀ ਜੇਕਰ ਬਣੇ ਜੀਭਾ, ਜਾਂਦੇ ਮੂਲ ਉਪਕਾਰ ਨਾ ਗਿਣੇ ਉਸਦੇ

## ਪੂਰਨ ਯੋਗੀ ਰਾਜ ਦਸਮੇਸ਼ (ਵੱਲੋਂ ਕਵੀ)

ਯੋਗੀ ਰਾਜ ਸਨ ਸ੍ਰੀ ਦਸਮੇਸ਼ ਮੇਰੇ, ਕੀਤੀ ਯੋਗੀਆਂ ਦੇ ਵਾਂਗ ਕਾਰ ਉਹਨਾਂ
ਚੁਕੀ ਜ਼ਿੰਦਗੀ ਭਰ ਨਿਸ਼ਕਾਮ ਸੇਵਾ, ਨਹੀਂ ਪਾਲਿਆ ਨਿੱਜੀ ਪਿਆਰ ਉਹਨਾਂ
ਜੇਕਰ ਪਿਤਾ ਦੇ ਸੀਸ ਦੀ ਲੋੜ ਵੇਖੀ, ਦਿੱਤਾ ਆਜਜ਼ਾਂ ਵਾਸਤੇ ਵਾਰ ਉਹਨਾਂ
ਦੀਨ ਦੁਖੀ ਨੂੰ ਸੁੱਖ ਪਚਾਣ ਖ਼ਾਤਰ, ਦਿੱਤੇ ਆਪਣੇ ਸੁੱਖ ਵਿਸਾਰ ਉਹਨਾਂ
ਦੇਸ਼ ਕੌਮ ਦੇ ਵਾਸਤੇ ਬਣ ਦਰਦੀ, ਚੁੱਕੀ ਟਾਕਰੇ ਲਈ ਤਲਵਾਰ ਉਹਨਾਂ
ਦੌਲਤ ਧੰਨ ਅਹੁਦੇ ਮਾਲ ਮਿਲਖ ਉੱਤੇ, ਕਦੇ ਵੇਖਿਆ ਨਾ ਝਾਤ ਮਾਰ ਉਹਨਾਂ
ਯੁੱਧ ਜੰਗ ਅੰਦਰ ਹਰ ਰੰਗ ਅੰਦਰ, ਨਾ ਵਿਸਾਰਿਆ ਕਦੇ ਕਰਤਾਰ ਉਹਨਾਂ
ਮਾਤਾ, ਪਿਤਾ, ਨਾਰੀ, ਪੁੱਤਰ ਹੁੰਦਿਆਂ ਵੀ, ਲੀਤੀ ਨਵੀਂ ਹੀ ਧਾਰਨਾ ਧਾਰ ਉਹਨਾਂ
ਜਿੱਤੇ ਜੰਗ ਪਰ ਮੱਲਿਆ ਮੁਲਕ ਨਾਹੀਂ, ਰੱਖੀ ਆਪਣੀ ਉੱਚ ਵਿਚਾਰ ਉਹਨਾਂ
ਯਾਦ ਫ਼ੱਕਰਾਂ ਵਾਂਗ ਭਗਵਾਨ ਕੀਤਾ, ਲਾਏ ਪਾਤਸ਼ਾਹ ਵਾਂਗ ਦਰਬਾਰ ਉਹਨਾਂ
ਰਹੇ ਉਹ ਸਰਬੱਤ ਦਾ ਭਲਾ ਕਰਦੇ, ਰੱਖੀ ਨਾਲ ਅਨਿਆਂ ਦੇ ਖ਼ਾਰ ਉਹਨਾਂ
ਕੋਈ ਚੀਜ਼ ਲੁਕਾ ਕੇ ਨਹੀਂ ਰੱਖੀ, ਸੁੱਚਾ ਰੱਖਿਆ ਸਦਾ ਵਿਹਾਰ ਉਹਨਾਂ
ਲੋੜ ਵੇਖ ਕੇ ਦੇਸ਼ ਦੀ ਖਿੜੇ ਮੱਥੇ, ਹੱਥੀਂ ਵਾਰ ਦਿੱਤੇ ਪੁੱਤਰ ਚਾਰ ਉਹਨਾਂ
ਭੁੱਖਾਂ ਕੱਟੀਆਂ ਆਪਣੇ ਦੇਸ਼ ਖ਼ਾਤਰ, ਰਾਤ ਸੱਥਰੀਂ ਲਈ ਗੁਜ਼ਾਰ ਉਹਨਾਂ
ਊਚ ਨੀਚ ਤਾਈਂ ਦਿੱਤਾ ਇੱਕ ਦਰਜਾ, ਦਿੱਤੀ ਸਭ ਨੂੰ ਅੰਮੀ-ਫੁਹਾਰ ਉਹਨਾਂ
ਵਾਰ ਬੰਸ ਪਰਵਾਰ ਨੂੰ ਕੌਮ ਉੱਤੋਂ, ਲਾਹਿਆ ਆਪਣੇ ਫਰਜ਼ ਦਾ ਭਾਰ ਉਹਨਾਂ
ਬੱਝੇ ਜੱਗ ਦੇ ਬੰਧਨਾਂ ਵਿੱਚ ਨਾਹੀਂ, ਮਾਣੇ ਗ੍ਰਸਤ ਦੇ ਜੋ ਮਲ੍ਹਾਰ ਉਹਨਾਂ
ਹਿੰਦ ਉੱਜੜੀ ਪੁੱਜਦੀ ਲੂਸਦੀ ਦਾ, ਦਿੱਤਾ ਰੱਤ ਪਾ ਕਾਲਜਾ ਠਾਰ ਉਹਨਾਂ
'ਦੀਨਾਂ ਵਾਸਤੇ ਜੀਆਂ ਤੇ ਮਰਾਂਗਾ ਮੈਂ', ਵੇਖੋ ਪਾਲਿਆ ਖ਼ੂਬ ਇਕਰਾਰ ਉਹਨਾਂ
ਹਰ ਕਸ਼ਟ ਦੇ ਵਾਸਤੇ ਰੱਖਿਆ ਏ, ਸਦਾ ਆਪਣਾ ਆਪ ਤਿਆਰ ਉਹਨਾਂ
ਹਰ ਦੁੱਖੀ ਦੀ ਸੁਣੀ ਏ ਕੰਨ ਦੇ ਕੇ, ਹਰ ਸਮੇਂ ਤੇ ਕੂਕ ਪੁਕਾਰ ਉਹਨਾਂ
ਭੁੱਲੇ ਜੀਆਂ ਨੂੰ ਬਖ਼ਸ਼ਕੇ ਨਾਮ ਬਾਣੀ, ਭੱਵੋਂ ਤਾਰਿਆ, ਲਿਆ ਉਬਾਰ ਉਹਨਾਂ
ਦੇਸ਼ ਲਈ ਕੁਰਬਾਨੀਆਂ ਕਰਨ ਵੇਲੇ, ਰਤੀ ਭਰ ਵੀ ਨਾ ਮੰਨੀ ਆਰ ਉਹਨਾਂ
'ਤੀਰ' ਦੇਸ਼ ਦੇ ਸੁਘੜ ਸਲਾਹ ਬਣਕੇ, ਬੇੜਾ ਹਿੰਦੀਆਂ ਦਾ ਕੀਤਾ ਪਾਰ ਉਹਨਾਂ

## ਸੁੱਚੇ ਆਚਰਣ ਦੇ ਮਾਲਕ ਸ੍ਰੀ ਦਸਮੇਸ਼ (ਵੱਲੋਂ ਕਵੀ)

ਸੁੱਚੇ ਆਚਰਨ ਦੀ ਜਾਣੀ ਜਾਣ ਜੀ ਨੇ, ਏਸ ਜੱਗ ਤੇ ਹੱਦ ਮੁਕਾ ਛੱਡੀ
ਨੇੜੇ ਕੂੜ ਨੂੰ ਮੂਲ ਨਾ ਛੋਹਣ ਦਿੱਤਾ, ਸਦਾ ਸੱਚ ਦੀ ਜੋਤ ਜਗਾ ਛੱਡੀ

ਫੜੀ ਆਈ ਜਾਂ ਇੱਕ 'ਨਵਾਬ-ਰਾਣੀ', ਉਹਦੀ ਆਪ ਨੇ ਪੱਤ ਬਚਾ ਛੱਡੀ
ਆਦਰ ਮਾਨ ਦੇ ਨਾਲ ਸਤਿਕਾਰ ਦੇ ਕੇ, ਕੰਤ ਆਪਣੇ ਪਾਸ ਪੁਚਾ ਛੱਡੀ
ਰਾਣੀ ਵੇਖ ਇੱਕ ਕਾਮਨਾ ਵੱਸ ਹੋਈ, ਓਹਦੀ ਕਾਮਨਾ ਇਓਂ ਪੁਗਾ ਛੱਡੀ
ਉਹ ਵੀ ਚਾਹੁੰਦੀ ਸੀ ਦਿਲੋਂ ਮਾਂ ਬਣਨਾ, ਸਦਾ ਵਾਸਤੇ ਮਾਂ ਬਣਾ ਛੱਡੀ
ਜਦੋਂ 'ਸਾਹਿਬ ਦੇਵਾਂ' ਹੋਈ ਆਣ ਹਾਜ਼ਰ, ਕੀਤੇ ਪ੍ਰਣ ਦੀ ਗੱਲ ਸਮਝਾ ਛੱਡੀ
ਜਦੋਂ ਪੁੱਤ ਦੀ ਓਸਨੇ ਚਾਹ ਦੱਸੀ, ਸਾਰੀ ਕੌਮ ਉਸ ਦੀ ਗੋਦੀ ਪਾ ਛੱਡੀ
ਸਦਾ ਰੱਖਿਆ ਸੱਚ ਜ਼ਬਾਨ ਉੱਤੇ, ਕਲਾ ਸੱਚ ਦੀ ਸਦਾ ਵਰਤਾ ਛੱਡੀ
ਕੀਤੀ ਗੱਲ ਜੋ ਆਪ ਨੇ ਕਿਸੇ ਵੇਲੇ, ਲੱਖਾਂ ਝੱਲ ਕੇ ਕਸ਼ਟ ਨਿਭਾ ਛੱਡੀ
ਦਿੱਤਾ ਉਨ੍ਹਾਂ ਦੇ ਵਾਸਤੇ ਘੋਲ ਟੱਬਰ, ਜਿਨ੍ਹਾਂ ਆਪ ਨੂੰ ਬਾਂਹ ਫੜਾ ਛੱਡੀ
ਛੱਡੀ ਫੜ ਕੇ ਬਾਂਹ ਨਾ ਅੰਤ ਤੋੜੀ, ਸਾਰੀ ਬੰਸ ਹੀ ਭਾਵੇਂ ਘੁਮਾ ਛੱਡੀ
ਸੁੱਖ ਆਪਣਾ ਰੱਖਿਆ ਮੁੱਖ ਨਾਹੀਂ, ਬਾਜ਼ੀ ਜ਼ਾਲਮਾਂ ਦੇ ਨਾਲ ਲਾ ਛੱਡੀ
'ਤੀਰ' ਦੀਨ ਅਨਾਥ ਦੇ ਸੁੱਖ ਖ਼ਾਤਰ, ਸੋਹਣੀ ਪੁਰੀ ਅਨੰਦ ਲੁਟਾ ਛੱਡੀ

### *ਨਿਰਭੈ ਤੇ ਸੂਰਬੀਰ ਸ੍ਰੀ ਦਸਮੇਸ਼ ਜੀ (ਵੱਲੋਂ ਕਵੀ)*

ਦਿਲੋਂ ਸੂਰਮੇ ਅਤੇ ਨਿਡਰ ਹੈਸਨ, ਜ਼ੁਲਮ ਜਬਰ ਨੂੰ ਰੋਲਣਾ ਜਾਣਦੇ ਸੀ
ਸਿਰ ਰੱਖਕੇ ਤੇਗ਼ ਦੀ ਤੱਕੜੀ ਤੇ, ਵਾਂਗ ਸੂਰਿਆਂ ਤੋਲਣਾ ਜਾਣਦੇ ਸੀ
ਵੈਰੀ, ਦੱਲਾਂ ਦੇ ਪੁੱਜ ਰਣਖੇਤ ਅੰਦਰ, ਖੱਪੇ ਖ਼ੂਬ ਉਹ ਖੋਲ੍ਹਣਾ ਜਾਣਦੇ ਸੀ
ਸੱਚ ਮੂੰਹ ਤੇ ਸਦਾ ਸੁਣਾਂਵਦੇ ਸੀ, ਰਤੀ ਕੂੜ ਨਾ ਬੋਲਣਾ ਜਾਣਦੇ ਸੀ
ਵੈਰੀ-ਦੱਲਾਂ ਦੇ ਦਿਲਾਂ ਦੀ ਗੱਲ ਸਾਰੀ, ਤੇਗ਼ ਨਾਲ ਟਟੋਲਣਾ ਜਾਣਦੇ ਸੀ
ਸਦਾ ਇਸ ਤਰ੍ਹਾਂ ਆਖਕੇ ਦੇਸ਼ ਉੱਤੋਂ, 'ਤੀਰ' ਜਿੰਦੜੀ ਘੋਲਣਾ ਜਾਣਦੇ ਸੀ

### *ਸ੍ਰੀ ਦਸਮੇਸ਼ ਜੀ ਦੇ ਇਕ ਸਵੱਈਏ ਦਾ ਭਾਵ*

*ਦਾਤਾ! ਇਹੋ ਈ ਦਈਂ ਵਰਦਾਨ ਮੈਨੂੰ, ਚੰਗੇ ਕਰਮ ਵੱਲੋਂ ਕਦੇ ਟਰਾਂ ਨਾ ਮੈਂ
ਲੜਾਂ ਜ਼ਾਲਮਾਂ ਨਾਲ ਤਾਂ ਸਦਾ ਜਿੱਤਾਂ, ਮੱਚੇ ਜੰਗ ਅੰਦਰ ਕਦੇ ਡਰਾਂ ਨਾ ਮੈਂ
ਸਦਾ ਆਪਣੇ ਮਨ ਨੂੰ ਕਰਾਂ ਕਾਬੂ, ਤੇਰੇ ਬਾਝ ਕੋਈ ਚੇਤੇ ਕਰਾਂ ਨਾ ਮੈਂ
'ਤੀਰ' ਜਦੋਂ ਪੁੱਜੇ ਆਣ ਅੰਤ ਵੇਲਾ, ਮਰਾਂ ਜੂਝ ਕੇ ਲੜਦਿਆਂ ਹਰਾਂ ਨਾ ਮੈਂ

---

* "ਦੇਹ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ।
ਨਾ ਡਰੋਂ ਅਰ ਸੋ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ।
ਅਰ ਸਿੱਖ ਹਉਂ ਅਪਨੇ ਹੀ ਮਨ ਕੋ, ਯਹਿ ਲਾਲਚ ਹਉ ਗੁਨ ਤਉ ਉਚਰੋਂ।
ਜਬ ਆਵਕੀ ਅਉਧ ਨਿਧਾਨ ਬਨੈ, ਅਤ ਹੀ ਰਣ ਮੈਂ ਤਬ ਜੂਝ ਮਰੋਂ।"

### ਹੋਰ

*ਔਰੰਗਜ਼ੇਬ ਨੂੰ ਆਪ ਨੇ ਆਖਿਆ ਸੀ, ਭੇਡੋਂ ਸ਼ੇਰ ਬਣਾਵਾਂਗਾ ਮੈਂ ਸ਼ਾਹਾ
ਰਾਠਾਂ ਨਾਲ ਪਰੇਰ ਕੇ ਕੰਗਲੇ ਨੂੰ, ਵੇਖੀਂ ਖ਼ੂਬ ਲੜਾਵਾਂਗਾ ਮੈਂ ਸ਼ਾਹਾ
ਵੇਖ ਲਈਂ ਗਰੀਬੜੇ ਘਾਹੀਆਂ ਨੂੰ, ਪਾਤਸ਼ਾਹ ਬਣਾਵਾਂਗਾ ਮੈਂ ਸ਼ਾਹਾ
ਚਿੜੀ ਜਿਹੀ ਨਾਚੀਜ਼ ਜਿਹੀ ਚੀਜ਼ ਕੋਲੋਂ, ਖ਼ੂਨੀ ਬਾਜ ਤੁੜਾਵਾਂਗਾ ਮੈਂ ਸ਼ਾਹਾ
ਸਵਾ ਲੱਖ ਦੇ ਨਾਲ ਇਕੱਲੜੇ ਨੂੰ, ਤਾਣ ਦੇ ਟਕਰਾਵਾਂਗਾ ਮੈਂ ਸ਼ਾਹਾ
'ਤੀਰ' ਤੇਗ਼ ਵਾਲਾ ਬਾਜ ਤਾਜ ਵਾਲਾ, ਗੋਬਿੰਦ ਸਿੰਘ ਕਹਾਵਾਂਗਾ ਮੈਂ ਸ਼ਾਹਾ

### ਮਹਾਂ ਬਲੀ ਸ੍ਰੀ ਦਸਮੇਸ਼ ਜੀ (ਵੱਲੋਂ ਕਵੀ)

ਮਹਾਂ ਬਲੀ ਸਨ ਆਪ ਰਣਬੀਰ ਪੂਰੇ, ਕੋਈ ਸਾਹਮਣੇ ਨਹੀਂ ਸੀ ਆ ਸੱਕਦਾ
ਜਿਹੜਾ ਸਾਹਮਣੇ ਭੁੱਲ ਕੇ ਆ ਜਾਵੇ, ਕਦੇ ਨਹੀਂ ਸੀ ਬੱਚ ਕੇ ਜਾ ਸੱਕਦਾ
ਜਿਵੇਂ ਆਪ ਜੀ ਤੇਗ਼ ਚਲ਼ਾਂਵਦੇ ਸੀ, ਕੋਈ ਨਹੀਂ ਸੀ ਕਦੇ ਚਲਾ ਸੱਕਦਾ
ਜਿਵੇਂ ਆਪ ਜੀ ਬਾਣ ਚਲਾਂਵਦੇ ਸੀ, ਭੇਦ ਉਹ ਨਹੀਂ ਕੋਈ ਵੀ ਪਾ ਸੱਕਦਾ
ਜਿਵੇਂ ਆਪ ਜੀ ਫ਼ੌਜ ਲੜਾਂਵਦੇ ਸੀ, ਏਦਾਂ ਕੋਈ ਨਹੀਂ ਮੂਲ ਲੜਾ ਸੱਕਦਾ
ਜਿਵੇਂ ਆਪ ਕਮਾਨ ਚੜ੍ਹਾਂਵਦੇ ਸੀ, ਕੋਈ ਨਹੀਂ ਸੀ 'ਤੀਰ' ਚੜ੍ਹਾ ਸੱਕਦਾ

### ਜਰਨੈਲ ਸ੍ਰੀ ਦਸਮੇਸ਼ ਜੀ (ਵੱਲੋਂ ਕਵੀ)

ਉਹ ਕਮਾਲ ਦੇ ਸੁਘੜ ਜਰਨੈਲ ਹੈਸਨ, ਕੀਤੀ ਦਲਾਂ ਦੀ ਖ਼ੂਬ ਕਮਾਨ ਉਹਨਾਂ
ਸ਼ਾਹੀ ਦਲਾਂ ਨੂੰ ਭਉਜਲੀ ਪਾ ਦਿੱਤੀ, ਪੇਲ ਪੇਲ ਕੇ ਸਿੰਘ ਜਵਾਨ ਉਹਨਾਂ
ਬਾਈਧਾਰ ਨੂੰ ਰੋੜ੍ਹਿਆ ਰੱਤ ਅੰਦਰ, ਦਿੱਤਾ ਮਾਨੀਆਂ ਦਾ ਤੋੜ ਮਾਨ ਉਹਨਾਂ
ਪਲੋ ਪਲੀ ਅੰਦਰ ਜਦੋਂ ਲੋੜ ਭਾਸੀ, ਖੜਾ ਕਰ ਲਿਆ ਝੱਟ ਤੂਫ਼ਾਨ ਉਹਨਾਂ
ਗਿਣਤੀ ਸੀ, ਆਟੇ ਅੰਦਰ ਲੂਣ ਭਾਵੇਂ, ਕੀਤਾ ਦਲਾਂ ਨੂੰ ਫੇਰ ਹੈਰਾਨ ਉਹਨਾਂ
ਸਦਾ ਪਾਸ ਹੋਏ, ਵਾਂਗ ਸੂਰਿਆਂ ਦੇ, ਡਿੱਠਾ ਜਦੋਂ ਸਾਹਵੇਂ ਇਮਤਿਹਾਨ ਉਹਨਾਂ
ਕਿਸੇ ਸਮੇਂ ਵੀ ਛੱਡਿਆ ਦਿਲ ਨਾਹੀਂ, ਮਾਰੇ ਤੇਗ਼ ਦੇ ਨਾਲ ਮੈਦਾਨ ਉਹਨਾਂ
'ਤੀਰ' ਜ਼ੁਲਮ ਦੇ ਭੰਨ ਕੇ ਦੰਦ ਚੰਗੇ, ਪਾਲੀ ਆਪਣੀ ਸਦਾ ਜ਼ਬਾਨ ਉਹਨਾਂ

### ਸਭ ਨਾਲ ਪਿਆਰ ਕਰਨ ਵਾਲੇ ਸ੍ਰੀ ਦਸਮੇਸ਼ (ਵੱਲੋਂ ਕਵੀ)

ਛੱਡ ਜ਼ੁਲਮ ਨੂੰ, ਕਿਤੇ ਵੀ ਆਪ ਜੀ ਦਾ, ਵੈਰੀ ਨਹੀਂ ਸੀ ਕੋਈ ਸੰਸਾਰ ਅੰਦਰ
ਊਚ ਨੀਚ ਦਾ ਰੱਤਾ ਖ਼ਿਆਲ ਨਾ ਸੀ, ਰਤੀ ਆਪਦੇ ਉੱਚ-ਵਿਹਾਰ ਅੰਦਰ

---

* ਭੇਡੋਂ ਕੋ ਮੈਂ ਸ਼ੇਰ ਬਨਾਊਂ। ਰਾਠਨ ਕੇ ਸੰਗ ਰੰਕ ਲੜਾਊਂ।
ਭੂਪ ਗ੍ਰੀਬਨ ਕੋ ਕਹਿਵਾਊਂ। ਚਿੜੀਓਂ ਸੇ ਮੈਂ ਬਾਜ ਤੁੜਾਊਂ।
ਸਵਾ ਲਾਖ ਸੇ ਏਕ ਲੜਾਊਂ। ਤਬੇ ਗੋਬਿੰਦ ਸਿੰਘ ਨਾਮ ਕਹਾਊਂ।

ਆਵੇ ਜੋ, ਨ੍ਹਾਵੇ, ਪਿਆ ਲੱਖ ਵਾਰੀ, ਰੱਜ ਰੱਜ ਕੇ ਅੰਮ੍ਰਿਤੀ-ਧਾਰ ਅੰਦਰ
ਪੱਖ ਵਾਦ ਨੂੰ ਮੂਲ ਨਾ ਥਾਂ ਹੈਸੀ, ਸਾਂਝੇ ਆਪ ਦੇ ਪ੍ਰੇਮ-ਦਰਬਾਰ ਅੰਦਰ
ਹਰ ਇੱਕ ਆ ਕੇ ਰੱਲ ਸੱਕਦਾ ਸੀ, ਸਦਾ ਆਪ ਦੇ ਧਰਮ ਪਿਆਰ ਅੰਦਰ
ਦੀਨ-ਰੱਖਿਆ ਹੀ ਸਦਾ ਵੱਸਦੀ ਸੀ, ਸੁੱਚੀ ਆਪਦੀ ਤੇਜ਼ ਤਲਵਾਰ ਅੰਦਰ
ਮੁਸਲਮਾਨ, ਹਿੰਦੂ, ਸਿੱਖ, ਫੁੱਲ ਬਣਕੇ, ਹੈਸੀ ਸੋਭਦੇ ਆਪਦੇ ਹਾਰ ਅੰਦਰ
'ਤੀਰ' ਪ੍ਰੇਮ ਦਾ ਰੂਪ ਦਸਮੇਸ਼ ਦਾਤੇ, ਸਦਾ ਵੱਸਦੇ ਰਹੇ ਪਿਆਰ ਅੰਦਰ

### ਹੋਰ

ਸਦਾ ਆਪ ਨੇ ਪ੍ਰੇਮ ਪਿਆਰ ਵਾਲਾ, ਉੱਤੇ ਦਿਲ ਦੇ ਵਲਵਲਾ ਧਾਰਿਆ ਏ
ਸਦਾ ਸਾਦਕਾਂ ਅਤੇ ਪਿਆਰਿਆਂ ਤੋਂ, ਉਨ੍ਹਾਂ ਆਪਣੇ ਆਪ ਨੂੰ ਵਾਰਿਆ ਏ
ਹੱਰ ਕਿਸੇ ਦਾ ਬਿਨਾਂ ਲਿਹਾਜ਼ ਕੀਤੇ, ਲੋੜ ਪਈ ਤੇ ਕਾਜ ਸਵਾਰਿਆ ਏ
'ਤੀਰ' ਆਪ ਜੀ ਨੇ ਮਹਾਂਵਾਕ ਸਾਂਝਾ, ਏਸ ਭਾਵ ਦਾ ਤਦੇ ਉਚਾਰਿਆ ਏ

### ਮਹਾਰਾਜ ਦੇ ਇਕ ਕਬਿੱਤ ਦਾ ਭਾਵ

*ਉਹੋ ਦੇਹੁਰਾ ਅਤੇ ਮਸੀਤ ਉਹੀ, ਪੂਜਾ ਉਹੋ ਤੇ ਉਹੋ ਨਿਮਾਜ਼ ਜਾਣੋ
ਇਕੋ ਜਿਹੇ ਬੰਦੇ ਉਹਦੇ ਰਚੇ ਹੋਏ, ਵੱਖੋ ਵੱਖ ਪ੍ਰਭਾਵ ਦਾ ਰਾਜ ਜਾਣੋ
ਦੇਵੀ ਦੇਵਤੇ ਦੈਂਤ ਤੇ ਜਛ ਗੰਧ੍ਰਭ, ਹਿੰਦੂ ਤੁਰਕ ਦੀ ਓਸ ਨੂੰ ਲਾਜ ਜਾਣੋ
ਵੱਖੋ ਵੱਖਰੇ ਦੇਸ਼ ਰਿਵਾਜ ਵੱਖਰੇ, ਦੇਸ਼ ਦੇਸ਼ ਦੇ ਭੇਸ ਦਾ ਪਾਜ ਜਾਣੋ
ਮਿੱਟੀ ਅੱਗ ਪਾਣੀ ਪਉਣ ਤੱਤ ਰਲ ਕੇ, ਬਣ ਦੇਹ ਦਾ ਗਿਆ ਜਹਾਜ਼ ਜਾਣੋ
ਨੱਕ ਕੰਨ ਅੱਖਾਂ ਦੇਹੀ ਇੱਕ ਜੈਸੀ, ਇੱਕੋ ਜਿਹੀ ਅੰਦਰ ਦੀ ਅਵਾਜ਼ ਜਾਣੋ
ਅਲਾਹ ਰੱਬ ਪੁਰਾਨ ਕੁਰਾਨ ਉਹੀ, ਇਕੋ ਜੋਤ ਤੇ ਇਕੋ ਹੀ ਸਾਜ ਜਾਣੋ
'ਤੀਰ' ਵਿਤਕਰਾ ਦਿਲਾਂ 'ਚੋਂ ਕੱਢ ਛੱਡੋ, ਵਾਲੀ ਸਭ ਦਾ ਸ੍ਰੀ ਮਹਾਰਾਜ ਜਾਣੋ

### ਮਹਾਂ ਕਵੀ ਤੇ ਵਿਦਵਾਨ ਸ੍ਰੀ ਦਸਮੇਸ਼ ਜੀ (ਵੱਲੋਂ ਕਵੀ)

ਸਖ਼ੀ ਸੂਰਮੇ ਸੀ ਜਿਥੇ ਨਾਲ ਉੱਥੇ, ਮਹਾਂ ਕਵੀ ਵਿਦਵਾਨ ਦਸਮੇਸ਼ ਹੈਸਨ
ਕਲਮ ਨਾਲ ਸਨ ਦਿਲਾਂ ਨੂੰ ਮੋਹ ਲੈਂਦੇ, ਏਨੇ ਜਾਦੂ ਬਿਆਨ ਦਸਮੇਸ਼ ਹੈਸਨ
ਸਾਰੀ ਸੂਝ ਸਾਹਿੱਤ ਦੀ ਰੱਖਦੇ ਸੀ, ਪੂਰਨ ਰੂਪ-ਗਿਆਨ ਦਸਮੇਸ਼ ਹੈਸਨ
ਕਿਸੇ ਵਿਸ਼ੇ ਤੇ ਕਲਮ ਜਾਂ ਚੁੱਕਦੇ ਸੀ, ਦੇਂਦੇ ਕਰ ਹੈਰਾਨ ਦਸਮੇਸ਼ ਹੈਸਨ
ਆਏ ਗਏ ਅਤੇ ਲੋੜਵੰਦ ਤਾਈਂ, ਦੇਂਦੇ ਵਿੱਦਿਆ-ਦਾਨ ਦਸਮੇਸ਼ ਹੈਸਨ
ਦਿਲੋ-ਜਾਨ ਸਾਹਿੱਤ ਨੂੰ ਜਾਣਦੇ ਸੀ, ਤੇ ਸਾਹਿੱਤ ਦੀ ਜਾਨ ਦਸਮੇਸ਼ ਹੈਸਨ

---

* 'ਦੇਹੁਰਾ ਮਸੀਤ ਸੋਈ ਪੂਜਾ ਔ ਨਮਾਜ਼ ਓਈ' ਵਾਲੇ ਕਬਿੱਤ ਦਾ ਖੁਲ੍ਹਾ ਭਾਵ ਹੈ।

ਪੈਂਦੀ ਓਸ ਵਿਦਵਾਨ ਦੀ ਧੁੰਮ ਹੈਸੀ, ਕਰਦੇ ਜਿਹਨੂੰ ਪਰਵਾਨ ਦਸਮੇਸ਼ ਹੈਸਨ
ਬੋਲੀ ਆਪ ਦੀ ਕਾਲਜੇ ਵਿਨ੍ਹਦੀ ਸੀ, ਐਸੇ ਸਾਫ਼ ਜ਼ਬਾਨ ਦਸਮੇਸ਼ ਹੈਸਨ
ਸੂਝ ਫ਼ਾਰਸੀ, ਨਾਗਰੀ, ਸੰਸਕ੍ਰਿਤ ਦੀ, ਖ਼ੂਬ ਰੱਖਦੇ ਭਾਨ ਦਸਮੇਸ਼ ਹੈਸਨ
'ਤੀਰ' ਸੱਚ ਹੈ ਆਪਣੇ ਸਮੇਂ ਅੰਦਰ, ਆਲਮ ਇਲਮ ਦੀ ਸ਼ਾਨ ਦਸਮੇਸ਼ ਹੈਸਨ

### ਆਪ ਦੀ ਰਚਨਾ (ਵੱਲੋਂ ਕਵੀ)

ਵੇਖੋ ਰਚਨਾ ਆਪ ਦੀ 'ਜ਼ਫਰਨਾਮਾ', ਇਲਮ ਹੁਨਰ ਦਾ ਨਿਰਾ ਕਲਾਮ ਜਾਪੇ
'ਵਾਰ ਚੰਡੀ' ਦੀ ਹੈ ਬੀਰ-ਰਸ ਸੁੱਧਾ, ਉਚਾ ਓਸ ਦੇ ਵਿੱਚ ਖ਼ਿਆਲ ਜਾਪੇ
'ਮਿੱਠੇ-ਜਾਪ' ਅੰਦਰ ਉਹਦਾ ਜਾਪ ਭਰਿਆ, ਉਹਦੀ ਰਚਨਾ ਵਿਚੋਂ ਅਕਾਲ ਜਾਪੇ
ਅਮੀਂ ਸੁਧਾ ਸਵੱਯਾਂ ਦੇ ਵਿਚ ਭਰਿਆ, ਪਿਆ ਛਲਕਦਾ ਅੰਮ੍ਰਿਤੀ ਤਾਲ ਜਾਪੇ
ਮਹਿਮਾ 'ਚੰਡੀ ਚਰਿਤ੍ਰ' ਦੀ ਕਰੇ ਕਿਹੜਾ, ਕਾਵਿ ਵਾਹ ਉਸਦਾ ਬੇਮਿਸਾਲ ਜਾਪੇ
ਤੇ ਬਚਿਤ੍ਰ ਨਾਟਕ ਨਵੇਂ ਰੰਗ ਅੰਦਰ, ਖ਼ੂਬ ਚਲਦਾ ਆਪਣੀ ਚਾਲ ਜਾਪੇ
ਅੱਖਾਂ ਰੰਗੀਆਂ ਨਾਮ ਦੇ ਰੰਗ ਅੰਦਰ, ਕਵੀ ਗੁੱਜਰੀ ਮਾਤ ਦਾ ਲਾਲ ਜਾਪੇ
'ਤੀਰ' ਕਵੀ ਬਣਕੇ ਫੜੀ ਕਲਮ ਕਿਧਰੇ, ਕਿਤੇ ਜੰਗ ਕਰਦਾ ਤੇਗ ਨਾਲ ਜਾਪੇ

### ਹਾਜ਼ਰ ਜਵਾਬ ਤੇ ਜ਼ਿੰਦਾ-ਦਿਲ ਸ੍ਰੀ ਦਸਮੇਸ਼ (ਵੱਲੋਂ ਕਵੀ)

ਹਸਮੁੱਖ ਸਦਾ ਸਦਾ ਈ ਖ਼ੁਸ਼-ਰਹਿਣੇ, ਸਦਾ ਮਹਿਕਦੇ ਖਿੜੇ ਗੁਲਾਬ ਜਾਣੋ
ਜ਼ਿੰਦਾ-ਦਿਲੀ ਸੀ ਆਪਦੇ ਦਿਲ ਅੰਦਰ, ਇਹਦੇ ਨਾਲ ਈ ਹਾਜ਼ਰ-ਜਵਾਬ ਜਾਣੋ
ਐਨ ਸਮੇਂ ਤੇ ਤੁਰਤ ਜਵਾਬ ਦੇਂਦੇ, ਬਾਕੀ ਰੱਖਦੇ ਨਾ ਸੀ ਹਿਸਾਬ ਜਾਣੋ
'ਤੀਰ' ਖ਼ੁਸ਼ੀ ਦਾ ਰਾਗ ਸੀ ਸਦਾ ਗਾਂਦੇ, ਬਣਕੇ ਪ੍ਰੇਮ ਦੀ ਰੱਬੀ-ਰਬਾਬ ਜਾਣੋ

### ਆਪ ਕਿਤਨੇ ਹਾਜ਼ਰ ਜਵਾਬ ਤੇ ਜ਼ਿੰਦਾ-ਦਿਲ ਸਨ ਇਕ ਮਿਸਾਲ (ਵੱਲੋਂ ਕਵੀ)

ਇੱਕ ਦਿਨ ਬਹਾਦਰ ਸ਼ਾਹ ਕਹਿਣ ਲੱਗਾ, ਇਕੋ ਹੈ ਖ਼ੁਦਾ ਸੰਸਾਰ ਅੰਦਰ
ਜਾਨੀ ਜਾਣ ਨੇ ਆਖਿਆ ਨਹੀਂ ਸ਼ਾਹਾ, ਤਿੰਨ ਰੱਬ ਨੇ ਮੇਰੀ ਵਿਚਾਰ ਅੰਦਰ
ਇੱਕ ਹਿੰਦੂਆਂ ਦਾ ਦੂਜਾ ਮੋਮਨਾਂ ਦਾ, ਜਿਹੜੇ ਵੱਸਦੇ ਨੇ ਸਦਾ ਖ਼ਾਰ ਅੰਦਰ
'ਤੀਰ' ਰੱਬ ਤੀਜਾ ਉੱਤੇ ਵੱਖਰਾ ਏ, ਬੱਝੇ ਦੋਏ ਨੇ ਜਿਸ ਦੀ ਤਾਰ ਅੰਦਰ

### ਦੂਜੀ ਮਿਸਾਲ (ਵੱਲੋਂ ਕਵੀ)

ਇਕ ਵਾਰ ਜਾਂ ਸਿੱਖਾਂ ਨੇ ਜਾਣ ਖ਼ਾਤਰ, ਚਾਲ ਚੱਲਕੇ ਢੰਗ ਬਣਾਇਆ ਸੀ
'ਸਿੰਘ ਮਰ ਗਿਆ' ਆਖ ਕੇ ਜਿਉਂਦੇ ਨੂੰ, ਉਪਰ ਫੱਟੇ ਤੇ ਜਦੋਂ ਲਿਟਾਇਆ ਸੀ
ਟੁਰ ਪਏ ਸੀ ਜਦੋਂ ਬਬਾਣ ਲੈਕੇ, ਓਦੋਂ ਆਪ ਨੇ ਚੋਜ ਰਚਾਇਆ ਸੀ
ਸਿਵੇ ਤੀਕ ਸੀ ਨਾਲ ਹੀ ਗਏ ਓਦੋਂ, ਭੇਦ ਆਪਦਾ ਕਿਸੇ ਨਾ ਪਾਇਆ ਸੀ

ਜਦੋਂ ਜਾ ਮਸਾਣਾਂ ਦੀ ਭੂਮ ਅੰਦਰ, ਸਿੱਖਾਂ ਉਹ ਬਬਾਣ ਟਿਕਾਇਆ ਸੀ
ਤਦੋਂ ਇੱਕ ਬਲਦਾ ਬਲਦਾ ਚੋ ਲੈ ਕੇ, ਉਨ੍ਹਾਂ ਜੀਂਵਦੇ ਮੋਏ ਨੂੰ ਲਾਇਆ ਸੀ
ਉੱਠ ਦੌੜਿਆ ਖੱਫਣ ਲਪੇਟਿਆ ਈ, ਅੱਗ ਵੇਖਕੇ ਬਹੁਤ ਘਬਰਾਇਆ ਸੀ
'ਤੀਰ' ਜਿੰਨਾ ਰੁਆਂਵਦਾ ਨਹੀਂ ਕੋਈ, ਜਾਨੀ ਜਾਨ ਨੇ ਇਨਾ ਹਸਾਇਆ ਸੀ

### ਆਪ ਦੀ ਨਿਰਮਾਣਤਾ ਦਾ ਨਮੂਨਾ

ਸਾਈਂ ਸੱਨ ਭਾਵੇਂ ਲੱਖਾਂ ਬਰਕਤਾਂ ਦੇ, ਕਿਸੇ ਸਮੇਂ ਨਾ ਉਨ੍ਹਾਂ ਹੰਕਾਰ ਕੀਤਾ
ਵੇਲੇ ਲੋੜ ਦੇ ਸਦਾ ਅਰਦਾਸ ਕੀਤੀ, ਹਰ ਸਮੇਂ ਤੇ ਯਾਦ ਕਰਤਾਰ ਕੀਤਾ
ਊਚ-ਜਾਤੀਆਂ ਜਿਨ੍ਹਾਂ ਨੂੰ ਰੋਲਿਆ ਸੀ, ਗਲੇ ਉਨ੍ਹਾਂ ਨੂੰ ਲਾ ਪਿਆਰ ਕੀਤਾ
ਮਾਰੀ ਡੀਂਗ ਨਾ ਮੂਲ ਕੁਰਬਾਨੀਆਂ ਦੀ, ਭਾਵੇਂ ਚੌਖਨੇ ਸਭ ਪਰਵਾਰ ਕੀਤਾ
ਦਿੱਤੀ ਦਿਲ ਵਿਚ ਥਾਂ ਨਿਰਮਾਨਤਾ ਨੂੰ, ਸਾਰੀ ਹਿੰਦ ਦਾ ਭਾਵੇਂ ਸੁਧਾਰ ਕੀਤਾ
ਜਦੋਂ ਪਿਤਾ ਨੂੰ ਟੋਰਿਆ ਵਿੱਚ ਦਿੱਲੀ, ਹੱਥ ਜੋੜ ਕੇ ਸ਼ੁਕਰ ਹਜ਼ਾਰ ਕੀਤਾ
ਜਦੋਂ ਲਾਡਲੇ ਲਾਲ ਵੀ ਬਲੀ ਦਿੱਤੇ, ਧਰਮ ਯੁੱਧ ਵੇਖੋ ਲਗਾਤਾਰ ਕੀਤਾ
'ਤੀਰ' ਓਟ ਅਕਾਲ ਦੀ ਸਦਾ ਰੱਖੀ, ਏਦਾਂ ਹਿੰਦੀਆਂ ਦਾ ਬੇੜਾ ਪਾਰ ਕੀਤਾ

### ਸੁਚੱਜੇ ਗ੍ਰਿਹਸਤੀ ਸ੍ਰੀ ਦਸਮੇਸ਼ ਜੀ (ਵੱਲੋਂ ਕਵੀ)

ਗ੍ਰਹਸਤ ਵਿਚ ਵੀ ਆਪ ਪਰਬੀਨ ਪੂਰਨ, ਹਰ ਸਮੇਂ ਤੇ ਰਹੇ ਹੁਸ਼ਿਆਰ ਹੋ ਕੇ
ਪੁੱਤਰ ਬਣੇ ਤਾਂ ਆਪਣੇ ਮਾਪਿਆਂ ਦੇ, ਰਹੇ ਸਦਾ ਹੀ ਆਗਿਆਕਾਰ ਹੋ ਕੇ
ਪਤੀ ਦੇਵਤਾ ਬਣੇ ਤਾਂ ਲੱਜ ਪਾਲੀ, ਸਤੀ ਧਰਮ ਦੀ ਕੰਤ ਕਰਤਾਰ ਹੋ ਕੇ
ਪਿਤਾ ਬਣੇ ਤਾਂ ਆਪਣੇ ਪੁੱਤਰਾਂ ਨੂੰ, ਦਿੱਤੀ ਸਿੱਖਿਆ ਸੁਘੜ ਪਿਆਰ ਹੋ ਕੇ
ਮੰਨੀ ਮਾਤ ਦੀ ਆਗਿਆ ਖਿੜੇ ਮੱਥੇ, ਹਰ ਸਮੇਂ ਉੱਤੇ ਹੋਣਹਾਰ ਹੋ ਕੇ
'ਤੀਰ' ਪਿਤਾ ਦੇ ਵੀ ਸਭੋ ਹੁਕਮ ਪਾਲੇ, ਦਿਲੋਂ ਆਪ ਨੇ ਤਾਬਿਆਦਾਰ ਹੋ ਕੇ

### ਸ੍ਰੀ ਦਸਮੇਸ਼ ਜੀ ਦੀ ਸਿਆਣਪ (ਵੱਲੋਂ ਕਵੀ)

ਫਲ ਇਹ ਸੀ ਆਪਦੀ ਸਿੱਖਿਆ ਦਾ, ਐਵੇਂ ਨਿਕਲਿਆ ਨਹੀਂ ਪਰਵਾਰ ਸਿਦਕੀ
ਦੇਸ਼ ਧਰਮ ਖ਼ਾਤਰ ਹਰ ਸਮੇਂ ਉੱਤੇ, ਕਰਦੇ ਸਿਦਕ ਦੀ ਹੀ ਰਹੇ ਕਾਰ ਸਿਦਕੀ
ਕਿਸੇ ਦੇਸ਼ ਖ਼ਾਤਰ ਜੂਝ ਜਾਨ ਵਾਰੀ, ਕਈ ਗਏ ਨੇ ਕੰਧ ਉਸਾਰ ਸਿਦਕੀ
ਬਿਰਧ ਮਾਤ ਤੇ ਜ਼ੋਰਾਵਰ ਸਿਦਕੀ, 'ਤੀਰ' ਫਤਹਿ ਅਜੀਤ ਜੁਝਾਰ ਸਿਦਕੀ

### ਸ੍ਰੀ ਦਸਮੇਸ਼ ਦੀ ਮਹਿਮਾ (ਵੱਲੋਂ ਕਵੀ)

ਚੋਜੀ ਸ੍ਰੀ ਦਸਮੇਸ਼ ਜੀ ਦੇਸ਼ ਖ਼ਾਤਰ, ਹੋ ਕੇ ਭਾਰੀਆਂ ਕਰਨੀਆਂ ਕਰਨ ਵਾਲੇ
ਦੱਸ ਗਏ ਨੇ ਦੇਸ਼ ਦੇ ਵਾਸੀਆਂ ਨੂੰ, ਮਰਨ ਦੇਸ਼ ਖ਼ਾਤਰ ਏਦਾਂ ਮਰਨ ਵਾਲੇ

ਦੇਸ਼ ਪ੍ਰੇਮ ਦਾ ਜਿਹਨਾਂ ਨੂੰ ਚਾ ਚੜ੍ਹਿਆ, ਹੁੰਦੇ ਨਹੀਂ ਉਹ ਮੌਤ ਤੋਂ ਡਰਨ ਵਾਲੇ
ਹੁੰਦੇ ਉਹ ਨੇ ਦੀਨ ਤੇ ਦੇਸ਼-ਖ਼ਾਤਰ, ਪੰਧ ਤੇਗ਼ ਦੀ ਧਾਰ ਤੇ ਕਰਨ ਵਾਲੇ
ਦੱਸੇ ਹਿੰਦੀਆਂ ਨੂੰ ਝੱਲ ਝੱਲ ਸਦਮੇ, ਏਦਾਂ ਹੈਣ ਜਰਦੇ ਕਸ਼ਟ ਜਰਨ ਵਾਲੇ
'ਤੀਰ' ਕੌਮ ਲਈ ਮਹਿਲ ਉਸਾਰਦੇ ਨੇ, ਨੀਹਾਂ ਪੁੱਤਰਾਂ ਦੇ ਨਾਲ ਭਰਨ ਵਾਲੇ

## ਮਹਾਰਾਜ ਦੀ ਹਿੰਦ ਨੂੰ ਕਿਤਨੀ ਲੋੜ ਸੀ

ਜੇ ਨਾ ਸ੍ਰੀ ਦਸਮੇਸ਼ ਅਵਤਾਰ ਲੈਂਦੇ, ਹੁਣ ਤੀਕ ਇਹ ਦੇਸ਼ ਖਵਾਰ ਹੁੰਦਾ
ਜ਼ੁਲਮ ਕਦੇ ਵੀ ਨਾ ਮਲੀਆਮੇਟ ਹੁੰਦਾ, ਹਿੰਦੀ ਹੱਦ ਤੋਂ ਵੱਧ ਦੁਖਿਆਰ ਹੁੰਦਾ
ਹੁੰਦੀ ਮੌਤ ਨਾ ਕਦੇ ਜਰਵਾਣਿਆਂ ਦੀ, ਹੌਲਾ ਪਾਪ ਦਾ ਮੂਲ ਨਾ ਭਾਰ ਹੁੰਦਾ
ਉੱਚੇ ਮੂਲ ਨਾ ਕਦੇ ਅਛੂਤ ਹੁੰਦੇ, ਨਾ ਸਮਾਜ ਦਾ ਕਦੇ ਸੁਧਾਰ ਹੁੰਦਾ
ਅਣਖ ਜਾਗਦੀ ਕਦੇ ਨਾ ਦਿਲਾਂ ਅੰਦਰ, ਜੱਟ ਕਦੇ ਨਾ ਅੱਜ ਸਰਦਾਰ ਹੁੰਦਾ
ਹਿੰਦੂ ਲੋੜਿਆਂ ਵੀ ਕੋਈ ਲੱਭਦਾ ਨਾ, ਮੰਦਰ ਕੋਈ ਨਾ ਕਿਤੇ ਤਿਆਰ ਹੁੰਦਾ
ਜੰਞੂ ਬੋਦੀਆਂ ਪੈਂਦੀਆਂ ਨਿਗ੍ਹਾ ਨਾਹੀਂ, ਚੋਲਾ ਹਿੰਦੂਆਂ ਦਾ ਤਾਰ ਤਾਰ ਹੁੰਦਾ
ਨਾਈ ਛੀਂਬਿਆਂ ਝੀਵਰਾਂ ਸ਼ੂਦਰਾਂ ਦਾ, ਹੋਇਆ ਕਦੇ ਨਾ ਅੱਜ ਉਧਾਰ ਹੁੰਦਾ
ਜੇਕਰ ਬਣੀ ਵੇਲੇ ਕਲਗੀਧਰ ਆਕੇ, ਤਰਸ ਖਾ ਕੇ ਨਾ ਮਦਦਗਾਰ ਹੁੰਦਾ
'ਤੀਰ' ਜ਼ੁਲਮ ਅੰਦਰ ਐਸਾ ਗ਼ਰਕ ਜਾਂਦਾ, ਬੇੜਾ ਹਿੰਦ ਦਾ ਮੂਲ ਨਾ ਪਾਰ ਹੁੰਦਾ

## ਦੇਸ਼ ਭਗਤ ਸ੍ਰੀ ਦਸਮੇਸ਼ (ਵੱਲੋਂ ਕਵੀ)

ਦੇਸ਼-ਭਗਤ ਸਨ ਸ੍ਰੀ ਦਸਮੇਸ਼ ਪੂਰੇ, ਹਿੱਸੇ ਆਪ ਦੇ ਆਈ ਏ ਦੇਸ਼-ਭਗਤੀ
ਦੁੱਖ ਝੱਲ ਝੱਲਕੇ ਔਖ ਸਹਿ ਸਹਿ ਕੇ, ਉਹਨਾਂ ਪਾਲ ਵਿਖਾਈ ਏ ਦੇਸ਼-ਭਗਤੀ
ਪੈਰੀਂ ਪੰਧ ਕਰਕੇ ਸੱਥਰ ਸੌਂ ਸੌਂ ਕੇ, ਸਿੱਖਾਂ ਤਾਂਈਂ ਸਿਖਾਈ ਏ ਦੇਸ਼-ਭਗਤੀ
ਕੱਟ ਕੱਟ ਜਾਗੇ ਝਾਗ ਝਾਗ ਰਾਤਾਂ, ਉਹਨਾਂ ਸੁੱਤੀ ਜਗਾਈ ਏ ਦੇਸ਼-ਭਗਤੀ
ਅੰਸ ਬੰਸ ਧਨ ਧਾਮ ਕੁਰਬਾਨ ਕਰਕੇ, ਵੇਖੋ ਖ਼ੂਬ ਨਿਭਾਈ ਏ ਦੇਸ਼-ਭਗਤੀ
ਕਦੇ ਰਤਾ ਵੀ ਮੂਲ ਨਾ ਮਾਣ ਕੀਤਾ, ਕਿ ਮੈਂ ਰੱਜ ਕਮਾਈ ਏ ਦੇਸ਼-ਭਗਤੀ
ਚੱਕਰ ਲਾ ਲਾ ਕੇ ਮੱਤਾਂ ਦੇ ਦੇ ਕੇ, ਹਿੰਦ ਵਿਚ ਫੈਲਾਈ ਏ ਦੇਸ਼-ਭਗਤੀ
ਕੁੱਟ ਕੁੱਟ ਕੇ ਆਪਣੇ ਪੰਥ ਅੰਦਰ, ਨਾਲ ਰੀਝ ਦੇ ਪਾਈ ਏ ਦੇਸ਼-ਭਗਤੀ
ਪੈਦਾ ਕਰਨ ਲਈ ਬਲ ਸ਼ਹੀਦੀਆਂ ਦਾ, ਮੀਂਹ ਵਾਂਗ ਵਸਾਈ ਏ ਦੇਸ਼-ਭਗਤੀ
ਰੱਤ ਪਾ ਪਾ ਪਿਤਾ ਤੇ ਪੁੱਤਰਾਂ ਦੀ, ਚਾਈਂ ਚਾਈਂ ਨੁਹਾਈ ਏ ਦੇਸ਼-ਭਗਤੀ
ਕਰਕੇ ਰੱਬ-ਭਗਤੀ ਕੀਤੀ ਦੇਸ਼ ਸੇਵਾ, ਏਦਾਂ ਅਰਸ਼ ਚੜ੍ਹਾਈ ਏ ਦੇਸ਼-ਭਗਤੀ
ਚਾਰ ਕੁੰਟ ਅੰਦਰ ਕਰ ਕਰ ਕਰਨੀ, ਮਹਿਕ ਵਾਂਗ ਧੁਮਾਈ ਏ ਦੇਸ਼-ਭਗਤੀ
ਚਾੜ੍ਹ ਚਾੜ੍ਹਕੇ ਅੰਮ੍ਰਿਤੀ ਸਾਣ ਉੱਤੇ, ਜਾਣੀਜਾਣ ਚਮਕਾਈ ਏ ਦੇਸ਼-ਭਗਤੀ

ਲੋਕੀਂ ਕਹਿਣ ਅੰਮ੍ਰਿਤ ਮੈਂ ਤਾਂ ਆਖਦਾ ਹਾਂ, ਉਨ੍ਹਾਂ ਪੀਤੀ ਪਿਲਾਈ ਏ ਦੇਸ਼-ਭਗਤੀ
ਬਾਨੀ ਆਪਣੀ ਵਿੱਚ ਵੀ ਆਪ ਜੀ ਨੇ, ਰੱਬੀ-ਰੰਗ ਰੰਗਾਈ ਏ ਦੇਸ਼-ਭਗਤੀ
ਦੇਸ਼-ਭਗਤ ਬਾਪੂ ਦੇਸ਼-ਭਗਤ ਪੁੱਤਰ, ਉਹਦੀ ਗੁੱਜਰੀ ਮਾਈ ਏ ਦੇਸ਼-ਭਗਤੀ
ਦੇਸ਼-ਭਗਤ ਬੱਚੇ ਚਾਰੇ ਚੜ੍ਹੇ ਭੇਟਾ, ਉਨ੍ਹਾਂ ਖ਼ੂਬ ਅਪਣਾਈ ਏ ਦੇਸ਼-ਭਗਤੀ
ਦੇਸ਼-ਭਗਤ ਹੀ ਪੰਥ ਪਰਵਾਰ ਰਚਿਆ, ਐਸੀ ਆਪ ਨੂੰ ਭਾਈ ਏ ਦੇਸ਼-ਭਗਤੀ
ਹਿੰਦਵਾਸੀਆਂ ਦੇ ਦਿਲੀਂ ਫੁੱਲ ਵਾਂਗੂੰ, ਲੋੜ ਵੇਖ ਮਹਿਕਾਈ ਏ ਦੇਸ਼-ਭਗਤੀ
'ਤੀਰ' ਅੱਜ ਐਪਰ ਵੇਖੋ ਹਿੰਦੀਆਂ ਨੇ, ਭੁੱਲੀਂ ਪੈ ਭੁਲਾਈ ਏ ਦੇਸ਼-ਭਗਤੀ

### ਜੇਕਰ (ਵੱਲੋਂ ਕਵੀ)

ਜੇਕਰ ਸ੍ਰੀ ਦਸਮੇਸ਼ ਦੀ ਦੇਸ਼ ਭਗਤੀ, ਹਰ ਹਿੰਦਵਾਸੀ ਤਾਈਂ ਯਾਦ ਹੋਵੇ
ਜੇਕਰ ਅੱਜ ਵੀ ਸ੍ਰੀ ਦਸਮੇਸ਼ ਵਾਂਗੂੰ, ਦੇਸ਼ ਵਾਸਤੇ ਕੋਈ ਬਰਬਾਦ ਹੋਵੇ
ਜੇਕਰ ਦੇਸ਼ ਦੇ ਲਾਭ ਦੇ ਲਈ ਮਰ ਕੇ, ਮਾਣ ਸਕਦਾ ਕੋਈ ਸਵਾਦ ਹੋਵੇ
ਜੇਕਰ ਆਜਜ਼ਾਂ ਦੀਨ ਨਿਮਾਣਿਆਂ ਦੀ, ਸੁਣ ਸੱਕਦਾ ਕੋਈ ਫਰਿਆਦ ਹੋਵੇ
ਫੇਰ ਹੋ ਨਹੀਂ ਸੱਕਦਾ ਸੱਚ ਜਾਣੋਂ, ਦਿਨਾਂ ਵਿੱਚ ਨਾ ਪੂਰੀ ਮੁਰਾਦ ਹੋਵੇ
'ਤੀਰ' ਦੇਸ਼-ਭਗਤੀ ਜੇਕਰ ਆਏ ਸੱਚੀ, ਕਿਉਂ ਨਾ ਦੇਸ਼ ਅਜ਼ਾਦ ਅਬਾਦ ਹੋਵੇ

### ਦੇਸ਼-ਭਗਤਾਂ ਨੂੰ ਹਲੂਣਾ (ਵੱਲੋਂ ਕਵੀ)

ਦੇਸ਼-ਭਗਤ ਦਸਮੇਸ਼ ਦੀ ਜੀਵਨੀ ਨੂੰ, ਜੇਕਰ ਅੱਜ ਅਪਣਾ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਦੇ ਦਿਲ ਵਰਗਾ, ਜੇਕਰ ਦਿਲ ਬਣਾ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਦੀ ਰੀਝ ਵਾਂਗੂੰ, ਜੇਕਰ ਰੀਝ ਵਧਾ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਦੀ ਅਣਖ ਵਾਂਗੂੰ, ਜੇਕਰ ਅਣਖ ਜਗਾ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਜਿਉਂ ਦੁੱਖ ਵੇਲੇ, ਜੇਕਰ ਰੱਬ ਧਿਆ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਜਿਉਂ ਦੇਸ਼ ਖ਼ਾਤਰ, ਜੇਕਰ ਝੁੱਗੇ ਗਵਾ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਜਿਉਂ ਪੁੱਤ-ਹੀਰੇ, ਜੇਕਰ ਹੱਸ ਘੁਮਾ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਦੇ ਵਾਂਗ ਜੇਕਰ, ਨੈਣੀਂ ਦੇਸ਼ ਵਸਾ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਦੇ ਵਾਂਗ ਜੇਕਰ, ਜ਼ਾਤੀ ਸੁੱਖ ਭੁਲਾ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਦੇ ਵਾਂਗ ਜੇਕਰ, ਗਲ ਖੱਫਣੀ ਪਾ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਨੂੰ ਤੁਸੀਂ ਜੇਕਰ, ਦਿਲਾਂ ਉੱਤੇ ਬਿਠਾ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਨੂੰ ਤੁਸੀਂ ਜੇਕਰ, ਦਿਲੋਂ ਸੀਸ ਨਿਵਾ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਦੇ ਵਾਂਗ ਜੇਕਰ, ਗ਼ਮ ਦੇਸ਼ ਦਾ ਖਾ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਦੇ ਵਾਂਗ ਜੇਕਰ, ਦਿਲੋਂ ਗਰਜ਼ ਹਟਾ ਲਵੋ ਦੇਸ਼-ਭਗਤੋ

ਦੇਸ਼-ਭਗਤ ਦਸਮੇਸ਼ ਦੇ ਵਾਂਗ ਜੇਕਰ, ਸੌਹਾਂ ਦੇਸ਼ ਲਈ ਖਾ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਦੇ ਵਾਂਗ ਜੇਕਰ, ਦਿਲੋਂ ਦੂਈ ਮਿਟਾ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਦੇ ਵਾਂਗ ਜੇਕਰ, ਗਲੇ ਸਭ ਨੂੰ ਲਾ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਦੇ ਵਾਂਗ ਜੇਕਰ, ਦੇਸ਼-ਦਰਦ ਕਮਾ ਲਵੋ ਦੇਸ਼-ਭਗਤੋ
ਦੇਸ਼-ਭਗਤ ਦਸਮੇਸ਼ ਦੇ ਵਾਂਗ ਜੇਕਰ, ਤੁਸੀਂ ਸਮਾਂ ਲੰਘਾ ਲਵੋ ਦੇਸ਼-ਭਗਤੋ
'ਤੀਰ' ਗੁਰੂ ਦਸਮੇਸ਼ ਜੇ ਗੁਰੂ ਮੰਨੋ, ਦੁਖੀ ਦੇਸ਼ ਬਚਾ ਲਵੋ ਦੇਸ਼-ਭਗਤੋ

## ਬੇ-ਮਿਸਾਲ ਸ੍ਰੀ ਦਸਮੇਸ਼ ਜੀ (ਵੱਲੋਂ ਕਵੀ)

ਜਿਵੇਂ ਸ੍ਰੀ ਦਸਮੇਸ਼ ਜੀ ਨੇ ਘਾਲ ਘਾਲੀ, ਐਸੀ ਕਦੇ ਨਹੀਂ ਸੱਕਦਾ ਘਾਲ ਕੋਈ
ਜਿਵੇਂ ਸ੍ਰੀ ਦਸਮੇਸ਼ ਨੇ ਪਿਤਾ ਦਿੱਤਾ, ਏਦਾਂ ਦੇ ਨਹੀਂ ਸੱਕਦਾ ਬਾਲ ਕੋਈ
ਜਿਵੇਂ ਸ੍ਰੀ ਦਸਮੇਸ਼ ਨੇ ਲਾਲ ਵਾਰੇ, ਏਦਾਂ ਵਾਰਦਾ ਨਾ ਨੌ-ਨਿਹਾਲ ਕੋਈ
ਜਿਵੇਂ ਸ੍ਰੀ ਦਸਮੇਸ਼ ਨੇ ਦੁੱਖ ਝੱਲੇ, ਨਹੀਂ ਝੱਲਦਾ ਸੂਰਮਾ ਝਾਲ ਕੋਈ
ਜਿਵੇਂ ਸ੍ਰੀ ਦਸਮੇਸ਼ ਨੇ ਪੰਥ ਰਚਿਆ, ਕੀਤਾ ਕਿਸੇ ਨਾ ਜਿਹਾ ਕਮਾਲ ਕੋਈ
ਜਿਵੇਂ ਸ੍ਰੀ ਦਸਮੇਸ਼ ਸਨ ਦੇਸ਼-ਪ੍ਰੇਮੀ, ਐਸਾ ਜੰਮਣਾ ਨਾ ਅੰਗ ਪਾਲ ਕੋਈ
ਧੰਨ ਜਿਵੇਂ ਦਸਮੇਸ਼ ਲੁਟਾ ਦਿੱਤਾ, ਨਾ ਲੁਟਾਂਵਦਾ ਇਸ ਤਰ੍ਹਾਂ ਮਾਲ ਕੋਈ
ਜਿਵੇਂ ਦੇਸ਼ ਦੀ ਢਾਲ ਦਸਮੇਸ਼ ਬਣਿਆ, ਏਦਾਂ ਬਣ ਨਹੀਂ ਸੱਕਦਾ ਢਾਲ ਕੋਈ
ਜਿਵੇਂ ਜ਼ੁਲਮ ਦੀ ਜੜ੍ਹ ਦਸਮੇਸ਼ ਗਾਲੀ, ਤਿਵੇਂ ਹੋਰ ਨਹੀਂ ਸੱਕਦਾ ਗਾਲ ਕੋਈ
ਜਿਵੇਂ ਸ੍ਰੀ ਦਸਮੇਸ਼ ਨੇ ਉਮਰ ਕੱਟੀ, ਕੱਟ ਸਕਦਾ ਨਾ ਇੱਕ ਸਾਲ ਕੋਈ
ਜਿਵੇਂ ਜ਼ੁਲਮ ਦੇ ਜਾਲ ਦਸਮੇਸ਼ ਤੋੜੇ, ਏਦਾਂ ਤੋੜ ਨਹੀਂ ਸੱਕਦਾ ਜਾਲ ਕੋਈ
ਰਾਜਨੀਤ ਸੀ ਜਿਵੇਂ ਦਸਮੇਸ਼ ਵਰਤੀ, ਤਿਵੇਂ ਚੱਲ ਨਹੀਂ ਸੱਕਦਾ ਚਾਲ ਕੋਈ
ਜਿਵੇਂ ਜ਼ਾਲਮਾਂ ਨਾਲ ਦਸਮੇਸ਼ ਸਿੱਝੇ, ਸਿੱਝ ਸਕਦਾ ਨਾ ਜ਼ੁਲਮ ਨਾਲ ਕੋਈ
ਜਿਵੇਂ ਸ੍ਰੀ ਦਸਮੇਸ਼ ਨੇ ਹੱਲ ਕੀਤੇ, ਏਦਾਂ ਕੱਢਦਾ ਨਹੀਂ ਸਵਾਲ ਕੋਈ
ਦੇਸ਼-ਭਗਤ ਦਸਮੇਸ਼ ਦੀ ਜ਼ਾਤ ਵਰਗੀ, ਕਿਤੇ ਲੱਭਦੀ ਨਹੀਂ ਮਿਸਾਲ ਕੋਈ
'ਤੀਰ' ਜੱਗ ਤੇ ਸ੍ਰੀ ਦਸਮੇਸ਼ ਵਰਗਾ, ਨਹੀਂ ਜੰਮਣਾ ਮਾਂ ਨੇ ਲਾਲ ਕੋਈ

## ਅਸੀਂ ਤੇ ਸ੍ਰੀ ਦਸਮੇਸ਼ ਜੀ

ਅਸੀਂ ਗਰਜ਼ ਤੇ ਗੌਂ ਦੇ ਨਿਰੇ ਬੰਦੇ, ਉਹ ਬੇ-ਗਰਜ਼ ਸੀ ਟਹਿਲ ਕਮਾਣ ਵਾਲਾ
ਅਸੀਂ ਆਪਣੇ ਪੇਟ ਦੇ ਬਣੇ ਗੋਲੇ, ਉਹ ਸੀ ਭੁੱਖਿਆਂ ਤਾਈਂ ਰਜਾਣ ਵਾਲਾ
ਅਸੀਂ ਆਪਣੇ ਹੀ ਸੁੱਖ ਲੋਚਦੇ ਹਾਂ, ਉਹ ਸੀ ਆਪਣੇ ਸੁੱਖ ਘੁਮਾਣ ਵਾਲਾ
ਅਸਾਂ ਰੱਖਿਆ ਆਪਣਾ ਆਪ ਅੱਗੇ, ਉਹ ਸੀ ਆਪਣਾ ਆਪ ਭੁਲਾਣ ਵਾਲਾ
ਅਸੀਂ ਝਿੜਕਦੇ ਹਾਂ ਮਾਤਾ ਪਿਤਾ ਤਾਈਂ, ਉਹ ਸੀ ਦੋਹਾਂ ਨੂੰ ਸੀਸ ਨਿਵਾਣ ਵਾਲਾ

ਅਸੀਂ ਰੱਖੀਏ ਆਪਣੇ ਬੱਚਿਆਂ ਨੂੰ, ਉਹ ਸੀ ਆਪਣੇ ਲਾਲ ਲੁਟਾਣ ਵਾਲਾ
ਅਸੀਂ ਕੂੜ ਦੇ ਰਾਹ ਦੇ ਬਣੇ ਪਾਂਧੀ, ਰਾਹ ਸੱਚ ਦੇ ਓਹ ਸੀ ਜਾਣ ਵਾਲਾ
ਅਸੀਂ ਦੇਸ਼ ਨੂੰ ਗਰਜ਼ ਲਈ ਵੇਚਦੇ ਹਾਂ, ਉਹ ਸੀ ਦੇਸ਼ ਲਈ ਜਾਨ ਲੜਾਣ ਵਾਲਾ
ਅਸਾਂ ਖ਼ੂਬ ਗ਼ਦਾਰੀਆਂ ਸਿੱਖੀਆਂ ਨੇ, ਸੀ ਉਹ ਦੇਸ਼-ਗ਼ੱਦਾਰ ਮੁਕਾਣ ਵਾਲਾ
ਅਸੀਂ ਫੁੱਟ ਨੂੰ ਪਏ ਅਪਣਾਉਂਦੇ ਹਾਂ, ਉਹ ਸੀ ਵਿੱਛੜੇ ਹੋਏ ਮਿਲਾਣ ਵਾਲਾ
ਅਸੀਂ ਗਲੇ ਭਰਾਵਾਂ ਦੇ ਕੱਟਦੇ ਹਾਂ, ਉਹ ਸੀ ਡਿੱਗਿਆਂ ਨੂੰ ਗਲੇ ਲਾਣ ਵਾਲਾ
ਅਸਾਂ ਓਸ ਦੀ ਮੱਤ ਵਿਸਾਰ ਦਿੱਤੀ, ਤਦੇ ਘੂਰਦਾ ਏ ਸੰਗਲ ਪਾਣ ਵਾਲਾ
'ਤੀਰ' ਸੁੱਤਿਆਂ ਹਿੰਦੀਆਂ ਗਾਫ਼ਲਾਂ ਨੂੰ, ਹੈਸੀ ਸ੍ਰੀ ਦਸਮੇਸ਼ ਜਗਾਣ ਵਾਲਾ

### *ਹੱਦੋਂ ਵੱਧ ਨਿਸ਼ਕਾਮਤਾ*

ਵੇਖੋ ਦਿਲੀ ਨਿਸ਼ਕਾਮਤਾ ਹੈ ਕੇਡੀ, ਕੀਤਾ ਪਰਗਣਾ ਨਹੀਂ ਪਰਵਾਨ ਕੋਈ
ਹੱਸ ਹੱਸ ਕੁਰਬਾਨੀਆਂ ਦਿੱਤੀਆਂ ਨੇ, ਕੀਤਾ ਮੰਨ ਤੋਂ ਮੂਲ ਨਾ ਮਾਨ ਕੋਈ
ਧੰਨ ਸ੍ਰੀ ਦਸਮੇਸ਼ ਜੀ ਧੰਨ ਹੈਂ ਤੂੰ, ਤੇਰੇ ਜਿਹਾ ਨਾ ਵਿਚ ਜਹਾਨ ਕੋਈ
'ਤੀਰ' ਧੰਨ ਇਹ ਆਖਣਾ ਅੰਤ ਤੇਰਾ, ਪਿੱਛੇ ਬਣੇ ਨਾ ਮੇਰਾ ਨਿਸ਼ਾਨ ਕੋਈ

### *ਅਸੀਂ ਸ੍ਰੀ ਦਸਮੇਸ਼ ਜੀ ਦੀ ਜ਼ਿੰਦਗੀ ਤੋਂ ਕੀ ਸਿੱਖਿਆ ਹਾਸਲ ਕਰ ਸਕਦੇ ਹਾਂ*

ਅਸੀਂ ਸ੍ਰੀ ਦਸਮੇਸ਼ ਦੀ ਜ਼ਿੰਦਗੀ ਤੋਂ, ਲੈ ਕੇ ਸਿੱਖਿਆ ਜੇ ਬੇੜੀ ਤਾਰ ਲਈਏ
ਗਰਜ਼ ਆਪਣੀ ਜੇ ਦਿਲੋਂ ਛੱਡ ਦਈਏ, ਦੇਸ਼ ਵਾਸਤੇ ਜੇ ਜਾਨ ਵਾਰ ਲਈਏ
ਵਿੱਚ ਦਿਨਾਂ ਦੇ ਦੇਸ਼ ਖੁਸ਼ਹਾਲ ਹੋਵੇ, ਜੇਕਰ ਵਿੱਗੜੀ ਗੱਲ ਸੁਧਾਰ ਲਈਏ
ਰੋਂਦੇ ਰੁੱਲਦੇ ਨੀਚ ਨਿਮਾਣਿਆਂ ਨੂੰ, ਅਸੀਂ ਦਿਲੋਂ ਜੇ ਕਰ ਪਿਆਰ ਲਈਏ
ਰਾਜਨੀਤ ਅੰਦਰ ਕਦੇ ਹਾਰੀਏ ਨਾ, ਵੱਡੇ ਚਾਤਰਾਂ ਤਾਈਂ ਵੀ ਚਾਰ ਲਈਏ
ਉਹਨੂੰ ਦੇਵਤਾ ਮੰਨ ਕੁਰਬਾਨੀਆਂ ਦਾ, ਵਾਰ ਆਪਣੇ ਜੇ ਹੋਣਹਾਰ ਲਈਏ
ਉਹਨੂੰ ਜਾਣ ਕੇ ਭੌਰ ਅਜ਼ਾਦੀਆਂ ਦਾ, ਉਹਦੇ ਨਾਲ ਜੇ ਪਾ ਪਿਆਰ ਲਈਏ
'ਤੀਰ' ਦੇਸ਼ ਸੇਵਾ ਕਦੇ ਭੁੱਲੀਏ ਨਾ, ਹੱਸ ਦੇਸ਼ ਲਈ ਦੁੱਖ ਸਹਾਰ ਲਈਏ

### *ਸ੍ਰੀ ਦਸਮੇਸ਼ ਜੀ ਦੀ ਜ਼ਿੰਦਗੀ ਦੇ ਉੱਘੇ ਉੱਘੇ ਸਾਲ**

ਸੰਮਤ ਠੀਕ ਸਤਾਰਾਂ ਸੌ ਤੇਈ ਹੈਸੀ, ਸੁਦੀ ਸਪਤਮੀ ਵਿਚ ਅਵਤਾਰ ਹੋਇਆ
ਸੰਮਤ ਠੀਕ ਸਤਾਰਾਂ ਸੌ ਸੀ ਠਾਈ, ਜਾਂ ਅਨੰਦਪੁਰ ਆਣ ਦੀਦਾਰ ਹੋਇਆ

* ਮਹਾਰਾਜ ਦੀ ਜ਼ਿੰਦਗੀ ਦੇ ਇਹ ਉੱਘੇ ਉੱਘੇ ਸਾਲ ਇਥੇ ਇਸ ਲਈ ਇਕੱਠੇ ਇਕੋ ਜਗ੍ਹਾ ਲਿਖ ਦਿਤੇ ਹਨ ਕਿ ਖੋਜੀ ਪਾਠਕ ਇਕੋ ਥਾਂ ਤੋਂ ਮਤਲਬ ਹੱਲ ਕਰ ਲੈਣ। ਪੁਸਤਕ ਵਿਚ ਥਾਂ-ਥਾਂ ਤੇ ਸੰਮਤ ਦੇਣ ਤੋਂ ਪ੍ਰਹੇਜ਼ ਕੀਤਾ ਹੈ। ਕਵਿਤਾ ਦੇ ਰਸ ਨੂੰ ਕਾਇਮ ਰੱਖਣ ਲਈ ਇਹ ਜ਼ਰੂਰੀ ਸੀ। ਸੰਮਤ ਬਿਕਰਮੀ ਦਿੱਤਾ ਹੈ। (ਦਾਸ ਕਰਤਾ)

ਸੰਮਤ ਠੀਕ ਸੀ ਇਹੋ ਹੀ ਵਿੱਚ ਦਿੱਲੀ, ਪਿਤਾ ਆਪਦਾ ਜਦੋਂ ਨਿਸਾਰ ਹੋਇਆ
ਸੰਮਤ ਸੀ ਸਤਾਰਾਂ ਸੌ ਤੀਹ ਇੱਕੋ, ਗੱਦੀ ਬਹਿਣ ਦਾ ਜਦੋਂ ਵਿਹਾਰ ਹੋਇਆ
ਮੰਗੇ ਗਏ ਸਤਾਰਾਂ ਸੌ ਤੀਹ ਅੰਦਰ, ਚੌਂਤੀ ਵਿੱਚ ਵਿਆਹ ਮਲ੍ਹਾਰ ਹੋਇਆ
ਉਦੋਂ ਠੀਕ ਸਤਾਰਾਂ ਸੌ ਸੀ ਛੱਤੀ, ਤੰਬੂ ਕਾਬਲੀ ਹਾਥੀ ਸ਼ਿੰਗਾਰ ਹੋਇਆ
ਜਾਂ ਸਤਾਰਾਂ ਸੌ ਅਤੇ ਤ੍ਰਿਤਾਲੀਆ ਸੀ, ਸੀ ਅਜੀਤ ਓਦੋਂ ਹੋਣਹਾਰ ਹੋਇਆ
ਜਦੋਂ ਸੌ ਸਤਾਰਾਂ ਚੁਤਾਲੀਆ ਸੀ, ਰਾਮ ਰਾਇ ਦਾ ਮੇਲ-ਪਿਆਰ ਹੋਇਆ
ਏਸੇ ਵਿਚ ਭੰਗਾਣੀ ਦਾ ਯੁੱਧ ਹੋਇਆ, ਭੀਮ ਚੰਦ ਸੀ ਲਾਲ ਅੰਗਾਰ ਹੋਇਆ
ਜਾਂ ਸਤਾਰਾਂ ਸੌ ਅਤੇ ਛਿਤਾਲੀਆ ਸੀ, ਅਲਫ਼ਖ਼ਾਨ ਸੀ ਤਦੋਂ ਖ਼ਵਾਰ ਹੋਇਆ
ਤੇ ਸੰਤਾਲੀਏ ਵਿਚ ਦਸਮੇਸ਼ ਜੀ ਦੇ, ਖਾਣ ਰੂਪ ਦੀ ਲਾਲ ਜੁਝਾਰ ਹੋਇਆ
ਜ਼ੋਰਾਵਰ ਸਤਾਰਾਂ ਸੌ ਤਰਵੰਜਾ, ਆਣ ਜ਼ਾਹਿਰ ਸੀ ਵਿਚ ਸੰਸਾਰ ਹੋਇਆ
ਉਦੋਂ ਸੀ ਸਤਾਰਾਂ ਸੌ ਪਚਵੰਜਾ, ਫ਼ਤਹਿ ਸਿੰਘ ਜਾਂ ਲਾਲ ਸਰਦਾਰ ਹੋਇਆ
ਏਸੇ ਸਾਲ ਅੰਦਰ ਰਚੀ ਗਈ ਰਚਨਾ, ਜਦੋਂ ਆਪ ਦਾ ਕਾਵਿ ਖਲਾਰ ਹੋਇਆ
ਹਾਂ ਸਤਾਰਾਂ ਸੌ ਅਤੇ ਛੇਪੰਜਵਾਂ ਸੀ, ਜਦੋਂ ਖ਼ਾਲਸਾ ਪੰਥ ਤਿਆਰ ਹੋਇਆ
ਤੇ ਸਤਾਰਾਂ ਸੌ ਠੀਕ ਸਤਵੰਜਵੇਂ ਨੂੰ, ਬਾਈਧਾਰ ਦੇ ਨਾਲ ਤਕਰਾਰ ਹੋਇਆ
ਹੈ ਸੀ ਸੌ ਸਤਾਰਾਂ ਤੇ ਅਠਵੰਜਾ, ਸਹੁੰਆਂ ਤੋੜਨੇ ਦਾ ਜਾਂ ਵਪਾਰ ਹੋਇਆ
ਸਾਹਿਬਦੇਵਾਂ ਸਤਾਰਾਂ ਸੌ ਸੱਠ ਅੰਦਰ, ਆਈ ਜਦੋਂ ਕਾਰਜ ਅਲੋਕਾਰ ਹੋਇਆ
ਸੰਮਤ ਠੀਕ ਸਤਾਰਾਂ ਸੌ ਕਾਹ੍ਠ ਹੈ ਸੀ, ਜਾਂ ਅਨੰਦਪੁਰ ਰਹਿਣਾ ਦੁਸ਼ਵਾਰ ਹੋਇਆ
ਤੇ ਸਤਾਰਾਂ ਸੌ ਬਾਹਠ ਚਮਕੌਰ ਅੰਦਰ, ਵੱਡੇ ਪੁੱਤਰਾਂ ਦਾ ਜੋੜ-ਪਾਰ ਹੋਇਆ
ਏਸੇ ਸਾਲ ਦੋਹਾਂ ਵੀਰਾਂ ਛੋਟਿਆਂ ਦਾ, ਸੀ ਸਰਹੰਦ ਅੰਦਰ ਚਮਤਕਾਰ ਹੋਇਆ
ਓਦੋਂ ਸੰਮਤ ਸਤਾਰਾਂ ਸੌ ਤ੍ਰੇਠ ਹੈਸੀ, ਦੱਖਣ ਵੱਲ ਜਾਂ ਪ੍ਰੇਮ ਪਿਆਰ ਹੋਇਆ
ਏਸੇ ਸਾਲ ਹੈਸੀ ਔਰੰਗਜ਼ੇਬ ਮੋਇਆ, ਭੌਰ ਓਸਦਾ ਨਿਕਲ ਉਡਾਰ ਹੋਇਆ
ਚੌਂਹ੍ਠ ਵਿਚ ਹਜ਼ੂਰ ਨਦੇੜ ਪੁੱਜੇ, ਮਾਧੋ ਦਾਸ ਬੰਦਾ ਬਣ ਕੇ ਯਾਰ ਹੋਇਆ
ਰਲੀ ਜੋਤ ਵਿੱਚ ਜੋਤ ਸੀ ਪੈਂਹ੍ਠ ਅੰਦਰ, ਲੋਪ ਦੇਹ ਕਰਕੇ ਕਲਗੀਧਾਰ ਹੋਇਆ
ਹਿੰਦ ਕੂਕਦੀ ਲੂਸਦੀ ਭੁੱਜਦੀ ਦਾ, 'ਤੀਰ' ਇਉਂ ਸੀਨਾ ਠੰਢਾ ਠਾਰ ਹੋਇਆ

## *ਸ੍ਰੀ ਦਸਮੇਸ਼ ਜੀ ਦੀ ਜੋਤੀ ਜੋਤ ਸਮਾਣ ਵਾਲੀ ਯਾਦਗਾਰ ਕਿਵੇਂ ਬਣੀ*

ਜਾਂ ਪੰਜਾਬ ਤੇ ਸ਼ੇਰੇ ਪੰਜਾਬ ਜੀ ਦੀ, ਕਾਇਮ ਕਰਨੀਆਂ ਨਾਲ ਸਰਕਾਰ ਹੋਈ
ਇੱਕ ਸਮੇਂ ਤੇ ਭਰੇ ਦਰਬਾਰ ਅੰਦਰ, ਏਸ ਗੱਲ ਤੇ ਆਣ ਵਿਚਾਰ ਹੋਈ
ਜਿਥੇ ਸ੍ਰੀ ਦਸਮੇਸ਼ ਸਮਾ ਗਏ ਨੇ, ਉਥੇ ਨਹੀਂ ਕਾਇਮ ਯਾਦਗਾਰ ਹੋਈ
'ਤੀਰ' ਸਿੱਖ ਸਰਦਾਰ ਸੀ ਇਉਂ ਬੋਲੇ, ਸ਼ੁਰੂ ਇਸ ਤਰ੍ਹਾਂ ਪ੍ਰੀਤ ਦੀ ਵਾਰ ਹੋਈ

### ਸਿੱਖ ਸਰਦਾਰਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਦੱਸਿਆ

ਕਿਹਾ ਸਿੱਖ ਸਰਦਾਰਾਂ ਨੇ ਸ੍ਰੀ ਜਾਓ, ਕੀ ਆਖੀਏ ਕਹਿਆ ਨਹੀਂ ਜਾ ਸਕਦਾ
ਯਾਦਗਾਰ ਦਾਤਾਰ ਦਸਮੇਸ਼ ਜੀ ਦੀ, ਕੋਈ ਸਿੱਖ ਨਹੀਂ ਕਦੇ ਬਣਾ ਸਕਦਾ
ਕੀਤੇ ਹੈਨ ਮਹਾਰਾਜ ਨੇ ਬਚਨ ਕਰੜੇ, ਕੋਈ ਉਹ ਨਹੀਂ ਮੂਲ ਭੁਲਾ ਸਕਦਾ
'ਤੀਰ' ਯਾਦ ਦਸਮੇਸ਼ ਦੀ ਕਰੇ ਕਾਇਮ, ਜੋ ਹੈ ਆਪਣੀ ਜੜ੍ਹ ਗਲਵਾ ਸਕਦਾ

### ਸਿੱਖ ਸਰਦਾਰਾਂ ਨੇ ਫਿਰ ਆਖਿਆ

ਔਖਾ ਕੰਮ ਸਰਕਾਰ ਇਹ ਨਹੀਂ ਹੋਣਾ, ਔਖੀ ਘਾਲ ਕਮਾਈ ਨਹੀਂ ਜਾ ਸੱਕਦੀ
ਇੱਕ ਯਾਦ ਬਨਾਣ ਲਈ ਜੱਗ ਅੰਦਰ, ਸਾਰੀ ਰਾਸ ਲੁਟਾਈ ਨਹੀਂ ਜਾ ਸੱਕਦੀ
ਇੱਕ ਗੱਲ ਬਦਲੇ ਏਸ ਜੱਗ ਅੰਦਰ, ਮੂਲੋਂ ਹੋਂਦ ਗਵਾਈ ਨਹੀਂ ਜਾ ਸੱਕਦੀ
'ਤੀਰ' ਏਸ ਤੇ ਦਿਓ ਧਿਆਨ ਨਾਹੀਂ, ਗੱਲ ਸਿਰੇ ਚੜ੍ਹਾਈ ਨਹੀਂ ਜਾ ਸੱਕਦੀ

### ਸਿੱਖ ਸਰਦਾਰਾਂ ਨੇ ਦਸਿਆ

ਫੇਰ ਆਖਿਆ ਸਿੱਖ ਦਰਬਾਰੀਆਂ ਨੇ, ਮਹਾਰਾਜ ਇਹ ਕੰਮ ਅਸਾਨ ਨਾਹੀਂ
ਯਾਦਗਾਰ ਬਣਾਇਗਾ ਸਿੱਖ ਜੇਹੜਾ, ਰਹਿਣੀ ਓਸ ਦੀ ਮੂਲ ਸੰਤਾਨ ਨਾਹੀਂ
ਜਾਣੀ ਜਾਣ ਦੇ ਬਚਨ ਨੇ ਸਦਾ ਸੱਚੇ, ਹੋਵੋ ਏਸ ਤੇ ਬਹੁਤ ਹੈਰਾਨ ਨਾਹੀਂ
ਯਾਦਗਾਰ ਬਣਾਇਗਾ 'ਤੀਰ' ਜੇਹੜਾ, ਰਹਿਣਾ ਓਸਦਾ ਨਾਮ ਨਿਸ਼ਾਨ ਨਾਹੀਂ

### ਸਿਦਕੀ ਮਹਾਰਾਜਾ ਰਣਜੀਤ ਸਿੰਘ ਨੇ ਆਖਿਆ

ਸਿੱਦਕ ਨਾਲ ਰਣਜੀਤ ਸਿੰਘ ਕਹਿਣ ਲੱਗਾ, ਗੁਰੂ ਕਰੇਗਾ ਕੰਮ ਪਰਵਾਨ ਮੇਰਾ
ਮੈਨੂੰ ਜਾਪਦਾ ਹੈ ਦਾਤਾ ਲੈਣ ਲੱਗਾ, ਭਾਣੇ ਵਿੱਚ ਇਹ ਵੀ ਇਮਤਿਹਾਨ ਮੇਰਾ
ਬੇਸ਼ਕ ਉੱਜੜ ਜਾਵੇ ਘਰ ਬਾਰ ਮੇਰਾ, ਬੇਸ਼ਕ ਮਿੱਟ ਜਾਵੇ ਖ਼ਾਨਦਾਨ ਮੇਰਾ
'ਤੀਰ' ਗੁਰਾਂ ਦਾ ਕਾਇਮ ਨਿਸ਼ਾਨ ਕਰਨਾ, ਬੇਸ਼ਕ ਰਹੇ ਨਾ ਨਾਮ ਨਿਸ਼ਾਨ ਮੇਰਾ

### ਫੇਰ

ਦੇਸ਼-ਭਗਤ ਦਸਮੇਸ਼ ਸਤਿਗੁਰੂ ਮੇਰਾ, ਜੋ ਹੈ ਦੇਸ਼ ਲਈ ਕਸ਼ਟ ਸਹਾਰ ਸੱਕਦਾ
ਦੇਸ਼-ਭਗਤ ਦਸਮੇਸ਼ ਸਤਿਗੁਰੂ ਮੇਰਾ, ਜੋ ਹੈ ਆਪਣੀ ਬੰਸ ਨੂੰ ਵਾਰ ਸੱਕਦਾ
ਦੇਸ਼-ਭਗਤ ਦਸਮੇਸ਼ ਸਤਿਗੁਰੂ ਮੇਰਾ, ਜੇਕਰ ਸੱਥਰਾਂ ਉੱਤੇ ਗੁਜ਼ਾਰ ਸੱਕਦਾ
ਤਾਂ, ਕੀ 'ਤੀਰ' ਦਸਮੇਸ਼ ਦਾ ਸਿੱਖ ਹੋ ਕੇ, ਮੈਂ ਨਹੀਂ ਕਰ ਇਹ ਪ੍ਰੇਮ ਦੀ ਕਾਰ ਸੱਕਦਾ

### ਮਹਾਰਾਜਾ ਨੇ ਫਿਰ ਆਖਿਆ

ਹੋਵੇ ਜੋ ਸੋ ਹੋਵੇ ਹਜ਼ਾਰ ਵਾਰੀ, ਪਰ ਮੈਂ ਆਪਣਾ ਫ਼ਰਜ਼ ਨਿਭਾ ਦਿਆਂਗਾ
ਜਿਸ ਪੁੱਤ ਚਿਣਵਾਏ ਨੇ ਨੀਂਹ ਅੰਦ੍ਰ, ਉਹਦੀ ਨੀਂਹ ਵਿਚ ਬੰਸ ਮੈਂ ਪਾ ਦਿਆਂਗਾ

ਲਓ ਮੈਂ ਯਾਦ ਉਹਦੀ ਕਾਇਮ ਕਰਨ ਖ਼ਾਤਰ, ਸਿੰਘੋ ਆਪਣਾ ਆਪ ਮਿਟਾ ਦਿਆਂਗਾ
'ਤੀਰ' ਇਉਂ ਕਰਕੇ ਪ੍ਰੇਮ ਆਪਣੇ ਦੀ, ਉਹਦੇ ਦੱਰ ਤੇ ਜੋਤ ਜਗਾ ਦਿਆਂਗਾ

### ਅਬਚਲ ਨਗਰ ਵਿਚ ਯਾਦਗਾਰ ਬਣਾਈ ਗਈ

ਏਦਾਂ ਪ੍ਰੇਮ ਵਿਚ ਆਣ ਦਸਮੇਸ਼ ਤਾਈਂ, ਦਿਲੋਂ ਪਿਆਰਿਆ ਸ਼ੇਰਿ-ਪੰਜਾਬ ਜੀ ਨੇ
ਝੱਟ ਮੂੰਹ ਖਜ਼ਾਨੇ ਦੇ ਖੋਲ੍ਹ ਦਿੱਤੇ, ਧਨ ਵਾਰਿਆ ਸ਼ੇਰਿ-ਪੰਜਾਬ ਜੀ ਨੇ
'ਅਬਚਲ ਨਗਰ' ਅੰਦਰ ਯਾਦਗਾਰ ਮੰਦਰ, ਚਾ ਉਸਾਰਿਆ ਸ਼ੇਰਿ-ਪੰਜਾਬ ਜੀ ਨੇ
'ਤੀਰ' ਸ੍ਰੀ ਦਸਮੇਸ਼ ਦੀ ਯਾਦ ਉੱਤੋਂ, ਕੁੰਬਾ ਵਾਰਿਆ ਸ਼ੇਰਿ-ਪੰਜਾਬ ਜੀ ਨੇ

### ਵੱਲੋਂ ਕਵੀ

ਧੰਨ ਸਿਦਕ ਸੀ ਸ਼ੇਰਿ-ਪੰਜਾਬ ਤੇਰਾ, ਧੰਨ ਗੁਰੂ ਦੇ ਨਾਲ ਪਿਆਰ ਤੇਰਾ
ਧੰਨ ਕਾਰ ਤੇਰੀ, ਧੰਨ ਪ੍ਰੇਮ ਤੇਰਾ, ਗੁਰੂ ਘਰ ਵਿੱਚ ਤਦੇ ਸਤਿਕਾਰ ਤੇਰਾ
ਸਿੱਖੀ ਸਿਦਕ ਨੂੰ ਪਾਲਿਆ ਵਾਂਗ ਸਿੱਖਾਂ, ਭਾਵੇਂ ਮੂਲ ਨਾ ਰਿਹਾ ਪਰਵਾਰ ਤੇਰਾ
'ਤੀਰ' ਜਦੋਂ ਤੀਕਰ ਯਾਦਗਾਰ ਕਾਇਮ, ਕਾਇਮ ਨਾਮ ਹੈ ਵਿੱਚ ਸੰਸਾਰ ਤੇਰਾ

### ਲੱਖ ਲੱਖ ਸ਼ੁਕਰ

ਲੱਖ ਸ਼ੁਕਰ ਤੇਰਾ ਸਿਰਜਨਹਾਰ ਮੇਰੇ, ਨਿਗ੍ਹਾ ਮਿਹਰ ਦੀ ਦਾਸ ਤੇ ਪਾਈ ਏ ਤੂੰ
ਇਹ ਗਰੀਬੜਾ ਕੀ ਸੀ ਕਰਨ ਜੋਗਾ, ਰੱਖੀ ਆਪਣੀ ਆਪ ਵਡਿਆਈ ਏ ਤੂੰ
ਕੱਖ ਵਾਂਗ ਸੀ ਕਵੀ ਦੀ ਕਲਮ ਦਾਤਾ, ਏਹਦੀ ਤੁੱਠ ਕੇ ਰੱਖ ਵਿਖਾਈ ਏ ਤੂੰ
'ਤੀਰ' ਆਸਰਾ ਤੇਰਾ ਈ ਤੱਕਿਆ ਸੀ, ਬੇੜੀ ਪੱਤਣੀਂ ਅੰਤ ਨੂੰ ਲਾਈ ਏ ਤੂੰ

### ਦਸਾਂ ਸਤਿਗੁਰਾਂ ਦੇ ਚਰਨਾਂ ਵਿਚ

ਧੰਨ ਗੁਰੂ ਨਾਨਕ, ਧੰਨ ਗੁਰੂ ਅੰਗਦ, ਅਮਰ ਦੇਵ ਗੁਰ ਮੇਹਰ ਅਪਾਰ ਕੀਤੀ
ਰਾਮਦਾਸ ਗੁਰ ਤੇ ਅਰਜਨ ਸਤਿਗੁਰੂ ਜੀ, ਮੇਰੀ ਆਪ ਨੇ ਸਫਲ ਵਿਚਾਰ ਕੀਤੀ
ਗੁਰੂ ਹਰੀ ਗੋਬਿੰਦ ਤੇ ਹਰੀ ਰਾਏ, ਹੋਵੇ ਭੇਟ ਇਹ ਦਾਸ ਦੀ ਕਾਰ ਕੀਤੀ
ਹਰੀ ਕ੍ਰਿਸ਼ਨ ਗੁਰ ਤੇਗ ਦਸਮੇਸ਼ ਜੀਓ, ਬੇੜੀ 'ਤੀਰ' ਦੀ ਆਪ ਨੇ ਪਾਰ ਕੀਤੀ

### ਗੁਰੂ ਪੰਥ ਦੇ ਚਰਨਾਂ ਵਿਚ

ਗੁਰੂ-ਪੰਥ ਤੂੰ ਧਨੀ ਹੈਂ ਕਰਨੀਆਂ ਦਾ, ਉੱਚੀ ਜੱਗ ਦੇ ਵਿਚ ਹੈ ਸ਼ਾਨ ਤੇਰੀ
ਰਾਖੀ ਰਹੀ ਕਰਦੀ ਦੀਨਾਂ ਆਜਜ਼ਾਂ ਦੀ, ਹੋ ਕੇ ਤਰਸ ਦਾ ਰੂਪ ਕ੍ਰਿਪਾਨ ਤੇਰੀ
ਪਹਿਰਾ ਰਿਹੋਂ ਦੇਂਦਾ ਆਖੀ ਆਪਣੀ ਤੇ, ਕੱਚੀ ਹੋਈ ਨਾ ਕਦੇ ਜ਼ਬਾਨ ਤੇਰੀ
ਦੇਸ਼-ਧਰਮ-ਖ਼ਾਤਰ ਲੋੜਵੰਦ-ਖ਼ਾਤਰ, ਜਿੰਦ ਹੋਂਵਦੀ ਆਈ ਕੁਰਬਾਨ ਤੇਰੀ

ਘਾਲਾਂ ਕਰਨੀਆਂ ਅਤੇ ਕੁਰਬਾਨੀਆਂ ਨੇ, ਗੁੱਡੀ ਚਾੜ੍ਹ ਰੱਖੀ ਆਸਮਾਨ ਤੇਰੀ
ਗੁਰੂ ਤੂੰ ਬਣਿਆਂ ਜਥੇਬੰਦੀਆਂ ਦਾ, ਫਤਹਿ ਰਹੀ ਹੁੰਦੀ ਹਰ ਮੈਦਾਨ ਤੇਰੀ
ਤੈਨੂੰ ਸਦਾ ਤੋਂ ਚਾਉ ਸ਼ਹੀਦੀਆਂ ਦਾ, ਮਹਿਮਾ ਗਾਂਵਦਾ ਤਦੇ ਜਹਾਨ ਤੇਰੀ
ਤੂੰ ਨਵਾਬੀਆਂ ਦਿੱਤੀਆਂ ਚਾਕਰਾਂ ਨੂੰ, ਸੇਵਾ ਵਿੱਚ ਸੋਭੇ ਅਣਖ ਆਨ ਤੇਰੀ
ਤੂੰ ਹੈਂ ਲਾਡਲਾ ਪੁੱਤ ਦਸਮੇਸ਼ ਜੀ ਦਾ, ਦੇਸ਼ ਕੌਮ ਦੇ ਲਈ ਹੈ ਜਾਨ ਤੇਰੀ
ਤੈਨੂੰ ਦੇਸ਼-ਭਗਤੀ ਮਿਲੀ ਵਿੱਚ ਵਿਰਸੇ, ਦੇਸ਼-ਭਗਤ ਹੀ ਰਹੀ ਸੰਤਾਨ ਤੇਰੀ
ਵੇਲਾ ਪਰਖ ਦਾ ਸਾਹਮਣੇ ਹੈ ਤੇਰੇ, ਰੱਖੀ ਤਾਂਘ ਬੈਠਾ ਹਿੰਦੁਸਤਾਨ ਤੇਰੀ
'ਤੀਰ' ਰੀਝ ਹੈ ਇਹੋ ਹੀ ਸਦਾ ਮੇਰੀ, ਸਿੱਖੀ ਸ਼ਾਨ ਚਮਕੇ ਵਾਂਗ ਭਾਨ ਤੇਰੀ

### ਫੇਰ ਅਰਜ਼ੋਈ

ਸਿਦਕ ਰੱਤਿਆ ਧਰਮ ਦੇ ਪੁੰਜ ਪੰਥਾ! ਜੱਗ ਵਿਚ ਤੂੰ ਸਿਦਕ ਦਾ ਧਾਰਨੀ ਏਂ
ਸਦਾ ਮੌਤ ਨੂੰ ਰਿਹੋਂ ਮਖ਼ੌਲ ਕਰਦਾ, ਸਦਾ ਅਣਖ ਹੀ ਤੇਰੀ ਮੁਹਾਰਨੀ ਏਂ
ਤੂੰਹੀਓਂ ਅੱਗੇ ਗ਼ੁਲਾਮੀਆਂ ਕੱਟੀਆਂ ਨੇ, ਤੂੰਹੀਓਂ ਵਿੱਗੜੀ ਹੁਣ ਸਵਾਰਨੀ ਏਂ
ਭਾਰਤ ਮਾਤ ਵਾਲੀ ਬੇੜੀ ਏਸ ਵੇਲੇ, ਤੂੰ ਮਲਾਹ ਹੋ ਕੇ ਆਪ ਤਾਰਨੀ ਏਂ
ਤੂੰ ਹੀ ਸੁਖੀ ਕਰਨਾ ਇਸਨੂੰ ਯਾਦ ਰੱਖੀਂ, ਮਾਲੀ ਤੂੰ ਹੀ ਜਹਾਨ ਤੇ ਮਾਰਨੀ ਏਂ
'ਤੀਰ' ਲਹੂ ਪਾ ਕੇ ਹਿੰਦ ਸੜੀ ਲੂਸੀ, ਮੈਨੂੰ ਹੈ ਨਿਸਚਾ ਤੂੰ ਹੀ ਠਾਰਨੀ ਏਂ

### ਡਾਢੀ ਲੋੜ ਹੈ

ਡਾਢੀ ਲੋੜ ਪੰਥਾ! ਏਸ ਸਮੇਂ ਉੱਤੇ, ਜਥੇਬੰਦੀ ਤੇ ਮੇਲ ਦੀ ਜਾਪਦੀ ਏ
ਲੋਕੀਂ ਜਾਣ ਦੌੜੇ ਵਧੇ ਬਹੁਤ ਅੱਗੇ, ਤੈਨੂੰ ਸੁਰਤ ਨਾ ਆਪਣੇ ਆਪ ਦੀ ਏ
ਕੁਝ ਵੈਰੀਆਂ ਮਾਰਿਆ ਰੜੇ ਤੈਨੂੰ, ਕੁੱਝ ਕਸਰ ਤੈਨੂੰ 'ਫੁਟ-ਤਾਪ' ਦੀ ਏ
'ਤੀਰ' ਤਦੇ ਤਾਂ ਤਾੜ ਕੇ ਸਮਾਂ ਦੁਨੀਆ, ਤੇਰੇ ਸਬਰ ਨੂੰ ਅੱਜ ਪਈ ਮਾਪਦੀ ਏ

### ਜੇਕਰ

ਜੇਕਰ ਹੋਂਦ ਬਚਾਵਣੀ ਚਾਂਹਵਦਾ ਏਂ, ਫੁੱਲਾਂ ਵਾਂਗ ਪਰੁੱਚ ਇੱਕ ਤਾਰ ਅੰਦਰ
ਜੇਕਰ ਦੇਸ਼ ਬਚਾਵਣਾ ਚਾਂਹਵਦਾ ਏਂ, ਤਾਂ ਤੂੰ ਇਕ ਵਾਰੀ ਝਾਤ ਮਾਰ ਅੰਦਰ
ਗਲੇ ਲਾ ਲੈ ਡਿੱਗਿਆਂ ਢੱਠਿਆਂ ਨੂੰ, ਦਿਲੋਂ ਵੱਸ ਜਾ ਦਿਲੀ ਪਿਆਰ ਅੰਦਰ
'ਕੱਠੇ ਕਰ ਮੋਤੀ ਟੁੱਟ ਪਏ ਜਿਹੜੇ, ਤੇ ਪਰੋ ਮੁੜ ਕੇ ਕੌਮੀ ਹਾਰ ਅੰਦਰ
ਅੱਖਾਂ ਵਿਚ ਦਸਮੇਸ਼ ਨੂੰ ਰੱਖ ਲੈ ਤੂੰ, ਫੇਰ ਰਤਾ ਨਾ ਰਹੇਗੀ ਖ਼ਾਰ ਅੰਦਰ
ਤੈਨੂੰ ਭੋਲਿਆ ਕਿਸ ਤਰ੍ਹਾਂ ਭੁੱਲਿਆ ਏ, ਬੜਾ ਬਲ ਸੀ ਤੇਰੀ ਭਬਕਾਰ ਅੰਦਰ
ਤੇਰੀ ਅਣਖ ਨੂੰ ਜੇਹੜਾ ਝੁਕਾ ਦੇਵੇ, ਕੋਈ ਜੰਮਿਆ ਨਹੀਂ ਸੰਸਾਰ ਅੰਦਰ

ਤੈਨੂੰ ਅੰਮ੍ਰਿਤੀ-ਧਾਰ ਨੇ ਅਮਰ ਕੀਤਾ, ਏਕਾ ਧਾਰ ਕੇ ਵੱਸ ਪਰਵਾਰ ਅੰਦਰ
ਦਿਲ ਵਿਚ ਜੇ ਕਰੇਂ ਦਸਮੇਸ਼ ਦਰਸ਼ਨ, ਰੱਖੇਂ ਅੱਖ ਜੇ ਓਹਦੇ ਵਿਹਾਰ ਅੰਦਰ
ਤੇਰੀ ਫੁੱਟ ਨਾ ਜਾਂਵਦੀ ਨਿਗ੍ਹਾ ਆਵੇ, ਲਵੇਂ ਮੇਲ ਮਿਲਾਪ ਜੇ ਧਾਰ ਅੰਦਰ
ਸਦਾ ਵੇਖ ਕਰਨੀ ਕਲਗੀਧਰ ਜੀ ਦੀ, ਅਤੇ ਪ੍ਰੀਤ ਦਾ ਮਹਿਲ ਉਸਾਰ ਅੰਦਰ
'ਤੀਰ' ਫੁੱਲ ਵਾਂਗਰ ਮਹਿਕੇ ਮਹਿਕ ਤੇਰੀ, ਜੇ ਤੂੰ ਵੱਸਣਾ ਛੱਡ ਦਏਂ ਖਾਰ ਅੰਦਰ

## ਮੇਰੇ ਦਿਲ ਦੀ ਮੰਗ

ਮੇਰੀ ਮੰਗ ਹੈ ਰੱਬ ਤੋਂ ਇਹੋ ਪੰਥਾ! ਰਹੇ ਪ੍ਰੀਤ ਤੇਰੇ ਚਰਨਾਂ ਨਾਲ ਮੇਰੀ
ਜਿਵੇਂ ਹੁਕਮ ਤੇਰਾ ਹੋਵੇ, ਹਰ ਵੇਲੇ, ਤਿਵੇਂ ਜੱਗ ਅੰਦਰ ਰਵ੍ਹੇ ਚਾਲ ਮੇਰੀ
ਮੇਰੀ ਓਟ, ਤੂੰ ਹੀ ਮੇਰੀ ਆਸ ਤੂੰ ਹੀ, ਮੇਰੀ ਤੇਗ਼ ਤੂੰ ਹੈਂ ਤੂੰ ਹੈਂ ਢਾਲ ਮੇਰੀ
ਲੱਖ ਵੱਟਿਆ 'ਤੀਰ' ਜੇ ਦਰ ਤੇਰੇ, ਜਾਏ ਹੋ ਮਨਜ਼ੂਰ ਇਹ ਘਾਲ ਮੇਰੀ

## ਪੰਜਾਬੀ ਕਵੀਆਂ ਤੇ ਨੁਕਤਾਚੀਨਾਂ ਦੀ ਸੇਵਾ ਵਿਚ

ਸੁਣੋ ਚਤਰ ਕਵੀਓ ਏਨੀ ਅਰਜ਼ ਮੇਰੀ, ਵੇਖ ਵੇਖ ਨਾ ਹੋਇ ਹੈਰਾਨ ਕੋਈ
ਬੋਲੀ ਜਾਣ ਕੇ ਇਸ ਵਿੱਚ ਸਾਫ਼ ਵਰਤੀ, ਨਹੀਂ ਘੋਟਿਆ ਗੂੜ੍ਹ ਗਿਆਨ ਕੋਈ
ਔਖੇ ਮੂਲ ਨਾ ਹੋਣ ਖ਼ਿਆਲ ਦਿੱਤੇ, ਜਾਣੀ ਏਸ ਦੇ ਵਿੱਚ ਨਾ ਸ਼ਾਨ ਕੋਈ
'ਤੀਰ' ਡੂੰਘੀਆਂ ਗੁੱਝੀਆਂ ਕਹਿਣ ਉੱਤੇ, ਜਾਣ ਬੁੱਝ ਨਾ ਦਿੱਤਾ ਧਿਆਨ ਕੋਈ

## ਸਾਦਾ ਕਿਉਂ ਲਿਖਿਆ

ਜਾਣ ਬੁੱਝਕੇ ਸਾਫ਼ ਜ਼ਬਾਨ ਵਰਤੀ, ਤਾਂਕਿ ਕੋਈ ਵੀ ਨਾ ਗੁੰਝਲ ਪਾਈ ਜਾਵੇ
ਏਸ ਵਾਸਤੇ ਸਾਦੇ ਖ਼ਿਆਲ ਰੱਖੇ, ਗੱਲ ਹਰ ਇਕ ਤਾਈਂ ਸਮਝਾਈ ਜਾਵੇ
ਏਸ ਲਈ ਕੌਮੀ ਰੰਗਣ ਚਾੜ੍ਹ ਦਿੱਤੀ, ਸੁੱਤੀ ਚਿਰਾਂ ਦੀ ਕੌਮ ਜਗਾਈ ਜਾਵੇ
ਏਸੇ ਲਈ ਤਸਵੀਰ ਇਹ ਚਿੱਤਰੀ ਮੈਂ, ਕਲਗੀਧਰ ਦੀ ਜੋਤ ਵਖਾਈ ਜਾਵੇ
ਨਵੇਂ ਸਿਰੇ ਤੋਂ ਫੇਰ ਕੁਰਬਾਨੀਆਂ ਦੀ, ਜਾਚ ਖਾਲਸੇ ਤਾਈਂ ਸਿਖਾਈ ਜਾਵੇ
ਏਸੇ ਵਾਸਤੇ ਗਈ ਇਹ ਘਾਲ ਘਾਲੀ, ਦੇਸ਼ ਪ੍ਰੇਮ ਵਾਲੀ ਚਾਟ ਲਾਈ ਜਾਵੇ
ਹਰ ਸ਼ਹਿਰ ਅੰਦਰ ਹਰ ਪਿੰਡ ਅੰਦਰ, ਹਰ ਘਰ ਵਿਚ ਲਹਿਰ ਚਲਾਈ ਜਾਵੇ
ਜਿਵੇਂ ਸ੍ਰੀ ਦਸਮੇਸ਼ ਨੇ ਘਾਲ ਘਾਲੀ, ਦੇਸ਼ ਵਾਸਤੇ ਤਿਵੇਂ ਕਮਾਈ ਜਾਵੇ
ਜਿਵੇਂ ਉਨ੍ਹਾਂ ਕੁਰਬਾਨੀਆਂ ਦਿੱਤੀਆਂ ਨੇ, ਤਿਵੇਂ ਦੇਸ਼ ਤੋਂ ਜਾਨ ਘੁਮਾਈ ਜਾਵੇ
'ਤੀਰ' ਕੌਮ ਹੈ ਖ਼ਾਲਸਾ ਫੇਰ ਬਣਦੀ, ਅਸਲ ਰਾਹ ਉੱਤੇ ਜੇਕਰ ਪਾਈ ਜਾਵੇ

## ਕਾਵਿ-ਗੁਰੂ ਦੇ ਚਰਨਾਂ ਵਿਚ

ਦਰਦ-ਪੁੰਜ ਕਵਿਤਾ-ਗੁਰੂ 'ਦਰਦ' ਜੀਓ, ਬੱਚੇ ਵੱਲ ਅੱਜ ਨਾਲ ਪਿਆਰ ਵੇਖੋ
ਭੁੱਲਾਂ ਹੋਣ ਗੀਆਂ ਭਾਵੇਂ ਏਸ ਅੰਦਰ, ਲੁੱਕੀ ਰੀਝ ਤੇ ਕੌਮ ਲਈ ਕਾਰ ਵੇਖੋ
ਮਿਹਰ ਆਪਦੀ ਨਾਲ ਦਸਮੇਸ਼ ਦਰਸ਼ਨ, ਕੀਤਾ ਕੌਮ ਦੇ ਲਈ ਤਿਆਰ ਵੇਖੋ
'ਤੀਰ' ਆਪ ਦੀ ਰਹੇ ਅਸੀਸ ਜੇਕਰ, ਅੱਗੇ ਵਧਦਾ ਫਿਰ ਹੋਣਹਾਰ ਵੇਖੋ

## ਆਪਣੀ ਵਾਕਫੀ

ਜ਼ਿਲ੍ਹਾ ਹੈ ਰਾਵਲ ਪਿੰਡੀ ਖ਼ੂਬ ਉੱਘਾ, ਪਿੰਡ ਓਸ ਦੇ ਕੋਲ ਘਘਰੋਟ ਜਾਣੋ
ਜਨਮ ਲਿਆ ਹੈ ਸਿੱਖ ਬ੍ਰਹਮਣਾਂ ਦੇ, ਸਦਾ ਗੁਰੂ ਦੀ ਹੈ ਇੱਕੋ ਓਟ ਜਾਣੋ
ਹੈਸੀ ਸਿੰਘ ਦਿਆਲ ਸਿੰਘ ਪੜਦਾਦਾ, ਪਯਾਰਾ ਸਿੰਘ ਦਾਦਾ ਪ੍ਰੇਮ ਕੋਟ ਜਾਣੋ
ਹੀਰਾ ਸਿੰਘ ਜੀ ਜਾਣ ਲਓ ਪਿਤਾ ਮੇਰੇ, 'ਤੀਰ' ਦਿਲ ਦੇ ਵਿੱਚ ਨਾ ਖੋਟ ਜਾਣੋ

## ਪੂਰਨਤਾ

ਦਿਨ ਨੌਂ ਅਗਸਤ ਸੀ ਭਾਗ ਭਰਿਆ, ਐਤਵਾਰ ਉੱਘਾ ਛਣਛਣ ਵਾਰ ਸਮਝੋ
ਉੱਨੀ ਸੌ ਇਕਤਾਲੀਆ ਈਸਵੀ ਸੀ, ਹੋਇਆ ਛਪ ਕੇ ਗ੍ਰੰਥ ਤਿਆਰ ਸਮਝੋ
ਹਰ ਘੜੀ ਉੱਤੇ ਹਰ ਸਮੇਂ ਉੱਤੇ, ਰਾਖਾ ਦਾਸ ਦਾ ਗੁਰੂ ਕਰਤਾਰ ਸਮਝੋ
'ਤੀਰ' ਮੇਹਰ ਮਹਾਰਾਜ ਨੇ ਬੜੀ ਕੀਤੀ, ਬੇੜਾ ਹੋ ਗਿਆ ਏ ਤਦੇ ਪਾਰ ਸਮਝੋ
ਦੋਹਿਰਾ—ਹੇ ਮਿਹਰਾਂ ਦੇ ਪਾਲਕਾ, ਕਵਿਤੇ ਕਿਰਪਾ ਧਾਰ।
'ਤੀਰ' ਤੇਰੇ ਗੁਣ ਗਾਂਵਦਾ, ਭਵ ਤੋਂ ਹੋਵੇ ਪਾਰ॥

ਸੰਪੂਰਨ॥

## ਕਵੀ-ਕੁਲ-ਪੱਤਰੀ

### ਸ੍ਰੀ ਮਾਨ ਗਿਆਨੀ ਹੀਰਾ ਸਿੰਘ ਜੀ 'ਦਰਦ'

- ਵਿਧਾਤਾ ਸਿੰਘ 'ਤੀਰ'
  - ਤੇਜਾ ਸਿੰਘ 'ਸਾਬਰ'
  - ਹਰਸਾ ਸਿੰਘ 'ਚਾਤਰ
  - ਗੁਰਦੇਵ ਸਿੰਘ 'ਮਾਨ'
  - ਕਸਮੀਰਾ ਸਿੰਘ 'ਪਾਰਸ'
  - ਉਤਮ ਸਿੰਘ 'ਤੇਜ'
  - ਬਲਦੇਵ ਸਿੰਘ 'ਦਿਲਸਾਦ'
  - ਲਾਭ ਸਿੰਘ 'ਜੋਬਨ'
  - ਗੁਰਦਿੱਤ ਸਿੰਘ 'ਖੁੰਦਨ'
  - ਗੁਰਬਚਨ ਸਿੰਘ 'ਮਾਹੀਆ'
  - ਉਜਾਗਰ ਸਿੰਘ 'ਉਲਫ਼ਤ'
  - ਹਰਨਾਮ ਸਿੰਘ 'ਬੇ-ਦਿਲ'
  - ਸੰਤੋਖ ਸਿੰਘ 'ਤਰਰ'
- ਗੁਰਾਂ ਦਿੱਤਾ 'ਖੰਨਾ'